# Social Structure and Social Change

DSOC201

LOVELY PROFESSIONAL UNIVERSITY

# ਸਮਾਜਿਕ ਸੰਰਚਨਾ ਅਤੇ ਸਮਾਜਿਕ ਪਰਿਵਰਤਨ

# SOCIAL STRUCTURE AND SOCIAL CHANGE

Copyright © 2012
All rights reserved with publishers

Produced & Printed by
**USI PUBLICATIONS**
2/31, Nehru Enclave, Kalkaji Extn.,
New Delhi-110019
for
Lovely Professional University
Phagwara

# ਪਾਠਕ੍ਰਮ
## (SYLLABUS)

## ਸਮਾਜਿਕ ਸੰਰਚਨਾ ਅਤੇ ਸਮਾਜਿਕ ਪਰਿਵਰਤਨ
## (SOCIAL STRUCTURE AND SOCIAL CHANGE)

### ਉਦੇਸ਼

1. ਵਿਦਿਆਰਥੀਆਂ ਨੂੰ ਸਮਾਜਸ਼ਾਸਤਰ ਦੇ ਸੰਰਚਨਾਤਮਕ ਪਹਿਲੂਆਂ ਬਾਰੇ ਜਾਣੂ ਕਰਵਾਓਣਾ
2. ਵਿਦਿਆਰਥੀਆਂ ਨੂੰ ਇਹ ਸਮਝਾਓਣਾ ਕਿ ਕਿਸ ਤਰਾਂ ਆਰਥਿਕ ਕਾਰਕ ਅਤੇ ਜਨਸੰਖਿਅਕੀ ਪਰਿਵਰਤਨ ਵਿਭਿੰਨ ਸਮਾਜਾਂ ਵਿੱਚ ਮਹੱਤਵਪੂਰਣ ਸਮਾਜਿਕ ਪਰਿਵਰਤਨ ਲਿਆ ਰਹੇ ਹਨ।

### Objectives

1. To familiarize the students about the Structural aspects of Sociology.
2. To make students understand how economic factors and demographic change are causing significant social change in various societies.

| Sr. No. | Topics |
|---|---|
| 1. | **Indian Society**: Unity and diversity in India; Religious, Linguistic, Cultural and Regional diversities of Indian society; Evolution of Indian society- socio-cultural dimensions |
| 2. | **Major Segments of Indian Society:** Tribal life in India, Village and urban communities in India |
| 3. | **Marriage, Family and Kinship**: Forms of Marriage, Family and Kinship among Hindus, Muslims and Christians and their changing trends; Decline of joint family: causes and consequences |
| 4. | **Caste system in India:** Characteristics, Power Dimensions of Caste in India, Pollution and Purity, Dominant Caste, Inter-Caste Relations, Jajmani system, Changing trends and Future of caste system |
| 5. | **Status of Women**: Gender discrimination, violence against women, quest for equality, changing status of women |
| 6. | **Social Change**: Meaning, nature and forms of social change- Evolution, Progress, Diffusion, Transformation, Revolution |
| 7. | **Theories of Social Change**: Linear, cyclical and curvilinear |
| 8. | **Processes of Change**: Change in structure and change of structure, Sanskritisation, Westernisation, Modernisation, Secularization and globalisation |
| 9. | **Factors of Social Change**: Demographic, economic, religious, technological bio-tech, info-tech and media |
| 10. | **Social Change in Contemporary India**: Trends of change , Economic development and social change- Industrialisation, urbanisation |

# ਵਿਸ਼ਾ-ਵਸਤੂ (Contents)


| | | |
|---|---|---|
| ਇਕਾਈ-1: | ਭਾਰਤੀ ਸਮਾਜ (Indian Society) | 1 |
| ਇਕਾਈ-2: | ਭਾਰਤੀ ਸਮਾਜ ਦੇ ਮਹੱਤਵਪੂਰਣ ਤੱਤ (Major Segments of Indian Society) | 28 |
| ਇਕਾਈ-3: | ਵਿਆਹ (Marriage) | 45 |
| ਇਕਾਈ-4: | ਪਰਿਵਾਰ (Family) | 64 |
| ਇਕਾਈ-5: | ਨਾਤੇਦਾਰੀ (Kinship) | 83 |
| ਇਕਾਈ-6: | ਭਾਰਤ ਵਿੱਚ ਜਾਤੀ ਵਿਵਸਥਾ (Caste System in India) | 95 |
| ਇਕਾਈ-7: | ਜਾਤੀ-ਵਿਵਸਥਾ ਦਾ ਭਵਿੱਖ ਅਤੇ ਪਰਿਵਰਤਿਤ ਪ੍ਰਵਿਰਤੀਆਂ (Changing Trends and Future of Caste System) | 115 |
| ਇਕਾਈ-8: | ਜਜਮਾਨੀ ਵਿਅਵਸਥਾ (Jajmani System) | 129 |
| ਇਕਾਈ-9: | ਇਸਤ੍ਰੀਆਂ ਦੀ ਪਰਿਸਥਿਤੀ (Status of Women) | 138 |
| ਇਕਾਈ-10: | ਸਮਾਜਿਕ ਪਰਿਵਰਤਣ (Social Change) | 173 |
| ਇਕਾਈ-11: | ਸਮਾਜਿਕ ਪਰਿਵਰਤਨ ਦੇ ਸਿਧਾਂਤ (Theories of Social Change) | 191 |
| ਇਕਾਈ-12: | ਪਰਿਵਰਤਣ ਦੀਆਂ ਪ੍ਰਕ੍ਰਿਆਵਾਂ (Processes of Change) | 200 |
| ਇਕਾਈ-13: | ਸਮਾਜਿਕ ਪਰਿਵਰਤਣ ਦੇ ਕਾਰਕ (Factor fo Social Change) | 226 |
| ਇਕਾਈ-14: | ਸਮਕਾਲੀਨ ਭਾਰਤ ਵਿੱਚ ਸਮਾਜਿਕ ਪਰਿਵਰਤਨ (Social Change in Contemporary India) | 250 |

ਨੋਟ

# ਇਕਾਈ-1: ਭਾਰਤੀ ਸਮਾਜ (Indian Society)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

1.1 ਭਾਰਤ ਵਿੱਚ ਏਕਤਾ ਅਤੇ ਵਿਵਿਧਤਾ (Unity and Diversity in India)

1.2 ਭਾਰਤੀ ਸਮਾਜ ਦੀ ਧਾਰਮਿਕ, ਭਾਸ਼ਾਈ, ਸੰਸਕ੍ਰਿਤਿਕ ਅਤੇ ਖੇਤਰੀ ਵਿਵਿਧਤਾ (Religious, Linguistic, Cultural and Regional Diversities of Indian Society)

1.3 ਭਾਰਤੀ ਸਮਾਜ ਦਾ ਉਦਭਵ: ਸਮਾਜਿਕ ਸੰਸਕ੍ਰਿਤਿਕ ਆਯਾਮ (Evolution of Indian Society-Socio-Cultural Dimensions)

1.4 ਸਾਰ ਅੰਸ਼ (Summary)

1.5 ਸ਼ਬਦਕੋਸ਼ (Keywords)

1.6 ਅਭਿਆਸ-ਪ੍ਰਸ਼ਨ (Review Questions)

1.7 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਭਾਰਤ ਵਿੱਚ ਏਕਤਾ ਅਤੇ ਵਿਵਿਧਤਾ ਦੀ ਵਿਆਖਿਆ ਕਰਨ ਵਿੱਚ।
- ਭਾਰਤੀ ਸਮਾਜ ਦੀ ਧਾਰਮਿਕ, ਸੰਸਕ੍ਰਿਤਿਕ ਅਤੇ ਖੇਤਰੀ ਵਿਵਿਧਤਾ ਨੂੰ ਜਾਣਨ ਵਿੱਚ।
- ਭਾਰਤੀ ਸਮਾਜ ਦਾ ਉਦਭਵ: ਸਮਾਜਿਕ ਅਤੇ ਸੰਸਕ੍ਰਿਤਿਕ ਆਯਾਮ ਨੂੰ ਸਮਝਣ ਵਿੱਚ।

## ਜਾਣਕਾਰੀ (Introduction)

ਭਾਰਤ ਸਿਧਾਂਤ ਅਤੇ ਵਾਸਤਵਿਕ ਰੂਪ ਵਿੱਚ ਇੱਕ ਬਹੁਲ ਸਮਾਜ ਹੈ। ਭਾਰਤ ਨੂੰ ਇਸ ਦੀ ਏਕਤਾ ਅਤੇ ਵਿਭਿੰਨਤਾ ਦੁਆਰਾ ਸਮਝਣਾ ਉਚਿਤ ਹੋਵੇਗਾ। ਵਿਦੇਸ਼ੀ ਹਮਲਿਆਂ, ਮੁਗਲ ਅਤੇ ਬ੍ਰਿਟਿਸ਼ ਸ਼ਾਸਨ ਤੋਂ ਬਾਅਦ ਵੀ ਭਾਰਤ ਵਿੱਚ ਸੰਸਕ੍ਰਿਤੀਆਂ, ਧਰਮਾਂ ਅਤੇ ਭਾਸ਼ਾਵਾਂ ਦਾ ਮਿਸ਼ਰਣ ਅਤੇ ਵਿਭਿੰਨ ਜਾਤੀਆਂ ਅਤੇ ਸਮੁਦਾਵਾਂ ਦੇ ਲੋਕਾਂ ਦੇ ਵਿੱਚ ਏਕਤਾ ਅਤੇ ਸਮਰੂਪਤਾ ਬਣੀ ਰਹੀ। ਚਾਹੇ ਤਿੱਖੀਆਂ ਆਰਥਿਕ ਅਤੇ ਸਮਾਜਿਕ ਅਸਮਾਨਤਾਵਾਂ ਨੇ ਸਮ ਸਮਾਜਿਕ ਸੰਬੰਧਾਂ ਦੇ ਉਦਰ ਭਾਵ ਵਿੱਚ ਰੁਕਾਵਟ ਪੈਦਾ ਕੀਤੀ, ਫਿਰ ਵੀ ਰਾਸ਼ਟਰੀ ਏਕਤਾ ਅਤੇ ਅਖੰਡਤਾ ਅਟੁੱਟ ਬਣੀ ਰਹੀ। ਇਸੇ ਸਮਿਸ਼ਰਣਤਾ ਦੇ ਦੁਆਰਾ ਭਾਰਤ ਇੱਕ ਅਦੁੱਤੀ ਪਚਕਾਰੀ ਸਮਾਜ ਬਣਿਆ ਹੋਇਆ ਹੈ। ਅਸਲ ਵਿੱਚ ਭਾਰਤ ਇੱਕ ਅਨੂਠਾ ਦ੍ਰਿਸ਼-ਪਟਲ ਹੈ ਜਿਸ ਦਾ ਸਮਾਨਾਂਤਰ ਸਰੂਪ ਹੋਰ ਮਹਾਂਦੀਪਾਂ ਵਿੱਚ ਦ੍ਰਿਸ਼ਟੀਗੋਚਰ ਨਹੀਂ ਹੁੰਦਾ ਹੈ।

ਵਿਦੇਸ਼ੀ ਹਮਲੇ, ਸੰਸਾਰ ਦੇ ਹੋਰ ਭਾਗਾਂ ਤੋਂ ਅਪ੍ਰਵਾਸਨ, ਵਿਭਿੰਨ ਭਾਸ਼ਾਵਾਂ, ਸੰਸਕ੍ਰਿਤੀਆਂ ਅਤੇ ਧਰਮਾਂ ਦੇ ਅਸਤਿਤਵ ਦੇ ਕਾਰਣ ਭਾਰਤੀ ਸੰਸਕ੍ਰਿਤੀ ਨਾ ਕੇਵਲ ਸਹਿਸ਼ਨੂ ਹੀ ਹੈ, ਬਲਕਿ ਆਪਣੀ ਵਿਸ਼ਿਸ਼ਟਤਾ ਅਤੇ ਇਤਿਹਾਸਿਕਤਾ ਨੂੰ ਸੰਜੋਏ ਹੋਏ ਇੱਕ ਅਦੁੱਤੀ ਨਿਰੰਤਰ ਅਤੇ ਜੀਵੰਤ ਸੰਸਕ੍ਰਿਤੀ ਵੀ ਹੈ।

ਹਿੰਦੂ, ਬੁੱਧ, ਇਸਲਾਮ, ਸਿੱਖ, ਜੈਨ ਅਤੇ ਈਸਾਈ ਧਰਮ ਪ੍ਰਮੁੱਖ ਧਰਮ ਹਨ। ਸੈਂਕੜਿਆਂ ਲੋਕ ਭਾਸ਼ਾਵਾਂ ਤੋਂ ਇਲਾਵਾ ਪੰਦਰਾਂ ਰਾਸ਼ਟਰੀ ਭਾਸ਼ਾਵਾਂ ਹਨ। ਵਿਭਿੰਨਤਾ ਨਾ ਕੇਵਲ ਪ੍ਰਜਾਤੀ ਸੰਰਚਨਾ, ਧਾਰਮਿਕ ਅਤੇ ਭਾਸ਼ਾਈ ਵਿਭੇਦਾਂ ਦੇ ਸੰਦਰਭ ਵਿੱਚ ਹੀ ਪਾਈ ਜਾਂਦੀ ਹੈ, ਵਿਭਿੰਨਤਾ ਸਾਨੂੰ ਜੀਵਨ ਪ੍ਰਣਾਲੀਆਂ, ਭੂਮੀ ਵਿਵਸਥਾਵਾਂ, ਸੰਪਤੀ ਹਸਤਾਂਤਰਣ ਅਤੇ ਉੱਤਰਾਧਿਕਾਰ ਦੇ ਨਿਯਮਾਂ ਅਤੇ ਜਨਮ, ਵਿਆਹ ਅਤੇ ਮੌਤ ਸੰਬੰਧੀ ਪ੍ਰਥਾਵਾਂ ਅਤੇ ਆਚਰਣਾਂ ਵਿੱਚ ਵੀ ਪਾਈ ਜਾਂਦੀ ਹੈ। ਆਮ ਤੌਰ ਤੇ, ਭਾਰਤ ਇਸੇ ਪ੍ਰਕਾਰ ਦੀ ਵਿਭਿੰਨਤਾ ਵਿੱਚ ਅਨੁਸਰਣ ਯੋਗ ਏਕਤਾ ਦਾ ਇੱਕ ਉਦਾਹਰਣ ਹੈ। ਭਾਰਤ ਨੇ ਬ੍ਰਿਟਿਸ਼ ਸ਼ਾਸਨ ਦੇ ਵਿਰੁੱਧ ਇੱਕ ਸੰਗਠਿਤ ਇਕਾਈ ਦੇ ਰੂਪ ਵਿੱਚ ਸੰਘਰਸ਼ ਕੀਤਾ ਸੀ।

ਨੋਟ

ਅਨੇਕਾਂ ਮੁਸੀਬਤਾਂ ਅਤੇ ਰੁਕਾਵਟਾਂ ਦੇ ਰਹਿੰਦੇ ਹੋਏ ਵੀ ਸੁਤੰਤਰ ਭਾਰਤ ਇੱਕ ਸੰਗਠਿਤ ਰਾਸ਼ਟਰ ਹੈ। ਆਪਣੀ ਸਮਾਜਿਕ ਵਿਰਾਸਤ ਦੇ ਅਨੁਰੂਪ ਏਕਤਾ ਦੀ ਧਾਰਣਾ ਹਰ ਇਤਿਹਾਸਿਕ ਕੰਮ ਅਤੇ ਸਮਾਜਿਕ-ਸੰਸਕ੍ਰਿਤਿਕ ਤੱਥਾਂ ਵਿੱਚ ਦ੍ਰਿਸ਼ਟੀਗੋਚਰ ਹੈ। ਭਾਰਤ ਇੱਕ ਧਰਮ ਨਿਰਪੱਖ ਰਾਜ ਹੈ। ਭਾਰਤ ਦਾ ਇੱਕ ਸੰਵਿਧਾਨ ਹੈ ਜਿਸ ਵਿੱਚ ਵਿਭਿੰਨ ਖੇਤਰਾਂ, ਧਰਮਾਂ, ਸੰਸਕ੍ਰਿਤੀਆਂ ਅਤੇ ਭਾਸ਼ਾਵਾਂ ਦੇ ਲੋਕਾਂ ਨੂੰ ਆਸ਼ਵਾਸਨ ਪ੍ਰਦਾਨ ਕੀਤਾ ਗਿਆ ਹੈ। ਸੰਵਿਧਾਨ ਵਿੱਚ ਵਿਭਿੰਨ ਸਮਾਜਿਕ ਅਤੇ ਆਰਥਿਕ ਸਤਰਾਂ ਦੇ ਲੋਕਾਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਗਰੀਬ ਅਤੇ ਕਮਜ਼ੋਰ ਵਰਗਾਂ ਦੇ ਉੱਥਾਨ ਦੇ ਲਈ ਪੰਜ ਸਾਲਾ ਯੋਜਨਾਵਾਂ ਅਤੇ ਹੋਰ ਵਿਕਾਸ ਸੰਬੰਧੀ ਯੋਜਨਾਵਾਂ ਨੂੰ ਕ੍ਰਿਆਵਿੰਤ ਕੀਤਾ ਗਿਆ ਹੈ।

## 1.1 ਭਾਰਤ ਵਿੱਚ ਏਕਤਾ ਅਤੇ ਵਿਵਿਧਤਾ (Unity and Diversity in India)

ਭਾਰਤ ਦੁਨੀਆਂ ਦਾ ਸੱਤਵਾਂ ਵੱਡਾ ਅਤੇ ਦੂਜਾ ਸਭ ਤੋਂ ਸੰਘਣੀ ਆਬਾਦੀ ਵਾਲਾ ਦੇਸ਼ ਹੈ, ਜੋ ਦੁਨੀਆਂ ਦੇ ਪੂਰੇ ਖੇਤਰਫਲ ਦਾ 2.4% ਅਧਿਭੋਗ ਕਰਦਾ ਹੈ। ਇੱਥੇ ਵਿਸ਼ਵ ਜਨ ਸੰਖਿਆ ਦਾ ਲਗਭਗ 15% ਭਾਗ ਵਿਵਿਧ ਸਮਾਜਿਕ, ਆਰਥਿਕ, ਭੂਗੋਲਿਕ ਅਤੇ ਪਰਿਸਥਿਤਿਕ ਹਾਲਾਤਾਂ (ecological conditions) ਵਿੱਚ ਰਹਿੰਦਾ ਹੈ। ਇਸ ਦੇ ਨਾਲ ਹੀ ਇੱਕ 5000 ਹਜ਼ਾਰ ਸਾਲ ਦੀ ਅਵਧੀ ਦਾ ਮਾਨਵ ਜੀਵਨ ਦਾ ਅਤੀਤ ਵੀ ਹੈ ਜਿਸ ਵਿੱਚ ਈਸਾ ਤੋਂ 3000 ਸਾਲ ਪਹਿਲਾਂ ਦੇ ਅਤੇ 2000 ਸਾਲ ਬਾਅਦ ਦੇ ਸਾਲ ਸ਼ਾਮਿਲ ਹਨ। ਇਸ ਦੇਸ਼ ਕੋਲ ਓਹ ਸੰਸਕ੍ਰਿਤਿਕ ਵਿਰਾਸਤ ਵੀ ਹੈ, ਜੋ ਇਸ ਨੂੰ ਅਪ੍ਰਵਾਸੀ, ਆਰਿਆ ਲੋਕਾਂ ਤੋਂ (ਜੋ ਹਿਮਾਚਲ ਪਾਰ ਤੋਂ ਇੱਥੇ ਆਏ ਸਨ) ਅਤੇ ਮੂਲ ਦ੍ਰਵਿੜਾਂ ਅਤੇ ਹਮਲਾਵਰੀ ਸਭਿਅਤਾਵਾਂ ਤੋਂ ਪ੍ਰਾਪਤ ਹੋਈ। ਭਾਰਤ ਦੀਆਂ ਸਮਾਜਿਕ, ਆਰਥਿਕ ਅਤੇ ਸੰਸਕ੍ਰਿਤਿਕ ਵਿਵਿਧਤਾਵਾਂ ਇੱਥੋਂ ਦੀਆਂ ਪੇਂਡੂ ਅਤੇ ਸ਼ਹਿਰੀ ਨਿਵਾਸ ਦੀਆਂ ਦਸ਼ਾਵਾਂ ਵਿੱਚ ਸਾਫ ਦ੍ਰਿਸ਼ਟੀਗੋਚਰ ਹੁੰਦੀ ਹੈ। ਇੱਥੋਂ ਦੇ ਸ਼ਹਿਰੀ ਖੇਤਰ ਦੀ ਕੁਲ 21.718 ਕਰੋੜ ਜਨ-ਸੰਖਿਆ (1991 ਦੀ ਜਨਗਣਨਾ ਦੇ ਅਨੁਸਾਰ) ਅਤੇ ਇੱਥੋਂ ਤੱਕ ਕਿ ਚਾਰ ਮਹਾ ਨਗਰਾਂ (ਦਿੱਲੀ, ਮਦਰਾਸ, ਕਲਕੱਤਾ, ਬੰਬਈ) ਦੀ ਕੁਲ ਜਨ-ਸੰਖਿਆ (ਲਗਭਗ ਚਾਰ ਕਰੋੜ) ਜ਼ਿਆਦਾਤਰ ਵਿਕਾਸਸ਼ੀਲ ਰਾਸ਼ਟਰਾਂ ਦੀ ਜਨ-ਸੰਖਿਆ ਤੋਂ ਕਿਤੇ ਜ਼ਿਆਦਾ ਅਧਿਕ ਹੈ। ਇੱਥੇ ਇੱਕ ਹਜ਼ਾਰ ਵਿਅਕਤੀਆਂ ਦੀਆਂ ਬਸਤੀਆਂ ਵੀ ਹਨ, ਤਾਂ ਇੱਕ ਕਰੋੜ ਤੱਕ ਦੀ ਜਨ-ਸੰਖਿਆ ਵਾਲੀਆਂ ਬਸਤੀਆਂ ਵੀ ਹਨ।

### 1.1.1 ਵਿਵਿਧਤਾ ਦੀ ਪ੍ਰਕ੍ਰਿਤੀ

ਵਿਵਿਧਤਾ ਵਿਵਿਧ ਪ੍ਰਜਾਤੀਆਂ, ਧਰਮਾਂ, ਜਾਤੀਆਂ, ਜਨਜਾਤੀਆਂ, ਭਾਸ਼ਾਵਾਂ, ਸਮਾਜਿਕ ਪ੍ਰਥਾਵਾਂ, ਸੰਸਕ੍ਰਿਤਿਕ ਅਤੇ ਉਪ-ਸੰਸਕ੍ਰਿਤਿਕ ਵਿਸ਼ਵਾਸਾਂ, ਰਾਜਨੀਤਿਕ ਦਰਸ਼ਨ ਅਤੇ ਵਿਚਾਰਧਾਰਾਵਾਂ ਵਿੱਚ ਪਰਿਲਕਸ਼ਿਤ ਹੁੰਦੀ ਹੈ। ਵਿਸ਼ਾਲ ਦ੍ਰਿਸ਼ਟੀਕੋਣ ਤੋਂ ਵਿਵਿਧਤਾਵਾਂ ਇਨ੍ਹਾਂ ਖੇਤਰਾਂ ਵਿੱਚ ਸਪਸ਼ਟ ਹਨ:

**ਭਾਸ਼ਾਵਾਂ (Languages)**–ਚਾਹੇ ਭਾਰਤ ਦੇ ਸੰਵਿਧਾਨ ਵਿੱਚ 18 ਪ੍ਰਮੁੱਖ ਭਾਸ਼ਾਵਾਂ ਨੂੰ (ਓਹਨਾਂ ਤਿੰਨ ਭਾਸ਼ਾਵਾਂ ਸਹਿਤ ਜਿਨ੍ਹਾਂ ਨੂੰ ਅਗਸਤ 1992 ਵਿੱਚ ਮਾਨਤਾ ਦਿੱਤੀ ਗਈ ਸੀ) ਮਾਨਤਾ ਪ੍ਰਾਪਤ ਹੈ, ਪ੍ਰੰਤੂ ਲਗਭਗ 1652 ਭਾਸ਼ਾਵਾਂ ਅਤੇ ਬੋਲੀਆਂ ਸਾਡੇ ਦੇਸ਼ ਵਿੱਚ ਬੋਲੀਆਂ ਜਾਂਦੀਆਂ ਹਨ। ਇਹ ਭਾਸ਼ਾਵਾਂ ਤਿੰਨ ਭਾਸ਼ਾ ਪਰਿਵਾਰਾਂ ਨਾਲ ਸੰਬੰਧਿਤ ਹਨ: ਇੰਡੋ-ਆਰਿਅਨ, ਦ੍ਰਾਵਿੜ ਅਤੇ ਯੂਰਪੀ। ਇੰਡੋ-ਆਰਿਅਨ ਭਾਸ਼ਾਵਾਂ ਵਿੱਚ ਹਿੰਦੀ, ਬੰਗਲਾ, ਮਰਾਠੀ, ਗੁਜਰਾਤੀ, ਉੜੀਆ, ਪੰਜਾਬੀ, ਬਿਹਾਰੀ, ਰਾਜਸਥਾਨੀ, ਅਸਮੀ, ਸੰਸਕ੍ਰਿਤ, ਸਿੰਧੀ ਅਤੇ ਕਸ਼ਮੀਰੀ ਭਾਸ਼ਾਵਾਂ ਸ਼ਾਮਿਲ ਹਨ ਜੋ ਭਾਰਤ ਦੀ ਤਿੰਨ-ਚੌਥਾਈ ਜਨ-ਸੰਖਿਆ ਦੁਆਰਾ ਬੋਲੀਆਂ ਜਾਂਦੀਆਂ ਹਨ। ਦ੍ਰਾਵਿੜ ਭਾਸ਼ਾਵਾਂ ਵਿੱਚ ਤਮਿਲ, ਤੇਲਗੂ, ਮਲਿਆਲਮ ਅਤੇ ਕੰਨੜ ਭਾਸ਼ਾਵਾਂ ਸ਼ਾਮਿਲ ਹਨ; ਅਤੇ ਯੂਰਪੀ ਭਾਸ਼ਾਵਾਂ ਵਿੱਚ ਅੰਗਰੇਜ਼ੀ, ਪੁਰਤਗਾਲੀ ਅਤੇ ਫ੍ਰੈਂਚ ਭਾਸ਼ਾਵਾਂ ਸ਼ਾਮਿਲ ਹਨ। ਆਖਰੀ ਦੋ ਭਾਸ਼ਾਵਾਂ ਜ਼ਿਆਦਾਤਰ ਗੋਆ ਅਤੇ ਪਾਂਡੀਚਰੀ ਵਿੱਚ ਬੋਲੀਆਂ ਜਾਂਦੀਆਂ ਹਨ।

ਹਿੰਦੀ ਭਾਰਤ ਦੀ ਸਰਕਾਰੀ ਭਾਸ਼ਾ ਹੈ ਅਤੇ ਅੰਗਰੇਜ਼ੀ ਸਹਿਯੋਗੀ ਭਾਸ਼ਾ। 1991 ਦੇ ਅੰਕੜਿਆਂ ਦੇ ਅਨੁਸਾਰ ਹਿੰਦੀ ਸਰਵਾਧਿਕ ਲੋਕਾਂ ਦੁਆਰਾ ਬੋਲੀ ਜਾਂਦੀ ਹੈ (24.78 ਕਰੋੜ), ਉਸ ਤੋਂ ਬਾਅਦ ਤੇਲਗੂ (7.20 ਕਰੋੜ), ਬੰਗਲਾ (7.17 ਕਰੋੜ), ਮਰਾਠੀ (6.72 ਕਰੋੜ), ਤਮਿਲ (6.06 ਕਰੋੜ), ਉਰਦੂ (4.61 ਕਰੋੜ), ਗੁਜਰਾਤੀ (4.13 ਕਰੋੜ), ਮਲਿਆਲਮ (3.53 ਕਰੋੜ), ਕੰਨੜ (3.47 ਕਰੋੜ), ਉੜੀਆ (3.17 ਕਰੋੜ), ਭੋਜਪੁਰੀ (2.31 ਕਰੋੜ) ਅਤੇ ਪੰਜਾਬੀ (2.24 ਕਰੋੜ) ਬੋਲੀ ਜਾਂਦੀ ਹੈ। ਬਾਕੀ ਭਾਸ਼ਾਵਾਂ ਬੋਲਣ ਵਾਲੇ ਵਿਅਕਤੀਆਂ ਦੀ ਸੰਖਿਆ ਦਸ ਲੱਖ ਅਤੇ ਦੋ ਕਰੋੜ ਦੇ ਵਿਚਕਾਰ ਹੈ। ਕੁਝ ਰਾਜ ਤਾਂ ਆਜ਼ਾਦੀ ਤੋਂ ਬਾਅਦ ਭਾਸ਼ਾ ਦੇ ਆਧਾਰ ਤੇ ਹੀ ਪੁਨਰ ਗਠਿਤ ਕੀਤੇ ਗਏ ਸਨ, ਜਿਵੇਂ ਪੰਜਾਬ ਦੋ ਭਾਗਾਂ ਪੰਜਾਬ ਅਤੇ ਹਰਿਆਣਾ ਵਿੱਚ ਵੰਡਿਆ ਗਿਆ; ਮਹਾਰਾਸ਼ਟਰ ਦੋ ਭਾਗਾਂ ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਵੰਡਿਆ ਗਿਆ। ਕੁਝ ਰਾਜ ਜਿਵੇਂ ਮਿਜ਼ੋਰਮ ਅਤੇ ਨਾਗਾਲੈਂਡ ਸੰਸਕ੍ਰਿਤਿਕ ਆਧਾਰ ਤੇ ਬਣਾਏ ਗਏ।

**ਧਰਮ (Religions)**–ਚਾਹੇ ਭਾਰਤ ਦਾ ਕੋਈ ਰਾਜ ਧਰਮ ਨਹੀਂ ਹੈ, ਫਿਰ ਵੀ ਇੱਥੇ ਸਭ ਪ੍ਰਕਾਰ ਦੇ ਧਰਮਾਂ ਦੇ ਪਾਲਣ ਅਤੇ ਵਿਸ਼ਵਾਸ ਦੀ ਸੁਤੰਤਰਤਾ ਦੀ ਪੂਰੀ ਗਾਰੰਟੀ ਹੈ। ਪ੍ਰਮੁੱਖ ਧਰਮਾਂ ਵਿੱਚ ਹਿੰਦੂ ਧਰਮ (ਜਿਸ ਦੇ 1991 ਦੀ ਜਨਗਣਨਾ ਦੇ ਅਨੁਸਾਰ 69.77 ਕਰੋੜ ਲੋਕ, ਜਿਸ ਵਿੱਚ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਲੋਕ ਵੀ ਸ਼ਾਮਿਲ ਸਨ, ਜਾਂ ਦੇਸ਼ ਦੀ ਲਗਭਗ 82.69% ਜਨ-ਸੰਖਿਆ ਅਨੁਯਾਈ ਹੈ), ਇਸਲਾਮ (ਜਿਸ ਦੇ 11.35% ਜਨ-ਸੰਖਿਆ ਜਾਂ 9.58 ਕਰੋੜ ਲੋਕ ਅਨੁਯਾਈ ਹਨ), ਈਸਾਈ

ਨੋਟ

ਤੋਂ 2000 ਤੋਂ 15000 ਸਾਲ ਪੂਰਬ ਦੇ ਵਿਚਕਾਰ ਮੱਧ ਏਸ਼ੀਆ ਤੋਂ ਆਏ ਅਤੇ ਉੱਤਰ ਪੱਛਮੀ ਪੰਜਾਬ ਵਿੱਚ ਸਥਾਪਿਤ ਹੋ ਗਏ ਅਤੇ ਉੱਥੋਂ ਗੰਗਾ ਦੇ ਮੈਦਾਨਾਂ ਤੱਕ ਫੈਲ ਗਏ। ਇਨ੍ਹਾਂ ਆਰਿਆਂ ਨੇ ਇਨ੍ਹਾਂ ਤੋਂ ਵਸੇ ਹੋਏ ਅਤਿਅਧਿਕ ਸੱਭਿਆ ਸਿੰਧੂ ਘਾਟੀ ਦੇ ਲੋਕਾਂ ਨਾਲ ਸੰਘਰਸ਼ ਕੀਤਾ। ਨੀਗ੍ਰਿਟੋ ਪ੍ਰਜਾਤੀ ਦੇ ਲੋਕ ਆਰਿਆਂ ਨਾਲ ਮਿਲ-ਜੁਲ ਗਏ ਸਨ ਅਤੇ ਓਹਨਾਂ ਨੇ ਹੌਲੀ- ਹੌਲੀ ਓਹਨਾਂ ਦੇ ਸੰਸਕ੍ਰਿਤਿਕ ਲੱਛਣਾਂ ਨੂੰ ਵੀ ਅਪਣਾ ਲਿਆ।

ਕੀ ਤੁਸੀਂ ਜਾਣਦੇ ਹੋ

ਕੀ ਤੁਸੀਂ ਜਾਣਦੇ ਹੋ ਈਸਾਈ ਧਰਮ ਦਾ ਪ੍ਰਵੇਸ਼ ਭਾਰਤ ਵਿੱਚ ਪੁਰਤਗਾਲੀਆਂ ਦੇ ਗੋਆ ਅਤੇ ਦਮਨ, ਦੀਵ ਵਿੱਚ ਪ੍ਰਵੇਸ਼ ਦੇ ਨਾਲ ਹੋਇਆ।

### 1.1.2 ਏਕਤਾ

ਇਨ੍ਹਾਂ ਵਿਵਿਧਤਾਵਾਂ ਦੇ ਵਿਚਕਾਰ ਇੱਕ ਮੌਲਿਕ ਏਕਤਾ ਦਾ ਸੂਤਰ ਹੈ ਜੋ ਪੂਰੇ ਭਾਰਤੀ ਸਮਾਜ ਨੂੰ ਇੱਕ ਵੱਡੇ ਸਮਾਜ ਅਤੇ ਰਾਸ਼ਟਰ ਨੂੰ ਇੱਕ ਮਹਾਂ ਰਾਸ਼ਟਰ ਦੇ ਰੂਪ ਵਿੱਚ ਪਿਰੋਏ ਹੋਏ ਹੈ। ਐਮ. ਐਨ. ਸ਼੍ਰੀਨਿਵਾਸ ਦਾ ਮਤ ਹੈ ਕਿ ਭਾਰਤ ਦੀ ਏਕਤਾ ਜ਼ਰੂਰੀ ਰੂਪ ਨਾਲ ਧਾਰਮਿਕ ਏਕਤਾ ਹੈ। ਚਾਹੇ ਲੋਕ ਅਲੱਗ ਅਲੱਗ ਦੇਵੀ-ਦੇਵਤਿਆਂ ਦੀ ਪੂਜਾ ਕਰਨ, ਪ੍ਰੰਤੂ ਧਰਮਗ੍ਰੰਥ-ਪੁਰਾਣ, ਬ੍ਰਾਹਮਣ, ਮਹਾਂਕਾਵਿ ਅਤੇ ਵੇਦ-ਵਿਵਿਧ ਵਿਸ਼ਮਰੂਪੀ ਸਮੂਹਾਂ ਨੂੰ ਇੱਕ ਤਾਣੇ-ਬਾਣੇ ਵਿੱਚ ਪਿਰੋਏ ਹੋਏ ਇੱਕ ਵਿਸ਼ਾਲ ਧਾਰਮਿਕ ਸਮਾਜ ਬਣਾਏ ਹੋਏ ਹਨ ਅਤੇ ਓਹਨਾਂ ਨੂੰ ਆਪਣੇ ਦੇਸ਼ ਦੀ ਪਵਿੱਤਰਤਾ ਦਾ ਆਭਾਸ ਕਰਾਉਂਦੇ ਰਹਿੰਦੇ ਹਨ। ਭਗਤ ਜਨ ਵਿਵਿਧ ਤੀਰਥ-ਸਥਲਾਂ ਦਾ ਭ੍ਰਮਣ ਕਰਦੇ ਹਨ, ਪ੍ਰੰਤੂ ਸਭ ਦਾ ਉਦੇਸ਼ ਪਵਿੱਤਰ ਸਥਲਾਂ ਦੇ ਦਰਸ਼ਨ ਦਾ ਧਾਰਮਿਕ ਪੁੰਨ ਅਰਜਿਤ ਕਰਨਾ ਹੈ। ਵਿਵਿਧ ਖੇਤਰਾਂ, ਭਾਸ਼ਾਵਾਂ ਅਤੇ ਰੀਤੀ-ਰਿਵਾਜਾਂ ਦੇ ਲੋਕ ਤੀਰਥ-ਸਥਲਾਂ ਵਿੱਚ ਇਕੱਠੇ ਦੇਖੇ ਜਾ ਸਕਦੇ ਹਨ ਅਤੇ ਸਭ ਦਾ ਇੱਕ ਹੀ ਉਦੇਸ਼ ਹੁੰਦਾ ਹੈ, 'ਮੋਕਸ਼ ਦੀ ਪ੍ਰਾਪਤੀ'।

ਭਾਰਤ ਨੇ ਇੱਕ ਏਕੀਕ੍ਰਿਤ ਇਕਾਈ ਦੇ ਰੂਪ ਵਿੱਚ ਸੁਤੰਤਰਤਾ ਸੰਗਰਾਮ ਕੀਤਾ। ਸੁਤੰਤਰਤਾ ਤੋਂ ਬਾਅਦ ਭਾਰਤ ਨੇ ਇੱਕ ਰਾਸ਼ਟਰ ਦੇ ਰੂਪ ਵਿੱਚ ਚੀਨੀ ਹਮਲੇ ਅਤੇ ਤਿੰਨ ਵਾਰ ਪਾਕਿਸਤਾਨੀ ਹਮਲੇ ਦਾ ਸਾਹਮਣਾ ਕੀਤਾ। ਸਾਡੀ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਵਿਚਾਰਧਾਰਾਵਾਂ ਧਰਮ ਨਿਰਪੱਖਤਾ, ਤਰਕ, ਨਿਆਂ, ਆਜ਼ਾਦੀ ਅਤੇ ਸਮਾਨਤਾ ਉੱਤੇ ਆਧਾਰਿਤ ਹਨ। ਸਾਡੇ ਕਾਨੂੰਨ ਬਿਨਾਂ ਭੇਦ-ਭਾਵ ਦੇ ਸਭ ਤੇ ਇੱਕੋ ਜਿਹੇ ਲਾਗੂ ਹੁੰਦੇ ਹਨ। ਸਾਡਾ ਸੰਵਿਧਾਨ ਸਭ ਨੂੰ ਸਮਾਨ ਰੂਪ ਨਾਲ ਸੁਰੱਖਿਆ ਪ੍ਰਦਾਨ ਕਰਦਾ ਹੈ। ਸਾਡੀਆਂ ਯੋਜਨਾਵਾਂ ਸਭ ਪ੍ਰਕਾਰ ਦੇ ਕਮਜ਼ੋਰ ਵਰਗਾਂ ਦੇ ਉਥਾਨ ਦੇ ਉਦੇਸ਼ ਨਾਲ ਬਣਦੀਆਂ ਹਨ। ਸਮਾਨ ਰਿਵਾਜ ਅਤੇ ਸਮਾਜਿਕ ਮੁੱਲਾਂ ਦੇ ਪ੍ਰਤੀ ਇੱਕਮਤ ਸਾਡੀ ਪਰੰਪਰਾਗਤ ਸੰਸਕ੍ਰਿਤੀ ਨੂੰ ਸੁਰੱਖਿਅਤ ਕਰਦਾ ਹੈ। ਹਿੰਦੂਆਂ ਵਿੱਚ ਵੀ ਜਾਤ-ਪ੍ਰਥਾ ਦੇ ਨਿਸ਼ੇਧਾਂ ਦੇ ਪਾਲਣ ਕਰਨ ਵਿੱਚ ਏਕਤਾ ਦਾ ਪਰਿਚੇ ਮਿਲਦਾ ਹੈ।

ਇਸ ਤਰਾਂ ਲੋਕ ਭਾਵੇਂ ਇਹ ਕਹਿਣ ਕਿ ਓਹ ਇੱਕ ਵਿਸ਼ੇਸ਼ ਖੇਤਰ ਵਿੱਚ ਰਹਿੰਦੇ ਹਨ, ਪ੍ਰੰਤੂ ਖੇਤਰ ਦਾ ਵਿਚਾਰ ਪ੍ਰਸੰਗਕ ਹੈ। ਇੱਕ ਹੀ ਖੇਤਰ ਦੇ ਵਿੱਚ ਛੋਟੇ ਛੋਟੇ ਸਮਰੂਪ ਖੇਤਰ ਹੁੰਦੇ ਹਨ, ਜੋ ਅਨੇਕ ਅਰਥਾਂ ਵਿੱਚ ਇੱਕ ਦੂਜੇ ਤੋਂ ਭਿੰਨ ਹੁੰਦੇ ਹਨ। ਇੱਕ ਭਾਸ਼ਾਈ ਖੇਤਰ ਇਸ ਪ੍ਰਕਾਰ ਉੱਦਮ (vertical) ਏਕਤਾ ਪ੍ਰਦਰਸ਼ਿਤ ਕਰ ਸਕਦਾ ਹੈ ਜੋ ਉਸ ਖੇਤਰ ਵਿੱਚ ਰਹਿਣ ਵਾਲੀਆਂ ਸਭ ਜਾਤੀਆਂ ਵਿੱਚ (ਬ੍ਰਾਹਮਣ ਤੋਂ ਲੈ ਕੇ ਅਛੂਤ ਤੱਕ) ਸਮਾਨ ਹੁੰਦੀ ਹੈ; ਜਦੋਂ ਕਿ ਜਾਤੀ, ਖਤਿਜੀ (horizontal) ਏਕਤਾ ਦੀ ਪਰਿਚਾਇਕ ਹੈ ਜੋ ਕਿ ਭਾਸ਼ਾਈ ਖੇਤਰ ਨੂੰ ਕੱਟ ਕੇ ਨਿਕਲ ਜਾਂਦੀ ਹੈ। ਇੱਕ ਰਾਜ (ਮੰਨ ਲਓ ਉੱਤਰ ਪ੍ਰਦੇਸ਼) ਵਿੱਚ ਬ੍ਰਾਹਮਣ ਸਥਾਨਿਕ ਦਲਿਤ (ਜਿਵੇਂ ਭੰਗੀ, ਪਾਸੀ ਆਦਿ) ਲੋਕਾਂ ਦੇ ਆਦਰਸ਼ਾਂ ਵਿੱਚ ਭਾਗੀਦਾਰ ਚਾਹੇ ਨਾ ਹੋਣ, ਪ੍ਰੰਤੂ ਓਹ ਪੂਰੇ ਭਾਰਤ ਵਿੱਚ ਉੱਤਰ ਤੋਂ ਦੱਖਣ ਤੱਕ ਅਤੇ ਪੂਰਬ ਤੋਂ ਪੱਛਮ ਤੱਕ ਬ੍ਰਾਹਮਣਾਂ ਦੇ ਨਾਲ ਕੁਝ ਸੰਸਕ੍ਰਿਤਿਕ ਮੁੱਲਾਂ ਵਿੱਚ ਭਾਗੀਦਾਰੀ ਜ਼ਰੂਰ ਕਰਨਾ ਹੈ। ਇਸੇ ਤਰਾਂ ਲੋਕ ਚਾਹੇ ਅਲੱਗ ਅਲੱਗ ਖੇਤਰਾਂ ਵਿੱਚ ਅਲੱਗ ਅਲੱਗ ਭਾਸ਼ਾਵਾਂ ਬੋਲਦੇ ਹਨ, ਪ੍ਰੰਤੂ ਇੱਕ ਦੂਜੇ ਤੋਂ ਵਿਚਾਰ ਸੰਪ੍ਰੇਸ਼ਣ (communication) ਦੇ ਲਈ ਹਿੰਦੀ ਜਾਂ ਅੰਗ੍ਰੇਜ਼ੀ ਜਿਹੀਆਂ ਆਮ ਭਾਸ਼ਾਵਾਂ ਦਾ ਪ੍ਰਯੋਗ ਕਰਨੇ ਹਨ। ਹਿੰਦੀ ਨੂੰ ਅਹਿੰਦੀਭਾਸ਼ੀ ਖੇਤਰਾਂ ਵਿੱਚ ਸਵੀਕਾਰ ਕੀਤਾ ਗਿਆ ਹੈ। ਇਨ੍ਹਾਂ ਅੰਗ੍ਰੇਜ਼ੀ ਭਾਸ਼ਾ ਨੂੰ ਇਹ ਮਾਣ ਪ੍ਰਾਪਤ ਸੀ ਜੋ ਦੇਸ਼ ਦੇ ਵਿਭਿੰਨ ਭਾਗਾਂ ਦੇ ਬੁੱਧੀਜੀਵੀਆਂ ਵਿੱਚ ਸੰਪ੍ਰੇਸ਼ਣ ਦੇ ਮਾਧਿਅਮ ਦੇ ਰੂਪ ਵਿੱਚ ਭੂਮਿਕਾ ਨਿਭਾਉਂਦੀ ਸੀ, ਚਾਹੇ ਇਹ ਪ੍ਰਬੁੱਧ ਅਤੇ ਸਾਧਾਰਣ ਜਨ ਦੇ ਵਿੱਚ ਬਾਧਾ ਵੀ ਉਤਪੰਨ ਕਰਨੀ ਸੀ। ਭਾਸ਼ਾਈ ਰਾਜਾਂ ਦੀ ਕਲਪਨਾ ਅਤੇ ਸਕੂਲਾਂ, ਕਾਲਜਾਂ ਅਤੇ ਵਿਸ਼ਵ ਵਿਦਿਆਲਿਆਂ ਵਿੱਚ ਖੇਤਰੀ ਭਾਸ਼ਾ ਦੇ ਮਾਧਿਅਮ ਨਾਲ ਪਠਨ-ਪਾਠਨ ਸੁਤੰਤਰਤਾ ਦਾ ਹੀ ਫਲ ਹੈ। ਪ੍ਰੰਤੂ ਇਹ ਨਹੀਂ ਕਿਹਾ ਜਾ ਸਕਦਾ ਕਿ ਭਾਸ਼ਾਈ ਅੰਤਰ ਸਮਾਜ ਵਿੱਚ ਅਵਿਵਸਥਾ ਪੈਦਾ ਕਰੇਗਾ।

ਜਾਤ-ਪ੍ਰਥਾ ਨੇ ਵੀ ਭਾਰਤੀਆਂ ਨੂੰ ਆਮ ਸੰਸਕ੍ਰਿਤਿਕ ਵਿਚਾਰਧਾਰਾ ਪ੍ਰਦਾਨ ਕੀਤੀ ਹੈ। ਚਾਹੇ ਇਹ ਵੀ ਸੱਚ ਹੈ ਕਿ ਜਾਤ-ਪ੍ਰਥਾ ਨੇ ਅੰਤਰ-ਜਾਤੀ ਸੰਘਰਸ਼ਾਂ ਨੂੰ ਜਨਮ ਦਿੱਤਾ ਹੈ, ਛੂਤਛਾਤ ਜਿਹੀ ਸਮੱਸਿਆ ਨੂੰ ਖੜ੍ਹਾ ਕੀਤਾ ਹੈ, ਅਤੇ ਉੱਚ ਅਤੇ ਅਛੂਤ ਜਾਤੀਆਂ ਵਿੱਚ ਦਰਾਰਾਂ ਪੈਦਾ ਕੀਤੀਆਂ ਹਨ, ਪ੍ਰੰਤੂ ਇਹ ਵੀ ਸੱਚ ਹੈ ਕਿ 'ਜਜਮਾਨੀ' ਪ੍ਰਥਾ ਨੇ ਪੇਂਡੂ ਖੇਤਰਾਂ ਵਿੱਚ ਭਿੰਨ-ਭਿੰਨ ਜਾਤੀਆਂ ਵਿੱਚ ਸਹਾਨੁਭੂਤੀ ਅਤੇ ਸਹਿਯੋਗ ਬਣਾ ਕੇ ਰੱਖਿਆ ਹੈ। ਪਿਛਲੇ ਕੁਝ ਦਸ਼ਕਾਂ ਵਿੱਚ ਭਿੰਨ ਭਿੰਨ ਜਾਤੀਆਂ ਦੇ ਸ਼ਕਤੀ ਸੰਬੰਧਾਂ

ਨੋਟ

ਵਿੱਚ ਪਰਿਵਰਤਨ ਆਇਆ ਹੈ। ਪਿਛਲੇ 47 ਸਾਲਾਂ ਵਿੱਚ ਆਏ ਆਰਥਿਕ ਸ਼ਕਤੀਆਂ ਅਤੇ ਸਮਾਜਿਕ ਰਾਜਨੀਤਿਕ ਪਰਿਵਰਤਨਾਂ ਨੇ ਬਹੁ-ਸੰਖਿਅਕ ਜਾਤੀਆਂ ਦੀ ਸ਼ਕਤੀ ਨੂੰ ਵਧਾਇਆ ਹੈ। ਇਨ੍ਹਾਂ ਜਾਤੀਆਂ ਦੇ ਨੇਤਾਵਾਂ ਨੂੰ ਸਥਾਨਿਕ, ਖੇਤਰੀ ਅਤੇ ਕੇਂਦਰੀ ਪੱਧਰ ਤੇ ਹੋਣ ਵਾਲੇ ਰਾਜਨੀਤਿਕ ਸ਼ਕਤੀ ਸੰਘਰਸ਼ ਵਿੱਚ ਆਪਣੀ ਸਮਾਜਿਕ ਸਥਿਤੀ (strategic position) ਦਾ ਚੰਗੀ ਤਰਾਂ ਗਿਆਨ ਹੈ। ਇਨ੍ਹਾਂ ਜਾਤੀਆਂ ਦੇ ਨੇਤਾ ਵੱਡੇ ਪ੍ਰਕਰਨਾਂ ਨੂੰ ਉਜਾਗਰ ਕਰਨੇ ਹਨ ਅਤੇ ਓਹਨਾਂ ਦੀ ਪੈਰਵੀ ਕਰਨੇ ਹਨ, ਜਿਵੇਂ ਕਮਜ਼ੋਰ ਵਰਗਾਂ ਦਾ ਉਥਾਨ, ਛੂਤਛਾਤ, ਭੂਮੀ-ਸੁਧਾਰ ਆਦਿ ਦੇ ਪ੍ਰਕਰਨ। ਇਹ ਜਾਤੀ ਏਕਤਾ ਕਦੇ ਕਦੇ ਰਾਸ਼ਟਰੀ ਜਾਂ ਖੇਤਰੀ ਪ੍ਰਕਰਨਾਂ ਨੂੰ ਚੁੱਕਣ ਵਿੱਚ ਜ਼ਰੂਰੀ ਹੋ ਜਾਂਦੀ ਹੈ ਅਤੇ ਅਪ੍ਰਤੱਖ ਰੂਪ ਨਾਲ ਰਾਸ਼ਟਰ ਦੇ ਵਿਕਾਸ ਦੀ ਪ੍ਰਕ੍ਰਿਆ ਵਿੱਚ ਯੋਗਦਾਨ ਕਰਨੀ ਹੈ। ਇਸ ਤਰਾਂ ਚਾਹੇ ਧਰਮ, ਜਾਤ ਅਤੇ ਭਾਸ਼ਾ ਸਮਾਜ ਵਿੱਚ ਕੁਝ ਸਮੱਸਿਆਵਾਂ ਪੈਦਾ ਕਰਨੇ ਹਨ, ਫਿਰ ਵੀ ਭਾਰਤ ਦੀ ਏਕਤਾ ਇਨ੍ਹਾਂ ਤਿੰਨਾਂ ਕਾਰਕਾਂ ਵਿੱਚ ਨਿਹਿਤ ਹੈ। ਇਹੀ ਤਿੰਨੇ ਹੀ ਭਾਰਤ ਦੇ ਲੋਕਾਂ ਨੂੰ ਵਿਵਿਧ ਸਤਰਾਂ ਤੇ ਇੱਕ ਸੂਤਰ ਵਿੱਚ ਬੰਨ ਕੇ ਰੱਖਦੇ ਹਨ। ਚਾਹੇ ਇਹ ਦਾਵਾ ਨਹੀਂ ਕੀਤਾ ਜਾ ਸਕਦਾ ਕਿ ਇਹ ਤਿੰਨੇ ਕਾਰਕ (ਧਰਮ, ਜਾਤੀ ਅਤੇ ਭਾਸ਼ਾ) ਭਾਰਤਵਾਸੀਆਂ ਦੇ ਏਕੀਕਰਨ ਵਿੱਚ ਨਿਰਣਾਇਕ ਅਤੇ ਮਹੱਤਵਪੂਰਨ ਹੋਣਗੇ, ਪ੍ਰੰਤੂ ਇਹ ਸੁਝਾਅ ਜ਼ਰੂਰ ਦਿੱਤਾ ਜਾਣ ਲੱਗਾ ਹੈ ਕਿ ਕਾਲਾਂਤਰ ਵਿੱਚ ਲੋਕ ਇਸ ਗੱਲ ਦੀ ਪ੍ਰਸ਼ੰਸਾ ਕਰਨਗੇ ਕਿ ਭਾਰਤ ਦੇ ਸਭ ਧਰਮਾਂ, ਜਾਤੀਆਂ ਅਤੇ ਭਾਸ਼ਾਈ ਸਮੂਹਾਂ ਦੇ ਲੋਕ ਨਾਗਰਿਕਾਂ ਦੇ ਰੂਪ ਵਿੱਚ ਇੱਕ ਸਮਾਨ ਹਨ। ਇਸ ਨਾਲ ਸਹਿਸ਼ਨੂਤਾ ਉਤਪੰਨ ਹੋਵੇਗੀ, ਅਤੇ ਧਰਮ-ਨਿਰਪੱਖਤਾ ਨੂੰ ਇੱਕ ਆਦਰਸ਼ ਮੁੱਲ ਦੇ ਰੂਪ ਵਿੱਚ ਬਲ ਮਿਲੇਗਾ।

ਦੇਸ਼ ਵਿੱਚ 'ਵਿਭਾਜਨ' **ਦੁਸ਼ਕ੍ਰਿਆਤਮਕ** (dysfunctional) ਹੋ ਸਕਦੇ ਹਨ, ਪ੍ਰੰਤੂ ਭਾਰਤ ਦੇ ਨਾਗਰਿਕ ਹੋਣ ਵਿੱਚ ਓਹਨਾਂ ਦੇ ਮੁੱਲ ਜ਼ਰੂਰੀ ਰੂਪ ਨਾਲ ਅਸੰਗਤ ਅਤੇ **ਸੰਤੁਲਨਹੀਣ** (inconsistent) ਨਹੀਂ ਹੋਣਗੇ। ਇਨ੍ਹਾਂ ਵਿਭਾਜਿਤ ਖੰਡਾਂ ਦੇ ਪ੍ਰਤੀ ਨਿਸ਼ਠਾ ਦਾ ਲੁਪਤ ਹੋਣਾ, ਸੰਭਵ ਨਾ ਹੋ ਸਕੇ, ਪ੍ਰੰਤੂ ਇਨ੍ਹਾਂ ਨੂੰ ਰਾਸ਼ਟਰ ਵਿਰੋਧੀ ਕਹਿਣਾ ਸਹੀ ਨਹੀਂ ਹੋਵੇਗਾ। ਜੇਕਰ ਕੋਈ ਵਿਅਕਤੀ ਇਹ ਸਮਝਦਾ ਹੋਵੇ ਕਿ ਓਹ ਕਿਸੇ ਜਾਤੀ, ਪਿੰਡ, ਖੇਤਰ ਜਾਂ ਧਰਮ ਦਾ ਹੈ, ਤਾਂ ਓਹ ਇਹ ਵੀ ਸੋਚਦਾ ਹੈ ਕਿ ਓਹ ਇੱਕ ਭਾਰਤੀ ਹੈ ਅਤੇ ਇੱਕ ਨਾਗਰਿਕ ਦੇ ਰੂਪ ਵਿੱਚ ਉਸ ਦੀਆਂ ਜ਼ਿੰਮੇਵਾਰੀਆਂ ਅਤੇ ਫਰਜ਼ ਵੀ ਬਣਦੇ ਹਨ। ਇਸ ਤਰਾਂ ਦੀਆਂ ਭਾਵਨਾਵਾਂ ਹੀ ਉੱਚ ਸਤਰ ਤੇ ਵਿਅਕਤੀਆਂ ਵਿੱਚ ਏਕਤਾ ਬਣਾ ਕੇ ਰੱਖਦੀਆਂ ਹਨ ਅਤੇ ਸਮਾਜ ਨੂੰ ਵੀ ਸੰਗਠਿਤ ਕਰਨੀਆਂ ਹਨ। ਏਕਤਾ ਦੇ ਇਸ ਵਿਚਾਰ ਨਾਲ ਵਿਅਕਤੀ ਨੂੰ ਸਮਾਜ ਵਿੱਚ ਵਿਵਿਧਤਾਵਾਂ ਤੋਂ ਡਰਨ ਦੀ ਜਰੂਰਤ ਨਹੀਂ ਹੈ।

### ਸਵ-ਮੁੱਲਾਂਕਣ (Self Assessment)

**1. ਖਾਲੀ ਸਥਾਨ ਭਰੋ (Fill in the Blanks)**

*(i)* .............. ਦੁਨੀਆਂ ਦਾ ਸਭ ਤੋਂ ਵੱਡਾ ਅਤੇ ਦੂਜਾ ਸਭ ਤੋਂ ਘਣੀ ਆਬਾਦੀ ਵਾਲਾ ਦੇਸ਼ ਹੈ।

*(ii)* ਭਾਰਤ ਵਿੱਚ ਲਗਭਗ ................ ਅਤੇ ਬੋਲੀਆਂ ਬੋਲੀਆਂ ਜਾਂਦੀਆਂ ਹਨ।

*(iii)* .............. ਕਰਮ, ਧਰਮ, ਪੁਨਰਜਨਮ, ਆਤਮਾ ਦੀ ਅਮਰਤਾ, ਤਿਆਗ ਅਤੇ ਮੋਕਸ਼ ਆਦਿ ਸਿਧਾਂਤਾਂ ਦਾ ਅਧਿਵਕਤਾ ਹੈ।

*(iv)* .................... ਬਹੁ ਜਣਨੀ ਜਾਂ ਵਿਵਿਧ ਪ੍ਰਜਾਤੀਆਂ ਦਾ ਮਿਸ਼ਰਣ ਹੈ।

*(v)* ਜਾਤੀ-ਪ੍ਰਥਾ ਨੇ .............. ਸੰਘਰਸ਼ਾਂ ਨੂੰ ਜਨਮ ਦਿੱਤਾ ਹੈ।

## 1.2 ਭਾਰਤੀ ਸਮਾਜ ਦੀ ਧਾਰਮਿਕ, ਭਾਸ਼ਾਈ, ਸੰਸਕ੍ਰਿਤਿਕ ਅਤੇ ਖੇਤਰੀ ਵਿਵਿਧਤਾ (Religious, Linguistic, Cultural and Regional Diversities of Indian Society)

ਭਾਰਤੀ ਸੰਸਕ੍ਰਿਤਿਕ ਪਰੰਪਰਾ ਅਦੁੱਤੀ ਹੈ। ਧਰਮ (ਮਾਣਕੀ ਵਿਵਸਥਾ), ਕਰਮ (ਵਿਅਕਤਿਕ ਨੈਤਿਕ ਵਚਨਬੱਧਤਾ) ਅਤੇ ਜਾਤੀ ਸਮਾਜਿਕ ਸਤਰੀਕਰਨ ਦੇ ਸੋਪਾਨਿਕ ਰੂਪ ਵਿੱਚ ਭਾਰਤੀ ਸੰਸਕ੍ਰਿਤੀ ਦੀਆਂ ਮੁੱਖ ਅਵਧਾਰਣਾਵਾਂ ਹਨ। ਇਨ੍ਹਾਂ ਤੱਤਾਂ ਦੇ ਸੰਰੂਪਣ ਅਤੇ ਇੱਕਮਤ ਦੇ ਕਾਰਣ ਭਾਰਤੀ ਸਮਾਜ ਵਿੱਚ ਸੰਤੁਲਨ ਅਤੇ ਸਥਾਈਤਵ ਦ੍ਰਿੜ੍ਹ ਬਣੇ। ਇਹੀ ਕਾਰਣ ਹੈ ਕਿ ਭਾਰਤੀ ਸੰਸਕ੍ਰਿਤੀ ਵਿੱਚ ਕੋਈ ਮੁੱਖ ਰੁਕਾਵਟਾਂ ਪੈਦਾ ਨਹੀਂ ਹੋਈਆਂ। ਇਹ ਕਿਹਾ ਜਾਂਦਾ ਹੈ ਕਿ ਪਰਿਵਰਤਨ ਸੰਸਕ੍ਰਿਤਿਕ ਵਿਵਸਥਾ ਦੇ ਅੰਤਰਗਤ ਹੋਇਆ ਹੈ, ਨਾ ਕਿ ਸੰਸਕ੍ਰਿਤਿਕ ਵਿਵਸਥਾ ਦਾ। ਦੂਜੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਕੁਝ ਸੰਸ਼ੋਧਨਾਂ ਨੂੰ ਛੱਡ ਕੇ ਮੂਲ ਰੂਪ ਵਿੱਚ ਸੰਸਕ੍ਰਿਤਿਕ ਅਤੇ ਸਮਾਜਿਕ ਅਤੇ ਸੰਸਕ੍ਰਿਤਿਕ ਕ੍ਰਿਆਵਾਂ ਦਾ ਮਾਰਗ ਦਰਸ਼ਨ ਕਰਨੇ ਹਨ। ਇਸ ਲਈ ਕਿਹਾ ਜਾਂਦਾ ਹੈ ਕਿ ਪਰਿਵਰਤਨ ਵਿਵਸਥਾ ਵਿੱਚ ਹੋਇਆ ਹੈ ਨਾ ਕਿ ਵਿਵਸਥਾ ਦਾ।

ਭਾਰਤੀ ਸਮਾਜ ਦੇ ਅਦੁੱਤੀਪਣ ਦਾ ਅਰਥ ਕੇਵਲ ਇਸ ਦੀ ਗੂੜ੍ਹ ਪ੍ਰਕ੍ਰਿਤੀ ਤੋਂ ਨਹੀਂ ਹੈ, ਇਸ ਦਾ ਸਹੀ ਅਰਥ ਸਮਝਣ ਲਈ ਇਸ ਦੀ ਇਤਿਹਾਸਿਕ ਅਤੇ ਸੰਦਰਭਤਾ ਦਾ ਗਹਿਰਾ ਅਧਿਐਨ ਕਰਨ ਦੀ ਜ਼ਰੂਰਤ ਹੈ। ਸਮਾਜਿਕ ਅਤੇ ਸੰਸਕ੍ਰਿਤਿਕ ਪਰਿਵਰਤਨ ਦੀਆਂ ਪ੍ਰਵਿਰਤੀਆਂ ਆਤਮਸਾਤ ਅਤੇ ਸਾਤਮੀਕਰਨ ਦੀਆਂ ਪ੍ਰਕ੍ਰਿਆਵਾਂ ਦੁਆਰਾ ਦਿਖਾਈ ਦਿੰਦੀਆਂ ਹਨ। ਆਰਿਆ ਅਤੇ ਦ੍ਰਾਵਿੜ ਇਕੱਠੇ ਰਹੇ। ਹਿੰਦੂ ਅਤੇ ਮੁਸਲਮਾਨ ਸਮਾਜਿਕ ਅਤੇ ਸੰਸਕ੍ਰਿਤਿਕ ਖੇਤਰਾਂ ਵਿੱਚ ਇੱਕ ਦੂਜੇ ਦੇ ਨੇੜੇ ਰਹੇ ਹਨ। ਇਸ

ਨੋਟ

ਤੋਂ ਬਾਅਦ ਈਸਾਈ ਵੀ ਇਨ੍ਹਾਂ ਦੋਹਾਂ ਦੇ ਸੰਪਰਕ ਵਿੱਚ ਰਹੇ। ਅੱਜ ਹਿੰਦੂ, ਮੁਸਲਮਾਨ, ਸਿੱਖ, ਜੈਨ, ਈਸਾਈ ਅਤੇ ਹੋਰ ਧਰਮਾਂ ਦੇ ਲੋਕ ਸਰਕਾਰ, ਸ਼ਾਸਨ-ਤੰਤਰ ਅਤੇ ਸਾਰਵਜਨਿਕ ਜੀਵਨ ਦੇ ਹੋਰ ਖੇਤਰਾਂ ਵਿੱਚ ਸਹਿਭਾਗੀ ਹਨ। ਇਸ ਤਰਾਂ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਵਿੱਚ ਅਤਿਅਧਿਕ ਵਿਭਿੰਨਤਾ ਵਿੱਚ ਵੀ ਨਿਰੰਤਰ ਏਕਤਾ ਪਾਈ ਜਾਂਦੀ ਹੈ। ਇਹ ਵਿਭਿੰਨਤਾ ਹਜ਼ਾਰਾਂ ਜਾਤੀ ਸਮੂਹਾਂ ਵਿੱਚ ਪ੍ਰਤੀਬਿੰਬਿਤ ਹੁੰਦੀ ਹੈ, ਹਰ ਜਾਤੀ ਦੇ ਵੱਖ ਵੱਖ ਧਾਰਮਿਕ ਕੰਮ, ਨਿਯਮ, ਸੰਸਕਾਰ ਅਤੇ ਰੀਤੀ-ਰਿਵਾਜ ਹਨ। ਵਿਭਿੰਨਤਾ ਦੀ ਅਨੁਭੂਤੀ ਅਸੀਂ ਭਾਸ਼ਾਈ, ਧਾਰਮਿਕ ਅਤੇ ਜਾਤੀ ਵਿਭੇਦਾਂ ਦੁਆਰਾ ਕਰ ਸਕਦੇ ਹਾਂ। ਹਰ ਖੇਤਰ ਦੇ ਲੋਕਾਂ ਦੇ ਤੌਰ-ਤਰੀਕਿਆਂ ਵਿੱਚ ਅੰਤਰ ਪਾਏ ਜਾਂਦੇ ਹਨ, ਇੱਥੋਂ ਤੱਕ ਕਿ ਇੱਕ ਪਿੰਡ ਵਿੱਚ ਵਿਭਿੰਨ ਜਾਤੀਆਂ ਅਤੇ ਧਾਰਮਿਕ ਸਮੂਹਾਂ ਵਿੱਚ ਅਜਿਹੇ ਅੰਤਰ ਦਿਸਦੇ ਹਨ। ਸਮਰਾਟ ਅਸ਼ੋਕ ਨੇ ਸੰਸਕ੍ਰਿਤਿਕ, ਧਾਰਮਿਕ ਸੰਤੁਲਨ ਅਤੇ ਪ੍ਰਸ਼ਾਸਨਿਕ ਕੁਸ਼ਲਤਾ ਪ੍ਰਾਪਤ ਕਰ ਕੇ ਭਾਰਤ ਵਿੱਚ ਏਕਤਾ ਲਿਆਉਣ ਦੀ ਕੋਸ਼ਿਸ਼ ਕੀਤੀ।

ਮੁਗਲ ਬਾਦਸ਼ਾਹ ਅਕਬਰ ਨੇ ਦੀਨ-ਏ-ਇਲਾਹੀ ਨਾਂ ਦੇ ਰਾਜਸੀ ਧਰਮ ਦੀ ਅਵਧਾਰਣਾ ਨੂੰ ਕ੍ਰਿਆਂਵਿਤ ਕੀਤਾ ਜੋ ਹਿੰਦੂ ਧਰਮ ਅਤੇ ਇਸਲਾਮ ਦਾ ਸੰਸ਼ਲੇਸ਼ਣ ਸੀ। ਪਿੰਡਾਂ ਵਿੱਚ ਜ਼ਿਆਦਾਤਰ ਮੁਸਲਮਾਨ ਇੰਨੇ ਪਰਿਵਰਤਿਤ ਹੋ ਗਏ ਸਨ ਕਿ ਓਹਨਾਂ ਦੀ ਅਲੱਗ ਪਹਿਚਾਣ ਕਰਨਾ ਮੁਸ਼ਕਿਲ ਹੋ ਗਿਆ ਸੀ। ਵਿਆਹ ਸੰਬੰਧ ਤੋਂ ਇਲਾਵਾ ਸਮਾਜਿਕ ਜੀਵਨ ਦੇ ਹਰ ਖੇਤਰ ਵਿੱਚ ਮੁਸਲਮਾਨ ਹਿੰਦੂਆਂ ਦੇ ਨਾਲ ਸੁਤੰਤਰ ਰੂਪ ਨਾਲ ਘੁਲ-ਮਿਲ ਕੇ ਰਹਿੰਦੇ ਸਨ। ਹਿੰਦੂ ਰਾਜਿਆਂ ਅਤੇ ਮੁਸਲਿਮ ਬਾਦਸ਼ਾਹਾਂ ਨੇ ਦੋਹਾਂ ਸਮੁਦਾਵਾਂ ਵਿੱਚ ਸਾਹਿਤਿਕ ਅਤੇ ਕਲਾਤਮਕ ਪ੍ਰਤਿਭਾ ਦਾ ਆਦਰ ਕੀਤਾ। ਕਬੀਰ ਅਤੇ ਨਾਨਕ ਉੱਤੇ ਇਸਲਾਮ ਦੇ ਉਪਦੇਸ਼ਾਂ ਦਾ ਬਹੁਤ ਪ੍ਰਭਾਵ ਪਿਆ। ਇਸਲਾਮ, ਈਸਾਈ ਅਤੇ ਬੁੱਧ ਧਰਮ ਦੇ ਅਪਣਾਉਣ ਦੇ ਕਾਰਣ ਭਾਰਤ ਵਿੱਚ 'ਮਿਸ਼ਰਿਤ' ਸੰਸਕ੍ਰਿਤੀ ਦਾ ਉਦੇ ਹੋਇਆ। ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਜੀਵਨ ਭਰ ਸੰਪਰਦਾਇਕ ਮਿੱਤਰ-ਭਾਵ, ਗਰੀਬਾਂ ਅਤੇ ਦਲਿਤਾਂ ਦੇ ਉਥਾਨ ਅਤੇ ਨਿਆਂਚਿਤ ਸਮਾਜਿਕ ਵਿਵਸਥਾ ਨੂੰ ਵਧਾਓਣ ਦੁਆਰਾ ਰਾਸ਼ਟਰੀ ਏਕਤਾ ਅਤੇ ਅਖੰਡਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ।

ਉਪਨਿਵੇਸ਼ਕ ਭਾਰਤ ਦੇ ਦੋ ਇਤਿਹਾਸ ਸਨ। ਇੱਕ ਇਤਿਹਾਸ ਉਪਨਿਵੇਸ਼ਕਾਂ ਦੁਆਰਾ ਨਿਰਮਿਤ ਉਪਨਿਵੇਸ਼ਵਾਦ ਦਾ ਅਤੇ ਦੂਜਾ ਭਾਰਤ ਦੀ ਸੰਸਕ੍ਰਿਤੀ ਅਤੇ ਸੱਭਿਅਤਾ ਦਾ ਸੀ ਜੋ ਇਸ ਦੇ ਬੌਧਿਕ ਅਤੇ ਦਾਰਸ਼ਨਿਕ ਜੋਸ਼ ਤੇ ਆਧਾਰਿਤ ਸੀ। ਭਾਰਤ ਦਾ ਇਤਿਹਾਸ ਜਿਸ ਵਿੱਚ ਇਸ ਦੀ ਵਸਤੂ ਸ਼ਿਲਪ ਨਿਧੀ, ਸਾਹਿਤ ਅਤੇ ਦਰਿਸ਼ਨ, ਸੰਗੀਤ, ਨਾਟਕ-ਵਿੱਦਿਆ, ਨ੍ਰਿਤ ਅਤੇ ਲਲਿਤ ਕਲਾ ਆਦਿ ਦਾ ਸਮਾਵੇਸ਼ ਹੈ ਜਿਸਦਾ ਭਾਰਤ ਦੇ ਸਮਾਜਿਕ ਜੀਵਨ ਵਿੱਚ ਨਿਸ਼ਚਿਤ ਯੋਗਦਾਨ ਹੈ, ਬ੍ਰਿਟਿਸ਼ ਰਾਜ ਉਸ ਨੂੰ ਨਸ਼ਟ ਨਹੀਂ ਕਰ ਸਕਿਆ। ਇਹ ਦੂਜਾ ਇਤਿਹਾਸ ਅੰਗ੍ਰੇਜ਼ੀ ਕਾਲ ਵਿੱਚ ਸੁਪਤ ਅਵਸਥਾ ਵਿੱਚ ਰਿਹਾ।

ਮਹਾਤਮਾ ਗਾਂਧੀ ਭਾਰਤ ਦੀ ਪਰੰਪਰਾ ਅਤੇ ਸੰਸਕ੍ਰਿਤਿਕ ਵਿਰਾਸਤ ਨੂੰ ਧਿਆਨ ਵਿੱਚ ਰੱਖਦੇ ਹੋਏ ਆਮੂਲ ਪਰਿਵਰਤਨ ਲਿਆਉਣਾ ਚਾਹੁੰਦੇ ਸਨ। ਆਧੁਨਿਕ ਭਾਰਤ ਦੇ ਨਿਰਮਾਤਾ ਜਵਾਹਰ ਲਾਲ ਨਹਿਰੂ ਆਧੁਨਿਕ ਅਤੇ ਧਰਮ-ਨਿਰਪੱਖ ਵਿਚਾਰਧਾਰਾ ਦੇ ਵਿਅਕਤੀ ਹੁੰਦੇ ਹੋਏ ਵੀ ਭਾਰਤ ਦੀ ਪਰੰਪਰਾ ਦੀ ਇੱਜ਼ਤ ਕਰਨੇ ਸਨ। ਨਹਿਰੂ ਦੇ ਅਨੁਸਾਰ "ਵਿਗਤ ਸਦਾ ਸਾਡੇ ਨਾਲ ਹੈ ਅਤੇ ਜੋ ਵੀ ਅਸੀਂ ਹਾਂ ਅਤੇ ਜੋ ਵੀ ਸਾਡੇ ਕੋਲ ਹੈ ਓਹ ਸਭ ਸਾਡੇ ਭੂਤਕਾਲ ਦੀ ਦੇਣ ਹੈ। ਅਸੀਂ ਇਸ ਦੀ ਦੇਣ ਹਾਂ ਅਤੇ ਇਸ ਵਿੱਚ ਡੁੱਬੇ ਹੋਏ ਰਹਿੰਦੇ ਹਾਂ। ਵਿਗਤ ਨੂੰ ਵਰਤਮਾਨ ਨਾਲ ਜੋੜਨਾ ਅਤੇ ਭਵਿੱਖ ਤੱਕ ਲੈ ਜਾਣਾ ਜਿੱਥੇ ਇਹ ਮਿਲਨ ਸੰਭਵ ਨਹੀਂ ਹੈ, ਉੱਥੇ ਇਸ ਨੂੰ ਛੱਡ ਦੇਣਾ, ਅਤੇ ਇਸ ਸਭ ਨੂੰ ਵਿਚਾਰ ਅਤੇ ਕਾਰਜ ਲਈ ਸੰਪਾਦਿਤ ਅਤੇ ਪ੍ਰਦੋਲਿਤ ਕਰਨਾ ਹੀ ਜੀਵਨ ਹੈ।"

ਇੱਕ ਹੋਰ ਥਾਂ ਤੇ ਨਹਿਰੂ ਨੇ ਭਾਰਤ ਦੀ ਸੰਸਕ੍ਰਿਤਿਕ ਵਿਰਾਸਤ ਦੇ ਬਾਰੇ ਵਿੱਚ ਲਿਖਿਆ ਹੈ: "ਉੱਭਰਦੇ ਹੋਏ ਮੱਧ ਵਰਗ ਸੰਸਕ੍ਰਿਤਿਕ ਵਿਰਾਸਤ ਨਾਲ ਜੁੜ ਕੇ ਰਹਿਣਾ ਚਾਹੁੰਦੇ ਸਨ, ਕਿਓਂਕਿ ਇਸ ਨਾਲ ਓਹਨਾਂ ਨੂੰ ਆਪਣੇ ਮਹੱਤਵ ਦਾ ਅਹਿਸਾਸ ਰਹਿੰਦਾ ਸੀ ਅਤੇ ਕੁਝ ਸੀਮਾ ਤੱਕ ਹਾਰ ਅਤੇ ਅਪਮਾਨ ਦੀ ਭਾਵਨਾ ਵਿੱਚ ਵੀ ਕਮੀ ਆਓਂਦੀ ਸੀ ਜੋ ਓਹਨਾਂ ਵਿੱਚ ਵਿਦੇਸ਼ੀਆਂ ਦੀ ਜਿੱਤ ਅਤੇ ਸ਼ਾਸਨ ਦੇ ਕਾਰਣ ਪੈਦਾ ਹੋ ਗਈ ਸੀ। ਭਾਰਤ ਦਾ ਅਤੀਤ ਜੋ ਸੰਸਕ੍ਰਿਤਿਕ ਭਿੰਨਤਾ ਅਤੇ ਮਹਾਨਤਾ ਨਾਲ ਭਰਪੂਰ ਹੈ, ਓਹ ਹਿੰਦੂ, ਮੁਸਲਮਾਨ, ਈਸਾਈ ਅਤੇ ਹੋਰ ਸਾਰੀ ਭਾਰਤੀ ਜਨਤਾ ਦੀ ਇੱਕ ਆਮ ਵਿਰਾਸਤ ਹੈ, ਅਤੇ ਇਸ ਦੀ ਓਹਨਾਂ ਵਿੱਚ ਇਨ੍ਹਾਂ ਸਭਨਾਂ ਦੇ ਪੂਰਵਜਾਂ ਦਾ ਯੋਗਦਾਨ ਰਿਹਾ ਹੈ।" ਪ੍ਰੰਤੂ ਨਹਿਰੂ ਭੂਤਕਾਲ ਦੇ ਨਿਰਾਰਥਕ ਤੱਤਾਂ ਦੇ ਵਰਤਮਾਨ ਉੱਤੇ ਆਧਿਪਤ ਦੇ ਵਿਰੁੱਧ ਸਨ। ਅਸਲ ਵਿੱਚ ਨਹਿਰੂ ਅਤਿਅਧਿਕ ਜਨਤਾਂਤਰਿਕ ਭਾਵਨਾ ਅਤੇ ਆਧੁਨਿਕ ਦ੍ਰਿਸ਼ਟੀਕੋਣ ਵਾਲੇ ਵਿਅਕਤੀ ਸਨ।

ਸਮਾਜ ਸ਼ਾਸਤਰੀ ਸ਼੍ਰੀਨਿਵਾਸ ਦੇ ਅਨੁਸਾਰ "ਏਕਤਾ ਦੀ ਅਵਧਾਰਣਾ ਹਿੰਦੂ ਧਰਮ ਵਿੱਚ ਅੰਤਰ ਨਿਹਿਤ ਹੈ। ਭਾਰਤ ਦੇ ਕੋਨੇ ਵਿੱਚ ਹਿੰਦੂਆਂ ਦੇ ਪਵਿੱਤਰ ਸਥਾਨ ਹਨ। ਪੂਰੇ ਦੇਸ਼ ਦੇ ਹਰ ਭਾਗ ਵਿੱਚ ਸ਼ਾਸਤਰੀ ਸੰਸਕ੍ਰਿਤੀ ਦੇ ਕੁਝ ਵਿਸ਼ਿਸ਼ਟ ਪਹਿਲੂ ਦ੍ਰਿਸ਼ਟੀਗੋਚਰ ਹੁੰਦੇ ਹਨ। ਭਾਰਤ ਨਾ ਕੇਵਲ ਹਿੰਦੂਆਂ ਲਈ ਹੀ ਪਵਿੱਤਰ ਭੂਮੀ ਹੈ, ਬਲਕਿ ਇਹ ਸਿੱਖ, ਜੈਨ ਅਤੇ ਬੁੱਧ ਧਰਮ ਦੇ ਅਨੁਯਾਈਆਂ ਲਈ ਵੀ ਪਵਿੱਤਰ ਸਥਲ ਹੈ। ਮੁਸਲਮਾਨ ਅਤੇ ਈਸਾਈਆਂ ਦੇ ਵੀ ਭਾਰਤ ਵਿੱਚ ਅਨੇਕਾਂ ਤੀਰਥ ਸਥਲ ਹਨ। ਵਿਭਿੰਨ ਧਾਰਮਿਕ ਸਮੂਹਾਂ ਵਿੱਚ ਜਾਤੀ ਪ੍ਰਥਾ ਪਾਈ ਜਾਂਦੀ ਹੈ ਅਤੇ ਇਸ ਨਾਲ ਇਨ੍ਹਾਂ ਸਭਨਾਂ ਵਿੱਚ ਇੱਕ ਸਮਾਨ ਸਮਾਜਿਕ ਯੁਕਤੀ ਦਿਖਾਈ ਦਿੰਦੀ ਹੈ।"

ਸ਼੍ਰੀਨਿਵਾਸ ਨੇ ਇਹ ਵੀ ਕਿਹਾ ਹੈ ਕਿ ਭਾਰਤ ਇੱਕ ਧਰਮ ਨਿਰਪੱਖ ਰਾਜ ਹੋਣ ਦੇ ਕਾਰਣ ਵਿਭਿੰਨਤਾ ਦਾ ਹਾਮੀ ਹੈ। ਪੰਜ-ਸਾਲਾ ਯੋਜਨਾਵਾਂ ਅਤੇ ਸਮਤਾਵਾਦੀ ਆਦਰਸ਼, ਪੂਰੇ ਦੇਸ਼ ਲਈ ਇੱਕ ਸਰਕਾਰ ਅਤੇ ਇੱਕ ਨਾਗਰਿਕ ਅਤੇ ਫੌਜਦਾਰੀ ਕਾਨੂੰਨ ਸੰਹਿਤਾ

ਨੋਟ

ਭਾਰਤ ਦੀ ਏਕਤਾ ਅਤੇ ਬਹੁ ਸਮੁਦਾਇਕ ਸਮਾਜ ਹੋਣ ਦੇ ਕਾਫ਼ੀ ਪ੍ਰਮਾਣ ਹਨ। ਹਿੰਦੂ ਧਰਮ ਅਤੇ ਵਿਸ਼ੇਸ਼ਕਰ ਜਾਤੀ ਵਿਵਸਥਾ ਦੇ ਬਾਰੇ ਵਿੱਚ ਸ਼੍ਰੀਨਿਵਾਸ ਦੇ ਉਪਰੋਕਤ ਮਤ ਨਾਲ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ ਹੈ। ਇਨ੍ਹਾਂ ਦੋਹਾਂ ਵਿਵਸਥਾਵਾਂ ਦੀ ਕੱਟਰਪੰਥਤਾ ਦੇ ਕਾਰਣ ਕਦੇ ਕਦੇ ਭਾਰਤ ਦੀ ਏਕਤਾ ਖ਼ਤਰੇ ਵਿੱਚ ਪੈ ਗਈ ਹੈ, ਅਤੇ ਇਸ ਤੋਂ ਇਲਾਵਾ ਸਮਾਜ ਦੇ ਕਮਜ਼ੋਰ ਵਰਗਾਂ (ਜਿਸ ਵਿੱਚ ਔਰਤਾਂ ਵੀ ਸ਼ਾਮਿਲ ਹਨ) ਦੇ ਦਮਨ ਅਤੇ ਸ਼ੋਸ਼ਣ ਕਰਨ ਲਈ ਇਨ੍ਹਾਂ ਵਿਵਸਥਾਵਾਂ ਦਾ ਦੁਰਉਪਯੋਗ ਕੀਤਾ ਗਿਆ ਹੈ।

ਸੁਤੰਤਰ ਭਾਰਤ ਦੇ ਸੰਵਿਧਾਨ ਵਿੱਚ ਪੂਰੇ ਦੇਸ਼ ਦੇ ਲਈ "ਵਿਧੀ ਦਾ ਸ਼ਾਸਨ" ਦਾ ਪ੍ਰਾਵਧਾਨ ਕੀਤਾ ਗਿਆ ਹੈ। ਸਭ ਨਾਗਰਿਕ ਸਮਾਨ ਹਨ ਅਤੇ ਇੱਕ ਹੀ ਸੱਤਾ ਦੇ ਅਧੀਨ ਹਨ। ਵੰਸ਼ਾਨੁਗਤ ਵਿਸ਼ੇਸ਼ਾਧਿਕਾਰਾਂ ਦਾ ਉਨਮੂਲਨ ਕਰ ਦਿੱਤਾ ਗਿਆ ਹੈ। ਧਰਮ, ਭਾਸ਼ਾ, ਖੇਤਰ, ਜਾਤ ਜਾਂ ਸਮੁਦਾਏ ਹੁਣ ਵਿਸ਼ੇਸ਼ ਸੁਵਿਧਾਵਾਂ ਜਾਂ ਵਿਸ਼ੇਸ਼ਧਿਕਾਰਾਂ ਦਾ ਆਧਾਰ ਨਹੀਂ ਹਨ। ਉੱਚ-ਜਾਤੀਆਂ, ਵਰਗਾਂ ਅਤੇ ਨਿਮਨ-ਜਾਤੀਆਂ ਅਤੇ ਕਮਜ਼ੋਰ ਵਰਗਾਂ ਦੇ ਵਿੱਚ ਅੰਤਰ ਨੂੰ ਖਤਮ ਕਰਨ ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪਿਛੜੇ ਵਰਗਾਂ ਨੂੰ ਵਿਸ਼ੇਸ਼ ਸੁਵਿਧਾਵਾਂ ਦਿੱਤੀਆਂ ਗਈਆਂ ਹਨ। ਅੱਜ ਕੋਈ ਵੀ ਜਾਤ ਜਾਂ ਸਮਾਜਿਕ ਸਮੂਹ ਕਿਸੇ ਵੀ ਪ੍ਰਕਾਰ ਦੀ ਸਮਾਜਿਕ ਅਯੋਗਤਾ ਨਾਲ ਗ੍ਰਸਤ ਨਹੀਂ ਹੈ। ਹਰ ਖੇਤਰ ਵਿੱਚ ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਅਧਿਕਾਰ ਪ੍ਰਾਪਤ ਹਨ। ਬ੍ਰਿਟਿਸ਼ ਸ਼ਾਸਨ ਦੁਆਰਾ ਨਿਰਮਿਤ "ਫੁੱਟ ਪਾਓ ਅਤੇ ਰਾਜ ਕਰੋ" ਦੀ ਨੀਤੀ ਹੁਣ ਖਤਮ ਹੋ ਚੁੱਕੀ ਹੈ। ਉਪਨਿਵੇਸ਼ੀ ਸ਼ੋਸ਼ਣ ਦਾ ਸਥਾਨ ਵਿਕਾਸ ਪ੍ਰਕਿਰਿਆਵਾਂ ਅਤੇ ਸਮਤਾਵਾਦੀ ਵਿਚਾਰਧਾਰਾ ਨੇ ਲੈ ਲਿਆ ਹੈ।

ਸਮ੍ਰਿੱਧ ਸੰਸਕ੍ਰਿਤਿਕ ਵਿਰਾਸਤ, ਸਮਤਾਵਾਦੀਆਂ ਨੀਤੀਆਂ, ਕਾਰਜਕ੍ਰਮਾਂ ਅਤੇ "ਵਿਧੀ-ਸ਼ਾਸਨ" ਦੇ ਬਾਵਜੂਦ ਸੁਤੰਤਰਤਾ ਤੋਂ ਬਾਅਦ ਭਾਰਤ ਵਿੱਚ ਸੰਕੁਚਿਤ ਨਿਸ਼ਠਾਵਾਂ, ਸੰਕੁਚਿਤ ਸੰਬੰਧ ਅਤੇ ਆਦਿ ਹਿਤ ਵਧੇ ਹਨ। ਭਾਰਤ ਦੇ ਕਈ ਭਾਗਾਂ ਵਿੱਚ ਸਾਨੂੰ ਵਿਭਾਜਕ ਪ੍ਰਵਿਰਤੀਆਂ ਦਿਖਾਈ ਦਿੰਦੀਆਂ ਹਨ। ਭਾਰਤ ਇੱਕ ਅਜਿਹਾ ਦੇਸ਼ ਹੈ, ਜਿਸ ਵਿੱਚ ਸਪਸ਼ਟ ਭੇਦ ਹਨ-ਉਦਾਹਰਣ ਲਈ ਇੱਕ ਛੋਰ ਉੱਤੇ ਬਹੁਤ ਧਨੀ, ਉੱਚ ਜਾਤੀ ਅਤੇ ਉੱਚ ਵਰਗ ਦੇ ਲੋਕ ਹਨ ਅਤੇ ਦੂਜੇ ਪਾਸੇ ਅਤਿਅਧਿਕ ਗਰੀਬ, ਨਿਮਨ ਜਾਤੀ ਅਤੇ ਨਿਮਨ ਵਰਗ ਦੇ ਲੋਕ ਹਨ। ਵਿਭਿੰਨ ਜਾਤੀਆਂ, ਧਰਮਾਂ, ਖੇਤਰਾਂ ਅਤੇ ਭਾਸ਼ਾਵਾਂ ਦੇ ਸੰਬੰਧ ਸਮੂਹ ਪੂਰੇ ਦੇਸ਼ ਵਿੱਚ ਫੈਲੇ ਹੋਏ ਹਨ।

ਅਲਪਸੰਖਿਅਕ ਸਮੂਹ ਵੀ ਧਰਮ, ਭਾਸ਼ਾ, ਖੇਤਰ, ਪ੍ਰਥਾ ਅਤੇ ਪਰੰਪਰਾਵਾਂ ਦੇ ਆਧਾਰ ਤੇ ਬਣੇ ਹੋਏ ਹਨ। ਇੱਥੋਂ ਤੱਕ ਕਿ ਤਥਾਕਥਿਤ ਬਹੁ ਸੰਖਿਅਕ ਹਿੰਦੂ ਵੀ ਅਨੇਕਾਂ ਸੰਪਰਦਾਵਾਂ, ਜਾਤੀਆਂ, ਗੋਤਰਾਂ ਅਤੇ ਭਾਸ਼ਾਈ ਸਮੂਹਾਂ ਵਿੱਚ ਵਿਭਾਜਿਤ ਹਨ। ਆਪਣੇ ਮੈਂਬਰਾਂ ਦੇ ਲਈ ਬੇਹਤਰ ਸਿੱਖਿਆ, ਰੁਜ਼ਗਾਰ ਅਤੇ ਜੀਵਨ ਸਤਰ ਪ੍ਰਾਪਤ ਕਰਨ ਦੀ ਇੱਛਾ ਇਨ੍ਹਾਂ ਸਮੂਹਾਂ ਵਿੱਚ ਪਾਈ ਜਾਂਦੀ ਹੈ। ਇਨ੍ਹਾਂ ਸਮੂਹਾਂ ਦੇ ਸਭ ਮੈਂਬਰਾਂ ਨੂੰ ਸਮਾਨ ਮੌਕੇ ਅਤੇ ਪਹੁੰਚ ਪ੍ਰਾਪਤ ਨਹੀਂ ਹੈ। ਇਸ ਲਈ ਓਹ 'ਵਿਤਰਕ ਨਿਆਂ' ਤੋਂ ਵੰਚਿਤ ਰਹਿੰਦੇ ਹਨ। ਜੀਵਨ ਵਿੱਚ ਇਸ ਪ੍ਰਕਾਰ ਦੇ ਅਸਮਾਨ ਅਵਸਰਾਂ ਦੀ ਜੜ, ਸਮਾਜ ਦੁਆਰਾ ਸੰਰਚਿਤ ਅਸਮਾਨਤਾਵਾਂ ਹਨ, ਅਤੇ ਇਨ੍ਹਾਂ ਦੇ ਕਾਰਣ ਤਨਾਵ, ਆਪਸੀ ਅਵਿਸ਼ਵਾਸ ਅਤੇ ਕੁੰਠਾ ਵਧੀ ਹੈ।

ਅਜਿਹੀਆਂ ਪਰਿਸਥਿਤੀਆਂ ਦੇ ਕਾਰਣ ਅੰਦਰੂਨੀ ਏਕਤਾ, ਸੰਬੰਧ ਚੇਤਨਾ ਅਤੇ ਭਾਰਤੀਅਤਾ ਦੀ ਭਾਵਨਾ ਨੂੰ ਗੰਭੀਰ ਅਘਾਤ ਪਹੁੰਚਿਆ ਹੈ। ਇਹ ਸਮੱਸਿਆ ਅੱਜ ਭਾਰਤ ਵਿੱਚ ਸਮਾਜਿਕ ਸੰਰਚਨਾਂ ਦੇ ਸਰੂਪ ਅਤੇ ਵਸਤੂ ਸਥਿਤੀ ਵਿੱਚ ਤਾਲਮੇਲ ਦੇ ਅਭਾਵ ਦੇ ਕਾਰਣ ਬਣੀ ਹੋਈ ਹੈ। ਆਦਰਸ਼ ਅਤੇ ਵਾਸਤਵਿਕ ਦੇ ਵਿਚਕਾਰ ਦੀ ਖਾਈ ਨੂੰ ਖਤਮ ਕਰਨ ਦੀ ਬਹੁਤ ਜ਼ਰੂਰਤ ਹੈ। ਰਾਸ਼ਟਰੀ ਏਕੀਕਰਨ ਇਸ ਅੰਤਰ ਨੂੰ ਖਤਮ ਕਰ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਜਿਸ ਦਾ ਅਸਲ ਵਿੱਚ ਅਰਥ ਸਬਲ ਅਤੇ ਨਿਰਬਲ, ਧਨੀ ਅਤੇ ਗਰੀਬ, ਸਿੱਖਿਅਤ ਅਤੇ ਅਸਿੱਖਿਅਤ, ਉੱਚ ਜਾਤੀ-ਉੱਚ ਵਰਗ ਅਤੇ ਨਿਮਨ ਜਾਤ-ਨਿਮਨ ਵਰਗ ਦੇ ਵਿੱਚ ਦੇ ਅੰਤਰ ਨੂੰ ਖਤਮ ਕਰਨ ਤੋਂ ਹੈ।

"ਸੰਜਾਤੀ-ਸਮੂਹ" ਦਾ ਸ਼ਾਬਦਿਕ ਅਰਥ ਰਾਸ਼ਟਰ ਤੋਂ ਹੈ, ਅਤੇ "ਸੰਜਾਤੀਵਾਦ" ਦੀ ਉਤਪਤੀ ਇਸੇ ਸ਼ਬਦ ਤੋਂ ਹੋਈ ਹੈ। ਪ੍ਰੰਤੂ "ਸੰਜਾਤੀਵਾਦ" ਦਾ ਅਰਥ ਰਾਸ਼ਟਰੀਅਤਾ ਨਾਲ ਨਹੀਂ ਜੋੜਿਆ ਜਾ ਸਕਦਾ। ਸੰਜਾਤੀਵਾਦ ਦਾ ਅਰਥ ਲੋਕਾਂ ਦੇ ਇੱਕ ਸਮੂਹ ਤੋਂ ਲਗਾਇਆ ਜਾਂਦਾ ਹੈ, ਜਿਸ ਦੀ ਪ੍ਰਕ੍ਰਿਤੀ ਇਸ ਦੀ ਪ੍ਰਜਾਤੀ, ਵੰਸ਼ ਅਤੇ ਸੰਸਕ੍ਰਿਤੀ ਦੇ ਆਧਾਰ ਤੇ ਇੱਕ ਵਿਸ਼ਿਸ਼ਟ ਪ੍ਰਕਾਰ ਦੀ ਕਹੀ ਜਾ ਸਕਦੀ ਹੈ। ਇਸ ਲਈ ਇੱਕ ਸੰਜਾਤੀ ਸਮੂਹ ਓਹ ਸਮਾਜਿਕ ਸਮੂਹ ਹੈ, ਜਿਸ ਦੇ ਮੈਂਬਰਾਂ ਦੀ ਇਤਿਹਾਸਿਕਤਾ ਅਤੇ ਕੁਝ ਲੱਛਣ ਜਿਵੇਂ ਪ੍ਰਜਾਤੀ, ਜਨਜਾਤੀ, ਭਾਸ਼ਾ, ਧਰਮ, ਵੇਸ-ਭੂਸ਼ਾ ਅਤੇ ਖਾਣ-ਪਾਣ ਆਦਿ ਇੱਕੋ ਜਿਹੇ ਹਨ। ਇਨ੍ਹਾਂ ਵਿੱਚੋਂ ਕੁਝ ਲੱਛਣਾਂ ਦੇ ਪੁੰਜ ਨੂੰ ਇੱਕ ਸਮੂਹ ਵਿੱਚ ਪਾਏ ਜਾਣ ਤੇ ਉਸ ਨੂੰ ਇੱਕ ਸੰਜਾਤੀ ਸਮੂਹ ਕਹਿ ਸਕਦੇ ਹਨ। ਇਸ ਦੀ ਅਨੁਭੂਤੀ ਸਮੂਹ ਦੇ ਮੈਂਬਰਾਂ ਅਤੇ ਹੋਰ ਸਮੂਹਾਂ ਦੇ ਮੈਂਬਰਾਂ ਨੂੰ ਹੋਣੀ ਜ਼ਰੂਰੀ ਹੈ। ਪ੍ਰਸਥਿਤੀ ਅਤੇ ਮਾਨਤਾ ਨੂੰ ਇੱਕ ਵਿਸ਼ਿਸ਼ਟ ਸਮਾਜਿਕ ਅਸਤਿਤਵ ਦੇ ਰੂਪ ਵਿੱਚ ਪਾਓਣ ਲਈ ਇਸ ਆਤਮ- ਪ੍ਰਤਿਰੱਖਿਅਣ ਨੂੰ ਸੰਜਾਤੀ ਚੇਤਨਾ ਕਿਹਾ ਜਾ ਸਕਦਾ ਹੈ। ਸੰਜਾਤੀਵਾਦ ਇੱਕ ਸਥਿਰ ਜਾਂ ਪੂਰਵ-ਨਿਰਧਾਰਿਤ ਕੋਟਿ ਨਹੀਂ ਹੈ। ਇੱਕ ਬਹੁਲ ਸਮਾਜ ਵਿੱਚ ਕੁਝ ਮੈਂਬਰਾਂ ਦੁਆਰਾ ਆਮ, ਆਰਥਿਕ, ਰਾਜਨੀਤਿਕ, ਸਮਾਜਿਕ ਅਤੇ ਸੰਸਕ੍ਰਿਤਿਕ ਹਿਤਾਂ ਦੀ ਅਭਿਵਿਅਕਤੀ ਅਤੇ ਓਹਨਾਂ ਦੇ ਬਚਾਅ ਨੂੰ ਸੰਜਾਤੀਵਾਦ ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਤਰਾਂ ਕਦੇ ਕਦੇ ਸੰਜਾਤੀਵਾਦ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਜੁਟਾਵ ਦੇ ਇੱਕ ਸਾਧਨ ਦੇ ਰੂਪ ਵਿੱਚ ਕੰਮ ਵਿੱਚ ਲਿਆਂਦਾ ਜਾ ਸਕਦਾ ਹੈ।

ਸੰਸਕ੍ਰਿਤੀ ਦਾ ਸੰਬੰਧ ਲੋਕਾਂ ਤੋਂ ਹੈ, ਅਤੇ ਸਭ ਲੋਕ ਆਪਣੀ ਸੰਸਕ੍ਰਿਤੀ ਨੂੰ ਪਸੰਦ ਕਰਨੇ ਹਨ। ਈ. ਬੀ. ਟਾਈਲਰ ਦੇ ਅਨੁਸਾਰ "ਸੰਸਕ੍ਰਿਤੀ ਓਹ ਜਟਿਲ ਸਰਵਯੋਗ ਹੈ, ਜਿਸ ਵਿੱਚ ਗਿਆਨ, ਆਸਥਾ, ਕਲਾ, ਆਚਾਰਨੀਤੀ, ਵਿਧੀ, ਪ੍ਰਥਾ ਅਤੇ ਹੋਰ

ਨੋਟ

ਖਮਤਾਵਾਂ ਅਤੇ ਆਦਤਾਂ ਸ਼ਾਮਿਲ ਹਨ ਜੋ ਮਨੁੱਖ ਨੇ ਸਮਾਜ ਦੇ ਇੱਕ ਮੈਂਬਰ ਹੋਣ ਦੇ ਨਾਤੇ ਅਰਜਿਤ ਕੀਤੀਆਂ ਹਨ।" "ਸੰਸਕ੍ਰਿਤੀ ਪਰਿਆਵਰਣ ਦਾ ਮਾਨਵ-ਨਿਰਮਿਤ ਭਾਗ ਹੈ।" ਇਸ ਲਈ ਸਭ ਸੰਜਾਤੀ ਇਕਾਈਆਂ ਸੰਸਕ੍ਰਿਤਿਕ ਸਮੂਹ ਹਨ, ਅਤੇ ਇਸ ਲਈ ਵਿਭਿੰਨ ਲੋਕਾਂ ਦੀ ਮਾਣਕੀ ਮਾਨਤਾਵਾਂ ਦੇ ਸੰਦਰਭ ਵਿੱਚ ਓਹਨਾਂ ਦੀ ਸਥਿਤੀ ਸਮਾਨ ਹੈ। ਇਸ ਲਈ ਸੰਜਾਤੀਵਾਦ ਇੱਕ ਸੰਸਕ੍ਰਿਤਿਕ ਤੱਥ ਹੈ, ਅਤੇ ਇਸ ਪ੍ਰਕਾਰ ਕੋਈ ਵੀ ਸੰਸਕ੍ਰਿਤੀ "ਸ਼੍ਰੇਸ਼ਠ" ਜਾਂ "ਨਿਮਨ" ਨਹੀਂ ਹੈ। ਸੰਵਿਧਾਨ ਦੇ ਅਨੁਸਾਰ, ਭਾਰਤ ਇੱਕ ਧਰਮ-ਨਿਰਪੱਖ ਰਾਜ ਹੈ ਜਿਸ ਵਿੱਚ ਜਾਤੀ, ਮਤ, ਖੇਤਰ, ਭਾਸ਼ਾ ਅਤੇ ਧਰਮ ਆਦਿ ਦੇ ਆਧਾਰ ਤੇ ਵਿਭੇਦ ਅਤੇ ਭੇਦਭਾਵ ਦੇ ਲਈ ਕੋਈ ਥਾਂ ਨਹੀਂ ਹੈ। ਲੋਕਾਂ ਨੂੰ "ਮੂਲ-ਅਧਿਕਾਰ" ਪ੍ਰਦਾਨ ਕੀਤੇ ਗਏ ਹਨ ਜਿਨ੍ਹਾਂ ਦੇ ਅਨੁਸਾਰ ਆਦਿ ਜਾਂ ਪ੍ਰਦੱਤ ਵਿਚਾਰਾਂ ਲਈ ਆਧੁਨਿਕ ਭਾਰਤ ਵਿੱਚ ਕੋਈ ਸਥਾਨ ਨਹੀਂ ਹੈ।

### 1.2.1 ਸੰਜਾਤੀਵਾਦ ਅਤੇ ਸੰਸਕ੍ਰਿਤੀ

ਇੱਕ ਸੰਜਾਤੀ ਸਮੂਹ ਦੇ ਮੈਂਬਰ ਇਹ ਸੋਚ ਸਕਦੇ ਹਨ ਕਿ ਓਹਨਾਂ ਦਾ ਸਮੂਹ ਇੱਕ ਅਦੁੱਤੀ ਪ੍ਰਕਾਰ ਦਾ ਹੈ। ਓਹ ਆਮ ਤੌਰ ਤੇ ਸਮਾਨ ਵੰਸ਼ਾਕ੍ਰਮ, ਸੰਸਕ੍ਰਿਤਿਕ ਵਿਰਾਸਤ, ਭਾਸ਼ਾ, ਧਰਮ ਅਤੇ ਆਰਥਿਕ ਹਿਤਾਂ ਦੇ ਆਧਾਰ ਤੇ ਵਾਸਤਵਿਕ ਜਾਂ ਕਾਲਪਨਿਕ ਸਮੂਹਿਕਤਾ ਦੇ ਸੰਦਰਭ ਵਿੱਚ ਸੋਚਦੇ ਹਨ। ਸਭ ਸੰਜਾਤੀ ਸਮੂਹ ਸਮੂਹਿਕਤਾ ਹੋਣ ਦੇ ਦਾਵੇ ਤੋਂ ਬਾਅਦ ਵੀ ਅੰਦਰੂਨੀ ਰੂਪ ਨਾਲ ਸਤਰੀਕ੍ਰਿਤ ਹਨ। ਸੰਜਾਤੀਵਾਦ ਭਾਰਤ ਦੀ ਸਮਾਜਿਕ ਸੰਰਚਨਾਂ ਦਾ ਇੱਕ ਭਾਵੁਕ ਪਹਿਲੂ ਬਣ ਚੁਕਾ ਹੈ, ਅਤੇ ਇਸ ਲਈ ਅੱਜ ਸੰਜਾਤੀ ਦਰਾਰਾਂ, ਝਗੜੇ, ਹਿੰਸਾ ਅਤੇ ਆਪਸੀ ਨਫ਼ਰਤ ਪਾਈ ਜਾਂਦੀ ਹੈ। ਕੀ ਸੰਜਾਤੀ ਸਮੂਹ ਵਰਗ ਹਨ? ਕੀ ਓਹ ਜਾਤੀ ਸਮੂਹ ਦੀ ਤਰਾਂ ਹੀ ਹਨ? ਭਾਰਤ ਵਿੱਚ ਬਹੁ ਸਮੁਦਾਇਕ ਜਾਂ ਬਹੁਸੰਜਾਤੀ ਜਾਤ ਅਤੇ ਵਰਗ ਉੱਤੇ ਆਧਾਰਿਤ ਸਮੂਹ ਪਰਸਪਰ-ਵਿਆਪਤ ਹਨ। ਸਮਾਜਿਕ ਸਤਰੀਕਰਨ ਅਤੇ ਅਭਿਗਿਆਨ ਦੇ ਤਿੰਨ ਆਧਾਰਾਂ ਅਰਥਾਤ ਸੰਜਾਤੀਵਾਦ, ਜਾਤ ਅਤੇ ਵਰਗ ਵਿੱਚ ਵਿਭੇਦ ਸਮਝਣ ਲਈ ਇਨ੍ਹਾਂ ਸਮੂਹਾਂ ਦੀ ਸੰਦਰਭਤਾ ਨੂੰ ਸਮਝਣਾ ਮਹੱਤਵਪੂਰਨ ਹੈ।

ਇੱਕ ਦੇਸ਼ ਵਿੱਚ ਅਨੇਕਾਂ ਸਮੁਦਾਏ ਪਾਏ ਜਾਂਦੇ ਹਨ, ਇਨ੍ਹਾਂ ਦੀ ਉਤਪਤੀ ਅਤੇ ਪ੍ਰਵਸਨ ਦੇ ਬਾਰੇ ਵਿੱਚ ਤੱਥਾਂ ਤੋਂ ਇਨ੍ਹਾਂ ਦੀ ਸੱਭਿਅਤਾ ਦੇ ਇਤਿਹਾਸ ਦਾ ਬੋਧ ਹੁੰਦਾ ਹੈ। ਅੱਜ ਭਾਰਤ ਦੀ ਜਨ-ਸੰਖਿਆ 100 ਕਰੋੜ ਤੋਂ ਜ਼ਿਆਦਾ ਹੈ। ਅੱਜ ਤੋਂ ਲਗਭਗ 80 ਸਾਲ ਪਹਿਲਾਂ ਸਰ ਹਰਬਰਟ ਰਿਜ਼ਲੇ ਨੇ ਭਾਰਤ ਵਿੱਚ ਹਿੰਦੂਆਂ ਵਿੱਚ 2378 ਮੁੱਖ ਜਾਤੀਆਂ ਦੇ ਬਾਰੇ ਵਿੱਚ ਜਾਣਕਾਰੀ ਦਿੱਤੀ। ਵਿਖੰਡਨ ਅਤੇ ਸਮਾਜਿਕ ਗਤੀਸ਼ੀਲਤਾ ਦੇ ਕਾਰਣ ਇਹ ਸੰਖਿਆ ਹੁਣ ਤਾਂ ਜ਼ਰੂਰ ਹੀ 3000 ਤੋਂ ਅਧਿਕ ਹੋ ਗਈ ਹੈ। ਵਿਭਿੰਨ ਜਾਤੀਆਂ ਵਿੱਚ ਵਿਆਹ ਸਜਾਤੀ, ਅਸੰਗੋਤਰੀ ਅਤੇ ਮਾਤਾ-ਪਿਤਾ ਦੇ ਸਮੀਪ ਸੰਬੰਧੀਆਂ ਦੇ ਨਿਯਮਾਂ ਦਾ ਪਾਲਣ ਕਰਨੇ ਹੋਏ ਕੀਤੇ ਜਾਂਦੇ ਹਨ। ਇਨ੍ਹਾਂ ਜਾਤੀ ਸਮੂਹਾਂ ਤੋਂ ਇਲਾਵਾ ਮੁਸਲਮਾਨ, ਈਸਾਈ, ਸਿੱਖ, ਪਾਰਸੀ, ਜੈਨ ਅਤੇ ਅਨੇਕ ਜਨਜਾਤੀ ਸਮੂਹ ਸਮੁਦਾਏ ਹਨ ਜਿਨ੍ਹਾਂ ਵਿੱਚ ਵਿਆਹ ਅਤੇ ਹੋਰ ਸਮਾਜਿਕ ਕ੍ਰਿਆਵਾਂ ਆਪਣੇ ਆਪਣੇ ਸਮੁਦਾਏ ਤੱਕ ਹੀ ਸੀਮਿਤ ਹਨ।

ਕਦੇ ਕਦੇ ਸੰਜਾਤੀ ਸਮੂਹ ਆਪਣੇ ਤਥਾਕਥਿਤ ਵਾਸਤਵਿਕ ਹਿਤਾਂ ਦੇ ਕਾਰਣ ਇੱਕ ਦੂਜੇ ਦੇ ਵਿਰੁੱਧ ਹੋ ਜਾਂਦੇ ਹਨ। ਇਸ ਤਰਾਂ ਦਾ ਟਕਰਾਓ ਸੰਪਰਦਾਇਕਤਾ ਦਾ ਰੂਪ ਵੀ ਧਾਰਣ ਕਰ ਲੈਂਦਾ ਹੈ। ਅਜਿਹੀ ਅਵਸਥਾ ਵਿੱਚ ਕੁਝ ਸਮੂਹ ਆਪਣੀ ਬਹੁਸੰਖਿਆ ਸ਼ਕਤੀ ਜਾਂ ਸ਼੍ਰੇਸ਼ਠ ਸਮਾਜਿਕ ਉਦਗਤ ਦਾ ਲਾਭ ਉਠਾ ਕੇ ਰਾਸ਼ਟਰੀ ਸਾਧਨਾਂ ਦੇ ਅਧਿਕਤਮ ਭਾਗ ਨੂੰ ਆਪਣੇ ਲਈ ਹਥਿਆਉਣ ਵਿੱਚ ਸਫਲ ਹੋ ਜਾਂਦੇ ਹਨ। ਹੋਰ ਲਘੂ ਸਮੁਦਾਵਾਂ ਨੂੰ ਓਹਨਾਂ ਦਾ ਉਚਿਤ ਹਿੱਸਾ ਨਹੀਂ ਮਿਲ ਪਾਓਂਦਾ। ਇਸ ਕਾਰਣ ਵਿਭਿੰਨ ਸੰਜਾਤੀ ਸਮੂਹਾਂ ਵਿੱਚ ਆਪਸੀ ਅਵਿਸ਼ਵਾਸ, ਵਿਰਕਤੀ ਅਤੇ ਰੁੱਖੇਪਣ ਦੀਆਂ ਪਰਿਸਥਿਤੀਆਂ ਪੈਦਾ ਹੋ ਜਾਂਦੀਆਂ ਹਨ। ਸੰਜਾਤੀ ਸਮੂਹਾਂ ਨੂੰ "ਆਦਿ ਸਮੂਹ" ਕਿਹਾ ਜਾਂਦਾ ਹੈ। ਇੱਕ ਮਤ ਤਾਂ ਇਹ ਹੈ ਕਿ ਸੰਜਾਤੀ ਸੰਘਰਸ਼ ਦਾ ਮੂਲ ਕਾਰਣ "ਸਾਪੇਖ ਵੰਚਨ" ਹੈ। "ਵਿਰਣ-ਨਿਆਂ" ਵਿਭੇਦਕ ਅਭਿਗਮਤਾ ਅਤੇ ਸੰਸਕ੍ਰਿਤਿਕ ਵਿਭੇਦ ਸੰਜਾਤੀ ਸਮੱਸਿਆ ਦੇ ਮੁੱਖ ਆਯਾਮ ਹਨ। ਕਦੇ ਕਦੇ ਸੰਜਾਤੀ ਸੰਘਰਸ਼ "ਅੰਤਰੰਗੀ" ਅਤੇ "ਬਾਹਰੀ" ਦੇ ਵਿੱਚ ਭੇਦ ਕਰਨ ਦੇ ਕਾਰਣ ਵੀ ਉਤਪੰਨ ਹੁੰਦਾ ਹੈ। ਸਭ ਸਮਾਜਾਂ ਵਿੱਚ "ਹਮ-ਭਾਵਨਾ" "ਓਹ" ਜਾਂ ਬਾਹਰੀ ਦੇ ਵਿਰੁੱਧ ਪਾਈ ਜਾਂਦੀ ਹੈ। ਅਪ੍ਰਵਾਸੀਆਂ ਦੇ ਨਾਲ "ਵਿਦੇਸ਼ੀਆਂ" ਜਿਹਾ ਵਿਵਹਾਰ ਕੀਤਾ ਜਾਂਦਾ ਹੈ। ਇਸ ਤਰਾਂ ਦੀ ਸਮੱਸਿਆ ਉਸ ਸਮੇਂ ਉੱਭਰਦੀ ਹੈ ਜਦੋਂ ਅਸਮੀ, ਬੰਗਾਲੀ, ਗੁਜਰਾਤੀ, ਉੜੀਆ, ਹਿੰਦੀ, ਕਸ਼ਮੀਰੀ, ਪੰਜਾਬੀ, ਉਰਦੂ, ਮਰਾਠੀ ਅਤੇ ਸਿੰਧੀ ਭਾਸ਼ੀ ਲੋਕ ਰਾਸ਼ਟਰੀ ਸੰਦਰਭ ਵਿੱਚ ਇੱਕ ਦੂਜੇ ਤੋਂ ਭਿੰਨ ਸਮਝਦੇ ਹਨ। ਇੱਕ ਰਾਜ ਦੇ ਲੋਕ ਦੂਜੇ ਰਾਜ ਦੇ ਮੈਂਬਰਾਂ ਨੂੰ ਬਾਹਰੀ ਸਮਝਣ ਲਗਦੇ ਹਨ। ਇਹੀ ਮਤ ਅੰਦਰੂਨੀ ਅਤੇ ਬਾਹਰੀ ਦੇ ਵਿੱਚ ਭੇਦ ਕਰਨ ਲਈ ਤਾਰਕਿਕ ਤੌਰ ਤੇ ਉਪ-ਖੇਤਰਾਂ, ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਉੱਤੇ ਲਾਗੂ ਹੋ ਸਕਦਾ ਹੈ। ਪ੍ਰਸ਼ਨ ਇਹ ਹੈ ਕਿ: ਕੀ ਅਸੀਂ ਇਸ ਨੂੰ ਸੰਜਾਤੀਵਾਦ ਕਹਿ ਸਕਦੇ ਹਾਂ? ਉੱਤਰ ਸਾਫ: ਨਕਾਰਾਤਮਕ ਹੈ। ਭਾਰਤ ਇੱਕ ਬਹੁਸੰਜਾਤੀ ਸਮਾਜ ਹੈ ਜਿਸ ਵਿੱਚ ਪ੍ਰਜਾਤੀ, ਜਾਤ, ਭਾਸ਼ਾ, ਧਰਮ ਅਤੇ ਖੇਤਰ ਦੇ ਆਧਾਰ ਤੇ ਭਿੰਨਤਾਵਾਂ ਪਾਈਆਂ ਜਾਂਦੀਆਂ ਹਨ।

### 1.2.2 ਭਾਰਤੀ ਸਮਾਜ ਅਤੇ ਧਰਮ

1931 ਦੀ ਜਨਗਣਨਾ ਦੇ ਅਨੁਸਾਰ ਭਾਰਤ ਵਿੱਚ 10 ਧਾਰਮਿਕ ਸਮੂਹ ਸਨ। ਇਨ੍ਹਾਂ ਵਿੱਚ ਹਿੰਦੂ, ਸਿੱਖ, ਜੈਨ, ਬੁੱਧ, ਜ਼ੋਰਾਸਟ੍ਰਿਅਨ, ਮੁਸਲਿਮ, ਈਸਾਈ, ਯਹੂਦੀ ਅਤੇ ਹੋਰ ਜਨਜਾਤੀ ਅਤੇ ਗੈਰਜਨਜਾਤੀ ਧਾਰਮਿਕ ਸਮੂਹ ਸ਼ਾਮਿਲ ਹਨ। 1961 ਦੀ ਜਨਗਣਨਾ ਵਿੱਚ ਕੇਵਲ ਸੱਤ ਧਾਰਮਿਕ ਕੋਟੀਆਂ ਨੂੰ ਅੰਕਿਤ ਕੀਤਾ ਗਿਆ ਹੈ। ਇਹ ਹਨ: ਹਿੰਦੂ, ਮੁਸਲਿਮ, ਈਸਾਈ, ਸਿੱਖ, ਬੁੱਧ, ਜੈਨ ਅਤੇ ਹੋਰ ਧਰਮ ਅਤੇ ਸੰਪਰਦਾਏ। ਭਾਰਤ ਵਿੱਚ ਧਰਮ ਵਾਸਤਵ ਵਿੱਚ ਇੱਕ ਜਟਿਲ ਤੱਥ ਹੈ। ਉਦਾਹਰਣ

ਲਈ ਵਿਭਿੰਨ ਸਤਰਾਂ ਤੇ ਸੰਸਕ੍ਰਿਤਿਕ ਅਤੇ ਜਨਜਾਤੀ ਧਰਮ ਦੇ ਤੱਤ ਮਿਸ਼ਰਿਤ ਰੂਪ ਵਿੱਚ ਪਾਏ ਜਾਂਦੇ ਹਨ। ਇਹੀ ਗੱਲ ਦੀਰਘ ਅਤੇ ਲਘੂ ਪਰੰਪਰਾਵਾਂ ਵਿੱਚ ਅੰਤਰ-ਕ੍ਰਿਆ ਦੀ ਪ੍ਰਕ੍ਰਿਤੀ ਦੇ ਬਾਰੇ ਵਿੱਚ ਕਹੀ ਜਾ ਸਕਦੀ ਹੈ। ਸੰਸਕ੍ਰਿਤਿਕ ਹਿੰਦੂ ਧਰਮ ਅਤੇ ਜਨਜਾਤੀ ਧਰਮ ਦਾ ਏਕੀਕਰਨ ਵੀ ਪਾਇਆ ਜਾਂਦਾ ਹੈ। ਉਦਾਹਰਣ ਲਈ ਸੰਥਾਲ ਉੱਚ ਜਾਤੀ ਦੇ ਕਈ ਤਿਓਹਾਰਾਂ ਨੂੰ ਮਨਾਓਂਦੇ ਹਨ, ਓਹ ਨਿਮਨ ਅਤੇ "ਅਛੂਤ" ਜਾਤੀਆਂ ਦੇ ਤਿਓਹਾਰ ਵੀ ਮਨਾਓਂਦੇ ਹਨ। ਕੁਝ ਜਨਜਾਤੀਆਂ ਸ਼ਿਵ ਦੀ ਪੂਜਾ ਕਰਨੀਆਂ ਹਨ। ਐਮ. ਐਨ. ਸ਼੍ਰੀਨਿਵਾਸ ਦੇ ਅਨੁਸਾਰ ਵਿਭਿੰਨ ਜਨਜਾਤੀਆਂ ਵਿੱਚ ਇੱਕ ਸਮਾਨ ਸੰਸਕ੍ਰਿਤੀਕਰਨ ਨਹੀਂ ਹੁੰਦਾ। ਇੱਕ ਹੀ ਜਨਜਾਤੀ ਦੇ ਵਿਭਿੰਨ ਵਰਗਾਂ ਵਿੱਚ ਵੀ ਸਮਾਨ ਰੂਪ ਵਿੱਚ ਸੰਸਕ੍ਰਿਤੀਕਰਨ ਨਹੀਂ ਪਾਇਆ ਜਾਂਦਾ।

ਪਿਛਲੇ ਕਈ ਦਸ਼ਕਾਂ ਤੋਂ ਈਸਾਈ ਅਤੇ ਇਸਲਾਮ ਧਰਮ ਨੂੰ ਅਪਣਾਉਣਾ ਇੱਕ ਵਿਵਾਦ ਭਰਿਆ ਪ੍ਰਸ਼ਨ ਬਣਿਆ ਹੋਇਆ ਹੈ। ਇਹ ਕਿਹਾ ਜਾਂਦਾ ਹੈ ਕਿ ਇਸ ਸਦੀ ਦੇ ਦੂਜੇ ਦਸ਼ਕ ਅਤੇ ਸੁਤੰਤਰਤਾ ਤੋਂ ਬਾਅਦ ਪਿਛੜੇ ਵਰਗਾਂ ਅਤੇ ਜਨਜਾਤੀਆਂ ਦੇ ਮੈਂਬਰਾਂ ਨੇ ਧਰਮ ਪਰਿਵਰਤਨ ਕਰ ਕੇ ਈਸਾਈ, ਇਸਲਾਮ ਅਤੇ ਸਿੱਖ ਧਰਮ ਨੂੰ ਅਪਣਾ ਲਿਆ। ਬਿਹਾਰ, ਬੰਗਾਲ, ਅਸਮ ਅਤੇ ਹੋਰ ਭਾਗਾਂ ਵਿੱਚ ਬਹੁਤ ਸਾਰੇ ਆਦਿ-ਵਾਸੀਆਂ ਨੇ ਹਿੰਦੂ ਧਾਰਮਿਕ ਕਾਰਜਾਂ ਅਤੇ ਵਿਵਹਾਰ ਪ੍ਰਤੀਮਾਨਾਂ ਨੂੰ ਸਵੀਕਾਰ ਕਰ ਲਿਆ। ਹਜ਼ਾਰਾਂ ਹਰੀਜਨਾਂ ਨੇ ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਬੁੱਧ ਧਰਮ ਨੂੰ ਅਪਣਾ ਲਿਆ। ਲਾਲਚ ਦੇ ਕੇ ਜਾਂ ਦਬਾਅ ਪਾ ਕੇ ਧਰਮ ਪਰਿਵਰਤਨ ਭਾਰਤ ਦੇ ਸੰਵਿਧਾਨ ਅਤੇ ਦੇਸ਼ ਦੇ ਕਾਨੂੰਨ ਦੇ ਵਿਰੁੱਧ ਹੈ। ਧਰਮ ਪਰਿਵਰਤਨ ਦੇ ਅਨੇਕਾਂ ਕਾਰਣ ਉੱਤਰਦਾਈ ਹੋ ਸਕਦੇ ਹਨ। ਪ੍ਰੰਤੂ ਜ਼ਿਆਦਾਤਰ ਲੋਕਾਂ ਨੇ ਧਾਰਮਿਕ ਕੱਟਰਪੰਥਤਾ ਤੋਂ ਮੁਕਤੀ ਪਾਓਣ ਲਈ ਧਰਮ ਪਰਿਵਰਤਨ ਕੀਤਾ ਹੈ।

ਅਲਪ-ਸੰਖਿਅਕ ਧਰਮਾਂ ਦੇ ਲੋਕਾਂ ਵਿੱਚ ਸਾਖਰਤਾ ਦਾ ਪ੍ਰਤੀਸ਼ਤ ਬਹੁ-ਸੰਖਿਅਕ ਧਰਮ ਦੇ ਲੋਕਾਂ ਤੋਂ ਅਧਿਕ ਹੈ। ਅਜਿਹਾ ਪਾਰਸੀ, ਜੈਨ, ਯਹੂਦੀ ਅਤੇ ਈਸਾਈ ਸਮੁਦਾਵਾਂ ਵਿੱਚ ਵੇਖਿਆ ਗਿਆ ਹੈ। ਈਸਾਈਆਂ ਨੂੰ ਛੱਡ ਕੇ ਇਨ੍ਹਾਂ ਸਮੁਦਾਵਾਂ ਦੇ ਮੈਂਬਰ ਹਿੰਦੂਆਂ ਅਤੇ ਮੁਸਲਿਮਾਂ ਤੋਂ ਅਧਿਕ ਸੰਖਿਆ (ਅਨੁਪਾਤਿਕ ਆਧਾਰ) ਵਿੱਚ ਵਪਾਰ ਅਤੇ ਕਾਰੋਬਾਰ ਵਿੱਚ ਲੱਗੇ ਹੋਏ ਹਨ। ਇੱਕ ਅਧਿਐਨ ਦੇ ਅਨੁਸਾਰ ਚਾਹੇ ਪਾਰਸੀ, ਯਹੂਦੀ ਅਤੇ ਜੈਨ ਵਿਵਿਧ ਧੰਦਿਆਂ ਵਿੱਚ ਨਹੀਂ ਹਨ, ਫਿਰ ਵੀ ਵਪਾਰ ਵਿੱਚ ਓਹ ਹੋਰ ਸਮੁਦਾਵਾਂ ਤੋਂ ਅੱਗੇ ਹਨ। ਕਿਓਂਕਿ ਹਿੰਦੂ ਅਤੇ ਮੁਸਲਮਾਨ ਸੰਖਿਆ ਵਿੱਚ ਅਧਿਕ ਹਨ ਅਤੇ ਪੂਰੇ ਦੇਸ਼ ਵਿੱਚ ਵਸੇ ਹਨ, ਇਸ ਲਈ ਓਹ ਵਿਵਿਧ ਕਾਰੋਬਾਰਾਂ ਵਿੱਚ ਲੱਗੇ ਹੋਏ ਹਨ। ਅਲਪ-ਸੰਖਿਅਕ ਸਮੂਹ ਵਿਸ਼ਿਸ਼ਟ ਖੇਤਰਾਂ, ਉਪ-ਖੇਤਰਾਂ ਅਤੇ ਸ਼ਹਿਰਾਂ ਵਿੱਚ ਕੇਂਦਰਿਤ ਹਨ, ਇਸ ਲਈ ਓਹ ਵਪਾਰ ਕਰਨ ਲਈ ਲਾਭਕਾਰੀ ਸਥਿਤੀ ਵਿੱਚ ਹਨ। ਸੀਰੀਅਨ ਈਸਾਈ, ਮੋਪਲਾ, ਪਾਰਸੀ ਅਤੇ ਦੂਜੇ ਸਮੂਹ ਕੇਰਲ ਅਤੇ ਮਹਾਰਾਸ਼ਟਰ ਵਿੱਚ ਮਹੱਤਵਪੂਰਨ ਸਥਾਨ ਉੱਤੇ ਰਹਿਣ ਦੇ ਕਾਰਣ ਫਾਇਦੇ ਵਿੱਚ ਰਹੇ ਹਨ।

ਐਮ. ਐਨ. ਸ਼੍ਰੀਨਿਵਾਸ ਨੇ ਧਰਮ ਦੀ ਭੂਮਿਕਾ ਦੀ ਜਾਂਚ ਵਿਅਕਤੀਆਂ ਅਤੇ ਸਮੂਹਾਂ ਦੇ ਵਿੱਚ ਇੱਕ ਬੰਧਨਕਾਰੀ ਸ਼ਕਤੀ ਦੇ ਰੂਪ ਵਿੱਚ ਕੀਤੀ ਹੈ। ਪ੍ਰੰਤੂ ਇਸ ਤੋਂ ਵੀ ਅਧਿਕ ਮਹੱਤਵਪੂਰਨ ਦੇਖਣ ਦੀ ਗੱਲ ਇਹ ਹੈ ਕਿ ਧਰਮ ਇਹ ਕੰਮ ਕਿਵੇਂ ਕਰਨਾ ਹੈ, ਅਤੇ ਧਰਮ ਕਿਵੇਂ ਕ੍ਰਿਆਸ਼ੀਲ ਰਹਿੰਦਾ ਹੈ। ਕਾਰਲ ਮਾਰਕਸ ਦੀ ਯੁਕਤੀ "ਧਰਮ ਜਨਤਾ ਦੀ ਅਫ਼ੀਮ ਹੈ", ਸਹੀ ਪਾਈ ਜਾ ਸਕਦੀ ਹੈ, ਜੇਕਰ ਧਰਮ ਕੁਝ ਚੁਣੇ ਹੋਏ ਲੋਕਾਂ ਦੇ ਹੱਥਾਂ ਵਿੱਚ ਸ਼ੋਸ਼ਣ ਦਾ ਇੱਕ ਯੰਤਰ ਬਣ ਕੇ ਰਹਿ ਜਾਂਦਾ ਹੈ। ਪ੍ਰੰਤੂ ਸ਼੍ਰੀਨਿਵਾਸ ਧਾਰਮਿਕ ਵਿਵਹਾਰ ਨੂੰ ਸਮਾਜਿਕ ਜੀਵਨ ਦਾ ਇੱਕ ਅੰਗ ਮੰਨਦੇ ਹਨ। ਓਹਨਾਂ ਨੇ ਤਿੰਨ ਗੱਲਾਂ ਦਾ ਜ਼ਿਕਰ ਕੀਤਾ ਹੈ: (1) ਪੇਂਡੂ ਅਤੇ ਹੋਰ ਸਥਾਨਿਕ ਸਤਰਾਂ ਤੇ ਵਿਭਿੰਨ ਜਾਤੀਆਂ ਅਤੇ ਧਾਰਮਿਕ ਸਮੂਹਾਂ ਵਿੱਚ ਸੰਬੰਧ, (2) ਦੇਸ਼ ਦੇ ਆਰਥਿਕ ਵਿਕਾਸ ਵਿੱਚ ਧਰਮ ਦੀ ਆਮ ਭੂਮਿਕਾ, ਅਤੇ (3) ਧਰਮ ਅਤੇ ਸਮਾਜਿਕ-ਆਰਥਿਕ ਵਿਸ਼ੇਸ਼ਾਧਿਕਾਰ।

ਭਾਰਤ ਵਿੱਚ ਬਹੁਜਾਤੀ ਪਿੰਡਾਂ ਦੀ ਤਰਾਂ ਬਹੁਤਾਤ ਨਹੀਂ ਹੈ। ਫਿਰ ਵੀ, ਉੱਤਰ ਪ੍ਰਦੇਸ਼ ਵਿੱਚ ਹਿੰਦੂ ਕਾਸ਼ਤਕਾਰ ਅਤੇ ਮੁਸਲਿਮ ਭੂ-ਸਵਾਮੀ, ਅਤੇ ਹਿੰਦੂ ਭੂ-ਸਵਾਮੀ ਅਤੇ ਮੁਸਲਿਮ ਕਾਸ਼ਤਕਾਰ ਮਿਲਦੇ ਹਨ। ਕਰਨਾਟਕ ਦੇ ਰਾਮਪੁਰ ਪਿੰਡ ਵਿੱਚ ਕੁਝ ਬੜਕੇ ਹਿੰਦੂ ਜ਼ਿਮੀਦਾਰਾਂ ਦੇ ਕਾਸ਼ਤਕਾਰ ਅਤੇ ਨੌਕਰ ਮੁਸਲਮਾਨ ਸਨ, ਅਤੇ ਮੁਸਲਮਾਨ ਜ਼ਿਮੀਂਦਾਰ ਦੇ ਕਾਸ਼ਤਕਾਰ ਅਤੇ ਨੌਕਰ ਹਿੰਦੂ ਸਨ। ਕਿਓਂਕਿ ਮੁਸਲਮਾਨਾਂ ਕੋਲ ਜ਼ਮੀਨ ਜ਼ਿਆਦਾ ਨਹੀਂ ਸੀ, ਓਹ ਅਨੇਕਾਂ ਤਰਾਂ ਦੇ ਆਰਥਿਕ ਕੰਮਾਂ ਵਿੱਚ ਲੱਗੇ ਹੋਏ ਸਨ। ਹਿੰਦੂ ਅੰਬਾਂ ਦੇ ਬਗੀਚਿਆਂ ਦੇ ਮਾਲਿਕ ਸਨ, ਪ੍ਰੰਤੂ ਮੁਸਲਮਾਨ ਅੰਬਾਂ ਦਾ ਵਪਾਰ ਕਰਨੇ ਸਨ। ਹਿੰਦੂ ਅਤੇ ਮੁਸਲਮਾਨ ਤਿਓਹਾਰਾਂ, ਵਿਆਹਾਂ ਅਤੇ ਹੋਰ ਅਵਸਰਾਂ ਉੱਤੇ ਇੱਕ ਦੂਜੇ ਨਾਲ ਕ੍ਰਿਆਸ਼ੀਲ ਪਾਏ ਗਏ ਹਨ। ਜਦੋਂ ਵੀ ਕਿਸੇ ਸਮੁਦਾਏ ਦੇ ਲੋਕ ਆਰਥਿਕ ਖੇਤਰ ਵਿੱਚ ਕੁਸ਼ਲਤਾ ਪ੍ਰਾਪਤ ਕਰਨੇ ਹਨ, ਤਾਂ ਦੂਜੇ ਧਰਮ ਦੇ ਲੋਕ ਉਸਦੇ ਉਪਭੋਗਤਾ ਜਾਂ ਗ੍ਰਾਹਕ ਬਣ ਜਾਂਦੇ ਹਨ।

ਹੋਲੀ, ਦੀਵਾਲੀ, ਦਸਹਿਰਾ, ਈਦ, ਨਵਾਂ ਸਾਲ ਆਦਿ ਅਨੇਕਾਂ ਅਵਸਰਾਂ ਤੇ ਸ਼ਹਿਰਾਂ ਵਿੱਚ ਹਿੰਦੂ ਅਤੇ ਮੁਸਲਮਾਨ ਇੱਕ ਦੂਜੇ ਦਾ ਅਭਿਵਾਦਨ ਕਰਨੇ ਹਨ। ਦੰਗਿਆਂ ਅਤੇ ਸੰਕਟ ਦੀਆਂ ਪਰਿਸਥਿਤੀਆਂ ਵਿੱਚ ਓਹਨਾਂ ਨੇ ਇੱਕ ਦੂਜੇ ਦੀ ਰੱਖਿਆ ਕੀਤੀ ਹੈ। ਨਵੰਬਰ 1984 ਦੇ ਦਿੱਲੀ ਵਿੱਚ ਅਤੇ ਹੋਰ ਸ਼ਹਿਰਾਂ ਵਿੱਚ ਹੋਏ ਦੰਗਿਆਂ ਵਿੱਚ ਹਿੰਦੂਆਂ ਨੇ ਬਹੁਤ ਸਾਰੇ ਸਿੱਖਾਂ ਦਾ ਬਚਾਅ ਕੀਤਾ ਅਤੇ ਓਹਨਾਂ ਨੂੰ ਸ਼ਰਣ ਦਿੱਤੀ। ਪੰਜਾਬ ਵਿੱਚ ਸਿੱਖ ਅਤੇ ਹਿੰਦੂ ਸਦੀਆਂ ਤੋਂ ਸ਼ਾਂਤੀ ਨਾਲ ਰਹੇ ਹਨ।

ਧਾਰਮਿਕ ਸਮੁਦਾਵਾਂ ਅਤੇ ਓਹਨਾਂ ਦੇ ਕਾਰੋਬਾਰਾਂ ਅਤੇ ਧੰਦਿਆਂ ਵਿੱਚ ਸੰਬੰਧ ਹੁੰਦਾ ਹੈ। ਉਦਾਹਰਣ ਲਈ ਸ਼ਰਾਬ ਦੇ ਵਪਾਰ ਪਾਰਸੀਆਂ ਦੇ ਹੱਥਾਂ ਵਿੱਚ ਹਨ। ਮੋਪਲਾ ਵਪਾਰੀ ਆਮ ਤੌਰ ਤੇ ਕੇਰਲ, ਮੈਸੂਰ, ਮਦਰਾਸ ਅਤੇ ਬੰਬਈ ਵਿੱਚ ਪਾਏ ਜਾਂਦੇ ਹਨ। ਇਸੇ ਤਰਾਂ ਜੈਨ ਵਪਾਰੀ ਬੰਬਈ, ਗੁਜਰਾਤ, ਰਾਜਸਥਾਨ, ਕਰਨਾਟਕ ਅਤੇ ਬੰਗਾਲ ਵਿੱਚ ਰਹਿੰਦੇ ਹਨ। ਇਸ ਤਰਾਂ ਦਾ ਸੰਬੰਧ ਪਿੰਡਾਂ ਵਿੱਚ ਵੀ ਪਾਇਆ ਜਾਂਦਾ ਹੈ। ਹਿੰਦੂ ਧਰਮ ਵਿੱਚ ਗੁਜਰਾਤੀ, ਬਾਣੀਆ, ਤੇਲਗੂ, ਕੋਮਤੀ, ਤਮਿਲ, ਚੇਟਿਆਰ ਅਤੇ

ਨੋਟ

ਰਾਜਸਥਾਨੀ ਬਾਣੀਆ ਸਮੁਦਾਵਾਂ ਨੇ ਆਰਥਿਕ ਗਤੀਵਿਧੀਆਂ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਫਿਰ ਵੀ, ਕਈ ਨਵੇਂ ਜਾਤੀ ਸਮੂਹ ਵਪਾਰ ਅਤੇ ਹੋਰ ਕਾਰੋਬਾਰ ਕਰਨ ਲੱਗੇ ਹਨ। ਜਾਤੀ ਦੇ ਬੰਧਨ ਕਮਜ਼ੋਰ ਪੈ ਗਏ ਹਨ। ਅਤੇ ਸਥਾਨਿਕ ਗਤੀਸ਼ੀਲਤਾ ਹੋਰ ਤੇਜ਼ ਹੋ ਗਈ ਹੈ। ਪੂਰੇ ਦੇਸ਼ ਵਿੱਚ ਵਿਭਿੰਨ ਸਮੁਦਾਵਾਂ ਦੇ ਫੈਲਾਓ ਅਤੇ ਓਹਨਾਂ ਦੇ ਆਰਥਿਕ ਕਾਰਜਾਂ ਦੀ ਵਿਵਿਧਤਾ ਦੇ ਫਲਸਰੂਪ ਸਮਾਜਿਕ ਏਕੀਕਰਨ ਦੀ ਪ੍ਰਕ੍ਰਿਆ ਨੂੰ ਬਲ ਮਿਲਿਆ ਹੈ।

ਮੈਕਸ ਵੇਬਰ ਪਹਿਲੇ ਸਮਾਜ ਵਿਗਿਆਨਿਕ ਸਨ ਜਿਨ੍ਹਾਂ ਨੇ ਹਿੰਦੂ ਨੀਤੀਪਰਕ ਅਤੇ ਇਸ ਦੇ ਦੋ ਸਿਧਾਂਤਾਂ ਸਮਸਾਰ (ਪੁਨਰਜਨਮ ਵਿੱਚ ਵਿਸ਼ਵਾਸ) ਅਤੇ ਕਰਮ (ਹਾਨੀਪੂਰਤੀ ਸਿਧਾਂਤ) ਦਾ ਉਲੇਖ ਕੀਤਾ। ਇਨ੍ਹਾਂ ਦੋਹਾਂ ਸਿਧਾਂਤਾਂ ਦੇ ਦੁਆਰਾ ਜਾਤੀ ਵਿਵਸਥਾ ਦਾ ਈਸ਼ਵਰੀ ਨਿਆਂ-ਮੰਡਲ ਬਣਿਆ। ਇਸ ਦੇ ਫਲਸਰੂਪ ਜਾਤੀ ਵਿਵਸਥਾ ਵਿੱਚ ਇਨ੍ਹਾਂ ਲੋਕਾਂ ਦੀ ਵਿਵੇਕ ਪੂਰਨ ਨੀਤੀ ਉੱਭਰ ਕੇ ਨਹੀਂ ਆਈ। ਵੇਬਰ ਦੇ ਵਿਸ਼ਲੇਸ਼ਣ ਦਾ ਆਧਾਰ ਹਿੰਦੂ ਧਰਮ ਗ੍ਰੰਥਾਂ ਵਿੱਚ ਵਿਆਪਤ ਧਾਰਣਾਵਾਂ ਦਾ ਬਹਿਰਵੇਸ਼ਨ ਸੀ। ਸ਼ਾਇਦ, ਵੇਬਰ ਨੇ ਹਿੰਦੂ ਧਰਮ ਵਿੱਚ ਪਰੰਪਰਾਵਾਦ ਅਤੇ ਅਤਾਰਕਿਕਤਾ ਦੀ ਵਿਆਖਿਆ, ਉਸਦੇ ਆਪਣੇ ਸਮਾਜ ਵਿੱਚ ਪ੍ਰੋਟੇਸਟੇਂਟ ਆਚਾਰ ਪੂੰਜੀਵਾਦ ਦੇ ਸੰਬੰਧਾਂ ਦੀ ਦ੍ਰਿਸ਼ਟੀ ਦੇ ਆਧਾਰ ਤੇ ਕੀਤੀ ਸੀ। ਮਿਲਟਨ ਸਿੰਗਰ ਦੇ ਅਨੁਸਾਰ ਵਰਣ-ਜਾਤੀ ਵਿਵਸਥਾ, ਪੰਥ ਅਤੇ ਜਨਜਾਤੀਵਾਦ ਅਤੇ ਆਧੁਨਿਕੀਕਰਨ, ਰਾਸ਼ਟਰਵਾਦ, ਉਦਯੋਗੀਕਰਨ ਅਤੇ ਸ਼ਾਸਨਤੰਤਰ ਦੇ ਨਾਲ ਸੰਬੰਧ ਦਾ ਆਧਾਰ ਧਾਰਮਿਕ/ਵਿਚਾਰਕ ਹੈ। ਪ੍ਰੰਤੂ ਇਸ ਨਤੀਜੇ ਤੇ ਪਹੁੰਚਣਾ ਕਿ ਹਿੰਦੂ ਨੀਤੀ ਅਤੇ ਜਾਤੀ ਵਿਵਸਥਾ ਨੇ ਆਰਥਿਕ ਵਿਕਾਸ ਵਿੱਚ ਚਾਲੂ ਯੋਗਦਾਨ ਦਿੱਤਾ ਹੈ, ਇਸ ਲਈ ਉਸ ਵਿੱਚ ਪਰਿਵਰਤਨ ਲਿਆਉਣ ਦੀ ਜ਼ਰੂਰਤ ਨਹੀਂ ਹੈ, ਇੱਕ ਬਿਲਕੁਲ ਗਲਤ ਮਤ ਹੈ। ਭਾਰਤੀ ਅਰਥਵਿਵਸਥਾ ਅਤੇ ਨੀਤੀ ਦੇ ਅਨੁਰੂਪ ਹਿੰਦੂ ਧਰਮ ਅਤੇ ਜਾਤ ਵਿਵਸਥਾ ਵਿੱਚ ਅਨੁਸ਼ੀਲਨਕਾਰੀ ਪਰਿਵਰਤਨ ਆਏ ਹਨ।

ਹਿੰਦੂ ਧਰਮ ਦੀ ਪ੍ਰਕ੍ਰਿਤੀ ਸਥਿਰ ਨਹੀਂ ਹੈ। ਵਿਗਿਆਨਿਕ ਗਿਆਨ, ਉਦਯੋਗਿਕ ਪ੍ਰਗਤੀ, ਸੰਚਾਰ ਦੇ ਸਾਧਨ ਅਤੇ ਧਰਮ ਨਿਰਪੱਖਤਾ ਦੀ ਪ੍ਰਕ੍ਰਿਆ ਦੇ ਪ੍ਰਸਾਰ ਦੇ ਕਾਰਣ ਹਿੰਦੂ ਧਰਮ ਵਿੱਚ ਵੀ ਬਹੁਤ ਸਾਰੇ ਪਰਿਵਰਤਨ ਆਏ ਹਨ। ਪਰਿਵਰਤਨ ਦੇ ਇਨ੍ਹਾਂ ਕਾਰਣਾਂ ਦੇ ਬਾਵਜੂਦ ਹਿੰਦੂ ਧਰਮ ਇੱਕ ਜਟਿਲ ਪ੍ਰਘਟਨਾ ਬਣੀ ਹੋਈ ਹੈ। ਪੂਰੇ ਭਾਰਤ ਵਿੱਚ ਸਿੱਖਿਆ, ਜਨ-ਸੰਚਾਰ, ਪ੍ਰੈਸ ਅਤੇ ਪ੍ਰਵਸਨ ਨਾਲ ਧਰਮ-ਨਿਰਪੱਖ ਮੁੱਲਾਂ ਨੂੰ ਵਧਾਵਾ ਮਿਲਿਆ ਹੈ। ਪ੍ਰੰਤੂ ਸਥਾਨਿਕ ਸਤਰ ਤੇ ਧਾਰਮਿਕ ਪ੍ਰਵਿਰਤੀਆਂ ਬਹੁਤ ਹੱਦ ਤੱਕ ਉਸੇ ਤਰਾਂ ਹੀ ਹਨ।

ਭਾਰਤ ਨੂੰ ਇੱਕ "ਪ੍ਰਾਰਥਮਿਕ" ਜਾਂ "ਆਦਿਜਣਿਤ" ਸੱਭਿਅਤਾ ਦਾ ਨਾਂ ਦਿੱਤਾ ਗਿਆ ਹੈ, ਕਿਓਂਕਿ ਵਿਦੇਸ਼ੀ ਹਮਲਿਆਂ ਅਤੇ ਦੇਸ਼ ਦੇ ਅੰਦਰ ਵਿਭਿੰਨ ਸ਼ਾਸਕਾਂ ਦੇ ਵਿੱਚ ਯੁੱਧ ਹੋਣ ਤੋਂ ਬਾਅਦ ਵੀ ਭਾਰਤੀ ਸੱਭਿਅਤਾ ਵਿੱਚ ਨਿਰੰਤਰਤਾ ਹੈ। ਇਸ ਦਾ ਇਤਿਹਾਸ ਅਵਰੋਧ ਵਿਹੀਣ ਹੈ। ਭਾਰਤੀ ਪਰੰਪਰਾ ਦੇ ਵਿਭਿੰਨ ਅੰਗਾਂ ਵਿੱਚ ਅੰਤਰ ਕ੍ਰਿਆ ਇਸ ਦੀ ਸ਼ਕਤੀ ਦਾ ਮੁੱਖ ਸਰੋਤ ਹੈ। ਜੋ ਪਰੰਪਰਾਵਾਂ ਲਿਖਿਤ ਹਨ ਅਤੇ ਜਿਨ੍ਹਾਂ ਦਾ ਉਲੇਖ ਹਿੰਦੂ ਜਾਂ ਮੁਸਲਿਮ ਸਾਹਿਤ, ਧਾਰਮਿਕ ਪੁਸਤਕਾਂ ਅਤੇ ਗ੍ਰੰਥਾਂ ਵਿੱਚ ਮਿਲਦਾ ਹੈ, ਓਹਨਾਂ ਨੂੰ "ਦੀਰਘ ਪਰੰਪਰਾਵਾਂ" ਕਹਿੰਦੇ ਹਨ। ਜੋ ਪਰੰਪਰਾਵਾਂ ਅਲਿਖਿਤ ਹਨ, ਅਤੇ ਇੱਕ ਪੀੜੀ ਤੋਂ ਦੂਜੀ ਪੀੜੀ ਤੱਕ ਅਨਪੜ੍ਹ ਜਨ ਸਮੂਹਾਂ ਦੁਆਰਾ ਸੰਚਾਰਿਤ ਕੀਤੀਆਂ ਜਾਂਦੀਆਂ ਹਨ, ਓਹਨਾਂ ਨੂੰ "ਲਘੂ ਪਰੰਪਰਾਵਾਂ" ਕਿਹਾ ਜਾਂਦਾ ਹੈ। ਇਨ੍ਹਾਂ ਦੋਹਾਂ ਪਰੰਪਰਾਵਾਂ ਵਿੱਚ ਨਿਰੰਤਰ ਅੰਤਰ ਕ੍ਰਿਆ ਪਾਈ ਜਾਂਦੀ ਹੈ। ਜਦੋਂ ਇੱਕ ਦੀਰਘ ਪਰੰਪਰਾ ਦੇ ਤੱਤ ਲੋਕ ਸਮੂਹਾਂ ਤੱਕ ਸੰਚਾਰਿਤ ਹੁੰਦੇ ਹਨ ਤਾਂ ਇਸ ਪ੍ਰਕਾਰ ਦੀ ਪ੍ਰਕ੍ਰਿਆ ਨੂੰ ਸੰਕੀਰਣਤਾਕਰਨ ਜਾਂ ਸਥਾਨੀਕਰਨ ਕਹਿੰਦੇ ਹਨ, ਅਤੇ ਜਦੋਂ ਇੱਕ ਲਘੂ ਪਰੰਪਰਾ ਦੇ ਤੱਤ ਦੀਰਘ (ਸੰਸਕ੍ਰਿਤਿਕ) ਪਰੰਪਰਾ ਦੇ ਅੰਗ ਬਣ ਜਾਂਦੇ ਹਨ ਤਾਂ ਇਸ ਪ੍ਰਕ੍ਰਿਆ ਨੂੰ ਸਾਰਵਿਕੀਕਰਨ ਜਾਂ ਸਾਰਵਭੌਮੀਕਰਨ ਕਹਿੰਦੇ ਹਨ। ਕਿਸੇ ਪਰੰਪਰਾ ਨੂੰ ਦੀਰਘ ਜਾਂ ਲਘੂ ਕਹਿਣ ਦਾ ਅਰਥ ਲੋਕਾਂ ਨੂੰ ਦੀਰਘ ਜਾਂ ਲਘੂ ਕਹਿਣ ਤੋਂ ਹੈ ਕਿਓਂਕਿ ਲੋਕ ਹੀ ਸਿੱਖਿਅਤ ਜਾਂ ਅਸਿੱਖਿਅਤ ਹਨ। ਪਰੰਪਰਾਵਾਂ ਆਪਣੇ ਆਪ ਵਿੱਚ ਦੀਰਘ ਜਾਂ ਲਘੂ ਨਹੀਂ ਹਨ। ਪਰੰਪਰਾਵਾਂ ਦਾ ਮਤਲਬ ਵਿਵਹਾਰ ਦੇ ਮਾਣਕਾਂ ਅਤੇ ਆਪਸੀ ਸੰਬੰਧਾਂ ਤੋਂ ਹੈ। ਅਸਿੱਖਿਅਤ ਲੋਕਾਂ ਨੂੰ "ਲਘੂ" ਅਤੇ ਸਿੱਖਿਅਤ ਨੂੰ "ਦੀਰਘ" ਦਾ ਨਾਂ ਦੇਣ ਵਿੱਚ ਇੱਕ ਮੁੱਲ ਨਿਰਣਾ ਨਿਹਿਤ ਹੈ। ਇਸ ਪ੍ਰਕਾਰ ਧਰਮ ਇੱਕ ਬਹੁਤ ਜਟਿਲ ਘਟਕ ਹੈ। ਇਹ ਉਚਿਤ ਹੋਵੇਗਾ ਕਿ ਓਹਨਾਂ ਧਰਮ-ਸੂਤਰਾਂ ਦੇ ਬਾਰੇ ਵਿੱਚ ਅਸੀਂ ਜਾਣਕਾਰੀ ਦੇਈਏ ਜਿਨ੍ਹਾਂ ਦੇ ਆਧਾਰ ਤੇ (ਜਾਤੀ, ਖੇਤਰ, ਸੰਸਕ੍ਰਿਤਿਕ ਵਿਰਾਸਤ, ਆਰਥਿਕ ਸਥਿਤੀ ਅਤੇ ਸਿੱਖਿਆ ਪ੍ਰਸਥਿਤੀ ਆਦਿ ਦੇ ਰਹਿੰਦੇ ਹੋਏ ਵੀ) ਸਭ ਲੋਕਾਂ ਨੂੰ ਕਿਸੇ ਭੇਦ-ਭਾਵ ਤੋਂ ਬਿਨਾਂ ਸਮਾਨ ਸਤਰ ਤੇ ਆਂਕਿਆ ਜਾਂਦਾ ਹੈ।

ਚਾਹੇ ਧਰਮ ਏਕੀਕਰਨ ਦਾ ਇੱਕ ਯੰਤਰ ਹੈ, ਫਿਰ ਵੀ ਇਸ ਦਾ ਉਪਯੋਗ ਸੰਕੀਰਣ ਸਮਾਜਿਕ ਅਤੇ ਰਾਜਨੀਤਿਕ ਉਦੇਸ਼ਾਂ ਦੀ ਪੂਰਤੀ ਲਈ ਕੀਤਾ ਗਿਆ ਹੈ। ਵਿਸ਼ਿਸ਼ਟ ਧਾਰਮਿਕ ਸਮੂਹ ਦੇ ਮੈਂਬਰਾਂ ਦਾ ਸਮਰਥਨ ਪ੍ਰਾਪਤ ਕਰਨ ਲਈ ਅਨੇਕਾਂ ਸੰਗਠਨਾਂ ਅਤੇ ਸਮੂਹਾਂ ਦੇ ਧਾਰਮਿਕ ਨਾਂ ਰੱਖੇ ਗਏ ਹਨ, ਤਾਂ ਕਿ ਓਹਨਾਂ ਵਿੱਚ ਧਾਰਮਿਕ ਚੇਤਨਾ ਜਾਗ ਸਕੇ। ਹਿੰਦੂ ਮਹਾਂ ਸਭਾ ਅਤੇ ਮੁਸਲਿਮ ਲੀਗ ਇਸ ਪ੍ਰਯੋਗ ਦੇ ਜਿਓਂਦੇ ਜਾਗਦੇ ਉਦਾਹਰਣ ਹਨ। ਇੱਥੋਂ ਤੱਕ ਕਿ ਸਿੱਖਿਆ ਸੰਸਥਾਵਾਂ ਦੇ ਨਾਂ ਵੀ ਹਿੰਦੂ, ਮੁਸਲਿਮ, ਈਸਾਈ, ਜੈਨ ਅਤੇ ਸਿੱਖ ਧਰਮਾਂ ਨਾਲ ਜੁੜੇ ਹੋਏ ਹਨ। ਧਾਰਮਿਕ ਸਮੂਹਾਂ ਦੀ ਤਰਾਂ ਅਨੇਕਾਂ ਜਾਤੀਆਂ ਨੇ ਰਾਜਨੀਤੀ ਵਿੱਚ ਵੀ ਆਪਣੇ ਮੈਂਬਰਾਂ ਨੂੰ ਸਕ੍ਰਿਅ ਕੀਤਾ ਹੈ।

### 1.2.3 ਭਾਸ਼ਾ-ਸਮਾਜਿਕ ਏਕੀਕਰਨ ਵਿੱਚ ਭਾਸ਼ਾ ਦੀ ਭੂਮਿਕਾ

"ਭਾਸ਼ਾ ਵਿਵੇਕਾਧੀਨ ਮੁਖਰਿਤ ਪ੍ਰਤੀਕਾਂ ਦੀ ਇੱਕ ਵਿਵਸਥਾ ਹੈ ਜਿਸ ਦੇ ਦੁਆਰਾ ਇੱਕ ਸਮੂਹ ਦੇ ਮੈਂਬਰ ਅੰਤਰ ਕ੍ਰਿਆ ਅਤੇ ਸਹਿਯੋਗ ਕਰਨੇ ਹਨ।" ਭਾਸ਼ਾ ਵਿੱਚ ਇੱਕ ਵਿਵਸਥਾ ਦੇ ਰੂਪ ਵਿੱਚ ਅਨੇਕਾਂ ਪ੍ਰਤੀਕ ਪਾਏ ਜਾਂਦੇ ਹਨ। ਜੋ ਲੋਕ ਉਸ ਭਾਸ਼ਾ

ਨੋਟ

ਦਾ ਉਪਯੋਗ ਕਰਨੇ ਹਨ, ਓਹਨਾਂ ਨੂੰ ਓਹਨਾਂ ਪ੍ਰਤੀਕਾਂ ਦਾ ਅਰਥ ਸਮਝਣਾ ਚਾਹੀਦਾ ਹੈ। ਭਾਸ਼ਾ ਸੰਸਕ੍ਰਿਤੀ ਦਾ ਇੱਕ ਪਹਿਲੂ ਹੈ, ਜਿਸ ਦੇ ਦੁਆਰਾ ਸਿੱਖਣ ਦੀ ਪ੍ਰਕ੍ਰਿਆ ਪ੍ਰਭਾਵਿਤ ਹੁੰਦੀ ਹੈ। ਅਤੇ ਜੀਵਨ ਪੱਧਤੀ ਵਿੱਚ ਨਿਰੰਤਰਤਾ ਅਤੇ ਪਰਿਵਰਤਨ ਦਾ ਸਮਾਵੇਸ਼ ਹੁੰਦਾ ਹੈ। ਗਿਆਨ ਸੰਚਣ ਭਾਸ਼ਾ ਤੋਂ ਬਿਨਾਂ ਅਸੰਭਵ ਹੈ।

ਕੁਝ ਲੋਕਾਂ ਦਾ ਭਾਸ਼ਾ ਦੇ ਲਿਖਿਤ ਅਤੇ ਮੌਖਿਕ ਦੋਹਾਂ ਪੱਖਾਂ ਉੱਤੇ ਆਧਿਪਤ ਹੈ, ਜਦੋਂ ਕਿ ਸਾਧਾਰਣ ਜਨ ਸਮਾਜ ਦੀ ਕੇਵਲ ਮੌਖਿਕ ਪਹਿਲੂ ਤੱਕ ਹੀ ਪਹੁੰਚ ਰਹਿੰਦੀ ਹੈ। ਸੰਸਕ੍ਰਿਤਿਕ ਭਾਸ਼ਾ ਜਾਂ ਹੋਰ ਕੋਈ ਭਾਸ਼ਾ ਕੁਝ ਵਿਅਕਤੀਆਂ ਲਈ ਇੱਕ ਸਾਧਨ ਬਣ ਸਕਦੀ ਹੈ ਜਦੋਂ ਕਿ ਹੋਰ ਲੋਕਾਂ ਲਈ ਭਾਸ਼ਾ ਦੇ ਗਿਆਨ ਦੀ ਕਮੀ ਸਮਾਜਿਕ ਅਤੇ ਸੰਸਕ੍ਰਿਤਿਕ ਗਤੀਸ਼ੀਲਤਾ ਵਿੱਚ ਇੱਕ ਬਾਧਾ ਪ੍ਰਮਾਣਿਤ ਹੋ ਸਕਦੀ ਹੈ। ਕਦੇ ਕਦੇ ਭਾਸ਼ਾਈ ਸਮੂਹ ਜਾਂ ਸੰਗਠਨ ਦ੍ਰਿੜ੍ਹ ਆਦਿ ਸ਼ਕਤੀ ਬਣ ਕੇ ਇੱਕ ਸੰਜਾਤੀ ਜਾਂ ਸੰਪਰਦਾਇਕ ਸਮੂਹ ਵਿੱਚ ਪਰਿਵਰਤਿਤ ਹੋ ਕੇ ਹੋਰ ਅਜਿਹੇ ਹੀ ਸਮੂਹ ਦਾ ਵਿਰੋਧ ਕਰ ਸਕਦੇ ਹਨ।

ਭਾਸ਼ਾ ਇੱਕ ਜੀਵਨ-ਸ਼ਕਤੀ ਹੈ। ਇਹ ਇੱਕ ਸਥਿਰ ਪ੍ਰਘਟਨਾ ਨਹੀਂ ਹੈ। ਸਮਾਜਿਕ ਸੰਰਚਨਾਂਵਾਂ, ਸ਼ਾਸਕ ਵਰਗਾਂ ਅਤੇ ਵਿਸ਼ਿਸ਼ਟ ਇਤਿਹਾਸਿਕ ਪਰਿਸਥਿਤੀਆਂ ਵਿੱਚ ਪਰਿਵਰਤਨਾਂ ਦੇ ਅਨੁਰੂਪ ਭਾਸ਼ਾ ਵਿੱਚ ਵੀ ਪਰਿਵਰਤਨ ਹੋਇਆ ਹੈ। ਪ੍ਰਾਚੀਨ ਕਾਲ ਵਿੱਚ ਪਾਲੀ ਅਤੇ ਪ੍ਰਾਕ੍ਰਿਤ ਭਾਸ਼ਾਵਾਂ ਦਾ ਮਹੱਤਵ ਸੀ। ਸੰਸਕ੍ਰਿਤ ਭਾਸ਼ਾ ਨੇ ਪੂਰੇ ਦੇਸ਼ ਵਿੱਚ ਹਿੰਦੂ ਸ਼ਾਸਤਰੀ ਸੰਸਕ੍ਰਿਤੀ ਦੇ ਵਾਹਕ ਦਾ ਕੰਮ ਕੀਤਾ। ਸੰਸਕ੍ਰਿਤ ਤੋਂ ਬਾਅਦ ਅਸਮੀ, ਬੰਗਾਲੀ, ਗੁਜਰਾਤੀ, ਹਿੰਦੀ, ਕਸ਼ਮੀਰੀ, ਮਰਾਠੀ, ਉੜੀਆ, ਪੰਜਾਬੀ, ਸਿੰਧੀ ਅਤੇ ਉਰਦੂ ਆਦਿ ਆਧੁਨਿਕ ਭਾਰਤੀ ਆਰਿਆ ਭਾਸ਼ਾਵਾਂ ਦਾ ਸਥਾਨ ਸੀ। ਮਰਾਠੀ ਤੋਂ ਇਲਾਵਾ ਭਾਰਤੀ ਉਪ-ਮਹਾਂਦੀਪ ਵਿੱਚ ਸਭ ਭਾਸ਼ਾਵਾਂ ਦ੍ਰਾਵਿੜ ਵੰਸ਼ ਦੀਆਂ ਹਨ, ਇਨ੍ਹਾਂ ਵਿੱਚ ਮੁੱਖ ਤਮਿਲ, ਤੇਲਗੂ, ਮਲਿਆਲਮ ਅਤੇ ਕੰਨੜ ਹਨ। ਇਨ੍ਹਾਂ ਦੋਹਾਂ ਤਰਾਂ ਦੀਆਂ ਭਾਸ਼ਾਵਾਂ ਵਿੱਚ ਕਈ ਲੋਕ-ਬੋਲੀਆਂ ਹਨ ਜਿਨ੍ਹਾਂ ਨੂੰ ਵਿਭਿੰਨ ਭਾਸ਼ਾਈ ਖੇਤਰਾਂ ਦੇ ਲੋਕ ਬੋਲਦੇ ਹਨ।

ਪ੍ਰਾਚੀਨ ਸੰਸਕ੍ਰਿਤੀ ਅਤੇ ਸੱਭਿਅਤਾ ਦੀ ਤੁਲਨਾ ਵਿੱਚ ਮੱਧਕਾਲੀਨ ਸ਼ਾਸਕਾਂ ਨੇ ਨਵੇਂ ਪ੍ਰਕਾਰ ਦੇ ਧਰਮ, ਭਾਸ਼ਾ, ਵਿਵਹਾਰ ਦੇ ਢੰਗ ਅਤੇ ਪ੍ਰਥਾਵਾਂ ਆਰੰਭ ਕੀਤੀਆਂ। ਸਮਾਜਿਕ ਵਿਵਸਥਾ ਅਤੇ ਆਰਥਿਕ ਸੰਰਚਨਾਂ ਦਾ ਸੰਸਥਾਨਿਕ ਆਧਾਰ ਬਹੁਤ ਹੱਦ ਤੱਕ ਅਪਰਿਵਰਤਿਤ ਰਿਹਾ। ਜਾਤੀ ਵਿਵਸਥਾ ਅਤੇ ਪੇਂਡੂ ਅਰਥਵਿਵਸਥਾ ਮੱਧਕਾਲੀਨ ਭਾਰਤ ਵਿੱਚ ਬਿਨਾਂ ਕਿਸੇ ਹਸਤਖੇਪ ਦੇ ਕੰਮ ਕਰਨੀਆਂ ਰਹੀਆਂ। ਪ੍ਰੰਤੂ ਭਾਰਤੀ ਸੰਸਕ੍ਰਿਤੀ ਅਤੇ ਰਾਜਨੀਤਿਕ ਸੱਤਾ ਦਾ ਰੂਪਾਂਤਰਣ ਹੋਇਆ ਜਿਸ ਦਾ ਪ੍ਰਭਾਵ ਭਾਸ਼ਾ, ਸੰਸਕ੍ਰਿਤੀ ਅਤੇ ਧਰਮ ਤੇ ਵੀ ਪਿਆ। ਉੱਤਰ ਭਾਰਤ ਵਿੱਚ "ਹਿੰਦੁਸਤਾਨੀ" ਜੀਵਨ-ਪੱਧਤੀ ਦਾ ਉਦੇ ਹੋਇਆ। ਇਸਲਾਮੀ ਦੇਸ਼ਾਂ ਤੋਂ ਆਏ ਵਿਦੇਸ਼ੀ ਯਾਤਰੀਆਂ ਦੁਆਰਾ ਲਿਖਿਤ ਵਰਣਨਾਂ ਤੋਂ ਅਰਬੀ ਅਤੇ ਪਰਸ਼ਿਅਨ ਭਾਸ਼ਾਵਾਂ ਦਾ ਵਿਕਾਸ ਹੋਇਆ। ਵਿਦੇਸ਼ੀ ਸ਼ਾਸਨ ਦੇ ਬਾਵਜੂਦ ਹਿੰਦੂ ਸੰਸਕ੍ਰਿਤੀ, ਜਾਤੀ-ਪ੍ਰਥਾ ਅਤੇ ਪੇਂਡੂ ਅਰਥਵਿਵਸਥਾ ਨਿਰੰਤਰ ਬਣੀ ਰਹੀ। ਭਾਰਤੀ ਆਰਿਆ ਭਾਸ਼ਾਵਾਂ ਜਲਦ ਹੀ ਸਾਹਿਤਿਕ ਭਾਸ਼ਾਵਾਂ ਬਣ ਗਈਆਂ। ਇਨ੍ਹਾਂ ਭਾਸ਼ਾਵਾਂ ਦੇ ਵਿਕਾਸ ਦੇ ਫਲਸਰੂਪ ਉੱਚ ਜਾਤੀ ਆਧਿਪਤ ਵਿੱਚ ਗਿਰਾਵਟ, ਸੰਸਕ੍ਰਿਤ ਭਾਸ਼ਾ ਦੀ ਅਵਨਤੀ, ਜਨਸਾਧਾਰਣ ਦੀ ਭਾਸ਼ਾ ਅਤੇ ਲੋਕ-ਪ੍ਰਿਆ ਮੁਹਾਵਰਿਆਂ ਦੇ ਪ੍ਰਯੋਗ ਦੇ ਨਾਲ ਧਾਰਮਿਕ ਅਤੇ ਸਮਾਜਿਕ ਸੁਧਾਰ ਦੀਆਂ ਲਹਿਰਾਂ ਆਦਿ ਸੰਸਕ੍ਰਿਤਿਕ ਪਰਿਵਰਤਨ ਹੋਏ। ਹਿੰਦੂ ਅਤੇ ਮੁਸਲਿਮ ਸੰਸਕ੍ਰਿਤੀਆਂ ਦੇ ਟਕਰਾਓ ਦੇ ਕਾਰਣ ਕਈ ਰੁਚੀਪੂਰਨ ਨਤੀਜੇ ਨਿਕਲੇ, ਜਿਨ੍ਹਾਂ ਵਿੱਚੋਂ ਉੱਤਰ ਭਾਰਤ ਵਿੱਚ ਇੱਕ ਮਿਲੀ ਜੁਲੀ ਸੰਸਕ੍ਰਿਤੀ ਦਾ ਜਨਮ ਮੁੱਖ ਨਤੀਜਾ ਸੀ।

ਗ੍ਰਿਅਰਸਨ ਦੇ ਅਨੁਸਾਰ ਭਾਰਤ ਵਿੱਚ 179 ਭਾਸ਼ਾਵਾਂ ਅਤੇ 544 ਲੋਕ ਭਾਸ਼ਾਵਾਂ ਹਨ। ਪ੍ਰੰਤੂ ਇਸ ਅਨੁਮਾਨ ਨੂੰ ਅਧਿਕ੍ਰਿਤ ਨਹੀਂ ਮੰਨ ਸਕਦੇ ਕਿਓਂਕਿ "ਭਾਸ਼ਾਵਾਂ" ਦੇ ਅੰਤਰਗਤ ਲੋਕ ਬੋਲੀਆਂ ਦੀ ਗਿਣਤੀ ਵੀ ਕੀਤੀ ਜਾਂਦੀ ਹੈ। ਭਾਰਤੀ ਸੰਵਿਧਾਨ ਦੇ 8ਵੇਂ ਅਨੁਛੇਦ ਦੇ ਅਨੁਸਾਰ 15 ਮਾਣਿਤ ਭਾਸ਼ਾਵਾਂ ਹਨ। ਇਹ ਹਨ: ਅਸਮੀ, ਬੰਗਾਲੀ, ਗੁਜਰਾਤੀ, ਹਿੰਦੀ, ਕੰਨੜ, ਕਸ਼ਮੀਰੀ, ਮਲਿਆਲਮ, ਮਰਾਠੀ, ਉੜੀਆ, ਪੰਜਾਬੀ, ਸੰਸਕ੍ਰਿਤ, ਸਿੰਧੀ, ਤਮਿਲ, ਤੇਲਗੂ ਅਤੇ ਉਰਦੂ। ਅੰਗ੍ਰੇਜ਼ੀ ਦੇ ਨਾਲ ਹਿੰਦੀ ਨੂੰ ਰਾਜ ਭਾਸ਼ਾ ਦਾ ਦਰਜ਼ਾ ਦਿੱਤਾ ਗਿਆ ਹੈ। ਰਾਜਸਥਾਨੀ, ਮੈਥਿਲੀ, ਮਣੀਪੁਰੀ ਅਤੇ ਨੇਪਾਲੀ ਭਾਸ਼ਾਵਾਂ ਬੋਲਣ ਵਾਲੇ ਲੋਕਾਂ ਨੇ ਮੰਗ ਕੀਤੀ ਹੈ ਕਿ ਓਹਨਾਂ ਦੀਆਂ ਭਾਸ਼ਾਵਾਂ ਨੂੰ ਵੀ 8ਵੇਂ ਅਨੁਛੇਦ ਵਿੱਚ ਸ਼ਾਮਿਲ ਕੀਤਾ ਜਾਵੇ। ਬਹੁਤ ਸਾਰੇ ਲੋਕਾਂ ਦੀ ਭਾਸ਼ਾ ਸੰਥਾਲੀ, ਮੁੰਡਾਰੀ ਅਤੇ ਹੋ ਹੈ। ਅਵਿਭਾਜਿਤ ਭਾਰਤ ਵਿੱਚ 73% ਭਾਰਤੀ ਆਰਿਆ ਭਾਸ਼ਾਵਾਂ, 20% ਦ੍ਰਾਵਿੜ ਭਾਸ਼ਾਵਾਂ, ਇਨ੍ਹਾਂ ਤਿੰਨ ਭਾਸ਼ਾ-ਸਮੂਹਾਂ ਦੇ ਵਿੱਚ ਅੰਤਰ-ਕ੍ਰਿਆ ਹੁੰਦੀ ਰਹੀ ਹੈ।

ਭਾਰਤ ਦੇ ਰਾਜਾਂ ਦੀ ਵਰਤਮਾਨ ਸੰਰਚਨਾਂ ਭਾਰਤ ਦੇ ਭਾਸ਼ਾਈ ਨਕਸ਼ਿਆਂ ਦੇ ਸਮਾਨ ਹੈ। ਰਾਜ ਪੁਨਰਗਠਨ ਆਯੋਗ ਨੇ ਭਾਸ਼ਾਈ ਇਕਰੂਪਤਾ ਅਤੇ ਨੇੜਤਾ ਦੇ ਆਧਾਰ ਤੇ ਰਾਜਾਂ ਦੇ ਨਿਰਮਾਣ ਦੀ ਸਿਫਾਰਿਸ਼ ਕੀਤੀ ਸੀ। ਪ੍ਰੰਤੂ ਹਿੰਦੀ ਭਾਸ਼ੀ ਰਾਜਾਂ ਅਰਥਾਤ ਬਿਹਾਰ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਰਾਜਸਥਾਨ, ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੇ ਬਾਰੇ ਵਿੱਚ ਇੱਕ ਵਿਡੰਬਣਾ ਹੈ। ਇਨ੍ਹਾਂ ਰਾਜਾਂ ਵਿੱਚ ਲੋਕਾਂ ਦੀਆਂ ਬੋਲੀਆਂ ਨੂੰ ਹਿੰਦੀ ਨਾਲ ਮਿਲਾ ਦਿੱਤਾ ਗਿਆ ਹੈ। ਇਸ ਤਰਾਂ ਪੂਰਾ ਖੇਤਰ ਹਿੰਦੀ ਖੇਤਰ ਹੈ ਜਿਸ ਵਿੱਚ 6 ਰਾਜ ਹਨ। ਹੋਰ ਰਾਜਾਂ ਅਰਥਾਤ ਅਸਮ, ਬੰਗਾਲ, ਉੜੀਸਾ, ਆਂਧਰਾ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ, ਕਰਨਾਟਕ, ਤਮਿਲਨਾਡੂ ਅਤੇ ਕੇਰਲ ਵਿੱਚ ਓਹਨਾਂ ਲੋਕਾਂ ਦੀ ਸੰਖਿਆਤਮਕ ਬਹੁਲਤਾ ਹੈ ਜੋ ਆਮ ਤੌਰ ਤੇ ਆਪਣੇ ਪ੍ਰਦੇਸ਼ ਦੀ ਭਾਸ਼ਾ ਬੋਲਦੇ ਹਨ।

ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਆਕਾਰ ਵਿੱਚ ਵੱਡੇ ਰਾਜ ਹਨ। ਇਨ੍ਹਾਂ ਰਾਜਾਂ ਦੇ ਲੋਕਾਂ ਨੇ ਸਮੇਂ ਸਮੇਂ ਤੇ ਛੋਟੇ ਰਾਜ ਬਣਾਓਣ ਦੀ ਮੰਗ ਕੀਤੀ ਹੈ। ਬਿਹਾਰ ਵਿੱਚ ਛੋਟਾ ਨਾਗਪੁਰ ਅਤੇ ਸੰਥਾਲ ਪਰਗਨਾ ਅਤੇ ਬੰਗਾਲ, ਉੜੀਸਾ ਅਤੇ

ਨੋਟ

ਮੱਧ ਪ੍ਰਦੇਸ਼ ਦੇ ਸਟੇ ਹੋਏ ਖੇਤਰਾਂ ਦੇ ਆਦਿਵਾਸੀ ਆਪਣੀ ਵਿਸ਼ਿਸ਼ਟ ਭਾਸ਼ਾ, ਸੰਸਕ੍ਰਿਤੀ, ਪ੍ਰਸ਼ਾਸਨਿਕ ਖਮਤਾ ਅਤੇ ਭੂਗੋਲਿਕ ਨੇੜਤਾ ਦੇ ਆਧਾਰ ਤੇ ਇੱਕ ਅਲੱਗ ਝਾਰਖੰਡ ਰਾਜ ਦੀ ਸਥਾਪਨਾ ਦੀ ਮੰਗ ਕਰਨੇ ਰਹੇ ਹਨ। ਡਿਕੂਆਂ (ਸ਼ੋਸ਼ਕਾਂ) ਦੁਆਰਾ ਸ਼ੋਸ਼ਣ ਕਰਨ ਦੇ ਆਧਾਰ ਤੇ ਇਨ੍ਹਾਂ ਆਦਿ-ਵਾਸੀਆਂ ਨੇ ਝਾਰਖੰਡ ਰਾਜ ਦੀ ਸਥਾਪਨਾ ਦੀ ਮੰਗ ਕੀਤੀ ਹੈ। ਇਨ੍ਹਾਂ ਸ਼ੋਸ਼ਕਾਂ ਵਿੱਚ ਓਹ ਗੈਰ-ਆਦਿਵਾਸੀ ਜ਼ਿਮੀਂਦਾਰੀ, ਸ਼ਾਹੂਕਾਰਾਂ ਅਤੇ ਹੋਰ ਬਾਹਰੀ ਸ਼ੋਸ਼ਕਾਂ ਨੂੰ ਸ਼ਾਮਿਲ ਕਰਨੇ ਹਨ।

ਨੋਟਸ ਭਾਸ਼ਾ ਇੱਕ ਸਮਾਜਿਕ ਪ੍ਰਘਟਨਾ ਵੀ ਹੈ ਕਿਉਂਕਿ ਵਿਭਿੰਨ ਸਮਾਜਿਕ ਸਤਰਾਂ ਦੇ ਨਾਲ ਉਸ ਦਾ ਵਿਭੇਦਕਾਰੀ ਸੰਬੰਧ ਹੁੰਦਾ ਹੈ।

ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦੁਆਰਾ ਅੰਗ੍ਰੇਜ਼ੀ ਦਾ ਆਰੋਪਣ ਭਾਸ਼ਾ ਦੀ ਸਮੱਸਿਆ ਦਾ ਮੁੱਖ ਕਾਰਣ ਹੈ। ਲਾਰਡ ਮੈਕਾਲੇ ਨੇ ਕਿਹਾ: "ਸਾਨੂੰ ਇੱਕ ਅਜਿਹੇ ਵਰਗ ਨੂੰ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਸਾਡੇ ਅਤੇ ਸਾਡੇ ਦੁਆਰਾ ਸ਼ਾਸਿਤ ਲੱਖਾਂ ਲੋਕਾਂ ਦੇ ਵਿਚ ਦੁਭਾਸ਼ਿਤ ਦਾ ਕੰਮ ਕਰ ਸਕੇ। ਇਹ ਇੱਕ ਅਜਿਹਾ ਵਰਗ ਹੋਵੇ ਜੋ ਖੂਨ ਅਤੇ ਰੰਗ ਤੋਂ ਭਾਰਤੀ ਹੋਵੇ, ਪ੍ਰੰਤੂ ਸੁਭਾਅ, ਵਿਚਾਰ, ਨੈਤਿਕਤਾ ਅਤੇ ਬੁੱਧੀ ਵਿੱਚ ਅੰਗ੍ਰੇਜ਼ ਜਿਹਾ ਹੋਵੇ।" ਮੈਕਾਲੇ ਨੇ ਅੱਗੇ ਕਿਹਾ, "ਦੇਸ਼ ਦੀਆਂ ਦੇਸੀ ਭਾਸ਼ਾਵਾਂ ਨੂੰ ਸੁਧਾਰਣ ਲਈ ਓਹਨਾਂ ਭਾਸ਼ਾਵਾਂ ਵਿੱਚ ਪੱਛਮੀ ਨਾਮਾਵਤੀ ਤੋਂ ਵਿਗਿਆਨਿਕ ਸ਼ਬਦ ਲੈ ਕੇ ਪ੍ਰਵਿਸ਼ਟ ਕਰਨਾ ਉਸ ਵਰਗ ਦੀ ਜ਼ਿੰਮੇਵਾਰੀ ਸੀ। ਇਸ ਵਰਗ ਦੇ ਲੋਕਾਂ ਨੂੰ ਉਪਾਧੀਆਂ ਦੇ ਕੇ ਜਨ-ਸਮੁਦਾਏ ਨੂੰ ਗਿਆਨ ਦੇਣ ਦਾ ਕੰਮ ਵੀ ਕੀਤਾ ਗਿਆ ਸੀ।" ਇਸ ਤਰਾਂ ਅੰਗ੍ਰੇਜ਼ੀ ਭਾਸ਼ਾ ਦੇ ਮਾਧਿਅਮ ਨਾਲ ਸਿੱਖਿਆ ਦੇਣ ਦੀ ਨੀਤੀ ਨਾਲ ਬ੍ਰਿਟਿਸ਼ ਰਾਜ ਨੂੰ ਲਾਭ ਹੋਇਆ ਨਾ ਕਿ ਭਾਰਤ ਦੀ ਜਨਤਾ ਨੂੰ। ਵਿਸ਼ਵ ਵਿਦਿਆਲੇ ਅਤੇ ਮਹਾਂਵਿਦਿਆਲੇ, ਅਧੀਨਸਥ ਪਦਾਂ ਉੱਤੇ ਕੰਮ ਕਰਨ ਲਈ ਲੋਕਾਂ ਨੂੰ ਸਿੱਖਿਆ ਦੇਣ ਦੇ ਉਦੇਸ਼ ਨਾਲ ਸਥਾਪਿਤ ਕੀਤੇ ਗਏ ਸਨ। ਰਾਸ਼ਟਰੀ ਨੇਤਾਵਾਂ ਨੇ ਇਸ ਨੀਤੀ ਨੂੰ ਅੰਗ੍ਰੇਜ਼ਾਂ ਦੀ "ਬਾਬੂ ਵਰਗ" ਬਣਾਉਣ ਦੀ ਇੱਕ ਤਰਕੀਬ ਸਮਝੀ ਸੀ। ਨਹਿਰੂ ਨੇ ਲਿਖਿਆ ਹੈ: "ਅੰਗ੍ਰੇਜ਼ੀ ਸਿਖਿਅਤ ਵਰਗ ਇੱਕ ਨਵ ਜਾਤੀ ਜਾਂ ਵਰਗ ਦੇ ਰੂਪ ਵਿੱਚ ਬ੍ਰਿਟਿਸ਼ ਰਾਜ ਨੇ ਪੈਦਾ ਕੀਤਾ ਸੀ। ਇਹ ਵਰਗ ਆਪਣੀ ਹੀ ਦੁਨੀਆਂ ਵਿੱਚ ਰਹਿੰਦਾ ਸੀ। ਜਨਤਾ ਨਾਲ ਇਸ ਦਾ ਕੋਈ ਸੰਬੰਧ ਨਹੀਂ ਸੀ ਅਤੇ ਹਮੇਸ਼ਾ ਇੱਥੋਂ ਤੱਕ ਕਿ ਵਿਰੋਧ ਕਰਨ ਲਈ ਵੀ ਆਪਣੇ ਸ਼ਾਸਕਾਂ ਤੇ ਨਿਰਭਰ ਰਹਿੰਦਾ ਸੀ। ਇਸ ਤਰਾਂ ਦੇਸੀ ਅਭਿਜਾਤ ਨੂੰ 19ਵੀਂ ਸ਼ਤਾਬਦੀ ਦੇ ਪਹਿਲੇ ਪੰਜਾਹ ਸਾਲਾਂ ਵਿੱਚ ਭਾਰਤ ਵਿੱਚ ਮੈਕਾਲੇ ਦੀ ਅੰਗ੍ਰੇਜ਼ੀ ਭਾਸ਼ਾ ਦੀ ਸਿੱਖਿਆ ਨੀਤੀ ਦੁਆਰਾ ਲਿਪਿਕਾਂ ਦੇ ਇੱਕ ਵਰਗ ਵਿੱਚ ਰੂਪਾਂਤਰਿਤ ਕਰ ਦਿੱਤਾ ਗਿਆ ਸੀ।"

ਪ੍ਰਤੀਮਤ ਇਹ ਵੀ ਹੈ ਕਿ ਅੰਗ੍ਰੇਜ਼ੀ ਸਿੱਖਿਆ ਦੁਆਰਾ ਭਾਰਤ ਦਾ ਸੰਬੰਧ ਵਿਸ਼ਵ ਸਮੁਦਾਏ ਨਾਲ ਜੁੜਿਆ। ਦੇਸੀ ਭਾਸ਼ਾਵਾਂ ਦਾ ਵਧਾਵਾ ਭਾਰਤ ਦੀ ਏਕਤਾ ਦੇ ਲਈ ਖਤਰਾ ਹੋ ਜਾਂਦਾ ਹੈ। ਅੰਗ੍ਰੇਜ਼ੀ ਭਾਸ਼ਾ ਜਾਣਨ ਦੇ ਲਾਭ ਦੇ ਕਾਰਣ ਭਾਰਤ ਨੇ ਵਿਗਿਆਨ ਅਤੇ ਪ੍ਰੋਦਯੋਗਿਕੀ ਦਾ ਅਧਿਐਨ ਪ੍ਰਭਾਵਕਾਰੀ ਢੰਗ ਨਾਲ ਕੀਤਾ। "ਭਾਵਨਾਤਮਕ ਏਕੀਕਰਨ" ਅਤੇ "ਰਾਸ਼ਟਰੀ ਸਮੇਕਰ" ਵਿੱਚ ਦੇਸੀ ਭਾਸ਼ਾਵਾਂ ਦੀ ਭੂਮਿਕਾ ਨਿਸ਼ਚਿਆਤਮਕ ਨਹੀਂ ਹੈ-ਇਸ ਮਤ ਦੀਆਂ ਸੀਮਾਵਾਂ ਦੇ ਬਾਰੇ ਵਿੱਚ ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਇਹ ਮਤ ਸਹੀ ਨਹੀਂ ਹੈ। ਰਵੀਂਦਰ ਨਾਥ ਟੈਗੋਰ ਦੇ ਅਨੁਸਾਰ: "ਭਾਸ਼ਾ ਇੱਕ ਛਤਰੀ ਜਾਂ ਓਵਰਕੋਟ ਦੀ ਤਰਾਂ ਨਹੀਂ ਹੈ ਜਿਸ ਨੂੰ ਅਣਜਾਂਣੇ ਜਾਂ ਜਾਣ-ਬੁੱਝ ਕੇ ਗਲਤੀ ਨਾਲ ਉਧਾਰ ਲੈ ਸਕਦੇ ਹਾਂ, ਇਹ ਤਾਂ ਜੀਵਿਤ ਚਮੜੀ ਦੇ ਸਮਾਨ ਹੈ।"

ਭਾਸ਼ਾ ਵਿੱਚ ਸਦਾ ਬਹੁਭਾਸ਼ਾਈ ਸੱਭਿਅਤਾ ਰਹੀ ਹੈ। ਜਿਸ ਵਿੱਚ ਅਭਿਜਾਤ ਲੋਕਾਂ ਦੀ ਆਪਣੀ ਵਿਸ਼ਿਸ਼ਟ ਭਾਸ਼ਾ ਸੀ ਅਤੇ ਇਸ ਵਿੱਚ ਸਥਾਨਿਕ, ਖੇਤਰੀ ਅਤੇ ਅਖਿਲ ਭਾਰਤੀ ਭਾਸ਼ਾਵਾਂ ਵਿੱਚ ਨਿਰੰਤਰ ਅੰਤਰ-ਕ੍ਰਿਆ ਰਹੀ ਹੈ। ਭਾਰਤੀ ਉਪ-ਮਹਾਂਦੀਪ ਦੀ ਵਿਸ਼ਿਸ਼ਟ ਵਿਸ਼ੇਸ਼ਤਾ ਅੰਤਰ-ਕ੍ਰਿਆਈ ਸਤਰਾਂ ਉੱਤੇ ਏਕਤਾ ਅਤੇ ਸਾਤਮੀਕਰਨ ਦਾ ਪਾਇਆ ਜਾਣਾ ਹੈ। ਵਿਭਿੰਨਤਾਵਾਂ ਦੇ ਕਾਰਣ ਰਾਸ਼ਟਰੀ ਪਹਿਚਾਣ ਸੰਬੰਧਾਂ ਅਤੇ ਏਕਤਾ ਦੇ ਲਈ ਇੱਕ ਭਾਸ਼ਾ ਦੇ ਸਿਧਾਂਤ ਨੂੰ ਸਮੇਂ ਸਮੇਂ ਤੇ ਚੁਨੌਤੀ ਦਿੱਤੀ ਗਈ ਹੈ। ਰਜਨੀ ਕੋਠਾਰੀ ਦਾ ਸੁਝਾਅ ਹੈ ਕਿ ਭਾਸ਼ਾ ਦੀ ਉਲਝਣ ਦਾ ਉਪਾਅ "ਬਹੁਲਵਾਦੀ ਹਲ" ਹੀ ਹੈ।

ਲਗਭਗ 90% ਲੋਕ 15 "ਰਾਸ਼ਟਰੀ ਭਾਸ਼ਾਵਾਂ" ਨੂੰ ਆਪਣੀ ਮਾਤ ਭਾਸ਼ਾਵਾਂ ਦੱਸਦੇ ਹਨ। ਭਾਰਤ ਦੇ ਸੰਵਿਧਾਨ ਦੇ 8ਵੇਂ ਅਨੁਛੇਦ ਹਿੰਦੀ ਅਤੇ ਅੰਗ੍ਰੇਜ਼ੀ ਭਾਸ਼ਾ ਅੱਜ ਵੀ ਲਾਭਕਾਰੀ ਅਤੇ ਪ੍ਰਤਿਸ਼ਠਾਵਾਨ ਨੌਕਰੀਆਂ ਪਾਉਣ ਲਈ ਇੱਕ ਆਗਿਆ-ਪੱਤਰ ਮੰਨਿਆ ਜਾਂਦਾ ਹੈ। ਅੰਗ੍ਰੇਜ਼ੀ ਦੇ ਕਾਰਣ ਅਭਿਜਾਤ ਅਤੇ ਜਨ-ਸਾਧਾਰਣ ਦੇ ਵਿੱਚ ਇੱਕ ਖਾਈ ਪੈ ਗਈ ਹੈ। ਕਈ ਵਾਰ ਖੇਤਰੀ ਅਤੇ ਸਥਾਨਿਕ ਨੇਤਾਵਾਂ ਨੇ "ਭਾਸ਼ਾਈ ਸਵੈਤਤਾ" ਦੀ ਮੰਗ ਕੀਤੀ ਹੈ ਤਾਂ ਕਿ ਓਹ ਅੰਗ੍ਰੇਜ਼ੀ ਨੂੰ ਹਟਾ ਕੇ ਉਸ ਦੇ ਸਥਾਨ ਤੇ ਹਿੰਦੀ ਜਾਂ ਕੋਈ ਹੋਰ ਰਾਸ਼ਟਰੀ (ਖੇਤਰੀ) ਭਾਸ਼ਾ ਪ੍ਰਤੀ ਸਥਾਪਿਤ ਕਰ ਸਕਣ। ਭਾਸ਼ਾ ਦੇ ਆਧਾਰ ਤੇ ਰਾਜਾਂ ਦੇ ਨਿਰਧਾਰਣ ਨਾਲ ਖੇਤਰੀ ਭਾਸ਼ਾਈ ਸਵੈਤਤਾ ਨੂੰ ਵਧਾਵਾ ਮਿਲਿਆ ਹੈ। "ਸਿਰਫ਼ ਹਿੰਦੀ" ਭਾਸ਼ਾ ਦੀ ਮੰਗ ਦਾ ਪ੍ਰਤੀਕਾਰ ਕਰਨ ਲਈ "ਤ੍ਰਿ-ਭਾਸ਼ਾਈ ਸੂਤਰ" ਸੋਚਿਆ ਗਿਆ ਸੀ, ਹਿੰਦੀ ਅਤੇ ਅੰਗ੍ਰੇਜ਼ੀ ਦੀ ਥਾਂ ਤੇ ਇੱਕ ਰਾਜ ਵਿੱਚ ਇੱਕ "ਰਾਸ਼ਟਰੀ" (ਖੇਤਰੀ) ਭਾਸ਼ਾ ਦੇ ਉਪਯੋਗ ਦੀ ਗੱਲ ਵੀ ਕਹੀ ਗਈ ਸੀ। ਉਦਾਹਰਣ ਲਈ ਇਨ੍ਹਾਂ ਤਿੰਨ ਭਾਸ਼ਾਵਾਂ ਵਿੱਚ ਹਿੰਦੀ, ਅੰਗ੍ਰੇਜ਼ੀ ਅਤੇ ਤੇਲਗੂ ਜਾਂ ਤਮਿਲ ਸ਼ਾਮਿਲ ਕੀਤੀ ਗਈ ਸੀ।

ਨੋਟ

ਆਂਧਰਾ ਪ੍ਰਦੇਸ਼, ਤਮਿਲਨਾਡੂ, ਕੇਰਲ, ਕਰਨਾਟਕ, ਬੰਗਾਲ ਅਸਮ ਦੇ ਗੈਰ-ਹਿੰਦੀ ਰਾਜਾਂ ਵਿੱਚ ਹਿੰਦੀ ਨੂੰ ਰਾਜ ਭਾਸ਼ਾ ਬਣਾਓਣ ਦੀ ਦਲੀਲ ਉੱਤੇ ਤਿੱਖੇ ਵਿਰੋਧ ਪ੍ਰਗਟ ਕੀਤੇ ਗਏ ਹਨ। ਬਲਕਿ ਦੇਸੀ ਭਾਸ਼ਾਵਾਂ ਦਾ ਪਰਿਰੱਖਣ ਅਤੇ ਸੰਵਰਧਨ ਕਰਨ ਲਈ ਬਹੁਤ ਉਤਸ਼ਾਹ ਪ੍ਰਦਰਸ਼ਿਤ ਕੀਤਾ ਗਿਆ ਹੈ। ਇੱਕ ਮਤ ਤਾਂ ਇਹ ਹੈ ਕਿ ਦੇਸੀ ਭਾਸ਼ਾਵਾਂ ਦੇ ਉਪਯੋਗ ਨੂੰ ਵਧਾਓਣ ਨਾਲ "ਭਾਵਨਾਤਮਕ ਏਕੀਕਰਨ" ਅਤੇ "ਰਾਸ਼ਟਰੀ ਸਮਏਕਣ" ਲਿਆਂਦਾ ਜਾ ਸਕਦਾ ਹੈ ਕਿਓਂਕਿ ਇਸ ਪਰਿਵਰਤਨ ਨਾਲ ਉਸ ਅਲਪ-ਸੰਖਿਅਕ ਉੱਚ ਵਰਗ ਉੱਤੇ ਪ੍ਰਤੱਖ ਅਘਾਤ ਹੋਵੇਗਾ ਜੋ ਅੰਗ੍ਰੇਜ਼ੀ ਭਾਸ਼ਾ ਨੂੰ ਸੰਚਾਰ ਦਾ ਸਾਧਨ ਬਣਾ ਕੇ ਪ੍ਰਸ਼ਾਸਨ, ਵਿਧੀ, ਵਪਾਰ, ਉਦਯੋਗ ਅਤੇ ਕਾਨੂੰਨ-ਪ੍ਰਭਾਵੀ ਕਾਰੋਬਾਰਾਂ ਵਿੱਚ ਸੰਸਥਾਪਿਤ ਹੈ। ਚਾਹੇ ਪ੍ਰਤੀਨਿਧੀ ਨਹੀਂ ਮੰਨੇ ਜਾ ਸਕਦੇ। ਇਸ ਲਈ ਦੇਸੀ ਭਾਸ਼ਾਵਾਂ ਦਾ ਉਪਯੋਗ ਪ੍ਰਸ਼ਾਸਨ ਅਤੇ ਆਯੋਜਨ ਵਿੱਚ ਅਧਿਕ ਹੋਣਾ ਚਾਹੀਦਾ ਹੈ। ਉੱਪਰੀ ਤੌਰ ਤੇ ਇਹ ਮਤ ਅਵਿਸ਼ਵਾਸਯੋਗ ਪ੍ਰਤੀਤ ਹੁੰਦਾ ਹੈ, ਪ੍ਰੰਤੂ ਇਸ ਦੀ ਕ੍ਰਿਆਵੰਤਿਤਾ ਨਾਲ ਵਿਭਿੰਨ "ਰਾਸ਼ਟਰੀ ਭਾਸ਼ਾਵਾਂ" ਦੇ ਸਮਰਥਕਾਂ ਵਿੱਚ ਉਚਿਤ ਸੰਚਾਰ ਹੋਣ ਵਿੱਚ ਅਵਰੋਧ ਪੈਦਾ ਹੋ ਸਕਦਾ ਹੈ। ਇਸ ਤਰਾਂ ਦੀ ਗਲਾਕੱਟ ਪ੍ਰਤੀਯੋਗਿਤਾ ਨਾਲ ਅੰਤਰਭਾਸ਼ਾਈ ਈਰਖਾ ਵੀ ਉੱਭਰ ਸਕਦੀ ਹੈ।

ਇਸ ਤਰਾਂ ਭਾਰਤ ਵਿੱਚ ਭਾਸ਼ਾ ਸੰਬੰਧੀ ਪਰਿਸਥਿਤੀ ਰਾਸ਼ਟਰੀ ਸਮਏਕਣ ਅਤੇ ਵਿਕਾਸ ਦੇ ਲਈ ਬਹੁਤ ਉਲਝੀ ਹੋਈ ਅਤੇ ਸੰਕਟ ਭਰੀ ਹੈ। ਭਾਰਤ ਵਿੱਚ ਭਾਸ਼ਾਈ ਰਾਜਾਂ ਦਾ ਨਿਰਮਾਣ ਬਹੁਤ ਅਧਿਕ ਕਟੁਤਾ ਅਤੇ ਈਰਖਾ ਦੇ ਵਾਤਾਵਰਣ ਵਿੱਚ ਕੀਤਾ ਗਿਆ ਸੀ। ਅਵਿਭਾਜਿਤ ਮਹਾਰਾਸ਼ਟਰ ਵਿੱਚ ਹੋਏ ਭਾਸ਼ਾਈ ਦੰਗੇ ਅਤੇ ਤਮਿਲਨਾਡੂ ਵਿੱਚ ਹਿੰਦੀ ਵਿਰੋਧੀ ਉਪਦ੍ਰਵ ਅੱਜ ਵੀ ਸਾਡੀ ਯਾਦ ਵਿੱਚ ਤਾਜ਼ਾ ਹਨ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਜਵਾਹਰ ਲਾਲ ਨਹਿਰੂ ਨੇ ਇੱਕ ਵਾਰ ਸੁਝਾਅ ਦਿੱਤਾ ਸੀ ਕਿ ਸਵੈ-ਇੱਛਾ ਨਾਲ ਉੱਤਰ ਭਾਰਤ ਦੇ ਲੋਕਾਂ ਨੂੰ ਇੱਕ ਦੱਖਣੀ ਭਾਰਤੀ ਭਾਸ਼ਾ ਅਤੇ ਦੱਖਣੀ ਭਾਰਤੀ ਲੋਕਾਂ ਨੂੰ ਹਿੰਦੀ ਭਾਸ਼ਾ ਸਿੱਖਣੀ ਚਾਹੀਦੀ ਹੈ।

ਉੱਤਰ ਭਾਰਤ ਵਿੱਚ (ਜੋ ਹਿੰਦੀ ਦਾ ਨਾਭਿਕ ਹੈ) ਸੁਤੰਤਰਤਾ ਦੇ 40 ਸਾਲ ਬਾਅਦ ਵੀ ਸਫੇਦਪੋਸ਼ ਨੌਕਰੀਆਂ, ਕਾਰੋਬਾਰਾਂ, ਪ੍ਰਸ਼ਾਸਨ ਅਤੇ ਹੋਰ ਪ੍ਰਭਾਵਕਾਰੀ ਸੇਵਾਵਾਂ ਵਿੱਚ ਅੰਗ੍ਰੇਜ਼ੀ ਭਾਸ਼ਾ ਜਾਣਨ ਵਾਲੇ ਲੋਕਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਅੰਗ੍ਰੇਜ਼ੀ ਦੇ ਪਤਨ ਨਾਲ ਦੇਸੀ ਭਾਸ਼ਾਵਾਂ ਦਾ ਉਥਾਨ ਸੁਨਿਸ਼ਚਿਤ ਹੈ। ਏਕੀਕਰਨ ਦੀ ਸ਼ਕਤੀ ਦੇ ਰੂਪ ਵਿੱਚ ਇੱਕ ਅਖਿਲ ਭਾਰਤੀ ਭਾਸ਼ਾ ਦੇ ਅਭਾਵ ਦੇ ਕਾਰਣ ਭਾਸ਼ਾਈ ਰਾਜਾਂ ਦੀ ਰਚਨਾਂ ਨੇ ਦੇਸ਼ ਨੂੰ ਸੰਕੀਰਣ ਖੇਤਰੀਅਤਾ, ਪ੍ਰਾਂਤਵਾਦ ਅਤੇ ਸੰਕੀਰਣਤਾਵਾਦ ਵੱਲ ਮੋੜ ਕੇ ਰਾਸ਼ਟਰੀ ਏਕੀਕਰਨ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਭਾਰਤ ਵਿੱਚ ਬਹੁਤ ਹੱਦ ਤੱਕ ਜਾਤੀ, ਖੇਤਰ ਅਤੇ ਭਾਸ਼ਾ ਦਾ ਸੰਯੋਗ ਪਾਇਆ ਜਾਂਦਾ ਹੈ। ਆਮ ਤੌਰ ਤੇ ਜਾਤੀ ਸੰਰਚਨਾਂ ਖੇਤਰੀ ਅਤੇ ਭਾਸ਼ਾਈ ਸੀਮਾਵਾਂ ਦੇ ਅਨੁਰੂਪ ਹੈ। ਉਦਾਹਰਣ ਲਈ ਆਂਧਰਾ ਪ੍ਰਦੇਸ਼ ਵਿੱਚ ਬਹੁਤ ਸਾਰੀਆਂ ਉਪ-ਜਾਤੀਆਂ ਹਨ, ਓਹ ਆਂਧਰਾ ਪ੍ਰਦੇਸ਼ ਤੋਂ ਬਾਹਰ ਦੀਆਂ ਬਰਾਬਰ ਦੀਆਂ ਜਾਤੀਆਂ ਵਿੱਚ ਵਿਆਹ ਨਹੀਂ ਕਰਨੀਆਂ ਹਨ। ਓਹ ਭਿੰਨ ਭਿੰਨ ਭਾਸ਼ਾਵਾਂ ਵੀ ਬੋਲਦੇ ਹਨ। ਇਸ ਤਰਾਂ ਜਾਤੀ, ਖੇਤਰ ਅਤੇ ਭਾਸ਼ਾ ਵਿਸ਼ੇਸ਼ ਸੀਮਾਵਾਂ ਦੇ ਅਨੁਰੂਪ ਹੈ। ਭਾਰਤ ਵਿੱਚ ਇੱਕ ਲਿਪੀ ਦੇ ਅਭਾਵ ਦੇ ਕਾਰਣ ਅਨੇਕਾਂ ਵਾਰ ਭਾਸ਼ਾਈ ਉਪਦ੍ਰਵ ਹੋਏ ਹਨ।

ਭਾਸ਼ਾ ਲੋਕਾਂ ਦੇ ਜੀਵਨ ਦਾ ਇੱਕ ਭਾਵਨਾਤਮਕ ਪਹਿਲੂ ਹੈ। 1963 ਦੇ ਰਾਜਭਾਸ਼ਾ ਕਾਨੂੰਨ ਦੇ ਅੰਤਰਗਤ ਜਦੋਂ 26 ਜਨਵਰੀ, 1965 ਦੇ ਦਿਨ ਹਿੰਦੀ ਨੂੰ ਰਾਜਭਾਸ਼ਾ ਘੋਸ਼ਿਤ ਕੀਤਾ ਗਿਆ ਤਾਂ ਤਮਿਲਨਾਡੂ ਵਿੱਚ ਦੰਗੇ ਸ਼ੁਰੂ ਹੋ ਗਏ ਜੋ ਬਾਅਦ ਵਿੱਚ ਹੋਰ ਗੈਰ-ਹਿੰਦੀ ਭਾਸ਼ੀ ਰਾਜਾਂ ਵਿੱਚ ਫੈਲ ਗਏ। ਫਲਸਰੂਪ ਅੰਗ੍ਰੇਜ਼ੀ ਨੂੰ ਸਹਾਇਕ ਰਾਜਭਾਸ਼ਾ ਦੇ ਰੂਪ ਵਿੱਚ ਰੱਖਿਆ ਗਿਆ, ਜਦੋਂ ਤੱਕ ਗੈਰ-ਹਿੰਦੀ ਭਾਸ਼ੀ ਲੋਕ ਅਜਿਹਾ ਚਾਹੁਣ। ਇਸ ਸੰਕਟ-ਕਾਲ ਵਿੱਚ ਤ੍ਰਿਭਾਸ਼ੀ ਸੂਤਰ ਨੂੰ ਚਾਲੂ ਕੀਤਾ ਗਿਆ।

ਸੰਜਾਤੀਵਾਦ ਅਤੇ ਖੇਤਰ ਦੀ ਤਰਾਂ ਭਾਸ਼ਾ ਵੀ ਸਮੂਹਿਕਤਾ ਦਾ ਇੱਕ ਆਦਿ ਆਧਾਰ ਹੈ। ਇਸ ਲਈ ਸਮਾਜਿਕ ਜੀਵਨ ਦੇ ਵਿਭਿੰਨ ਖੇਤਰਾਂ ਜਿਵੇਂ ਸਮਾਜਿਕ ਸਤਰੀਕਰਨ, ਆਰਥਿਕ ਵਿਕਾਸ, ਸਿੱਖਿਆ ਅਤੇ ਰਾਜਨੀਤੀ ਵਿੱਚ ਭਾਸ਼ਾ ਦੀ ਭੂਮਿਕਾ ਓਦਾਂ ਹੀ ਹੈ ਜਿਵੇਂ ਸੰਜਾਤੀਵਾਦ ਅਤੇ ਖੇਤਰ ਦੀ ਹੈ। ਭਾਸ਼ਾ ਇੱਕ ਸੰਸਕ੍ਰਿਤਿਕ ਪ੍ਰਘਟਨਾ ਹੋਣ ਦੇ ਕਾਰਣ ਕਈ ਵਾਰ ਇੱਕ ਭਾਵੁਕ ਪ੍ਰਸ਼ਨ ਬਣ ਜਾਂਦੀ ਹੈ। ਭਾਸ਼ਾਈ ਕਟੁਤਾ, ਝਗੜਿਆਂ ਅਤੇ ਦੰਗਿਆਂ ਦੇ ਕਾਰਣ ਕਦੇ ਕਦੇ ਰਾਸ਼ਟਰੀ ਏਕਤਾ ਅਤੇ ਏਕਾਤਮਕਤਾ ਨੂੰ ਵੀ ਖਤਰਾ ਪੈਦਾ ਹੋ ਜਾਂਦਾ ਹੈ। ਤ੍ਰਿਭਾਸ਼ੀ ਸੂਤਰ ਅਜਿਹੀਆਂ ਸਮੱਸਿਆਵਾਂ ਨੂੰ ਘੱਟ ਕਰਨ ਅਤੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੀਆਂ ਤਾਕਤਾਂ ਨੂੰ ਦ੍ਰਿੜ੍ਹ ਕਰਨ ਲਈ ਲਾਗੂ ਕੀਤਾ ਗਿਆ ਸੀ। ਭਾਸ਼ਾ ਜੋ ਸੰਚਾਰ ਅਤੇ ਗਿਆਨ ਵ੍ਰਿਧੀ ਦਾ ਸਾਧਨ ਹੈ, ਉਸ ਨੂੰ ਕੁਝ ਲੋਕਾਂ ਦੇ ਹੱਥਾਂ ਵਿੱਚ ਸੱਤਾ ਦਾ ਸਾਧਨ ਨਹੀਂ ਬਣਨ ਦੇਣਾ ਚਾਹੀਦਾ। ਭਾਸ਼ਾ ਤੱਕ ਪਹੁੰਚ ਓਹਨਾਂ ਸਭ ਲੋਕਾਂ ਨੂੰ ਪ੍ਰਾਪਤ ਹੋਣੀ ਚਾਹੀਦੀ ਹੈ ਜੋ ਉਸ ਨੂੰ ਸਿੱਖਣਾ ਚਾਹੁੰਦੇ ਹਨ।

## ਸਵ-ਮੁੱਲਾਂਕਣ (Self Assessment)

**2. ਦਿੱਤੇ ਗਏ ਕਥਨਾਂ ਦੇ ਸਾਹਮਣੇ ✓ ਜਾਂ ✗ ਦਾ ਨਿਸ਼ਾਨ ਲਗਾਓ** (State whether the following statements 'Right' or 'Wrong')-

(*i*) ਭਾਰਤੀ ਸੰਸਕ੍ਰਿਤੀ ਦੀਆਂ ਮੁੱਖ ਧਾਰਣਾਵਾਂ ਧਰਮ, ਕਰਮ ਅਤੇ ਜਾਤੀ ਸਮਾਜਿਕ ਸਤਰੀਕਰਨ ਹਨ। ☐

(*ii*) ਸਵਾਮੀ ਵਿਵੇਕਾਨੰਦ ਨੇ ਸੰਸਕ੍ਰਿਤਿਕ, ਧਾਰਮਿਕ, ਸੰਤੁਲਨ ਅਤੇ ਪ੍ਰਸ਼ਾਸਨਿਕ ਕੁਸ਼ਲਤਾ ਪ੍ਰਾਪਤ ਕਰ ਕੇ ਭਾਰਤ ਵਿੱਚ ਏਕਤਾ ਲਿਆਉਣ ਦੀ ਕੋਸ਼ਿਸ਼ ਕੀਤੀ। ☐

ਨੋਟ

(*iii*) ਸਮਾਜ ਸ਼ਾਸਤਰੀ ਸ਼੍ਰੀਨਿਵਾਸ ਦੇ ਅਨੁਸਾਰ "ਏਕਤਾ ਦੀ ਅਵਧਾਰਣਾ ਹਿੰਦੂ ਧਰਮ ਵਿੱਚ ਅੰਤਰ ਨਿਹਿਤ ਹੈ।" ☐

(*iv*) ਅਲਪ-ਸੰਖਿਅਕ ਧਰਮਾਂ ਦੇ ਲੋਕਾਂ ਵਿੱਚ ਸਾਖਰਤਾ ਦਾ ਪ੍ਰਤੀਸ਼ਤ ਬਹੁ-ਸੰਖਿਅਕ ਧਰਮ ਦੇ ਲੋਕਾਂ ਨਾਲੋਂ ਅਧਿਕ ਹੈ। ☐

(*v*) ਲਾਰਡ ਮੈਕਾਲੇ ਦੇ ਅਨੁਸਾਰ ਭਾਰਤ ਵਿੱਚ 179 ਭਾਸ਼ਾਵਾਂ ਅਤੇ 544 ਲੋਕ-ਭਾਸ਼ਾਵਾਂ ਹਨ। ☐

## 1.3 ਭਾਰਤੀ ਸਮਾਜ ਦਾ ਉਦਭਵ: ਸਮਾਜਿਕ-ਸੰਸਕ੍ਰਿਤਿਕ ਆਯਾਮ (Evolution of Indian Society-Socio-Cultural Dimensions)

ਭਾਰਤ ਵਿਵਿਧ ਸਮਾਜਿਕ ਅਤੇ ਸੰਸਕ੍ਰਿਤਿਕ ਤੱਤਾਂ ਦਾ ਸੰਸ਼ਲੇਸ਼ਣ ਕਿਹਾ ਜਾਂਦਾ ਹੈ। ਇਹ ਆਰਿਆ ਅਤੇ ਦ੍ਰਾਵਿੜ ਸੰਸਕ੍ਰਿਤੀਆਂ ਦਾ ਸੰਮਿਸ਼ਰਣ ਹੈ। ਇਸ ਸੰਸ਼ਲੇਸ਼ਣ ਦੇ ਫਲਸਰੂਪ ਪਿੰਡ, ਪਰਿਵਾਰ, ਜਾਤੀ ਅਤੇ ਵਿਧੀ ਵਿਵਸਥਾ ਵਿੱਚ ਏਕਤਾ ਪਾਈ ਜਾਂਦੀ ਹੈ। ਪ੍ਰਾਚੀਨ ਕਾਲ ਤੋਂ ਅੱਜ ਤੱਕ ਭਾਰਤੀ ਸਮਾਜ ਦੀ ਨਿਰੰਤਰਤਾ ਇਸ ਸੰਸ਼ਲੇਸ਼ਣ ਦੁਆਰਾ ਬਣੀ ਹੋਈ ਹੈ। ਮੋਹਨਜੋਦੜੋ (2500 ਈਸਾ ਪੂਰਵ) ਤੋਂ ਲੈ ਕੇ ਬੁੱਧ, ਜੈਨ, ਇਸਲਾਮ ਅਤੇ ਬ੍ਰਿਟਿਸ਼ ਸ਼ਾਸਨ ਅਤੇ ਸੁਤੰਤਰਤਾ ਤੋਂ ਬਾਅਦ ਕਲਾ, ਚਿੱਤਰਕਾਰੀ, ਸੰਗੀਤ ਅਤੇ ਧਰਮ ਆਦਿ ਦੇ ਖੇਤਰਾਂ ਵਿੱਚ ਸਾਤਮੀਕਰਨ ਅਤੇ ਸੰਸ਼ਲੇਸ਼ਣ ਦੀ ਪ੍ਰਕ੍ਰਿਆ ਦੁਆਰਾ ਨਿਰੰਤਰਤਾ ਪਾਈ ਜਾਂਦੀ ਹੈ।

ਕੇ. ਐਮ. ਪਣਿਕਰ ਜੋ ਇੱਕ ਨਿਸ਼ਠਾਵਾਨ ਰਾਸ਼ਟਰਵਾਦੀ ਸਨ, ਸੰਸ਼ਲੇਸ਼ਣ ਅਤੇ ਸਾਤਮੀਕਰਨ ਦੀ ਇਤਿਹਾਸਿਕਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਖਦੇ ਹਨ: "ਮੈਂ ਸੰਸਕ੍ਰਿਤੀ ਨੂੰ ਵਿਚਾਰਾਂ, ਧਾਰਣਾਵਾਂ, ਵਿਕਸਿਤ ਗੁਣਾਂ ਅਤੇ ਸੰਗਠਿਤ ਸੰਬੰਧਾਂ ਅਤੇ ਸ਼ਿਸ਼ਟਤਾਵਾਂ ਦੀ ਇੱਕ ਗ੍ਰੰਥੀ ਮੰਨਦਾ ਹਾਂ ਜੋ ਆਮ ਤੌਰ ਤੇ ਇੱਕ ਸਮਾਜ ਵਿੱਚ ਪਾਈ ਜਾਂਦੀ ਹੈ।" ਪਣਿਕਰ ਇਸ ਸੰਦਰਭ ਵਿੱਚ ਕਹਿੰਦੇ ਹਨ ਕਿ ਵਿਚਾਰਾਂ ਦੀ ਸਮਾਨਤਾ, ਆਚਰਣ ਅਤੇ ਵਿਵਹਾਰ ਵਿੱਚ ਇਕਰੂਪਤਾ ਅਤੇ ਆਧਾਰ ਭੂਤ ਸਮੱਸਿਆਵਾਂ ਨੂੰ ਸਮਝਣ ਦਾ ਸਰਵ ਮਾਨਕ ਉਪਾਗਮ ਸਾਂਝਾ ਪਰੰਪਰਾਵਾਂ ਅਤੇ ਆਦਰਸ਼ਾਂ ਉੱਤੇ ਆਧਾਰਿਤ ਹੁੰਦੇ ਹਨ। ਭਾਰਤੀ ਸੰਸਕ੍ਰਿਤੀ ਦੀ ਇੱਕ ਜੀਵਨ-ਪੱਧਤੀ ਰਹੀ ਹੈ, ਬਾਹਰੀ ਸੰਪਰਕ ਹੋਣ ਨਾਲ ਇਸ ਵਿੱਚ ਨਿਰੰਤਰ ਸੰਸ਼ੋਧਨ ਹੁੰਦੇ ਹਨ, ਪ੍ਰੰਤੂ ਦੇਸੀ ਸਿਧਾਂਤਾਂ ਅਤੇ ਵਿਚਾਰਾਂ ਉੱਤੇ ਆਧਾਰਿਤ ਹੋਣ ਦੇ ਕਾਰਣ ਇਹ ਪੱਧਤੀ "ਭਾਰਤੀ" ਬਣੀ ਰਹੀ। ਭਾਰਤੀ ਸੰਸਕ੍ਰਿਤੀ ਦੇ ਇਹ ਰੂਪ ਅਤੇ ਉਪਾਗਮ ਸਾਹਿਤ, ਕਲਾ ਅਤੇ ਵਸਤੂ ਕਲਾ ਵਿੱਚ ਦਿਖਾਈ ਦਿੰਦੇ ਹਨ। ਭਾਰਤ ਵਿੱਚ ਧਾਰਮਿਕ ਅਤੇ ਸਮਾਜਿਕ ਸਹਿਸ਼ਣੂਤਾ ਦੀ ਪਰੰਪਰਾ ਰਹੀ ਹੈ। ਇਸ ਪਰੰਪਰਾ ਨੇ ਭਾਰਤ ਵਿੱਚ ਸਮਾਜਿਕ ਅਤੇ ਸੰਸਕ੍ਰਿਤਿਕ ਜੀਵਨ ਵਿੱਚ ਸਮ੍ਰਿੱਧੀ ਅਤੇ ਅਨੇਕ ਰੂਪਤਾ ਲਿਆਉਣ ਵਿੱਚ ਯੋਗਦਾਨ ਦਿੱਤਾ ਹੈ।

ਪ੍ਰਾਚੀਨ ਕਾਲ ਦੇ ਮੁੱਖ ਸਾਹਿਤਿਕ ਸਰੋਤ ਹਨ: (1) ਸੰਸਕ੍ਰਿਤ ਭਾਸ਼ਾ ਅਤੇ ਸੰਸਕ੍ਰਿਤੀਪਰਕ ਭਾਸ਼ਾਵਾਂ ਵਿੱਚ, ਅਤੇ (2) ਦ੍ਰਾਵਿੜ ਭਾਸ਼ਾਵਾਂ। ਵੇਦ, ਪੁਰਾਣ ਅਤੇ ਮਹਾਂਭਾਰਤ ਅਤੇ ਪ੍ਰਾਕ੍ਰਿਤ ਅਤੇ ਪਾਲੀ ਭਾਸ਼ਾਵਾਂ ਦਾ ਉਲੇਖ ਇਨ੍ਹਾਂ ਵਿੱਚ ਕੀਤਾ ਜਾਂਦਾ ਹੈ। ਸ੍ਰੀਲੰਕਾ ਦੇ ਇਤੀਵ੍ਰਿਤ, ਬੁੱਧੀਚਰਿਤ ਅਤੇ ਜੈਨ ਸਾਹਿਤ ਮੁੱਖ ਇਤਿਹਾਸਿਕ ਲੇਖਣ ਹਨ। ਕਲਿਆਣ ਦੇ ਚਾਲੁਕ ਚਤਰਮਾਨਸ ਅਤੇ ਬੰਗਾਲ ਦੇ ਪਾਲ ਦੇ ਬਾਰੇ ਵਿੱਚ ਅਨੇਕਾਂ ਇਤਿਹਾਸਿਕ ਕ੍ਰਿਤੀਆਂ ਮੱਧ ਯੁੱਗ ਦੀਆਂ ਸੰਸਕ੍ਰਿਤਿਕ ਭਾਸ਼ਾਵਾਂ ਵਿੱਚ ਸ਼ਾਮਿਲ ਕੀਤੀਆਂ ਗਈਆਂ ਹਨ। ਇਨ੍ਹਾਂ ਤਿੰਨ ਰਾਜਵੰਸ਼ਾਂ ਦੇ ਬਾਰੇ ਵਿੱਚ ਪ੍ਰਸਿੱਧ ਕ੍ਰਿਤੀਆਂ ਵਿੱਚ ਵਿਕ੍ਰਮਾਦੇਵ ਚਰਿਤ, ਪ੍ਰਿਥਵੀਰਾਜ ਵਿਜੇ ਅਤੇ ਰਾਮਚਰਿਤ ਹਨ। ਕਸ਼ਮੀਰ ਦੀ ਰਾਜਤਰੰਗਿਣੀ ਅਤੇ ਗੁਜਰਾਤ ਦੇ ਇਤੀਵ੍ਰਿਤ ਹੋਰ ਮੁੱਖ ਕ੍ਰਿਤੀਆਂ ਹਨ। 1206 ਤੋਂ 1761 ਈਸਵੀ ਦੇ ਅੰਤਰਗਤ ਤਮਿਲ, ਕੰਨੜ, ਤੇਲਗੂ ਅਤੇ ਮਲਿਆਲਮ ਭਾਸ਼ਾਵਾਂ ਵਿੱਚ ਮਹੱਤਵਪੂਰਨ ਗ੍ਰੰਥ ਲਿਖੇ ਗਏ। ਪਾਰਸੀ ਅਤੇ ਅਰਬੀ ਭਾਸ਼ਾਵਾਂ ਨੂੰ ਬਹੁਤ ਪ੍ਰੋਤਸਾਹਨ ਮਿਲਿਆ। ਪ੍ਰਗਤਿਹਾਸਿਕ ਅਤੇ ਆਦਿ-ਇਤਿਹਾਸਿਕ ਕਾਲਾਂ ਨੂੰ ਪ੍ਰਸਤਰ-ਯੁਗ, ਤਾਮਰ ਯੁਗ ਅਤੇ ਲੋਹ-ਯੁਗ ਵਿੱਚ ਵਿਭਾਜਿਤ ਕੀਤਾ ਗਿਆ ਹੈ। ਇਸ ਪ੍ਰਕਾਰ ਦੇ ਵਰਗੀਕਰਨ ਨਾਲ ਮਨੁੱਖ ਦੀ ਭਾਂਤਿਕ ਅਤੇ ਪ੍ਰੋਦੋਯੋਗਿਕ ਪ੍ਰਗਤੀ ਦਾ ਬੋਧ ਹੁੰਦਾ ਹੈ। ਮਨੁੱਖ ਦੀ ਆਰਥਿਕ ਅਤੇ ਸਮਾਜਿਕ ਪ੍ਰਸਥਿਤੀ ਅਤੇ ਉਸ ਦੇ ਪਰਿਆਵਰਣ ਦੇ ਬਾਰੇ ਵਿੱਚ ਗਿਆਨ ਪ੍ਰਾਪਤ ਕਰਨ ਦੀ ਅਧਿਕ ਜ਼ਰੂਰਤ ਹੈ। ਇਸ ਯੁਗ ਵਰਗੀਕਰਨ ਨਾਲ ਪਰਿਆਪਤ ਸਮਝ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਮਨੁੱਖ ਦੀ ਪ੍ਰਗਤੀ ਦੀਆਂ ਅਵਸਥਾਵਾਂ ਨੂੰ ਸਮਝਣ ਲਈ ਨਿਮਨਲਿਖਤ ਉਦਭਵੀ ਪ੍ਰਕ੍ਰਿਆ ਅਧਿਕ ਸੂਚਨਾਂਕਾਰੀ ਹੈ-

1. ਆਦਿਮ ਭੋਜਨ ਸੰਗ੍ਰਹਿਣ ਅਵਸਥਾ ਜਾਂ ਆਦਿ ਅਤੇ ਮੱਧ ਪ੍ਰਸਤਰ ਯੁਗ।
2. ਉੱਨਤ ਭੋਜਨ-ਸੰਗ੍ਰਹਿਣ ਅਵਸਥਾ ਜਾਂ ਉੱਤਰ ਪ੍ਰਸਤਰ ਯੁਗ/ਪੱਥਰ ਕਾਲ।
3. ਆਰੰਭਿਕ ਭੋਜਨ ਉਤਪਾਦਨ ਸੰਕਰਮਣ ਜਾਂ ਨਵਪ੍ਰਸਤਰ ਯੁਗ।
4. ਸਥਾਈ ਪੇਂਡੂ ਸਮੁਦਾਏ ਜਾਂ ਉੱਨਤ ਨਵਪ੍ਰਸਤਰ ਯੁਗ/ਤਾਮਰ ਪੱਥਰ।
5. ਨਗਰੀ ਕਰਨ ਜਾਂ ਕਾਂਸਾ ਯੁਗ।

ਇੱਥੇ ਅਸੀਂ ਸਿੰਧੂ ਸੱਭਿਅਤਾ ਦੇ ਬਾਰੇ ਵਿੱਚ ਸੰਖੇਪ ਵਿੱਚ ਵਰਣਨ ਕਰਾਂਗੇ। ਸਿੰਧੂ ਸੱਭਿਅਤਾ ਨਗਰੀ ਹੈ, ਅਤੇ ਇਸ ਦਾ ਖੇਤਰ ਨੀਲ ਨਦੀ ਜਾਂ ਟਿਗਰੀਜ਼- ਯੂਫ੍ਰੈਟੇਜ਼ ਘਾਟੀਆਂ ਜਾਂ ਪੀਤ ਨਦੀ ਘਾਟੀ ਦੀ ਸਭਿਅਤਾਵਾਂ ਦੇ ਖੇਤਰ ਤੋਂ ਅਧਿਕ ਸੀ। ਪੱਛਮ ਤੋਂ ਪੂਰਬ

ਨੋਟ

ਤੱਕ ਸਿੰਧੂ ਘਾਟੀ ਦੀ ਸੱਭਿਅਤਾ 1,550 ਕਿਲੋਮੀਟਰ ਵਿੱਚ, ਅਤੇ ਉੱਤਰ ਤੋਂ ਦੱਖਣ ਵਿੱਚ 1,100 ਤੋਂ ਅਧਿਕ ਕਿਲੋਮੀਟਰ ਦੇ ਖੇਤਰ ਵਿੱਚ ਫੈਲੀ ਹੋਈ ਸੀ। ਇਸ ਸੱਭਿਅਤਾ ਦੀ ਹੈਰਾਨੀਜਨਕ ਵਿਸ਼ੇਸ਼ਤਾ ਸੁਵਿਵਸਥਿਤ ਨਗਰ-ਆਯੋਜਨ ਹੈ। ਰਸਤੇ, ਗਲੀਆਂ ਅਤੇ ਉਪ-ਗਲੀਆਂ ਅਤੇ ਘਰਾਂ ਵਿੱਚ ਸਮਮਿਤੀ ਸੀ, ਅਤੇ ਓਹ ਸਭ ਭੱਠਿਆਂ ਵਿੱਚ ਪੱਕੀਆਂ ਹੋਈਆਂ ਇੱਟਾਂ ਨਾਲ ਬਣੇ ਸਨ। ਭਾਰਤ ਦੇ ਗਜ਼ੇਟਿਅਰ ਭਾਗ ਦੋ ਵਿੱਚ ਲਿਖਿਆ ਹੈ: "ਇੱਕ ਘਰ ਵਿੱਚ ਇੱਕ ਕੇਂਦਰੀ ਵਿਹੜਾ, ਤਿੰਨ ਤੋਂ ਚਾਰ ਤੱਕ ਰਹਿਣ ਲਈ ਕਮਰੇ, ਇੱਕ ਸਨਾਨਘਰ ਅਤੇ ਇੱਕ ਰਸੋਈ ਘਰ ਹੁੰਦੇ ਸਨ। ਵੱਡੇ ਘਰਾਂ ਵਿੱਚ ਤੀਹ ਤੱਕ ਕਮਰੇ ਅਤੇ ਆਮ ਤੌਰ ਤੇ ਦੋ ਮੰਜਿਲ੍ਹਾ ਹੁੰਦੀਆਂ ਸਨ। ਕਈ ਮਕਾਨਾਂ ਵਿੱਚ ਖੂਹ ਵੀ ਹੁੰਦੇ ਸਨ, ਅਤੇ ਸ਼ਾਨਦਾਰ ਭੂਮੀਗਤ ਜਲ ਨਿਕਾਸ ਵਿਵਸਥਾ ਸੀ।" ਸ਼ਾਇਦ ਸ਼ਹਿਰ "ਨਿਮਨ" ਅਤੇ "ਉੱਪਰੀ" ਭਾਗਾਂ ਵਿੱਚ ਵੰਡੇ ਹੋਏ ਸਨ। ਇੱਕ "ਪਰਿਸ਼ਦ", ਇੱਕ ਸਾਰਵਜਨਿਕ ਸਨਾਨਘਰ, ਇੱਕ ਵਿਸ਼ਾਲ ਧਾਨ-ਭੰਡਾਰ ਅਤੇ ਪੱਕੀਆਂ ਇੱਟਾਂ ਨਾਲ ਬਣੇ ਦੁਰਗ ਅਤੇ ਇੱਕ ਕਾਸ਼ਠ ਅਧਿਰਚਨਾਂ ਪਾਏ ਗਏ ਹਨ।

ਮਟਰ, ਤਰਬੂਜ਼ ਅਤੇ ਕੇਲੇ ਤੋਂ ਇਲਾਵਾ ਗੇਂਹੂੰ- ਜੌਂ ਦੀ ਭਰਪੂਰ ਖੇਤੀ ਹੁੰਦੀ ਸੀ। ਕਪਾਹ ਵੀ ਉਗਾਇਆ ਜਾਂਦਾ ਸੀ। ਲੋਕ ਮਛਲੀ, ਮੁਰਗਾ, ਬੱਕਰਾ, ਗਾਂ ਅਤੇ ਸੂਰ ਦਾ ਮਾਸ ਖਾਂਦੇ ਸਨ। ਬਿੱਲੀਆਂ, ਕੁੱਤੇ ਅਤੇ ਹਾਥੀ ਅਧਿਕ ਪਾਏ ਜਾਂਦੇ ਸਨ। ਧੋਤੀ ਜਾਂ ਸ਼ਾਲ ਦਾ ਪ੍ਰਯੋਗ ਕੀਤਾ ਜਾਂਦਾ ਸੀ। ਔਰਤਾਂ ਬੜੇ ਸ਼ੌਕ ਨਾਲ ਵਾਲ ਸੰਵਾਰਦੀਆਂ ਸਨ ਅਤੇ ਹਾਰ, ਬਾਜ਼ੂਬੰਦ, ਅੰਗੂਠੀ, ਵਾਲ਼ੀ, ਕਰਧਨੀ ਅਤੇ ਪਾਇਲ ਆਦਿ ਜ਼ੇਵਰਾਂ ਨਾਲ ਆਪਣਾ ਸ਼ਿੰਗਾਰ ਕਰਨੀਆਂ ਸਨ। ਸਿੰਧੂ ਘਾਟੀ ਦੇ ਲੋਕ ਪੂਰਨ ਕਾਂਸੇ ਯੁਗ ਵਿੱਚ ਸਨ, ਕਿਓਂਕਿ ਇਹ ਆਰੀ, ਹੰਸੀਆ, ਛੈਣੀ, ਮਛਲੀ-ਕਾਂਟਾ, ਪਿਨ ਅਤੇ ਸ਼ੀਸ਼ੇ ਆਦਿ ਘਰੇਲੂ ਵਸਤਾਂ ਦੇ ਉਪਯੋਗ ਹੁੰਦਾ ਸੀ, ਪ੍ਰੰਤੂ ਸਥਾਨਿਕ ਸਤਰ ਉੱਤੇ ਉਤਪਾਦਨ ਨਹੀਂ ਹੁੰਦਾ ਸੀ। ਪੂਜਾ ਦੀਆਂ ਵਸਤਾਂ ਤੋਂ ਪਤਾ ਚਲਦਾ ਹੈ ਕਿ ਸਿੰਧੂ ਘਾਟੀ ਵਿੱਚ ਭੂ-ਮੱਧ ਸਾਗਰੀ, ਐਲਪਿਕ, ਪ੍ਰੋਟੋ-ਆਸਟ੍ਰੇਲਿਆਈ ਅਤੇ ਮੰਗੋਲਿਆਈ ਜਨ ਵੀ ਰਹਿੰਦੇ ਸਨ। ਅਸਲ ਵਿੱਚ ਸਿੰਧੂ ਸੱਭਿਅਤਾ ਸਰਵਦੇਸ਼ੀ ਸੀ।

ਬਾਅਦ ਦੇ ਅਨੁਸੰਧਾਨਾਂ ਤੋਂ ਵੀ ਇੱਕ ਵਿਵਸਥਿਤ ਨਾਗਰਿਕ ਜੀਵਨ ਦੇ ਅਸਤਿੱਤਵ ਦੇ ਬਾਰੇ ਵਿੱਚ ਗਿਆਤ ਹੁੰਦਾ ਹੈ। ਇਸ ਦੇ ਅੰਤਰਗਤ ਜਿਸ ਵਿੱਚ ਸੰਪੂਰਨ ਸ਼ਹਿਰ ਦਾ ਆਯੋਜਨ, ਇੱਕ ਨਿਯਮਿਤ ਜਲ-ਨਿਕਾਸ ਵਿਵਸਥਾ, ਵਜ਼ਨ ਅਤੇ ਮਾਪ ਦਾ ਮਾਣਕੀਕਰਨ ਅਤੇ ਲੇਖਨ ਪੱਧਤੀ ਸ਼ਾਮਿਲ ਸਨ, ਕਲਾ ਅਤੇ ਹਸਤਕਲਾ ਵੀ ਵਿਕਸਤ ਹੋਣ ਲੱਗੀ ਸੀ। ਇਨ੍ਹਾਂ ਸਭ ਦੇ ਹੁੰਦੇ ਹੋਏ ਵੀ ਲੋਕ "ਆਦਿਮ" ਯੁਗ ਵਿੱਚ ਹੀ ਸਨ। ਅਥਰਵਵੇਦ ਦੇ ਸਮੇਂ ਤੱਕ ਆਰਿਆ ਪੂਰੀ ਤਰਾਂ ਨਾਲ ਧਾਤੂ ਦੇ ਬਾਰੇ ਵਿੱਚ ਜਾਣਨ ਲੱਗ ਗਏ ਸਨ ਅਤੇ ਲੋਹੇ, ਕਾਂਸੇ ਅਤੇ ਤਾਂਬੇ ਵਿੱਚ ਭੇਦ ਸਮਝਦੇ ਸਨ।

ਭਾਰਤੀ ਸਮਾਜ ਵਿੱਚ ਹੋਰ ਸੱਭਿਅਤਾਵਾਂ ਦੀ ਤੁਲਨਾ ਵਿੱਚ ਪਰਿਵਰਤਨ ਹੌਲੀ ਹੋਏ ਹਨ।" ਸੰਸਕ੍ਰਿਤਿਕ ਵਿਕਾਸ ਦੀ ਹਰ ਅਵਸਥਾ ਅਗ੍ਰਿਮ ਅਵਸਥਾ ਵਿੱਚ ਪਰਸਪਰ ਵਿਆਪਤ ਰਹਿੰਦੀ ਸੀ, ਇਸ ਲਈ ਕਿੰਚਿਤ ਨਿਰੰਤਰਤਾ ਅਤੇ ਸਥਾਈਤਵ ਬਣਿਆ ਰਹਿੰਦਾ ਸੀ।" ਖੇਤਰੀ ਭਿੰਨਤਾਵਾਂ ਅਤੇ ਵਿਦੇਸ਼ੀਆਂ ਦੇ ਨਾਲ ਨਿਰੰਤਰ ਸੰਪਰਕ ਰਹਿਣ ਤੋਂ ਬਾਅਦ ਵੀ ਸਿੰਧੂ ਸੱਭਿਅਤਾ ਆਪਣੇ ਸਰੂਪ ਵਿੱਚ "ਭਾਰਤੀ" ਹੈ। ਇਸ ਮਤ ਦੇ ਬਾਰੇ ਵਿੱਚ ਵੈਦਿਕ ਸਾਹਿਤ, ਪੁਰਾਣਾਂ, ਜੈਨ ਅਤੇ ਬੁੱਧ ਧਰਮ-ਪੁਸਤਕਾਂ ਵਿੱਚ ਵਰਣਨ ਮਿਲਦੇ ਹਨ।

ਮੌਰਿਆ ਸਾਮਰਾਜ ਅਤੇ ਅਨੇਕ ਖੇਤਰੀ ਅਤੇ ਸਥਾਨਿਕ ਸੰਸਕ੍ਰਿਤੀਆਂ ਦੇ ਬਾਰੇ ਵਿੱਚ ਸਮੁਚਿਤ ਪੁਰਾਤੱਤਵੀ ਪ੍ਰਲੇਖਨ ਉਪਲਬਧ ਹਨ। ਸੰਪੂਰਨ ਭਾਰਤ ਵਿੱਚ ਲੋਹੇ ਦੇ ਬਾਰੇ ਵਿੱਚ ਜਾਣਕਾਰੀ ਸੀ। ਸੰਸਕ੍ਰਿਤੀਆਂ ਦੇ ਵਰਗੀਕਰਨ ਵਿੱਚ ਸੰਸਕ੍ਰਿਤ ਭਾਸ਼ਾ ਦੇ ਪ੍ਰਸਾਰ ਨਾਲ ਵੀ ਬਹੁਤ ਯੋਗਦਾਨ ਮਿਲਿਆ ਹੈ। ਪੁਰਾਤੱਤਵੀ ਅਤੇ ਭਾਸ਼ਾਈ ਅਧਿਐਨ ਤੋਂ ਸਰਵ-ਭਾਰਤੀ ਸੰਸਕ੍ਰਿਤੀ ਦੇ ਉਦਭਵ ਦਾ ਪ੍ਰਮਾਣ ਮਿਲਦਾ ਹੈ। ਭੂਗੋਲਿਕ ਅਲਗਾਵ ਤੋਂ ਵੀ ਸੰਕੇਤ ਮਿਲਦੇ ਹਨ ਕਿ ਇਹ ਉਪ-ਮਹਾਂਦੀਪ ਵਾਸਤਵ ਵਿੱਚ "ਭਾਰਤੀ" ਹੈ। "ਵਿਭਿੰਨ ਸਮੂਹਾਂ ਦੇ ਲੋਕ ਜੋ ਇਸ ਦੇਸ਼ ਵਿੱਚ ਬਾਹਰ ਤੋਂ ਆਏ, ਓਹਨਾਂ ਦੇ ਹਜ਼ਾਰਾਂ ਸਾਲਾਂ ਦੇ ਸੰਘਰਸ਼ ਅਤੇ ਅੰਤਰ-ਕ੍ਰਿਆ ਦਾ ਪਰਿਣਾਮ ਸੰਸ਼ਲੇਸ਼ਣ ਹੈ।" ਵਿਦੇਸ਼ੀਆਂ ਦੇ ਨਾਲ ਸੰਪਰਕ ਦਾ ਸਭ ਤੋਂ ਅਧਿਕ ਪਰਿਣਾਮ ਭਾਸ਼ਾਈ ਏਕੀਕਰਨ ਸੀ। ਪੁਰਾਣਾਂ ਵਿੱਚ ਵਰਣਿਤ ਕਥਾਵਾਂ ਅਤੇ ਦੰਦ ਕਥਾਵਾਂ ਵਿੱਚ ਪ੍ਰਜਾਤੀ ਅਤੇ ਸੰਸਕ੍ਰਿਤਿਕ ਸੰਸ਼ਲੇਸ਼ਣ ਪ੍ਰਤੀਬਿੰਬਿਤ ਹੁੰਦਾ ਹੈ। "ਆਰਿਆਕ੍ਰਨ" ਬਿਹਾਰ ਅਤੇ ਬੰਗਾਲ ਦੇ ਕੁਝ ਭਾਗਾਂ ਵਿੱਚ ਬਹੁਤ ਫੈਲ ਗਿਆ ਸੀ। ਨਾਲ-ਨਾਲ ਵਿਦੇਸ਼ੀ ਸੰਸਕ੍ਰਿਤੀਆਂ ਦਾ ਵੀ "ਭਾਰਤੀਕਰਨ" ਹੋਇਆ। "ਆਰਿਆਕਰਨ" ਦਾ ਮਤਲਬ ਆਰਿਆਂ (ਵਿਦੇਸ਼ੀਆਂ) ਦਾ ਦੇਸੀ ਲੋਕਾਂ ਤੇ ਪ੍ਰਭਾਵ ਪੈਣ ਤੋਂ ਹੈ ਅਤੇ "ਭਾਰਤੀਕਰਨ" ਦਾ ਅਰਥ ਆਰਿਆਂ ਦੁਆਰਾ ਮੂਲਵਾਸੀਆਂ ਦੇ ਜੀਵਨ ਸ਼ੈਲੀਆਂ ਦਾ ਅਨੁਕਰਨ ਕਰਨ ਦੀ ਪ੍ਰਕ੍ਰਿਆ ਤੋਂ ਹੈ। ਪਰਿਵਰਤਨ ਦੀਆਂ ਇਨ੍ਹਾਂ ਦੋਹਾਂ ਪ੍ਰਕ੍ਰਿਆਵਾਂ ਦੁਆਰਾ ਵਿਵਸਥਾਪਨ ਉੱਭਰ ਕੇ ਆਇਆ ਅਤੇ ਅੰਤ ਵਿੱਚ ਆਰਿਆ ਅਤੇ ਦੇਸੀ ਸੰਸਕ੍ਰਿਤੀਆਂ ਦਾ ਸਾਤਮੀਕਰਨ ਹੋਇਆ।

### 1.3.1 ਵੈਦਿਕ ਸੱਭਿਅਤਾ

ਸਿੰਧੂ ਘਾਟੀ ਸੰਸਕ੍ਰਿਤੀ ਦਾ ਭਾਰਤੀ-ਆਰਿਆ ਸੱਭਿਅਤਾ ਦੇ ਨਾਲ ਕੀ ਸੰਬੰਧ ਹੈ? ਆਰ. ਸੀ. ਮਜੂਮਦਾਰ, ਐਚ. ਸੀ. ਰਾਏ ਚੌਧਰੀ ਅਤੇ ਕਾਲੀਕਿੰਕਰ ਦੱਤਾ ਨੇ ਆਪਣੀ ਪੁਸਤਕ ਐਨ ਐਡਵਾਂਸਡ ਹਿਸਟ੍ਰੀ ਓਫ ਇੰਡੀਆ ਵਿੱਚ ਲਿਖਿਆ ਹੈ: "ਉੱਪਰੀ ਤੌਰ ਤੇ ਦੋਹਾਂ ਵਿੱਚ ਬਹੁਤ ਅੰਤਰ ਹੈ। ਵੈਦਿਕ ਆਰਿਆ ਪੇਂਡੂ ਸਨ, ਜਦੋਂ ਕਿ ਸਿੰਧੂ ਘਾਟੀ ਸੱਭਿਅਤਾ ਦੇ ਲੱਛਣਾਂ ਦੇ ਅਨੁਸਾਰ ਉੱਥੇ ਵਿਕਸਿਤ ਸ਼ਹਿਰੀ ਜੀਵਨ ਦੀਆਂ ਸੁਵਿਧਾਵਾਂ ਸਨ। ਵੈਦਿਕ ਆਰਿਆ ਸ਼ਾਇਦ ਲੋਹੇ ਅਤੇ ਰੱਖਿਆ ਸ਼ਸਤਰਾਂ ਦੇ ਬਾਰੇ ਵਿੱਚ

ਨੋਟ

ਜਾਣਦੇ ਸਨ। ਵੈਦਿਕ ਸੱਭਿਅਤਾ ਵਿੱਚ ਘੋੜੇ ਦੀ ਭੂਮਿਕਾ ਬਹੁਤ ਸੀ, ਪ੍ਰੰਤੂ ਸਿੰਧੂ ਘਾਟੀ ਵਿੱਚ ਇਸ ਦੇ ਅਸਤਿੱਤਵ ਦੇ ਬਾਰੇ ਵਿੱਚ ਸ਼ੰਕਾ ਸੀ। ਦੋਹਾਂ ਸੱਭਿਅਤਾਵਾਂ ਵਿੱਚ ਧਾਰਮਿਕ ਵਿਸ਼ਵਾਸਾਂ ਅਤੇ ਅਭਿਆਸਾਂ ਦੇ ਸੰਦਰਭ ਵਿੱਚ ਵੀ ਮਹੱਤਵਪੂਰਨ ਅੰਤਰ ਸਨ।"

ਭਾਰਤ ਵਿੱਚ ਆਰਿਆਂ ਦੇ ਬਾਰੇ ਵਿੱਚ ਗਿਆਨ ਦਾ ਵੇਦ ਹੀ ਇੱਕ ਮਾਤਰ ਸਾਹਿਤਿਕ ਸਰੋਤ ਹਨ। ਆਰਿਆਂ ਦੇ ਬਾਰੇ ਵਿੱਚ ਰਿਗਵੇਦ-ਸੰਹਿਤਾ ਸਭ ਤੋਂ ਪੁਰਾਣਾ ਗ੍ਰੰਥ ਹੈ। ਵੈਦਿਕ ਸਮਾਜ ਪੇਂਡੂ ਅਤੇ ਕਿਸਾਨੀ ਸੀ। ਵਿਭਿੰਨ ਸਮਾਜਿਕ-ਸੰਕ੍ਰਿਤਿਕ ਅਤੇ ਸਿੱਖਿਅਕ ਕ੍ਰਿਆ-ਕਲਾਪਾਂ ਦੀਆਂ ਮੁੱਖ ਸੰਸਥਾਵਾਂ ਮੰਦਿਰ ਅਤੇ ਵਿਦਿਆਲੇ ਸਨ। ਪਿੰਡ ਇੱਕ ਆਜ਼ਾਦ ਇਕਾਈ ਸੀ। ਮੈਗਸਥਨੀਜ਼ ਦੇ ਅਨੁਸਾਰ ਈਸਾ-ਪੂਰਵ ਚੌਥੀ ਸਦੀ ਵਿੱਚ ਸੱਤ ਜਾਤੀਆਂ ਸਨ। ਅੰਤਰ-ਜਾਤੀ ਵਿਆਹ ਆਮ ਰਿਵਾਜ ਸੀ। ਸ਼ਰਾਬ ਪੀਣਾ, ਜੂਆ ਖੇਲਣਾ ਅਤੇ ਵੇਸ਼ਿਆਵ੍ਰਿੱਤੀ ਦੀਆਂ ਬੁਰਾਈਆਂ ਨੂੰ ਰਾਜ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਸੀ।

ਵੈਦਿਕ ਯੁਗ ਵਿੱਚ ਔਰਤਾਂ ਨੂੰ ਹਰ ਖੇਤਰ ਵਿੱਚ ਗਿਆਨ ਪ੍ਰਾਪਤ ਕਰਨ ਦੀ ਛੂਟ ਸੀ। ਓਹਨਾਂ ਨੇ ਵੈਦਿਕ ਭਜਨਾਂ ਦੀ ਰਚਨਾਂ ਵੀ ਕੀਤੀ। ਉਪਨਿਸ਼ਦ ਕਾਲ ਵਿੱਚ ਗਾਰਗੀ ਅਤੇ ਮੈਤਰੀ ਪ੍ਰਸਿੱਧ ਦਾਰਸ਼ਨਿਕ ਸਨ। ਉੱਚ ਜਾਤੀ ਦੀਆਂ ਔਰਤਾਂ ਆਪਣੇ ਪਤੀਆਂ ਦੇ ਨਾਲ ਯੱਗ ਵਿੱਚ ਭਾਗ ਲੈਂਦੀਆਂ ਸਨ। ਓਹਨਾਂ ਨੂੰ ਸੰਪਤੀ ਦੇ ਸਵਾਮਿੱਤਵ ਦਾ ਅਧਿਕਾਰ ਸੀ। ਵਿਧਵਾਵਾਂ ਪੁਨਰ-ਵਿਆਹ ਕਰ ਸਕਦੀਆਂ ਸਨ। ਇੱਕ ਪੁਰਸ਼ ਇੱਕ ਤੋਂ ਅਧਿਕ ਔਰਤਾਂ ਨਾਲ ਵਿਆਹ ਕਰ ਸਕਦਾ ਸੀ, ਜਦੋਂ ਕਿ ਇੱਕ ਔਰਤ ਨੂੰ ਇੱਕ ਹੀ ਪੁਰਸ਼ ਨਾਲ ਵਿਆਹ ਕਰਨ ਦਾ ਅਧਿਕਾਰ ਸੀ। ਪ੍ਰੰਤੂ ਬੌਧ ਕਾਲ ਵਿੱਚ ਵੇਦਾਂ ਦਾ ਅਧਿਐਨ ਕਰਨ ਦਾ ਅਧਿਕਾਰ ਔਰਤਾਂ ਤੋਂ ਖੋਹ ਲਿਆ ਗਿਆ ਸੀ। ਗੁਪਤ ਕਾਲ ਵਿੱਚ ਸਥਿਤੀ ਵਿੱਚ ਬਹੁਤ ਪਰਿਵਰਤਨ ਹੋਇਆ। ਸਵਯੰਵਰ (ਸ਼ਕਤੀ ਪ੍ਰੀਖਿਆ ਤੋਂ ਬਾਅਦ ਕੰਨਿਆ ਵਰ ਦਾ ਚੁਨਾਵ ਕਰਦੀ ਸੀ) ਅਤੇ ਗੰਧਰਵ (ਸੁਤੰਤਰ ਆਪਸੀ ਪਸੰਦ) ਵਿਆਹ ਪ੍ਰਥਾਵਾਂ ਕਮਜ਼ੋਰ ਪੈ ਗਈਆਂ। ਔਰਤ ਤੋਂ ਸੰਪਤੀ ਦੇ ਸਵਾਮਿੱਤਵ ਦਾ ਅਧਿਕਾਰ ਲੈ ਲਿਆ ਗਿਆ, ਅਤੇ ਵਿਧਵਾਵਾਂ ਨੂੰ ਪੁਨਰ-ਵਿਆਹ ਦੀ ਆਜ਼ਾਦੀ ਨਹੀਂ ਦਿੱਤੀ ਗਈ। ਪਰਦਾ ਅਤੇ ਸਤੀ ਪ੍ਰਥਾਵਾਂ ਉੱਭਰੀਆਂ।

### 1.3.2 ਉੱਤਰ-ਵੈਦਿਕ ਸਮਾਜ ਅਤੇ ਸੰਸਕ੍ਰਿਤੀ

ਈਸਾ ਯੁਗ ਦੀ ਆਰੰਭਿਕ ਸਦੀਆਂ ਵਿੱਚ ਵਿਦੇਸ਼ੀ ਹਮਲਾਵਰ ਭਾਰਤੀ ਸ਼ਾਸਕ ਪਰਿਵਾਰਾਂ ਨਾਲ ਘੁਲ-ਮਿਲ ਕੇ ਓਹਨਾਂ ਦੇ ਪ੍ਰਭਾਵ ਵਿੱਚ ਆ ਗਏ। ਵਿਦੇਸ਼ੀ ਰਾਜਵੰਸ਼ਾਂ ਦੀਆਂ ਰਾਜਧਾਨੀਆਂ ਸੰਸਕ੍ਰਿਤਿਕ ਸੰਸ਼ਲੇਸ਼ਣ ਦਾ ਕੇਂਦਰ ਬਣ ਗਈਆਂ ਜਿਸ ਨਾਲ ਭਾਰਤੀ ਸੱਭਿਅਤਾ ਨੂੰ ਇੱਕ ਵਿਸ਼ਿਸ਼ਟ ਸਰਵਦੇਸ਼ੀ ਸਰੂਪ ਪ੍ਰਾਪਤ ਹੋਇਆ। ਗੁਪਤ ਕਾਲ ਵਿੱਚ ਪੁਰਾਣਾਂ ਵਿੱਚ ਵਰਣਿਤ ਹਿੰਦੂ ਧਰਮ ਦਾ ਉਠਾਵ ਹੋਇਆ। ਮਹਾਤਮਾ ਬੁੱਧ ਨੂੰ ਭਗਵਾਨ ਵਿਸ਼ਨੂੰ ਦਾ ਅਵਤਾਰ ਮੰਨਦੇ ਸਨ। ਬ੍ਰਾਹਮਣਵਾਦ ਅਤੇ ਬੌਧਵਾਦ ਇੱਕ ਦੂਜੇ ਦੇ ਨੇੜੇ ਆਏ। ਹਿੰਦੂ ਧਰਮ, ਆਦਿਮ ਆਸਥਾਵਾਂ, ਅਭਿਆਸ ਅਤੇ ਵਿਦੇਸ਼ੀ ਧਾਰਮਿਕ ਪ੍ਰਤੀਕ ਵੀ ਨੇੜੇ ਆਏ। "ਹਿੰਦੂ ਸਮਾਜ ਸੰਸਕ੍ਰਿਤਿਕ ਅਤੇ ਸਮਾਜਿਕ ਸਮੂਹਾਂ ਦਾ ਇੱਕ ਸੰਘ ਬਣ ਗਿਆ ਜਿਸ ਵਿੱਚ ਵਿਚਾਰਾਂ ਅਤੇ ਪ੍ਰਥਾਵਾਂ ਦਾ ਸੁਤੰਤਰ ਆਦਾਨ-ਪ੍ਰਦਾਨ ਅਤੇ ਚੰਗੇ ਪੜੋਸੀ ਸੰਬੰਧ ਪਾਏ ਜਾਂਦੇ ਸਨ।"

ਫਾਹਿਯਾਨ ਦੇ ਅਨੁਸਾਰ ਪੰਜਵੀਂ ਸਦੀ ਵਿੱਚ ਗੁਪਤ ਸਾਮਰਾਜ ਦੇ ਅੰਤਰਗਤ ਉੱਤਰ ਭਾਰਤ ਵਿੱਚ ਸਭ ਪਾਸੇ ਸੰਪੰਨਤਾ ਸੀ। ਵਪਾਰੀਆਂ ਕੋਲ ਖੂਬ ਸੰਪਤੀ ਸੀ। ਵਪਾਰ ਅਤੇ ਬੈਂਕਿੰਗ ਪ੍ਰਗਤੀ ਉੱਤੇ ਸਨ। ਧਨੀ ਲੋਕ ਸਕੂਲ, ਬੌਧ ਮਠ, ਮੰਦਿਰ, ਹਸਪਤਾਲ ਅਤੇ ਭੀਖ-ਘਰ ਬਣਾਂਓਣ ਲਈ ਉਦਾਰਤਾ ਨਾਲ ਧਨ ਖਰਚ ਕਰਨੇ ਸਨ। ਪਾਟਲੀਪੁੱਤਰ ਵਿੱਚ ਬੌਧ ਮਠ ਇੱਕ ਪ੍ਰਸਿੱਧ ਸਿੱਖਿਆ ਕੇਂਦਰ ਬਣਿਆ ਹੋਇਆ ਸੀ। ਲੋਕ ਸ਼ਗਨਾਂ ਵਿੱਚ ਵਿਸ਼ਵਾਸ ਰੱਖਦੇ ਸਨ। ਓਹਨਾਂ ਦਾ ਵਿਸ਼ਵਾਸ ਜੋਤਸ਼ ਵਿੱਚ ਵੀ ਸੀ। ਸਮਾਜਿਕ ਤਿਓਹਾਰਾਂ ਅਤੇ ਉਤਸਵਾਂ ਉੱਤੇ ਨ੍ਰਿਤ, ਸੰਗੀਤ ਅਤੇ ਦਾਵਤ ਦਾ ਆਮ ਰਿਵਾਜ ਸੀ। ਬਸੰਤ ਉਤਸਵ ਖੁਸ਼ੀ ਨਾਲ ਮਨਾਇਆ ਜਾਂਦਾ ਸੀ।

ਸਮਾਜ ਦੇ ਵਿਭਿੰਨ ਅੰਗਾਂ ਦੇ ਸ਼ਾਂਤੀਪੂਰਨ ਅਤੇ ਸੁਵਿਵਸਥਿਤ ਕੰਮ ਦੇ ਲਈ ਧਰਮ ਇੱਕ ਵਾਸਤਵਿਕ ਆਚਾਰ ਸੰਹਿਤਾ ਸੀ, ਨਾ ਕਿ ਕਾਨੂੰਨ। "ਧਰਮ ਸ਼ਾਸਤਰ ਜਾਂ ਸਮ੍ਰਿਤੀਆਂ ਵਿੱਚ ਹਰ ਜਾਤੀ ਅਤੇ ਕਾਰੋਬਾਰ, ਸਮਾਜ ਵਿੱਚ ਹਰ ਸੰਬੰਧ- ਰਾਜਾ ਅਤੇ ਪ੍ਰਜਾ, ਪਤੀ ਅਤੇ ਪਤਨੀ, ਗੁਰੂ ਅਤੇ ਚੇਲਾ ਦੇ ਬਾਰੇ ਵਿੱਚ ਨਿਯਮ ਦਿੱਤੇ ਗਏ ਸਨ। ਨਿਯਮ ਕਠੋਰ ਨਹੀਂ ਸਨ, ਅਤੇ ਨਵੀਆਂ ਪਰਿਸਥਿਤੀਆਂ ਦੇ ਅਨੁਰੂਪ ਸੰਸ਼ੋਧਿਤ ਕੀਤੇ ਜਾਂਦੇ ਸਨ। ਕਦੇ ਕਦੇ ਕਾਨੂੰਨ ਨਿਰਮਾਤਾ ਅਤੇ ਪੁਰੋਹਿਤ ਵਰਗ ਆਪਣੇ ਵਿਚਾਰ ਪ੍ਰਵਿਸ਼ਟ ਕਰ ਕੇ, ਨਵੀਆਂ ਸੰਰਚਨਾਂਵਾਂ ਅਤੇ ਨਿਸ਼ੇਧ ਸੁਝਾਓਂਦੇ ਸਨ।" ਇੱਕ ਚੀਨੀ ਯਾਤਰੀ ਹੇਨਸਾਂਗ ਸੱਤਵੀਂ ਸਦੀ ਵਿੱਚ ਭਾਰਤ ਆਇਆ। ਉਸ ਦੇ ਅਨੁਸਾਰ ਲੋਕ ਈਮਾਨਦਾਰ ਸਨ ਅਤੇ ਵਾਦੇ ਦੇ ਪੱਕੇ ਸਨ। ਲੋਕਾਂ ਦਾ ਵਿਸ਼ਵਾਸ ਸੀ ਕਿ ਬੁਰਾ ਕੰਮ ਕਰਨ ਉੱਤੇ ਸਜ਼ਾ ਜ਼ਰੂਰ ਮਿਲਦੀ ਹੈ।

ਸ਼ਾਸਤਰਾਂ ਵਿੱਚ ਉਲੇਖਿਤ ਨਿਯਮਾਂ ਦੁਆਰਾ ਸਮਾਜਿਕ ਜੀਵਨ ਸ਼ਾਸਿਤ ਹੁੰਦਾ ਸੀ। ਹਿੰਦੂ ਸਮਾਜ ਜਾਤੀਆਂ ਅਤੇ ਉਪ-ਜਾਤੀਆਂ ਵਿੱਚ ਵਿਭਾਜਿਤ ਸੀ। ਸਮਾਜਿਕ ਅੰਤਰ-ਕ੍ਰਿਆ ਅਤੇ ਵਿਆਹ (ਸਹਿਭੋਜਿੱਤਵ ਅਤੇ ਵਿਵਾਹਿਤ) ਦੇ ਨਿਯਮਾਂ ਦਾ ਸਖਤੀ ਨਾਲ ਪਾਲਣ ਕੀਤਾ ਜਾਂਦਾ ਸੀ। ਖੇਲ-ਕੁੱਦ, ਤਿਓਹਾਰਾਂ ਅਤੇ ਉਤਸਵਾਂ ਨੂੰ ਮਨਾਓਣਾ ਅਤੇ ਜਨੇਊ ਧਾਰਣ ਕਰਨਾ ਆਮ ਗੱਲ ਸੀ। ਪਾਸ਼ਵਿਕ ਜਾਤੀ ਨਿਯਮਾਂ ਦੇ ਫਲਸਰੂਪ ਭਾਰਤੀ ਸਮਾਜ ਪਤਨ ਵੱਲ ਵਧਿਆ। ਨਿਮਨ ਅਤੇ ਅਛੂਤ ਜਾਤੀਆਂ ਨੂੰ ਅਪਮਾਨਿਤ ਕੀਤਾ ਗਿਆ। ਔਰਤਾਂ ਨੂੰ ਦਬਾ ਕੇ ਰੱਖਿਆ ਗਿਆ। ਗਣ (ਕੁਲੀਨਤੰਤਰ ਰਾਜ) ਸ਼੍ਰੇਣੀ (ਸ਼ਿਲਪਸੰਘ) ਅਤੇ ਸੰਘ (ਬੌਧਮਠ

ਸ਼੍ਰੇਣੀਆਂ) ਆਦਿ ਸਮੂਹਿਕ ਸੰਗਠਨ ਵਿਘਟਿਤ ਹੋਣ ਲੱਗੇ। ਜਾਤੀ ਪ੍ਰਥਾ ਦੇ ਉਦੇ ਦੇ ਕਾਰਣ ਆਰਥਿਕ ਸ਼੍ਰੇਣੀਆਂ ਦੇ ਸਥਾਨ ਤੇ ਸਮਾਜਿਕ ਸ਼੍ਰੇਣੀਆਂ ਜ਼ਿਆਦਾ ਮਹੱਤਵਪੂਰਨ ਬਣ ਗਈਆਂ। ਅਲ-ਬਰੂਨੀ ਨੇ ਲਿਖਿਆ ਹੈ ਕਿ 11ਵੀਂ ਸਦੀ ਵਿੱਚ ਭਾਰਤੀ ਵਿਦੇਸ਼ੀਆਂ ਤੋਂ ਨਫ਼ਰਤ ਕਰਨ ਲੱਗੇ ਸਨ।

ਮਿਹਨਤ ਦੀ ਮਹਿਮਾ ਆਤਮਸਨਮਾਨ ਦੀ ਸੂਚਕ ਨਹੀਂ ਰਹੀ। ਸਮਾਜ ਅਤਿਅਧਿਕ ਵਿਭੇਦਿਤ ਹੋ ਗਿਆ। ਕਰਜ਼ੇ ਦਾ ਭੁਗਤਾਨ ਨਾ ਕਰ ਪਾਓਣ ਕਰ ਕੇ ਗੁਲਾਮ ਬਣਾਓਣਾ ਇੱਕ ਆਮ ਰਿਵਾਜ ਹੋ ਗਿਆ। ਅਜਿਹੇ ਲੋਕਾਂ ਨੂੰ ਚੰਡਾਲ, ਪੁਲਕਰਾਜ ਅਤੇ ਨਿਸ਼ਾਦ ਦੇ ਨਾਂਵਾਂ ਨਾਲ ਜਾਣਿਆ ਜਾਂਦਾ ਸੀ। "ਅਛੂਤਾਂ" ਨੂੰ ਉੱਚ ਜਾਤੀਆਂ ਤੋਂ ਅਲੱਗ ਰੱਖਿਆ ਜਾਂਦਾ ਸੀ। ਜਾਤੀ ਪ੍ਰਥਾ ਅਤੇ ਦਾਸਤਾ ਵਿੱਚ ਦੱਖਣ ਅਤੇ ਉੱਤਰ ਭਾਰਤ ਵਿੱਚ ਕੋਈ ਅੰਤਰ ਨਹੀਂ ਸੀ। ਉੱਤਰ ਦੀ ਤੁਲਨਾ ਵਿੱਚ ਦੱਖਣ ਵਿੱਚ ਪੇਂਡੂ ਜੀਵਨ ਅਤੇ ਸ਼ਿਲਪ-ਸੰਘਾਂ ਨੂੰ ਅਧਿਕ ਆਜ਼ਾਦੀ ਪ੍ਰਾਪਤ ਸੀ।

### 1.3.3 ਵਰਣ ਵਿਵਸਥਾ

ਇਹ ਕਹਿਣਾ ਗਲਤ ਹੋਵੇਗਾ ਕਿ ਪ੍ਰਾਗੈਤਿਹਾਸਿਕ ਸਮਾਜ ਜਾਤੀ ਵਿਹੀਣ, ਸਮਤਾ, ਸਮ੍ਰਿੱਧੀ ਅਤੇ ਧਰਮਪਰਾਇਣਤਾ ਪੂਰਨ ਸਹਸਤਰਾਵਿਦ ਸੀ। ਰਿਗਵੇਦ ਵਿੱਚ ਵਰਣਨ ਦੇ ਅਨੁਸਾਰ ਆਰਿਆਂ ਅਤੇ ਅਣ-ਆਰਿਆਂ ਵਿੱਚ ਸਮਾਜ ਦਾ ਵਿਭਾਜਨ ਸਤਰੀਕ੍ਰਿਤ ਸਮਾਜ ਦਾ ਪ੍ਰਥਮ ਸੂਚਕ ਹੈ। ਆਰਿਆ ਜਾਂ ਜਨਜਾਤੀ ਵਿਭਿੰਨ ਅਰਥ-ਪੂਰਨ ਕੰਮਾਂ ਜਿਵੇਂ ਖੇਤੀ, ਪਸ਼ੂ-ਪਾਲਣ ਅਤੇ ਵਪਾਰ ਆਦਿ ਦੇ ਆਧਾਰ ਤੇ ਚਾਰ ਸਮੂਹਾਂ ਵਿੱਚ ਵਿਭਾਜਿਤ ਸਨ। ਆਰਥਿਕ ਕੰਮ ਕਰਨ ਵਾਲਿਆਂ ਨੂੰ ਵੈਸ਼ ਕਿਹਾ ਜਾਂਦਾ ਸੀ। ਵੇਸ਼ੀਧਨ ਨੂੰ ਬ੍ਰਾਹਮਣ ਅਤੇ ਖੱਤਰੀ ਵਰਣਾਂ ਦੇ ਰੱਖ-ਰਖਾਅ ਉੱਤੇ ਖਰਚ ਕੀਤਾ ਜਾਂਦਾ ਸੀ। ਇਹ ਤਿੰਨ ਵਰਣ (ਬ੍ਰਾਹਮਣ, ਖੱਤਰੀ ਅਤੇ ਵੈਸ਼) ਆਪਣੇ ਕਾਰੋਬਾਰਾਂ ਤੋਂ ਨਾ ਕਿ ਆਪਣੇ ਸਰੀਰ ਦੇ ਰੰਗ ਤੋਂ ਪਹਿਚਾਣੇ ਜਾਂਦੇ ਸਨ।

ਸਮਾਜ ਕਲਿਆਣ ਦੇ ਲਈ ਬ੍ਰਾਹਮਣ ਧਾਰਮਿਕ ਅਤੇ ਅਨੁਸ਼ਠਾਨਿਕ ਕੰਮ, ਵੇਦਾਂ ਦਾ ਅਧਿਐਨ ਅਤੇ ਸਮਾਜ ਦੇ ਸਭ ਵਰਗਾਂ ਲਈ ਮਾਣ (ਧਰਮ) ਬਣਾਓਣ ਦੇ ਫਰਜ਼ ਨੂੰ ਪੂਰਾ ਕਰਨੇ ਸਨ। ਦੇਸ਼ ਦੀ ਰੱਖਿਆ, ਕਾਨੂੰਨ ਅਤੇ ਵਿਵਸਥਾ ਨੂੰ ਬਣਾ ਕੇ ਰੱਖਣਾ ਖੱਤਰੀ ਦਾ ਕੰਮ ਸੀ। ਸਮਾਂ ਬੀਤਣ ਨਾਲ ਇਨ੍ਹਾਂ ਤਿੰਨ ਵਰਣਾਂ ਨੇ ਆਪਣੇ ਕੰਮ ਵਿੱਚ ਕੁਸ਼ਲਤਾ ਪ੍ਰਾਪਤ ਕਰ ਲਈ ਅਤੇ ਇੱਕ ਸਮਾਜਿਕ ਸੋਪਾਨ ਵਿੱਚ ਢਲ ਗਏ ਜਿਸ ਨਾਲ ਬ੍ਰਾਹਮਣ, ਖੱਤਰੀ ਅਤੇ ਵੈਸ਼ ਦਾ ਪਹਿਲਾ, ਦੂਜਾ ਅਤੇ ਤੀਜਾ ਸਥਾਨ ਰਿਹਾ। ਚੌਥਾ ਸਥਾਨ ਸ਼ੂਦਰ ਜਾਂ ਦਾਸ ਦਾ ਰਿਹਾ ਜੋ ਤਿੰਨ ਵਰਗਾਂ ਦੇ ਲੋਕਾਂ ਦੀ ਸੇਵਾ ਕਰਨੇ ਸਨ। ਰਿਗਵੇਦ ਦੇ ਪੁਰਸ਼ਸੂਕਤ ਵਿੱਚ ਇੱਕ ਪੁਰਾਣੀ ਕਹਾਣੀ ਦੇ ਅਨੁਸਾਰ ਭਗਵਾਨ ਬ੍ਰਹਮਾ ਦੇ ਮੁਖ ਤੋਂ ਬ੍ਰਾਹਮਣ, ਭੁਜਾਵਾਂ ਤੋਂ ਖੱਤਰੀ, ਪੱਟਾਂ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰ ਦੀ ਉਤਪਤੀ ਹੋਈ।

ਵਰਣ ਜਾਤੀ ਸਮੂਹਾਂ ਤੋਂ ਭਿੰਨ ਹੈ ਕਿਓਂਕਿ ਵਰਣ ਹਿੰਦੂ ਸਮਾਜ ਦੇ ਵਿਸ਼ਾਲ ਭਾਗ ਹਨ, ਜਦੋਂ ਕਿ ਜਾਤੀਆਂ ਵਿਸ਼ਿਸ਼ਟ ਅੰਤਰ-ਵਿਵਾਹਿਕ ਸਮੂਹ ਹਨ ਜਿਨ੍ਹਾਂ ਦੀ ਸੰਖਿਆ ਹਜ਼ਾਰਾਂ ਵਿੱਚ ਹੈ। ਵਰਣ ਅਖਿਲ-ਭਾਰਤੀ ਸਾਧਾਰਣ ਘਟਕ ਹੈ ਜਦੋਂ ਕਿ ਜਾਤੀਆਂ ਸਥਾਨਿਕ ਸਮੂਹ ਹਨ। ਵਿਭਿੰਨ ਜਾਤੀਆਂ ਜੋ ਕੇਰਲ ਜਾਂ ਤਮਿਲਨਾਡੂ ਵਿੱਚ ਪਾਈਆਂ ਜਾਂਦੀਆਂ ਹਨ, ਓਹ ਗੁਜਰਾਤ ਅਤੇ ਰਾਜਸਥਾਨ ਵਿੱਚ ਨਹੀਂ ਪਾਈਆਂ ਜਾਂਦੀਆਂ। ਇੱਕ ਹੀ ਭੂਗੋਲਿਕ ਖੇਤਰ ਵਿੱਚ ਰਹਿਣ ਵਾਲੇ ਇੱਕ ਹੀ ਜਾਤੀ ਦੇ ਮੈਂਬਰਾਂ ਵਿੱਚ ਵਿਆਹ ਕਰਨੇ ਸਨ ਕਿਓਂਕਿ ਦੂਜੇ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੇ ਪੂਰਵਵ੍ਰਤਾਂ ਦੇ ਬਾਰੇ ਵਿੱਚ ਜਾਣਕਾਰ ਨਹੀਂ ਹੁੰਦੇ ਸਨ।

ਆਰੰਭ ਵਿੱਚ ਵਰਣਾਂ ਦੇ ਕਾਰੋਬਾਰ ਵੰਸ਼ਾਨੁਗਤ ਨਹੀਂ ਸਨ। ਨਾ ਕੇਵਲ ਕਾਰੋਬਾਰ ਦੇ ਪਰਿਵਰਤਨ ਦੀ ਛੂਟ ਸੀ, ਬਲਕਿ ਜੇਕਰ ਕਿਸੇ ਵਿਅਕਤੀ ਵਿੱਚ ਜ਼ਰੂਰੀ ਬੁੱਧੀ ਅਤੇ ਗੁਣ ਸਨ ਤਾਂ ਓਹ ਆਪਣੀ ਪ੍ਰਸਥਿਤੀ ਨੂੰ ਵੀ ਉੱਪਰ ਚੁੱਕ ਸਕਦਾ ਸੀ। ਉੱਚ ਤੋਂ ਨਿਮਨ ਜਾਤੀ ਦੀ ਪਦ-ਅਵਨਤੀ ਵੀ ਹੁੰਦੀ ਸੀ। ਸਮ੍ਰਿਤੀਆਂ ਤੋਂ ਬਾਅਦ ਵਿੱਚ ਜਾਤੀ ਅਤੇ ਕਾਰੋਬਾਰ ਸਥਿਰ ਅਤੇ ਵੰਸ਼ਾਨੁਗਤ ਬਣਦੇ ਗਏ। ਸਮਾਜਿਕ ਅਤੇ ਆਰਥਿਕ ਕ੍ਰਿਆਵਾਂ ਦਾ ਵਿਭਾਜਨ ਸਮਾਜਿਕ ਵਿਧਾਨ ਦਾ ਇੱਕ ਮਾਣਕ ਅਤੇ ਭਾਗ ਬਣ ਗਿਆ। ਵਿਅਕਤੀ ਉੱਦਮ ਦੇ ਉਦੇ ਨਾਲ ਵਿਅਕਤਿਕ ਸੰਪਤੀ ਦਾ ਰਸਤਾ ਖੁੱਲ ਗਿਆ। ਇਸ ਤਰਾਂ ਜਾਤੀ ਅਤੇ ਸੰਪਤੀ ਰੂਪੀ ਸੰਸਥਾਵਾਂ ਨੇ ਰਾਜ ਦਾ ਉਦਰਭਾਵ ਜ਼ਰੂਰੀ ਬਣ ਦਿੱਤਾ। ਆਰਥਿਕ ਅਤੇ ਰਾਜਨੀਤਿਕ ਕੰਮਾਂ ਨੂੰ ਪੂਰਾ ਕਰਨ ਲਈ ਦੇਸ਼, ਕੁਲਪਤੀ ਅਤੇ ਭੂ-ਸਵਾਮੀ ਪ੍ਰਮੁੱਖ ਸੰਦਰਭ ਸਤਰ ਬਣ ਗਏ। ਰਾਜਾ ਰਾਜ ਦਾ ਕੁਲਪਤੀ ਬਣਿਆ ਅਤੇ ਉਸਨੇ ਅਨੇਕਾਂ ਅਧਿਕਾਰੀ ਅਤੇ ਸਲਾਹਕਾਰਾਂ ਨੂੰ ਨਿਯੁਕਤ ਕੀਤਾ। ਰਾਜ ਨੇ ਰਾਜਸਵ ਅਤੇ ਹੋਰ ਕਰ ਵਸੂਲ ਕਰਨੇ ਸ਼ੁਰੂ ਕਰ ਦਿੱਤੇ। ਵਰਣ ਵਿਵਸਥਾ ਨੂੰ ਸਮਾਜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇੱਕ ਲਾਭਕਾਰੀ ਵਿਵਸਥਾ ਦੇ ਰੂਪ ਵਿੱਚ ਪ੍ਰਸਤੁਤ ਕੀਤਾ ਗਿਆ।

ਅਨੇਕਾਂ ਰਿਸ਼ੀਆਂ ਨੇ ਆਪਣੀਆਂ ਸੰਹਿਤਾਵਾਂ ਵਿੱਚ ਵਿਭਿੰਨ ਸਮੂਹਾਂ ਦੇ ਵਿੱਚ ਸਮਾਜਿਕ ਸੰਬੰਧਾਂ ਅਤੇ ਵਿਆਹ ਉੱਤੇ ਪ੍ਰਤੀਬੰਧ ਲਗਾਓਣ ਦੇ ਮਹੱਤਵ ਉੱਤੇ ਬਲ ਦੇ ਕੇ ਵਰਣ ਵਿਵਸਥਾ ਨੂੰ ਕਠੋਰ ਬਣਾਓਣ ਵਿੱਚ ਮਦਦ ਕੀਤੀ। ਰਮਾਇਣ, ਮਹਾਂਭਾਰਤ ਅਤੇ ਜਾਤਕ ਕਥਾਵਾਂ ਵਿੱਚ ਲਿਖਿਆ ਹੈ ਕਿ ਬ੍ਰਾਹਮਣ ਨਾ ਕੇਵਲ ਵਰਣ ਵਿਵਸਥਾ ਦੇ ਅੰਤਰਗਤ ਸਰਵਸ਼੍ਰੇਸ਼ਠ ਸਨ, ਬਲਕਿ ਓਹਨਾਂ ਕੋਲ ਸੰਪਤੀ ਅਤੇ ਸੱਤਾ ਵੀ ਸੀ। ਰਾਜਾ ਨੇ ਆਪਣੇ ਵਿਸ਼ੇਸ਼ਾਧਿਕਾਰ ਨਾਲ ਬ੍ਰਾਹਮਣਾਂ ਨੂੰ ਪਿੰਡਾਂ ਵਿੱਚੋਂ ਰਾਜਸਵ ਵਸੂਲ ਕਰਨ ਦੀ ਛੂਟ ਜਾਂ ਕਰ-ਮੁਕਤ ਜ਼ਮੀਨਾਂ (ਬ੍ਰਹਮਾਦੇਵ) ਦਿੱਤੀਆਂ ਸਨ। ਜਦੋਂ ਬ੍ਰਾਹਮਣ ਅਨੁਦਾਨਗ੍ਰਾਹੀ ਵੇਦਾਂ ਦੇ ਅਧਿਐਨ ਵਿੱਚ ਵਿਅਸਤ ਨਹੀਂ ਸਨ। ਓਹਨਾਂ ਵਿੱਚੋਂ ਅਨੇਕ ਵੈਸ਼ਆਂ ਦਾ ਕੰਮ ਕਰਨੇ ਸਨ। ਹੋਰ ਕਾਰੋਬਾਰਾਂ ਦੀ ਤਰਾਂ ਬ੍ਰਾਹਮਣਾਂ ਨੇ ਵੀ ਆਪਣੇ ਸੰਘ ਬਣਾਏ। ਓਹ ਆਪਣੇ ਹਿੱਸਿਆਂ ਦੇ ਲਈ ਝਗੜਦੇ ਵੀ ਰਹਿੰਦੇ ਸਨ। ਬ੍ਰਾਹਮਣ ਧਰਮ-ਨਿਰਪੱਖ ਨਹੀਂ ਸਨ ਕਿਓਂਕਿ ਓਹਨਾਂ

ਨੋਟ

ਨੂੰ ਰਾਜਿਆਂ ਅਤੇ ਜਨਸਾਧਾਰਣ ਦੋਹਾਂ ਤੋਂ ਬਹੁਤ ਸਾਰਾ ਦਾਨ ਮਿਲਦਾ ਸੀ। ਮਨੂ ਅਤੇ ਨਾਰਦ ਦੇ ਅਨੁਸਾਰ ਓਹ "ਭ੍ਰਿਸ਼ਟ" ਬਣ ਗਏ ਸਨ।

ਖੱਤਰੀਆਂ ਅਤੇ ਵੈਸ਼ਆਂ ਉੱਤੇ ਵਰਣ ਦਾ ਵੰਸ਼ਾਨੁਗਤ ਆਧਾਰ ਲਾਗੂ ਨਹੀਂ ਹੁੰਦਾ ਸੀ। "ਸ਼ਾਸਨ ਕਲਾ ਅਤੇ ਸੈਨਿਕ ਕਾਰੋਬਾਰ ਇੱਕ ਸਮੂਹ ਤੱਕ ਸੀਮਿਤ ਨਹੀਂ ਸਨ। ਭਾਰਤ ਦੇ ਇਤਿਹਾਸ ਵਿੱਚ ਬ੍ਰਾਹਮਣ, ਵੈਸ਼ ਅਤੇ ਸ਼ੂਦਰ ਸ਼ਾਹੀ ਰਾਜਵੰਸ਼ਾਂ ਦੇ ਉਲੇਖਾਂ ਦੀ ਕਮੀ ਨਹੀਂ ਹੈ। ਸਾਤਵਾਹਨ ਬ੍ਰਾਹਮਣ ਸਨ, ਗੁਪਤ ਵੈਸ਼ ਸਨ ਅਤੇ ਨੰਦ ਰਾਜਾ ਸ਼ੂਦਰ ਸਨ। ਇਸ ਤੋਂ ਇਲਾਵਾ ਯਵਨ, ਸ਼ਕ ਅਤੇ ਕੁਸ਼ਾਨ ਰਾਜਵੰਸ਼ ਕਿਸੇ ਜਾਤੀ ਦੇ ਨਹੀਂ ਸਨ।"

ਵੈਸ਼ ਇੱਕ ਬਹੁਤ ਅਧਿਕ ਵਿਭੇਦਿਤ ਜਾਤੀ ਸਮੂਹ ਸੀ ਕਿਉਂਕਿ ਉਸ ਵਿੱਚ ਕੁਝ ਪਰਿਵਾਰ ਧਨੀ ਸਨ ਅਤੇ ਹੋਰ ਛੋਟੇ ਕਿਸਾਨ, ਕਾਰੀਗਰ, ਫੇਰੀ ਵਾਲੇ ਅਤੇ ਨਿਮਨ ਕਰਮੀ ਸਨ। ਸ਼ੂਦਰ ਲੋਕਾਂ ਦਾ ਪ੍ਰਤੱਖ ਰੂਪ ਵਿੱਚ ਇੱਕ ਵਰਗ ਸਰੂਪ ਸੀ। ਓਹ ਤਿੰਨਾਂ ਵਰਣਾਂ ਦੀ ਸੇਵਾ ਕਰਨੇ ਸਨ ਅਤੇ ਓਹਨਾਂ ਦੀ ਆਰਥਿਕ ਸਥਿਤੀ ਨਿਮਨਤਮ ਸੀ। ਅਸਲੀਅਤ ਵਿੱਚ ਓਹ ਉੱਚ ਜਾਤੀਆਂ ਦੇ ਨੌਕਰ ਸਨ। ਫਿਰ ਵੀ ਓਹ ਵਰਣ ਵਿਵਸਥਾ ਤੋਂ ਬਾਹਰ ਸਮਝੇ ਜਾਂਦੇ ਸਨ। ਵਿਭੇਦੀਕਰਨ ਦੇ ਵਧਣ ਅਤੇ ਵਿਭਿੰਨ ਜਾਤੀਆਂ ਵਿੱਚ ਵਿਆਹ ਦੁਆਰਾ ਮਿਸ਼ਰਣ ਹੋਣ ਕਾਰਣ ਉਪ-ਜਾਤੀਆਂ ਬਣੀਆਂ।

ਕੀ ਜਾਤੀ ਅਤੇ ਵਰਗ ਪ੍ਰਾਚੀਨ ਭਾਰਤ ਵਿੱਚ ਪਰਸਪਰ ਵਿਆਪਤ ਸਨ? ਮਨੁੱਖ ਦੀ ਆਰਥਿਕ ਸਥਿਤੀ ਵਿੱਚ ਪਰਿਵਰਤਨ ਹੋਣ ਨਾਲ ਉਸ ਦੀ ਜਾਤੀ ਪਰਿਸਥਿਤੀ ਪ੍ਰਭਾਵਿਤ ਨਹੀਂ ਹੁੰਦੀ ਸੀ। ਜਾਤੀ ਅਤੇ ਵਰਗ, ਇਹ ਦੋ ਸੋਪਾਨ ਮੇਲ ਨਹੀਂ ਖਾਂਦੇ ਸਨ। ਵਰਗ ਸੋਪਾਨ ਵਿੱਚ ਉੱਪਰ ਤੋਂ ਨੀਚੇ ਤੱਕ ਨਿਮਨਲਿਖਤ ਵਰਗ ਸਨ: (1) ਉੱਚ ਅਧਿਕਾਰੀ, ਵਪਾਰੀ, ਸ਼ਾਹੂਕਾਰ ਅਤੇ ਭੂ-ਸਵਾਮੀ, (2) ਲਘੂ ਉਨਮੁਕਤ ਭੂਮੀਧਰ, ਕਾਰੀਗਰ ਅਤੇ ਸਾਧਾਰਣ ਅਧਿਕਾਰੀ, (3) ਅਧਿਕਾਰ ਅਤੇ ਸੰਪਤੀਵਿਹੀਣ ਮਜ਼ਦੂਰ ਅਤੇ (4) ਉਪੇਖਿਅਤ ਅਤੇ ਵੱਖਰੇ ਕੀਤੇ ਮਜ਼ਦੂਰ। ਆਖਰੀ ਦੋ ਕੋਟੀਆਂ ਵਿੱਚ ਸ਼ੂਦਰ ਅਤੇ ਮਲੇਛ ਲੋਕ ਸਨ। ਪ੍ਰੰਤੂ ਪਹਿਲੀਆਂ ਦੋ ਸ਼੍ਰੇਣੀਆਂ ਬ੍ਰਾਹਮਣਾਂ ਅਤੇ ਖੱਤਰੀਆਂ ਦੇ ਸਮਾਨਾਂਤਰ ਨਹੀਂ ਸਨ, ਕਿਉਂਕਿ ਜਿਨ੍ਹਾਂ ਲੋਕਾਂ ਨੇ ਆਪਣੇ ਕਾਰੋਬਾਰ ਲਗਨ ਨਾਲ ਕੀਤੇ, ਓਹ ਆਰਥਿਕ ਰੂਪ ਨਾਲ ਕਦੇ ਵੀ ਸੰਪੰਨ ਨਹੀਂ ਹੋ ਸਕੇ। ਬ੍ਰਾਹਮਣਾਂ ਅਤੇ ਖੱਤਰੀਆਂ ਨੂੰ ਬਹੁਤ ਸਨਮਾਨ ਅਤੇ ਪ੍ਰਭੁੱਤਵ ਪ੍ਰਾਪਤ ਸੀ ਕਿਉਂਕਿ ਓਹਨਾਂ ਦੇ ਕਾਰੋਬਾਰਾਂ ਦੀ ਉੱਚ ਸਮਾਜਿਕ ਅਤੇ ਸੰਸਕ੍ਰਿਤਿਕ ਮਹੱਤਤਾ ਸੀ। ਫਿਰ ਵੀ ਸਮਾਜ ਦੇ ਵਿਭਿੰਨ ਵਰਗਾਂ ਦੇ ਹਿਤਾਂ ਦਾ ਸੰਤੁਲਨ ਅਤੇ ਆਪਣਾ ਆਂਗਿਕ ਸਰੂਪ ਜਾਤੀ ਵਿਵਸਥਾ ਨੇ ਬਣਾ ਕੇ ਰੱਖਿਆ। ਬੁੱਧ ਧਰਮ ਦੇ ਉਥਾਨ ਨਾਲ ਜਾਤੀ ਪ੍ਰਥਾ ਨੂੰ ਗਹਿਰਾ ਅਘਾਤ ਪਹੁੰਚਿਆ।

### 1.3.4 ਵਰਣਾਸ਼੍ਰਮ ਵਿਵਸਥਾ

ਹਿੰਦੂ ਸਮਾਜ ਦਾ ਮੁੱਖ ਸਤੰਭ ਵਰਣਾਸ਼੍ਰਮ ਧਰਮ ਸੀ। ਵਰਣਾਸ਼੍ਰਮ ਵਿੱਚ ਚਾਰ ਵਰਣਾਂ (ਜਿਨ੍ਹਾਂ ਦਾ ਉਲੇਖ ਉੱਪਰ ਕੀਤਾ ਜਾ ਚੁੱਕਿਆ ਹੈ) ਅਤੇ ਮਨੁੱਖ ਦੇ ਜੀਵਨ ਵਿੱਚ ਚਾਰ ਅਵਸਥਾਵਾਂ (ਆਸ਼ਰਮਾਂ) ਦਾ ਸਮਾਵੇਸ਼ ਕੀਤਾ ਗਿਆ ਹੈ। ਚਾਰ ਆਸ਼ਰਮ (ਅਵਸਥਾਵਾਂ) ਬ੍ਰਹਮਾਚਰ, ਗ੍ਰਹਿਸਥ, ਵਾਣਪ੍ਰਸਥ ਅਤੇ ਸੰਨਿਆਸ ਸਨ। ਬ੍ਰਹਮਾਚਰ ਵਿੱਚ ਸਿੱਖਿਆ, ਚਰਿੱਤਰ ਅਤੇ ਵਿਅਕਤਿਤਵ ਦੇ ਨਿਰਮਾਣ ਦਾ ਕੰਮ ਕੀਤਾ ਜਾਂਦਾ ਸੀ। ਗ੍ਰਹਿਸਥ-ਆਸ਼ਰਮ ਵਿੱਚ ਮਨੁੱਖ ਵਿਆਹ ਕਰ ਕੇ ਆਪਣੇ ਪਰਿਵਾਰ ਦਾ ਪਾਲਣ ਇੱਕ ਧਾਰਮਿਕ ਫਰਜ਼ ਸਮਝ ਕੇ ਕਰਨਾ ਹੈ। ਤੀਜੇ ਅਤੇ ਚੌਥੇ ਆਸ਼ਰਮਾਂ ਵਿੱਚ ਇਸ ਸੰਸਾਰ ਦਾ ਪਰਿਤਿਆਗ ਕਰਨਾ ਹੈ ਅਤੇ ਅਧਿਆਤਮਿਕ ਗਿਆਨ ਅਤੇ ਮੋਕਸ਼ ਪ੍ਰਾਪਤ ਕਰਨ ਲਈ ਆਪਣਾ ਜੀਵਨ ਸਮਰਪਿਤ ਕਰਨਾ ਹੈ। ਆਸ਼ਰਮ ਸਮਾਨਤਾ ਅਤੇ ਏਕਤਾ ਦੇ ਸਿਧਾਂਤ ਸਨ। ਇਨ੍ਹਾਂ ਦਾ ਉਦੇਸ਼ ਇੱਕ ਭਰਪੂਰ ਜੀਵਨ ਦੀ ਪ੍ਰਾਪਤੀ ਸੀ।

ਇਨ੍ਹਾਂ ਯੋਜਨਾਵਾਂ ਨਾਲ ਪੁਰਸ਼ਾਰਥ ਦੀ ਯੋਜਨਾ ਗਹਿਰਾਈ ਨਾਲ ਜੁੜੀ ਸੀ। ਪੁਰਸ਼ਾਰਥ ਜੀਵਨ ਦੇ ਮੂਲ ਸਿਧਾਂਤ ਸਨ। ਪੁਰਸ਼ਾਰਥਾਂ ਦੁਆਰਾ ਮਨੁੱਖ ਨੂੰ ਆਪ, ਆਪਣੇ ਪਰਿਵਾਰ ਅਤੇ ਵਿਸ਼ਾਲ ਸਮੁਦਾਏ ਦੇ ਪ੍ਰਤੀ ਆਪਣੇ ਫਰਜ਼ਾਂ ਦਾ ਬੋਧ ਹੁੰਦਾ ਸੀ। ਧਰਮ, ਅਰਥ, ਕਾਮ ਅਤੇ ਮੋਕਸ਼ ਚਾਰ ਪੁਰਸ਼ਾਰਥ ਹਨ। ਇਨ੍ਹਾਂ ਸਿਧਾਂਤਾਂ ਨੂੰ ਇੱਕ ਸੋਪਨਿਕ ਕ੍ਰਮ ਵਿੱਚ ਵਿਵਸਥਿਤ ਮੁੱਲਭਾਵ ਜਾਂ ਜੀਵਨ ਦੇ ਉਦੇਸ਼ ਕਿਹਾ ਜਾ ਸਕਦਾ ਹੈ। ਧਰਮ ਜਾਂ ਨੈਤਿਕ ਫਰਜ਼ ਸਭ ਮਾਨਵ-ਕ੍ਰਿਆਵਾਂ ਵਿੱਚ ਮੂਲਭੂਤ ਹਨ।

ਸਮਾਜ ਸ਼ਾਸਤਰੀ ਯੋਗੇਂਦਰ ਸਿੰਘ ਨੇ ਚਾਰ ਸੋਪਾਨਾਂ ਦਾ ਉਲੇਖ ਕੀਤਾ ਹੈ, ਅਰਥਾਤ (1) ਭੂਮਿਕਾ-ਸੰਸਥਾਨ (ਵਰਣ), (2) ਕਰਿਸ਼ਮਾਈ ਪ੍ਰਤਿਭਾ (ਗੁਣ), (3) ਉਦੇਸ਼-ਅਭਿਵਿਲਿਆਸ (ਪੁਰਸ਼ਾਰਥ) ਅਤੇ (4) ਜੀਵਨ-ਅਵਸਥਾਵਾਂ ਅਤੇ ਮੂਲ-ਬੰਧਨ (ਆਸ਼ਰਮ)। ਇਹ ਚਾਰ ਸੋਪਾਨ ਸੰਸਕ੍ਰਿਤਿਕ ਵਿਵਸਥਾ ਅਤੇ ਉਸ ਦੀ ਸੰਰਚਨਾ ਦੀ ਹਿੰਦੂ ਅਵਧਾਰਣਾ ਦੇ ਭਾਗ ਹਨ। ਯੋਗੇਂਦਰ ਸਿੰਘ ਨੇ ਵਿਵਸਥਾ ਅਤੇ ਪਰਿਵਰਤਨ ਦੋਹਾਂ ਨੂੰ ਭਾਰਤੀ ਪਰੰਪਰਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸਿਆ ਹੈ। ਸੋਪਾਨ, ਸਾਕਲਵਾਦ ਅਤੇ ਨਿਰੰਤਰਤਾ (ਵਿਵਸਥਾ) ਨੂੰ ਸੰਕੇਤ ਕਰਨੇ ਹਨ, ਅਤੇ "ਪਰਿਵਰਤਨ" ਦੀ ਵਿਆਖਿਆ "ਅਨੁਭਵਾਤੀਤਾ" ਜਾਂ ਰੂਪਾਂਤਰਣ ਦੇ ਸੰਦਰਭ ਵਿੱਚ ਕੀਤੀ ਜਾਂਦੀ ਹੈ। ਭਾਰਤੀ ਪਰੰਪਰਾ ਵਿੱਚ ਹਰ ਵਸਤੂ ਸੋਪਾਨੀਕ੍ਰਿਤ ਹੁੰਦੀ ਹੈ।

### 1.3.5 ਇਸਲਾਮ ਦੀ ਪਰੰਪਰਾ ਅਤੇ ਸੰਸਕ੍ਰਿਤੀ

ਮੁਸਲਿਮ ਧਰਮ ਸੰਸਕ੍ਰਿਤੀ ਕੀ ਹੈ? ਯੋਗੇਂਦਰ ਸਿੰਘ ਦੇ ਅਨੁਸਾਰ: "ਹਿੰਦੂ ਦੀਰਘ ਪਰੰਪਰਾ ਦੀ ਸਰੰਚਨਾਂ ਦੇ ਵਿਪਰੀਤ, ਇਸਲਾਮ ਦੀ ਦੀਰਘ ਪਰੰਪਰਾ ਦਾ ਜੀਵਨ-ਦ੍ਰਿਸ਼ਟੀਕੋਣ ਉੱਪਰੀ ਤੌਰ ਤੇ ਅਸੋਪਾਨਿਕ ਹੈ, ਇਹ ਪਰੰਪਰਾ ਇੱਕੇਸ਼ੇਵਰਵਾਦਾਤਮਕ ਅਤੇ ਮਸੀਹੀਇਤਿਹਾਸਿਕ ਹੈ।" ਇਸਲਾਮ ਦੇ ਜੀਵਨ ਦ੍ਰਿਸ਼ਟੀਕੋਣ ਵਿੱਚ ਧਰਮ-ਪ੍ਰਚਾਰ ਦਾ ਵਿਸ਼ੇਸ਼ ਸਥਾਨ ਹੈ। ਇਸਲਾਮ

ਅਨੁਭਵਾਤੀਤ ਅਤੇ ਸਮਾਜ ਕੇਂਦਰਿਤ ਵੀ ਹੈ। ਸਿਧਾਂਤ ਰੂਪ ਵਿੱਚ ਇਸਲਾਮ ਵਿੱਚ ਪੁਰੋਹਿਤ ਨਹੀਂ ਹੁੰਦੇ ਹਨ। ਇਸਲਾਮ ਅਨੁਦਾਰ ਅਤੇ ਏਕਾਂਤਿਕ ਧਰਮ ਹੈ। ਇਹ ਮੁਸਲਿਮ ਉਲਮਾ ਦੀ ਏਕਤਾ (ਭਗਤਾਂ ਦੀ ਸਮੂਹਿਕਤਾ) ਉੱਤੇ ਆਧਾਰਿਤ ਹੈ। ਇਸ ਅਨੁਭਵਾਤੀਤਾ ਅਤੇ ਸਮੂਹਿਕਤਾ ਨੂੰ ਕੁਰਾਣ (ਧਰਮ-ਗ੍ਰੰਥ) ਅਤੇ ਵਿਭਿੰਨ ਇਸਲਾਮ ਦੀਆਂ ਪਰੰਪਰਾਵਾਂ ਤੋਂ ਯੋਗਦਾਨ ਮਿਲਿਆ ਹੈ। ਇਸ ਲਈ ਇਸਲਾਮ ਧਰਮ ਵਿੱਚ ਸਮਾਨਤਾ ਅਤੇ ਸਮਤਾਵਾਦ ਦੇ ਤੱਤ ਹਨ। ਆਰੰਭ ਵਿੱਚ ਇਸਲਾਮ ਦਾ ਪ੍ਰਸਾਰ ਜਨਜਾਤੀ ਲੋਕਾਂ ਵਿੱਚ ਸਮਤਾਵਾਦੀ ਸੰਦੇਸ਼ ਨਾਲ ਹੋਇਆ ਸੀ। ਪ੍ਰੰਤੂ ਇਸ ਤੋਂ ਬਾਅਦ ਇਸਲਾਮ ਵਿੱਚ ਜਟਿਲਤਾ ਆ ਗਈ। ਖਾਨਾਬਦੋਸ਼ਵਾਦ ਤੋਂ ਇਹ ਕਿਸਾਨੀ ਅਤੇ ਵਪਾਰਕ ਅਰਥਵਿਵਸਥਾ ਵਿੱਚ ਪਰਿਵਰਤਿਤ ਹੋ ਗਿਆ। ਇਸਲਾਮ ਦੀਆਂ ਜੜਾਂ ਕਈ ਦੇਸ਼ਾਂ ਵਿੱਚ ਫੈਲ ਗਈਆਂ। ਇਸ ਦਾ ਸਰੂਪ ਸਾਮੰਤ-ਸੱਤਾਵਾਦੀ ਹੋ ਗਿਆ।

ਭਾਰਤ ਵਿੱਚ ਸੰਖਿਆ ਦੀ ਦ੍ਰਿਸ਼ਟੀ ਨਾਲ ਮੁਸਲਮਾਨ ਦੂਜੇ ਸਥਾਨ ਤੇ ਆਉਂਦੇ ਹਨ। ਹਿੰਦੂਆਂ ਨੂੰ ਛੱਡ ਕੇ ਓਹਨਾਂ ਦਾ ਸਭ ਤੋਂ ਵੱਡਾ ਸਮੂਹ ਹੈ। ਇੱਕ ਸਹਸਤਰਾਬਦੀ ਤੋਂ ਹਿੰਦੂ ਅਤੇ ਮੁਸਲਮਾਨ ਇਕੱਠੇ ਰਹਿੰਦੇ ਆਏ ਹਨ। ਦੋਵੇਂ ਸੰਸਕ੍ਰਿਤੀਆਂ, ਜੀਵਨ-ਦ੍ਰਿਸ਼ਟੀਕੋਣ ਅਤੇ ਜੀਵਨ ਪੱਧਤੀਆਂ ਇੱਕ ਦੂਜੇ ਤੋਂ ਭਿੰਨ ਹਨ। ਇਸਲਾਮ ਅਤੇ ਹਿੰਦੂ ਪਰੰਪਰਾਵਾਂ ਵਿੱਚ ਅੰਤਰ-ਕ੍ਰਿਆ ਹੋਈ ਹੈ, ਓਹਨਾਂ ਦਾ ਸੰਸ਼ਲੇਸ਼ਣ ਹੋਇਆ ਹੈ ਅਤੇ ਓਹ ਇੱਕ ਦੂਜੇ ਤੋਂ ਅਲੱਗ ਵੀ ਰਹੀਆਂ ਹਨ। ਯੋਗੇਂਦਰ ਸਿੰਘ ਦੇ ਅਨੁਸਾਰ ਇਸਲਾਮਿਕ ਪਰੰਪਰਾਵਾਂ ਦੀਆਂ ਤਿੰਨ ਮੁੱਖ ਅਵਸਥਾਵਾਂ ਹਨ। ਇਹ ਹਨ: (1) ਭਾਰਤ ਵਿੱਚ ਇਸਲਾਮ ਸ਼ਾਸਨ ਦੀ ਅਵਧੀ, (2) ਬ੍ਰਿਟਿਸ਼ ਆਧਿਪਤ ਦੇ ਦੌਰਾਨ ਅਤੇ (3) ਭਾਰਤੀ ਸੁਤੰਤਰਤਾ ਅੰਦੋਲਨ ਅਤੇ ਭਾਰਤ ਦੀ ਸੁਤੰਤਰਤਾ ਅਤੇ ਦੇਸ਼ ਦੇ ਵਿਭਾਜਨ ਦੀ ਅਵਧੀ ਵਿੱਚ। ਪਹਿਲੀ ਅਵਸਥਾ ਵਿੱਚ ਹਿੰਦੂ ਅਤੇ ਇਸਲਾਮ ਪਰੰਪਰਾਵਾਂ ਵਿੱਚ ਸੰਘਰਸ਼, ਤਨਾਵ ਅਤੇ ਵਿਵਸਥਾਪਣ ਅਤੇ ਸੰਤੁਲਨ ਦੋਵੇਂ ਸਨ। ਮੁਸਲਿਮ ਸ਼ਾਸਕਾਂ ਨੇ ਉਲਮਾ ਦੀ ਮਦਦ ਨਾਲ ਧਰਮਯੁੱਧ (ਜਿਹਾਦ) ਅਪਨਾਇਆ ਸੀ। ਇਨ੍ਹਾਂ ਸੰਘਰਸ਼ਾਂ ਦੇ ਬਾਵਜੂਦ, ਪਾਰਸੀ ਸਮਾਜ ਦੇ ਨਾਲ ਸੰਪਰਕ ਹੋਣ ਦੇ ਕਾਰਣ ਦੋਹਾਂ ਪਰੰਪਰਾਵਾਂ ਦੇ ਜਨਜਾਤੀ ਸਮਤਾਵਾਦੀ ਸਰੂਪ ਵਿੱਚ ਪਰਿਵਰਤਨ ਆ ਗਿਆ ਸੀ। ਇਸ ਸਮੇਂ ਤੱਕ ਇਸਲਾਮ ਦੀ ਸਮਾਜਿਕ ਸੰਰਚਨਾ ਵਿੱਚ ਪ੍ਰਸਥਿਤੀ ਅਤੇ ਸਨਮਾਨ ਉੱਤੇ ਆਧਾਰਿਤ ਭੇਦਭਾਵਾਂ ਦਾ ਸਮਾਵੇਸ਼ ਹੋ ਚੁਕਾ ਸੀ।

ਇਸਲਾਮਿਕ ਸਮਾਜ ਪਰੋਹਤਾਂ, ਕੁਲੀਨਵਰਣ ਅਤੇ ਹੋਰ ਸਭ ਲੋਕਾਂ ਵਿੱਚ ਵਿਭਾਜਿਤ ਸੀ। 12ਵੀਂ ਸਦੀ ਵਿੱਚ ਮੁਸਲਮਾਨਾਂ ਵਿੱਚ ਵੰਸ਼ਾਨੁਗਤ ਉੱਤਰਾਧਿਕਾਰ ਵੀ ਪਾਇਆ ਜਾਂਦਾ ਸੀ। ਦੇਸੀ ਲੋਕਾਂ (ਅਪਰਿਵਰਤਿਤ ਵਿਦੇਸ਼ੀ) ਵਿੱਚ ਅਭਿਜਾਤ ਵਰਗ ਸਮਾਜ ਦਾ ਉੱਚਤਮ ਅੰਗ ਸੀ। ਅਸ਼ਰਫ ਮੁਸਲਮਾਨਾਂ ਵਿੱਚ ਚਾਰ ਸ਼੍ਰੇਣੀਆਂ (ਸੈਯਦ, ਸ਼ੇਖ, ਮੁਗਲ ਅਤੇ ਪਠਾਣ) ਸਨ। ਸੈਯਦ ਅਤੇ ਸ਼ੇਖ ਇਸਲਾਮ ਦੇ ਕੁਲੀਨ ਵਰਗ ਵਿੱਚ ਸਨ ਅਤੇ ਉੱਚ ਧਾਰਮਿਕ ਪਦਾਂ ਉੱਤੇ ਆਸੀਨ ਸਨ। ਮੁਗਲ ਅਤੇ ਪਠਾਣ ਯੋਧਾ, ਸਾਮੰਤ-ਕੁਲੀਨ ਅਤੇ ਸ਼ਾਸਕ ਸਨ। ਬਾਅਦ ਵਿੱਚ ਇਹ ਸਮੂਹ ਜਾਤੀ-ਤੁੱਲ ਸੰਰਚਨਾਂ ਵਿੱਚ ਪਰਿਵਰਤਿਤ ਹੋ ਗਏ, ਅਤੇ ਇਸਲਾਮ ਦੀ ਪਰੰਪਰਾ ਦੇ ਸੰਰੱਖਿਅਕ ਬਣ ਗਏ। ਸੂਫ਼ੀ ਪਰੰਪਰਾ ਵਿੱਚ ਸਤਾਰਾਂ ਸ਼੍ਰੇਣੀਆਂ ਸਨ। ਇਸ ਵਿੱਚ ਤਾਪਸਿਕ ਨੀਤੀ ਅਤੇ ਤੱਤਮਿਮਾਂਸਾ ਉੱਤੇ ਬਲ ਦੇਣ ਦੇ ਕਾਰਣ ਹਿੰਦੂ ਸੂਫੀ ਪਰੰਪਰਾ ਤੋਂ ਪ੍ਰਭਾਵਿਤ ਹੋਏ।

### 1.3.6 ਇਸਲਾਮ ਦਾ ਭਾਰਤੀ ਸਮਾਜ ਉੱਤੇ ਪ੍ਰਭਾਵ

ਇਸਲਾਮ ਦੇ ਉਦੇ ਤੋਂ ਪਹਿਲਾਂ ਅਤੇ ਹਰਸ਼ ਦੇ ਸ਼ਾਸਨ ਕਾਲ ਤੋਂ ਬਾਅਦ ਭਾਰਤ ਵਿੱਚ ਰਾਜਨੀਤਿਕ ਵਿਘਟਨ ਅਤੇ ਬੌਧਿਕ ਅਵਰੋਧ ਦਾ ਇੱਕ ਦੌਰ ਆਇਆ। ਦੇਸ਼ ਅਨੇਕਾਂ ਛੋਟੇ ਰਾਜਾਂ ਵਿੱਚ ਵੰਡਿਆ ਗਿਆ ਅਤੇ ਲੋਕਾਂ ਵਿੱਚ ਸੰਕੀਰਣ ਦ੍ਰਿਸ਼ਟੀਕੋਣ ਅਤੇ ਅਭਿਗਿਆਨ ਉਤਪੰਨ ਹੋ ਗਏ। ਧਾਰਮਿਕ ਅਤੇ ਸੰਸਕ੍ਰਿਤਿਕ ਜੀਵਨ ਵਿੱਚ ਔਪਚਾਰਿਕਵਾਦ ਅਤੇ ਸੱਤਾਵਾਦ ਹਾਵੀ ਸਨ। ਸ਼ੈਵਵਾਦ ਅਤੇ ਵੈਸ਼ਣਵਾਦ ਵਿਸ਼ਿਸ਼ਟ ਧਾਰਮਿਕ ਪੰਥਾਂ ਦੇ ਰੂਪ ਵਿੱਚ ਉੱਭਰ ਕੇ ਆਏ। ਬੁੱਧਜੀਵੀ ਅਭਿਜਾਤ ਨੇ ਕੋਈ ਨਵਾਚਾਰਿਕ ਧਾਰਮਿਕ ਲੇਖਣ, ਵਿਚਾਰ ਜਾਂ ਟਿੱਪਣੀਆਂ ਨਹੀਂ ਲਿਖੀਆਂ। ਗੁਪਤ ਰਾਜਵੰਸ਼ ਦੇ ਸਵਰਣ ਯੁਗ ਦਾ ਅੰਤ ਸ਼ਕ, ਹੂਣ ਅਤੇ ਗੁਰਜਰ ਸ਼ਾਸਕਾਂ ਦੇ ਹੱਥਾਂ ਵਿੱਚ ਹੋਇਆ। ਪ੍ਰੰਤੂ ਇਨ੍ਹਾਂ ਵਿਦੇਸ਼ੀਆਂ ਨੇ ਹੌਲੀ-ਹੌਲੀ ਹਿੰਦੂ ਧਰਮ ਅਤੇ ਸੰਸਕ੍ਰਿਤੀ ਨੂੰ ਅਪਣਾ ਲਿਆ। ਇਹ ਹਮਲਾਵਰ ਆਪਣੇ ਆਪ ਨੂੰ ਖੱਤਰੀਆਂ ਦੇ ਵੰਸ਼ਜ ਕਹਿੰਦੇ ਸਨ। ਇਹੀ ਸਮਾਂ ਰਾਜਪੂਤ ਸੰਸਕ੍ਰਿਤੀ, ਕਲਾ, ਸਾਹਿਤ, ਕਾਵ-ਪਾਠ ਅਤੇ ਨਾਟਕ ਦੀ ਸ਼ੁਰੂਆਤ ਸੀ। ਮਾਲਵਾ, ਕਨੌਜ, ਬੰਗਾਲ, ਕਸ਼ਮੀਰ, ਅਜਮੇਰ, ਗਵਾਲਿਅਰ, ਚਿਤੌੜ, ਰਣਥੰਭੌਰ ਅਤੇ ਮਾਂਡੂ ਨਾ ਕੇਵਲ ਰਾਜਪੂਤ ਬਹਾਦਰੀ ਦੇ ਲਈ ਹੀ ਪ੍ਰਸਿੱਧ ਸਥਾਨ ਸਨ, ਬਲਕਿ ਨਵੀਂ ਸੰਸਕ੍ਰਿਤੀ, ਵਸਤੂਕਲਾ ਅਤੇ ਸਾਹਿਤ ਦੇ ਲਈ ਵੀ ਪ੍ਰਸਿੱਧ ਸਨ। ਦੱਖਣ ਭਾਰਤ ਇਸ ਅਵਧੀ ਵਿੱਚ ਨਿਸ਼ਚਲ ਰਿਹਾ, ਅਤੇ ਇਸ ਲਈ ਉੱਥੇ ਉੱਤਰ ਭਾਰਤ ਦੀ ਤਰਾਂ ਰਾਜਨੀਤਿਕ ਵਿਘਟਨ ਨਹੀਂ ਹੋਇਆ। ਪੂਰੇ ਪ੍ਰਾਦੀਪ ਵਿੱਚ ਚੋਲ ਵੰਸ਼ ਦਾ ਸ਼ਾਸਨ ਸੀ।

ਇਤਿਹਾਸਕਾਰ ਤਾਰਾ ਚੰਦ ਨੇ ਆਪਣੀ ਪੁਸਤਕ, ਭਾਰਤੀ ਸੰਸਕ੍ਰਿਤੀ ਉੱਤੇ ਇਸਲਾਮ ਦਾ ਪ੍ਰਭਾਵ (ਅੰਗ੍ਰੇਜ਼ੀ) ਵਿੱਚ ਲਿਖਿਆ ਹੈ ਕਿ ਇਸਲਾਮੀ ਸੰਸਕ੍ਰਿਤੀ ਦੇ ਪ੍ਰਭਾਵ ਦੇ ਕਾਰਣ ਦੱਖਣ ਭਾਰਤ ਵਿੱਚ ਸਮਾਜਿਕ ਅਤੇ ਸੰਸਕ੍ਰਿਤਿਕ ਪੁਨਰਜਾਗਰਣ ਆਇਆ। ਭਾਰਤ ਵਿੱਚ ਇਸਲਾਮ ਦੇ ਆਪਣੇ ਤੋਂ ਕਈ ਸਦੀਆਂ ਪਹਿਲਾਂ ਅਰਬ ਦੇ ਮੁਸਲਮਾਨਾਂ ਦੇ ਦੱਖਣ ਭਾਰਤ ਨਾਲ ਵਪਾਰਕ ਸੰਬੰਧ ਸਨ। ਭਾਰਤ ਅਤੇ ਈਰਾਨ ਵਿੱਚ ਸਮੁੰਦਰੀ ਵਪਾਰ ਚਰਮ ਸੀਮਾ ਤੇ ਸੀ। ਕੁਝ ਵਿਦੇਸ਼ੀ ਵਪਾਰੀ ਤਾਂ ਸ੍ਰੀਲੰਕਾ ਅਤੇ ਮਾਲਾਬਾਰ ਤਟ ਉੱਤੇ ਵਸ ਵੀ ਗਏ ਸਨ। ਕੁਝ ਅਰਬੀ ਮੁਸਲਮਾਨ ਸਿੰਧ ਅਤੇ ਗੁਜਰਾਤ ਵਿੱਚ ਵੀ ਆਏ ਪ੍ਰੰਤੂ ਓਹਨਾਂ ਦਾ ਪ੍ਰਭਾਵ ਸੀਮਿਤ ਸੀ। 12ਵੀਂ ਸਦੀ ਤੋਂ ਭਾਰਤੀ ਸਮਾਜ ਉੱਤੇ ਇਸਲਾਮੀ ਸੰਸਕ੍ਰਿਤੀ ਦਾ ਪ੍ਰਭਾਵ ਸਪਸ਼ਟ ਦਿਖਾਈ ਦਿੰਦਾ ਹੈ।

ਨੋਟ

ਐਚ. ਪੀ. ਸ਼੍ਰੀਨਿਵਾਸ ਮੂਰਤੀ ਅਤੇ ਐਸ. ਯੂ. ਕਾਥਮ ਨੇ ਭਾਰਤੀ ਸਮਾਜ ਉੱਤੇ ਇਸਲਾਮ ਦੇ ਪ੍ਰਭਾਵ ਦੇ ਨਕਾਰਾਤਮਿਕ ਅਤੇ ਸਕਾਰਾਤਮਕ ਦੋਹਾਂ ਪਹਿਲੂਆਂ ਉੱਤੇ ਪ੍ਰਕਾਸ਼ ਪਾਇਆ ਹੈ। ਓਹਨਾਂ ਦੇ ਅਨੁਸਾਰ "ਹਿੰਦੂ ਸਮਾਜ ਨੂੰ ਘੋਰ ਜਾਤੀਵਾਦ ਅਤੇ ਅਨੰਨ ਬਣਾਓਣ ਵਿੱਚ ਇਸਲਾਮ ਪਰੋਖ ਰੂਪ ਵਿੱਚ ਉੱਤਰਦਾਈ ਹੈ। ਹਿੰਦੂ ਔਰਤਾਂ ਵਿੱਚ ਪਰਦਾ ਪ੍ਰਥਾ ਲਿਆਓਂਦੀ ਗਈ ਅਤੇ ਸਤੀ ਪ੍ਰਥਾ ਨੂੰ ਅਧਿਕ ਕਠੋਰ ਬਣਾਇਆ ਗਿਆ। ਬਾਲ ਵਿਆਹ ਅਧਿਕ ਜਨਪ੍ਰਿਅ ਹੋਏ।"

## 1.3.7 ਹਿੰਦੂ ਅਤੇ ਮੁਸਲਿਮ ਸੰਸਕ੍ਰਿਤੀਆਂ ਦਾ ਸੰਸ਼ਲੇਸ਼ਣ

ਹਿੰਦੀ ਵਿੱਚ ਸੂਫ਼ੀ ਲੇਖਕਾਂ ਦੇ ਲੇਖਣ ਨਾਲ ਹਿੰਦੀ ਦਾ ਵਿਕਾਸ ਹੋਇਆ। ਹਿੰਦੀ ਅਤੇ ਪਾਰਸੀ ਭਾਸ਼ਾਵਾਂ ਤੋਂ ਮਿਲ ਕੇ ਉਰਦੂ ਇੱਕ ਮਿਸ਼ਰਿਤ ਭਾਸ਼ਾ ਦੇ ਰੂਪ ਵਿੱਚ ਉੱਭਰ ਕੇ ਆਈ। ਭਾਰਤੀ ਸੰਗੀਤ ਵੀ ਇਸਲਾਮ ਤੋਂ ਬਹੁਤ ਪ੍ਰਭਾਵਿਤ ਹੋਇਆ। ਪਾਰਸੀ ਸੰਗੀਤ ਦੇ ਪ੍ਰਭਾਵ ਨਾਲ ਹਿੰਦੁਸਤਾਨੀ ਸੰਗੀਤ ਵਿੱਚ ਖਿਆਲ ਜਿਹੀ ਨਵੀਂ ਸ਼ੈਲੀ ਦਾ ਉਦੇ ਹੋਇਆ। ਤਬਲਾ ਅਤੇ ਸਿਤਾਰ ਜਿਹੇ ਨਵੇਂ ਵਾਦ ਯੰਤਰ ਵੀ ਵਿਕਸਿਤ ਹੋਏ। ਵਸਤੂਕਲਾ ਦੇ ਖੇਤਰ ਵਿੱਚ ਭਾਰਤੀ-ਮੁਸਲਿਮ ਸ਼ੈਲੀ, ਜਿਸ ਵਿੱਚ ਵੱਡੇ ਵਿਹੜੇ, ਅਤਿਵਿਸ਼ਾਲ ਗੁੰਬਦ, ਦਰਵਾਜ਼ੇ ਅਤੇ ਮੀਨਾਰ ਉੱਤੇ ਜ਼ੋਰ ਦਿੱਤਾ ਜਾਂਦਾ ਹੈ, ਉੱਭਰ ਕੇ ਆਈ। ਹਿੰਦੂਆਂ ਦੇ ਰਹੱਸਵਾਦ ਤੋਂ ਸੂਫੀਵਾਦ ਬਹੁਤ ਪ੍ਰਭਾਵਿਤ ਹੋਇਆ। ਇਸਲਾਮ ਦੇ ਏਕੇਸ਼ਰਵਾਦੀ ਵਿਚਾਰਾਂ ਨੇ ਹਿੰਦੂ ਸਮਾਜ ਨੂੰ ਪ੍ਰਭਾਵਿਤ ਕੀਤਾ, ਵਿਸ਼ੇਸ਼ ਕਰ ਕੇ ਕਬੀਰ ਜਿਹੇ ਭਗਤੀ ਅੰਦੋਲਨ ਦੇ ਕੁਝ ਅਗ੍ਰਣੀਆਂ ਨੂੰ। ਮੁਗਲ ਕਾਲ ਵਿੱਚ ਭਗਤੀ ਅੰਦੋਲਨ ਦਾ ਉਦੇ ਇੱਕ ਮਹੱਤਵਪੂਰਨ ਘਟਨਾ ਸੀ। ਭਗਤੀ ਅੰਦੋਲਨ ਦੇ ਨੇਤਾ ਰਹੱਸਵਾਦੀ ਸੰਤ ਸਨ। ਓਹਨਾਂ ਨੇ ਕਿਹਾ ਕਿ ਪਰਮਾਤਮਾ ਇੱਕ ਹੈ। ਈਸ਼ਵਰ ਦੇ ਬਾਰੇ ਵਿੱਚ ਸਾਰਵਭੌਮਿਕਤਾ, ਪ੍ਰੇਮ ਅਤੇ ਸਮਾਨਤਾ ਜਿਹੇ ਗੁਣਾਂ ਦਾ ਓਹਨਾਂ ਨੇ ਪ੍ਰਚਾਰ ਕੀਤਾ। ਇਸ ਸੰਪਰਦਾਏ ਦੇ ਮੁੱਖ ਸਮਰਥਕ ਵੈਸ਼ਣਵਾਦੀ ਸਨ। ਦੱਖਣ ਭਾਰਤ ਭਗਤੀ ਅੰਦੋਲਨ ਦਾ ਮੁੱਖ ਕੇਂਦਰ ਸੀ। ਤਮਿਲਨਾਡੂ ਦੇ ਨਯਨਾਰ (ਸ਼ੈਵਵਾਦੀ) ਅਤੇ ਆਲਾਵਰ (ਵੈਸ਼ਣਵਾਦੀ) ਸਮੁਦਾਵਾਂ ਨੇ ਭਗਤੀ-ਸੰਗੀਤ ਗਾ ਗਾ ਕੇ ਇਸ ਅੰਦੋਲਨ ਨੂੰ ਜਨਪ੍ਰਿਅ ਬਣਾਇਆ। ਸੰਤ ਰਾਮਾਨੁਜ ਅਤੇ ਮਾਧਵ ਇਸ ਦੇ ਮੁੱਖ ਕਰਨਧਾਰ ਸਨ। ਰਾਮਾਨੁਜ਼ ਨੇ ਵਿਸ਼ਿਸ਼ਟ ਅਦਵੈਤ (ਸੀਮਿਤ ਅਦਵੈਤਵਾਦ), ਅਤੇ ਮਾਧਵ ਨੇ ਦਵੈਤਵਾਦ ਦੀ ਸਿੱਖਿਆ ਦਿੱਤੀ। 12ਵੀਂ ਸਦੀ ਵਿੱਚ ਸੰਤ ਬਸਾਵਾ ਨੇ ਵੀਰਸ਼ੈਵਵਾਦ (ਇੱਕ ਉਤਸਾਹੀ ਸ਼ੈਵ ਸੰਪਰਦਾਏ) ਦਾ ਪ੍ਰਚਾਰ ਕੀਤਾ। ਰਾਮਾਨੰਦ (ਰਾਮਭਗਤੀ ਦੇ ਇੱਕ ਪ੍ਰਚਾਰਕ) ਕਬੀਰ ਗਿਆਨਦੇਵ ਅਤੇ ਰੈਦਾਸ ਹੋਰ ਭਗਤੀ ਸੰਤ ਸਨ ਜਿਨ੍ਹਾਂ ਨੇ ਉੱਤਰ ਭਾਰਤ ਵਿੱਚ ਅਦਵੈਤਵਾਦ ਦਾ ਪ੍ਰਚਾਰ ਕੀਤਾ। ਵਿਸ਼ਣੂ ਅਤੇ ਰਾਮ ਭਗਤੀ ਦੇ ਪ੍ਰਚਾਰ ਵਿੱਚ ਓਹ ਲੋਕ ਮੁੱਖ ਤੌਰ ਤੇ ਲੱਗੇ ਰਹੇ। ਭਗਤੀ ਦਾ ਕੋਈ ਇੱਕ ਧਰਮ ਨਹੀਂ ਸੀ। ਕਬੀਰ ਪੰਥ ਨੇ ਸਾਰਵਭੌਕਿਮ ਵਿਸ਼ਵ-ਬੰਧੁਤਵ, ਪ੍ਰੇਮ ਅਤੇ ਹਿੰਦੂ ਅਤੇ ਮੁਸਲਮਾਨਾਂ ਵਿੱਚ ਸ਼ਾਂਤੀ ਦਾ ਪ੍ਰਚਾਰ ਕੀਤਾ। ਚੈਤੰਨ ਮਹਾਂਪ੍ਰਭੂ, ਤੁਲਸੀਦਾਸ, ਸੂਰਦਾਸ ਅਤੇ ਮੀਰਾ ਨੇ ਭਗਤੀ ਅੰਦੋਲਨ ਅਤੇ ਹਿੰਦੀ ਸਾਹਿਤ ਨੂੰ ਮਜ਼ਬੂਤ ਬਣਾਇਆ।

ਇੱਕ ਨਵੇਂ ਧਰਮ ਦੀਨ-ਏ-ਇਲਾਹੀ ਦਾ ਪ੍ਰਚਾਰ ਕਰ ਕੇ ਮੁਗਲ ਬਾਦਸ਼ਾਹ ਅਕਬਰ ਨੇ ਹਿੰਦੂ, ਇਸਲਾਮ, ਜੈਨ ਅਤੇ ਪਾਰਸੀ ਧਰਮਾਂ ਦੇ ਵੀ ਸੰਸ਼ਲੇਸ਼ਣ ਨੂੰ ਪਾਓਣ ਦੀ ਕੋਸ਼ਿਸ਼ ਕੀਤੀ। ਸਾਹਿਤਕਾਰ ਅਮੀਰ ਖੁਸਰੋ ਨੇ ਮੁਸਲਿਮ ਸੰਸਕ੍ਰਿਤੀ ਵਿੱਚ ਹਿੰਦੂਵਾਦ ਨੂੰ ਪ੍ਰਵਿਸ਼ਟ ਕਰਵਾਓਣ ਦੀ ਕੋਸ਼ਿਸ਼ ਕੀਤੀ। ਅਨੇਕਾਂ ਕਵੀਆਂ ਨੇ ਹਿੰਦੀ ਵਿੱਚ ਰਚਨਾਵਾਂ ਕੀਤੀਆਂ। ਅਨੇਕਾਂ ਲੋਕਾਂ ਨੇ ਇਨ੍ਹਾਂ ਦੋਹਾਂ ਧਰਮਾਂ ਦੇ ਸੰਸਕ੍ਰਿਤਿਕ ਏਕੀਕਰਨ ਲਈ ਯਾਚਨਾਵਾਂ ਕੀਤੀਆਂ। ਇਸ ਸੰਸ਼ਲੇਸ਼ਣ ਦੇ ਨਾਲ ਨਾਲ ਇਸਲਾਮ, ਪ੍ਰਸ਼ਾਸਨ ਅਤੇ ਮੁਸਲਿਮ ਪੁਰੋਹਿਤ ਵਰਗ ਦੇ ਸਮਰਥਨ ਨਾਲ ਰੂੜ੍ਹੀਵਾਦੀ ਰਸਤੇ ਉੱਤੇ ਚਲਦਾ ਰਿਹਾ। ਮੁਸਲਮਾਨ ਕਾਜ਼ੀ (ਨਿਆਂਧੀਸ਼), ਮੁਫ਼ਤੀ (ਉਪਦੇਸ਼ਕ), ਫਣੀਦਾਰ (ਜਿਨ੍ਹਾਂ ਪ੍ਰਸ਼ਾਸਨ) ਅਤੇ ਦਰਬਾਰੀ (ਪਹਿਰੇਦਾਰ) ਆਰਥਿਕ ਲਾਭ ਅਤੇ ਸੱਤਾ ਦੇ ਪਦਾਂ ਉੱਤੇ ਕੰਮ ਕਰਨੇ ਸਨ। ਓਹਨਾਂ ਨੇ ਇਸਲਾਮੀ ਸੰਸਕ੍ਰਿਤੀ ਨੂੰ ਵਧਾਓਣ ਵਿੱਚ ਯੋਗਦਾਨ ਦਿੱਤਾ।

ਬ੍ਰਿਟਿਸ਼ ਕਾਲ ਵਿੱਚ ਮੁਸਲਮਾਨਾਂ ਦੀ ਪ੍ਰਤਿਸ਼ਠਾ ਅਤੇ ਸ਼ਕਤੀ ਵਿੱਚ ਕਮੀ ਆਈ। ਰਾਜਨੀਤਿਕ ਸ਼ਕਤੀ ਅਤੇ ਵੈਧਤਾ ਦੇ ਪਤਨ ਦੇ ਕਾਰਣ ਮੁਸਲਮਾਨ ਅਭਿਜਾਤ ਵਰਗ ਅਤੇ ਇਸਲਾਮੀ ਪਰੰਪਰਾ ਨੂੰ ਗਹਿਰਾ ਧੱਕਾ ਲੱਗਿਆ। ਮੁਸਲਮਾਨਾਂ ਵਿੱਚ ਗਰੀਬੀ ਨੇ ਘਰ ਕਰ ਲਿਆ ਅਤੇ ਓਹਨਾਂ ਦੀ ਸਿੱਖਿਆ ਪੱਧਤੀ ਵਿੱਚ ਵੀ ਗਹਿਰੇ ਪਰਿਵਰਤਨ ਹੋਏ। ਇਸਲਾਮ ਦੀਆਂ ਸਮਨਵਵਾਦੀ ਅਤੇ ਉਦਾਰ ਪ੍ਰਵਿਰਤੀਆਂ ਕਮਜ਼ੋਰ ਪੈ ਗਈਆਂ ਅਤੇ 8ਵੀਂ ਸਦੀ ਦੀ ਤਰਾਂ ਦੀ ਰੂੜ੍ਹੀਵਾਦਿਤਾ ਅਤੇ ਪੁਨਰਜਾਗਰਣ ਨੇ ਓਹਨਾਂ ਦਾ ਸਥਾਨ ਲੈ ਲਿਆ। ਯੋਗੇਂਦਰ ਸਿੰਘ ਦੇ ਅਨੁਸਾਰ, 19ਵੀਂ ਸਦੀ ਦੇ ਧਰਮ ਸੁਧਾਰ ਅੰਦੋਲਨ ਦੇ ਬਾਰੇ ਵਿੱਚ ਦੋ ਵਿਰੋਧਾਭਾਸੀ ਮਤਾਵਿਲੰਬੀ ਸਨ: (1) ਉਦਾਰਵਾਦ ਅਤੇ ਸ਼ਾਂਤੀਪੂਰਨ ਸੁਧਾਰ ਦੇ ਲਈ, (2) ਅਧਿਕ ਕੱਟਰਪੰਥਤਾ ਅਤੇ ਸੈਨਿਕਵਾਦ ਦੇ ਲਈ। ਦੂਜੇ ਮਤ-ਸਮਰਥਕ ਸ਼ਾਇਦ ਪਾਕਿਸਤਾਨ ਦੇ ਨਿਰਮਾਣ ਦੇ ਲਈ ਉੱਤਰਦਾਈ ਸਨ। 20ਵੀਂ ਸਦੀ ਦੇ ਆਰੰਭ ਵਿੱਚ ਸੁਤੰਤਰਤਾ ਸੰਗ੍ਰਾਮ ਦੇ ਸੰਦਰਭ ਵਿੱਚ ਸੰਬੰਧ ਦੋ ਸਤਰਾਂ ਤੇ ਸਨ: (1) ਇਸਲਾਮੀ ਪਰੰਪਰਾ ਦੇ ਨਾਲ ਧਰਮ-ਨਿਰਪੱਖ ਵਿਚਾਰਾਂ ਵਾਲੇ ਅਤੇ ਕੱਟੜਪੰਥੀ ਮੁਸਲਿਮ ਅਭਿਜਾਤ ਵਰਗ ਦੇ ਮੱਧ ਅਤੇ (2) ਹਿੰਦੂ ਅਭਿਜਾਤ ਦਾ ਮੁਸਲਮਾਨ ਅਭਿਜਾਤ ਦੇ ਨਾਲ ਸੰਬੰਧ। ਸੁਤੰਤਰ ਭਾਰਤ ਵਿੱਚ ਮੁਸਲਮਾਨਾਂ ਨੇ ਹਿੰਦੂਆਂ ਦੇ ਸਮਾਨ ਸੱਤਾ ਅਤੇ ਰਾਜਨੀਤਿਕ ਬਰਾਬਰੀ ਦੀ ਮੰਗ ਕੀਤੀ। ਓਹਨਾਂ ਨੂੰ ਡਰ ਸੀ ਕਿ ਓਹਨਾਂ ਦੇ ਨਾਲ ਸੁਤੰਤਰਤਾ ਤੋਂ ਬਾਅਦ ਪਹਿਲਾਂ ਜਿਹਾ ਵਿਵਹਾਰ ਨਹੀਂ ਕੀਤਾ ਜਾਵੇਗਾ। ਇਸ ਲਈ ਓਹਨਾਂ ਨੇ ਇੱਕ ਮੁਸਲਿਮ ਰਾਜ ਪਾਕਿਸਤਾਨ ਦੀ ਸਥਾਪਨਾ ਲਈ ਅੰਦੋਲਨ ਕੀਤਾ। ਓਹਨਾਂ ਨੇ ਸੋਚਿਆ ਕਿ ਮੁਸਲਿਮ ਰਾਜ ਦੀ ਸਥਾਪਨਾ ਨਾਲ ਨਾ ਕੇਵਲ ਓਹਨਾਂ ਨੂੰ ਖੋਈ ਹੋਈ ਸੱਤਾ ਅਤੇ ਪ੍ਰਤਿਸ਼ਠਾ ਹੀ ਪ੍ਰਾਪਤ ਹੋਵੇਗੀ, ਬਲਕਿ ਓਹ ਇਸਲਾਮੀ ਪਰੰਪਰਾ, ਸੰਸਕ੍ਰਿਤੀ ਅਤੇ ਰਾਸ਼ਟਰਵਾਦ ਦਾ ਪੁਨਰਜਾਗਰਣ ਵੀ ਕਰ ਪਾਓਣਗੇ।

ਯੋਗੇਂਦਰ ਸਿੰਘ ਨੇ ਲਘੂ ਅਤੇ ਦੀਰਘ ਪਰੰਪਰਾਵਾਂ ਵਿੱਚ ਨਿਮਨ ਵਿਭੇਦ ਕੀਤਾ ਹੈ। ਲਘੂ ਪਰੰਪਰਾ ਪੇਂਡੂ, ਜਨ-ਆਧਾਰਿਤ ਹੈ। ਇਸ ਨੂੰ ਮੰਨਣ ਵਾਲੇ ਅਸਿੱਖਿਅਤ ਅਤੇ ਘੱਟ ਰੀਤੀਬੱਧ ਵਿਅਕਤੀ ਹਨ, ਜਦੋਂ ਕਿ ਦੀਰਘ ਪਰੰਪਰਾ ਅਭਿਜਾਤ-ਆਧਾਰਿਤ, ਸ਼ਹਿਰੀ, ਮਨਣਸ਼ੀਲ ਅਤੇ ਰੀਤੀਬੱਧ ਹੈ। ਇਸਲਾਮੀ ਲਘੂ ਪਰੰਪਰਾ ਵਿੱਚ ਮੁੱਖ ਤੌਰ ਤੇ ਹਿੰਦੂ ਧਰਮ ਤੋਂ ਆਏ ਨਵਧਰਮੀ ਹਨ। ਇਸ ਵਿੱਚ ਓਹਨਾਂ ਮੁਸਲਮਾਨਾਂ ਦੇ ਵੰਸ਼ਜ ਵੀ ਹਨ ਜਿਨ੍ਹਾਂ ਦੀ ਸਮਾਜਿਕ ਪਰਿਸਥਿਤੀ ਨਿਮਨ ਹੋ ਗਈ ਸੀ। ਘੱਟ ਤੋਂ ਘੱਟ ਤਿੰਨ ਤਰਾਂ ਨਾਲ ਇਸਲਾਮੀਕਰਨ ਇੱਕ ਵਾਸਤਵਿਕਤਾ ਬਣੀ ਹੋਈ ਹੈ: (1) ਇਸਲਾਮ ਨੂੰ ਧਰਮ ਪਰਿਵਰਤਨ ਦੁਆਰਾ ਅਪਣਾ ਕੇ ਕਈ ਸਮੂਹ ਦੀ ਆਪਣੀ ਪ੍ਰਸਥਿਤੀ ਵਿੱਚ ਅਪਰਿਮੁਖੀ ਸੰਸਕ੍ਰਿਤਿਕ ਅਤੇ ਸਮਾਜਿਕ ਗਤੀਸ਼ੀਲਤਾ, (2) ਨਵ-ਧਰਮੀਆਂ ਵਿੱਚ ਕੱਟਰਪੰਥਤਾ ਨੂੰ ਪ੍ਰਤੀ ਸਥਾਪਿਤ ਕਰਨ ਲਈ ਅੰਦੋਲਨ ਅਤੇ (3) ਗੈਰ-ਮੁਸਲਮਾਨਾਂ ਦੁਆਰਾ ਕੁਝ ਇਸਲਾਮੀ ਸੰਸਕ੍ਰਿਤਿਕ ਮੁੱਲਾਂ ਨੂੰ ਅਪਣਾਉਣ ਦੇ ਸੰਦਰਭ ਵਿੱਚ।

ਬ੍ਰਿਟਿਸ਼ ਸ਼ਾਸਨ ਦੇ ਆਰੰਭ ਹੋਣ ਤੱਕ ਇਸਲਾਮੀਕਰਨ ਇੱਕ ਪ੍ਰਕਾਰ ਦਾ ਸੰਸਕ੍ਰਿਤੀਕਰਨ ਸੀ। ਬ੍ਰਿਟਿਸ਼ ਕਾਲ ਅਤੇ ਸੁਤੰਤਰਤਾ ਤੋਂ ਬਾਅਦ ਦੇ ਭਾਰਤ ਵਿੱਚ ਇਹ ਪੁਨਰਜਾਗਰਣਕਾਰੀ ਅੰਦੋਲਨ ਦੇ ਰੂਪ ਵਿੱਚ ਪਾਇਆ ਜਾਂਦਾ ਹੈ। ਫਿਰ ਵੀ ਧਰਮ ਪਰਿਵਰਤਨ ਤੋਂ ਸਮਾਜਿਕ-ਸੰਸਕ੍ਰਿਤਿਕ ਪਰਿਸਥਿਤੀ ਵਿੱਚ ਪਰਿਵਰਤਨ ਆਓਂਦਾ ਹੈ। ਅਤੇ ਯਦਾ ਕਦਾ ਆਰਥਿਕ ਲਾਭ ਅਤੇ ਮਾਨਸਿਕ ਸੰਤੁਸ਼ਟੀ ਵੀ ਪ੍ਰਾਪਤ ਹੁੰਦੀ ਹੈ। ਆਮ ਤੌਰ ਤੇ, ਅਧੋਪਤਿਤ ਪਰਿਸਥਿਤੀ ਵਾਲੇ ਨਿਮਨ ਹਿੰਦੂ ਜਾਤੀਆਂ ਦੇ ਮੈਂਬਰਾਂ ਨੇ ਇਸਲਾਮ ਨੂੰ ਜਾਂ ਪਿਛਲੇ ਕੁਝ ਦਸ਼ਕਾਂ ਵਿੱਚ ਈਸਾਈ ਧਰਮ ਨੂੰ ਪ੍ਰਸਥਿਤੀ ਦੀ ਸਮਾਨਤਾ ਅਤੇ ਆਰਥਿਕ ਲਾਭਾਂ ਲਈ ਅਪਣਾਇਆ। ਪ੍ਰੰਤੂ ਨਵ-ਧਰਮੀਆਂ ਨੂੰ ਪੁਰਾਣੇ ਧਰਮ-ਅਨੁਯਾਈਆਂ ਦੇ ਸਮਾਨ ਸਥਾਨ ਨਹੀਂ ਦਿੱਤਾ ਗਿਆ ਹੈ। ਅਤੇ ਨਾ ਹੀ ਓਹਨਾਂ ਨੂੰ ਉੱਚ ਸਥਾਨ ਦਿੱਤਾ ਗਿਆ ਹੈ ਜਿਨ੍ਹਾਂ ਨੂੰ ਛੱਡ ਕੇ ਓਹ ਨਵੇਂ ਧਰਮ ਵਿੱਚ ਸ਼ਾਮਿਲ ਹੋਏ ਹਨ। ਅੰਤਰ-ਵਿਆਹ ਅਤੇ ਅਨੁਲੋਮ ਵਿਆਹ ਦੇ ਸੰਦਰਭ ਵਿੱਚ, ਓਹ ਆਪਣੀਆਂ ਪੁਰਾਣੀਆਂ ਜਾਤੀਆਂ/ਸਮੁਦਾਵਾਂ ਦੇ ਨਿਯਮਾਂ ਦੇ ਅਨੁਸਾਰ ਹੀ ਪਰਿਵਰਤਨ ਤੋਂ ਬਾਅਦ ਵੀ ਕੰਮ ਕਰਨੇ ਹਨ।

ਭਾਰਤ ਵਿੱਚ ਮੁਸਲਮਾਨ ਅੱਜ ਵੀ ਇੱਕ ਅਨੁਦਾਰ ਸਮੁਦਾਏ ਹੈ। ਆਰਥਿਕ ਅਸਮਾਨਤਾਵਾਂ ਮੁਸਲਮਾਨਾਂ ਵਿੱਚ ਅਧਿਕ ਹਨ। ਓਹ ਵਿਅਕਤਿਕ ਕਾਨੂੰਨ, ਪਰਦਾ ਪ੍ਰਥਾ ਅਤੇ ਪਰਿਵਾਰ ਨਿਯੋਜਨ ਦੇ ਬਾਰੇ ਵਿੱਚ ਬਹੁਤ ਭਾਵੁਕ ਹਨ। ਸੰਸਕ੍ਰਿਤਿਕ ਮਾਮਲਿਆਂ ਵਿੱਚ ਮੁਸਲਮਾਨ ਹਿੰਦੂਆਂ ਦੀ ਤੁਲਨਾ ਵਿੱਚ ਅਧਿਕ 'ਪਿਛੜੇ' ਹੋਏ ਹਨ, ਕਿਓਂਕਿ ਹਿੰਦੂਆਂ ਵਿੱਚ ਅਨੁਸ਼ੀਲਨ ਖਮਤਾਵਾਂ ਅਧਿਕ ਪਾਈਆਂ ਗਈਆਂ ਹਨ। ਮੁਸਲਮਾਨ ਹਿੰਦੂਆਂ ਦੇ ਬਹੁ-ਸੰਖਿਆ ਵਿੱਚ ਹੋਣ ਦੇ ਕਾਰਣ ਵੀ ਡਰ ਅਤੇ ਸ਼ੱਕ ਨਾਲ ਗ੍ਰਸਤ ਰਹਿੰਦੇ ਹਨ। ਪਾਕਿਸਤਾਨ ਜੀਵਨ ਦੀ ਮੁੱਖ ਧਾਰਾ ਵਿੱਚ ਆਪਣੇ ਆਪ ਨੂੰ ਆਤਮਸਾਤ ਕਰ ਲੈਣਾ ਚਾਹੀਦਾ ਹੈ। ਮੁਸਲਮਾਨਾਂ ਵਿੱਚ ਆਤਮ-ਵਿਸ਼ਵਾਸ ਉਤਪੰਨ ਕਰਨ ਵਿੱਚ ਹਿੰਦੂ ਸਮੁਦਾਏ ਇੱਕ ਰਚਨਾਤਮਕ ਭੂਮਿਕਾ ਅਦਾ ਕਰ ਸਕਦਾ ਹੈ।

## 1.3.8 ਬ੍ਰਿਟਿਸ਼ ਕਾਲ ਵਿੱਚ ਸਮਾਜ

ਬ੍ਰਿਟਿਸ਼ ਘੁਸਪੈਠ ਦੇ ਸਮੇਂ ਭਾਰਤੀ ਸਮਾਜ ਲਗਭਗ ਨਿਸ਼ਚਲ ਸੀ। ਬ੍ਰਿਟਿਸ਼ ਸ਼ਾਸਕਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਓਹਨਾਂ ਨੂੰ ਹਿੰਦੂਆਂ ਦੇ ਸਮਾਜਿਕ ਰਿਵਾਜਾਂ ਅਤੇ ਧਾਰਮਿਕ ਆਸਥਾਵਾਂ ਵਿੱਚ ਹਸਤਖੇਪ ਨਹੀਂ ਕਰਨਾ ਚਾਹੀਦਾ। ਐਲ. ਅੱਬੇ ਡੁਬੋਈ ਦਾ ਮਤ ਸੀ ਕਿ ਜਿਸ ਦਿਨ ਬ੍ਰਿਟਿਸ਼ ਸ਼ਾਸਨ ਨੇ ਹਸਤਖੇਪ ਕੀਤਾ, ਓਹੀ ਇੱਕ ਰਾਜਨੀਤਿਕ ਸ਼ਕਤੀ ਦੇ ਰੂਪ ਵਿੱਚ ਇਸ ਦੇ ਅਸਤਿਤਵ ਦਾ ਅੰਤਿਮ ਦਿਨ ਹੋਵੇਗਾ। ਮੁਗਲ ਸ਼ਾਸਕ ਵੀ ਆਮ ਤੌਰ ਤੇ ਧਰਮ ਪਰਿਵਰਤਨ ਨੂੰ ਸਮਾਜਿਕ ਪਰਿਵਰਤਨ ਦਾ ਇੱਕ ਸਾਧਨ ਮੰਨਣ ਦੇ ਪੱਖ ਵਿੱਚ ਨਹੀਂ ਸਨ। ਇਸ ਪਾਠ ਦੇ ਪਹਿਲੇ ਅਨੁਭਾਗ ਵਿੱਚ ਅਸੀਂ ਕਿਹਾ ਹੈ ਕਿ ਮੱਧਕਾਲੀਨ ਯੁਗ ਵਿੱਚ ਇੱਕ ਪ੍ਰਕਾਰ ਦੇ ਸੰਸ਼ਲੇਸ਼ਣ ਦਾ ਉਦੇ ਹੋਇਆ। ਪੇਂਡੂ ਭਾਰਤ ਵਿੱਚ ਜਾਤੀ ਅਤੇ ਵਰਗ ਸੰਰਚਨਾਵਾਂ ਬ੍ਰਿਟਿਸ਼ ਸ਼ਾਸਨ ਦੇ ਆਰੰਭ ਵਿੱਚ ਕਠੋਰ ਅਤੇ ਨਿਸ਼ਚਲ ਸਨ। ਵਿਅਕਤੀ ਨੂੰ ਜਾਤੀ, ਪਰਿਵਾਰ ਅਤੇ ਪਿੰਡ ਦੇ ਅਧੀਨ ਸਮਝਿਆ ਜਾਂਦਾ ਸੀ। ਅਰਥਵਿਵਸਥਾ ਪੁਰਾਤਨ ਸੀ। ਲੋਕਾਂ ਵਿੱਚ ਰਾਸ਼ਟਰੀ ਚੇਤਨਾ ਦੀ ਕਮੀ ਸੀ। ਅਜਿਹੇ ਸਮੇਂ ਬ੍ਰਿਟਿਸ਼ ਸ਼ਾਸਨ ਦੇ ਆਗਮਨ ਨਾਲ ਨਵੀਂ ਸਥਿਤੀ ਉਤਪੰਨ ਹੋਈ।

ਬ੍ਰਿਟਿਸ਼ ਸਰਕਾਰ, ਈਸਾਈ ਮਿਸ਼ਨਰੀ ਅਤੇ ਅੰਗ੍ਰੇਜ਼ੀ ਸਿੱਖਿਆ ਦੇ ਮਾਧਿਅਮ ਨਾਲ ਭਾਰਤੀ ਸਮਾਜ ਉੱਤੇ ਪ੍ਰਭਾਵ ਪਿਆ ਹੈ। ਬ੍ਰਿਟਿਸ਼ ਸਰਕਾਰ ਨੇ ਦੇਸੀ ਪ੍ਰਸ਼ਾਸਨ ਅਤੇ ਅਭਿਸ਼ਾਸਨ ਦੀ ਥਾਂ ਗ੍ਰਹਿਣ ਕਰ ਲਈ। ਮਿਸ਼ਨਾਂ ਨੇ ਭਾਰਤੀਆਂ ਨੂੰ ਈਸਾਈ ਧਰਮ ਵਿੱਚ ਪਰਿਵਰਤਿਤ ਕਰਨ ਦੀ ਕੋਸ਼ਿਸ਼ ਕੀਤੀ। ਦੇਸੀ ਜਨਤਾ ਦੇ ਦ੍ਰਿਸ਼ਟੀਕੋਣ ਵਿੱਚ ਇੱਛਾ ਪਰਿਵਰਤਨ ਹੇਤੂ ਸਿੱਖਿਆ ਪ੍ਰਸਾਰ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਭਾਰਤ ਵਿੱਚ ਅੰਗ੍ਰੇਜ਼ ਸਮੁਦਾਏ ਨੇ ਵੀ ਦੇਸ਼ ਦੇ ਵਿਭਿੰਨ ਭਾਗਾਂ ਵਿੱਚ ਲੋਕਾਂ ਨੂੰ ਅਲੱਗ ਅਲੱਗ ਤਰਾਂ ਨਾਲ ਪ੍ਰਭਾਵਿਤ ਕੀਤਾ। ਬ੍ਰਿਟਿਸ਼ ਸ਼ਾਸਨ ਦੇ ਕੁਝ ਠੋਸ ਪਰਿਣਾਮਾਂ ਵਿੱਚ ਰਾਸ਼ਟਰੀ ਚੇਤਨਾ ਦਾ ਉਦੇ, ਸੰਗਠਨ ਦੇ ਮਹੱਤਵ ਨੂੰ ਸਮਝਣਾ ਅਤੇ ਇਸ ਤੋਂ ਬਾਅਦ ਅੰਦੋਲਨ ਦੇ ਮਹੱਤਵ ਨੂੰ ਸਮਝ ਕੇ 1885 ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ ਹੋਈ। ਕੇ. ਐਮ. ਪਨਿਕਰ ਦੇ ਅਨੁਸਾਰ, "ਬ੍ਰਿਟਿਸ਼ ਸ਼ਾਸਨ ਦੀ ਸਭ ਤੋਂ ਮਹੱਤਵਪੂਰਨ ਉਪਲਬਧੀ ਭਾਰਤ ਦਾ ਏਕੀਕਰਨ ਸੀ।" ਭਾਰਤੀ ਲੋਕਾਂ ਦੇ ਹਿਤ ਨੂੰ ਧਿਆਨ ਵਿੱਚ ਰੱਖ ਕੇ ਬ੍ਰਿਟਿਸ਼ ਸ਼ਾਸਨ ਨੇ ਜਾਣ-ਬੁੱਝ ਕੇ ਅਜਿਹਾ ਨਹੀਂ ਕੀਤਾ। ਅਸਲ ਵਿੱਚ ਓਹਨਾਂ ਦੀ ਰੁਚੀ ਪੂਰੇ ਭਾਰਤ ਵਿੱਚ ਆਪਣੇ ਸ਼ਾਸਨ ਦੇ ਪ੍ਰਸਾਰ ਅਤੇ ਉਸ ਨੂੰ ਦ੍ਰਿੜ੍ਹ ਕਰਨ ਵਿੱਚ ਸੀ। ਪੱਛਮੀ ਸਿੱਖਿਆ, ਯਾਤਾਯਾਤ ਅਤੇ ਸੰਚਾਰ ਦੇ ਸਾਧਨ, ਪ੍ਰੋਉਦਯੋਗਿਕੀ ਅਤੇ ਨਿਆਂਪਾਲਿਕਾ ਦੇ ਆਰੰਭ ਕਰਨ ਵਿੱਚ ਵੀ ਬ੍ਰਿਟਿਸ਼ ਸ਼ਾਸਨ ਦਾ ਆਪਣਾ ਹੀ ਹਿਤ ਪ੍ਰਮੁੱਖ ਸੀ।

ਨੋਟ

ਯੋਗੇਂਦਰ ਸਿੰਘ ਦੇ ਅਨੁਸਾਰ, "ਪੱਛਮ ਦੇ ਨਾਲ ਭਾਰਤੀ (ਹਿੰਦੂ) ਪਰੰਪਰਾ ਦਾ ਸੰਪਰਕ ਭਿੰਨ ਅਤੇ ਮੌਲਿਕ ਸਮਾਜ ਸ਼ਾਸਤਰੀ ਮਹੱਤਵ ਦਾ ਸੀ। ਇਤਿਹਾਸਿਕ ਦ੍ਰਿਸ਼ਟੀ ਨਾਲ ਇਹ ਸੰਪਰਕ ਇੱਕ ਪੂਰਬ-ਆਧੁਨਿਕ ਅਤੇ ਆਧੁਨਿਕੀਕ੍ਰਿਤ ਸੰਸਕ੍ਰਿਤੀ ਵਿਵਸਥਾ ਦੇ ਵਿੱਚ ਦਾ ਸੀ।" ਪੱਛਮੀ ਪਰੰਪਰਾ ਵਿੱਚ ਤਰਕਣਾਵਾਦ, ਸਮਾਨਤਾ ਅਤੇ ਸੁਤੰਤਰਤਾ ਉੱਤੇ ਆਧਾਰਿਤ ਵਿਗਿਆਨਿਕ ਅਤੇ ਪ੍ਰੌਦੁਯੋਗਿਕ ਵਿਸ਼ਵ-ਦ੍ਰਿਸ਼ਟੀ ਪਾਈ ਜਾਂਦੀ ਹੈ। ਫਲਸਰੂਪ, ਭਾਰਤੀ ਪਰੰਪਰਾ, ਜਿਸ ਵਿੱਚ ਪਹਿਲਾਂ ਹੀ ਇੱਕ ਪ੍ਰਕਾਰ ਦਾ 'ਵਿਗਾੜ' ਆ ਗਿਆ ਸੀ, ਖੁੱਲ੍ਹੀ, ਉਦਾਰ, ਸਮਾਨਤਾਵਾਦੀ ਅਤੇ ਮਾਨਵਤਾਵਾਦੀ ਬਣੀ। ਇਸ ਪ੍ਰਕਾਰ ਪੱਛਮੀ (ਬ੍ਰਿਟਿਸ਼) ਪਰੰਪਰਾ ਭਾਰਤੀ ਪਰੰਪਰਾ ਦੇ ਸਾਹਮਣੇ ਇੱਕ ਚੁਨੌਤੀ ਬਣ ਕੇ ਆਈ। ਸੋਪਾਨ, ਜੋ ਇੱਕ ਜਾਤੀ ਸਮੂਹ ਵਿੱਚ ਜਨਮ ਉੱਤੇ ਆਧਾਰਿਤ ਸਮਾਜਿਕ ਸੋਪਾਨ ਦਾ ਸਿਧਾਂਤ ਸੀ, ਅਤੇ ਸਾਕਲਵਾਦ ਜੋ ਵਿਭਿੰਨ ਸਮੂਹਾਂ ਨੂੰ ਪ੍ਰਦੱਤ ਪ੍ਰਕਾਰਾਂ ਅਤੇ ਕਰਤੱਵਾਂ ਦੇ ਸੰਪੰਨ ਕਰਨ ਦੇ ਮਾਣਕਾਂ ਉੱਤੇ ਆਧਾਰਿਤ ਭਿੰਨ -ਭਿੰਨ ਜਾਤੀ ਸਮੂਹਾਂ ਦੇ ਵਿੱਚ ਸਾਵਯਵੀ ਅੰਤਰ-ਨਿਰਭਰਤਾ ਸੀ, ਪੱਛਮੀ ਪਰੰਪਰਾ ਦੁਆਰਾ ਬਹੁਤ ਪ੍ਰਭਾਵਿਤ ਹੋਏ।

### 1.3.9 ਪੱਛਮੀਕਰਨ

ਐਮ. ਐਨ. ਸ਼੍ਰੀਨਿਵਾਸ ਦੇ ਅਨੁਸਾਰ ਪੱਛਮੀਕਰਨ ਓਹ ਪਰਿਵਰਤਨ ਹੈ ਜੋ ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦੇ ਪ੍ਰਭਾਵ ਦੇ ਕਾਰਣ ਆਇਆ ਹੈ। ਇਹ ਪਰਿਵਰਤਨ ਤਕਨੀਕ, ਵੇਸ-ਭੂਸ਼ਾ, ਖਾਣ-ਪਾਣ ਅਤੇ ਲੋਕਾਂ ਦੀਆਂ ਆਦਤਾਂ ਅਤੇ ਜੀਵਨ-ਸ਼ੈਲੀਆਂ ਆਦਿ ਵਿੱਚ ਦਿਖਾਈ ਦਿੰਦਾ ਹੈ। ਤਿੰਨ ਸਤਰਾਂ ਉੱਤੇ ਪੱਛਮੀਕਰਨ ਦੀ ਪ੍ਰਕ੍ਰਿਆ ਕੰਮ ਕਰਨੀ ਹੈ: (1) ਪ੍ਰਾਰਥਮਿਕ, (2) ਦੂਜੀ ਅਤੇ (3) ਤੀਜੀ। ਪ੍ਰਾਰਥਮਿਕ ਸਤਰ ਉੱਤੇ ਕੁਝ ਲੋਕ ਸਨ ਜੋ ਪੱਛਮੀ ਸੰਸਕ੍ਰਿਤੀ ਦੇ ਨਾਲ ਸੰਪਰਕ ਵਿੱਚ ਆਏ, ਅਤੇ ਇਸ ਤੋਂ ਲਾਭ ਲੈਣ ਵਾਲਿਆਂ ਵਿੱਚ ਵੀ ਪ੍ਰਥਮ ਸਨ। ਦੂਜੇ ਸਤਰ ਦੇ ਪੱਛਮੀਕਰਨ ਦਾ ਅਰਥ ਭਾਰਤੀ ਸਮਾਜ ਦੇ ਓਹਨਾਂ ਵਰਗਾਂ ਤੋਂ ਹੈ ਜੋ ਪ੍ਰਥਮ ਲਾਭ-ਭੋਗੀਆਂ ਦੇ ਨਾਲ ਪ੍ਰਤੱਖ ਸੰਪਰਕ ਵਿੱਚ ਆਏ। ਤੀਜੇ ਸਤਰ ਤੇ ਓਹ ਲੋਕ ਹਨ ਜੋ ਬ੍ਰਿਟਿਸ਼ ਦੁਆਰਾ ਸ਼ੁਰੂ ਕੀਤੀਆਂ ਗਈਆਂ ਤਰਕੀਬਾਂ ਦੇ ਬਾਰੇ ਵਿੱਚ ਅਪ੍ਰਤੱਖ ਰੂਪ ਨਾਲ ਜਾਣਕਾਰੀ ਪ੍ਰਾਪਤ ਕਰ ਪਾਏ। ਇਸ ਤਰਾਂ ਪੱਛਮੀਕਰਨ ਦੀ ਪ੍ਰਕ੍ਰਿਆ ਦੇ ਤਿੰਨ ਸਤਰ ਹਨ। ਭਾਰਤੀ ਸਮਾਜ ਦੇ ਵਿਭਿੰਨ ਅਨੁਭਾਗਾਂ ਵਿੱਚ ਇਸ ਪ੍ਰਕ੍ਰਿਆ ਦਾ ਪ੍ਰਸਾਰ ਅਸਮਾਨ ਅਤੇ ਅਸਮਾਨਤਾਵਾਦੀ ਵੀ ਰਿਹਾ ਹੈ। ਚਾਹੇ ਸ਼੍ਰੀਨਿਵਾਸ ਨੇ ਇਸ ਪ੍ਰਕ੍ਰਿਆ ਦੀ ਅੱਛਾਈਆਂ ਵਿੱਚ ਮਾਨਵਤਾਵਾਦ ਅਤੇ ਸਮਤਾਵਾਦ ਦਾ ਉਲੇਖ ਕੀਤਾ ਹੈ ਪ੍ਰੰਤੂ ਹੋਰ ਵਿਦਵਾਨਾਂ ਦੇ ਅਨੁਸਾਰ ਪੱਛਮੀਕਰਨ ਸੰਸਕ੍ਰਿਤਿਕ ਅਤੇ ਗਿਆਨਾਤਮਕ ਉਪਨਿਵੇਸ਼ਵਾਦ ਦੀ ਪ੍ਰਕ੍ਰਿਆ ਹੈ, ਅਤੇ "ਅਵਿਅਕਤਿਕ ਅਸੰਸਕ੍ਰਿਤਿਕ ਅਤੇ ਅਸਾਰਵਭੌਮ ਰਾਜ ਦਾ ਇੱਕ ਨਮੂਨਾ ਹੈ।"

ਪੱਛਮੀਕਰਨ ਨੇ ਨਵੇਂ ਆਧਾਰਾਂ ਉੱਤੇ ਇੱਕ ਅਖਿਲ ਭਾਰਤੀ ਸੰਸਕ੍ਰਿਤੀ ਦੇ ਪੁਨ:ਉਦੇ ਵਿੱਚ ਯੋਗਦਾਨ ਦਿੱਤਾ ਹੈ। ਪੱਛਮੀਕਰਨ ਦਾ ਪ੍ਰਭਾਵ ਸਿੱਖਿਆ, ਕਾਨੂੰਨ, ਵਿਗਿਆਨ ਅਤੇ ਤਕਨੀਕੀ ਰਾਜਨੀਤੀਕਰਨ ਦੇ ਨਵੇਂ ਪ੍ਰਕਾਰਾਂ, ਨਗਰੀਕਰਨ ਉਦਯੋਗਿਕੀਕਰਨ, ਪ੍ਰੈਸ ਅਤੇ ਯਾਤਾਯਾਤ ਅਤੇ ਸੰਚਾਰ ਦੇ ਸਾਧਨਾਂ ਦੇ ਖੇਤਰਾਂ ਵਿੱਚ ਹੋਇਆ ਹੈ। ਇਨ੍ਹਾਂ ਸੰਸਥਾਪਕ ਕੇਂਦਰਾਂ ਦੇ ਉਦੇ ਨੂੰ ਯੋਗੇਂਦਰ ਸਿੰਘ ਨੇ "ਸੰਸਕ੍ਰਿਤਿਕ ਆਧੁਨਿਕੀਕਰਨ" ਦੀ ਪ੍ਰਕ੍ਰਿਆ ਦਾ ਨਾਂ ਦਿੱਤਾ ਹੈ। ਪੱਛਮੀ ਪ੍ਰਭਾਵ ਦੁਆਰਾ, ਆਧੁਨਿਕੀਕਰਨ ਦੀ ਇੱਕ ਮਹਾਨ ਪਰੰਪਰਾ ਉਤਪੰਨ ਹੋਈ ਹੈ। ਨਿਸ਼ਚੇ ਹੀ, ਇਸ ਦੇ ਕਾਰਣ ਦੇਸੀ ਪਰੰਪਰਾ ਅਤੇ ਪੱਛਮੀ ਪਰੰਪਰਾ ਦੇ ਵਿੱਚ ਸੰਘਰਸ਼ ਦੀ ਸਮੱਸਿਆ ਬਣ ਗਈ ਹੈ। ਭਾਰਤੀ ਸਮਾਜ ਦੇ ਅਭਿਜਾਤ ਅਨੁਭਾਗਾਂ ਦੇ ਸੰਦਰਭ ਵਿੱਚ ਇਨ੍ਹਾਂ ਦੋਹਾਂ ਪਰੰਪਰਾਵਾਂ ਵਿੱਚ ਸੰਸ਼ਲੇਸ਼ਣ ਪਾਇਆ ਜਾਂਦਾ ਹੈ।

ਆਰੰਭਿਕ ਅਵਸਥਾ ਵਿੱਚ ਪੱਛਮੀ ਪ੍ਰਭਾਵ ਪਰਿਧੀਕ੍ਰਿਤ ਅਤੇ ਸਥਾਨੀਕ੍ਰਿਤ ਸੀ ਕਿਓਂਕਿ ਇਹ ਕਲਕੱਤਾ, ਬੰਬਈ ਅਤੇ ਮਦਰਾਸ ਸ਼ਹਿਰਾਂ ਵਿੱਚ ਮੱਧ ਵਰਗੀ ਲੋਕਾਂ ਤੱਕ ਸੀਮਿਤ ਰਿਹਾ। ਸਿੱਖਿਆ ਸੰਸਥਾਵਾਂ ਵੀ ਇਨ੍ਹਾਂ ਤਿੰਨ ਸ਼ਹਿਰਾਂ ਵਿੱਚ ਕੇਂਦਰਿਤ ਸਨ। ਅੰਗ੍ਰੇਜ਼ੀ ਸਿੱਖਿਆ ਦਾ ਦੁਹਰਾ ਪ੍ਰਭਾਵ ਪਿਆ: (1) ਸਿੱਖਿਅਤ ਲੋਕਾਂ ਵਿੱਚ ਪੱਛਮੀ ਮੁੱਲਾਂ ਅਤੇ ਵਿਚਾਰਧਾਰਾਵਾਂ ਦਾ ਅੰਤਰਨਿਵੇਸ਼ਨ, (2) ਸਮਾਜਿਕ ਅਤੇ ਸੰਸਕ੍ਰਿਤਿਕ ਸੁਧਾਰ ਅੰਦੋਲਨਾਂ ਦਾ ਆਰੋਹ। ਸੁਧਾਰ ਅੰਦੋਲਨਾਂ ਦੇ ਬਾਰੇ ਵਿੱਚ ਅਸੀਂ ਇੱਕ ਹੋਰ ਪਾਠ ਵਿੱਚ ਚਰਚਾ ਕਰਾਂਗੇ। ਸਿੱਖਿਆ ਵੀ ਉੱਚ ਅਤੇ ਮੱਧ ਵਰਗੀ ਸ਼ਹਿਰੀ ਲੋਕਾਂ ਤੱਕ ਸੀਮਿਤ ਸੀ। ਬ੍ਰਿਟਿਸ਼ ਸ਼ਾਸਨ ਨੇ ਇੱਕ ਨਵੀਂ ਚੇਤਨਾ ਅਤੇ ਮੁੱਲਾਂ ਦੀ ਸੰਰਚਨਾ ਦੀ ਰਚਨਾ ਕੀਤੀ। ਯੋਗੇਂਦਰ ਸਿੰਘ ਦੇ ਅਨੁਸਾਰ ਪੱਛਮੀਕਰਨ ਦੇ ਨਿਮਨ ਪ੍ਰਭਾਵ ਹਨ:

1. ਇੱਕ ਸਰਬ-ਵਿਆਪੀ ਵਿਧੀ ਅਧਿ-ਸੰਰਚਨਾਂ ਦਾ ਵਿਕਾਸ
2. ਸਿੱਖਿਆ ਪ੍ਰਸਾਰ
3. ਨਗਰੀਕਰਨ ਅਤੇ ਉਦਯੋਗਿਕੀਕਰਨ
4. ਸੰਚਾਰ ਦਾ ਵਿਸ਼ਾਲ ਜਾਲ
5. ਰਾਸ਼ਟਰੀਵਾਦ ਦਾ ਵਿਕਾਸ ਅਤੇ ਸਮਾਜ ਦਾ ਰਾਜਨੀਤੀਕਰਨ

ਸੰਪੂਰਨ ਦੇਸ਼ ਵਿੱਚ ਇਨ੍ਹਾਂ ਤੱਤਾਂ ਨਾਲ ਆਧੁਨਿਕੀਕਰਨ ਵਿੱਚ ਯੋਗਦਾਨ ਪ੍ਰਾਪਤ ਹੋਇਆ। ਨਿਆਂਪਾਲਿਕਾ, ਅਦਾਲਤ, ਕਾਨੂੰਨ (ਬਾਲ-ਵਿਆਹ, ਬਾਲ-ਹੱਤਿਆ ਅਤੇ ਸਤੀ ਆਦਿ ਨੂੰ ਰੋਕਣ ਲਈ), ਵਿਧੀ ਆਯੋਗ ਬਣਾਏ ਗਏ ਅਤੇ ਵਿਆਹ, ਪਰਿਵਾਰ, ਤਲਾਕ, ਗੋਦ ਲੈਣ ਦੀ ਪ੍ਰਥਾ, ਸੰਪਤੀ ਹਸਤਾਂਤਰਣ, ਅਲਪ-ਸੰਖਿਅਕ, ਭੂਮੀ-ਅਧਿਕਾਰ, ਲੈਣ-ਦੇਣ, ਵਪਾਰ, ਉਦਯੋਗ ਅਤੇ ਮਿਹਨਤ ਆਦਿ ਦੇ ਬਾਰੇ ਵਿੱਚ ਨਵੇਂ ਕਾਨੂੰਨ ਲਾਗੂ ਕੀਤੇ ਗਏ।

ਨੋਟ

### 1.3.10 ਸਿੱਖਿਆ ਉੱਤੇ ਪ੍ਰਭਾਵ

ਅੰਗ੍ਰੇਜ਼ੀ ਸਿੱਖਿਆ ਅਤੇ ਭਾਸ਼ਾ ਨੂੰ ਵਧਾਉਣ ਲਈ 1835 ਦੀ ਮੈਕਾਲੇ ਦੀ ਨੀਤੀ, ਸਿੱਖਿਆ ਦੇ ਪ੍ਰਸਾਰ ਵਿੱਚ ਮਿਸ਼ਨਾਂ ਦੀ ਭੂਮਿਕਾ ਅਤੇ 1882 ਦਾ ਪਹਿਲਾਂ ਸਿੱਖਿਆ ਆਯੋਗ ਬ੍ਰਿਟਿਸ਼ ਕਾਲ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ। ਬ੍ਰਿਟਿਸ਼ ਨੀਤੀ ਦੇ ਅੰਤਰਗਤ ਉੱਚ ਸਿੱਖਿਆ ਉੱਤੇ ਅਧਿਕ ਬਲ ਦਿੱਤਾ ਗਿਆ ਸੀ। ਪਹਿਲੇ ਅਤੇ ਦੂਜੇ ਸਤਰਾਂ ਉੱਤੇ ਸਿੱਖਿਆ ਦੀ ਅਵਹੇਲਣਾ ਕੀਤੀ ਗਈ ਸੀ। ਪਾਠਕ੍ਰਮ ਸਾਮੱਗਰੀ ਅਤੇ ਸਿੱਖਿਆ ਸੰਸਥਾਵਾਂ ਦੇ ਪ੍ਰਬੰਧ ਦੇ ਸੰਦਰਭ ਵਿੱਚ ਅੱਜ ਵੀ ਭਾਰਤ ਬ੍ਰਿਟਿਸ਼ ਨਮੂਨੇ ਦਾ ਅਨੁਕਰਨ ਕਰ ਰਿਹਾ ਹੈ। 1948 ਅਤੇ 1964 ਦੇ ਸਿੱਖਿਆ ਆਯੋਗਾਂ ਨੇ ਜੋ ਡਾ. ਆਰ. ਐਸ. ਰਾਧਾਕ੍ਰਿਸ਼ਣਨ ਅਤੇ ਡਾ. ਡੀ. ਐਸ. ਕੋਠਾਰੀ ਦੀ ਅਧਿਅਕਸ਼ਤਾ ਵਿੱਚ ਬਣੇ ਸਨ, ਇੱਛਿਤ ਫਲ ਪੂਰਤੀ ਨਹੀਂ ਕੀਤੀ ਹੈ। ਪ੍ਰੰਤੂ ਪਿਛਲੇ ਕੁਝ ਸਾਲਾਂ ਦੇ ਦੌਰਾਨ ਕੁਝ ਵਿਸ਼ਵ-ਵਿਦਿਆਲਿਆਂ ਵਿੱਚ ਸਮਾਜ ਵਿਗਿਆਨਾਂ ਅਤੇ ਮਾਨਵਿਕੀ ਵਿੱਚ ਪਾਠਕ੍ਰਮ ਦਾ ਦੇਸੀਕਰਨ ਕੀਤਾ ਗਿਆ ਹੈ।

ਭਾਰਤ ਵਿੱਚ ਨਗਰੀਕਰਨ ਅਤੇ ਉਦਯੋਗਿਕੀਕਰਨ ਸਹਿਵਰਤੀ ਹਨ। ਅਨੇਕਾਂ ਅਧਿਐਨਾਂ ਤੋਂ ਗਿਆਤ ਹੋਇਆ ਹੈ ਕਿ ਇਹ ਦੋਵੇਂ ਪ੍ਰਕ੍ਰਿਅਵਾਂ ਨੂੰ ਸਬਲ ਕਰਨੀਆਂ ਹਨ। ਵਿਕਸਿਤ ਦੇਸ਼ਾਂ ਦੀ ਤੁਲਨਾ ਵਿੱਚ ਭਾਰਤ ਵਿੱਚ ਨਗਰੀਕਰਨ ਇੱਕ ਧੀਮੀ ਪ੍ਰਕ੍ਰਿਆ ਹੈ। ਫਿਰ ਵੀ ਨਗਰੀ ਜਨ-ਸੰਖਿਆ ਵਿੱਚ ਵਾਧਾ ਹੈ। ਸ਼ਹਿਰਾਂ ਵਿੱਚ ਸਭ ਪ੍ਰਮੁੱਖ ਸੰਸਾਧਨਾਤਮਕ ਸੁਵਿਧਾਵਾਂ ਅਤੇ ਉੱਚ ਪ੍ਰਸ਼ਿਕਸ਼ਿਤ ਕਾਰੋਬਾਰੀਆਂ ਦਾ ਕੇਂਦਰੀਕਰਨ ਪਾਇਆ ਜਾਂਦਾ ਹੈ। ਇਹ ਪ੍ਰਕ੍ਰਿਆ ਵਿਭਿੰਨ ਸ਼ਹਿਰਾਂ ਅਤੇ ਖੇਤਰਾਂ ਵਿੱਚ ਅਸਮਾਨ ਰਹੀ ਹੈ, ਅਤੇ ਇਹੀ ਗੱਲ ਉਦਯੋਗੀਕਰਨ ਦੇ ਬਾਰੇ ਵਿੱਚ ਲਾਗੂ ਹੁੰਦੀ ਹੈ। ਭੂਤਕਾਲ ਵਿੱਚ ਉਦਯੋਗੀਕਰਨ ਦੇ ਤੇਜ਼ ਵਿਕਾਸ ਵਿੱਚ ਅਨੇਕ ਸੰਸਥਾਤਮਕ ਕਾਰਕ ਬਾਧਕ ਰਹੇ ਹਨ। ਰਿਚਰਡ ਲੈਂਬਰਟ, ਮਿਲਟਨ ਸਿੰਗਰ ਅਤੇ ਐਨ. ਆਰ. ਸੇਠ ਦੇ ਅਧਿਐਨਾਂ ਤੋਂ ਪਤਾ ਚਲਦਾ ਹੈ ਕਿ ਜਾਤੀ, ਸੰਯੁਕਤ ਪਰਿਵਾਰ ਅਤੇ ਹੋਰ ਪਰੰਪਰਾਤਮਕ ਮੁੱਲ ਕਾਰਖ਼ਾਨਿਆਂ ਅਤੇ ਉਦਯੋਗਿਕ ਸੰਗਠਨਾਂ ਵਿੱਚ ਸਮਾਜਿਕ ਸੰਬੰਧਾਂ ਦੇ ਸਵਸਥ ਪ੍ਰਤੀਮਾਨ ਵਿੱਚ ਬਾਧਿਤ ਨਹੀਂ ਹੋਏ ਹਨ।

ਯਾਤਾਯਾਤ ਸੰਚਾਰ ਦੇ ਸਾਧਨਾਂ ਨਾਲ ਵਾਸਤਵ ਵਿੱਚ ਨਵੇਂ ਸਮਾਜਿਕ ਅਤੇ ਸੰਸਕ੍ਰਿਤਿਕ ਸੰਪਰਕਾਂ ਦੇ ਯੁਗ ਦਾ ਸੂਤਰਪਾਤ ਹੋਇਆ ਹੈ। ਨਵੇਂ ਅਖ਼ਬਾਰ ਅਤੇ ਵਿਸ਼ੇਸ਼ ਕਰ ਕੇ ਖੇਤਰੀ ਭਾਸ਼ਾਵਾਂ ਵਿੱਚ, ਡਾਕ ਸੇਵਾਵਾਂ, ਚਲ ਚਿੱਤਰ ਅਤੇ ਰੇਡੀਓ ਆਦਿ ਸਭ ਬ੍ਰਿਟਿਸ਼ ਦੁਆਰਾ ਆਰੰਭ ਕੀਤੇ ਗਏ ਸਨ। ਇਹੀ ਗੱਲ ਰੇਲਵੇ ਅਤੇ ਹਵਾਈ ਯਾਤਾਯਾਤ ਦੇ ਬਾਰੇ ਵਿੱਚ ਸਹੀ ਹੈ। ਇਨ੍ਹਾਂ ਨਵੀਆਂ ਯੁਕਤੀਆਂ ਨੇ ਜਾਤੀ, ਪਵਿੱਤਰ-ਅਪਵਿੱਤਰ ਦੀਆਂ ਅਵਧਾਰਣਾਵਾਂ ਅਤੇ ਪ੍ਰਵਸਨ ਵਿੱਚ ਆਉਣ ਵਾਲੀਆਂ ਕਠਿਨਾਈਆਂ ਨੂੰ ਕਮਜ਼ੋਰ ਬਣਾਇਆ। ਨਿਸੰਕੋਚ ਸਥਾਨਿਕ ਗਤੀਸ਼ੀਲਤਾ ਇਨ੍ਹਾਂ ਸਾਧਨਾਂ ਦੀ ਉਪਲਬਧੀ ਦੇ ਕਾਰਣ ਜ਼ਰੂਰ ਵਧੀ, ਪ੍ਰੰਤੂ "ਮਾਨਸਿਕ ਗਤੀਸ਼ੀਲਤਾ" ਦੀ ਜੀਵਨ ਦਾ ਇੱਕ ਭਾਗ ਬਣ ਗਈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਬ੍ਰਿਟਿਸ਼ ਸ਼ਾਸਨ ਦੇ ਫਲਸਰੂਪ ਰਾਸ਼ਟਰੀ ਅਤੇ ਸਮਾਜਿਕ ਚੇਤਨਾ ਆਈ। ਰਾਜਾ ਰਾਮ ਮੋਹਨ ਰਾਏ ਅਤੇ ਮਹਾਤਮਾ ਗਾਂਧੀ ਨੇ ਬ੍ਰਿਟਿਸ਼ ਪਰੰਪਰਾ ਦੇ ਅਨੇਕ ਮਾਨਵਤਾਵਾਦੀ ਤੱਤਾਂ ਨੂੰ ਅਪਣਾਇਆ ਅਤੇ ਓਹਨਾਂ ਨੂੰ ਰਾਸ਼ਟਰੀ ਭਾਵਨਾਵਾਂ ਅਤੇ ਰਾਜਨੀਤਿਕ ਚੇਤਨਾ ਨੂੰ ਉਭਾਰਣ ਲਈ ਉਪਯੋਗ ਵਿੱਚ ਲਿਆਓਂਦਾ। ਪੱਛਮੀ ਦਾਰਸ਼ਨਿਕਾਂ ਦੇ ਸੰਪਰਦਾਇਕਤਾ, ਧਰਮ-ਨਿਰਪੱਖਵਾਦ ਅਤੇ ਰਾਸ਼ਟਰਵਾਦ ਦੇ ਵਿਚਾਰ ਬਹੁਤ ਲਾਭਦਾਇਕ ਸਿੱਧ ਹੋਏ।

### 1.3.11 ਸੁਤੰਤਰਤਾ ਤੋਂ ਬਾਅਦ ਦਾ ਭਾਰਤ

ਮੁੱਖ ਤੌਰ ਤੇ ਤਿਲਕ, ਗਾਂਧੀ, ਨਹਿਰੂ ਅਤੇ ਬੋਸ ਦੀ ਅਗਵਾਈ ਵਿੱਚ ਹਜ਼ਾਰਾਂ ਲੋਕਾਂ ਦੇ ਤਿਆਗ ਅਤੇ ਤਪੱਸਿਆ ਦੇ ਫਲਸਰੂਪ ਭਾਰਤ ਨੇ ਇੱਕ ਨਿਰੰਤਰ ਅਹਿੰਸਕ ਸੰਘਰਸ਼ ਦੁਆਰਾ ਸੁਤੰਤਰਤਾ ਪ੍ਰਾਪਤ ਕੀਤੀ।

ਭਾਰਤ 15 ਅਗਸਤ, 1947 ਨੂੰ ਸੁਤੰਤਰ ਹੋਇਆ। ਭਾਰਤ ਵਿਭਾਜਿਤ ਹੋਇਆ ਅਤੇ ਇਸ ਲਈ ਅਵਿਭਾਜਿਤ ਭਾਰਤ ਦੇ ਮੁਸਲਮਾਨਾਂ ਲਈ ਇੱਕ ਨਵੇਂ ਰਾਸ਼ਟਰ ਦੇ ਰੂਪ ਵਿੱਚ ਪਾਕਿਸਤਾਨ ਦਾ ਨਿਰਮਾਣ ਹੋਇਆ। ਭਾਰਤ ਨੇ ਵਿਕਾਸ ਅਤੇ ਪ੍ਰਗਤੀ ਲਈ ਪ੍ਰਜਤਾਂਤਰਿਕ-ਸਮਾਜਵਾਦੀ ਰਸਤਾ ਅਪਣਾਇਆ। ਭਾਰਤ ਨੇ ਇੱਕ ਨਵਾਂ ਸੰਵਿਧਾਨ ਬਣਾਇਆ ਜਿਸ ਨੂੰ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ। ਸੰਵਿਧਾਨ ਵਿੱਚ ਭਾਰਤ ਦੇ ਨਾਗਰਿਕਾਂ ਦੇ ਇਲਾਵਾ ਸਮਾਨਤਾ, ਪਰਿਵਰਤਨ ਨੂੰ ਸਮਾਜਵਾਦੀ ਦਿਸ਼ਾ ਦੇਣ ਲਈ, ਮੂਲ ਅਧਿਕਾਰਾਂ ਤੋਂ ਇਲਾਵਾ, ਰਾਜ ਲਈ ਨੀਤੀ ਨਿਰਦੇਸ਼ਕ ਸਿਧਾਂਤਾਂ ਦਾ ਵੀ ਸੰਵਿਧਾਨ ਵਿੱਚ ਸਮਾਵੇਸ਼ ਕੀਤਾ ਗਿਆ ਹੈ।

ਭਾਰਤ ਵਿੱਚ ਅੱਜ "ਕਾਨੂੰਨ ਦਾ ਸ਼ਾਸਨ" ਹੈ। ਸਭ ਨਾਗਰਿਕ ਸਮਾਨ ਹਨ ਅਤੇ ਇੱਕ ਹੀ ਸੱਤਾ ਖੇਤਰ ਵਿੱਚ ਰਹਿੰਦੇ ਹਨ। ਇੱਥੋਂ ਤੱਕ ਕਿ ਰਾਜਿਆਂ-ਮਹਾਰਾਜਿਆਂ ਅਤੇ ਸਾਮੰਤਾਂ ਨੂੰ ਦਿੱਤਾ ਜਾਣ ਵਾਲਾ ਰਾਜ ਭੱਤਾ ਵੀ 1969 ਵਿੱਚ ਖਤਮ ਕਰ ਦਿੱਤਾ ਗਿਆ। ਪ੍ਰਸਥਿਤੀ ਅਤੇ ਸ਼ਕਤੀ ਦਾ ਨਿਰਧਾਰਣ ਹੁਣ ਜਨਮ ਦੇ ਆਧਾਰ ਤੇ ਨਹੀਂ ਹੁੰਦਾ ਹੈ। ਸਮਾਜਿਕ ਸਨਮਾਨ ਅਤੇ ਵਿਸ਼ੇਸ਼ਾਧਿਕਾਰ ਪਾਓਣ ਲਈ ਧਰਮ, ਭਾਸ਼ਾ, ਜਾਤੀ ਜਾਂ ਸੰਜਾਤੀਵਾਦ ਆਧਾਰ ਨਹੀਂ ਰਹੇ ਹਨ। ਪ੍ਰੰਤੂ ਭਾਰਤੀ ਸਮਾਜ ਦੇ ਪ੍ਰਭੂ-ਅਨੁਭਾਗਾਂ ਦੇ ਦੁਆਰਾ ਕੀਤੇ ਜਾ ਰਹੇ ਭੇਦ-ਭਾਵ ਅਤੇ ਸ਼ੋਸ਼ਣ ਤੋਂ ਰੱਖਿਆ ਕਰਨ ਲਈ ਕਮਜ਼ੋਰ ਵਰਗਾਂ ਵਿਸ਼ੇਸ਼ ਕਰ ਕੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪਿਛੜੇ ਵਰਗਾਂ ਦੇ ਉਥਾਨ ਲਈ ਵਿਸ਼ੇਸ਼ ਸੁਵਿਧਾਵਾਂ ਅਤੇ ਵਿਵਸਥਾਵਾਂ ਦਿੱਤੀਆਂ ਗਈਆਂ ਹਨ। ਔਰਤਾਂ ਨੂੰ ਪੁਰਸ਼ਾਂ ਦੇ ਨਾਲ ਸਮਾਨਤਾ ਦਿੱਤੀ ਗਈ ਹੈ। ਭਾਰਤ ਦੇ ਸਭ ਨਾਗਰਿਕਾਂ ਨੂੰ ਪਿੰਡ, ਵਿਧਾਨ ਸਭਾ ਖੇਤਰ, ਰਾਜ ਅਤੇ ਕੇਂਦਰੀ ਸਤਰਾਂ ਉੱਤੇ ਮਤ ਦੇਣ ਦਾ ਅਧਿਕਾਰ ਪ੍ਰਾਪਤ ਹੈ।

ਨੋਟ

ਸਿੱਖਿਆ ਦੇ ਖੇਤਰ ਵਿੱਚ ਜ਼ਬਰਦਸਤ ਪ੍ਰਗਤੀ ਹੋਈ ਹੈ। ਪ੍ਰਾਰਥਮਿਕ ਸਤਰ ਉੱਤੇ ਦਸ ਕਰੋੜ ਤੋਂ ਵੀ ਅਧਿਕ ਬਾਲਕ-ਬਾਲਿਕਾਵਾਂ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਸੇ ਤਰਾਂ ਦੂਜੇ ਸਤਰ ਉੱਤੇ ਸੰਖਿਆ ਵਿੱਚ ਵਾਧਾ ਹੋਇਆ ਹੈ। ਮਹਾਂਵਿਦਿਆਲੇ ਅਤੇ ਵਿਸ਼ਵ-ਵਿਦਿਆਲੇ ਸਤਰਾਂ ਉੱਤੇ ਵੀ ਸਿੱਖਿਆ ਵਿੱਚ ਅਤਿਅੰਤ ਪ੍ਰਗਤੀ ਹੋਈ ਹੈ। ਅੱਜ ਭਾਰਤ ਵਿੱਚ ਲਗਭਗ 200 ਵਿਸ਼ਵ-ਵਿਦਿਆਲੇ ਹਨ। ਭਾਰਤ ਸਰਕਾਰ ਦੁਆਰਾ ਸੀਨੀਅਰ ਸਕੂਲ, ਮਹਾਂਵਿਦਿਆਲੇ ਅਤੇ ਵਿਸ਼ਵ-ਵਿਦਿਆਲੇ ਸਤਰਾਂ ਉੱਤੇ ਸਿੱਖਿਆ ਦਾ ਨਾਨਾ ਰੂਪਕਰਨ ਕੀਤਾ ਗਿਆ ਹੈ। ਪ੍ਰਾਥਮਿਕ ਸਤਰ ਉੱਤੇ ਬੁਨਿਆਦੀ ਸਿੱਖਿਆ ਦਿੱਤੀ ਜਾ ਰਹੀ ਹੈ। ਸਿੱਖਿਅਤ ਨੌਜਵਾਨ ਅਤੇ ਮੁਟਿਆਰਾਂ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਅੱਜ ਸੀਨੀਅਰ ਸਕੂਲ ਅਤੇ ਵਿਸ਼ਵ-ਵਿਦਿਆਲੇ ਸਤਰਾਂ ਉੱਤੇ ਕਾਰੋਬਾਰੀਕਰਨ, ਕੰਪਯੂਟਰ ਸਿਸਟਮ, ਅਨੁਪ੍ਰਯੁਕਤ ਵਿਗਿਆਨ, ਪ੍ਰਬੰਧ ਅਤੇ ਕੁਝ ਹੋਰ ਮਹੱਤਵਪੂਰਨ ਅਤੇ ਲਾਭਕਾਰੀ ਗਿਆਨ ਦੇ ਖੇਤਰਾਂ ਉੱਤੇ ਬਲ ਦਿੱਤਾ ਜਾ ਰਿਹਾ ਹੈ।

ਭਾਰਤ ਸਰਕਾਰ ਨੇ 1986-87 ਤੋਂ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਹੈ। ਨਵੀਂ ਨੀਤੀ ਵਿੱਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਔਰਤਾਂ ਅਤੇ ਪਿਛੜੇ ਵਰਗਾਂ ਨੂੰ ਸਿੱਖਿਅਤ ਕਰਨ ਲਈ ਵਿਸ਼ੇਸ਼ ਪ੍ਰਾਵਧਾਨ ਕੀਤਾ ਗਿਆ ਹੈ।

ਸਿੱਖਿਆ ਦੇ ਕਾਰਣ ਪਿੰਡਾਂ ਤੋਂ ਸ਼ਹਿਰਾਂ ਅਤੇ ਕਸਬਿਆਂ ਵਿੱਚ ਪ੍ਰਵਸਨ ਵਿੱਚ ਨਗਰੀਕਰਨ ਦੀ ਪ੍ਰਕ੍ਰਿਆ ਨੂੰ ਵਧਾਵਾ ਮਿਲਿਆ ਹੈ। ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਹਿੰਦੀ ਅਤੇ ਹੋਰ ਰਾਸ਼ਟਰੀ ਭਾਸ਼ਾਵਾਂ ਦੇ ਉਥਾਨ ਉੱਤੇ ਬਲ ਦਿੱਤਾ ਗਿਆ ਹੈ। ਸਕੂਲ ਸਤਰ ਉੱਤੇ ਤਿੰਨ ਭਾਸ਼ਾਵਾਂ ਸਿੱਖਣ ਦੀ ਨੀਤੀ ਸਭ ਰਾਜਾਂ ਵਿੱਚ ਕ੍ਰਿਆਂਵਿਤ ਕਰ ਦਿੱਤੀ ਗਈ ਹੈ।

ਰਾਜ ਪੁਨਰਗਠਨ ਆਯੋਗ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ 1955 ਵਿੱਚ ਰਾਜਾਂ ਦਾ ਪੁਨਰਗਠਨ ਕੀਤਾ ਗਿਆ ਸੀ। ਇਹ ਕੰਮ ਲੋਕਾਂ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ ਦੀ ਪਹਿਚਾਣ ਉੱਤੇ ਆਧਾਰਿਤ ਹੈ। ਹਰ ਰਾਜ ਵਿੱਚ ਕੁਝ ਸੰਸਕ੍ਰਿਤਿਕ ਸੰਸਕਤੀਸ਼ੀਲਤਾ ਪਾਈ ਜਾਂਦੀ ਹੈ। ਭਾਰਤ ਵਿੱਚ ਇੱਕ ਅਦਭੁਤ ਪ੍ਰਕਾਰ ਦਾ ਸਾਮੰਤਵਾਦ ਸੀ, ਜਿਸ ਦੇ ਅੰਤਰਗਤ ਰਾਜਿਆਂ, ਠਾਣੇਦਾਰਾਂ, ਜਾਗੀਰਦਾਰਾਂ ਅਤੇ ਜ਼ਿਮੀਂਦਾਰਾਂ ਨੂੰ ਮਾਈ-ਬਾਪ ਦੀ ਤਰਾਂ ਮੰਨਿਆ ਜਾਂਦਾ ਸੀ। ਸਰਕਾਰ ਨੇ ਸਭ ਤੋਂ ਪਹਿਲਾਂ ਇਸ ਤਰਾਂ ਦੇ ਪੈਤ੍ਰਿਕ ਸਾਮੰਤਵਾਦ ਦਾ ਖਾਤਮਾ ਕੀਤਾ ਅਤੇ ਇਸ ਤੋਂ ਬਾਅਦ ਸਾਮੰਤਾਂ ਨੂੰ ਪ੍ਰਦੱਤ ਰਾਜਭੱਤਾ ਅਤੇ ਮੁਆਵਜ਼ਾ ਖਤਮ ਕੀਤਾ। ਇਹ ਵਾਸਤਵ ਵਿੱਚ ਇੱਕ ਕ੍ਰਾਂਤੀਕਾਰੀ ਕਦਮ ਸੀ ਕਿਓਂਕਿ ਕਿਸਾਨਾਂ ਨੂੰ ਮਾਲਿਕ ਹੋਣ ਦੇ ਅਧਿਕਾਰ ਸਵੀਕ੍ਰਿਤ ਕੀਤੇ ਗਏ ਸਨ। ਜ਼ਿਮੀਂਦਾਰਾਂ ਨੂੰ ਮੱਧਸਥਾਂ ਦੇ ਰੂਪ ਵਿੱਚ ਕਾਨੂੰਨ ਦੁਆਰਾ ਖਤਮ ਕੀਤਾ ਗਿਆ। ਇਸ ਤੋਂ ਬਾਅਦ ਛੋਟੀ ਜਾਤਾਂ ਦੀ ਚੱਕਬੰਦੀ ਅਤੇ ਅਧਿਕਤਮ ਜੋਤਾਂ ਤੇ ਸੀਮਾ-ਨਿਰਧਾਰਣ ਦਾ ਕੰਮ ਭੂਮੀ-ਸੁਧਾਰ ਉਪਾਵਾਂ ਦੇ ਅੰਤਰਗਤ ਕੀਤਾ ਗਿਆ। ਇਨ੍ਹਾਂ ਸੁਧਾਰਾਂ ਦੇ ਫਲਸਰੂਪ "ਹਰੀ ਕ੍ਰਾਂਤੀ", ਨਵੀਂ ਤਕਨੀਕ ਦਾ ਅਭਿਗ੍ਰਹਿਣ, ਉਪਜਾਊਪਣ ਅਤੇ ਬੀਜ ਆਦਿ ਖੇਤੀ ਦੇ ਖੇਤਰ ਵਿੱਚ ਸੰਭਵ ਹੋਏ ਹਨ। ਭਾਰਤ ਖਾਦ-ਪਦਾਰਥਾਂ ਵਿੱਚ ਅੱਜ ਆਤਮ-ਨਿਰਭਰ ਹੈ ਜਦੋਂ ਕਿ 1950 ਅਤੇ 1960 ਦੇ ਦਸ਼ਕਾਂ ਵਿੱਚ ਸੰਯੁਕਤ ਰਾਜ ਅਮਰੀਕਾ ਅਤੇ ਕੁਝ ਹੋਰ ਦੇਸ਼ਾਂ ਉੱਤੇ ਆਪਣੇ ਖਾਦ-ਪਦਾਰਥਾਂ ਦੀ ਜ਼ਰੂਰਤਾਂ ਲਈ ਨਿਰਭਰ ਸੀ।

ਸੁਤੰਤਰਤਾ ਤੋਂ ਬਾਅਦ ਦੇਸ਼ ਨੇ ਉਦਯੋਗਿਕ ਖੇਤਰ ਵਿੱਚ ਵੀ ਬਹੁਤ ਪ੍ਰਗਤੀ ਕੀਤੀ ਹੈ। 1950 ਅਤੇ 1960 ਦੇ ਸਾਲਾਂ ਵਿੱਚ ਹਟੀਆ, ਰੁਰਕੇਲਾ, ਬੋਕਾਰੋ, ਸਿੰਦਰੀ, ਬੰਗਲੋਰ ਅਤੇ ਹੋਰ ਸਥਾਨਾਂ ਉੱਤੇ ਭਾਰੀ ਉਦਯੋਗਾਂ ਦੀ ਸਥਾਪਨਾ ਕੀਤੀ ਗਈ ਸੀ। ਸਰਕਾਰ ਨੇ ਲਘੂ ਅਤੇ ਕੁਟੀਰ ਉਦਯੋਗਾਂ ਦੀ ਪ੍ਰਗਤੀ ਵੱਲ ਵੀ ਬਹੁਤ ਧਿਆਨ ਦਿੱਤਾ ਹੈ। ਕਿਓਂਕਿ ਭਾਰਤ ਵਿੱਚ ਨਿਯੋਜਿਤ ਆਰਥਿਕ ਅਤੇ ਸਮਾਜਿਕ ਪਰਿਵਰਤਨ ਦਾ ਮਾਰਗ ਅਪਣਾਇਆ ਗਿਆ ਹੈ, ਉਦਯੋਗਿਕੀਕਰਨ ਸੰਭਵ ਹੋ ਸਕਿਆ ਹੈ। ਆਯੋਜਨ ਕੰਮ ਭਾਰਤ ਦੇ ਯੋਜਨਾ ਆਯੋਗ ਦੁਆਰਾ ਕੀਤਾ ਜਾ ਰਿਹਾ ਹੈ। ਸੱਤਵੀਂ ਯੋਜਨਾ ਨੂੰ ਬਣਾਓਣ ਦਾ ਕੰਮ ਪੂਰਾ ਕਰ ਲਿਆ ਗਿਆ ਹੈ। ਸਰਕਾਰ ਨੇ ਮਿਸ਼ਰਿਤ ਅਰਥ-ਵਿਵਸਥਾ ਦੀ ਨੀਤੀ ਅਪਣਾਈ ਹੈ, ਜਿਸ ਦੇ ਅੰਤਰਗਤ ਨਿਜੀ ਅਤੇ ਸਾਰਵਜਨਿਕ ਦੋਹਾਂ ਖੇਤਰਾਂ ਅਤੇ ਸੰਯੁਕਤ ਖੇਤਰ ਦੇ ਸੰਤੁਲਿਤ ਵਿਕਾਸ ਉੱਤੇ ਬਲ ਦਿੱਤਾ ਗਿਆ ਹੈ।

ਪੇਂਡੂ ਜਨਤਾ ਦੇ ਉਥਾਨ ਦੇ ਲਈ 2 ਅਕਤੂਬਰ, 1952 ਨੂੰ ਲਾਗੂ ਕੀਤੀ ਗਈ ਸਮੁਦਾਇਕ ਵਿਕਾਸ ਯੋਜਨਾਵਾਂ ਦੀ ਕ੍ਰਿਆਵੰਤੀ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਉੱਤੇ ਕਾਬੂ ਪਾਓਣ ਲਈ ਪੰਚਾਇਤੀ ਰਾਜ ਯੋਜਨਾ, 2 ਅਕਤੂਬਰ, 1959 ਨੂੰ (ਆਰੰਭ ਵਿੱਚ ਰਾਜਸਥਾਨ ਅਤੇ ਆਂਧਰਾ ਪ੍ਰਦੇਸ਼ ਵਿੱਚ) ਲਾਗੂ ਕੀਤੀ ਗਈ ਸੀ। ਪੇਂਡੂ ਜਨਤਾ ਦੁਆਰਾ ਨਿਰਵਾਚਿਤ ਪ੍ਰਤੀਨਿਧੀ ਪੇਂਡੂ, ਵਿਕਾਸ ਖੰਡ ਅਤੇ ਜਿਨ੍ਹਾਂ, ਤਿੰਨ ਸਤਰਾਂ ਉੱਤੇ ਲੋਕਾਂ ਦੀਆਂ ਅਨੁਭਵ ਕੀਤੀਆਂ ਗਈਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਕਾਸ ਯੋਜਨਾਵਾਂ ਨੂੰ ਕ੍ਰਿਆਂਵਿਤ ਕਰਨੇ ਹਨ। ਕਈ ਯੋਜਨਾਵਾਂ ਸ਼ਹਿਰੀ ਜਨਤਾ ਅਤੇ ਉਦਯੋਗਾਂ ਵਿੱਚ ਕੰਮ ਕਰਨ ਵਾਲਿਆਂ ਦੇ ਕਲਿਆਣ ਲਈ ਵੀ ਲਾਗੂ ਕੀਤੀਆਂ ਗਈਆਂ ਹਨ।

ਟਾਸਕ ਵਰਣਾਸ਼੍ਰਮ ਵਿਵਸਥਾ ਤੋਂ ਤੁਸੀਂ ਕੀ ਸਮਝਦੇ ਹੋ?

ਬ੍ਰਿਟਿਸ਼ ਸ਼ਾਸਨ ਨੇ ਬਾਲ-ਵਿਆਹ, ਸਤੀ ਪ੍ਰਥਾ ਅਤੇ ਬਾਲ-ਹੱਤਿਆ ਨੂੰ ਰੋਕਣ ਅਤੇ ਵਿਧਵਾ ਵਿਆਹ ਨੂੰ ਪ੍ਰੋਤਸਾਹਿਤ ਕਰਨ ਲਈ ਸਮਾਜਿਕ ਵਿਧਾਨ ਪਾਰਿਤ ਕੀਤੇ ਗਏ। ਭਾਰਤ ਸਰਕਾਰ ਨੇ ਹਿੰਦੂ ਵਿਆਹ ਅਧਿਨਿਯਮ, 1955 ਅਤੇ ਹਿੰਦੂ ਉਤਰਾਧਿਕਾਰ

ਨੋਟ

ਅਧਿਨਿਯਮ 1956 ਪਾਰਿਤ ਕੀਤੇ। ਬਾਲ-ਮਜ਼ਦੂਰੀ ਨੂੰ ਨਿਰੁਤਸਾਹਿਤ ਕਰਨ ਲਈ ਕਾਨੂੰਨ ਪਾਸ ਕੀਤਾ ਗਿਆ। ਦਹੇਜ ਪ੍ਰਥਾ ਦੇ ਵਿਰੁੱਧ ਕਠੋਰ ਕਾਨੂੰਨ ਪਾਸ ਕੀਤਾ ਗਿਆ ਹੈ। ਭਾਰਤ ਦੇ ਸੰਵਿਧਾਨ ਦੇ ਅਨੁਸਾਰ ਛੂਤ-ਛਾਤ ਪਹਿਲਾਂ ਤੋਂ ਹੀ ਇੱਕ ਦੰਡ ਯੋਗ ਅਪਰਾਧ ਹੈ। ਮਜ਼ਦੂਰਾਂ ਨੂੰ ਉਚਿਤ ਮਜ਼ਦੂਰੀ ਦੇਣ ਅਤੇ ਜ਼ਿਮੀਂਦਾਰੀ ਪ੍ਰਥਾ ਨੂੰ ਖਤਮ ਕਰਨ ਅਤੇ ਵਿਚੋਲਿਆਂ ਨੂੰ ਹਟਾਉਣ ਸੰਬੰਧੀ ਕਾਨੂੰਨਾਂ ਦੇ ਪਾਰਿਤ ਕਰਨ ਨਾਲ ਸ਼ਹਿਰਾਂ ਅਤੇ ਕਸਬਿਆਂ ਵਿੱਚ ਮਜ਼ਦੂਰਾਂ ਨੂੰ ਨਿਊਨਤਮ ਮਜ਼ਦੂਰੀ ਮਿਲਣ ਲੱਗੀ ਹੈ।

ਸੁਤੰਤਰ ਭਾਰਤ ਵਿੱਚ ਇਨ੍ਹਾਂ ਉਪਰੋਕਤ ਲਾਭਕਾਰੀ ਵਿਕਾਸ ਪ੍ਰਵਿਰਤੀਆਂ ਤੋਂ ਬਾਅਦ ਵੀ ਕੁਝ ਥੋੜੇ ਪਰਿਵਾਰਾਂ ਅਤੇ ਵਿਅਕਤੀਆਂ ਕੋਲ ਆਰਥਿਕ ਸ਼ਕਤੀ ਦਾ ਕੇਂਦਰੀਕਰਨ ਹੋਇਆ ਹੈ। ਗਰੀਬ ਨੂੰ ਉਸ ਦਾ ਉਚਿਤ ਹਿੱਸਾ ਨਹੀਂ ਮਿਲ ਪਾ ਰਿਹਾ। ਉਸ ਦਾ ਜੀਵਨ ਬਹੁਤ ਹੀ ਤਰਸਯੋਗ ਹੈ। ਗਰੀਬ ਅੱਜ ਵੀ ਉੱਚ ਜਾਤੀ ਅਤੇ ਵਰਗ ਦੇ ਧਨੀ ਲੋਕਾਂ ਦੇ ਪ੍ਰਭੁਤੱਵ ਦਾ ਸ਼ਿਕਾਰ ਹੈ। ਸ਼ਹਿਰਾਂ ਵਿੱਚ ਦਹੇਜ ਪ੍ਰਥਾ ਇੱਕ ਗੰਭੀਰ ਸਮੱਸਿਆ ਬਣ ਗਈ ਹੈ। ਇਨ੍ਹਾਂ ਸਮੱਸਿਆਵਾਂ ਦੇ ਬਾਰੇ ਵਿੱਚ ਸਮਾਜਿਕ ਚੇਤਨਾ ਦਾ ਅਭਾਵ ਪਾਇਆ ਜਾਂਦਾ ਹੈ।

ਚੁਨਾਵਾਂ ਵਿੱਚ ਧਰਮ, ਸੰਜਾਤੀਵਾਦ ਅਤੇ ਜਾਤੀ ਮਹੱਤਵਪੂਰਨ ਕਾਰਕ ਮੰਨੇ ਜਾਂਦੇ ਹਨ। ਚੁਨਾਵਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਆਪਣੀ ਜਾਤੀ ਦੇ ਮੈਂਬਰਾਂ ਉੱਤੇ ਜ਼ਿਆਦਾ ਭਰੋਸਾ ਕੀਤਾ ਜਾਂਦਾ ਹੈ। ਜਾਤ, ਧਰਮ ਅਤੇ ਸਮੁਦਾਏ ਉੱਤੇ ਆਧਾਰਿਤ ਸੰਬੰਧਾਂ ਉੱਤੇ ਨਿਰਮਿਤ ਸਹਿਸੰਬੰਧਾਂ ਦੇ ਆਧਾਰ ਤੇ ਗੁੱਟਾਂ ਦੇ ਵਿੱਚ ਝਗੜੇ ਪੈਦਾ ਹੋ ਜਾਂਦੇ ਹਨ। ਇੱਥੋਂ ਤੱਕ ਕਿ ਸ਼ਹਿਰੀ ਅਤੇ ਸਿੱਖਿਅਕ ਲੋਕ ਵੀ ਇਨ੍ਹਾਂ ਸਮੱਸਿਆਵਾਂ ਤੋਂ ਦੂਰ ਨਹੀਂ ਹਨ।

### ਸਵ-ਮੁੱਲਾਂਕਣ (Self Assessment)

**3. ਸਹੀ ਵਿਕਲਪ ਚੁਣੋ (Choose the correct option)–**

(*i*) ਸੰਸਕ੍ਰਿਤੀ ਨੂੰ ਵਿਚਾਰਾਂ, ਧਾਰਣਾਵਾਂ, ਵਿਕਸਿਤ ਗੁਣਾਂ ਅਤੇ ਸੰਗਠਿਤ ਸੰਬੰਧਾਂ ਅਤੇ ਸ਼ਿਸ਼ਟਤਾ ਦੀ ਇੱਕ ਸੰਧੀ ਮੰਨਦੇ ਹਨ–

(*a*) ਲਾਰਡ ਮੈਕਾਲੇ (*b*) ਕੇ. ਐਮ. ਪਾਣਿਕਰ
(*c*) ਗ੍ਰਿਅਸਨ (*d*) ਇਨ੍ਹਾਂ ਵਿੱਚੋਂ ਕੋਈ ਨਹੀਂ।

(*ii*) ਵਰਣ ਦਾ ਵੰਸ਼ਾਨੁਗਤ ਆਧਾਰ ਲਾਗੂ ਨਹੀਂ ਹੁੰਦਾ ਸੀ–

(*a*) ਖੱਤਰੀਆਂ ਉੱਤੇ (*b*) ਵੈਸ਼ਆਂ ਉੱਤੇ
(*c*) *a* ਅਤੇ *b* ਦੋਹਾਂ ਉੱਤੇ (*d*) ਇਨ੍ਹਾਂ ਵਿੱਚੋਂ ਕੋਈ ਨਹੀਂ।

(*iii*) ਕਿਸ ਯੁਗ ਵਿੱਚ ਔਰਤਾਂ ਨੂੰ ਹਰ ਖੇਤਰ ਵਿੱਚ ਗਿਆਨ ਪ੍ਰਾਪਤ ਕਰਨ ਦੀ ਛੂਟ ਸੀ–

(*a*) ਵੈਦਿਕ ਯੁਗ ਵਿੱਚ (*b*) ਈਸਾ ਯੁਗ ਵਿੱਚ
(*c*) ਪ੍ਰਾਚੀਨ ਯੁਗ ਵਿੱਚ (*d*) ਇਨ੍ਹਾਂ ਵਿੱਚੋਂ ਕੋਈ ਨਹੀਂ।

(*iv*) ਭਾਰਤ ਵਿੱਚ ਜਨ-ਸੰਖਿਆ ਦੀ ਦ੍ਰਿਸ਼ਟੀ ਨਾਲ ਮੁਸਲਮਾਨ ਕਿਸ ਥਾਂ ਤੇ ਆਉਂਦੇ ਹਨ–

(*a*) ਪ੍ਰਥਮ (*b*) ਦੂਜੇ
(*c*) ਤੀਜੇ (*d*) ਇਨ੍ਹਾਂ ਵਿੱਚੋਂ ਕੋਈ ਨਹੀਂ।

(*v*) ਸੂਫ਼ੀ ਲੇਖਕਾਂ ਦੇ ਲੇਖਣ ਨਾਲ ਕਿਸ ਭਾਸ਼ਾ ਦਾ ਵਿਕਾਸ ਹੋਇਆ–

(*a*) ਉਰਦੂ (*b*) ਪਾਰਸੀ
(*c*) ਹਿੰਦੀ (*d*) ਇਨ੍ਹਾਂ ਵਿੱਚੋਂ ਕੋਈ ਨਹੀਂ।

(*vi*) ਭਾਰਤ ਦੇ ਨਵੇਂ ਸੰਵਿਧਾਨ ਨੂੰ ਕਦੋਂ ਲਾਗੂ ਕੀਤਾ ਗਿਆ–

(*a*) 15 ਅਗਸਤ, 1947 (*b*) 26 ਜਨਵਰੀ, 1950
(*c*) 1 ਜਨਵਰੀ, 1953 (*d*) ਇਨ੍ਹਾਂ ਵਿੱਚੋਂ ਕੋਈ ਨਹੀਂ।

## 1.4 ਸਾਰ ਅੰਸ਼ (Summary)

- ਭਾਰਤ ਸਿਧਾਂਤ ਅਤੇ ਵਿਵਹਾਰ ਦੋਹਾਂ ਵਿੱਚ ਇੱਕ ਬਹੁ ਸਮੁਦਾਇਕ ਸਮਾਜ ਹੈ, ਇਸ ਲਈ ਭਾਰਤੀ ਸਮਾਜ ਨੂੰ ਵਿਵਿਧਤਾ ਵਿੱਚ ਏਕਤਾ ਅਤੇ ਏਕਤਾ ਵਿੱਚ ਵਿਵਿਧਤਾ ਰੂਪੀ ਸਮਾਜ ਕਹਿਣਾ ਉਚਿਤ ਹੈ। ਪ੍ਰਾਚੀਨ, ਮੱਧਕਾਲੀਨ ਅਤੇ ਆਧੁਨਿਕ ਕਾਲ ਵਿੱਚ ਭਾਰਤ ਨੇ ਅਣਗਿਣਤ ਵਿਸ਼ਮਤਾਵਾਂ ਦੇ ਹੁੰਦੇ ਹੋਏ ਵੀ ਏਕਤਾ ਬਣਾਏ ਰੱਖੀ। ਭਾਰਤ ਦੇ ਹਰ ਇਤਿਹਾਸਿਕ ਅਤੇ ਸੰਸਕ੍ਰਿਤਿਕ ਤੱਥਾਂ ਵਿੱਚ ਏਕਤਾ ਪਾਈ ਜਾਂਦੀ ਹੈ। ਅੱਜ ਭਾਰਤ ਇੱਕ ਧਰਮ-ਨਿਰਪੱਖ ਰਾਜ ਹੈ। ਇਸ ਦਾ ਇੱਕ ਸੰਵਿਧਾਨ ਹੈ ਅਤੇ ਹੁਣ ਲੋਕਾਂ ਦੇ ਲਈ ਜੋ ਵਿਭਿੰਨ ਖੇਤਰਾਂ ਵਿੱਚ ਰਹਿੰਦੇ ਹਨ, ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ ਅਤੇ ਵੱਖ-ਵੱਖ ਧਰਮਾਂ

ਨੋਟ

ਵਿੱਚ ਵਿਸ਼ਵਾਸ ਰੱਖਦੇ ਹਨ- ਇੱਕ ਹੀ ਵਿਧੀ ਦਾ ਸ਼ਾਸਨ ਹੈ। ਅੱਜ ਹਿੰਦੂ, ਸਿੱਖ, ਈਸਾਈ, ਜੈਨ ਅਤੇ ਹੋਰ ਧਰਮਾਂ ਦੇ ਲੋਕ ਪ੍ਰਸ਼ਾਸਨ, ਰਾਜਨੀਤਿਕ ਅਤੇ ਰਾਜਨੀਤੀ ਵਿੱਚ ਸਹਿਭਾਗੀ ਹਨ। ਸੰਜਾਤੀਵਾਦ, ਭਾਸ਼ਾਈ ਅਤੇ ਧਾਰਮਿਕ ਵਿਵਿਧਤਾਵਾਂ ਸਾਧਾਰਣ ਅਤੇ ਰਾਸ਼ਟਰੀ ਉਦੇਸ਼ਾਂ ਦੀ ਪ੍ਰਾਪਤੀ ਵਿੱਚ ਬਾਧਕ ਨਹੀਂ ਹਨ। ਭਾਰਤ ਦੀ ਸੰਸਕ੍ਰਿਤਿਕ ਵਿਰਾਸਤ ਵਿਭਿੰਨ ਸੰਸਕ੍ਰਿਤੀਆਂ ਦੇ ਸੰਸ਼ਲੇਸ਼ਣ ਦਾ ਇੱਕ ਜੀਵਿਤ ਉਦਾਹਰਣ ਹੈ। ਸਭ ਧਰਮਾਂ ਨੇ ਸੰਸਕ੍ਰਿਤਿਕ ਸੰਸ਼ਲੇਸ਼ਣ ਨੂੰ ਉਤਸਾਹਿਤ ਕੀਤਾ ਹੈ।

- ਸੰਵਿਧਾਨ ਤੋਂ ਇਲਾਵਾ ਪੰਜ-ਸਾਲਾ ਯੋਜਨਾਵਾਂ, ਸਮਤਾਵਾਦੀ ਮੁੱਲਾਂ ਦਾ ਪ੍ਰਸਾਰ, ਇੱਕ ਕੇਂਦਰੀ ਸਰਕਾਰ ਅਤੇ ਨਾਗਰਿਕ (ਸਿਵਿਲ) ਅਤੇ ਦੰਡ ਵਿਧੀ ਭਾਰਤ ਦੀ ਏਕਤਾ ਅਤੇ ਇਸ ਦੇ ਬਹੁ ਸਮੁਦਾਇਕ ਸਰੂਪ ਦਾ ਪ੍ਰਮਾਣ ਹੈ। ਸਮਾਜਿਕ ਸੱਤਾ ਅਤੇ ਵਿਸ਼ੇਸ਼ਾਧਿਕਾਰਾਂ ਦਾ ਅਧਿਕਾਰ ਹੁਣ ਜਾਤ, ਪ੍ਰਜਾਤੀ ਅਤੇ ਪੰਥ ਉੱਤੇ ਆਧਾਰਿਤ ਭੇਦਭਾਵ ਨਹੀਂ ਹੈ। ਸਮਾਜ ਦੇ ਕਮਜ਼ੋਰ ਵਰਗ ਵਿਸ਼ੇਸ਼ ਕਰ ਕੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪਿਛੜੇ ਵਰਗਾਂ ਨੂੰ ਵਿਸ਼ੇਸ਼ ਰਿਆਇਤਾਂ ਦੇ ਮਾਧਿਅਮ ਨਾਲ ਆਪਣੀ ਪਿਛੜੀ ਸਥਿਤੀ ਅਤੇ ਪਦ ਤੋਂ ਉੱਚਾ ਉੱਠਣ ਲਈ ਅਵਸਰ ਪ੍ਰਦਾਨ ਕੀਤੇ ਗਏ ਹਨ। ਸਭ ਖੇਤਰਾਂ ਵਿੱਚ ਔਰਤਾਂ ਨੂੰ ਪੁਰਸ਼ਾਂ ਦੇ ਸਮਾਨ ਅਧਿਕਾਰ ਪ੍ਰਾਪਤ ਹਨ।
- ਇਨ੍ਹਾਂ ਉਪਰੋਕਤ ਮੁੱਦਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਵਿਸਤਾਰ ਵਿੱਚ ਸੰਜਾਤੀਵਾਦ, ਧਰਮ ਅਤੇ ਭਾਸ਼ਾ ਦੀ ਵਿਵੇਚਨਾ ਕੀਤੀ ਹੈ। ਇਹ ਸਾਡੇ ਜੀਵਨ ਦੇ ਸਮਾਜਿਕ-ਸੰਸਕ੍ਰਿਤਿਕ ਪਹਿਲੂ ਹੋਣ ਦੇ ਨਾਲ ਨਾਲ ਇਸ ਦੀ ਜੀਵਨ-ਸ਼ਕਤੀ ਵੀ ਹਨ। ਕਦੇ ਕਦੇ ਇਨ੍ਹਾਂ ਦਾ ਉਪਯੋਗ ਸੰਕੀਰਣ ਉਦੇਸ਼ਾਂ ਦੀ ਪੂਰਤੀ ਲਈ ਕੀਤਾ ਜਾਂਦਾ ਹੈ। ਜਿਸ ਦੇ ਕਾਰਣ ਰਾਸ਼ਟਰੀ ਏਕਤਾ ਨੂੰ ਖਤਰਾ ਉਤਪੰਨ ਹੋ ਜਾਂਦਾ ਹੈ। ਸੰਜਾਤੀ ਸੰਘਰਸ਼, ਸੰਪਰਦਾਇਕਤਾਵਾਦ ਅਤੇ ਭਾਸ਼ਾਈ ਕਟੁਤਾ ਇਸੇ ਕਾਰਣ ਕਦੇ ਕਦੇ ਦਿਖਾਈ ਦਿੰਦੀ ਹੈ। ਨਿਹਿਤ ਸਵਾਰਥੀ ਤੱਤ ਅਤੇ ਸਮੂਹ ਸੰਪਰਦਾਇਕ ਭਾਵਨਾਵਾਂ ਫੈਲਾਓਣ ਲਈ ਸਿੱਖਿਆ ਸੰਸਥਾਵਾਂ, ਚੁਨਾਵਾਂ ਅਤੇ ਰਾਜਨੀਤਿਕ ਦਲਾਂ ਦਾ ਉਪਯੋਗ ਕਰਨੇ ਰਹੇ ਹਨ।
- ਇਸ ਇਕਾਈ ਵਿੱਚ ਅਸੀਂ ਭਾਰਤੀ ਸਮਾਜ ਵਿੱਚ ਪ੍ਰਾਚੀਨ ਕਾਲ ਤੋਂ ਲੈ ਕੇ ਆਧੁਨਿਕ ਯੁਗ ਤੱਕ ਦੀ ਸਮਾਜਿਕ-ਸੰਸਕ੍ਰਿਤਿਕ ਗਤਿਅਤਮਕਤਾ ਦਾ ਵਿਸ਼ਲੇਸ਼ਣ ਕੀਤਾ ਹੈ। ਸਾਡੀ ਕੋਸ਼ਿਸ਼ ਪਰਿਵਰਤਨ ਨਿਰੰਤਰਵਾਦ ਦੇ ਪ੍ਰਤੀਮਾਨਾਂ ਨੂੰ ਸਮਝਣ ਦੀ ਰਹੀ ਹੈ। ਭਾਰਤ ਵਿੱਚ ਪਰੰਪਰਾਤਮਕ ਸਮਾਜ ਮਿਹਨਤ ਵਿਭਾਜਨ, ਸਮਾਜਿਕ ਜੀਵਨ ਵਿੱਚ ਸਦਗੁਣਾਂ ਅਤੇ ਜੀਵਨ ਦੇ ਉਦੇਸ਼ਾਂ ਉੱਤੇ ਆਧਾਰਿਤ ਸੀ। ਜੀਵਨ ਸਤਰ ਨਹੀਂ ਸੀ, ਇਸ ਵਿੱਚ ਸਥਿਰਤਾ ਅਤੇ ਪਰਿਵਰਤਨ ਦੋਵੇਂ ਮੁੱਖ ਵਿਸ਼ੇਸ਼ਤਾਵਾਂ ਦੇ ਰੂਪ ਵਿੱਚ ਪਾਏ ਜਾਂਦੇ ਸਨ। ਸਥਿਰਤਾ ਅਤੇ ਪਰਿਵਰਤਨ ਦੇ ਸਹਿ-ਅਸਤਿੱਤਵ ਦੇ ਕਾਰਣ ਭਾਰਤੀ ਸਮਾਜ ਅਤੇ ਸੰਸਕ੍ਰਿਤੀ ਵਿੱਚ ਪੀੜੀ ਦਰ ਪੀੜੀ ਸੰਸਕ੍ਰਿਤਿਕ ਸੰਸ਼ਲੇਸ਼ਣ ਅਤੇ ਸੰਸਕ੍ਰਿਤਿਕ ਵਿਸ਼ੇਸ਼ਕਾਂ ਦਾ ਸੰਚਰਣ ਹੋਣਾ ਸੰਭਵ ਹੋ ਸਕਿਆ। ਅੱਜ ਵੀ ਕਈ ਸਦੀਆਂ ਪਹਿਲਾਂ ਸ਼ੁਰੂ ਹੋਇਆ ਹਿੰਦੂ ਅਤੇ ਮੁਸਲਿਮ ਸੰਸਕ੍ਰਿਤੀਆਂ ਦਾ ਸੰਸ਼ਲੇਸ਼ਣ ਸੰਗੀਤ, ਭਾਸ਼ਾ, ਵਸਤੂਕਲਾ ਦੇ ਖੇਤਰਾਂ ਅਤੇ ਭਗਤੀ ਅੰਦੋਲਨ ਵਿੱਚ ਦਿਖਾਈ ਦਿੰਦਾ ਹੈ। ਇਸ ਤਰਾਂ ਅਸੀਂ ਇਸਲਾਮੀ ਅਤੇ ਹਿੰਦੂ ਸੰਸਕ੍ਰਿਤੀਆਂ ਵਿੱਚ ਅੰਤਰ ਕ੍ਰਿਆ ਦਾ ਵਿਸ਼ਲੇਸ਼ਣ ਕੀਤਾ ਹੈ। ਹੋਰ ਸਮੁਦਾਵਾਂ ਵਿੱਚ ਇਸਲਾਮੀਕਰਨ ਦੀ ਵਿਆਖਿਆ ਪਰਿਵਰਤਨ ਦੀ ਇੱਕ ਪ੍ਰਕ੍ਰਿਆ ਦੇ ਰੂਪ ਵਿੱਚ ਕੀਤੀ ਗਈ ਹੈ।
- ਭਾਰਤੀ ਸਮਾਜ ਵਿੱਚ ਬ੍ਰਿਟਿਸ਼ ਸ਼ਾਸਨ, ਈਸਾਈ ਮਿਸ਼ਨਾਂ ਅਤੇ ਅੰਗ੍ਰੇਜ਼ੀ ਸਿੱਖਿਆ ਦੇ ਕਾਰਣ ਮਹੱਤਵਪੂਰਨ ਪਰਿਵਰਤਨ ਆਏ ਹਨ। ਬ੍ਰਿਟਿਸ਼ ਪਰੰਪਰਾ ਦੇ ਕਾਰਣ ਭਾਰਤੀ ਪਰੰਪਰਾ ਨੂੰ ਇੱਕ ਗੰਭੀਰ ਚੁਨੌਤੀ ਦਾ ਸਾਹਮਣਾ ਕਰਨਾ ਪਿਆ। ਬ੍ਰਿਟਿਸ਼ ਦੇ ਪ੍ਰਭਾਵ ਦੇ ਕਾਰਣ ਭਾਰਤੀ ਸੰਸਕ੍ਰਿਤੀ ਅਤੇ ਸਮਾਜ ਦੀ ਪ੍ਰਕ੍ਰਿਤੀ ਵਿੱਚ ਆਧਾਰ ਭੂਤ ਪਰਿਵਰਤਨ ਆਇਆ ਹੈ। ਭੂ-ਧਾਰਣ ਪੱਧਤੀ, ਨਵੀਂ ਸਿੱਖਿਆ ਵਿਵਸਥਾ, ਨਗਰਪਾਲਕਾ ਅਤੇ ਪ੍ਰਸ਼ਾਸਨ ਦੇ ਕਾਰਣ ਭਾਰਤੀ ਸਮਾਜ ਦੀ ਸੰਰਚਨਾ ਦਾ ਕਾਇਆ ਪਲਟ ਹੋਇਆ ਹੈ। ਅਨੇਕਾਂ ਲੋਕਾਂ ਨੇ ਇਸ ਪ੍ਰਭਾਵ ਨੂੰ ਲਾਭਕਾਰੀ ਨਤੀਜਿਆਂ ਦੀ ਦ੍ਰਿਸ਼ਟੀ ਨਾਲ ਮਾਪਿਆ ਹੈ। ਪ੍ਰੰਤੂ ਕੁਝ ਲੋਕ ਇਸ ਮਤ ਤੋਂ ਸਹਿਮਤ ਨਹੀਂ ਹਨ। ਸਿੱਖਿਆ, ਨਿਆਂਪਾਲਿਕਾ, ਨਗਰੀਕਰਨ ਅਤੇ ਉਦਯੋਗਿਕੀਕਰਨ, ਯਾਤਾਯਾਤ ਅਤੇ ਸੰਚਾਰ ਦੇ ਸਾਧਨ ਅਤੇ ਰਾਸ਼ਟਰੀ ਅਤੇ ਸਮਾਜਿਕ ਚੇਤਨਾ ਦੇ ਸੰਦਰਭ ਵਿੱਚ ਅਸੀਂ ਪੱਛਮੀਕਰਨ ਦੀ ਪ੍ਰਕ੍ਰਿਆ ਦਾ ਉਲੇਖ ਕੀਤਾ ਹੈ।
- ਭਾਰਤ ਅੱਜ ਇੱਕ ਸੁਤੰਤਰ ਦੇਸ਼ ਹੈ। ਇਸ ਦਾ ਆਪਣਾ ਸੰਵਿਧਾਨ ਹੈ ਜਿਸ ਵਿੱਚ ਭਾਰਤ ਦੇ ਸਭ ਨਾਗਰਿਕਾਂ ਨੂੰ ਕਾਨੂੰਨ ਦੇ ਰਾਜ ਦੀ ਗਾਰੰਟੀ ਦਿੱਤੀ ਗਈ ਹੈ। ਸਿੱਖਿਆ, ਉਦਯੋਗ, ਕਮਜ਼ੋਰ ਵਰਗਾਂ ਅਤੇ ਔਰਤਾਂ ਦੇ ਉਥਾਨ ਦੇ ਲਈ ਪੰਜ-ਸਾਲਾ ਯੋਜਨਾਵਾਂ ਅਤੇ ਹੋਰ ਵਿਕਾਸਸ਼ੀਲ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ। ਪ੍ਰੰਤੂ ਹੁਣ ਤੱਕ ਭਾਰਤ ਦੇ ਸਭ ਨਾਗਰਿਕਾਂ ਨੂੰ ਵਿਤਰਣ-ਨਿਆਂ, ਪ੍ਰਦਾਨ ਕਰਨਾ ਸੰਭਵ ਨਹੀਂ ਹੋ ਸਕਿਆ ਹੈ। ਦੇਸ਼ ਦੀ ਪ੍ਰਗਤੀ ਨੂੰ ਯਦਾ-ਕਦਾ ਜਾਤੀਵਾਦ, ਗੁਟਵਾਦ, ਸੰਪਰਦਾਇਕਤਾਵਾਦ ਅਤੇ ਖੇਤਰੀਵਾਦ ਦੇ ਕਾਰਣ ਹਾਨੀ ਪਹੁੰਚੀ ਹੈ। ਕੁਝ ਜ਼ਰੂਰਤਮੰਦ ਅਤੇ ਦਲਿਤ ਲੋਕਾਂ ਨੂੰ ਲਾਭ ਨਹੀਂ ਮਿਲ ਪਾਏ ਹਨ। ਸਮਾਜਿਕ ਕਾਨੂੰਨ ਬਹੁਤ ਕੁਝ ਅਪ੍ਰਭਾਵਕਾਰੀ ਸਿੱਧ ਹੋਏ ਹਨ। ਇਨ੍ਹਾਂ ਸਮੱਸਿਆਵਾਂ ਦੇ ਬਾਰੇ ਵਿੱਚ ਅਸੀਂ ਸੁਤੰਤਰਤਾ ਤੋਂ ਬਾਅਦ ਭਾਰਤ ਅਨੁਭਾਗ ਵਿੱਚ ਵਿਸ਼ਲੇਸ਼ਣ ਕੀਤਾ ਹੈ।

## 1.5 ਸ਼ਬਦਕੋਸ਼ (Keywords)

- **ਪੁਰਾਤਤਵ**–ਪੁਰਾਣੇ ਸਬੂਤ
- **ਵਿਭੇਦਿਤ**–ਭੇਦਣ ਕਰਨਾ, ਭੇਦਣਾ

ਨੋਟ

- **ਅਸੋਪਾਨਿਕ**-ਬੇਤਰਤੀਬ, ਬਿਨਾਂ ਕ੍ਰਮ ਦਾ
- **ਅਨੁਭਵਾਤੀਤ**-ਜੋ ਅਨੁਭਵ ਤੋਂ ਪਰੇ ਹੋਵੇ, ਜਿਸ ਦਾ ਅਨੁਭਵ ਨਾ ਹੋਵੇ

## 1.6 ਅਭਿਆਸ ਪ੍ਰਸ਼ਨ (Review Questions)

1. ਭਾਰਤ ਦੀ ਵਿਭਿੰਨਤਾ ਵਿੱਚ ਏਕਤਾ ਅਤੇ ਏਕਤਾ ਵਿੱਚ ਵਿਭਿੰਨਤਾ ਨੂੰ ਸਮਝਾਓ। ਭਾਰਤ ਦੇ ਲੋਕਾਂ ਦੇ ਸਮਾਜਿਕ-ਸੰਸਕ੍ਰਿਤਿਕ ਜੀਵਨ ਤੋਂ ਉਪਯੁਕਤ ਉਦਾਹਰਣਾਂ ਦਿਓ।
2. ਅੱਜ ਭਾਰਤ ਦੀ ਏਕਤਾ ਨੂੰ ਕਿਨ੍ਹਾਂ ਸ਼ਕਤੀਆਂ ਅਤੇ ਕਾਰਕਾਂ ਤੋਂ ਖਤਰਾ ਬਣਿਆ ਹੋਇਆ ਹੈ?
3. ਭਾਰਤੀ ਸਮਾਜ ਵਿੱਚ ਧਰਮ ਦੀ ਕੀ ਭੂਮਿਕਾ ਹੈ?
4. ਵਰਣਾਂ ਦੇ ਸੰਦਰਭ ਵਿੱਚ ਸਮਾਜ ਦੇ ਵਿਭਾਜਨ ਅਤੇ ਮਨੁੱਖ ਦੇ ਜੀਵਨ ਦੀਆਂ ਚਾਰ ਅਵਸਥਾਵਾਂ ਨੂੰ ਨਜ਼ਰ ਵਿੱਚ ਰੱਖ ਕੇ ਵਰਣਾਸ਼੍ਰਮ ਵਿਵਸਥਾ ਨੂੰ ਸਮਝਾਓ।
5. ਇਸਲਾਮੀ ਸੰਸਕ੍ਰਿਤੀ ਅਤੇ ਪਰੰਪਰਾ ਤੋਂ ਤੁਹਾਡਾ ਕੀ ਮਤਲਬ ਹੈ?
6. ਭਾਰਤੀ ਸਮਾਜ ਉੱਤੇ ਇਸਲਾਮ ਦੇ ਪ੍ਰਭਾਵ ਦੀ ਆਲੋਚਨਾਤਮਕ ਵਿਆਖਿਆ ਕਰੋ।
7. ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦੇ ਕਾਰਣ ਭਾਰਤੀ ਸਮਾਜ ਨੂੰ ਕਿਨ੍ਹਾਂ ਪ੍ਰਮੁੱਖ ਚੁਨੌਤੀਆਂ ਦਾ ਸਾਹਮਣਾ ਕਰਨਾ ਪਿਆ?
8. ਸੁਤੰਤਰਤਾ ਤੋਂ ਬਾਅਦ ਮੁੱਖ ਸਮਾਜਿਕ ਅਤੇ ਸੰਸਕ੍ਰਿਤਿਕ ਪਰਿਵਰਤਨ ਕੀ ਹੋਏ ਹਨ?
9. ਭਾਰਤੀ ਸਮਾਜ ਵਿੱਚ ਦੁਰਬਲ ਵਰਗਾਂ ਦੇ ਉਥਾਨ ਦੀਆਂ ਨੀਤੀਆਂ ਅਤੇ ਕਾਰਜਾਂ ਦੀ ਕ੍ਰਿਆਸ਼ੀਲਤਾ ਵਿੱਚ ਆਉਣ ਵਾਲੀਆਂ ਰੁਕਾਵਟਾਂ ਉਤਪੰਨ ਕਰਨ ਵਾਲੇ ਮੁੱਖ ਕਾਰਕਾਂ ਦੀ ਵਿਆਖਿਆ ਕਰੋ।

### ਉੱਤਰ : ਸਵ-ਮੁੱਲਾਂਕਣ (Answers: Self Assessment)

1. (*i*) ਭਾਰਤ (*ii*) 1652 ਭਾਸ਼ਾਵਾਂ (*iii*) ਹਿੰਦੂ ਧਰਮ (*iv*) ਭਾਰਤੀ ਜਨ-ਸੰਖਿਆ (*v*) ਅੰਤਰ-ਜਾਤੀ
2. (*i*) ✓ (*ii*) ✗ (*iii*) ✓ (*iv*) ✓ (*v*) ✗
3. (*i*) (*b*) (*ii*) (*c*) (*iii*) (*a*) (*iv*) (*b*) (*v*) (*b*) (*vi*) (*b*)

## 1.7 ਸੰਦਰਭ ਪੁਸਤਕਾਂ (Further Readings)

ਬੁਕਸ

1. ਐਮ. ਐਨ. ਸ਼੍ਰੀਨਿਵਾਸ, ਸੋਸ਼ਲ ਚੇਂਜ ਇਨ ਮਾਡਰਨ ਇੰਡੀਆ, ਬਰਕਲੇ: ਯੂਨੀਵਰਸਿਟੀ ਓਫ ਕੈਲੀਫੋਰਨੀਆ ਪ੍ਰੈਸ, 1996
2. ਵੀਂਸੇਟ ਏ. ਸਮਿਥ, ਹਿਸਟ੍ਰੀ ਓਫ ਇੰਡੀਆ ਲੰਦਨ: ਆਕਸਫੋਰਡ ਯੂਨੀਵਰਸਿਟੀ ਪ੍ਰੈਸ, 1970
3. ਸ਼ੁਕਰੀ, ਅਹਿਮਦ, ਮੁਹੰਮਡਨ ਲਾ ਓਫ ਮੈਰਿਜ ਐਂਡ ਡਿਵੋਰਸ, 1917

ਨੋਟ

# ਇਕਾਈ-2: ਭਾਰਤੀ ਸਮਾਜ ਦੇ ਮਹੱਤਵਪੂਰਣ ਤੱਤ
# (Major Segments of Indian Society)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

2.1 ਭਾਰਤ ਵਿੱਚ ਜਨਜਾਤੀ ਜੀਵਨ (Tribal life in India)

2.2 ਭਾਰਤ ਵਿੱਚ ਪੇਂਡੂ ਅਤੇ ਨਗਰੀ ਸਮੁਦਾਏ (Village and Urban Communities in India)

2.3 ਸਾਰ ਅੰਸ਼ (Summary)

2.4 ਸ਼ਬਦਕੋਸ਼ (Keywords)

2.5 ਅਭਿਆਸ-ਪ੍ਰਸ਼ਨ (Review Questions)

2.6 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਭਾਰਤ ਵਿੱਚ ਜਨਜਾਤੀ ਜੀਵਨ, ਪੇਂਡੂ ਅਤੇ ਨਗਰੀ ਸਮੁਦਾਏ ਦੀ ਵਿਆਖਿਆ ਕਰਨ ਵਿੱਚ।

## ਜਾਣਕਾਰੀ (Introduction)

ਭਾਰਤ ਦੀ ਸਮਾਜਿਕ ਰਚਨਾ ਦੇ ਤਿੰਨ ਪ੍ਰਮੁੱਖ ਅੰਗ ਹਨ- ਜਨਜਾਤੀ ਆਵਾਸ, ਪਿੰਡ ਅਤੇ ਕਸਬੇ ਅਤੇ ਸ਼ਹਿਰ। ਜਨਜਾਤੀ ਅਤੇ ਪਿੰਡ, ਅਤੇ ਕਸਬੇ ਦੇ ਵਿੱਚ ਸਪਸ਼ਟ ਅੰਤਰ ਆਸਾਨੀ ਨਾਲ ਨਹੀਂ ਕੀਤਾ ਜਾ ਸਕਦਾ ਕਿਓਂਕਿ ਇਨ੍ਹਾਂ ਸਭਨਾਂ ਵਿੱਚ ਕੁਝ ਨਾ ਕੁਝ ਸਮਾਨ ਲੱਛਣ ਪਾਏ ਜਾਂਦੇ ਹਨ। ਦੇਸ਼ ਦੇ ਕੁਝ ਭਾਗਾਂ ਵਿੱਚ ਵੱਡੇ ਆਦਿ-ਵਾਸੀ ਪਿੰਡ ਹਨ ਅਤੇ ਇਹ ਗੈਰ-ਜਨਜਾਤੀ, ਬਹੁਜਾਤੀ ਪਿੰਡਾਂ ਤੋਂ ਬਹੁਤ ਭਿੰਨ ਨਹੀਂ ਹਨ। ਕੁਝ ਜਨਜਾਤੀਆਂ ਵਿੱਚ ਨਾਤੇਦਾਰੀ ਸੰਪਤੀ ਅਤੇ ਸੱਤਾ ਉੱਤੇ ਆਧਾਰਿਤ ਵਿਭੇਦ ਓਨੇ ਹੀ ਸਪਸ਼ਟ ਹਨ ਜਿੰਨੇ ਗੈਰ-ਜਨਜਾਤੀ ਸੰਗਠਨ ਦਾ ਅੰਗ ਨਹੀਂ ਹਨ। ਪ੍ਰੰਤੂ ਓਹ ਹਮੇਸ਼ਾ ਵਿਸ਼ਾਲ ਸਮਾਜ ਦੇ ਸੰਪਰਕ ਵਿੱਚ ਰਹੇ ਹਨ। ਜਨਜਾਤੀ ਖੇਤਰਾਂ ਵਿਚ ਰਹਿਣ ਵਾਲੇ ਗੈਰ ਆਦਿ-ਵਾਸੀਆਂ ਨੇ ਓਹਨਾਂ ਦਾ ਆਰਥਿਕ ਅਤੇ ਸਮਾਜਿਕ ਸ਼ੋਸ਼ਣ ਕੀਤਾ ਹੈ। ਅਨੇਕਾਂ ਜਨਜਾਤੀਆਂ ਨੇ ਇਸ ਸ਼ੋਸ਼ਣ ਦੇ ਵਿਰੁੱਧ ਵਿਦਰੋਹ ਕੀਤੇ ਹਨ।

ਪਿੰਡ ਅਤੇ ਨਗਰ ਦੀਆਂ ਕੁਝ ਸਮਾਨ ਵਿਸ਼ੇਸ਼ਤਾਵਾਂ ਹਨ। ਦੋਵੇਂ ਹੀ ਇੱਕ ਦੂਜੇ ਉੱਤੇ ਆਸ਼ਰਿਤ ਹਨ, ਖਾਸ ਕਰ ਕੇ ਅਰਥਵਿਵਸਥਾ ਦੇ ਖੇਤਰ ਵਿੱਚ। ਪਿੰਡ ਤੋਂ ਲੋਕ ਨਗਰਾਂ ਵਿੱਚ ਪ੍ਰਵਸਨ ਕਰਦੇ ਹਨ ਅਤੇ ਨਗਰੀ ਲੋਕ ਓਹਨਾਂ ਦੀ ਸਰੀਰਿਕ ਮਿਹਨਤ ਅਤੇ ਖਾਦ-ਅੰਨ, ਦੁੱਧ ਅਤੇ ਕੱਚੇ ਮਾਲ ਆਦਿ ਦੇ ਉਤਪਾਦਨ ਤੇ ਨਿਰਭਰ ਹਨ। ਦੋਹਾਂ ਵਿਚ ਇਨ੍ਹਾਂ ਸਮਾਨਤਾਵਾਂ ਦੇ ਹੁੰਦੇ ਹੋਏ ਵੀ ਓਹਨਾਂ ਦੀਆਂ ਕੁਝ ਵਿਸ਼ਿਸ਼ਟਤਾਵਾਂ ਹਨ, ਜਿਨ੍ਹਾਂ ਦੇ ਕਾਰਣ ਓਹ ਸੰਸਕ੍ਰਿਤਿਕ ਪ੍ਰਤੀਮਾਨਾਂ, ਜੀਵਨ ਪ੍ਰਣਾਲੀ, ਅਰਥ ਵਿਵਸਥਾ, ਰੁਜ਼ਗਾਰ ਅਤੇ ਸਮਾਜਿਕ ਸੰਬੰਧਾਂ ਦੇ ਸੰਦਰਭ ਵਿੱਚ ਇੱਕ ਦੂਜੇ ਤੋਂ ਭਿੰਨ ਹਨ। ਇਸ ਪਾਠ ਵਿੱਚ ਅਸੀਂ ਪੇਂਡੂ ਅਤੇ ਨਗਰੀ ਸਮਾਜਿਕ ਸੰਰਚਨਾਂ, ਓਹਨਾਂ ਦੇ ਆਪਸੀ ਸੰਬੰਧ, ਪੇਂਡੂ ਸਮੁਦਾਏ ਵਿੱਚ ਪਰਿਵਰਤਨਾਂ ਅਤੇ ਨਗਰੀਕਰਣ ਦੀ ਵਿਆਖਿਆ ਕੀਤੀ ਹੈ।

## 2.1 ਭਾਰਤ ਵਿੱਚ ਜਨਜਾਤੀ ਜੀਵਨ (Tribal Life in India)

ਭਾਰਤ ਦੇ ਸੰਵਿਧਾਨ ਦੀ ਧਾਰਾ 46 ਵਿੱਚ ਲਿਖਿਆ ਗਿਆ ਹੈ ਕਿ ਰਾਜ ਸਰਕਾਰ ਦੇ ਕਮਜ਼ੋਰ ਤਬਕਿਆਂ ਵਿਸ਼ੇਸ਼ ਕਰ ਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੇ ਸਿੱਖਿਅਕ ਅਤੇ ਆਰਥਿਕ ਹਿਤਾਂ ਨੂੰ ਵਿਸ਼ੇਸ਼ ਸੁਵਿਧਾ ਦੇਵੇਗਾ ਅਤੇ ਓਹਨਾਂ ਦੀ ਹਰ ਪ੍ਰਕਾਰ ਦੇ ਸਮਾਜਿਕ ਅਨਿਆਂ ਅਤੇ ਸ਼ੋਸ਼ਣ ਤੋਂ ਰੱਖਿਆ ਕਰੇਗਾ। ਫਿਰ ਵੀ ਅਜਿਹੀਆਂ ਜਨਜਾਤੀਆਂ ਹਨ ਜੋ ਅਨੁਸੂਚਿਤ ਨਹੀਂ ਹਨ, ਪ੍ਰੰਤੂ ਭਾਰਤ ਦੀ ਜਨਸੰਖਿਆ ਵਿੱਚ ਕਮਜ਼ੋਰ ਮੰਨੀਆਂ ਜਾਂਦੀਆਂ ਹਨ। ਜਨਜਾਤੀਆਂ ਸਿੱਖਿਆ ਅਤੇ ਆਰਥਿਕ ਖੇਤਰਾਂ ਵਿੱਚ ਵਿਸ਼ੇਸ਼ ਰੂਪ ਨਾਲ ਦੁਰਬਲ ਹਨ। ਭਾਰਤੀ ਸਮਾਜ ਦੇ ਪ੍ਰਭੂ ਵਰਗ ਮੁੱਖ ਰੂਪ ਨਾਲ ਹਿੰਦੂ ਜ਼ਿਮੀਂਦਾਰਾਂ

ਅਤੇ ਸ਼ਾਹੂਕਾਰਾਂ ਨੇ ਓਹਨਾਂ ਦਾ ਸ਼ੋਸ਼ਣ ਕੀਤਾ ਹੈ। ਉਦਯੋਗਪਤੀਆਂ ਨੇ ਆਦਿ-ਵਾਸੀ ਖੇਤਰਾਂ ਵਿੱਚ ਕਾਰਖ਼ਾਨੇ ਸਥਾਪਿਤ ਕਰਨ ਲਈ ਓਹਨਾਂ ਦੀਆਂ ਜ਼ਮੀਨਾਂ ਖਰੀਦ ਲਈਆਂ। ਬਾਜ਼ਾਰ ਵਿੱਚ ਵੇਚਣ ਲਈ ਆਦਿ-ਵਾਸੀਆਂ ਦੁਆਰਾ ਲਿਆਂਓਂਦੀਆਂ ਗਈਆਂ ਉਪਜਾਂ ਬਹੁ ਸਸਤੀਆਂ ਕੀਮਤਾਂ ਵਿੱਚ ਖਰੀਦ ਲਈਆਂ ਜਾਂਦੀਆਂ ਹਨ।

ਅਨੇਕਾਂ ਆਦਿ-ਵਾਸੀਆਂ ਨੇ ਸ਼ੋਸ਼ਣ ਤੋਂ ਮੁਕਤੀ ਪਾਓਣ ਲਈ ਅਤੇ ਆਪਣੀ ਸਥਿਤੀ ਅਤੇ ਸੱਮਾਨ ਨੂੰ ਉੱਚਾ ਚੁੱਕਣ ਲਈ ਆਪਣੀ ਜਨਜਾਤੀ ਪਹਿਚਾਣ ਖਤਮ ਕਰ ਦਿੱਤੀ ਅਤੇ ਹਿੰਦੂ, ਈਸਾਈ ਜਾਂ ਇਸਲਾਮ ਧਰਮ ਅਪਣਾ ਲਿਆ।

ਕਦੇ ਕਦੇ ਜਨਜਾਤੀ ਸਮੂਹ ਅਤੇ ਜਾਤੀ ਸਮੂਹ ਵਿੱਚ ਸਪਸ਼ਟ ਅੰਤਰ ਕਰਨਾ ਵੀ ਮੁਸ਼ਕਿਲ ਹੋ ਜਾਂਦਾ ਹੈ। ਜਨਜਾਤੀਆਂ ਵਿੱਚ ਇੱਕ ਪਾਸੇ ਤਾਂ ਸ਼ਿਕਾਰੀ ਅਤੇ ਖਾਦ-ਪਦਾਰਥ ਸੰਗ੍ਰਾਹਕ ਹਨ, ਅਤੇ ਦੂਜੇ ਪਾਸੇ ਅਜਿਹੇ ਆਦਿ-ਵਾਸੀ ਹਨ, ਜਿਹੜੇ ਪਿੰਡਾਂ ਵਿੱਚ ਵਸੇ ਹੋਏ ਹਨ ਅਤੇ ਵਪਾਰਕ ਦ੍ਰਿਸ਼ਟੀ ਨਾਲ ਜਾਤੀ ਸਮੂਹਾਂ ਦੀ ਤਰਾਂ ਕੰਮ ਕਰਦੇ ਹਨ।

ਆਦਿ-ਵਾਸੀਆਂ ਵਿੱਚ ਆਪਣੇ ਅਲੱਗ ਹੋਣ ਦਾ ਬਹੁਤ ਆਭਾਸ ਹੈ। ਓਹ ਆਪਣੇ ਆਪ ਨੂੰ ਗੈਰ ਆਦਿ-ਵਾਸੀ ਜਾਤੀਆਂ, ਮੁਸਲਮਾਨਾਂ ਅਤੇ ਈਸਾਈਆਂ ਤੋਂ ਅਲੱਗ ਮੰਨਦੇ ਹਨ। ਭਾਸ਼ਾ ਓਹਨਾਂ ਦੀ ਪਹਿਚਾਣ ਦਾ ਇੱਕ ਬਹੁਤ ਵੱਡਾ ਆਧਾਰ ਹੈ। ਹੋਰ ਲੱਛਣਾਂ ਤੋਂ ਇਲਾਵਾ ਬੋਲਚਾਲ ਦੀਆਂ ਭਾਸ਼ਾਵਾਂ ਦੇ ਆਧਾਰ ਤੇ ਮੁੰਡਾ, ਸੰਥਾਲ ਅਤੇ ਹੋ ਜਨਜਾਤੀਆਂ ਦੀ ਵਿਸ਼ੇਸ਼ ਪਹਿਚਾਣ ਕੀਤੀ ਜਾਂਦੀ ਹੈ। ਬਹੁਤ ਸਾਰੀਆਂ ਜਨਜਾਤੀਆਂ ਅਜਿਹੇ ਪਹਾੜੀ ਅਤੇ ਜੰਗਲੀ ਖੇਤਰਾਂ ਵਿੱਚ ਰਹਿੰਦੀਆਂ ਹਨ ਜਿੱਥੇ ਜਨ-ਸੰਖਿਆ ਛਿਤਰੀ ਹੋਈ ਹੈ ਅਤੇ ਸੰਚਾਰ ਕਠਿਨ ਹੈ। ਆਦਿ-ਵਾਸੀ ਪੂਰੇ ਉਪਮਹਾਂਦੀਪ ਵਿੱਚ ਫੈਲੇ ਹੋਏ ਹਨ, ਪ੍ਰੰਤੂ ਪੱਛਮੀ ਬੰਗਾਲ, ਬਿਹਾਰ, ਉੜੀਸਾ, ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ਵਿੱਚ ਇਨ੍ਹਾਂ ਦਾ ਮੁੱਖ ਆਧਾਰ ਹੈ।

### 2.1.1 ਜਨਜਾਤੀ ਸਮਾਜ ਦੀ ਪਰਿਭਾਸ਼ਾ

ਮੈਂਡੇਲਬਾਮ ਦੇ ਅਨੁਸਾਰ- ਸੰਪੂਰਣ ਸਮਾਜ ਵਿੱਚ ਜਨਜਾਤੀ ਜੀਵਨ ਦੀਆਂ ਕੜੀਆਂ ਬੰਧੁਤਾ ਉੱਤੇ ਆਧਾਰਿਤ ਹਨ। ਬੰਧੁਤਾ ਸਿਰਫ਼ ਸਮਾਜਿਕ ਸੰਗਠਨ ਦਾ ਹੀ ਸਿਧਾਂਤ ਨਹੀਂ ਹੈ ਬਲਕਿ ਇਹ ਉੱਤਰਾਧਿਕਾਰ, ਮਿਹਨਤ ਵਿਭਾਜਨ, ਸੱਤਾ ਅਤੇ ਵਿਸ਼ੇਸ਼ਾਧਿਕਾਰਾਂ ਦੇ ਵਿਤਰਨ ਦਾ ਸਿਧਾਂਤ ਵੀ ਹੈ। ਜਨਜਾਤੀ ਸਮਾਜ ਆਕਾਰ ਵਿੱਚ ਛੋਟੇ ਹੁੰਦੇ ਹਨ। ਆਪਣੇ ਸਮਾਜਿਕ ਸੰਬੰਧਾਂ ਦੇ ਅਨੁਰੂਪ ਜਨਜਾਤੀ ਲੋਕਾਂ ਨੂੰ ਆਪਣੀ ਨੈਤਿਕਤਾ, ਧਰਮ ਅਤੇ ਵਿਸ਼ਵ ਦ੍ਰਿਸ਼ਟੀ ਹੁੰਦੀ ਹੈ। ਸੰਥਾਲ, ਗੌਂਡ ਅਤੇ ਭੀਲ ਆਦਿ ਕੁਝ ਜਨਜਾਤੀਆਂ ਦੀ ਜਨਸੰਖਿਆ ਬਹੁਤ ਹੈ।

ਸ਼ਾਲੀਂਸ ਦੇ ਅਨੁਸਾਰ "ਜਨਜਾਤੀ ਸਮਾਜ" ਸ਼ਬਦ ਖੰਡੀ ਵਿਵਸਥਾ ਤੱਕ ਸੀਮਿਤ ਹੈ। ਖੰਡੀ ਵਿਵਸਥਾਵਾਂ ਵਿੱਚ ਸੰਬੰਧ ਲਘੂ ਸਤਰ ਉੱਤੇ ਹੁੰਦੇ ਹਨ, ਓਹਨਾਂ ਵਿੱਚ ਸਵੈਯੱਤਤਾ ਹੈ ਅਤੇ ਕੁਝ ਵਿਸ਼ੇਸ਼ ਖੇਤਰਾਂ ਵਿੱਚ ਇਹ ਸਮਾਜ ਇੱਕ ਦੂਜੇ ਤੋਂ ਸੁਤੰਤਰ ਹਨ। ਇਹ ਗੱਲ ਅਸੀਂ ਬਿਹਾਰ ਦੀ ਸੰਥਾਲ, ਉਰਾਂਵ ਅਤੇ ਮੁੰਡਾ ਅਤੇ ਰਾਜਸਥਾਨ ਦੀ ਭੀਲ, ਮੀਣਾ ਅਤੇ ਗਰਾਸੀਆ ਜਨਜਾਤੀਆਂ ਦੇ ਬਾਰੇ ਵਿੱਚ ਕਹਿ ਸਕਦੇ ਹਾਂ। ਜਾਤੀਆਂ ਦੀ ਪ੍ਰਕ੍ਰਿਤੀ ਸਾਵਯਵੀ ਹੈ ਕਿਓਂਕਿ ਹਰ ਜਾਤੀ ਜਜਮਾਨੀ ਵਿਵਸਥਾ, ਖਾਣ-ਪਾਣ ਅਤੇ ਵਿਆਹ ਸੰਬੰਧਾਂ ਦੇ ਸੰਦਰਭ ਵਿੱਚ ਸਾਵਯਵੀ ਸੰਪੂਰਣਤਾ ਦਾ ਇੱਕ ਅੰਗ ਹੈ। ਸਾਵਯਵੀ ਸੰਬੰਧਾਂ ਦੇ ਸਿਧਾਂਤ ਦੁਆਰਾ ਸਮਾਜਿਕ ਜੀਵਨ ਵਿੱਚ ਵਿਭਿੰਨ ਜਾਤੀਆਂ ਦੀ ਇੱਕ ਦੂਜੇ ਉੱਤੇ ਅੰਤਰ ਨਿਰਭਰਤਾ ਨੂੰ ਸਮਝਿਆ ਜਾ ਸਕਦਾ ਹੈ। ਜਾਤੀ ਸਮੂਹ ਵਿਸ਼ਿਸ਼ਟ ਪ੍ਰਦੱਤ ਕਸੌਟੀਆਂ ਦੇ ਆਧਾਰ ਤੇ ਸੰਸਤਰਣੀ ਰੂਪ ਵਿੱਚ ਵਿਵਸਥਿਤ ਹਨ।

ਭਾਰਤ ਵਿੱਚ ਜਨਜਾਤੀਆਂ ਨੂੰ ਸਮਝਣ ਲਈ 'ਜਨ', 'ਕਿਸਾਨ' ਅਤੇ 'ਨਗਰ' ਜਾਂ 'ਜਨਜਾਤੀ', 'ਜਨ' ਅਤੇ 'ਅਭਿਜਾਤ' ਦੇ ਵਿੱਚ ਵਿਭੇਦਾਂ ਦਾ ਵਿਸ਼ਲੇਸ਼ਣ ਖਾਸ ਲਾਭਦਾਇਕ ਨਹੀਂ ਹੈ। ਭੂਗੋਲਿਕ ਬਾਧਾ ਅਤੇ ਸੰਚਾਰ ਦੀ ਸਮੱਸਿਆ, ਤੁਲਨਾਤਮਕ ਸੰਸਕ੍ਰਿਤੀ ਸਵੈਯੱਤਤਾ ਅਤੇ ਆਰਥਿਕ ਆਤਮਨਿਰਭਰਤਾ ਦੇ ਬਾਵਜੂਦ ਬਿਹਾਰ ਦੀਆਂ ਜਨਜਾਤੀਆਂ ਵਿੱਚ ਆਪਸੀ ਅੰਤਰ ਕ੍ਰਿਆ ਅਤੇ ਸਹਿਯੋਗ ਹੁੰਦੇ ਰਹੇ ਹਨ ਕਿਓਂਕਿ ਓਹਨਾਂ ਦਾ ਵਿਚਾਰ ਹੈ ਕਿ ਓਹਨਾਂ ਦੇ ਪਰੰਪਰਾਗਤ ਭੂਮੀ ਸੰਬੰਧ, ਆਰਥਿਕ ਆਤਮ-ਨਿਰਭਰਤਾ ਅਤੇ ਸੰਸਕ੍ਰਿਤਿਕ ਸਵੈਯੱਤਤਾ ਨੂੰ ਸਮਾਨ ਬਾਹਰੀ ਖਤਰਾ ਹੈ।ਹਿੰਦੂ ਜ਼ਿਮੀਂਦਾਰਾਂ, ਬੰਗਾਲੀ ਸ਼ਾਹੂਕਾਰਾਂ ਅਤੇ ਬ੍ਰਿਟਿਸ਼ ਪ੍ਰਸ਼ਾਸਨ ਨੇ ਇਨ੍ਹਾਂ ਆਦਿ-ਵਾਸੀਆਂ ਦਾ ਜਾਨ ਲੇਵਾ ਅਤੇ ਪੂਰਨ ਅਮਾਨਵਿਕ ਸ਼ੋਸ਼ਣ ਕੀਤਾ। ਅੰਤਰ ਜਨਜਾਤੀ ਅਲਗਾਵ ਅਤੇ ਸੰਸਕ੍ਰਿਤਿਕ ਅਲਗਾਵ ਕਦੇ ਵੀ ਨਹੀਂ ਸੀ। ਬਿਹਾਰ ਦੀਆਂ ਜਨਜਾਤੀਆਂ ਨੇ ਆਪਣੇ ਸ਼ੋਸ਼ਕਾਂ ਦੇ ਵਿਰੁੱਧ ਜਨਤਾ ਨੂੰ ਜਗਾਇਆ। ਓਹਨਾਂ ਨੇ ਪ੍ਰਸ਼ਾਸਨ, ਨਗਰ, ਅਭਿਜਾਤ ਅਤੇ ਬਾਹਰੀ ਲੋਕਾਂ ਦੇ ਨਾਲ ਸੰਪਰਕ ਸਥਾਪਿਤ ਕੀਤਾ। ਝਾਰਖੰਡ ਖੇਤਰ ਜਿਸ ਵਿੱਚ ਬਿਹਾਰ, ਬੰਗਾਲ, ਮੱਧ ਪ੍ਰਦੇਸ਼ ਅਤੇ ਉੜੀਸਾ ਦੀਆਂ ਬਹੁਤ ਸਾਰੀਆਂ ਉਪ ਸੰਸਕ੍ਰਿਤੀਆਂ ਹਨ। ਮੁੰਡਾ, ਉਦਾਂਵ, ਹੋ ਅਤੇ ਸੰਥਾਲ ਇਸ ਖੇਤਰ ਦੀਆਂ ਪ੍ਰਮੁੱਖ ਜਨਜਾਤੀਆਂ ਹਨ ਜੋ ਵਣ-ਸੰਪਦਾ, ਸਥਿਰ ਖੇਤੀ, ਉਦਯੋਗਾਂ ਅਤੇ ਕੋਲਾ ਖਾਣਾਂ ਵਿੱਚ ਰੁਜ਼ਗਾਰ ਅਤੇ ਸਰਕਾਰੀ ਨੌਕਰੀਆਂ ਉੱਤੇ ਨਿਰਭਰ ਹਨ। ਕੁਝ ਆਦਿ-ਵਾਸੀ ਸ਼ਹਿਰਾਂ ਵਿੱਚ ਵਸ ਗਏ ਹਨ, ਹੋਰ ਪਿੰਡਾਂ ਵਿੱਚ ਰਹਿੰਦੇ ਹਨ ਅਤੇ ਪਿੰਡਾਂ ਵਿੱਚ ਰਹਿਣ ਵਾਲਿਆਂ ਵਿੱਚੋਂ ਕੁਝ ਦੀ ਆਰਥਿਕ ਸਥਿਤੀ ਬਹੁਤ ਚੰਗੀ ਹੈ, ਇਸ ਤਰਾਂ ਜਨਜਾਤੀ ਸੰਸਕ੍ਰਿਤੀ ਵਿੱਚ ਕੁਝ ਅੰਸ਼ ਤੱਕ ਕਿਸਾਨੀ ਸੰਸਕ੍ਰਿਤੀ ਦੇ ਤੱਤ ਵਿਦਿਅਮਾਨ ਹਨ।

ਜਨਜਾਤੀ ਅਨੱਨਤਾ ਖਤਮ ਨਾ ਹੋਈ ਏਕਾਤਮਕਤਾ, ਜਨਜਾਤੀ ਚੇਤਨਾ ਅਤੇ ਦੂਜੇ ਪਾਸੇ ਕਸਬਿਆਂ, ਸ਼ਹਿਰਾਂ ਅਤੇ ਪ੍ਰਸ਼ਾਸਨ ਉੱਤੇ ਨਿਰਭਰਤਾ ਅਤੇ ਆਪਣੇ ਸ਼ੋਸ਼ਕਾਂ ਦੇ ਵਿਰੁੱਧ ਸੰਘਟਨ ਜਨਜਾਤੀ ਸਮਾਜ ਵਿੱਚ ਸਦਾ ਵਿੱਦਿਆਮਾਨ ਰਹੇ ਹਨ। ਜਨਜਾਤੀ ਆਦਮਤਾ ਦੇ ਪੁਨਰ ਜੀਵਿਤ ਕਰਨ ਦੀ ਕੋਸ਼ਿਸ਼ ਵੀ ਬਾਹਰੀ ਹਸਤਖੇਪ ਅਤੇ ਨਿਯਮਾਂ ਅਤੇ ਨਿਯਮਾਂ ਦੇ ਥੋਪਣ ਦੇ ਵਿਰੋਧ ਵਿੱਚ

ਨੋਟ

ਅਭਿਵਿਅਕਤ ਕੀਤੀ ਗਈ ਹੈ। ਬਿਹਾਰ ਦੇ ਆਦਿ-ਵਾਸੀ ਮੁੱਖ ਤੌਰ ਤੇ ਕਿਸਾਨ ਹਨ ਅਤੇ ਇਸ ਲਈ ਓਹਨਾਂ ਦੀਆਂ ਆਰਥਿਕ ਸਮੱਸਿਆਵਾਂ ਨੂੰ ਸਮਝਣ ਦਾ ਆਧਾਰ ਓਹਨਾਂ ਦੀ ਖੇਤੀ ਹੋਣੀ ਚਾਹੀਦੀ ਹੈ। ਕਿਸਾਨ ਸਮਾਜਾਂ ਦੇ ਬਾਰੇ ਵਿੱਚ ਥੇਓਡੋਰ ਸ਼ਾਨਿਨ ਦੁਆਰਾ ਉਲੇਖਿਤ ਵਿਸ਼ੇਸ਼ਤਾਵਾਂ ਬਿਹਾਰ ਦੀਆਂ ਜਨਜਾਤੀਆਂ ਉੱਤੇ ਪੂਰੀ ਤਰਾਂ ਲਾਗੂ ਹੁੰਦੀਆਂ ਹਨ। ਇਹ ਵਿਸ਼ੇਸ਼ਤਾਵਾਂ ਹਨ- (1) ਕਿਸਾਨ ਪਰਿਵਾਰ ਦੀ ਬਹੁਆਯਾਮੀ ਸਮਾਜਿਕ ਵਿਵਸਥਾ ਦੀ ਆਧਾਰ ਭੂਤ ਇਕਾਈ ਖੇਤ ਹਨ, (2) ਭੂਮੀ ਪਾਲਣ ਜੀਵਨਯਾਪਨ ਦਾ ਮੁੱਖ ਸਾਧਨ ਹੈ ਕਿਓਂਕਿ ਇਸ ਦੇ ਦੁਆਰਾ ਜ਼ਿਆਦਾਤਰ ਉਪਭੋਗ ਦੀਆਂ ਜ਼ਰੂਰਤਾਂ ਦੀ ਪੂਰਤੀ ਹੁੰਦੀ ਹੈ, (3) ਵਿਸ਼ੇਸ਼ ਪਰੰਪਰਾਤਮਕ ਸੰਸਕ੍ਰਿਤੀ ਲਘੂ ਸਮੁਦਾਵਾਂ ਦੀ ਜੀਵਨ ਪ੍ਰਣਾਲੀ ਨਾਲ ਜੁੜੀ ਹੋਈ ਹੈ, (4) ਕਿਸਾਨਾਂ ਦੀ ਸਥਿਤੀ ਸ਼ੋਸ਼ਿਤਾਂ ਦੇ ਸਮਾਨ ਹੁੰਦੀ ਹੈ ਜਿਨ੍ਹਾਂ ਉੱਤੇ ਬਾਹਰੀ ਲੋਕਾਂ ਦਾ ਪ੍ਰਭੁਤਵ ਹੁੰਦਾ ਹੈ। ਐਸ. ਸੀ. ਰਾਏ ਨੇ ਬਿਹਾਰ ਦੀਆਂ ਜਨਜਾਤੀਆਂ ਨੂੰ "ਕਿਸਾਨਾਂ" ਦਾ ਨਾਂ ਦਿੱਤਾ ਹੈ। 300 ਸਾਲਾਂ ਤੱਕ ਜਨਜਾਤੀਆਂ ਨੇ ਸਾਮੰਤਵਾਦ ਦੇ ਵਿਰੁੱਧ ਸੰਘਰਸ਼ ਕੀਤਾ ਹੈ। ਅੱਜ ਓਹਨਾਂ ਦੀਆਂ ਸਮੱਸਿਆਵਾਂ ਝਾਰਖੰਡ ਖੇਤਰ ਵਿੱਚ ਉਦਯੋਗਿਕ ਨਗਰੀਕਰਣ ਦੇ ਕਾਰਣ ਵੀ ਬਣੀਆਂ ਹੋਈਆਂ ਹਨ।

### 2.1.2 ਜਨਜਾਤੀ ਸਮਾਜਿਕ ਸੰਰਚਨਾਂ

ਮੈਂਡੇਲਬਾਮ ਨੇ ਭਾਰਤੀ ਜਨਜਾਤੀਆਂ ਨੂੰ ਨਿਮਨ ਵਿਸ਼ੇਸ਼ਤਾਵਾਂ ਦੱਸੀਆਂ ਹਨ- (1) ਬੰਧੁਤਾ ਸਮਾਜਿਕ ਬੰਧਨਾਂ ਦਾ ਇੱਕ ਸਾਧਨ, (2) ਵਿਅਕਤੀਆਂ ਅਤੇ ਸਮੂਹਾਂ ਦੇ ਵਿੱਚ ਸੋਪਾਨ ਦਾ ਅਭਾਵ, (3) ਦ੍ਰਿੜ੍ਹ ਅਤੇ ਜਟਿਲ ਔਪਚਾਰਿਕ ਸੰਗਠਨਾਂ ਦਾ ਅਭਾਵ, (4) ਭੂਮੀਧਾਰਿਤਾ ਦਾ ਸਮੁਦਾਇਕ ਆਧਾਰ, (5) ਖੰਡੀ ਸਰੂਪ, (6) ਅਤਿਰਿਕਤ ਪੂੰਜੀ ਦੇ ਸੰਗ੍ਰਹਿ ਅਤੇ ਉਪਯੋਗ, ਅਤੇ ਬਾਜ਼ਾਰ ਆਧਾਰਿਤ ਵਪਾਰ ਦਾ ਘੱਟ ਮਹੱਤਵ, (7) ਧਰਮ ਦੇ ਸਰੂਪ ਅਤੇ ਸਾਰ ਵਿੱਚ ਵਿਭੇਦ ਦਾ ਅਭਾਵ, ਅਤੇ (8) ਜੀਵਨ ਆਨੰਦ ਪ੍ਰਾਪਤ ਕਰਨ ਦੀ ਵਿਸ਼ਿਸ਼ਟ ਮਨੋਦਸ਼ਾ।

ਇਨ੍ਹਾਂ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਜਨਜਾਤੀਆਂ ਨੂੰ ਹੋਰ ਸਮਾਜਿਕ ਸ਼੍ਰੇਣੀਆਂ ਤੋਂ ਅਲੱਗ ਕੀਤਾ ਗਿਆ ਹੈ। 1930 ਦੇ ਦਸ਼ਕ ਵਿੱਚ ਬ੍ਰਿਟਿਸ਼ ਪ੍ਰਸ਼ਾਸਨ ਨੇ ਜਨਜਾਤੀਆਂ ਦੀ ਵਿਸਤ੍ਰਿਤ ਜਨਗਣਨਾ ਕੀਤੀ। ਜਨਜਾਤੀਆਂ ਨੂੰ ਓਹਨਾਂ ਦੇ ਧਾਰਮਿਕ ਅਤੇ ਪਰਿਸਥਿਤਿਕ ਆਧਾਰਾਂ ਉੱਤੇ ਜਾਤੀਆਂ ਤੋਂ ਵਿਭੇਦਿਤ ਕੀਤਾ ਗਿਆ ਹੈ।

ਫਿਰ ਵੀ ਜਨਜਾਤੀਆਂ ਕਿਸਾਨ ਵੀ ਹਨ ਕਿਓਂਕਿ ਓਹਨਾਂ ਵਿੱਚੋਂ ਬਹੁਤ ਸਾਰੇ ਲੋਕ ਪਿੰਡਾਂ ਵਿੱਚ ਰਹਿੰਦੇ ਹਨ ਅਤੇ ਖੇਤੀ ਅਤੇ ਹੋਰ ਸੰਬੰਧਿਤ ਕਾਰੋਬਾਰਾਂ ਵਿੱਚ ਲੱਗੇ ਹੋਏ ਹਨ। ਇਹ ਵਿਭਿੰਨ ਜਾਤੀਆਂ ਅਤੇ ਸਮੁਦਾਵਾਂ ਦੀ ਤਰਾਂ ਦਿਖਾਈ ਦਿੰਦੇ ਹਨ। ਅੱਜ 427 ਜਨਜਾਤੀਆਂ ਹਨ ਜਿਨ੍ਹਾਂ ਦੀ ਜਨਸੰਖਿਆ 3 ਕਰੋੜ ਤੋਂ ਅਧਿਕ ਹੈ। ਓਹ ਸੰਪੂਰਣ ਜਨਸੰਖਿਆ ਦਾ ਲਗਭਗ 7% ਹਨ। ਜਨਜਾਤੀਆਂ ਵਿੱਚ ਨਿਵਾਸ, ਪਰਿਸਥਿਤੀ, ਆਰਥਿਕ ਕੰਮ, ਭਾਸ਼ਾ, ਧਰਮ ਅਤੇ ਬਾਹਰੀ ਸੰਸਾਰ ਦੇ ਨਾਲ ਸੰਪਰਕ ਦੇ ਆਧਾਰ ਤੇ ਬਹੁਤ ਸਾਰੀਆਂ ਵਿਭਿੰਨਤਾਵਾਂ ਪਾਈਆਂ ਜਾਂਦੀਆਂ ਹਨ। ਹਰ ਜਨਜਾਤੀ ਅੰਦਰੂਨੀ ਤੌਰ ਤੇ ਸਤਰਿਤ ਹੈ, ਸੰਭਵ ਹੈ ਕਿ ਕਿਸੇ ਜਨਜਾਤੀ ਦੇ ਮੈਂਬਰਾਂ ਨੂੰ ਆਪਣੇ ਆਪ ਦੇ ਅਸਤਿੱਤਵ ਸੰਬੰਧੀ ਹਾਲਾਤਾਂ ਦਾ ਸਪਸ਼ਟ ਆਭਾਸ ਨਾ ਹੋਵੇ ਜਾਂ ਓਹਨਾਂ ਨੂੰ ਇਸ ਸੰਬੰਧ ਵਿੱਚ ਇੱਕ ਵਿਕ੍ਰਿਤ ਜਾਂ ਅਵਾਸਤਵਿਕ ਚੇਤਨਾ ਹੋਵੇ।

ਸੰਖਿਆ ਦੀ ਬਾਹੁਲਤਾ ਦੇ ਆਧਾਰ ਤੇ ਭਾਰਤ ਦੀਆਂ ਪ੍ਰਮੁੱਖ ਜਨਜਾਤੀਆਂ ਹਨ- ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਦੇ ਗੌਂਡ, ਰਾਜਸਥਾਨ, ਗੁਜਰਾਤ, ਮਹਾਰਾਸ਼ਟਰ, ਮੱਧ ਪ੍ਰਦੇਸ਼ ਦੇ ਭੀਲ, ਬਿਹਾਰ, ਉੜੀਸਾ ਅਤੇ ਪੱਛਮੀ ਬੰਗਾਲ ਦੇ ਸੰਥਾਲ। ਗੌਂਡ ਅਤੇ ਭੀਲ, ਹਰ ਇੱਕ ਦੀ ਜਨਸੰਖਿਆ 40 ਲੱਖ ਤੋਂ ਅਧਿਕ ਹੈ। ਸੰਥਾਲਾਂ ਦੀ ਜਨਸੰਖਿਆ 30 ਲੱਖ ਤੋਂ ਜ਼ਿਆਦਾ ਹੈ। ਇਤਿਹਾਸਿਕ, ਨ੍ਰਿਜਾਤੀ ਅਤੇ ਸਮਾਜਿਕ, ਸੰਸਕ੍ਰਿਤਿਕ ਸੰਬੰਧਾਂ ਦੇ ਆਧਾਰਾਂ ਉੱਤੇ ਰਾਏ ਬਰਮਨ ਨੇ ਜਨਜਾਤੀ ਸਮੁਦਾਵਾਂ ਨੂੰ ਪੰਜ ਖੇਤਰੀ ਸਮੂਹਾਂ ਵਿੱਚ ਵਿਭਾਜਿਤ ਕੀਤਾ ਹੈ। ਇਹ ਸਮੂਹ ਨਿਮਨ ਹਨ-

1. ਉੱਤਰ-ਪੂਰਬੀ ਭਾਰਤ ਜਿਸ ਵਿੱਚ ਅਸਮ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮਣੀਪੁਰ ਅਤੇ ਤ੍ਰਿਪੁਰਾ ਸ਼ਾਮਿਲ ਹਨ।
2. ਉੱਤਰ ਅਤੇ ਉੱਤਰ-ਪੱਛਮ ਭਾਰਤ ਦਾ ਉਪ-ਹਿਮਾਲਿਆ ਖੇਤਰ ਜਿਸ ਵਿੱਚ ਉੱਤਰ ਪ੍ਰਦੇਸ਼ ਦੇ ਪਹਾੜੀ ਜ਼ਿਲਿਆਂ ਅਤੇ ਹਿਮਾਚਲ ਪ੍ਰਦੇਸ਼ ਸ਼ਾਮਿਲ ਹਨ।
3. ਕੇਂਦਰੀ ਅਤੇ ਪੂਰਬੀ ਭਾਰਤ ਜਿਸ ਵਿੱਚ ਪੱਛਮੀ ਬੰਗਾਲ, ਬਿਹਾਰ, ਉੜੀਸਾ, ਮੱਧ ਪ੍ਰਦੇਸ਼ ਅਤੇ ਆਂਧਰਾ ਪ੍ਰਦੇਸ਼ ਸ਼ਾਮਿਲ ਕੀਤੇ ਗਏ ਹਨ।
4. ਦੱਖਣ ਭਾਰਤ ਜਿਸ ਵਿੱਚ ਤਮਿਲਨਾਡੂ, ਕੇਰਲ ਅਤੇ ਕਰਨਾਟਕ ਆਓਂਦੇ ਹਨ।
5. ਪੱਛਮੀ ਭਾਰਤ ਜਿਸ ਵਿੱਚ ਰਾਜਸਥਾਨ, ਗੁਜਰਾਤ ਅਤੇ ਮਹਾਰਾਸ਼ਟਰ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

ਪ੍ਰਜਾਤੀ ਲੱਛਣਾਂ, ਭਾਸ਼ਾ, ਸਮਾਜਿਕ ਸੰਗਠਨ ਅਤੇ ਸੰਸਕ੍ਰਿਤਿਕ ਪ੍ਰਤੀਮਾਨ ਆਦਿ ਦੇ ਸੰਦਰਭ ਵਿੱਚ ਭਾਰਤ ਦੀਆਂ ਜਨਜਾਤੀਆਂ ਇੱਕ ਦੂਜੇ ਤੋਂ ਭਿੰਨ ਹਨ। ਆਦਿ-ਵਾਸੀਆਂ ਵਿੱਚ ਆਦਿ ਆਸਟ੍ਰੇਲਿਆਈ ਪ੍ਰਮੁੱਖ ਪ੍ਰਜਾਤੀ ਕੋਟਿ ਹਨ। ਉਪ ਹਿਮਾਲਿਆ ਪੱਟੀ ਵਿੱਚ ਮੰਗੋਲ ਪ੍ਰਜਾਤੀ ਦੀ ਪ੍ਰਧਾਨਤਾ ਹੈ। ਭੂਮੱਧਸਾਗਰੀ ਪ੍ਰਜਾਤੀ ਅਤੇ ਨੀਗ੍ਰੀਟੋ ਹੋਰ ਖੇਤਰਾਂ ਵਿੱਚ ਰਹਿੰਦੇ ਹਨ। ਜਨਜਾਤੀਆਂ ਦੀਆਂ ਭਾਸ਼ਾਵਾਂ ਸਭ ਪ੍ਰਕਾਰ ਤੋਂ ਆਸਟ੍ਰਿਕ, ਦ੍ਰਵਿੜੀਅਨ ਅਤੇ ਤਿੱਬਤੀ ਚੀਨੀ ਨਾਲ ਸੰਬੰਧਿਤ ਹਨ। ਭੂਮਿਜ ਅਤੇ ਭੀਲ ਜਿਹੀਆਂ ਕੁਝ ਜਨਜਾਤੀਆਂ ਦਾ ਹਿੰਦੂਆਂ ਵਿੱਚ ਸਾਤਮ ਹੋ ਗਿਆ ਹੈ। ਕੁਝ ਜਨਜਾਤੀਆਂ ਈਸਾਈ ਧਰਮ ਵੱਲ ਪ੍ਰਭਾਵਿਤ ਹੋਈਆਂ

ਨੋਟ

ਹਨ। ਜਨਜਾਤੀਆਂ ਦੇ ਮੁੱਖ ਧੰਦੇ ਇਸ ਤਰਾਂ ਹਨ- (1) ਵਾਣਿਕੀ ਅਤੇ ਖਾਦ ਸਮੱਗਰੀ ਸੰਚਣ, (2) ਝੂਮ ਖੇਤੀ, (3) ਸਥਾਈ ਖੇਤੀ, (4) ਖੇਤ-ਮਜ਼ਦੂਰੀ, (5) ਪਸ਼ੂ-ਪਾਲਣ, (6) ਘਰੇਲੂ ਉਦਯੋਗ, ਧੰਦੇ।

### 2.1.3 ਭਾਰਤ ਦੀਆਂ ਜਨਜਾਤੀਆਂ ਵਿੱਚ ਸਮਾਜਿਕ ਸਤਰੀਕਰਣ

ਐਨ. ਕੇ. ਬੋਸ ਦੀ ਤਰਾਂ ਆਂਦ੍ਰੇ ਬੇਤੇਈ ਨੇ ਵੀ ਜਨਜਾਤੀਆਂ ਦੇ ਵਰਗੀਕਰਣ ਦੇ ਮੁੱਖ ਆਧਾਰ, ਭਾਸ਼ਾ, ਧਰਮ ਅਤੇ ਅਲਗਾਵ ਨੂੰ ਦੱਸਿਆ ਹੈ। ਪ੍ਰੰਤੂ ਬੇਤੇਈ ਨੇ ਜੀਵਨਯਾਪਨ ਦੇ ਤਰੀਕਿਆਂ ਨੂੰ ਵੀ ਵਰਗੀਕਰਣ ਦਾ ਆਧਾਰ ਮੰਨਿਆ ਹੈ। ਬੋਸ ਨੇ ਜਨਜਾਤੀ ਲੋਕਾਂ ਨੂੰ ਤਿੰਨ ਮੁੱਖ ਸ਼੍ਰੇਣੀਆਂ ਵਿੱਚ ਵਰਗੀਕ੍ਰਿਤ ਕੀਤਾ ਹੈ- (1) ਸ਼ਿਕਾਰੀ, ਮਛੇਰੇ ਅਤੇ ਸੰਗ੍ਰਾਹਕ, (2) ਝੂਮ ਕਿਸਾਨ, ਅਤੇ (3) ਸਥਾਈ ਕਿਸਾਨ ਜੋ ਹਲ ਅਤੇ ਹਲ ਖਿੱਚਣ ਵਾਲੇ ਪਸ਼ੂਆਂ ਤੋਂ ਕੰਮ ਲੈਂਦੇ ਹਨ। ਤੀਜੀ ਸ਼੍ਰੇਣੀ ਵਿੱਚ ਸੰਥਾਲ, ਗੋਂਡ, ਭੀਲ, ਉਰਾਂਵ ਅਤੇ ਮੁੰਡਾ ਆਦਿ ਜਨਜਾਤੀਆਂ ਦੇ ਲੋਕ ਹਨ। ਇਨ੍ਹਾਂ ਜਨਜਾਤੀਆਂ ਦੇ ਕਿਸਾਨ ਅਤੇ ਗੈਰ ਜਨਜਾਤੀਆਂ ਦੇ ਕਿਸਾਨਾਂ ਵਿੱਚ ਭਿੰਨਤਾ ਨਹੀਂ ਹੈ। ਇਨ੍ਹਾਂ ਜਨਜਾਤੀਆਂ ਨੂੰ ਕਿਸਾਨਾਂ, ਖੇਤੀ ਮਜ਼ਦੂਰਾਂ ਅਤੇ ਮਜ਼ਦੂਰਾਂ ਵਿੱਚ ਵੀ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਦੱਖਣ ਬਿਹਾਰ, ਬੰਗਾਲ, ਉੜੀਸਾ ਅਤੇ ਮੱਧ ਪ੍ਰਦੇਸ਼ ਵਿੱਚ ਆਦਿ-ਵਾਸੀ ਕਾਰਖ਼ਾਨਿਆਂ ਵਿੱਚ ਕੰਮ ਕਰਦੇ ਹਨ। ਐਸ. ਸੀ. ਰਾਏ ਨੇ ਉਰਾਂਵ ਅਤੇ ਮੁੰਡਾ ਪੇਂਡੂਆਂ ਨੂੰ ਕਿਸਾਨ ਕਿਹਾ ਹੈ। ਫਿਊਰਰ ਹੈਮੇਨਡੋਰਫ ਨੇ ਅਦਿਲਾਬਾਦ ਦੇ ਰਾਜਗੋਂਡ ਆਦਿ-ਵਾਸੀਆਂ ਦੀ ਸੰਸਕ੍ਰਿਤੀ ਨੂੰ ਕਿਸਾਨ ਸੰਸਕ੍ਰਿਤੀ ਦਾ ਨਾਂ ਦਿੱਤਾ ਹੈ। ਐਫ. ਜੀ. ਬੈਲੀ ਨੇ ਵੀ ਉੜੀਸਾ ਦੇ ਖੋਂਡ ਆਦਿ-ਵਾਸੀਆਂ ਨੂੰ ਕਿਸਾਨ ਕਿਹਾ ਹੈ।

ਅਨੇਕਾਂ ਮਾਨਵ ਸ਼ਾਸਤਰੀਆਂ ਨੇ ਇੱਕ ਵਿਸ਼ਿਸ਼ਟ ਜਨਜਾਤੀ ਦੇ ਮੈਂਬਰਾਂ ਵਿੱਚ ਸਮਾਜਿਕ ਸਤਰੀਕਰਣ ਦੇਖਿਆ ਹੈ। ਕਾਸ਼ਤਕਾਰੀ ਦੀ ਅਵਧੀ ਦੇ ਕਾਰੋਬਾਰ ਵਿਭੇਦੀਕਰਣ ਦੇ ਸੰਦਰਭ ਵਿੱਚ ਐਸ. ਸੀ. ਰਾਏ ਨੇ ਇੱਕ ਉਰਾਂਵ ਪਿੰਡ ਵਿੱਚ ਕਈ ਸਮੂਹਾਂ ਦਾ ਉਲੇਖ ਕੀਤਾ ਹੈ। ਰਾਏ ਨੇ ਕਿਸਾਨ ਮਾਲਿਕ ਅਤੇ ਰਈਅਤਾਂ ਦੀਆਂ ਵਿਭਿੰਨ ਸ਼੍ਰੇਣੀਆਂ ਦਾ ਉਲੇਖ ਕੀਤਾ ਹੈ। ਇਸੇ ਆਦਿ-ਵਾਸੀ ਸਮੂਹ ਵਿੱਚ ਮਹਾਲੀ, ਘਾਸੀ ਅਤੇ ਲੋਹਰਾ ਆਦਿ ਅਨੇਕ ਅੰਤਰ ਵਿਵਾਹਿਕ ਸਮੂਹ ਪਾਏ ਜਾਂਦੇ ਹਨ। ਮੁੰਡਾ ਵੀ ਸਥਾਈ ਤੌਰ ਤੇ ਖੇਤੀ ਕਰਦੇ ਹਨ। ਓਹਨਾਂ ਦੇ ਪਰਿਵਾਰ ਵਿੱਚ ਵੀ ਮਿਹਨਤ ਵਿਭਾਜਨ ਪਾਇਆ ਜਾਂਦਾ ਹੈ। ਮੁੰਡਾਵਾਂ ਵਿੱਚ ਖੂੰਟਕੱਟੀ-ਭੂ-ਧਾਰਣ ਪੱਧਤੀ ਪਾਈ ਜਾਂਦੀ ਹੈ। ਖੂੰਟਕੱਟੀ ਪੱਧਤੀ ਦੇ ਅੰਤਰਗਤ: (1) ਖੂੰਟਕੱਟੀਦਾਰ, (2) ਪ੍ਰਜਾ ਜਾਂ ਰਈਅਤ, ਅਤੇ (3) ਸਹਾਇਕ ਜਾਤੀਆਂ (ਸੇਵਾਕਾਰੀ ਸਮੂਹ) ਪਾਏ ਜਾਂਦੇ ਹਨ। ਵਿਅਕਤਿਕ ਭੂ-ਮਲਕਿਅਤ ਲਾਗੂ ਹੋਣ ਅਤੇ ਬ੍ਰਿਟਿਸ਼ ਰਾਜ ਦੇ ਉਦੇ ਨਾਲ ਸ਼ਾਹੂਕਾਰਾਂ ਅਤੇ ਜ਼ਿਮੀਂਦਾਰਾਂ ਦਾ ਜਨਜਾਤੀ ਜੀਵਨ ਵਿੱਚ ਹਸਤਖੇਪ ਵਧਿਆ। ਇਸੇ ਕਾਰਣ ਖੂੰਟਕੱਟੀ ਪੱਧਤੀ ਦਾ ਮਹੱਤਵ ਖਤਮ ਹੋ ਗਿਆ। ਧੁਰਿਆ ਨੇ ਆਦਿ-ਵਾਸੀ ਲੋਕਾਂ ਨੂੰ ਪਿਛੜੇ ਹਿੰਦੂਆਂ ਦਾ ਨਾਂ ਦਿੱਤਾ ਹੈ।

| | |
|---|---|
| ਕੀ ਤੁਸੀਂ ਜਾਣਦੇ ਹੋ | ਅਨੇਕਾਂ ਆਦਿ-ਵਾਸੀਆਂ ਨੇ ਸ਼ੋਸ਼ਣ ਤੋਂ ਮੁਕਤੀ ਪਾਓਣ ਅਤੇ ਆਪਣੀ ਸਥਿਤੀ ਅਤੇ ਸੱਮਾਨ ਨੂੰ ਉੱਚਾ ਚੁੱਕਣ ਲਈ ਆਪਣੀ ਜਨਜਾਤੀ ਪਹਿਚਾਣ ਖਤਮ ਕਰ ਦਿੱਤੀ ਅਤੇ ਹਿੰਦੂ, ਈਸਾਈ ਜਾਂ ਇਸਲਾਮ ਧਰਮ ਨੂੰ ਅਪਣਾ ਲਿਆ। |

### 2.1.4 ਜਨਜਾਤੀ ਅਤੇ ਜਾਤੀ

ਮੈਂਡੇਲਬਾਮ ਦੇ ਅਨੁਸਾਰ ਜਨਜਾਤੀ ਹੌਲੀ ਹੌਲੀ ਜਾਤੀ ਵੱਲ ਵਧ ਰਹੀ ਹੈ। ਮੈਂਡੇਲਬਾਮ ਦੇ ਕਥਾਨੁਸਾਰ: "ਸਭ ਜਨਜਾਤੀਆਂ ਅਤੇ ਸਭ ਜਾਤੀਆਂ ਦੇ ਲੋਕਾਂ ਵਿਚਕਾਰ ਕੋਈ ਨਿਰਬਾਧ ਸੰਸਕ੍ਰਿਤਿਕ ਜਾਂ ਸਮਾਜਿਕ ਅੰਤਰ ਨਹੀਂ ਹੈ ਪ੍ਰੰਤੂ ਜਨਜਾਤੀ ਅਤੇ ਜਾਤੀ ਲੱਛਣਾਂ ਦੇ ਵਿੱਚ ਅੰਤਰ ਦੀ ਇੱਕ ਲੜੀ ਹੈ।" ਸੰਸਕ੍ਰਿਤਿਕ ਪਵਿੱਤਰਤਾ ਅਤੇ ਅਪਵਿੱਤਰਤਾ, ਸਥਾਨਿਕ ਆਤਮਾਵਾਂ ਦੀ ਪੂਜਾ ਅਤੇ ਬੰਧੁਤਾ ਵਿਵਹਾਰਾਂ ਦੀ ਪ੍ਰਕ੍ਰਿਤੀ ਦੇ ਸੰਦਰਭ ਵਿੱਚ ਜਨਜਾਤੀਆਂ ਅਤੇ ਜਾਤੀਆਂ ਵਿੱਚ ਕੁਝ ਆਮ ਸੰਸਕ੍ਰਿਤਿਕ ਲੱਛਣ ਪਾਏ ਜਾਂਦੇ ਹਨ। ਜਨਜਾਤੀ ਅਤੇ ਜਾਤੀ ਦੇ ਵਿੱਚ ਅੰਤਰ ਦੇ ਮੋਟੇ ਰੂਪ ਵਿੱਚ ਪੰਜ ਪਹਿਲੂ ਹਨ- (1) ਸਮਾਜਿਕ, (2) ਰਾਜਨੀਤਿਕ, (3) ਆਰਥਿਕ, (4) ਧਾਰਮਿਕ, (5) ਮਨੋਵਿਗਿਆਨਿਕ। ਇਨ੍ਹਾਂ ਪਹਿਲੂਆਂ ਵਿੱਚ ਵਿਭੇਦਾਂ ਤੋਂ ਬਾਅਦ ਵੀ ਆਦਿ-ਵਾਸੀਆਂ ਦਾ ਜਾਤੀ ਮੁੱਲਾਂ ਵੱਲ ਖਿਸਕਾਵ ਹੈ। ਜੀਵਨ ਪ੍ਰਣਾਲੀਆਂ, ਪ੍ਰਥਾਵਾਂ, ਭੋਜਨ ਪ੍ਰਤੀਮਾਨਾਂ, ਧਾਰਮਿਕ ਸੰਸਕਾਰਾਂ, ਸੋਪਾਨ, ਗੁਟ ਅਤੇ ਝਗੜੇ, ਸੰਸਕ੍ਰਿਤੀ, ਧਰਮ ਅਤੇ ਜੀਵਨ-ਦ੍ਰਿਸ਼ਟੀਕੋਣ ਆਦਿ ਦੇ ਖੇਤਰਾਂ ਵਿੱਚ ਇਹ ਖਿਸਕਾਵ ਅਵਲੋਕਿਤ ਹੋਇਆ ਹੈ। ਇਨ੍ਹਾਂ ਖੇਤਰਾਂ ਵਿੱਚ ਜਨਜਾਤੀਆਂ ਨੇ ਜਾਤੀ ਸਮੂਹਾਂ ਦਾ ਅਨੁਸਰਣ ਕੀਤਾ ਹੈ।

ਇਤਿਹਾਸਕਾਰ ਡੀ. ਡੀ. ਕੋਸੰਬੀ ਦੇ ਅਨੁਸਾਰ ਈਸਾ ਪੂਰਵ 6ਵੀਂ ਸਦੀ ਵਿੱਚ ਗੰਗਾ ਦੇ ਮੈਦਾਨ ਵਿੱਚ ਜਨਜਾਤੀਆਂ ਉੱਤੇ ਕੌਸ਼ਲ ਅਤੇ ਮਗਧ ਰਾਜਾਂ ਨੇ ਜਿੱਤ ਪ੍ਰਾਪਤ ਕਰ ਕੇ ਓਹਨਾਂ ਖੇਤਰਾਂ ਨੂੰ ਆਪਣੇ ਖੇਤਰਾਂ ਵਿੱਚ ਆਤਮਸਾਤ ਕਰ ਲਿਆ ਸੀ। ਪ੍ਰਾਚੀਨ ਕਾਲ ਤੋਂ ਬ੍ਰਿਟਿਸ਼ ਰਾਜ ਤੱਕ ਜਨਜਾਤੀਆਂ ਨੇ ਗੈਰ-ਜਨਜਾਤੀਆਂ ਉੱਤੇ ਲਗਾਤਾਰ ਹਮਲੇ ਕੀਤੇ। ਜਨਜਾਤੀ ਸਮੂਹਾਂ ਦੀ ਵਿਵਸਥਾ ਵਿੱਚ ਆਤਮਸਾਤ ਨੂੰ ਬ੍ਰਿਟਿਸ਼ ਰਾਜ ਨੇ ਠੀਕ ਨਹੀਂ ਸਮਝਿਆ। ਓਹਨਾਂ ਨੇ ਜਨਜਾਤੀ ਅਤੇ ਜਾਤੀ ਦੇ ਇਸ ਮਿਸ਼ਰਣ ਦੇ ਨਤੀਜੇ ਨੂੰ ਰਾਜ ਦੇ ਲਈ ਇੱਕ ਗੰਭੀਰ ਖਤਰਾ ਮਹਿਸੂਸ ਕੀਤਾ। ਜਨਜਾਤੀਆਂ ਅਤੇ ਜਾਤੀਆਂ ਦੇ ਏਕੀਕਰਣ ਨੂੰ ਰੋਕਣ ਦੀ ਇਹ ਇੱਕ ਰਾਜਨੀਤਿਕ ਚਾਲ ਸੀ। ਸਰ ਹਰਬਰਟ ਐਚ. ਰਿਜ਼ਲੇ ਦੇ ਅਵਲੋਕਣ ਦੇ ਅਨੁਸਾਰ 1873 ਤੋਂ ਹੀ ਜਨਜਾਤੀਆਂ ਜਾਤੀਆਂ ਵਿੱਚ ਪਰਿਵਰਤਿਤ ਹੋ ਰਹੀਆਂ ਸਨ। ਪਰਿਵਰਤਨ ਦੀ ਇਸ ਪ੍ਰਕ੍ਰਿਆ ਨੂੰ ਸੰਸਕ੍ਰਿਤੀਕਰਣ ਜਾਂ ਹਿੰਦੂਕਰਣ ਕਿਹਾ ਜਾ ਸਕਦਾ ਹੈ।

ਨੋਟ

### 2.1.5 ਜਨਜਾਤੀ ਸਮੱਸਿਆਵਾਂ

ਕੁ. ਸੁਰੇਸ਼ ਸਿੰਘ ਦੁਆਰਾ ਸੰਪਾਦਿਤ ਪੁਸਤਕ *ਟ੍ਰਾਈਬਲ ਸਿਚੁਏਸ਼ਨ ਇਨ ਇੰਡੀਆ* ਵਿੱਚ ਅਲੱਗ ਅਲੱਗ ਖੇਤਰਾਂ ਵਿੱਚ ਵਿਭਿੰਨ ਜਨਜਾਤੀਆਂ ਬਾਰੇ ਸਮਾਜਿਕ ਅਤੇ ਸੰਸਕ੍ਰਿਤਿਕ, ਸੰਚਾਰ, ਨੀਤੀ, ਰਾਜਨੀਤੀ ਅਤੇ ਪ੍ਰਸ਼ਾਸਨ, ਖੇਤੀ ਸਮੱਸਿਆਵਾਂ ਅਤੇ ਆਰਥਿਕ ਵਿਕਾਸ, ਅੰਦੋਲਨ ਅਤੇ ਅਗਵਾਈ ਅਤੇ ਏਕੀਕਰਣ ਦੀਆਂ ਸਮੱਸਿਆਵਾਂ ਦਾ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ। ਬੀ. ਕੇ. ਰਾਏ ਬਰਮਨ ਦੇ ਸਰਵੇਖਣ ਤੋਂ ਪ੍ਰਤੀਤ ਹੁੰਦਾ ਹੈ ਕਿ ਜਨਜਾਤੀਆਂ ਸਭ ਤੋਂ ਅਧਿਕ ਪਿਛੜੀਆਂ ਹੋਈਆਂ ਹਨ। ਓਹਨਾਂ ਵਿੱਚ ਸਾਖਰਤਾ ਦੀ ਗਤੀ ਧੀਮੀ ਹੈ ਅਤੇ ਓਹਨਾਂ ਦੀ ਅਰਥਵਿਵਸਥਾ ਆਦਿਮ ਹੈ। ਘੱਟ ਤੋਂ ਘੱਟ 185 ਤਾਲੁਕਾਵਾਂ ਵਿੱਚ ਓਹਨਾਂ ਦੀ ਜਨਸੰਖਿਆ ਕੁਲ ਜਨਸੰਖਿਆ ਦੇ 50% ਤੋਂ ਅਧਿਕ ਹੈ। ਜਨਜਾਤੀ ਸਥਿਤੀ ਭਾਰਤ ਦੇ ਸਭ ਭਾਗਾਂ ਵਿੱਚ ਸਮਾਨ ਨਹੀਂ ਹੈ। ਉੱਤਰ-ਪੂਰਬ ਭਾਰਤ ਵਿੱਚ ਕਈ ਸਾਲਾਂ ਤੋਂ ਹਾਲਤ ਵਿਗੜੀ ਹੋਈ ਹੈ। ਮੱਧ ਭਾਰਤ ਵਿੱਚ ਗਰੀਬੀ, ਬੇਰੁਜ਼ਗਾਰੀ, ਕਰਜ਼ੇ, ਪਿਛੜਾਪਨ ਅਤੇ ਅਗਿਆਨਤਾ ਆਦਿ ਦੀ ਸਮੱਸਿਆ ਤਿੱਖੀ ਬਣੀ ਹੋਈ ਹੈ। ਉੱਤਰ-ਪੂਰਬ ਭਾਰਤ ਦੇ ਆਦਿ-ਵਾਸੀਆਂ ਵਿੱਚ ਰਾਜਨੀਤੀਕਰਣ, ਸਿੱਖਿਆ ਅਤੇ ਜੀਵਨ ਦਾ ਸਤਰ ਹੋਰ ਭਾਗਾਂ ਦੀਆਂ ਜਨਜਾਤੀਆਂ ਦੀ ਤੁਲਨਾ ਵਿੱਚ ਚੰਗਾ ਹੈ।

### 2.1.6 ਭਾਰਤ ਦੀਆਂ ਜਨਜਾਤੀਆਂ ਵਿੱਚ ਪਰਿਵਰਤਨ ਦੀ ਪ੍ਰਕ੍ਰਿਆ

ਨ੍ਰਿਜਾਤੀ ਅਤੇ ਸੰਸਕ੍ਰਿਤਿਕ ਏਕਾਤਮਕਤਾ ਬਣਾ ਕੇ ਰੱਖਣ ਅਤੇ ਡਿੱਕੂਆਂ (ਬਾਹਰੀ ਲੋਕਾਂ) ਦੁਆਰਾ ਸ਼ੋਸ਼ਣ ਦੇ ਵਿਰੁੱਧ ਆਪਣੇ ਆਪ ਨੂੰ ਹਿੰਦੂ ਸਮੂਹਾਂ ਦੇ ਰੂਪ ਵਿੱਚ ਬਚਾ ਕੇ ਰੱਖਣ ਲਈ ਜਨਜਾਤੀਆਂ ਸਮਾਜਿਕ ਅਤੇ ਰਾਜਨੀਤਿਕ ਦ੍ਰਿਸ਼ਟੀ ਨਾਲ ਜਾਗਰੂਕ ਹੋ ਰਹੀਆਂ ਹਨ। ਓਹ ਆਪਣੀ ਰਾਜਨੀਤਿਕ ਏਕਤਾ ਉੱਤੇ ਬਲ ਦੇ ਰਹੀਆਂ ਹਨ। ਇਸ ਕਾਰਣ ਜਨਜਾਤੀਆਂ ਵਿੱਚ ਇੱਕ ਨਵੇਂ ਪ੍ਰਕਾਰ ਦਾ ਪਰਿਸਥਿਤਿਕ-ਸੰਸਕ੍ਰਿਤਿਕ ਵਿਲਗਨ ਆ ਸਕਦਾ ਹੈ। ਇਸ ਤਰਾਂ ਦਾ ਕਦਮ ਜਨਜਾਤੀਆਂ ਨੇ ਆਪਣੇ ਆਰਥਿਕ ਪਿਛੜੇਪਨ ਅਤੇ ਵਿਫਲੀਕਰਣ ਦੀ ਭਾਵਨਾ ਕਾਰਣ ਚੁੱਕਿਆ ਹੈ।

ਜਨਜਾਤੀਆਂ ਨੂੰ ਰਾਸ਼ਟਰੀ ਮੁੱਖਧਾਰਾ ਵਿੱਚ ਏਕੀਕ੍ਰਿਤ ਕਰਨ ਲਈ ਓਹਨਾਂ ਨੂੰ ਬਹੁਤ ਜ਼ਿਆਦਾ ਆਰਥਿਕ ਅਵਸਰ ਪ੍ਰਦਾਨ ਕਰਨੇ ਹੋਣਗੇ। ਜਨਜਾਤੀਆਂ ਨੂੰ ਗੈਰ-ਜਨਜਾਤੀਆਂ ਦੇ ਨਾਲ ਏਕੀਕਰਣ ਦੇ ਆਤਮਸਾਤਵਾਦੀ ਮਾਡਲ ਦੇ ਅਨੁਸਾਰ ਜਨਜਾਤੀਆਂ ਦੀਆਂ ਗੈਰ-ਜਨਜਾਤੀਆਂ ਦੇ ਨਾਲ ਸੰਰਚਨਾਂਤਮਕ ਕੜੀਆਂ ਦਾ ਹੋਣਾ ਜ਼ਰੂਰੀ ਹੈ। ਭਾਰਤੀ ਸਮਾਜ ਵਿੱਚ ਤਿੱਖੇ ਸਮਾਜਿਕ ਪਰਿਵਰਤਨਾਂ ਦੇ ਕਾਰਣ ਅੱਜ ਵਿਲਗਾਵਵਾਦੀ ਮਾਡਲ ਖਾਸ ਉਪਯੁਕਤ ਨਹੀਂ ਹੈ। ਭਾਰਤ ਵਿੱਚ ਵਿਸ਼ਾਲ ਪਰਿਵਰਤਨ ਹੋਣ ਤੋਂ ਬਾਅਦ ਵੀ ਜਨਜਾਤੀ ਚੇਤਨਾ ਜਨਜਾਤੀਆਂ ਨੂੰ ਭਾਰਤੀ ਸਮਾਜ ਦੇ ਇੱਕ ਵਿਸ਼ਿਸ਼ਟ ਪ੍ਰਭਾਵ ਦੇ ਰੂਪ ਵਿੱਚ ਦ੍ਰਿੜ੍ਹ ਕਰਨ ਲਈ ਉੱਭਰ ਕੇ ਸਾਹਮਣੇ ਆਈ ਹੈ। ਉਦਾਹਰਣ ਲਈ ਬਿਹਾਰ ਦੀ ਜਨਜਾਤੀ ਪ੍ਰਖੰਡ ਵਿੱਚ ਉਦਯੋਗਿਕੀਕਰਣ ਦੁਆਰਾ ਉਸ ਖੇਤਰ ਵਿੱਚ ਗੈਰ-ਜਨਜਾਤੀਆਂ ਦੇ ਨਾਲ ਏਕੀਕਰਣ ਵਧਿਆ ਹੈ ਅਤੇ ਜਨਜਾਤੀ ਚੇਤਨਾ ਨੂੰ ਵਾਧਾ ਮਿਲਿਆ ਹੈ। ਆਦਿ-ਵਾਸੀਆਂ ਦੁਆਰਾ ਸਵੈਯੱਤਤਾ ਦੀ ਇਹ ਮੰਗ ਓਹਨਾਂ ਸੰਸਕ੍ਰਿਤਿਕ ਸਵੈਯੱਤਤਾ ਦੇ ਖੋਣ ਦੇ ਡਰ ਅਤੇ ਉਤਪੰਨ ਕੁੰਠਾਵਾਂ ਦੇ ਕਾਰਣ ਪੈਦਾ ਹੋਈ ਹੈ।

ਨਿਹਾਰ ਰੰਜਨ ਰੇ ਦੇ ਅਨੁਸਾਰ ਜਨਜਾਤੀਆਂ, ਅਪਰਾਧੀ ਜਨਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਭ੍ਰਮਕਾਰੀ ਸ਼ਬਦ ਹਨ। ਇਹ ਸ਼ਬਦ ਬੁੱਧੀਮਾਨੀ ਪੂਰਵਕ ਨਿਰਮਿਤ ਨਹੀਂ ਕੀਤੇ ਗਏ ਹਨ। ਰੇ ਲਿਖਦੇ ਹਨ: ਇਸ ਨਾਲ ਇਨ੍ਹਾਂ ਸਮੁਦਾਵਾਂ ਦੇ ਪ੍ਰਤੀ ਸਾਡੀ ਮਨੋਵ੍ਰਿਤੀ ਨਿਰਧਾਰਿਤ ਹੋ ਗਈ ਹੈ ਅਤੇ ਓਹਨਾਂ ਦੀਆਂ ਸਮੱਸਿਆਵਾਂ ਦੇ ਪ੍ਰਤੀ ਸਾਡਾ ਉਪਾਗਮ ਵੀ ਨਿਰਧਾਰਿਤ ਹੋ ਚੁਕਾ ਹੈ। ਓਹਨਾਂ ਦੀਆਂ ਸਮੱਸਿਆਵਾਂ ਜਿੰਨੀਆਂ ਓਹਨਾਂ ਦੀਆਂ ਹਨ, ਓਨੀਆਂ ਹੀ ਬਾਕੀ ਭਾਰਤੀ ਜਨਤਾ ਦੀਆਂ ਵੀ ਹਨ। ਭਾਰਤੀ ਰਾਸ਼ਟਰਵਾਦ ਦੇ ਦ੍ਰਿਸ਼ਟੀਕੋਣ ਤੋਂ ਰੇ ਨੇ ਨਿਮਨ ਅਵਲੋਕਣ ਪ੍ਰਸਤੁਤ ਕੀਤੇ ਹਨ-

1. ਜਨਜਾਤੀਆਂ ਜਨ ਜਾਂ ਜਨਤਾ ਹਨ, ਓਹ ਠੀਕ ਓਸੇ ਤਰਾਂ ਹਨ ਜਿਵੇਂ ਭਾਰਤ ਦੇ ਹੋਰ ਭੂ-ਭਾਗਾਂ ਅਤੇ ਸੰਸਕ੍ਰਿਤਿਕ ਖੇਤਰਾਂ ਵਿੱਚ ਲੋਕ ਹਨ। ਆਦਿ-ਵਾਸੀ ਜਨ ਗੈਰ ਆਦਿ-ਵਾਸੀ ਸਮੁਦਾਵਾਂ, ਜਿਨ੍ਹਾਂ ਵਿੱਚ ਜਾਤੀ ਆਧਾਰਿਤ ਸਮਾਜਿਕ, ਧਾਰਮਿਕ ਵਿਵਸਥਾ ਵਾਲੇ ਹਿੰਦੂ ਸਮੁਦਾਏ ਵੀ ਸ਼ਾਮਿਲ ਹਨ, ਤੋਂ ਭਿੰਨ ਹਨ। ਰੇ ਦੇ ਕਥਾਨੁਸਾਰ ਜਾਤੀ ਜਾਤੀ ਨਹੀਂ ਹੈ ਅਤੇ ਨਾ ਹੀ ਇੱਕ ਸਮਾਜਿਕ-ਧਾਰਮਿਕ ਵਿਵਸਥਾ ਹੀ ਹੈ। ਇਹ ਇੱਕ ਆਰਥਿਕ ਵਿਵਸਥਾ ਵੀ ਹੈ ਜੋ ਜਨਮ ਦੇ ਆਧਾਰ ਤੇ ਵੰਸ਼ਾਨੁਗਤ ਅਤੇ ਸੋਪਨਿਕ ਢੰਗ ਨਾਲ ਆਯੋਜਿਤ ਹੈ।
2. ਸਮਾਵੇਸ਼ਣ ਅਤੇ ਏਕੀਕਰਣ ਵਿੱਚ ਸਪਸ਼ਟ ਅੰਤਰ ਹੈ। ਜਾਤ ਵਿਵਸਥਾ ਵਿੱਚ ਜਨਜਾਤੀਆਂ ਦਾ ਸਮਾਵੇਸ਼ ਕੀਤਾ ਗਿਆ ਹੈ ਨਾ ਕਿ ਏਕੀਕਰਣ। ਓਹਨਾਂ ਨੂੰ ਇਸ ਵਿਵਸਥਾ ਦੇ ਵਿਭਿੰਨ ਸਤਰਾਂ, ਵਿਸ਼ੇਸ਼ ਕਰ ਕੇ, ਨਿਮਨ ਸਤਰਾਂ ਉੱਤੇ ਸ਼ਾਮਿਲ ਕੀਤਾ ਗਿਆ ਹੈ। ਇਹ ਪ੍ਰਕ੍ਰਿਆ ਵੀ ਧੀਮੀ ਰਹੀ ਹੈ ਅਤੇ ਇਸ ਦੀ ਮਹੱਤਤਾ ਵੀ ਜਾਤੀ ਵਿੱਚ ਢਿੱਲਾਪਣ ਆਓਣ ਨਾਲ ਨਿਰਾਰਥਕ ਹੋ ਗਈ ਹੈ। ਇਸ ਲਈ, ਜਨਜਾਤੀਆਂ ਨੂੰ ਨਵੀਂ ਤਕਨੀਕੀ ਅਰਥਵਿਵਸਥਾ, ਇੱਕ ਨਵੀਂ ਉਤਪਾਦਨ ਵਿਵਸਥਾ ਵਿੱਚ ਸ਼ਾਮਿਲ ਕਰਨ ਦੀ ਜ਼ਰੂਰਤ ਹੈ।
3. ਜਲਦ ਪਰਿਵਰਤਨਸ਼ੀਲ ਆਧੁਨਿਕ ਜੀਵਨ, ਨਵੀਂ ਕਾਨੂੰਨੀ ਵਿਵਸਥਾ ਅਤੇ ਪ੍ਰਸ਼ਾਸਨ ਅਤੇ ਨਵੀਂ ਆਰਥਿਕ ਵਿਵਸਥਾ ਦੇ ਕਾਰਣ ਆਦਿ-ਵਾਸੀਆਂ ਵਿੱਚ ਉਤਪੰਨ ਦਬਾਵਾਂ ਅਤੇ ਤਨਾਵਾਂ ਨੂੰ ਸਮਝਣ ਦੀ ਜ਼ਰੂਰਤ ਹੈ।

ਨੋਟ

4. ਆਰਥਿਕ ਅਤੇ ਹੋਰ ਕਠਿਨਾਈਆਂ ਦੇ ਕਾਰਣ ਆਦਿ-ਵਾਸੀ ਆਪਣੇ ਜਨਮ ਸਥਾਨਾਂ ਤੋਂ ਹੋਰ ਸਥਾਨਾਂ ਤੇ ਪ੍ਰਵਸਨ ਕਰ ਗਏ ਹਨ। ਓਹਨਾਂ ਵਿੱਚੋਂ ਕੁਝ ਸੈਨਾ ਵਿੱਚ ਵੀ ਭਰਤੀ ਹੋਏ ਹਨ।
5. ਅਨੁਸੂਚਿਤ ਜਨਜਾਤੀਆਂ, ਨਿਰਦਿਸ਼ਟ ਜਨਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਜਿਹੇ ਨਾਵਾਂ ਵਿੱਚ ਵਿਭਾਜਨ ਦੇ ਬੀਜ ਅੰਤਰ ਨਿਹਿਤ ਹਨ।
6. ਜਨਜਾਤੀਆਂ ਅੱਜ ਦੀ ਪਹਿਚਾਣ ਦੀ ਖੋਜ ਵਿੱਚ ਹਨ। ਨਵੀਂ ਸਮਾਜ ਵਿਵਸਥਾ ਦੇ ਨਾਲ ਲਗਾਵ ਅਤੇ ਆਤਮ ਨਿਰਧਾਰਣ ਦੀ ਭਾਵਨਾ ਦੀ ਓਹਨਾਂ ਨੂੰ ਤਲਾਸ਼ ਹੈ। ਪੂਰਬ-ਉੱਤਰ ਖੇਤਰ ਵਿੱਚ ਨਵੇਂ ਰਾਜ ਨਿਰਮਿਤ ਹੋਏ ਹਨ। ਬਿਹਾਰ ਵਿੱਚ ਆਦਿ-ਵਾਸੀਆਂ ਦੇ ਝਾਰਖੰਡ ਅਤੇ ਹੋਰ ਪੜੋਸੀ ਰਾਜਾਂ ਵਿੱਚ ਕੋਲ ਦੇ ਜ਼ਿਲਿਆਂ ਵਿੱਚ ਅਲੱਗ ਰਾਜ ਦੀ ਸਥਾਪਨਾ ਦੀ ਮੰਗ, ਓਹਨਾਂ ਦੀ ਪਹਿਚਾਣ ਦੀ ਪਰਿਚਾਇਕ ਹੈ।

ਰੇ ਲਿਖਦੇ ਹਨ- "ਸਮਕਾਲੀਨ ਸੰਦਰਭ ਵਿੱਚ ਆਦਿ-ਵਾਸੀਆਂ ਦੇ ਵਿਲਨ ਲਈ ਪਾਰਸਪਰਿਕ ਹਿੰਦੂ ਪੱਧਤੀ ਦਾ ਕੋਈ ਵੀ ਵਿਚਾਰ, ਮੇਰੇ ਦਿਮਾਗ ਦਾ ਸਿਰਫ਼ ਪਾਗਲਪਣ ਹੈ। ਵਰਤਮਾਨ ਸੰਦਰਭ ਵਿੱਚ ਇਹ ਸਿਰਫ਼ ਕਾਲ ਦੋਸ਼ ਹੈ।" ਪ੍ਰੰਤੂ ਇਹ ਵੀ ਸਹੀ ਹੈ ਕਿ ਅਨੇਕ ਆਦਿ-ਵਾਸੀਆਂ ਨੇ ਹਿੰਦੂ, ਈਸਾਈ ਜਾਂ ਇਸਲਾਮ ਧਰਮ ਨੂੰ ਅਪਣਾ ਲਿਆ ਹੈ। ਪਰਿਵਰਤਨ ਅਤੇ ਗਤੀਸ਼ੀਲਤਾ ਦੀਆਂ ਇਨ੍ਹਾਂ ਪ੍ਰਕ੍ਰਿਆਵਾਂ ਦੇ ਫਲਸਰੂਪ ਆਦਿ-ਵਾਸੀਆਂ ਅਤੇ ਹੋਰ ਸਮੁਦਾਵਾਂ ਵਿੱਚ ਅੰਤਰ ਘਟਿਆ ਹੈ।ਪ੍ਰੰਤੂ ਇਹ ਵੀ ਸਹੀ ਹੈ ਕਿ ਜੋ ਆਦਿ-ਵਾਸੀ ਪਰਿਵਰਤਿਤ ਨਹੀਂ ਹੋਏ ਹਨ ਅਤੇ ਜਿਨ੍ਹਾਂ ਨੇ ਹੋਰ ਧਰਮਾਂ ਨੂੰ ਨਹੀਂ ਅਪਣਾਇਆ ਹੈ, ਓਹਨਾਂ ਦੇ ਵਿੱਚ ਗੁਟਬਾਜ਼ੀ ਅਤੇ ਝਗੜੇ ਵਧੇ ਹਨ। ਬਿਹਾਰ ਵਿੱਚ ਓਹਨਾਂ ਆਦਿ-ਵਾਸੀਆਂ, ਜਿਨ੍ਹਾਂ ਨੇ ਈਸਾਈ ਧਰਮ ਨੂੰ ਅਪਣਾਇਆ ਹੈ, ਅਤੇ ਗੈਰ ਆਦਿ-ਵਾਸੀਆਂ ਦੇ ਵਿੱਚ ਸਪਸ਼ਟ ਵਿਭਾਜਕ ਰੇਖਾ ਹੈ।

### ਸਵ-ਮੁੱਲਾਂਕਣ (Self Assessment)

**1. ਖਾਲੀ ਸਥਾਨ ਭਰੋ (Fill in the Blanks)**

(*i*) ਮੈਂਡੇਲਬਾਮ ਦੇ ਅਨੁਸਾਰ ਸੰਪੂਰਣ ਸਮਾਜ ਵਿੱਚ ਜਨਜਾਤੀ ਦੀਆਂ ਕੜੀਆਂ .......... ਤੇ ਆਧਾਰਿਤ ਹਨ।

(*ii*) ਬਿਹਾਰ ਦੀ .............. ਨੇ ਆਪਣੇ ਸ਼ੋਸ਼ਕਾਂ ਦੇ ਵਿਰੁੱਧ ਜਨਤਾ ਨੂੰ ਜਗਾਇਆ।

(*iii*) .............. ਦੇ ਆਦਿ-ਵਾਸੀ ਮੁੱਖ ਤੌਰ ਤੇ ਕਿਸਾਨ ਹਨ ਅਤੇ ਇਸ ਲਈ ਓਹਨਾਂ ਦੀਆਂ ਆਰਥਿਕ ਸਮੱਸਿਆਵਾਂ ਨੂੰ ਸਮਝਣ ਦਾ ਆਧਾਰ ਖੇਤੀ ਹੋਣੀ ਚਾਹੀਦੀ ਹੈ।

(*iv*) .................... ਨੇ ਜਨਜਾਤੀਆਂ ਦੇ ਵਰਗੀਕਰਣ ਦਾ ਮੁੱਖ ਆਧਾਰ ਭਾਸ਼ਾ, ਧਰਮ ਅਤੇ ਅਲਗਾਵ ਨੂੰ ਦੱਸਿਆ ਹੈ।

(*v*) ਸਰ ਹਰਬਰਟ ਐਚ. ਰਿਜ਼ਲੇ ਦੇ ਅਵਲੋਕਨ ਦੇ ਅਨੁਸਾਰ ................. ਤੋਂ ਹੀ ਜਨਜਾਤੀਆਂ ਜਾਤੀਆਂ ਵਿੱਚ ਪਰਿਵਰਤਿਤ ਹੋ ਰਹੀਆਂ ਸਨ।

(*vi*) .............. ਵਿੱਚ ਜਨਜਾਤੀਆਂ ਦਾ ਸਮਾਵੇਸ਼ ਕੀਤਾ ਗਿਆ ਹੈ ਨਾ ਕਿ ਏਕੀਕਰਣ ਦਾ।

## 2.2 ਭਾਰਤ ਵਿੱਚ ਪੇਂਡੂ ਅਤੇ ਨਗਰੀ ਸਮੁਦਾਏ (Village and Urban Communities in India)

ਭਾਰਤ ਮੁੱਖ ਰੂਪ ਵਿੱਚ ਪਿੰਡਾਂ ਦਾ ਦੇਸ਼ ਹੈ, ਕਿਓਂਕਿ ਇਸ ਵਿੱਚ 6 ਲੱਖ ਤੋਂ ਅਧਿਕ ਪਿੰਡ ਹਨ। ਭਾਰਤ ਦੇ ਸਮਾਜਿਕ ਜੀਵਨ ਦੀਆਂ ਤਿੰਨ ਨਿਰਣਾਇਕ ਸੰਸਥਾਵਾਂ- ਪਿੰਡ, ਜਾਤੀ ਅਤੇ ਸੰਯੁਕਤ ਪਰਿਵਾਰ ਹਨ। ਇਨ੍ਹਾਂ ਨੇ ਨਾ ਕੇਵਲ ਵਿਦੇਸ਼ੀ ਹਮਲਿਆਂ ਅਤੇ ਅੰਦਰੂਨੀ ਵਿਰੋਧਾਭਾਸਾਂ ਤੋਂ ਉਤਪੰਨ ਆਘਾਤਾਂ ਨੂੰ ਹੀ ਝੇਲਿਆ ਹੈ ਬਲਕਿ ਸਮਾਜਿਕ ਅਤੇ ਸੰਸਕ੍ਰਿਤਿਕ ਪਰਿਵਰਤਨਾਂ ਦੀਆਂ ਤਾਕਤਾਂ ਨੂੰ ਆਤਮਸਾਤ ਕੀਤਾ ਹੈ ਅਤੇ ਸਾਹਮਣੇ ਆਈਆਂ ਹੋਈਆਂ ਜ਼ਰੂਰਤਾਂ ਅਤੇ ਚੇਤਾਵਨੀਆਂ ਦੇ ਅਨੁਸਾਰ ਆਪਣੇ ਆਪ ਨੂੰ ਢਾਲ ਵੀ ਲਿਆ ਹੈ। ਜਾਤੀ ਵਿਵਸਥਾ ਅਤੇ ਸੰਯੁਕਤ ਪਰਿਵਾਰ ਦੇ ਬਾਰੇ ਵਿੱਚ ਚਰਚਾ ਬਾਅਦ ਵਿੱਚ ਕੀਤੀ ਜਾਵੇਗੀ। ਇੱਥੇ ਅਸੀਂ ਪੇਂਡੂ ਸਮੁਦਾਏ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਬਾਰੇ ਮੋਟੇ ਤੌਰ ਤੇ ਵਰਣਨ ਕਰਾਂਗੇ।

### 2.2.1 ਪ੍ਰਾਚੀਨ ਭਾਰਤ ਵਿੱਚ ਪੇਂਡੂ ਸਮੁਦਾਏ

ਅਪਸਤੰਭ ਧਰਮ ਸੂਤਰ ਦੇ ਅਨੁਸਾਰ ਰਾਜਾ ਨਗਰਾਂ ਅਤੇ ਪਿੰਡਾਂ ਲਈ ਸੁਪਰਿਭਾਸ਼ਿਤ ਅਧਿਕਾਰ ਖੇਤਰਾਂ ਦੇ ਨਾਲ ਰਾਜ ਪਦ-ਅਧਿਕਾਰੀਆਂ (ਅਧਿਅਕਸ਼ ਜਾਂ ਅਧਿਪਸ) ਨੂੰ ਨਿਯੁਕਤ ਕਰਦੇ ਸਨ। *ਵਿਸ਼ਣੂ ਸਮ੍ਰਿਤੀ* ਵਿੱਚ ਉਲੇਖ ਹੈ ਕਿ ਰਾਜਾ 1, 10 ਅਤੇ 100 ਪਿੰਡਾਂ ਅਤੇ ਪੂਰੇ ਪੇਂਡੂ ਖੇਤਰਾਂ ਲਈ ਅਧਿਕਾਰੀਆਂ ਦੀ ਇੱਕ ਲੜੀ ਨਿਯੁਕਤ ਕਰਦਾ ਸੀ। ਕੌਟਿਲਿਆ ਦੇ ਅਨੁਸਾਰ, ਪੇਂਡੂ ਅਤੇ ਨਗਰੀ ਖੇਤਰਾਂ ਲਈ ਤਿੰਨ ਸ਼੍ਰੇਣੀਆਂ ਵਿੱਚ ਅਧਿਕਾਰੀਆਂ ਨੂੰ ਜ਼ਿੰਮੇਵਾਰੀ ਸੌਂਪੀ ਜਾਂਦੀ ਸੀ। *ਸਮਹਰਤ* ਜਾਂ *ਪ੍ਰਦੇਸਤਾ* ਇੱਕ ਪੇਂਡੂ ਖੇਤਰ ਜਾਂ ਜਨਪਦ ਦਾ ਮੁਖੀਆ ਹੁੰਦਾ ਸੀ। ਜਨਪਦ ਵਿੱਚ ਚਾਰ ਮੰਡਲ ਹੁੰਦੇ ਸਨ ਅਤੇ ਹਰ ਮੰਡਲ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਇੱਕ ਸਥਾਨਿਕ ਉੱਤੇ ਰਹਿੰਦੀ ਸੀ। ਇਨ੍ਹਾਂ ਅਧਿਕਾਰੀਆਂ ਦਾ ਮੁੱਖ ਫਰਜ਼ ਜਨਤਾ ਦੇ ਜਾਨ ਮਾਲ

ਨੋਟ

ਦੀ ਰੱਖਿਆ ਕਰਨਾ ਸੀ। ਜੇਕਰ ਨਿਮਨ ਸ਼੍ਰੇਣੀ ਦਾ ਅਧਿਕਾਰੀ ਆਪਣੀ ਜ਼ਿੰਮੇਵਾਰੀ ਨਿਭਾਓਣ ਵਿੱਚ ਸਫਲ ਨਹੀਂ ਹੋਇਆ ਤਾਂ ਉਸ ਨੂੰ ਆਪਣੇ ਤੋਂ ਉੱਚ ਅਧਿਕਾਰੀ ਨੂੰ ਰਿਪੋਰਟ ਦੇਣੀ ਪੈਂਦੀ ਸੀ। ਕੌਟਿਲਿਆ ਦੇ ਅਨੁਸਾਰ, ਇਹ ਅਧਿਕਾਰੀ ਵਿਅਕਤੀਗਤ ਰੂਪ ਨਾਲ ਲੋਕਾਂ ਦੇ ਜੀਵਨ ਦੀ ਰੱਖਿਆ, ਰਾਜਸਵ ਬਕਾਇਆ ਅਤੇ ਘਾਟੇ ਸੰਬੰਧੀ ਆਂਕੜੇ ਰੱਖਣ ਅਤੇ 800, 400 ਅਤੇ 10 ਪਿੰਡਾਂ ਦੀਆਂ ਇਕਾਈਆਂ ਦੇ ਮੁੱਖ ਦਫ਼ਤਰਾਂ ਉੱਤੇ ਸਿਵਲ ਅਤੇ ਫੌਜਦਾਰੀ ਮੁਕਦਮੇ ਨਿਪਟਾਓਣ ਲਈ ਉੱਤਰਦਾਈ ਸਨ।

*ਧਰਮ ਸੂਤਰਾਂ* ਦੇ ਅਨੁਸਾਰ, ਮੁਖੀਆ ਦੀ ਨਿਯੁਕਤੀ ਰਾਜਾ ਕਰਦਾ ਸੀ। ਕੌਟਿਲਿਆ ਦੇ ਅਰਥਸ਼ਾਸਤਰ ਦੇ ਅਨੁਸਾਰ ਮੁਖੀਆ ਦਾ ਪਦ ਵੰਸ਼ਾਨੁਗਤ ਸੀ, ਪ੍ਰੰਤੂ ਰਾਜਾ ਦੁਆਰਾ ਉਸ ਦੀ ਪੁਸ਼ਟੀ ਹੋਣੀ ਜ਼ਰੂਰੀ ਸੀ। ਇੱਕ ਜਾਤਕ ਕਥਾ ਵਿੱਚ ਵਰਣਨ ਮਿਲਦਾ ਹੈ ਕਿ ਪਿੰਡਾਂ ਦੇ ਕੰਮਾਂ ਦੇ ਪ੍ਰਬੰਧ ਕਰਨ ਲਈ ਗ੍ਰਾਮ ਸਭਾਵਾਂ ਹੁੰਦੀਆਂ ਸਨ। ਪੰਡਿਆ ਅਤੇ ਚੌਲ ਸ਼ਾਸਨ ਦੇ ਅੰਤਰਗਤ ਇੱਕ ਕਾਰਜਕਾਰਨੀ ਜਾਂ ਵਿਭਿੰਨ ਕਾਰਜਕਾਰੀ ਸਮਿਤੀਆਂ ਦੀ ਮਦਦ ਨਾਲ ਸੁਗਠਿਤ ਗ੍ਰਾਮ ਸਭਾਵਾਂ ਹੁੰਦੀਆਂ ਸਨ ਜਿਨ੍ਹਾਂ ਨੂੰ ਸਵੈ ਸ਼ਾਸਨ ਲਈ ਵਿਆਪਕ ਅਧਿਕਾਰ ਪ੍ਰਾਪਤ ਸਨ। ਕਾਰਜਕਾਰਨੀ ਜਾਂ ਕਾਰਜਕਾਰੀ ਸਮਿਤੀਆਂ ਜਨਤਾ ਦੁਆਰਾ ਨਿਰਮਿਤ ਨਿਯਮਾਂ ਦੇ ਅਨੁਸਾਰ ਜਨਤਾ ਦੁਆਰਾ ਹੀ ਨਿਰਵਾਚਿਤ ਕੀਤੀਆਂ ਜਾਂਦੀਆਂ ਸਨ। ਇਨ੍ਹਾਂ ਸਭਾਵਾਂ ਦੀ ਪ੍ਰਤਿਸ਼ਠਾ ਇਨ੍ਹਾਂ ਦੀ ਨਿਆਂ ਨਿਸ਼ਠਾ ਅਤੇ ਈਮਾਨਦਾਰੀ ਦੇ ਕਾਰਣ ਬਹੁਤ ਅਧਿਕ ਸੀ। ਇਨ੍ਹਾਂ ਨੂੰ ਰਾਜਾ ਦੀ ਸੁਰੱਖਿਆ ਪ੍ਰਾਪਤ ਸੀ। ਮੰਦਰਾਂ ਦੇ ਕੋਸ਼ਾਂ ਦਾ ਪ੍ਰਬੰਧ ਵੀ ਇਨ੍ਹਾਂ ਸਭਾਵਾਂ ਦੁਆਰਾ ਕੀਤਾ ਜਾਂਦਾ ਸੀ। ਝਗੜਿਆਂ ਦਾ ਨਿਪਟਾਰਾ, ਭੂਮੀ ਦਾਨ, ਹਸਪਤਾਲਾਂ ਦੀ ਸਥਾਪਨਾ ਅਤੇ ਪ੍ਰਬੰਧ, ਦਾਨ ਸ਼ੀਲ ਸੰਸਥਾਵਾਂ ਦੀ ਦੇਖ ਭਾਲ ਅਤੇ ਕਰਾਂ ਦਾ ਨਿਯੰਤਰਣ ਆਦਿ ਅਨੇਕ ਕਾਰਜ ਇਨ੍ਹਾਂ ਸਭਾਵਾਂ ਨੂੰ ਕਰਨੇ ਪੈਂਦੇ ਸਨ।

ਬੁੱਧ ਦੇ ਸਮੇਂ (ਈਸਾ ਪੂਰਵ 6ਵੀਂ ਸਦੀ) ਪਿੰਡ ਸਮੂਹਿਕ ਜੀਵਨ ਦੀ ਇੱਕ ਆਜ਼ਾਦ ਇਕਾਈ ਸੀ ਜਿਸ ਵਿੱਚ ਕਰ, ਸਿੱਖਿਆ, ਝਗੜਿਆਂ ਦਾ ਨਿਪਟਾਰਾ ਅਤੇ ਸਾਰਵਜਨਿਕ ਕੰਮ ਕੀਤੇ ਜਾਂਦੇ ਸਨ। ਇਸ ਕਾਲ ਵਿੱਚ ਪੇਂਡੂ ਸਮੁਦਾਏ ਵਿੱਚ ਅਨੇਕਾਂ ਪਰਿਵਰਤਨ ਹੋਏ। ਪਾਲੀ ਭਾਸ਼ਾ ਦੇ ਗ੍ਰੰਥਾਂ ਵਿੱਚ *ਗ੍ਰਾਮਾਭੋਜਕ* (ਸ਼ਾਹੀ ਫਰਮਾਨ ਦੁਆਰਾ ਪਿੰਡ ਵਿੱਚ ਰਾਜਸਵ ਪ੍ਰਾਪਤ ਕਰਤਾ) ਨੂੰ ਨਿਰਦਈ ਕਿਹਾ ਗਿਆ ਹੈ, ਕਿਓਂਕਿ ਓਹ ਮਨਮਾਨੀਆਂ ਮੰਗਾਂ ਪੂਰੀਆਂ ਕਰ ਕੇ ਲੋਕਾਂ ਨੂੰ ਲੁੱਟਦਾ ਸੀ ਅਤੇ ਕਦੇ ਕਦੇ ਲੋਕਾਂ ਦੇ ਆਜ਼ਾਦ ਅਤੇ ਸਹਾਇਕ ਜੀਵਨ ਵਿੱਚ ਵੀ ਹਸਤਖੇਪ ਕਰਦਾ ਸੀ। ਇਸ ਕਾਲ ਵਿੱਚ ਲੋਕਾਂ ਨੇ ਮੇਲਿਆਂ ਅਤੇ ਆਨੰਦ-ਉਤਸਵਾਂ ਵਿੱਚ ਭਾਗ ਲੈ ਕੇ ਆਪਣਾ ਮਨੋਰੰਜਨ ਕੀਤਾ। ਪਸ਼ੂਆਂ ਦੀ ਲੜਾਈ, ਨਟਬਾਜ਼ੀ, ਜਾਦੂ ਦੇ ਖੇਲ, ਨਾਚ ਅਤੇ ਨਾਟਕ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਸੀ। ਵੇਸ਼ਿਆਵ੍ਰਿੱਤੀ, ਮਦਿਰਾਪਾਨ ਅਤੇ ਜੂਆ ਆਮ ਬੁਰਾਈਆਂ ਸਨ।

ਈਸਾ ਪੂਰਬ ਚੌਥੀ ਸ਼ਤਾਬਦੀ ਵਿੱਚ ਗੁਆਲੇ, ਸ਼ਿਕਾਰੀ, ਕਾਰੀਗਰ, ਸਿਪਾਹੀ, ਗੁਪਤਚਰ ਅਤੇ ਪਾਰਸ਼ਦ (ਰਾਜਾ ਦੇ ਪਦ-ਅਧਿਕਾਰੀ) ਨਾਂ ਦੀਆਂ ਸੱਤ ਜਾਤੀਆਂ ਦੇ ਪਾਏ ਜਾਣ ਦਾ ਉਲੇਖ ਹੈ। ਵਾਸਤਵ ਵਿੱਚ ਇਹ ਕਾਰੋਬਾਰੀ ਸਮੂਹ ਸਨ ਨਾ ਕਿ ਵੰਸ਼ਾਨੁਕ੍ਰਮਣ ਉੱਤੇ ਆਧਾਰਿਤ ਜਾਤੀਆਂ। ਅੰਤਰਜਾਤੀ ਵਿਆਹ ਆਮ ਰਿਵਾਜ ਸੀ। ਅਜਿਹਾ ਪ੍ਰਤੀਤ ਹੁੰਦਾ ਸੀ ਕਿ ਇਸ ਕਾਲ ਵਿੱਚ ਸਮਾਜਿਕ ਅਤੇ ਸੰਸਕ੍ਰਿਤਿਕ ਵਿਭੇਦਾਂ ਦੀ ਸ਼ੁਰੂਆਤ ਹੋਈ ਸੀ। ਇਸ ਤੋਂ ਪਹਿਲਾਂ ਪਿੰਡ ਵਿੱਚ ਸ਼ਾਸਕ ਅਤੇ ਸ਼ਾਸਿਤ ਦੇ ਰੂਪ ਵਿੱਚ ਭੇਦ-ਭਾਵ ਪਾਏ ਜਾਂਦੇ ਸਨ। ਪਿੰਡਾਂ ਵਿੱਚ ਸੰਬੰਧ ਪਾਏ ਜਾਂਦੇ ਸਨ। ਪਿੰਡਾਂ ਦੇ ਰਾਜਾ ਅਤੇ ਸ਼ਹਿਰਵਾਸੀਆਂ ਨਾਲ ਸੰਬੰਧ ਸਨ। ਦੋਹਾਂ ਉੱਤੇ ਹੀ ਰਾਜਾ ਅਤੇ ਉਸ ਦੁਆਰਾ ਨਿਯੁਕਤ ਅਧਿਕਾਰੀਆਂ ਦਾ ਸ਼ਾਸਨ ਸੀ।

### 2.2.2 ਮੱਧਕਾਲ ਵਿੱਚ ਪੇਂਡੂ ਸਮੁਦਾਏ

ਮੱਧਕਾਲ ਵਿੱਚ ਪਿੰਡਾਂ ਦੇ ਦ੍ਰਿਸ਼ਪਟਲ ਵਿੱਚ ਪਰਿਵਰਤਨ ਆਇਆ।ਮੰਦਿਰ ਅਤੇ ਗ੍ਰਾਮ ਪੰਚਾਇਤ ਅਤਿਅਧਿਕ ਪ੍ਰਭਾਵਕਾਰੀ ਸੰਸਥਾਵਾਂ ਦੇ ਰੂਪ ਵਿੱਚ ਉੱਭਰੀਆਂ। ਮੱਧਕਾਲੀਨ ਹਿੰਦੂ ਸ਼ਾਸਕਾਂ ਨੇ ਆਪਣੇ ਪ੍ਰਜਾ ਦੇ ਪ੍ਰਤੀ ਕਰਤੱਵ ਨਿਭਾਓਣ ਵਿੱਚ ਉਦਾਸੀਨਤਾ ਅਤੇ ਉਪੇਖਿਆ ਦਿਖਾਈ। ਲੋਕਾਂ ਦੇ ਕੋਲ ਆਪਣੇ ਆਪ ਸਾਧਨ ਜੁਟਾਓਣ ਤੋਂ ਸਿਵਾਏ ਕੋਈ ਚਾਰਾ ਨਾ ਰਿਹਾ। ਮੰਦਿਰ ਅਤੇ ਪੰਚਾਇਤ ਨੇ ਲੋਕਾਂ ਨੂੰ ਇੱਕ ਸੁਖੀ, ਸਵਸਥ ਅਤੇ ਲਾਭਕਾਰੀ ਜੀਵਨ ਪ੍ਰਦਾਨ ਕਰਨ ਵਿੱਚ ਅਗਵਾਈ ਕੀਤੀ। ਪੰਚਾਇਤ ਨੇ ਲੋਕਾਂ ਦੀ ਰਾਜਾ ਦੁਆਰਾ ਸ਼ੋਸ਼ਣ ਦੇ ਵਿਰੁੱਧ ਰੱਖਿਆ ਕੀਤੀ।ਮੰਦਰਾਂ ਵਿੱਚ ਅਨੇਕਾਂ ਲੋਕਾਂ ਨੂੰ ਰੁਜ਼ਗਾਰ ਦਿੱਤਾ ਗਿਆ ਅਤੇ ਵਿਦਵਾਨਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਗਈ। ਮੰਦਿਰ ਉੱਚ ਗਿਆਨ ਅਤੇ ਲਲਿਤ ਕਲਾ ਦੇ ਵਿਦਿਆਲੇ ਦੇ ਰੂਪ ਵਿੱਚ ਕੰਮ ਕਰਨ ਲੱਗੇ। ਇਸ ਦੁਆਰਾ ਬੈਂਕਾਂ ਅਤੇ ਕਿਸਾਨਾਂ ਦਾ ਕੰਮ ਵੀ ਕੀਤਾ ਗਿਆ। ਹਜ਼ਾਰਾਂ ਲੋਕਾਂ ਨੂੰ ਰੋਜ਼ਾਨਾ ਭੋਜਨ ਇਨ੍ਹਾਂ ਮੰਦਰਾਂ ਵਿੱਚ ਮਿਲਦਾ ਸੀ। ਵਿਭਿੰਨ ਪ੍ਰਕਾਰ ਦੇ ਧਾਰਮਿਕ, ਸਿੱਖਿਅਕ ਅਤੇ ਸੰਸਕ੍ਰਿਤਿਕ ਕੰਮ ਵੀ ਸੰਪੰਨ ਕੀਤੇ ਜਾਂਦੇ ਸਨ। ਅਨੇਕਾਂ ਮਸਜਿਦਾਂ ਵੀ ਸਿੱਖਿਆਲਿਆਂ ਦੇ ਰੂਪ ਵਿੱਚ ਕੰਮ ਕਰਦੀਆਂ ਸਨ ਅਤੇ ਓਹਨਾਂ ਨੂੰ ਵੀ ਸਰਕਾਰੀ ਸੁਰੱਖਿਆ ਪ੍ਰਾਪਤ ਸੀ। ਬਿਨਾਂ ਸ਼ੱਕ ਮੰਦਰਾਂ ਅਤੇ ਪੰਚਾਇਤਾਂ ਨੇ ਰਾਜਿਆਂ ਦੁਆਰਾ ਉਤਪੰਨ ਸਮਾਜਿਕ, ਸੰਸਕ੍ਰਿਤਿਕ ਖਾਲੀ ਸਥਾਨਾਂ ਦੀ ਪੂਰਤੀ ਕੀਤੀ ਪ੍ਰੰਤੂ ਓਹਨਾਂ ਨੇ ਭਾਰਤ ਵਿੱਚ ਇੱਕ ਸਥਿਰ ਸੰਸਕ੍ਰਿਤੀ ਦੀ ਵੀ ਰਚਨਾਂ ਕੀਤੀ। ਸਮਾਜ ਦੀ ਪ੍ਰਗਤੀ ਲਈ ਕੋਈ ਨਵੇਂ ਪਰਿਵਰਤਨ, ਨਵਾਚਾਰ ਅਤੇ ਉਪਾਅ ਨਹੀਂ ਲਿਆਂਦੇ ਗਏ।

ਆਰੰਭਿਕ ਮੱਧਕਾਲ ਵਿੱਚ ਅਧਿਕਤਰ ਲੋਕ ਪਿੰਡਾਂ ਵਿੱਚ ਰਹਿੰਦੇ ਸਨ ਅਤੇ ਖੇਤੀ ਓਹਨਾਂ ਦਾ ਮੁੱਖ ਕੰਮ ਸੀ। ਵਿਭਿੰਨ ਪ੍ਰਕਾਰ ਦੇ ਮੱਧਸਥਾਂ ਦੁਆਰਾ ਕਿਸਾਨ ਰਾਜ ਨੂੰ ਭੂ-ਕਰ ਦਿੰਦੇ ਸਨ। ਭੂਮੀ ਮਨੁੱਖ ਅਨੁਪਾਤ ਨਿਮਨ ਸੀ। ਭੋਜਨ ਸਮੱਗਰੀ ਦੀ ਬਹੁਲਤਾ ਸੀ ਅਤੇ ਇਹ ਸਸਤੀ ਵੀ ਸੀ। ਪਿੰਡਾਂ ਵਿੱਚ ਜੀਵਨ ਵਿਲਗ, ਅਪ੍ਰਗਤੀਸ਼ੀਲ, ਬਹੁਤ ਹੀ ਸਾਧਾਰਣ ਅਤੇ ਸਥਿਰ ਸੀ। ਪੇਂਡੂ ਅਰਥ ਵਿਵਸਥਾ ਸਵਾਲੰਬੀ ਸੀ। ਕਾਰੀਗਰ, ਨੌਕਰ, ਪੁਜਾਰੀ ਅਤੇ ਸ਼ਾਹੂਕਾਰ ਪਿੰਡ ਦੀਆਂ ਸਾਰੀਆਂ ਜਰੂਰਤਾਂ ਪੂਰੀਆਂ

ਕਰਦੇ ਸਨ। ਪਿੰਡ ਵਾਸੀਆਂ ਨੂੰ ਸੰਯੁਕਤ ਪਰਿਵਾਰ ਤੋਂ ਸੁਰੱਖਿਆ ਪ੍ਰਾਪਤ ਸੀ ਅਤੇ ਗ੍ਰਾਮ ਪੰਚਾਇਤ ਦੁਆਰਾ ਓਹਨਾਂ ਦੀਆਂ ਛੋਟੀਆਂ ਮੋਟੀਆਂ ਸ਼ਿਕਾਇਤਾਂ ਦੇ ਬਾਰੇ ਵਿੱਚ ਨਿਆਂ ਸੁਲਭ ਸੀ। ਜਾਤੀ ਪੰਚਾਇਤ ਅਤੇ ਮੁਖੀਆ ਸਮੇਤ ਪਿੰਡ ਰਾਜ ਦੀ ਆਜ਼ਾਦ ਇਕਾਈ ਸੀ ਅਤੇ ਕੇਂਦਰੀ ਸਰਕਾਰ ਦੇ ਬਾਰੇ ਵਿੱਚ ਸੋਚੇ ਬਿਨਾਂ ਆਪਣਾ ਕੰਮ ਸੰਪੰਨ ਕਰਦੀ ਸੀ। ਇਸ ਤਰਾਂ ਮੱਧਕਾਲੀਨ ਭਾਰਤ ਦਾ ਨਕਸ਼ਾ ਪ੍ਰਾਚੀਨ ਭਾਰਤ ਦੀ ਤੁਲਨਾ ਵਿੱਚ ਭਿੰਨ ਸੀ। ਮੱਧਕਾਲੀਨ ਭਾਰਤ ਦੀ ਨਿਸ਼ਚਲ ਅਰਥਵਿਵਸਥਾ ਦੇ ਕਾਰਣ ਬ੍ਰਿਟਿਸ਼ ਪ੍ਰਸ਼ਾਸਕਾਂ ਅਤੇ ਨ੍ਰਿਜਾਤੀ ਵਿਗਿਆਨਿਕਾਂ ਵਿੱਚ ਅਨੇਕਾਂ ਭ੍ਰਾਂਤੀਆਂ ਪੈਦਾ ਹੋਈਆਂ।

## 2.2.3 ਆਧੁਨਿਕ ਭਾਰਤ ਵਿੱਚ ਪੇਂਡੂ ਸਮੁਦਾਏ

ਭੂ-ਮਲਕਿਅਤ ਦੇ ਬਾਰੇ ਵਿੱਚ ਗਹਿਰੇ ਸਰਵੇਖਣ ਕੰਮ ਦੀ ਸ਼ੁਰੂਆਤ ਦੇ ਨਾਲ ਹੀ 18ਵੀਂ ਸ਼ਤਾਬਦੀ ਵਿੱਚ ਭਾਰਤੀ ਪਿੰਡ ਦਾ ਅਧਿਐਨ ਵੀ ਸ਼ੁਰੂ ਹੋਇਆ। ਪੇਂਡੂ ਸਮਾਜਿਕ ਜੀਵਨ ਦਾ ਗਹਿਰਾ ਅਨੁਭਾਵਿਕ ਅਧਿਐਨ ਵਰਤਮਾਨ ਸਦੀ ਵਿੱਚ ਪ੍ਰਚੱਲਿਤ ਹੋਇਆ। ਮੁਨਰੋ, ਮੈਟਕਾਫ, ਮੈਨ, ਮਾਰਕਸ ਅਤੇ ਬੈਡੇਨ-ਪੋਵੇਲ ਦੁਆਰਾ ਕੀਤੇ ਗਏ ਅਧਿਐਨਾਂ ਵਿੱਚ ਭਾਰਤੀ ਪਿੰਡ ਨੂੰ ਬੰਦ ਅਤੇ ਅਲੱਗ ਵਿਵਸਥਾ ਦਾ ਨਾਂ ਦਿੱਤਾ ਗਿਆ। ਸਰ ਚਾਰਲਸ ਮੈਟਕਾਫ ਨੇ ਭਾਰਤੀ ਪਿੰਡ ਨੂੰ ਅਖੰਡਿਤ, ਪਰਮਣੂਕ ਅਤੇ ਅਪਰਿਵਰਤਨ ਯੋਗ ਇਕਾਈ ਕਿਹਾ। ਮੈਟਕਾਫ ਲਿਖਦੇ ਹਨ- "ਪੇਂਡੂ ਸਮੁਦਾਏ ਲਘੂ ਗਣਤੰਤਰ ਹੈ, ਉਸ ਵਿੱਚ ਓਹਨਾਂ ਦੀਆਂ ਜ਼ਰੂਰਤਾਂ ਦੀਆਂ ਲਗਭਗ ਸਾਰੀਆਂ ਵਸਤਾਂ ਪਾਈਆਂ ਜਾਂਦੀਆਂ ਹਨ, ਅਤੇ ਓਹ ਸਭ ਵਿਦੇਸ਼ੀ ਸੰਬੰਧਾਂ ਤੋਂ ਲਗਭਗ ਸੁਤੰਤਰ ਹਨ।" ਮੈਟਕਾਫ ਨੇ ਇਹ ਵੀ ਲਿਖਿਆ ਕਿ ਯੁੱਧ ਹੁੰਦੇ ਹਨ, ਸਾਮਰਾਜ ਬਣਦੇ ਅਤੇ ਵਿਗੜਦੇ ਹਨ ਪ੍ਰੰਤੂ ਪਿੰਡ ਸਮਾਜ ਦੇ ਰੂਪ ਵਿੱਚ ਅਪਰਿਵਰਤਨ ਯੋਗ, ਸਥਿਰ ਅਤੇ ਸਵਾਲੰਬੀ ਹੋ ਕੇ ਉੱਭਰਦੇ ਰਹਿੰਦੇ ਹਨ।

ਪ੍ਰਸ਼ਨ ਇਹ ਸੀ ਕਿ ਕੀ ਭਾਰਤੀ ਪਿੰਡ ਦਾ ਇਹ ਚਿਤਰਣ ਉਚਿਤ ਅਤੇ ਸਹੀ ਹੈ? ਅਨੇਕਾਂ ਮਾਨਵ ਸ਼ਾਸਤਰੀਆਂ ਅਤੇ ਸਮਾਜ ਸ਼ਾਸਤਰੀਆਂ ਨੇ ਇਸ ਮਤ ਦਾ ਜ਼ੋਰਦਾਰ ਖੰਡਨ ਕੀਤਾ ਹੈ। ਇਸ ਮਾਨਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਭਾਰਤੀ ਪਿੰਡ ਸਥਿਰ, ਅਲੱਗ ਅਤੇ ਸੁਦ੍ਰਿਸ਼ ਨਹੀਂ ਸਨ, ਇਸ ਵਿੱਚ ਪਰਿਵਰਤਨ ਹੋ ਰਹੇ ਸਨ। ਪਿੰਡ ਵਿਸ਼ਾਲ ਸਮਾਜ ਨਾਲ ਜੁੜੇ ਹੋਏ ਸਨ ਅਤੇ ਇਨ੍ਹਾਂ ਵਿੱਚ ਸਮਾਜਿਕ ਵਿਭੇਦੀਕਰਣ ਵੀ ਸੀ। ਅਨੇਕਾਂ ਅਧਿਐਨ ਇਸ ਸਦੀ ਦੇ ਪੰਜਵੇਂ ਦਸ਼ਕ ਵਿੱਚ ਕੀਤੇ ਗਏ। ਵਿਸ਼ਾਲ ਸੰਸਾਰ ਤੋਂ ਅਲਗਾਵ ਅਤੇ ਵਿਲਗਤਾ ਨੂੰ ਹਟਾਓਣ ਵਿੱਚ ਪ੍ਰਵਸਨ, ਪਿੰਡ ਤੋਂ ਬਾਹਰ ਵਿਆਹ, ਜਜਮਾਨੀ ਨਿਹਿਤ ਅੰਤਰਗ੍ਰਾਮੀਣ ਆਰਥਿਕ ਸੰਬੰਧ, ਬਾਜ਼ਾਰਾਂ ਲਈ ਸ਼ਹਿਰਾਂ ਉੱਤੇ ਨਿਰਭਰਤਾ, ਮਿਹਨਤ ਵਿਭਾਜਨ ਅਤੇ ਧਾਰਮਿਕ ਸਥਾਨਾਂ ਦੇ ਦਰਸ਼ਨ ਆਦਿ ਭਾਰਤੀ ਪਿੰਡ ਦੀਆਂ ਮੁੱਖ ਵਿਸ਼ੇਸ਼ਤਾਵਾਂ ਰਹੀਆਂ ਹਨ। ਜਜਮਾਨੀ ਪ੍ਰਥਾ ਵਿਭਿੰਨ ਜਾਤੀਆਂ ਦੇ ਵਿੱਚ ਸਮਾਜਿਕ, ਸੰਸਕ੍ਰਿਤਿਕ ਅਤੇ ਆਰਥਿਕ ਸੰਬੰਧਾਂ ਦੀ ਵਿਵਸਥਾ ਰਹੀ ਹੈ। ਇਸ ਪ੍ਰਥਾ ਦੇ ਅੰਤਰਗਤ ਕੁਝ ਜਾਤੀਆਂ ਸੰਰੱਖਿਅਕ ਜਾਂ ਮਾਲਿਕ ਦੀ ਭੂਮਿਕਾ ਨਿਭਾਓਂਦੀਆਂ ਹਨ ਅਤੇ ਕੁਝ ਸੇਵਾ ਕਰਨ ਵਾਲੀਆਂ ਜਾਤੀਆਂ ਹੁੰਦੀਆਂ ਹਨ। ਸੇਵਕ ਜਾਤੀਆਂ ਆਮ ਤੌਰ ਤੇ ਉੱਚ ਭੂ-ਸੁਆਮੀ ਜਾਤੀਆਂ ਦੀ ਸੇਵਾ ਕਰਦੀਆਂ ਹਨ ਅਤੇ ਉਸ ਦੇ ਬਦਲੇ ਨਕਦ ਜਾਂ ਹੋਰ ਕਿਸਮ ਦੇ ਰੂਪ ਵਿੱਚ ਪ੍ਰਤੀਫਲ ਪ੍ਰਾਪਤ ਕਰਦੀਆਂ ਹਨ। ਇਨ੍ਹਾਂ ਜਾਤੀਆਂ ਨੂੰ ਮਾਲਕ ਜਾਤੀਆਂ ਅਤੇ ਓਹਨਾਂ ਦੇ ਪਰਿਵਾਰਾਂ ਦੀ ਸੇਵਾ ਕਰਨ ਲਈ ਮਜਬੂਰ ਵੀ ਕੀਤਾ ਜਾਂਦਾ ਹੈ। ਕਦੇ ਕਦੇ ਖਾਸ ਕਰ ਕੇ ਤਿਓਹਾਰਾਂ ਅਤੇ ਹੋਰ ਪਵਿੱਤਰ ਅਵਸਰਾਂ ਉੱਤੇ ਜਜਮਾਨ ਓਹਨਾਂ ਨੂੰ ਇਨਾਮ ਅਤੇ ਉਪਹਾਰ ਵੀ ਦਿੰਦੇ ਹਨ। ਪ੍ਰਤੀਯੋਗਿਤਾ, ਸ਼ਹਿਰਾਂ ਦੇ ਨਾਲ ਸੰਪਰਕ, ਪ੍ਰਵਸਨ, ਸਿੱਖਿਆ ਅਤੇ ਸੇਵਕ ਜਾਤੀਆਂ ਵਿੱਚ ਸਮਾਜਿਕ ਅਤੇ ਸੰਸਕ੍ਰਿਤਿਕ ਚੇਤਨਾ ਦੇ ਕਾਰਣ ਜਜਮਾਨੀ ਕਮਜ਼ੋਰ ਪੈ ਰਹੀ ਹੈ। ਅੱਜ ਪੇਂਡੂ ਜਨਤਾ ਓਹਨਾਂ ਸੇਵਾਵਾਂ ਲਈ ਸ਼ਹਿਰਾਂ ਅਤੇ ਕਸਬਿਆਂ ਉੱਤੇ ਨਿਰਭਰ ਹੈ ਜੋ ਪਹਿਲਾਂ ਸੇਵਕ ਜਾਤੀਆਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸਨ।

ਵਿਭਿੰਨ ਪਿੰਡ ਹੋਰ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਨਾਲ ਅਨੇਕਾਂ ਸੰਬੰਧਾਂ ਦੁਆਰਾ ਜੁੜੇ ਹੋਏ ਹਨ। ਮੈਂਡੇਲਬਾਮ ਦੇ ਕਥਾਨੁਸਾਰ ਪਿੰਡ ਸਾਫ ਤੌਰ ਤੇ ਅਲੱਗ ਕੀਤਾ ਜਾ ਸਕਣ ਵਾਲਾ ਸਮਾਜਿਕ ਜਾਂ ਅਵਧਾਰਾਣਾਤਮਕ ਬੰਡਲ ਨਹੀਂ ਹਨ, ਬਲਕਿ ਇਹ ਇੱਕ ਆਧਾਰਭੂਤ ਇਕਾਈ ਹਨ। ਪਿੰਡ ਦਿਨ-ਪ੍ਰਤੀਦਿਨ ਵਿਸ਼ਾਲ ਸਮਾਜ ਦਾ ਅੰਗ ਬਣ ਰਹੇ ਹਨ।

## 2.2.4 ਪਿੰਡ ਇੱਕ ਸਮਾਜਿਕ ਇਕਾਈ ਦੇ ਰੂਪ ਵਿੱਚ

ਫ੍ਰਾਂਸੀਸੀ ਸਮਾਜ ਸ਼ਾਸਤਰੀ ਲੁਈ ਡਿਯੂਮੋ ਨੇ ਪੇਂਡੂ ਸਮੁਦਾਏ ਸ਼ਬਦ ਦੇ ਤਿੰਨ ਅਰਥ ਦੱਸੇ ਹਨ- (1) ਇੱਕ ਰਾਜਨੀਤਿਕ ਸਮਾਜ ਦੇ ਰੂਪ ਵਿੱਚ, (2) ਭੂਮੀ ਦੇ ਸਹਿ-ਸੁਆਮੀਆਂ ਦੀ ਇੱਕ ਇਕਾਈ ਦੇ ਰੂਪ ਵਿੱਚ, ਅਤੇ (3) ਪਰੰਪਰਾਤਮਕ ਅਰਥਵਿਵਸਥਾ ਅਤੇ ਰਾਜਨੀਤਿਕ ਵਿਵਸਥਾ ਦੇ ਪ੍ਰਤੀਕ (ਭਾਰਤੀ ਦੇਸ਼ ਭਗਤੀ ਦਾ ਆਦਰਸ਼ ਵਾਕ) ਦੇ ਰੂਪ ਵਿੱਚ। ਇਸ ਮਤ ਦੇ ਅਨੁਸਾਰ ਭਾਰਤ ਵਿੱਚ ਪੇਂਡੂ ਸਮੁਦਾਏ ਰਾਜਨੀਤਿਕ ਅਤੇ ਆਰਥਿਕ ਵਿਵਸਥਾ ਦਾ ਇੱਕ ਅੰਗ ਰਿਹਾ ਹੈ। ਇੱਕ ਪਿੰਡ ਸਿਰਫ਼ ਇੱਕ ਸਥਾਨ, ਘਰਾਂ, ਗਲੀਆਂ ਅਤੇ ਖੇਤਾਂ ਦਾ ਪੁੰਜ ਹੀ ਨਹੀਂ ਹੈ। ਇਹ ਪ੍ਰਤੀ ਕ੍ਰਿਆਵਾਂ ਇਸ ਲਈ ਉੱਭਰ ਕੇ ਆਈਆਂ ਕਿਓਂਕਿ ਭਾਰਤੀ ਪਿੰਡਾਂ ਦੀ ਸੁਤੰਤਰਤਾ ਅਤੇ ਸਵਾਲੰਬਨ ਨੂੰ ਵਧਾ ਚੜ੍ਹਾ ਕੇ ਪ੍ਰਸਤੁਤ ਕੀਤਾ ਗਿਆ। ਅੱਜ ਵੀ ਪਿੰਡ ਇੱਕ ਸੰਬੰਧ ਖੇਤਰੀ ਇਕਾਈ ਦੇ ਰੂਪ ਵਿੱਚ ਹਨ। ਪ੍ਰੰਤੂ ਪਿੰਡਾਂ ਵਿੱਚ ਗ੍ਰਾਮੀਣ ਪਹਿਚਾਣ, ਏਕਤਾ ਅਤੇ ਨਿਸ਼ਠਾ ਦੀ ਭਾਵਨਾ ਜਾਤੀ ਅਤੇ ਸਮੁਦਾਏ ਦੀ ਭਾਵਨਾ ਤੋਂ ਕਿਤੇ ਉੱਪਰ ਹੈ। ਪਿੰਡ ਦੇ ਅੰਦਰ ਅਤੇ ਹੋਰ ਪਿੰਡਾਂ ਨਾਲ ਗੁਟਬੰਦੀ ਅਤੇ ਸੰਘਰਸ਼ ਆਮ ਗੱਲ ਹੈ। ਭੂਮੀ ਸੁਧਾਰਾਂ, ਪੰਚਾਇਤੀ ਰਾਜ, ਸੰਸਕ੍ਰਿਤੀਕਰਣ ਅਤੇ ਹੋਰ ਰਚਨਾਂਤਮਕ ਅਤੇ ਸੰਸਕ੍ਰਿਤਿਕ ਪਰਿਵਰਤਨਾਂ ਦੁਆਰਾ ਪਿੰਡ ਦੀ ਸਮਾਜਿਕ ਸੰਰਚਨਾਂ ਅਤੇ ਪਿੰਡ ਦੇ ਬਾਹਰੀ ਸੰਸਾਰ ਦੇ ਨਾਲ ਸੰਬੰਧਾਂ ਵਿੱਚ ਮਹੱਤਵਪੂਰਣ ਪਰਿਵਰਤਨ ਹੋਏ ਹਨ। ਮੈਂਡੇਲਬਾਮ ਨੇ ਕਿਹਾ ਹੈ ਕਿ ਇੱਕ ਪਿੰਡ ਸਪਸ਼ਟ

ਨੋਟ

ਰੂਪ ਨਾਲ ਇਸ ਦੇ ਨਿਵਾਸੀਆਂ ਲਈ ਇੱਕ ਮਹੱਤਵਪੂਰਣ ਅਤੇ ਵਿਵਹਾਰਿਕ ਸਮਾਜਿਕ ਇਕਾਈ ਹੈ। ਇਹ ਲੋਕ ਬਾਹਰੀ ਸਮਾਜ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਂਦੇ ਹਨ ਅਤੇ ਸੱਭਿਅਤਾ ਦੇ ਪ੍ਰਤੀਮਾਨ ਵਿੱਚ ਭਾਗੀਦਾਰ ਹਨ। ਅਧਿਐਨਾਂ ਦੇ ਉਦੇਸ਼ ਨਾਲ ਕੁਝ ਹਾਲਾਤਾਂ ਵਿੱਚ ਪਿੰਡਾਂ ਨੂੰ ਅਲਗ ਕੀਤਾ ਜਾ ਸਕਦਾ ਹੈ। ਪ੍ਰੰਤੂ ਹੋਰ ਹਾਲਾਤਾਂ ਵਿੱਚ ਅਸੀਂ ਅਜਿਹਾ ਨਹੀਂ ਕਰ ਸਕਦੇ। ਇਸ ਲਈ ਪਿੰਡ ਦਾ ਅਧਿਐਨ ਇਸ ਦੇ ਪਰਿਵੇਸ਼ ਅਤੇ ਬਾਹਰੀ ਪਰਿਪੱਖ ਦੋਵਾਂ ਹੀ ਦ੍ਰਿਸ਼ਟੀ ਕੋਣਾਂ ਨਾਲ ਕਰਨ ਦੀ ਜ਼ਰੂਰਤ ਹੈ।

ਆਪ ਅੰਗ੍ਰੇਜ਼ਾਂ ਨੇ ਭੂ-ਧਾਰਣ ਦੀ ਜ਼ਿਮੀਂਦਾਰੀ ਅਤੇ ਰੱਈਅਤਵਾੜੀ ਵਿਵਸਥਾਵਾਂ ਨੂੰ ਲਾਗੂ ਕਰ ਕੇ ਸਮਾਜਿਕ ਵਿਭੇਦੀਕਰਣ ਦਾ ਇੱਕ ਨਵਾਂ ਪ੍ਰਤੀਮਾਨ ਸਥਾਪਿਤ ਕੀਤਾ।ਜ਼ਿਮੀਂਦਾਰ ਆਮ ਤੌਰ ਤੇ ਉੱਚ ਜਾਤੀ ਨਾਲ ਸੰਬੰਧਿਤ ਸਨ। ਓਹਨਾਂ ਨੂੰ ਬ੍ਰਿਟਿਸ਼ ਸਰਕਾਰ ਲਈ ਲਗਾਨ ਵਸੂਲ ਕਰਨ ਦਾ ਕੰਮ ਸੌਂਪਿਆ ਗਿਆ। ਇਸ ਕੰਮ ਲਈ ਓਹਨਾਂ ਨੂੰ ਕਮਿਸ਼ਨ ਦਿੱਤਾ ਜਾਂਦਾ ਸੀ। ਓਹਨਾਂ ਦੀ ਸਮਾਜਿਕ ਪਰਿਸਥਿਤੀ ਅਸਮਾਨ ਸੀ ਕਿਓਂਕਿ ਓਹਨਾਂ ਨੂੰ ਇਸ ਕੰਮ ਲਈ ਸੌਂਪੀਆਂ ਗਈਆਂ ਜ਼ਿੰਮੇਵਾਰੀਆਂ ਸਮਾਨ ਨਹੀਂ ਸਨ। ਰੈਅਤ ਭੂਮੀਧਾਰੀ ਕਿਸਾਨ ਸਨ ਜਿਨ੍ਹਾਂ ਨੂੰ ਇੱਕ ਨਿਸ਼ਚਿਤ ਰਾਸ਼ੀ ਦੇ ਭੁਗਤਾਨ ਤੋਂ ਬਾਅਦ ਜ਼ਮੀਨ ਉੱਤੇ ਦਖਲ ਅਧਿਗ੍ਰਹਿਣ ਦਾ ਅਧਿਕਾਰ ਮਿਲਦਾ ਸੀ। ਓਹ ਜ਼ਿਮੀਂਦਾਰਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਸਨ ਕਿਓਂਕਿ ਅਧਿਗ੍ਰਹਿਣ ਦੇ ਨਿਯਮਾਂ ਦੇ ਅੰਤਰਗਤ ਓਹਨਾਂ ਦਾ ਸੰਬੰਧ ਸਿੱਧਾ ਬ੍ਰਿਟਿਸ਼ ਸਰਕਾਰ ਨਾਲ ਸੀ। ਜ਼ਿਮੀਂਦਾਰੀ ਅਤੇ ਰੱਈਅਤਵਾੜੀ ਪ੍ਰਥਾਵਾਂ ਦੇ ਉਨਮੂਲਨ ਦੇ ਕਾਰਣ 1950 ਅਤੇ 1960 ਦੇ ਦਸ਼ਕਾਂ ਵਿੱਚ ਅਸਮਾਨਤਾਵਾਂ ਦੇ ਇਸ ਪਰੰਪਰਾਤਮਕ ਪ੍ਰਤੀਮਾਨ ਵਿੱਚ ਦਰਾਰਾਂ ਪੈਣ ਲੱਗੀਆਂ। ਪਿੰਡ ਵਿੱਚ ਪ੍ਰਸ਼ਾਸਨ ਅਤੇ ਸਰਕਾਰੀ ਰਾਜਸਵ ਕਰਮੀਆਂ ਦੇ ਨਾਲ ਸੰਬੰਧਾਂ ਦਾ ਇੱਕ ਨਵਾਂ ਸਰੂਪ ਉੱਭਰ ਕੇ ਆਇਆ।

## 2.2.5 ਪੇਂਡੂ ਸਮੁਦਾਵਾਂ ਵਿੱਚ ਪਰਿਵਰਤਨ

1950 ਦੇ ਦਸ਼ਕ ਵਿੱਚ ਭਾਰਤੀ ਪੇਂਡੂ ਸਮੁਦਾਏ ਦੇ ਬਾਰੇ ਵਿੱਚ ਅਨੇਕਾਂ ਅਧਿਐਨ ਪ੍ਰਕਾਸ਼ਿਤ ਹੋਏ। 1955 ਵਿੱਚ ਸ਼ਿਆਮਾਚਰਣ ਦੂਬੇ ਦਾ ਇੰਡੀਅਨ ਵਿਲੇਜ, ਐਮ. ਐਨ. ਸ਼੍ਰੀਨਿਵਾਸ ਦਾ (ਸੰਪਾਦਿਤ) *ਇੰਡੀਅਨ ਵਿਲੇਜਿਜ਼*, ਡੀ. ਐਨ. ਮਜੂਮਦਾਰ ਦੁਆਰਾ (ਸੰਪਾਦਿਤ) *ਰੂਰਲ ਪ੍ਰੋਫਾਈਲਜ਼* ਅਤੇ ਮੈਕਿੱਮ ਮੈਰਿਅਟ ਦੁਆਰਾ (ਸੰਪਾਦਿਤ) *ਵਿਲੇਜ ਇੰਡੀਆ* ਪ੍ਰਕਾਸ਼ਿਤ ਹੋਏ ਸਨ। ਇਨ੍ਹਾਂ ਸਭ ਅਧਿਐਨਾਂ ਵਿੱਚ ਪੇਂਡੂ ਭਾਰਤ ਵਿੱਚ ਸੰਰਚਨਾ ਅਤੇ ਪ੍ਰਕ੍ਰਿਆ ਦੀ ਵਿਆਖਿਆ ਕੀਤੀ ਗਈ ਹੈ। ਇਨ੍ਹਾਂ ਅਧਿਐਨਾਂ ਵਿੱਚ ਮੁੱਖ ਪਹਿਲੂ ਜਾਤੀ ਵਿਵਸਥਾ, ਪਰਿਵਾਰ, ਜਜਮਾਨੀ ਪ੍ਰਥਾ, ਧਾਰਮਿਕ ਵਿਵਹਾਰ ਅਤੇ ਸੰਸਕਾਰ ਕਾਰਜ, ਸਿਹਤ ਅਵਸਥਾਵਾਂ, ਗ੍ਰਾਮ ਅਤੇ ਜਾਤੀ ਪੰਚਾਇਤਾਂ, ਵਿਭਿੰਨ ਜਾਤੀ ਸਮੂਹਾਂ ਵਿੱਚ ਸਮਾਜਿਕ ਗਤੀਸ਼ੀਲਤਾ ਅਤੇ ਵਿਅਸਕ ਮਤਾਧਿਕਾਰ, ਸਿੱਖਿਆ, ਵਿਕਾਸ ਪੇਂਡੂ ਜਨਤਾ ਉੱਤੇ ਪ੍ਰਭਾਵ ਸਨ। ਵਿਭਿੰਨ ਪਿੰਡਾਂ ਅਤੇ ਇੱਕ ਹੀ ਪਿੰਡ ਵਿੱਚ ਵਿਭਿੰਨ ਜਾਤੀਆਂ, ਸਮੁਦਾਵਾਂ ਅਤੇ ਪਰਿਵਾਰਾਂ ਵਿੱਚ ਇਹ ਪ੍ਰਭਾਵ ਅਸਮਾਨ ਹੈ। ਬ੍ਰਿਜਰਾਜ ਚੌਹਾਨ ਨੇ ਚਾਰ ਅਵਸਥਾਵਾਂ ਦਾ ਉਲੇਖ ਕੀਤਾ ਹੈ- (1) ਇੱਕ ਪਿੰਡ ਅਤੇ ਇੱਕ ਜਾਤੀ, (2) ਇੱਕ ਪਿੰਡ ਅਤੇ ਅਨੇਕ ਜਾਤੀ, (3) ਇੱਕ ਜਾਤੀ ਅਤੇ ਅਨੇਕ ਪਿੰਡ, ਅਤੇ (4) ਅਨੇਕ ਜਾਤੀ ਅਤੇ ਅਨੇਕ ਪਿੰਡ। ਇਸ ਪ੍ਰਕਾਰ ਪੇਂਡੂ ਜੀਵਨ ਵਿੱਚ ਅਤਿਆਧਿਕ ਵਿਭਿੰਨਤਾ ਅਤੇ ਜਟਿਲਤਾ ਹੈ। ਇਤਿਹਾਸਿਕ ਅਤੇ ਸੰਸਕ੍ਰਿਤਿਕ ਵਿਭੇਦਾਂ ਦੇ ਕਾਰਣ ਭਾਰਤ ਦੇ ਪਿੰਡਾਂ ਦਾ ਵਰਗੀਕਰਣ ਕਰਨਾ ਆਸਾਨ ਕੰਮ ਨਹੀਂ ਹੈ।

ਸੁਤੰਤਰਤਾ ਤੋਂ ਬਾਅਦ ਭਾਰਤੀ ਪਿੰਡ ਵਿੱਚ ਮਹੱਤਵਪੂਰਣ ਪਰਿਵਰਤਨ ਹੋਏ ਹਨ। ਜਾਤੀ ਵਿਵਸਥਾ ਜਜਮਾਨੀ ਉੱਤੇ ਆਧਾਰਿਤ ਸਮਾਜਿਕ ਅਤੇ ਆਰਥਿਕ ਸੰਬੰਧਾਂ ਤੱਕ ਹੀ ਸੀਮਿਤ ਨਹੀਂ ਹੈ। ਅਸਲੀਅਤ ਤਾਂ ਇਹ ਹੈ ਕਿ ਸ਼ਹਿਰਾਂ ਨਾਲ ਸੰਪਰਕ ਵਿੱਚ ਵਾਧਾ ਅਤੇ ਖੇਤੀ ਦੇ ਖੇਤਰ ਵਿੱਚ ਤਕਨੀਕੀ ਉਪਾਵਾਂ ਦੇ ਆਗਮਨ ਦੇ ਕਾਰਣ ਜਜਮਾਨੀ ਪ੍ਰਥਾ ਕਮਜ਼ੋਰ ਪੈ ਗਈ ਹੈ। ਪਾਰੰਪਰਿਕ ਵਿਵਸਥਾ ਬਾਜ਼ਾਰ ਅਰਥਵਿਵਸਥਾ ਦੇ ਕਾਰਣ ਹਿਲ ਚੁੱਕੀ ਹੈ। ਪ੍ਰੰਤੂ ਜਨਮ, ਵਿਆਹ, ਮੌਤ ਅਤੇ ਹੋਰ ਸਮਾਜਿਕ ਮੌਕਿਆਂ ਤੇ ਸਮਾਜਿਕ-ਸੰਸਕ੍ਰਿਤਿਕ ਸਮੂਹੀਕਰਣ ਦਾ ਮੁੱਖ ਸਰੋਤ ਅੱਜ ਵੀ ਜਾਤੀ ਹੈ। ਵਿਆਹਾਂ ਦੇ ਬਾਰੇ ਵਿੱਚ ਨਿਰਣਾ ਲੈਣ ਵਿੱਚ ਜਾਤੀ ਅੰਤਰ ਵਿਆਹ, ਗੋਤ ਬਾਹਰੀ ਵਿਆਹ ਅਤੇ ਹੋਰ ਸੰਬੰਧਿਤ ਨਿਯਮ ਹੀ ਆਧਾਰ ਹਨ। ਜਾਤੀ ਅੰਤਰ ਵਿਆਹ ਦੇ ਅਨੁਸਾਰ ਇੱਕ ਵਿਅਕਤੀ ਆਪਣੀ ਜਾਤੀ ਵਿੱਚ ਹੀ ਵਿਆਹ ਕਰ ਸਕਦਾ ਹੈ। ਇੱਕ ਜਾਤੀ ਜਾਂ ਉਪਜਾਤੀ ਵਿੱਚ ਅਨੇਕ ਗੋਤ ਹੁੰਦੇ ਹਨ। ਓਹ ਲੋਕ ਜੋ ਆਪਣੇ ਗੋਤ ਨਾਲ ਜੁੜੇ ਹੋਏ ਹਨ ਅਤੇ ਓਹ ਲੋਕ ਜੋ ਮਾਤਾ-ਪੱਖ ਦੇ ਗੋਤ ਨਾਲ ਜੁੜੇ ਹੋਏ ਹਨ, ਵਿਆਹ ਦੇ ਘੇਰੇ ਤੋਂ ਬਾਹਰ ਸਮਝੇ ਜਾਂਦੇ ਹਨ।

ਉਪਰੋਕਤ ਜਾਤੀ ਨਿਰੰਤਰਤਾਵਾਂ ਦੇ ਪ੍ਰਤੀਮਾਨਾਂ ਤੋਂ ਬਾਅਦ ਵੀ ਅੰਤਰਜਾਤੀ ਸੰਬੰਧ ਹੁਣ ਖੰਡਿਤ ਹੋ ਚੁੱਕੇ ਹਨ, ਅਰਥਾਤ ਅੰਤਰਜਾਤੀ ਅੰਤਰ ਨਿਰਭਰਤਾ ਘਟ ਗਈ ਹੈ, ਤਨਾਓ ਵਧ ਗਏ ਹਨ ਅਤੇ ਪਿੰਡ ਦੇ ਸਾਧਨਾਂ ਵਿੱਚ ਅਧਿਕਤਮ ਹਿੱਸਾ ਪ੍ਰਾਪਤ ਕਰਨ ਲਈ ਵਿਭਿੰਨ ਜਾਤੀਆਂ ਵਿੱਚ ਪ੍ਰਤੀਯੋਗਿਤਾ ਵਧ ਚੁੱਕੀ ਹੈ। ਜਾਤੀਆਂ ਅਤੇ ਇੱਥੋਂ ਤੱਕ ਕਿ ਭਿੰਨ ਗੋਤ ਅਤੇ ਵੰਸ਼ ਵੀ ਵਿਸ਼ੇਸ਼ ਜਾਤੀਆਂ ਵਿੱਚ ਕਦੇ ਕਦੇ ਗੁਟਬੰਦੀ ਅਤੇ ਮੁਕਾਬਲਾ ਸਮੂਹਾਂ ਦੀ ਤਰਾਂ ਵਿਵਹਾਰ ਕਰਦੇ ਹਨ। ਜਾਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਚਾਇਤੀ ਚੁਨਾਵਾਂ ਵਿੱਚ ਲੋਕ ਮਤਦਾਨ ਕਰਦੇ ਹਨ। ਜਾਤੀਆਂ ਇੱਕ ਤਰਾਂ ਨਾਲ ਸਵਾਰਥ ਸਮੂਹ ਬਣ ਗਈਆਂ ਹਨ।

ਜਾਤੀ ਮੈਂਬਰਾਂ ਦੇ ਰੋਜ਼ਾਨਾ ਦੇ ਕੰਮਾਂ ਵਿੱਚ ਜਾਤੀ ਪੰਚਾਇਤਾਂ ਲਗਭਗ ਪ੍ਰਭਾਵਹੀਣ ਹੋ ਚੁੱਕੀਆਂ ਹਨ। ਫਿਰ ਵੀ ਸੰਪੂਰਣ ਜਾਤੀ ਲਈ ਕੁਝ ਗੰਭੀਰ ਨਤੀਜਿਆਂ ਦੇ ਮਾਮਲਿਆਂ ਅਤੇ ਆਪਸੀ ਵਿਰੋਧ ਅਤੇ ਵਿਵਾਦ ਭਰੇ ਮਾਮਲਿਆਂ ਉੱਤੇ ਜਾਤੀ ਪੰਚਾਇਤ ਪ੍ਰਭੂ ਮੈਂਬਰਾਂ ਦੀ ਇੱਕ ਅਨ-ਔਪਚਾਰਿਕ ਸਮਿਤੀ ਨਿਰਣੇ ਲੈਂਦੀ ਹੈ। ਅਜਿਹੇ ਮੌਕੇ ਬਹੁ ਘੱਟ ਆਓਂਦੇ ਹਨ। ਪਿੰਡ ਦੇ ਬਜ਼ੁਰਗ ਰੋਜ਼ਾਨਾ ਦੇ ਮਾਮਲਿਆਂ ਨੂੰ ਅਨ-ਔਪਚਾਰਿਕ ਤੌਰ ਤੇ ਨਿਪਟਾਓਂਦੇ ਹਨ। ਜੇਕਰ ਗ੍ਰਾਮ ਪੰਚਾਇਤ ਨੂੰ ਕੋਈ ਮਾਮਲਾ ਸੌਂਪਿਆ ਜਾਂਦਾ ਹੈ

ਨੋਟ

ਤਾਂ ਇਸ ਤੋਂ ਪਹਿਲਾਂ ਇੱਕ ਵਿਸ਼ੇਸ਼ ਜਾਤੀ ਦੇ ਲੋਕ ਅਤੇ ਹੋਰ ਜਾਤੀਆਂ ਦੇ ਲੋਕ ਅਨ-ਔਪਚਾਰਿਕ ਰੂਪ ਨਾਲ ਉਸ ਮਾਮਲੇ ਦੀ ਜਾਂਚ ਕਰ ਲੈਂਦੇ ਹਨ। ਇਨ੍ਹਾਂ ਝਗੜਿਆਂ, ਨਿਰਣਾ-ਪ੍ਰਕ੍ਰਿਆ ਅਤੇ ਮਤਦਾਨ ਦੇ ਤਰੀਕਿਆਂ ਦੇ ਸੰਦਰਭ ਵਿੱਚ ਹੀ ਅੱਜ ਪਿੰਡ ਵਿੱਚ ਸੱਤਾ ਦੇ ਦਾਂਵ-ਪੇਚਾਂ ਨੂੰ ਸਮਝਣ ਦੀ ਜ਼ਰੂਰਤ ਹੈ।

ਸਿੱਖਿਆ, ਪ੍ਰਵਸਨ, ਖੇਤੀ ਉਪਜਾਂ ਵਿੱਚ ਪਰਿਵਰਤਨ, ਬਿਜਲੀਕਰਣ, ਸਿੰਚਾਈ ਅਤੇ ਕਸਬਿਆਂ ਅਤੇ ਸ਼ਹਿਰਾਂ ਦੇ ਨਾਲ ਸੰਪਰਕ ਦੇ ਕਾਰਣ ਅੱਜ ਪਿੰਡ ਦਾ ਆਰਥਿਕ ਸਰੂਪ ਪਹਿਲਾਂ ਤੋਂ ਬਹੁਤ ਭਿੰਨ ਹੈ। ਕਰਜ਼ ਦੇ ਨਵੇਂ ਸਾਧਨ ਉਪਲਬਧ ਹੋਣ ਦੇ ਕਾਰਣ ਪਾਰੰਪਰਿਕ ਸ਼ਾਹੂਕਾਰੀ ਪ੍ਰਥਾ ਹੁਣ ਖਤਮ ਹੋ ਚੁੱਕੀ ਹੈ।ਖੇਤੀ ਮਜ਼ਦੂਰਾਂ ਦਾ ਮਿਹਨਤਾਨਾ ਵਧ ਚੁੱਕਿਆ ਹੈ। ਅੱਜ ਓਹਨਾਂ ਦੀ ਸੌਦਾ ਕਰਨ ਦੀ ਸ਼ਕਤੀ ਵਿੱਚ ਵੀ ਵਾਧਾ ਹੋਇਆ ਹੈ। ਭੂਮੀ ਸੁਧਾਰ ਅਤੇ ਹਰੀ ਕ੍ਰਾਂਤੀ ਦੇ ਕਾਰਣ ਜੱਟ, ਅਹੀਰ, ਕੁਰਮੀ, ਰੈਂਡੀ, ਪਟੇਲ ਆਦਿ ਮੱਧ ਸ਼੍ਰੇਣੀ ਦੀਆਂ ਜਾਤੀਆਂ ਦਾ ਆਰਥਿਕ ਪ੍ਰਭੁੱਤਵ ਵਧ ਗਿਆ ਹੈ। ਹਰੀ ਕ੍ਰਾਂਤੀ ਦਾ ਅਰਥ ਨਵੀਂ ਤਕਨੀਕ, ਬੀਜ ਅਤੇ ਖਾਦ ਆਦਿ ਦੇ ਪ੍ਰਯੋਗ ਨਾਲ ਖੇਤੀ ਦੇ ਖੇਤਰ ਵਿੱਚ ਠੋਸ ਪਰਿਵਰਤਨ ਲਿਆਓਣ ਤੋਂ ਹੈ।

ਸੰਖਿਆ ਵਿੱਚ ਜ਼ਿਆਦਾ ਹੋਣ ਦੇ ਕਾਰਣ ਨਵੀਆਂ ਪਰਿਸਥਿਤੀਆਂ ਵਿੱਚ ਉਪਰੋਕਤ ਮੱਧ ਜਾਤੀਆਂ ਰਾਜਨੀਤੀ ਦੇ ਖੇਤਰ ਵਿੱਚ ਵੀ ਮਜ਼ਬੂਤ ਹੋ ਗਈਆਂ ਹਨ। ਨਿਮਨ ਜਾਤੀਆਂ ਵੀ ਪਿੰਡ ਵਿੱਚ ਹੋਰ ਜਾਤੀਆਂ ਦੇ ਨਜ਼ਦੀਕ ਆਈਆਂ ਹਨ। ਛੂਤ-ਛਾਤ ਅੱਜ ਓਨੀ ਕਠੋਰ ਨਹੀਂ ਹੈ ਜਿੰਨੀ 50 ਸਾਲ ਪਹਿਲਾਂ ਸੀ। ਸੁਤੰਤਰ ਭਾਰਤ ਵਿੱਚ "ਅਛੂਤ" ਆਪਣੀ ਸਥਿਤੀ ਦੇ ਬਾਰੇ ਵਿੱਚ ਜਾਗਰੁਕ ਹੋ ਗਏ ਹਨ।ਬਿਹਤਰ ਰੁਜ਼ਗਾਰ ਲਈ ਇਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਸ਼ਹਿਰ ਚਲੇ ਗਏ ਹਨ। ਪਿੰਡਾਂ ਦੀ ਸੰਰਚਨਾ ਅਤੇ ਅਰਥਵਿਵਸਥਾ ਵਿੱਚ ਇਨ੍ਹਾਂ ਪਰਿਵਰਤਨਾਂ ਦੇ ਬਾਵਜੂਦ ਪਿੰਡ ਅੱਜ ਸ਼ਹਿਰ ਅਤੇ ਕਸਬਿਆਂ ਤੋਂ ਲੋਕਾਚਾਰ, ਜੀਵਨ ਸ਼ੈਲੀ ਅਤੇ ਆਪਸੀ ਸੰਬੰਧਾਂ ਵਿੱਚ ਕੁਝ ਸੀਮਾ ਤੱਕ ਭਿੰਨ ਹਨ। ਅਸਲ ਵਿੱਚ ਸ਼ਹਿਰਾਂ ਦੀ ਤੁਲਨਾ ਵਿੱਚ ਪਿੰਡ ਇੱਕ ਭਿੰਨ ਸੰਰਚਨਾਤਮਕ ਪ੍ਰਤੀਮਾਨ ਦੀ ਅਗਵਾਈ ਕਰਦੇ ਹਨ।

ਟਾਸਕ ਕੀ ਪਿੰਡ ਇੱਕ ਅਲੱਗ ਇਕਾਈ ਹਨ?

## 2.2.6 ਭਾਰਤ ਵਿੱਚ ਨਗਰੀ ਜੀਵਨ

ਨਗਰ ਦੇ ਬਾਰੇ ਵਿੱਚ ਘੱਟ ਤੋਂ ਘੱਟ ਦੋ ਪ੍ਰਵਿਰਤੀਆਂ ਸਪਸ਼ਟ ਹਨ- (1) ਜੀਵਿਕਾ ਲਈ ਖੇਤੀ ਉੱਤੇ ਨਿਰਭਰਤਾ ਹੌਲੀ ਹੌਲੀ ਘੱਟ ਹੋ ਗਈ ਹੈ, ਅਤੇ (2) ਪਿਛਲੇ ਕੁਝ ਸਾਲਾਂ ਵਿੱਚ ਕਸਬਿਆਂ ਅਤੇ ਸ਼ਹਿਰਾਂ ਦੀ ਜਨਸੰਖਿਆ ਵਧ ਗਈ ਹੈ। ਇਨ੍ਹਾਂ ਦੋਹਾਂ ਪ੍ਰਵਿਰਤੀਆਂ ਨਾਲ ਉਦਯੋਗਿਕੀਕਰਣ ਅਤੇ ਨਗਰੀਕਰਣ ਦੀਆਂ ਪ੍ਰਕਿਰਿਆਵਾਂ ਵਿੱਚ ਵਾਧਾ ਹੋਇਆ ਹੈ। ਸ਼ਹਿਰਾਂ ਵਿੱਚ ਨੌਕਰੀਆਂ ਅਤੇ ਬਿਹਤਰ ਸੁਵਿਧਾਵਾਂ ਉਪਲਬਧ ਹਨ ਜਦੋਂ ਕਿ ਪਿੰਡਾਂ ਵਿੱਚ ਜੀਵਨ-ਯਾਪਣ ਕਠਿਨ ਹੈ। ਨਗਰੀਕਰਣ ਦੇ ਕਾਰਣ ਪਿੰਡਾਂ ਵਿੱਚ ਧਰਮ, ਜਾਤੀ ਅਤੇ ਪਰਿਵਾਰ ਦੇ ਬੰਧਨ ਕਮਜ਼ੋਰ ਹੋ ਚੁੱਕੇ ਹਨ। ਸ਼ਹਿਰਾਂ ਦੀ ਤਰਾਂ ਗੁਮਨਾਮੀ ਪੇਂਡੂ ਖੇਤਰਾਂ ਵਿੱਚੋਂ ਅਨਉਪਸਥਿਤ ਹੈ। ਸ਼ਹਿਰੀ ਜੀਵਨ ਦਾ ਆਪਣਾ ਇੱਕ ਅਲੱਗ ਵਿਅਕਤਿਤਵ ਹੈ।

## 2.2.7 ਕਸਬਿਆਂ ਅਤੇ ਸ਼ਹਿਰਾਂ ਦੀ ਸੰਰਚਨਾ

ਇੱਕ ਲੱਖ ਜਾਂ ਅਧਿਕ ਜਨਸੰਖਿਆ ਵਾਲੇ ਸਥਾਨ ਨੂੰ ਇੱਕ ਸ਼ਹਿਰ ਦੇ ਨਾਂ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਪੰਜ ਹਜ਼ਾਰ ਜਾਂ ਅਧਿਕ ਜਨਸੰਖਿਆ ਵਾਲੇ ਸਥਾਨਾਂ ਨੂੰ ਕਸਬਿਆਂ ਦਾ ਨਾਂ ਦਿੱਤਾ ਗਿਆ ਹੈ। ਨਿਮਨ ਤਿੰਨ ਅਵਸਥਾਵਾਂ ਦੇ ਪਾਏ ਜਾਣ ਉੱਤੇ ਇੱਕ ਸਥਾਨ ਨੂੰ ਕਸਬਾ ਕਿਹਾ ਜਾਂਦਾ ਹੈ- (1) ਪੰਜ ਹਜ਼ਾਰ ਤੋਂ ਅਧਿਕ ਜਨਸੰਖਿਆ ਹੋਣ ਤੇ, (2) ਜਨਸੰਖਿਆ ਦਾ ਸੰਘਣਾਪਣ ਪ੍ਰਤੀ ਵਰਗ ਕਿਲੋਮੀਟਰ 400 ਵਿਅਕਤੀਆਂ ਤੋਂ ਘੱਟ ਘਣਾ ਨਾ ਹੋਣ ਤੇ, ਅਤੇ (3) 75% ਵਿਅਸਕ ਪੁਰਸ਼ ਜਨਸੰਖਿਆ ਗੈਰ-ਖੇਤੀ ਕੰਮਾਂ ਵਿੱਚ ਲੱਗੇ ਹੋਣ ਤੇ।

1901 ਤੋਂ ਹੁਣ ਤੱਕ ਪੇਂਡੂ ਜਨਸੰਖਿਆ ਅਤੇ ਸ਼ਹਿਰੀ ਜਨਸੰਖਿਆ ਦੇ ਅਨੁਪਾਤ ਵਿੱਚ ਅਧਿਕ ਪਰਿਵਰਤਨ ਨਹੀਂ ਹੋਇਆ ਹੈ। ਇਸ ਵਿੱਚ ਹੌਲੀ ਗਤੀ ਨਾਲ ਪਰਿਵਰਤਨ ਹੋ ਰਿਹਾ ਹੈ। ਅੱਜ ਸ਼ਹਿਰਾਂ ਵਿੱਚ ਭੀੜ ਹੈ। ਸ਼ਹਿਰਾਂ ਵਿੱਚ ਜਿੰਨੇ ਲੋਕਾਂ ਲਈ ਸੁਵਿਧਾਵਾਂ ਉਪਲਬਧ ਹਨ, ਉਸ ਤੋਂ ਕਿਤੇ ਜ਼ਿਆਦਾ ਲੋਕ ਰਹਿੰਦੇ ਹਨ। ਰਾਜਧਾਨੀਆਂ ਵਾਲੇ ਸ਼ਹਿਰਾਂ ਉੱਤੇ ਜਨਸੰਖਿਆ ਦਾ ਅਧਿਕ ਭਾਰ ਹੈ। ਪਿਛਲੇ ਦੋ ਦਸ਼ਕਾਂ ਵਿੱਚ ਦਿੱਲੀ, ਬੰਗਲੌਰ ਅਤੇ ਜੈਪੁਰ ਦੀ ਜਨਸੰਖਿਆ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸਭ ਸ਼ਹਿਰਾਂ ਅਤੇ ਕਸਬਿਆਂ ਦਾ ਜਨਸੰਖਿਆ ਵਾਧਾ ਅਤੇ ਵਿਕਾਸ ਦੀ ਗਤੀ ਸਮਾਨ ਨਹੀਂ ਹੈ।

1981 ਦੀ ਜਨਗਣਨਾ ਦੇ ਅਨੁਸਾਰ ਭਾਰਤ ਵਿੱਚ ਇੱਕ ਲੱਖ ਅਤੇ ਅਧਿਕ ਜਨਸੰਖਿਆ ਵਾਲੇ (ਸ਼੍ਰੇਣੀ ਇੱਕ) 216 ਸ਼ਹਿਰ ਸਨ ਜਿਨ੍ਹਾਂ ਦੀ ਜਨਸੰਖਿਆ 9 ਕਰੋੜ 40 ਲੱਖ ਸੀ। ਇਨ੍ਹਾਂ ਵਿੱਚੋਂ 27% ਲੋਕ 12 ਵੱਡੇ ਸ਼ਹਿਰਾਂ ਵਿੱਚ ਸਨ ਜਿਨ੍ਹਾਂ ਦੀ ਜਨਸੰਖਿਆ 10 ਲੱਖ ਜਾਂ ਉਸ ਤੋਂ ਅਧਿਕ ਸੀ। ਇਨ੍ਹਾਂ 12 ਸ਼ਹਿਰਾਂ ਵਿੱਚੋਂ ਸਭ 7 ਵਿੱਚ ਵਾਧਾ 48% ਤੋਂ ਘੱਟ ਸੀ। 2 ਦਾ ਠੀਕ 48% ਸੀ, 2 ਦਾ 55 ਅਤੇ 65% ਦੇ ਵਿੱਚ ਸੀ ਅਤੇ ਸਿਰਫ਼ ਬੰਗਲੌਰ ਸ਼ਹਿਰ ਦਾ ਵਾਧਾ ਬਹੁਤ ਤੇਜ਼ ਸੀ। ਕੁਝ ਹੋਰ ਆਂਕੜਿਆਂ

ਨੋਟ

ਤੋਂ ਵੀ ਵਾਧੇ ਦੀ ਅਸਮਾਨਤਾ ਨੂੰ ਸਮਝਿਆ ਜਾ ਸਕਦਾ ਹੈ। 8 ਸ਼ਹਿਰਾਂ ਦਾ ਵਾਧਾ ਸ਼ਹਿਰੀ ਔਸਤ ਵਾਧੇ ਤੋਂ ਘੱਟ ਸੀ ਅਤੇ 9 ਦਾ ਵਾਧਾ ਬਹੁਤ ਤੇਜ਼ ਸੀ। ਕੁਝ ਹੋਰ ਆਂਕੜਿਆਂ ਤੋਂ ਵੀ ਵਾਧੇ ਦੀ ਅਸਮਾਨਤਾ ਨੂੰ ਸਮਝਿਆ ਜਾ ਸਕਦਾ ਹੈ। ਤਿੰਨ ਸ਼ਹਿਰ ਜੋ 10 ਲੱਖ ਤੋਂ ਉੱਪਰ ਦੀ ਸ਼੍ਰੇਣੀ ਵਿੱਚ ਪ੍ਰਵੇਸ਼ ਕਰ ਗਏ, ਓਹਨਾਂ ਵਿੱਚੋਂ ਜੈਪੁਰ ਦਾ ਵਾਧਾ ਹੋਰ ਪ੍ਰਥਮ ਸ਼੍ਰੇਣੀ ਦੇ ਸ਼ਹਿਰਾਂ ਤੋਂ ਕੁਝ ਜ਼ਿਆਦਾ ਸੀ ਅਤੇ ਨਾਗਪੁਰ ਦਾ ਕੁਝ ਘੱਟ। ਲਖਨਊ ਵਿੱਚ ਵਾਧਾ ਭਾਰਤ ਦੀ ਔਸਤ ਵਾਧਾ ਦਰ ਤੋਂ ਘੱਟ ਰਿਹਾ।

1971 ਤੋਂ 1981 ਤੱਕ ਦੇ ਦਸ਼ਕ ਵਿੱਚ 50 ਪ੍ਰਥਮ ਸ਼੍ਰੇਣੀ ਦੇ ਸ਼ਹਿਰਾਂ ਵਿੱਚ ਵਾਧਾ ਬਹੁਤ ਤੇਜ਼ੀ ਨਾਲ ਹੋਇਆ। ਕੇਵਲ 3 ਬਹੁਤ ਵੱਡੇ ਸ਼ਹਿਰ ਸਨ ਅਤੇ 38 ਨਗਰਾਂ ਵਿੱਚ ਜਨਸੰਖਿਆ 5 ਲੱਖ ਜਾਂ ਇਸ ਤੋਂ ਘੱਟ ਸੀ। ਇੱਕ ਮਤ ਦੇ ਅਨੁਸਾਰ ਪੇਂਡੂ ਖੇਤਰਾਂ ਤੋਂ ਪ੍ਰਵਾਸ ਦੇ ਕਾਰਣ ਸ਼ਹਿਰਾਂ ਦੀ ਜਨਸੰਖਿਆ ਵਿੱਚ ਵਾਧਾ ਅਮਰੀਕਾ ਵਿੱਚ ਸ਼ਹਿਰਾਂ ਦੇ ਵਾਧੇ ਤੋਂ ਬਹੁਤ ਘੱਟ ਹੋਇਆ ਹੈ। ਅਮਰੀਕਾ ਦੀ ਜਨਸੰਖਿਆ ਭਾਰਤ ਦੀ ਜਨਸੰਖਿਆ ਦੀ ਇੱਕ ਤਿਹਾਈ ਹੈ ਅਤੇ ਇਸ ਵਿੱਚੋਂ 16 ਕਰੋੜ 60 ਲੱਖ ਲੋਕ 290 ਪ੍ਰਥਮ ਸ਼੍ਰੇਣੀਆਂ ਦੇ ਸ਼ਹਿਰਾਂ ਵਿੱਚ ਰਹਿੰਦੇ ਹਨ। 5 ਕਰੋੜ 50 ਲੱਖ ਲੋਕ 38 ਵੱਡੇ ਸ਼ਹਿਰਾਂ ਵਿੱਚ ਰਹਿੰਦੇ ਹਨ। ਇਸ ਦ੍ਰਿਸ਼ਟੀ ਤੋਂ ਭਾਰਤ ਵਿੱਚ ਨਗਰੀਕਰਣ ਦੀ ਗਤੀ ਬਹੁਤ ਧੀਮੀ ਹੈ। ਨਗਰੀ ਵਾਧਾ ਮੁੱਖ ਤੌਰ ਤੇ ਨਗਰਾਂ ਦੇ ਸੁਭਾਵਿਕ ਵਾਧੇ ਦੇ ਕਾਰਣ ਹੀ ਹੈ ਅਤੇ ਇਹੀ ਵਾਧੇ ਦੀ ਅਸਮਾਨਤਾ ਦਾ ਵਾਸਤਵਿਕ ਕਾਰਣ ਵੀ ਹੈ।

*1971 ਅਤੇ 1981 ਵਿੱਚ ਭਾਰਤ ਦੇ 9 ਪ੍ਰਥਮ ਸ਼੍ਰੇਣੀ ਦੇ ਨਗਰਾਂ ਦੀ ਜਨਸੰਖਿਆ ਦਾ ਪ੍ਰਤੀਸ਼ਤ*

| ਸ਼ਹਿਰ | 1971 (%) | 1981 (%) |
|---|---|---|
| ਕਲਕੱਤਾ | 11.6 | 9.8 |
| ਵਿਸ਼ਾਲ ਬੰਬਈ | 10.0 | 8.8 |
| ਦਿੱਲੀ | 6.1 | 6.1 |
| ਮਦਰਾਸ | 5.3 | 4.6 |
| ਬੰਗਲੌਰ | 2.8 | 3.1 |
| ਹੈਦਰਾਬਾਦ | 3.0 | 2.7 |
| ਅਹਿਮਦਾਬਾਦ | 2.9 | 2.7 |
| ਕਾਨਪੁਰ | 2.1 | 1.8 |
| ਪੁਣੇ | 1.9 | 1.8 |

ਜਨਸੰਖਿਆ ਆਕਾਰ ਦੇ ਆਧਾਰ ਤੇ ਸ਼ਹਿਰੀ ਕੇਂਦਰਾਂ ਨੂੰ 6 ਸ਼੍ਰੇਣੀਆਂ ਵਿੱਚ ਵਿਭਾਜਿਤ ਕੀਤਾ ਗਿਆ ਹੈ। ਇਹ ਸ਼੍ਰੇਣੀਆਂ ਹਨ– (1) 1,00,000 ਜਾਂ ਅਧਿਕ, (2) 50,000 ਤੋਂ 1,00,000 ਤੱਕ, (3) 20,000 ਤੋਂ 50,000 ਤੱਕ, (4) 10,000 ਤੋਂ 20,000 ਤੱਕ, (5) 5,000 ਤੋਂ 10,000 ਤੱਕ, ਅਤੇ (6) 5,000 ਤੋਂ ਘੱਟ। ਇਸ ਤੋਂ ਇਲਾਵਾ ਦਿੱਲੀ, ਕਲਕੱਤਾ, ਬੰਬਈ, ਮਦਰਾਸ, ਅਹਿਮਦਾਬਾਦ, ਹੈਦਰਾਬਾਦ, ਬੰਗਲੌਰ ਅਤੇ ਕਾਨਪੁਰ ਆਦਿ ਮਹਾਂਨਗਰ ਹਨ। ਸੁਤੰਤਰਤਾ ਤੋਂ ਬਾਅਦ ਪੰਜਵੀਂ ਅਤੇ ਚੌਥੀ ਸ਼੍ਰੇਣੀਆਂ ਦੇ ਸ਼ਹਿਰਾਂ ਦੇ ਵਾਧੇ ਵਿੱਚ ਬਹੁਤ ਕਮੀ ਹੋਈ ਹੈ। ਉਦਯੋਗਿਕ ਨਗਰਾਂ ਦਾ ਵਾਧਾ ਵਿਸ਼ੇਸ਼ ਕਰ ਕੇ ਬੰਗਾਲ, ਬਿਹਾਰ ਅਤੇ ਉੜੀਸਾ ਜ਼ਿਆਦਾ ਹੈ।

ਭਾਰਤ ਵਿੱਚ ਕਸਬੇ ਅਤੇ ਸ਼ਹਿਰ ਉਦਯੋਗੀਕਰਨ ਦੇ ਨਤੀਜੇ ਨਹੀਂ ਹਨ। ਸਿੰਧੂ ਘਾਟੀ ਦੀ ਸੱਭਿਅਤਾ ਮੁੱਖ ਤੌਰ ਤੇ ਨਗਰੀ ਸੱਭਿਅਤਾ ਸੀ। ਪੂਰਵ ਉਦਯੋਗਿਕ ਭਾਰਤ ਵਿੱਚ ਤੀਰਥ-ਸਥਾਨ, ਰਾਜਧਾਨੀਆਂ, ਵਪਾਰਕ ਕੇਂਦਰ ਅਤੇ ਬੌਧਿਕ ਵਿਕਾਸ ਕੇਂਦਰ ਅਤੇ ਵਿਸ਼ਵ ਵਿਦਿਆਲੇ ਸ਼ਹਿਰਾਂ ਵਿੱਚ ਕੇਂਦਰਿਤ ਸਨ। ਉਦਯੋਗੀਕਰਨ ਤੋਂ ਪਹਿਲਾਂ ਵਾਰਾਣਸੀ, ਇਲਾਹਾਬਾਦ, ਤਿਰੂਪਤੀ, ਅੰਮ੍ਰਿਤਸਰ, ਅਜਮੇਰ, ਹਰਿਦੁਆਰ, ਦਿੱਲੀ ,ਆਗਰਾ, ਹੈਦਰਾਬਾਦ, ਪੁਣੇ, ਢਾਕਾ, ਨਾਲੰਦਾ ਅਤੇ ਤਕਸ਼ਸ਼ਿਲਾ ਪ੍ਰਸਿੱਧ ਸਨ। ਅੱਜ ਤੀਰਥ ਸਥਾਨਾਂ ਵਾਲੇ ਸ਼ਹਿਰ ਵਪਾਰ ਦੇ ਕੇਂਦਰ ਬਣ ਗਏ ਹਨ। ਰਾਜਧਾਨੀਆਂ ਵਾਲੇ ਸ਼ਹਿਰਾਂ ਵਿੱਚ ਸੈਨਾ, ਪੁਲਿਸ, ਅਧਿਕਾਰੀ ਤੰਤਰ ਅਤੇ ਬੁੱਧੀਜੀਵੀ ਲੋਕ ਰਹਿੰਦੇ ਹਨ। ਇਨ੍ਹਾਂ ਸ਼ਹਿਰਾਂ ਵਿੱਚ ਕਲਾਕਾਰ, ਸੰਗੀਤਕਾਰ, ਗਾਇਕ ਅਤੇ ਵਿਦਵਾਨ ਵੀ ਰਹਿੰਦੇ ਹਨ। ਅੰਗ੍ਰੇਜ਼ਾਂ ਦੇ ਆਗਮਨ ਦੇ ਕਾਰਣ ਬੰਦਰਗਾਹ ਵਾਲੇ ਸ਼ਹਿਰ ਵਪਾਰਕ ਕੇਂਦਰ ਬਣ ਗਏ। ਬਾਅਦ ਵਿੱਚ ਇਹੀ ਸ਼ਹਿਰ ਅਰਥਾਤ ਕਲਕੱਤਾ, ਬੰਬਈ ਅਤੇ ਮਦਰਾਸ ਉੱਚ ਸਿੱਖਿਆ ਅਤੇ ਵਿਧੀ ਕਾਰੋਬਾਰ ਦੇ ਕੇਂਦਰ ਵੀ ਬਣ ਗਏ। ਇਹ ਪੂਰਵ-ਉਦਯੋਗਿਕ ਨਗਰ ਆਪਣੀ ਖਮਤਾ ਅਤੇ ਉਪਲਬਧ ਸੰਸਾਧਨਾਂ ਦੀ ਤੁਲਨਾ ਵਿੱਚ ਅੱਜ ਬਹੁਤ ਵੱਡੇ ਬਣ ਗਏ ਹਨ।

## 2.2.8 ਨਗਰੀਕਰਣ ਦੀ ਅਵਧਾਰਣਾ

ਨਗਰੀਕਰਣ ਦਾ ਅਰਥ ਪਰੰਪਰਾਗਤ ਸਮਾਜਿਕ ਸੰਸਥਾਵਾਂ ਅਤੇ ਮੁੱਲਾਂ ਦੇ ਭੰਗ ਜਾਂ ਵਿਗਾੜ ਹੋਣ ਤੋਂ ਹੈ। ਨਗਰੀਕਰਣ ਦੇ ਫਲਸਰੂਪ ਭਾਰਤ ਵਿੱਚ ਜਾਤੀ ਪ੍ਰਥਾ ਵਰਗ ਵਿਵਸਥਾ ਵਿੱਚ, ਸੰਯੁਕਤ ਪਰਿਵਾਰ ਏਕਾਕੀ ਪਰਿਵਾਰ ਵਿੱਚ ਅਤੇ ਧਾਰਮਿਕ ਮੁੱਲਾਂ ਵਿੱਚ ਪਰਿਵਰਤਨ ਨਹੀਂ ਹੋਏ ਹਨ। ਐਮ. ਐਸ. ਏ. ਰਾਓ ਦਾ ਮਤ ਹੈ ਕਿ ਵਿਗਾੜ ਦੀ ਪਰਿਕਲਪਨਾ ਦੀ ਉਤਪਤੀ ਪੱਛਮੀ ਸੰਸਾਰ ਦੇ ਅਨੁਭਵ ਤੋਂ ਹੋਈ ਹੈ ਅਤੇ ਇਸ ਲਈ ਭਾਰਤ ਵਿੱਚ ਪਰੰਪਰਾਗਤ ਨਗਰੀਕਰਣ ਦੇ ਤੱਥਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ। ਇਹ ਵੀ ਸਹੀ ਹੈ ਕਿ ਆਧੁਨਿਕ ਨਗਰੀਕਰਣ ਪਰੰਪਰਾਗਤ ਨਗਰੀਕਰਣ ਤੋਂ ਭਿੰਨ ਹੈ।

ਪ੍ਰਾਚੀਨ ਭਾਰਤ ਵਿੱਚ ਸ਼ਹਿਰ ਪੂਜਾ, ਸਾਲਾਨਾ ਧਾਰਮਿਕ ਸੰਮੇਲਨਾਂ ਅਤੇ ਵਪਾਰ ਅਤੇ ਜਹਾਜ਼ਰਾਨੀ ਦੇ ਮਹੱਤਵਪੂਰਣ ਕੇਂਦਰ ਸਨ। ਇਨ੍ਹਾਂ ਸ਼ਹਿਰਾਂ ਦੀ ਜਨਸੰਖਿਆ ਸਥਿਰ ਸੀ। ਅੱਜ ਸ਼ਹਿਰ ਉਦਯੋਗਿਕ ਕੇਂਦਰ, ਜ਼ਿੱਲ੍ਹੇ, ਰਾਜ ਦੇ ਮੁੱਖ ਦਫ਼ਤਰ ਜਾਂ ਉੱਚ ਸਿੱਖਿਆ ਦੇ ਕੇਂਦਰ ਬਣੇ ਹੋਏ ਹਨ। ਨਗਰਾਂ ਵਿੱਚ ਵਿਵਿਧ ਪ੍ਰਕਾਰ ਦੀ ਜਨਸੰਖਿਆ ਹੈ। ਨਵੇਂ ਸ਼ਹਿਰਾਂ ਵਿੱਚ ਚੰਡੀਗੜ੍ਹ, ਗਾਂਧੀਨਗਰ, ਬੋਕਾਰੋ, ਭਿਲਾਈ ਅਤੇ ਸਿੰਦਰੀ ਆਦਿ ਦੇ ਨਾਂ ਲਏ ਜਾ ਸਕਦੇ ਹਨ। ਕੁਝ ਸ਼ਹਿਰਾਂ ਦਾ ਪਰੰਪਰਾਗਤ ਮਹੱਤਵ ਖਤਮ ਹੋ ਗਿਆ ਹੈ। ਜਦੋਂ ਕਿ ਆਰਥਿਕ ਅਤੇ ਰਾਜਨੀਤਿਕ ਕਾਰਣਾਂ ਤੋਂ ਕੁਝ ਸ਼ਹਿਰਾਂ ਦਾ ਮਹੱਤਵ ਵਧ ਗਿਆ ਹੈ।

ਨਗਰਾਂ ਦੇ ਅਧਿਐਨ ਨੂੰ ਰਾਓ ਨੇ ਤਿੰਨ ਸ਼੍ਰੇਣੀਆਂ ਵਿੱਚ ਵਰਗੀਕ੍ਰਿਤ ਕੀਤਾ ਹੈ- (1) ਸੰਸਥਾਤਮਿਕ ਉਪਾਗਮਾਂ ਨਾਲ ਸੰਬੰਧਿਤ ਅਧਿਐਨ, (2) ਸੱਭਿਅਤਾਵਾਂ ਦੇ ਇਤਿਹਾਸ ਦੇ ਆਮ ਸੰਦਰਭਾਂ ਵਿੱਚ ਸ਼ਹਿਰਾਂ ਅਤੇ ਓਹਨਾਂ ਦੇ ਵਿਕਾਸ ਦਾ ਅਧਿਐਨ, ਅਤੇ (3) ਦੀਰਘ ਪਰੰਪਰਾ ਦੇ ਸਮਾਜਿਕ ਸੰਗਠਨ ਦੇ ਸੰਦਰਭ ਵਿੱਚ ਸ਼ਹਿਰਾਂ ਦੀ ਸੰਸਕ੍ਰਿਤੀ ਅਤੇ ਭੂਮਿਕਾ ਦੇ ਬਾਰੇ ਵਿੱਚ ਵਿਆਖਿਆ ਕਰਨ ਵਾਲੇ ਅਧਿਐਨ। ਪ੍ਰਥਮ ਅਭਿਮਤ ਦੇ ਅਨੁਸਾਰ ਅਸੀਂ ਆਰਥਿਕ ਸੰਸਥਾਵਾਂ ਜਿਵੇਂ ਮੱਧ ਵਰਗ ਅਤੇ ਵਪਾਰਕ ਸੰਗਠਨ ਦਾ ਉਦੇ ਅਤੇ ਧਰਮ ਦੀ ਭੂਮਿਕਾ ਦਾ ਉਲੇਖ ਕਰ ਸਕਦੇ ਹਾਂ। ਪਿਰੇਨੇ ਦੇ ਅਨੁਸਾਰ ਵਪਾਰ ਅਤੇ ਲੈਣ-ਦੇਣ ਵਿੱਚ ਵਿਅਸਤ ਮੱਧ ਵਰਗ ਅਤੇ ਸਮੂਹ ਸ਼ਹਿਰਾਂ ਵਿੱਚ ਪਾਏ ਜਾਂਦੇ ਹਨ। ਕੁਲਾਂਗੇ ਨੇ ਪ੍ਰਾਚੀਨ ਨਗਰਾਂ ਦੀ ਤੁਲਨਾ ਧਾਰਮਿਕ ਸਮੁਦਾਵਾਂ ਨਾਲ ਕੀਤੀ ਹੈ। ਮੈਕਸ ਵੇਬਰ ਨੇ ਸਮਾਜਿਕ ਕ੍ਰਿਆ ਅਤੇ ਆਜ਼ਾਦ ਨਾਗਰਿਕ ਸਰਕਾਰ ਤੇ ਜ਼ੋਰ ਦਿੱਤਾ। ਇਸ ਤਰਾਂ ਸੰਸਥਾਤਮਿਕ ਉਪਾਗਮਾਂ ਦੇ ਸਮਰਥਕਾਂ ਨੇ ਸ਼ਹਿਰਾਂ ਦੇ ਵਿਕਾਸ ਦੀਆਂ ਵਿਸ਼ੇਸ਼ ਅਵਸਥਾਵਾਂ ਅਤੇ ਕਾਰਣਾਂ ਨੂੰ ਵਿਭਿੰਨ ਸੰਦਰਭਾਂ ਵਿੱਚ ਵੇਖਿਆ। ਸਪੈਂਗਲਰ, ਟਾਯੰਬੀ, ਗੇਡੇਸ, ਘੁੰਏ, ਮਮਫੋਰਡ ਅਤੇ ਵਿਰਥ ਨੇ ਸੱਭਿਅਤਾ ਦੇ ਵਿਕਾਸ ਦੇ ਸਮਾਨਾਂਤਰ ਹੀ ਨਗਰ ਦੇ ਵਿਕਾਸ ਦਾ ਉਲੇਖ ਕੀਤਾ ਹੈ। ਵਿਸ਼ਵ ਇਤਿਹਾਸ ਨੂੰ ਓਹ ਨਗਰ ਇਤਿਹਾਸ ਦੀ ਤਰਾਂ ਹੀ ਦੇਖਦੇ ਹਨ। ਸ਼ਹਿਰ ਸੱਭਿਅਤਾ ਦਾ ਦਰਪਣ ਹੈ। ਸ਼ਹਿਰ ਸੱਭਿਅਤਾ ਦਾ ਪ੍ਰਤੀਕ ਹੈ। ਰੋਬਰਟ ਰੈਡਫੀਲਡ ਨੇ ਪਰੰਪਰਾ ਅਤੇ ਸੰਸਕ੍ਰਿਤੀ ਦੇ ਸੰਗਠਨ ਵਿੱਚ ਵਿਸ਼ਮਜਾਤੀ ਅਤੇ ਨਿਯਤ ਵਿਕਾਸੀ ਪਰਿਵਰਤਨ ਦੀਆਂ ਪ੍ਰਕ੍ਰਿਆਵਾਂ ਦੀ ਦ੍ਰਿਸ਼ਟੀ ਨਾਲ ਸ਼ਹਿਰਾਂ ਦਾ ਵਰਗੀਕਰਣ ਕੀਤਾ ਹੈ। ਮਿਲਟਨ ਸਿੰਗਰ ਦਾ ਮਤ ਹੈ ਕਿ ਦੀਰਘ ਪਰੰਪਰਾ ਇੱਕ ਸ਼ਹਿਰੀ ਪ੍ਰਘਟਨਾ ਹੈ ਅਤੇ ਲਘੂ ਪਰੰਪਰਾ ਦਾ ਦੀਰਘ ਪਰੰਪਰਾ ਵਿੱਚ ਪਰਿਵਰਤਨ ਨਗਰੀਕਰਣ ਦੀ ਪ੍ਰਕ੍ਰਿਆ ਨਾਲ ਜੁੜਿਆ ਹੋਇਆ ਹੈ। ਫਿਰ ਵੀ ਦੀਰਘ ਪਰੰਪਰਾ ਵਿੱਚ ਮਹੱਤਵਪੂਰਣ ਪਰਿਵਰਤਨ ਹੋ ਰਿਹਾ ਹੈ ਅਤੇ ਇਸ ਲਈ ਵਿਅਕਤੀਵਾਦ, ਸੁਤੰਤਰਤਾ, ਪਰੰਪਰਾਗਤ ਮਾਣਕਾਂ ਅਤੇ ਮੁੱਲਾਂ ਵਿੱਚ ਲਚੀਲਾਪਨ ਦਿਖਾਈ ਦਿੰਦਾ ਹੈ।

ਜੀ. ਜੋਬਰਗ ਨੇ ਸ਼ਹਿਰ ਨੂੰ ਪੂਰਵ-ਉਦਯੋਗਿਕ ਅਤੇ ਉਦਯੋਗਿਕ ਦੀਆਂ ਸ਼੍ਰੇਣੀਆਂ ਵਿੱਚ ਵਿਭਾਜਿਤ ਕੀਤਾ ਹੈ। ਪੂਰਵ-ਉਦਯੋਗਿਕ ਸ਼ਹਿਰ ਸਾਮੰਤੀ ਸਨ। ਇਸ ਉਪਾਗਮ ਦੀਆਂ ਦੋ ਸੀਮਾਵਾਂ ਹਨ- (1) ਸਾਮੰਤਵਾਦ ਹੀ ਸ਼ਹਿਰ ਨਿਰਮਾਣ ਦਾ ਇੱਕਮਾਤਰ ਆਧਾਰ ਨਹੀਂ ਸੀ, (2) ਉਦਯੋਗੀਕਰਣ ਤੋਂ ਇਲਾਵਾ ਅੱਜ ਆਧੁਨਿਕ ਸ਼ਹਿਰ ਦੀ ਰਚਨਾਂ ਵਿੱਚ ਹੋਰ ਕਾਰਕ ਵੀ ਪਾਏ ਜਾਂਦੇ ਹਨ। ਇੱਥੋਂ ਤੱਕ ਕਿ ਕੁਝ ਬਹੁਤ ਮਹੱਤਵਪੂਰਣ ਕਸਬਿਆਂ ਅਤੇ ਸ਼ਹਿਰਾਂ ਵਿੱਚ ਉਦਯੋਗੀਕਰਣ ਨਹੀਂ ਹੈ ਜਿਵੇਂ ਕਿ ਬੋਕਾਰੋ, ਭਿਲਾਈ, ਜਮਸ਼ੇਦਪੁਰ, ਰਾਂਚੀ, ਫਰੀਦਾਬਾਦ, ਅਹਿਮਦਾਬਾਦ, ਬੰਬਈ ਅਤੇ ਪੁਣੇ ਆਦਿ ਵਿੱਚ ਹੈ।

## 2.2.9 ਭਾਰਤ ਵਿੱਚ ਨਗਰੀਕਰਣ

ਭਾਰਤ ਵਿੱਚ ਨਗਰੀਕਰਣ ਦੀ ਪ੍ਰਕ੍ਰਿਤੀ ਦੇ ਬਾਰੇ ਵਿੱਚ ਨਿਮਨ ਪ੍ਰਸ਼ਨ ਉਠਾਏ ਗਏ ਹਨ-

1. ਕੀ ਨਗਰੀਕਰਣ ਦੀ ਪ੍ਰਕ੍ਰਿਤੀ ਪੱਛਮੀਕਰਣ ਦੇ ਨਾਲ ਜੁੜੀ ਹੋਈ ਹੈ?
2. ਕੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੈਧ ਅੰਤਰ ਕੀਤਾ ਜਾ ਸਕਦਾ ਹੈ?
3. ਨਗਰੀਕਰਣ ਦਾ ਸੰਦਰਭ ਸਮਾਜਿਕ ਪਰਿਵਰਤਨ ਨਾਲ ਜੋੜਿਆ ਜਾ ਸਕਦਾ ਹੈ। ਇਸ ਲਈ ਨਗਰੀਕਰਣ ਸਮਾਜਿਕ ਪਰਿਵਰਤਨ ਦਾ ਇੱਕ ਸੁਤੰਤਰ ਚਰ ਨਹੀਂ ਹੈ।
4. ਨਗਰੀਕਰਣ ਦੇ ਫਲਸਰੂਪ ਸਮਾਜਿਕ ਵਿਵਸਥਾ ਅਤੇ ਸੰਗਠਨ ਦੇ ਨਵੇਂ ਸਰੂਪ ਉੱਭਰ ਕੇ ਆਏ ਹਨ।

ਸਾਡਾ ਵਿਚਾਰ ਹੈ ਕਿ ਕਿਓਂਕਿ ਜਾਤੀ, ਸੰਯੁਕਤ ਪਰਿਵਾਰ ਅਤੇ ਜਨ-ਸੰਸਕ੍ਰਿਤੀ ਭਾਰਤ ਦੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਵਿੱਦਿਆਮਾਨ ਹਨ, ਨਗਰੀਕਰਣ ਪੱਛਮੀਕਰਣ ਨਾਲ ਜੁੜਿਆ ਹੋਇਆ ਨਹੀਂ ਹੈ। ਪੂਰਵ-ਪੱਛਮੀਕਰਣ ਕਾਲ ਵਿੱਚ ਵੀ ਭਾਰਤ ਦੇ ਵਿਭਿੰਨ ਭਾਗਾਂ ਵਿੱਚ ਅਨੇਕਾਂ ਸ਼ਹਿਰ ਸਨ ਜਿੱਥੇ ਲੋਕ ਪਿੰਡਾਂ ਵਿੱਚ ਜਾਂਦੇ ਸਨ। ਜੀਵਨ ਦੇ ਲੋਕਾਚਾਰ, ਸੰਸਕ੍ਰਿਤਿਕ ਪ੍ਰਤੀਮਾਨਾਂ,

ਨੋਟ

ਸਮਾਜਿਕ-ਸੰਸਕ੍ਰਿਤਿਕ ਸਮੂਹਕਰਣ ਅਤੇ ਜੀਵਿਕਾਯਾਪਣ ਦੇ ਤਰੀਕਿਆਂ ਦੇ ਸੰਦਰਭ ਵਿੱਚ ਪਿੰਡ ਅਤੇ ਸ਼ਹਿਰ ਦੇ ਵਿੱਚ ਅੰਤਰ ਸਪਸ਼ਟ ਰੂਪ ਨਾਲ ਦਿਖਾਈ ਦਿੰਦਾ ਹੈ। ਪ੍ਰੰਤੂ ਜਾਤੀ, ਬੰਧੁਤਾ, ਵਿਆਹ ਦੇ ਨਿਯਮ ਅਤੇ ਧਾਰਮਿਕ ਵਿਵਹਾਰਾਂ ਦੇ ਅਨੁਪਾਲਣ ਆਦਿ ਦੇ ਸੰਬੰਧ ਵਿੱਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਸੰਰਚਨਾਤਮਕ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ। ਪਿੰਡਾਂ ਅਤੇ ਸ਼ਹਿਰਾਂ ਵਿੱਚ ਹੋਰ ਸੰਸਥਾਗਤ ਕੜੀਆਂ ਪ੍ਰਵਸਨ, ਸਿੱਖਿਆ ਸੰਸਥਾਵਾਂ, ਰੁਜ਼ਗਾਰ ਦੇ ਅਵਸਰ ਅਤੇ ਪ੍ਰਸ਼ਾਸਨ ਹਨ।

ਪਿੰਡਾਂ ਅਤੇ ਸ਼ਹਿਰਾਂ ਨੂੰ ਸਿਰਫ਼ ਦੁਭਾਜਿਤ ਇਕਾਈਆਂ ਨਹੀਂ ਮੰਨਿਆ ਜਾ ਸਕਦਾ। ਇਹ ਦੋਵੇਂ ਅੰਤਰਸੰਬੰਧਿਤ ਹਨ ਅਤੇ ਇੱਕ ਦੂਜੇ ਤੋਂ ਅਲੱਗ ਵੀ ਹਨ। ਇਹ ਸੱਚ ਹੈ ਕਿ ਨਗਰੀਕਰਣ ਆਪਣੇ ਆਪ ਵਿੱਚ ਹੀ ਵਿਗਿਆਨ ਅਤੇ ਪ੍ਰੋਦੁਯੋਗਿਕੀ ਵਿੱਚ ਪ੍ਰਗਤੀ ਅਤੇ ਹੋਰ ਕਾਰਣਾਂ ਦਾ ਨਤੀਜਾ ਹੈ। ਜਦੋਂ ਇੱਕ ਵਾਰ ਨਗਰੀਕਰਣ ਇੱਕ ਤੱਥ ਦੇ ਰੂਪ ਵਿੱਚ ਘਟਿਤ ਹੁੰਦਾ ਹੈ ਤਾਂ ਔਪਚਾਰਿਕ ਸੰਗਠਨ, ਸੰਸਥਾਵਾਂ, ਯਾਤਾਯਾਤ ਅਤੇ ਸੰਚਾਰ ਦੇ ਸਾਧਨ, ਗੰਦੀਆਂ ਬਸਤੀਆਂ, ਭੀੜ-ਭਾੜ ਅਤੇ ਅਪਰਾਧ ਆਦਿ ਕਈ ਪਰਿਸਥਿਤੀਆਂ ਅਤੇ ਸਮੱਸਿਆਵਾਂ ਉੱਭਰ ਆਉਂਦੀਆਂ ਹਨ। ਅਸਲ ਵਿੱਚ, ਆਰੰਭ ਵਿੱਚ ਨਗਰੀਕਰਣ ਇੱਕ ਆਸ਼ਰਿਤ ਚਰ ਹੈ, ਪ੍ਰੰਤੂ ਉਸ ਤੋਂ ਬਾਅਦ ਨਗਰੀਕਰਣ ਇੱਕ ਨਿਰਣਾਤਮਕ ਕਾਰਕ ਬਣ ਗਿਆ ਹੈ। ਨਗਰੀਕਰਣ ਦੀ ਪ੍ਰਕ੍ਰਿਆ ਵਿੱਚ ਇੱਕ ਪ੍ਰਕਾਰ ਦਾ ਗੋਲਾਕਾਰ ਕਾਰਜ-ਉਤਪਾਦਨ ਪਾਇਆ ਜਾਂਦਾ ਹੈ।

ਜੀ. ਐਸ. ਧੁਰੇ ਨੇ ਨਗਰੀਕਰਣ ਦੀ ਇੱਕ ਵਿਵਹਾਰਿਕ ਪਰਿਭਾਸ਼ਾ ਦਿੱਤੀ ਹੈ। ਨਗਰੀਕਰਣ ਦਾ ਅਰਥ ਪਿੰਡ ਤੋਂ ਸ਼ਹਿਰ ਦੇ ਲੋਕਾਂ ਦਾ ਪ੍ਰਵਸਨ ਅਤੇ ਇਸ ਪ੍ਰਵ੍ਰਿਤੀ ਦਾ ਪ੍ਰਵਾਸੀਆਂ, ਓਹਨਾਂ ਦੇ ਪਰਿਵਾਰਾਂ ਅਤੇ ਪਿੰਡ ਵਿੱਚ ਓਹਨਾਂ ਦੇ ਸਹਿਵਾਸੀਆਂ ਉੱਤੇ ਪੈਣ ਵਾਲੇ ਪ੍ਰਭਾਵ ਤੋਂ ਹੈ। ਡੀ. ਐਫ. ਪੋਕੋਕ ਦਾ ਅਵਲੋਕਣ ਬਹੁਤ ਉਚਿਤ ਪ੍ਰਤੀਤ ਹੁੰਦਾ ਹੈ। ਓਹਨਾਂ ਦੇ ਅਨੁਸਾਰ "ਭਾਰਤੀ ਸ਼ਹਿਰ, ਪ੍ਰਾਚੀਨ ਜਾਂ ਆਧੁਨਿਕ, ਭਾਰਤੀ ਹਨ। ਠੀਕ ਉਸੇ ਤਰਾਂ ਜਿਵੇਂ ਕਿ ਇੱਕ ਅਮਰੀਕਨ ਸ਼ਹਿਰ ਅਮਰੀਕਨ ਹੈ। ਇਸ ਕਲਪਨਾ ਤੋਂ ਕੋਈ ਲਾਭ ਨਹੀਂ ਕਿ ਸ਼ਬਦ 'ਸ਼ਹਿਰ' ਵਿੱਚ ਆਪਣੇ ਆਪ ਹੀ ਕੁਝ ਤੁਲਨਾਤਮਕ ਵਿਸ਼ੇਸ਼ਤਾਵਾਂ ਨਿਹਿਤ ਰਹਿੰਦੀਆਂ ਹਨ।" ਜ਼ਰੂਰਤ ਇਹ ਹੈ ਕਿ ਭਾਰਤੀ ਨਗਰੀ ਪਰਿਸਥਿਤੀਆਂ ਦਾ ਅਧਿਐਨ ਵਿਸ਼ੇਸ਼ ਸੰਦਰਭਾਂ ਅਤੇ ਇਤਿਹਾਸਿਕਤਾ ਨੂੰ ਦ੍ਰਿਸ਼ਟੀ ਵਿੱਚ ਰੱਖ ਕੇ ਕੀਤਾ ਜਾਵੇ। ਰਾਮਕ੍ਰਿਸ਼ਣ ਮੁਖਰਜੀ ਨੇ ਪਿੰਡ ਅਤੇ ਨਗਰ ਦੇ ਵਿਭਾਜਨ ਦੀ ਧਾਰਣਾ ਨੂੰ ਨਕਾਰਿਆ ਹੈ। ਓਹਨਾਂ ਨੇ ਇਸ ਦ੍ਰਿਸ਼ਟੀ ਨੂੰ ਵੀ ਸਵੀਕਾਰ ਨਹੀਂ ਕੀਤਾ ਹੈ ਕਿ ਨਗਰੀਕਰਣ ਕੋਈ ਸੁਤੰਤਰ ਚਰ ਹੈ। ਓਹਨਾਂ ਨੇ ਨਗਰੀਕਰਣ ਦੇ ਅੰਸ਼ ਦੀ ਧਾਰਣਾ ਨੂੰ ਪਿੰਡ-ਨਗਰ ਸੰਬੰਧਾਂ ਨੂੰ ਸਮਝਣ ਲਈ ਇੱਕ ਲਾਭਦਾਇਕ ਅਵਧਾਰਾਣਤਮਕ ਯੰਤਰ ਮੰਨਿਆ ਹੈ। ਇਸ ਲਈ ਓਹਨਾਂ ਨੇ ਪਿੰਡ-ਨਗਰ ਨਿਰੰਤਰਤਾ ਦੀ ਅਵਧਾਰਨਾ ਨੂੰ ਮਹੱਤਵ ਦਿੱਤਾ ਹੈ।

ਨਗਰੀਕਰਣ ਦੀ ਅਵਧਾਰਣਾ ਨੂੰ ਨਾਗਰਿਤਾ ਅਤੇ ਨਗਰੀਵਾਦ ਦੀਆਂ ਅਵਧਾਰਣਾਵਾਂ ਤੋਂ ਅਲੱਗ ਕਰਨਾ ਜ਼ਰੂਰੀ ਹੈ। ਨਗਰੀਕਰਣ ਦਾ ਸੰਦਰਭ ਪਿੰਡਾਂ ਤੋਂ ਨਗਰਾਂ ਵਿੱਚ ਪ੍ਰਵਾਸਿਤ ਲੋਕਾਂ ਦੇ ਮੁੱਲਾਂ, ਮਨੋਵ੍ਰਿੱਤੀਆਂ ਅਤੇ ਜੀਵਨ ਪ੍ਰਣਾਲੀਆਂ ਵਿੱਚ ਪਰਿਵਰਤਨ ਦੀ ਪ੍ਰਕ੍ਰਿਆ ਤੋਂ ਹੈ। ਨਗਰੀਕਰਣ ਦਾ ਅਰਥ ਅਜਿਹੇ ਨਗਰਵਾਸੀਆਂ ਦੁਆਰਾ ਪਿੰਡ ਦੇ ਲੋਕਾਂ ਉੱਤੇ ਪੈਣ ਵਾਲੇ ਪ੍ਰਭਾਵ ਤੋਂ ਵੀ ਹੈ। ਨਾਗਰਿਤਾ ਨਗਰਵਾਸੀਆਂ ਦੀ ਓਹ ਸਥਿਤੀ ਹੈ ਜੋ ਪਿੰਡ ਵਾਸੀਆਂ ਦੀ ਸਥਿਤੀ ਤੋਂ ਭਿੰਨ ਹੈ। ਨਾਗਰਿਤਾ ਦਾ ਸੰਦਰਭ ਨਗਰ ਵਿੱਚ ਰਹਿਣ ਵਾਲੇ ਲੋਕਾਂ ਦੀ ਕਾਰਜ ਸਥਿਤੀ, ਭੋਜਨ ਦੀਆਂ ਆਦਤਾਂ, ਤਨਾਵ ਦੇ ਪ੍ਰਤੀਮਾਨ ਅਤੇ ਜੀਵਨ ਦ੍ਰਿਸ਼ਟੀਕੋਣ ਦੇ ਜੀਵਨ ਪ੍ਰਤੀਮਾਨਾਂ ਤੋਂ ਹੈ। ਨਗਰਵਾਦ ਮਾਣਕਾਂ ਅਤੇ ਮਨੋਵ੍ਰਿੱਤੀਆਂ ਦੀ ਓਹ ਵਿਵਸਥਾ ਹੈ ਜੋ ਅੰਤਰ ਵਿਅਕਤੀ ਸੰਬੰਧਾਂ ਦੇ ਅੰਤਰਗਤ ਔਪਚਾਰਿਕਵਾਦ, ਵਿਅਕਤੀਵਾਦ ਅਤੇ ਗੁਮਨਾਮੀ ਦੇ ਰੂਪ ਵਿੱਚ ਹੈ।

ਨੋਟਸ ਨਗਰੀਕਰਣ ਇੱਕ ਸਰਬ-ਵਿਆਪੀ ਪ੍ਰਕ੍ਰਿਆ ਹੈ ਅਤੇ ਇਸ ਦਾ ਅਰਥ ਆਰਥਿਕ ਵਿਕਾਸ ਅਤੇ ਸਮਾਜਿਕ ਪਰਿਵਰਤਨ ਤੋਂ ਹੈ।

### 2.2.10 ਨਗਰੀ ਸਮਾਜਿਕ ਸੰਰਚਨਾ ਅਤੇ ਸਤਰੀਕਰਣ

ਨਗਰੀ ਸਮਾਜਿਕ ਸੰਰਚਨਾ ਅਤੇ ਸਤਰੀਕਰਣ ਨੂੰ ਸਮਝਣ ਲਈ ਅਨੇਕਾਂ ਕਸੌਟੀਆਂ ਦਾ ਉਪਯੋਗ ਕੀਤਾ ਜਾਂਦਾ ਹੈ। ਸਭ ਤੋਂ ਅਧਿਕ ਮਹੱਤਵਪੂਰਣ ਮਾਪ ਦੰਡ ਬੰਦ ਜਾਂ ਖੁੱਲੇਪਣ ਦੀ ਸੀਮਾ, ਵੰਚਨਾਂਵਾਂ ਅਤੇ ਇਨਾਮਾਂ ਦੀ ਪ੍ਰਕ੍ਰਿਤੀ ਹੈ। ਇਹ ਮਾਪ ਦੰਡ ਵਿਸ਼ੇਸ਼ ਸਮੂਹਾਂ ਅਤੇ ਸਮੁਦਾਵਾਂ ਉੱਤੇ ਲਾਗੂ ਹੁੰਦੇ ਹਨ ਕਿਓਂਕਿ ਓਹਨਾਂ ਵਿੱਚੋਂ ਕੁਝ ਨੂੰ ਆਪਣੀ ਸਮਾਜਿਕ ਸਥਿਤੀ ਵਿੱਚ ਸੁਧਾਰ ਕਰਨ ਦੇ ਅਵਸਰ ਪ੍ਰਾਪਤ ਹੁੰਦੇ ਹਨ ਜਦੋਂ ਕਿ ਹੋਰ ਇਸ ਤੋਂ ਵੰਚਿਤ ਰਹਿੰਦੇ ਹਨ। ਉਦੇਸ਼ਾਂ ਦੀ ਪ੍ਰਾਪਤੀ ਕਰਨ ਵਿੱਚ ਅਭਿਪ੍ਰੇਰਣਾਤਮਕ ਸੰਰਚਨਾ, ਉਪਲਬਧ ਅਵਸਰਾਂ ਅਤੇ ਸੰਚਾਰ ਦੇ ਸਾਧਨਾਂ ਦੇ ਉਪਯੋਗ ਵਿੱਚ ਆਧਾਰ ਵਿਅਕਤੀ ਹੈ। ਇਸ ਲਈ ਸਿਧਾਂਤਕ ਦ੍ਰਿਸ਼ਟੀ ਨਾਲ ਨਗਰੀ ਸਮਾਜਿਕ ਸੰਰਚਨਾ ਨੂੰ ਖੁੱਲੇਪਣ, ਗੁਣਾਤਮਕ ਆਧਾਰਾਂ (ਕਾਰੋਬਾਰ, ਸਿੱਖਿਆ, ਵੇਤਨ ਆਦਿ), ਗਤੀਸ਼ੀਲਤਾ ਅਤੇ ਵਿਅਕਤਿਕ ਸ਼੍ਰੇਣੀਕਰਣ ਦੀਆਂ ਵਿਸ਼ੇਸ਼ਤਾਵਾਂ ਦੁਆਰਾ ਚਿਤਰਿਤ ਕੀਤਾ ਜਾ ਸਕਦਾ ਹੈ।

ਵਿਕਟਰ ਐਸ. ਡਿਸੂਜ਼ਾ ਨੇ ਚੰਡੀਗੜ੍ਹ ਸ਼ਹਿਰ ਦੇ ਅਧਿਐਨ ਵਿੱਚ ਬੰਧੁਤਾ, ਜਾਤੀ, ਵਰਗ, ਧਰਮ ਅਤੇ ਵਿਸਥਾਪਿਤ ਅਵਸਥਾਵਾਂ ਦੇ ਆਧਾਰ ਉੱਤੇ ਵਿਸ਼ਲੇਸ਼ਣ ਕੀਤਾ ਹੈ। ਵਿਭਿੰਨ ਸਮੂਹਾਂ ਵਿੱਚ ਅੰਦਰੂਨੀ ਵਿਭੇਦੀਕਰਣ ਦੀ ਵਿਆਖਿਆ ਸਿੱਖਿਆ, ਕਾਰੋਬਾਰੀ ਪ੍ਰਤਿਸ਼ਠਾ

ਨੋਟ

ਅਤੇ ਵੇਤਨ ਦੇ ਆਧਾਰ ਤੇ ਕੀਤੀ ਗਈ ਹੈ। ਮਾਨਤਾ ਇਹ ਹੈ ਕਿ ਜੇਕਰ ਕੋਈ ਵਿਸ਼ੇਸ਼ ਪ੍ਰਕਾਰ ਦਾ ਸਮੂਹੀਕਰਣ ਸਿੱਖਿਆ, ਕਾਰੋਬਾਰ ਅਤੇ ਵੇਤਨ ਦੇ ਸੰਦਰਭ ਵਿੱਚ ਸਮਾਨ ਹੈ ਤਾਂ ਸਿਧਾਂਤਾਂ ਉੱਤੇ ਓਹ ਨਿਰਮਿਤ ਹੁੰਦੇ ਹਨ। ਓਹ ਸਮਾਜਿਕ ਸੰਗਠਨ ਲਈ ਮਹੱਤਵਪੂਰਣ ਕਹਿਲਾਂਓਣ ਲਈ ਹਰ ਸਮੂਹ ਦੇ ਮੈਂਬਰ ਸਮਰੂਪੀ ਹੋਣੇ ਚਾਹੀਦੇ ਹਨ ਜਦੋਂ ਕਿ ਵਿਭਿੰਨ ਸਮੂਹ ਵਿਸ਼ਮ।

ਡਿਸੂਜ਼ਾ ਦੇ ਅਵਲੋਕਣ ਦ ਅਨੁਸਾਰ ਸਿੱਖਿਆ, ਕਾਰੋਬਾਰ ਅਤੇ ਵੇਤਨ ਦੇ ਸੋਪਾਨ ਇੱਕ ਦੂਜੇ ਨਾਲ ਸਹਿ ਸੰਬੰਧਿਤ ਹਨ। ਪ੍ਰੰਤੂ ਇਨ੍ਹਾਂ ਵਿੱਚੋਂ ਹਰ ਇੱਕ ਦਾ ਵਿਵਹਾਰ ਜਾਤੀ ਸੋਪਾਨ ਨਾਲ ਸਹਿਸੰਬੰਧ ਮਹੱਤਵਪੂਰਣ ਨਹੀਂ ਹੈ। ਸਮਾਜਿਕ ਵਰਗ ਸਥਿਤੀ (ਕਾਰੋਬਾਰੀ ਸਥਿਤੀ) ਨਿਸ਼ਚੇ ਦੀ ਸਿੱਖਿਆ ਅਤੇ ਪਰਿਵਾਰਿਕ ਵੇਤਨ ਨਾਲ ਸਹਿ ਸੰਬੰਧਿਤ ਹੈ। ਚੰਡੀਗੜ੍ਹ ਲਈ ਸਮਾਜਿਕ ਸਥਿਤੀ ਇੱਕ ਆਧਾਰ ਭੂਤ ਮੁੱਲ ਹੈ ਜੋ ਕਿ ਸਿੱਖਿਆ, ਕਾਰੋਬਾਰੀ ਪ੍ਰਤਿਸ਼ਠਾ ਅਤੇ ਪਰਿਵਾਰਿਕ ਵੇਤਨ ਉੱਤੇ ਆਧਾਰਿਤ ਹੈ।

ਡਿਸੂਜ਼ਾ ਲਿਖਦੇ ਹਨ ਕਿ ਸਮਾਜਿਕ ਵਰਗ ਨੂੰ ਵਿਅਕਤੀਆਂ ਦੀ ਇੱਕ ਸ਼੍ਰੇਣੀ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਡਿਸੂਜ਼ਾ ਦੇ ਅਨੁਸਾਰ ਕਾਰੋਬਾਰੀ ਪ੍ਰਤਿਸ਼ਠਾ ਵਰਗ ਸਥਿਤੀ ਦਾ ਸਭ ਤੋਂ ਅਧਿਕ ਵਿਸ਼ਵਾਸਯੋਗ ਸੂਚਕ ਹੈ। ਭਿੰਨ ਸ਼੍ਰੇਣੀਆਂ ਦੇ ਉੱਤਰਦਾਤਾਵਾਂ ਦੀ ਆਤਮ-ਪਹਿਚਾਣ ਨੂੰ ਵੀ ਵਰਗ ਸਥਿਤੀ ਸਮਝਣ ਲਈ ਉਪਯੋਗ ਵਿੱਚ ਲਿਆਂਓਂਦਾ ਗਿਆ ਹੈ। ਵਸਤੂਪਰਕ ਕਸੌਟੀਆਂ ਦਾ ਵਿਅਕਤੀਗਤ ਵਰਗ ਪਹਿਚਾਣ ਦੇ ਨਾਲ ਸਹਿਸੰਬੰਧ ਹੈ। ਮੁੱਖ ਵਰਗ ਹਨ- (1) ਉੱਚ ਵਰਗ, (2) ਮੱਧ ਵਰਗ, (3) ਮਜ਼ਦੂਰ ਵਰਗ, (4) ਨਿਮਨ ਵਰਗ। ਡਿਸੂਜ਼ਾ ਨੇ ਸੱਤ ਕਾਰੋਬਾਰੀ ਸ਼੍ਰੇਣੀਆਂ ਦਾ ਉਲੇਖ ਵੀ ਕੀਤਾ ਹੈ ਜੋ ਵਿਅਕਤੀਆਂ ਦੇ ਪਦਾਂ ਦੇ ਆਧਾਰ ਤੇ ਭਿੰਨ ਵਰਗਾਂ ਨਾਲ ਭਿੰਨ ਤਰਾਂ ਨਾਲ ਸੰਬੰਧਿਤ ਹਨ।

ਸ਼ਹਿਰਾਂ ਵਿੱਚ ਅਨੇਕ ਪ੍ਰਕਾਰ ਦੇ ਕਾਰੋਬਾਰੀ ਵਰਗ ਹਨ। ਇਹ ਵਰਗ ਅਧਿਆਪਨ, ਚਿਕਿਤਸਾ ਅਤੇ ਕਾਨੂੰਨੀ ਸੇਵਾ ਆਦਿ ਕੰਮ ਕਰਦੇ ਹਨ। ਕਾਰੋਬਾਰੀਆਂ ਨੂੰ ਸਮਾਜਿਕ ਮੁੱਲ ਦੇ ਅਧਿਐਨ ਦੁਆਰਾ ਸਮਾਜਿਕ ਸਤਰੀਕਰਣ ਅਤੇ ਗਤੀਸ਼ੀਲਤਾ ਦੀ ਪ੍ਰਕ੍ਰਿਆ ਦੇ ਬਾਰੇ ਵਿੱਚ ਮਹੱਤਵਪੂਰਣ ਅੰਤਰਦ੍ਰਿਸ਼ਟੀ ਪ੍ਰਾਪਤ ਹੋ ਸਕਦੀ ਹੈ। ਏਸ਼ੀਆ ਦੇ ਹੋਰ ਦੇਸ਼ਾਂ ਦੀ ਤੁਲਨਾ ਵਿੱਚ ਭਾਰਤ ਵਿੱਚ ਕਾਰੋਬਾਰੀ ਵਰਗ ਦਾ ਅਨੁਪਾਤ ਤਮਾਮ ਕਰਮੀਆਂ ਦੇ ਸੰਦਰਭ ਵਿੱਚ ਬਹੁਤ ਘੱਟ ਹੈ। ਪ੍ਰਤੀ 10,000 ਕਰਮੀਆਂ ਦੇ ਪਿੱਛੇ ਭਾਰਤ ਵਿੱਚ 171 ਕਾਰੋਬਾਰੀ ਕਾਰਜ ਕਰਤਾ ਹਨ। ਜਾਪਾਨ ਵਿੱਚ 489, ਚੀਨ ਵਿੱਚ 349, ਸ੍ਰੀਲੰਕਾ ਵਿੱਚ 446, ਮਲੇਸ਼ੀਆ ਵਿੱਚ 314 ਅਤੇ ਫਿਲੀਪੀਨ ਵਿੱਚ 294 ਪ੍ਰਤੀ ਦਸ ਹਜ਼ਾਰ ਹਨ। ਇਹ ਤੱਥ ਵੀ ਸਪਸ਼ਟ ਹੋਇਆ ਹੈ ਕਿ ਉੱਚ ਜਾਤੀਆਂ ਦੇ ਮੈਂਬਰ ਅਤੇ ਸ਼ਹਿਰੀ ਲੋਕ ਕਾਰੋਬਾਰਾਂ ਵਿੱਚ ਅਧਿਕ ਹਨ।

ਇਸ ਲਈ ਉੱਚ, ਉੱਚ-ਮੱਧ ਅਤੇ ਮੱਧ ਵਰਗ ਦੇ ਮੈਂਬਰ ਕਾਰੋਬਾਰਾਂ ਵਿੱਚ ਅਧਿਕਤਰ ਅਵਸਰਾਂ ਅਤੇ ਪਦਾਂ ਉੱਤੇ ਪ੍ਰਭੁਤਵ ਜਮਾਏ ਹੋਏ ਹਨ। ਉੱਚ ਸਤਰੀ ਰਾਜਨੀਤਿਕ ਅਭਿਜਾਤ ਵੀ ਉੱਚ ਅਤੇ ਉੱਚ-ਮੱਧ ਜਾਤੀ ਅਤੇ ਵਰਗ ਦੇ ਹਨ। ਇਹ ਤੱਥ ਕੁਝ ਵਿਸ਼ੇਸ਼ ਵਿਅਕਤੀਆਂ ਤੋਂ ਇਲਾਵਾ ਸਭ ਰਾਜਨੀਤਿਕ ਦਲਾਂ ਬਾਰੇ ਵੀ ਸੱਚ ਹੈ ਪ੍ਰੰਤੂ ਹਾਲ ਵਿੱਚ ਹੀ ਕੁਝ ਸਾਲਾਂ ਵਿੱਚ ਰਾਜਨੀਤੀ ਵਿੱਚ ਸ਼ਹਿਰੀ ਧਨੀ ਲੋਕਾਂ ਦਾ ਬੋਲਬਾਲਾ ਵਧਿਆ ਹੈ। ਅਖਿਲ ਭਾਰਤੀ ਅਤੇ ਕੇਂਦਰੀ ਸੇਵਾਵਾਂ, ਮੈਡੀਕਲ ਅਤੇ ਇੰਜੀਨੀਅਰਿੰਗ ਕਾਰੋਬਾਰਾਂ ਵਿੱਚ ਵੀ ਕੁਝ ਪਰਿਵਰਤਨ ਦਿਖਾਈ ਦਿੰਦਾ ਹੈ। ਪੰਜੀਕ੍ਰਿਤ ਉਦਯੋਗਾਂ ਦੇ ਲਗਭਗ 70% ਕਰਮਚਾਰੀ ਸ਼ਹਿਰਾਂ ਵਿੱਚ ਰਹਿੰਦੇ ਹਨ। ਦਫ਼ਤਰਾਂ ਵਿੱਚ ਕੰਮ ਕਰਨ ਵਾਲਿਆਂ ਵਿੱਚੋਂ ਵੀ ਅਧਿਕਤਰ ਕਸਬਿਆਂ ਅਤੇ ਸ਼ਹਿਰਾਂ ਵਿੱਚ ਰਹਿੰਦੇ ਹਨ।

ਕਸਬਿਆਂ ਅਤੇ ਸ਼ਹਿਰਾਂ ਦੀ ਸਮਾਜਿਕ ਸੰਰਚਨਾ ਵਿੱਚ ਨਿਮਨਲਿਖਤ ਵਰਗ ਪਾਏ ਜਾਂਦੇ ਹਨ- (1) ਸਰਵ-ਉੱਚ ਸਤਰੀ ਵਪਾਰੀ, ਉਦਯੋਗਪਤੀ ਅਤੇ ਨੌਕਰਸ਼ਾਹ, (2) ਉੱਚ ਵੇਤਨ ਵਾਲੇ ਕਾਰੋਬਾਰੀ, ਵਿਗਿਆਨਿਕ ਅਤੇ ਤਕਨੀਕੀ ਲੋਕ, ਉਦਯੋਗ ਵਿੱਚ ਕਾਰੋਬਾਰੀ ਪ੍ਰਬੰਧਕ ਅਤੇ ਵੱਡੇ ਸੌਦਾਗਰ, (3) ਸਰਕਾਰੀ ਦਫ਼ਤਰਾਂ ਅਤੇ ਨਿਜੀ ਫਰਮਾਂ ਵਿੱਚ ਕੰਮ ਕਰਨ ਵਾਲੇ ਲਿਪਿਕ ਅਤੇ ਨਿਮਨ ਸਤਰੀ ਅਧਿਕਾਰੀ, ਸਕੂਲ ਦੇ ਅਧਿਆਪਕ, ਪੱਤਰਕਾਰ, ਸੰਘਰਸ਼ਰਤ ਕਾਰੋਬਾਰੀ, ਛੋਟੇ ਦੁਕਾਨਦਾਰ ਅਤੇ ਛੋਟੇ ਸਤਰ ਦੇ ਉੱਦਮੀ, ਅਤੇ (4) ਮਜ਼ਦੂਰ ਵਰਗ, ਉਦਾਹਰਣ ਲਈ ਪ੍ਰਚਾਲਕ ਅਤੇ ਕਾਰੀਗਰ, ਘਰੇਲੂ ਉਦਯੋਗਾਂ ਦੇ ਮਜ਼ਦੂਰ, ਸੇਵਾ ਕਰਨ ਵਾਲੇ ਮਜ਼ਦੂਰ, ਫੇਰੀ ਅਤੇ ਘੜੀਵਾਲੇ, ਮਕਾਨ ਨਿਰਮਾਣ ਅਤੇ ਅਸਿੱਖਿਅਤ ਮਜ਼ਦੂਰ।

ਅਸੀਂ ਇਹ ਕਹਿ ਸਕਦੇ ਹਾਂ ਕਿ ਨਗਰੀਕਰਣ ਦਾ ਅਰਥ ਪੇਂਡੂ ਖੇਤਰਾਂ ਤੋਂ ਸ਼ਹਿਰਾਂ ਵੱਲ ਲੋਕਾਂ ਦੇ ਪ੍ਰਵਸਨ ਤੋਂ ਹੈ। 20ਵੀਂ ਸਦੀ ਵਿੱਚ ਨਗਰੀਕਰਣ ਦੀ ਦਰ ਪਹਿਲਾਂ ਦੇ ਮੁਕਾਬਲੇ ਕਾਫ਼ੀ ਤੇਜ਼ ਰਹੀ ਹੈ। ਨਗਰੀਕਰਣ ਅਤੇ ਨਗਰੀ ਵਿਕਾਸ ਦੀ ਗਤੀ ਅਸਮਾਨ ਰਹੀ ਹੈ। ਸਾਧਾਰਣ ਰੂਪ ਨਾਲ ਇਸ ਨੇ ਪੂਰੇ ਭਾਰਤ ਅਤੇ ਕੁਝ ਖੇਤਰਾਂ ਉੱਤੇ ਗੰਭੀਰ ਰੂਪ ਨਾਲ ਪ੍ਰਭਾਵ ਪਾਇਆ ਹੈ। ਕਿਸੇ ਖੇਤਰ ਦੇ ਵਿਕਾਸ ਵਿੱਚ ਕਸਬਿਆਂ ਅਤੇ ਸ਼ਹਿਰਾਂ ਦੀ ਸਥਿਤੀ ਉਸ ਖੇਤਰ ਦੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਣ ਤੱਥ ਰਿਹਾ ਹੈ। ਅੰਤਰਾਲਨ ਤੋਂ ਇਲਾਵਾ ਸ਼ਹਿਰਾਂ ਦੇ ਆਕਾਰ ਦਾ ਵੀ ਬਹੁਤ ਮਹੱਤਵ ਰਿਹਾ ਹੈ।ਇਨ੍ਹਾਂ ਦੋਹਾਂ ਕਾਰਣਾਂ, ਆਕਾਰ ਅਤੇ ਸਥਿਤੀ ਤੋਂ ਪਿੰਡ-ਨਗਰੀ ਅੰਤਰ ਕ੍ਰਿਆ ਜਿਵੇਂ ਪ੍ਰਵਸਨ, ਸ਼ਹਿਰੀ ਬਾਜ਼ਾਰ ਨੂੰ ਸਾਮਾਨ ਦੀ ਆਪੂਰਤੀ ਅਤੇ ਸ਼ਹਿਰਾਂ ਤੋਂ ਉਪਭੋਗਤਾ ਵਸਤਾਂ ਦਾ ਲਿਆਓਣਾ ਆਦਿ ਬਹੁਤ ਹੱਦ ਤੱਕ ਪ੍ਰਭਾਵਿਤ ਹੁੰਦੀ ਰਹੀ ਹੈ। ਇਸ ਪਾਠ ਵਿੱਚ ਅਸੀਂ ਪੇਂਡੂ ਅਤੇ ਨਗਰੀ ਸਮੁਦਾਵਾਂ ਵਿੱਚ ਅੰਤਰ, ਨਗਰੀਕਰਣ ਦੀ ਪ੍ਰਕ੍ਰਿਆ ਦੀ ਪ੍ਰਕ੍ਰਿਤੀ ਅਤੇ ਵਰਗ ਦੀ ਰਚਨਾਂ ਦੇ ਸੰਦਰਭ ਵਿੱਚ ਨਗਰੀ ਸਮਾਜਿਕ ਸੰਰਚਨਾ ਦੀ ਵਿਆਖਿਆ ਕੀਤੀ ਹੈ।

ਨੋਟ

**ਸਵ-ਮੁੱਲਾਂਕਣ (Self Assessment)**

**2. ਸਹੀ ਵਿਕਲਪ ਚੁਣੋ (Choose the correct option)-**

(*i*) ਕਿਸ ਦੇ ਅਨੁਸਾਰ ਪੇਂਡੂ ਅਤੇ ਨਗਰੀ ਖੇਤਰਾਂ ਲਈ ਤਿੰਨ ਸ਼੍ਰੇਣੀਆਂ ਵਿੱਚ ਅਧਿਕਾਰੀਆਂ ਨੂੰ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ-

(*a*) ਕੌਟਿਲਿਆ ਦੇ ਅਨੁਸਾਰ (*b*) ਮੈਂਡੇਲਬਾਮ ਦੇ ਅਨੁਸਾਰ
(*c*) ਐਨ. ਕੇ. ਬੋਸ ਦੇ ਅਨੁਸਾਰ (*d*) ਇਨ੍ਹਾਂ ਵਿੱਚੋਂ ਕੋਈ ਨਹੀਂ।

(*ii*) ਭਾਰਤੀ ਪਿੰਡ ਦਾ ਅਧਿਐਨ ਕਦੋਂ ਸ਼ੁਰੂ ਹੋਇਆ-

(*a*) 12ਵੀਂ ਸ਼ਤਾਬਦੀ ਵਿੱਚ (*b*) 14ਵੀਂ ਸ਼ਤਾਬਦੀ ਵਿੱਚ
(*c*) 18ਵੀਂ ਸ਼ਤਾਬਦੀ ਵਿੱਚ (*d*) ਇਨ੍ਹਾਂ ਵਿੱਚੋਂ ਕੋਈ ਨਹੀਂ।

(*iii*) ਭਾਰਤੀ ਪਿੰਡ ਨੂੰ ਅਖੰਡਿਤ, ਪਰਮਾਲੁਕ ਅਤੇ ਅਪਰਿਵਰਤਨ ਯੋਗ ਇਕਾਈ ਕਿਹਾ ਹੈ-

(*a*) ਲੁਈ ਡਿਯੌਮੋ ਨੇ (*b*) ਕੌਟਿਲਿਆ ਨੇ
(*c*) ਸਰ ਚਾਰਲਸ ਮੈਟਕਾਫ ਨੇ (*d*) ਇਨ੍ਹਾਂ ਵਿੱਚੋਂ ਕੋਈ ਨਹੀਂ।

(*iv*) ਇੱਕ ਲੱਖ ਜਾਂ ਅਧਿਕ ਜਨਸੰਖਿਆ ਵਾਲੇ ਸਥਾਨ ਨੂੰ ਕਿਸ ਨਾਂ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਹੈ-

(*a*) ਸ਼ਹਿਰ (*b*) ਪਿੰਡ
(*c*) ਕਸਬਾ (*d*) ਇਨ੍ਹਾਂ ਵਿੱਚੋਂ ਕੋਈ ਨਹੀਂ।

(*v*) ਜਨਸੰਖਿਆ ਆਕਾਰ ਦੇ ਆਧਾਰ ਤੇ ਸ਼ਹਿਰੀ ਕੇਂਦਰਾਂ ਨੂੰ ਕਿੰਨੀਆਂ ਸ਼੍ਰੇਣੀਆਂ ਵਿੱਚ ਵਿਭਾਜਿਤ ਕੀਤਾ ਗਿਆ ਹੈ-

(*a*) 4 ਸ਼੍ਰੇਣੀਆਂ ਵਿੱਚ (*b*) 6 ਸ਼੍ਰੇਣੀਆਂ ਵਿੱਚ
(*c*) 8 ਸ਼੍ਰੇਣੀਆਂ ਵਿੱਚ (*d*) ਇਨ੍ਹਾਂ ਵਿੱਚੋਂ ਕੋਈ ਨਹੀਂ।

## 2.3 ਸਾਰ ਅੰਸ਼ (Summary)

- ਆਮ ਤੌਰ ਤੇ ਜਨਜਾਤੀਆਂ ਪਿਛੜੀਆਂ ਹੋਈਆਂ ਹਨ- ਆਰਥਿਕ ਦ੍ਰਿਸ਼ਟੀ ਅਤੇ ਸਿੱਖਿਆ ਦ੍ਰਿਸ਼ਟੀ ਨਾਲ ਵੀ। ਜਨਜਾਤੀਆਂ ਨਾਲ ਹੋਣ ਵਾਲੇ ਅਨਿਆਂ ਤੋਂ ਓਨਾਂ ਦੀ ਰੱਖਿਆ ਕਰਣ ਅਤੇ ਓਨਾਂ ਨੂੰ ਸਮਾਜ ਦੇ ਹੋਰ ਭਾਗਾਂ ਦੇ ਬਰਾਬਰ ਲਿਆਓਣ ਲਈ ਸੰਵਿਧਾਨ ਵਿੱਚ ਵਿਸ਼ੇਸ਼ ਰਿਆਇਤਾਂ ਦਿੱਤੀਆਂ ਗਈਆਂ ਹਨ। ਦੇਸ਼ ਵਿੱਚ ਕੁਝ ਜਨਜਾਤੀਆਂ ਅਜਿਹੀਆਂ ਵੀ ਹਨ ਜਿਨਾਂ ਨੂੰ ਸੰਵਿਧਾਨ ਦੁਆਰਾ ਅਨੁਸੂਚਿਤ ਕਮਜ਼ੋਰ ਵਰਗ ਘੋਸ਼ਿਤ ਨਹੀਂ ਕੀਤਾ ਗਿਆ ਹੈ। ਆਮ ਤੌਰ ਤੇ ਜਨਜਾਤੀਆਂ ਹੋਰ ਸਮੂਹਾਂ ਜਿਵੇਂ ਹਿੰਦੂ ਜਾਤੀਆਂ ਅਤੇ ਮੁਸਲਮਾਨ, ਇਸਾਈ ਅਤੇ ਸਿੱਖ ਆਦਿ ਸਮੁਦਾਵਾਂ ਤੋਂ ਭਿੰਨ ਹਨ। ਸਦੀਆਂ ਤੋਂ ਜਨਜਾਤੀਆਂ ਹੋਰ ਸਮੂਹਾਂ ਦੁਆਰਾ ਸ਼ੋਸ਼ਣ ਦਾ ਸ਼ਿਕਾਰ ਰਹੀਆਂ ਹਨ।
- ਭਾਰਤ ਦੀਆਂ ਜਨਜਾਤੀਆਂ ਵਿੱਚ ਏਕਾਤਮਕਤਾ ਦੀ ਦ੍ਰਿੜ ਭਾਵਨਾ ਵਿੱਦਿਆਮਾਨ ਹੈ। ਭਾਸ਼ਾ, ਧਾਰਮਿਕ ਅਤੇ ਜਾਦੂਈ ਆਸਥਾਵਾਂ, ਵਿਵਹਾਰ, ਖਾਣ-ਪੀਣ ਦੀਆਂ ਆਦਤਾਂ, ਪਹਿਨਾਵਾ, ਮਕਾਨ, ਵਣਾਂ ਉੱਤੇ ਨਿਰਭਰਤਾ ਆਦਿ ਓਨਾਂ ਦੇ ਜੀਵਨ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ ਅਤੇ ਇਨਾ ਤੋਂ ਹੀ ਓਨਾਂ ਨੂੰ ਹੋਰ ਸਮੂਹਾਂ ਤੋਂ ਵੱਖ ਕੀਤਾ ਜਾਦਾ ਹੈ। ਬੰਧੁਤਾ ਸਮਾਜਿਕ ਸੰਗਠਨ ਦੀ ਕੁੰਜੀ ਹੈ। ਬੰਧੁਤਾ ਸੰਬੰਧਾਂ ਤੋਂ ਹੀ ਆਦਿਵਾਸੀ ਜੀਵਨ ਦੀਆਂ ਪ੍ਰਮੁੱਖ ਸਮਾਜਿਕ, ਨਿਆਂਇਕ, ਆਰਥਿਕ ਅਤੇ ਰਾਜਨੀਤਿਕ ਕ੍ਰਿਆਵਾਂ ਪ੍ਰਭਾਵਿਤ ਹੁੰਦੀਆਂ ਹਨ।
- ਜਨਜਾਤੀ ਸਮਾਜਾਂ ਦਾ ਆਕਾਰ ਲਘੂ ਹੈ। ਵਿਭਿੰਨ ਜਨਜਾਤੀਆਂ ਦੇ ਸਮੂਹਾਂ ਵਿੱਚ ਕੋਈ ਖਾਸ ਸਮਾਜਿਕ ਅੰਤਰਕ੍ਰਿਆ ਨਹੀਂ ਪਾਈ ਜਾਂਦੀ ਹੈ। ਪ੍ਰੰਤੂ ਜਨਜਾਤੀ ਦੇ ਮੈਂਬਰਾਂ ਦੇ ਵਿੱਚ ਏਕਤਾ ਦਾ ਅਭਾਵ ਵੀ ਨਹੀਂ ਰਿਹਾ ਹੈ। ਜਨਜਾਤੀ ਸੰਸਕ੍ਰਿਤੀ ਆਂਸ਼ਿਕ ਰੂਪ ਵਿੱਚ ਕਿਸਾਨੀ ਸੰਸਕ੍ਰਿਤੀ ਹੈ, ਆਂਸ਼ਿਕ ਰੂਪ ਵਿੱਚ ਕੁਝ ਹੋਰ ਹੈ ਅਤੇ ਕੁਝ ਅੰਸ਼ ਤੱਕ ਇਹ ਨਗਰੀ ਵੀ ਹੈ। ਗੈਰ-ਜਨਜਾਤੀ ਲੋਕਾਂ ਦੀ ਤਰਾਂ ਜਨਜਾਤੀਆਂ ਵਿੱਚ ਵੀ ਧਨ, ਸ਼ਕਤੀ ਅਤੇ ਸਾਧਨਾਂ ਅਤੇ ਅਵਸਰਾਂ ਤੱਕ ਪਹੁੰਚ ਦੇ ਆਧਾਰ ਤੇ ਵਿਭੇਦ ਪਾਏ ਜਾਂਦੇ ਹਨ।
- ਅਸੀਂ ਇਸ ਪਾਠ ਵਿੱਚ ਜਨਜਾਤੀ ਅਤੇ ਜਾਤੀ ਵਿਚਕਾਰ ਅੰਤਰ ਅਤੇ ਜਨਜਾਤੀ ਤੋਂ ਜਾਤੀ ਵੱਲ ਹੋ ਰਹੇ ਪਰਿਵਰਤਨ ਦਾ ਉਲੇਖ ਕੀਤਾ ਹੈ। ਅੱਜ ਜਨਜਾਤੀਆਂ ਦੀ ਮੁੱਖ ਸਮੱਸਿਆ ਜਾਤੀਆਂ ਅਤੇ ਸਮੁਦਾਵਾਂ ਦੇ ਨਾਲ ਏਕੀਕਰਣ ਜਾਂ ਸਾਤਮੀਕਰਣ ਦੀ ਨਹੀਂ ਹੈ। ਓਨਾਂ ਦੀਆਂ ਮੁੱਖ ਸਮੱਸਿਆਵਾਂ ਗਰੀਬੀ, ਬੇਰੁਜ਼ਗਾਰੀ, ਕਰਜ਼ਦਾਰੀ, ਪਿਛੜਾਪਨ ਅਤੇ ਅਗਿਆਨਤਾ ਹਨ। ਸ਼ੋਸ਼ਣ ਅਤੇ ਦਮਨ ਦੇ ਵਿਰੁੱਧ ਵਿਭਿੰਨ ਜਨਜਾਤੀਆਂ ਵਿੱਚ ਏਕਤਾ, ਅੰਦੋਲਨ ਅਤੇ ਸੁਨਿਯੋਜਿਤ ਕੋਸ਼ਿਸ਼ਾਂ ਦੇ ਸੰਕੇਤ ਦਿਖਾਈ ਦੇ ਰਹੇ ਹਨ।
- ਅਸੀਂ ਭਾਰਤ ਦੇ ਪੇਂਡੂ ਅਤੇ ਨਗਰੀ ਸਮੁਦਾਵਾਂ ਦੀ ਸੰਰਚਨਾ ਦਾ ਵਿਸ਼ਲੇਸ਼ਣ ਕੀਤਾ ਹੈ। ਪੇਂਡੂ ਸਮੁਦਾਏ ਦੇ ਸਾਡੇ ਵਿਸ਼ਲੇਸ਼ਣ ਵਿੱਚ ਪ੍ਰਾਚੀਨ ਮੱਧਕਾਲੀਨ ਅਤੇ ਆਧੁਨਿਕ ਭਾਰਤ ਵਿੱਚ ਪੇਂਡੂ ਜੀਵਨ ਦੀ ਪ੍ਰਕ੍ਰਿਤੀ ਦਾ ਵਰਣਨ ਕੀਤਾ ਗਿਆ ਹੈ। ਭਾਰਤ

ਵਿੱਚ ਪਿੰਡ ਸਮਾਜਿਕ ਜੀਵਨ ਦਾ ਇੱਕ ਸਜੀਵ ਅੰਗ ਰਿਹਾ ਹੈ। ਪਿੰਡ ਨਾ ਕੇਵਲ ਸਮਾਜਿਕ ਅਤੇ ਸੰਸਕ੍ਰਿਤਿਕ ਸੰਬੰਧਾਂ ਦੀ ਹੀ ਵਿਵਸਥਾ ਸੀ, ਬਲਕਿ ਇਹ ਆਰਥਿਕ ਅਤੇ ਪ੍ਰਸ਼ਾਸਨਿਕ ਕੰਮਾਂ ਨੂੰ ਪੂਰਾ ਕਰਣ ਦੀ ਵੀ ਵਿਵਸਥਾ ਸੀ। ਬ੍ਰਿਟਿਸ਼ ਨ੍ਰਿਜਾਤੀ ਵਿਗਿਆਨਿਕਾਂ ਅਤੇ ਪ੍ਰਸ਼ਾਸਕਾਂ ਨੇ ਭਾਰਤੀ ਪੇਂਡੂ ਸਮੁਦਾਏ ਨੂੰ ਲਘੂ ਗਣਤੰਤਰ ਦਾ ਨਾਂ ਦਿੱਤਾ ਹੈ। ਇੱਕ ਅਪਰਿਵਰਤਿਤ ਅਤੇ ਸਵਾਲੰਬੀ ਸਮਾਜ ਦਾ ਨਾਂ ਦਿੱਤਾ। ਸਾਡਾ ਵਿਚਾਰ ਹੈ ਕਿ ਭਾਰਤੀ ਪਿੰਡ ਵਿੱਚ ਪਰਿਵਰਤਨ ਹੁੰਦੇ ਰਹੇ ਸਨ ਅਤੇ ਇਸ ਦਾ ਸੰਬੰਧ ਵਿਸ਼ਾਲ ਸਮਾਜ ਅਤੇ ਹੋਰ ਪਿੰਡਾਂ ਅਤੇ ਕਸਬਿਆਂ ਨਾਲ ਸੀ। ਜਜਮਾਨੀ ਪ੍ਰਥਾ ਓਹ ਵਿਵਸਥਾ ਸੀ, ਜਿਸ ਦੁਆਰਾ ਵਿਭਿੰਨ ਜਾਤੀਆਂ ਵਿੱਚ ਅੰਤਰਕ੍ਰਿਆ ਹੁੰਦੀ ਸੀ। ਪ੍ਰਵਸਨ, ਪਿੰਡ ਬਾਹਰੀ ਵਿਆਹ, ਮਿਹਨਤ ਵਿਭਾਜਨ ਅਤੇ ਤੀਰਥ ਸਥਾਨਾਂ ਦੀ ਸਾਤਰਾ ਆਦਿ ਤੱਥਾਂ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਭਾਰਤੀ ਪਿੰਡ ਏਕਲ ਸਮਾਜ ਨਹੀਂ ਸੀ। ਭੂਮੀਧਾਰੀ ਦੇ ਜ਼ਿਮੀਂਦਾਰੀ ਅਤੇ ਰੱਈਅਤਵਾੜੀ ਵਿਵਸਥਾਵਾਂ ਨੂੰ ਆਰੰਭ ਕਰ ਕੇ ਬ੍ਰਿਟਿਸ਼ ਰਾਜ ਨੇ ਹੀ ਸਮਾਜਿਕ ਅਤੇ ਆਰਥਿਕ ਸੰਬੰਧਾਂ ਦੇ ਅਨੇਕਾਂ ਨਵੇਂ ਪ੍ਰਤੀਮਾਨ ਸਥਾਪਿਤ ਕੀਤੇ। ਸੁਤੰਤਰਤਾ ਤੋਂ ਬਾਅਦ ਭਾਰਤ ਵਿੱਚ ਇਨਾਂ ਵਿਵਸਥਾਵਾਂ ਦੇ ਉਨਮੂਲਣ ਅਤੇ ਅਨੇ ਕਾਂ ਨਵੀਂਆਂ ਯੋਜਨਾਵਾਂ ਅਤੇ ਕਾਰਜਕ੍ਰਮਾਂ ਦੇ ਕਾਰਣ ਨਵੇਂ ਸਮਾਜਿਕ ਸੰਬੰਧਾਂ ਦੀ ਸ਼ੁਰੂਆਤ ਹੋਈ ਹੈ। ਇਨਾਂ ਸਭ ਪਰਿਵਰਤਨਾਂ ਤੋਂ ਬਾਅਦ ਵੀ ਭਾਰਤ ਵਿੱਚ ਪੇਂਡੂ ਸਮੁਦਾਏ ਦੇ ਸਮਾਜਿਕ ਜੀਵਨ ਦਾ ਆਪਣਾ ਲੋਕਾਚਾਰ ਹੈ ਜੋ ਕਸਬਿਆਂ ਅਤੇ ਸ਼ਹਿਰਾਂ ਦੇ ਲੋਕਾਚਾਰ ਤੋਂ ਭਿੰਨ ਹੈ। ਪੇਂਡੂ ਜੀਵਨ ਦੇ ਅਜਿਹੇ ਕੁਝ ਪਹਿਲੂ ਹਨ ਜੋ ਬਹੁਤ ਪਰਿਵਰਤਿਤ ਨਹੀਂ ਹੋਏ ਹਨ।

- ਨਗਰੀਕਰਣ ਇੱਕ ਵਿਸ਼ਵਵਿਆਪੀ ਪ੍ਰਘਟਨਾ ਹੈ। ਸੁਤੰਤਰਤਾ ਤੋਂ ਬਾਅਦ ਭਾਰਤ ਵਿੱਚ ਵੀ ਨਗਰੀਕਰਣ ਅਤੇ ਉਦਯੋਗਿਕੀਕਰਣ ਦੇ ਵਿਕਾਸ ਵਿੱਚ ਵਾਧਾ ਹੋਇਆ ਹੈ। ਨਗਰੀਕਰਣ ਮੁੱਖ ਤੌਰ ਤੇ ਪਿੰਡਾਂ ਤੋਂ ਸ਼ਹਿਰਾਂ ਵੱਲ ਪ੍ਰਵਸਨ ਨਾਲ ਹੋਇਆ ਹੈ ਕਿਓਂਕਿ ਸ਼ਹਿਰਾਂ ਵਿੱਚ ਬੇਹਤਰ ਸਿੱਖਿਆ ਦੀਆਂ ਸੁਵਿਧਾਵਾਂ ਅਤੇ ਬੇਹਤਰ ਅਤੇ ਅਧਿਕ ਰੁਜ਼ਗਾਰ ਦੇ ਮੌਕੇ ਉਪਲਬਧ ਹਨ। ਇਸ ਪਾਠ ਵਿੱਚ ਅਸੀਂ ਸ਼ਹਿਰਾਂ ਅਤੇ ਕਸਬਿਆਂ ਦੀ ਸੰਰਚਨਾ ਤੋਂ ਇਲਾਵਾ ਨਗਰੀਕਰਣ ਦੀ ਅਵਧਾਰਣਾ, ਭਾਰਤ ਵਿੱਚ ਨਗਰੀਕਰਣ, ਨਗਰੀ ਸਮਾਜਿਕ ਸੰਰਚਨਾ ਅਤੇ ਸਤਰੀਕਰਣ ਦੀ ਵਿਆਖਿਆ ਕੀਤੀ ਹੈ। ਸਾਡਾ ਮੁੱਖ ਉਦੇਸ਼ ਅਸਮਾਨ ਨਗਰੀ ਵਿਕਾਸ ਦੇ ਕਾਰਣਾਂ ਨੂੰ ਸਮਝਣ ਦਾ ਰਿਹਾ ਹੈ। ਕਿਸੇ ਖੇਤਰ ਦੇ ਵਿਕਾਸ ਵਿੱਚ ਉਸ ਵਿੱਚ ਸਥਿਤ ਕਸਬਿਆਂ ਅਤੇ ਸ਼ਹਿਰਾਂ ਦੀ ਮਹੱਤਵਪੂਰਣ ਭੂਮਿਕਾ ਹੁੰਦੀ ਹੈ। ਕਿਸੇ ਵੀ ਨਗਰ ਅਤੇ ਕਸਬੇ ਦਾ ਵਿਕਾਸ ਆਸ-ਪਾਸ ਦੇ ਪਿੰਡਾਂ ਦੁਆਰਾ ਹੋਣ ਵਾਲੇ ਪ੍ਰਵਾਸ, ਖੇਤ ਦੀ ਪੈਦਾਵਾਰ ਨੂੰ ਨਗਰਾਂ ਤੱਕ ਪਹੁੰਚਾਓਣ ਅਤੇ ਨਗਰ ਤੋਂ ਪਿੰਡਵਾਸੀਆਂ ਦੁਆਰਾ ਉਪਭੋਗਤਾ ਵਸਤਾਂ ਖਰੀਦੇ ਜਾਣ ਤੇ ਨਿਰਭਰ ਹੈ।

## 2.4 ਸ਼ਬਦਕੋਸ਼ (Keywords)

- **ਸਾਵਯਤੀ-** : ਅੰਗ ਸਹਿਤ
- **ਨਵਾਚਾਰ ਬਾਇਲੀ ਦਾ-** : ਨਵਾਂ ਵਿਧਾਨ
- **ਆਦਿਮਤਾ** : ਪੁਰਾਤਨ, ਆਦਿਕਾਲ

## 2.5 ਅਭਿਆਸ ਪ੍ਰਸ਼ਨ (Review Questions)

1. ਭਾਰਤ ਦੀਆਂ ਜਨਜਾਤੀਆਂ ਦੇ ਮੁੱਖ ਸਮਾਜਿਕ ਅਤੇ ਸੰਸਕ੍ਰਿਤਿਕ ਲੱਛਣਾਂ ਦਾ ਉਲੇਖ ਕਰੋ।
2. ਜਨਜਾਤੀਆਂ ਜਾਤੀ ਸਮੂਹਾਂ ਤੋਂ ਕਿਨ੍ਹਾਂ ਰੂਪਾਂ ਵਿੱਚ ਭਿੰਨ ਹਨ?
3. ਜਨਜਾਤੀਆਂ, ਕਿਸਾਨ ਅਤੇ ਨਗਰੀ ਸੰਸਕ੍ਰਿਤੀਆਂ ਵਿੱਚ ਅੰਤਰ ਸਪਸ਼ਟ ਕਰੋ।
4. ਭਾਰਤ ਵਿੱਚ ਜਨਜਾਤੀਆਂ ਦੀਆਂ ਪ੍ਰਮੁੱਖ ਆਰਥਿਕ ਸਮੱਸਿਆਵਾਂ ਉੱਤੇ ਇੱਕ ਨਿਬੰਧ ਲਿਖੋ।
5. ਪ੍ਰਾਚੀਨ ਭਾਰਤ ਵਿੱਚ ਪੇਂਡੂ ਸਮੁਦਾਇਕ ਜੀਵਨ ਦਾ ਸੰਖੇਪ ਵਰਣਨ ਕਰੋ।
6. ਮੱਧਕਾਲੀਨ ਭਾਰਤ ਵਿੱਚ ਪੇਂਡੂ ਸਮਾਜਿਕ ਜੀਵਨ ਪ੍ਰਾਚੀਨ ਭਾਰਤ ਦੀ ਤੁਲਨਾ ਵਿੱਚ ਕਿਸ ਤਰਾਂ ਭਿੰਨ ਸੀ?
7. ਜਜਮਾਨੀ ਵਿਵਸਥਾ ਨੂੰ ਸਮਝਾਓ। ਓਹਨਾਂ ਕਾਰਕਾਂ ਦਾ ਵਰਣਨ ਕਰੋ ਜਿਨ੍ਹਾਂ ਨਾਲ ਇਹ ਵਿਵਸਥਾ ਕਮਜ਼ੋਰ ਹੋਈ ਹੈ।
8. ਨਗਰ ਅਤੇ ਪਿੰਡ ਵਿੱਚ ਵਿਭੇਦ ਕਰੋ।
9. ਨਗਰੀਕਰਣ ਨੂੰ ਪਰਿਭਾਸ਼ਿਤ ਕਰੋ। ਨਗਰਵਾਦ ਅਤੇ ਨਾਗਰਿਤਾ ਨਾਲ ਇਸ ਦਾ ਵਿਭੇਦ ਕਰੋ।
10. ਭਾਰਤੀ ਪੇਂਡੂ ਸਮੁਦਾਏ ਵਿੱਚ ਜਾਤੀ ਵਿਵਸਥਾ ਕਿਸ ਰੂਪ ਵਿੱਚ ਇੱਕ ਪ੍ਰਮੁੱਖ ਸਮਾਜਿਕ ਸੰਸਥਾ ਬਣੀ ਹੋਈ ਹੈ?

### ਉੱਤਰ : ਸਵ-ਮੁੱਲਾਂਕਣ (Answers: Self Assessment)

1. (*i*) ਬੰਧੁਤਾ (*ii*) ਜਨਜਾਤੀਆਂ (*iii*) ਬਿਹਾਰ
   (*iv*) ਆਂਦਰੇ ਬੇਤੇਈ (*v*) 1873 (*vi*) ਜਾਤੀ ਵਿਵਸਥਾ
2. (*i*) (*a*) (*ii*) (*c*) (*iii*) (*c*) (*iv*) (*a*) (*v*) (*b*)

ਨੋਟ

## 2.6 ਸੰਦਰਭ ਪੁਸਤਕਾਂ (Further Readings)

ਬੁਕਸ


1. ਸੀ. ਟੀ. ਖੰਨਾ, ਇੰਟਰ ਕਾਸਟ ਐਂਡ ਇੰਟਰ ਕਮਿਊਨਿਟੀ ਮੈਰਿਜ ਇਨ ਇੰਡੀਆ, ਪਾਪੁਲਰ ਬੁਕ ਡਿਪੋ, ਬਾਂਬੇ, 1960 ।
2. ਜੀ. ਈ. ਧੁਰੇ, ਕਾਸਟ, ਕਲਾਸ ਐਂਡ ਅਕੁਪੇਸ਼ਨ, ਪਾਪੁਲਰ ਬੁਕ ਡਿਪੋ, ਬਾਂਬੇ, 1961 ।
3. ਵੀਂਸੇਟ ਏ. ਸਮਿਥ, ਹਿਸਟ੍ਰੀ ਓਫ ਇੰਡੀਆ ਲੰਦਨ: ਆਕਸਫੋਰਡ ਯੂਨੀਵਰਸਿਟੀ ਪ੍ਰੈਸ, 1970 ।

ਨੋਟ

# ਇਕਾਈ-3: ਵਿਆਹ (Marriage)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

3.1 ਵਿਆਹ ਦੀ ਅਵਧਾਰਣਾ ਅਤੇ ਅਭਿਪ੍ਰੇਰਣਾਵਾਂ (Concept and Motivations of Marriage)

3.2 ਵਿਆਹ ਦੇ ਪ੍ਰਕਾਰ (Forms of Marriage)

3.3 ਮੁਸਲਿਮ ਅਤੇ ਇਸਾਈ ਵਿਆਹ ਅਤੇ ਓਨਾਂ ਦੇ ਪਰਿਵਰਤਿਤ ਪ੍ਰਚਲਨ (Muslim and Christian Marriage and their changing trends)

3.4 ਸਾਰ ਅੰਸ਼ (Summary)

3.5 ਸ਼ਬਦਕੋਸ਼ (Keywords)

3.6 ਅਭਿਆਸ-ਪ੍ਰਸ਼ਨ (Review Questions)

3.7 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਵਿਆਹ ਦੀ ਅਵਧਾਰਣਾ ਅਤੇ ਅਭਿਪ੍ਰੇਰਣਾ ਨੂੰ ਜਾਣਨ ਵਿੱਚ।
- ਵਿਆਹ ਦੇ ਪ੍ਰਕਾਰਾਂ ਨੂੰ ਸਮਝਣ ਵਿੱਚ।
- ਮੁਸਲਿਮ ਅਤੇ ਇਸਾਈ ਵਿਆਹ ਅਤੇ ਓਨਾਂ ਦੇ ਪਰਿਵਰਤਿਤ ਪ੍ਰਚਲਨ ਦੀ ਵਿਆਖਿਆ ਕਰਣ ਵਿੱਚ।

## ਜਾਣਕਾਰੀ (Introduction)

ਵਿਵਿਧ ਸੰਸਥਾਵਾਂ ਦੇ ਅਧਿਐਨ ਲਈ ਵਿਵਿਧ ਵਿਗਿਆਨ ਵੱਖ ਸੰਦਰਭਾਂ ਦਾ ਪ੍ਰਯੋਗ ਕਰਦੇ ਹਨ।ਸਮਾਜ ਵਿਗਿਆਨਿਕਾਂ ਨੇ ਵੀ ਵਿਵਿਧ ਖੇਤਰਾਂ ਵਿੱਚ ਵਿਆਹ ਸੰਸਥਾ ਦੀ ਕਲਪਨਾ ਵਿਵਿਧ ਪ੍ਰਕਾਰ ਨਾਲ ਕੀਤੀ ਹੈ। ਵਿਆਹ ਦੇ ਸੰਬੰਧ ਵਿੱਚ ਪ੍ਰਚੱਲਿਤ ਵਿਚਾਰ ਇਹ ਹੈ ਕਿ ਇਹ ਔਰਤ-ਪੁਰਸ਼ ਦੇ ਵਿੱਚ ਦਾ ਸੰਯੋਗ ਹੈ ਜਦੋਂ ਕਿ ਲਾਵੀ (Lowie), ਮਰਡਾਕ (Murdock) ਅਤੇ ਵੇਸਟਰਮਾਰਕ (Westermark) ਜਿਹੇ ਮਾਨਵਸ਼ਾਸਤਰੀਆਂ ਨੇ ਇਸ ਸੰਯੋਗ ਵਿੱਚ ਸਮਾਜਿਕ ਸਵੀਕ੍ਰਿਤੀ ਉੱਤੇ ਬਲ ਦਿੱਤਾ ਹੈ ਅਤੇ ਇਸ ਤੱਥ ਉੱਤੇ ਕਿ ਇਹ ਵਿਵਿਧ ਸੰਸਕਾਰਾਂ ਅਤੇ ਸਮਾਰੋਹਾਂ ਦੁਆਰਾ ਕਿਸ ਤਰਾਂ ਸੰਪੰਨ ਹੁੰਦਾ ਹੈ। ਬਲਡ, ਲਾਂਜ ਅਤੇ ਸਨਾਈਡਰ ਅਤੇ ਬੋਮਨ, ਬਾਬਰ ਅਤੇ ਬਰਜੇਸ ਜਿਹੇ ਸਮਾਜ ਸ਼ਾਸਤਰੀਆਂ ਦਾ ਵਿਚਾਰ ਹੈ ਕਿ ਵਿਆਹ ਪ੍ਰਾਰਥਮਿਕ ਸੰਬੰਧਾਂ ਦੀਆਂ ਭੂਮਿਕਾਵਾਂ ਦੀ ਇੱਕ ਵਿਵਸਥਾ ਹੈ। ਭਾਰਤਸ਼ਾਸਤਰੀ (Indologists) ਵਿਆਹ ਨੂੰ ਇੱਕ ਸੰਸਕਾਰ ਜਾਂ ਇੱਕ ਧਰਮ ਮੰਨਦੇ ਹਨ। ਪਰੰਪਰਾਗਤ ਅਤੇ ਆਧੁਨਿਕ ਹਿੰਦੂ ਵਿਆਹ ਵਿਵਸਥਾ ਦਾ ਅਧਿਐਨ ਕਰਣ ਤੋਂ ਪਹਿਲਾਂ ਅਸੀਂ ਵਿਆਹ ਦੀ ਅਵਧਾਰਣਾ ਅਤੇ ਸਮਾਜਿਕ ਮਹੱਤਵ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ।

## 3.1 ਵਿਆਹ ਦੀ ਅਵਧਾਰਣਾ ਅਤੇ ਅਭਿਪ੍ਰੇਰਣਾਵਾਂ (Concept and Motivations of Marriage)

ਹਰ ਵਿਅਕਤੀ ਨੂੰ ਆਪਣੇ ਜੀਵਨ ਵਿੱਚ ਅਨੇਕਾਂ ਭੂਮਿਕਾਵਾਂ ਨਿਭਾਓਣੀਆਂ ਪੈਂਦੀਆਂ ਹਨ, ਜਾਂ ਇਹ ਕਿਹਾ ਜਾ ਸਕਦਾ ਹੈ ਕਿ ਜੀਵਨ ਅਨੇਕ ਭੂਮਿਕਾਵਾਂ ਦਾ ਇੱਕ ਸੰਯੋਗ ਹੈ ਜਿਨਾਂ ਨੂੰ ਵਿਵਿਧ ਸੰਸਥਾਵਾਂ ਦੇ ਪਰਿਵੇਸ਼ ਵਿੱਚ ਨਿਭਾਓਣਾ ਹੁੰਦਾ ਹੈ। ਵਿਵਿਧ ਭੂਮਿਕਾਵਾਂ ਵਿੱਚ ਦੋ ਭੂਮਿਕਾਵਾਂ ਅਹਿਮ ਹਨ: ਇੱਕ ਹੈ ਆਰਥਿਕ ਭੂਮਿਕਾ ਅਤੇ ਦੂਜੀ ਹੈ ਵਿਵਾਹਿਕ ਜਾਂ ਪਰਿਵਾਰ ਦੀ ਭੂਮਿਕਾ। ਪ੍ਰਥਮ ਭੂਮਿਕਾ ਨਿਰਸੰਦੇਹ ਹੀ ਪ੍ਰਮੁੱਖ ਹੈ ਕਿਓਂਕਿ ਵਿਅਕਤੀ ਆਪਣੇ ਜੀਵਨ ਦਾ ਇੱਕ ਵੱਡਾ ਭਾਗ ਇਸੇ ਭੂਮਿਕਾ ਵਿੱਚ ਲਗਾਓਂਦਾ ਹੈ। ਮੰਨ ਲਓ ਕਿ ਵਿਅਕਤੀ ਆਪਣਾ ਜੀਵਿਕਾ ਪਾਲਣ 20 ਤੋਂ 24 ਸਾਲ ਦੀ ਉਮਰ ਵਿੱਚ ਆਰੰਭ ਕਰਦਾ ਹੈ ਅਤੇ

ਨੋਟ


58 ਤੋਂ 62 ਸਾਲ ਦੀ ਉਮਰ ਤੱਕ ਨਿਰੰਤਰ ਇਸ ਕੰਮ ਵਿੱਚ ਲੱਗਿਆ ਰਹਿੰਦਾ ਹੈ ਅਤੇ ਰੋਜ਼ 8 ਜਾਂ 10 ਘੰਟੇ ਆਪਣੇ ਕੰਮ ਉੱਤੇ ਖਰਚ ਕਰਦਾ ਹੈ, ਤਾਂ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਸਾਡੀ ਆਰਥਿਕ ਭੂਮਿਕਾ ਸਾਡਾ ਕਿੰਨਾ ਸਮਾਂ ਲੈਂਦੀ ਹੈ। ਵਿਵਾਹਿਤ ਭੂਮਿਕਾ ਦੀ ਬਜਾਏ ਵਿਵਾਹਿਕ ਭੂਮਿਕਾ ਹੀ ਅਹਿਮ ਹੈ, ਕਿਓਂਕਿ ਆਰਥਿਕ ਭੂਮਿਕਾ ਵਿੱਚ ਦੂਜੇ ਸੰਬੰਧ ਸ਼ਾਮਿਲ ਹੁੰਦੇ ਹਨ ਅਤੇ ਵਿਵਾਹਿਕ ਭੂਮਿਕਾ ਵਿੱਚ ਪ੍ਰਾਥਮਿਕ ਸੰਬੰਧ।

ਪ੍ਰਾਥਮਿਕ ਸੰਬੰਧ ਜ਼ਰੂਰੀ ਰੂਪ ਨਾਲ ਅਸੀਮਿਤ, ਵਿਸ਼ੇਸ਼, ਭਾਵਨਾਤਮਕ, ਪਰਮਾਰਥਵਾਦੀ ਅਤੇ ਸ਼ਾਸ਼ਵਤ (spontaneous) ਹੁੰਦੇ ਹਨ, ਦੂਜੇ ਪਾਸੇ, ਦੂਸਰੇ ਸੰਬੰਧ ਪ੍ਰਾਰੰਭਿਕ ਰੂਪ ਨਾਲ ਸੀਮਿਤ, ਪ੍ਰਮਾਣਿਤ (standardized), ਅਭਾਵਨਾਤਮਕ (unemotional), ਉਪਯੋਗਿਤਾਵਾਦੀ ਅਤੇ ਸੰਵਿਦਾਤਮਕ (contvactual) ਹੁੰਦੇ ਹਨ। ਵਿਆਹ ਦੇ ਪ੍ਰਾਥਮਿਕ ਸੰਬੰਧ ਹੋਰ ਪ੍ਰਾਥਮਿਕ ਸਮੂਹਾਂ ਜਿਵੇਂ ਮਿੱਤਰ ਸਮੂਹ, ਪੜੌਸ, ਪਿੰਡ ਆਦਿ ਦੇ ਪ੍ਰਾਥਮਿਕ ਸੰਬੰਧਾਂ ਤੋਂ ਭਿੰਨ ਹੁੰਦੇ ਹਨ, ਕਿਓਂਕਿ ਵਿਵਾਹਿਕ ਸੰਬੰਧ ਯੌਨ ਸੰਬੰਧਾਂ ਉੱਤੇ ਆਧਾਰਿਤ ਹੁੰਦੇ ਹਨ ਅਤੇ ਯੌਨ ਸੰਬੰਧ ਇਸਤਰੀ-ਪੁਰਸ਼ ਦੇ ਵਿੱਚ ਸਥਾਈ ਅਤੇ ਨਿਕਟਤਮ ਸੰਬੰਧ ਸਥਾਪਿਤ ਕਰਦੇ ਹਨ। ਵਿਆਹ ਵਿੱਚ ਪ੍ਰਾਥਮਿਕ ਸੰਬੰਧ ਦੋ ਮਹੱਤਵਪੂਰਣ ਕੰਮ ਕਰਦੇ ਹਨ, ਜ਼ਰੂਰਤ ਪੂਰਤੀ ਅਤੇ ਸਮਾਜਿਕ ਨਿਯੰਤਰਣ। ਇਹ ਵਿਅਕਤੀ ਦੀਆਂ ਜੈਵਿਕ (ਯੌਨ ਸੰਤੁਸ਼ਟੀ), ਮਨੋਵਿਗਿਆਨਿਕ (ਸਨੇਹ ਅਤੇ ਸਹਾਨੁਭੂਤੀ) ਅਤੇ ਆਰਥਿਕ (ਭੋਜਨ, ਕੱਪੜਾ ਅਤੇ ਨਿਵਾਸ) ਜ਼ਰੂਰਤਾਂ ਨੂੰ ਪੂਰੀਆਂ ਕਰਦਾ ਹੈ ਅਤੇ ਨੈਤਿਕਤਾ ਅਤੇ ਨੀਤੀਸ਼ਾਸਤਰ ਦੇ ਪ੍ਰਾਥਮਿਕ ਸਰੋਤ ਦਾ ਕੰਮ ਕਰਦਾ ਹੈ। ਜਦੋਂ ਇੱਕ ਵਿਅਕਤੀ ਇਹ ਦੇਖਦਾ ਹੈ ਕਿ ਉਸਦਾ ਜੀਵਨ ਸਾਥੀ ਉਸ ਦੇ ਲਈ ਕੰਮ ਕਰ ਰਿਹਾ ਹੈ, ਤਾਂ ਓਹ ਸੋਚਦਾ ਹੈ ਕਿ ਇਹ ਉਸ ਦੀ ਨੈਤਿਕ ਜ਼ਿੰਮੇਦਾਰੀ ਹੈ ਕਿ ਓਹ ਉਸ ਦੀ ਦੇਖ-ਭਾਲ ਕਰੇ ਜਾਂ ਉਸ ਦੀ ਗੱਲ ਸੁਣੇ। ਇਸ ਲਈ ਕੋਈ ਵੀ ਵਿਅਕਤੀ ਅਨੈਤਿਕ ਅਤੇ ਗੈਰ-ਜ਼ਿੰਮੇਦਾਰ ਨਹੀਂ ਹੈ।

'ਵਿਆਹ' ਦਾ ਅਧਿਐਨ ਕਰਦੇ ਸਮੇਂ ਇੱਕ ਸਮਾਜਸ਼ਾਸਤਰੀ ਇਸ ਵਿੱਚ ਨਿਹਿਤ ਪ੍ਰਾਥਮਿਕ ਸੰਬੰਧਾਂ ਦਾ ਵਿਸ਼ਲੇਸ਼ਣ ਨਹੀਂ ਕਰਦਾ, ਬਲਕਿ ਇਸ ਦਾ ਵੀ ਕਰਦਾ ਹੈ ਕਿ ਕਿਸ ਤਰਾਂ ਵਿਆਹ ਵਿੱਚ ਨਵੀਆਂ ਅਤੇ ਵਿਭਿੰਨ ਭੂਮਿਕਾਵਾਂ ਸ਼ਾਮਿਲ ਹਨ ਅਤੇ ਕੀ ਓਨਾਂ ਭੂਮਿਕਾਵਾਂ ਵਿੱਚ ਲਿਪਤ ਵਿਅਕਤੀ ਉਸ ਦੇ ਯੋਗ ਹੈ ਜਾਂ ਨਹੀਂ, ਅਤੇ ਓਨਾਂ ਭੂਮਿਕਾਵਾਂ ਨੂੰ ਨਿਭਾਓਣ ਦੀ ਅਯੋਗਤਾ ਨਾਲ ਕਿਸ ਤਰਾਂ ਪਰਿਵਾਰ ਵਿਘਟਨ ਹੁੰਦਾ ਹੈ। ਵਿਆਹ ਵਿੱਚ ਮਹੱਤਵਪੂਰਣ ਗੱਲ ਇਹ ਹੈ ਕਿ ਕਿਸ ਤਰਾਂ ਇੱਕ ਸਾਥੀ ਦਾ ਭੂਮਿਕਾ ਨਿਰਵਾਹਣ ਦੂਜੇ ਸਾਥੀ ਦੀ ਭੂਮਿਕਾ ਉਮੀਦਾਂ ਦੇ ਕਿੰਨਾ ਅਨੁਕੂਲ ਹੈ।

ਕੂਸ ਦੇ ਅਨੁਸਾਰ ਵਿਆਹ ਇੱਕ ਵਿਭਾਜਨ ਰੇਖਾ ਹੈ ਜੋ ਕਿ ਜਣਕ ਪਰਿਵਾਰ ਅਤੇ ਜਣਨ ਪਰਿਵਾਰ (family of orientation) ਵਿਚਕਾਰ ਦੋਹਾਂ ਪਰਿਵਾਰਾਂ ਵਿੱਚ ਵਿਅਕਤੀ ਦੀ ਭੂਮਿਕਾ ਦੇ ਸੰਦਰਭ ਵਿੱਚ ਖਿੱਚੀ ਗਈ ਹੈ। ਜਣਕ ਪਰਿਵਾਰ (family of procreation) ਵਿੱਚ ਭੂਮਿਕਾਵਾਂ ਸ਼ੈਸ਼ਵ, ਬਚਪਨ ਅਤੇ ਕਿਸ਼ੋਰਾਵਸਥਾ ਵਿੱਚ ਬਦਲਦੀਆਂ ਰਹਿੰਦੀਆਂ ਹਨ ਅਤੇ ਓਨਾਂ ਵਿੱਚ ਜ਼ਿੰਮੇਦਾਰੀ ਬੋਧ ਨਹੀਂ ਹੁੰਦਾ। ਪ੍ਰੰਤੂ ਜਣਨ ਪਰਿਵਾਰ ਵਿੱਚ ਭੂਮਿਕਾ ਵਿਆਹ ਤੋਂ ਬਾਅਦ ਪਤੀ ਦੇ ਰੂਪ ਵਿੱਚ, ਧਨ ਅਰਜਣ ਕਰਤਾ ਦੇ ਰੂਪ ਵਿੱਚ, ਪਿਤਾਮਹ ਦੇ ਰੂਪ ਵਿੱਚ ਅਤੇ ਅਵਕਾਸ਼ ਪ੍ਰਾਪਤ ਵਿਅਕਤੀ ਦੇ ਰੂਪ ਵਿੱਚ ਵਿਵਿਧ ਉਮੀਦਾਂ ਅਤੇ ਜ਼ਿੰਮੇ ਦਾਰੀਆਂ ਵਾਲੀ ਹੁੰਦੀ ਹੈ।

*ਵਿਭਿੰਨ ਭੂਮਿਕਾਵਾਂ ਤੋਂ ਆਲਿਪਤ ਜਣਕ ਪਰਿਵਾਰ ਅਤੇ ਜਣਨ ਪਰਿਵਾਰ ਵਿੱਚ ਵਿਵਿਧ ਅਵਸਥਾਵਾਂ*



ਨੋਟ

ਇਸ ਤਰਾਂ ਵਿਆਹ ਸਮਾਜ ਵਿਵਸਥਾ ਦਾ ਸੂਖਮ ਪ੍ਰਾਰੂਪ ਹੈ ਜਿਸ ਨੂੰ ਸੰਤੁਲਿਤ ਰਹਿਣਾ ਚਾਹੀਦਾ ਹੈ ਨਹੀਂ ਤਾਂ ਸਭ ਕੁਝ ਬਿਖਰ ਸਕਦਾ ਹੈ। ਸੰਤੁਲਨ ਦੇ ਲਈ ਸਮਾਯੋਜਨ ਦੀ ਜ਼ਰੂਰਤ ਹੁੰਦੀ ਹੈ ਜੋ ਆਦਾਨ ਪ੍ਰਦਾਨ ਉੱਤੇ ਨਿਰਧਾਰਿਤ ਹੁੰਦਾ ਹੈ ਜਾਂ ਪਤੀ ਅਤੇ ਪਤਨੀ ਦੋਹਾਂ ਤੋਂ ਹੀ ਤਿਆਗ ਦੀ ਉਮੀਦ ਰੱਖਦਾ ਹੈ। ਇਹ ਇੱਕ ਯੁਗਮ ਵਿਵਸਥਾ ਹੈ। ਸੰਤੁਲਨ ਬਣਾ ਕੇ ਰੱਖਣ ਲਈ ਕਿਸੇ ਨੂੰ ਤਾਂ ਕੁਝ ਕੰਮ ਕਰਨੇ ਹੀ ਹੋਣਗੇ, ਜਿਵੇਂ ਖਾਣਾ ਬਣਾਓਣਾ, ਸਫਾਈ, ਕੱਪੜੇ ਧੁਲਾਈ, ਧਨ ਕਮਾਓਣਾ, ਬੱਚਿਆਂ ਦੀ ਦੇਖਭਾਲ ਆਦਿ। ਕੌਣ ਕੀ ਭੂਮਿਕਾ ਨਿਭਾਓਂਦਾ ਹੈ, ਇਹ ਇੰਨਾ ਮਹੱਤਵਪੂਰਣ ਨਹੀਂ ਹੈ ਜਿੰਨਾ ਇਹ ਕਿ ਵਿਆਹ ਦੇ ਸਥਾਇੱਤਵ ਲਈ ਕੋਈ ਭੂਮਿਕਾ ਨਿਭਾ ਰਿਹਾ ਹੈ।

ਵਿਆਹ ਵਿੱਚ ਸਾਧਨ (instrumental) ਅਤੇ ਏਕੀਕ੍ਰਿਤ (integrative) ਅਗਵਾਈ ਨਿਹਿਤ ਹੁੰਦੀ ਹੈ। ਸਾਧਕ ਨੇਤਾ ਕੰਮ ਨੂੰ ਕਰਾਓਣ ਨਾਲ ਸੰਬੰਧ ਰੱਖਦਾ ਹੈ ਅਤੇ ਸਮੂਹ ਨੂੰ ਉਦੇਸ਼ ਪ੍ਰਾਪਤੀ ਵੱਲ ਲੈ ਜਾਂਦਾ ਹੈ। ਏਕੀਕ੍ਰਿਤ ਨੇਤਾ ਸਮੂਹਾਂ ਨੂੰ ਏਕੀਕ੍ਰਿਤ ਕਰਣ ਵਿੱਚ ਲੱਗਾ ਰਹਿੰਦਾ ਹੈ। ਇਸ ਤਰਾਂ ਦੋਵੇਂ ਭੂਮਿਕਾਵਾਂ ਪਰਸਪਰ ਵਿਰੋਧੀ ਹਨ, ਫਿਰ ਵੀ ਇੱਕ ਦੂਜੇ ਦੀਆਂ ਪੂਰਕ ਹਨ। ਸਮਾਜਸ਼ਾਸਤਰੀ ਵਿਆਹ ਦੇ ਅੰਤਰਗਤ ਇਨਾਂ ਭੂਮਿਕਾਵਾਂ ਦਾ ਅਧਿਐਨ ਕਰਦੇ ਹਨ।

## 3.1.1 ਵਿਆਹ ਵਿੱਚ ਅਭਿਪ੍ਰੇਰਣਾਵਾਂ

ਸਭ ਭੂਮਿਕਾਵਾਂ ਪਿੱਛੇ ਕੁਝ ਅਭਿਪ੍ਰੇਰਣਾਵਾਂ ਹੁੰਦੀਆਂ ਹਨ। ਵਿਆਹ ਦੇ ਪਿੱਛੇ ਕੀ ਅਭਿਪ੍ਰੇਰਣਾ ਹੈ? ਇਹ ਮਾਨਤਾ ਹੈ ਕਿ ਪ੍ਰਾਰੰਭਿਕ ਕਾਲ ਵਿੱਚ ਵਿਅਕਤੀ ਵਿਆਹ ਇਸ ਲਈ ਕਰਦਾ ਸੀ ਕਿਓਂਕਿ ਜੀਵਨਯਾਪਣ ਦੀ ਸਮੱਸਿਆ ਉਸ ਦੇ ਸਾਹਮਣੇ ਸੀ। ਆਰਕਿਕ ਕਾਰਣਾਂ ਕਰ ਕੇ ਮਨੁੱਖ ਨੂੰ ਬੱਚਿਆਂ ਦੀ ਜ਼ਰੂਰਤ ਹੁੰਦੀ ਸੀ ਜੋ ਨਾ ਕੇਵਲ ਓਨਾਂ ਨੂੰ ਕੰਮ ਵਿੱਚ ਮਦਦ ਕਰਣ, ਬਲਕਿ ਜਦੋਂ ਮਾਤਾ-ਪਿਤਾ ਕੰਮ ਕਰਣ ਦੇ ਯੋਗ ਨਾ ਰਹਿਣ ਤਾਂ ਬੱਚੇ ਬੀਮੇ ਦੇ ਸਮਾਨ ਓਨਾਂ ਦੇ ਕੰਮ ਆ ਸਕਣ। ਓਨਾਂ ਨੂੰ ਖੇਤਾਂ ਵਿੱਚ ਕੰਮ ਕਰਣ ਲਈ ਅਧਿਕ ਔਰਤਾਂ ਦੀ ਜ਼ਰੂਰਤ ਹੁੰਦੀ ਸੀ। ਇਸ ਦਾ ਅਰਥ ਇਹ ਨਹੀਂ ਕਿ ਪ੍ਰਾਰੰਭਿਕ ਕਾਲ ਵਿੱਚ ਵਿਆਹ ਵਿੱਚ ਪ੍ਰੇਮ ਅਤੇ ਸਹਿਯੋਗ ਨਹੀਂ ਸੀ ਅਤੇ ਕੇਵਲ ਵਿਵਹਾਰਿਕ ਕਾਰਣ ਹੀ ਅਧਿਕ ਮਹੱਤਵਪੂਰਣ ਸਨ। ਬੋਮੈਨ (Bowman) ਦੇ ਅਨੁਸਾਰ ਵਿਆਹ ਦੇ ਮੂਲਭੂਤ ਉਦੇਸ਼ ਹਨ: ਯੌਨ ਸੰਤੁਸ਼ਟੀ, ਘਰ ਅਤੇ ਬੱਚਿਆਂ ਦੀ ਇੱਛਾ, ਮਿੱਤਰਤਾ, ਸਮਾਜਿਕ ਸਥਿਤੀ ਅਤੇ ਸੱਮਾਨ ਅਤੇ ਆਰਥਿਕ ਸੁਰੱਖਿਆ ਅਤੇ ਸੰਰੱਖਿਅਣ। ਪੋਪਨੋ ਨੇ ਵਿਆਹ ਦੇ ਪੰਜ ਤੱਤ ਦੱਸੇ ਹਨ: ਯੌਨ ਇੱਛਾ, ਮਿਹਨਤ ਵਿਭਾਜਨ, ਘਰ ਅਤੇ ਬੱਚਿਆਂ ਦੀ ਇੱਛਾ, ਮਿੱਤਰਤਾ ਅਤੇ ਆਰਥਿਕ ਸੁਰੱਖਿਆ। ਬੋਮੈਨ ਨੇ ਵਿਅਕਤਿੱਤਵ ਸੰਤੁਸ਼ਟੀ ਨੂੰ ਵਿਆਹ ਦਾ ਉਦੇਸ਼ ਨਹੀਂ ਮੰਨਿਆ ਹੈ। ਓਹ ਕਹਿੰਦੇ ਹਨ ਕਿ ਇਹ ਵਿਆਹ ਦਾ ਉਦੇਸ਼ ਨਹੀਂ ਬਲਕਿ ਪ੍ਰਤੀਫਲ ਹੈ।

ਮਜੂਮਦਾਰ ਦੇ ਅਨੁਸਾਰ ਚਾਹੇ ਨਿਯਮਿਤ ਅਤੇ ਸਮਾਜਿਕ ਮਾਨਤਾ ਪ੍ਰਾਪਤ ਯੌਨ ਸੰਤੁਸ਼ਟੀ ਵਿਆਹ ਦਾ ਮੂਲ ਕਾਰਣ ਹੈ, ਫਿਰ ਵੀ ਇਹ ਇੱਕ ਮਾਤਰ ਅਤੇ ਅੰਤਿਮ ਕਾਰਣ ਨਹੀਂ ਹੈ। ਓਨਾਂ ਨੇ ਸੇਮਾ ਨਾਗਾਵਾਂ ਦਾ ਉਦਾਹਰਣ ਦਿੱਤਾ ਹੈ। ਜਿਨਾਂ ਵਿੱਚ ਇੱਕ ਬੱਚਾ ਆਪਣੇ ਪਿਤਾ ਦੀ ਵਿਧਵਾ (ਮਾਂ ਤੋਂ ਇਲਾਵਾ) ਨਾਲ ਵਿਆਹ ਕਰ ਲੈਂਦਾ ਹੈ ਤਾਂ ਕਿ ਉਸ ਦੀ ਸੰਪਤੀ ਉੱਤੇ ਅਧਿਕਾਰ ਕਰ ਸਕੇ, ਕਿਓਂਕਿ ਓਨਾਂ ਦੇ ਜਨਜਾਤੀ ਰਿਵਾਜਾਂ ਦੇ ਅਨੁਸਾਰ ਪੁਰਸ਼ ਦੀ ਵਿਧਵਾ ਸੰਪਤੀ ਦੀ ਅਧਿਕਾਰੀ ਹੁੰਦੀ ਹੈ, ਨਾ ਕਿ ਬੱਚੇ। ਇਸ ਪ੍ਰਕਾਰ ਮਜੂਮਦਾਰ ਦੀ ਮਾਨਤਾ ਹੈ ਕਿ ਵਿਆਹ ਦੇ ਓਦੇਸ਼ ਹਨ: ਯੌਨ ਸੰਤੁਸ਼ਟੀ, ਬੱਚਿਆਂ ਦੇ ਲਾਲਣ-ਪਾਲਣ ਦਾ ਵਿਸ਼ਵਾਸਯੋਗ ਸਮਾਜਿਕ ਤਰੀਕਾ, ਸੰਸਕ੍ਰਿਤੀ ਦਾ ਸੰਸਕਰਮਣ, ਆਰਥਿਕ ਜ਼ਰੂਰਤਾਂ ਅਤੇ ਸੰਪਤੀ ਦਾ ਉੱਤਰਾਧਿਕਾਰ।

ਅੱਜ ਜਦੋਂ 'ਪਰੰਪਰਾਗਤ' ਸਮਾਜ 'ਆਧੁਨਿਕ' ਸਮਾਜ ਵਿੱਚ ਬਦਲ ਰਿਹਾ ਹੈ, ਵਿਆਹ ਦੇ ਲਈ ਇਨਾਂ ਵਿਵਹਾਰਿਕ ਕਾਰਣਾਂ ਦਾ ਮਹੱਤਵ ਘੱਟ ਹੁੰਦਾ ਜਾ ਰਿਹਾ ਹੈ।ਅੱਜ ਵਿਆਹ ਦੇ ਜੋ ਪ੍ਰੇਰਕ ਕਾਰਕ ਮੰਨੇ ਜਾ ਰਹੇ ਹਨ, ਓਹ ਹਨ ਏਕਾਕੀਪਣ ਦੀ ਭਾਵਨਾ ਤੋਂ ਛੁਟਕਾਰਾ ਅਤੇ ਦੂਜਿਆਂ ਦੇ ਮਾਧਿਅਮ ਨਾਲ ਜੀਵਿਤ ਰਹਿਣ ਦਾ ਉਦੇਸ਼।ਸਰਲ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਅੱਜ ਵਿਆਹ ਦਾ ਪ੍ਰਮੁੱਖ ਉਦੇਸ਼ ਮਿੱਤਰਤਾ ਜਾਂ ਸਹਿਯੋਗ ਪ੍ਰਾਪਤੀ ਹੁੰਦਾ ਹੈ। ਯੌਨ ਸੰਤੁਸ਼ਟੀ ਇਸ ਦੇ ਖੇਤਰ ਤੋਂ ਪਰੇ ਨਹੀਂ ਹੈ ਪ੍ਰੰਤੂ ਇਹ ਹੁਣ ਮਿੱਤਰਤਾ ਦੇ ਮੁਕਾਬਲੇ ਗੌਣ ਹੋ ਗਿਆ ਹੈ।

ਪਰੰਪਰਾਗਤ ਹਿੰਦੂ ਸਮਾਜ ਵਿੱਚ ਵਿਆਹ ਦੇ ਉਦੇਸ਼ ਨਿਮਨ ਮੰਨੇ ਜਾਂਦੇ ਹਨ: ਧਰਮ, ਪ੍ਰਜਾ ਅਤੇ ਰਤਿ। ਇਨਾਂ ਵਿੱਚੋਂ ਧਰਮ ਨੂੰ ਸਭ ਤੋਂ ਜ਼ਿਆਦਾ ਮਹੱਤਵ ਦਿੱਤਾ ਗਿਆ ਹੈ। ਉਸ ਤੋਂ ਬਾਅਦ, ਸੰਤਾਨ ਉਤਪਤੀ ਅਤੇ ਯੌਨ ਸੰਤੁਸ਼ਟੀ ਨੂੰ। ਦਫਤਰੀ ਨੇ ਵੀ ਕਿਹਾ ਹੈ ਕਿ ਯੌਨ ਆਨੰਦ ਹਿੰਦੂ ਵਿਆਹ ਦਾ ਇੱਕ ਮਾਤਰ ਉਦੇਸ਼ ਨਹੀਂ ਮੰਨਿਆ ਗਿਆ ਹੈ। ਪ੍ਰਮੁੱਖ ਉਦੇਸ਼ ਹੈ ਧਰਮ ਅਰਥਾਤ ਕਰਤੱਵ ਪਾਲਣ। ਇਸ ਤਰਾਂ ਹਿੰਦੂ ਵਿਆਹ ਵਿੱਚ ਵਿਅਕਤੀ ਦੀ ਰੁਚੀ ਦਾ ਘੱਟ ਮਹੱਤਵ ਨਹੀਂ ਸੀ। ਵਿਆਹ ਸਮੁਦਾਏ ਅਤੇ ਪਰਿਵਾਰ ਦੇ ਪ੍ਰਤੀ ਸਮਾਜਿਕ ਕਰਤੱਵ ਸਮਝਿਆ ਜਾਂਦਾ ਸੀ।

## 3.1.2 ਹਿੰਦੂ ਵਿਆਹ-ਇੱਕ ਧਾਰਮਿਕ ਸੰਸਕਾਰ

ਹਿੰਦੂ ਵਿਆਹ ਇੱਕ ਧਾਰਮਿਕ ਸੰਸਕਾਰ ਹੈ ਜੋ ਕਿ ਧਰਮ ਦੇ ਨਿਰਵਾਹ ਲਈ ਕੀਤਾ ਜਾਂਦਾ ਹੈ, ਨਾ ਕਿ ਆਨੰਦ ਲਈ। ਹਿੰਦੂ ਵਿਆਹ ਨੂੰ ਪਵਿੱਤਰ ਮੰਨੇ ਜਾਣ ਦੇ ਕਈ ਕਾਰਣ ਦਿੱਤੇ ਜਾ ਸਕਦੇ ਹਨ: (1) ਧਰਮ (ਧਾਰਮਿਕ ਕਾਰਜਾਂ ਦੀ ਪੂਰਤੀ ਲਈ) ਹਿੰਦੂ ਵਿਆਹ ਦਾ ਸਰਵ-ਉੱਚ ਉਦੇਸ਼ ਸੀ; (2) ਧਾਰਮਿਕ ਸੰਸਕਾਰਾਂ ਨੂੰ ਪੂਰਾ ਕਰਨਾ, ਜਿਵੇਂ ਯੱਗ, ਕੰਨਿਆਦਾਨ, ਪਾਣਿਗ੍ਰਹਿਣ, ਸਪਤਪਦੀ ਆਦਿ; (3) ਸੰਸਕਾਰ ਅਗਨੀ ਦੇ ਸਾਹਮਣੇ ਕੀਤੇ ਜਾਂਦੇ ਸਨ ਜਿਨਾਂ ਵਿੱਚ ਬ੍ਰਾਹਮਣਾਂ ਦੁਆਰਾ ਵੇਦਾਂ ਨਾਲ ਮੰਤਰ-ਉੱਚਾਰਣ ਕੀਤਾ ਜਾਂਦਾ ਸੀ; (4) ਵਿਆਹ-ਬੰਧਨ ਅਟੁੱਟ ਸਮਝਿਆ ਜਾਂਦਾ ਸੀ ਅਤੇ ਪਤੀ ਪਤਨੀ ਮੌਤ ਤੋਂ ਬਾਅਦ ਵੀ

ਨੋਟ

ਆਪਸ ਵਿੱਚ ਬੰਧਨ ਯੁਕਤ ਰਹਿੰਦੇ ਸਨ; (5) ਚਾਹੇ ਪੁਰਸ਼ ਆਪਣੇ ਜੀਵਨ ਵਿੱਚ ਅਨੇਕ ਧਾਰਮਿਕ ਸੰਸਕਾਰਾਂ ਦੀ ਪੂਰਤੀ ਕਰਦਾ ਸੀ, ਪ੍ਰੰਤੂ ਔਰਤ ਦੇ ਲਈ ਵਿਆਹ ਹੀ ਇੱਕ ਮਾਤਰ ਸੰਸਕਾਰ ਸੀ; (6) ਔਰਤਾਂ ਦਾ ਕੁਆਰਾਪਣ (ਫ਼ੀਤਵਜਵਖ) ਅਤੇ ਪੁਰਸ਼ਾਂ ਦੀ ਵਫਾਦਾਰੀ ਉੱਤੇ ਬਲ ਦਿੱਤਾ ਜਾਂਦਾ ਸੀ; (7) ਵਿਆਹ ਪਰਿਵਾਰ ਅਤੇ ਸਮੁਦਾਏ ਦੇ ਪ੍ਰਤੀ ਇੱਕ ਸਮਾਜਿਕ ਕਰਤੱਵ ਮੰਨਿਆ ਜਾਂਦਾ ਸੀ ਅਤੇ ਵਿਅਕਤੀਗਤ ਰੁਚੀਆਂ ਅਤੇ ਇੱਛਾਵਾਂ ਦਾ ਵਿਚਾਰ ਘੱਟ ਕੀਤਾ ਜਾਂਦਾ ਸੀ।

ਪਿਛਲੇ ਕੁਝ ਦਸ਼ਕਾਂ ਵਿੱਚ ਹਿੰਦੂ ਵਿਆਹ ਅਨੇਕਾਂ ਪਰਿਵਰਤਨਾਂ ਵਿੱਚੋਂ ਗੁਜ਼ਰਿਆ ਹੈ; ਤਾਂ ਕੀ ਇਹ ਹੁਣ ਵੀ ਪਵਿੱਤਰ ਹੈ ਜਾਂ ਇਸ ਨੂੰ ਵੀ ਇੱਕ ਸਮਝੌਤਾ ਮੰਨਿਆ ਜਾਵੇ। ਹਿੰਦੂ ਵਿਆਹ ਵਿੱਚ ਹੋਏ ਮਹੱਤਵਪੂਰਣ ਪਰਿਵਰਤਨ ਇਹ ਹਨ ਕਿ ਅੱਜ਼ ਯੁਵਾ ਵਰਗ ਧਾਰਮਿਕ ਕਾਰਜਾਂ ਦੀ ਪੂਰਤੀ ਲਈ ਵਿਆਹ ਨਹੀਂ ਕਰਦੇ, ਬਲਕਿ ਮਿੱਤਰਤਾ ਲਈ ਕਰਦੇ ਹਨ ਅਤੇ ਵਿਆਹ ਬੰਧਨ ਹੁਣ ਅਟੁੱਟ ਨਹੀਂ ਰਹਿ ਗਏ ਹਨ, ਕਿਉਂਕਿ ਤਲਾਕ ਵੈਧਾਨਿਕ ਅਤੇ ਸਮਾਜਿਕ ਮਾਨਤਾ ਪ੍ਰਾਪਤ ਕਰ ਚੁਕਿਆ ਹੈ। ਵਿਦਵਾਨਾਂ ਦਾ ਮਤ ਹੈ ਕਿ ਤਲਾਕ ਦੀ ਅਨੁਮਤੀ ਨਾਲ ਵਿਆਹ ਦੀ ਪਵਿੱਤਰਤਾ ਉੱਤੇ ਕੋਈ ਪ੍ਰਭਾਵ ਨਹੀਂ ਪਿਆ ਹੈ, ਕਿਉਂਕਿ ਤਲਾਕ ਅੰਤਿਮ ਉਪਾਅ ਦੇ ਰੂਪ ਵਿੱਚ ਹੀ ਪ੍ਰਯੋਗ ਕੀਤਾ ਜਾਂਦਾ ਹੈ ਨਾ ਕਿ ਪੁਨਰਵਿਆਹ ਦੇ ਰੂਪ ਵਿੱਚ। ਇਸੇ ਪ੍ਰਕਾਰ ਚਾਹੇ ਵਿਧਵਾ ਵਿਆਹ ਨੂੰ ਮਾਨਤਾ ਪ੍ਰਦਾਨ ਕਰ ਦਿੱਤੀ ਗਈ ਹੈ ਪ੍ਰੰਤੂ ਅਜਿਹੇ ਵਿਆਹ ਵਿਸਤ੍ਰਿਤ ਰੂਪ ਵਿੱਚ ਪ੍ਰਚਲਿਤ ਨਹੀਂ ਹਨ। ਆਪਸੀ ਵਿਸ਼ਵਾਸ ਅਤੇ ਜੀਵਨ ਸਾਥੀ ਦੇ ਪ੍ਰਤੀ ਪ੍ਰਤੀਬੱਧਤਾ ਅੱਜ ਵੀ ਵਿਆਹ ਦੇ ਮੂਲ ਤੱਤ ਮੰਨੇ ਜਾਂਦੇ ਹਨ। ਜਦੋਂ ਤੱਕ ਵਿਆਹ ਕੇਵਲ ਯੌਨ ਸੰਤੁਸ਼ਟੀ ਦੇ ਉਦੇਸ਼ ਨਾਲ ਹੀ ਨਹੀਂ ਕੀਤਾ ਜਾਂਦਾ ਰਹੇਗਾ, ਬਲਕਿ 'ਨਾਲ ਰਹਿਣ' ਅਤੇ 'ਸੰਤਾਨ ਪ੍ਰਾਪਤੀ' ਲਈ ਕੀਤਾ ਜਾਵੇਗਾ, ਉਦੋਂ ਤੱਕ ਵਿਆਹ ਹਿੰਦੂਆਂ ਲਈ ਧਾਰਮਿਕ ਪਵਿੱਤਰ ਸੰਸਕਾਰ ਬਣ ਕੇ ਰਹੇਗਾ। ਵਿਆਹ ਵਿੱਚ ਸੁਤੰਤਰਤਾ (ਸਾਥੀ ਦੇ ਚੁਣਾਵ ਦੀ) ਵਿਆਹ ਵਿੱਚ ਸਥਾਇੱਤਵ ਨੂੰ ਦ੍ਰਿੜ ਬਣਾਉਂਦੀ ਹੈ, ਨਾ ਕਿ ਨਸ਼ਟ ਕਰਦੀ ਹੈ ਅਤੇ ਵਿਵਾਹਿਕ ਵਿਵਹਾਰ ਨੂੰ ਸ਼ੁੱਧ ਬਣਾਉਂਦੀ ਹੈ। ਕਾਪੜੀਆ ਨੇ ਵੀ ਕਿਹਾ ਹੈ ਕਿ ਵਿਆਹ ਅੱਜ ਵੀ ਧਾਰਮਿਕ ਸੰਸਕਾਰ ਦੇ ਰੂਪ ਵਿੱਚ ਜਾਰੀ ਹੈ, ਕੇਵਲ ਨੇਤਿਕ ਸਤਰ ਉੱਚਾ ਉੱਠਿਆ ਹੈ।

## 3.2 ਵਿਆਹ ਦੇ ਪ੍ਰਕਾਰ (Forms of Marriage)

ਲਗਭਗ ਸਭ ਸਮਾਜਾਂ ਵਿੱਚ ਵਿਆਹ ਇੱਕ ਬਹੁਤ ਮਹੱਤਵਪੂਰਣ ਸੰਸਥਾਕ੍ਰਿਤ ਸਮਾਜਿਕ ਬੰਧਨ ਹੈ। ਵਿਆਹ ਅਨੇਕ ਹੋਰ ਮਹੱਤਵਪੂਰਣ ਸੰਬੰਧਾਂ ਨਾਲ ਜੁੜਿਆ ਹੋਇਆ ਹੈ। ਵਿਆਹ ਸੰਬੰਧ ਦੇ ਵਿਭਿੰਨ ਪ੍ਰਕਾਰ ਹਨ। ਇਨਾਂ ਪ੍ਰਕਾਰਾਂ ਦਾ ਜਨਸੰਖਿਆ ਸੰਰਚਨਾ, ਸੰਪਤੀ ਸੰਬੰਧਾਂ ਅਤੇ ਹਸਤਾਂਤਰਣ ਆਦਿ ਲਈ ਵਿਸ਼ੇਸ਼ ਅਰਥ ਹੈ। ਵਿਭਿੰਨ ਸੰਸੰਕ੍ਰਿਤੀਆਂ ਵਿੱਚ ਵਿਆਹ ਅਤੇ ਯੌਨ ਸੰਬੰਧਾਂ ਨਾਲ ਕਈ ਨਿਯਮ ਅਤੇ ਪ੍ਰਤੀਬੰਧ ਜੁੜੇ ਹੋਏ ਹਨ।

ਵਿਆਹ ਇੱਕ ਮਰਦ ਅਤੇ ਔਰਤ ਵਿੱਚ ਵੈਧ ਯੌਨ ਸੰਬੰਧਾਂ ਤੋਂ ਕਿਤੇ ਅਧਿਕ ਹੈ। ਵਿਆਹ ਸਮਾਜ ਦੁਆਰਾ ਮਾਣਕ ਅਤੇ ਸਵੀਕ੍ਰਿਤ ਮਿਲਨ ਹੈ। ਭਾਰਤ ਵਿੱਚ ਆਮ ਤੌਰ ਤੇ ਲੋਕ ਇਹ ਮੰਨਦੇ ਹਨ ਕਿ ਵਿਆਹ ਦੋ ਵਿਅਕਤੀਆਂ ਤੱਕ ਹੀ ਸੀਮਿਤ ਹੈ। ਪ੍ਰੰਤੂ ਇਹੀ ਦੋ ਪਰਿਵਾਰਾਂ ਦੇ ਵਿੱਚ ਅਨੁਬੰਧ ਸਥਾਪਿਤ ਕਰਣ ਦਾ ਮਾਧਿਅਮ ਹੈ। ਇਹ ਸਹੀ ਹੈ ਕਿ ਵਿਆਹ ਦੁਆਰਾ ਸੰਤਾਨ ਨੂੰ ਵੈਧਤਾ ਪ੍ਰਦਾਨ ਕੀਤੀ ਜਾਂਦੀ ਹੈ, ਪ੍ਰੰਤੂ ਇਸ ਤੋਂ ਇਲਾਵਾ ਸੰਤਾਨ ਨੂੰ ਸਮਾਜਿਕ ਪ੍ਰਸਥਿਤੀ ਵੀ ਦਿੱਤੀ ਜਾਂਦੀ ਹੈ, ਅਤੇ ਇਹ ਸੰਪਤੀ ਦੇ ਹਸਤਾਂਤਰਣ ਅਤੇ ਉੱਤਰਾਧਿਕਾਰ ਦੇ ਸੰਦਰਭ ਵਿੱਚ ਵੀ ਮਹੱਤਵਪੂਰਣ ਹੈ।

ਵਿਆਹ ਦੇ ਵਿਭਿੰਨ ਪ੍ਰਕਾਰ ਹਨ, ਜਿਵੇਂ ਇੱਕ ਵਿਆਹ ਅਤੇ ਬਹੁ-ਵਿਆਹ। ਇੱਕ ਵਿਆਹ ਪ੍ਰਥਾ ਵਿੱਚ ਇੱਕ ਮਰਦ ਦਾ ਇੱਕ ਔਰਤ ਨਾਲ ਵਿਆਹ ਹੁੰਦਾ ਹੈ ਅਤੇ ਇਹ ਵਿਆਹ ਦਾ ਸਾਧਾਰਣ ਆਦਰਸ਼ ਸਰੂਪ ਹੈ। ਬਹੁ-ਵਿਆਹ ਪ੍ਰਥਾ ਵਿੱਚ ਬਹੁ-ਪਤਨੀ ਅਤੇ ਬਹੁ-ਪਤੀ ਦੋਵੇਂ ਪ੍ਰਕਾਰ ਦੇ ਵਿਆਹਾਂ ਦਾ ਸਮਾਵੇਸ਼ ਹੈ। ਬਹੁ-ਪਤਨੀ ਵਿਆਹ ਵਿੱਚ ਇੱਕ ਮਰਦ ਦੇ ਨਾਲ ਇੱਕ ਤੋਂ ਅਧਿਕ ਔਰਤਾਂ ਦਾ ਵਿਆਹ ਹੋ ਸਕਦਾ ਹੈ ਅਤੇ ਬਹੁ-ਪਤੀ ਵਿਆਹ ਵਿੱਚ ਇੱਕ ਔਰਤ ਦਾ ਇੱਕ ਤੋਂ ਅਧਿਕ ਪੁਰਸ਼ਾਂ ਨਾਲ ਵਿਆਹ ਹੁੰਦਾ ਹੈ। ਸਾਲੀ ਬਹੁ-ਪਤਨੀ ਪ੍ਰਥਾ ਵੀ ਪਾਈ ਜਾਂਦੀ ਹੈ ਜਿਸ ਦੇ ਅੰਤਰਗਤ ਇੱਕ ਪੁਰਸ਼ ਦਾ ਵਿਆਹ ਦੋ ਭੈਣਾਂ ਨਾਲ ਹੁੰਦਾ ਹੈ। ਇਨਾਂ ਪ੍ਰਕਾਰਾਂ ਤੋਂ ਇਲਾਵਾ ਭਾਬੀ ਵਿਆਹ ਅਤੇ ਸਾਲੀ ਵਿਆਹ ਦੀਆਂ ਪ੍ਰਥਾਵਾਂ ਵੀ ਆਉਂਦੀਆਂ ਹਨ। ਭਾਬੀ ਵਿਆਹ ਦੇ ਅੰਤਰਗਤ ਇੱਕ ਪੁਰਸ਼ ਦਾ ਵਿਆਹ ਆਪਣੇ ਮਰੇ ਹੋਏ ਭਾਈ ਦੀ ਪਤਨੀ ਨਾਲ ਹੁੰਦਾ ਹੈ ਅਤੇ ਅਜਿਹਾ ਉਸ ਦੇ ਅਵਿਵਾਹਿਤ ਹੋਣ ਜਾਂ ਓਹ ਰੰਡਵਾ ਹੈ ਤਾਂ ਵੀ ਹੋ ਸਕਦਾ ਹੈ। ਅਧਿਕਤਰ ਸਮਾਜਾਂ ਵਿੱਚ ਕਨਿਸ਼ਠ ਭਾਬੀ ਵਿਆਹ ਨੂੰ ਪ੍ਰਾਰਥਮਿਕਤਾ ਦਿੱਤੀ ਜਾਂਦੀ ਹੈ। ਇਹ ਪ੍ਰਥਾ ਓਨਾਂ ਸਮਾਜਾਂ ਵਿੱਚ ਵਿੱਦਿਆਮਾਨ ਹੈ ਜਿੱਥੇ ਚੋਣ ਦੀਆਂ ਕਸੌਟੀਆਂ ਦੇ ਆਧਾਰ ਉੱਤੇ ਇਸ ਪ੍ਰਸ਼ਨ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਅਧਿਕਾਰ ਮਾਣਕ ਸੰਹਿਤਾ, ਨਿਸ਼ੇਧਤਾਮਕ ਰੋਕ, ਅੰਤਰ ਵਿਆਹ ਅਤੇ ਬਾਹਰੀ-ਵਿਆਹ ਦੁਆਰਾ ਚੋਣ ਖੇਤਰ ਪੱਖ ਅਤੇ ਕਸੌਟੀਆਂ ਨੂੰ ਸਮਝ ਸਕਦੇ ਹਨ। ਇਨਾਂ ਨਿਯਮਾਂ ਤੋਂ ਇਲਾਵਾ ਜਿਨਾਂ ਨਾਲ ਵਿਆਹ ਲਈ ਚੋਣ ਖੇਤਰ ਸੰਕੁਚਨ ਹੁੰਦਾ ਹੈ, ਜਾਤੀ ਦਾ ਵੀ ਆਪਣੇ ਮੈਂਬਰਾਂ ਉੱਤੇ ਅਧਿਕ ਨਿਯੰਤਰਣ ਹੈ, ਕਿਉਂਕਿ ਜਾਤ ਦੋਸ਼ੀ ਮੈਂਬਰਾਂ ਨੂੰ ਸਜ਼ਾ ਦੇ ਸਕਦੀ ਹੈ ਅਤੇ ਬਹਿਸ਼ਕ੍ਰਿਤ ਕਰ ਸਕਦੀ ਹੈ। ਆਪਣੀ ਜਾਤੀ ਤੋਂ ਬਾਹਰ ਦੇ ਵਿਅਕਤੀ ਨੂੰ ਵਿਆਹ ਸੰਗੀ ਚੁਣਨ ਲਈ ਸੁਤੰਤਰਤਾ ਪ੍ਰਦਾਨ ਕਰਣ ਲਈ ਵਿਸ਼ੇਸ਼ ਵਿਆਹ ਅਧਿਨਿਯਮ 1872 ਵਿੱਚ ਪਾਰਿਤ ਕੀਤਾ ਗਿਆ ਸੀ। ਇਸ ਕਾਨੂੰਨ ਨੂੰ ਅਧਿਕ ਪ੍ਰਭਾਵਕਾਰੀ ਬਣਾਓਣ ਲਈ ਇਸ ਨੂੰ 1923 ਵਿੱਚ ਵੀ ਸੰਸ਼ੋਧਿਤ ਵੀ ਕੀਤਾ ਗਿਆ ਸੀ। ਉਸ ਤੋਂ ਬਾਅਦ 1938, 1946 ਅਤੇ 1949 ਵਿੱਚ ਜੀਵਨ ਸਾਥੀ ਦੇ ਚੁਨਾਵ ਦੇ ਖੇਤਰ ਨੂੰ ਵਿਸਤ੍ਰਿਤ ਕਰਣ ਦੇ ਉਦੇਸ਼ ਨਾਲ ਵਿਭਿੰਨ ਅਧਿਨਿਯਮ ਪਾਰਿਤ ਕੀਤੇ ਗਏ ਸਨ। ਇਨਾਂ ਅਧਿਨਿਯਮਾਂ ਦੇ ਪਾਰਿਤ ਹੋਣ ਦੇ ਬਾਵਜੂਦ ਅੱਜ ਜਾਤੀ ਸਮੂਹਾਂ ਦਾ ਦੂਜਾ ਰੂਪ ਕਾਇਮ ਹੈ।

ਨੋਟ

ਸੁਤੰਤਰਤਾ ਤੋਂ ਬਾਅਦ ਦੇ ਭਾਰਤ ਵਿੱਚ ਜਾਤੀ ਦੇ ਨਵੇਂ ਆਰਥਿਕ, ਭਾਵਨਾਤਮਕ ਅਤੇ ਮਨੋਵਿਗਿਆਨਿਕ ਕਾਰਣ ਪ੍ਰਭਾਵੀ ਹੋਣ ਤੋਂ ਬਾਅਦ ਵੀ ਜਾਤੀ ਦਾ ਅੰਤਰ-ਵਿਵਾਹਿਕ ਰੂਪ ਬਣਿਆ ਹੋਇਆ ਹੈ। ਪ੍ਰੰਤੂ ਕਾਰੋਬਾਰੀ ਗਤੀਸ਼ੀਲਤਾ, ਪ੍ਰਵਸਨ, ਸਿੱਖਿਆ, ਔਰਤਾਂ ਅਤੇ ਮਰਦਾਂ ਦੋਹਾਂ ਲਈ ਦਫਤਰਾਂ ਅਤੇ ਕਾਰਖਾਨਿਆਂ ਵਿੱਚ ਇੱਕਠੇ ਕੰਮ ਕਰਨ ਦੇ ਕਾਰਨ ਕੁਝ ਲੋਕਾਂ ਵਿੱਚ ਅੰਤਰਜਾਤੀ ਵਿਆਹਾਂ ਨੂੰ ਪ੍ਰੋਤਸਾਹਨ ਮਿਲਦਾ ਹੈ। ਹਿੰਦੂ ਵਿਆਹ ਅਧਿਨਿਯਮ ਵਿੱਚ ਵਰਜਿਤ ਸੰਬੰਧਾਂ ਦੀਆਂ ਸੀਮਾਵਾਂ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ, ਇਸ ਵਿੱਚ ਜਾਤੀ ਅੰਤਰ ਵਿਆਹ ਅਤੇ ਗੋਤ ਦੇ ਬਾਹਰ ਵਿਆਹ ਦੇ ਨਿਯਮਾਂ ਨੂੰ ਪੂਰੀ ਤਰਾਂ ਨਕਾਰ ਦਿੱਤਾ ਗਿਆ ਹੈ। ਸਮਾਜ ਸੰਰਚਨਾ ਦਾ ਮੁੱਖ ਸਿਧਾਂਤ ਪੁਰਸ਼ ਪੰਕਤੀ ਵਿੱਚ ਇੱਕ ਰੇਖਿਕ ਵੰਸ਼ਾਨੁਕ੍ਰਮ ਹੈ। ਭਾਬੀ ਵਿਆਹ ਨੂੰ 'ਨਾਤਾ' ਜਾਂ 'ਨਾਂਤਰਾ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਅਰਥਾਤ ਵਿਧਵਾ ਪੁਨਰ ਵਿਆਹ ਹੀ ਇਸ ਦਾ ਆਧਾਰ ਹੈ। ਸਾਲੀ ਵਿਆਹ ਵਿੱਚ ਇੱਕ ਪੁਰਸ਼ ਦਾ ਵਿਆਹ ਉਸ ਦੀ ਮਰੀ ਹੋਈ ਪਤਨੀ ਦੀ ਕੁਆਰੀ ਛੋਟੀ ਭੈਣ ਦੇ ਨਾਲ ਹੁੰਦਾ ਹੈ। ਦੋ ਪਰਿਵਾਰਾਂ ਵਿੱਚ ਸਮਾਜਿਕ ਸੰਬੰਧਾਂ ਦੀ ਨਿਰੰਤਰਤਾ ਬਣਾਏ ਰੱਖਣ ਲਈ ਸਾਲੀ ਵਿਆਹ ਨੂੰ ਪਹਿਲ ਦਿੱਤੀ ਜਾਂਦੀ ਹੈ। ਭਾਬੀ ਵਿਆਹ ਉੱਤਰ ਭਾਰਤ ਵਿੱਚ ਮੱਧ ਅਤੇ ਨਿਮਨ ਜਾਤੀਆਂ ਦੇ ਸਮੁਦਾਵਾਂ ਵਿੱਚ ਪ੍ਰਚੱਲਿਤ ਹੈ, ਪ੍ਰੰਤੂ ਉੱਚ ਜਾਤੀਆਂ ਵਿੱਚ ਇਹ ਵਰਜਿਤ ਹੈ। ਕੁਝ ਜਾਤੀਆਂ ਇਸ ਨੂੰ ਸਮਾਜਿਕ ਦ੍ਰਿਸ਼ਟੀ ਨਾਲ ਹੀਣ ਪ੍ਰਥਾ ਮੰਨਦੀਆਂ ਹਨ, ਅਤੇ ਦੂਜੀ ਜਾਤੀਆਂ ਦੀ ਪਵਿੱਤਰਤਾ ਦੀ ਧਾਰਣਾ ਨੂੰ ਆਧਾਰ ਮੰਨ ਕੇ ਆਪਣੀਆਂ ਪੁੱਤਰੀਆਂ ਅਤੇ ਬਹੂਆਂ ਨੂੰ ਵਿਧਵਾ ਰੱਖਣਾ ਹੀ ਠੀਕ ਸਮਝਦੀਆਂ ਹਨ। ਪ੍ਰੰਤੂ ਸਾਲੀ ਵਿਆਹ ਉੱਚ ਜਾਤੀਆਂ ਵਿੱਚ ਵੀ ਸਵੀਕ੍ਰਿਤ ਹੈ, ਕਿਓਂਕਿ ਇਸ ਪ੍ਰਥਾ ਵਿੱਚ ਰੰਡਵਾ ਹੀ ਸ਼ਾਮਿਲ ਹੁੰਦੇ ਹਨ ਨਾ ਕਿ ਵਿਧਵਾਵਾਂ। ਇਸ ਤਰਾਂ ਦੇ ਵਿਆਹ ਵਿੱਚ ਸਾਨੂੰ ਆਦਰਸ਼ਾਤਮਕ ਮਾਨਤਾਵਾਂ, ਪ੍ਰਾਰਥਮਿਕਤਾਵਾਂ, ਬਾਧਨ ਮਾਨਤਾਵਾਂ ਅਤੇ ਨਿਸ਼ੇਧਾਂ ਦਾ ਹਮੇਸ਼ਾ ਧਿਆਨ ਰੱਖਣਾ ਹੋਵੇਗਾ।

### 3.2.1 ਵਿਆਹ ਅਤੇ ਜੀਵਨ ਸਾਥੀ ਦੇ ਚੁਨਾਵ ਦੇ ਨਿਯਮ

ਭਾਰਤ ਦੀ ਸਮਾਜਿਕ ਸੰਰਚਨਾ ਦੀਆਂ ਦੋ ਮਹੱਤਵਪੂਰਨ ਸੰਸਥਾਵਾਂ, ਅਰਥਾਤ ਪਰਿਵਾਰ ਅਤੇ ਵਿਆਹ, ਨੂੰ ਸਮਝਣ ਲਈ ਕੇ. ਐਮ. ਕਾਪੜੀਆ ਦਾ ਭਾਰਤ ਵਿੱਚ ਵਿਆਹ ਅਤੇ ਪਰਿਵਾਰ ਦਾ ਅਧਿਐਨ ਇੱਕ ਮਹੱਤਵਪੂਰਣ ਸਰੋਤ ਹੈ। ਕਾਪੜੀਆ ਦੇ ਅਨੁਸਾਰ ਵਿਆਹ ਵਿੱਚ ਸੰਗੀ ਦੇ ਚੁਨਾਵ ਦੇ ਪ੍ਰਸ਼ਨ ਨੂੰ ਤਿੰਨ ਦ੍ਰਿਸ਼ਟੀਕੋਣਾਂ ਨਾਲ ਦੇਖਿਆ ਜਾ ਸਕਦਾ ਹੈ, ਅਰਥਾਤ ਚੋਣ ਦੇ ਖੇਤਰ ਵਿੱਚ ਚੋਣ ਦਾ ਪੱਖ, ਪ੍ਰੰਤੂ ਵਿਭਿੰਨ ਸਮੁਦਾਵਾਂ ਦੇ ਭਰਾ-ਭੈਣ ਸੰਤਤੀ ਵਿਚਕਾਰ ਵਿਆਹਾਂ ਨਾਲ ਜੁੜੀਆਂ ਪ੍ਰਥਾਵਾਂ ਨੂੰ ਵੈਧ ਮੰਨਿਆ ਗਿਆ। ਉਦਾਹਰਣ ਲਈ, ਮੁਸਲਮਾਨਾਂ ਵਿੱਚ ਪਿਤਾ ਦੇ ਭਾਈ ਦੀ ਲੜਕੀ ਨਾਲ ਵਿਆਹ ਇੱਛਿਤ ਕਰਾਰ ਦਿੱਤਾ ਗਿਆ ਹੈ। ਇਸ ਦੇ ਨਾਲ ਨਾਲ ਮੁਸਲਮਾਨ ਅੰਤਰ-ਵਿਆਹ ਦੇ ਨਿਯਮਾਂ ਨੂੰ ਵੀ ਮੰਨਦੇ ਹਨ। ਸੁੰਨੀ ਅਤੇ ਸ਼ੀਆ ਮੁਸਲਮਾਨਾਂ ਵਿੱਚ ਵਿਆਹ ਨਹੀਂ ਹੁੰਦੇ। ਇਸ ਤੋਂ ਇਲਾਵਾ ਸੁੰਨੀ ਮੁਸਲਮਾਨਾਂ ਵਿੱਚ ਸੈਯਦ, ਸ਼ੇਖ, ਮੁਗਲ, ਪਠਾਣ ਆਦਿ ਉਪ-ਸਮੂਹ ਵੀ ਹਨ ਅਤੇ ਇਹ ਲੋਕ ਆਪਣੇ ਸਮੁਦਾਵਾਂ ਵਿੱਚ ਹੀ ਵਿਆਹ ਕਰਦੇ ਹਨ। ਵਿਆਹ ਸੰਬੰਧ ਦਹੇਜ ਅਤੇ ਪਰਿਵਾਰ ਦੀ ਸਮਾਜਿਕ ਪ੍ਰਤਿਸ਼ਠਾ ਹੋਰ ਮਹੱਤਵਪੂਰਣ ਮੁੱਦੇ ਹਨ।

ਅੱਜ ਵੀ ਇਹੀ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਪਿਤਾ ਨੂੰ ਆਪਣੀ ਪੁੱਤਰੀ ਦਾ ਵਿਆਹ ਜਦੋਂ ਓਹ ਛੋਟੀ ਅਵਸਥਾ ਵਿੱਚ ਹੋਵੇ ਕਰ ਦੇਣਾ ਚਾਹੀਦਾ ਹੈ, ਕਿਓਂਕਿ ਇਹ ਅਵਸਥਾ ਯੌਵਨ-ਆਰੰਭ ਤੋਂ ਪਹਿਲਾਂ ਦੀ ਹੁੰਦੀ ਹੈ। ਇਸ ਵਿਸ਼ਵਾਸ ਦੇ ਕਾਰਣ ਬਾਲ-ਵਿਆਹ ਪਵਿੱਤਰ ਸਮਝਿਆ ਜਾਣ ਲੱਗਾ ਅਤੇ ਇਹ ਬ੍ਰਾਹਮਣ ਸੰਸਕ੍ਰਿਤੀ ਦਾ ਅੰਗ ਬਣ ਗਿਆ। ਇਸ ਲਈ ਯੌਵਨ-ਆਰੰਭ ਪੂਰਵ ਵਿਆਹ ਨੂੰ ਅਭਿਜਾਤ ਸਮਰਥਨ ਅਤੇ ਸਮਾਜਿਕ ਸੱਮਾਨ ਮਿਲਣ ਲੱਗਾ। ਕਾਪੜੀਆ ਦੇ ਅਨੁਸਾਰ ਸੰਸਕਾਰ ਸਿਧਾਂਤ ਦੇ ਕਾਰਨ ਵੀ ਬਾਲ ਵਿਆਹ ਨੂੰ ਪ੍ਰੋਤਸਾਹਨ ਮਿਲਿਆ। ਗਰਭਧਾਰਣ ਤੋਂ ਲੈ ਕੇ ਮੌਤ ਤੱਕ ਮਰਦ ਅਤੇ ਔਰਤ ਦਾ ਸੰਪੂਰਣ ਜੀਵਨ ਸੰਸਕਾਰਾਂ ਨਾਲ ਲੱਦਿਆ ਹੋਇਆ ਰਹਿੰਦਾ ਹੈ। ਅਧਿਕਤਰ ਸੰਸਕਾਰ ਸ਼ੁੱਧੀਕਰਣ ਲਈ ਕੀਤੇ ਜਾਂਦੇ ਹਨ। ਅਤੇ ਰਜਸਵਲਾ ਹੋਣ ਤੋਂ ਪਹਿਲਾਂ ਕੰਨਿਆ ਨੂੰ ਪਵਿੱਤਰ ਅਤੇ ਵਿਆਹ ਯੋਗ ਮੰਨਦੇ ਹਨ। ਇੱਕ ਵਿਆਹ ਦਾ ਸਮਾਜਿਕ ਆਦਰਸ਼ ਵੀ ਘੱਟ ਉਮਰ ਵਿੱਚ ਵਿਆਹ ਲਈ ਉੱਤਰਦਾਈ ਹੈ। ਅਨੁਲੋਮ ਵਿਆਹ ਦੇ ਕਾਰਣ ਵੀ ਬਾਲ ਵਿਆਹ ਨੂੰ ਸਮਰਥਨ ਮਿਲਿਆ ਹੈ। ਨਿਮਨ ਜਾਤੀਆਂ ਵਿੱਚ ਰਜਸਵਲਾ ਪੂਰਵ ਦੀ ਪਵਿੱਤਰਤਾ ਦੀ ਧਾਰਣਾ ਅਧਿਕ ਮਜ਼ਬੂਤ ਨਹੀਂ ਰਹੀ ਹੈ, ਫਿਰ ਵੀ ਬਾਲ ਵਿਆਹ ਦੇ ਆਦਰਸ਼ ਨੂੰ ਉੱਚ ਜਾਤੀਆਂ ਤੋਂ ਅਪਣਾਇਆ ਗਿਆ ਹੈ। ਰਾਜਾ ਰਾਮ ਮੋਹਨ ਰਾਏ, ਈਸ਼ਵਰ ਚੰਦਰ ਵਿੱਦਿਆਸਾਗਰ ਅਤੇ ਮਾਲਬਰੀ ਨੇ ਬਾਲ ਵਿਆਹ ਨੂੰ ਨਾ ਕੇਵਲ ਖਰਾਬ ਦੱਸਿਆ ਹੈ ਬਲਕਿ ਇਹ ਮਤ ਵੀ ਪ੍ਰਗਟ ਕੀਤਾ ਹੈ ਕਿ ਇਸ ਦੇ ਕਾਰਣ ਵਿਧਵਾ ਦੀ ਦੁਰਦਸ਼ਾ ਹੁੰਦੀ ਹੈ।

ਅੱਜ ਸੰਸਕ੍ਰਿਤਿਕ ਅਤੇ ਸੰਰਚਨਾਤਮਕ ਦੋਹਾਂ ਕਾਰਣਾਂ ਕਰਕੇ ਵਿਆਹ ਦੀ ਉਮਰ ਵਧ ਗਈ ਹੈ। ਇਹ ਵੀ ਮਹਿਸੂਸ ਕੀਤਾ ਜਾਣ ਲੱਗਾ ਹੈ ਕਿ ਰਜਸਵਲਾ ਤੋਂ ਪਹਿਲਾਂ ਵਿਆਹ ਸਿਹਤ ਲਈ ਹਾਨੀਕਾਰਕ ਹੈ ਅਤੇ ਇਸ ਦੇ ਕਾਰਣ ਵਿਧਵਾਪਣ ਦੀ ਦਰ ਵੀ ਵਧਦੀ ਹੈ। ਸਿੱਖਿਆ ਅਤੇ ਰੁਜ਼ਗਾਰ ਲੜਕਿਆਂ ਦੇ ਬਰਾਬਰ ਹੀ ਲੜਕੀਆਂ ਲਈ ਉਪਯੋਗੀ ਸਮਝਿਆ ਜਾਣ ਲੱਗਾ। ਅਨੁਲੋਮ ਅਤੇ ਇਸ ਨਾਲ ਜੁੜੀ ਦਹੇਜ ਦੀ ਸਮੱਸਿਆ ਦੇ ਕਾਰਣ ਵੀ ਵਿਆਹ ਦੀ ਉਮਰ ਵਿੱਚ ਵਾਧਾ ਹੋਇਆ ਹੈ। ਲੜਕੀਆਂ ਆਪ ਆਪਣੇ ਜੀਵਨ ਸਾਥੀ ਦੇ ਚੁਨਾਵ ਵਿੱਚ ਆਓਣ ਲੱਗੀਆਂ ਹਨ। ਇਸ ਪ੍ਰਕਾਰ ਦ੍ਰਿਸ਼ਟੀਕੋਣ ਅਤੇ ਮੁੱਲਾਂ ਵਿੱਚ ਪਰਿਵਰਤਨ ਅਤੇ ਚੇਤਨਾ ਵਿੱਚ ਵਾਧਾ ਮੁੱਖ ਸੰਸਕ੍ਰਿਤਿਕ ਕਾਰਣਾਂ ਦੇ ਰੂਪ ਵਿੱਚ, ਅਤੇ ਸਿੱਖਿਆ, ਕਾਰੋਬਾਰ, ਪ੍ਰਵਸਨ ਅਤੇ ਦਹੇਜ ਸੰਰਚਨਾਤਮਕ ਕਾਰਣਾਂ ਦੇ ਰੂਪ ਵਿੱਚ ਵਿਆਹ ਦੀ ਉੱਚ ਉਮਰ ਲਈ ਉੱਤਰਦਾਈ ਹਨ।

ਨੋਟ

ਪਰਿਵਾਰ ਚੱਕਰ ਅਤੇ ਵਿਆਹ ਦਾ ਗਹਿਰਾ ਆਪਸੀ ਸੰਬੰਧ ਹੈ। ਇਸ ਚੱਕਰ ਵਿੱਚ ਪਹਿਲੇ ਬੱਚੇ ਦੇ ਜਨਮ ਤੋਂ ਦੂਜੀ ਅਵਸਥਾ ਆਰੰਭ ਹੋ ਜਾਂਦੀ ਹੈ, ਅਤੇ ਮੌਤ ਅਤੇ ਪਰਿਵਾਰ ਦੀ ਸੰਪਤੀ ਦਾ ਔਪਚਾਰਿਕ ਵਿਭਾਜਨ ਹੋਰ ਮਹੱਤਵਪੂਰਣ ਘਟਨਾਵਾਂ ਹਨ। ਭਾਰਤੀ ਪਰਿਵਾਰ ਵਿੱਚ ਬੱਚਿਆਂ ਦੇ ਵਿਆਹ ਮਹੱਤਵਪੂਰਣ ਹਨ ਕਿਉਂਕਿ ਇਨਾਂ ਨਾਲ ਦੋ ਪਰਿਵਾਰਾਂ ਦੀ ਸਥਿਤੀ ਦਾ ਸੰਕੇਤ ਪ੍ਰਾਪਤ ਹੁੰਦਾ ਹੈ। ਮੈਂਡੇਲਬਾਮ ਦੇ ਅਨੁਸਾਰ ਵਿਆਹ ਵਿੱਚ ਪਰਿਵਾਰ ਦੇ ਸਮਾਜਿਕ ਸੰਸਾਧਨਾਂ ਦਾ ਜੁਟਾਵ ਹੁੰਦਾ ਹੈ। ਵਿਆਹ ਦੁਆਰਾ ਮੈਂਬਰ ਨਾਤੇਦਾਰੀ ਉੱਤੇ ਆਧਾਰਿਤ ਸੰਬੰਧਾਂ ਦਾ ਪੁਨਰਨਵੀਕਰਣ ਕਰਦੇ ਹਨ ਜਾਂ ਬੰਧੁਤਾ ਦੇ ਨਵੇਂ ਸੰਬੰਧ ਸਥਾਪਿਤ ਕਰਦੇ ਹਨ। ਵਿਆਹ ਵਿੱਚ ਉਪਹਾਰਾਂ ਦੀ ਭੇਂਟ, ਸੇਵਾ ਅਰਪਣ ਅਤੇ ਉਚਿਤ ਭਾਗੀਦਾਰੀ ਦੁਆਰਾ ਬੰਧੁਜਨ ਸੰਬੰਧ ਅਤੇ ਗੈਰ-ਬੰਧੁਜਨਾਂ ਨਾਲ ਮੇਲਜੋਲ ਦੇ ਆਧਾਰ ਤੇ ਅਸੀਂ ਵਿਆਹ ਦੇ ਸੰਰਚਨਾਤਮਕ ਪਹਿਲੂ ਨੂੰ ਸਮਝ ਸਕਦੇ ਹਾਂ। ਅੱਜ ਮੱਧਵਰਗੀ ਪਰਿਵਾਰਾਂ ਵਿੱਚ ਵਿਸ਼ੇਸ਼ ਕਰ ਕੇ ਲੜਕੀ ਦੇ ਬਾਰੇ ਵਿੱਚ ਵਿਆਹ ਲਈ ਵਿਅਕਤੀਗਤ ਅਤੇ ਪਰਿਵਾਰਿਕ ਸੂਚਨਾ ਚਾਰਟ ਤਿਆਰ ਕਰਨਾ ਆਮ ਗੱਲ ਹੋ ਗਈ ਹੈ। ਨਿਮਨਲਿਖਿਤ ਉਦਾਹਰਣ ਦੁਆਰਾ ਲੜਕੀ ਦੇ ਪਰਿਵਾਰ ਦੀ ਸਥਿਤੀ ਨੂੰ ਸਮਝਿਆ ਜਾ ਸਕਦਾ ਹੈ-

ਨਾਮ : ਰਾਣੀ ਗੁਪਤਾ

ਉਮਰ : 23 ਸਾਲ

ਲੰਬਾਈ : 155 ਸੈਂਟੀਮੀਟਰ, ਵਜ਼ਨ 45 ਕਿਲੋਗ੍ਰਾਮ, ਪਤਲੀ ਦੁਬਲੀ ਪ੍ਰੰਤੂ ਚੰਗੀ ਸਿਹਤ, ਚੰਗੇ ਨਾਕ-ਨਕਸ਼ ਅਤੇ ਸੁੰਦਰ, ਸਿੱਖਿਆ ਵਿੱਚ ਬਹੁਤ ਤੇਜ਼, ਭੋਜਨ ਪਕਾਉਣ, ਸਿਲਾਈ, ਕਢਾਈ ਅਤੇ ਘਰੇਲੂ ਕੰਮਾਂ ਵਿੱਚ ਨਿਪੁੰਨ, ਪ੍ਰਗਤੀਸ਼ੀਲ ਵਿਚਾਰ। ਆਰੰਭ ਤੋਂ ਐਮ. ਏ. ਤੱਕ ਪ੍ਰਥਮ ਸ਼੍ਰੇਣੀ ਵਿੱਚ ਪਾਸ, ਐਮ. ਏ. ਅਰਥਸ਼ਾਸਤਰ, ਸ਼ੋਧ ਕੰਮ ਵਿੱਚ ਲੱਗੀ ਹੋਈ।

ਆਪਣੀ ਹੀ ਜਾਤੀ ਦੇ ਜੀਵਨ ਸਾਥੀ ਨੂੰ ਪਹਿਲ, ਪ੍ਰੰਤੂ ਉੱਚ ਪ੍ਰਸਥਿਤੀ ਦੇ ਵਿਅਕਤੀਆਂ ਲਈ ਜਾਤੀ ਬੰਧਨ ਨਹੀਂ। ਪਰਿਵਾਰਿਕ ਪੁਸ਼ਠਭੂਮੀ : ਪਿਤਾ ਉੱਚ ਸ਼੍ਰੇਣੀ ਦੇ ਵਕੀਲ, ਵੱਡਾ ਭਾਈ ਅਧਿਸ਼ਾਸੀ ਇੰਜੀਨਿਅਰ, ਦੋ ਵੱਡੀਆਂ ਭੈਣਾਂ ਵਿਵਾਹਿਤ ਅਤੇ ਮੈਡੀਕਲ ਡਾਕਟਰ ਦੇ ਕੰਮ ਵਿੱਚ, ਜੰਵਾਈ ਪ੍ਰਸਿੱਧ ਕਾਰੋਬਾਰੀ। ਸ਼ਹਿਰ ਵਿੱਚ ਆਪਣਾ ਮਕਾਨ, ਉੱਤਮ ਵਿਆਹ।

ਇਸ ਤਰਾਂ, ਵਿਆਹ ਸੰਬੰਧ ਵਿੱਚ ਪਰਿਵਾਰ ਦੀ ਸਥਿਤੀ ਦੀ ਜਾਂਚ ਹੁੰਦੀ ਹੈ, ਅਤੇ ਵਿਸ਼ੇਸ਼ ਕਰ ਕੇ ਲੜਕੀ ਦੇ ਪਰਿਵਾਰ ਦੁਆਰਾ ਲੜਕੇ ਦੇ ਪਰਿਵਾਰ, ਨਾਤੇਦਾਰਾਂ, ਪੜੋਸੀਆਂ ਅਤੇ ਮਿੱਤਰਾਂ ਦੀਆਂ ਇੱਛਾਵਾਂ ਦੇ ਅਨੁਸਾਰ ਵਿਆਹ ਵਿੱਚ ਖਰਚ ਕਰਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਗੱਲ ਸਹੀ ਹੈ ਕਿ ਜੇਕਰ ਇੱਕ ਖੇਤਰ ਵਿੱਚ ਉੱਚ ਪ੍ਰਤਿਸ਼ਠਾਵਾਨ ਪਰਿਵਾਰ ਨਾਲ ਵਿਆਹ ਸੰਬੰਧ ਸਥਾਪਿਤ ਹੋ ਜਾਂਦਾ ਹੈ ਤਾਂ ਉਸ ਪਰਿਵਾਰ ਦੀ ਸਥਿਤੀ ਉੱਪਰ ਉਠ ਜਾਂਦੀ ਹੈ।

### 3.2.2 ਹਿੰਦੂ ਵਿਆਹ ਇੱਕ ਧਾਰਮਿਕ ਸੰਸਕਾਰ ਦੇ ਰੂਪ ਵਿੱਚ

ਉਪਰੋਕਤ ਕਾਰਕਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀ ਅਸੀਂ ਕਹਿ ਸਕਦੇ ਹਾਂ ਕਿ ਹਿੰਦੂ ਵਿਆਹ ਇੱਕ ਧਾਰਮਿਕ ਸੰਸਕਾਰ ਹੈ? ਧਰਮ, ਪ੍ਰਜਾ (ਪ੍ਰਜਣਨ) ਅਤੇ ਰਤਿ (ਆਨੰਦ) ਹਿੰਦੂ ਵਿਆਹ ਦੇ ਉਦੇਸ਼ ਹਨ। ਵਿਆਹ ਦੇ ਉਦੇਸ਼ਾਂ ਵਿੱਚ ਯੌਨ ਦਾ ਤੀਜਾ ਸਥਾਨ ਹੈ। ਧਰਮ ਦਾ ਸਥਾਨ ਪਹਿਲਾ ਅਤੇ ਸਰਵ-ਉੱਚ ਹੈ। ਪ੍ਰਜਣਨ ਨੂੰ ਦੂਜਾ ਸਥਾਨ ਦਿੱਤਾ ਗਿਆ ਹੈ। ਪਿਤਾ ਨੂੰ ਨਰਕ ਵਿੱਚ ਜਾਣ ਤੋਂ ਰੋਕਣ ਲਈ ਪੁੱਤਰ ਪ੍ਰਾਪਤ ਕਰਨਾ ਵੀ ਵਿਆਹ ਦਾ ਇੱਕ ਉਦੇਸ਼ ਹੈ। ਵਿਆਹ ਦੇ ਸਮੇਂ ਪੰਚ ਮਹਾਂਯੱਗ ਕਰਣ ਲਈ ਪਵਿੱਤਰ ਅਗਨੀ ਪ੍ਰਜੱਵਲਿਤ ਕੀਤੀ ਜਾਂਦੀ ਹੈ। ਇੱਕ ਮਰਦ ਨੂੰ ਜੀਵਨ ਭਰ ਆਪਣੀ ਪਤਨੀ ਨਾਲ ਪੂਜਾ ਕਰਨੀ ਪੈਂਦੀ ਹੈ। ਇਸ ਤਰਾਂ ਵਿਆਹ ਮੁੱਖ ਤੌਰ ਤੇ ਵਿਅਕਤੀ ਦੇ ਧਰਮ ਅਤੇ ਉਸ ਦੇ ਫਰਜ਼ਾਂ ਨੂੰ ਪੂਰਾ ਕਰਣ ਲਈ ਹੈ।

ਕਾਪੜੀਆ ਦੇ ਅਨੁਸਾਰ ਵਿਆਹ ਸੰਪੰਨ ਕਰਣ ਲਈ ਹੋਮ ਜਾਂ ਪਵਿੱਤਰ ਅਗਨੀ ਵਿੱਚ ਪੂਜਾ ਕਰਨਾ, ਪਾਣਿਗ੍ਰਹਿਣ ਜਾਂ ਵਧੂ ਦਾ ਹੱਥ ਪਕੜਨਾ ਅਤੇ ਸਪਤਪਦੀ ਜਾਂ ਵਰ-ਵਧੂ ਦਾ ਸੱਤ ਕਦਮ ਇੱਕਠੇ ਜਾਣਾ ਮੁੱਖ ਧਾਰਮਿਕ ਕਾਰਜ ਹਨ। ਪਵਿੱਤਰ ਅਗਨੀ ਦੀ ਗਵਾਹੀ ਵਿੱਚ ਵੈਦਿਕ ਮੰਤਰ-ਉੱਚਾਰਣ ਦੁਆਰਾ ਇਨਾਂ ਧਾਰਮਿਕ ਕਾਰਜਾਂ ਨੂੰ ਪੂਰਾ ਕੀਤਾ ਜਾਂਦਾ ਹੈ ਕਿਉਂਕਿ ਔਰਤ ਦੇ ਲਈ ਵਿਆਹ ਜ਼ਰੂਰੀ ਸਮਝਿਆ ਜਾਦਾ ਹੈ ਅਤੇ ਉਸ ਨੂੰ ਜੀਵਨ ਭਰ ਆਪਣੇ ਪਤੀ ਦੇ ਨਾਲ ਧਾਰਮਿਕ ਕਾਰਜ ਪੂਰੇ ਕਰਨੇ ਪੈਂਦੇ ਹਨ। ਹਿੰਦੂ ਵਿਆਹ ਇੱਕ ਧਾਰਮਿਕ ਕਾਰਜ, ਅਖੰਡ ਹੋਣ ਦੇ ਕਾਰਣ ਵੀ ਹੈ, ਆਪਣੀ ਮਰਜ਼ੀ ਨਾਲ ਦੋਵੇਂ ਪੱਖ ਵਿਆਹ ਨੂੰ ਵਿਸਰਜਿਤ ਨਹੀਂ ਕਰ ਸਕਦੇ। ਕਿਉਂਕਿ ਵਿਆਹ ਅਵਿਸਰਜਨਿਕ ਹੈ, ਪਤੀ ਪਤਨੀ ਨੂੰ ਇੱਕ ਦੂਜੇ ਲਈ ਤਿਆਗ ਕਰਦੇ ਹੋਏ ਆਪਣੀਆਂ ਆਦਤਾਂ, ਮਿਜਾਜ਼, ਆਦਰਸ਼ਾਂ ਅਤੇ ਹਿਤਾਂ ਨੂੰ ਵਿਵਸਥਿਤ ਕਰਨਾ ਪੈਂਦਾ ਹੈ। ਹਿੰਦੂ ਵਿਆਹ ਕੋਈ ਸਾਧਾਰਣ ਘਟਨਾ ਨਹੀਂ ਹੈ, ਇਹ ਜੀਵਨ ਭਰ ਲਈ ਸਮਝੌਤਾ ਅਤੇ ਵਿਵਸਥਾਪਨ ਦੀ ਸੰਸਥਾ ਹੈ।

ਵਿਆਹ ਪਰਿਵਾਰ ਅਤੇ ਸਮੁਦਾਏ ਦੇ ਪ੍ਰਤੀ ਇੱਕ ਸਮਾਜਿਕ ਕਰਤੱਵ ਹੈ, ਅਤੇ ਇਸ ਲਈ ਇਸ ਵਿੱਚ ਵਿਅਕਤੀ ਦਾ ਹਿਤ ਘੱਟ ਹੁੰਦਾ ਹੈ। ਪਤੀ ਪਤਨੀ ਕੇਵਲ ਵਿਅਕਤੀ ਨਹੀਂ ਹਨ, ਪ੍ਰੰਤੂ ਓਹ ਵਿਸ਼ਾਲ ਪਰਿਵਾਰ ਅਤੇ ਜਾਤੀ (ਸਮੁਦਾਏ) ਦੇ ਅੰਗ ਹਨ। ਪ੍ਰੰਤੂ ਪਤੀ ਪਤਨੀ ਆਪਣੀਆਂ ਜ਼ਿੰਮੇਦਾਰੀਆਂ ਅਤੇ ਵਿਸ਼ੇਸ਼ਾਧਿਕਾਰਾਂ ਵਿੱਚ ਕਦੇ ਵੀ ਸਮਾਨ ਨਹੀਂ ਰਹੇ ਹਨ। ਪਤਨੀ ਨੂੰ ਪਤੀਵ੍ਰਤਾ ਨਾਰੀ ਦਾ ਆਦਰਸ਼ ਮੰਨਣਾ ਪੈਂਦਾ ਹੈ, ਆਪਣੇ ਪਤੀ ਦੇ ਪ੍ਰਤੀ ਭਗਤੀ ਪ੍ਰਦਰਸ਼ਿਤ ਕਰਨੀ ਪੈਂਦੀ ਹੈ। ਇਸੇ ਆਦਰਸ਼ ਦੇ ਕਾਰਣ ਸਤੀ ਪ੍ਰਥਾ ਨੂੰ ਪ੍ਰੋਤਸਾਹਨ ਮਿਲਿਆ ਹੈ ਅਤੇ ਵਿਧਵਾ ਪੁਨਰਵਿਆਹ ਨੂੰ ਬੁਰਾ ਮੰਨਿਆ ਜਾਂਦਾ ਹੈ। ਅੱਜ ਇਸ ਸਥਿਤੀ ਵਿੱਚ ਬਹੁਤ ਪਰਿਵਰਤਨ ਆ ਚੁਕਾ ਹੈ। 1955 ਦੇ ਹਿੰਦੂ ਵਿਆਹ ਅਧਿਨਿਯਮ, ਸਮਾਜਿਕ-ਸੰਸਕ੍ਰਿਤਿਕ ਚੇਤਨਾ, ਸਿੱਖਿਆ ਅਤੇ ਸ਼ਹਿਰੀ ਰੁਜ਼ਗਾਰ ਆਦਿ ਦੇ ਕਾਰਣ ਹਿੰਦੂ ਵਿਆਹ ਦੇ ਧਾਰਮਿਕ ਭਾਵ ਵਿੱਚ ਕਮੀ ਆਈ ਹੈ। ਲੋਕ ਤਲਾਕ ਨੂੰ ਸਵੀਕਾਰ ਕਰਣ

ਲੱਗੇ ਹਨ। ਵਿਧਵਾ ਪੁਨਰਵਿਆਹ ਵੀ ਅਧਿਕ ਹੋਣ ਲੱਗੇ ਹਨ। ਔਰਤਾਂ ਪੁਰਸ਼ਾਂ ਦੇ ਬਰਾਬਰ ਸਥਿਤੀ ਦੀ ਮੰਗ ਕਰਨ ਲੱਗੀਆਂ ਹਨ। ਇਨਾਂ ਪਰਿਵਰਤਨਾਂ ਤੋਂ ਬਾਅਦ ਵੀ ਬਹੁਤ ਸੀਮਾ ਤੱਕ ਧਾਰਮਿਕਤਾ ਵਿਆਹ ਨਾਲ ਜੁੜੀ ਹੋਈ ਹੈ।

ਟਾਸਕ ਵਿਆਹ ਦੇ ਪਿੱਛੇ ਕੀ ਅਭਿਪ੍ਰੇਰਣਾਵਾਂ ਹਨ?

### 3.2.3 ਮੁਸਲਿਮ ਵਿਆਹ

ਇਹ ਕਿਹਾ ਜਾਂਦਾ ਹੈ ਕਿ ਮੁਸਲਮਾਨਾਂ ਵਿੱਚ ਵਿਆਹ ਇੱਕ ਸਮਝੌਤਾ ਹੈ ਨਾ ਕਿ ਹਿੰਦੂਆਂ ਦੀ ਤਰਾਂ ਇੱਕ ਧਾਰਮਿਕ ਕਾਰਜ। ਮੁਸਲਮਾਨਾਂ ਵਿੱਚ ਵਿਆਹ ਦੇ ਦੋ ਪ੍ਰਕਾਰ ਹਨ: (1) ਨਿਕਾਹ, ਅਤੇ (2) ਮੁਕਤਾ। ਨਿਕਾਹ ਵਿਆਹ ਦੇ ਅੰਤਰਗਤ ਔਰਤ ਆਪਣੇ ਪਤੀ ਦੇ ਨਾਲ ਰਹਿੰਦੀ ਹੈ ਅਤੇ ਬੱਚੇ ਪਤੀ ਦੇ ਵੰਸ਼ ਨਾਲ ਜੁੜੇ ਰਹਿੰਦੇ ਹਨ। ਤਲਾਕ ਪਤੀ ਦਾ ਇੱਕ ਮਾਤਰ ਵਿਸ਼ੇਸ਼ਾਧਿਕਾਰ ਹੈ। ਮੁਕਤਾ ਵਿਆਹ ਵਿੱਚ ਦੋਹਾਂ ਪੱਖਾਂ ਦੀ ਆਪਸੀ ਸਵੀਕ੍ਰਿਤੀ ਲਈ ਜਾਂਦੀ ਹੈ। ਸਮਝੌਤਾ ਇੱਕ ਨਿਸ਼ਚਿਤ ਸਮੇਂ ਲਈ ਹੁੰਦਾ ਹੈ ਅਤੇ ਸਮਝੌਤੇ ਦੀ ਅਵਧੀ ਵਿੱਚ ਪਤਨੀ ਨੂੰ ਆਪਣੇ ਪਤੀ ਨੂੰ ਤਲਾਕ ਦੇਣ ਦਾ ਅਧਿਕਾਰ ਨਹੀਂ ਹੈ। ਨਿਕਾਹ ਵਿਆਹ ਨੂੰ ਚੰਗਾ ਸਮਝਿਆ ਜਾਂਦਾ ਹੈ, ਅਤੇ ਇਸਲਾਮੀ ਕਾਨੂੰਨ ਵਿੱਚ ਮੁਕਤਾ ਨੂੰ ਖਰਾਬ ਮੰਨਿਆ ਜਾਂਦਾ ਹੈ। ਹਿੰਦੂ ਵਿਆਹ ਦੀ ਤਰਾਂ ਮੁਸਲਿਮ ਵਿਆਹ ਵਿੱਚ ਵਿਸਤ੍ਰਿਤ ਧਾਰਮਿਕ ਕ੍ਰਿਆਵਾਂ ਨਹੀਂ ਹੁੰਦੀਆਂ ਹਨ।

ਮੁਕਤਾ ਵਿਆਹ ਨੂੰ ਕਾਲਦੋਸ਼ ਮੰਨਦੇ ਹੋਏ ਇਸਲਾਮ ਨੇ ਬੁਰਾ ਮੰਨਿਆ ਹੈ ਕਿਓਂਕਿ ਇਸ ਵਿਆਹ ਦੁਆਰਾ ਔਰਤ ਨੂੰ ਉਸ ਦੇ ਯੌਨ ਜੀਵਨ ਵਿੱਚ ਅਧਿਕ ਸੁਤੰਤਰਤਾ ਮਿਲਦੀ ਹੈ। ਮੁਕਤਾ ਦੁਆਰਾ ਵਿਆਹ ਦੀ ਸਥਿਰਤਾ ਵੀ ਵਧੀ ਹੈ। ਕਾਪੜੀਆ ਦੇ ਅਨੁਸਾਰ, ਮੁਸਲਿਮ ਵਿਆਹ ਇੱਕ ਸੰਵਿਦਾ ਸੀ ਜੋ ਇੱਕ ਵਾਲੀ ਦੀ ਉਪਸਥਿਤੀ ਵਿੱਚ ਉਸ ਦੀ ਸਵੀਕ੍ਰਿਤੀ ਅਤੇ ਦੋ ਸਾਥੀਆਂ ਦੇ ਸਤਿਆਪਨ ਦੁਆਰਾ ਹੁੰਦਾ ਸੀ। ਮੁਕਤਾ ਵਿਆਹ ਵਿੱਚ ਵਿਅਕਤੀਗਤ ਸੰਵਿਦਾ ਹੋਣ ਦੇ ਕਾਰਣ ਨਾ ਤਾਂ ਵਾਲੀ ਦੀ ਜ਼ਰੂਰਤ ਸੀ ਅਤੇ ਨਾ ਹੀ ਕਿਸੇ ਗਵਾਹੀ ਦੀ। ਇਸਲਾਮ ਵਿੱਚ ਸਿਰਫ ਪੁਰਸ਼ ਨੂੰ ਹੀ ਤਲਾਕ ਦਾ ਅਧਿਕਾਰ ਹੈ, ਅਤੇ ਇਹ ਮੁਸਲਿਮ ਵਿਅਕਤੀਗਤ ਕਾਨੂੰਨ ਦਾ ਇੱਕ ਅੰਗ ਸਮਝਿਆ ਜਾਂਦਾ ਹੈ। ਮੁਸਲਮਾਨਾਂ ਵਿੱਚ ਵਿਆਹ ਲੜਕੀ ਦੇ ਪਿਤਾ ਜਾਂ ਕਿਸੇ ਬੰਧੂਜਨ ਨੂੰ ਮੇਹਰ (ਵਧੂ-ਸ਼ੁਲਕ) ਦੇਣ ਤੇ ਹੀ ਕੀਤਾ ਜਾਂਦਾ ਹੈ। ਮੇਹਰ ਪਤਨੀ ਉੱਤੇ ਪਤੀ ਦੇ ਨਿਯੰਤਰਣ ਅਤੇ ਉਸ ਦੇ ਤਲਾਕ ਦੇਣ ਦੇ ਅਧਿਕਾਰ ਦਾ ਪ੍ਰਤੀਕ ਹੈ। ਅੱਜ ਸਿੱਖਿਆ ਅਤੇ ਆਰਥਿਕ ਸੁਤੰਤਰਤਾ ਦੇ ਫਲਸਰੂਪ ਮੁਸਲਮਾਨ ਔਰਤਾਂ ਆਪਣੇ ਮਰਦਾਂ ਦੇ ਬਰਾਬਰ ਸਮਾਨਤਾ ਦੀ ਮੰਗ ਕਰ ਰਹੀਆਂ ਹਨ। ਸਿੱਖਿਅਤ ਮੁਸਲਿਮ ਯੁਵਕ ਰੂੜੀਵਾਦੀ ਮੁਸਲਿਮ ਧਰਮ ਗੁਰੂਆਂ ਨੂੰ ਚੁਨੌਤੀ ਦੇ ਰਹੇ ਹਨ। ਪਹਿਲਾਂ ਦੀ ਤਰਾਂ ਅੱਜ ਇੱਕ ਮੁਸਲਮਾਨ ਮਰਦ ਲਈ ਆਪਣੀ ਪਤਨੀ ਨੂੰ ਮਨਮਰਜ਼ੀ ਨਾਲ ਛੱਡ ਦੇਣਾ ਜਾਂ ਤਲਾਕ ਦੇਣਾ ਆਸਾਨ ਨਹੀਂ ਹੈ। ਅੱਜ ਪਹਿਲਾਂ ਤੋਂ ਕਿਤੇ ਅਧਿਕ ਵਿਆਹ ਦੀ ਸਥਿਰਤਾ ਅਤੇ ਔਰਤ-ਮਰਦ ਦੀ ਸਮਾਨਤਾ ਉੱਤੇ ਬਲ ਦਿੱਤਾ ਜਾਂਦਾ ਹੈ।

### ਸਵ-ਮੁੱਲਾਂਕਣ (Self Assessment)

1. **ਸਹੀ ਵਿਕਲਪ ਚੁਣੋ (Choose the correct option)–**

   (*i*) ਕਿਸ ਦੇ ਅਨੁਸਾਰ ਵਿਆਹ ਇੱਕ ਵਿਭਾਜਨ ਰੇਖਾ ਹੈ ਜੋ ਕਿ ਜਣਕ ਪਰਿਵਾਰ ਅਤੇ ਜਣਨ ਪਰਿਵਾਰ ਦੇ ਵਿੱਚ ਦੋਹਾਂ ਪਰਿਵਾਰਾਂ ਵਿੱਚ ਵਿਅਕਤੀ ਦੀ ਭੂਮਿਕਾ ਦੇ ਸੰਦਰਭ ਵਿੱਚ ਖਿੱਚੀ ਗਈ ਹੈ–

   (*a*) ਕਰੂਸ (*b*) ਬਲਡ (*c*) ਲਾਂਜ (*d*) ਇਨਾਂ ਵਿੱਚੋਂ ਕੋਈ ਨਹੀਂ।

   (*ii*) ਕਿਸ ਨੇ ਵਿਕਤਿੱਤਵ ਸੰਤੁਸ਼ਟੀ ਨੂੰ ਵਿਆਹ ਦਾ ਉਦੇਸ਼ ਨਹੀਂ ਮੰਨਿਆ ਹੈ–

   (*a*) ਮਜੂਮਦਾਰ (*b*) ਬੋਮੈਨ (*c*) ਕਰੂਸ (*d*) ਇਨਾਂ ਵਿੱਚੋਂ ਕੋਈ ਨਹੀਂ।

   (*iii*) ਵਿਸ਼ੇਸ਼ ਵਿਆਹ ਅਧਿਨਿਯਮ ਕਦੋਂ ਪਾਰਿਤ ਕੀਤਾ ਗਿਆ ਸੀ–

   (*a*) 1870 (*b*) 1872 (*c*) 1874 (*d*) ਇਨਾਂ ਵਿੱਚੋਂ ਕੋਈ ਨਹੀਂ।

   (*iv*) ਹਿੰਦੂ ਵਿਆਹ ਦੇ ਉਦੇਸ਼ ਹਨ–

   (*a*) ਧਰਮ (*b*) ਪ੍ਰਜਾ (*c*) ਰਤਿ (*d*) ਉਪਰੋਕਤ ਸਾਰੇ।

   (*v*) ਕਿਸ ਅਧਿਨਿਯਮ ਵਿੱਚ ਜਾਤੀ, ਅੰਤਰ-ਵਿਆਹ ਅਤੇ ਗੋਤ ਬਾਹਰੀ ਵਿਆਹ ਦੇ ਨਿਯਮਾਂ ਨੂੰ ਪੂਰੀ ਤਰਾਂ ਨਕਾਰ ਦਿੱਤਾ ਗਿਆ ਹੈ–

   (*a*) ਵਿਸ਼ੇਸ਼ ਵਿਆਹ ਅਧਿਨਿਯਮ (*b*) ਹਿੰਦੂ ਵਿਆਹ ਅਧਿਨਿਯਮ

   (*c*) ਮੁਸਲਿਮ ਵਿਆਹ ਅਧਿਨਿਯਮ (*d*) ਉਪਰੋਕਤ ਸਾਰੇ।

ਨੋਟ

## 3.3 ਮੁਸਲਿਮ ਅਤੇ ਇਸਾਈ ਵਿਆਹ ਅਤੇ ਓਨਾਂ ਦੀ ਬਦਲਦੀ ਪ੍ਰਵਿੱਤੀ (Muslim and Christian Marriage and their changing trends)

ਮੁਸਲਿਮ ਵਿਆਹ ਦਾ ਵਿਵੇਚਨ ਕਰਣ ਤੋਂ ਪਹਿਲਾਂ ਮੁਸਲਿਮ ਸਮਾਜ ਦੇ ਵਿਵਿਧ ਸਮੂਹਾਂ ਵਿੱਚ ਸਤਰੀਕਰਣ ਦਾ ਗਿਆਨ ਜ਼ਰੂਰੀ ਹੈ। ਵਿਸ਼ਾਲ ਰੂਪ ਵਿੱਚ ਮੁਸਲਿਮ ਸਮਾਜ 'ਸ਼ੀਆ' ਅਤੇ 'ਸੁੰਨੀ' ਦੋ ਸ਼੍ਰੇਣੀਆਂ ਵਿੱਚ ਵਿਭਾਜਿਤ ਹੈ। ਹਜ਼ਰਤ ਮੁਹੰਮਦ ਦੀ ਮੌਤ ਤੋਂ ਬਾਅਦ ਜਦੋਂ ਓਨਾਂ ਦੇ ਅਨੁਯਾਈਆਂ ਦੇ ਸਾਹਮਣੇ ਓਨਾਂ ਦੇ ਉੱਤਰਾਧਿਕਾਰੀ ਦੀ ਸਮੱਸਿਆ ਆਈ ਤਾਂ ਕੁਝ ਲੋਕਾਂ ਨੇ ਇੱਛਾ ਵਿਅਕਤ ਕੀਤੀ ਕਿ 'ਇਮਾਮਤ' ਹਜ਼ਰਤ ਸਾਹਿਬ ਦੇ ਪਰਿਵਾਰ ਜਾਂ ਓਨਾਂ ਦੇ ਦੁਆਰਾ ਮਨੋਨੀਤ ਵਿਅਕਤੀ ਤੱਕ ਸੀਮਿਤ ਰਹੇ, ਜਦੋਂ ਕਿ ਦੂਜੇ ਲੋਕਾਂ ਦੀ ਮਾਨਤਾ ਸੀ ਕਿ ਇਹ 'ਜਮਾਤ' ਦੇ ਲੋਕਾਂ ਦੁਆਰਾ ਚੁਨਾਵ ਦੇ ਸਿਧਾਂਤ ਉੱਤੇ ਆਧਾਰਿਤ ਹੋਣੀ ਚਾਹੀਦੀ ਹੈ। "ਸੁੰਨੀ" ਲੋਕ ਚੁਣੇ ਹੋਏ ਵਿਅਕਤੀ ਨੂੰ ਇਸਲਾਮ ਦਾ ਪ੍ਰਮੁੱਖ ਬਣਾਓਣਾ ਚਾਹੁੰਦੇ ਸਨ, ਜਦੋਂ ਕਿ "ਸ਼ੀਆ" ਲੋਕ ਹਜ਼ਰਤ ਮੁਹੰਮਦ ਦੁਆਰਾ ਮਨੋਨੀਤ ਵਿਅਕਤੀ ਨੂੰ ਹੀ ਇਸ ਪਦ ਦਾ ਦਾਵੇਦਾਰ ਬਣਾਓਣਾ ਚਾਹੁੰਦੇ ਸਨ। ਇਸ ਤਰਾਂ ਸ਼ੀਆ ਅਤੇ ਸੁੰਨੀ ਦਾ ਉਦਭਵ ਇਸ ਵਿਵਾਦ ਦਾ ਹੀ ਪ੍ਰਤੀਫਲ ਸੀ ਅਤੇ ਹਿੰਦੂ ਸਮਾਜ ਦੀ ਤਰਾਂ ਵਿਵਿਧ ਜਾਤੀਆਂ ਦੇ ਉਦਭਵ ਵਿੱਚ ਪ੍ਰਜਾਤੀ ਜਾਂ ਕਾਰੋਬਾਰੀ ਕਾਰਕਾਂ ਤੋਂ ਇਨਾਂ ਨੂੰ ਕੁਝ ਲੈਣਾ ਦੇਣਾ ਨਹੀਂ ਸੀ। ਦੋਵੇਂ ਹੀ ਸਮੂਹ ਕੁਝ ਖੇਤਰਾਂ ਵਿੱਚ ਭਿੰਨ ਸਮਾਜਿਕ ਪ੍ਰਥਾਵਾਂ ਅਤੇ ਮਾਨਤਾਵਾਂ ਦਾ ਪਾਲਣ ਕਰਦੇ ਹਨ, ਪ੍ਰੰਤੂ ਸੁੰਨੀ ਕਾਨੂੰਨ ਹੀ ਭਾਰਤ ਵਿੱਚ ਲਾਗੂ ਹੁੰਦਾ ਹੈ ਕਿਓਂਕਿ ਸ਼ੀਆ ਸੰਪਰਦਾਏ ਦੀ ਸੰਖਿਆ ਬਹੁਤ ਹੀ ਘੱਟ ਹੈ।

ਉਪਰੋਕਤ ਵਰਗੀਕਰਣ ਤੋਂ ਇਲਾਵਾ ਮੁਸਲਿਮ ਤਿੰਨ ਹੋਰ ਸਮੂਹਾਂ ਵਿੱਚ ਵੀ ਵਿਭਾਜਿਤ ਹਨ: ਅਸ਼ਰਫ, ਅਜਲਬ ਅਤੇ ਅਰਜ਼ਲ। ਸੈਯਦ (ਜੋ ਆਪਣਾ ਉਦਭਵ ਹਜ਼ਰਤ ਮੁਹੰਮਦ ਦੀ ਬੇਟੀ ਫਾਤਿਮਾ ਤੋਂ ਮੰਨਦੇ ਹਨ), ਸ਼ੇਖ, ਪਠਾਣ ਅਤੇ ਕੁਝ ਹੋਰ "ਅਸ਼ਰਫ" ਸਮੂਹ ਨਾਲ ਸੰਬੰਧਿਤ ਹਨ; ਮੋਮਿਨ (ਜੁਲਾਹੇ), ਮੰਸੂਰੀ (ਰੂਈ ਧੁਣਨ ਵਾਲੇ), ਇਬ੍ਰਾਹਿਮ (ਨਾਈ), ਆਦਿ "ਅਜ਼ਲਬ" ਸਮੂਹ ਨਾਲ ਸੰਬੰਧਿਤ ਹਨ; ਅਤੇ ਹਲਾਲਖੋਰ ਆਦਿ "ਅਰਜ਼ਲ" ਸਮੂਹ ਨਾਲ ਸੰਬੰਧਿਤ ਹੁੰਦੇ ਹਨ। ਅਸ਼ਰਫ ਕੁਲੀਨ ਮੰਨੇ ਜਾਦੇ ਹਨ, ਅਜ਼ਲਬ ਨਿਮਨ ਜਨਮ ਦੇ ਹੁੰਦੇ ਹਨ, ਅਤੇ ਅਰਜ਼ਲ ਹਿੰਦੂਆਂ ਵਿੱਚ ਅਛੂਤਾਂ ਦੀ ਤਰਾਂ ਹੁੰਦੇ ਹਨ, ਇੱਥੋਂ ਤੱਕ ਕਿ ਮਸਜਿਦਾਂ ਵਿੱਚ ਓਨਾਂ ਦਾ ਪ੍ਰਵੇਸ਼ ਵਰਜਿਤ ਹੁੰਦਾ ਹੈ। ਨਾ ਹੀ ਓਨਾਂ ਨੂੰ ਸਾਰਵਜਨਿਕ ਕਬਰਗਾਹ ਦੇ ਪ੍ਰਯੋਗ ਦੀ ਆਗਿਆ ਹੈ। ਇਹ ਵਰਗੀਕਰਣ ਵੀ ਵਿਸ਼ੁੱਧ ਸਮਾਜਿਕ -ਆਰਥਿਕ ਆਧਾਰ ਉੱਤੇ ਆਧਾਰਿਤ ਹੈ ਨਾ ਕਿ ਧਰਮ ਉੱਤੇ।

ਇੱਕ ਪਾਸੇ ਸ਼ੀਆ ਅਤੇ ਸੁੰਨੀ ਅਤੇ ਦੂਜੇ ਪਾਸੇ ਅਸ਼ਰਫ, ਅਜ਼ਲਬ ਅਤੇ ਅਰਜ਼ਲ ਅੰਤਰਵਿਵਾਹੀ (endogamous) ਸਮੂਹ ਹੁੰਦੇ ਹਨ। ਚਾਹੇ ਇਨਾਂ ਸਮੂਹਾਂ ਵਿੱਚ ਆਪਸ ਵਿੱਚ ਵਿਆਹ ਦੀ ਨਿੰਦਾ ਨਹੀਂ ਕੀਤੀ ਜਾਦੀ ਪ੍ਰੰਤੂ ਇਸ ਤਰਾਂ ਦੇ ਵਿਆਹ ਨੂੰ ਨਿਰਉਤਸਾਹਿਤ ਕੀਤਾ ਜਾਦਾ ਹੈ। ਸੁੰਨੀਆਂ ਵਿੱਚ ਵਰ ਦੀ ਸਮਾਜਿਕ ਹੀਣਤਾ ਵਿਆਹ ਦੇ ਰੱਦ ਕੀਤੇ ਜਾਣ ਦਾ ਆਧਾਰ ਹੋ ਸਕਦੀ ਹੈ, ਚਾਹੇ ਸ਼ਿਆਵਾਂ ਵਿੱਚ ਅਜਿਹਾ ਕੁਝ ਨਹੀਂ ਹੈ। ਸਤਰੀਕਰਣ ਦੇ ਉਪਰੋਕਤ ਆਧਾਰ ਉੱਤੇ ਹੁਣ ਅਸੀਂ ਮੁਸਲਿਮ ਵਿਆਹ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦਾ ਵਿਵੇਚਨ ਕਰ ਸਕਦੇ ਹਾਂ।

### 3.3.1 ਮੁਸਲਿਮ ਵਿਆਹ ਦੇ ਉਦੇਸ਼ ਅਤੇ ਲਕਸ਼

ਮੁਸਲਿਮ ਵਿਆਹ ਜਿਸ ਨੂੰ ਨਿਕਾਹ ਕਿਹਾ ਜਾਂਦਾ ਹੈ, ਹਿੰਦੂਆਂ ਦੇ ਵਿਆਹ ਦੀ ਤਰਾਂ ਪਵਿੱਤਰ ਸੰਸਕਾਰ ਨਾ ਹੋ ਕੇ ਇੱਕ ਦੀਵਾਨੀ ਸਮਝੌਤਾ (civil contract) ਮੰਨਿਆ ਜਾਂਦਾ ਹੈ। ਇਸ ਦੇ ਪ੍ਰਮੁੱਚ ਉਦੇਸ਼ ਹਨ: ਯੌਨ ਨਿਯੰਤਰਣ, ਗ੍ਰਹਿਸਥ ਜੀਵਨ ਨੂੰ ਵਿਵਸਥਿਤ ਕਰਨਾ, ਬੱਚਿਆਂ ਨੂੰ ਜਨਮ ਦੇ ਕੇ ਪਰਿਵਾਰ ਵਿੱਚ ਵਾਧਾ ਕਰਨਾ ਅਤੇ ਬੱਚਿਆਂ ਦਾ ਲਾਲਣ-ਪਾਲਣ ਕਰਨਾ। ਰੋਲੈਂਡ ਵਿਲਸਨ (1941) ਦੇ ਅਨੁਸਾਰ, ਮੁਸਲਿਮ ਵਿਆਹ ਯੌਨ ਸਮਾਗਮ ਨੂੰ ਵਿਧਾਨਿਕ ਬਣਾਓਣਾ ਅਤੇ ਬੱਚਿਆਂ ਨੂੰ ਜਨਮ ਦੇਣਾ ਮਾਤਰ ਹੈ। ਐਸ. ਸੀ. ਸਰਕਾਰ ਦਾ ਵੀ ਮੰਨਣਾ ਹੈ ਕਿ ਮੁਸਲਮਾਨਾਂ ਵਿੱਚ ਵਿਆਹ ਪਵਿੱਤਰ ਸੰਸਕਾਰ ਨਹੀਂ ਹੈ, ਬਲਕਿ ਇੱਕ ਵਿਸ਼ੁੱਧ ਦੀਵਾਨੀ ਸਮਝੌਤਾ ਹੈ। ਪ੍ਰੰਤੂ ਮੁਸਲਿਮ ਵਿਆਹ ਦਾ ਇਹ ਚਿੱਤਰ ਸਹੀ ਨਹੀਂ ਹੈ। ਇਹ ਕਹਿਣਾ ਨਿਸ਼ਚਿਤ ਰੂਪ ਨਾਲ ਗਲਤ ਹੈ ਕਿ ਮੁਸਲਿਮ ਵਿਆਹ ਦਾ ਇੱਕ ਮਾਤਰ ਉਦੇਸ਼ ਯੌਨ ਸੁਖ ਦੀ ਪੂਰਤੀ ਅਤੇ ਬੱਚਿਆਂ ਨੂੰ ਜਨਮ ਦੇਣਾ ਹੈ। ਮੁਸਲਿਮ ਵਿਆਹ ਇੱਕ ਧਾਰਮਿਕ ਕਰਤੱਵ ਵੀ ਹੇ। ਇਹ ਸ਼ਰਧਾ ਅਤੇ "ਇਬਾਦਤ" ਦੀ ਇੱਕ ਕ੍ਰਿਆ ਹੈ। ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੋ ਮੁਸਲਮਾਨ ਇਸ ਕਾਰਜ ਨੂੰ ਇੱਕ ਧਾਰਮਿਕ ਕ੍ਰਿਆ ਮੰਨ ਕੇ ਕਰਦਾ ਹੈ, ਉਸ ਨੂੰ ਪਰਲੋਕ ਵਿੱਚ ਇਨਾਮ ਮਿਲਦਾ ਹੈ ਅਤੇ ਜੋ ਅਜਿਹਾ ਨਹੀਂ ਕਰਦਾ, ਓਹ ਪਾਪ ਦਾ ਭਾਗੀਦਾਰ ਹੁੰਦਾ ਹੈ।ਇਸ ਨੂੰ "ਸੁੰਨਤ ਮੁਵੱਕਿਦਲ" (Sunnat Muwakkidal) ਕਹਿੰਦੇ ਹਨ (ਕਾਸ਼ੀ ਪ੍ਰਸਾਦ ਸਕਸੇਨਾ, 1959: 146)। ਜੰਗ (ਫ਼ਅਪ, 1953) ਇਹ ਮੰਨਣ ਵਿੱਚ ਅਧਿਕ ਸਹੀ ਹੈ ਕਿ ਨਿਕਾਹ ਚਾਹੇ ਜ਼ਰੂਰ ਹੀ ਇੱਕ ਸਮਝੌਤਾ ਹੈ, ਪ੍ਰੰਤੂ ਨਾਲ ਹੀ ਇਹ ਇੱਕ ਸ਼ਰਧਾ ਦਾ ਕੰਮ ਵੀ ਹੈ। ਪ੍ਰੰਤੂ ਮੁਸਲਿਮ ਵਿਆਹ ਚਾਹੇ ਇੱਕ ਧਾਰਮਿਕ ਕਰਤੱਵ ਹੈ, ਪ੍ਰੰਤੂ ਸਪਸ਼ਟ ਰੂਪ ਨਾਲ ਇਹ ਇੱਕ ਪਵਿੱਤਰ ਸੰਸਕਾਰ (Sacrament) ਨਹੀਂ ਹੈ। ਹਿੰਦੂ ਵਿਸ਼ਵਾਸ ਦੀ ਤਰਾਂ ਇਸ ਨੂੰ ਓਹ ਸੰਸਕਾਰ ਨਹੀਂ ਮੰਨਿਆ ਜਾ ਸਕਦਾ ਜੋ ਵਿਅਕਤੀ ਨੂੰ ਪਵਿੱਤਰਤਾ ਅਤੇ ਪੁੰਨ ਪ੍ਰਦਾਨ ਕਰਦਾ ਹੈ।

### 3.3.2 ਵਿਆਹ ਵਿਵਸਥਾ: ਪ੍ਰਮੁੱਖ ਵਿਸ਼ੇਸ਼ਤਾਵਾਂ

ਮੁਸਲਿਮ ਵਿਆਹ ਦੀ ਪਹਿਲੀ ਜ਼ਰੂਰਤ ਹੈ "ਪ੍ਰਸਤਾਵ ਰੱਖਣਾ" (proposal) ਅਤੇ ਉਸ ਦੀ "ਸਵੀਕ੍ਰਿਤੀ" (acceptance)। ਚਾਹੇ ਇਹ ਦੋਵੇਂ ਗੱਲਾਂ ਹਿੰਦੂ ਵਿਆਹ ਵਿੱਚ ਵੀ ਪਾਈਆਂ ਜਾਂਦੀਆਂ ਹਨ, ਪ੍ਰੰਤੂ ਇਹ ਕੇਵਲ ਵਿਆਹ ਸੰਬੰਧੀ ਗੱਲਬਾਤ ਨੂੰ ਅੱਗੇ ਵਧਾਓਣ ਲਈ ਹੁੰਦੀਆਂ ਹਨ, ਨਾ ਕਿ ਮੁਸਲਿਮ ਸਮਾਜ ਦੀ ਤਰਾਂ ਵਿਆਹ ਤੈਅ ਕਰਣ ਲਈ। ਦੁਲਹਾ ਦੋ ਗਵਾਹਾਂ

ਅਤੇ ਮੌਲਵੀ ਦੀ ਉਪਸਥਿਤੀ ਵਿੱਚ ਵਿਆਹ ਤੋਂ ਪਹਿਲਾਂ ਦੁਲਹਨ ਦੇ ਸਾਹਮਣੇ ਵਿਆਹ ਦਾ ਪ੍ਰਸਤਾਵ ਰੱਖਦਾ ਹੈ। ਇਹ ਜ਼ਰੂਰੀ ਹੈ ਕਿ "ਪ੍ਰਸਤਾਵ" ਅਤੇ "ਸਵੀਕ੍ਰਿਤੀ" ਇੱਕ ਹੀ ਬੈਠਕ (meeting) ਵਿੱਚ ਹੋਣ। ਇੱਕ ਬੈਠਕ ਵਿੱਚ ਪ੍ਰਸਤਾਵ ਅਤੇ ਦੂਜੀ ਬੈਠਕ ਵਿੱਚ ਸਵੀਕ੍ਰਿਤੀ "ਸਾਹੀ ਨਿਕਾਹ" (regular marriage) ਨਹੀਂ ਹੁੰਦੇ, ਚਾਹੇ ਇਹ ਵਿਆਹ "ਅਵੈਧਾਨਿਕ" ਨਹੀਂ ਹੁੰਦਾ। ਇਸ ਵਿਆਹ ਨੂੰ "ਅਨਿਯਮਿਤ" (irregular) ਜਾਂ "ਫਾਸਿਦ" (Fasid) ਮੰਨਿਆ ਜਾਂਦਾ ਹੈ। ਸ਼ਿਆਵਾਂ ਵਿੱਚ ਵਿਆਹ ਭੰਗ ਕਰਦੇ ਸਮੇਂ ਦੋ ਗਵਾਹਾਂ ਦੀ ਜ਼ਰੂਰਤ ਹੁੰਦੀ ਹੈ ਨਾ ਕਿ ਸਮਝੌਤੇ ਦੇ ਸਮੇਂ , ਜਦੋਂ ਕਿ ਸੁੰਨੀਆਂ ਵਿੱਚ ਨਿਯਮ ਇਸ ਦੇ ਬਿਲਕੁਲ ਉਲਟ ਹੈ। ਨਾਲ ਹੀ ਮੁਸਲਿਮ ਵਿਆਹ ਵਿੱਚ ਮਹਿਲਾ ਪ੍ਰਮਾਣ (testimony) ਨੂੰ ਪੂਰੀ ਤਰਾਂ ਅਸਵੀਕ੍ਰਿਤ ਕੀਤਾ ਗਿਆ ਹੈ। ਇਸ ਲਈ ਵਿਆਹ ਸਮਝੌਤਾ ਦੋ ਮਰਦਾਂ ਦੁਆਰਾ ਪ੍ਰਮਾਣਿਤ ਕੀਤਾ ਜਾਣਾ ਚਾਹੀਦਾ ਹੈ। ਪ੍ਰਸਤਾਵ ਅਤੇ ਸਵੀਕ੍ਰਿਤੀ ਵਿੱਚ ਦੋ ਮਰਦ ਗਵਾਹਾਂ ਦੀ ਜ਼ਰੂਰਤ ਹੁੰਦੀ ਹੈ। ਇੱਕ ਮਰਦ ਅਤੇ ਦੋ ਔਰਤਾਂ ਦਾ ਪ੍ਰਮਾਣ ਮਾਣਿਕ ਨਹੀਂ ਹੈ। ਇਸ ਪ੍ਰਕਾਰ "ਫਾਸਿਦ" ਅਤੇ "ਬਾਤਿਲ" ਵਿਆਹਾਂ ਵਿੱਚ ਅੰਤਰ ਇਹ ਹੈ ਕਿ "ਫਾਸਿਦ" ਵਿਆਹ ਦੀਆਂ ਅੜਚਨਾਂ (impediments) ਅਤੇ ਅਨਿਯਮਿਤਤਾ (irregularities) ਨੂੰ ਦੂਰ ਕਰ ਕੇ "ਸਹੀ" ਵਿਆਹ ਵਿੱਚ ਤਾਂ ਬਦਲਿਆ ਜਾ ਸਕਦਾ ਹੈ, ਪ੍ਰੰਤੂ "ਬਾਤਿਲ" ਵਿਆਹ ਵਿੱਚ ਪਰਿਵਰਤਨ ਸੰਭਵ ਨਹੀਂ ਹੈ। "ਫਾਸਿਦ" ਵਿਆਹ ਦੇ ਅਨੇਕ ਉਦਾਹਰਣ ਹਨ:ਪ੍ਰਸਤਾਵ ਅਤੇ ਸਵੀਕ੍ਰਿਤੀ ਦੇ ਸਮੇਂ ਗਵਾਹਾਂ ਦਾ ਨਾ ਹੋਣਾ, ਮਰਦ ਦਾ ਪੰਜਵਾਂ ਵਿਆਹ, ਔਰਤ ਦੀ ਇੱਦਤ (Iddat) ਦੀ ਅਵਧੀ ਵਿੱਚ ਵਿਆਹ (ਇੱਦਤ ਓਹ ਸਮਾਂ ਹੁੰਦਾ ਹੈ ਜਿਸ ਵਿੱਚ ਔਰਤ ਦੇ ਤਿੰਨ ਮਾਸਿਕ ਧਰਮਾਂ ਨੂੰ ਉਸ ਦੇ ਪਤੀ ਦੀ ਮੌਤ ਤੋਂ ਬਾਅਦ ਜਾਂ ਤਲਾਕ ਤੋਂ ਬਾਅਦ ਇਹ ਸੁਨਿਸ਼ਚਿਤ ਕਰਣ ਲਈ ਹੁੰਦਾ ਹੈ ਕਿ ਓਹ ਔਰਤ ਕਿਤੇ ਗਰਭਵਤੀ ਤਾਂ ਨਹੀਂ ਹੈ।) ਅਤੇ ਪਤੀ ਪਤਨੀ ਦੇ ਧਰਮਾਂ ਵਿੱਚ ਅੰਤਰ। ਇੱਕ ਮਰਦ ਦਾ ਵਿਆਹ ਇੱਕ "ਕਿਤਾਬੀਆ" ਔਰਤ (ਯਹੂਦੀ ਜਾਂ ਇਸਾਈ) ਨਾਲ "ਸਹੀ" ਵਿਆਹ ਕਹਾਓਂਦਾ ਹੈ, ਪ੍ਰੰਤੂ ਅਜਿਹੀ ਔਰਤ ਨਾਲ ਵਿਆਹ ਜੋ ਅਗਨੀ ਜਾਂ ਮੂਰਤੀ ਪੂਜਕ ਹੁੰਦੀ ਹੈ, "ਫਾਸਿਦ" ਵਿਆਹ ਹੁੰਦਾ ਹੈ।

ਮਰਦ ਚਾਹੇ ਇੱਕ ਗੈਰ-ਮੁਸਲਿਮ ਔਰਤ ਨਾਲ ਵਿਆਹ ਕਰ ਸਕਦਾ ਹੈ, ਜੇਕਰ ਉਸ ਨੂੰ ਵਿਸ਼ਵਾਸ ਹੋਵੇ ਕਿ ਉਸ ਔਰਤ ਦੀ ਮੂਰਤੀ ਪੂਜਾ ਕੇਵਲ ਨਾਂ ਮਾਤਰ ਹੈ, ਉਦਾਹਰਣ ਲਈ ਕਈ ਮੁਗਲ ਸਮਰਾਟਾਂ ਨੇ ਹਿੰਦੂ ਔਰਤਾਂ ਨਾਲ ਵਿਆਹ ਕੀਤੇ ਅਤੇ ਓਨਾਂ ਦੇ ਬੱਚੇ ਵੈਧਾਨਿਕ ਮੰਨੇ ਗਏ ਅਤੇ ਰਾਜ ਸਿੰਘਾਸਨ ਉੱਤੇ ਆਸੀਨ ਵੀ ਹੋਏ। ਅਜਿਹੇ ਵਿਆਹਾਂ ਨੂੰ ਨਿਸ਼ਿਧ ਕਰਣ ਦਾ ਇੱਕ ਮਾਤਰ ਉਦੇਸ਼ ਸੀ ਕਿ ਮੂਰਤੀ ਪੂਜਾ ਨੂੰ ਇਸਲਾਮੀ ਰਾਜਨੀਤੀ ਤੋਂ ਬਾਹਰ ਰੱਖਿਆ ਜਾ ਸਕੇ। ਪ੍ਰੰਤੂ ਇੱਕ ਮੁਸਲਿਮ ਔਰਤ ਨੂੰ ਇੱਕ "ਕਿਤਾਬੀਆ" ਮਰਦ ਨਾਲ ਵਿਆਹ ਕਰਣ ਦੀ ਕਿਸੇ ਵੀ ਸਥਿਤੀ ਵਿੱਚ ਆਗਿਆ ਨਹੀਂ ਦਿੱਤੀ ਗਈ ਹੈ। ਉਸ ਦੇ ਲਈ ਅਜਿਹਾ ਵਿਆਹ "ਬਾਤਿਲ" ਵਿਆਹ ਹੋਵੇਗਾ। "ਬਾਤਿਲ" ਵਿਆਹ ਦੇ ਹੋਰ ਉਦਾਹਰਣ ਇਸ ਤਰਾਂ ਹਨ- ਬਹੁਪਤੀ ਵਿਆਹ (ਬਰ;ਖ਼ਅਦਗਖ) ਜਾਂ ਨਿਕਟਤਮ ਰਿਸ਼ਤੇਦਾਰਾਂ ਨਾਲ ਵਿਆਹ ਦਾ ਚਲਨ (ਜਿਵੇਂ ਮਾਂ, ਮਾਂ ਦੀ ਮਾਂ, ਭੈਣ, ਭੈਣ ਦੀ ਲੜਕੀ, ਮਾਂ ਦੀ ਭੈਣ, ਪਿਤਾ ਦੀ ਭੈਣ, ਲੜਕੀ ਦੀ ਲੜਕੀ) ਜਾਂ ਫਿਰ ਇੱਕ ਵਿਆਹਮੂਲਕ ਨਾਤੇਦਾਰ ਨਾਲ (ਜਿਵੇਂ ਪਤਨੀ ਦੀ ਮਾਂ, ਪਤਨੀ ਦੀ ਬੇਟੀ, ਬੇਟੇ ਦੀ ਪਤਨੀ)। "ਬਾਤਿਲ" ਵਿਆਹ ਦਾ ਇੱਕ ਹੋਰ ਉਦਾਹਰਣ ਹੈ ਇੱਕ ਵਿਅਕਤੀ ਦਾ ਇੱਕ ਹੀ ਸਮੇਂ ਵਿੱਚ ਦੋ ਅਜਿਹੀਆਂ ਔਰਤਾਂ ਨਾਲ ਵਿਆਹ ਜੋ ਆਪਸ ਵਿੱਚ ਇਸ ਤਰਾਂ ਸੰਬੰਧਿਤ ਹੋਣ ਕਿ ਜੇਕਰ ਇਨਾਂ ਵਿੱਚੋਂ ਇੱਕ ਮਰਦ ਹੁੰਦੀ ਤਾਂ ਵਿਆਹ ਸੰਭਵ ਹੀ ਨਾ ਹੁੰਦਾ। ਇਸ ਦਾ ਸਰਲ ਸ਼ਬਦਾਂ ਵਿੱਚ ਅਰਥ ਇਹ ਹੈ ਕਿ ਇੱਕ ਮਰਦ ਆਪਣੀ ਪਤਨੀ ਦੇ ਜੀਵਿਤ ਰਹਿੰਦੇ ਹੋਏ ਉਸ ਦੀ ਭੈਣ ਮਤਲਬ ਆਪਣੀ ਸਾਲੀ ਨਾਲ ਵਿਆਹ ਨਹੀਂ ਕਰ ਸਕਦਾ। "ਬਾਤਿਲ" ਵਿਆਹ ਦੋਹਾਂ ਪੱਖਾਂ ਵਿੱਚ ਕਿਸੇ ਵੀ ਪ੍ਰਕਾਰ ਦਾ ਅਧਿਕਾਰ ਜਾਂ ਕਰਤੱਵ ਨਹੀਂ ਦਰਸਾਓਂਦਾ। ਅਜਿਹੇ ਵਿਆਹ ਤੋਂ ਉਤਪੰਨ ਸੰਤਾਨ ਵੀ ਅਵੈਧ (illegitimate) ਮੰਨੀ ਜਾਂਦੀ ਹੈ। ਕੇਵਲ "ਸਹੀ" ਜਾਂ ਵੈਧ ਵਿਆਹ ਹੀ ਪਤਨੀ ਨੂੰ ਪਤੀ ਦੇ ਘਰ ਰਹਿਣ, ਗੁਜ਼ਰ ਕਰਣ (maintenance) ਅਤੇ ਮੇਹਰ (dower) ਆਦਿ ਦਾ ਅਧਿਕਾਰ ਪ੍ਰਦਾਨ ਕਰਦਾ ਹੈ। "ਫਾਸਿਦ" ਜਾਂ ਅਨਿਯਮਿਤ ਵਿਆਹ ਸਹਿਵਾਸ (consummation) ਤੋਂ ਪਹਿਲਾਂ ਜਾਂ ਬਾਅਦ ਵਿੱਚ ਦੋਹਾਂ ਵਿੱਚੋਂ ਕਿਸੇ ਵੀ ਇੱਕ ਪੱਖ ਦੁਆਰਾ ਭੰਗ ਕੀਤਾ ਜਾ ਸਕਦਾ ਹੈ। ਜੇਕਰ ਵਿਆਹ ਵਿੱਚ ਸਹਿਵਾਸ ਹੋ ਚੁਕਾ ਹੈ ਤਾਂ ਸੰਤਾਨ ਵੈਧ ਹੋਵੇਗੀ ਅਤੇ ਓਨਾਂ ਨੂੰ ਸੰਪਤੀ ਦੀ ਵਿਰਾਸਤ ਦਾ ਅਧਿਕਾਰ ਹੋਵੇਗਾ, ਇਸੇ ਤਰਾਂ ਪਤਨੀ ਨੂੰ "ਮੇਹਰ" (dower) ਦਾ ਅਧਿਕਾਰ ਵੀ ਪ੍ਰਾਪਤ ਹੁੰਦਾ ਹੈ।

ਮੁਸਲਿਮ ਵਿਆਹ ਦਾ ਦੂਜਾ ਲੱਛਣ ਇਹ ਹੈ ਕਿ ਵਿਅਕਤੀ ਵਿੱਚ ਵਿਆਹ ਸਮਝੌਤਾ ਕਰਣ ਦੀ ਯੋਗਤਾ (capacity) ਹੋਣੀ ਚਾਹੀਦੀ ਹੈ। ਕਿਓਂਕਿ ਕੇਵਲ ਬਾਲਗ ਅਤੇ ਸਮਝਦਾਰ ਵਿਅਕਤੀ ਹੀ ਸਮਝੌਤੇ ਨੂੰ ਸਮਝ ਅਤੇ ਕਰ ਸਕਦਾ ਹੈ, ਇਸ ਲਈ ਬਾਲ ਵਿਆਹ ਅਤੇ ਅਸਵਸਥ ਦਿਮਾਗ ਦੇ ਲੋਕਾਂ ਦੇ ਵਿਆਹ ਨੂੰ ਮਾਨਤਾ ਪ੍ਰਾਪਤ (puberty) ਨਹੀਂ ਹੋਵੇਗੀ। ਇਸ ਲਈ ਕੇ ਵਲ ਯੌਨ ਪਰਿਪੱਕਤਾ ਪ੍ਰਾਪਤ ਅਤੇ ਸਵਸਥ ਦਿਮਾਗ ਦਾ ਵਿਅਕਤੀ ਹੀ ਵਿਆਹ ਸੰਵਿਦਾ ਵਿੱਚ ਪ੍ਰਵੇਸ਼ ਕਰ ਸਕਦਾ ਹੈ। ਪ੍ਰੰਤੂ ਇਸ ਦਾ ਅਰਥ ਇਹ ਬਿਲਕੁਲ ਨਹੀਂ ਹੈ ਕਿ ਜੇਕਰ ਅਲਪ-ਵਿਅਸਕ ਦੇ ਵਿਆਹ ਦਾ ਸੰਵਿਦਾ (contract) ਹੋ ਚੁਕਾ ਹੈ ਤਾਂ ਓਹ ਅਵੈਧ (void) ਹੈ। ਅਲਪ-ਵਿਅਸਕ ਦੇ ਵਿਆਹ ਦਾ ਸੰਵਿਦਾ ਉਸ ਦੇ ਮਾਤਾ-ਪਿਤਾ ਜਾਂ ਸੰਰੱਖਿਅਕ ਦੁਆਰਾ ਕੀਤਾ ਜਾ ਸਕਦਾ ਹੈ। "ਸ਼ੀਆ" ਨਿਯਮਾਂ ਦੇ ਅੰਤਰਗਤ ਅਲਪ-ਵਿਅਸਕ ਦੇ ਮਾਮਲੇ ਵਿੱਚ ਵਿਆਹ ਸੰਵਿਦਾ ਕਰਣ ਦਾ ਅਧਿਕਾਰ ਪਿਤਾ, ਦਾਦਾ, ਭਾਈ ਜਾਂ ਵੰਸ਼ਾਨੁਕ੍ਰਮ ਵਿੱਚ ਕਿਸੇ ਹੋਰ ਮਰਦ ਰਿਸ਼ਤੇਦਾਰ ਨੂੰ ਪ੍ਰਦਾਨ ਕੀਤਾ ਗਿਆ ਹੈ। ਜੇਕਰ ਪਿਤਾ ਪੱਖ ਵਿੱਚ ਕੋਈ ਰਿਸ਼ਤੇਦਾਰ ਨਾ ਹੋਵੇ, ਤਾਂ ਮਾਤਾ ਪੱਖ ਵਿੱਚੋਂ ਮਾਤਾ, ਮਾਮਾ ਜਾਂ ਮਾਸੀ ਨੂੰ ਇਹ ਅਧਿਕਾਰ ਪ੍ਰਦਾਨ ਕੀਤਾ ਗਿਆ ਹੈ। ਇਨਾਂ ਤੋਂ ਇਲਾਵਾ ਹੋਰ ਸਭ ਵਿਅਕਤੀ ਅਣ-ਅਧਿਕ੍ਰਿਤ (unauthorised) ਜਾਂ "ਫਜ਼ੂਲੀ" ਸਮਝੇ ਜਾਂਦੇ ਹਨ ਅਤੇ ਓਨਾਂ ਦੁਆਰਾ ਕੀਤਾ ਗਿਆ ਵਿਆਹ ਸਮਝੌਤਾ ਕਾਨੂੰਨੀ ਸੀਮਾਵਾਂ ਵਿੱਚ ਅਪ੍ਰਭਾਵੀ ਹੁੰਦਾ ਹੈ, ਜਦੋਂ ਤੱਕ ਕਿ ਯੌਨ ਪਰਿਪੱਕਤਾ ਪ੍ਰਾਪਤ ਹੋਣ ਤੋਂ

ਨੋਟ

ਬਾਅਦ ਸੰਬੰਧਿਤ ਪੱਖਾਂ ਦੁਆਰਾ ਹੀ ਉਸ ਨੂੰ ਅਨੁਮੋਦਿਤ ਨਾ ਕੀਤਾ ਜਾਵੇ। ਅਨੁਮੋਦਨ ਜਾਂ ਅਸਵੀਕ੍ਰਿਤੀ ਦੇ ਇਸ ਅਧਿਕਾਰ ਨੂੰ "ਖ਼ੈਰੂਲ ਬਾਲਿਗ" ਕਹਿੰਦੇ ਹਨ। ਅਲਪਵਿਅਸਕ ਵਿਆਹ ਨੂੰ ਅਸਵੀਕਾਰ (repudiate) ਕਰ ਸਕਦਾ ਹੈ ਜੇਕਰ ਓਹ ਇਹ ਸਿੱਧ ਕਰ ਸਕੇ ਕਿ ਉਸ ਦੇ ਸੰਰੱਖਿਅਕਾਂ ਨੇ ਲਾਪਰਵਾਹੀ ਜਾਂ ਧੋਖਾਧੜੀ ਨਾਲ ਸੰਵਿਦਾ ਕੀਤਾ ਹੈ। ਉਦਾਹਰਣ ਲਈ ਉਸ ਦਾ ਵਿਆਹ ਪਾਗਲ ਲੜਕੀ ਨਾਲ ਜਾਣ-ਬੁੱਝ ਕੇ ਕੀਤਾ ਗਿਆ ਸੀ, ਜਾਂ ਮੇਹਰ ਉਸ ਦੇ ਅਹਿਤ ਵਿੱਚ ਤੈਅ ਹੋਇਆ ਆਦਿ। ਵਿਆਹ ਦੀ ਅਸਵੀਕ੍ਰਿਤੀ ਲਈ ਲੜਕੇ ਲਈ ਕੋਈ ਸੀਮਾ ਤੈਅ ਨਹੀਂ ਹੈ, ਪ੍ਰੰਤੂ ਲੜਕੀ ਦੇ ਮਾਮਲੇ ਵਿੱਚ ਯੁਕਤੀਸੰਗਤ (reasonable) ਸਮਾਂ ਦਿੱਤਾ ਜਾਂਦਾ ਹੈ ਅਤੇ ਉਸ ਨੂੰ ਦੱਸ ਦਿੱਤਾ ਜਾਂਦਾ ਹੈ ਕਿ ਉਸ ਨੂੰ ਵਿਆਹ ਅਸਵੀਕਾਰ ਕਰਣ ਦਾ ਅਧਿਕਾਰ ਹੈ। ਲੜਕਾ ਜਾਂ ਤਾਂ ਮੌਖਿਕ ਅਭਿਵਿਅਕਤੀ ਦੁਆਰਾ ਜਾਂ ਮੇਹਰ ਦੀ ਰਕਮ ਅਦਾ ਕਰ ਕੇ ਜਾਂ ਫਿਰ ਯੌਨ ਸੰਸਰਗ ਨਾਲ ਵਿਆਹ ਭੰਗ ਕਰ ਸਕਦਾ ਹੈ। 1938 ਦੇ ਮੁਸਲਿਮ ਵਿਆਹ ਭੰਗ ਅਧਿਨਿਯਮ ਦੇ ਅੰਤਰਗਤ ਵਿਆਹ ਭੰਗ ਦਾ ਵਰਣ (option) ਕਰਨ ਵਿੱਚ ਸੁਧਾਰ ਕਰ ਲਿਆ ਗਿਆ ਸੀ ਜਿਸ ਦੇ ਅੰਤਰਗਤ ਔਰਤ ਨੂੰ ਯੌਨ ਪਰਿਪੱਕਤਾ ਪ੍ਰਾਪਤ ਕਰਣ ਦੇ ਤਿੰਨ ਸਾਲ ਬਾਅਦ ਤੱਕ ਵਿਆਹ-ਵਿੱਛੇਦ ਲਈ ਸਮਾਂ ਪ੍ਰਦਾਨ ਕੀਤਾ ਗਿਆ ਹੈ, ਯਾਨੀ ਕਿ 18 ਸਾਲ ਦੀ ਉਮਰ ਤੱਕ ਜੇਕਰ ਯੌਨ ਸੰਬੰਧ ਸਥਾਪਿਤ ਨਾ ਕੀਤਾ ਗਿਆ ਹੋਵੇ।

ਮੁਸਲਿਮ ਵਿਆਹ ਦਾ ਤੀਜਾ ਲੱਛਣ ਇਹ ਹੈ ਕਿ "ਸਮਾਨਤਾ ਦੇ ਸਿਧਾਂਤ" (doctrine of equality) ਦਾ ਪਾਲਣ ਜ਼ਰੂਰ ਕਰਨਾ ਚਾਹੀਦਾ ਹੈ। ਚਾਹੇ ਨਿਮਨ ਸਤਰ ਦੇ ਵਿਅਕਤੀ ਨਾਲ ਵਿਆਹ ਸੰਵਿਦਾ ਕਰਣ ਦਾ ਕੋਈ ਕਾਨੂੰਨੀ ਨਿਸ਼ੇਧ ਨਹੀਂ ਹੈ, ਫਿਰ ਵੀ ਇਸ ਪ੍ਰਕਾਰ ਦੇ ਵਿਆਹ ਨੂੰ ਹੀਣ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਹੈ। ਇਸੇ ਤਰਾਂ ਭੱਜ ਕੇ ਕੀਤੇ ਗਏ ਵਿਆਹ (ਕਿਫ Kifa) ਨੂੰ ਮਾਨਤਾ ਪ੍ਰਾਪਤ ਨਹੀਂ ਹੈ, ਫਿਰ ਵੀ ਲੜਕੀਆਂ ਘਰ ਤੋਂ ਭੱਜ ਕੇ ਜਾਂ ਨਿਮਨ ਜਾਂ ਉੱਚ ਸਤਰ ਉੱਤੇ ਵਿਚਾਰ ਕੀਤੇ ਬਿਨਾਂ ਆਪਣੀ ਪਸੰਦ ਦੇ ਲੜਕਿਆਂ ਨਾਲ ਵਿਆਹ ਕਰ ਹੀ ਲੈਂਦੀਆਂ ਹਨ। "ਸੁੰਨੀਆਂ" ਵਿੱਚ ਵਰ ਦੇ ਪੱਖ ਵਿੱਚ ਸਮਾਜਿਕ ਹੀਣਤਾ ਦਾ ਪ੍ਰਸ਼ਨ ਵਿਆਹ ਰੱਦ ਕਰਣ ਲਈ ਵੱਡਾ ਕਾਰਣ ਹੋ ਸਕਦਾ ਹੈ ਪ੍ਰੰਤੂ "ਸ਼ੀਆ" ਲੋਕਾਂ ਵਿੱਚ ਨਹੀਂ ਹੈ।

ਮੁਸਲਿਮ ਵਿਆਹ ਦਾ ਚੌਥਾ ਲੱਛਣ ਹੈ "ਅਧਿਮਾਣਕ ਵਿਵਸਥਾ" (preferential system) ਜੀਵਨ ਸਾਥੀ ਦੇ ਚੁਣਾਵ ਵਿੱਚ, ਪਹਿਲੀ ਅਧਿਮਾਣਤਾ ਵਿਲਿੰਗ ਸਹੋਦਰਜ (parallel cousin) ਨੂੰ ਅਤੇ ਉਸ ਤੋਂ ਬਾਅਦ ਵਿਲਿੰਗ ਸਹੋਦਰਜ (cross cousin) ਨੂੰ ਦਿੱਤੀ ਜਾਂਦੀ ਹੈ। ਚਾਹੇ ਦੋਵੇਂ ਪ੍ਰਕਾਰ ਦੇ ਸਲਿੰਗ ਸਹੋਦਰਜ ਵਿਆਹ (ਚਚੇਰਾ ਅਤੇ ਮੌਸੇਰਾ) ਦਾ ਚਲਨ (practice) ਮਿਲਦਾ ਹੈ, ਫਿਰ ਵੀ ਸਹੋਦਰਜ ਵਿਆਹ ਵਿੱਚ ਫੁਫੇਰਾ ਵਿਆਹ ਨੂੰ ਮਾਨਤਾ ਨਹੀਂ ਦਿੱਤੀ ਗਈ ਹੈ। ਪ੍ਰੰਤੂ ਅੱਜਕੱਲ ਕਿਸੇ ਵੀ ਸਹੋਦਰਜ ਵਿਆਹ ਨੂੰ ਪਹਿਲ ਨਹੀਂ ਦਿੱਤੀ ਜਾਂਦੀ (S.C. Misra, 1956 : 153)। 1986 ਵਿੱਚ ਜੈਪੁਰ ਰਾਜਸਥਾਨ ਵਿੱਚ 136 ਮੁਸਲਿਮਾਂ ਉੱਤੇ ਕੀਤੇ ਗਏ ਇੱਕ ਸਮਾਜਸ਼ਾਸਤਰੀ ਅਧਿਐਨ ਤੋਂ ਪਤਾ ਚਲਦਾ ਹੈ ਕਿ ਕੇਵਲ 11% ਅਰਥਾਤ 15 ਮੁਸਲਮਾਨਾਂ ਨੇ ਹੀ ਆਪਣੇ ਸਹੋਦਰਜਾਂ (cousins) ਨਾਲ ਵਿਆਹ ਕੀਤੇ। ਇਨਾਂ ਵਿੱਚੋਂ ਵੀ (ਮਰਦ ਨੂੰ ਈਗੋ ਮੰਨ ਕੇ ) ਚਾਰ ਨੇ ਆਪਣੀ ਚਚੇਰੀ ਭੈਣਾਂ ਨਾਲ, 6 ਨੇ ਮਮੇਰੀ ਭੈਣਾਂ ਨਾਲ ਅਤੇ 5 ਨੇ ਮੋਸੇਰੀ ਭੈਣਾਂ ਨਾਲ ਵਿਆਹ ਕੀਤਾ ਸੀ। ਅੱਜਕੱਲ ਜੋ ਸਹੋਦਰਜਾਂ ਨੂੰ ਪਹਿਲ ਪ੍ਰਦਾਨ ਨਹੀਂ ਕੀਤੀ ਜਾ ਰਹੀ ਹੈ, ਸ਼ਾਇਦ ਉਸ ਦੇ ਕਈ ਕਾਰਣਾਂ ਵਿੱਚੋਂ ਕੁਝ ਇਹ ਵੀ ਹੋ ਸਕਦੇ ਹਨ- ਪਰਿਵਾਰ ਤੋਂ ਬਾਹਰ ਅਧਿਕ ਦਹੇਜ਼ ਮਿਲਣ ਦੀ ਸੰਭਾਵਨਾ, ਨਵੇਂ ਵਿਅਕਤੀਆਂ ਨਾਲ ਰਿਸ਼ਤੇਦਾਰੀ ਵਧਾਓਣਾ ਅਤੇ ਸਹੋਦਰਜਾਂ ਦਾ ਇੱਕ ਦੂਜੇ ਤੋਂ ਬਹੁਤ ਦੂਰ ਰਹਿਣਾ।

ਹਿੰਦੂਆਂ ਵਿੱਚ ਕੁਝ ਜਾਤੀਆਂ ਵਿੱਚ ਪਾਈ ਜਾਣ ਵਾਲੀ ਪ੍ਰਥਾ ਦੇ ਉਲਟ ਵਿਧਵਾ ਜੇਕਰ ਪੁਨਰ-ਵਿਆਹ ਕਰਣ ਦੀ ਇੱਛੁਕ ਹੈ ਤਾਂ ਓਹ ਆਪਣੇ ਮ੍ਰਿਤਕ ਪਤੀ ਦੇ ਭਾਈ ਨੂੰ ਪਹਿਲ ਪ੍ਰਦਾਨ ਕਰਨ ਲਈ ਮਜਬੂਰ ਨਹੀਂ ਹੈ। ਇਸ ਪ੍ਰਕਾਰ ਮੁਸਲਿਮਾਂ ਵਿੱਚ ਭਾਬੀ ਵਿਆਹ (Levirate) ਦਾ ਪ੍ਰਚਲਨ ਨਹੀਂ ਹੈ। ਇਨਾਂ ਦੇ ਸਮਾਜ ਵਿੱਚ ਸਾਲੀ ਵਿਆਹ (Sororate) ਨੂੰ ਵੀ ਮਾਨਤਾ ਪ੍ਰਾਪਤ ਨਹੀਂ ਹੈ। ਪ੍ਰੰਤੂ ਮ੍ਰਿਤਕ ਜਾਂ ਤਲਾਕਸ਼ੁਦਾ ਪਤਨੀ ਦੀ ਭੈਣ ਨਾਲ ਵਿਆਹ ਦੀ ਆਗਿਆ ਹੈ।

## ਮੇਹਰ (Dower)

ਮੇਹਰ ਓਹ ਧਨ ਜਾਂ ਸੰਪਤੀ ਹੈ ਜੋ ਵਿਆਹ ਦੇ ਪ੍ਰਤੀਫਲ ਦੇ ਰੂਪ ਵਿੱਚ ਪਤਨੀ ਆਪਣੇ ਪਤੀ ਤੋਂ ਲੈਣ ਦੀ ਅਧਿਕਾਰੀ ਹੁੰਦੀ ਹੈ। ਇੱਥੇ "ਵਿਆਹ ਦੇ ਪ੍ਰਤੀਫਲ" ਦਾ ਪ੍ਰਯੋਗ ਭਾਰਤੀ ਸਮਝੌਤਾ ਅਧਿਨਿਯਮ ਦੇ ਅਨੁਰੂਪ ਨਹੀਂ ਕੀਤਾ ਗਿਆ ਹੈ। ਮੁਸਲਿਮ ਨਿਯਮਾਂ ਦੇ ਅੰਤਰਗਤ "ਮੇਹਰ" ਪਤੀ ਉੱਤੇ ਇੱਕ ਕਰਤੱਵ (obligation) ਹੈ ਜੋ ਕਿ ਪਤਨੀ ਦੇ ਪਤੀ ਆਦਰ ਦਾ ਸੂਚਕ ਹੁੰਦਾ ਹੈ। ਇਸ ਪ੍ਰਕਾਰ ਇਹ ਵਧੂ-ਮੁੱਲ (bride price) ਨਹੀਂ ਹੈ। ਇਸ ਦੇ ਮੁੱਖ ਉਦੇਸ਼ ਹਨ- ਪਤੀ ਉੱਤੇ ਪਤਨੀ ਨੂੰ ਤਲਾਕ ਦੇਣ ਸੰਬੰਧੀ ਨਿਯੰਤਰਣ ਕਰਨਾ ਅਤੇ ਪਤੀ ਦੀ ਮੌਤ ਜਾਂ ਤਲਾਕ ਤੋਂ ਬਾਅਦ ਔਰਤ ਨੂੰ ਆਪਣੇ ਪਾਲਣ-ਪੋਸ਼ਣ ਦੇ ਯੋਗ ਬਣਾਓਣਾ। ਮੇਹਰ ਦੀ ਧਨ ਰਾਸ਼ੀ ਵਿਆਹ ਤੋਂ ਪਹਿਲਾਂ, ਬਾਅਦ ਵਿੱਚ, ਜਾਂ ਫਿਰ ਵਿਆਹ ਸਮੇਂ ਨਿਸ਼ਚਿਤ ਕੀਤੀ ਜਾ ਸਕਦੀ ਹੈ। ਚਾਹੇ ਇਹ ਧਨ ਰਾਸ਼ੀ ਘੱਟ ਨਹੀਂ ਕੀਤੀ ਜਾ ਸਕਦੀ ਹੈ, ਫਿਰ ਵੀ ਪਤੀ ਦੀ ਇੱਛਾ ਨਾਲ ਇਸ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਪਤਨੀ ਚਾਹੇ ਤਾਂ ਇਸ ਧਨਰਾਸ਼ੀ ਨੂੰ ਘਟਾਓਣ ਲਈ ਸਹਿਮਤ ਹੋ ਸਕਦੀ ਹੈ ਜਾਂ ਫਿਰ ਇਸ ਸਾਰੀ ਧਨਰਾਸ਼ੀ ਨੂੰ ਆਪਣੇ ਪਤੀ ਜਾਂ ਉਸ ਦੇ ਉੱਤਰਾਧਿਕਾਰੀਆਂ ਨੂੰ ਭੇਂਟ ਸਰੂਪ ਪ੍ਰਦਾਨ ਕਰ ਸਕਦੀ ਹੈ। ਦੋਹਾਂ ਪੱਖਾਂ ਵਿੱਚ ਨਿਸ਼ਚਿਤ ਕੀਤੀ ਗਈ ਮੇਹਰ ਦੀ ਧਨਰਾਸ਼ੀ ਨੂੰ "ਨਿਰਦਿਸ਼ਟ" (Specified) ਕਹਿੰਦੇ ਹਨ। ਮੇਹਰ ਦੀ ਘੱਟ ਤੋਂ ਘੱਟ ਧਨਰਾਸ਼ੀ 10 ਦਰਮ (Dirham) ਹੁੰਦੀ ਹੈ, ਪ੍ਰੰਤੂ ਅਧਿਕਤਮ ਦੀ ਕੋਈ ਸੀਮਾ ਨਿਸ਼ਚਿਤ ਨਹੀਂ ਹੈ। ਜਦੋਂ ਮੇਹਰ ਦੀ ਰਾਸ਼ੀ ਨਿਸ਼ਚਿਤ ਨਾ ਕਰ ਕੇ ਜੋ ਉਚਿਤ ਸਮਝਦੇ

ਹਨ, ਓਹ ਦਿੰਦੇ ਹਨ ਤਾਂ ਇਸ ਰਾਸ਼ੀ ਨੂੰ "ਉਚਿਤ" (ਮੁਨਾਸਿਬ) ਮੇਹਰ ਕਹਿੰਦੇ ਹਨ। ਉਚਿਤ ਮੇਹਰ ਰਾਸ਼ੀ ਨਿਸ਼ਚਿਤ ਕਰਦੇ ਸਮੇਂ ਪਤੀ ਅਤੇ ਉਸਦੇ ਪਰਿਵਾਰ ਦੇ ਆਰਥਿਕ ਸਤਰ ਦਾ ਸੱਮਾਨ ਕਰਨਾ ਪੈਂਦਾ ਹੈ ਜਾਂ ਫਿਰ ਔਰਤ ਦੇ ਪਿਤਾ ਦੇ ਪਰਿਵਾਰ ਵਿੱਚ ਦੂਜੀਆਂ ਔਰਤਾਂ ਉੱਤੇ ਨਿਸ਼ਚਿਤ ਕੀਤੇ ਗਏ ਮੇਹਰ ਨੂੰ ਵੀ ਧਿਆਨ ਦੇਣਾ ਪੈਂਦਾ ਹੈ (ਜਿਵੇਂ ਉਸ ਦੀ ਭੈਣ ਜਾਂ ਭੂਆ), ਜਾਂ ਫਿਰ ਪਤੀ ਦੇ ਪਰਿਵਾਰ ਦੇ ਮਰਦ ਮੇਂਬਰਾਂ ਦੁਆਰਾ ਨਿਸ਼ਚਿਤ ਕੀਤੇ ਗਏ ਮੇਹਰ ਦਾ ਵੀ ਧਿਆਨ ਰੱਖਣਾ ਪੈਂਦਾ ਹੈ। ਮੇਹਰ ਦੀ ਰਾਸ਼ੀ ਮੁੱਖ ਰੂਪ ਨਾਲ ਪਤੀ ਦੀ ਆਰਥਿਕ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਨਿਸ਼ਚਿਤ ਕੀਤੀ ਜਾਂਦੀ ਹੈ। ਇਹ ਤੱਥ 1986 ਵਿੱਚ ਜੈਪੁਰ ਵਿੱਚ 136 ਮੁਸਲਮਾਨਾਂ ਦੇ ਅਧਿਐਨ ਤੋਂ ਪ੍ਰਕਾਸ਼ ਵਿੱਚ ਆਇਆ। 136 ਉੱਤਰਦਾਤਾਵਾਂ ਨੂੰ 500 ਰੁਪਏ ਤੱਕ, 500 ਤੋਂ 1000 ਰੁਪਏ ਤੱਕ, 1000 ਤੋਂ 5000 ਰੁਪਏ ਤੱਕ ਅਤੇ 5000 ਤੋਂ ਉੱਪਰ ਰੁਪਏ ਮਾਸਿਕ ਵੇਤਨ ਦੇ ਚਾਹਰ ਸਮੂਹਾਂ ਵਿੱਚ ਵੰਡਿਆ ਗਿਆ ਸੀ। ਪਹਿਲੇ ਸਮੂਹ ਵਿੱਚ ਲਵਭਗ 14% ਲੋਕ ਸਨ, ਦੂਜੇ ਵਿੱਚ 77%, ਤੀਜੇ ਵਿੱਚ 7% ਅਤੇ ਚੌਥੇ ਵਿੱਚ 2% ਵਿਅਕਤੀ ਸਨ। ਓਨਾਂ ਸੂਚਨਾ ਦਾਤਾਵਾਂ ਨੂੰ ਜਿਨਾਂ ਨੇ ਮੇਹਰ ਰਾਸ਼ੀ ਦਿੱਤੀ ਸੀ, ਇਹ ਸੰਖਿਆ ਕ੍ਰਮਾਨੁਸਾਰ ਪਹਿਲੇ ਵਿੱਚ 50%, ਦੂਜੇ ਵਿੱਚ 27%, ਤੀਜੇ ਵਿੱਚ 16% ਅਤੇ ਚੌਥੇ ਵਿੱਚ 7% ਸੀ। ਇਸ ਤੋਂ ਸਪਸ਼ਟ ਹੈ ਕਿ ਤਿੰਨਾਂ ਸਮੂਹਾਂ ਵਿੱਚ ਨਿਸ਼ਚਿਤ ਕੀਤੀ ਗਈ ਮੇਹਰ ਦੀ ਰਾਸ਼ੀ ਵਿਅਕਤੀ ਦੀ ਆਰਥਿਕ ਖਮਤਾ ਤੋਂ ਕੁਝ ਅਧਿਕ ਹੀ ਸੀ ਜਿਸ ਤੋਂ ਲਗਦਾ ਹੈ ਕਿ ਸ਼ਾਇਦ ਪਤੀ ਆਪਣੀ ਪਤਨੀ ਅਤੇ ਉਸ ਦੇ ਮਾਤਾ ਪਿਤਾ ਨੂੰ ਭਰੋਸਾ ਦੇਣਾ ਚਾਹੁੰਦਾ ਹੈ ਕਿ ਓਹ ਪਤਨੀ ਨੂੰ ਆਸਾਨੀ ਨਾਲ ਤਲਾਕ ਨਹੀਂ ਦੇਵੇਗਾ।

ਮੰਗੇ ਜਾਣ ਉੱਤੇ ਦਿੱਤੀ ਜਾਣ ਵਾਲੀ ਮੇਹਰ ਦੀ ਰਾਸ਼ੀ ਨੂੰ (ਫੋਰੀ) "ਤੁਰੰਤ" (Prompt) ਮੇਹਰ ਕਹਿੰਦੇ ਹਨ ਅਤੇ ਜੋ ਮੇਹਰ ਵਿਆਹ-ਵਿੱਛੇਦ ਤੋਂ ਬਾਅਦ ਦਿੱਤਾ ਜਾਵੇ, ਉਸ ਨੂੰ "ਸਥਗਿਤ" (Deferred) ਮੇਹਰ ਕਹਿੰਦੇ ਹਨ। ਸ਼ੀਆ ਲੋਕਾਂ ਵਿੱਚ ਜਦੋਂ ਕੋਈ ਅਨੁਬੰਧ (stipulation) ਨਹੀਂ ਹੁੰਦਾ ਤਾਂ ਮੇਹਰ "ਫੋਰੀ" ਮੰਨਿਆ ਜਾਂਦਾ ਹੈ, ਪ੍ਰੰਤੂ ਸੁੰਨੀਆਂ ਵਿੱਚ ਇਸੋ ਤਰਾਂ ਦੀ ਕੋਈ ਮਾਨਤਾ ਨਹੀਂ ਹੁੰਦੀ।

ਮੇਹਰ ਦਾ ਸੰਬੰਧ ਵਿਆਹ ਦੇ 'ਉਪਭਗਤ' (ਸਹਿਵਾਸ) ਹੋਣ ਤੋਂ ਵੀ ਹੁੰਦਾ ਹੈ।ਵਿਆਹ ਦੇ ਉਪਭਗਤ (consummaption) ਹੋਣ ਤੇ ਔਰਤ ਦਾ ਮੇਹਰ ਉੱਤੇ ਅਧਿਕਾਰ ਪੂਰਾ ਹੋ ਜਾਂਦਾ ਹੈ। ਇਹ ਉਪਭਗਤੀ ਜਾਂ ਤਾਂ ਵਾਸਤਵਿਕ ਸੰਬੰਧ ਸਥਾਪਿਤ ਕਰ ਕੇ ਹੋ ਸਕਦੀ ਹੈ ਜਾਂ ਉਸ ਪ੍ਰਕਾਰ ਜਿਸ ਨੂੰ ਕਾਨੂੰਨ ਅਜਿਹਾ ਮੰਨਦਾ ਹੈ, ਜਿਵੇਂ ਪਤੀ ਜਾਂ ਪਤਨੀ ਦੀ ਮੌਤ ਹੋ ਜਾਵੇ ਜਾਂ ਠੋਸ ਆਧਾਰ ਉੱਤੇ ਅਲੱਗ ਹੋ ਜਾਣ। ਪਤੀ ਦੁਆਰਾ ਵਿਆਹ ਖਤਮ ਕੀਤੇ ਜਾਣ ਤੇ ਜਾਂ ਲਾਂਛਿਤ ਆਦਿ ਕੀਤੇ ਜਾਣ ਤੋਂ ਬਾਅਦ ਅਲੱਗ ਹੋਣ ਦੀ ਸਥਿਤੀ ਵਿੱਚ ਪਤਨੀ ਅੱਧੇ "ਨਿਰਦਿਸ਼ਟ" (Specific) ਮੇਹਰ ਦੀ ਅਧਿਕਾਰੀ ਹੋ ਜਾਂਦੀ ਹੈ। ਜੇਕਰ ਮੇਹਰ (Mutat) ਦਾ ਉਲੇਖ ਨਾ ਕੀਤਾ ਗਿਆ ਹੋਵੇ ਤਾਂ ਓਹ "ਮੁਤਾਤ" ਮੇਹਰ ਦੀ ਅਧਿਕਾਰੀ ਹੁੰਦੀ ਹੈ। ਜੇਕਰ ਪਤੀ ਪਤਨੀ, ਪਤਨੀ ਦੀ ਪਹਿਲ (initiative) ਉੱਤੇ ਅਲੱਗ ਹੋਏ ਹਨ ਤਾਂ ਓਹ ਕਿਸੇ ਵੀ ਪ੍ਰਕਾਰ ਦੇ ਮੇਹਰ ਦੀ ਅਧਿਕਾਰੀ ਨਹੀਂ ਹੁੰਦੀ (ਜੇਕਰ ਵਿਆਹ ਦੀ ਉਪਭਗਤੀ ਨਹੀਂ ਹੋਈ ਹੈ।))।

ਮੁਸਲਿਮ ਕਾਨੂੰਨ ਦੇ ਅੰਤਰਗਤ ਮੇਹਰ ਲਈ ਵਿਧਵਾ ਦਾ ਦਾਵਾ ਆਪਣੇ ਪਤੀ ਦੀ ਭੂ-ਸੰਪਤੀ ਦੇ ਵਿਰੁੱਧ ਇੱਕ ਕਰਜ਼ ਹੈ। ਪਤੀ ਦੀ ਸੰਪਤੀ ਵਿੱਚ ਪਤਨੀ ਦਾ ਓਨਾਂ ਹੀ ਅਧਿਕਾਰ ਹੈ ਜਿੰਨਾ ਹੋਰ ਦਾਵੇਦਾਰਾਂ ਦਾ ਹੈ। ਓਹ ਮੇਹਰ ਦੀ ਰਕਮ ਅਦਾ ਕੀਤੇ ਜਾਣ ਤੱਕ ਪੂਰੀ ਸੰਪਤੀ ਨੂੰ ਆਪਣੇ ਕੋਲ ਰੋਕ ਸਕਦੀ ਹੈ। ਸੰਪਤੀ ਨੂੰ ਆਪਣੇ ਅਧਿਕਾਰ ਵਿੱਚ ਕਰਣ ਲਈ ਉਸ ਨੂੰ ਹੋਰ ਕਿਸੇ ਵਾਰਿਸ ਤੋਂ ਆਗਿਆ ਲੈਣ ਦੀ ਜ਼ਰੂਰਤ ਨਹੀਂ ਹੁੰਦੀ। ਪ੍ਰੰਤੂ ਜੇਕਰ ਤਲਾਕ "ਖੁੱਲਾ" ਜਾਂ "ਮੁਬਾਰਤ" ਹੋਇਆ ਹੈ ਤਾਂ ਔਰਤ ਦਾ ਮੇਹਰ ਉੱਤੇ ਅਧਿਕਾਰ ਖਤਮ ਹੋ ਜਾਂਦਾ ਹੈ, ਕਿਓਂਕਿ ਦੋਵਾਂ ਹੀ ਮਾਮਲਿਆਂ ਵਿੱਚ ਪਤੀ ਪਤਨੀ ਮਿਲ ਕੇ ਵਿਆਹ ਭੰਗ ਕਰਣ ਲਈ ਸਹਿਮਤ ਹੁੰਦੇ ਹਨ।

### 3.3.3 "ਮੁਤਾ" ਵਿਆਹ

ਮੁਸਲਮਾਨਾਂ ਵਿੱਚ ਵੀ ਅਸਥਾਈ ਪ੍ਰਕਾਰ ਦੇ ਵਿਆਹ ਦਾ ਪ੍ਰਚਲਨ ਹੈ ਜਿਸ ਨੂੰ "ਮੁਤਾ" ਵਿਆਹ ਕਹਿੰਦੇ ਹਨ। ਇਹ ਵਿਆਹ ਔਰਤ ਅਤੇ ਮਰਦ ਦੇ ਆਪਸੀ ਸਮਝੌਤੇ ਨਾਲ ਹੁੰਦਾ ਹੈ ਅਤੇ ਇਸ ਵਿੱਚ ਕੋਈ ਵੀ ਰਿਸ਼ਤੇਦਾਰ ਹਸਤਖੇਪ ਨਹੀਂ ਕਰਦਾ। ਮਰਦ ਨੂੰ ਇੱਕ ਮੁਸਲਿਮ ਜਾਂ ਯਹੂਦੀ ਜਾਂ ਇਸਾਈ ਔਰਤ ਨਾਲ "ਮੁਤਾ" ਵਿਆਹ ਦੇ ਸੰਵਿਦਾ ਦਾ ਅਧਿਕਾਰ ਹੈ, ਪ੍ਰੰਤੂ ਇੱਕ ਔਰਤ ਇੱਕ ਗੈਰ-ਮੁਸਲਿਮ ਨਾਲ "ਮੁਤਾ" ਸੰਵਿਦਾ ਨਹੀਂ ਕਰ ਸਕਦੀ ਹੈ। "ਮੁਤਾ" ਵਿਆਹ ਤੋਂ ਪ੍ਰਾਪਤ ਪਤਨੀ ਨੂੰ "ਸਿਘਾ" (Sigha) ਨਾਂ ਨਾਲ ਜਾਣਿਆ ਜਾਦਾ ਹੈ। ਅੱਜਕੱਲ ਭਾਰਤ ਅਤੇ ਪਾਕਿਸਤਾਨ ਵਿੱਚ ਇਸ ਵਿਆਹ ਦਾ ਪ੍ਰਚਲਨ ਨਹੀਂ ਹੈ। ਇਹ ਕੇਵਲ ਅਰਬ ਦੇਸ਼ਾਂ ਵਿੱਚ ਹੀ ਪ੍ਰਚਲਿਤ ਹੈ। ਇਸ ਤੋਂ ਇਲਾਵਾ ਇਹ ਵਿਆਹ ਸ਼ੀਆ ਲੋਕਾਂ ਵਿੱਚ ਹੀ ਵੈਧ ਮੰਨਿਆ ਜਾਂਦਾ ਹੈ ਅਤੇ ਸੁੰਨੀਆਂ ਵਿੱਚ ਨਹੀਂ।ਇਸ ਤਰਾਂ ਦੇ ਵਿਆਹ ਦੀ ਵੈਧਤਾ ਲਈ ਦੋ ਗੱਲਾਂ ਲਈ ਜ਼ਰੂਰੀ ਹਨ- (*i*) ਸਹਿਵਾਸ (cohabitation) ਦੀ ਅਵਧੀ ਪਹਿਲਾਂ ਹੀ ਨਿਸ਼ਚਿਤ ਕੀਤੀ ਜਾਣੀ ਚਾਹਦੀ ਹੈ (*ii*) ਮੇਹਰ ਦੀ ਰਾਸ਼ੀ ਵੀ ਪਹਿਲਾਂ ਹੀ ਨਿਸ਼ਚਿਤ ਹੋਣੀ ਚਾਹੀਦੀ ਹੈ। ਜੇਕਰ ਅਵਧੀ ਨਿਸ਼ਚਿਤ ਨਹੀਂ ਹੈ ਅਤੇ ਮੇਹਰ ਨਿਸ਼ਚਿਤ ਹੈ ਤਾਂ ਵਿਆਹ ਸਥਾਈ ਮੰਨਿਆ ਜਾਂਦਾ ਹੈ, ਪ੍ਰੰਤੂ ਜੇਕਰ ਅਵਧੀ ਨਿਸ਼ਚਿਤ ਹੈ ਅਤੇ ਮੇਹਰ ਨਿਸ਼ਚਿਤ ਨਹੀਂ ਹੈ ਤਾਂ ਵਿਆਹ ਅਵੈਧ (void) ਮੰਨਿਆ ਜਾਂਦਾ ਹੈ। ਜੇਕਰ ਅਵਧੀ ਨਿਸ਼ਚਿਤ ਹੈ ਅਤੇ ਸਹਿਵਾਸ ਅਵਧੀ ਖਤਮ ਹੋਣ ਤੋਂ ਬਾਅਦ ਵੀ ਚਲਦਾ ਰਹਿੰਦਾ ਹੈ ਤਾਂ ਇਹ ਮੰਨ ਲਿਆ ਜਾਂਦਾ ਹੈ ਕਿ ਅਵਧੀ ਵਧਾ ਦਿੱਤੀ ਗਈ ਹੈ, ਅਤੇ ਇਸ ਵਿਚਕਾਰ ਉਤਪੰਨ ਹੋਈ ਸੰਤਾਨ ਵੀ ਵੈਧ ਮੰਨੀ ਜਾਦੀ ਹੈ, ਅਤੇ ਔਰਤ ਦੇ ਸਗੇ ਰਿਸ਼ਤੇ

ਨੋਟ

ਦਾਰਾਂ ਨੂੰ ਓਨਾਂ ਨੂੰ ਸਵੀਕਾਰ ਕਰਨਾ ਪੈਂਦਾ ਹੈ। ਪ੍ਰੰਤੂ "ਮੁਤਾ" ਵਿਆਹ ਔਰਤ-ਮਰਦ ਦੇ ਵਿੱਚ ਵਿਰਾਸਤ (inheritance) ਦੇ ਅਧਿਕਾਰ ਪ੍ਰਦਾਨ ਨਹੀਂ ਕਰਦਾ। "ਸਿਘਾ" ਪਤਨੀ ਪਾਲਣ-ਪੋਸ਼ਣ ਦੀ ਰਾਸ਼ੀ (maintenance amount) ਦਾ ਦਾਵਾ ਨਹੀਂ ਕਰ ਸਕਦੀ ਅਤੇ ਨਾ ਹੀ ਉਸ ਨੂੰ ਆਪਣੇ ਪਤੀ ਦੀ ਸੰਪਤੀ ਤੋਂ ਵਿਰਾਸਤ ਵਿੱਚ ਕੁਝ ਹਿੱਸਾ ਮਿਲੇਗਾ। ਪ੍ਰੰਤੂ ਸੰਤਾਨ ਵੈਧ ਹੋਣ ਦੇ ਕਾਰਣ ਪਿਤਾ ਦੀ ਸੰਪਤੀ ਵਿੱਚੋਂ ਆਪਣਾ ਹਿੱਸਾ ਲੈਣ ਦੀ ਅਧਿਕਾਰੀ ਹੈ। ਮੁਤਾ ਵਿਆਹ ਵਿੱਚ ਤਲਾਕ ਵੀ ਮਾਣਕ ਨਹੀਂ ਹੈ, ਪ੍ਰੰਤੂ ਪਤੀ ਆਪਣੀ ਪਤਨੀ ਨੂੰ ਬਚੇ ਹੋਏ ਸਮੇਂ ਦੀ "ਭੇਂਟ" (gift) ਦੇ ਕੇ ਸਮਝੌਤੇ (contract) ਨੂੰ ਖਤਮ ਕਰ ਸਕਦਾ ਹੈ। ਜੇਕਰ ਵਿਆਹ ਉਪਭਗਤ (consummate) ਨਹੀਂ ਹੋਇਆ ਹੈ ਤਾਂ ਪੂਰਵ-ਨਿਰਧਾਰਿਤ ਮੇਹਰ ਦਾ ਅੱਧਾ ਭਾਗ ਹੀ ਦੇਣਾ ਹੁੰਦਾ ਹੈ; ਪ੍ਰੰਤੂ ਵਿਆਹ ਦੀ ਉਪਭਗਤੀ ਉੱਤੇ ਮੇਹਰ ਦੀ ਪੂਰੀ ਰਾਸ਼ੀ ਦੇਣੀ ਹੁੰਦੀ ਹੈ।

ਮੁਸਲਿਮ ਕਾਨੂੰਨ ਵਿੱਚ "ਮੁਤਾ" ਵਿਆਹ ਨੂੰ ਹੀਣ (condemned) ਮੰਨਿਆ ਜਾਂਦਾ ਹੈ। ਇਹ ਨਾ ਕੇਵਲ ਇਸ ਲਈ ਕਿ ਵਿਆਹ ਅਸਥਾਈ ਹੁੰਦਾ ਹੈ ਅਤੇ "ਵਲੀ" (Wali) ਜਾਂ ਦੋ ਗਵਾਹਾਂ ਦੀ ਸਹਿਮਤੀ ਤੋਂ ਬਿਨਾਂ ਵਿਅਕਤੀਗਤ ਰੂਪ ਨਾਲ ਕੀਤਾ ਗਿਆ ਸਮਝੌਤਾ ਹੁੰਦਾ ਹੈ, ਬਲਕਿ ਇਸ ਲਈ ਵੀ ਕਿ ਔਰਤ ਨੇ ਆਪਣਾ ਘਰ ਨਹੀਂ ਛੱਡਿਆ ਅਤੇ ਉਸ ਦੇ ਰਿਸ਼ਤੇਦਾਰਾਂ ਨੇ ਉਸ ਉੱਤੇ ਆਪਣਾ ਅਧਿਕਾਰ ਨਹੀਂ ਛੱਡਿਆ ਅਤੇ ਸੰਤਾਨ ਪਿਤਾ ਦੀ ਨਾ ਹੋ ਸਕੀ, ਅਤੇ ਉਸ ਦੇ ਵੰਸ਼ ਨਾਲ ਸੰਬੰਧਿਤ ਨਾ ਹੋ ਸਕੀ। ਇਸ ਲਈ ਇਸ ਵਿਆਹ ਦੇ ਪ੍ਰਤੀ ਵਿਰੋਧੀ ਰੁਖ ਇਸ ਲਈ ਅਪਣਾਇਆ ਗਿਆ ਕਿਓਂਕਿ ਇਸ ਵਿਆਹ ਵਿੱਚ ਪਾਈ ਜਾਣ ਵਾਲੀ ਮਾਤ-ਸਥਾਨਿਕਤਾ ਜਾਂ ਮਾਤਵੰਸ਼ਤਾ ਇਸਲਾਮ ਦੁਆਰਾ ਸਵੀਕ੍ਰਿਤ ਪੈਤ੍ਰਿਕ ਸਥਾਨਿਕਤਾ ਜਾਂ ਪਿਤਰਵੰਸ਼ਤਾ ਨਾਲ ਸੰਘਰਸ਼ ਵਿੱਚ ਆਓਂਦੀ ਹੈ। ਇਸਲਾਮ ਵੀ ਵਿਆਹ ਦੇ ਸਥਾਇੱਤਵ ਨੂੰ ਮੰਨਦਾ ਹੈ ਅਤੇ ਕੋਈ ਵੀ ਗੱਲ ਜੋ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ ਅਸਥਾਇੱਤਵ ਨੂੰ ਵਧਾਵਾ ਦਿੰਦੀ ਹੋਵੇ, ਉਸ ਨੂੰ ਮਾਨਤਾ ਨਹੀਂ ਦਿੱਤੀ ਗਈ।

### 3.3.4 ਵਿਆਹ-ਵਿੱਛੇਦ

ਮੁਸਲਿਮ ਕਾਨੂੰਨ ਦੇ ਅੰਤਰਗਤ ਵਿਆਹ ਸਮਝੌਤਾ (contract) ਜਾਂ ਤਾਂ ਅਦਾਲਤੀ ਕਾਰਵਾਈ ਦੁਆਰਾ ਖਤਮ ਕੀਤਾ ਜਾ ਸਕਦਾ ਹੈ ਜਾਂ ਬਿਨਾਂ ਅਦਾਲਤ ਦੇ ਹਸਤਖੇਪ ਦੇ ਵੀ। ਨਿਆਂਇਕ ਪ੍ਰਕ੍ਰਿਆ ਦੁਆਰਾ ਮੁਸਲਿਮ ਵਿਆਹ ਅਧਿਨਿਯਮ, 1939 ਦੇ ਅੰਤਰਗਤ ਜਾਂ "ਮੁਸਲਿਮ ਕਾਨੂੰਨ" ਦੇ ਅੰਤਰਗਤ ਤਲਾਕ ਪ੍ਰਾਪਤ ਕੀਤਾ ਜਾ ਸਕਦਾ ਹੈ। ਨਿਆਂਇਕ ਹਸਤਖੇਪ ਤੋਂ ਬਿਨਾਂ ਵੀ ਪਤੀ ਦੀ ਇੱਛਾ ਨਾਲ ਤਲਾਕ ਹੋ ਸਕਦਾ ਹੈ ਜਾਂ ਫਿਰ ਪਤੀ ਅਤੇ ਪਤਨੀ ਦੀ ਆਪਸੀ ਸਹਿਮਤੀ ਨਾਲ ਵੀ ਹੋ ਸਕਦਾ ਹੈ, ਜਿਸ ਨੂੰ "ਖੁਲਾ" ਜਾਂ "ਮੁਬਾਰਤ" ਕਹਿੰਦੇ ਹਨ। "ਖੁਲਾ" ਜਾਂ "ਮੁਬਾਰਤ" ਵਿੱਚ ਅੰਤਰ ਇਹ ਹੈ ਕਿ "ਖੁਲਾ" ਤਲਾਕ ਵਿੱਚ ਪਹਿਲ ਪਤਨੀ ਦੀ ਹੁੰਦੀ ਹੈ ਅਤੇ "ਮੁਬਾਰਤ" ਵਿੱਚ ਪਹਿਲ ਕਿਸੇ ਦੀ ਵੀ ਹੋ ਸਕਦੀ ਹੈ ਕਿਓਂਕਿ ਦੋਵੇਂ ਪੱਖ ਹੀ ਤਲਾਕ ਦੇ ਇੱਛੁਕ ਹੁੰਦੇ ਹਨ। ਤਲਾਕ ਦੀ ਪ੍ਰਕ੍ਰਿਆ ਨੂੰ ਜਾਂ ਤਾਂ ਮੂੰਹ ਜ਼ੁਬਾਨੀ (oral) ਕੁਝ ਘੋਸ਼ਣਾ (pronouncement) ਕਰ ਕੇ ਜਾਂ ਤਲਾਕਨਾਮਾ ਲਿਖ ਕੇ ਪੂਰਾ ਕੀਤਾ ਜਾ ਸਕਦਾ ਹੈ। ਤਲਾਕ ਦੀ ਘੋਸ਼ਣਾ ਜਾਂ ਤਾਂ ਨਿਰਸਨੀ (ਰੱਦ ਕਰਣ ਯੋਗ -revocable) ਜਾਂ ਅਨਿਰਸਨੀ (Irrevocable) ਹੋ ਸਕਦੀ ਹੈ। ਅਨਿਰਸਨੀ ਘੋਸ਼ਣਾ ਨਾਲ ਵਿਆਹ-ਵਿੱਛੇਦ ਤੁਰੰਤ ਹੁੰਦਾ ਹੈ ਜਦੋਂ ਕਿ ਨਿਰਸਨੀ ਘੋਸ਼ਣਾ ਨਾਲ "ਇੱਦਤ" ਦੀ ਅਵਧੀ ਖਤਮ ਹੋਣ ਤੱਕ ਵਿਆਹ-ਵਿੱਛੇਦ ਨਹੀਂ ਹੁੰਦਾ। ਇਸ ਅਵਧੀ ਵਿੱਚ ਘੋਸ਼ਣਾ ਦਾ ਨਿਰਸਨ ਜਾਂ ਤਾਂ ਅਭਿਵਿਅਕਤੀ ਦੁਆਰਾ ਜਾਂ ਵਿਵਾਹਿਤ ਸੰਬੰਧ ਆਰੰਭ ਕਰੇ ਬਿਨਾਂ ਅਭਿਵਿਅਕਤੀ ਦੇ ਕੀਤਾ ਜਾ ਸਕਦਾ ਹੈ। ਤਲਾਕ ਨਿਮਨਲਿਖਿਤ ਤਿੰਨ ਤਰੀਕਿਆਂ ਨਾਲ ਦਿੱਤਾ ਜਾ ਸਕਦਾ ਹੈ–

1. **ਤਲਾਕ-ਏ-ਅਹਿਸਨ–** ਇਸ ਦੇ ਅੰਤਰਗਤ "ਤਲਾਕ" ਦੀ ਘੋਸ਼ਣਾ ਮਾਸਿਕ ਧਰਮ ਦੀ ਅਵਧੀ "ਤੁਹਰ" ਵਿੱਚ ਇੱਕ ਹੀ ਵਾਰ ਕੀਤੀ ਜਾਂਦੀ ਹੈ ਅਤੇ ਇੱਦਤ ਦੀ ਅਵਧੀ ਤੱਕ ਯੌਨ ਸੰਬੰਧ ਸਥਾਪਿਤ ਨਹੀਂ ਕੀਤਾ ਜਾਦਾ। ਸ਼ੀਆਵਾਂ ਵਿੱਚ ਇਸ ਤਲਾਕ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ। ਸੁੰਨੀਆਂ ਵਿੱਚ ਵੀ ਨਸ਼ੇ ਦੀ ਹਾਲਤ ਵਿੱਚ ਜਾਂ ਗੰਭੀਰ ਧਮਕੀ ਦੀ ਅਵਸਥਾ ਵਿੱਚ ਕੀਤੀ ਗਈ "ਤਲਾਕ" ਦੀ ਘੋਸ਼ਣਾ ਨਿਰਰਥਕ ਹੁੰਦੀ ਹੈ।
2. **ਤਲਾਕ-ਏ-ਹਸਨ–** ਇਸ ਵਿੱਚ ਤਿੰਨ ਘੋਸ਼ਣਾਵਾਂ ਸ਼ਾਮਿਲ ਹੁੰਦੀਆਂ ਹਨ ਜੋ ਲਗਾਤਾਰ ਤਿੰਨ ਮਾਸਿਕ ਧਰਮ "ਤੁਹਰ" ਦੀ ਅਵਧੀ ਵਿੱਚ ਕੀਤੀਆਂ ਜਾਂਦੀਆਂ ਹਨ, ਅਤੇ ਇਸ ਅਵਧੀ ਵਿੱਚ ਕਿਸੇ ਵੀ ਪ੍ਰਕਾਰ ਦਾ ਯੌਨ ਸੰਪਰਕ ਨਹੀਂ ਕੀਤਾ ਜਾਂਦਾ ।
3. **ਤਲਾਕ-ਏ-ਉਲ-ਬਿਦਤ–** ਇਸ ਦੇ ਅੰਤਰਗਤ ਇੱਕ ਹੀ "ਤੁਹਰ" ਦੀ ਅਵਧੀ ਵਿੱਚ ਇੱਕ ਹੀ ਵਾਕ ਵਿੱਚ ਤਿੰਨ ਘੋਸ਼ਣਾਵਾਂ ਕਰਣ ਨਾਲ (ਮੈਂ ਤੈਨੂੰ ਤਿੰਨ ਵਾਰ ਤਲਾਕ ਦਿੰਦਾ ਹਾਂ), ਜਾਂ ਤਿੰਨ ਵਾਰ ਤਿੰਨ ਵਾਕਾਂ ਵਿੱਚ ਦੁਹਰਾ ਕੇ (ਮੈਂ ਤੈਨੂੰ ਤਲਾਕ ਦਿੰਦਾ ਹਾਂ, ਮੈਂ ਤੈਨੂੰ ਤਲਾਕ ਦਿੰਦਾ ਹਾਂ, ਮੈਂ ਤੈਨੂੰ ਤਲਾਕ ਦਿੰਦਾ ਹਾਂ) ਤਲਾਕ ਹੋ ਜਾਂਦਾ ਹੈ। ਜਾਂ ਫਿਰ ਇੱਕ ਹੀ ਤੁਹਰ ਵਿੱਚ ਉਕਤ ਵਾਕ ਨੂੰ ਇੱਕ ਹੀ ਵਾਰ ਕਹਿਣ ਤੇ, ਜਿਸ ਵਿੱਚ ਵਿਆਹ ਖਤਮ ਕਰਣ ਦੀ ਅਨਿਰਸਨਿਕ ਇੱਛਾ ਪ੍ਰਗਟ ਕੀਤੀ ਗਈ ਹੋਵੇ (ਜਿਵੇਂ, ਮੈਂ ਤੈਨੂੰ ਅਨਿਰਸਨਿਕ ਆਧਾਰ ਤੇ ਤਲਾਕ ਦਿੰਦਾ ਹਾਂ) ਤਲਾਕ ਹੋ ਜਾਂਦਾ ਹੈ।

ਇਸ ਤਰਾਂ ਪਹਿਲੇ ਦੋ ਪ੍ਰਕਾਰ (ਅਹਸਨ ਅਤੇ ਹਸਨ) ਦੇ ਤਲਾਕ ਦੇ ਅੰਤਰਗਤ ਦੋਵਾਂ ਹੀ ਪੱਖਾਂ ਵਿੱਚ ਸਮਝੌਤੇ ਦੇ ਅਵਸਰ ਹੁੰਦੇ ਹਨ, ਪ੍ਰੰਤੂ ਤੀਜੇ ਵਿੱਚ ਨਹੀਂ। ਤਲਾਕੇ-ਅਹਸਨ ਨੂੰ ਅਧਿਕ ਮਾਨਤਾ ਪ੍ਰਾਪਤ ਹੈ।

ਇਨਾਂ ਤਿੰਨਾਂ ਪ੍ਰਕਾਰਾਂ ਦੇ ਤਲਾਕਾਂ ਦੇ ਨਾਲ ਨਾਲ 1937 ਦੇ ਸ਼ਰੀਅਤ ਕਾਨੂੰਨ ਦੇ ਅਨੁਸਾਰ ਨਿਮਨਲਿਖਿਤ ਪ੍ਰਕਾਰ ਦੇ ਤਲਾਕਾਂ ਦਾ ਵੀ ਉਲੇਖ ਹੈ–

ਨੋਟ

1. **ਇਲਾ–** ਜੇਕਰ ਪਤੀ ਯੌਨ ਪਰਿਪੱਕਤਾ ਪ੍ਰਾਪਤ ਕਰਨ ਦੇ ਬਾਅਦ ਚਾਰ ਮਹੀਨੇ ਤੱਕ ਜਾਂ ਨਿਸ਼ਚਿਤ ਅਵਧੀ ਤੱਕ ਯੌਨ ਸੰਪਰਕ ਤੋਂ ਅਲੱਗ ਰਹਿਣ ਦੀ ਕਸਮ ਲੈਂਦਾ ਹੈ, ਤਾਂ ਓਹ "ਇਲਾ" ਕਰਦਾ ਹੈ। ਜੇਕਰ ਓਹ ਇਸ ਅਵਧੀ ਵਿੱਚ ਯੌਨ ਸਮਾਗਮ ਨਹੀਂ ਕਰਦਾ ਤਾਂ ਵਿਆਹ ਵਿੱਛੇਦ ਵੈਧ ਮੰਨ ਲਿਆ ਜਾਂਦਾ ਹੈ, ਜਿਵੇਂ ਕਿ ਤਲਾਕ-ਏ-ਉਲ-ਬਿਦਤ ਦੇ ਅੰਤਰਗਤ ਹੁੰਦਾ ਹੈ ਜਿਸ ਵਿੱਚ ਪਤੀ ਇੱਕ ਹੀ ਵਾਰ ਤਲਾਕ ਦੀ ਘੋਸ਼ਣਾ ਕਰਦਾ ਹੈ। "ਹਨਾਫੀ" ਸੰਪਰਦਾਏ ਦੇ ਸੁੰਨੀਆਂ ਵਿੱਚ "ਇਲਾ" ਤਲਾਕ ਦਾ ਮਾਣਕ ਰੂਪ ਹੈ, ਪ੍ਰੰਤੂ "ਸ਼ਫਾਈ" ਸੰਪਰਦਾਏ ਦੇ ਸੁੰਨੀਆਂ ਵਿੱਚ "ਇਲਾ" ਤਲਾਕ ਲੈਣ ਦਾ ਕੇਵਲ ਇੱਕ ਆਧਾਰ ਹੁੰਦਾ ਹੈ।
2. **"ਜ਼ਿਹਰ"–** ਪਰਿਪੱਕਤਾ ਪ੍ਰਾਪਤ ਪਤੀ ਦੋ ਗਵਾਹਾਂ ਦੇ ਸਾਹਮਣੇ ਆਪਣੇ ਪੂਰੇ ਹੋਸ਼ ਵਿੱਚ ਇਹ ਘੋਸ਼ਣਾ ਕਰਦਾ ਹੈ ਕਿ ਉਸ ਦੀ ਪਤਨੀ ਉਸ ਦੀ ਮਾਂ ਦੀ ਪਿੱਠ (back) (ਜਾਂ ਕਿਸੇ ਹੋਰ ਦੀ ਪਿੱਠ ਜਿਸ ਦੇ ਨਾਲ ਉਸ ਦਾ ਵਿਆਹ ਨਿਸ਼ੇਧਿਤ ਹੈ) ਦੇ ਸਮਾਨ ਹੈ ਤਾਂ ਓਹ "ਜ਼ਿਹਰ" ਤਲਾਕ ਹੁੰਦਾ ਹੈ। ਪ੍ਰੰਤੂ "ਜ਼ਿਹਰ" ਵਿਆਹ-ਵਿੱਛੇਦ ਨਹੀਂ ਹੁੰਦਾ, ਬਲਕਿ ਇਹ ਪਤਨੀ ਦੇ ਲਈ ਪਤੀ ਤੋਂ ਤਲਾਕ ਲੈਣ ਲਈ ਇੱਕ ਆਧਾਰ ਤਿਆਰ ਕਰਨਾ ਹੁੰਦਾ ਹੈ।
3. **"ਲਿਆਨ"–** ਇਸ ਦੇ ਅੰਤਰਗਤ ਪਤੀ ਆਪਣੀ ਪਤਨੀ ਉੱਤੇ ਵਿਆਭਿਚਾਰ (adultery) ਦਾ ਆਰੋਪ ਲਗਾਓਂਦਾ ਹੈ। ਇਸ ਪਤਨੀ ਨੂੰ ਅਦਾਲਤ ਨੂੰ ਅਪੀਲ ਕਰਨ ਦਾ ਅਧਿਕਾਰ ਮਿਲ ਜਾਂਦਾ ਹੈ ਕਿ ਜਾਂ ਤਾਂ ਉਸ ਦਾ ਪਤੀ ਆਰੋਪ ਵਾਪਿਸ ਲਵੇ ਜਾਂ ਫਿਰ ਈਸ਼ਵਰ ਦੀ ਕਸਮ ਲੈ ਕੇ ਕਹੇ ਕਿ ਉਸ ਦੇ ਦੁਆਰਾ ਲਗਾਇਆ ਗਿਆ ਆਰੋਪ ਸੱਚ ਹੈ। ਜੇਕਰ ਪਤੀ ਆਪਣਾ ਆਰੋਪ ਵਾਪਿਸ ਨਹੀਂ ਲੈਂਦਾ ਬਲਕਿ ਈਸ਼ਵਰ ਦੀ ਕਸਮ ਖਾਂਦਾ ਹੈ ਤਾਂ ਪਤਨੀ ਨੂੰ ਵੀ ਇੱਕ ਵਿਕਲਪ (option) ਮਿਲਦਾ ਹੈ ਕਿ ਜਾਂ ਤਾਂ ਓਹ ਆਪਣੇ ਉੱਪਰ ਲਗਾਇਆ ਗਿਆ ਆਰੋਪ ਸਵੀਕਾਰ ਕਰ ਲਵੇ ਜਾਂ ਫਿਰ ਪਤੀ ਦੀ ਤਰਾਂ ਈਸ਼ਵਰ ਦੀ ਕਸਮ ਖਾਵੇ ਕਿ ਓਹ ਨਿਰਦੋਸ਼ ਹੈ। ਇਸ ਤਰਾਂ ਕਸਮ ਲੈਣ ਨੂੰ "ਲਿਆਨ" ਕਹਿੰਦੇ ਹਨ। ਪਤੀ-ਪਤਨੀ ਦੇ ਇਸ ਪ੍ਰਕਾਰ ਕਸਮ ਲੈਣ ਤੋਂ ਬਾਅਦ ਪਤੀ ਨੂੰ ਇਹ ਵਿਕਲਪ ਮਿਲ ਜਾਂਦਾ ਹੈ ਕਿ ਓਹ ਅਦਾਲਤ ਦੇ ਮਾਧਿਅਮ ਨਾਲ ਤਲਾਕ ਲੈ ਲਵੇ।

1939 ਦੇ ਮੁਸਲਿਮ ਵਿਆਹ ਵਿੱਛੇਦ ਅਧਿਨਿਯਮ ਦੇ ਅੰਤਰਗਤ ਅਦਾਲਤ ਤੋਂ ਨਿਆਂਇਕ ਵਿਵਸਥਾ ਦੁਆਰਾ ਵੀ ਤਲਾਕ ਲਿਆ ਜਾ ਸਕਦਾ ਹੈ। ਇਸ ਅਧਿਨਿਯਮ ਦੇ ਆਧਾਰ ਤੇ ਔਰਤ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਓਹ ਨਿਮਨਲਿਖਿਤ ਹਾਲਾਤਾਂ ਵਿੱਚ ਪਤੀ ਨੂੰ ਤਲਾਕ ਦੇ ਸਕਦੀ ਹੈ-ਜਦੋਂ ਪਤੀ ਦੋ ਸਾਲ ਤੱਕ ਪਤਨੀ ਦਾ ਭਰਣ-ਪੋਸ਼ਣ ਨਾ ਕਰ ਸਕੇ; ਜੇਕਰ ਪਤੀ ਨੂੰ ਸੱਤ ਜਾਂ ਸੱਤ ਸਾਲ ਤੋਂ ਅਧਿਕ ਦੀ ਜੇਲ ਹੋ ਜਾਵੇ; ਜੇਕਰ ਚਾਰ ਜਾਂ ਅਧਿਕ ਸਾਲਾਂ ਤੋਂ ਪਤੀ ਨੇ ਪਤਨੀ ਦਾ ਤਿਆਗ ਕੀਤਾ ਹੋਵੇ; ਪਤੀ ਤਿੰਨ ਸਾਲ ਤੱਕ ਯੌਨ ਸੰਪਰਕ ਨਾ ਕਰੇ; ਜੇਕਰ ਪਤੀ ਨਪੁੰਸਕ ਹੋਵੇ; ਜੇਕਰ ਦੋ ਸਾਲ ਤੱਕ ਪਤੀ ਪਾਗਲ ਹੋਵੇ; ਜੇਕਰ ਪਤੀ ਕਿਸੇ ਅਸਾਧਕ ਰੋਗ (ਕੋੜ ਜਾਂ ਵੀ. ਡੀ.) ਤੋਂ ਪੀੜਿਤ ਹੋਵੇ; ਜੇਕਰ ਪਤੀ ਕ੍ਰੂਰ ਹੋਵੇ; ਜਾਂ ਪਤਨੀ ਦੇ ਅਠਾਰਾਂ ਸਾਲ ਪੂਰੇ ਹੋਣ ਤੋਂ ਪਹਿਲਾਂ ਯੌਨ ਪਰਿਪੱਕਤਾ ਧਾਰਣ ਕਰਣ ਦਾ ਵਿਕਲਪ ਰੱਖਦਾ ਹੋਵੇ।

ਮੁਸਲਿਮ ਕਾਨੂੰਨ ਦੀ ਕ੍ਰਿਆਸ਼ੀਲਤਾ ਦੇ ਅੰਤਰਗਤ ਜੀਵਨ-ਸਾਥੀ ਦੇ ਧਰਮ-ਪਰਿਵਰਤਨ ਦੇ ਕਾਰਣ ਵੀ ਵਿਆਹ-ਵਿੱਛੇਦ ਕੀਤਾ ਜਾ ਸਕਦਾ ਹੈ। ਪਤੀ ਦੇ ਧਰਮ ਪਰਿਵਰਤਨ ਦੇ ਕਾਰਣ ਵਿਆਹ-ਵਿੱਛੇਦ ਤੁਰੰਤ ਹੋ ਸਕਦਾ ਹੈ। ਇਸ ਲਈ ਜੇਕਰ ਇੱਕ ਮਰਦ ਇਸਾਈ ਧਰਮ ਵਿੱਚ ਪਰਿਵਰਤਿਤ ਹੋ ਜਾਂਦਾ ਹੈ ਅਤੇ ਉਸ ਦੀ ਪਤਨੀ ਇੱਦਤ ਦੀ ਅਵਧੀ ਪੂਰੀ ਹੋਣ ਤੋਂ ਪਹਿਲਾਂ ਹੀ ਕਿਸੇ ਦੂਜੇ ਮਰਦ ਨਾਲ ਵਿਆਹ ਕਰ ਲੈਂਦੀ ਹੈ ਤਾਂ ਓਹ ਦੂਜੇ ਵਿਆਹ (bigamy) ਦੀ ਦੋਸ਼ੀ ਨਹੀਂ ਹੋਵੇਗੀ ਕਿਓਂਕਿ ਧਰਮ ਪਰਿਵਰਤਨ ਤੁਰੰਤ ਵਿਆਹ-ਵਿੱਛੇਦ ਦਾ ਕੰਮ ਕਰਦਾ ਹੈ। 1939 ਦੇ ਅਧਿਨਿਯਮ ਤੋਂ ਪਹਿਲਾਂ ਪਤਨੀ ਦੇ ਧਰਮ-ਪਰਿਵਰਤਨ ਕਰਣ ਉੱਤੇ ਵੀ ਵਿਆਹ-ਵਿੱਛੇਦ ਤੁਰੰਤ ਲਾਗੂ ਹੁੰਦਾ ਸੀ ਪ੍ਰੰਤੂ ਹੁਣ ਨਹੀਂ। ਪ੍ਰੰਤੂ ਇਹ ਤੱਥ ਓਨਾਂ ਔਰਤਾਂ ਉੱਤੇ ਲਾਗੂ ਨਹੀਂ ਹੁੰਦਾ ਜੋ ਹੋਰ ਕਿਸੇ ਧਰਮ ਤੋਂ ਪਰਿਵਰਤਿਤ ਹੋ ਕੇ ਇਸਲਾਮ ਵਿੱਚ ਆਈਆਂ ਹੋਣ। ਇਸ ਤਰਾਂ ਜੇਕਰ ਕੋਈ ਹਿੰਦੂ ਲੜਕੀ ਇਸਲਾਮ ਸਵੀਕਾਰ ਕਰ ਲੈਂਦੀ ਹੈ ਅਤੇ ਮੁਸਲਿਮ ਕਾਨੂੰਨ ਦੇ ਅੰਤਰਗਤ ਵਿਆਹ ਕਰ ਸਕਦੀ ਹੈ ਤਾਂ ਉਸ ਦੇ ਇਸਲਾਮ ਤਿਆਗਣ ਅਤੇ ਹਿੰਦੂ ਧਰਮ ਦੁਬਾਰਾ ਅਪਨਾਓਣ ਦੇ ਤੁਰੰਤ ਬਾਅਦ ਹੀ ਵਿਆਹ-ਵਿੱਛੇਦ ਹੋ ਜਾਵੇਗਾ। ਜੇਕਰ ਓਹ ਆਪਣੇ ਪੁਰਾਣੇ ਧਰਮ ਵਿੱਚ ਵਾਪਿਸ ਨਹੀਂ ਆਓਂਦੀ ਹੈ ਅਤੇ ਕੋਈ ਦੂਜਾ ਧਰਮ ਅਪਨਾ ਲੈਂਦੀ ਹੈ (ਜਿਵੇਂ ਇਸਾਈ ਹੋ ਜਾਂਦੀ ਹੈ) ਤਾਂ ਅਜਿਹੇ ਪਰਿਵਰਤਨ ਦੇ ਨਾਲ ਤੁਰੰਤ ਵਿਆਹ-ਵਿੱਛੇਦ ਨਹੀਂ ਹੋਵੇਗਾ।

ਇਨਾਂ ਸਭ ਮਾਮਲਿਆਂ ਵਿੱਚ ਵਿਆਹ-ਵਿੱਛੇਦ ਹੋਣ ਤੇ ਕਾਨੂੰਨੀ ਪ੍ਰਭਾਵ ਇਸ ਤਰਾਂ ਹੋਣਗੇ- ਪਤਨੀ ਇੱਦਤ ਦਾ ਪਾਲਣ ਕਰਨ ਲਈ ਮਜਬੂਰ ਹੁੰਦੀ ਹੈ; ਇੱਦਤ ਦੀ ਅਵਧੀ ਵਿੱਚ ਭਰਣ-ਪੋਸ਼ਣ ਦੀ ਵਿਵਸਥਾ ਕਰਣ ਲਈ ਪਤੀ ਹੀ ਜ਼ਿੰਮੇਦਾਰ ਹੁੰਦਾ ਹੈ; "ਇੱਦਤ" ਦੀ ਅਵਧੀ ਤੋਂ ਪਹਿਲਾਂ ਪਤਨੀ ਪੁਨਰ-ਵਿਆਹ ਲਈ ਸਮਝੌਤਾ ਨਹੀਂ ਕਰ ਸਕਦੀ; ਅਤੇ ਪਤਨੀ ਸਥਗਿਤ ਮੇਹਰ (Deferred Dower) ਦੀ ਅਧਿਕਾਰੀ ਹੋਵੇਗੀ।

ਕੁਝ ਸਾਲ ਪਹਿਲਾਂ ਸਰਵ-ਉੱਚ ਅਦਾਲਤ ਨੇ ਇੱਕ ਮੁਸਲਿਮ ਔਰਤ ਸ਼ਾਹ ਬਾਨੋ ਨੂੰ ਪਤੀ ਤੋਂ ਤਲਾਕ ਮਿਲਣ ਉੱਤੇ ਭਰਣ-ਪੋਸ਼ਣ ਭੱਤਾ ਦਿੱਤੇ ਜਾਣ ਦਾ ਆਦੇਸ਼ ਦਿੱਤਾ ਸੀ। ਮੁਸਲਿਮ ਨੇਤਾਵਾਂ ਨੇ ਸਰਵ-ਉੱਚ ਅਦਾਲਤ ਦੇ ਇਸ ਕਾਨੂੰਨੀ ਨਿਰਣੇ ਨੂੰ ਮੁਸਲਿਮ ਵਿਅਕਤੀਗਤ ਕਾਨੂੰਨ (Muslim Personal Law) ਵਿੱਚ ਹਸਤਖੇਪ ਦੱਸਿਆ, ਜਿਸ ਕਾਰਣ ਸਰਕਾਰ ਨੂੰ ਮੁਸਲਿਮ ਮਹਿਲਾ (Protection of Rights in Divorce) ਐਕਟ, 1986 ਪਾਸ ਕਰਨਾ ਪਿਆ। ਇਸੇ ਤਰਾਂ ਫਰਵਰੀ 1993 ਵਿੱਚ ਉੱਤਰ ਪ੍ਰਦੇਸ਼ ਉੱਚ ਨਿਆਲੇ ਨੇ ਇੱਕ ਤੀਹ ਸਾਲਾ ਹਮੀਦਣ ਨਾਂ ਦੀ ਔਰਤ ਨੂੰ ਤਲਾਕ ਮਿਲਣ ਉੱਤੇ ਉਸ ਦੇ ਅਤੇ ਉਸ ਦੇ ਦੋ ਬੱਚਿਆਂ

ਨੋਟ

ਲਈ 32 ਸਾਲਾ ਪਤੀ ਤੋਂ 600 ਰੁਪਏ ਮਹੀਨਾ ਪੋਸ਼ਣ ਭੱਤਾ ਦਿੱਤੇ ਜਾਣ ਦੇ ਆਦੇਸ਼ ਦਿੱਤੇ। ਮੁਸਲਿਮ ਨੇਤਾਵਾਂ ਨੇ ਇਸ ਨਿਰਣੇ ਨੂੰ ਵੀ "ਸ਼ਰੀਅਤ" ਵਿੱਚ ਹਸਤਖੇਪ ਅਤੇ ਮੁਸਲਿਮ ਮਹਿਲਾ ਤਲਾਕ ਐਕਟ (Muslim Women's Divorce Act) ਦੇ ਪ੍ਰਾਵਧਾਨਾਂ ਦਾ ਉਲੰਘਣ ਦੱਸਿਆ। ਅਖਿਲ ਭਾਰਤੀ ਮੁਸਲਿਮ ਪਰਸਨਲ ਲਾ ਬੋਰਡ (The All India Muslim Personal Law Board) ਨੇ ਤਾਂ ਉੱਚ ਨਿਆਲੇ ਵਿੱਚ ਇਸ ਨਿਰਣੇ ਦੇ ਵਿਰੁੱਧ ਇੱਕ ਪੁਨਰਨਿਰੀਖਣ ਯਾਚਿਕਾ (review petition) ਵੀ ਦਾਖਿਲ ਕੀਤੀ।

ਤਲਾਕ-ਏ- ਉਲ-ਬਿਦਤ ਪ੍ਰਥਾ (ਜਿਸ ਵਿੱਚ ਤਿੰਨ ਵਾਰ ਘੋਸ਼ਣਾ ਕਰਣ ਤੇ ਤਲਾਕ ਹੋ ਜਾਂਦਾ ਹੈ) ਨੂੰ ਇਲਾਹਾਬਾਦ ਉੱਚ ਨਿਆਲੇ ਨੇ ਅਪ੍ਰੈਲ 1994 ਵਿੱਚ ਅਵੈਧ ਦੱਸਿਆ। ਇਸ ਨਿਆਲੇ ਨੇ ਸ਼ਰੀਅਤ (Muslim Personal Law) ਐਕਟ, 1937 ਵਿੱਚ ਪਤੀ ਦੇ ਇੱਕ ਹੀ ਸਮੇਂ ਤਿੰਨ ਵਾਰ ਤਲਾਕ ਕਹਿ ਦੇਣ ਤੇ ਤਲਾਕ ਦੇਣ ਦੇ ਅਧਿਕਾਰ ਦਾ ਪੁਨਰ-ਨਿਰੀਖਣ ਕੀਤਾ ਅਤੇ ਨਿਰਣਾ ਦਿੱਤਾ ਕਿ ਇਸ ਪ੍ਰਕਾਰ ਦਾ ਤਲਾਕ ਔਰਤ ਦੀ ਗਰਿਮਾ ਦੇ ਅਤੇ ਹਰ ਨਾਗਰਿਕ ਦੇ ਮੌਲਿਕ ਅਧਿਕਾਰਾਂ ਅਤੇ ਕਰਤੱਵਾਂ ਦੇ ਵਿਰੁੱਧ ਹੈ। ਜਜ ਸਾਹਿਬ ਦੀ ਇਹ ਵੀ ਮਾਨਤਾ ਸੀ ਕਿ ਇੱਕ ਹੀ ਵਾਰ ਵਿੱਚ ਅਨਿਰਸਨਿਕ (irrevocable) ਘੋਸ਼ਣਾ ਕਰ ਕੇ ਵਿਆਹ ਖਤਮ ਕਰਨਾ ਇਸਲਾਮ ਸੁਨੰਤ (Islam Sunnat) ਦੇ ਅੰਤਰਗਤ ਪਾਪ (Sin) ਮੰਨਿਆ ਗਿਆ ਹੈ। ਇਸ ਲਈ ਜਜ ਦਾ ਵਿਚਾਰ ਸੀ ਕਿ ਵਰਤਮਾਨ ਸਮੇਂ ਦੇ ਅਨੁਕੂਲ ਮੁਸਲਿਮ ਵਿਆਹ ਅਤੇ ਤਲਾਕ ਆਦਿ ਵਿਸ਼ਿਆਂ ਉੱਤੇ ਨਵਾਂ ਕਾਨੂੰਨ ਬਣਨਾ ਚਾਹੀਦਾ ਹੈ। ਮੁਸਲਿਮ ਨੇਤਾਵਾਂ ਨੇ ਇਸ ਮਾਮਲੇ ਨੂੰ ਵੀ ਅਦਾਲਤ ਦੇ ਅਧਿਕਾਰ ਖੇਤਰ ਤੋਂ ਪਰੇ ਮੰਨਿਆ ਅਤੇ ਉੱਚ ਨਿਆਲੇ ਵਿੱਚ ਅਪੀਲ ਕੀਤੀ। ਸਰਵ-ਉੱਚ ਅਦਾਲਤ ਨੇ ਜੁਲਾਈ 1994 ਵਿੱਚ ਇਲਾਹਾਬਾਦ ਦੇ ਨਿਆਂਧੀਸ਼ ਤਿਲਹਾਰੀ ਦੇ ਨਿਰਣੇ ਨੂੰ ਅਸਵੀਕਾਰ ਕਰ ਦਿੱਤਾ।

ਦੂਜੇ ਪਾਸੇ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਮੁਸਲਿਮ ਔਰਤਾਂ ਨੂੰ ਰਾਜਨੀਤਿਕ ਆਧਾਰ ਤੇ ਆਪਣੇ ਆਪ ਨੂੰ ਸੰਗਠਿਤ ਕਰ ਕੇ ਵਿਆਹ, ਤਲਾਕ ਆਦਿ ਕਾਨੂੰਨਾਂ ਵਿੱਚ ਸੰਸ਼ੋਧਨ ਲਈ ਅਤੇ ਕਾਨੂੰਨੀ ਸੰਰੱਖਿਅਣ, ਸਮਾਜਿਕ-ਆਰਥਿਕ ਸੰਪਾਲਣ ਅਤੇ ਸੰਪਤੀ ਵਿਰਾਸਤ ਸੰਬੰਧੀ ਅਧਿਕਾਰ ਆਦਿ ਪ੍ਰਾਪਤ ਕਰਣ ਲਈ ਲੜਨਾ ਚਾਹੀਦਾ ਹੈ। ਸਰਕਾਰ ਜਾਂ ਰੂੜੀਵਾਦੀ ਧਾਰਮਿਕ ਨੇਤਾ ਮੁਸਲਿਮ ਔਰਤਾਂ ਦੀ ਸਥਿਤੀ ਉੱਚਾ ਕਰਣ ਵਿ!ਚ ਰੁਚੀ ਲੈਣਗੇ ਇਸ ਦੀ ਸੰਭਾਵਨਾ ਨਹੀਂ ਹੈ।ਇਸ ਲਈ ਔਰਤਾਂ ਨੂੰ ਹੀ ਆਪਣੇ ਆਪ ਨੂੰ ਰਾਜਨੀਤਿਕ ਆਧਾਰ ਤੇ ਸੰਗਠਿਤ ਕਰ ਕੇ ਆਪਣੇ ਲਈ ਆਰਥਿਕ ਅਤੇ ਸਮਾਜਿਕ ਪਰਿਵਰਤਨਾਂ ਲਈ ਕੋਸ਼ਿਸ਼ਾਂ ਕਰਨੀਆਂ ਹੋਣਗੀਆਂ।

## 3.3.5 ਹਿੰਦੂ ਅਤੇ ਮੁਸਲਿਮ ਵਿਆਹ ਵਿੱਚ ਅੰਤਰ

ਹਿੰਦੂ ਅਤੇ ਮੁਸਲਿਮ ਵਿਆਹਾਂ ਵਿੱਚ ਨਿਮਨਲਿਖਿਤ ਚਾਰ ਆਧਾਰਾਂ ਉੱਤੇ ਭੇਦ ਕੀਤਾ ਜਾ ਸਕਦਾ ਹੈ- (*i*) ਵਿਆਹ ਦੇ ਉਦੇਸ਼ ਅਤੇ ਆਦਰਸ਼ਾਂ ਦੇ ਆਧਾਰ ਤੇ, (*ii*) ਵਿਆਹ ਵਿਵਸਥਾ ਦੇ ਸਰੂਪ ਦੇ ਆਧਾਰ ਤੇ, (*iii*) ਵਿਆਹ ਦੀ ਪ੍ਰਕ੍ਰਿਤੀ ਦੇ ਆਧਾਰ ਤੇ (*iv*) ਵਿਆਹ ਸੰਬੰਧਾਂ ਦੇ ਆਧਾਰ ਤੇ।

### *I.* ਉਦੇਸ਼ ਅਤੇ ਆਦਰਸ਼

ਹਿੰਦੂ ਵਿਆਹ ਵਿੱਚ ਧਰਮ ਅਤੇ ਧਾਰਮਿਕ ਭਾਵਨਾਵਾਂ ਦੀ ਮਹੱਤਵਪੂਰਣ ਭੂਮਿਕਾ ਹੁੰਦੀ ਹੈ, ਪ੍ਰੰਤੂ ਮੁਸਲਿਮ ਵਿਆਹ ਵਿੱਚ ਭਾਵਨਾਵਾਂ ਦਾ ਕੋਈ ਸਥਾਨ ਨਹੀਂ ਹੁੰਦਾ। ਸਭ ਧਾਰਮਿਕ ਕ੍ਰਿਆਵਾਂ ਤਾਂ ਹੀ ਮਾਣਕ ਹੁੰਦੀਆਂ ਹਨ ਜਦੋਂ ਕਿ ਪਤੀ ਪਤਨੀ ਮਿਲ ਕੇ ਓਨਾਂ ਨੂੰ ਪੂਰਾ ਕਰਣ। ਹਿੰਦੂ ਵਿਆਹ ਆਦਰਸ਼ ਦੇ ਵਿਰੁੱਧ ਮੁਸਲਿਮ ਵਿਆਹ ਮਾਤਰ ਇੱਕ ਸਮਝੌਤਾ (contract) ਹੁੰਦਾ ਹੈ ਜਿਸ ਨਾਲ ਯੌਨ ਸੰਬੰਧ ਸਥਾਪਿਤ ਹੋ ਸਕਣ ਅਤੇ ਸੰਤਾਨ ਉਤਪਤੀ ਹੋ ਸਕੇ।

### *II.* ਵਿਆਹ ਵਿਵਸਥਾ ਦੇ ਸਰੂਪ

"ਪ੍ਰਸਤਾਵ ਰੱਖਣਾ" ਅਤੇ ਉਸ ਦੀ "ਸਵੀਕ੍ਰਿਤੀ" ਮੁਸਲਿਮ ਵਿਆਹ ਦੀਆਂ ਵਿਸ਼ੇਸ਼ਤਾਵਾਂ ਹਨ। ਪ੍ਰਸਤਾਵ ਕੰਨਿਆ ਪੱਖ ਵੱਲੋਂ ਆਓਂਦਾ ਹੈ। ਜਿਸ ਬੈਠਕ ਵਿੱਚ ਪ੍ਰਸਤਾਵ ਆਓਂਦਾ ਹੈ ਉਸੇ ਵਿੱਚ ਸਵੀਕਾਰ ਵੀ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਵਿੱਚ ਦੋ ਗਵਾਹਾਂ (witnesses) ਦਾ ਹੋਣਾ ਵੀ ਜ਼ਰੂਰੀ ਹੁੰਦਾ ਹੈ। ਹਿੰਦੂਆਂ ਵਿੱਚ ਅਜਿਹਾ ਰਿਵਾਜ਼ ਨਹੀਂ ਹੈ। ਮੁਸਲਿਮ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਵਿਅਕਤੀ ਵਿੱਚ ਸੰਵਿਦਾ ਦੀ ਕੀ ਯੋਗਤਾ ਹੈ ਪ੍ਰੰਤੂ ਹਿੰਦੂ ਇਸ ਪ੍ਰਕਾਰ ਦੀ ਯੋਗਤਾ ਵਿੱਚ ਵਿਸ਼ਵਾਸ ਨਹੀਂ ਕਰਦੇ। ਮੁਸਲਿਮ ਲੋਕ ਮੇਹਰ ਦੀ ਪ੍ਰਥਾ ਦਾ ਪਾਲਣ ਕਰਦੇ ਹਨ ਜਦੋਂ ਕਿ ਹਿੰਦੂਆਂ ਵਿੱਚ ਮੇਹਰ ਦੀ ਪ੍ਰਥਾ ਨਹੀਂ ਹੁੰਦੀ। ਮੁਸਲਿਮ ਲੋਕ ਬਹੁ-ਵਿਆਹ (polygamy) ਵਿੱਚ ਵਿਸ਼ਵਾਸ ਕਰਦੇ ਹਨ, ਪ੍ਰੰਤੂ ਹਿੰਦੂ ਅਜਿਹੀ ਪ੍ਰਥਾ ਦਾ ਤਿਰਸਕਾਰ ਕਰਦੇ ਹਨ। ਜੀਵਨ ਸਾਥੀ ਦੇ ਚੁਨਾਵ ਲਈ ਮੁਸਲਿਮ ਲੋਕ ਪਹਿਲ (preferential) ਵਿਵਸਥਾ ਮੰਨਦੇ ਹਨ ਜਦੋਂ ਕਿ ਹਿੰਦੂਆਂ ਵਿੱਚ ਅਜਿਹੀ ਵਿਵਸਥਾ ਨਹੀਂ ਹੈ। ਮੁਸਲਿਮਾਂ ਦੀ ਤਰਾਂ ਹਿੰਦੂ ਲੋਕ "ਫਾਸਿਦ" ਜਾਂ "ਬਾਤਿਲ" ਵਿਆਹ ਵਿੱਚ ਵੀ ਵਿਸ਼ਵਾਸ ਨਹੀਂ ਕਰਦੇ।

### *III.* ਵਿਆਹ ਦੀ ਪ੍ਰਕ੍ਰਿਤੀ

ਮੁਸਲਿਮ ਅਸਥਾਈ ਵਿਆਹ "ਮੁਤਾ" ਨੂੰ ਮੰਨਦੇ ਹਨ, ਪ੍ਰੰਤੂ ਹਿੰਦੂ ਨਹੀਂ ਮੰਨਦੇ। ਹਿੰਦੂ ਵਿਆਹ ਵਿੱਚ ਸਮਝੌਤੇ ਲਈ "ਇੱਦਤ" ਨੂੰ ਨਹੀਂ ਮੰਨਦੇ। ਅੰਤਿਮ, ਹਿੰਦੂ ਲੋਕ ਵਿਧਵਾ ਵਿਆਹ ਨੂੰ ਹੀਣ ਦ੍ਰਿਸ਼ਟੀ ਨਾਲ ਦੇਖਦੇ ਹਨ, ਜਦੋਂ ਕਿ ਮੁਸਲਿਮ ਲੋਕ ਵਿਧਵਾ ਵਿਆਹ ਵਿੱਚ ਵਿਸ਼ਵਾਸ ਰੱਖਦੇ ਹਨ।

ਨੋਟ

### *IV.* ਵਿਆਹ ਸੰਬੰਧ

ਹਿੰਦੂਆਂ ਵਿੱਚ ਵਿਆਹ-ਵਿੱਛੇਦ ਕੇਵਲ ਮੌਤ ਤੋਂ ਬਾਅਦ ਹੀ ਸੰਭਵ ਹੈ, ਪ੍ਰੰਤੂ ਮੁਸਲਿਮ ਲੋਕਾਂ ਵਿੱਚ ਮਰਦ ਦੇ ਉਨਮਾਦ ਉੱਤੇ ਵਿਆਹ ਵਿੱਛੇਦ ਹੋ ਜਾਂਦਾ ਹੈ। ਮੁਸਲਿਮ ਮਰਦ ਆਪਣੀ ਪਤਨੀ ਨੂੰ ਅਦਾਲਤ ਦੇ ਹਸਤਖੇਪ ਤੋਂ ਬਿਨਾਂ ਵੀ ਤਲਾਕ ਦੇ ਸਕਦਾ ਹੈ, ਪ੍ਰੰਤੂ ਹਿੰਦੂ ਲੋਕ ਅਦਾਲਤ ਦੇ ਮਾਧਿਅਮ ਨਾਲ ਹੀ ਵਿਆਹ ਵਿੱਛੇਦ ਕਰ ਸਕਦੇ ਹਨ।

### *V.* ਸਮਾਜਿਕ ਵਿਧਾਨ ਵਿੱਚ ਪਰਿਵਰਤਨ ਦੀ ਜ਼ਰੂਰਤ

ਮੁਸਲਮਾਨਾਂ ਨੇ, ਵਿਸ਼ੇਸ਼ ਰੂਪ ਨਾਲ ਸਿੱਖਿਅਤ ਮੁਸਲਮਾਨਾਂ ਨੇ ਇਹ ਅਨੁਭਵ ਕੀਤਾ ਹੈ ਕਿ ਵਿਆਹ ਦੇ ਸੰਬੰਧ ਵਿੱਚ ਸਮਾਜਿਕ ਕਾਨੂੰਨ ਅਤੇ ਪ੍ਰਚੱਲਿਤ ਧਾਰਮਿਕ ਨਿਯਮਾਂ ਵਿੱਚ ਵਿਵਿਧ ਕਾਰਣਾਂ ਕਰ ਕੇ ਪਰਿਵਰਤਨ ਹੋਣਾ ਚਾਹੀਦਾ ਹੈ- (*i*) ਪੁਰਾਣੇ ਨਿਯਮ ਅੱਜ ਦੀ ਉਦਯੋਗਿਕ ਸੱਭਿਅਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦੇ; (*ii*) ਸਿੱਖਿਆ ਨੇ ਮਨੁੱਖ ਦੇ ਵਿਚਾਰਾਂ ਵਿੱਚ ਵਿਸਤਾਰ ਕੀਤਾ ਹੈ ਅਤੇ ਓਹ ਸਮਾਜਿਕ ਪ੍ਰਥਾਵਾਂ ਨੂੰ ਅਧਿਕ ਆਧੁਨਿਕ ਬਣਾਉਣਾ ਚਾਹੁੰਦੇ ਹਨ; (*iii*) ਹੋਰ ਸੱਭਿਅਤਾਵਾਂ ਦੇ ਸੰਪਰਕ ਵਿੱਚ ਆਓਣ ਨਾਲ ਮੁਸਲਮਾਨਾਂ ਨੇ ਵਿਆਹ ਦੇ ਪ੍ਰਤੀ ਦ੍ਰਿਸ਼ਟੀਕੋਣ ਅਤੇ ਵਿਵਹਾਰ ਵਿੱਚ ਇੱਕ ਨਵਾਂ ਪਾਠ ਜੋੜ ਦਿੱਤਾ ਹੈ; (*iv*) ਔਰਤਾਂ ਨੂੰ ਆਪਣੀ ਸਥਿਤੀ ਅਤੇ ਆਪਣੇ ਅਧਿਕਾਰਾਂ ਦਾ ਆਭਾਸ ਹੋਣ ਲੱਗਾ ਹੈ, ਇਸ ਲਈ ਓਹ ਮਰਦ ਦੇ ਬਰਾਬਰ ਅਧਿਕਾਰ ਚਾਹੁੰਦੀਆਂ ਹਨ; (*v*) ਕੁਰਾਨ ਦੇ ਤੱਥਾਂ ਦੀ ਦੁਬਾਰਾ ਵਿਆਖਿਆ ਕਰਣ ਦੀ ਜ਼ਰੂਰਤ ਹੈ, ਤਾਂ ਕਿ ਓਨਾਂ ਨੂੰ ਜਨ-ਇੱਛਾਵਾਂ ਦੇ ਅਨੁਰੂਪ ਬਣਾਇਆ ਜਾ ਸਕੇ।

ਦੂਜੇ ਪਾਸੇ ਪਰੰਪਰਾਗਤ ਵਿਚਾਰਧਾਰਾ ਵੀ ਹੈ ਜੋ ਕਿ ਕੁਰਾਨ ਦੀ ਵਿਆਖਿਆ ਵਿੱਚ ਹਸਤਖੇਪ ਕਰਨਾ ਪਸੰਦ ਨਹੀਂ ਕਰਦੀ। ਓਹ ਸੁਧਾਰ ਦਾ ਵਿਰੋਧ ਕਰਦੀ ਹੈ।ਪ੍ਰੰਤੂ, ਸਿੱਖਿਅਤ ਵਰਗ ਇਸਲਾਮਿਕ ਵਿਸ਼ਵਾਸਾਂ ਅਤੇ ਪਰੰਪਰਾਵਾਂ ਵਿੱਚ ਪੁਨਰਵਿਚਾਰ ਦਾ ਪੱਖਧਰ ਹੈ। ਆਧੁਨਿਕ ਵਿਚਾਰਾਂ ਦੇ ਲੋਕ ਰੂੜੀਵਾਦੀ ਵਿਚਾਰਾਂ ਵਾਲੇ ਅਸਿੱਖਿਅਤ ਲੋਕਾਂ ਨੂੰ ਸਮਝਾਓਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਓਨਾਂ ਦੀ ਸਮਾਜਿਕ ਰੂੜੀਵਾਦਿਤਾ (social conservatism) ਕੁਰਾਨ ਦੀ ਸਿੱਖਿਆ ਦੇ ਉਲਟ ਹੈ।

ਨੋਟਸ ਹਿੰਦੂ ਵਿਆਹ ਦੋ ਧਾਰਮਿਕ ਉਦੇਸ਼ਾਂ ਨਾਲ ਕੀਤਾ ਜਾਂਦਾ ਹੈ- ਪਹਿਲਾ, ਹਰ ਹਿੰਦੂ ਦਾ ਧਾਰਮਿਕ ਕਰਤੱਵ ਹੈ ਕਿ ਓਹ ਵਿਆਹ ਕਰੇ; ਦੂਜਾ ਹਰ ਹਿੰਦੂ ਨੂੰ ਪੁੱਤਰ ਪ੍ਰਾਪਤੀ ਕਰਨੀ ਚਾਹੀਦੀ ਹੈ ਤਾਂ ਕਿ ਓਹ ਪਿਤਰਾਂ ਨੂੰ ਪਿਤਰ ਦਾਨ ਆਦਿ ਕਰ ਸਕੇ।

## 3.3.6 ਇਸਾਈ ਵਿਆਹ

ਜਿਸ ਤਰਾਂ ਹਿੰਦੂ ਅਨੇਕ ਜਾਤੀਆਂ ਵਿੱਚ ਅਤੇ ਮੁਸਲਿਮ ਸ਼ੀਆ ਅਤੇ ਸੁੰਨੀਆਂ ਵਿੱਚ ਵਿਭਾਜਿਤ ਹੈ, ਉਸੇ ਤਰਾਂ ਇਸਾਈਆਂ ਵਿੱਚ ਵੀ ਸਤਰੀਕਰਣ ਮਿਲਦਾ ਹੈ। ਓਹ ਦੋ ਸਮੂਹਾਂ ਵਿੱਚ ਵਿਭਾਜਿਤ ਹਨ- ਕੈਥੋਲਿਕ ਅਤੇ ਪ੍ਰੋਟੇਸਟੇਂਟ। ਕੈਥੋਲਿਕ ਲੇਟਿਨ ਕੈਥੋਲਿਕ ਅਤੇ ਸੀਰਿਅਨ ਕੈਥੋਲਿਕ ਵਿੱਚ ਉਪਵਿਭਾਜਿਤ ਹਨ। ਹਰ ਸਮੂਹ ਅਤੇ ਉਪ ਸਮੂਹ ਅੰਤਰਵਿਵਾਹੀ (endogamous) ਹੁੰਦਾ ਹੈ। ਕੈਥੋਲਿਕ ਲੋਕ ਪ੍ਰੋਟੇਸਟੇਂਟਸ ਵਿੱਚ ਵਿਆਹ ਨਹੀਂ ਕਰਦੇ ਅਤੇ ਲੇਟਿਨ ਕੈਥੋਲਿਕ ਸੀਰਿਅਨ ਕੈਥੋਲਿਕ ਸਮੂਹ ਵਿੱਚ ਵਿਆਹ ਨਹੀਂ ਕਰਦੇ। ਇਸਾਈਆਂ ਵਿੱਚ ਉਕਤ ਸਮਾਜਿਕ ਸਤਰੀਕਰਣ ਦੀ ਪ੍ਰਸ਼ਠਭੂਮੀ ਵਿੱਚ ਇਸਾਈ ਵਿਆਹ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਅਤੇ ਹਿੰਦੂ ਅਤੇ ਮੁਸਲਿਮ ਨਾਲ ਤੁਲਨਾ ਵੀ।

ਵਿਵਹਾਰਿਕ ਰੂਪ ਨਾਲ ਹਿੰਦੂ, ਮੁਸਲਿਮ ਅਤੇ ਇਸਾਈ ਵਿਆਹਾਂ ਦਾ ਇੱਕ ਉਦੇਸ਼ ਤਾਂ ਆਮ (common) ਹੈ- ਯੌਨ ਸੰਬੰਧਾਂ ਨੂੰ ਸਮਾਜਿਕ ਮਾਨਤਾ ਪ੍ਰਦਾਨ ਕਰਨਾ ਅਤੇ ਸੰਤਾਨ ਉਤਪੰਨ ਕਰਨਾ। ਪ੍ਰੰਤੂ ਹਿੰਦੂਆਂ ਵਿੱਚ ਵਿਆਹ ਧਾਰਮਿਕ ਭਾਵਨਾਵਾਂ (sentiments) ਉੱਤੇ ਆਧਾਰਿਤ ਹੈ, ਮੁਸਲਿਮ ਵਿਆਹ ਵਿੱਚ ਇਸ ਦਾ ਕੋਈ ਵੱਡਾ ਮਹੱਤਵ ਨਹੀਂ ਹੈ। ਇਸਾਈ ਵਿਆਹ ਵਿੱਚ ਧਰਮ ਬਹੁਤ ਮਹੱਤਵਪੂਰਣ ਹੈ। ਇਸਾਈ ਸੋਚਦੇ ਹਨ ਕਿ ਵਿਆਹ ਦਾ ਮਾਨਵਿਕ ਜੀਵਨ ਸੰਬੰਧੀ ਈਸ਼ਵਰ ਦੇ ਉਦੇਸ਼ (God's purpose) ਵਿੱਚ ਇੱਕ ਵਿਸ਼ੇਸ਼ ਸਥਾਨ ਹੈ। ਇਸਾਈ ਸਮਾਜ ਵਿੱਚ ਯੌਨ ਸਮਾਗਮ ਇੱਕ ਜ਼ਰੂਰੀ ਬੁਰਾਈ ਨਹੀਂ ਸਮਝੀ ਜਾਂਦੀ ਅਤੇ ਨਾ ਹੀ ਇਸ ਨੂੰ ਸੰਤਾਨ-ਉਤਪਤੀ ਲਈ ਇੱਕ ਸਾਧਨ ਮੰਨਿਆ ਜਾਂਦਾ ਹੈ। ਇਸਾਈਆਂ ਦੀ ਮਾਨਤਾ ਹੈ ਕਿ ਵਿਆਹ ਈਸ਼ਵਰ ਦੀ ਇੱਛਾ ਨਾਲ ਹੀ ਸੰਪੰਨ ਹੁੰਦਾ ਹੈ। ਵਿਆਹ ਤੋਂ ਬਾਅਦ ਇਸਤਰੀ-ਮਰਦ ਇੱਕ ਦੂਜੇ ਵਿੱਚ ਸਮਾ ਜਾਂਦੇ ਹਨ। ਇਸ ਲਈ ਵਿਆਹ ਓਨਾਂ ਵਿੱਚ ਨਾ ਕੇਵਲ ਜੈਵਿਕੀ ਸੰਬੰਧ ਪ੍ਰੰਤੂ ਮਾਨਸਿਕ ਅਤੇ ਧਾਰਮਿਕ ਸੰਬੰਧ ਵੀ ਸਥਾਪਿਤ ਕਰਦਾ ਹੈ। ਇਸਾਈ ਵਿਸ਼ਵਾਸ ਦੇ ਅਨੁਸਾਰ ਵਿਆਹ ਦੇ ਤਿੰਨ ਪ੍ਰਮੁੱਖ ਉਦੇਸ਼ ਹਨ- ਸੰਤਾਨ ਉਤਪਤੀ, ਬਿਨਾਂ ਵਿਆਹ ਦੇ ਯੌਨ ਸੰਬੰਧਾਂ ਤੋਂ ਸੰਰੱਖਿਅਣ ਅਤੇ ਆਪਸੀ ਸਹਿਯੋਗ ਅਤੇ ਸਹਾਨੂਭੂਤੀ। ਇਨਾਂ ਉਦੇਸ਼ਾਂ ਦੇ ਆਧਾਰ ਤੇ ਇਸਾਈ ਵਿਆਹ ਨੂੰ ਇਸ ਤਰਾਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ "ਇੱਕ ਮਰਦ ਅਤੇ ਔਰਤ ਦੇ ਵਿੱਚ ਯੌਨ ਸੰਬੰਧ, ਆਪਸੀ ਸਾਥ ਅਤੇ ਪਰਿਵਾਰ ਦੀ ਸਥਾਪਨਾ ਲਈ ਇੱਕ ਅਨੁਬੰਧ ਹੈ, ਜੋ ਆਮ ਤੌਰ ਤੇ ਪੂਰੇ ਜੀਵਨ ਲਈ ਹੁੰਦਾ ਹੈ।"

ਨੋਟ

ਕੀ ਤੁਸੀਂ ਜਾਣਦੇ ਹੋ ਹਿੰਦੂ ਅਤੇ ਮੁਸਲਮਾਨ ਦੀ ਤਰਾਂ ਇਸਾਈ ਵੀ ਦੋ ਸਮੂਹਾਂ ਵਿੱਚ ਵਿਭਾਜਿਤ ਹਨ ਕੈਥੋਲਿਕ ਅਤੇ ਪ੍ਰੋਟੇਸਟੇਂਟ।

### 3.3.7 ਜੀਵਨ-ਸਾਥੀ ਦਾ ਚੁਨਾਵ ਅਤੇ ਵਿਵਾਹਿਕ ਸੰਸਕਾਰ

ਇਸਾਈ ਸਮਾਜ ਵਿੱਚ ਹਿੰਦੂਆਂ ਦੀ ਤਰਾਂ ਜੀਵਨ-ਸਾਥੀ ਦਾ ਚੁਨਾਵ ਦੋ ਤਰਾਂ ਨਾਲ ਹੁੰਦਾ ਹੈ- ਬੱਚਿਆਂ ਦੁਆਰਾ ਆਪ ਅਤੇ ਮਾਤਾ ਪਿਤਾ ਦੁਆਰਾ ਚੁਨਾਵ। ਪ੍ਰੰਤੂ 10 ਵਿੱਚੋਂ 9 ਪ੍ਰਕਰਣਾਂ ਵਿੱਚ ਚੁਨਾਵ ਮਾਤਾ ਪਿਤਾ ਦੁਆਰਾ ਹੀ ਹੁੰਦਾ ਹੈ। ਜੀਵਨ-ਸਾਥੀ ਦੇ ਚੁਨਾਵ ਵਿੱਚ ਖੂਨ ਸੰਬੰਧਾਂ ਨੂੰ ਦੂਰ ਰੱਖਿਆ ਜਾਂਦਾ ਹੈ ਅਤੇ ਸਮਾਜਿਕ ਸਥਿਤੀ, ਪਰਿਵਾਰ ਦੀ ਸਥਿਤੀ, ਸਿੱਖਿਆ, ਚਰਿੱਤਰ ਅਤੇ ਸਵਾਸਥ ਉੱਤੇ ਅਧਿਕ ਧਿਆਨ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਸਮਰਕਤਤਾ (consanguinity) ਅਤੇ ਵਿਆਹ ਸੰਬੰਧੀ (affinity) ਪ੍ਰਤੀਬੰਧਾਂ ਦੇ ਸੰਦਰਭ ਵਿੱਚ ਇਸਾਈ ਅਤੇ ਹਿੰਦੂ ਵਿਆਹ ਵਿੱਚ ਬਹੁਤ ਘੱਟ ਅੰਤਰ ਪਾਇਆ ਜਾਂਦਾ ਹੈ। ਮੁਸਲਮਾਨਾਂ ਦੀ ਤਰਾਂ ਵਿਆਹ ਵਿੱਚ ਪਹਿਲ ਵਾਲੇ ਵਿਅਕਤੀ (preferred person) ਦਾ ਚੁਨਾਵ ਨਹੀਂ ਹੁੰਦਾ।

ਜੀਵਨ ਸਾਥੀ ਦੇ ਚੁਨਾਵ ਤੋਂ ਬਾਅਦ ਸਗਾਈ (betrothal) ਦੀ ਰਸਮ ਨਿਭਾਈ ਜਾਂਦੀ ਹੈ। ਮਾਤਾ ਪਿਤਾ ਆਪਣੀ ਸੰਪਤੀ ਪਾਦਰੀ ਨੂੰ ਦੱਸ ਦਿੰਦੇ ਹਨ ਜਿਸ ਨੂੰ ਪਾਦਰੀ ਪੰਚਾਂ ਤੱਕ ਪਹੁੰਚਾਓਂਦਾ ਹੈ। ਇਹ ਰਸਮ ਲੜਕੀ ਦੇ ਘਰ ਹੀ ਹੁੰਦੀ ਹੈ। ਲੜਕਾ ਲੜਕੀ ਨੂੰ ਅੰਗੂਠੀ ਪਹਿਨਾਓਂਦਾਂ ਹੈ ਅਤੇ ਲੜਕੀ ਵੀ ਅਕਸਰ ਲੜਕੇ ਨੂੰ ਅੰਗੂਠੀ ਪਹਿਨਾਓਂਦੀ ਹੈ। ਸਗਾਈ ਤੋਂ ਬਾਅਦ ਦੋਹਾਂ ਹੀ ਪੱਖਾਂ ਨੂੰ ਕੁਝ ਰਸਮਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ; ਜਿਵੇਂ ਗਿਰਜੇ ਦੀ ਸਦੱਸਤਾ ਦਾ ਪ੍ਰਮਾਣ ਪੱਤਰ ਪ੍ਰਸਤੁਤ ਕਰਨਾ, ਚਰਿੱਤਰ ਪ੍ਰਮਾਣ ਪੱਤਰ ਦੇਣਾ, ਅਤੇ ਵਿਆਹ ਦੀ ਨਿਸ਼ਚਿਤ ਮਿਤੀ ਤੋਂ ਤਿੰਨ ਹਫਤੇ ਪਹਿਲਾਂ ਚਰਚ ਵਿੱਚ ਵਿਆਹ ਲਈ ਪ੍ਰਾਰਥਨਾ ਪੱਤਰ ਪ੍ਰਸਤੁਤ ਕਰਨਾ ਆਦਿ। ਚਰਚ ਦਾ ਪਾਦਰੀ ਇਸ ਤੋਂ ਬਾਅਦ ਵਿਆਹ ਦੇ ਵਿਰੁੱਧ ਲਿਖਿਤ ਆਪੱਤੀ ਮੰਗਦਾ ਹੈ। ਇੱਕ ਨਿਸ਼ਚਿਤ ਅਵਧੀ ਵਿੱਚ ਕੋਈ ਵੀ ਆਪੱਤੀ ਨਾ ਆਓਣ ਤੇ ਪਾਦਰੀ ਵਿਆਹ ਦੀ ਮਿਤੀ ਨਿਸ਼ਚਿਤ ਕਰ ਦਿੰਦਾ ਹੈ। ਕੰਨਿਆ ਜਿਸ ਗਿਰਜੇ ਦੀ ਮੈਂਬਰ ਹੁੰਦੀ ਹੈ ਉਸੇ ਵਿੱਚ ਵਿਆਹ ਸੰਪੰਨ ਹੁੰਦਾ ਹੈ। ਪਾਦਰੀ ਵਰ ਅਤੇ ਕੰਨਿਆ ਦੋਹਾਂ ਤੋਂ ਪੁੱਛਦਾ ਹੈ ਕਿ ਕੀ ਓਹ ਇੱਕ ਦੂਜੇ ਨੂੰ ਪਤੀ ਪਤਨੀ ਦੇ ਰੂਪ ਵਿੱਚ ਸਵੀਕਾਰ ਕਰਦੇ ਹਨ ਅਤੇ ਜਦੋਂ ਓਹ ਆਪਣੀ ਸਹਿਮਤੀ ਦੇ ਦਿੰਦੇ ਹਨ ਤਾਂ ਪਾਦਰੀ ਗਵਾਹਾਂ ਦੇ ਸਾਹਮਣੇ ਦੰਪਤੀ ਨੂੰ ਇਹ ਘੋਸ਼ਿਤ ਕਰਣ ਨੂੰ ਕਹਿੰਦਾ ਹੈ ਅਤੇ ਵਿਆਹ ਸੰਪੰਨ ਕਰਦਾ ਹੈ- "ਮੈਂ (ਨਾਂ) ਈਸ਼ਵਰ ਦੀ ਉਪਸਥਿਤੀ ਵਿੱਚ ਅਤੇ ਪ੍ਰਭੂ ਈਸ਼ੂ ਦੇ ਨਾਂ ਤੇ ਤੈਨੂੰ (ਨਾਂ) ਵੈਧਾਨਿਕ ਪਤੀ/ਪਤਨੀ ਸਵੀਕਾਰ ਕਰਦਾ/ਕਰਦੀ ਹਾਂ।"

### 3.3.8 ਵਿਸ਼ੇਸ਼ਤਾਵਾਂ

ਇਸਾਈ ਇੱਕ ਵਿਆਹ (monogamy) ਨੂੰ ਆਦਰਸ਼ ਮੰਨਦੇ ਹਨ ਅਤੇ ਬਹੁ-ਵਿਆਹ ਨਿਸ਼ੇਧਿਤ ਹੈ। 1869 ਦਾ ਭਾਰਤੀ ਇਸਾਈ ਵਿਆਹ ਅਧਿਨਿਯਮ ਜਿਸ ਵਿੱਚ 1891, 1903, 1911, 1920 ਅਤੇ 1928 ਵਿੱਚ ਸੰਸ਼ੋਧਨ ਕੀਤਾ ਗਿਆ ਸੀ, ਇਸਾਈ ਵਿਆਹ ਦੇ ਸਭ ਪੱਖਾਂ ਉੱਤੇ ਪ੍ਰਕਾਸ਼ ਪਾਓਂਦਾ ਹੈ, ਜਿਵੇਂ ਵਿਆਹ ਕੌਣ ਸੰਪਾਦਿਤ ਕਰੇਗਾ, ਕਿਸ ਥਾਂ ਤੇ (ਚਰਚ) ਸੰਪੰਨ ਹੋਵੇਗਾ, ਕਿਸ ਸਮੇਂ ਸੰਪੰਨ ਹੋਵੇਗਾ (6 ਵਜੇ ਸਵੇਰੇ ਤੋਂ 7 ਵਜੇ ਸ਼ਾਮ ਤੱਕ), ਵਿਆਹ ਦੇ ਸਮੇਂ ਵਰ ਜਾਂ ਵਧੂ ਦੀ ਘੱਟ ਤੋਂ ਘੱਟ ਉਮਰ ਕੀ ਹੋਵੇ ਅਤੇ ਓਹ ਸ਼ਰਤਾਂ ਜਿਨਾਂ ਦੇ ਅੰਤਰਗਤ ਵਿਆਹ ਸੰਪੰਨ ਹੁੰਦਾ ਹੈ (ਵਿਆਹ ਦੇ ਸਮੇਂ ਦੋਹਾਂ ਪੱਖਾਂ ਦੇ ਜੀਵਿਤ ਪ੍ਰੇਮੀ ਨਾਲ ਨਹੀਂ ਹੋਣੇ ਚਾਹੀਦੇ)।

ਇਸਾਈ ਵਿਆਹ-ਵਿੱਛੇਦ ਨੂੰ ਵੀ ਮੰਨਦੇ ਹਨ, ਚਾਹੇ ਚਰਚ ਇਸ ਦੀ ਆਗਿਆ ਨਹੀਂ ਦਿੰਦਾ। ਸੰਨ 1896 ਦੇ ਭਾਰਤੀ ਵਿਆਹ-ਵਿੱਛੇਦ ਅਧਿਨਿਯਮ ਦੇ ਦੁਆਰਾ ਭਾਰਤੀ ਇਸਾਈਆਂ ਨੂੰ ਵਿਆਹ ਵਿੱਛੇਦ ਦੀ ਵਿਧਾਨਿਕ ਆਗਿਆ ਪ੍ਰਾਪਤ ਹੈ। ਇਸ ਅਧਿਨਿਯਮ ਵਿੱਚ ਵਿਆਹ-ਵਿੱਛੇਦ, ਵਿਆਹ ਨੂੰ ਅਵੈਧ ਘੋਸ਼ਿਤ ਕਰਨਾ, ਨਿਆਂਇਕ ਅਲਗਾਵ, ਸੁਰੱਖਿਆ ਆਦੇਸ਼, ਅਤੇ ਵਿਆਹ ਸੰਬੰਧੀ ਅਧਿਕਾਰ ਦੀ ਦੁਬਾਰਾ ਸਥਾਪਨਾ ਸ਼ਾਮਿਲ ਹੈ।

ਵਿਆਹ ਨੂੰ ਨਿਮਨਲਿਖਿਤ ਆਧਾਰਾਂ ਉੱਤੇ ਅਵੈਧ ਘੋਸ਼ਿਤ ਕੀਤਾ ਜਾ ਸਕਦਾ ਹੈ- ਪਤੀ-ਪਤਨੀ ਵਿਚਕਾਰ ਨਿਕਟ ਦਾ ਰਕਤ-ਸੰਬੰਧ, ਪਤੀ ਨਪੁੰਸਕ ਹੋਵੇ, ਸਾਥੀ ਦੇ ਪਾਗਲ ਹੋਣ ਤੇ, ਅਤੇ ਪਤੀ ਦੇ ਦੂਜੀ ਸ਼ਾਦੀ ਕਰਣ ਤੇ। ਪਤੀ ਦੇ ਕਰੂਰ ਅਤੇ ਵਿਆਭਿਚਾਰੀ ਹੋਣ ਤੇ ਨਿਆਂਇਕ ਅਲਗਾਵ (judicial separation) ਵੀ ਲਿਆ ਜਾ ਸਕਦਾ ਹੈ।

ਇਸਾਈਆਂ ਵਿੱਚ ਮੇਹਰ ਦਹੇਜ ਦੀ ਪ੍ਰਥਾ ਨਹੀਂ ਹੈ। ਵਿਧਵਾ ਵਿਆਹ ਦੀ ਨਾ ਕੇਵਲ ਇਜਾਜ਼ਤ ਹੈ ਬਲਕਿ ਉਸ ਨੂੰ ਪ੍ਰੋਤਸਾਹਨ ਵੀ ਦਿੱਤਾ ਜਾਂਦਾ ਹੈ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਇਸਾਈ ਵਿਆਹ ਹਿੰਦੂ ਵਿਆਹ ਦੀ ਤਰਾਂ ਇੱਕ ਪਵਿੱਤਰ ਬੰਧਨ (sacrament) ਨਹੀਂ ਹੈ। ਇਹ ਔਰਤ ਅਤੇ ਮਰਦ ਵਿਚਕਾਰ ਇੱਕ ਸਮਝੌਤਾ ਹੈ ਜਿਸ ਵਿੱਚ ਯੌਨ ਸੰਬੰਧਾਂ ਉੱਤੇ ਘੱਟ ਬਲ ਦਿੱਤਾ ਜਾਦਾ ਹੈ, ਪ੍ਰੰਤੂ ਆਪਸੀ ਸਹਿਯੋਗ ਅਤੇ ਸਹਾਇਤਾ ਉੱਤੇ ਅਧਿਕ ਬਲ ਦਿੱਤਾ ਜਾਂਦਾ ਹੈ।

## ਸਵ-ਮੁੱਲਾਂਕਣ (Self Assessment)

**2. ਖਾਲੀ ਸਥਾਨ ਭਰੋ (Fill in the Blanks)**

*(i)* ਮੁਸਲਿਮ ਵਿਆਹ, ਜਿਸ ਨੂੰ .............. ਕਿਹਾ ਜਾਂਦਾ ਹੈ, ਹਿੰਦੂਆਂ ਦੇ ਵਿਆਹ ਦੀ ਤਰਾਂ ਪਵਿੱਤਰ ਸੰਸਕਾਰ ਨਾ ਹੋ ਕੇ ਇੱਕ ਦੀਵਾਨੀ ਸਮਝੌਤਾ ਮੰਨਿਆ ਜਾਦਾ ਹੈ।

*(ii)* ................ ਵਿਲਸਨ ਦੇ ਅਨੁਸਾਰ, ਮੁਸਲਿਮ ਵਿਆਹ ਯੌਨ ਸਮਾਗਮ ਨੂੰ ਵੈਧਾਨਿਕ ਬਣਾਓਣਾ ਅਤੇ ਬੱਚਿਆਂ ਨੂੰ ਜਨਮ ਦੇਣਾ ਮਾਤਰ ਹੈ।

*(iii)* ਅਲਪਵਿਅਸਕ ਦੇ ਵਿਆਹ ਦਾ .............. ਉਸ ਦੇ ਮਾਤਾ ਪਿਤਾ ਜਾਂ ਸੰਰੱਖਿਅਕ ਦੁਆਰਾ ਕੀਤਾ ਜਾਦਾ ਹੈ।

*(iv)* .................... ਓਹ ਸੰਪਤੀ ਹੈ ਜੋ ਵਿਆਹ ਦੇ ਪ੍ਰਤੀਫਲ ਦੇ ਰੂਪ ਵਿੱਚ ਪਤਨੀ ਆਪਣੇ ਪਤੀ ਤੋਂ ਲੈਣ ਦੀ ਅਧਿਕਾਰੀ ਹੁੰਦੀ ਹੈ।

*(v)* .............. ਅਰਬ ਦੇਸ਼ਾਂ ਵਿੱਚ ਹੀ ਪ੍ਰਚੱਲਿਤ ਹੈ।

*(vi)* ਇਸਾਈ ਇੱਕ ਵਿਆਹ ਨੂੰ ਆਦਰਸ਼ ਮੰਨਦੇ ਹਨ ਅਤੇ .......... ਨਿਸ਼ੇਧਿਤ ਹੈ।

## 3.4 ਸਾਰ ਅੰਸ਼ (Summary)

- ਹਰ ਵਿਅਕਤੀ ਨੂੰ ਆਪਣੇ ਜੀਵਨ ਵਿੱਚ ਅਨੇਕਾਂ ਭੂਮਿਕਾਵਾਂ ਨਿਭਾਓਣੀਆਂ ਪੈਂਦੀਆਂ ਹਨ, ਜਾਂ ਇਹ ਕਿਹਾ ਜਾ ਸਕਦਾ ਹੈ ਕਿ ਜੀਵਨ ਅਨੇਕ ਭੂਮਿਕਾਵਾਂ ਦਾ ਇੱਕ ਸੰਯੋਗ ਹੈ ਜਿਨਾਂ ਨੂੰ ਵਿਵਿਧ ਸੰਸਥਾਵਾਂ ਦੇ ਪਰਿਵੇਸ਼ ਵਿੱਚ ਨਿਭਾਓਣਾ ਹੁੰਦਾ ਹੈ। ਵਿਵਿਧ ਭੂਮਿਕਾਵਾਂ ਵਿੱਚ ਦੋ ਭੂਮਿਕਾਵਾਂ ਅਹਿਮ ਹਨ: ਇੱਕ ਹੈ ਆਰਥਿਕ ਭੂਮਿਕਾ ਅਤੇ ਦੂਜੀ ਹੈ ਵਿਵਾਹਿਕ ਜਾਂ ਪਰਿਵਾਰ ਦੀ ਭੂਮਿਕਾ।
- 'ਵਿਆਹ' ਦਾ ਅਧਿਐਨ ਕਰਦੇ ਸਮੇਂ ਇੱਕ ਸਮਾਜਸ਼ਾਸਤਰੀ ਇਸ ਵਿੱਚ ਨਿਹਿਤ ਪ੍ਰਾਥਮਿਕ ਸੰਬੰਧਾਂ ਦਾ ਵਿਸ਼ਲੇਸ਼ਣ ਨਹੀਂ ਕਰਦਾ, ਬਲਕਿ ਇਸ ਦਾ ਵੀ ਕਰਦਾ ਹੈ ਕਿ ਕਿਸ ਤਰਾਂ ਵਿਆਹ ਵਿੱਚ ਨਵੀਆਂ ਅਤੇ ਵਿਭਿੰਨ ਭੂਮਿਕਾਵਾਂ ਸ਼ਾਮਿਲ ਹਨ ਅਤੇ ਕੀ ਓਨਾਂ ਭੂਮਿਕਾਵਾਂ ਵਿੱਚ ਲਿਪਤ ਵਿਅਕਤੀ ਉਸ ਦੇ ਯੋਗ ਹੈ ਜਾਂ ਨਹੀਂ, ਅਤੇ ਓਨਾਂ ਭੂਮਿਕਾਵਾਂ ਨੂੰ ਨਿਭਾਓਣ ਦੀ ਅਯੋਗਤਾ ਨਾਲ ਕਿਸ ਤਰਾਂ ਪਰਿਵਾਰ ਵਿਘਟਨ ਹੁੰਦਾ ਹੈ। ਵਿਆਹ ਵਿੱਚ ਮਹੱਤਵਪੂਰਣ ਗੱਲ ਇਹ ਹੈ ਕਿ ਕਿਸ ਤਰਾਂ ਇੱਕ ਸਾਥੀ ਦਾ ਭੂਮਿਕਾ ਨਿਰਵਾਹਣ ਦੂਜੇ ਸਾਥੀ ਦੀ ਭੂਮਿਕਾ ਉਮੀਦਾਂ ਦੇ ਕਿੰਨਾ ਅਨੁਕੂਲ ਹੈ।
- ਸਭ ਭੂਮਿਕਾਵਾਂ ਪਿੱਛੇ ਕੁਝ ਅਭਿਪ੍ਰੇਰਣਾਵਾਂ ਹੁੰਦੀਆਂ ਹਨ। ਵਿਆਹ ਦੇ ਪਿੱਛੇ ਕੀ ਅਭਿਪ੍ਰੇਰਣਾ ਹੈ? ਇਹ ਮਾਨਤਾ ਹੈ ਕਿ ਪ੍ਰਾਰੰਭਿਕ ਕਾਲ ਵਿੱਚ ਵਿਅਕਤੀ ਵਿਆਹ ਇਸ ਲਈ ਕਰਦਾ ਸੀ ਕਿਓਂਕਿ ਜੀਵਨਯਾਪਣ ਦੀ ਸਮੱਸਿਆ ਉਸ ਦੇ ਸਾਹਮਣੇ ਸੀ। ਆਰਕਿਕ ਕਾਰਣਾਂ ਕਰ ਕੇ ਮਨੁੱਖ ਨੂੰ ਬੱਚਿਆਂ ਦੀ ਜ਼ਰੂਰਤ ਹੁੰਦੀ ਸੀ ਜੋ ਨਾ ਕੇਵਲ ਓਨਾਂ ਨੂੰ ਕੰਮ ਵਿੱਚ ਮਦਦ ਕਰਣ, ਬਲਕਿ ਜਦੋਂ ਮਾਤਾ-ਪਿਤਾ ਕੰਮ ਕਰਣ ਦੇ ਯੋਗ ਨਾ ਰਹਿਣ ਤਾਂ ਬੱਚੇ ਬੀਮੇ ਦੇ ਸਮਾਨ ਓਨਾਂ ਦੇ ਕੰਮ ਆ ਸਕਣ।
- ਵਿਆਹ ਦੇ ਵਿਭਿੰਨ ਪ੍ਰਕਾਰ ਹਨ, ਜਿਵੇਂ ਇੱਕ ਵਿਆਹ ਅਤੇ ਬਹੁ-ਵਿਆਹ। ਇੱਕ ਵਿਆਹ ਪ੍ਰਥਾ ਵਿੱਚ ਇੱਕ ਮਰਦ ਦਾ ਇੱਕ ਔਰਤ ਨਾਲ ਵਿਆਹ ਹੁੰਦਾ ਹੈ ਅਤੇ ਇਹ ਵਿਆਹ ਦਾ ਸਾਧਾਰਣ ਆਦਰਸ਼ ਸਰੂਪ ਹੈ। ਬਹੁ-ਵਿਆਹ ਪ੍ਰਥਾ ਵਿੱਚ ਬਹੁ-ਪਤਨੀ ਅਤੇ ਬਹੁ-ਪਤੀ ਦੋਵੇਂ ਪ੍ਰਕਾਰ ਦੇ ਵਿਆਹਾਂ ਦਾ ਸਮਾਵੇਸ਼ ਹੈ। ਬਹੁ-ਪਤਨੀ ਵਿਆਹ ਵਿੱਚ ਇੱਕ ਮਰਦ ਦੇ ਨਾਲ ਇੱਕ ਤੋਂ ਅਧਿਕ ਔਰਤਾਂ ਦਾ ਵਿਆਹ ਹੋ ਸਕਦਾ ਹੈ ਅਤੇ ਬਹੁ-ਪਤੀ ਵਿਆਹ ਵਿੱਚ ਇੱਕ ਔਰਤ ਦਾ ਇੱਕ ਤੋਂ ਅਧਿਕ ਪੁਰਸ਼ਾਂ ਨਾਲ ਵਿਆਹ ਹੁੰਦਾ ਹੈ। ਸਾਲੀ ਬਹੁ-ਪਤਨੀ ਪ੍ਰਥਾ ਵੀ ਪਾਈ ਜਾਂਦੀ ਹੈ ਜਿਸ ਦੇ ਅੰਤਰਗਤ ਇੱਕ ਪੁਰਸ਼ ਦਾ ਵਿਆਹ ਦੋ ਭੈਣਾਂ ਨਾਲ ਹੁੰਦਾ ਹੈ। ਇਨਾਂ ਪ੍ਰਕਾਰਾਂ ਤੋਂ ਇਲਾਵਾ ਭਾਬੀ ਵਿਆਹ ਅਤੇ ਸਾਲੀ ਵਿਆਹ ਦੀਆਂ ਪ੍ਰਥਾਵਾਂ ਵੀ ਆਓਂਦੀਆਂ ਹਨ। ਭਾਬੀ ਵਿਆਹ ਦੇ ਅੰਤਰਗਤ ਇੱਕ ਪੁਰਸ਼ ਦਾ ਵਿਆਹ ਆਪਣੇ ਮਰੇ ਹੋਏ ਭਾਈ ਦੀ ਪਤਨੀ ਨਾਲ ਹੁੰਦਾ ਹੈ ਅਤੇ ਅਜਿਹਾ ਉਸ ਦੇ ਅਵਿਵਾਹਿਤ ਹੋਣ ਜਾਂ ਓਹ ਰੰਡਵਾ ਹੈ ਤਾਂ ਵੀ ਹੋ ਸਕਦਾ ਹੈ।
- ਭਾਰਤ ਦੀ ਸਮਾਜਿਕ ਸੰਰਚਨਾ ਦੀਆਂ ਦੋ ਮਹੱਤਵਪੂਰਣ ਸੰਸਥਾਵਾਂ, ਅਰਥਾਤ ਪਰਿਵਾਰ ਅਤੇ ਵਿਆਹ, ਨੂੰ ਸਮਝਣ ਲਈ ਕੇ. ਐਮ. ਕਾਪੜੀਆ ਦਾ ਭਾਰਤ ਵਿੱਚ ਵਿਆਹ ਅਤੇ ਪਰਿਵਾਰ ਦਾ ਅਧਿਐਨ ਇੱਕ ਮਹੱਤਵਪੂਰਣ ਸਰੋਤ ਹੈ। ਕਾਪੜੀਆ ਦੇ ਅਨੁਸਾਰ ਵਿਆਹ ਵਿੱਚ ਸੰਗੀ ਦੇ ਚੁਨਾਵ ਦੇ ਪ੍ਰਸ਼ਨ ਨੂੰ ਤਿੰਨ ਦ੍ਰਿਸ਼ਟੀਕੋਣਾਂ ਨਾਲ ਦੇਖਿਆ ਜਾ ਸਕਦਾ ਹੈ, ਅਰਥਾਤ ਚੋਣ ਦੇ ਖੇਤਰ ਵਿੱਚ ਚੋਣ ਦਾ ਪੱਖ, ਪ੍ਰੰਤੂ ਵਿਭਿੰਨ ਸਮੁਦਾਵਾਂ ਦੇ ਭਰਾ-ਭੈਣ ਸੰਤਤੀ ਵਿਚਕਾਰ ਵਿਆਹਾਂ ਨਾਲ ਜੁੜੀਆਂ ਪ੍ਰਥਾਵਾਂ ਨੂੰ ਵੈਧ ਮੰਨਿਆ ਗਿਆ।
- ਹਿੰਦੂ ਵਿਆਹ ਇੱਕ ਧਾਰਮਿਕ ਸੰਸਕਾਰ ਹੈ? ਧਰਮ, ਪ੍ਰਜਾ (ਪ੍ਰਜਣਨ) ਅਤੇ ਰਤਿ (ਆਨੰਦ) ਹਿੰਦੂ ਵਿਆਹ ਦੇ ਉਦੇਸ਼ ਹਨ। ਵਿਆਹ ਦੇ ਉਦੇਸ਼ਾਂ ਵਿੱਚ ਯੌਨ ਦਾ ਤੀਜਾ ਸਥਾਨ ਹੈ। ਧਰਮ ਦਾ ਸਥਾਨ ਪਹਿਲਾ ਅਤੇ ਸਰਵ-ਉੱਚ ਹੈ। ਪ੍ਰਜਣਨ ਨੂੰ ਦੂਜਾ

ਨੋਟ

ਸਥਾਨ ਦਿੱਤਾ ਗਿਆ ਹੈ। ਪਿਤਾ ਨੂੰ ਨਰਕ ਵਿੱਚ ਜਾਣ ਤੋਂ ਰੋਕਣ ਲਈ ਪੁੱਤਰ ਪ੍ਰਾਪਤ ਕਰਨਾ ਵੀ ਵਿਆਹ ਦਾ ਇੱਕ ਉਦੇਸ਼ ਹੈ। ਵਿਆਹ ਦੇ ਸਮੇਂ ਪੰਚ ਮਹਾਂਯੱਗ ਕਰਣ ਲਈ ਪਵਿੱਤਰ ਅਗਨੀ ਪ੍ਰਜੱਵਲਿਤ ਕੀਤੀ ਜਾਂਦੀ ਹੈ। ਇੱਕ ਮਰਦ ਨੂੰ ਜੀਵਨ ਭਰ ਆਪਣੀ ਪਤਨੀ ਨਾਲ ਪੂਜਾ ਕਰਨੀ ਪੈਂਦੀ ਹੈ। ਇਸ ਤਰਾਂ ਵਿਆਹ ਮੁੱਖ ਤੌਰ ਤੇ ਵਿਅਕਤੀ ਦੇ ਧਰਮ ਅਤੇ ਉਸ ਦੇ ਫਰਜ਼ਾਂ ਨੂੰ ਪੂਰਾ ਕਰਣ ਲਈ ਹੈ।

- ਮੁਸਲਿਮ ਵਿਆਹ ਦਾ ਵਿਵੇਚਨ ਕਰਣ ਤੋਂ ਪਹਿਲਾਂ ਮੁਸਲਿਮ ਸਮਾਜ ਦੇ ਵਿਵਿਧ ਸਮੂਹਾਂ ਵਿੱਚ ਸਤਰੀਕਰਣ ਦਾ ਗਿਆਨ ਜ਼ਰੂਰੀ ਹੈ। ਵਿਸ਼ਾਲ ਰੂਪ ਵਿੱਚ ਮੁਸਲਿਮ ਸਮਾਜ 'ਸ਼ੀਆ' ਅਤੇ 'ਸੁੰਨੀ' ਦੋ ਸ਼੍ਰੇਣੀਆਂ ਵਿੱਚ ਵਿਭਾਜਿਤ ਹੈ। ਹਜ਼ਰਤ ਮੁਹੰਮਦ ਦੀ ਮੌਤ ਤੋਂ ਬਾਅਦ ਜਦੋਂ ਓਨਾਂ ਦੇ ਅਨੁਯਾਈਆਂ ਦੇ ਸਾਹਮਣੇ ਓਨਾਂ ਦੇ ਉੱਤਰਾਧਿਕਾਰੀ ਦੀ ਸਮੱਸਿਆ ਆਈ ਤਾਂ ਕੁਝ ਲੋਕਾਂ ਨੇ ਇੱਛਾ ਵਿਅਕਤ ਕੀਤੀ ਕਿ 'ਇਮਾਮਤ' ਹਜ਼ਰਤ ਸਾਹਿਬ ਦੇ ਪਰਿਵਾਰ ਜਾਂ ਓਨਾਂ ਦੇ ਦੁਆਰਾ ਮਨੋਨੀਤ ਵਿਅਕਤੀ ਤੱਕ ਸੀਮਿਤ ਰਹੇ, ਜਦੋਂ ਕਿ ਦੂਜੇ ਲੋਕਾਂ ਦੀ ਮਾਨਤਾ ਸੀ ਕਿ ਇਹ 'ਜਮਾਤ' ਦੇ ਲੋਕਾਂ ਦੁਆਰਾ ਚੁਨਾਵ ਦੇ ਸਿਧਾਂਤ ਉੱਤੇ ਆਧਾਰਿਤ ਹੋਣੀ ਚਾਹੀਦੀ ਹੈ।
- ਮੁਸਲਿਮ ਵਿਆਹ ਜਿਸ ਨੂੰ ਨਿਕਾਹ ਕਿਹਾ ਜਾਂਦਾ ਹੈ, ਹਿੰਦੂਆਂ ਦੇ ਵਿਆਹ ਦੀ ਤਰਾਂ ਪਵਿੱਤਰ ਸੰਸਕਾਰ ਨਾ ਹੋ ਕੇ ਇੱਕ ਦੀਵਾਨੀ ਸਮਝੌਤਾ (civil contract) ਮੰਨਿਆ ਜਾਂਦਾ ਹੈ। ਇਸ ਦੇ ਪ੍ਰਮੁੱਚ ਉਦੇਸ਼ ਹਨ: ਯੌਨ ਨਿਯੰਤਰਣ, ਗ੍ਰਹਿਸਥ ਜੀਵਨ ਨੂੰ ਵਿਵਸਥਿਤ ਕਰਨਾ, ਬੱਚਿਆਂ ਨੂੰ ਜਨਮ ਦੇ ਕੇ ਪਰਿਵਾਰ ਵਿੱਚ ਵਾਧਾ ਕਰਨਾ ਅਤੇ ਬੱਚਿਆਂ ਦਾ ਲਾਲਣ-ਪਾਲਣ ਕਰਨਾ। ਰੋਲੈਂਡ ਵਿਲਸਨ (1941) ਦੇ ਅਨੁਸਾਰ, ਮੁਸਲਿਮ ਵਿਆਹ ਯੌਨ ਸਮਾਗਮ ਨੂੰ ਵਿਧਾਨਿਕ ਬਣਾਓਣਾ ਅਤੇ ਬੱਚਿਆਂ ਨੂੰ ਜਨਮ ਦੇਣਾ ਮਾਤਰ ਹੈ।
- ਮੁਸਲਮਾਨਾਂ ਵਿੱਚ ਵੀ ਅਸਥਾਈ ਪ੍ਰਕਾਰ ਦੇ ਵਿਆਹ ਦਾ ਪ੍ਰਚਲਨ ਹੈ ਜਿਸ ਨੂੰ "ਮੁਤਾ" ਵਿਆਹ ਕਹਿੰਦੇ ਹਨ। ਇਹ ਵਿਆਹ ਔਰਤ ਅਤੇ ਮਰਦ ਦੇ ਆਪਸੀ ਸਮਝੌਤੇ ਨਾਲ ਹੁੰਦਾ ਹੈ ਅਤੇ ਇਸ ਵਿੱਚ ਕੋਈ ਵੀ ਰਿਸ਼ਤੇਦਾਰ ਹਸਤਖੇਪ ਨਹੀਂ ਕਰਦਾ। ਮਰਦ ਨੂੰ ਇੱਕ ਮੁਸਲਿਮ ਜਾਂ ਯਹੂਦੀ ਜਾਂ ਇਸਾਈ ਔਰਤ ਨਾਲ "ਮੁਤਾ" ਵਿਆਹ ਦੇ ਸੰਵਿਦਾ ਦਾ ਅਧਿਕਾਰ ਹੈ, ਪ੍ਰੰਤੂ ਇੱਕ ਔਰਤ ਇੱਕ ਗੈਰ-ਮੁਸਲਿਮ ਨਾਲ "ਮੁਤਾ" ਸੰਵਿਦਾ ਨਹੀਂ ਕਰ ਸਕਦੀ ਹੈ।
- ਮੁਸਲਿਮ ਕਾਨੂੰਨ ਦੇ ਅੰਤਰਗਤ ਵਿਆਹ ਸਮਝੌਤਾ (contract) ਜਾਂ ਤਾਂ ਅਦਾਲਤੀ ਕਾਰਵਾਈ ਦੁਆਰਾ ਖਤਮ ਕੀਤਾ ਜਾ ਸਕਦਾ ਹੈ ਜਾਂ ਬਿਨਾਂ ਅਦਾਲਤ ਦੇ ਹਸਤਖੇਪ ਦੇ ਵੀ। ਨਿਆਂਇਕ ਪ੍ਰਕ੍ਰਿਆ ਦੁਆਰਾ ਮੁਸਲਿਮ ਵਿਆਹ ਅਧਿਨਿਯਮ, 1939 ਦੇ ਅੰਤਰਗਤ ਜਾਂ "ਮੁਸਲਿਮ ਕਾਨੂੰਨ" ਦੇ ਅੰਤਰਗਤ ਤਲਾਕ ਪ੍ਰਾਪਤ ਕੀਤਾ ਜਾ ਸਕਦਾ ਹੈ।
- ਹਿੰਦੂ ਅਤੇ ਮੁਸਲਿਮ ਵਿਆਹਾਂ ਵਿੱਚ ਨਿਮਨਲਿਖਿਤ ਚਾਰ ਆਧਾਰਾਂ ਉੱਤੇ ਭੇਦ ਕੀਤਾ ਜਾ ਸਕਦਾ ਹੈ- (*i*) ਵਿਆਹ ਦੇ ਉਦੇਸ਼ ਅਤੇ ਆਦਰਸ਼ਾਂ ਦੇ ਆਧਾਰ ਤੇ, (*ii*) ਵਿਆਹ ਵਿਵਸਥਾ ਦੇ ਸਰੂਪ ਦੇ ਆਧਾਰ ਤੇ, (*iii*) ਵਿਆਹ ਦੀ ਪ੍ਰਕ੍ਰਿਤੀ ਦੇ ਆਧਾਰ ਤੇ (*iv*) ਵਿਆਹ ਸੰਬੰਧਾਂ ਦੇ ਆਧਾਰ ਤੇ।

## 3.5 ਸ਼ਬਦਕੋਸ਼ (Keywords)

- **ਬੀਮੇ** : ਇੰਸ਼ੋਰੈਂਸ, ਜ਼ਿੰਮੇਦਾਰ
- **ਮੇਹਰ** : ਇੱਕ ਨਿਸ਼ਚਿਤ ਰਾਸ਼ੀ ਜੋ ਵਰ ਦੁਆਰਾ ਕੰਨਿਆ ਨੂੰ ਵਿਆਹ ਦੇ ਸਮੇਂ ਦਿੱਤੀ ਜਾਂਦੀ ਹੈ।

## 3.6 ਅਭਿਆਸ ਪ੍ਰਸ਼ਨ (Review Questions)

1. ਵਿਆਹ ਦੀ ਅਵਧਾਰਣਾ ਅਤੇ ਅਭਿਪ੍ਰਰਣਾਵਾਂ ਦੀ ਵਿਆਖਿਆ ਕਰੋ।
2. ਵਿਆਹ ਦੇ ਪ੍ਰਕਾਰਾਂ ਦੀ ਵਿਆਖਿਆ ਕਰੋ ਅਤੇ ਜੀਵਨ ਸਾਥੀ ਚੁਨਾਵ ਦੇ ਨਿਯਮ ਦੱਸੋ।
3. ਹਿੰਦੂਆਂ ਵਿੱਚ ਵਿਆਹ ਦੇ ਮੁੱਖ ਨਿਯਮ ਕੀ ਹਨ? ਕੀ ਹਿੰਦੂ ਵਿਆਹ ਇੱਕ ਧਾਰਮਿਕ ਕਾਰਜ ਹੈ?
4. ਮਮੇਰੇ-ਫੁਫੇਰੇ ਭਾਈ-ਭੈਣ ਵਿਆਹਾਂ ਦੇ ਅਰਥ ਸਮਝਾਓ।
5. ਮੁਸਲਿਮ ਅਤੇ ਇਸਾਈ ਵਿਆਹ ਅਤੇ ਓਨਾਂ ਦੀਆਂ ਬਦਲਦੀ ਪ੍ਰਵ੍ਰਿੱਤੀਆਂ ਦਾ ਵਿਵੇਚਨ ਕਰੋ।
6. ਵਿਆਹ-ਵਿੱਛੇਦ ਕਿਸ ਨੂੰ ਕਹਿੰਦੇ ਹਨ? ਹਿੰਦੂ ਅਤੇ ਮੁਸਲਿਮ ਵਿਆਹ ਵਿੱਚ ਅੰਤਰ ਸਪਸ਼ਟ ਕਰੋ।
7. ਨਿਮਨਲਿਖਿਤ ਉੱਤੇ ਟਿੱਪਣੀ ਲਿਖੋ-

   (*i*) ਮੁਸਲਿਮ ਵਿਆਹ (*ii*) ਮੇਹਰ (*iii*) "ਮੁਤਾ" ਵਿਆਹ

ਨੋਟ

### ਉੱਤਰ : ਸਵ-ਮੁੱਲਾਂਕਣ (Answers: Self Assessment)

1. (*i*) (*a*) (*ii*) (*b*) (*iii*) (*b*) (*iv*) (*d*) (*v*) (*b*)
2. (*i*) ਵਿਆਹ (*ii*) ਰੋਲੈਂਡ ਵਿਲਸਨ (*iii*) ਸੰਵਿਦਾ (*iv*) ਮੇਹਰ
   (*v*) ਮੁਤਾ ਵਿਆਹ (*vi*) ਬਹੁ-ਵਿਆਹ

## 3.7 ਸੰਦਰਭ ਪੁਸਤਕਾਂ (Further Readings)

ਬੁਕਸ

1. ਕੇ. ਐਮ. ਕਪਾੜੀਆ, ਮੈਰਿਜ ਐਂਡ ਫੈਮਿਲੀ ਇਨ ਇੰਡੀਆ, ਆਕਸਫੋਰਡ ਯੂਨੀਵਰਸਿਟੀ ਪ੍ਰੈਸ ਦਿੱਲੀ, 1972
2. ਕਾਸ਼ੀ ਪ੍ਰਸਾਦ ਸਕਸੇਨਾ, ਮੁਸਲਿਮ ਵਿਆਹ, 1959
3. ਸ਼ੁਕਰੀ, ਅਹਿਮਦ, ਮੁਹੰਮਡਨ ਲਾ ਓਫ ਮੈਰਿਜ ਐਂਡ ਡਿਵੋਰਸ, 1917

ਨੋਟ

# ਇਕਾਈ-4: ਪਰਿਵਾਰ (Family)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

4.1 ਪਰਿਵਾਰ ਦੀ ਅਵਧਾਰਣਾ (Concept of Family)

4.2 ਪਰਿਵਾਰ ਦੇ ਪ੍ਰਕਾਰ (Forms of Family)

4.3 ਭਾਰਤ ਵਿੱਚ ਸੰਯੁਕਤ ਪਰਿਵਾਰ (Joint Family in India)

4.4 ਸੰਯੁਕਤ ਪਰਿਵਾਰ ਦੀ ਪ੍ਰਕ੍ਰਿਤੀ (Nature of Joint Family)

4.5 ਸੰਯੁਕਤ ਪਰਿਵਾਰ ਦੀਆਂ ਵਿਸ਼ੇਸ਼ਤਾਵਾਂ (Characteristics of Joint Family)

4.6 ਸੰਯੁਕਤ ਪਰਿਵਾਰ ਦੇ ਪਤਨ ਦੇ ਕਾਰਣ ਅਤੇ ਉਸ ਦੇ ਨਤੀਜੇ (Decline of Joint Family : Causes and Consequences)

4.7 ਸਾਰ ਅੰਸ਼ (Summary)

4.8 ਸ਼ਬਦਕੋਸ਼ (Keywords)

4.9 ਅਭਿਆਸ-ਪ੍ਰਸ਼ਨ (Review Questions)

4.10 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਪਰਿਵਾਰ ਦੀ ਅਵਧਾਰਣਾ, ਪ੍ਰਕਾਰ ਨੂੰ ਸਮਝਣ ਵਿੱਚ।
- ਭਾਰਤ ਵਿੱਚ ਸੰਯੁਕਤ ਪਰਿਵਾਰ, ਉਸ ਦੀ ਪ੍ਰਕ੍ਰਿਤੀ, ਵਿਸ਼ੇਸ਼ਤਾਵਾਂ ਨੂੰ ਜਾਣਨ ਵਿੱਚ
- ਸੰਯੁਕਤ ਪਰਿਵਾਰ ਦੇ ਪਤਨ ਦੇ ਕਾਰਣ ਅਤੇ ਉਸ ਦੇ ਨਤੀਜੇ ਦੀ ਵਿਆਖਿਆ ਕਰਣ ਵਿੱਚ।

## ਜਾਣਕਾਰੀ (Introduction)

ਭਾਰਤੀ ਸਮਾਜ ਵਿੱਚ ਪਰਿਵਾਰ ਦੇ ਢਾਂਚੇ ਦਾ ਵਿਸ਼ਲੇਸ਼ਣ ਕਰਦੇ ਸਮੇਂ ਮੈਂ ਸਭ ਤੋਂ ਪਹਿਲਾਂ 'ਵਿਖੰਡਿਤ' (Fissioned) ਪਰਿਵਾਰ ਦੀ ਧਾਰਣਾ ਦਾ ਪਰਿਚੇ ਦਿੱਤਾ ਹੈ। ਇਹ ਧਾਰਣਾ 'ਏਕਾਕੀ' ਪਰਿਵਾਰ ਜਾਂ 'ਸਾਧਾਰਣ' (Simple) ਪਰਿਵਾਰ ਜਾਂ 'ਪੈਤ੍ਰਿਕ' ਪਰਿਵਾਰ ਦੀ ਧਾਰਣਾ ਦੀ ਥਾਂ ਤੇ ਨਹੀਂ ਅਪਣਾਈ ਗਈ ਹੈ, ਬਲਕਿ ਸਾਡੇ ਸਮਾਜ ਵਿੱਚ ਪਰਿਵਾਰ ਦੇ ਮੂਲ ਢਾਂਚੇ ਨੂੰ ਸਮਝਣ ਲਈ ਪ੍ਰਸਤੁਤ ਕੀਤੀ ਗਈ ਹੈ। ਭਾਰਤੀ ਪਰਿਵਾਰ ਦਾ ਸੰਰਚਨਾਤਮਕ ਆਦਰਸ਼ ਪੱਛਮੀ ਪਰਿਵਾਰ ਦੇ ਢਾਂਚੇ ਤੋਂ ਬਿਲਕੁਲ ਭਿੰਨ ਹੈ। ਇਸ ਵਿੱਚ ਜ਼ਿਆਦਾ ਨਿਰੰਤਰਤਾ ਅਤੇ ਸਾਹਚਰ ਅਤੇ ਮੇਲ-ਮਿਲਾਪ ਰਹਿੰਦਾ ਹੈ। ਚਾਹੇ ਬੇਟੇ ਨੂੰ ਸਿੱਖਿਆ, ਨੌਕਰੀ ਆਦਿ ਦੇ ਕਾਰਣ ਮਜਬੂਰ ਹੋ ਕੇ ਮਾਤਾ-ਪਿਤਾ ਦੀ ਪਰਿਵਾਰਿਕ ਇਕਾਈ ਤੋਂ ਅਲੱਗ ਹੋਣਾ ਪਵੇ, ਪ੍ਰੰਤੂ ਆਪਣੇ ਮਾਤਾ-ਪਿਤਾ ਦੇ ਪਰਿਵਾਰ ਨਾਲ ਉਸ ਦਾ ਲਗਾਵ ਅਤੇ ਬੰਧਨ ਅਟੁੱਟ ਹੁੰਦਾ ਹੈ। ਪਰਿਵਾਰ ਦੇ ਮੈਂਬਰਾਂ ਵਿੱਚ ਬੰਧਨ ਬੜੇ ਵਿਆਪਕ ਅਤੇ ਦ੍ਰਿੜ ਹੁੰਦੇ ਹਨ। ਇਸੇ ਕਾਰਣ ਭਾਰਤੀ ਸਮਾਜਿਕ ਸੰਗਠਨ ਨੂੰ ਪੱਛਮ ਤੋਂ ਉਧਾਰ ਲਈਆਂ ਗਈਆਂ ਧਾਰਣਾਵਾਂ ਦੇ ਪ੍ਰਕਾਸ਼ ਵਿੱਚ ਨਹੀਂ ਸਮਝ ਸਕਦੇ। ਇਸ ਨਵੀਂ ਧਾਰਣਾ ਦੇ ਆਧਾਰ ਤੇ ਭਾਰਤੀ ਪਰਿਵਾਰ ਦੇ ਪਰੰਪਰਾਗਤ ਅਤੇ ਬਦਲਦੇ ਹੋਏ ਸਰੂਪ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਪਰਿਵਾਰ ਦੀ ਆਮ ਧਾਰਣਾ ਨੂੰ ਸਮਝਿਆ ਜਾਵੇ।

## 4.1 ਪਰਿਵਾਰ ਦੀ ਅਵਧਾਰਣਾ (Concept of Family)

ਪ੍ਰਜਣਨ (reproductive) ਜਾਂ ਜੈਵਿਕ (biological) ਇਕਾਈ ਦੇ ਰੂਪ ਵਿੱਚ ਇੱਕ ਪਰਿਵਾਰ ਓਹ ਸਮੂਹ ਹੈ ਜਿਸ ਵਿੱਚ ਔਰਤ ਅਤੇ ਮਰਦ ਨੂੰ ਯੌਨ ਸੰਬੰਧਾਂ ਦੀ ਸਥਾਪਨਾ ਕਰਣ ਲਈ ਸਮਾਜ ਦੀ ਸਵੀਕ੍ਰਿਤੀ ਪ੍ਰਾਪਤ ਹੁੰਦੀ ਹੈ।


ਗੇਰਾਲਡ ਲੇਸਿਲੇ (Gerald Leslie, 1982:12) ਨੇ ਪਰਿਵਾਰ ਦੀ ਪਰਿਭਾਸ਼ਾ ਦੋ ਭਿੰਨ ਲਿੰਗਾਂ ਦੇ ਬਾਲਗ ਲੋਕਾਂ ਦੇ ਸਮੂਹ ਦੇ ਰੂਪ ਵਿੱਚ ਦੱਸੀ ਹੈ ਜੋ ਕਿ ਸਮਾਜਿਕ ਮਾਨਤਾ ਪ੍ਰਾਪਤ ਯੌਨ ਸੰਬੰਧ ਸਥਾਪਿਤ ਕਰਦੇ ਹੋਏ ਰਹਿੰਦੇ ਹਨ ਅਤੇ ਨਾਲ ਹੀ ਓਨਾਂ ਦੇ ਆਪਣੇ ਬੱਚੇ ਜਾਂ ਗੋਦ ਲਹੇ ਬੱਚੇ ਵੀ ਹੁੰਦੇ ਹਨ। ਮਰਡਾਕ (Murdock, 1949) ਨੇ ਪਰਿਵਾਰ ਦੀ ਪਰਿਭਾਸ਼ਾ ਕਰਦੇ ਹੋਏ ਕਿਹਾ ਹੈ ਕਿ ਪਰਿਵਾਰ ਇੱਕ ਅਜਿਹਾ ਸਮਾਜਿਕ ਸਮੂਹ ਹੈ ਜਿਸ ਦਾ ਇੱਕ ਸਾਧਾਰਣ ਨਿਵਾਸ ਹੁੰਦਾ ਹੈ, ਆਰਥਿਕ ਸਹਿਯੋਗ ਹੁੰਦਾ ਹੈ ਅਤੇ ਜਿਸ ਵਿੱਚ ਪ੍ਰਜਣਨ ਕ੍ਰਿਆ ਪਾਈ ਜਾਂਦੀ ਹੈ। ਰਾਸ (Ross) ਦੀ ਪਰਿਭਾਸ਼ਾ ਵਿੱਚ ਪਰਿਵਾਰਿਕ ਜੀਵਨ ਦੇ ਸਰੀਰਿਕ, ਸਮਾਜਿਕ ਅਤੇ ਮਨੋਵਿਗਿਆਨਿਕ ਤੱਤ ਸ਼ਾਮਿਲ ਹਨ। ਰਾਸ (1961:31) ਦੇ ਅਨੁਸਾਰ ਪਰਿਵਾਰ ਨਾਤੇਦਾਰੀ ਦੇ ਆਧਾਰ ਤੇ ਇੱਕ ਦੂਜੇ ਨਾਲ ਜੁੜੇ ਲੋਕਾਂ ਦਾ ਓਹ ਸਮੂਹ ਹੈ ਜੋ ਇੱਕ ਘਰ ਵਿੱਚ ਰਹਿੰਦੇ ਹਨ ਅਤੇ ਜਿਨਾਂ ਵਿੱਚ ਅਧਿਕਾਰਾਂ, ਕਰਤੱਵਾਂ, ਭਾਵਨਾਵਾਂ ਅਤੇ ਆਧਿਪਤ ਦਾ ਇੱਕ ਨਿਸ਼ਚਿਤ ਆਦਰਸ਼ ਪ੍ਰਦਾਨ ਕਰਣ ਨਾਲ ਏਕਤਾ ਦਾ ਭਾਵ ਬਣਿਆ ਰਹਿੰਦਾ ਹੈ। ਇਸ ਤਰਾਂ ਓਹ ਪਰਿਵਾਰਿਕ ਸੰਰਚਨਾ ਦੇ ਚਾਰ ਉਪਸਰੂਪਾਂ ਵਿੱਚ ਅੰਤਰ ਦੱਸਦੀ ਹੈ- (*i*) ਪਰਿਸਥਿਤਿਕੀ (ecological) ਉਪਸੰਰਚਨਾ, ਅਰਥਾਤ ਪਰਿਵਾਰ ਦੇ ਮੈਂਬਰਾਂ ਦੀ ਸਥਾਨਿਕ ਅਤੇ ਘਰ-ਸੰਬੰਧੀ ਵਿਵਸਥਾ, ਜਾਂ ਰਿਸ਼ਤੇਦਾਰਾਂ ਦੀ ਇੱਕ ਦੂਜੇ ਨਾਲ ਭੂਗੋਲਿਕ ਦ੍ਰਿਸ਼ਟੀ ਨਾਲ ਨਿਕਟਤਾ। ਸਾਧਾਰਣ ਸ਼ਬਦਾਂ ਵਿੱਚ ਇਸ ਦਾ ਅਰਥ ਹੈ ਕਿ ਘਰ ਦਾ ਆਕਾਰ ਅਤੇ ਪਰਿਵਾਰ ਦਾ ਪ੍ਰਕਾਰ ਕੀ ਹੈ, (*ii*) ਅਧਿਕਾਰ ਅਤੇ ਕਰਤੱਵਾਂ ਦੀ ਉਪਸੰਰਚਨਾ, ਅਰਥਾਤ ਘਰ ਦੇ ਅੰਦਰ ਮਿਹਨਤ ਵਿਭਾਜਨ ਦੀ ਸਥਿਤੀ, (*iii*) ਸ਼ਕਤੀ ਅਤੇ ਸੱਤਾ ਦੀ ਉਪਸੰਰਚਨਾ, ਅਰਥਾਤ ਦੂਜਿਆਂ ਦੇ ਕੰਮਾਂ ਉੱਤੇ ਨਿਯੰਤਰਣ, (*iv*) ਭਾਵਨਾਵਾਂ (sentiments) ਦੀ ਉਪਸੰਰਚਨਾ, ਅਰਥਾਤ ਵਿਵਿਧ ਪ੍ਰਕਾਰ ਦੇ ਮੈਂਬਰਾਂ ਵਿੱਚ ਸੰਬੰਧ। ਉਦਾਹਰਣ ਲਈ, ਮਾਤਾ-ਪਿਤਾ ਅਤੇ ਸੰਤਾਨ ਦੇ ਵਿੱਚ, ਪਤੀ-ਪਤਨੀ ਵਿੱਚ, ਅਤੇ ਭਾਈ-ਭਾਈ ਅਤੇ ਭਾਈ-ਭੈਣ ਆਦਿ ਦੇ ਵਿੱਚ ਸੰਬੰਧ।

ਨੋਟਸ ਸਮਾਜਿਕ ਇਕਾਈ ਦੇ ਰੂਪ ਵਿੱਚ ਪਰਿਵਾਰ ਔਰਤ ਮਰਦ ਦਾ ਇੱਕ ਸਮੂਹ ਹੈ ਜੋ ਵਿਆਹ ਸੰਬੰਧਾਂ ਨਾਲ ਜਾਂ ਰਕਤ ਸੰਬੰਧਾਂ ਨਾਲ ਜਾਂ ਗੋਦ ਲੈਣ ਨਾਲ ਸੰਬੰਧਿਤ ਹੁੰਦਾ ਹੈ ਅਤੇ ਜੋ ਉਮਰ, ਲਿੰਗ ਅਤੇ ਹੋਰ ਸੰਬੰਧਾਂ ਉੱਤੇ ਆਧਾਰਿਤ ਭੂਮਿਕਾਵਾਂ ਅਦਾ ਕਰਦਾ ਹੈ ਅਤੇ ਸਮਾਜਿਕ ਦ੍ਰਿਸ਼ਟੀ ਨਾਲ ਇੱਕ ਘਰ ਜਾਂ ਉਪ-ਘਰ ਦੇ ਰੂਪ ਵਿੱਚ ਪਹਿਚਾਣਿਆ ਜਾਂਦਾ ਹੈ।

## 4.2 ਪਰਿਵਾਰ ਦੇ ਪ੍ਰਕਾਰ (Forms of Family)

ਚਟੋਪਾਧਿਆਏ ਨੇ ਤਿੰਨ ਪ੍ਰਕਾਰ ਦੇ ਪਰਿਵਾਰ ਦੱਸੇ ਹਨ: ਸਾਧਾਰਣ (Simple), ਮਿਸ਼ਰਿਤ (Compound), ਅਤੇ ਸੰਖੇਪ 'ਸਾਧਾਰਣ' ਪਰਿਵਾਰ ਵਿੱਚ ਪਤੀ, ਪਤਨੀ ਅਤੇ ਓਨਾਂ ਦੇ ਅਵਿਵਾਹਿਤ ਬੱਚੇ ਸ਼ਾਮਿਲ ਹੁੰਦੇ ਹਨ। ਕਦੇ ਕਦੇ ਅਜਿਹਾ ਵੀ ਹੁੰਦਾ ਹੈ ਕਿ ਬੱਚੇ ਦੇ ਜਨਮ ਤੋਂ ਬਾਅਦ ਇੱਕ ਜੀਵਨ ਸਾਥੀ ਦੀ ਮੌਤ ਹੋ ਜਾਂਦੀ ਹੈ ਤਾਂ ਦੂਜਾ ਪੁਨਰ-ਵਿਆਹ ਕਰ ਲੈਂਦਾ ਹੈ। ਅਜਿਹੀ ਸਥਿਤੀ ਵਿੱਚ ਬੱਚਿਆਂ ਦੇ ਦੋ ਪ੍ਰਕਾਰ ਦੇ ਸਮੁੱਚਾਂ (sets) ਦੀ ਇਕਾਈ ਨੂੰ 'ਸਾਧਾਰਣ' ਪਰਿਵਾਰ ਨਹੀਂ ਕਿਹਾ ਜਾ ਸਕਦਾ। ਰੇ ਖਾਚਿੱਤਰ ਨੰ. 1 ਇਸ ਪ੍ਰਕਾਰ ਦੀਆਂ ਦੋ ਇਕਾਈਆਂ ਨੂੰ ਪ੍ਰਦਰਸ਼ਿਤ ਕਰਦਾ ਹੈ।

**ਰੇਖਾਚਿਤਰ** 1




ਦੋਵੇਂ ਹੀ ਇਕਾਈਆਂ ਵਿੱਚ ਦੋ 'ਸਾਧਾਰਣ' ਪਰਿਵਾਰ ਹਨ। ਚਟੋਪਾਧਿਆਏ ਨੇ ਦੋਵਾਂ ਹੀ ਪਰਿਵਾਰਾਂ ਨੂੰ ਮਿਸ਼ਰਿਤ ਪਰਿਵਾਰ ਦੀ ਸ਼੍ਰੇਣੀ ਵਿੱਚ ਰੱਖਿਆ ਹੈ। ਇਹ 'ਸਾਧਾਰਣ' ਪਰਿਵਾਰ ਤੋਂ ਇਸ ਅਰਥ ਵਿੱਚ ਭਿੰਨ ਹਨ ਕਿ ਇਸ ਵਿੱਚ ਬੱਚਿਆਂ ਦੇ ਦੋ ਸਮੁੱਚ (ਸੈੱਟ) ਹਨ। ਇੱਕ ਮ੍ਰਿਤ ਸਾਥੀ ਤੋਂ ਅਤੇ ਦੂਜਾ ਜੀਵਿਤ ਸਾਥੀ ਤੋਂ ਜਿਸ ਨਾਲ ਪੁਨਰ-ਵਿਆਹ ਹੋਇਆ ਹੈ। ਪ੍ਰੰਤੂ ਬੱਚਿਆਂ ਦੇ ਦੋ ਸਮੁੱਚਾਂ ਵਿੱਚ ਇੱਕ ਮਾਂ ਜਾਂ ਬਾਪ ਸਮਾਨ (common) ਹੈ। ਕਦੇ ਕਦੇ ਇੱਕ ਸਾਥੀ ਆਪਣੇ ਸਾਥੀ ਦੇ ਜੀਵਿਤ ਰਹਿਣ


ਨੋਟ

ਤੇ ਵੀ ਪੁਨਰ-ਵਿਆਹ ਕਰ ਲੈਂਦਾ ਹੈ, ਅਰਥਾਤ ਜਾਂ ਤਾਂ ਇੱਕ ਮਰਦ ਦੀਆਂ ਦੋ ਪਤਨੀਆਂ ਹਨ ਜਾਂ ਇੱਕ ਔਰਤ ਦੇ ਦੋ ਪਤੀ। ਅਜਿਹੇ ਹਰ ਮਾਮਲੇ ਵਿੱਚ ਵੀ ਦੋ 'ਸਾਧਾਰਣ' ਪਰਿਵਾਰ ਸ਼ਾਮਿਲ ਹੁੰਦੇ ਹਨ। ਚਟੋਪਾਧਿਆਏ ਨੇ ਅਜਿਹੇ ਪਰਿਵਾਰਾਂ ਨੂੰ ਵੀ ਮਿਸ਼ਰਿਤ ਪਰਿਵਾਰ ਦਾ ਨਾਂ ਦਿੱਤਾ ਹੈ।ਓਹ ਅਜਿਹੇ ਪਰਿਵਾਰ ਨੂੰ 'ਮਿਸ਼ਰਿਤ ਬਹੁ-ਪਤਨੀ ਪਰਿਵਾਰ' (compound polygynous family) ਕਹਿੰਦੇ ਹਨ ਜਿਸ ਵਿੱਚ ਇੱਕ ਮਰਦ ਦੀਆਂ ਦੋ ਪਤਨੀਆਂ ਅਤੇ ਦੋ ਪ੍ਰਕਾਰ ਦੀਆਂ ਸੰਤਾਨਾਂ ਹੋਣ (ਜਦੋਂ ਕਿ ਓਹ ਇੱਕ ਅਜਿਹੇ ਪਰਿਵਾਰ ਨੂੰ ਜਿਸ ਵਿੱਚ ਇੱਕ ਔਰਤ ਆਪਣੇ ਦੋ ਪਤੀਆਂ ਨਾਲ ਦੋ ਪ੍ਰਕਾਰ ਦੇ ਬੱਚਿਆਂ ਨਾਲ ਰਹਿੰਦੀ ਹੋਵੇ, 'ਮਿਸ਼ਰਿਤ ਬਹੁਪਤੀ ਪਰਿਵਾਰ' (compound polyandrous family) ਕਹਿੰਦੇ ਹਨ।)

ਬਹੁ-ਵਿਆਹ ਨਾਲ ਜੁੜਣ ਵਾਲੇ ਏਕਾਕੀ ਪਰਿਵਾਰ 'ਬਹੁ-ਵਿਆਹੀ' (polygamous) ਪਰਿਵਾਰ ਕਹਾਓਂਦੇ ਹਨ ਅਤੇ ਮਾਤਾ-ਪਿਤਾ ਅਤੇ ਬੱਚਿਆਂ ਦੇ ਸੰਬੰਧਾਂ ਨਾਲ ਜੁੜੇ ਹੋਏ ਪਰਿਵਾਰ 'ਸੰਯੁਕਤ' ਪਰਿਵਾਰ ਜਾਂ 'ਵਿਸਤਰਿਤ' (extended) ਪਰਿਵਾਰ ਕਹਾਓਂਦੇ ਹਨ। ਇਹ ਵਿਸਤਾਰ ਖਿਤਜਿਕ (horizontal) ਜਾਂ ਉਦਗ੍ਰ (vertical) ਦੋਵੇਂ ਹੋ ਸਕਦਾ ਹੈ। ਸੰਯੁਕਤ ਪਰਿਵਾਰ ਵਿੱਚ ਸਮਰੇਖਿਕ (linearly) ਰੂਪ ਨਾਲ ਜੁੜੇ ਏਕਾਕੀ ਪਰਿਵਾਰ ਇੱਕਠੇ ਰਹਿੰਦੇ ਹਨ ਅਤੇ ਸਾਂਝੇ ਆਧਿਪਤ (common authority) ਵਿੱਚ ਕੰਮ ਕਰਦੇ ਹਨ। ਇਸ ਪ੍ਰਕਾਰ 'ਸੰਯੁਕਤ ਪਰਿਵਾਰ' ਇੱਕ ਹੀ ਘਰ ਵਿੱਚ ਰਹਿਣ ਵਾਲੇ ਦੋ ਜਾਂ ਦੋ ਤੋਂ ਅਧਿਕ ਸਮਰੇਖਿਕ ਰੂਪ ਨਾਲ ਜੁੜੇ ਮਰਦਾਂ, ਓਨਾਂ ਦੀਆਂ ਪਤਨੀਆਂ ਅਤੇ ਸੰਤਾਨਾਂ ਨਾਲ ਮਿਲ ਕੇ ਬਣਿਆ ਹੁੰਦਾ ਹੈ ਜੋ ਇੱਕ ਹੀ ਵਿਅਕਤੀ ਦੇ ਅਧਿਕਾਰ ਵਿੱਚ ਹੁੰਦੇ ਹਨ।

'ਸੰਯੁਕਤ ਪਰਿਵਾਰ' ਕਈ ਪ੍ਰਕਾਰ ਦਾ ਹੋ ਸਕਦਾ ਹੈ: (*i*) ਇੱਕ ਵਿਅਕਤੀ, ਉਸ ਦੀ ਪਤਨੀ, ਓਨਾਂ ਦੇ ਅਵਿਵਾਹਿਤ ਪੁੱਤਰ ਅਤੇ ਪੁੱਤਰੀਆਂ ਅਤੇ ਓਨਾਂ ਦੇ ਵਿਵਾਹਿਤ ਪੁੱਤਰ ਆਪਣੀ ਅਵਿਵਾਹਿਤ ਸੰਤਾਨ ਨਾਲ, (*ii*) ਇੱਕ ਵਿਅਕਤੀ, ਉਸ ਦੀ ਪਤਨੀ, ਉਸ ਦੇ ਅਵਿਵਾਹਿਤ ਬੱਚੇ ਅਤੇ ਉਸ ਦੇ ਮਾਤਾ ਪਿਤਾ, (*iii*) ਇੱਕ ਵਿਅਕਤੀ, ਉਸ ਦੀ ਪਤਨੀ, ਉਸ (ਵਿਅਕਤੀ) ਦੇ ਮਾਤਾ ਪਿਤਾ, ਉਸ ਦੇ ਅਵਿਵਾਹਿਤ ਬੱਚੇ ਅਤੇ ਵਿਵਾਹਿਤ ਪੁੱਤਰ ਅਤੇ ਓਨਾਂ (ਪੁੱਤਰਾਂ) ਦੇ ਬੱਚੇ, (*iv*) ਕਈ ਭਾਈ ਅਤੇ ਆਪਣੀਆਂ ਪਤਨੀਆਂ ਅਤੇ ਬੱਚਿਆਂ ਸਹਿਤ (*v*) ਕਈ ਭਾਈ ਆਪਣੀਆਂ ਪਤਨੀਆਂ, ਬੱਚਿਆਂ ਅਤੇ ਮਾਤਾ ਪਿਤਾ ਸਹਿਤ।

**ਰੇਖਾਚਿੱਤਰ 2**




ਇਸ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ 'ਸੰਯੁਕਤ ਪਰਿਵਾਰ' ਜਾਂ ਤਾਂ ਸਮਰੇਖਿਕ ਹੋ ਸਕਦਾ ਹੈ (ਜਿੱਥੇ ਵਿਸਤਾਰ ਉਦਗ੍ਰ ਹੋਵੇ) ਜਾਂ ਭਿੰਨਸ਼ਾਖਾਈ ਹੋ ਸਕਦਾ ਹੈ (ਜਿੱਥੇ ਵਿਸਤਾਰ ਖਤਿਜੀ ਹੋਵੇ)।

ਸੱਤਾ ਆਧਿਪਤ (Authority) ਦੇ ਆਧਾਰ ਤੇ ਪਰਿਵਾਰਾਂ ਦਾ ਵਰਗੀਕਰਣ ਇਸ ਤਰਾਂ ਕੀਤਾ ਜਾ ਸਕਦਾ ਹੈ: ਪਤੀ ਸੱਤਾਮੂਲਕ, (husband-dominant) ਪਤਨੀ ਸੱਤਾਮੂਲਕ (wife-dominant) ਅਤੇ ਸਮਤਾਵਾਦੀ (equalitarian)। ਅਜਿਹਾ ਸਮਤਾਵਾਦੀ ਪਰਿਵਾਰ ਜਿਸ ਵਿੱਚ ਪਤੀ ਪਤਨੀ ਮਿਲ ਕੇ ਜ਼ਿਆਦਾਤਰ ਨਿਰਣੇ ਲੈਂਦੇ ਹੋਣ, ਉਸ ਨੂੰ 'ਸਮਨਵਵਾਦੀ ਪਰਿਵਾਰ' (Syncretic family) ਕਹਿੰਦੇ ਹਨ ਅਤੇ ਅਜਿਹਾ ਪਰਿਵਾਰ ਜਿਸ ਵਿੱਚ ਦੋਵੇਂ ਜੀਵਨ ਸਾਥੀਆਂ ਨੂੰ ਅਲੱਗ ਅਲੱਗ ਬਰਾਬਰ ਦੇ ਨਿਰਣੇ ਸੌਂਪ ਦਿੱਤੇ ਜਾਂਦੇ ਹਨ, ਉਸ ਨੂੰ 'ਸਵੈਯੱਤਾਵਾਦੀ ਪਰਿਵਾਰ' (autonomic family) ਕਹਿੰਦੇ ਹਨ।

ਬਰਜੇਸ ਅਤੇ ਲਾਕ (Burgess and Locke, 1963: 26) ਨੇ ਵਿਅਕਤੀਆਂ ਦੇ ਵਿਵਹਾਰ ਦੇ ਆਧਾਰ ਤੇ ਪਰਿਵਾਰਾਂ ਦਾ ਵਰਗੀਕਰਣ 'ਸੰਸਥਾਗਤ' (institutional) ਅਤੇ 'ਸਹਿਚਾਰਿਤਾ' (companionship) ਦੇ ਰੂਪ ਵਿੱਚ ਕੀਤਾ ਹੈ। 'ਸੰਸਥਾਪਕ' ਪਰਿਵਾਰ ਵਿੱਚ ਮੈਂਬਰਾਂ ਦੇ ਵਿਵਹਾਰ ਉੱਤੇ ਰੂੜੀਆਂ/ਲੋਕਾਚਾਰ (mores) ਅਤੇ ਜਨਮਤ ਦੁਆਰਾ ਨਿਯੰਤਰਣ ਕੀਤਾ ਜਾਂਦਾ ਹੈ ਜਦੋਂ ਕਿ 'ਸਹਿਚਾਰਿਤਾ' ਪਰਿਵਾਰ ਮੈਂਬਰਾਂ ਦੇ ਵਿਵਹਾਰ, ਆਪਸੀ ਸਨੇਹ ਅਤੇ ਇੱਕਮਤ (consensus) ਨਾਲ ਬਣਦਾ ਹੈ।

ਨਾਤੇਦਾਰੀ ਦੇ ਬੰਧਨਾਂ ਦੇ ਆਧਾਰ ਤੇ ਪਰਿਵਾਰਾਂ ਨੂੰ 'ਵਿਵਾਹਿਕ' (conjugal) ਅਤੇ 'ਰਕਤਮੂਲਕ' (consanguine) ਵਿੱਚ ਵਰਗੀਕ੍ਰਿਤ ਕੀਤਾ ਗਿਆ ਹੈ। ਪਹਿਲੇ ਪ੍ਰਕਾਰ ਦੇ ਪਰਿਵਾਰ ਵਿੱਚ ਵਿਵਾਹਿਕ ਬੰਧਨਾਂ ਨੂੰ ਮਹੱਤਵ ਦਿੱਤਾ ਜਾਂਦਾ ਹੈ ਅਤੇ ਦੂਜੇ ਵਿੱਚ ਰਕਤ ਸੰਬੰਧਾਂ ਨੂੰ। ਅਮਰੀਕਾ ਦੀ ਪਰਿਵਾਰ ਪ੍ਰਣਾਲੀ ਵਿੱਚ ਸੁਤੰਤਰ ਏਕਾਕੀ ਪਰਿਵਾਰ 'ਵਿਵਾਹਿਕ' ਪਰਿਵਾਰ ਦੀ ਉਦਾਹਰਣ ਹੈ। ਇਸ ਤੋਂ ਉਲਟ, ਭਾਰਤੀ ਪਰਿਵਾਰ ਪ੍ਰਣਾਲੀ ਵਿੱਚ ਵਿਵਾਹਿਕ ਸੰਬੰਧਾਂ ਦੇ ਸਥਾਨ ਤੇ ਸੰਤਾਨ (filial), ਭਰਾਤਰੀਵਾਦ (fraternal) ਅਤੇ ਭਾਈ-ਭੈਣ (sibling) ਦੇ ਸੰਬੰਧਾਂ ਉੱਤੇ ਬਲ ਦਿੱਤਾ ਜਾਂਦਾ ਹੈ। 'ਵਿਵਾਹਿਕ' ਪਰਿਵਾਰ ਵਿਵਸਥਾ ਵਿੱਚ ਵਿਅਕਤੀ ਦਾ ਮਾਤਾ ਪਿਤਾ ਦੀ ਥਾਂ ਤੇ ਪਤਨੀ ਵੱਲ ਝੁਕਾਅ ਰਹਿੰਦਾ ਹੈ, ਜਦੋਂ ਕਿ ਰਕਤਮੂਲਕ ਪਰਿਵਾਰ ਵਿਵਸਥਾ ਵਿੱਚ ਪਤਨੀ ਨੂੰ 'ਬਾਹਰੀ ਵਿਅਕਤੀ'(outsider) ਮੰਨਿਆ ਜਾਂਦਾ ਹੈ ਜਿਸ ਦੀਆਂ ਇੱਛਾਵਾਂ ਅਤੇ ਜ਼ਰੂਰਤਾਂ ਵਿਸਤਾਰਿਤ/ਸੰਯੁਕਤ ਪਰਿਵਾਰ ਦੀ ਨਿਯੰਤਰਤਾ ਬਣਾ ਕੇ ਰੱਖਣ ਅਤੇ ਕਲਿਆਣ ਵਿੱਚ ਹੀ ਵਿਲੁਪਤ ਹੋ ਜਾਂਦੀਆਂ ਹਨ। 'ਵਿਵਾਹਿਕ' ਪਰਿਵਾਰ ਅਸਥਾਈ ਹੁੰਦੇ ਹਨ ਅਤੇ ਮਾਤਾ ਪਿਤਾ ਦੀ ਮੌਤ ਤੋਂ ਬਾਅਦ ਬਿਖਰ ਜਾਂਦੇ ਹਨ। ਰਕਤਮੂਲਕ ਪਰਿਵਾਰ ਕਾਫੀ ਲੰਬੇ ਸਮੇਂ ਤੱਕ ਚਲਦੇ ਹਨ ਕਿਉਂਕਿ ਪਰਿਵਾਰ ਦਾ ਅਸਤਿੱਤਵ ਇੱਕ ਦੰਪਤੀ ਉੱਤੇ ਨਿਰਭਰ ਨਹੀਂ ਰਹਿੰਦਾ ਹੈ। ਜੇਕਰ ਕਦੇ ਮਾਤਾ ਪਿਤਾ ਦੇ ਅਚਾਨਕ ਮੌਤ ਹੋ ਜਾਂਦੀ ਹੈ ਤਾਂ ਹੋਰ ਰਕਤ ਸੰਬੰਧੀ ਮਾਤਾ ਪਿਤਾ ਦੀ ਭੂਮਿਕਾ ਨਿਭਾਉਂਦੇ ਹਨ। ਦਾਦਾ ਅਤੇ ਦਾਦੀ ਦੀ ਮੌਤ ਤੋਂ ਬਾਅਦ ਪਰਿਵਾਰ ਦਾ ਨਿਯੰਤਰਣ ਅਗਲੀ ਪੀੜੀ ਕੋਲ ਚਲਾ ਜਾਂਦਾ ਹੈ।

ਕੀ ਤੁਸੀਂ ਜਾਣਦੇ ਹੋ — ਅਮਰੀਕਨ ਪਰਿਵਾਰ ਸੰਸਥਾਪਕ ਪਰਿਵਾਰ ਤੋਂ ਸਹਿਚਾਰਿਤਾ ਪਰਿਵਾਰ ਦੇ ਰੂਪ ਵਿੱਚ ਪਰਿਵਰਤਿਤ ਹੋ ਰਿਹਾ ਹੈ।

ਜਿਮਰਮੇਨ (Zimmerman) (1947: 120) ਨੇ ਪਰਿਵਾਰ ਦਾ ਵਰਗੀਕਰਣ ਨਿਆਸਧਾਰੀ (trustee), ਗ੍ਰਹਿਸਥ (domestic), ਅਤੇ ਆਣਵਿਕ (atomistic) ਵਿੱਚ ਕੀਤਾ ਹੈ। ਪ੍ਰੰਤੂ ਓਨਾਂ ਨੇ ਇਨਾਂ ਪਰਿਵਾਰਾਂ ਦੇ ਪ੍ਰਕਾਰਾਂ ਨੂੰ ਅਨੁਭਾਵਿਕ (empirical) ਨਾ ਮੰਨ ਕੇ ਆਦਰਸ਼ (ideal) ਪ੍ਰਕਾਰ ਮੰਨਿਆ ਹੈ। 'ਨਿਆਸਧਾਰੀ' ਪਰਿਵਾਰ ਵਿੱਚ ਵਿਅਕਤੀ ਦੇ ਅਧਿਕਾਰਾਂ ਦਾ ਕੋਈ ਸਥਾਨ ਨਹੀਂ ਹੁੰਦਾ ਕਿਉਂਕਿ ਪਰਿਵਾਰ ਦਾ ਹਰ ਮੈਂਬਰ ਟ੍ਰਸਟੀ ਦੀਆਂ ਇੱਛਾਵਾਂ ਨੂੰ ਮੰਨਣ ਲਈ ਮਜਬੂਰ ਹੁੰਦਾ ਹੈ। ਪਰਿਵਾਰ ਦੇ ਮੁਖੀਆ ਦਾ ਅਧਿਕਾਰ ਨਿਰੰਕੁਸ਼ (ਲਤਰ;ਚਵਕ) ਨਹੀਂ ਹੁੰਦਾ, ਬਲਕਿ ਉਸ ਨੂੰ ਟ੍ਰਸਟੀ ਦੇ ਰੂਪ ਵਿੱਚ ਪਰਿਵਾਰ ਦੀਆਂ ਜ਼ਿੰਮੇਦਾਰੀਆਂ ਦੇ ਨਿਰਵਾਹ ਲਈ ਭੂਮਿਕਾ ਅਦਾ ਕਰਣ ਲਈ ਪ੍ਰਾਪਤ ਹੁੰਦਾ ਹੈ। "ਗ੍ਰਹਿਸਥ" ਪਰਿਵਾਰ ਨਿਆਸਧਾਰੀ ਅਤੇ ਆਣਵਿਕ ਪਰਿਵਾਰਾਂ ਦੇ ਵਿੱਚ ਦਾ ਪਰਿਵਾਰ ਹੈ ਜਿਸ ਵਿੱਚ ਇਨਾਂ ਦੋਹਾਂ ਪਰਿਵਾਰਾਂ ਦੀਆਂ ਵਿਸ਼ੇਸ਼ਤਾਵਾਂ ਸਮਾਈਆਂ ਹੁੰਦੀਆਂ ਹਨ। ਇਹ ਪਰਿਵਾਰ ਔਪਚਾਰਿਕਤਾ (ਰਿਗਠ੍;ਜਤਠ) ਅਤੇ ਵਿਅਕਤੀ (ਜਅਦਜਡਜਦਢ੍;ਜਤਠ) ਦੇ ਵਿਚਕਾਰ ਸੰਤੁਲਨ ਬਣਾਏ ਰੱਖਦਾ ਹੈ। 'ਆਣਵਿਕ' ਪਰਿਵਾਰ ਵਿੱਚ ਰੂੜੀਗਤ ਲੋਕਾਚਾਰਾਂ ਦਾ ਮਹੱਤਵ ਖਤਮ ਹੋ ਜਾਦਾ ਹੈ ਅਤੇ ਹਰ ਮੈਂਬਰ ਦੀ ਇੱਛਾ ਮਹੱਤਵਪੂਰਣ ਹੁੰਦੀ ਹੈ। ਇਸ ਵਿੱਚ ਪਰਿਵਾਰ ਦਾ ਆਪਣੇ ਮੈਂਬਰਾਂ ਉੱਤੇ ਘੱਟ ਤੋਂ ਘੱਟ ਨਿਯੰਤਰਣ ਹੁੰਦਾ ਹੈ। ਜਿਮਰਮੇਨ ਦੀ ਮਾਨਤਾ ਹੈ ਕਿ ਅਮਰੀਕਨ ਪਰਿਵਾਰ ਨਿਆਸਧਾਰੀ ਤੋਂ ਆਣਵਿਕ ਪਰਿਵਾਰ ਵਿੱਚ ਬਦਲਿਆ ਹੈ। ਕੀ ਭਾਰਤੀ ਪਰਿਵਾਰ ਵੀ ਬਰਜੇਸ ਅਤੇ ਜਿਮਰਮੇਨ ਦੁਆਰਾ ਕੀਤਾ ਗਏ ਉਪਰੋਕਤ ਪ੍ਰਤੀਮਾਨਾਂ ਉੱਤੇ ਚਲ ਰਿਹਾ ਹੈ?

### ਸਵ-ਮੁੱਲਾਂਕਣ (Self Assessment)

**1. ਖਾਲੀ ਸਥਾਨ ਭਰੋ (Fill in the Blanks)**

(*i*) ਸਮਾਜਿਕ ਇਕਾਈ ਦੇ ਰੂਪ ਵਿੱਚ .............. ਔਰਤ ਮਰਦ ਦਾ ਇੱਕ ਸਮੂਹ ਹੈ।

(*ii*) ਬਹੁ ਵਿਆਹ ਨਾਲ ਜੁੜਣ ਵਾਲੇ ਏਕਾਕੀ ਪਰਿਵਾਰ ................ ਬਹੁ-ਵਿਆਹੀ ਪਰਿਵਾਰ ਕਹਾਉਂਦੇ ਹਨ।

(*iii*) .............. ਪਰਿਵਾਰ ਮੈਂਬਰਾਂ ਦੇ ਵਿਵਹਾਰ, ਆਪਸੀ ਸਨੇਹ ਅਤੇ ਇੱਕਮਤ ਨਾਲ ਬਣਦਾ ਹੈ।

(*iv*) .................... ਪਰਿਵਾਰ ਅਸਥਾਈ ਹੁੰਦੇ ਹਨ ਅਤੇ ਮਾਤਾ ਪਿਤਾ ਦੀ ਮੌਤ ਤੋਂ ਬਾਅਦ ਬਿਖਰ ਜਾਂਦੇ ਹਨ।

## 4.3 ਭਾਰਤ ਵਿੱਚ ਸੰਯੁਕਤ ਪਰਿਵਾਰ (Joint Family in India)

ਸੰਯੁਕਤ ਪਰਿਵਾਰ ਸ਼ਬਦ ਵਿੱਚ 'ਸੰਯੁਕਤਤਾ' ਦੀ ਧਾਰਣਾ ਦੀ ਵਿਭਿੰਨ ਵਿਦਵਾਨਾਂ ਨੇ ਵਿਵਿਧ ਰੂਪ ਨਾਲ ਵਿਵੇਚਨਾ ਕੀਤੀ ਹੈ। ਕੁਝ ਵਿਦਵਾਨਾਂ (ਜਿਵੇਂ ਈਰਾਵਤੀ ਕਰਵੇ) ਨੇ ਸੰਯੁਕਤਤਾ ਲਈ ਸਹਿ-ਨਿਵਾਸ (co-residentiality) ਨੂੰ ਜ਼ਰੂਰੀ ਮੰਨਿਆ ਹੈ ਤਾਂ ਕੁਝ ਵਿਦਵਾਨ (ਜਿਵੇਂ ਬੀ. ਐਸ. ਕੋਹਨ, ਐਸ. ਸੀ. ਦੁਬੇ, ਹੈਰੋਲਡ ਗੂਲਡ, ਪਾਲਿਨ ਕੋਲੇਂਡਾ ਅਤੇ ਆਰ. ਕੇਂ ਮੁਖਰਜੀ) ਸਹਿ-ਨਿਵਾਸ ਅਤੇ ਸਹਿ-ਭੋਜਨ ਦੋਹਾਂ ਨੂੰ ਸੰਯੁਕਤਤਾ ਦੇ ਜ਼ਰੂਰੀ ਤੱਤ ਮੰਨਦੇ ਹਨ। ਕੁਝ ਹੋਰ (ਜਿਵੇਂ ਐਫ. ਜੀ. ਬੈਲੀ, ਟੀ. ਐਨ. ਮਦਾਨ) ਸੰਯੁਕਤ ਸੰਪਤੀ-ਮਲਕੀਅਤ ਨੂੰ ਅਧਿਕ ਮਹੱਤਵ ਦਿੰਦੇ ਹਨ, ਅਤੇ ਕੁਝ (ਜਿਵੇਂ ਆਈ. ਪੀ. ਦੇਸਾਈ) ਨਾਤੇ

ਦਾਰਾਂ ਦੇ ਪ੍ਰਤੀ ਜ਼ਿੰਮੇਦਾਰੀਆਂ ਨੂੰ ਪੂਰਾ ਕਰਣ ਨੂੰ ਮਹੱਤਵ ਦਿੰਦੇ ਹਨ, ਚਾਹੇ ਓਨਾਂ ਦੇ ਨਿਵਾਸ ਅਲੱਗ ਅਲੱਗ ਹੋਣ ਅਤੇ ਸੰਪਤੀ ਵਿੱਚ ਸਹਿਸਵਾਮਿੱਤਵ ਨਾ ਹੋਵੇ। 'ਜ਼ਿੰਮੇਦਾਰੀ ਨੂੰ ਪੂਰਾ ਕਰਣ' ਦਾ ਅਰਥ ਹੈ ਆਪਣੇ ਆਪ ਨੂੰ ਪਰਿਵਾਰ ਦਾ ਮੈਂਬਰ ਮੰਨਣਾ, ਵਿੱਤੀ ਅਤੇ ਹੋਰ ਪ੍ਰਕਾਰ ਦੀ ਮਦਦ ਦੇਣਾ ਅਤੇ ਸੰਯੁਕਤ ਪਰਿਵਾਰ ਦੇ ਨਿਯਮਾਂ ਨੂੰ ਮੰਨਣਾ।

ਈਰਾਵਤੀ ਕਰਵੇ ਦੇ ਅਨੁਸਾਰ ਪ੍ਰਾਚੀਨ ਭਾਰਤ (ਵੇਦ ਅਤੇ ਰਾਮਾਇਣ-ਮਹਾਂਭਾਰਤ ਯੁਗ) ਵਿੱਚ ਪਰਿਵਾਰ ਨਿਵਾਸ, ਸੰਪਤੀ ਅਤੇ ਕਾਰਜਾਂ ਦੇ ਆਧਾਰ ਉੱਤੇ ਸੰਯੁਕਤ ਸੀ। ਓਨਾਂ ਨੇ ਅਜਿਹੇ ਪਰਿਵਾਰ ਨੂੰ 'ਪਰੰਪਰਾਗਤ' ਜਾਂ 'ਸੰਯੁਕਤ' ਪਰਿਵਾਰ ਕਿਹਾ ਹੈ। ਕਾਪੜੀਆ ਦਾ ਮੰਨਣਾ ਹੈ ਕਿ ਸਾਡਾ ਆਦਿ ਪਰਿਵਾਰ (early family) ਕੇਵਲ ਸੰਯੁਕਤ ਜਾਂ ਪਿਤ੍ਰਸੱਤਾਤਮਕ ਹੀ ਨਹੀਂ ਸੀ, ਇਸ ਦੇ ਨਾਲ ਨਾਲ ਸਾਡੇ ਪਰਿਵਾਰ ਵਿਅਕਤੀ (individual) ਵੀ ਹੁੰਦੇ ਸਨ।

ਵਿਅਕਤੀਵਾਦਿਤਾ (individual) ਦੀ ਪ੍ਰਵਿੱਤੀ ਦੇ ਬਾਵਜੂਦ ਪਰਿਵਾਰ ਦਾ ਸੰਯੁਕਤ ਅਤੇ ਸਗੋਤਰ (agnatic) ਸਰੂਪ ਬਣਿਆ ਹੋਇਆ ਹੈ। ਕਰਵੇ ਨੇ ਪਰੰਪਰਾਗਤ (ਸੰਯੁਕਤ) ਪਰਿਵਾਰ ਦੀਆਂ ਪੰਜ ਵਿਸ਼ੇਸ਼ਤਾਵਾਂ ਦੱਸੀਆਂ ਹਨ: ਸਹਿ-ਨਿਵਾਸ, ਸਹਿ-ਰਸੋਈ, ਸਹਿ-ਸੰਪਤੀ, ਸਹਿ-ਪੂਜਾ ਅਤੇ ਕੋਈ ਨਾਤੇਦਾਰੀ ਸੰਬੰਧ। ਇਸ ਪ੍ਰਕਾਰ ਕਰਵੇ ਦਾ ਸੰਯੁਕਤਤਾ ਦਾ ਆਧਾਰ ਹੈ: ਆਕਾਰ, ਨਿਵਾਸ, ਸੰਪਤੀ ਅਤੇ ਆਮਦਨੀ। ਇਸ ਆਧਾਰ ਉੱਤੇ ਓਨਾਂ ਨੇ ਸੰਯੁਕਤ ਪਰਿਵਾਰ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਹੈ (1953:10) : "ਇੱਕ ਅਜਿਹੇ ਵਿਅਕਤੀਆਂ ਦਾ ਸਮੂਹ ਜੋ (ਵਿਅਕਤੀ) ਆਮ ਤੌਰ ਤੇ ਇੱਕ ਹੀ ਛੱਤ ਦੇ ਹੇਠਾਂ ਰਹਿੰਦੇ ਹਨ, ਇੱਕ ਹੀ ਚੁੱਲੇ ਉੱਤੇ ਪੱਕਿਆ ਭੋਜਨ ਖਾਂਦੇ ਹਨ, ਸਾਂਝੀ ਸੰਪਤੀ ਰੱਖਦੇ ਹਨ, ਪਰਿਵਾਰ ਦੀ ਸਹਿ-ਪੂਜਾ ਵਿੱਚ ਭਾਗ ਲੈਂਦੇ ਹਨ ਅਤੇ ਇੱਕ ਦੂਜੇ ਨਾਲ ਵਿਸ਼ੇਸ਼ ਪ੍ਰਕਾਰ ਦੇ ਨਾਤੇਦਾਰੀ ਸੰਬੰਧਾਂ ਨਾਲ ਜੁੜੇ ਹੁੰਦੇ ਹਨ।" ਹਿੰਦੂ ਉੱਤਰਾਧਿਕਾਰ ਅਧਿਨਿਯਮ, 1956 ਦੇ ਅਨੁਸਾਰ 'ਸਹਿ-ਸੰਪਤੀ' ਅਤੇ 'ਸੰਯੁਕਤ ਸੰਪਤੀ' ਸ਼ਬਦਾਂ ਦਾ ਅਰਥ ਹੈ ਕਿ ਸਭ ਜੀਵਿਤ ਔਰਤ ਅਤੇ ਮਰਦ ਮੈਂਬਰ ਤਿੰਨ ਪੀੜੀਆਂ ਤੱਕ ਪੈਤ੍ਰਿਕ ਸੰਪਤੀ ਦੇ ਹਿੱਸੇਦਾਰ ਨਾ ਹੀ ਕਿਸੇ ਨੂੰ ਦਿੱਤੀ ਜਾ ਸਕਦੀ ਹੈ। ਇਸ ਪ੍ਰਕਾਰ, ਇੱਕ ਵਿਅਕਤੀ ਨੂੰ ਆਪਣੀ ਪਤਨੀ, ਦੋ ਪੁੱਤਰਾਂ, ਦੋ ਪੁੱਤਰੀਆਂ, ਦੋ ਪੋਤਿਆਂ ਅਤੇ ਦੋ ਪੋਤੀਆਂ ਨਾਲ ਆਪਣੀ ਸੰਪਤੀ ਨੂੰ ਆਪਣੀ ਪਤਨੀ ਅਤੇ ਚਾਰ ਬੱਚਿਆਂ ਵਿੱਚ ਬਰਾਬਰ ਵੰਡਣਾ ਹੋਵੇਗਾ। ਪੋਤ-ਸੰਤਤੀ ਆਪਣੇ ਮਾਤਾ-ਪਿਤਾ ਦੀ ਸੰਪਤੀ ਵਿੱਚੋਂ ਹੀ ਹਿੱਸਾ ਲੈਣਗੇ। ਪੁੱਤਰ ਅਤੇ ਪੁੱਤਰੀ ਦੀ ਅਚਾਨਕ ਮੌਤ ਤੇ ਓਨਾਂ ਦੇ ਉੱਤਰਾਧਿਕਾਰੀ ਇੱਕ ਇੱਕ ਭਾਗ ਲੈਣਗੇ।

ਆਈ. ਪੀ. ਦੇਸਾਈ ਮੰਨਦੇ ਹਨ ਕਿ ਸਹਿ-ਨਿਵਾਸ ਅਤੇ ਸਹਿ-ਰਸੋਈ ਨੂੰ ਸੰਯੁਕਤ ਪਰਿਵਾਰ ਦੀ ਪਰਿਸੀਮਾ ਲਈ ਜ਼ਰੂਰੀ ਸਮਝਣਾ ਠੀਕ ਨਹੀਂ ਹੈ ਕਿਓਂਕਿ ਅਜਿਹਾ ਕਰਣ ਨਾਲ ਸੰਯੁਕਤ ਪਰਿਵਾਰ ਨੂੰ ਸਮਾਜਿਕ ਸੰਬੰਧਾਂ ਦਾ ਸਮੁੱਚ ਅਤੇ ਕਾਰਜਾਤਮਕ ਇਕਾਈ ਨਹੀਂ ਮੰਨਿਆ ਜਾਵੇਗਾ। ਓਨਾਂ ਦਾ ਕਹਿਣਾ ਹੈ ਕਿ ਇੱਕ ਘਰ ਦੇ ਮੈਂਬਰਾਂ ਵਿੱਚ ਆਪਸੀ ਸੰਬੰਧਾਂ ਅਤੇ ਹੋਰ ਘਰਾਂ ਦੇ ਮੈਂਬਰਾਂ ਦੇ ਨਾਲ ਸੰਬੰਧਾਂ ਉੱਤੇ ਹੀ ਪਰਿਵਾਰ ਦੇ ਪ੍ਰਕਾਰ ਦਾ ਨਿਰਧਾਰਣ ਕੀਤਾ ਜਾ ਸਕਦਾ ਹੈ।ਏਕਾਕੀ ਪਰਿਵਾਰ ਨੂੰ ਸੰਯੁਕਤ ਪਰਿਵਾਰ ਤੋਂ ਅਲੱਗ ਦੇਖਣ ਲਈ ਭੂਮਿਕਾ ਸੰਬੰਧਾਂ (role relations) ਦੇ ਅੰਤਰ ਨੂੰ ਅਤੇ ਵਿਭਿੰਨ ਰਿਸ਼ਤੇਦਾਰਾਂ ਵਿੱਚ ਵਿਵਹਾਰ ਦੇ ਮਾਣਦੰਡੀ ਪ੍ਰਤੀਮਾਨ (normative pattern) ਨੂੰ ਸਮਝਣਾ ਪਵੇਗਾ। ਓਨਾਂ ਦੀ ਮਾਨਤਾ ਹੈ ਕਿ ਜਦੋਂ ਦੋ ਏਕਾਕੀ ਪਰਿਵਾਰ ਨਾਤੇਦਾਰੀ ਸੰਬੰਧਾਂ ਦੇ ਹੋਣ ਤੇ ਵੀ ਵੱਖ ਵੱਖ ਰਹਿੰਦੇ ਹੋਣ, ਪ੍ਰੰਤੂ ਇੱਕ ਹੀ ਵਿਅਕਤੀ ਦੇ ਅਧਿਕਾਰ ਖੇਤਰ ਵਿੱਚ ਕੰਮ ਕਰਦੇ ਹੋਣ ਤਾਂ ਓਹ ਸੰਯੁਕਤ ਪਰਿਵਾਰ ਹੋਵੇਗਾ। ਓਨਾਂ ਨੇ ਇਸ ਪਰਿਵਾਰ ਨੂੰ 'ਕਾਰਜਾਤਮਕ ਸੰਯੁਕਤ ਪਰਿਵਾਰ' (functional joint family) ਕਿਹਾ ਹੈ। ਆਵਾਸੀ (residential) ਸੰਯੁਕਤ ਪਰਿਵਾਰ ਵਿੱਚ ਜਦੋਂ ਤੱਕ ਤਿੰਨ ਜਾਂ ਅਧਿਕ ਪੀੜੀਆਂ ਇੱਕਠੀਆਂ ਨਾ ਰਹਿ ਰਹੀਆਂ ਹੋਣ, ਉਦੋਂ ਤੱਕ ਇਹ ਪਰੰਪਰਾਤਮਕ ਸੰਯੁਕਤ ਪਰਿਵਾਰ ਨਹੀਂ ਹੋ ਸਕਦਾ। ਉਸ ਦੇ ਅਨੁਸਾਰ ਦੋ ਪੀੜੀਆਂ ਦਾ ਪਰਿਵਾਰ 'ਸੀਮਾਂਤ ਸੰਯੁਕਤ ਪਰਿਵਾਰ' (marginal joint family) ਕਹਿਲਾਵੇਗਾ। ਇਸ ਪ੍ਰਕਾਰ ਦੇਸਾਈ ਨੇ ਸੰਯੁਕਤ ਪਰਿਵਾਰ ਦੇ ਤਿੰਨ ਆਧਾਰ ਮੰਨੇ ਹਨ: ਪੀੜੀ ਦੀ ਗਹਿਰਾਈ, ਅਧਿਕਾਰ ਅਤੇ ਜ਼ਿੰਮੇਦਾਰੀ ਅਤੇ ਸੰਪਤੀ।

ਰਾਮਕ੍ਰਿਸ਼ਣ ਮੁਖਰਜੀ ਨੇ ਪੰਜ ਪ੍ਰਕਾਰ ਦੇ ਸੰਬੰਧ ਦੱਸਦੇ ਹੋਏ ਵਿਵਾਹਿਕ (conjugal), ਮਾਤਾ-ਪਿਤਾ, ਪੁੱਤਰ-ਪੁੱਤਰੀ (parentalfilial), ਭਾਈ-ਭਾਈ (inter-sibling), ਭਾਈ-ਭੈਣ ਅਤੇ ਸਮਰੇਖਿਕ (lineal) ਅਤੇ ਵਿਆਹਮੂਲਕ (affinal) ਸੰਬੰਧ- ਕਿਹਾ ਹੈ ਕਿ ਸੰਯੁਕਤ ਪਰਿਵਾਰ ਓਹ ਹੈ ਜਿਸ ਦੇ ਮੈਂਬਰਾਂ ਵਿੱਚ ਉਪਰੋਕਤ ਪਹਿਲੇ ਤਿੰਨ ਸੰਬੰਧਾਂ ਵਿੱਚੋਂ ਇੱਕ ਜਾਂ ਅਧਿਕ ਅਤੇ ਜਾਂ ਸਮਰੇਖਿਕ ਜਾਂ ਵਿਆਹਮੂਲਕ ਜਾਂ ਦੋਵੇਂ ਸੰਬੰਧ ਪਾਏ ਜਾਂਦੇ ਹਨ।


## 4.4 ਸੰਯੁਕਤ ਪਰਿਵਾਰ ਦੀ ਪ੍ਰਕ੍ਰਿਤੀ (Nature of Joint Family)

ਆਈ. ਪੀ. ਦੇਸਾਈ (1964:153-156) ਨੇ 1956 ਅਤੇ 1958 ਦੇ ਵਿੱਚ ਕੀਤੇ ਗਏ 423 ਪਰਿਵਾਰਾਂ ਦੇ ਸਰਵੇਖਣ ਦੇ ਆਧਾਰ ਤੇ ਪਰਿਵਾਰ ਦੇ ਦੋ ਭਿੰਨ ਭਿੰਨ ਵਰਗੀਕਰਣ ਦਿੱਤੇ ਹਨ: (*i*) ਪੀੜੀਆਂ ਦੀ ਗਹਿਰਾਈ (depth) ਨੂੰ ਲੈ ਕੇ ਮੈਂਬਰਾਂ ਵਿੱਚ ਸੰਬੰਧਾਂ ਉੱਤੇ ਆਧਾਰਿਤ (*ii*) ਹੋਰ ਪਰਿਵਾਰਾਂ ਦੇ ਮੈਂਬਰਾਂ ਨਾਲ ਸੰਬੰਧਾਂ ਦੇ ਆਧਾਰ ਤੇ। ਪਹਿਲੇ ਆਧਾਰ ਉੱਤੇ ਓਨਾਂ ਨੇ ਪਰਿਵਾਰ ਦਾ ਵਰਗੀਕਰਣ ਚਾਰ ਪ੍ਰਕਾਰ ਨਾਲ ਕੀਤਾ ਹੈ: ਇੱਕ ਪੀੜੀ, ਦੋ ਪੀੜੀਆਂ, ਤਿੰਨ ਪੀੜੀਆਂ ਅਤੇ ਚਾਰ ਜਾਂ ਅਧਿਕ ਪੀੜੀਆਂ ਵਾਲੇ ਪਰਿਵਾਰ। ਇਨਾਂ ਵਿੱਚੋਂ ਪਹਿਲੇ ਦੋ ਪ੍ਰਕਾਰ ਦੇ ਪਰਿਵਾਰਾਂ ਨੂੰ ਓਨਾਂ ਨੇ ਏਕਾਕੀ ਪਰਿਵਾਰ ਕਿਹਾ ਹੈ ਅਤੇ ਅੰਤਿਮ ਦੋ ਨੂੰ ਸੰਯੁਕਤ ਪਰਿਵਾਰ।


ਨੋਟ

ਹੋਰ ਪਰਿਵਾਰਾਂ ਨਾਲ ਸੰਬੰਧਾਂ ਅਤੇ ਸੰਯੁਕਤਤਾ ਦੀ ਸੀਮਾ ਦੇ ਆਧਾਰ ਤੇ ਦੇਸਾਈ ਨੇ ਪਰਿਵਾਰਾਂ ਨੂੰ ਪੰਜ ਪ੍ਰਕਾਰ ਨਾਲ ਵਰਗੀਕ੍ਰਿਤ ਕੀਤਾ ਹੈ: (*i*) ਏਕਾਕੀ ਪਰਿਵਾਰ, ਜੋ ਕਿ ਕੰਮ ਅਤੇ ਨਿਵਾਸ ਦੀ ਦ੍ਰਿਸ਼ਟੀ ਨਾਲ ਅਲੱਗ ਹੁੰਦਾ ਹੈ; (*ii*) ਕਾਰਜਾਤਮਕ ਸੰਯੁਕਤ ਪਰਿਵਾਰ, ਜੋ ਆਵਾਸੀ ਅਰਥ ਵਿੱਚ ਏਕਾਕੀ ਹੁੰਦਾ ਹੈ, ਪ੍ਰੰਤੂ ਹੋਰ ਪਰਿਵਾਰਾਂ ਨਾਲ ਆਪਸੀ ਜ਼ਿੰਮੇਦਾਰੀਆਂ ਦੀ ਪੂਰਤੀ ਦੇ ਅਰਥ ਵਿੱਚ ਸੰਯੁਕਤ ਹੁੰਦਾ ਹੈ; (*iii*) ਕਾਰਜਾਤਮਕ ਅਤੇ ਸੱਤਾਸੂਚਕ (substantively) ਸੰਯੁਕਤ ਪਰਿਵਾਰ, ਜੋ ਕਿ ਆਵਾਸੀ ਦ੍ਰਿਸ਼ਟੀ ਨਾਲ ਏਕਾਕੀ ਹੁੰਦਾ ਹੈ ਪ੍ਰੰਤੂ ਸੰਪਤੀ, ਕਾਰਜ ਦੀ ਦ੍ਰਿਸ਼ਟੀ ਅਤੇ ਆਪਸੀ ਜ਼ਿੰਮੇਦਾਰੀਆਂ ਦੀ ਪੂਰਤੀ ਦੀ ਦ੍ਰਿਸ਼ਟੀ ਤੋਂ ਸੰਯੁਕਤ ਹੁੰਦਾ ਹੈ; (*iv*) ਸੀਮਾਂਤ ਸੰਯੁਕਤ ਪਰਿਵਾਰ, ਜੋ ਆਵਾਸ, ਸੰਪਤੀ ਅਤੇ ਕਾਰਜ ਵਿੱਚ ਸੰਯੁਕਤ ਹੁੰਦਾ ਹੈ ਪ੍ਰੰਤੂ ਦੋ ਹੀ ਪੀੜੀਆਂ ਤੱਕ ਹੀ ਸੀਮਾ ਹੁੰਦੀ ਹੈ; (*v*) ਪਰੰਪਰਾਗਤ ਸੰਯੁਕਤ ਜੋ ਕਿ ਸੀਮਾਂਤ ਸੰਯੁਕਤ ਪਰਿਵਾਰ ਦੀ ਤਰਾਂ ਆਵਾਸ, ਸੰਪਤੀ ਅਤੇ ਕਾਰਜ ਵਿੱਚ ਸੰਯੁਕਤ ਹੁੰਦਾ ਹੈ ਪ੍ਰੰਤੂ ਤਿੰਨ ਜਾਂ ਅਧਿਕ ਪੀੜੀਆਂ ਦੇ ਮੈਂਬਰਾਂ ਦਾ ਹੁੰਦਾ ਹੈ। ਨਿਮਨ ਚਿੱਤਰ 3 ਪਰੰਪਰਾਗਤ ਸੰਯੁਕਤ ਪਰਿਵਾਰ ਅਤੇ ਸੀਮਾਂਤ ਸੰਯੁਕਤ ਪਰਿਵਾਰ ਦੇ ਪੰਜ ਉਪ-ਪ੍ਰਕਾਰ ਦਰਸਾਉਂਦਾ ਹੈ।

**ਰੇਖਾਚਿੱਤਰ 3**



ਨੋਟ





ਦੇਸਾਈ ਦੇ ਵਰਗੀਕਰਣ ਵਿੱਚ ਤੀਜੇ ਪ੍ਰਕਾਰ ਦੇ ਸੀਮਾਂਤ ਸੰਯੁਕਤ ਪਰਿਵਾਰ ਨੂੰ (ਯਾਨੀ ਕਿ ਵਿਅਕਤੀ, ਉਸ ਦੀ ਪਤਨੀ, ਅਵਿਵਾਹਿਤ ਸੰਤਾਨ ਅਤੇ ਬਿਨਾਂ ਸੰਤਾਨ ਦੇ ਵਿਵਾਹਿਤ ਪੁੱਤਰ) ਨੂੰ ਕਾਪੜੀਆਂ ਨੇ ਏਕਾਕੀ ਪਰਿਵਾਰ ਕਿਹਾ ਹੈ। ਓਨਾਂ ਦੀ ਮਾਨਤਾ ਹੈ ਕਿ ਓਹ ਏਕਾਕੀ ਪਰਿਵਾਰ ਹੁੰਦਾ ਹੈ ਜਿਸ ਵਿੱਚ ਵਿਅਕਤੀ, ਉਸ ਦੀ ਪਤਨੀ ਅਤੇ ਓਨਾਂ ਦੇ ਵਿਵਾਹਿਤ ਜਾਂ ਅਵਿਵਾਹਿਤ ਬੱਚੇ ਹੋਣ, ਅਰਥਾਤ ਇਹ ਪਰਿਵਾਰ ਮਾਤਾ-ਪਿਤਾ ਅਤੇ ਓਨਾਂ ਦੇ ਵਿਵਾਹਿਤ ਜਾਂ ਅਵਿਵਾਹਿਤ ਬੱਚਿਆਂ ਦਾ ਸਮੂਹ ਹੈ ਬਸ਼ਰਤੇ ਕਿ ਵਿਵਾਹਿਤ ਬੱਚਿਆਂ ਦੇ ਆਪਣੇ ਬੱਚੇ ਨਾ ਹੋਣ। ਜੇਕਰ ਵਿਵਾਹਿਤ ਬੱਚਿਆਂ ਦੇ ਵੀ ਬੱਚੇ ਹੋਣ ਤਾਂ ਓਹ ਪਰਿਵਾਰ ਸੰਯੁਕਤ ਪਰਿਵਾਰ ਵਿੱਚ ਬਦਲ ਜਾਵੇਗਾ। ਕਾਪੜੀਆ ਨੇ ਪੰਜ ਪ੍ਰਕਾਰ ਦੇ ਪਰਿਵਾਰ ਦੱਸੇ ਹਨ: (*i*) ਏਕਾਕੀ ਪਰਿਵਾਰ ਅਵਿਵਾਹਿਤ ਪੁੱਤਰਾਂ ਦੇ ਨਾਲ (*ii*) ਏਕਾਕੀ ਪਰਿਵਾਰ ਵਿਵਾਹਿਤ ਪੁੱਤਰਾਂ ਦੇ ਨਾਲ (*iii*) ਸਮਰੇਖਿਕ ਸੰਯੁਕਤ ਪਰਿਵਾਰ (*iv*) ਭਿੰਨ ਸ਼ਾਖਾਈ ਸੰਯੁਕਤ ਪਰਿਵਾਰ (*v*) ਵਿਧਵਾ ਭੈਣ ਦੇ ਨਾਲ ਅਤੇ/ਜਾਂ ਉਸ ਦੇ ਬੱਚਿਆਂ ਦੇ ਨਾਲ (ਅਰਥਾਤ ਕਿ ਆਸ਼ਰਿਤਾਂ ਦੇ ਨਾਲ) ਪਰਿਵਾਰ।

ਕਾਪੜੀਆ ਦੁਆਰਾ ਦਰਸਾਏ ਗਏ ਉਪਰੋਕਤ ਵਰਗੀਕਰਣ ਵਿੱਚ ਦੂਜੇ ਪ੍ਰਕਾਰ ਦਾ ਏਕਾਕੀ ਪਰਿਵਾਰ (ਜਿਸ ਨੂੰ ਦੇਸਾਈ ਨੇ ਸੀਮਾਂਤ ਸੰਯੁਕਤ ਪਰਿਵਾਰ ਕਿਹਾ ਹੈ) ਐਲਿਨ ਰਾਸ ਦੇ ਦੁਆਰਾ ਲਘੂ ਸੰਯੁਕਤ ਪਰਿਵਾਰ ਕਿਹਾ ਗਿਆ ਹੈ। ਰਾਸ (1931:34) ਨੇ ਚਾਰ ਪ੍ਰਕਾਰ ਦੇ ਪਰਿਵਾਰ ਦੱਸੇ ਹਨ: (*i*) ਵੱਡਾ ਸੰਯੁਕਤ ਪਰਿਵਾਰ ਜਿਸ ਵਿੱਚ ਤਿੰਨ ਜਾਂ ਚਾਰ ਪੀੜ੍ਹੀਆਂ ਇੱਕਠੀਆਂ, ਇੱਕ ਹੀ ਘਰ ਵਿੱਚ ਰਹਿੰਦੀਆਂ ਹੋਣ, ਇੱਕ ਹੀ ਰਸੋਈ ਵਿੱਚ ਭੋਜਨ ਬਣਾਓਂਦੀਆਂ ਹੋਣ, ਸਾਂਝੀ ਸੰਪਤੀ ਦੀਆਂ ਮਾਲਿਕ ਹੋਣ ਅਤੇ ਸਭ ਦੇ ਖਰਚੇ ਲਈ ਆਮਦਨੀ ਇੱਕਠੀ ਹੋਵੇ। (*ii*) ਲਘੂ ਸੰਯੁਕਤ ਪਰਿਵਾਰ ਜਿਸ ਵਿੱਚ ਮਾਤਾ-ਪਿਤਾ, ਵਿਵਾਹਿਤ ਪੁੱਤਰ ਅਤੇ ਅਵਿਵਾਹਿਤ ਬੱਚੇ ਜਾਂ ਦੋ ਭਾਈ ਆਪਣੀ ਪਤਨੀਆਂ ਅਤੇ ਬੱਚਿਆਂ ਦੇ ਨਾਲ ਰਹਿੰਦੇ ਹੋਣ। (*iii*) ਏਕਾਕੀ ਪਰਿਵਾਰ ਜਿਸ ਵਿੱਚ ਮਾਤਾ ਜਾਂ ਪਿਤਾ ਦੋਵੇਂ ਅਵਿਵਾਹਿਤ ਬੱਚਿਆਂ ਦੇ ਨਾਲ ਰਹਿੰਦੇ ਹੋਣ। (*iv*) ਏਕਾਕੀ ਪਰਿਵਾਰ ਦੇ ਆਸ਼ਰਿਤਾਂ ਦੇ ਨਾਲ, ਅਰਥਾਤ ਮਾਤਾ-ਪਿਤਾ, ਓਨਾਂ ਦੀ ਅਵਿਵਾਹਿਤ ਸੰਤਾਨ ਅਤੇ ਇੱਕ ਜਾਂ ਅਧਿਕ ਆਸ਼ਰਿਤ ਮੈਂਬਰ। ਰਾਸ ਨੇ ਲਘੂ ਸੰਯੁਕਤ ਪਰਿਵਾਰ ਦੇ ਤਿੰਨ ਉਪ-ਪ੍ਰਕਾਰ ਦੱਸੇ ਹਨ:


(*i*) ਵਿਅਕਤੀ, ਉਸ ਦੀ ਪਤਨੀ, ਅਵਿਵਾਹਿਤ ਬੱਚੇ ਅਤੇ ਵਿਵਾਹਿਤ ਪੁੱਤਰ ਬਿਨਾਂ ਬੱਚਿਆਂ ਦੇ।

**ਰੇਖਾਚਿੱਤਰ 4 (*i*)**




(*ii*) ਇੱਕ ਵਿਅਕਤੀ, ਉਸ ਦੀ ਪਤਨੀ, ਉਸ ਦੇ ਮਾਤਾ-ਪਿਤਾ, ਉਸ ਦੇ ਅਵਿਵਾਹਿਤ ਬੱਚੇ, ਅਤੇ ਉਸ ਦੇ ਵਿਵਾਹਿਤ ਪੁੱਤਰ ਬਿਨਾਂ ਬੱਚਿਆਂ ਦੇ।


**ਰੇਖਾਚਿੱਤਰ 4 (*ii*)**



ਨੋਟ

(*iii*) ਦੋ ਵਿਵਾਹਿਤ ਭਾਈ, ਓਨਾਂ ਦੀਆਂ ਪਤਨੀਆਂ ਅਤੇ ਬੱਚੇ,


**ਰੇਖਾਚਿੱਤਰ** 4(*iii*)




ਰਾਸ ਦੇ ਅਨੁਸਾਰ ਇੱਕ ਵੱਡੇ ਸੰਯੁਕਤ ਪਰਿਵਾਰ ਵਿੱਚ ਵਿਅਕਤੀ, ਉਸ ਦੀ ਪਤਨੀ, ਮਾਤਾ-ਪਿਤਾ, ਅਵਿਵਾਹਿਤ ਬੱਚੇ, ਵਿਵਾਹਿਤ ਬੇਟੇ ਅਤੇ ਓਨਾਂ ਦੇ ਬੱਚੇ ਜਾਂ ਬਿਨਾਂ ਬੱਚਿਆਂ ਵਾਲੇ, ਅਤੇ ਉਸ ਦੇ ਵਿਵਾਹਿਤ ਜਾਂ ਅਵਿਵਾਹਿਤ ਭਾਈ ਸ਼ਾਮਿਲ ਹੁੰਦੇ ਹਨ।


ਉਪਰੋਕਤ ਸਭ ਵਰਗੀਕਰਣ ਇਹ ਦਰਸਾਓਂਦੇ ਹਨ ਕਿ ਸੰਯੁਕਤ ਪਰਿਵਾਰ ਦੀ ਧਾਰਣਾ ਦੇ ਪ੍ਰਤੀ ਵਿਦਵਾਨਾਂ ਵਿੱਚ ਇੱਕਮਤ ਨਹੀਂ ਹੈ। ਇਨਾਂ ਸਭਨਾਂ ਦੇ ਵਿਚਾਰਾਂ ਨੂੰ ਮਿਲਾ ਕੇ ਇਹੀ ਕਿਹਾ ਜਾ ਸਕਦਾ ਹੈ ਕਿ "ਸੰਯੁਕਤ ਪਰਿਵਾਰ (geneologically) ਇੱਕ ਵੰਸ਼ਾਕ੍ਰਮ ਰੂਪ ਨਾਲ ਸੰਬੰਧਿਤ ਏਕਾਕੀ ਪਰਿਵਾਰ ਦੀ ਬਹੁਲਤਾ (multiplicity) ਹੈ ਜੋ ਨਿਵਾਸ ਅਤੇ ਰਸੋਈ ਬਣਾਓਣ ਦੀ ਦ੍ਰਿਸ਼ਟੀ ਤੋਂ ਇੱਕਠੇ ਰਹਿੰਦੇ ਹੋਣ ਅਤੇ ਜੋ ਇੱਕ ਹੀ ਵਿਅਕਤੀ ਦੀ ਸੱਤਾ ਦੇ ਅੰਤਰਗਤ ਕੰਮ ਕਰਦੇ ਹੋਣ।" ਧੀਰੇਂਦਰ ਨਾਰਾਇਣ ਨੇ ਇਸ ਨੂੰ "ਦੋ ਜਾਂ ਅਧਿਕ ਸਹਿ-ਨਿਵਾਸੀ ਅਤੇ ਸਹਿਭੋਜੀ ਨਾਤੇਦਾਰੀ ਇਕਾਈਆਂ ਦੱਸਿਆ ਹੈ। ਐਮ. ਐਸ. ਗੋਰੇ ਦਾ ਮੰਨਣਾ ਹੈ ਕਿ ਸੰਯੁਕਤ ਪਰਿਵਾਰ ਦੀ ਵਿਆਖਿਆ ਵਿੱਚ ਸਹੀ ਦ੍ਰਿਸ਼ਟੀਕੋਣ ਇਹ ਹੈ ਕਿ ਇਸ ਨੂੰ ਏਕਾਕੀ ਪਰਿਵਾਰਾਂ ਦੀ ਬਹੁਲਤਾ ਮੰਨਣ ਦੀ ਥਾਂ ਤੇ ਇਸ ਨੂੰ ਮਰਦ ਸਹਿਸੰਪਤੀ ਭਾਗੀਆਂ (coparceners) ਅਤੇ ਓਨਾਂ ਦੇ ਆਸ਼ਰਿਤਾਂ ਦਾ ਪਰਿਵਾਰ ਮੰਨਿਆ ਜਾਵੇ, ਕਿਓਂਕਿ ਪਹਿਲੀ ਦ੍ਰਿਸ਼ਟੀ ਤੋਂ ਵਿਵਾਹਿਕ ਸੰਬੰਧਾਂ ਉੱਤੇ ਬਲ ਦਿੱਤਾ ਜਾਂਦਾ ਹੈ ਜਦੋਂ ਕਿ ਦੂਜੀ ਦ੍ਰਿਸ਼ਟੀ ਤੋਂ ਸੰਯੁਕਤ ਪਰਿਵਾਰ ਵਿੱਚ ਮਾਤਾ-ਪਿਤਾ ਅਤੇ ਓਨਾਂ ਦੀ ਸੰਤਾਨ ਅਤੇ ਭਰਾਤਰੀਵਾਦ (filial and fraternal) ਸੰਬੰਧਾਂ ਉੱਤੇ ਬਲ ਦੇਣਾ ਅਧਿਕ ਤਰਕਸੰਗਤ ਹੈ।

**ਰੇਖਾਚਿੱਤਰ** 5





ਐਮ. ਐਸ. ਗੋਰੇ ਦੇ ਅਨੁਸਾਰ ਇੱਕ ਆਦਰਸ਼ ਰੂਪ ਨਾਲ ਸੰਯੁਕਤ ਪਰਿਵਾਰ ਵਿੱਚ ਇੱਕ ਵਿਅਕਤੀ, ਉਸ ਦੀ ਪਤਨੀ, ਓਨਾਂ ਦੇ ਛੋਟੀ ਉਮਰ ਦੇ ਬੱਚੇ ਅਤੇ ਓਨਾਂ ਦੇ ਬਾਲਗ ਪੁੱਤਰ ਅਤੇ ਓਨਾਂ ਦੀਆਂ ਪਤਨੀਆਂ ਅਤੇ ਬੱਚੇ ਸ਼ਾਮਿਲ ਹੁੰਦੇ ਹਨ। ਇਸ ਪ੍ਰਕਾਰ ਦੇ ਪਰਿਵਾਰ ਨੂੰ "ਸੰਤਾਨਜ ਅਤੇ ਭਰਾਤਰੀ ਸੰਯੁਕਤ ਪਰਿਵਾਰ" ਵੀ ਕਹਿ ਸਕਦੇ ਹਨ। ਇਸ ਪ੍ਰਕਾਰ ਦੇ ਪਰਿਵਾਰ ਦੀਆਂ ਦੋ ਵਿਵਿਧਤਾਵਾਂ ਹੋ ਸਕਦੀਆਂ ਹਨ: (1) ਇੱਕ ਕੇਵਲ ਮਾਤਾ-ਪਿਤਾ ਪੁੱਤਰ ਦਾ ਸੰਯੁਕਤ ਪਰਿਵਾਰ ਅਤੇ ਦੂਜਾ ਕੇਵਲ ਭਰਾਤਰੀ ਸੰਬੰਧਾਂ (fraternal) ਦਾ ਸੰਯੁਕਤ ਪਰਿਵਾਰ। ਇਨਾਂ ਤਿੰਨਾਂ ਨੂੰ ਚਿੱਤਰ ਦੁਆਰਾ ਦਰਸਾਇਆ ਜਾ ਸਕਦਾ ਹੈ:

**ਰੇਖਾਚਿੱਤਰ** 6 (*i*)




ਨੋਟ

**ਰੇਖਾਚਿੱਤਰ 6 (*ii*)**




**ਰੇਖਾਚਿੱਤਰ 6 (*iii*)**




ਗੋਰੇ ਨੇ ਦੋ ਪ੍ਰਕਾਰ ਦੇ ਮੂਲ ਪਰਿਵਾਰ ਏਕਾਕੀ ਅਤੇ ਸੰਯੁਕਤ ਅਤੇ ਹਰ ਇੱਕ ਦੇ ਤਿੰਨ ਉਪ-ਪ੍ਰਕਾਰਾਂ ਵੱਲ ਸੰਕੇਤ ਕੀਤਾ ਹੈ। ਏਕਾਕੀ ਪਰਿਵਾਰ ਦੇ ਤਿੰਨ ਉਪ-ਭੇਦ ਹਨ: (*i*) ਪਤੀ, ਪਤਨੀ ਅਤੇ ਅਵਿਵਾਹਿਤ ਬੱਚੇ, (*ii*) ਪਤੀ, ਪਤਨੀ, ਬੱਚੇ ਅਤੇ ਅਵਿਵਾਹਿਤ (ਬਿਨਾਂ ਕਮਾਓਣ ਵਾਲੇ) ਭਾਈ, (*iii*) ਪਤੀ, ਪਤਨੀ, ਬੱਚੇ ਅਤੇ ਵਿਧਵਾ ਮਾਤਾ ਜਾਂ ਹੋਰ ਆਸ਼ਰਿਤ ਜੋ ਸਹਿ ਸੰਪਤੀ ਭਾਗੀ ਨਹੀਂ ਹਨ। ਸੰਯੁਕਤ ਪਰਿਵਾਰ ਦੇ ਤਿੰਨ ਉਪ-ਭੇਦ ਇਸ ਤਰਾਂ ਹਨ: (*i*) ਪਤੀ, ਪਤਨੀ, ਵਿਵਾਹਿਤ ਜਾਂ ਅਵਿਵਾਹਿਤ ਬੱਚੇ (ਸਮਰੇਖਿਕ ਸੰਯੁਕਤ ਪਰਿਵਾਰ), (*ii*) ਪਤੀ, ਪਤਨੀ, ਵਿਵਾਹਿਤ ਜਾਂ ਅਵਿਵਾਹਿਤ ਬੱਚੇ ਅਤੇ ਅਵਿਵਾਹਿਤ ਭਾਈ (ਭਰਾਤਰੀ ਸੰਯੁਕਤ ਪਰਿਵਾਰ) (*iii*) ਪਤੀ, ਪਤਨੀ, ਵਿਵਾਹਿਤ ਪੁੱਤਰ, ਵਿਵਾਹਿਤ ਭਾਈ ਅਤੇ ਓਨਾਂ ਦੇ ਪਰਿਵਾਰ (ਸਮਰੇਖਿਕ ਅਤੇ ਭਰਾਤਰੀ ਸੰਯੁਕਤ ਪਰਿਵਾਰ)।


ਮੇਰਾ ਤਰਕ ਇਹ ਹੈ ਕਿ ਭਾਰਤੀ ਪਰਿਵਾਰ ਦਾ ਸੰਰਚਨਾਤਮਕ ਆਦਰਸ਼ ਪੱਛਮੀ ਪਰਿਵਾਰ ਦੇ ਆਦਰਸ਼ ਤੋਂ ਬਿਲਕੁਲ ਭਿੰਨ ਹੈ। ਭਾਰਤ ਵਿੱਚ ਕਿਓਂਕਿ ਆਦਿ ਪਰਿਵਾਰ ਦੀ ਸੰਰਚਨਾ ਓਹੀ ਸੀ ਜਿਸ ਨੂੰ ਅੱਜ "ਸੰਯੁਕਤ ਪਰਿਵਾਰ" ਕਿਹਾ ਜਾਂਦਾ ਹੈ, ਇਸ ਲਈ ਸਾਨੂੰ ਇਸ ਪਰਿਵਾਰ ਨੂੰ ਮੂਲ ਪਰਿਵਾਰ ਦੀ ਇਕਾਈ ਦੇ ਰੂਪ ਵਿੱਚ ਸਮਝਣਾ ਚਾਹੀਦਾ ਹੈ ਅਤੇ ਇਸ ਨੂੰ "ਪਰੰਪਰਾਗਤ" ਪਰਿਵਾਰ ਦਾ ਨਾਂ ਦੇਣਾ ਚਾਹੀਦਾ ਹੈ ਜਦੋਂ ਕਿ "ਏਕਾਕੀ" ਪਰਿਵਾਰ ਨੂੰ "ਵਿਖੰਡਿਤ" (fissioned) ਪਰਿਵਾਰ ਕਿਹਾ ਜਾਣਾ ਚਾਹੀਦਾ ਹੈ, ਅਰਥਾਤ ਓਹ ਪਰਿਵਾਰ ਜੋ ਆਪਣੀ ਪੈਤ੍ਰਿਕ ਇਕਾਈ ਤੋਂ ਵੱਖ ਹੋ ਗਿਆ ਹੋਵੇ। ਆਵਾਸੀ ਅਲਗਾਵ ਤੋਂ ਬਾਅਦ ਵੀ ਇਹ ਆਪਣੀ ਪੈਤ੍ਰਿਕ ਇਕਾਈ ਉੱਤੇ ਨਿਰਭਰ ਰਹਿ ਸਕਦਾ ਹੈ ਜਾਂ ਫਿਰ ਪੂਰੇ ਰੂਪ ਨਾਲ ਸੁਤੰਤਰ ਇਕਾਈ ਦੇ ਰੂਪ ਵਿੱਚ ਵੀ ਕੰਮ ਕਰ ਸਕਦਾ ਹੈ। "ਸੰਯੁਕਤ" ਸ਼ਬਦ ਕੇਵਲ ਤਾਂ ਹੀ ਉਪਯੁਕਤ ਹੋਵੇਗਾ ਜਦੋਂ ਅਸੀਂ "ਏਕਾਕੀ" ਪਰਿਵਾਰ ਨੂੰ ਮੂਲ ਪਰਿਵਾਰ ਇਕਾਈ ਮੰਨੀਏ ਅਤੇ ਇਸ ਪ੍ਰਕਾਰ ਦੋ ਏਕਾਕੀ ਇਕਾਈਆਂ ਦੇ ਮੇਲ ਤੋਂ ਇੱਕ ਨਵੇਂ ਪਰਿਵਾਰ ਦੀ ਧਾਰਣਾ ਸਾਹਮਣੇ ਆਓਂਦੀ ਹੈ। ਪ੍ਰੰਤੂ ਇਹ ਪਤਾ ਲਗਣ ਤੇ ਕਿ "ਏਕਾਕੀ" ਪਰਿਵਾਰ ਸਾਡੀ ਮੂਲ ਇਕਾਈ ਨਹੀਂ ਹੈ, ਇਹ ਜ਼ਰੂਰੀ ਹੈ ਕਿ "ਪਰੰਪਰਾਗਤ" ਪਰਿਵਾਰ ਨੂੰ ਹੀ ਮੂਲ ਪਰਿਵਾਰ ਇਕਾਈ ਮੰਨੀਏ ਅਤੇ ਹੋਰ ਸਰੂਪਾਂ ਨੂੰ ਇਸੇ ਸੰਦਰਭ ਵਿੱਚ ਸਮਝੀਏ।

ਭਾਰਤੀ ਸਮਾਜ ਵਿੱਚ ਆਮ ਪ੍ਰਥਾ ਇਹ ਹੈ ਕਿ ਨਵ-ਦੰਪਤੀ ਇੱਕ ਸੁਤੰਤਰ ਆਤਮ-ਨਿਰਭਰ ਘਰ ਵਿੱਚ ਵਿਵਾਹਕਿ ਜੀਵਨ ਆਰੰਭ ਨਹੀਂ ਕਰਦੇ, ਬਲਕਿ ਪਤੀ ਦੇ ਮਾਤਾ-ਪਿਤਾ ਦੇ ਨਾਲ ਆਰੰਭ ਕਰਦੇ ਹਨ। ਇਸ ਤੋਂ ਉਲਟ ਪੱਛਮੀ ਸਮਾਜ ਵਿੱਚ ਚਾਹੇ ਮਰਦ ਅਤੇ ਉਸ ਦੀ ਪਤਨੀ ਦੋਹਾਂ ਵਿੱਚੋਂ ਕਿਸੇ ਦੇ ਵੀ ਮਾਤਾ-ਪਿਤਾ ਦੇ ਨਾਲ ਇੱਕ ਹੀ ਛੱਤ ਹੇਠਾਂ ਵਿਵਾਹਿਕ ਜੀਵਨ ਆਰੰਭ ਕਰਣ, (ਜੋ ਕਿ ਮਕਾਨਾਂ ਦੀ ਕਮੀ ਦੇ ਕਾਰਣ ਕਦੇ ਕਦੇ ਹੁੰਦਾ ਹੈ), ਪ੍ਰੰਤੂ ਇਸ ਨੂੰ ਓਹ ਲੋਕ ਆਪਾਤਕਾਲੀਨ ਵਿਵਸਥਾ ਮੰਨ ਕੇ ਹੀ ਸਵੀਕਾਰ ਕਰਦੇ ਹਨ ਅਤੇ ਇਸ ਵਿਵਸਥਾ ਨੂੰ ਓਹ ਅਸਥਾਈ ਮੰਨਦੇ ਹਨ। ਜਿਵੇਂ ਹੀ ਸੰਭਵ ਹੁੰਦਾ ਹੈ ਓਹ ਆਪਣਾ ਸੁਤੰਤਰ "ਘਰ" (household) ਸਥਾਪਿਤ ਕਰ ਲੈਂਦੇ ਹਨ। ਜੇਕਰ ਕਿਸੇ ਕਾਰਣ ਤੋਂ ਓਹ ਇਸ ਵਿੱਚ ਅਸਮਰਥ ਰਹਿੰਦੇ ਹਨ ਅਤੇ ਜੇਕਰ ਆਓਣ ਵਾਲੇ ਮਹੀਨਿਆਂ ਵਿੱਚ ਵਿਵਾਹਿਕ ਜੀਵਨ ਵਿੱਚ ਕਠਿਨਾਈਆਂ ਉਤਪੰਨ ਹੁੰਦੀਆਂ ਹਨ ਤਾਂ ਸਭ ਤੋਂ ਪਹਿਲਾਂ ਓਹ ਆਪਣੇ ਮਾਤਾ ਪਿਤਾ ਦੇ ਘਰ ਤੋਂ ਵੱਖ ਹੋ ਜਾਣਗੇ। ਸੰਰਚਨਾ ਦੇ ਉਪਰੋਕਤ ਆਦਰਸ਼ ਦੇ ਆਧਾਰ ਦੇ ਕਾਰਣ ਪਰਿਵਾਰ ਦੇ

ਨੋਟ

ਵਰਗੀਕਰਣ ਦਾ ਸਾਡਾ ਆਧਾਰ ਨਾ ਤਾਂ ਘਰ ਦੇ ਮੈਂਬਰਾਂ ਦੀ ਸੰਖਿਆ ਹੀ ਹੋਣਾ ਚਾਹੀਦਾ ਹੈ (ਜਿਵੇਂ ਬੋਮੈਨ ਨੇ ਕੀਤਾ) ਅਤੇ ਨਾ ਹੀ ਵਿਅਕਤੀਗਤ ਮੈਂਬਰਾਂ ਦੀਆਂ ਕ੍ਰਿਆਵਾਂ ਦਾ ਅਭਿਮੁਖੀਕਰਣ (orientation) (ਜਿਵੇਂ ਕਿ ਆਈ. ਪੀ. ਦੇਸਾਈ ਨੇ ਕੀਤਾ ਸੀ) ਬਲਕਿ ਨਿਵਾਸ, ਨਿਰਭਰਤਾ ਅਤੇ ਨਾਤੇਦਾਰੀ ਸੰਬੰਧਾਂ ਦੀ ਵਿਸਤਾਰਿਤਾ (ਗ਼ਅਪਕ) ਨੂੰ ਇੱਕਠੇ ਮੰਨ ਕੇ ਹੀ ਪਰਿਵਾਰਾਂ ਦਾ ਵਰਗੀਕਰਣ ਕਰਨਾ ਚਾਹੀਦਾ ਹੈ। ਇਸ ਆਧਾਰ ਤੇ ਅਸੀਂ ਪਰਿਵਾਰਾਂ ਨੂੰ ਦੋ ਸਮੂਹਾਂ ਵਿੱਚ ਵਰਗੀਕ੍ਰਿਤ ਕਰ ਸਕਦੇ ਹਾਂ: "ਪਰੰਪਰਾਤਮਕ" ਅਤੇ "ਵਿਖੰਡਿਤ"। ਪਹਿਲੇ ਸਮੂਹ ਨੂੰ ਤਿੰਨ ਉਪ-ਵਿਭਾਗਾਂ ਵਿੱਚ ਵੀ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ: ਵਿਸਤ੍ਰਿਤ ਪਰਿਖੇਤਰ ਦਾ ਨਾਤੇਦਾਰੀ ਪਰਿਵਾਰ (large range kinship family), ਮੱਧਮ ਪਰਿਖੇਤਰ ਦਾ ਨਾਤੇਦਾਰੀ ਪਰਿਵਾਰ (intermediate range kinship family), ਅਤੇ ਲਘੂ ਪਰਿਖੇਤਰ ਦਾ ਨਾਤੇਦਾਰੀ ਪਰਿਵਾਰ (small range kinship family)। ਦੂਜੇ ਸਮੂਹ ਨੂੰ ਆਸ਼ਰਿਤ (dependent) ਪਰਿਵਾਰ ਅਤੇ ਅਣ-ਆਸ਼ਰਿਤ (independent) ਪਰਿਵਾਰ ਵਿੱਚ ਵਿਭਾਜਿਤ ਕੀਤਾ ਜਾ ਸਕਦਾ ਹੈ।

**ਰੇਖਾਚਿੱਤਰ 7**




ਵਿਖੰਡਿਤ ਅਣ-ਆਸ਼ਰਿਤ ਪਰਿਵਾਰ (fissioned independent family) ਓਹ ਹੈ, ਜਿਸ ਵਿੱਚ ਪਤੀ, ਪਤਨੀ ਅਤੇ ਓਨਾਂ ਦੇ ਅਵਿਵਾਹਿਤ ਬੱਚੇ ਹੁੰਦੇ ਹਨ, ਜਿਸ ਵਿੱਚ ਪਰਿਵਾਰ ਦਾ ਮੁਖੀਆ ਨਾ ਤਾਂ ਕਿਸੇ ਰਿਸ਼ਤੇਦਾਰ ਦੇ ਅਧਿਕਾਰ ਉੱਤੇ ਆਸ਼ਰਿਤ ਹੈ ਅਤੇ ਨਾ ਹੀ ਓਨਾਂ ਉੱਤੇ ਆਰਥਿਕ ਰੂਪ ਨਾਲ ਆਸ਼ਰਿਤ ਹੁੰਦਾ ਹੈ। ਅਤੇ ਵਿਖੰਡਿਤ ਆਸ਼ਰਿਤ ਪਰਿਵਾਰ (fissioned dependent family) ਓਹ ਹੁੰਦਾ ਹੈ ਜਿੱਥੇ ਮੈਂਬਰ (ਪਤੀ, ਪਤਨੀ, ਅਤੇ ਅਵਿਵਾਹਿਤ ਪੁੱਤਰ ਅਤੇ ਪੁੱਤਰੀਆਂ) ਵੱਖ ਘਰ ਵਿੱਚ ਰਹਿੰਦੇ ਹਨ, ਪ੍ਰੰਤੂ ਜਾਂ ਤਾਂ ਕਾਰਜਾਂ ਦਾ ਦ੍ਰਿਸ਼ਟੀ ਤੋਂ ਜਾਂ ਸੰਪਤੀ ਦੀ ਦ੍ਰਿਸ਼ਟੀ ਤੋਂ ਆਪਣੇ ਨਾਤੇਦਾਰਾਂ (ਪਿਤਾ, ਭਾਈ, ਦਾਦਾ ਆਦਿ) ਉੱਤੇ ਨਿਰਭਰ ਰਹਿੰਦੇ ਹਨ। ਓਹ ਇਕਾਈ ਇੱਕ ਜੀਵਿਤ ਕੁਲਪਿਤਾ (ਬ਼ਵਗਜ਼ਫੀ) ਦੀ ਸੱਤਾ ਦੇ ਅਧੀਨ ਹੁੰਦੀ ਹੈ।

ਪਰੰਪਰਾਗਤ ਪਰਿਵਾਰਾਂ ਵਿੱਚ ਵਿਸਤ੍ਰਿਤ ਪਰਿਖੇਤਰ ਦੇ ਨਾਤੇਦਾਰੀ ਪਰਿਵਾਰ ਵਿੱਚ ਚਾਰ ਪ੍ਰਕਾਰ ਦੇ ਸਵੈਜਨ/ਨਾਤੇਦਾਰ ਹੁੰਦੇ ਹਨ: ਪ੍ਰਾਰਥਮਿਕ, ਦੂਜੇ ਸਤਰ ਦੇ, ਤੀਜੇ ਸਤਰ ਦੇ ਅਤੇ ਦੂਰ ਦੇ। ਇਹ ਵੀ ਕਿਹਾ ਜਾ ਸਕਦਾ ਹੈ ਕਿ ਵਿਸਤ੍ਰਿਤ ਪਰਿਖੇਤਰ ਦਾ ਨਾਤੇ ਦਾਰੀ ਪਰਿਵਾਰ ਓਹ ਹੈ ਜਿਸ ਵਿੱਚ ਘੱਟ ਤੋਂ ਘੱਟ ਦੋ ਸਮਗੋਤਰੀ ਨਜ਼ਦੀਕ ਦੀਆਂ ਪੀੜੀਆਂ ਦੇ ਹਰ ਭਾਈ ਦੇ ਜਣਨ ਪਰਿਵਾਰ (family of orientation) ਦੇ ਹੋਣ (ਜਿਵੇਂ ਚਿੱਤਰ 8 (*i*) ਵਿੱਚ "ਅ" ਅਤੇ "ਬ" ਦੂਜੀ ਪੀੜੀ ਵਿੱਚ ਅਤੇ "ਕ" ਅਤੇ "ਨ" ਤੀਜੀ ਪੀੜੀ ਵਿੱਚ ਅਤੇ ਮਾਤਾ ਪਹਿਲੀ ਪੀੜੀ ਵਿੱਚ ਦਰਸਾਏ ਗਏ ਹਨ।)। ਅਜਿਹੇ ਪਰਿਵਾਰ ਦਾ ਉਦਹਰਣ ਓਹ ਪਰਿਵਾਰ ਹੈ ਜਿਸ ਵਿੱਚ ਦੋ ਵਿਵਾਹਿਤ ਭਾਈ ਹੋਣਗੇ। (ਚਿੱਤਰ 8 (*i*) ਵਿੱਚ "ਅ" ਅਤੇ "ਬ"), ਓਨਾਂ ਦੇ ਮਾਤਾ ਪਿਤਾ, ਪਤਨੀ ਅਤੇ ਵਿਵਾਹਿਤ ਪੁੱਤਰ ("ਕ" ਅਤੇ "ਨ") ਅਤੇ ਅਵਿਵਾਹਿਤ ਪੁੱਤਰ ("ਖ" ਅਤੇ "ਪ") ਅਤੇ ਅਵਿਵਾਹਿਤ ਪੁੱਤਰੀਆਂ ("ਗ" ਅਤੇ "ਮ") ਅਤੇ ਅਵਿਵਾਹਿਤ ਪੋਤਰੇ("ਟ" ਅਤੇ "ਰ") ਅਤੇ ਪੋਤਰੀਆਂ ("ਤ" ਅਤੇ "ਲ")। ਚਿੱਤਰ 8 (ਜ) ਵਿੱਚ ਚਾਰ ਪ੍ਰਕਾਰ ਦੇ ਸਵੈਜਨ/ਨਾਤੇਦਾਰ ਇਸ ਤਰਾਂ ਸ਼ਾਮਿਲ ਹੋਣਗੇ:

ਪ੍ਰਾਰਥਮਿਕ- ਪਤੀ/ਪਤਨੀ/ਪਿਤਾ/ਮਾਤਾ/ਭਾਈ/ਭੈਣ/ਪੁੱਤਰ/ਪੁੱਤਰੀ

ਦੂਜੇ ਸਤਰ ਦੇ- ਪਿਤਾ ਦਾ ਪਿਤਾ/ਪਿਤਾ ਦੇ ਭਾਈ/ਭਾਈ ਦੇ ਲੜਕੇ/ਪੁੱਤਰ ਦੇ ਲੜਕੇ/ਭਾਈ ਦੀ ਪਤਨੀ/ਪੁੱਤਰ ਦੀ ਪੁੱਤਰੀ/ਪਿਤਾ ਦੀ ਭੈਣ


ਤੀਜੇ ਸਤਰ ਦੇ- ਪਿਤਾ ਦੇ ਪਿਤਾ ਦੇ ਪਿਤਾ/ਪਿਤਾ ਦੇ ਪਿਤਾ ਦੇ ਭਾਈ/ਪਿਤਾ ਦੇ ਭਾਈ ਦੇ ਪੁੱਤਰ/ਭਾਈ ਦੇ ਪੁੱਤਰ ਦੇ ਪੁੱਤਰ/ਪੁੱਤਰ ਦੇ ਪੁੱਤਰ ਦੇ ਪੁੱਤਰ

ਦੂਰ ਦੇ- ਪਿਤਾ ਦੇ ਪਿਤਾ ਦੇ ਭਾਈ ਦਾ ਪੁੱਤਰ/ਪਿਤਾ ਦੇ ਪਿਤਾ ਦੇ ਭਾਈ ਦੇ ਪੁੱਤਰ ਦਾ ਪੁੱਤਰ

ਨੋਟ

**ਰੇਖਾਚਿੱਤਰ 8 (*i*)**


ਵਿਸਤ੍ਰਿਤ ਪਰਿਖੇਤਰ ਦਾ ਨਾਤੇਦਾਰੀ ਪਰੰਪਰਾਤਮਕ ਪਰਿਵਾਰ




ਮੱਧਮ ਪਰਿਖੇਤਰ ਦੇ ਨਾਤੇਦਾਰੀ ਪਰਿਵਾਰ ਵਿੱਚ ਤਿੰਨ ਪ੍ਰਕਾਰ ਦੇ ਸਵੈਜਨ/ਨਾਤੇਦਾਰ (kins) ਹੁੰਦੇ ਹਨ: ਪ੍ਰਾਰਥਮਿਕ, ਦੂਜੇ ਸਤਰ ਦੇ ਅਤੇ ਤੀਜੇ ਸਤਰ ਦੇ। ਜਾਂ ਇਸ ਤਰਾਂ ਕਿਹਾ ਜਾ ਸਕਦਾ ਹੈ ਕਿ ਇਹ ਓਹ ਪਰਿਵਾਰ ਹੈ ਜਿਸ ਵਿੱਚ ਵਰਿਸ਼ਠ ਪੀੜੀ ਦੇ ਇੱਕ ਵਿਅਕਤੀ ਦਾ ਪਰਿਵਾਰ (ਜਿਵੇਂ 8 (*ii*) ਵਿੱਚ "ਕ" ਪਰਿਵਾਰ) ਅਤੇ ਨਿਮਨ ਪੀੜੀ ਵਿੱਚ ਘੱਟ ਤੋਂ ਘੱਟ ਇੱਕ ਵਿਅਕਤੀ ਦਾ ਪਰਿਵਾਰ (ਜਿਵੇਂ 8 (*ii*) ਵਿੱਚ "ਅ" ਦਾ ਪਰਿਵਾਰ) ਸ਼ਾਮਿਲ ਹੁੰਦਾ ਹੈ। ਉਦਾਹਰਣ ਲਈ, ਇੱਕ ਵਿਅਕਤੀ (ਖੁਦ Ego) "ਕ", ਉਸ ਦੀ ਪਤਨੀ (ਖ), ਅਵਿਵਾਹਿਤ ਪੁੱਤਰੀ (ਦ), ਅਵਿਵਾਹਿਤ ਪੁੱਤਰ (ਸ) ਅਤੇ ਵਿਵਾਹਿਤ ਪੁੱਤਰ ("ਅ" ਅਤੇ "ਬ") ਅਤੇ ਓਨਾਂ ਦੀਆਂ ਪਤਨੀਆਂ ਅਤੇ ਬੱਚੇ ("ਮ" ਅਤੇ "ਨ") ਦੇ ਨਾਲ।


**ਰੇਖਾਚਿੱਤਰ 8 (*ii*)**

ਮੱਧਮ ਪਰਿਖੇਤਰ ਦਾ ਨਾਤੇਦਾਰੀ ਪਰੰਪਰਾਤਮਕ ਪਰਿਵਾਰ




ਲਘੂ ਪਰਿਖੇਤਰ ਦੇ ਨਾਤੇਦਾਰੀ ਪਰਿਵਾਰ ਵਿੱਚ ਕੇਵਲ ਦੋ ਪ੍ਰਕਾਰ ਦੇ ਨਾਤੇਦਾਰ ਹੁੰਦੇ ਹਨ– ਪ੍ਰਾਰਥਮਿਕ ਅਤੇ ਦੂਜੇ ਸਤਰ ਦੇ। ਇਸ ਨੂੰ ਇਸ ਤਰਾਂ ਵੀ ਕਿਹਾ ਜਾ ਸਕਦਾ ਹੈ ਕਿ ਇਸ ਵਿੱਚ ਇੱਕ ਹੀ ਪੀੜੀ ਦੇ ਦੋ ਸੰਬੰਧਿਤ ਪਰਿਵਾਰ ਹੁੰਦੇ ਹਨ (ਜਿਵੇਂ "ਗ" ਪਰਿਵਾਰ) ਜਾਂ ਸਾਤਮਿਕ (adjacent) ਪੀੜੀਆਂ ਦੇ ਦੋ ਪਰਿਵਾਰ ਹੁੰਦੇ ਹਨ (ਜਿਵੇਂ "ਖ" ਪਰਿਵਾਰ)। ਉਦਾਹਰਣ ਲਈ ਦੋ ਵਿਵਾਹਿਤ ਭਾਈ (ਜਿਵੇਂ ਚਿੱਤਰ 8 (*iii*) ਵਿੱਚ "ਗ" ਪਰਿਵਾਰ ਦੇ ਦੋ ਭਾਈ "ਅ" ਅਤੇ "ਬ") ਆਪਣੇ ਮਾਤਾ ਪਿਤਾ ਅਤੇ ਬੱਚਿਆਂ ਤੋਂ ਬਿਨਾਂ; ਜਾਂ ਸਵੈ (ਈਗੋ), ਉਸ ਦੀ ਪਤਨੀ, ਅਵਿਵਾਹਿਤ ਪੁੱਤਰ, ਅਤੇ ਵਿਵਾਹਿਤ ਪੁੱਤਰ ਆਪਣੀ ਸੰਤਾਨ ਦੇ ਨਾਲ (ਉਦਾਹਰਣ ਲਈ, ਚਿੱਤਰ 8 (*iii*) ਵਿੱਚ ਪਰਿਵਾਰ "ਖ")।

**ਰੇਖਾਚਿੱਤਰ 8 (*iii*)**



ਨੋਟ

ਇਸ ਪ੍ਰਕਾਰ, ਪਰਿਵਾਰਾਂ ਦੇ ਸਾਡੇ ਵਰਗੀਕਰਣ ਵਿੱਚ ਪੀੜੀਆਂ ਦਾ ਵਿਸਤਾਰ ਮਹੱਤਵਪੂਰਣ ਨਹੀਂ ਹੈ। ਇੱਕ ਜਾਂ ਦੋ ਪੀੜੀਆਂ ਦੇ ਪਰਿਵਾਰ ਵੀ ਸੰਯੁਕਤ ਪਰਿਵਾਰ ਹੋ ਸਕਦੇ ਹਨ (ਜਿਵੇਂ ਚਿੱਤਰ 8 (*ii*) ਵਿੱਚ ਲਘੂ ਪਰਿਖੇਤਰ ਦੇ ਨਾਤੇਦਾਰੀ ਪਰਿਵਾਰਾਂ ਵਿੱਚ ਪਰਿਵਾਰ "ਗ" ਅਤੇ ਪਰਿਵਾਰ "ਕ" ਤੋਂ ਸਪਸ਼ਟ ਹੈ।)

## 4.5 ਸੰਯੁਕਤ ਪਰਿਵਾਰ ਦੀਆਂ ਵਿਸ਼ੇਸ਼ਤਾਵਾਂ (Characteristics of Joint Family)

ਪਰੰਪਰਾਗਤ (ਸੰਯੁਕਤ) ਪਰਿਵਾਰ ਦੇ ਕੁਝ ਪ੍ਰਮੁੱਖ ਲੱਛਣ ਨਿਮਨ ਪ੍ਰਕਾਰ ਹਨ:

1. ਸੱਤਾਤਮਕ ਸੰਰਚਨਾ (Authoritarian structure) : ਸੱਤਾਤਮਕਤਾ ਦਾ ਇੱਥੇ ਅਰਥ ਹੈ ਕਿ ਨਿਰਣਾ ਅਤੇ ਨਿਸ਼ਚਾ ਕਰਣ ਦੀ ਸ਼ਕਤੀ ਇੱਕ ਵਿਅਕਤੀ ਵਿੱਚ ਹੁੰਦੀ ਹੈ ਜਿਸ ਦੀ ਆਗਿਆ ਦਾ ਪਾਲਣ ਬਿਨਾਂ ਚੁਨੌਤੀ ਦੇ ਹੋਣਾ ਚਾਹੀਦਾ ਹੈ। ਪ੍ਰਜਾਤਾਂਤਰਿਕ ਪਰਿਵਾਰ ਵਿੱਚ ਸੱਤਾ ਜਦੋਂ ਕਿ ਇੱਕ ਜਾਂ ਇੱਕ ਤੋਂ ਅਧਿਕ ਲੋਕਾਂ ਵਿੱਚ ਨਿਹਿਤ ਹੁੰਦੀ ਹੈ ਜਿਸ ਦਾ ਆਧਾਰ ਦੱਖਤਾ ਅਤੇ ਯੋਗਤਾ ਹੁੰਦਾ ਹੈ, ਸੱਤਾਤਮਕ ਪਰਿਵਾਰ ਵਿੱਚ ਪਰੰਪਰਾ ਨਾਲ ਸੱਤਾ ਉਮਰ ਅਤੇ ਵਰਿਸ਼ਠਤਾ ਦੇ ਆਧਾਰ ਤੇ ਸਭ ਤੋਂ ਵੱਡੇ ਮਰਦ ਕੋਲ ਹੁੰਦੀ ਹੈ। ਪਰਿਵਾਰ ਦਾ ਮੁਖੀਆ ਹੋਰ ਮੈਂਬਰਾਂ ਨੂੰ ਥੋੜੀ ਹੀ ਸੁਤੰਤਰਤਾ ਪ੍ਰਦਾਨ ਕਰਦਾ ਹੈ ਅਤੇ ਨਿਰਣਾ ਕਰਣ ਵਿੱਚ ਓਹ ਚਾਹੇ ਹੋਰ ਮੈਂਬਰਾਂ ਦੀ ਇੱਛਾ ਜਾਣੇ ਜਾਂ ਨਾ ਜਾਣੇ, ਉਸ ਦਾ ਨਿਰਣਾ ਅੰਤਿਮ ਰੂਪ ਨਾਲ ਮਾਣਯੋਗ ਹੁੰਦਾ ਹੈ। ਪ੍ਰੰਤੂ ਜਨਤਾਂਤਰਿਕ ਪਰਿਵਾਰ ਵਿੱਚ ਮੁਖੀਆ ਦਾ ਕਰਤੱਵ ਹੁੰਦਾ ਹੈ ਕਿ ਓਹ ਹੋਰ ਮੈਂਬਰਾਂ ਦੀ ਸਲਾਹ ਲਵੇ ਅਤੇ ਕੋਈ ਵੀ ਨਿਰਣਾ ਕਰਣ ਤੋਂ ਪਹਿਲਾਂ ਓਨਾਂ ਦੀ ਰਾਏ ਨੂੰ ਪੂਰਾ ਮਹੱਤਵ ਪ੍ਰਦਾਨ ਕਰੇ।
2. ਪਰਿਵਾਰਿਕ ਸੰਗਠਨ (Familistic organization): ਇਸ ਦਾ ਅਰਥ ਹੈ ਕਿ ਵਿਅਕਤੀ ਦੇ ਹਿਤਾਂ ਦਾ ਪੂਰੇ ਪਰਿਵਾਰ ਦੇ ਹਿਤਾਂ ਦੇ ਸਾਹਮਣੇ ਘੱਟ ਮਹੱਤਵ ਹੁੰਦਾ ਹੈ, ਅਰਥਾਤ ਪਰਿਵਾਰ ਦਾ ਉਦੇਸ਼ ਹੀ ਵਿਅਕਤੀ ਦਾ ਉਦੇਸ਼ ਹੁੰਦਾ ਹੈ। ਜਿਵੇਂ ਜੇਕਰ ਬੱਚਾ ਸਨਾਤਕ ਪ੍ਰੀਖਿਆ ਪਾਸ ਕਰਣ ਤੋਂ ਬਾਅਦ ਉੱਚ ਸਿੱਖਿਆ ਜਾਰੀ ਰੱਖਣਾ ਚਾਹੁੰਦਾ ਹੈ ਪ੍ਰੰਤੂ ਜੇ ਕਰ ਉਸ ਨੂੰ ਪਰਿਵਾਰ ਦੇ ਵਪਾਰ ਨੂੰ ਦੇਖਣ ਲਈ ਦੁਕਾਨ ਵਿੱਚ ਬੈਠਣ ਨੂੰ ਕਿਹਾ ਜਾਵੇ ਤਾਂ ਉਸ ਨੂੰ ਪਰਿਵਾਰ ਦੇ ਹਿਤਾਂ ਦੇ ਅੱਗੇ ਆਪਣੇ ਹਿਤਾਂ ਦੀ ਅਣਦੇਖੀ ਕਰਨੀ ਹੋਵੇਗੀ।
3. ਉਮਰ ਅਤੇ ਸੰਬੰਧਾਂ ਦੇ ਆਧਾਰ ਤੇ ਪਰਿਸਥਿਤੀ ਦਾ ਨਿਰਧਾਰਣ (Determination of status of members by their age and relationships): ਪਰਿਵਾਰ ਦੇ ਮੈਂਬਰਾਂ ਦੀ ਪਰਿਸਥਿਤੀ ਦਾ ਨਿਰਧਾਰਣ ਓਨਾਂ ਦੀ ਉਮਰ ਅਤੇ ਸੰਬੰਧਾਂ ਦੁਆਰਾ ਨਿਸ਼ਚਿਤ ਹੁੰਦਾ ਹੈ। ਪਤੀ ਦਾ ਪਦ ਪਤਨੀ ਤੋਂ ਉੱਚਾ ਹੁੰਦਾ ਹੈ। ਦੋ ਪੀੜੀਆਂ ਵਿੱਚ ਉੱਚੀ ਪੀੜੀ ਵਾਲੇ ਵਿਅਕਤੀ ਦੀ ਪਰਿਸਥਿਤੀ ਨਿਮਨ ਪੀੜੀ ਦੇ ਵਿਅਕਤੀ ਦੀ ਪਰਿਸਥਿਤੀ ਤੋਂ ਅਧਿਕ ਉੱਚੀ ਹੁੰਦੀ ਹੈ। ਪ੍ਰੰਤੂ ਉਸੇ ਪੀੜੀ ਵਿੱਚ ਵੱਡੀ ਉਮਰ ਵਾਲੇ ਵਿਅਕਤੀ ਦੀ ਪਰਿਸਥਿਤੀ ਘੱਟ ਉਮਰ ਵਾਲੇ ਵਿਅਕਤੀ ਦੀ ਪਰਿਸਥਿਤੀ ਤੋਂ ਉੱਚੀ ਹੁੰਦੀ ਹੈ। ਪਤਨੀ ਦੀ ਪਰਿਸਥਿਤੀ ਉਸ ਦੇ ਪਤੀ ਦੀ ਪਰਿਸਥਿਤੀ ਤੋਂ ਹੇਠਾਂ ਹੁੰਦੀ ਹੈ।
4. ਸੰਤਾਨ ਅਤੇ ਭਰਾਤਰੀ ਸੰਬੰਧਾਂ ਦੀ ਦੰਪਤੀ ਸੰਬੰਧਾਂ ਉੱਤੇ ਪਹਿਲ (Filial and fraternal relationship gets preference over conjugal relationship): ਰਕਤ ਸੰਬੰਧਾਂ ਨੂੰ ਵਿਵਾਹਿਕ ਸੰਬੰਧਾਂ ਦੇ ਮੁਕਾਬਲੇ ਪਹਿਲ ਦਿੱਤੀ ਜਾਦੀ ਹੈ। ਦੂਜੇ ਸ਼ਬਦਾਂ ਵਿੱਚ ਪਤੀ ਪਤਨੀ ਦੇ (conjugal) ਸੰਬੰਧ, ਪਿਤਾ-ਪੁੱਤਰ (filial) ਜਾਂ ਭਾਈ-ਭਾਈ (fraternal) ਸੰਬੰਧਾਂ ਦੇ ਮੁਕਾਬਲੇ ਨਿਮਨ ਮੰਨੇ ਜਾਂਦੇ ਹਨ।
5. ਸੰਯੁਕਤ ਜ਼ਿੰਮੇਦਾਰੀਆਂ ਦੇ ਆਦਰਸ਼ ਉੱਤੇ ਪਰਿਵਾਰ ਦਾ ਕਾਰਜ ਸੰਚਾਲਨ (Family function on the ideal of joint responsibility) : ਪਰਿਵਾਰ ਸੰਯੁਕਤ ਪਰਿਵਾਰ ਦੀਆਂ ਜ਼ਿੰਮੇਦਾਰੀਆਂ ਦੇ ਆਦਰਸ਼ਾਂ ਦੇ ਆਧਾਰ ਉੱਤੇ ਕੰਮ ਕਰਦਾ ਹੈ। ਜੇਕਰ ਪਿਤਾ ਆਪਣੀ ਪੁੱਤਰੀ ਦੇ ਵਿਆਹ ਲਈ ਕਰਜ਼ਾ ਲੈਂਦਾ ਹੈ ਤਾਂ ਉਸ ਦੇ ਪੁੱਤਰਾਂ ਦੀ ਇਹ ਜ਼ਿੰਮੇਦਾਰੀ ਹੁੰਦੀ ਹੈ ਕਿ ਓਹ ਉਸ ਦੀ ਵਾਪਸੀ ਦੀ ਕੋਸ਼ਿਸ਼ ਕਰਣ।
6. ਸਭ ਮੈਂਬਰਾਂ ਦੇ ਪ੍ਰਤੀ ਸਮਾਨ ਵਿਵਹਾਰ (All members get equal attention): ਪਰਿਵਾਰ ਦੇ ਸਭ ਮੈਂਬਰਾਂ ਉੱਤੇ ਬਰਾਬਰ ਧਿਆਨ ਦਿੱਤਾ ਜਾਂਦਾ ਹੈ। ਜੇਕਰ ਇੱਕ ਭਾਈ ਦੇ ਪੁੱਤਰ ਨੂੰ 4000 ਰੁਪਏ ਮਹੀਨਾ ਵਾਲੇ ਇੱਕ ਖਰਚੀਲੇ ਕਾਨਵੇਂਟ ਸਕੂਲ ਵਿੱਚ ਪ੍ਰਵੇਸ਼ ਦੁਆਇਆ ਜਾਂਦਾ ਹੈ ਤਾਂ ਦੂਜੇ ਭਾਈਆਂ ਦੇ (ਘੱਟ ਵੇਤਨ ਵਾਲੇ) ਪੁੱਤਰਾਂ ਨੂੰ ਇਨਾਂ ਸੁਵਿਧਾਵਾਂ ਵਾਲੇ ਚੰਗੇ ਸਕੂਲ ਵਿੱਚ ਪੜਾਇਆ ਜਾਵੇਗਾ।
7. ਵਰਿਸ਼ਠਤਾ ਦੇ ਸਿਧਾਂਤ ਉੱਤੇ ਆਧਾਰਿਤ ਸੱਤਾ ਨਿਰਧਾਰਣ (Determination of authority on the principle of seniority): ਪਰਿਵਾਰ ਵਿੱਚ (ਔਰਤਾਂ-ਮਰਦਾਂ, ਮਰਦਾਂ-ਮਰਦਾਂ, ਔਰਤਾਂ-ਔਰਤਾਂ) ਸੰਬੰਧਾਂ ਦਾ ਨਿਰਧਾਰਣ ਵਰਿਸ਼ਠਤਾ ਦੇ ਕੰਮ ਦੇ ਅਨੁਸਾਰ ਹੁੰਦਾ ਹੈ। ਚਾਹੇ ਸਭ ਤੋਂ ਵੱਡੀ ਉਮਰ ਦਾ ਮਰਦ (ਜਾਂ ਔਰਤ) ਕਿਸੇ ਦੂਜੇ ਨੂੰ ਸੱਤਾ ਸੌਂਪ ਸਕਦੇ ਹਨ, ਪ੍ਰੰਤੂ ਇਹ ਵੀ ਵਰਿਸ਼ਠਤਾ ਦੇ ਸਿਧਾਂਤ ਉੱਤੇ ਆਧਾਰਿਤ ਹੋਵੇਗਾ ਜਿਸ ਨਾਲ ਵਿਅਕਤੀਵਾਦ ਦੀ ਭਾਵਨਾ ਵਿਕਸਿਤ ਨਾ ਹੋ ਸਕੇ।

ਨੋਟ

**ਸਵ-ਮੁੱਲਾਂਕਣ (Self Assessment)**

2. **ਸਹੀ ਵਿਕਲਪ ਚੁਣੋ (Choose the correct option) –**

(*i*) ਕਿਸੇ ਦੇ ਅਨੁਸਾਰ ਪ੍ਰਾਚੀਨ ਭਾਰਤ ਵਿੱਚ ਪਰਿਵਾਰ, ਨਿਵਾਸ, ਸੰਪਤੀ ਅਤੇ ਕਾਰਜਾਂ ਦੇ ਆਧਾਰ ਤੇ ਸੰਯੁਕਤ ਸੀ–

(*a*) ਈਰਾਵਤੀ ਕਰਵੇ (*b*) ਆਈ. ਪੀ. ਦੇਸਾਈ

(*c*) ਟੀ. ਐਨ. ਮਦਾਨ (*d*) ਇਨਾਂ ਵਿੱਚੋਂ ਕੋਈ ਨਹੀਂ।

(*ii*) ਸੰਯੁਕਤ ਪਰਿਵਾਰ ਦੀ ਵਿਸ਼ੇਸ਼ਤਾ ਹੈ–

(*a*) ਸਹਿ-ਨਿਵਾਸ (*b*) ਸਹਿ-ਰਸੋਈ

(*c*) ਸਹਿ-ਪੂਜਾ (*d*) ਉਪਰੋਕਤ ਸਾਰੇ

(*iii*) ਦੇਸਾਈ ਨੇ ਸੰਯੁਕਤ ਪਰਿਵਾਰ ਦੇ ਆਧਾਰ ਮੰਨੇ ਹਨ–

(*a*) ਪੀੜੀ ਦੀ ਗਹਿਰਾਈ (*b*) ਅਧਿਕਾਰ ਅਤੇ ਜ਼ਿੰਮੇਦਾਰੀ

(*c*) ਸੰਪਤੀ (*d*) ਉਪਰੋਕਤ ਸਾਰੇ

(*iv*) ਮੱਧਮ ਪਰਿਖੇਤਰ ਦੇ ਨਾਤੇਦਾਰੀ ਪਰਿਵਾਰ ਵਿੱਚ ਕਿੰਨ ਪ੍ਰਕਾਰ ਦੇ ਸਵੈਜਨ/ਨਾਤੇਦਾਰ ਹੁੰਦੇ ਹਨ–

(*a*) ਪ੍ਰਥਮ (*b*) ਦੂਜੇ

(*c*) ਤੀਜੇ (*d*) ਉਪਰੋਕਤ ਸਾਰੇ

(*v*) ਪਰਿਵਾਰ ਵਿੱਚ ਪਤਨੀ ਦੀ ਪਰਿਸਥਿਤੀ ਕਿਸ ਨਾਲ ਨਿਸ਼ਚਿਤ ਹੁੰਦੀ ਹੈ–

(*a*) ਬੱਚਿਆਂ ਦੀ ਪਰਿਸਥਿਤੀ ਨਾਲ (*b*) ਪਤੀ ਦੀ ਪਰਿਸਥਿਤੀ ਨਾਲ

(*c*) ਸੱਸ-ਸਹੁਰੇ ਦੀ ਪਰਿਸਥਿਤੀ ਨਾਲ (*d*) ਉਪਰੋਕਤ ਸਾਰੇ

## 4.6 ਸੰਯੁਕਤ ਪਰਿਵਾਰ ਦੇ ਪਤਨ ਦੇ ਕਾਰਣ ਅਤੇ ਉਸ ਦੇ ਨਤੀਜੇ (Decline of Joint family: Causes and consequences)

ਪਰੰਪਰਾਗਤ (ਸੰਯੁਕਤ) ਪਰਿਵਾਰ ਵਿਵਸਥਾ ਦੇ ਵਿਖੰਡਨ ਲਈ ਕਿਹੜੇ ਕਿਹੜੇ ਕਾਰਕ ਉੱਤਰਦਾਈ ਹਨ? ਪਰਿਵਾਰ ਵਿੱਚ ਪਰਿਵਰਤਨ ਕਿਸੇ ਪ੍ਰਭਾਵਾਂ ਦੇ ਇੱਕ ਸਮੁੱਚ (set of influences) ਤੋਂ ਨਹੀਂ ਆਇਆ ਹੈ, ਅਤੇ ਨਾ ਹੀ ਇਹ ਸੰਭਵ ਹੈ ਕਿ ਇਨਾਂ ਕਾਰਕਾਂ ਵਿੱਚੋਂ ਕਿਸੇ ਇੱਕ ਨੂੰ ਪਹਿਲ ਦਿੱਤੀ ਜਾ ਸਕੇ। ਇਸ ਪਰਿਵਰਤਿਤ ਹੁੰਦੇ ਹੋਏ ਪਰਿਵਾਰ ਲਈ ਕਈ ਕਾਰਕ ਉੱਤਰਦਾਈ ਹਨ। ਉਦਯੋਗੀਕਰਣ ਅਤੇ ਉਸ ਦੇ ਸਾਰਵਭੌਮਿਕ ਮਾਪਦੰਡ (universalistic criteria) ਜੋ ਨਿਰੰਤਰ ਵਿਸਤ੍ਰਿਤ ਖੇਤਰ ਨੂੰ ਪ੍ਰਭਾਵਿਤ ਕਰ ਰਹੇ ਹਨ, ਵਿਅਕਤੀਵਾਦ ਦੇ ਆਦਰਸ਼, ਸਮਾਨਤਾ ਅਤੇ ਆਜ਼ਾਦੀ ਅਤੇ ਵੈਕਲਪਿਕ ਜੀਵਨ ਪੱਧਤੀ ਦੀ ਸੰਭਾਵਨਾ ਜਿਹੇ ਕਾਰਣਾਂ ਦੇ ਮੇਲ ਨਾਲ ਹੀ "ਸੰਕਰਮਣਕਾਲੀਨ" (transitional) ਪਰਿਵਾਰ ਉਦੇ ਹਾਇਆ ਹੈ। ਮਿਲਟਨ ਸਿੰਗਰ ਨੇ ਪਰਿਵਾਰ ਵਿੱਚ ਪਰਿਵਰਤਨ ਦੇ ਲਈ ਚਾਰ ਕਾਰਕਾਂ ਨੂੰ ਉੱਤਰਦਾਈ ਮੰਨਿਆ ਹੈ- ਆਵਾਸੀ ਗਤੀਸ਼ੀਲਤਾ, ਕਾਰੋਬਾਰੀ ਗਤੀਸ਼ੀਲਤਾ, ਵਿਗਿਅਨਿਕ ਅਤੇ ਤਕਨੀਕੀ ਸਿੱਖਿਆ ਅਤੇ ਦ੍ਵੀਕਰਣ (monetization)। ਇਸ ਲੇਖਕ ਨੇ ਵੀ ਅਜਿਹੇ ਪੰਜ ਕਾਰਕਾਂ ਦੀ ਪਹਿਚਾਣ ਕੀਤੀ ਹੈ ਜਿਨਾਂ ਨੇ ਪਰਿਵਾਰ ਨੂੰ ਬਹੁਤ ਅਧਿਕ ਪ੍ਰਭਾਵਿਤ ਕੀਤਾ ਹੈ। ਇਹ ਹਨ- ਸਿੱਖਿਆ, ਨਗਰੀਕਰਣ, ਉਦਯੋਗੀਕਰਣ, ਵਿਆਹ ਸੰਸਥਾ ਵਿੱਚ ਪਰਿਵਰਤਨ (ਉਮਰ ਦੇ ਸੰਦਰਭ ਵਿੱਚ) ਅਤੇ ਵੈਧਾਨਿਕ ਉਪਾਅ।

1. **ਸਿੱਖਿਆ (Education)**

ਸਿੱਖਿਆ ਨੇ ਪਰਿਵਾਰ ਨੂੰ ਕਈ ਪ੍ਰਕਾਰ ਨਾਲ ਪ੍ਰਭਾਵਿਤ ਕੀਤਾ ਹੈ। ਸਿੱਖਿਆ ਨਾਲ ਨਾ ਕੇਵਲ ਵਿਅਕਤੀਆਂ ਦੀਆਂ ਅਭਿਵ੍ਰਿੱਤੀਆਂ, ਵਿਸ਼ਵਾਸ, ਮੁੱਲ ਅਤੇ ਆਦਰਸ਼ ਵਿਚਾਰਧਾਰਾਵਾਂ ਬਦਲੀਆਂ ਹਨ, ਬਲਕਿ ਇਸ ਨੇ ਵਿਅਕਤੀਵਾਦ ਦੀ ਭਾਵਨਾ ਨੂੰ ਵੀ ਪੈਦਾ ਕੀਤਾ ਹੈ। ਭਾਰਤ ਵਿੱਚ ਸਿੱਖਿਆ ਨਾ ਕੇਵਲ ਮਰਦਾਂ ਵਿੱਚ ਵਧ ਰਹੀ ਹੈ, ਬਲਕਿ ਔਰਤਾਂ ਵਿੱਚ ਵੀ। ਪੁਰਸ਼ ਸਾਖਰਤਾ ਦਰ ਵਿੱਚ ਵਾਧਾ 1901 ਤੋਂ 1931 ਤੱਕ 9.8 ਤੋਂ 15.6 ਤੱਕ ਹੋਇਆ, 1961 ਵਿੱਚ 34.4, 1981 ਵਿੱਚ 46.9 ਅਤੇ 1991 ਵਿੱਚ 55.07 ਤੱਕ ਹੋਇਆ, ਜਦੋਂ ਕਿ ਔਰਤਾਂ ਦੀ ਸਾਖਰਤਾ ਦਰ ਵਿੱਚ ਵਾਧਾ 1901 ਵਿੱਚ 0.6 ਤੋਂ 1931 ਵਿੱਚ 2.9, 1961 ਵਿੱਚ 13.0, 1981 ਵਿੱਚ 24.8 ਅਤੇ 1991 ਵਿੱਚ 30.09 ਤੱਕ ਹੋਇਆ। ਮਾਨਤਾ ਪ੍ਰਾਪਤ ਸਿੱਖਿਆ ਸੰਸਥਾਵਾਂ ਵਿੱਚ ਵਾਧਾ 1951 ਵਿੱਚ 2.31 ਲੱਖ (2.09 ਲੱਖ ਪ੍ਰਾਈਮਰੀ ਵਿਦਿਆਲੇ, 13,600 ਮਿਡਲ ਅਤੇ 8,300 ਸੈਕੰਡਰੀ ਅਤੇ ਹਾਇਰ ਸੈਕੰਡਰੀ ਵਿਦਿਆਲੇ) ਤੋਂ 1985 ਵਿੱਚ 7.55 ਲੱਖ ਹੋ ਗਿਆ। (5.28 ਲੱਖ ਪ੍ਰਾਈਮਰੀ, 13.4 ਲੱਖ ਮਿਡਲ ਅਤੇ 93,000 ਸੈਕੰਡਰੀ ਅਤੇ ਹਾਇਰ ਸੈਕੰਡਰੀ ਵਿਦਿਆਲੇ)। ਇਸੇ ਅਵਧੀ ਵਿੱਚ ਵਿਦਿਆਰਥੀਆਂ ਦੇ ਪ੍ਰਵੇਸ਼ ਦੀ ਸੰਖਿਆ 240 ਲੱਖ ਤੋਂ ਵਧ ਕੇ 1320 ਲੱਖ ਹੋ ਗਈ। ਸਿੱਖਿਆ ਦੀ ਦਰ ਵਿੱਚ ਇਸ ਪ੍ਰਕਾਰ ਦਾ ਵਾਧਾ ਔਰਤਾਂ-ਪੁਰਸ਼ਾਂ ਦੇ ਨਾ ਕੇਵਲ ਜੀਵਨ-ਦਰਸ਼ਨ ਵਿੱਚ

ਪਰਿਵਰਤਨ ਕਰਦਾ ਹੈ, ਬਲਕਿ ਔਰਤਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਵੀ ਉਪਲਬਧ ਕਰਵਾਉਂਦਾ ਹੈ। ਆਰਥਿਕ ਸੁਤੰਤਰਤਾ ਪ੍ਰਾਪਤ ਕਰਨ ਤੋਂ ਬਾਅਦ ਔਰਤਾਂ ਪਰਿਵਾਰਿਕ ਮਾਮਲਿਆਂ ਵਿੱਚ ਮਤਾਧਿਕਾਰ ਦੀ ਮੰਗ ਕਰਦੀਆਂ ਹਨ ਅਤੇ ਆਪਣੇ ਉੱਪਰ ਕਿਸੇ ਦਾ ਵੀ ਪ੍ਰਭੁਤਵ ਸਵੀਕਾਰ ਕਰਨ ਤੋਂ ਇਨਕਾਰ ਕਰਦੀਆਂ ਹਨ। ਇਹ ਦਰਸਾਉਂਦਾ ਹੈ ਕਿ ਸਿੱਖਿਆ ਕਿਸ ਪ੍ਰਕਾਰ ਪਰਿਵਾਰਿਕ ਸੰਬੰਧਾਂ ਵਿੱਚ ਪਰਿਵਰਤਨ ਲਿਆਉਂਦੀ ਹੈ ਜੋ ਕਿ ਬਾਅਦ ਵਿੱਚ ਸੰਰਚਨਾਤਮਕ ਪਰਿਵਰਤਨ ਵੀ ਲਿਆਉਂਦੀ ਹੈ।

ਆਈ. ਪੀ. ਦੇਸਾਈ ਅਤੇ ਐਲਿਨ ਰਾਸ ਨੇ ਵੀ ਸਿੱਖਿਆ ਵਿਵਸਥਾ ਅਤੇ ਪਰਿਵਾਰ ਵਿਵਸਥਾ ਦੇ ਆਪਸੀ ਪ੍ਰਭਾਵ ਨੂੰ ਇੰਗਿਤ ਕੀਤਾ ਹੈ। ਦੇਸਾਈ ਨੇ ਦੱਸਿਆ ਹੈ ਕਿ ਸਿੱਖਿਆ ਸੰਯੁਕਤ ਪਰਿਵਾਰ ਦੇ ਵਿਰੁੱਧ ਦੋ ਪ੍ਰਕਾਰ ਨਾਲ ਕੰਮ ਕਰਦੀ ਹੈ- ਪਹਿਲਾ ਤਾਂ ਵਿਅਕਤੀਵਾਦ ਉੱਤੇ ਬਲ ਦੇ ਕੇ ਇਹ ਲੋਕਾਂ ਦੇ ਸਾਹਮਣੇ ਪਰਿਵਾਰ ਦੇ ਸਰੂਪ ਦੀ ਓਹ ਧਾਰਣਾ ਪ੍ਰਸਤੁਤ ਕਰਦੀ ਹੈ ਜੋ ਵਰਤਮਾਨ ਸੰਯੁਕਤ ਪਰਿਵਾਰ ਦੀ ਧਾਰਣਾ ਦੇ ਉਲਟ ਹੈ, ਅਤੇ ਦੂਜੇ ਇਹ ਲੋਕਾਂ ਨੂੰ ਓਨਾਂ ਕਾਰੋਬਾਰਾਂ ਲਈ ਤਿਆਰ ਕਰਦੀ ਹੈ ਜੋ ਓਨਾਂ ਦੇ ਆਪਣੇ ਮੂਲ ਸਥਾਨ ਵਿੱਚ ਨਹੀਂ ਹੁੰਦੇ, ਜਿਸ ਦੇ ਫਲਸਰੂਪ ਓਹ ਆਪਣੇ ਪੈਤ੍ਰਿਕ ਪਰਿਵਾਰ ਤੋਂ ਵੱਖ ਹੋ ਕੇ ਅਜਿਹੇ ਖੇਤਰਾਂ ਵਿੱਚ ਰਹਿਣ ਲਗਦੇ ਹਨ ਜੋ ਓਨਾਂ ਦੀ ਸਿੱਖਿਆ ਦੇ ਅਨੁਕੂਲ ਓਨਾਂ ਨੂੰ ਕਾਰੋਬਾਰ ਦੇ ਅਵਸਰ ਪ੍ਰਦਾਨ ਕਾਦੇ ਹਨ। ਕਾਲਾਂਤਰ ਵਿੱਚ ਇਨਾਂ ਲੋਕਾਂ ਦਾ ਸੰਪਰਕ ਪੈਤ੍ਰਿਕ ਪਰਿਵਾਰ ਨਾਲ ਟੁੱਟ ਜਾਂਦਾ ਹੈ ਅਤੇ ਜੀਵਨ ਅਤੇ ਵਿਚਾਰ ਦੇ ਨਵੇਂ ਤਰੀਕਿਆਂ ਨੂੰ ਅਪਣਾਉਂਦੇ ਹਨ ਜੋ ਕਿ ਸੰਯੁਕਤ ਪਰਿਵਾਰ ਦੀਆਂ ਭਾਵਨਾਵਾਂ ਦੇ ਵਿਰੁੱਧ ਅਤੇ ਏਕਾਕੀ ਪਰਿਵਾਰ ਦੇ ਅਨੁਕੂਲ ਹੁੰਦੇ ਹਨ।

ਪ੍ਰੰਤੂ ਦੇਸਾਈ ਨੇ ਮਹੁਵਾ ਦੇ 423 ਪਰਿਵਾਰਾਂ ਦੇ ਆਪਣੇ ਹੀ ਅਧਿਐਨ ਵਿੱਚ ਪਾਇਆ ਕਿ ਸਿੱਖਿਆ ਦੇ ਸਤਰ ਵਿੱਚ ਵਾਧੇ ਦੇ ਨਾਲ ਸੰਯੁਕਤਤਾ ਵਿੱਚ ਵਾਧਾ ਅਤੇ ਏਕਾਕਿਤਾ ਵਿੱਚ ਗਿਰਾਵਟ ਆਈ। ਸਿੱਖਿਆ ਦੇ ਸਤਰ ਅਤੇ ਸੰਯੁਕਤਤਾ ਦੀ ਸੀਮਾ ਦਾ ਅਨੁਪਾਤ ਦੇਖਣ ਤੋਂ ਓਨਾਂ ਨੂੰ ਪਤਾ ਚੱਲਿਆ ਕਿ ਸਿੱਖਿਆ ਲਈ ਸੰਯੁਕਤਤਾ ਅਨੁਕੂਲ ਹੈ, ਅਤੇ ਸਿੱਖਿਆ ਨੂੰ ਪ੍ਰੋਤਸਾਹਿਤ ਕਰ ਕੇ ਸੰਯੁਕਤਤਾ ਆਪਣਾ ਵਿਘਟਨ ਕਰਦੀ ਹੈ। ਦੇਸਾਈ ਦਾ ਮਤ ਹੈ ਕਿ ਬਹੁਤ ਘੱਟ ਲੋਕ ਅਖਬਾਰ ਅਤੇ ਪੁਸਤਕਾਂ ਖਰੀਦਦੇ ਹਨ ਅਤੇ ਲੋਕਾਂ ਦੇ ਵਿਚਾਰ ਅਤੇ ਵਿਸ਼ਵਾਸ ਅਖਬਾਰਾਂ, ਅੰਗ੍ਰੇਜ਼ੀ ਪੁਸਤਕਾਂ ਅਤੇ ਪੱਤਰਿਕਾਵਾਂ ਦੇ ਪੜਨ ਜਾਂ ਪੱਛਮੀ ਸਿੱਖਿਆ ਪੱਧਤੀ ਤੋਂ ਸਿੱਧੇ ਪ੍ਰਭਾਵਿਤ ਨਹੀਂ ਹੁੰਦੇ ਹਨ। ਸਿੱਖਿਆ ਦਾ ਜੋ ਕੁਝ ਵੀ ਪ੍ਰਭਾਵ ਲੋਕਾਂ ਉੱਤੇ ਹੁੰਦਾ ਹੈ ਓਹ ਓਨਾਂ ਵਿਅਕਤੀਆਂ ਦੇ ਪ੍ਰਭਾਵ ਦੇ ਕਾਰਣ ਹੈ ਜਿਨਾਂ ਨੂੰ ਅਸੀਂ ਅਭਿਜਨ (elite) ਕਹਿ ਸਕਦੇ ਹਾਂ, ਅਤੇ ਜਾਂ ਫਿਰ ਪਰਿਵਾਰ ਅਤੇ ਵਿਦਿਆਲੇ ਦੇ ਪਰਿਆਵਰਣ ਦੇ ਪ੍ਰਭਾਵ ਦੇ ਕਾਰਣ ਹੁੰਦਾ ਹੈ। ਇਸ ਲਈ ਪਰਿਵਾਰ ਦੇ ਮੁਖੀਆ ਜਾਂ ਘਰ ਦੇ ਹੋਰ ਮੈਂਬਰਾਂ ਦੀ ਸਿੱਖਿਆ ਦਾ ਸਤਰ ਨਵੇਂ ਅਤੇ ਭਿੰਨ ਪ੍ਰਕਾਰ ਦੀਆਂ ਵਿਚਾਰਧਾਰਾਵਾਂ ਅਤੇ ਵਿਸ਼ਵਾਸਾਂ ਉੱਤੇ ਪ੍ਰਭਾਵ ਨਹੀਂ ਸੁਝਾਉਂਦਾ, ਬਲਕਿ ਇਹ (ਪ੍ਰਭਾਵ) ਨਵੇਂ ਵਿਚਾਰਾਂ ਵਾਲੇ ਵਿਅਕਤੀਆਂ ਦੀ ਸਥਿਤੀ ਅਤੇ ਖੇਤਰ ਵਿੱਚ ਸੰਚਾਰ ਦੇ ਪ੍ਰਤੀਰੂਪ ਦੇ ਕਾਰਣ ਮਿਲਦਾ ਹੈ।

ਦੇਸਾਈ ਦੇ ਕਥਨ ਵਿੱਚ ਕੋਈ ਤਰਕ ਦਿਖਾਈ ਨਹੀਂ ਦਿੰਦਾ। ਇਹ ਸੱਚ ਹੈ ਕਿ ਪਰਿਵਾਰ ਤੋਂ ਬਾਹਰ ਦੇ ਸੰਪਰਕ ਵਿਅਕਤੀ ਦੀਆਂ ਅਭਿਵ੍ਰਿੱਤੀਆਂ ਅਤੇ ਵਿਚਾਰਾਂ ਉੱਤੇ ਪ੍ਰਭਾਵ ਪਾਉਂਦੇ ਹਨ ਪ੍ਰੰਤੂ ਉਸ ਦੇ ਆਪਣੇ ਅਤੇ ਉਸ ਦੇ ਪਰਿਵਾਰ ਜਨਾਂ ਦੀ ਸਿੱਖਿਆ ਦੇ ਸਤਰ ਵੀ ਓਨਾਂ ਵਿਸ਼ਵਾਸਾਂ ਅਤੇ ਆਦਰਸ਼ਾਂ ਵਿੱਚ ਪਰਿਵਰਤਨ ਦੇ ਕਾਰਕ ਹੁੰਦੇ ਹਨ। ਇਸ ਲਈ ਜਿਵੇਂ ਕਿ ਦੇਸਾਈ ਮੰਨਦੇ ਹਨ ਕਿ ਇਹ ਨਹੀਂ ਕਿਹਾ ਜਾ ਸਕਦਾ ਕਿ ਪਰਿਵਾਰ ਦੇ ਮੈਂਬਰਾਂ ਦੀ ਸਿੱਖਿਆ, ਪਰਿਵਾਰ ਦੀ ਸੰਰਚਨਾ ਅਤੇ ਸੰਗਠਨ ਵਿੱਚ ਆ ਰਹੇ ਪਰਿਵਰਤਨਾਂ ਵਿੱਚ ਮਹੱਤਵਪੂਰਣ ਨਹੀਂ ਹੈ।

ਇਸੇ ਤਰਾਂ ਦੇਸਾਈ ਦਾ ਇਹ ਨਿਚੋੜ ਕਿ ਸਿੱਖਿਆ ਦੇ ਸਤਰ ਵਿੱਚ ਵਾਧੇ ਦੇ ਨਾਲ ਸੰਯੁਕਤਤਾ ਵਿੱਚ ਵਾਧਾ ਹੁੰਦਾ ਹੈ ਅਤੇ ਏਕਾਕਿਤਾ (nuclearity) ਵਿੱਚ ਕਮੀ ਆਉਂਦੀ ਹੈ, ਸੱਚ ਪ੍ਰਤੀਤ ਨਹੀਂ ਹੁੰਦਾ। ਸ਼ਾਇਦ, ਓਨਾਂ ਦਾ ਇਹ ਨਿਚੋੜ ਪਰਿਵਾਰ ਦਾ ਸਿੱਖਿਆ ਸਤਰ ਪਤਾ ਕਰਣ ਲਈ ਅਨੁਸੰਧਾਨ ਵਿੱਚ ਉਪਯੋਗ ਕੀਤੀ ਗਈ ਗਲਤ ਪੱਧਤੀ ਦਾ ਹੀ ਫਲ ਹੈ। ਓਨਾਂ ਨੇ ਪਰਿਵਾਰ ਦੇ ਨਾ ਪੜਣ ਵਾਲੇ ਮੈਂਬਰਾਂ (non-educants) (ਅਰਥਾਤ, ਓਹ ਬਾਲਗ ਅਤੇ ਬਾਲਗ ਬਾਲਕ ਜਿਨਾਂ ਦੇ ਅੱਗੇ ਪੜਨ ਦੀ ਸੰਭਾਵਨਾ ਨਹੀਂ ਹੈ) ਦੇ ਔਸਤ ਸਕੂਲ ਜਾਣ ਦੇ ਸਮੇਂ ਨੂੰ ਆਧਾਰ ਮੰਨ ਕੇ ਪਰਿਵਾਰ ਦੀ ਔਸਤ ਸਿੱਖਿਆ ਦੀ ਗਣਨਾ ਕੀਤੀ ਹੈ। ਇਸ ਪ੍ਰਕਾਰ ਇਨਾਂ ਮੈਂਬਰਾਂ ਦੇ ਸਕੂਲ ਜਾਣ ਦੇ ਕੁਲ ਸਾਲਾਂ ਨੂੰ ਮੈਂਬਰਾਂ ਦੀ ਸੰਖਿਆ ਨਾਲ ਭਾਗ ਦੇ ਕੇ ਪਰਿਵਾਰ ਦੀ ਔਸਤ ਸਿੱਖਿਆ ਕੱਢੀ ਗਈ। ਪਰਿਵਾਰ ਦੀ ਸਿੱਖਿਆ ਦਾ ਆਂਕਲਣ ਕਰਣ ਦੀ ਇਹ ਵਿਧੀ ਨਿਸ਼ਚਿਤ ਰੂਪ ਨਾਲ ਪ੍ਰਸ਼ਨ ਕਰਨ ਯੋਗ ਹੈ। ਜੇਕਰ ਓਹ (ਦੇਸਾਈ) ਹੋਰ ਵਿਦਵਾਨਾਂ ਦੁਆਰਾ ਉਪਯੋਗ ਕੀਤੀ ਗਈ ਵਿਧੀ ਦਾ ਪ੍ਰਯੋਗ ਕਰਦੇ ਤਾਂ ਨਤੀਜੇ ਨਿਸ਼ਚਿਤ ਹੀ ਭਿੰਨ ਹੁੰਦੇ। ਫਿਰ ਜੇਕਰ ਬਹਿਸ ਦੇ ਤਰਕ ਉੱਤੇ ਅਸੀਂ ਇਹ ਵੀ ਮੰਨ ਵੀ ਲਈਏ ਕਿ ਪਰਿਵਾਰ ਦੀ ਪੜਾਈ ਦਾ ਸਤਰ ਪਤਾ ਕਰਣ ਦਾ ਦੇਸਾਈ ਦਾ ਤਰੀਕਾ ਸਹੀ ਸੀ ਤਾਂ ਓਨਾਂ ਸਭ ਪਰਿਵਾਰਾਂ ਦੀ, ਜਿਨਾਂ ਦੇ ਮੈਂਬਰ ਸਨਾਤਕ ਸਨ, ਸੰਰਚਨਾ ਏਕਾਕੀ ਕਿਓਂ ਸੀ ਅਤੇ ਇੱਕ ਵੀ ਪਰਿਵਾਰ ਸੰਯੁਕਤ ਕਿਓਂ ਨਹੀਂ ਸੀ? ਜੇਕਰ ਉੱਚ ਸਿਖਿਆ ਸੰਯੁਕਤ ਪਰਿਵਾਰ ਦੇ ਪ੍ਰਤੀ ਅਭਿਰੂਚੀ ਨੂੰ ਵਧਾਉਂਦੀ ਹੈ ਤਾਂ "ਸਨਾਤਕ ਪਰਿਵਾਰਾਂ" ਵਿੱਚ "ਮੈਟ੍ਰਿਕੁਲੇਸ਼ਨ ਅਤੇ ਉਸ ਤੋਂ ਘੱਟ ਪਰਿਵਾਰਾਂ" ਦੀ ਤੁਲਨਾ ਵਿੱਚ ਸੰਯੁਕਤ ਪਰਿਵਾਰਾਂ ਦੀ ਸੰਖਿਆ ਅਧਿਕ ਹੁੰਦੀ। ਇਸ ਲਈ ਇਨਾਂ ਤਰਕਾਂ ਦੇ ਆਧਾਰ ਤੇ ਅਸੀਂ ਦੇਸਾਈ ਦੇ ਉਸ ਸੰਬੰਧ ਨੂੰ ਜੋ ਓਨਾਂ ਨੇ ਸਿੱਖਿਆ ਅਤੇ

ਨੋਟ

ਪਰਿਵਾਰਿਕ ਸੰਰਚਨਾ ਦੇ ਮੱਧ ਦੱਸਿਆ ਹੈ, ਸਵੀਕਾਰ ਨਹੀਂ ਕਰਦੇ। ਸਾਡੀ ਮਾਨਤਾ ਹੈ ਕਿ ਸਿੱਖਿਆ ਸੰਯੁਕਤ ਪਰਿਵਾਰ ਨੂੰ ਨਹੀਂ ਪ੍ਰੰਤੂ ਏਕਾਕੀ ਪਰਿਵਾਰ ਦੀ ਪਸੰਦ ਨੂੰ ਵਧਾਉਂਦੀ ਹੈ।

ਰਾਸ (1961) ਨੇ ਕਿਹਾ ਹੈ ਕਿ ਵਰਤਮਾਨ ਕਾਰੋਬਾਰ ਇਸ ਤਰਾਂ ਦੇ ਹਨ ਕਿ ਓਨਾਂ ਲਈ ਵਿਸ਼ੇਸ਼ ਸਿੱਖਿਆ, ਦੱਖਤਾ ਅਤੇ ਟ੍ਰੇਨਿੰਗ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਆਪਣੇ ਬੱਚਿਆਂ ਦਾ ਜੀਵਨ ਸਤਰ ਆਪਣੇ ਤੋਂ ਉੱਪਰ ਚੁੱਕਣ ਲਈ ਮਾਤਾ ਪਿਤਾ ਓਨਾਂ ਨੂੰ ਉੱਚ ਸਿੱਖਿਆ ਦੇਣ ਲਈ ਸਦਾ ਉਤਸੁਕ ਅਤੇ ਤਿਆਰ ਰਹਿੰਦੇ ਹਨ, ਵਿਸ਼ੇਸ਼ ਰੂਪ ਨਾਲ ਸ਼ਹਿਰਾਂ ਦੇ ਮੱਧਵਰਗੀ ਅਤੇ ਉੱਚ ਵਰਗੀ ਪਰਿਵਾਰ ਦੇ ਲੋਕ। ਕੁਝ ਗਰੀਬ ਮਾਂ-ਬਾਪ ਤਾਂ ਇੰਨੇ ਉਤਸੁਕ ਹੁੰਦੇ ਹਨ ਕਿ ਓਹ ਆਪਣੇ ਆਪ ਨੂੰ ਮੁਸੀਬਤ ਵਿੱਚ ਪਾ ਕੇ ਵੱਡੇ ਤੋਂ ਵੱਡਾ ਤਿਆਗ ਕਰ ਕੇ ਅਨੇਕਾਂ ਦੁੱਖ, ਵੇਦਨਾ ਅਤੇ ਦਰਦ ਸਹਿੰਦੇ ਹੋਏ ਵੀ ਆਪਣੇ ਪੁੱਤਰਾਂ ਨੂੰ ਉੱਚ ਸਿੱਖਿਆ ਦਿਲਵਾਓਣ ਦੀ ਕੋਸ਼ਿਸ਼ ਕਰਦੇ ਹਨ। ਇਸ ਦੇ ਲਈ ਕਦੇ ਕਦੇ ਤਾਂ ਓਹ ਆਪਣੇ ਆਪ ਨੂੰ ਸੁਖ-ਸੁਵਿਧਾ ਤੋਂ, ਅਤੇ ਇੱਥੋਂ ਤੱਕ ਕਿ ਖਾਣ-ਪਹਿਨਣ ਤੋਂ ਵੀ ਵੰਚਿਤ ਰੱਖਦੇ ਹਨ। ਅਜਿਹੀ ਸਥਿਤੀ ਵਿੱਚ ਜੇਕਰ ਓਨਾਂ ਦੇ ਪੁੱਤਰ ਪ੍ਰੀਖਿਆ ਵਿੱਚ ਪਾਸ ਨਹੀਂ ਹੁੰਦੇ ਜਾਂ ਇੱਛਿਤ ਸ਼੍ਰੇਣੀ ਪ੍ਰਾਪਤ ਨਹੀਂ ਕਰਦੇ ਤਾਂ ਮਾਂ-ਬਾਪ ਨੂੰ ਬੜੀ ਨਿਰਾਸ਼ਾ ਹੁੰਦੀ ਹੈ। ਕੁਝ ਮਾਮਲਿਆਂ ਵਿੱਚ ਤਾਂ ਮਾਂ-ਬਾਪ ਆਪਣੇ ਪੁੱਤਰਾਂ ਨੂੰ ਏਨਾ ਡਾਂਟਦੇ-ਫਟਕਾਰਦੇ ਹਨ, ਏਨੀ ਟੀਕਾ-ਟਿੱਪਣੀ ਅਤੇ ਤੰਗ ਕਰਦੇ ਹਨ ਕਿ ਓਹ ਸਫਲਤਾ ਪ੍ਰਾਪਤ ਕਰਣ ਵਿੱਚ ਸ਼ੰਕਿਤ ਹੋ ਜਾਂਦੇ ਹਨ ਅਤੇ ਮਜਬੂਰ ਹੋ ਕੇ ਪਰਿਵਾਰ ਤੋਂ ਹੀ ਵੱਖ ਹੋ ਜਾਂਦੇ ਹਨ। ਦੂਜੇ ਪਾਸੇ ਕੁਝ ਅਜਿਹੇ ਮਾਂ-ਬਾਪ ਵੀ ਹੁੰਦੇ ਹਨ ਜੋ ਗਰੀਬੀ ਦੇ ਕਾਰਣ ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਦਿਲਵਾਓਣ ਲਈ ਜ਼ਿਆਦਾ ਇੱਛਿਤ ਨਹੀਂ ਹੁੰਦੇ, ਪ੍ਰੰਤੂ ਓਨਾਂ ਦੇ ਪੁੱਤਰ ਬਹੁਤ ਇੱਛਿਤ ਹੁੰਦੇ ਹਨ। ਇਸ ਲਈ ਓਹ ਆਪਣੇ ਮਾਂ-ਬਾਪ ਨੂੰ ਛੱਡ ਕੇ ਸਿੱਖਿਆ ਪ੍ਰਾਪਤ ਕਰਣ ਲਈ ਵਿਭਿੰਨ ਸ਼ਹਿਰਾਂ ਅਤੇ ਕਸਬਿਆਂ ਵਿੱਚ ਚਲੇ ਜਾਂਦੇ ਹਨ। ਆਪਣਾ ਜੀਵਿਕਾ ਕਮਾਓਣ ਲਈ ਓਹ ਟਿਊਸ਼ਨ ਜਾਂ ਨੌਕਰੀ ਕਰਦੇ ਹਨ। ਇਹ ਬੱਚੇ ਹੌਲੀ ਹੌਲੀ ਆਪਣੇ ਪਰਿਵਾਰਿਕ ਸੂਤਰ ਤੋਂ ਕੱਟੇ ਜਾਂਦੇ ਹਨ। ਵਿਆਹ ਤੋਂ ਬਾਅਦ ਵੀ ਓਹ ਸ਼ਹਿਰਾਂ ਵਿੱਚ ਅਲੱਗ ਰਹਿਣਾ ਜਾਰੀ ਰੱਖਦੇ ਹਨ। ਇਸ ਪ੍ਰਕਾਰ ਸਿੱਖਿਆ ਇਨਾਂ ਦੇ ਪਰਿਵਾਰਾਂ ਨੂੰ ਪ੍ਰਭਾਵਿਤ ਕਰਦੀ ਹੈ (ਰਾਸ, ਓਹੀ-208-231)। ਔਰਤਾਂ ਵੀ ਸਿੱਖਿਆ ਪ੍ਰਾਪਤ ਕਰਣ ਤੋਂ ਬਾਅਦ ਆਪਣੇ ਪਤੀ, ਬੱਚਿਆਂ ਅਤੇ ਪਰਿਵਾਰ ਦੇ ਪ੍ਰਤੀ ਭਿੰਨ ਦ੍ਰਿਸ਼ਟੀਕੋਣ ਅਪਣਾ ਲੈਂਦੀਆਂ ਹਨ ਅਤੇ ਅਪਣੀ ਰੂੜੀਵਾਦੀ ਸੱਸ ਨਾਲ ਸੰਘਰਸ਼ ਵਿੱਚ ਆ ਕੇ ਵੱਖ ਘਰ ਵਿੱਚ ਰਹਿਣ ਦੀ ਜ਼ਿੱਦ ਕਰਦੀਆਂ ਹਨ। ਇਹ ਸਭ ਪਰਿਵਾਰ ਦੇ ਸਰੂਪ ਉੱਤੇ ਸਿੱਖਿਆ ਦੇ ਪ੍ਰਭਾਵ ਨੂੰ ਦਰਸਾਓਂਦਾ ਹੈ। ਜਿਵੇਂ ਜਿਵੇਂ ਸਿੱਖਿਆ ਦਾ ਸਤਰ ਉੱਪਰ ਉੱਠਦਾ ਹੈ, ਉਵੇਂ ਉਵੇਂ ਏਕਾਕੀ ਪਰਿਵਾਰ ਦੇ ਪੱਖ ਵਿੱਚ ਪ੍ਰਤੀਸ਼ਤ ਵਧਦਾ ਜਾਂਦਾ ਹੈ ਅਤੇ ਸੰਯੁਕਤ ਪਰਿਵਾਰ ਵਿੱਚ ਜੀਵਨ ਬਤੀਤ ਕਰਣ (ਵਿਵਹਾਰ ਵਿੱਚ) ਦੇ ਪੱਖਧਰ ਲੋਕਾਂ ਦਾ ਪ੍ਰਤੀਸ਼ਤ ਘੱਟ ਹੁੰਦਾ ਜਾਦਾ ਹੈ।

**2. ਨਗਰੀਕਰਣ (Urbanization)**

ਪਰਿਵਾਰ ਨੂੰ ਪ੍ਰਭਾਵਿਤ ਕਰਣ ਵਾਲਾ ਇੱਕ ਹੋਰ ਕਾਰਕ ਨਗਰੀਕਰਣ ਵੀ ਹੈ। ਪਿਛਲੇ ਕੁਝ ਦਸ਼ਕਾਂ ਵਿੱਚ ਸਾਡੇ ਦੇਸ਼ ਦੀ ਸ਼ਹਿਰੀ ਜਨਸੰਖਿਆ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। 18ਵੀਂ ਸ਼ਤਾਬਦੀ ਦੇ ਮੱਧ ਵਿੱਚ ਭਾਰਤ ਦੀ ਲਗਭਗ 10% ਜਨਸੰਖਿਆ ਹੀ ਸ਼ਹਿਰਾਂ ਵਿੱਚ ਰਹਿੰਦੀ ਸੀ। 19ਵੀਂ ਸ਼ਤਾਬਦੀ ਵਿੱਚ, 100 ਸਾਲਾਂ ਦੇ ਅੰਤਰਾਲ ਵਿੱਚ ਭਾਰਤ ਵਿੱਚ ਸ਼ਹਿਰਾਂ ਦੀ ਜਨਸੰਖਿਆ ਵਿੱਚ ਦਸ ਗੁਣਾ ਵਾਧਾ ਹੋਇਆ। 20ਵੀਂ ਸ਼ਤਾਬਦੀ ਵਿੱਚ ਪੂਰੇ ਦੇਸ਼ ਦੀ ਜਨਸੰਖਿਆ 1901 ਵਿੱਚ 23.8 ਕਰੋੜ ਤੋਂ ਵਧ ਕੇ 1991 ਵਿੱਚ 84.63 ਕਰੋੜ ਹੋ ਗਈ, ਸ਼ਹਿਰਾਂ ਵਿੱਚ ਰਹਿਣ ਵਾਲਿਆਂ ਦੀ ਸੰਖਿਆ ਵਿੱਚ 523.0% ਵਾਧਾ ਹੋਇਆ। 1961 ਵਿੱਚ ਸ਼ਹਿਰੀ ਜਨਸੰਖਿਆ ਪੂਰੀ ਜਨਸੰਖਿਆ ਦੀ 17.9% ਸੀ, ਪ੍ਰੰਤੂ 1971 ਵਿੱਚ ਵਧ ਕੇ 19.9%, 1981 ਵਿੱਚ ਵਧ ਕੇ 23.34% ਅਤੇ 1991 ਵਿੱਚ ਵਧ ਕੇ 25.72% ਹੋ ਗਈ। ਸ਼ਹਿਰੀ ਜਨਸੰਖਿਆ ਦਾ ਇੱਕ ਦਸ਼ਕ ਦੇ ਹਿਸਾਬ ਨਾਲ ਵਾਧਾ ਦਰ 1961 ਵਿੱਚ 26.41% ਸੀ ਜੋ 1971 ਵਿੱਚ 38.23%, 1981 ਵਿੱਚ 46.14% ਅਤੇ 1991 ਵਿੱਚ 36.19% ਹੋ ਗਈ। ਅਸਲ ਵਿੱਚ, ਭਾਰਤ ਦੀ ਸ਼ਹਿਰੀ ਜਨਸੰਖਿਆ 1961 ਵਿੱਚ 7.8 ਕਰੋੜ, 1971 ਵਿੱਚ 10.9 ਕਰੋੜ, 1981 ਵਿੱਚ 15.9 ਕਰੋੜ ਅਤੇ 1991 ਵਿੱਚ 21.7 ਕਰੋੜ ਹੋ ਗਈ।

ਨਗਰੀ ਪਰਿਵਾਰ ਪੇਂਡੂ ਪਰਿਵਾਰਾਂ ਤੋਂ ਨਾ ਕੇਵਲ ਸੰਰਚਨਾ ਵਿੱਚ ਬਲਕਿ ਵਿਚਾਰਧਾਰਾ ਵਿੱਚ ਵੀ ਭਿੰਨ ਹੁੰਦੇ ਹਨ। ਇਹ ਪਹਿਲਾਂ ਹੀ ਕਿਹਾ ਜਾ ਚੁਕਾ ਹੈ ਕਿ ਸ਼ਹਿਰੀ ਖੇਤਰਾਂ ਵਿੱਚ ਏਕਾਕੀ ਪਰਿਵਾਰ, ਗੈਰ-ਸ਼ਹਿਰੀ ਏਕਾਕੀ ਪਰਿਵਾਰ ਤੋਂ ਛੋਟਾ ਹੁੰਦਾ ਹੈ ਅਤੇ ਸ਼ਹਿਰ ਵਿੱਚ ਰਹਿਣ ਵਾਲਾ ਵਿਅਕਤੀ ਏਕਾਕੀ ਪਰਿਵਾਰ ਦਾ ਚੋਣ ਅਧਿਕ ਰਹਿੰਦਾ ਹੈ , ਬਜਾਏ ਕਿ ਪਿੰਡਵਾਸੀ ਦੇ । ਐਮ. ਐਸ. ਗੋਰੇ ਦੀ ਮਾਨਤਾ ਹੈ ਕਿ ਨਗਰੀ ਪਰਿਵਾਰ ਆਪਣੇ ਦ੍ਰਿਸ਼ਟੀਕੋਣ, ਭੂਮਿਕਾ-ਪਰਿਪੱਖ ਅਤੇ ਵਿਵਹਾਰ ਵਿੱਚ ਸੰਯੁਕਤ ਪਰਿਵਾਰ ਦੇ ਮਾਨਦੰਡਾਂ ਤੋਂ ਹਟ ਰਹੇ ਹਨ। ਉਦਾਹਰਣ ਲਈ, ਨਿਰਣਾ ਲੈਣ ਦੇ ਮਾਮਲੇ ਵਿੱਚ ਪੇਂਡੂ ਪਰਿਵਾਰਾਂ ਦੇ ਉਲਟ ਨਗਰੀ ਪਰਿਵਾਰਾਂ ਵਿੱਚ ਬੱਚਿਆਂ ਨਾਲ ਸੰਬੰਧਿਤ ਨਿਰਣੇ ਪਰਿਵਾਰ ਦਾ ਸਭ ਤੋਂ ਬੁਜ਼ੁਰਗ ਵਿਅਕਤੀ ਹੀ ਨਹੀਂ ਪ੍ਰੰਤੂ ਓਨਾਂ ਦੇ ਮਾਤਾ-ਪਿਤਾ ਹੀ ਲੈਂਦੇ ਹਨ। ਇਸੇ ਤਰਾਂ ਓਹ ਸ਼ਹਿਰੀ ਲੋਕ ਜੋ ਮਾਤਾ-ਪਿਤਾ ਦੀ ਮੌਤ ਤੋਂ ਬਾਅਦ ਭਾਈਆਂ ਦੇ ਇੱਕਠੇ ਰਹਿਣ ਦੇ ਵਿਚਾਰ ਦਾ ਸਮਰਥਨ ਕਰਦੇ ਹਨ ਓਨਾਂ ਦੀ ਸੰਖਿਆ ਉਸੇ ਵਿਚਾਰ ਵਾਲੇ ਪੇਂਡੂ ਲੋਕਾਂ ਤੋਂ ਘੱਟ ਹੈ।

ਆਈ. ਪੀ. ਦੇਸਾਈ (1964) ਇਸ ਵਿਚਾਰ ਨਾਲ ਸਹਿਮਤ ਨਹੀਂ ਹਨ ਕਿ ਨਗਰੀਕਰਣ ਸੰਯੁਕਤ ਪਰਿਵਾਰ ਵਿਵਸਥਾ ਦੇ ਵਿਘਟਨ ਲਈ ਉੱਤਰਦਾਈ ਹੈ। ਸੰਯੁਕਤਤਾ ਉੱਤੇ ਨਗਰੀਕਰਣ ਦੇ ਪ੍ਰਭਾਵ ਦਾ ਵਿਸ਼ਲੇਸ਼ਣ ਕਰਦੇ ਹੋਏ

ਨੋਟ

ਓਨਾਂ ਨੇ ਪਾਇਆ ਕਿ ਪਰੰਪਰਾਗਤ ਸੰਯੁਕਤਤਾ ਅਤੇ ਸ਼ਹਿਰੀ ਖੇਤਰ ਵਿੱਚ ਪਰਿਵਾਰ ਦੇ ਰਹਿਣ ਦੀ ਅਵਧੀ ਵਿੱਚ ਮਹੱਤਵਪੂਰਣ ਸੰਬੰਧ ਹੈ। ਓਨਾਂ ਦਾ ਅਨੁਮਾਨ ਸੀ ਕਿ ਸ਼ਹਿਰੀ ਖੇਤਰ ਵਿੱਚ ਪਰਿਵਾਰ ਜਿੰਨੀ ਲੰਬੀ ਅਵਧੀ ਤੱਕ ਠਹਿਰੇ ਗਾ, ਸੰਯੁਕਤਤਾ ਦੀ ਮਾਤਰਾ ਵਿੱਚ ਵੀ ਓਨੀ ਹੀ ਕਮਾ ਆਏਗੀ। ਪ੍ਰੰਤੂ ਓਨਾਂ ਨੇ ਪਾਇਆ ਕਿ "ਬਹੁਤ ਪੁਰਾਣੇ" (50 ਜਾਂ ਅਧਿਕ ਸਾਲਾਂ ਤੱਕ ਸ਼ਹਿਰ ਵਿੱਚ ਰਹਿਣ ਵਾਲੇ) ਅਤੇ "ਪੁਰਾਣੇ" (25 ਤੋਂ 50 ਸਾਲਾਂ ਤੱਕ ਸ਼ਹਿਰ ਵਿੱਚ ਰਹਿਣ ਵਾਲੇ) ਪਰਿਵਾਰਾਂ ਵਿੱਚ "ਨਵੇਂ" ਪਰਿਵਾਰਾਂ (25 ਜਾਂ ਇਸ ਤੋਂ ਘੱਟ ਸਾਲਾਂ ਤੋਂ ਸ਼ਹਿਰ ਵਿੱਚ ਰਹਿਣ ਵਾਲੇ) ਦੇ ਮੁਕਾਬਲੇ ਸੰਯੁਕਤਤਾ ਜ਼ਿਆਦਾ ਮਿਲਦੀ ਹੈ।

ਲੁਈ ਵਿਰਥ (:ਰਚਜਤ ਰੁਜਗਵੀ, 1938) ਦਾ ਵੀ ਇਹੀ ਵਿਚਾਰ ਹੈ ਕਿ ਨਗਰ ਪਰੰਪਰਾਗਤ ਪਰਿਵਾਰਿਕ ਜੀਵਨ ਦੇ ਲਈ ਸਹਾਇਕ ਨਹੀਂ ਹੈ। ਓਨਾਂ ਦਾ ਕਹਿਣਾ ਹੈ ਕਿ ਸਮਾਜਿਕ ਜੀਵਨ ਦੀ ਇਕਾਈ ਦੇ ਰੂਪ ਵਿੱਚ (ਨਗਰੀ) ਪਰਿਵਾਰ ਵੱਡੇ ਨਾਤੇਦਾਰੀ ਸਮੂਹ ਤੋਂ ਮੁਕਤ ਹੈ, ਜੋ ਕਿ ਪਿੰਡ ਦੀ ਵਿਸ਼ੇਸ਼ਤਾ ਹੈ, ਅਤੇ ਵਿਅਕਤੀਗਤ ਰੂਪ ਵਿੱਚ (ਨਗਰੀ ਪਰਿਵਾਰ ਦਾ) ਮੈਂਬਰ ਆਪਣੀ ਸਿੱਖਿਅਕ, ਕਾਰੋਬਾਰੀ, ਧਾਰਮਿਕ, ਮਨੋਰੰਜਨ ਸੰਬੰਧੀ ਅਤੇ ਰਾਜਨੀਤਿਕ ਇੱਛਾਵਾਂ ਦੀ ਪੂਰਤੀ ਵਿੱਚ ਲੱਗਾ ਰਹਿੰਦਾ ਹੈ।

ਸਾਡਾ ਵਿਚਾਰ ਹੈ ਕਿ ਪਰਿਵਾਰ ਵਿਵਸਥਾ ਦੇ ਪਰਿਵਰਤਨ ਵਿੱਚ ਨਗਰੀਕਰਣ ਦਾ ਵਿਸ਼ੇਸ਼ ਮਹੱਤਵ ਹੈ। ਸ਼ਹਿਰੀ ਜੀਵਨ ਸੰਯੁਕਤ ਪਰਿਵਾਰ ਦੇ ਸਰੂਪ ਨੂੰ ਕਮਜ਼ੋਰ ਬਣਾਓਂਦਾ ਹੈ ਅਤੇ ਏਕਾਕੀ ਪਰਿਵਾਰਾਂ ਨੂੰ ਦ੍ਰਿੜ ਬਣਾਓਂਦਾ ਹੈ। ਨਗਰਾਂ ਵਿੱਚ ਉੱਚ ਸਿੱਖਿਆ ਅਤੇ ਨਵੇਂ ਕਾਰੋਬਾਰਾਂ ਨੂੰ ਚੁਣਨ ਲਈ ਜ਼ਿਆਦਾ ਮੌਕੇ ਹੁੰਦੇ ਹਨ। ਓਹ ਲੋਕ ਜੋ ਆਪਣੇ ਪਰਿਵਾਰ ਦੇ ਪਰੰਪਰਾਗਤ ਕਾਰੋਬਾਰ ਨੂੰ ਛੱਡ ਕੇ ਨਵੇਂ ਕਾਰੋਬਾਰ ਅਪਣਾਓਂਦੇ ਹਨ, ਆਪਣੇ ਵਿਚਾਰਾਂ ਅਤੇ ਅਭਿਵ੍ਰਿੱਤੀਆਂ ਵਿੱਚ ਓਨਾਂ ਲੋਕਾਂ ਦੇ ਮੁਕਾਬਲੇ ਵੱਡਾ ਪਰਿਵਰਤਨ ਦਰਸਾਓਂਦੇ ਹਨ ਜੋ ਆਪਣੇ ਪਰੰਪਰਾਗਤ ਕਾਰੋਬਾਰ ਨੂੰ ਨਹੀਂ ਛੱਡਦੇ। ਇਸੇ ਤਰਾਂ ਸ਼ਹਿਰਾਂ ਵਿੱਚ ਸਿੱਖਿਅਤ ਵਿਅਕਤੀ ਚਾਹੇ ਸੰਯੁਕਤ ਪਰਿਵਾਰ ਦੇ ਮਾਨਦੰਡਾਂ ਦਾ ਥੋੜਾ ਬਹੁਤ ਪਾਲਣ ਕਰਦੇ ਹਨ, ਪ੍ਰੰਤੂ ਓਨਾਂ ਦੇ ਪੱਖ ਵਿੱਚ ਘੱਟ ਹੁੰਦਾ ਹੈ। ਪ੍ਰੰਤੂ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਵ੍ਰਿੱਤੀਆਂ ਵਿੱਚ ਪਰਿਵਰਤਨ ਅਤੇ ਸ਼ਹਿਰ ਵਿੱਚ ਰਹਿਣ ਦੀ ਅਵਧੀ ਵਿੱਚ ਨਿਕਟ ਦਾ ਸੰਬੰਧ ਹੈ। ਸ਼ਹਿਰ ਵਿੱਚ ਔਰਤਾਂ ਲੂੰ ਵੀ ਨੌਕਰੀ ਦੇ ਅਧਿਕ ਮੌਕੇ ਮਿਲ ਜਾਂਦੇ ਹਨ ਅਤੇ ਜਦੋਂ ਓਹ ਧਨ ਕਮਾਓਣ ਲਗਦੀਆਂ ਹਨ ਤਾਂ ਓਹ ਕਈ ਖੇਤਰਾਂ ਵਿ*ਚ ਸੁਤੰਤਰਤਾ ਚਾਹੁੰਦੀਆਂ ਹਨ। ਓਹ ਆਪਣੇ ਪਤੀ ਦੇ ਜਣਕ ਪਰਿਵਾਰ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਣ ਲਗਦੀਆਂ ਹਨ। ਇਸ ਪ੍ਰਕਾਰ ਨਗਰ ਵਿੱਚ ਰਹਿਣ ਦੇ ਕਾਰਣ ਅਤੇ ਸਮਾਜ ਵਿੱਚ ਪਰਿਵਾਰ ਦੇ ਸਰੂਪ ਵਿੱਚ ਇੱਕ ਭਿੰਨਤਾ ਦਿਖਾਈ ਦਿੰਦੀ ਹੈ।

ਟਾਸਕ ਸੰਯੁਕਤ ਪਰਿਵਾਰ ਕਿਸ ਨੂੰ ਕਹਿੰਦੇ ਹਨ?

### 3. ਉਦਯੋਗੀਕਰਣ (Industrialization)

19ਵੀਂ ਸ਼ਤਾਬਦੀ ਦੇ ਅੰਤ ਅਤੇ 20ਵੀਂ ਸ਼ਤਾਬਦੀ ਦੇ ਸ਼ੁਰੂ ਵਿੱਚ ਭਾਰਤ ਵਿੱਚ ਉਦਯੋਗੀਕਰਣ ਆਰੰਭ ਹੋ ਗਿਆ ਸੀ। ਨਵੇਂ ਉਦਯੋਗਾਂ ਦੇ ਚਾਰੇ ਪਾਸੇ ਸ਼ਹਿਰਾਂ ਦਾ ਵਿਕਾਸ ਹੋਇਆ ਸੀ। ਉਦਯੋਗੀਕਰਣ ਤੋਂ ਪਹਿਲਾਂ ਸਾਡੇ ਕੋਲ ਇਹ ਵਿਵਸਥਾ ਸੀ- (*i*) ਕਿਸਾਨੀ ਅਮੁਦਰਾਹੀਣ (non-monetized) ਵਿਵਸਥਾ (*ii*) ਤਕਨੀਕੀ ਦਾ ਓਹ ਸਤਰ ਜਿੱਥੇ ਘਰੇਲੂ ਇਕਾਈ ਆਰਥਿਕ ਵਿਨਿਮਯ ਦੀ ਇਕਾਈ ਵੀ ਸੀ, (*iii*) ਪਿਤਾ-ਪੁੱਤਰ ਅਤੇ ਭਾਈ-ਭਾਈ ਵਿਚਕਾਰ ਕੋਈ ਕਾਰੋਬਾਰੀ ਭੇਦ ਨਹੀਂ ਸੀ, (*iv*) ਇੱਕ ਅਜਿਹੀ ਮੁੱਲ ਵਿਵਸਥਾ ਸੀ ਜਿੱਥੇ ਯੁਕਤੀਸੰਗਤਤਾ (*v*) ਦੇ ਮਾਨਦੰਡਾਂ ਦੀ ਬਜਾਏ ਬੁਜ਼ੁਰਗਾਂ ਦਾ ਸੱਤਾ ਅਤੇ ਪਰੰਪਰਾਵਾਂ ਦੀ ਪਵਿੱਤਰਤਾ ਦੋਹਾਂ ਨੂੰ ਹੀ ਮਹੱਤਵ ਦਿੱਤਾ ਜਾਂਦਾ ਸੀ। ਪ੍ਰੰਤੂ ਉਦਯੋਗੀਕਰਣ ਨੇ ਸਾਡੇ ਸਮਾਜ ਵਿੱਚ ਆਮ ਰੂਪ ਨਾਲ ਆਰਥਿਕ ਅਤੇ ਸਮਾਜਿਕ-ਸੰਸਕ੍ਰਿਤਿਕ ਪਰਿਵਰਤਨ ਅਤੇ ਵਿਸ਼ੇਸ਼ ਰੂਪ ਨਾਲ ਪਰਿਵਾਰ ਵਿੱਚ ਪਰਿਵਰਤਨ ਕੀਤਾ ਹੈ। ਆਰਥਿਕ ਖੇਤਰ ਵਿੱਚ ਇਸ ਦੇ ਇਹ ਨਤੀਜੇ ਹੋਏ ਹਨ- ਕਾਰਜ ਵਿਸ਼ੇਸ਼ੱਗਤਾ, ਕਾਰੋਬਾਰੀ ਗਤੀਸ਼ੀਲਤਾ, ਅਰਥ ਵਿਵਸਥਾ ਦਾ ਦ੍ਰਵੀਕਰਣ ਅਤੇ ਕਾਰੋਬਾਰੀ ਸੰਰਚਨਾਵਾਂ ਅਤੇ ਨਾਤੇਦਾਰੀ ਵਿਚਕਾਰ ਸੰਬੰਧਾਂ ਦਾ ਟੁੱਟ ਜਾਣਾ। ਸਮਾਜਿਕ ਖੇਤਰ ਵਿੱਚ ਇਸ ਦਾ ਨਤੀਜਾ ਹੋਇਆ ਹੈ- ਪੇਂਡੂ ਖੇਤਰਾਂ ਤੋਂ ਸ਼ਹਿਰੀ ਖੇਤਰਾਂ ਵਿੱਚ ਆਗਮਨ, ਸਿੱਖਿਆ ਦਾ ਪ੍ਰਸਾਰ ਅਤੇ ਇੱਕ ਮਜ਼ਬੂਤ ਰਾਜਨੀਤਿਕ ਢਾਂਚਾ। ਸੰਸਕ੍ਰਿਤਿਕ ਖੇਤਰ ਵਿੱਚ ਇਸ ਨਾਲ (ਉਦਯੋਗੀਕਰਣ ਨਾਲ) ਧਰਮ ਨਿਰਪੱਖਤਾ ਦੇ ਵਿਚਾਰ ਦਾ ਵਿਕਾਸ ਹੋਇਆ ਹੈ।

ਪਰਿਵਾਰਿਕ ਸੰਗਠਨ ਉੱਤੇ ਉਦਯੋਗੀਕਰਣ ਦੇ ਜੋ ਤਿੰਨ ਮੁੱਖ ਪ੍ਰਭਾਵ ਹੋਏ ਹਨ, ਓਹ ਇਹ ਹਨ- (1) ਪਰਿਵਾਰ ਜੋ ਕਿ ਉਤਪਾਦਨ ਦੀ ਇੱਕ ਪ੍ਰਧਾਨ ਇਕਾਈ ਸੀ, ਹੁਣ ਉਪਭੋਗ ਦੀ ਇਕਾਈ ਦੇ ਰੂਪ ਵਿੱਚ ਬਦਲ ਗਿਆ ਹੈ। ਇੱਕ ਏਕੀਕ੍ਰਿਤ ਆਰਥਿਕ ਵਿਵਸਥਾ ਵਿੱਚ ਲੱਗੇ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਇੱਕਠੇ ਕੰਮ ਕਰਣ ਦੀ ਬਜਾਏ, ਪਰਿਵਾਰ

ਨੋਟ

ਦੇ ਕੁਝ ਮਰਦ ਮੈਂਬਰ ਪਰਿਵਾਰ ਦੀ ਜੀਵਿਕਾ ਚਲਾਓਣ ਲਈ ਬਾਹਰ ਚਲੇ ਜਾਂਦੇ ਹਨ। ਇਸ ਨਾਲ ਨਾ ਕੇਵਲ ਸੰਯੁਕਤ ਪਰਿਵਾਰ ਦਾ ਪਰੰਪਰਾਗਤ ਸਰੂਪ ਹੀ ਪ੍ਰਭਾਵਿਤ ਹੋਇਆ ਹੈ, ਬਲਕਿ ਮੈਂਬਰਾਂ ਦੇ ਵਿੱਚ ਸੰਬੰਧ ਵੀ। (2) ਫੈਕਟਰੀਆਂ ਵਿੱਚ ਨੌਕਰੀ ਦੇ ਕਾਰਣ ਯੁਵਕ ਆਪਣੇ ਪੈਤ੍ਰਿਕ ਪਰਿਵਾਰਾਂ ਉੱਤੇ ਸਿੱਧੇ ਨਿਰਭਰ ਨਹੀਂ ਰਹਿੰਦੇ। ਵੇਤਨ ਮਿਲਣ ਨਾਲ ਕਿਓਂਕਿ ਓਹ ਆਰਕਿਕ ਰੂਪ ਤੋਂ ਸੁਤੰਤਰ ਹਨ, ਇਸ ਲਈ ਪਰਿਵਾਰ ਦੇ ਮੁਖੀਆ ਦੀ ਸੱਤਾ ਵਿੱਚ ਹੋਰ ਵੀ ਕਮੀ ਆਈ ਹੈ। ਸ਼ਹਿਰਾਂ ਵਿੱਚ ਤਾਂ ਮਰਦਾਂ ਦੇ ਨਾਲ ਨਾਲ ਓਨਾਂ ਦੀਆਂ ਪਤਨੀਆਂ ਨੇ ਵੀ ਧਨ ਕਮਾਓਣਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਅੰਤਰ ਪਰਿਵਾਰਿਕ ਸੰਬੰਧਾਂ ਉੱਤੇ ਪ੍ਰਭਾਵ ਪਿਆ ਹੈ। (3) ਬੱਚੇ ਹੁਣ ਆਰਥਿਕ ਰੂਪ ਨਾਲ ਆਸ਼ਿਤ (ਤਤਕਵ) ਨਾ ਹੋ ਕੇ ਦੇਅ (liability) ਬਣ ਗਏ ਹਨ। ਚਾਹੇ ਵੈਧਾਨਿਕ ਦ੍ਰਿਸ਼ਟੀ ਨਾਲ ਬਾਲ-ਮਜ਼ਦੂਰੀ ਵਰਜਿਤ ਹੈ, ਫਿਰ ਵੀ ਬੱਚਿਆਂ ਦੀ ਮਜ਼ਦੂਰਾਂ ਦੇ ਰੂਪ ਵਿੱਚ ਨਿਯੁਕਤੀ ਅਤੇ ਓਨਾਂ ਦੇ ਨਾਲ ਦੁਰਵਿਵਹਾਰ ਵਿੱਚ ਵਾਧਾ ਹੋਇਆ ਹੈ। ਨਾਲ ਹੀ ਸਿੱਖਿਆ ਦੀ ਵਧਦੀ ਹੋਈ ਜ਼ਰੂਰਤ ਨੂੰ ਦੇਖਦੇ ਹੋਏ ਮਾਤਾ ਪਿਤਾ ਉੱਤੇ ਨਿਰਭਰਤਾ ਵਿੱਚ ਵਾਧਾ ਹੋਇਆ ਹੈ। ਸ਼ਹਿਰਾਂ ਵਿੱਚ ਆਵਾਸ ਮਹਿੰਗਾ ਹੈ ਅਤੇ ਬੱਚਿਆਂ ਦੀ ਦੇਖਭਾਲ ਵੀ ਸਮਾਂ ਮੰਗਦੀ ਹੈ। ਇਸ ਲਈ ਉਦਯੋਗੀਕਰਣ ਦੇ ਕਾਰਣ ਕੰਮ ਅਤੇ ਘਰ ਇੱਕ ਦੂਜੇ ਤੋਂ ਵੱਖ ਹੋ ਗਏ ਹਨ।

ਕੁਝ ਸਮਾਜਸ਼ਾਸਤਰੀਆਂ ਨੇ ਉਦਯੋਗੀਕਰਣ ਦੇ ਕਾਰਣ ਏਕਾਕੀ ਪਰਿਵਾਰ ਦੇ ਉਦੇ ਦੇ ਸਿਧਾਂਤ ਨੂੰ ਹਾਲ ਹੀ ਵਿੱਚ ਚੁਨੌਤੀ ਦਿੱਤੀ ਹੈ। ਇਹ ਚੁਨੌਤੀ ਅਨੁਭਵਾਸ਼ਰਿਤ (empirical) ਅਧਿਐਨਾਂ ਉੱਤੇ ਆਧਾਰਿਤ ਹੈ। ਐਮ. ਐਸ. ਏ. ਰਾਓ, ਐਮ. ਐਸ. ਗੋਰੇ ਅਤੇ ਮਿਲਟਨ ਸਿੰਗਰ ਜਿਹੇ ਵਿਦਵਾਨਾਂ ਦੇ ਅਧਿਐਨ ਇਹ ਪ੍ਰਗਟ ਕਰਦੇ ਹਨ ਕਿ ਸੰਯੁਕਤਤਾ ਨੂੰ ਵਪਾਰਕ ਸਮੁਦਾਵਾਂ ਵਿੱਚ ਅਧਿਕ ਪਹਿਲ ਦਿੱਤੀ ਜਾਦੀ ਹੈ ਅਤੇ ਇਹ ਵੀ ਪ੍ਰਚੱਲਿਤ ਹੈ ਕਿ ਬਹੁਤ ਸਾਰੇ ਏਕਾਕੀ ਪਰਿਵਾਰ ਨਾਤੇਦਾਰੀ ਦੇ ਬੰਧਨਾਂ ਨੂੰ ਵੀ ਬਹੁਤ ਵਿਸਤ੍ਰਿਤ ਰੂਪ ਨਾਲ ਸੁਰੱਖਿਅਤ ਰੱਖਦੇ ਹਨ। ਪੱਛਮ ਦੇ ਉਦਯੋਗਿਕ ਖੇਤਰਾਂ ਦੇ ਅਨੇਕ ਅਧਿਐਨ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਨਾਤੇਦਾਰੀ ਦੀ ਇੱਕ ਸਮਰਥਨਕਾਰੀ ਭੂਮਿਕਾ ਹੁੰਦੀ ਹੈ ਅਤੇ ਇਹ ਪਰਿਵਾਰ ਅਤੇ ਅਪੈਸਕਤਿਕ (impersonal) ਵਿਸ਼ਾਲ ਵਿਸ਼ਵ ਦੇ ਵਿੱਚ ਇੱਕ ਮੱਧਵਰਤੀ (buffer) ਦਾ ਕੰਮ ਕਰਦੇ ਹਨ (Abbi : 1970)। ਸਮਾਜਿਕ ਇਤਿਹਾਸਕਾਰਾਂ ਨੇ ਵੀ ਦੱਸਿਆ ਹੈ ਕਿ ਉਦਯੋਗੀਕਰਣ ਤੋਂ ਪਹਿਲਾਂ ਵੀ ਅਮਰੀਕਾ ਅਤੇ ਯੂਰਪ ਵਿੱਚ ਏਕਾਕੀ ਪਰਿਵਾਰ ਸੰਸਕ੍ਰਿਤਿਕ ਮਾਨਦੰਡ ਦੇ ਰੂਪ ਵਿੱਚ ਪ੍ਰਚੱਲਿਤ ਸੀ। ਪ੍ਰੰਤੂ ਇਹ ਧਿਆਨ ਦੇਣ ਯੋਗ ਹੈ ਕਿ ਨਾਤੇਦਾਰੀ ਦੀ ਸਮਰਥਨਕਾਰੀ ਭੂਮਿਕਾ ਦਾ ਕੋਈ ਜ਼ਰੂਰੀ ਲੱਛਣ ਨਹੀਂ ਹੈ ਜੋ ਕਿ ਭਾਰਤੀ ਏਕਾਕੀ ਪਰਿਵਾਰਾਂ ਵਿੱਚ ਇੱਕ ਕਰਤੱਵ ਦੇ ਰੂਪ ਵਿੱਚ ਪਾਇਆ ਜਾਂਦਾ ਹੈ। ਏਕਾਕੀ ਪਰਿਵਾਰ ਦੇ ਯੁਵਾ ਮੈਂਬਰ ਸਵੈ-ਇੱਛਾ ਨਾਲ ਆਪਣੇ ਪ੍ਰਾਰਥਮਿਕ ਨਾਤੇਦਾਰਾਂ (ਜਿਵੇਂ ਮਾਤਾ-ਪਿਤਾ ਅਤੇ ਭਾਈਆਂ) ਦੇ ਪ੍ਰਤੀ ਆਪਣੀ ਜ਼ਿੰਮੇਦਾਰੀ ਨਿਭਾਓਂਦੇ ਹਨ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਨਿਕਟਤਾ ਅਤੇ ਪਰਿਵਾਰ ਵਿੱਚ ਏਕਤਾ ਦੀ ਭਾਵਨਾ ਪ੍ਰਗਟ ਕਰਦੇ ਹਨ, ਚਾਹੇ ਓਹ ਅਲੱਗ ਘਰਾਂ ਵਿੱਚ ਰਹਿੰਦੇ ਹੋਣ (Leela Dube, 1974 : 311)।

ਇਨਾਂ ਸਭ ਪਰਿਵਰਤਨਾਂ ਨੇ ਸਾਡੀ ਪਰਿਵਾਰ ਵਿਵਸਥਾ ਨੂੰ ਬਹੁਤ ਬਦਲਿਆ ਹੈ। ਪਿੰਡ ਤੋਂ ਸ਼ਹਿਰ ਵੱਲ ਜਨਸੰਖਿਆ ਦੇ ਪ੍ਰਵਾਹ ਦੇ ਕਾਰਣ ਸੱਤਾਵਾਦੀ ਅਧਿਕਾਰ ਵਿੱਚ ਕਮੀ ਅਤੇ ਧਰਮਨਿਰਪੱਖਤਾ ਵਿੱਚ ਵਾਧੇ ਨੇ ਇੱਕ ਅਜਿਹੀ ਮੁੱਲ ਵਿਵਸਥਾ ਦਾ ਵਿਕਾਸ ਕੀਤਾ ਹੈ ਜੋ ਕਿ ਵਿਅਕਤੀ ਵਿੱਚ ਪਹਿਲ ਅਤੇ ਉਪਕ੍ਰਮ ਅਤੇ ਜ਼ਿੰਮੇਦਾਰੀ ਉੱਤੇ ਬਲ ਦਿੰਦੀ ਹੈ। ਹੁਣ ਵਿਅਕਤੀ ਪ੍ਰਤੀਬੰਧਾਤਮਕ ਪਰਿਵਾਰਿਕ ਨਿਯੰਤਰਣ ਦੇ ਬਿਨਾਂ ਹੀ ਕੰਮ ਕਰਦਾ ਹੈ। ਪਹਿਲਾਂ ਜਦੋਂ ਵਿਅਕਤੀ ਪਰਿਵਾਰ ਵਿੱਚ ਕੰਮ ਕਰਦਾ ਸੀ ਅਤੇ ਪਰਿਵਾਰ ਦੇ ਸਾਰੇ ਮੈਂਬਰ ਉਸ ਦੀ ਮਦਦ ਕਰਦੇ ਸਨ , ਤਾਂ ਪਰਿਵਾਰ ਦੇ ਮੈਂਬਰਾਂ ਵਿੱਚ ਜ਼ਿਆਦਾ ਪਿਆਰ ਸੀ, ਪ੍ਰੰਤੂ ਅੱਜ ਜਦੋਂ ਕਿ ਓਹ ਪਰਿਵਾਰ ਤੋਂ ਦੂਰ ਫੈਕਟ੍ਰੀ ਵਿੱਚ ਕੰਮ ਕਰਦਾ ਹੈ ਤਾਂ ਆਤਮਿਕ ਸੰਬੰਧਾਂ ਨੂੰ ਬੁਰੀ ਤਰਾਂ ਧੱਕਾ ਲੱਗਾ ਹੈ। ਪਰਿਵਾਰਿਕ ਸੰਬੰਧਾਂ ਦੇ ਸਰੂਪ ਉੱਤੇ ਉਦਯੋਗੀਕਰਣ ਦੇ ਪ੍ਰਭਾਵ ਨੂੰ ਇਸ ਆਧਾਰ ਉੱਤੇ ਵੀ ਸਪਸ਼ਟ ਰੂਪ ਨਾਲ ਦੇਖਿਆ ਜਾ ਸਕਦਾ ਹੈ ਕਿ ਪਰਿਵਾਰ ਦੀ ਆਤਮ-ਨਿਰਭਰਤਾ ਵਿੱਚ ਕਮੀ ਆਈ ਹੈ ਅਤੇ ਪਰਿਵਾਰ ਦੇ ਦ੍ਰਿਸ਼ਟੀਕੋਣ ਵਿੱਚ ਵੀ ਪਰਿਵਰਤਨ ਆਇਆ ਹੈ। ਉਦਯੋਗੀਕਰਣ ਨੇ ਇੱਕ ਨਵੀਂ ਸਮਾਜਿਕ ਅਤੇ ਮਨੋਵਿਗਿਆਨਿਕ ਵਿਵਸਥਾਪਨ ਨੂੰ ਜਨਮ ਦਿੱਤਾ ਹੈ ਜਿਸ ਵਿੱਚ ਪ੍ਰਾਧਿਕਾਰਵਾਦੀ ਪਰਿਵਾਰਵਾਦੀ ਸੰਗਠਨ (authoritarian familistic organisation) ਵਾਲੇ ਪੂਰਬ ਦੇ ਸੰਯੁਕਤ ਪਰਿਵਾਰ ਨੂੰ ਬਣਾ ਕੇ ਰੱਖਣਾ ਮੁਸ਼ਕਿਲ ਹੋ ਗਿਆ ਹੈ।

**4. ਵਿਆਹ ਵਿਵਸਥਾ ਵਿੱਚ ਪਰਿਵਰਤਨ (Change in Marriage System)**

ਸਾਡੀ ਪਰਿਵਾਰ ਵਿਵਸਥਾ ਨੂੰ ਵਿਆਹ ਦੀ ਉਮਰ ਵਿੱਚ ਪਰਿਵਰਤਨ, ਜੀਵਨ ਸਾਥੀ ਚੁਨਾਵ ਦੀ ਸੁਤੰਤਰਤਾ ਅਤੇ ਵਿਆਹ ਦੇ ਪ੍ਰਤੀ ਦ੍ਰਿਸ਼ਟੀਕੋਣ ਵਿੱਚ ਪਰਿਵਰਤਨ ਨੇ ਵੀ ਪ੍ਰਭਾਵਿਤ ਕੀਤਾ ਹੈ। ਜੋ ਬੱਚੇ ਦੇਰ ਨਾਲ ਵਿਆਹ ਕਰਦੇ ਹਨ, ਓਹ ਨਾ ਤਾਂ ਆਪਣੇ ਮਾਤਾ ਪਿਤਾ ਦੀ ਸੱਤਾ ਨੂੰ ਹੀ ਮੰਨਦੇ ਹਨ ਅਤੇ ਨਾ ਹੀ ਸਭ ਤੋਂ ਵੱਡੀ ਉਮਰ ਦੇ ਪੁਰਸ਼ ਨੂੰ ਨਿਰਣਾ ਲੈਣ ਵਾਲਾ ਮੁੱਖ ਵਿਅਕਤੀ ਸਮਝਦੇ ਹਨ। ਜੀਵਨ ਸਾਥੀ ਦੇ ਚੁਨਾਵ ਦੀ ਸੁਤੰਤਰਤਾ ਨੇ ਅੰਤਰਜਾਤੀ ਵਿਆਹ ਨੂੰ ਪ੍ਰੋਤਸਾਹਿਤ ਕੀਤਾ ਹੈ ਜਿਸ ਨਾਲ ਪਰਿਵਾਰਿਕ ਸੰਬੰਧਾਂ ਦੀ ਸੰਰਚਨਾ ਪ੍ਰਭਾਵਿਤ ਹੋਈ ਹੈ। ਇਸੇ ਤਰਾਂ ਜਦੋਂ ਵਿਆਹ ਧਾਰਮਿਕ ਦ੍ਰਿਸ਼ਟੀ ਨਾਲ ਮਹੱਤਵਪੂਰਣ ਨਹੀਂ ਰਿਹਾ ਅਤੇ ਵਿਵਾਹਿਕ ਸੰਬੰਧਾਂ ਨੂੰ ਵਿੱਛੇਦ ਦੀ ਵੈਧਾਨਿਕ ਸਵੀਕ੍ਰਿਤੀ ਮਿਲ ਚੁਕੀ ਹੈ, ਪਤੀ ਦੇ ਅਧਿਕਾਰ ਦੀ ਪ੍ਰਤੀਕ ਪਰਿਵਾਰ ਦੀ ਸੁਸੰਗਠਿਤ ਸੱਤਾ ਕਮਜ਼ੋਰ ਹੋ ਗਈ ਹੈ।

5. **ਵੈਧਾਨਿਕ ਉਪਾਅ (Legislative Measures)**

ਵੈਧਾਨਿਕ ਉਪਾਵਾਂ ਦਾ ਵੀ ਪਰਿਵਾਰ ਦੇ ਸਰੂਪ ਉੱਤੇ ਪ੍ਰਭਾਵ ਪਿਆ ਹੈ। ਬਾਲ-ਵਿਆਹ ਨਿਸ਼ੇਧ ਅਤੇ ਬਾਲ-ਵਿਆਹ ਨਿਵਾਰਕ ਅਧਿਨਿਯਮ, 1929 ਦੇ ਦੁਆਰਾ ਘੱਟ ਤੋਂ ਘੱਟ ਵਿਆਹ ਦੀ ਉਮਰ ਦਾ ਨਿਰਧਾਰਣ ਅਤੇ ਹਿੰਦੂ ਵਿਆਹ ਅਧਿਨਿਯਮ 1955, ਨੇ ਸਿੱਖਿਆ ਦੀ ਅਵਧੀ ਨੂੰ ਵਧਾਇਆ ਹੈ ਅਤੇ ਵਿਆਹ ਤੋਂ ਬਾਅਦ ਯੁਗਲ ਦੀਆਂ ਨਵੀਆਂ ਪਰਿਸਥਿਤੀਆਂ ਵਿੱਚ ਸੰਤੁਲਨ ਨੂੰ ਯੋਗਦਾਨ ਦਿੱਤਾ ਹੈ। ਜੀਵਨ ਸਾਥੀ ਦੇ ਚੁਣਾਵ ਦੀ ਸੁਤੰਤਰਤਾ, ਕਿਸੇ ਵੀ ਜਾਤੀ ਅਤੇ ਧਰਮ ਵਿੱਚ ਮਾਤਾ ਪਿਤਾ ਦੀ ਸਹਿਮਤੀ ਤੋਂ ਬਿਨਾਂ ਵਿਆਹ, ਜਿਸ ਨੂੰ ਵਿਸ਼ੇਸ਼ ਵਿਆਹ ਅਧਿਨਿਯਮ, 1954 ਦੇ ਅੰਤਰਗਤ ਆਗਿਆ ਪ੍ਰਦਾਨ ਕੀਤੀ ਗਈ ਹੈ, ਵਿਧਵਾ ਵਿਆਹ ਅਧਿਨਿਯਮ, 1856 ਦੁਆਰਾ ਵਿਧਵਾ ਪੁਨਰ-ਵਿਆਹ ਦੀ ਆਗਿਆ, ਹਿੰਦੂ ਵਿਆਹ ਅਧਿਨਿਯਮ, 1955 ਦੇ ਅਨੁਸਾਰ ਵਿਆਹ-ਵਿੱਛੇਦ ਦੀ ਆਗਿਆ ਅਤੇ ਹਿੰਦੂ ਉੱਤਰਾਧਿਕਾਰ ਅਧਿਨਿਯਮ, 1956 ਦੇ ਅੰਤਰਗਤ ਪੁੱਤਰੀਆਂ ਨੂੰ ਮਾਤਾ-ਪਿਤਾ ਦੀ ਸੰਪਤੀ ਵਿੱਚ ਹਿੱਸਾ-ਇਨਾਂ ਸਭ ਅਧਿਨਿਯਮਾਂ ਨੇ ਨਾ ਕੇਵਲ ਅੰਤਰਵਿਅਕਤੀ ਸੰਬੰਧਾਂ ਅਤੇ ਪਰਿਵਾਰ ਸੰਰਚਨਾ ਨੂੰ ਬਲਕਿ ਸੰਯੁਕਤ ਪਰਿਵਾਰ ਦੀ ਸਥਿਰਤਾ ਨੂੰ ਵੀ ਪ੍ਰਭਾਵਿਤ ਕੀਤਾ ਹੈ।

## ਸਵ-ਮੁੱਲਾਂਕਣ (Self Assessment)

**3. ਦਿੱਤੇ ਗਏ ਕਥਨਾਂ ਦੇ ਸਾਹਮਣੇ ✓ ਜਾਂ ✗ ਦਾ ਨਿਸ਼ਾਨ ਲਗਾਓ (State whether the following statements 'Right' or 'Wrong' )-**

(*i*) ਮਿਲਟਨ ਸਿੰਗਰ ਨੇ ਪਰਿਵਾਰ ਵਿੱਚ ਪਰਿਵਰਤਨ ਲਈ ਚਾਰ ਕਾਰਕਾਂ ਨੂੰ ਉੱਤਰਦਾਈ ਮੰਨਿਆ ਹੈ। ☐

(*ii*) ਦੇਸਾਈ ਨੇ ਮਹੁਆ ਦੇ 423 ਪਰਿਵਾਰਾਂ ਦੇ ਆਪਣੇ ਹੀ ਅਧਿਐਨ ਵਿੱਚ ਪਾਇਆ ਕਿ ਸਿੱਖਿਆ ਦੇ ਸਤਰ ਵਿੱਚ ਵਾਧੇ ਦੇ ਨਾਲ ਸੰਯੁਕਤ ਵਿੱਚ ਵਾਧਾ ਅਤੇ ਏਕਾਕਿਤਾ ਵਿੱਚ ਵਾਧਾ ਹੋਇਆ ਹੈ। ☐

(*iii*) ਪਰਿਵਾਰ ਨੂੰ ਨਗਰੀਕਰਣ ਪ੍ਰਭਾਵਿਤ ਨਹੀਂ ਕਰਦਾ। ☐

(*iv*) ਆਈ. ਪੀ. ਦੇਸਾਈ ਇਸ ਵਿਚਾਰ ਨਾਲ ਸਹਿਮਤ ਹਨ ਕਿ ਨਗਰੀਕਰਣ ਸੰਯੁਕਤ ਪਰਿਵਾਰ ਵਿਵਸਥਾ ਦੇ ਵਿਘਟਨ ਲਈ ਉੱਤਰਦਾਈ ਹੈ। ☐

(*v*) 19ਵੀਂ ਸ਼ਤਾਬਦੀ ਦੇ ਅੰਤ ਅਤੇ 20ਵੀਂ ਸ਼ਤਾਬਦੀ ਦੇ ਆਰੰਭ ਵਿੱਚ ਭਾਰਤ ਵਿੱਚ ਉਦਯੋਗੀਕਰਣ ਆਰੰਭ ਹੋ ਗਿਆ ਸੀ। ☐

## 4.7 ਸਾਰ ਅੰਸ਼ (Summary)


- ਭਾਰਤ ਵਿੱਚ ਪਰਿਵਾਰ ਇੱਕ ਮਹੱਤਵਪੂਰਣ ਸੰਸਥਾ ਅਤੇ ਆਗੂ ਪ੍ਰਾਰਥਮਿਕ ਸਮੂਹ ਰਿਹਾ ਹੈ ਕਿਓਂਕਿ ਇੱਕ ਪਾਸੇ ਤਾਂ ਪਰਿਵਾਰ ਪਿਤ੍ਰਤੰਤਰਾਤਮਕ ਸੱਤਾ ਦਾ ਸਹਾਰਾ ਰਿਹਾ ਹੈ, ਅਤੇ ਦੂਜੇ ਪਾਸੇ ਪਰਿਵਾਰ ਹਰ ਮੈਂਬਰ (ਔਰਤ ਸਹਿਤ) ਦੇ ਸੰਪਤੀ ਦੇ ਅਧਿਕਾਰ ਦਾ ਰੱਖਿਅਕ ਬਣਿਆ ਹੋਇਆ ਹੈ। ਭਾਰਤੀ ਸਮਾਜ ਵਿੱਚ ਅਨੇਕ ਵਿਸਤ੍ਰਿਤ ਪਰਿਵਰਤਨਾਂ ਦੇ ਬਾਵਜੂਦ ਸਮੂਹਿਕਵਾਦ ਅਤੇ ਵਿਅਕਤੀਵਾਦ ਦੇ ਮਿਸ਼ਰਣ ਬਣੇ ਰਹਿਣ ਦੇ ਕਾਰਣ ਹਿੰਦੂ ਪਰਿਵਾਰ ਆਂਸ਼ਿਕ ਤੌਰ ਤੇ ਸੰਰਚਨਾਤਮਕ ਅਤੇ ਮੁੱਖ ਤੌਰ ਤੇ ਪ੍ਰਕਾਰਜਾਤਮਕ ਰੂਪ ਵਿੱਚ ਸੰਯੁਕਤ ਬਣਿਆ ਹੋਇਆ ਹੈ, ਅਤੇ ਪੱਛਮੀ ਦੇਸ਼ਾਂ ਦੀ ਤਰਾਂ ਭਾਰਤੀ ਪਰਿਵਾਰ ਵਿਘਟਿਤ ਹੋ ਕੇ ਏਕਾਕੀ ਪਰਿਵਾਰਾਂ ਵਿੱਚ ਰੂਪਾਂਤਰਿਤ ਨਹੀਂ ਹੋਇਆ ਹੈ।
- ਏਕਾਕੀ ਪਰਿਵਾਰ ਅਤੇ ਉਦਯੋਗੀਕਰਣ ਦੇ ਵਿੱਚ ਸਕਾਰਾਤਮਕ ਸੰਬੰਧ ਨਹੀਂ ਪਾਇਆ ਜਾਂਦਾ। ਪਰਿਵਾਰ ਇੱਕ ਸੰਸਥਾ ਦੇ ਰੂਪ ਵਿੱਚ ਅਧਿਕ ਅਨੁਕੂਲਣ ਪ੍ਰਦਰਸ਼ਿਤ ਕਰਦਾ ਰਿਹਾ ਹੈ। ਆਧੁਨਿਕ ਉਦਯੋਗ ਅਤੇ ਨਗਰੀ ਜੀਵਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਣ ਵਿੱਚ ਵੀ ਪਰਿਵਾਰ ਕਾਫੀ ਪ੍ਰਭਾਵਿਤ ਸਿੱਧ ਹੋਇਆ ਹੈ। ਅਨੇਕ ਮਾਮਲਿਆਂ ਵਿੱਚ ਵਿਸ਼ਵਾਸਯੋਗ ਜਨਸ਼ਕਤੀ, ਪੂੰਜੀ, ਆਪਸੀ ਮਦਦ ਅਤੇ ਸਹਿਯੋਗ ਪ੍ਰਦਾਨ ਕਰਣ ਵਿੱਚ ਵੀ ਪਰਿਵਾਰ ਲਾਭਦਾਇਕ ਰਿਹਾ ਹੈ। ਭਾਰਤ ਵਿੱਚ ਸੰਯੁਕਤ ਪਰਿਵਾਰ ਦਾ ਭਵਿੱਖ ਵਿਸ਼ਾਲ ਸੰਰਚਨਾਤਮਕ ਪਰਿਵਰਤਨਾਂ ਅਤੇ ਸਥਾਨਿਕ ਸਤਰ ਉੱਤੇ ਪਰਿਵਾਰ ਅਤੇ ਉਸ ਦੇ ਨਾਲ ਜੁੜੇ ਹੋਏ ਵਿਵਹਾਰਾਂ ਉੱਤੇ ਹੋਣ ਵਾਲੇ ਅਨੇਕ ਪ੍ਰਭਾਵਾਂ ਦੇ ਵਿੱਚ ਸਰਵ-ਸਮਤਾਵਾਂ ਉੱਤੇ ਨਿਰਭਰ ਕਰਦਾ ਹੈ। ਪਰਿਵਾਰ ਦਾ ਭਵਿੱਖ ਇਸ ਗੱਲ ਉੱਤੇ ਵੀ ਨਿਰਭਰ ਕਰਦਾ ਹੈ ਕਿ ਪਰਿਵਾਰ ਵਿੱਚ ਝਗੜੇ, ਤਨਾਵ, ਦਬਾਅ ਅਤੇ ਮਨਮੁਟਾਵਾਂ ਦਾ ਹੱਲ ਕਿਸ ਪ੍ਰਕਾਰ ਲੱਭਿਆ ਜਾਦਾ ਹੈ। ਯੁਵਾ ਲੋਕਾਂ ਦੇ ਆਪਣੇ ਵਿਚਾਰ ਅਤੇ ਇੱਛਾਵਾਂ ਹੁੰਦੀਆਂ ਹਨ ਜਿਸ ਪ੍ਰਕਾਰ ਪਰਿਵਾਰ ਵਿੱਚ ਇਨਾਂ ਦੀ ਅਭਿਵਿਅਕਤੀ ਹੁੰਦੀ ਹੈ, ਉਸ ਉੱਤੇ ਵੀ ਪਰਿਵਾਰ ਦਾ ਭਵਿੱਖ ਨਿਰਭਰ ਕਰਦਾ ਹੈ।
- ਸੰਯੁਕਤ ਪਰਿਵਾਰ ਨਿਰੰਤਰ ਪਰਿਵਰਤਿਤ ਹੋ ਰਿਹਾ ਹੈ ਪ੍ਰੰਤੂ ਜੀਵਿਤ ਰਿਹਾ ਹੈ ਅਤੇ ਅਨੁਕੂਲਣ ਦੀਆਂ ਪਰਿਵਰਤਿਤ ਖਮਤਾਵਾਂ ਦੇ ਨਾਲ ਉੱਭਰ ਕੇ ਆਇਆ ਹੈ। ਕੀ ਸੰਯੁਕਤ ਪਰਿਵਾਰ ਵਿਘਟਿਤ ਹੋ ਰਿਹਾ ਹੈ? ਤੇਜ਼ ਵਿਸ਼ਾਲ ਸੰਰਚਨਾਤਮਕ ਅਤੇ ਵਿਚਾਰਕ ਪਰਿਵਰਤਨਾਂ ਨੂੰ ਦੇਖਦੇ ਹੋਏ ਸੰਯੁਕਤ ਪਰਿਵਾਰ ਦਾ ਕੀ ਭਵਿੱਖ ਹੈ? ਇਨਾਂ ਪ੍ਰਸ਼ਨਾਂ ਦੇ ਪੁੱਛੇ ਜਾਣ ਤੋਂ ਕਿਤੇ

ਨੋਟ

ਅਧਿਕ ਵੱਡੀ ਵਾਸਤਵਿਕਤਾ ਪਰਿਵਾਰ ਵਿੱਚ ਪਰਿਵਰਤਨ ਦੀ ਪ੍ਰਕ੍ਰਿਆ ਦੀ ਹੈ ਅਤੇ ਇਸ ਨੂੰ ਸਮਝ ਕੇ ਹੀ ਉਪਰੋਕਤ ਪ੍ਰਸ਼ਨਾਂ ਦੇ ਉੱਤਰ ਪਾ ਸਕਦੇ ਹਾਂ।

## 4.8 ਸ਼ਬਦਕੋਸ਼ (Keywords)

- **ਵਿਸਤਾਰਿਤ –** ਵਿਸਤਾਰ ਕੀਤਾ ਹੋਇਆ
- **ਸਹਿਚਾਰਿਤਾ –** ਸਹਿਚਾਰੀ ਹੋਣ ਦੀ ਅਵਸਥਾ, ਨਾਲ ਚੱਲਣ ਵਾਲਾ
- **ਨਿਆਸਧਾਰੀ –** ਨਿਆਸਾਧਿਕਾਰੀ

## 4.9 ਅਭਿਆਸ ਪ੍ਰਸ਼ਨ (Review Questions)

1. ਪਰਿਵਾਰ ਦੀ ਅਵਧਾਰਣਾ ਨੂੰ ਸਪਸ਼ਟ ਕਰੋ। ਇਸ ਦੇ ਪ੍ਰਮੁੱਖ ਕਾਰਜਾਂ ਦਾ ਉਲੇਖ ਕਰੋ।
2. ਸੰਯੁਕਤ ਪਰਿਵਾਰ ਕਿਸ ਨੂੰ ਕਹਿੰਦੇ ਹਨ? ਭਾਰਤ ਵਿੱਚ ਸੰਯੁਕਤ ਪਰਿਵਾਰ ਦੀ ਪ੍ਰਕ੍ਰਿਤੀ ਦੱਸੋ।
3. ਸੰਯੁਕਤ ਪਰਿਵਾਰ ਦੀਆਂ ਵਿਸ਼ੇਸ਼ਤਾਵਾਂ ਦੱਸੋ। ਭਾਰਤ ਵਿੱਚ ਪਰਿਵਾਰ ਵਿੱਚ ਪਰਿਵਰਤਨਾਂ ਦਾ ਸੰਖੇਪ ਵਰਣਨ ਕਰੋ।
4. ਪਰਿਵਾਰ ਦੇ ਸੰਰਚਨਾਤਮਕ ਅਤੇ ਪ੍ਰਕਾਰਜਾਤਮਕ ਪਹਿਲੂਆਂ ਦੀ ਵਿਆਖਿਆ ਕਰੋ।
5. ਕੀ ਉਦਯੋਗੀਕਰਣ ਦੁਆਰਾ ਪਰਿਵਾਰ ਵਿੱਚ ਪਰਿਵਰਤਨ ਆਏ ਹਨ?
6. ਭਾਰਤ ਵਿੱਚ ਸੰਯੁਕਤ ਪਰਿਵਾਰ ਦੇ ਭਵਿੱਖ ਬਾਰੇ ਵਿਵੇਚਨਾ ਕਰੋ।

**ਉੱਤਰ : ਸਵ-ਮੁੱਲਾਂਕਣ (Answers: Self Assessment)**

1. (*i*) ਪਰਿਵਾਰ (*ii*) ਬਹੁ-ਵਿਆਹੀ (*iii*) ਸਹਿਚਾਰਿਤਾ (*iv*) ਵਿਵਾਹਿਕ
2. (*i*) (*a*) (*ii*) (*d*) (*iii*) (*d*) (*iv*) (*d*) (*v*) (*c*)
3. (*i*) ✓ (*ii*) ✗ (*iii*) ✗ (*iv*) ✗ (*v*) ✓

## 4.10 ਸੰਦਰਭ ਪੁਸਤਕਾਂ (Further Readings)

ਬੁਕਸ

1. ਕੇ. ਐਮ. ਕਪਾੜੀਆ, ਮੈਰਿਜ ਐਂਡ ਫੈਮਿਲੀ ਇਨ ਇੰਡੀਆ, ਆਕਸਫੋਰਡ ਯੂਨੀਵਰਸਿਟੀ ਪ੍ਰੈਸ ਦਿੱਲੀ, 1972
2. ਕਾਸ਼ੀ ਪ੍ਰਸਾਦ ਸਕਸੇਨਾ, ਮੁਸਲਿਮ ਵਿਆਹ, 1959
3. ਸ਼ੁਕਰੀ, ਅਹਿਮਦ, ਮੁਹੰਮਡਨ ਲਾ ਓਫ ਮੈਰਿਜ ਐਂਡ ਡਿਵੋਰਸ, 1917

ਨੋਟ

# ਇਕਾਈ-5: ਨਾਤੇਦਾਰੀ (Kinship)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

5.1 ਨਾਤੇਦਾਰੀ ਦੀ ਪਰਿਭਾਸ਼ਾ ਅਤੇ ਸ਼੍ਰੇਣੀਆਂ (Definition and Categories of Kinship)

5.2 ਹਿੰਦੂਆਂ ਵਿੱਚ ਪਰਿਵਾਰ ਅਤੇ ਨਾਤੇਦਾਰੀ (Family and Kinship Among Hindus)

5.3 ਸਾਰ ਅੰਸ਼ (Summary)

5.4 ਸ਼ਬਦਕੋਸ਼ (Keywords)

5.5 ਅਭਿਆਸ-ਪ੍ਰਸ਼ਨ (Review Questions)

5.6 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਨਾਤੇਦਾਰੀ ਦੀ ਪਰਿਭਾਸ਼ਾ ਅਤੇ ਸ਼੍ਰੇਣੀਆਂ ਨੂੰ ਜਾਣਨ ਵਿੱਚ।
- ਹਿੰਦੂਆਂ ਵਿੱਚ ਪਰਿਵਾਰ ਅਤੇ ਨਾਤੇਦਾਰੀ ਨੂੰ ਸਮਝਣ ਵਿੱਚ।

## ਜਾਣਕਾਰੀ (Introduction)

ਹਰ ਸਮਾਜ ਵਿੱਚ ਆਦਮੀ ਆਪਣੇ ਜੀਵਨ ਵਿੱਚ ਕਿਸੇ ਨਾ ਕਿਸੇ ਸਮੇਂ ਇੱਕ ਪਤੀ, ਇੱਕ ਪਿਤਾ (ਜੇਕਰ ਓਹ ਅਵਿਵਾਹਿਤ ਰਹਿਣ ਦਾ ਨਿਸ਼ਚਾ ਨਾ ਕਰ ਚੁਕਾ ਹੋਵੇ), ਇੱਕ ਪੁੱਤਰ ਅਤੇ ਇੱਕ ਭਾਈ ਦੀ ਭੂਮਿਕਾ ਦਾ ਨਿਰਵਾਹ ਕਰਦਾ ਹੈ; ਅਤੇ ਇੱਕ ਔਰਤ ਇੱਕ ਪਤਨੀ, ਇੱਕ ਮਾਂ (ਜੇਕਰ ਉਸ ਨੇ ਅਵਿਵਾਹਿਤ ਰਹਿਣ ਦਾ ਨਿਸ਼ਚਾ ਨਾ ਕੀਤਾ ਹੋਵੇ), ਇੱਕ ਪੁਤੱਰੀ ਅਤੇ ਇੱਕ ਭੈਣ ਦੀ ਭੂਮਿਕਾ ਦਾ ਨਿਰਵਾਹ ਕਰਦੀ ਹੈ। ਪ੍ਰੰਤੂ ਕੁਝ ਨਿਸ਼ੇਧਾਂ (incest taboos) ਦੇ ਕਾਰਣ ਇੱਕ ਵਿਅਕਤੀ ਇੱਕ ਹੀ ਏਕਾਕੀ ਪਰਿਵਾਰ ਵਿੱਚ, ਜਿਸ ਵਿੱਚ ਓਹ ਪੁੱਤਰ ਅਤੇ ਭਾਈ ਹੈ, ਪਿਤਾ ਅਤੇ ਪਤੀ ਦੀ ਭੂਮਿਕਾ ਦਾ ਨਿਰਵਾਹ ਨਹੀਂ ਕਰ ਸਕਦਾ। ਇਸੇ ਤਰਾਂ ਇੱਕ ਔਰਤ ਜਿਸ ਏਕਾਕੀ ਪਰਿਵਾਰ ਵਿੱਚ ਪੁੱਤਰੀ ਅਤੇ ਭੈਣ ਹੈ ਉਸੇ ਵਿੱਚ ਮਾਂ ਅਤੇ ਪਤਨੀ ਦੀ ਭੂਮਿਕਾ ਨਹੀਂ ਕਰ ਸਕਦੀ। ਇਸ ਲਈ ਹਰ ਬਾਲਗ ਵਿਅਕਤੀ ਦੋ ਏਕਾਕੀ ਪਰਿਵਾਰਾਂ ਨਾਲ ਸੰਬੰਧਿਤ ਹੁੰਦਾ ਹੈ- ਓਹ ਪਰਿਵਾਰ ਜੋ 'ਜਨਕ ਪਰਿਵਾਰ' (family of orientation) ਹੈ ਜਿਸ ਵਿੱਚ ਓਹ ਜੰਮਿਆ ਅਤੇ ਉਸ ਦਾ ਪਾਲਣ ਹੋਇਆ, ਅਤੇ ਓਹ ਪਰਿਵਾਰ ਜੋ 'ਜਨਨ ਪਰਿਵਾਰ' (family of procreation) ਹੈ, ਜਿਸ ਦੀ ਸਥਾਪਨਾ ਓਹ ਵਿਆਹ ਦੁਆਰਾ ਆਪ ਕਰਦਾ ਹੈ। ਇਨਾਂ ਦੋ ਏਕਾਕੀ ਪਰਿਵਾਰਾਂ ਦੀ ਵਿਅਕਤੀਗਤ ਸਦੱਸਤਾ ਹੀ ਨਾਤੇਦਾਰੀ ਵਿਵਸਥਾ ਦਾ ਉਦੇ ਕਰਦੀ ਹੈ। ਇਸ ਤੱਥ ਦੇ ਪ੍ਰਕਾਸ਼ ਵਿੱਚ ਕਿ ਵਿਅਕਤੀ ਦੋ ਏਕਾਕੀ ਪਰਿਵਾਰਾਂ ਨਾਲ ਸੰਬੰਧਿਤ ਹੁੰਦਾ ਹੈ, ਹਰ ਵਿਅਕਤੀ ਜਣਕ ਪਰਿਵਾਰ ਅਤੇ ਜਣਨ ਪਰਿਵਾਰ ਦੇ ਮੈਂਬਰਾਂ ਵਿਚਕਾਰ ਦੀ ਕੜੀ ਨੂੰ ਬਣਾ ਕੇ ਰੱਖਦਾ ਹੈ। ਇਸ ਪ੍ਰਕਾਰ ਦੇ ਬੰਧਨ ਵਿਅਕਤੀਆਂ ਨੂੰ ਇੱਕ-ਦੂਜੇ ਨਾਲ ਨਾਤੇਦਾਰੀ ਬੰਧਨਾਂ ਵਿੱਚ ਬੰਨਦੇ ਹਨ।

'ਨਾਤੇਦਾਰੀ' ਦੀ ਪਰਿਭਾਸ਼ਾ ਇਸ ਤਰਾਂ ਕੀਤੀ ਜਾ ਸਕਦੀ ਹੈ: ਸੰਬੰਧਾਂ ਦੀ ਪ੍ਰਕ੍ਰਿਤੀ, ਚਾਹੇ ਓਹ ਰਕਤਮੂਲਕ (consanguineal) (ਅਰਥਾਤ ਖੂਨ ਦੇ ਬੰਧਨਾਂ ਉੱਤੇ ਆਧਾਰਿਤ) ਜਾਂ ਵਿਆਹਮੂਲਕ (affinal) (ਅਰਥਾਤ ਵਿਆਹ ਉੱਤੇ ਆਧਾਰਿਤ) ਨਾਤੇਦਾਰੀ ਹੋਵੇ, ਹੀ ਸੰਬੰਧਿਤ ਵਿਅਕਤੀਆਂ ਦੇ ਅਧਿਕਾਰਾਂ ਅਤੇ ਕਰਤੱਵਾਂ ਦਾ ਨਿਰਧਾਰਣ ਕਰਦੀ ਹੈ। 'ਨਾਤੇਦਾਰੀ ਸਮੂਹ' (kin group) ਓਹ ਸਮੂਹ ਹੈ 'ਜੋ ਰਕਤ ਜਾਂ ਵਿਆਹ ਬੰਧਨਾਂ ਨਾਲ ਬੰਨਿਆ ਹੋਵੇ।' ਅਧਿਕਤਰ ਨਾਤੇਦਾਰ ਸਮੂਹ, ਪਰਿਵਾਰ ਤੋਂ ਅਲੱਗ ਰਕਤਮੂਲਕ ਹੁੰਦੇ ਹਨ। 'ਨਾਤੇਦਾਰੀ ਵਿਵਸਥਾ' ਨੂੰ ਇਸ ਤਰਾਂ ਦੱਸਿਆ ਜਾ ਸਕਦਾ ਹੈ: "ਪ੍ਰਸਥਿਤੀ ਅਤੇ ਭੂਮਿਕਾਵਾਂ ਦੀ ਇੱਕ ਪ੍ਰਥਾਨੁਗਤ ਵਿਵਸਥਾ ਜੋ ਓਨਾਂ ਲੋਕਾਂ ਦੇ ਵਿਵਹਾਰ ਨੂੰ ਸੰਚਾਲਿਤ ਕਰਦੀ ਹੈ ਜੋ ਇੱਕ ਦੂਜੇ ਨਾਲ ਜਾਂ ਤਾਂ ਵਿਆਹ ਦੇ ਆਧਾਰ ਤੇ ਜਾਂ ਇੱਕ ਆਮ ਪੂਰਵਜ ਦੀ ਸੰਤਾਨ ਹੋਣ ਦੇ ਨਾਤੇ ਸੰਬੰਧਿਤ ਹੁੰਦੇ ਹਨ।" ਇਸ ਨੂੰ ਅਸੀਂ ਦੂਜੀ ਤਰਾਂ ਵੀ ਕਹਿ ਸਕਦੇ ਹਾਂ ਕਿ: "ਸੰਬੰਧਾਂ ਦੀ ਅਜਿਹੀ ਸੰਰਚਨਾਤਮਕ ਵਿਵਸਥਾ ਜਿਸ ਵਿੱਚ ਨਾਤੇਦਾਰ (ਸਵੈਜਨ) ਇੱਕ ਦੂਜੇ ਨਾਲ ਬੜੇ ਜਟਿਲ ਅੰਤਰ-ਗਠਬੰਧਨਾਂ ਵਿੱਚ ਬੰਨੇ ਹੋਣ।"

ਨੋਟ

## 5.1 ਨਾਤੇਦਾਰੀ ਦੀ ਪਰਿਭਾਸ਼ਾ ਅਤੇ ਸ਼੍ਰੇਣੀਆਂ (Definition and Categories of Kinship)

ਨਾਤੇਦਾਰੀ ਦੀਆਂ ਚਾਰ ਪ੍ਰਮੁੱਖ ਸ਼੍ਰੇਣੀਆਂ ਹੁੰਦੀਆਂ ਹਨ: ਪ੍ਰਾਰਥਮਿਕ (primary), ਦੂਜੇ ਦਰਜੇ (secondary) ਦੀ, ਤੀਜੇ ਦਰਜੇ (tertiary) ਦੀ ਅਤੇ ਦੂਰ ਦੀ ਨਾਤੇਦਾਰੀ (distant)। ਪ੍ਰਾਰਥਮਿਕ ਨਾਤੇਦਾਰ ਓਹ ਹਨ ਜਿਨਾਂ ਦਾ ਆਧਾਰ ਕੋਈ ਹੋਰ ਵਿਅਕਤੀ ਨਹੀਂ ਹੈ, ਬਲਕਿ ਆਪ (ego) ਜਣਕ ਅਤੇ ਜਰਣਨ ਪਰਿਵਾਰਾਂ ਨਾਲ ਸੰਬੰਧਿਤ ਹਨ। ਇਸ ਤਰਾਂ ਮਾਤਾ, ਪਿਤਾ, ਭੈਣ ਅਤੇ ਭਰਾ ਜਣਕ ਪਰਿਵਾਰ ਵਿੱਚ ਅਤੇ ਜਣਨ ਪਰਿਵਾਰ ਵਿੱਚ ਪਤੀ, ਪਤਨੀ, ਪੁੱਤਰ ਅਤੇ ਪੁੱਤਰੀ ਵਿਅਕਤੀ ਦੇ ਪ੍ਰਾਰਥਮਿਕ ਨਾਤੇਦਾਰ ਹਨ। ਵਿਅਕਤੀ (ਆਪ) ਦੇ ਹਰ ਪ੍ਰਾਰਥਮਿਕ ਨਾਤੇਦਾਰ ਦਾ ਆਪਣਾ ਪ੍ਰਾਰਥਮਿਕ ਨਾਤੇਦਾਰ ਹੁੰਦਾ ਹੈ ਜੋ ਕਿ ਵਿਅਕਤੀ (ਆਪ) ਦੇ ਦੂਜੇ ਦਰਜੇ ਦੇ ਨਾਤੇਦਾਰ ਹੋਣਗੇ; ਜਿਵੇਂ ਪਿਤਾ ਦਾ ਪਿਤਾ, ਪਿਤਾ ਦੀ ਮਾਤਾ, ਮਾਤਾ ਦਾ ਪਿਤਾ, ਮਾਤਾ ਦਾ ਭਾਈ ਆਦਿ। ਦੂਜੇ ਦਰਜੇ ਦੇ ਨਾਤੇਦਾਰ 33 ਪ੍ਰਕਾਰ ਦੇ ਹੁੰਦੇ ਹਨ। ਦੂਜੇ ਦਰਜੇ ਦੇ ਨਾਤੇਦਾਰ ਦੇ ਪ੍ਰਾਰਥਮਿਕ ਨਾਤੇਦਾਰ ਤੀਜੇ ਦਰਜੇ ਦੇ ਨਾਤੇਦਾਰ ਹੋਣਗੇ; ਜਿਵੇਂ ਪਿਤਾ ਦੇ ਪਿਤਾ ਦਾ ਪਿਤਾ, ਪਿਤਾ ਦੇ ਪਿਤਾ ਦਾ ਭਾਈ ਆਦਿ। ਤੀਜੇ ਦਰਜੇ ਦੇ ਨਾਤੇਦਾਰ 151 ਪ੍ਰਕਾਰ ਦੇ ਹੁੰਦੇ ਹਨ। ਅੰਤ ਵਿੱਚ ਤੀਜੇ ਦਰਜੇ ਦੇ ਨਾਤੇਦਾਰ ਦੇ ਪ੍ਰਾਰਥਮਿਕ ਨਾਤੇਦਾਰ ਵਿਅਕਤੀ (ਆਪ) ਦੇ ਦੂਰ ਦੇ ਨਾਤੇਦਾਰ ਹੋਣਗੇ; ਜਿਵੇਂ ਪਿਤਾ ਦੇ ਪਿਤਾ ਦੇ ਪਿਤਾ ਦੇ ਪਿਤਾ ਦਾ ਪਿਤਾ, ਪਿਤਾ ਦੀ ਮਾਤਾ ਦੇ ਪਿਤਾ ਦੇ ਪਿਤਾ ਆਦਿ। ਇਨਾਂ ਦੀ ਸੰਖਿਆ ਬਹੁਤ ਵੱਡੀ ਹੁੰਦੀ ਹੈ।

ਨਾਤੇਦਾਰੀ ਸੰਬੰਧ ਦੋ ਪ੍ਰਕਾਰ ਨਾਲ ਕ੍ਰਿਆਤਮਕ (functional) ਹੁੰਦਾ ਹੈ; (1) ਓਹ ਨਾਤੇਦਾਰ ਵਿਚਕਾਰ ਸਭ ਸੰਬੰਧਾਂ ਦਾ ਲੱਛਣ ਵਰਣਨ ਕਰਦਾ ਹੈ (2) ਇਹ ਵਿਵਹਾਰ ਦਾ ਆਦਾਨ-ਪ੍ਰਦਾਨ ਅਰਥਾਤ ਆਪਸੀ ਵਿਵਹਾਰ ਨਿਰਧਾਰਿਤ ਕਰਦਾ ਹੈ।

## 5.2 ਹਿੰਦੂਆਂ ਵਿੱਚ ਪਰਿਵਾਰ ਅਤੇ ਨਾਤੇਦਾਰੀ (Family and Kinship Among Hindus)

ਭਾਰਤ ਵਿੱਚ ਪਰਿਵਾਰ ਇੱਕ ਮਹੱਤਵਪੂਰਣ ਸੰਸਥਾ ਅਤੇ ਆਗੂ ਪ੍ਰਾਰਥਮਿਕ ਸਮੂਹ ਰਿਹਾ ਹੈ ਕਿਉਂਕਿ ਇੱਕ ਪਾਸੇ ਤਾਂ ਪਰਿਵਾਰ ਪਿਤਰਤੰਤਰਾਤਮਕ ਸੱਤਾ ਦਾ ਸਹਾਰਾ ਰਿਹਾ ਹੈ, ਅਤੇ ਦੂਜੇ ਪਾਸੇ ਪਰਿਵਾਰ ਹਰ ਮੈਂਬਰ (ਔਰਤ ਸਹਿਤ) ਦੇ ਸੰਪਤੀ ਦੇ ਅਧਿਕਾਰ ਦਾ ਰੱਖਿਅਕ ਰਿਹਾ ਹੈ। ਭਾਰਤੀ ਸਮਾਜ ਵਿੱਚ ਅਨੇਕ ਵਿਸਤ੍ਰਿਤ ਪਰਿਵਰਤਨਾਂ ਦੇ ਬਾਵਜੂਦ, ਸਮੂਹਿਕਵਾਦ ਅਤੇ ਵਿਅਕਤੀਵਾਦ ਦੇ ਮਿਸ਼ਰਣ ਬਣੇ ਰਹਿਣ ਦੇ ਕਾਰਣ ਹਿੰਦੂ ਪਰਿਵਾਰ ਅੰਸ਼ਿਕ ਤੌਰ ਤੇ ਸੰਰਚਨਾਤਮਕ ਅਤੇ ਮੁੱਖ ਤੌਰ ਤੇ ਪ੍ਰਕ੍ਰਿਆਤਮਕ ਰੂਪ ਵਿੱਚ ਸੰਯੁਕਤ ਬਣਿਆ ਹੋਇਆ ਹੈ, ਅਤੇ ਪੱਛਮੀ ਦੇਸ਼ਾਂ ਦੀ ਤਰਾਂ ਭਾਰਤੀ ਪਰਿਵਾਰ ਵਿਘਟਿਤ ਹੋ ਕੇ ਏਕਾਕੀ ਪਰਿਵਾਰਾਂ ਵਿੱਚ ਰੂਪਾਂਤਰਿਤ ਨਹੀਂ ਹੋਇਆ ਹੈ। ਅਨੇਕ ਅਧਿਐਨਾਂ ਤੋਂ ਇਹ ਪ੍ਰਦਰਸ਼ਿਤ ਹੋਇਆ ਹੈ ਕਿ ਉਦਯੋਗਿਕੀਕਰਣ, ਨਗਰੀਕਰਣ, ਸਿੱਖਿਆ ਅਤੇ ਪ੍ਰਵਸਨ ਦੇ ਫਲਸਰੂਪ ਭਾਰਤ ਵਿੱਚ ਪਰਿਵਾਰ ਦਾ ਏਕੀਕਰਣ ਨਹੀਂ ਹੋਇਆ ਹੈ। ਭਾਰਤ ਵਿੱਚ ਇੱਕ ਏਕਾਕੀ ਪਰਿਵਾਰ ਕੇਵਲ ਦੰਪਤੀ ਮੂਲ ਪਰਿਵਾਰ ਨਹੀਂ ਹੈ। ਪਰਿਵਾਰ ਵਿੱਚ ਵਾਸਤਵਿਕ ਪਰਿਵਰਤਨ ਦਾ ਅਰਥ ਨਾਤੇਦਾਰੀ ਸੰਬੰਧਾਂ, ਮੈਂਬਰਾਂ ਦੀਆਂ ਆਪਸੀ ਜ਼ਿੰਮੇਦਾਰੀਆਂ, ਵਿਅਕਤਿਕੀਕਰਣ ਆਦਿ ਦੇ ਪਰਿਵਰਤਿਤ ਪ੍ਰਤੀਮਾਨ ਤੋਂ ਹੈ। ਦੂਜੇ ਸ਼ਬਦਾਂ ਵਿੱਚ ਪਰਿਵਰਤਨ ਨਾ ਕੇਵਲ ਪਰਿਵਾਰ ਦੇ ਢਾਂਚੇ ਜਾਂ ਸੰਰਚਨਾ ਵਿੱਚ ਹੀ ਦੇਖੇ ਜਾਂਦੇ ਹਨ ਬਲਕਿ ਇਸ ਦੇ ਪ੍ਰਕਾਰਜਾਂ ਵਿੱਚ ਪਰਿਵਰਤਨ ਨੂੰ ਸਮਝਣਾ ਵੀ ਜ਼ਰੂਰੀ ਹੈ।

ਪਰਿਵਾਰ ਸ਼ਬਦ ਦਾ ਵਿਭਿੰਨ ਤਰੀਕਿਆਂ ਨਾਲ ਪ੍ਰਯੋਗ ਕੀਤਾ ਗਿਆ ਹੈ। ਏ. ਐਮ. ਸ਼ਾਹ ਨੇ ਭਾਰਤ ਵਿੱਚ ਪਰਿਵਾਰ ਜੀਵਨ ਦੀ ਘੱਟ ਤੋਂ ਘੱਟ ਚਾਰ ਅੰਤਰਸੰਬੰਧੀ ਸਮਾਜਿਕ ਸਥਿਤੀਆਂ ਦਾ ਉਲੇਖ ਕੀਤਾ ਹੈ। ਇਹ ਇਸ ਤਰਾਂ ਹਨ–

1. ਵਿਅਕਤੀਆਂ ਦਾ ਓਹ ਸਮੂਹ ਜੋ ਇੱਕ ਘਰ ਵਿੱਚ ਜਾਂ ਇੱਕ ਮੁਖੀਆ ਦੇ ਅਧੀਨ ਮਾਤਾ-ਪਿਤਾ, ਬੱਚਿਆਂ ਅਤੇ ਨੌਕਰਾਂ ਆਦਿ ਦੇ ਨਾਲ ਰਹਿੰਦੇ ਹਨ।
2. ਮਾਤਾ-ਪਿਤਾ ਅਤੇ ਬੱਚਿਆਂ ਦਾ ਓਹ ਸਮੂਹ ਜ਼ੋ ਇੱਕਠੇ ਰਹਿੰਦੇ ਹਨ ਜਾਂ ਨਹੀਂ ਵੀ ਰਹਿੰਦੇ ਹਨ।
3. ਮੌਟੇ ਤੌਰ ਤੇ ਓਹ ਸਭ ਲੋਕ ਪਰਿਵਾਰ ਵਿੱਚ ਮੰਨੇ ਜਾਂਦੇ ਹਨ ਜੋ ਰਕਤ ਜਾਂ ਵਿਆਹ ਦੁਆਰਾ ਜੁੜੇ ਹੋਏ ਹਨ।
4. ਓਹ ਸਭ ਵੰਸ਼ਜ ਜਾਂ ਓਹ ਲੋਕ ਜੋ ਸਾਂਝੇ ਪੂਰਵਜ ਦੇ ਵੰਸ਼ਜ ਹੋਣ ਦਾ ਦਾਵਾ ਕਰਦੇ ਹਨ, ਇੱਕ ਘਰ, ਬੰਧੁਜਨ, ਵੰਸ਼ਾਵਲੀ ਆਦਿ ਪਰਿਵਾਰ ਵਿੱਚ ਗਿਣੇ ਜਾਦੇ ਹਨ।

ਆਮ ਤੌਰ ਤੇ ਪਰਿਵਾਰ ਵਿੱਚ ਇੱਕ ਮਰਦ, ਉਸ ਦੀ ਪਤਨੀ ਅਤੇ ਓਨਾਂ ਦੀ ਅਵਿਵਾਹਿਤ ਸੰਤਾਨ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਪਰਿਵਾਰ ਨੂੰ ਮੂਲ ਪਰਿਵਾਰ ਕਹਿੰਦੇ ਹਨ। ਅਜਿਹਾ ਪਰਿਵਾਰ ਇੱਕ ਸੁਤੰਤਰ ਇਕਾਈ ਹੋ ਸਕਦਾ ਹੈ, ਬਿਨਾਂ ਨਾਲ ਰਹੇ ਇਹ ਪਰਿਵਾਰ ਇੱਕ ਸੰਯੁਕਤ ਜਾਂ ਵਿਸ਼ਾਲ ਪਰਿਵਾਰ ਦਾ ਅੰਗ ਵੀ ਹੋ ਸਕਦਾ ਹੈ। ਪ੍ਰਾਰੰਭਿਕ (ਮੂਲ) ਪਰਿਵਾਰ ਵਿੱਚ ਅਹਿਮ ਅਤੇ ਉਸ ਦੀ ਸੰਤਾਨ ਨੂੰ ਮਿਲਾ ਕੇ ਦੋ ਪੀੜੀਆਂ ਦੇ ਮੈਂਬਰ ਰਹਿੰਦੇ ਹਨ। ਅਹਿਮ ਦੇ ਭਾਈਆਂ ਦੇ ਪਰਿਵਾਰਾਂ ਦੀ ਅਜਿਹੀਆਂ ਇਕਾਈਆਂ ਨਾਲ ਮੂਲ ਪਰਿਵਾਰ ਦੀ ਅਵਿਭਾਜਿਤ ਸੰਪਤੀ ਹੋ ਸਕਦੀ ਹੈ। ਸ਼ਾਹ ਦੇ ਅਨੁਸਾਰ ਇੱਕ ਮੂਲ ਪਰਿਵਾਰ ਪੂਰਣ ਅਦੇ ਅਪੂਰਣ ਦੋਵੇਂ ਹੋ ਸਕਦਾ ਹੈ। ਇੱਕ ਪੂਰਣ ਪਰਿਵਾਰ ਵਿੱਚ ਪਤੀ, ਪਤਨੀ ਅਤੇ ਓਨਾਂ ਦੇ ਅਵਿਵਾਹਿਤ ਬੱਚੇ ਹੋ ਸਕਦੇ ਹਨ। ਇੱਕ ਅਪੂਰਣ ਪਰਿਵਾਰ ਵਿੱਚ ਕੁਝ ਹੀ ਨਾ ਕਿ ਸਭ ਮੈਂਬਰ ਰਹਿੰਦੇ ਹਨ।

### 5.2.1 ਹਿੰਦੂਆਂ ਵਿੱਚ ਬੰਧੁਤਵ

ਨਾਤੇਦਾਰੀ ਵਿਵਸਥਾ ਦਾ ਸਥਾਨ ਅਰਥਾਤ ਜਿਸ ਢੰਗ ਨਾਲ ਵਿਅਕਤੀਆਂ ਅਤੇ ਸਮੂਹਾਂ ਵਿਚਕਾਰ ਸੰਬੰਧਾਂ ਨੂੰ ਆਯੋਜਿਤ ਕੀਤਾ ਜਾਂਦਾ ਹੈ, ਸਭ ਮਾਨਵ ਸਮਾਜਾਂ ਵਿੱਚ ਪ੍ਰਮੁੱਖ ਹੈ। ਰੈਡਕਲਿਫ ਬ੍ਰਾਊਨ ਨੇ ਨਾਤੇਦਾਰੀ ਵਿਵਸਥਾ ਦੇ ਅੰਤਰਗਤ ਅਧਿਕਾਰਾਂ ਅਤੇ ਜ਼ਿੰਮੇਦਾਰੀਆਂ ਦੇ ਅਧਿਐਨ ਉੱਤੇ ਬਲ ਦਿੱਤਾ ਅਤੇ ਇਸ ਨੂੰ (ਨਾਤੇਦਾਰੀ) ਸਮਾਜਿਕ ਸੰਰਚਨਾ ਦੇ ਅੰਗ ਦੇ ਰੂਪ ਵਿੱਚ ਦੇਖਿਆ। ਇੰਵਸ ਪ੍ਰੀਚਰਡ ਨੇ ਦੱਖਣ ਸੂਡਾਨ ਦੇ ਨਿਊਅਰ ਸਮੁਦਾਏ ਦੇ ਆਪਣੇ ਅਧਿਐਨ ਵਿੱਚ ਨਾਤੇਦਾਰੀ ਸਮੂਹਾਂ ਉੱਤੇ, ਵਿਸ਼ੇਸ਼ ਕਰ ਕੇ ਪੁਰਸ਼ ਲਾਈਨ ਵਿੱਚ ਵਾਸਤਵਿਕ ਪੂਰਵਜ ਉੱਤੇ ਆਧਾਰਿਤ ਵੰਸ਼ ਸਮੂਹਾਂ ਨੂੰ ਗੋਤ ਕਿਹਾ ਹੈ। ਪ੍ਰੰਤੂ, ਮੈਕਲੀਨਨ ਅਤੇ ਸਰ ਹੇਨਰੀਮੈਨ ਦੇ ਇਸ ਮਤ ਨੂੰ ਅੱਜ ਸਮਰਥਨ ਪ੍ਰਾਪਤ ਨਹੀਂ ਹੈ ਕਿ ਨਾਤੇਦਾਰੀ ਵਿਵਸਥਾਵਾਂ ਦੀ ਤੁਲਨਾ ਉਦਵਿਕਾਸੀ ਕਾਨੂੰਨ ਦੇ ਨਾਲ ਕੀਤੀ ਜਾਣੀ ਚਾਹੀਦੀ ਹੈ। ਉਦਯੋਗਿਕੀ ਦੀ ਤਰਾਂ ਨਾਤੇਦਾਰੀ ਵਿਵਸਥਾਵਾਂ ਸੰਚਵੀਂ ਉਦਭਵ ਦੀ ਕਸੌਟੀ ਉੱਤੇ ਪਰਖੀਆਂ ਨਹੀਂ ਜਾ ਸਕਦੀਆਂ। ਨਾਤੇਦਾਰੀ ਵਿਵਸਥਾਵਾਂ ਨੂੰ ਉੱਤਮ ਜਾਂ ਖਰਾਬ, ਉੱਚ ਜਾਂ ਨਿਮਨ ਦੇ ਰੂਪ ਵਿੱਚ ਨਹੀਂ ਸਮਝਿਆ ਜਾ ਸਕਦਾ। ਓਹ ਤਾਂ ਕੇਵਲ ਕਾਰਜ ਕਰਣ ਦੇ ਉਪਾਵਾਂ ਦੇ ਰੂਪ ਵਿੱਚ ਹੀ ਦੇਖੀਆਂ ਜਾਂਦੀਆਂ ਹਨ। ਅਰਥਾਤ ਉੱਤਰਾਧਿਕਾਰ ਹਸਤਾਂਤਰਣ ਅਤੇ ਵਿਆਹ ਦੇ ਬਾਰੇ ਵਿੱਚ ਨਿਯਮਾਂ ਅਤੇ ਨਿਯਮਨਾਂ ਦੇ ਰੂਪ ਵਿੱਚ ਹੀ ਨਾਤੇਦਾਰੀ ਵਿਵਸਥਾਵਾਂ ਨੂੰ ਸਮਝ ਸਕਦੇ ਹਨ।

ਇਵਾਂਸ ਰਿਚਰਡ ਨੇ ਇਹ ਪ੍ਰਦਰਸ਼ਿਤ ਕੀਤਾ ਹੈ ਕਿ ਨਿਊਅਰ ਸਮਾਜ ਵਿੱਚ ਗੋਤ ਸਮੂਹ ਕਿਸ ਪ੍ਰਕਾਰ ਰਾਜਨੀਤਿਕ ਸਮੂਹਾਂ ਦੇ ਰੂਪ ਵਿੱਚ ਕੰਮ ਕਰਦੇ ਸਨ। ਅਫ਼ਰੀਕਾ ਵਿੱਚ ਅਜਿਹੇ ਸਮੂਹਾਂ ਦੀ ਭਰਤੀ, ਨਿਰੰਤਰਤਾ ਅਤੇ ਕਾਰਜਵਿਧੀ ਉੱਤੇ ਇਵਾਂਸ ਰਿਚਰਡ ਨੇ ਬਲ ਦਿੱਤਾ ਹੈ। ਮੇਅਰ ਫੋਰਟੇਸ ਨੇ ਨਾਤੇਦਾਰੀ ਦੇ ਅਧਿਐਨ ਵਿੱਚ ਵਿਅਕਤੀਆਂ ਅਤੇ ਸਮੂਹਾਂ ਵਿਚਕਾਰ ਆਪਸੀ ਸੰਬੰਧਾਂ ਉੱਤੇ ਬਲ ਦਿੱਤਾ ਹੈ। ਇਸ ਪ੍ਰਕਾਰ ਅਸੀਂ ਸੰਪੂਰਣ ਸਮਾਜ ਨੂੰ ਸਮਝ ਸਕਦੇ ਹਾਂ ਅਤੇ ਇਹ ਵੀ ਜਾਣ ਸਕਦੇ ਹਾਂ ਕਿ ਇਸ ਵਿੱਚ ਨਾਤੇਦਾਰੀ ਸਮੂਹ ਕਿਸ ਤਰਾਂ ਨਿਰਮਿਤ ਹੁੰਦੇ ਹਨ ਅਤੇ ਓਹ ਕਿਸ ਤਰਾਂ ਕੰਮ ਕਰਦੇ ਹਨ। ਅਸੀਂ ਇਹ ਵੀ ਸਮਝ ਸਕਦੇ ਹਾਂ ਕਿ ਨਾਤੇਦਾਰੀ ਦੇ ਜਾਲ ਵਿੱਚ ਵਿਅਕਤੀ ਇੱਕ ਦੂਜੇ ਨਾਲ ਬੰਨ ਕੇ ਸੰਬਧਾਂ ਦਾ ਜਾਲ ਕਿਸੇ ਤਰਾਂ ਨਿਰਮਿਤ ਕਰਦੇ ਹਨ। ਸਮੂਹਾਂ ਵਿੱਚ ਵਿਆਹ ਕਰਨ ਦੇ ਤਰੀਕਿਆਂ ਦੇ ਰੂਪ ਵਿੱਚ ਵੀ ਨਾਤੇਦਾਰੀ ਵਿਵਸਥਾਵਾਂ ਨੂੰ ਸਮਝਿਆ ਜਾ ਸਕਦਾ ਹੈ। ਲੇਵੀ-ਸਟਾਊਸਸ ਦੇ ਅਨੁਸਾਰ, ਵਿਆਹ ਦੁਆਰਾ, ਨਾਤੇਦਾਰੀ ਸਮੂਹਾਂ ਵਿੱਚ ਮੈਂਬਰ ਭਰਤੀ ਕੀਤੇ ਜਾਂਦੇ ਹਨ। ਇੱਕ ਔਰਤ ਵਿਆਹ ਦੁਆਰਾ ਹੋਰ ਸਮੂਹ ਵਿੱਚ ਪਤਨੀ ਅਤੇ ਬਹੂ ਦੇ ਰੂਪ ਵਿੱਚ ਮੈਂਬਰ ਬਣਦੀ ਹੈ। ਅਤੇ ਇੱਕ ਮਰਦ ਆਪਣੀ ਪਤਨੀ ਦੇ ਮਾਤਾ ਪਿਤਾ ਦੇ ਸਮੂਹ ਵਿੱਚ ਸ਼ਾਮਿਲ ਓਨਾਂ ਦੀ ਪੁੱਤਰੀ ਅਤੇ ਜੰਵਾਈ ਦੇ ਰੂਪ ਵਿੱਚ ਸ਼ਾਮਿਲ ਹੁੰਦਾ ਹੈ। ਇਸ ਤਰਾਂ ਵਿਆਹ ਦੁਆਰਾ ਨਾਤੇਦਾਰੀ ਸਮੂਹ ਸੰਪਾਦਿਤ ਹੁੰਦੇ ਹਨ।

ਰੋਬਿਨ ਫੋਕਸ ਦੇ ਅਨੁਸਾਰ, ਨਾਤੇਦਾਰੀ ਦੇ ਅਧਿਐਨ ਦਾ ਅਰਥ ਹੈ- ਵਿਅਕਤੀ ਕੀ ਕਰਦਾ ਹੈ ਅਤੇ ਓਹ ਅਜਿਹਾ ਕਿਓਂ ਕਰਦਾ ਹੈ, ਅਤੇ ਇੱਕ ਉਪਾਅ ਦੇ ਸਥਾਨ ਤੇ ਹੋਰ ਉਪਾਵਾਂ ਦੇ ਅਨੁਸਰਣ ਦੇ ਕੀ ਨਤੀਜੇ ਹਨ? ਨਾਤੇਦਾਰੀ ਦੇ ਬਾਰੇ ਵਿੱਚ ਫੋਕਸ ਨੇ ਨਿਮਨਲਿਖਿਤ ਚਾਰ ਪ੍ਰਮੁੱਖ ਸਿਧਾਂਤਾਂ ਦਾ ਉਲੇਖ ਕੀਤਾ ਹੈ-

1. ਬੱਚੇ ਔਰਤਾਂ ਤੋਂ ਉਤਪੰਨ ਹੁੰਦੇ ਹਨ।
2. ਔਰਤਾਂ ਨੂੰ ਪੁਰਸ਼ ਗਰਭਵਤੀ ਕਰਦੇ ਹਨ।
3. ਆਮ ਤੌਰ ਤੇ ਮਰਦ ਨਿਯੰਤਰਣ ਰੱਖਦੇ ਹਨ।
4. ਪ੍ਰਾਰਥਮਿਕ ਰਕਤ ਸੰਬੰਧੀ ਆਪਸ ਵਿੱਚ ਯੌਨ ਸੰਬੰਧ ਨਹੀਂ ਕਰਦੇ।

ਫੋਕਸ ਦੇ ਅਨੁਸਾਰ ਆਮ ਭਾਸ਼ਾ ਵਿੱਚ "ਰਕਤਜਨ" ਵਿਚਕਾਰ ਸੰਬੰਧ, ਅਰਥਾਤ ਓਹ ਵਿਅਕਤੀ ਜੋ ਵਾਸਤਵਿਕ ਮਾਣਿਤ ਜਾਂ ਕਲਪਿਤ ਰਕਤਤਾ ਦੁਆਰਾ ਜੁੜੇ ਹੋਏ ਹੋਣ ਓਨਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਪ੍ਰੰਤੂ "ਵਾਸਤਵਿਕ" ਰਕਤਤਾ ਨੂੰ ਪਰਿਭਾਸ਼ਿਤ ਕਰਨਾ ਅਤੇ ਲੱਭਣਾ ਮੁਸ਼ਕਿਲ ਕੰਮ ਹੈ। ਇਸ ਲਈ ਇੱਕ ਰਕਤ ਸੰਬੰਧੀ ਓਹ ਹੈ ਜੋ ਸਮਾਜ ਦੁਆਰਾ ਰਕਤ ਸੰਬੰਧੀ ਕਰਾਰ ਦਿੱਤਾ ਗਿਆ ਹੈ, ਅਤੇ ਇਸ ਦੇ ਨਾਲ ਅਨੁਵੰਸ਼ਿਕ ਅਰਥ ਵਿੱਚ ਰਕਤ ਸੰਬੰਧਤਾ ਦਾ ਜ਼ਰੂਰੀ ਰੂਪ ਨਾਲ ਕੋਈ ਸਰੋਕਾਰ ਨਹੀਂ ਹੈ। ਅਸੀਂ "ਪਿਤਾ" ਜਾਂ "ਵੈਧ ਪਿਤਾ" ਅਤੇ "ਜਣਕ" ਜਾਂ ਵਾਸਤਵਿਕ ਜੈਵਿਕ ਪਿਤਾ ਦੇ ਵਿੱਚ ਅੰਤਰ ਕਰਦੇ ਹਾਂ। ਗੋਦ ਲੈਣਾ ਇੱਕ ਹੋਰ ਉਦਾਹਰਣ ਹੈ। ਇੱਕ ਵਿਵਾਹਿਤ ਲੜਕੀ ਸੰਤਾਨ ਉਤਪਤੀ ਤੋਂ ਬਾਅਦ ਆਪ ਹੀ ਵਿਵਾਹਿਕ ਸਵੈਜਨ ਨਾਲ ਰਕਤ ਸੰਬੰਧੀ ਬਣ ਜਾਂਦੀ ਹੈ। ਇਸ ਲਈ ਸਮਰਕਤਤਾ ਸਮਾਜ ਦੁਆਰਾ ਪਰਿਭਾਸ਼ਿਤ ਵਿਸ਼ੇਸ਼ਤਾ ਹੈ। ਉਦਾਹਰਣ ਲਈ ਭਾਬੀ ਵਿਆਹ ਪ੍ਰਥਾ ਦੇ ਅੰਤਰਗਤ ਵਿਵਾਹਿਕ ਸਵੈਜਨਾਂ ਦਾ ਵਿਆਹ ਸਮਰਕਤ ਸੰਬੰਧੀਆਂ ਨਾਲ ਹੁੰਦਾ ਹੈ।

ਜਾਨ ਬੇਤੀ ਨੇ ਨਾਤੇਦਾਰੀ ਦੀ ਉਪਯੁਕਤ ਵਿਆਖਿਆ ਪ੍ਰਸਤੁਤ ਕੀਤੀ ਹੈ। ਬੇਤੀ ਦੇ ਅਨੁਸਾਰ ਸਮਾਜਿਕ ਸੰਬੰਧਾਂ ਨੂੰ ਪਹਿਚਾਨਣ ਅਤੇ ਵਿਵਸਥਿਤ ਕਰਣ ਦੇ ਸਾਧਨ ਦੇ ਰੂਪ ਵਿੱਚ ਜੈਵਿਕ ਸੰਬੰਧ ਦੀਆਂ ਆਧਾਰਭੂਤ ਕੋਟੀਆਂ ਹਰ ਸਮਾਜ ਵਿੱਚ ਪਾਈਆਂ ਜਾਂਦੀਆਂ ਹਨ। ਨਾਤੇਦਾਰੀ ਲੋਕਾਂ ਦੇ ਵਿੱਚ ਵਿਭੇਦ ਕਰਣ ਦੀਆਂ ਸ਼੍ਰੇਣੀਆਂ ਪ੍ਰਦਾਨ ਕਰਦੀ ਹੈ। ਇਸ ਲਈ ਨਾਤੇਦਾਰੀ ਸ਼੍ਰੇਣੀਆਂ ਸਮਾਜਿਕ ਅਧਿਕ ਅਤੇ ਵਿਧਾਨਿਕ ਜਾਂ ਆਰਥਿਕ ਘੱਟ ਹਨ। ਨਾਤੇਦਾਰੀ ਸ਼੍ਰੇਣੀਆਂ ਦਾ ਉਪਯੋਗ ਸਮਾਜਿਕ ਸੰਬੰਧਾਂ, ਸਮਾਜਿਕ ਵਿਵਹਾਰ ਦੇ ਵਿਸ਼ਿਸ਼ਟ ਪ੍ਰਕਾਰਾਂ ਅਤੇ ਖਾਸ ਪ੍ਰਕਾਰ ਦੀਆਂ ਉਮੀਦਾਂ, ਆਸਥਾਵਾਂ ਅਤੇ ਮੁੱਲਾਂ ਨੂੰ ਪਰਿਭਾਸ਼ਿਤ ਕਰਣ ਵਿੱਚ ਕੀਤਾ

ਨੋਟ

ਜਾਂਦਾ ਹੈ। ਇਹ ਸੰਬੰਧ ਸੱਤਾ ਅਤੇ ਅਧੀਨਤਾ, ਆਰਥਿਕ ਆਦਾਨ-ਪ੍ਰਦਾਨ, ਘਰੇਲੂ ਸਹਿਯੋਗ, ਸੰਸਕ੍ਰਿਤਿਕ ਜਾਂ ਸਮਾਰੋਹ ਨਾਲ ਜੁੜੇ ਹੋਏ ਹੋ ਸਕਦੇ ਹਨ, ਅਤੇ ਇਨਾਂ ਦੀ ਕ੍ਰਿਆਸ਼ੀਲਤਾ ਅਨੇਕਾਂ ਭਿੰਨ ਤਰੀਕਿਆਂ ਵਿੱਚ ਕੀਤੀ ਜਾ ਸਕਦੀ ਹੈ। ਇਸ ਤਰਾਂ ਨਾਤੇਦਾਰੀ ਦਾ ਅਰਥ ਓਨਾਂ ਤਰੀਕਿਆਂ ਅਤੇ ਸਾਧਨਾਂ ਤੋਂ ਹੈ ਜਿਨਾਂ ਦੇ ਦੁਆਰਾ ਸਮਾਜਿਕ ਵਿਵਸਥਾ ਨੂੰ ਇੱਕ ਸਰੂਪ ਪ੍ਰਦਾਨ ਕੀਤਾ ਜਾਂਦਾ ਹੈ। ਪ੍ਰੰਤੂ ਨਾਤੇਦਾਰੀ ਉੱਤਰਾਧਿਕਾਰ, ਸੰਪਤੀ ਦੇ ਹਸਤਾਂਤਰਣ, ਦੁਭਾਜਨ ਅਤੇ ਵਿਭਾਜਨ ਦਾ ਵੀ ਇੱਕ ਸਿਧਾਂਤ ਹੈ। ਕੁਝ ਅਧਿਐਨਾਂ ਤੋਂ ਪਤਾ ਚੱਲਿਆ ਹੈ ਕਿ ਭਾਰਤੀ ਪਿੰਡਾਂ ਵਿੱਚ ਜਾਤੀਆਂ, ਉਪਜਾਤੀਆਂ, ਗੋਤ ਅਤੇ ਵੰਸ਼ਾਵਲੀ ਦੇ ਸਮਾਨਾਂਤਰ "ਗੁਟ" ਪਾਏ ਜਾਂਦੇ ਹਨ। ਇਸ ਪ੍ਰਕਾਰ ਨਾਤੇਦਾਰੀ ਵਿੱਚ ਪੂਰੇ ਜੀਵਨ ਦਾ ਸਮਾਵੇਸ਼ ਹੁੰਦਾ ਹੈ। ਨਾਤੇਦਾਰੀ ਵਿਵਸਥਾ ਨੂੰ ਸਮਝਣ ਲਈ ਸਮਾਜ ਦੀ ਭਾਸ਼ਾ, ਮੁੱਲ ਅਤੇ ਲੋਕਾਂ ਦੇ ਵਿਵਹਾਰ ਨੂੰ ਸਮਝਣਾ ਜ਼ਰੂਰੀ ਹੈ। ਵਿਅਕਤੀ ਨੂੰ ਆਪਣੇ ਜੀਵਨ ਦੇ ਬਹੁਤ ਸਾਰੇ ਸਮਾਜਿਕ ਸੰਬੰਧਾਂ ਨੂੰ ਸਮਝਣ ਲਈ ਨਾਤੇਦਾਰੀ ਦੀ ਮਦਦ ਲੈਣੀ ਪੈਂਦੀ ਹੈ। ਨਾਤੇਦਾਰੀ ਦੁਆਰਾ ਇੱਕ ਪੀੜੀ ਤੋਂ ਦੂਜੀ ਪੀੜੀ ਦੇ ਲੋਕਾਂ ਨੂੰ ਪ੍ਰਸਥਿਤੀ ਅਤੇ ਸੰਪਤੀ ਹਸਤਾਂਤਰਿਤ ਕੀਤੀ ਜਾਂਦੀ ਹੈ। ਇਹ ਗੱਲ ਸਭ ਸਮਾਜਾਂ ਲਈ ਸਹੀ ਹੈ- ਚਾਹੇ ਓਨਾਂ ਦਾ ਪ੍ਰੋਦੁਯੋਗਿਕ ਅਤੇ ਉਦਯੋਗਿਕ ਵਿਕਾਸ ਦਾ ਸਤਰ ਕੁਝ ਵੀ ਕਿਓਂ ਨਾ ਹੋਵੇ। ਆਧੁਨਿਕ ਪ੍ਰਜਾਤਾਂਤਰਿਕ ਸਮਾਜਾਂ ਵਿੱਚ ਵੀ ਪ੍ਰਭਾਵਕਾਰੀ ਸਮਾਜਿਕ ਸਮੂਹ ਨਾਤੇਦਾਰੀ ਉੱਤੇ ਦਿਖਾਈ ਦਿੰਦੇ ਹਨ।ਇਸ ਤਰਾਂ ਨਾਤੇਦਾਰੀ ਦੀ ਜਟਿਲਤਾ ਅਤੇ ਵਿਸ਼ਾਲਤਾ ਦਾ ਅਹਿਸਾਸ ਕਰਦੇ ਹੋਏ ਮੈਲਿਨੋਵਸਕੀ ਨੇ ਇਸ ਨੂੰ ਨਾਤੇਦਾਰੀ ਬੀਜਗਣਿਤ ਦਾ ਨਾਂ ਦਿੱਤਾ ਹੈ।

ਨੋਟਸ ਨਾਤੇਦਾਰੀ ਦੇ ਅਧਿਐਨ ਦਾ ਮਤਲਬ ਮਨੁੱਖ ਜੀਵਨ ਦੇ ਆਧਾਰਭੂਤ ਤੱਥਾਂ ਜਿਵੇਂ ਸੰਗਮਨ, ਸਗਰਭਤਾਵਧੀ, ਪਿਤ੍ਰੱਤਵ, ਸਮਾਜੀਕਰਣ, ਸਹੋਦਰਤਾ ਆਦਿ ਦੇ ਬਾਰੇ ਵਿੱਚ ਮਨੁੱਖ ਦੀਆਂ ਕ੍ਰਿਆਵਾਂ ਦੇ ਅਧਿਐਨ ਤੋਂ ਹੈ।

### 5.2.2 ਨਾਤੇਦਾਰੀ ਸ਼ਬਦਾਵਲੀ

ਨਾਤੇਦਾਰੀ ਸ਼ਬਦਾਵਲੀ ਅਤੇ ਨਾਤੇਦਾਰੀ ਵਿਵਹਾਰ ਦੇ ਵਿੱਚ ਅੰਤਰਸੰਬੰਧ ਦੀ ਵਿਆਖਿਆ ਕਰਦੇ ਹੋਏ ਮਰਡੋਕ ਨੇ ਨਾਤੇਦਾਰੀ ਸ਼ਬਦਾਂ ਦੀਆਂ ਦੋ ਸ਼੍ਰੇਣੀਆਂ ਦਾ ਵਰਣਨ ਕੀਤਾ ਹੈ।

(1) ਸੰਬੋਧਨ ਸ਼ਬਦ ਅਤੇ (2) ਸੰਦਰਭ ਸ਼ਬਦ। ਸੰਬੋਧਨ ਸ਼ਬਦ ਬੰਧੁਜਨਾਂ ਦੇ ਮੱਧ ਸੰਸਕ੍ਰਿਤਿਕ ਦ੍ਰਿਸ਼ਟੀ ਨਾਲ ਪ੍ਰਤੀਮਾਨਿਤ ਸੰਬੰਧਾਂ ਨੂੰ ਸਮਝਣ ਲਈ ਅਭਿੰਨ ਅੰਗ ਹੈ। ਸੰਦਰਭ ਸ਼ਬਦ ਹਰ ਅਜਿਹੇ ਸੰਬੰਧ ਵਿੱਚ ਪਾਏ ਜਾਣ ਵਾਲੇ ਕਿਸੇ ਇੱਕ ਪ੍ਰਸਥਿਤੀ ਨੂੰ ਇਸ਼ਾਰਾ ਕਰਣ ਵਾਲੇ ਦੇ ਭਾਸ਼ਾਈ ਪ੍ਰਤੀਕ ਹਨ। ਕਿਓਂਕਿ ਕਿਸੇ ਵੀ ਪ੍ਰਸਥਿਤੀ ਨੂੰ ਸੰਸਕ੍ਰਿਤਿਕ ਦ੍ਰਿਸ਼ਟੀ ਨਾਲ ਅਪੇਖਿਅਤ ਵਿਵਹਾਰ ਦੇ ਆਧਾਰ ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਸੰਦਰਭ ਸ਼ਬਦਾਂ ਅਤੇ ਉਸ ਸੰਬੰਧਤਾ ਜਿਸ ਵਿੱਚ ਇੰਗਿਤ ਬੰਧੁਜਨ ਅੰਤਰਕ੍ਰਿਆ ਕਰਦੇ ਹਨ, ਓਨਾਂ ਵਿੱਚ ਨਜ਼ਦੀਕ ਕਾਰਜਾਤਮਕ ਸੰਬੰਧਤਾ ਪਾਏ ਜਾਣ ਦੇ ਪ੍ਰਾਗਣੁਭਵਿਕ ਕਾਰਣ ਹੁੰਦੇ ਹਨ। ਸੰਬੰਧੀਆਂ ਦੇ ਸ਼ਾਬਦਿਕ ਵਰਗੀਕਰਣ ਅਤੇ ਸਮਾਜਿਕ ਵਰਗੀਕਰਣ ਦੇ ਵਿੱਚ ਨਿਕਟ ਸਹਿਸੰਬੰਧ ਪਾਇਆ ਗਿਆ ਹੈ। ਪ੍ਰੰਤੂ ਨਾਤੇਦਾਰੀ ਸ਼ਬਦਾਂ ਅਤੇ ਵਿਵਹਾਰ ਪ੍ਰਤੀਮਾਨਾਂ ਵਿੱਚ ਸਰਵਸਮਤਾ ਨਿਰਪੱਖ ਨਹੀਂ ਹੈ। ਵਿਭਿੰਨ ਤਰਾਂ ਦੀਆਂ ਵਾਸਤਵਿਕਤਾਵਾਂ ਉੱਤੇ ਇੱਕ ਵਰਗੀਕਰਣ ਸ਼ਬਦ ਲਾਗੂ ਕਰਨ ਕਾਰਣ ਅਜਿਹਾ ਅੰਤਰ ਦਿਖਾਈ ਦਿੰਦਾ ਹੈ, ਜਿਵੇਂ ਪਿਤਾ ਦੀਆਂ ਸਾਰੀਆਂ ਪਤਨੀਆਂ ਨੂੰ "ਮਾਤਾ" ਕਹਿ ਕੇ ਸੰਬੋਧਨ ਕਰਣ ਵਿੱਚ ਅਜਿਹੀ ਕਠਿਨਾਈ ਆਓਂਦੀ ਹੈ।ਇਸੇ ਤਰਾਂ "ਚਾਚਾ", ਅਤੇ "ਚਾਚੀ" ਜਿਹੇ ਨਾਤੇ ਦਾਰੀ ਸ਼ਬਦ ਵੀ ਉਚਿਤ ਸੰਬੰਧਾਂ ਨੂੰ ਨਹੀਂ ਦਿਖਾਓਂਦੇ ਹਨ, ਜਦੋਂ ਤੱਕ ਓਨਾਂ ਨੂੰ ਸੰਦਰਭੀ ਸ਼ਬਦਾਂ ਵਿੱਚ ਸਪਸ਼ਟ ਨਹੀਂ ਕੀਤਾ ਜਾਂਦਾ। "ਚਾਚਾ" ਦਾ ਉਪਯੋਗ ਪਿਤਾ ਦੇ ਭਾਈ, ਮਾਂ ਦੇ ਭਾਈ, ਪਿਤਾ ਦੀ ਭੈਣ ਦੇ ਪਤੀ ਆਦਿ ਨੂੰ ਸੰਬੋਧਿਤ ਕਰਣ ਵਿੱਚ ਕੀਤਾ ਜਾ ਸਕਦਾ ਹੈ। ਇਤਿਹਾਸਿਕ ਪ੍ਰਭਾਵਾਂ, ਭਾਸ਼ਾਈ ਵਿਭੇਦਾਂ, ਮਨੋਵਿਗਿਆਨਿਕ ਪ੍ਰਕ੍ਰਿਆਵਾਂ, ਵਿਆਹ ਦੇ ਨਿਯਮਾਂ ਆਦਿ ਅਨੇਕ ਕਾਰਣਾਂ ਦੁਆਰਾ ਨਾਤੇਦਾਰੀ ਸ਼ਬਦਾਵਲੀ ਦਾ ਨਿਰਧਾਰਣ ਹੁੰਦਾ ਹੈ। ਲੂਸੀ ਮੇਅਰ ਨੇ ਕੁਝ ਮਹੱਤਵਪੂਰਣ ਨਾਤੇਦਾਰੀ ਸ਼ਬਦਾਂ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਹੈ-

1. **ਬੰਧੁਜਨ**-ਬੰਧੁਜਨ ਵਿਅਕਤੀਆਂ ਦਾ ਅਜਿਹਾ ਸਮੂਹ ਹੈ ਜੋ ਅਹਿਮ ਨਾਲ ਵੰਸ਼ਾਵਲਿਕ ਰੂਪ ਨਾਲ ਜੁੜੇ ਹੋਏ ਹਨ। ਓਨਾਂ ਲੋਕਾਂ ਨੂੰ ਅਹਿਮ ਲਈ ਸਾਂਝੀ ਜ਼ਿੰਮੇਦਾਰੀ ਹੋ ਸਕਦੀ ਹੈ।
2. **ਮਾਤ੍ਰ-ਪਿਤ੍ਰ ਸੰਬੰਧੀ**-ਇੱਕ ਵਿਅਕਤੀ ਦੇ ਮਾਤ੍ਰ-ਪਿਤ੍ਰ ਸੰਬੰਧੀ ਓਹ ਲੋਕ ਹਨ ਜੋ ਉਸ ਨਾਲ "ਰਕਤ" ਦੁਆਰਾ ਜੁੜੇ ਹੋਏ ਹਨ।
3. **ਵਿਆਹ ਸੰਬੰਧੀ**-ਜਿਨਾਂ ਵਿਅਕਤੀਆਂ ਦਾ ਸੰਬੰਧ ਇੱਕ ਵਿਅਕਤੀ ਨਾਲ ਵਿਆਹ ਦੁਆਰਾ ਸਥਾਪਿਤ ਹੁੰਦਾ ਹੈ ਓਹ ਉਸ ਦੇ ਵਿਆਹ ਸੰਬੰਧੀ ਕਹਿਲਾਓਂਦੇ ਹਨ।
4. **ਸਮਿਸ਼ਟ ਸਮੂਹ**-ਇਹ ਓਹ ਸਮੂਹ ਹਨ ਜਿਨਾਂ ਦਾ ਆਧਾਰ ਸਾਂਝੀ ਸੰਪਤੀ ਦੀ ਮਲਕੀਅਤ ਹੈ।ਸਮਿਸ਼ਟ ਸਮੂਹ ਪਿਤ੍ਰਵੰਸ਼ੀ ਜਾਂ ਮਾਤ੍ਰਵੰਸ਼ੀ ਆਧਾਰ ਉੱਤੇ ਨਿਰਮਿਤ ਹੁੰਦੇ ਹਨ।

ਨੋਟ

5. **ਵੰਸ਼ਾਵਲੀ**–ਵੰਸ਼ ਦੇ ਆਧਾਰ ਉੱਤੇ ਨਿਰਮਿਤ ਸਮਿਸ਼ਟ ਸਮੂਹ ਨੂੰ ਵੰਸ਼ਾਵਲੀ ਕਿਹਾ ਜਾਂਦਾ ਹੈ। ਇੱਕ ਗੋਤ ਦੇ ਲੋਕਾਂ ਵਿੱਚ ਅਨੇਕਾਂ ਵੰਸ਼ਾਵਲੀਆਂ ਪਾਈਆਂ ਜਾ ਸਕਦੀਆਂ ਹਨ।
6. **ਪਾਰਸ਼ਵਿਕ**–ਇਸ ਦੇ ਦੁਆਰਾ ਨਾਤੇਦਾਰੀ ਸਮੂਹ ਦੇ "ਪੱਖ" ਦਾ ਬੋਧ ਹੁੰਦਾ ਹੈ।
7. **ਵੰਸ਼ਿਕ**–ਇਸ ਦੇ ਦੁਆਰਾ ਸਮੂਹ ਦੀ "ਰੇਖਾ" ਦਾ ਗਿਆਨ ਹੁੰਦਾ ਹੈ।

## 5.2.3 ਭਾਰਤ ਵਿੱਚ ਨਾਤੇਦਾਰੀ

ਭਾਰਤ ਵਿੱਚ ਨਾਤੇਦਾਰੀ ਦੀ ਵਿਆਖਿਆ ਅੰਤਰ-ਪਰਿਵਾਰਿਕ ਅਤੇ ਬਾਹਰੀ ਪਰਿਵਾਰਿਕ ਸਤਰਾਂ ਉੱਤੇ ਵੱਖ-ਵੱਖ ਅਤੇ ਨਾਤੇਦਾਰੀ ਅਤੇ ਪਰਿਵਾਰ ਦੇ ਅਭਿਬੰਧ ਦੇ ਸੰਦਰਭ ਵਿੱਚ ਕੀਤੀ ਜਾ ਸਕਦੀ ਹੈ। ਇਸ ਲਈ ਪਰਿਵਾਰਿਕ ਨਾਤੇਦਾਰੀ ਵਿੱਚ "ਪ੍ਰਾਰਥਮਿਕ ਸੰਬੰਧੀਆਂ" ਨੂੰ ਸ਼ਾਮਿਲ ਕੀਤਾ ਜਾਂਦਾ ਹੈ।ਪਤੀ-ਪਤਨੀ, ਪਿਤਾ-ਪੁੱਤਰ, ਮਾਤਾ-ਪੁੱਤਰੀ, ਮਾਤਾ-ਪੁੱਤਰ, ਪਿਤਾ-ਪੁੱਤਰ, ਵੱਡਾ ਅਤੇ ਛੋਟਾ ਭਾਈ, ਵੱਡੀ ਅਤੇ ਛੋਟੀ ਭੈਣ ਅਤੇ ਭਾਈ-ਭੈਣ ਉੱਤੇ ਅੰਤਰ-ਪਰਿਵਾਰਿਕ ਸੰਬੰਧਾਂ ਦੇ ਰੂਪ ਵਿੱਚ ਬਲ ਦਿੱਤਾ ਜਾਂਦਾ ਹੈ। ਇਹ ਸੰਬੰਧ ਇੱਕ ਹੀ ਏਕਾਕੀ ਪਰਿਵਾਰ ਦੇ ਅੰਗ ਹਨ ਅਤੇ ਇਨਾਂ ਸੰਬੰਧੀਆਂ ਨੂੰ "ਪ੍ਰਜਣਨ ਪਰਿਵਾਰ" ਤਾ ਨਾਂ ਦਿੱਤਾ ਗਿਆ ਹੈ। ਪਰਿਵਾਰ ਦੇ ਬਾਹਰ "ਦੂਜੇ ਸਤਰ" ਅਤੇ "ਤੀਜੇ ਸਤਰ" ਦੇ ਸੰਬੰਧੀ ਪਾਏ ਜਾਂਦੇ ਹਨ।ਮਰਡੋਕ ਨੇ ਅੱਠ "ਪ੍ਰਾਰਥਮਿਕ" ਅਤੇ 33 "ਦੂਜੇ ਸਤਰ" ਦੇ ਸੰਬੰਧੀਆਂ ਦਾ ਉਲੇਖ ਕੀਤਾ ਹੈ। ਹਰ ਦੂਜੇ ਸਤਰ ਦੇ ਸੰਬਧੀ ਦੇ ਪ੍ਰਾਰਥਮਿਕ ਸੰਬੰਧੀ ਹੁੰਦੇ ਹਨ। ਤੀਜੇ ਸਤਰ ਦੇ ਸੰਬੰਧੀਆਂ ਵਿੱਚ ਸ਼ਾਇਦ 151 ਨਾਤੇਦਾਰ ਹੁੰਦੇ ਹਨ, ਅਤੇ ਤੀਜੇ ਸਤਰ ਦੇ ਸੰਬੰਧੀਆਂ ਤੋਂ ਇਲਾਵਾ "ਦੂਰ" ਦੇ ਸੰਬੰਧੀ ਵੀ ਹੁੰਦੇ ਹਨ।

ਭਾਰਤ ਵਿੱਚ ਗੋਤ ਤੋਂ ਬਾਹਰ ਵਿਆਹ ਅਤੇ ਜਾਤੀ ਅੰਤਰ-ਵਿਆਹ ਹੁੰਦੇ ਹਨ। ਇੱਕ ਜਾਤੀ ਵਿੱਚ ਅਨੇਕਾਂ ਗੋਤ ਹੁੰਦੇ ਹਨ ਅਤੇ ਹਰ ਗੋਤ ਵਿੱਚ ਅਨੇਕਾਂ ਵੰਸ਼ਾਵਲੀਆਂ ਪਾਈਆਂ ਜਾਂਦੀਆਂ ਹਨ। ਵੰਸ਼ ਦੇ ਮੈਂਬਰਾਂ ਦਾ ਸਾਂਝਾ ਪੂਰਵਜ ਆਮ ਤੌਰ ਤੇ ਇੱਕ ਵਾਸਤਵਿਕ, ਪਹਿਚਾਣ ਯੁਕਤ ਵਿਅਕਤੀ ਹੁੰਦਾ ਹੈ, ਪ੍ਰੰਤੂ ਇੱਕ ਗੋਤ ਦਾ ਸਾਂਝਾ ਪੂਰਵਜ ਕਾਲਪਨਿਕ ਅਤੇ ਆਲੌਕਿਕ ਵਸਤੂ ਹੁੰਦਾ ਹੈ। ਇੱਕ ਗੋਤ ਦੇ ਮੈਂਬਰ ਇੱਕ ਵਿਸ਼ਿਸ਼ਟ ਖੇਤਰ ਵਿੱਚ ਫੈਲੇ ਹੋਏ ਹੁੰਦੇ ਹਨ ਅਤੇ ਇਸ ਲਈ ਓਹ ਆਮ ਹਿਤਾਂ ਦਾ ਪਾਲਣ ਕਰਣ ਜਾਂ ਕਿਸੇ ਪ੍ਰਕਾਰ ਦਾ ਸੰਯੁਕਤ ਕਾਰਜ ਕਰਣ ਵਿੱਚ ਆਪਣੇ ਆਪ ਨੂੰ ਅਸਮਰਥ ਪਾਓਂਦੇ ਹਨ। ਫਿਰ ਵੀ ਗੋਤ ਦੇ ਮੈਂਬਰਾਂ ਵਿੱਚ ਸਾਂਝੇ ਆਧਾਰ ਉੱਤੇ ਪੂਜਾ ਕਰਣ ਕਾਰਣ ਸਹਿਭਾਗੀ ਕ੍ਰਿਆ ਦਾ ਆਧਾਰ ਬਣਿਆ ਰਹਿੰਦਾ ਹੈ। ਗੋਤ ਦੇ ਆਧਾਰ ਉੱਤੇ ਜਾਤੀ ਦੇ ਅੰਦਰ ਵਿਆਹ ਲਈ ਪਾਤਰਤਾ ਨਿਰਧਾਰਿਤ ਹੁੰਦੀ ਹੈ। ਅਨੇਕਾਂ ਤਰੀਕਿਆਂ ਵਿੱਚ ਗੋਤ ਆਧਾਰ ਤੋਂ ਵੀ ਅਧਿਕ ਸੰਸਕਾਰਾਂ ਦੇ ਅਨੁਪਾਲਣ, ਆਰਥਿਕ ਕ੍ਰਿਆਵਾਂ ਦੇ ਪਰਿਪਾਲਣ, ਆਪਸੀ ਸਹਿਯੋਗ ਆਦਿ ਦੇ ਸੰਦਰਭ ਵਿੱਚ ਜਾਤੀ ਆਧਾਰਿਤ ਨ੍ਰਿਜਾਤੀ ਕੇਂਦਰਵਾਦ ਪਾਇਆ ਜਾਂਦਾ ਹੈ। ਹਿਤਾਂ ਅਤੇ ਨਿਸ਼ਠਾਵਾਂ ਦੀ ਸਾਂਝ ਲਈ "ਔਰਤ-ਪੱਖੀ ਬੰਧੂ" ਅਤੇ "ਕਾਲਪਨਿਕ ਬੰਧੂ" ਵੀ ਆਧਾਰ ਹੁੰਦੇ ਹਨ।

ਅਸੀਂ ਪਹਿਲਾਂ ਹੀ ਵਰਣਨ ਕਰ ਚੁਕੇ ਹਾਂ ਕਿ ਨਾਤੇਦਾਰੀ ਸਮਾਜਿਕ ਵਿਵਸਥਾ ਦਾ ਪ੍ਰਮੁੱਖ ਆਧਾਰ ਹੈ, ਪ੍ਰੰਤੂ ਇਸ ਦੇ ਨਾਲ ਨਾਲ ਉੱਤਰਾਧਿਕਾਰ ਅਤੇ ਸੰਪਤੀ ਹਸਤਾਂਤਰਣ ਦੇ ਸੰਦਰਭ ਵਿੱਚ ਨਾਤੇਦਾਰੀ ਵਿਭਾਜਨ ਅਤੇ ਵਿਸੱਮਤੀ ਦਾ ਵੀ ਆਧਾਰ ਹੇ। ਵੰਸ਼ ਏਕਤਾ ਉੱਤੇ ਕਦੇ ਕਦੇ ਹੈਵਾਨਿਅਤ ਹਾਵੀ ਹੋ ਜਾਂਦੀ ਹੈ। ਪੁੱਤਰਾਂ-ਪੋਤਰਾਂ, ਭਾਈਆਂ ਦੇ ਵਿੱਚ ਝਗੜੇ ਆਮ ਤੌਰ ਤੇ ਦੇਖੇ ਗਏ ਹਨ। ਸਹੋਦਰ ਈਰਖਾ ਵੀ ਪਾਈ ਜਾਂਦੀ ਹੈ।

## 5.2.4 ਭਾਰਤ ਵਿੱਚ ਨਾਤੇਦਾਰੀ ਵਿਵਸਥਾ ਦਾ ਕਰਵੇ ਦੁਆਰਾ ਅਧਿਐਨ

ਸਮਾਜਿਕ ਵਿਵਹਾਰ ਦੇ ਖੇਤਰੀ ਪ੍ਰਤੀਮਾਨ ਜਿਹੇ ਸਰੂਪ ਨੂੰ ਸਮਝਣ ਲਈ ਇਰਾਵਤੀ ਕਰਵੇ ਨੇ ਚਾਰ ਸੰਸਕ੍ਰਿਤਿਕ ਖੇਤਰਾਂ ਦੀ ਤੁਲਨਾਤਮਕ ਵਿਆਖਿਆ ਕੀਤੀ ਹੈ। ਇੱਕ ਖੇਤਰ ਵਿੱਚ ਵਿਭਿੰਨ ਸਥਾਨਿਕ ਪ੍ਰਤੀਮਾਨ ਹੋ ਸਕਦੇ ਹਨ। ਸੋਪਾਨ ਅਤੇ ਜਾਤ ਉੱਤੇ ਆਧਾਰਿਤ ਅਲਗਾਵ ਅਤੇ ਭਿੰਨਤਾ ਦੇ ਕਾਰਣ ਵਿਭਿੰਨ ਜਾਤੀਆਂ ਵਿੱਚ ਵਿਭੇਦ ਪਾਏ ਜਾਂਦੇ ਹਨ। ਕਰਵੇ ਨੇ ਨਾਤੇਦਾਰੀ ਦੇ ਸੰਦਰਭ ਵਿੱਚ ਸੰਸਕ੍ਰਿਤੀਕਰਣ ਅਤੇ ਵਿਵਸਥਾਪਨ ਦੀ ਪ੍ਰਕ੍ਰਿਆ ਦੀ ਵਿਆਖਿਆ ਕੀਤੀ ਹੈ। ਨ੍ਰਿਜਾਤੀ-ਸ਼੍ਰੋਤਾਵਾਂ, ਅਵਲੋਕਣਾਂ ਅਤੇ ਜਨ-ਸਾਹਿਤ ਦੇ ਨਾਲ ਨਾਲ ਧਾਰਮਿਕ ਗ੍ਰੰਥਾਂ ਦੇ ਆਧਾਰ ਤੇ ਕਰਵੇ ਨੇ ਤਿੰਨ ਹਜ਼ਾਰ ਸਾਲ ਦੀ ਅਵਧੀ ਨੂੰ ਢਕਦੇ ਹੋਏ ਇੱਕ ਇਤਿਹਾਸਿਕ ਦ੍ਰਿਸ਼ਟੀਕੋਣ ਅਪਣਾਇਆ ਹੈ। ਕਰਵੇ ਦੇ ਤੁਲਨਾਤਮਕ ਅਧਿਐਨ ਵਿੱਚ ਨਿਮਨਲਿਖਿਤ ਮੁੱਦੇ ਮੁੱਖ ਹਨ–

1. ਭਾਰਤੀ ਭਾਸ਼ਾਵਾਂ ਵਿੱਚ ਨਾਤੇਦਾਰੀ ਸ਼ਬਦਾਂ ਦੀਆਂ ਸੂਚੀਆਂ
2. ਓਨਾਂ ਦੇ ਭਾਸ਼ਾਈ ਸੰਦਰਭ ਅਤੇ ਉਸ ਦੇ ਅਨੁਸਾਰ ਵਿਵਹਾਰ ਅਤੇ ਮਨੋਵ੍ਰਿੱਤੀਆਂ
3. ਵੰਸ਼ ਅਤੇ ਵਿਰਾਸਤ ਦੇ ਨਿਯਮ
4. ਵਿਆਹ ਅਤੇ ਪਰਿਵਾਰ ਦੇ ਪ੍ਰਤੀਮਾਨ
5. ਸੰਸਕ੍ਰਿਤਿਕ ਉੱਤਰ ਅਤੇ ਦ੍ਰਵਿੜੀਅਨ ਦੱਖਣ ਵਿੱਚ ਅੰਤਰ

ਭਾਰਤ ਵਿੱਚ ਨਾਤੇਦਾਰੀ ਵਿਵਸਥਾ ਨੂੰ ਸਮਝਣ ਲਈ ਕਰਵੇ ਨੇ ਭਾਸ਼ਾਈ ਖੇਤਰਾਂ ਵਿੱਚ ਜਾਤੀ ਅਤੇ ਪਰਿਵਾਰ ਨੂੰ ਬਹੁਤ ਮਹੱਤਵਪੂਰਣ ਆਧਾਰ ਦੱਸਿਆ ਹੈ। ਭਾਸ਼ਾਈ ਜਾਤੀ ਅਤੇ ਪਰਿਵਾਰ ਵਿਵਸਥਾਵਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਪੂਰੇ ਦੇਸ਼ ਨੂੰ ਕਰਵੇ ਨੇ ਉੱਤਰੀ, ਕੇਂਦਰੀ, ਦੱਖਣੀ ਅਤੇ ਪੂਰਬੀ ਖੇਤਰਾਂ ਵਿੱਚ ਵਿਭਾਜਿਤ ਕੀਤਾ ਹੈ। ਮੋਟੇ ਤੌਰ ਤੇ ਨਾਤੇਦਾਰੀ ਵਿਵਸਥਾ ਭਾਸ਼ਾਈ ਪ੍ਰਤੀਮਾਨ

ਨੋਟ

ਨਾਲ ਮੇਲ ਖਾਂਦੀ ਹੈ, ਪ੍ਰੰਤੂ ਕੁਝ ਅਰਥਾਂ ਵਿੱਚ ਭਾਸ਼ਾ ਅਤੇ ਨਾਤੇਦਾਰੀ ਦਾ ਤਾਲਮੇਲ ਨਹੀਂ ਪਾਇਆ ਜਾਂਦਾ। ਉਦਾਹਰਣ ਲਈ, ਮਹਾਂਰਾਸ਼ਟਰ ਉੱਤੇ ਦ੍ਰਵਿੜ ਦਾ ਪ੍ਰਭਾਵ ਹੈ, ਅਤੇ ਦ੍ਰਵਿੜੀਅਨ ਨਾਤੇਦਾਰੀ ਵਿਵਸਥਾ ਉੱਤੇ ਉੱਤਰੀ ਭਾਰਤ ਵਿੱਚ ਬੋਲੀ ਜਾਣ ਵਾਲੀ ਸੰਸਕ੍ਰਿਤਿਕ ਭਾਸ਼ਾਵਾਂ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਇਨਾਂ ਕਾਰਕਾਂ ਉੱਤੇ ਆਧਾਰਿਤ ਵਿਭੇਦਾਂ ਦੇ ਹੁੰਦੇ ਹੋਏ ਵੀ ਦੋ ਆਮ ਗੱਲਾਂ ਇਸ ਤਰਾਂ ਹਨ:

1. ਵਿਆਹ ਸਦਾ ਇੱਕ ਜਾਤੀ ਅਤੇ ਜਨਜਾਤੀ ਦੇ ਅੰਦਰ ਹੀ ਹੁੰਦਾ ਹੈ, ਅਤੇ
2. ਵਿਆਹ ਮਾਤਾ ਪਿਤਾ ਅਤੇ ਓਨਾਂ ਦੀ ਸੰਤਾਨ ਦੇ ਵਿੱਚ ਅਤੇ ਸਹੋਦਰਾਂ ਵਿੱਚ ਵਰਜਿਤ ਹੈ।

### 5.2.5 ਉੱਤਰ ਭਾਰਤ ਵਿੱਚ ਨਾਤੇਦਾਰੀ

ਉੱਤਰ ਭਾਰਤ ਵਿੱਚ ਦੋ ਤਰਾਂ ਦੇ ਨਾਤੇਦਾਰੀ ਸ਼ਬਦ ਹਨ-(1) ਰਕਤ ਸੰਬੰਧੀਆਂ ਲਈ ਸ਼ਬਦ, ਅਤੇ (2) ਵਿਆਹ ਸੰਬੰਧੀਆਂ ਲਈ ਸ਼ਬਦ। ਤਿੰਨ ਪੀੜੀ ਤੱਕ ਦੇ ਨਿਕਟਤਮ ਸੰਬੰਧੀਆਂ ਲਈ ਪ੍ਰਾਰਥਮਿਕ ਸ਼ਬਦ ਹਨ ਅਤੇ ਇੱਕ ਪੀੜੀ ਦੇ ਲੋਕਾਂ ਦੇ ਸ਼ਬਦ ਹੋਰ ਪੀੜੀ ਦੇ ਲੋਕਾਂ ਲਈ ਬਦਲੇ ਨਹੀਂ ਜਾ ਸਕਦੇ। ਹੋਰ ਸਭ ਸ਼ਬਦ ਪ੍ਰਾਰਥਮਿਕ ਸ਼ਬਦਾਂ ਤੋਂ ਬਣਾਏ ਜਾਂਦੇ ਹਨ।

ਉੱਤਰ ਭਾਰਤ ਵਿੱਚ ਸਿੰਧੀ, ਪੰਜਾਬੀ, ਹਿੰਦੀ (ਅਤੇ ਪਹਾੜੀ), ਬਿਹਾਰੀ, ਬੰਗਾਲੀ, ਅਸਮੀ ਅਤੇ ਨੇਪਾਲੀ ਭਾਸ਼ੀ ਲੋਕ ਅਤੇ ਖੇਤਰ ਸ਼ਾਮਿਲ ਹਨ। ਇਨਾਂ ਖੇਤਰਾਂ ਵਿੱਚ ਪ੍ਰਾਰਥਮਿਕ ਸੰਬੰਧੀਆਂ ਦੇ ਵਿੱਚ ਯੌਨ ਸੰਬੰਧਾਂ ਬਾਰੇ ਜਾਤੀ, ਅੰਤਰ-ਵਿਆਹ, ਗੋਤ ਬਾਹਰੀ ਵਿਆਹ ਅਤੇ ਅਗਯਗਮਨ ਨਿਸ਼ੇਧ ਦੇ ਨਿਯਮਾਂ ਦਾ ਕਠੋਰਤਾ ਨਾਲ ਪਾਲਣ ਕੀਤਾ ਜਾਦਾ ਹੈ। ਸਭ ਵਿਆਹ ਸੰਬੰਧਾਂ ਵਿੱਚ ਸ਼ਾਸਨ ਦੇ ਨਿਯਮ ਨੂੰ ਕੁੰਜੀ ਮੰਨਿਆ ਜਾਂਦਾ ਹੈ। ਅਰਥਾਤ ਇੱਕ ਵਿਅਕਤੀ ਆਪਣੇ ਪਿਤਾ-ਪੱਖ ਪਰਿਵਾਰ ਵਿੱਚ ਵਿਆਹ ਨਹੀਂ ਕਰ ਸਕਦਾ। ਅਤੇ ਸਪਿੰਡ-ਬੰਧੂਜਨਾਂ ਨਾਲ ਵੀ ਵਿਆਹ ਬੰਧਨ ਸਥਾਪਿਤ ਨਹੀਂ ਕੀਤੇ ਜਾ ਸਕਦੇ। ਬ੍ਰਾਹਮਗੀਣ ਦ੍ਰਿਸ਼ਟੀ ਨਾਲ ਗੋਤ ਬਾਹਰੀ ਵਿਆਹ ਇਕਾਈਆਂ ਹਨ। ਕਦੇ ਕਦੇ ਇੱਕ ਜਾਤੀ ਵੀ ਅੰਤਰ ਵਿਵਾਹਿਕ ਜਾਂ ਬਾਹਰੀ ਵਿਵਾਹਿਕ ਗੋਤਾਂ ਵਿੱਚ ਵਿਭਾਜਿਤ ਹੁੰਦੀ ਹੈ, ਅਤੇ ਅਜਿਹੇ ਗੋਤਾਂ ਵਿੱਚ ਵੰਡੀ ਰਹਿੰਦੀ ਹੈ ਜਿਨਾਂ ਦਾ ਵਿਆਹ ਨਿਯਮਨਾਂ ਵਿੱਚ ਕਿਸੇ ਤਰਾਂ ਦਾ ਸੰਬੰਧ ਨਹੀਂ ਹੁੰਦਾ। ਪਿੰਡ ਬਾਹਰੀ ਵਿਆਹ ਦੀ ਪ੍ਰਥਾ ਵੀ ਪਾਈ ਜਾਂਦੀ ਹੈ।

ਇਸ ਤਰਾਂ ਉੱਤਰ ਭਾਰਤ ਵਿੱਚ ਨਾਤੇਦਾਰੀ ਦੀਆਂ ਘੱਟ ਤੋਂ ਘੱਟ ਚਾਰ ਮੁੱਖ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ- (1) ਖੇਤਰਤਾ (2) ਵੰਸ਼-ਰੁੱਖ, (3) ਅਗਯਗਮਨ ਨਿਸ਼ੇਧ, ਅਤੇ (4) ਸਥਾਨਿਕ ਬਾਹਰੀ ਵਿਆਹ। ਜਾਤੀ ਪ੍ਰਸਥਿਤੀ ਨਾਲ ਜੁੜੀਆਂ ਸੀਮਾਵਾਂ ਦੇ ਕਾਰਣ ਵੀ ਅੰਤਰ ਵਿਆਹ ਦਾ ਖੇਤਰ ਸੀਮਿਤ ਹੋ ਜਾਂਦਾ ਹੈ। ਨਾਤੇਦਾਰੀ ਅਤੇ ਸਥਾਨ ਦੋਹਾਂ ਦੇ ਸੰਦਰਭ ਵਿੱਚ ਵਿਆਹ ਪ੍ਰਤੀਬੰਧਨਾਂ ਦੇ ਕਾਰਣ ਇੱਕ ਵੱਡੇ ਖੇਤਰ ਵਿੱਚ ਵਿਆਹ ਕਰਣ ਉੱਤੇ ਰੋਕ ਲੱਗ ਜਾਦੀ ਹੈ। ਵਿਆਹ ਸੰਬੰਧਾਂ ਵਿੱਚ ਮਾਤਾ-ਪਿਤਾ ਸੰਬੰਧੀ ਰੁਕਾਵਟਾਂ ਅਤੇ ਸਥਾਨਿਕ ਬਾਹਰੀ ਵਿਆਹ ਨਿਯਮ ਦਾ ਸਖਤੀ ਨਾਲ ਪਾਲਣ ਕੀਤਾ ਜਾਂਦਾ ਹੈ। ਪ੍ਰੰਤੂ ਕੁਝ ਮੱਧ ਜਾਤੀਆਂ ਅਤੇ ਜ਼ਿਆਦਾਤਰ ਨਿਮਨ ਜਾਤੀਆਂ ਵਿੱਚ ਕੇਵਲ ਪਿਤਾ ਅਤੇ ਮਾਤਾ ਦੇ ਗੋਤਾਂ ਨੂੰ ਹੀ ਵਿਆਹ ਸੰਬੰਧ ਕਰਣ ਵਿੱਚ ਟਾਲਿਆ ਜਾਂਦਾ ਹੈ।

**ਕੀ ਤੁਸੀਂ ਜਾਣਦੇ ਹੋ** ਉੱਤਰ ਭਾਰਤ ਵਿੱਚ ਬ੍ਰਾਹਮਣਾਂ ਅਤੇ ਹੋਰ ਉੱਚ ਜਾਤੀਆਂ ਵਿੱਚ ਚਾਰ ਗੋਤ (ਸਾਸ਼ਨ) ਨਿਯਮ ਦਾ ਪਾਲਣ ਕੀਤਾ ਜਾਂਦਾ ਹੈ। ਅਰਥਾਤ ਪਿਤਾ, ਮਾਤਾ, ਦਾਦੀ ਅਤੇ ਨਾਨੀ ਦੇ ਗੋਤਾਂ ਦੇ ਪਰਿਵਾਰਾਂ ਦੇ ਨਾਲ ਵਿਆਹ ਸੰਬੰਧ ਕਰਨਾ ਵਰਜਿਤ ਸਮਝਿਆ ਜਾਂਦਾ ਹੈ।

### 5.2.6 ਕੇਂਦਰੀ ਭਾਰਤ ਵਿੱਚ ਨਾਤੇਦਾਰੀ

ਕੇਂਦਰੀ ਭਾਰਤ ਵਿੱਚ ਰਾਜਸਥਾਨ, ਮੱਧਪ੍ਰਦੇਸ਼, ਗੁਜਰਾਤ, ਕਾਠੀਆਵਾੜ, ਮਹਾਂਰਾਸ਼ਟਰ ਅਤੇ ਉੜੀਸਾ ਦੇ ਭਾਸ਼ਾਈ ਖੇਤਰਾਂ ਅਤੇ ਰਾਜਸਥਾਨੀ, ਹਿੰਦੀ, ਗੁਜਰਾਤੀ,, ਕਾਠੀਆਵਾੜੀ, ਮਰਾਠੀ ਅਤੇ ਉੜੀਆ ਭਾਸ਼ੀ ਲੋਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਨਾਂ ਸਭ ਭਾਸ਼ਾਵਾਂ ਦੀ ਉਤਪਤੀ ਸੰਸਕ੍ਰਿਤਿਕ ਹੈ ਅਤੇ ਇਸ ਲਈ ਇਨਾਂ ਦਾ ਲਗਾਵ ਉੱਤਰੀ ਖੇਤਰ ਵਿੱਚ ਪਾਇਆ ਜਾਦਾ ਹੈ। ਪ੍ਰੰਤੂ ਇਸ ਖੇਤਰ ਵਿੱਚ ਦ੍ਰਵਿੜ ਭਾਸ਼ਾਵਾਂ ਦੇ ਛੋਟੇ ਖੇਤਰ ਵੀ ਹਨ। ਪੂਰਬੀ ਖੇਤਰ ਦਾ ਵੀ ਕੁਝ ਪ੍ਰਭਾਵ ਹੈ। ਇਸ ਖੇਤਰ ਵਿੱਚ ਹੋਰ ਲੋਕਾਂ ਦੀ ਤੁਲਨਾ ਵਿੱਚ ਆਦਿਵਾਸੀ ਲੋਕਾਂ ਦੀ ਅਨੋਖੀ ਅਤੇ ਕੁਝ ਅਲੱਗ ਸਥਿਤੀ ਹੈ। ਕੇਂਦਰੀ ਖੇਤਰ ਦੇ ਸੰਦਰਭ ਵਿੱਚ ਨਿਮਨ ਮੁੱਦੇ ਧਿਆਨ ਦੇਣ ਯੋਗ ਹਨ:

1. ਭੈਣ-ਭਰਾ ਸੰਤਤੀ ਵਿਆਹ ਮੱਧ ਭਾਰਤ ਵਿੱਚ ਪਾਏ ਜਾਦੇ ਹਨ ਜਦੋਂ ਕਿ ਉੱਤਰ ਖੇਤਰ ਵਿੱਚ ਅਜਿਹਾ ਨਹੀਂ ਹੈ। ਮਮੇਰੇ ਫੁਫੇਰੇ ਭਾਈ ਭੈਣ ਵਿਪਰੀਤ ਯੋਨੀ ਦੇ ਸਹੋਦਰਾਂ ਦੀ ਸੰਤਾਨ ਹੁੰਦੀਆਂ ਹਨ। ਸਮਾਨਾਂਤਰ ਚਚੇਰੇ ਮੌਸੇਰੇ ਭਾਈ ਭੈਣ ਉਸੇ ਯੋਨੀ ਦੇ ਸਹੋਦਰਾਂ ਦੀ ਸੰਤਾਨ ਹੁੰਦੀ ਹੈ।
2. ਉੱਤਰ ਭਾਰਤ ਦੀ ਤਰਾਂ ਇੱਥੇ ਵੀ ਅਨੇਕਾਂ ਜਾਤੀਆਂ ਬਾਹਰੀ ਵਿਵਾਹਿਕ ਗੋਤਾਂ ਵਿੱਚ ਵੰਡੀਆਂ ਹੋਈਆਂ ਹਨ।
3. ਕੁਝ ਜਾਤੀਆਂ ਵਿੱਚ ਬਾਹਰੀ ਵਿਆਹ ਗੋਤ ਅਨੁਲੋਮਿਕ ਸੋਪਾਨ ਵਿੱਚ ਅਨੁਬੱਧ ਹਨ।

ਨੋਟ

ਪ੍ਰੰਤੂ ਇਹ ਵਿਸ਼ੇਸ਼ਤਾਵਾਂ ਪੂਰੇ ਖੇਤਰ ਵਿੱਚ ਨਹੀਂ ਪਾਈਆਂ ਜਾਂਦੀਆਂ। ਉਦਾਹਰਣ ਲਈ ਰਾਜਸਥਾਨ ਵਿੱਚ ਜਾਟਾਂ ਵਿੱਚ ਦ੍ਵਿਗੋਤਰ ਬਾਹਰੀ ਵਿਆਹ ਦੇ ਨਾਲ ਗ੍ਰਾਮ ਬਾਹਰੀ ਵਿਆਹ ਦੇ ਨਿਯਮ ਵੀ ਪਾਏ ਜਾਂਦੇ ਹਨ, ਬਾਣੀਆਂ ਵਿੱਚ ਚਾਰ ਗੋਤ ਨਿਯਮ ਦਾ ਪਾਲਣ ਕੀਤਾ ਜਾਂਦਾ ਹੈ, ਅਤੇ ਰਾਜਪੂਤਾਂ ਵਿੱਚ ਅਨੁਲੋਮਿਕ ਗੋਤ ਪਾਏ ਜਾਂਦੇ ਹਨ। ਅਤੇ ਵਿਆਹ ਸੰਬੰਧਾਂ ਵਿੱਚ ਸਾਮੰਤੀ ਪ੍ਰਸਥਿਤੀ ਉੱਤੇ ਬਲ ਦਿੱਤਾ ਜਾਂਦਾ ਹੈ। ਰਾਜਪੂਤ ਵੰਸ਼ ਦੀ ਪਵਿੱਤਰਤਾ ਅਤੇ ਅਭਿਜਾਤਕਤਾ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਵੀਰ ਅਤੇ ਸ਼ਾਸਕ ਹੋਣ ਨੂੰ ਵਿਆਹ ਵਿੱਚ ਪਹਿਲ ਦਿੱਤੀ ਜਾਂਦੀ ਹੈ। ਪ੍ਰਤੀਕਾਤਮਕ ਵਿਆਹ (ਤਲਵਾਰ ਦੇ ਨਾਲ ਵਿਆਹ) ਦੀ ਪ੍ਰਥਾ ਅਤੇ ਮਾਤਾ ਦੀ ਸਥਿਤੀ ਵੀ ਇੱਕ ਕਾਰਕ ਸਮਝੀ ਜਾਂਦੀ ਹੈ। ਗੁਜਰਾਤ ਅਤੇ ਕਾਠੀਆਵਾੜ ਵਿੱਚ ਸਥਾਨਿਕ ਪ੍ਰਥਾਵਾਂ ਅਤੇ ਉੱਤਰੀ ਭਾਰਤ ਦੇ ਰਿਵਾਜਾਂ ਦਾ ਵਿਸ਼ੇਸ਼ ਮਿਸ਼ਰਣ ਪਾਇਆ ਜਾਂਦਾ ਹੈ। ਕੁਝ ਜਾਤੀਆਂ ਭਰਾ-ਭੈਣ ਸੰਤਤੀ ਵਿਆਹ ਪਾਏ ਜਾਂਦੇ ਸਨ। ਹੋਰ ਜਾਤੀਆਂ ਵਿੱਚ ਇੱਕ ਸਾਲ ਵਿੱਚ ਇੱਕ ਵਾਰ ਵਿਆਹ ਹੁੰਦੇ ਸਨ। ਅਤੇ ਹੋਰ ਸਮੁਦਾਵਾਂ ਵਿੱਚ ਚਾਰ, ਪੰਜ, ਨੌ ਵਾਰ ਜਾਂ ਸਾਲਾਂ ਵਿੱਚ ਇੱਕ ਵਾਰ ਵਿਆਹ ਕਰਣ ਦੀ ਆਗਿਆ ਦਿੱਤੀ ਜਾਂਦੀ ਸੀ। ਵਿਆਹ ਸਾਲ ਬਾਰੇ ਹਰ ਪਿੰਡ ਵਿੱਚ ਘੋਸ਼ਣਾ ਕੀਤੀ ਜਾਦੀ ਸੀ ਅਤੇ ਵਿਆਹ ਸੰਪੰਨ ਕਰਣ ਲਈ ਦੌੜ ਬਾਣੀਏ, ਕਾਨਬਿਏ ਅਤੇ ਉੱਚ ਕਾਰੀਗਰ ਜਾਤੀਆਂ ਵਿੱਚ ਉੱਤਰੀ ਭਾਰਤ ਦਾ ਨਾਤੇਦਾਰੀ ਵਿਵਸਥਾ ਪ੍ਰਤੀਮਾਨ ਪਾਇਆ ਜਾਂਦਾ ਹੈ। ਪ੍ਰੰਤੂ ਦੱਖਣ ਖੇਤਰ ਦੇ ਵੀ ਕੁਝ ਰਿਵਾਜ਼ ਦਿਖਾਈ ਦਿੰਦੇ ਹਨ। ਕਾਠੀ, ਅਹੀਰ, ਘਦਾਵਾ, ਚਾਰਣ ਅਤੇ ਗਰਾਸੀਆ ਜਾਤੀਆਂ ਵਿੱਚ ਭੈਣ-ਭਰਾ ਸੰਤਤੀ ਵਿਆਹ ਕਾਫੀ ਪ੍ਰਚਲਿਤ ਹਨ। ਕੋਲੀਆਂ, ਢੇਡਾਂ ਅਤੇ ਭੀਲਾਂ (ਜਨਜਾਤੀ) ਵਿੱਚ ਦੋਹਾਂ ਦੀ ਤਰਾਂ ਭਰਾ-ਭੈਣ ਸੰਤਤੀ ਵਿਆਹ ਪਾਏ ਜਾਂਦੇ ਹਨ।ਇਸ ਪ੍ਰਕਾਰ ਰਾਜਸਥਾਨ ਅਤੇ ਗੁਜਰਾਤ ਵਿੱਚ ਮੁੱਖ ਤੌਰ ਤੇ ਉੱਤਰੀ ਭਾਰਤ ਦਾ ਪ੍ਰਤੀਮਾਨ ਪਾਇਆ ਜਾਂਦਾ ਹੈ। ਨਾਤੇਦਾਰੀ ਸ਼ਬਦਾਵਲੀ ਦੀ ਉਤਪਤੀ ਸੰਸਕ੍ਰਿਤਿਕ ਹੈ ਅਤੇ ਕੁਝ ਦੀ ਉਤਪਤੀ ਕੇਂਦਰੀ ਏਸ਼ਿਆਈ ਹੈ।

ਇਰਾਵਤੀ ਕਰਵੇ ਦੇ ਅਨੁਸਾਰ ਮਹਾਂਰਾਸ਼ਟਰ ਅਜਿਹਾ ਖੇਤਰ ਹੈ ਜਿੱਥੇ ਉੱਤਰ ਭਾਰਤੀ ਸੰਸਕ੍ਰਿਤਿਕ ਤੱਤਾਂ ਦਾ ਇੱਕ ਸੰਤੁਲਿਤ ਰੂਪ ਦਿਖਾਈ ਦਿੰਦਾ ਹੈ, ਪ੍ਰੰਤੂ ਉੱਤਰ ਭਾਰਤ ਦਾ ਪ੍ਰਭੁੱਤਵ ਥੋੜਾ ਜ਼ਿਆਦਾ ਪ੍ਰਤੀਤ ਹੁੰਦਾ ਹੈ। ਗੁਜਰਾਤ, ਰਾਜਸਥਾਨ, ਹਿਮਾਚਲ ਵਿੱਚ ਉੱਤਰੀ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਸ ਖੇਤਰ ਵਿੱਚ ਆਦਿਵਾਸੀ ਲੋਕ ਮੁੰਡਾਰੀ ਬੋਲਦੇ ਹਨ। ਦ੍ਰਵਿੜੀਅਨ ਭਾਸ਼ਾਵਾਂ ਸੰਸਕ੍ਰਿਤਿਕ ਭਾਸ਼ਾਵਾਂ ਦੇ ਨਾਲ ਮਿਸ਼ਰਿਤ ਰੂਪ ਵਿੱਚ ਪਾਈਆਂ ਜਾਂਦੀਆਂ ਹਨ। ਮਹਾਂਰਾਸ਼ਟਰ ਵਿੱਚ ਜਾਤੀ ਸੰਰਚਨਾ ਦੱਖਣ ਅਤੇ ਉੱਤਰ ਦੋਹਾਂ ਹੀ ਖੇਤਰਾਂ ਤੋਂ ਥੋੜੀ ਭਿੰਨ ਹੈ। ਮਰਾਠੀ ਅਤੇ ਕੁਨਬੀ ਦੋਵੇਂ ਮਿਲਾ ਕੇ ਕੁਲ ਜਨਸੰਖਿਆ ਦਾ ਲਗਭਗ 40% ਹੈ। ਮਰਾਠਿਆਂ ਦੀ ਸਥਿਤੀ ਉੱਚੀ ਮੰਨੀ ਜਾਂਦੀ ਹੈ, ਪ੍ਰੰਤੂ ਇੱਕ ਧਨੀ ਕੁਨਬੀ ਮਰਾਠਾ ਦੇ ਬਰਾਬਰ ਪ੍ਰਸਥਿਤੀ ਪ੍ਰਾਪਤ ਕਰ ਸਕਦਾ ਹੈ। ਦੋਵੇਂ ਹੀ ਸਮੂਹ ਆਪਣੇ ਆਪ ਨੂੰ ਖੱਤਰੀ ਕਹਿੰਦੇ ਹਨ। ਮਰਾਠਾ-ਕੁਨਬੀ ਮਿਸ਼ਰਿਤ ਸ਼ਾਸਕ ਵਰਗ ਰਿਹਾ ਹੈ। ਅੱਜ ਵੀ ਪਿੰਡਾਂ ਵਿੱਚ ਮੁਖੀਆ ਜਾਂ ਪਾਟਿਲ ਇੱਕ ਮਰਾਠਾ ਹੀ ਹੁੰਦਾ ਹੈ।

ਕੁਨਬੀ ਬਾਹਰੀਵਿਵਾਹਿਕ ਗੋਤਾਂ ਵਿੱਚ ਵਿਭਾਜਿਤ ਹੈ। ਕੁਝ ਵਿੱਚ ਭਾਬੀ ਵਿਆਹ ਦੀ ਪ੍ਰਥਾ ਹੈ, ਹੋਰ ਲੋਕਾਂ ਵਿੱਚ ਭੈਣ-ਭਰਾ ਸੰਤਤੀ ਵਿਆਹ ਨੂੰ ਨਿਸ਼ੇਧ ਸਮਝਿਆ ਜਾਂਦਾ ਹੈ, ਅਤੇ ਕੁਝ ਕੁਨਬੇ ਅਜਿਹੇ ਵੀ ਹਨ ਜਿਨਾਂ ਵਿੱਚ ਅਜਿਹੇ ਵਿਆਹਾਂ ਉੱਤੇ ਕੋਈ ਪ੍ਰਤੀਬੰਧ ਨਹੀਂ ਲਗਾਏ ਗਏ ਹਨ। ਕੇਂਦਰੀ ਮਹਾਂਰਾਸ਼ਟਰ ਵਿੱਚ ਅਨੁਲੋਮ ਅਤੇ ਗੋਤ-ਬਾਹਰੀ ਵਿਆਹ ਪਾਏ ਜਾਂਦੇ ਹਨ। ਦੱਖਣੀ ਮਹਾਂਰਾਸ਼ਟਰ ਵਿੱਚ ਭੈਣ-ਭਰਾ ਸੰਤਤੀ ਵਿਆਹ ਅਤੇ ਚਾਚਾ ਭਤੀਜੀ ਵਿਆਹ ਉਦਾਹਰਣ ਹਨ। ਮਰਾਠਿਆਂ ਦੀ ਗੋਤ ਵਿਵਸਥਾ ਰਾਜਪੂਤਾਂ ਨਾਲ ਮਿਲਦੀ ਜੁਲਦੀ ਹੈ। ਉਦਾਹਰਣ ਲਈ ਰਾਜਪੂਤਾਂ ਦੀ ਤਰਾਂ ਮਰਾਠੇ ਵੀ ਪੁਰਾਣਿਕ ਉਤਪਤੀ ਦਾ ਦਾਵਾ ਕਰਦੇ ਹਨ। ਰਾਜਪੂਤਾਂ ਦੀ ਤਰਾਂ ਹੀ ਮਰਾਠਿਆਂ ਦੇ ਨਾਂ ਵੀ ਰੱਖੇ ਜਾਂਦੇ ਹਨ। ਪ੍ਰੰਤੂ ਬਾਹਰੀ ਵਿਆਹ ਨਿਯਮ ਗੋਤ ਨਾਂ ਉੱਤੇ ਨਿਰਭਰ ਨਾ ਹੋ ਕੇ ਗੋਤ ਨਾਲ ਜੁੜੇ ਹੋਏ ਪ੍ਰਤੀਕ ਉੱਤੇ ਨਿਰਭਰ ਹੈ। ਇਸ ਪ੍ਰਤੀਕ ਨੂੰ "ਦੇਵਕ" ਕਹਿੰਦੇ ਹਨ। ਇੱਕ ਹੀ "ਦੇਵਕ" ਦੇ ਦੋ ਵਿਅਕਤੀਆਂ ਵਿੱਚ ਵਿਆਹ ਨਹੀਂ ਸਕਦਾ। ਵਿਆਹ ਵਿੱਚ ਗੋਤ ਅਤੇ ਦੇਵਕ ਦੋਵਾਂ ਦੀ ਹੀ ਮਹੱਤਵਪੂਰਣ ਭੂਮਿਕਾ ਹੈ।ਗੋਤ ਦੀ ਪ੍ਰਸਥਿਤੀ ਦਾ ਅਨੁਲੋਮ ਵਿਆਹ ਸੰਬੰਧਾਂ ਵਿੱਚ ਮਹੱਤਵਪੂਰਣ ਸਥਾਨ ਹੈ।

ਮਰਾਠਿਆਂ ਵਿੱਚ 96 ਗੋਤ ਹਨ। ਇਨਾਂ 96 ਗੋਤਾਂ ਵਿ ਗਤੀਸ਼ੀਲਤਾ ਅਤੇ ਪ੍ਰਸਥਿਤੀ ਦੇ ਸੰਕੇਂਦਰੀਵ੍ਰਿਤ ਪਾਏ ਜਾਂਦੇ ਹਨ। ਸਜਾਤੀ ਦ੍ਰਿਸ਼ਟੀ ਨਾਲ ਸਮਜਾਤੀਵਾਦ ਦਾ ਅਭਾਵ ਹੈ। "ਪੰਚਕੁਲ" ਅਰਥਾਤ ਪੰਜ ਗੋਤਾਂ ਦਾ ਝੁੰਡ ਪਾਇਆ ਜਾਂਦਾ ਹੈ। ਇਸੋ ਤੋਂ ਇਲਾਵਾ "ਸਪਤ ਗੋਤਰੀ" ਝੁੰਡ ਅਤੇ ਅਨੁਲੋਮਿਕ ਖੰਡ ਹੈ। ਸਮਾਨਾਂਤਰ ਚਚੇਰੇ-ਮੌਸੇਰੇ ਭਾਈ-ਭੈਣ ਵਿਆਹਾਂ ਉੱਤੇ ਪ੍ਰਤੀਬੰਧ ਹੈ। ਪਿਤਾ-ਪੱਖੀ ਭੈਣ-ਭਰਾ ਸੰਤਤੀ ਵਿਆਹਾਂ ਉੱਤੇ ਵੀ ਰੋਕ ਹੈ। ਮਾਤਾ-ਪੱਖੀ ਭੈਣ-ਭਰਾ ਸੰਤਤੀ ਵਿਆਹ ਨੂੰ ਪਹਿਲ ਦਿੱਤੀ ਜਾਂਦੀ ਹੈ। ਭੈਣਾਂ ਇੱਕ ਹੀ ਵਿਅਕਤੀ ਨਾਲ ਵਿਆਹ ਕਰ ਸਕਦੀਆਂ ਹਨ। ਭਾਈ ਆਮ ਤੌਰ ਤੇ ਦੋ ਭੈਣਾਂ ਨਾਲ ਵਿਆਹ ਕਰਨਾ ਟਾਲਦੇ ਹਨ। ਉੱਤਰੀ ਮਹਾਂਰਾਸ਼ਟਰ ਦੇ ਕੁਨਬੀਆਂ ਵਿੱਚ ਭਾਬੀ-ਵਿਆਹ ਦੀ ਪ੍ਰਥਾ ਹੈ। ਆਦਾਨ ਪ੍ਰਦਾਨ ਵਿਆਹ ਚੰਗੇ ਨਹੀਂ ਸਮਝੇ ਜਾਂਦੇ।

ਉੜੀਸਾ ਦੇ ਗੌੜ, ਉਰਾਂਵ ਅਤੇ ਕੌਂਧ ਆਦਿਵਾਸੀ ਲੋਕ ਦ੍ਰਵਿੜ ਭਾਸ਼ਾਵਾਂ ਬੋਲਦੇ ਹਨ।ਓਨਾਂ ਦੀ ਨਾਤੇਦਾਰੀ ਵਿਵਸਥਾ ਦੀ ਤੁਲਨਾ ਦ੍ਰਵਿੜ ਭਾਸ਼ੀ ਲੋਕਾਂ ਦੀ ਨਾਤੇਦਾਰੀ ਵਿਵਸਥਾ ਨਾਲ ਕੀਤੀ ਜਾ ਸਕਦੀ ਹੈ। ਮੁੰਡਾ, ਬੋਂਡੋ ਅਤੇ ਕੁਝ ਸਾਓਰਾ ਲੋਕ ਮੁੰਡਾਰੀ ਬੋਲਦੇ ਹਨ। ਉੜੀਸਾ ਵਿੱਚ ਬ੍ਰਾਹਮਣ ਸ਼ਾਇਦ ਉੱਤਰ ਪ੍ਰਦੇਸ਼, ਬਿਹਾਰ ਅਤੇ ਮੱਧ ਪ੍ਰਦੇਸ਼ ਤੋਂ ਆ ਕੇ ਵਸੇ ਹਨ। ਆਰਣਕ ਬ੍ਰਾਹਮਣਾਂ ਅਤੇ ਕਾਰਨਾਂ (ਕਾਯਸਥ) ਵਿੱਚ ਭੈਣ-ਭਰਾ ਸੰਤਤੀ ਵਿਆਹ ਵਰਜਿਤ ਹੈ। ਗਰੀਬ ਵਰਗਾਂ ਵਿੱਚ ਕਨਿਸ਼ਠ ਭਾਬੀ ਵਿਆਹ ਪ੍ਰਚਲਿਤ ਹੈ।

ਨੋਟ

## 5.2.7 ਦੱਖਣ ਭਾਰਤ ਵਿੱਚ ਨਾਤੇਦਾਰੀ

ਦੱਖਣ ਭਾਰਤ ਵਿੱਚ ਕਰਨਾਟਕ, ਆਂਧਰਾ ਪ੍ਰਦੇਸ਼, ਤਮਿਲਨਾਡੂ, ਕੇਰਲ ਅਤੇ ਮਿਸ਼ਰਿਤ ਭਾਸ਼ਾਵਾਂ ਅਤੇ ਸਮੁਦਾਵਾਂ ਦੇ ਪੰਜ ਖੇਤਰ ਹਨ। ਦੱਖਣ ਖੇਤਰ ਵਿੱਚ ਨਾਤੇਦਾਰੀ ਵਿਵਸਥਾ ਅਤੇ ਪਰਿਵਾਰ ਸੰਰਚਨਾ ਦਾ ਬਹੁਤ ਜਟਿਲ ਸਰੂਪ ਹੈ। ਪਿਤ੍ਰਵੰਸ਼ੀ ਅਤੇ ਪਿਤ੍ਰਸਥਾਨਿਕ ਵਿਵਸਥਾਵਾਂ ਪ੍ਰਭਾਵੀ ਹਨ। ਪ੍ਰੰਤੂ ਕੁਝ ਸਮੁਦਾਵਾਂ ਵਿੱਚ ਮਾਤ੍ਰਵੰਸ਼ੀ ਅਤੇ ਮਾਤ੍ਰਸਥਾਨਿਕ ਵਿਵਸਥਾਵਾਂ ਪਾਈਆਂ ਜਾਂਦੀਆਂ ਹਨ, ਅਤੇ ਓਨਾਂ ਵਿੱਚ ਦੋਵੇਂ ਪ੍ਰਕਾਰ ਦੇ ਨਾਤੇਦਾਰੀ ਸੰਗਠਨ ਪਾਏ ਜਾਂਦੇ ਹਨ। ਕੁਝ ਜਾਤੀਆਂ ਵਿੱਚ ਬਹੁ-ਵਿਆਹ ਦੀ ਪ੍ਰਥਾ ਵੀ ਹੈ। ਇਨਾਂ ਵਿੱਚੋਂ ਕੁਝ ਵਿੱਚ ਬਹੁ-ਪਤਨੀ ਅਤੇ ਬਹੁ-ਪਤੀ ਦੋਹਾਂ ਤਰਾਂ ਦੇ ਵਿਆਹਾਂ ਦੀ ਪ੍ਰਥਾ ਹੈ। ਕਰਨਾਟਕ, ਆਂਧਰਾ ਪ੍ਰਦੇਸ਼, ਤਮਿਲਨਾਡੂ ਅਤੇ ਮਾਲਾਬਾਰ ਦੀਆਂ ਕੁਝ ਜਾਤੀਆਂ ਵਿੱਚ ਉੱਤਰ ਭਾਰਤ ਦੀ ਤਰਾਂ ਪਿਤ੍ਰਵੰਸ਼ੀ ਅਤੇ ਪਿਤ੍ਰਸਥਾਨਿਕ ਸੰਯੁਕਤ ਪਰਿਵਾਰ ਪਾਏ ਜਾਂਦੇ ਹਨ।

ਨਾਇਰ, ਤਿਆਨ, ਮਾਲਾਬਾਰ ਖੇਤਰ ਦੇ ਕੁਝ ਮੋਪਲਾ ਅਤੇ ਕਨਾਰਾ ਜਿਲੇ ਦੇ ਬੈਂਟ ਸਮੁਦਾਵਾਂ ਵਿੱਚ ਮਾਤ੍ਰਵੰਸ਼ੀ ਅਤੇ ਮਾਤ੍ਰਸਥਾਨਿਕ ਪਰਿਵਾਰ ਪਾਏ ਜਾਂਦੇ ਹਨ। ਇਸੇ ਨੂੰ *ਥਾਰਵਾੜ* ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਥਾਰਵਾੜ ਵਿੱਚ ਇੱਕ ਔਰਤ, ਇਸ ਦੇ ਭਾਈ ਅਤੇ ਭੈਣਾਂ, ਉਸ ਦੇ ਆਪਣੇ ਅਤੇ ਉਸ ਦੀਆਂ ਭੈਣਾਂ ਦੇ ਪੁੱਤਰ ਅਤੇ ਪੁੱਤਰੀਆਂ ਰਹਿੰਦੇ ਹਨ। ਥਾਰਵਾੜ ਵਿੱਚ ਕੋਈ ਵੀ ਵਿਵਾਹਿਕ ਸੰਬੰਧੀ ਨਹੀਂ ਰਹਿੰਦਾ ਹੈ। ਕੁਝ ਰਕਤ ਸੰਬੰਧੀਆਂ ਨੂੰ ਵੀ ਨਹੀਂ ਰੱਖਿਆ ਜਾਂਦਾ। ਮਰਦ ਮੈਂਬਰਾਂ ਦੀ ਸੰਤਾਨ ਨਹੀਂ ਰਹਿੰਦੀ। ਥਾਰਵਾੜ ਵਿੱਚ ਪਤੀ-ਪਤਨੀ, ਪਿਤਾ-ਪੁੱਤਰ ਸੰਬੰਧ ਨਹੀਂ ਹੁੰਦੇ ਹਨ।

ਉੱਤਰ ਭਾਰਤ ਦੀ ਤਰਾਂ ਦੱਖਣ ਖੇਤਰ ਵਿੱਚ ਜਾਤੀ ਅੰਤਰ ਵਿਆਹ ਅਤੇ ਗੋਤ ਬਾਹਰੀ ਵਿਆਹ ਦੇ ਨਿਯਮ ਨਹੀਂ ਹੁੰਦੇ ਹਨ। ਇਸ ਨੂੰ ਕਰਨਾਟਕ ਵਿੱਚ ਬੇਰਾਗ੍ਰ ਜਾਂ ਬੇਦਾਗਾ ਜਾਂ *ਬਾਲੀ* ਕਿਹਾ ਜਾਂਦਾ ਹੈ। ਨੀਲਗਿਰੀ ਦੇ ਕੋਟਾ ਇਸ ਨੂੰ *ਕੇਰੀ* ਕੋਤਾਈ ਵੇਲਾਲ ਕਿਲਈ, ਕੋਇਆ *ਗੋਤਾ* ਅਤੇ ਕੁਰੂਬ ਲੋਕ ਗੁਨਪੂ ਕਹਿੰਦੇ ਹਨ। ਕੁਝ ਤੇਲਗੂ ਲੋਕ ਇਸ ਨੂੰ *ਇੰਤੀ-ਪੇਖ* ਅਤੇ ਮਲਿਆਲੀ *ਇੱਲਮ* ਦੇ ਨਾਂ ਨਾਲ ਸੰਬੋਧਿਤ ਕਰਦੇ ਹਨ। ਟ੍ਰਾਵਣਕੋਰ ਵਿੱਚ ਗੋਤ ਦਾ ਨਾਂ ਵੇਲੀ ਹੈ। ਗੋਤ ਸ਼ਬਦ ਦਾ ਉਪਯੋਗ ਵੀ ਬਹੁਤ ਲੋਕ ਕਰਦੇ ਹਨ। ਗੋਤਾਂ ਦੇ ਲਈ ਮੁੱਖ ਪ੍ਰਤੀਕ ਚਾਂਦੀ, ਸੋਨਾ, ਕੁਲਹਾੜੀ, ਹਾਥੀ, ਸੱਪ, ਚਮੇਲੀ, ਪੱਥਰ ਆਦਿ ਨੂੰ ਮੰਨਦੇ ਹਨ।

ਉੱਤਰੀ ਖੇਤਰ ਵਿੱਚ ਪਿੰਡ ਬਾਹਰੀ ਵਿਆਹ ਸਰਵ-ਸਵੀਕ੍ਰਿਤ ਮਰਨਕ ਹਨ। ਪ੍ਰੰਤੂ ਦੱਖਣ ਖੇਤਰ ਵਿੱਚ ਇੱਕ ਹੀ ਪਿੰਡ ਵਿੱਚ ਅੰਤਰਵਿਵਾਹਿਕ ਗੋਤ ਦੇ ਲੋਕ ਰਹਿੰਦੇ ਹਨ। ਗੌੜ ਸਮੁਦਾਏ ਵਿੱਚ ਪਿੰਡ ਬਾਹਰੀ ਵਿਆਹ ਨਿਯਮ ਦਾ ਪਾਲਣ ਨਹੀਂ ਕੀਤਾ ਜਾਂਦਾ। ਕੇਵਲ ਗੋਤ ਬਾਹਰੀ ਵਿਆਹ ਜਾਂ ਇੱਲਮ ਜਾਂ ਵੇਰੀ ਦਾ ਹੀ ਸਿਧਾਂਤ ਪਾਇਆ ਜਾਂਦਾ ਹੈ। ਉੱਤਰ ਭਾਰਤ ਦੀ ਤਰਾਂ ਇੱਕ ਜਾਤੀ ਕਈ ਬਾਹਰੀਵਿਵਾਹਿਕ ਗੋਤਾਂ ਵਿੱਚ ਵਿਭਾਜਿਤ ਹੈ। ਅੰਤਰਗੋਤ ਵਿਆਹਾਂ ਦੁਆਰਾ ਸਭ ਗੋਤਾਂ ਦਾ ਸਮਾਵੇਸ਼ ਨਹੀਂ ਹੋ ਪਾਓਂਦਾ ਹੈ। ਇੱਕ ਅੰਤਰਵਿਵਾਹਿਕ ਜਾਤੀ ਦੇ ਅੰਦਰ ਛੋਟੇ ਛੋਟੇ ਅੰਤਰਵਿਵਾਹਿਕ ਇਕਾਈਆਂ ਦੇ ਚੱਕਰ ਬਣੇ ਹੁੰਦੇ ਹਨ। ਇਨਾਂ ਚੱਕਰਾਂ ਦੇ ਕੁਝ ਪਰਿਵਾਰਾਂ ਵਿੱਚ ਹੀ ਆਮ ਤੌਰ ਤੇ ਵਿਆਹ ਦੁਆਰਾ ਪੁੱਤਰੀਆਂ ਦਾ ਆਦਾਨ-ਪ੍ਰਦਾਨ ਹੁੰਦਾ ਹੈ।

ਦੱਖਣ ਖੇਤਰ ਦੀਆਂ ਆਪਣੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਹਨ ਜੋ ਉੱਤਰੀ ਭਾਰਤ ਤੋਂ ਭਿੰਨ ਹਨ। ਦੱਖਣ ਭਾਰਤ ਵਿੱਚ ਵੱਡੀ ਭੈਣ ਦੀ ਧੀ, ਭੂਆ ਦੀ ਧੀ ਅਤੇ ਮਾਮੇ ਦੀ ਧੀ ਨਾਲ ਵਿਆਹਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਅਧਿਮਾਣਕ ਵਿਆਹਾਂ ਦੀ ਇਸ ਪ੍ਰਥਾ ਦਾ ਮੁੱਖ ਉਦੇਸ਼ "ਗੋਤ" ਦੀ ਏਕਤਾ ਅਤੇ ਏਕਾਤਮਕਤਾ ਅਤੇ ਇੱਕ ਹੀ ਪੀੜੀ ਦੇ ਲੋਕਾਂ ਵਿੱਚ ਵਿਆਹ ਦੁਆਰਾ ਬੇਟੀਆਂ ਦੇ ਆਦਾਨ-ਪ੍ਰਦਾਨ ਦੇ ਸਿਧਾਂਤ ਨੂੰ ਬਣਾ ਕੇ ਰੱਖਣ ਦਾ ਹੈ। ਪ੍ਰੰਤੂ ਛੋਟੀ ਭੈਣ ਦੀ ਧੀ, ਭਾਬੀ ਵਿਆਹ ਅਤੇ ਮਾਂ ਦੀ ਭੈਣ ਦੀ ਧੀ ਨਾਲ ਵਿਆਹ ਕਰਨਾ ਨਿਸ਼ੇਧ ਮੰਨਿਆ ਜਾਂਦਾ ਹੈ। ਮਾਮਾ-ਭਾਣਜੀ ਵਿਅਹਾਂ ਅਤੇ ਭੈਣ-ਭਰਾ ਸੰਤਤੀ ਵਿਆਹਾਂ ਦੁਆਰਾ ਦੁਹਰੇ ਸੰਬੰਧਾਂ ਦੀ ਉਤਪਤੀ ਹੁੰਦੀ ਹੈ ਜਿਸ ਵਿੱਚ ਇੱਕ ਫੁਫੇਰੀ ਜਾਂ ਮਮੇਰੀ ਭੈਣ ਪਤਨੀ ਵੀ ਹੋ ਸਕਦੀ ਹੈ, ਅਤੇ ਵਿਆਹ ਤੋਂ ਬਾਅਦ ਇੱਕ ਫੁਫੇਰੀ ਜਾਂ ਮਮੇਰੀ ਭੈਣ ਪਤਨੀ ਹੀ ਬਣ ਕੇ ਰਹਿੰਦੀ ਹੈ ਨਾ ਕਿ ਫਫੇਰੀ-ਮਮੇਰੀ ਭੈਣ।

ਦੱਖਣ ਅਤੇ ਉੱਤਰ ਭਾਰਤ ਦੀਆਂ ਨਾਤੇਦਾਰੀ ਵਿਵਸਥਾਵਾਂ ਦਾ ਤੁਲਨਾਤਮਕ ਦ੍ਰਿਸ਼ਟੀ ਨਾਲ ਵਿਸ਼ਲੇਸ਼ਣ ਕਰਦੇ ਹੋਏ ਅਸੀਂ ਇਹ ਕਹਿ ਸਕਦੇ ਹਾਂ ਕਿ ਦੱਖਣ ਵਿੱਚ ਜਨਮ ਦੇ ਪਰਿਵਾਰ ਅਤੇ ਵਿਆਹ ਦੇ ਪਰਿਵਾਰ ਦੇ ਵਿੱਚ ਕਿਸੇ ਪ੍ਰਕਾਰ ਦਾ ਵਿਭੇਦ ਨਹੀਂ ਹੈ, ਜਦੋਂ ਕਿ ਅਜਿਹਾ ਅੰਤਰ ਉੱਤਰ ਭਾਰਤ ਵਿੱਚ ਸਪਸ਼ਟ ਰੂਪ ਨਾਲ ਪਾਇਆ ਜਾਂਦਾ ਹੈ। ਉੱਤਰ ਵਿੱਚ ਰਕਤ ਸੰਬੰਧੀਆਂ ਅਤੇ ਵਿਵਾਹਿਕ ਸੰਬੰਧੀਆਂ ਨੂੰ ਸੰਬੋਧਨ ਲਈ ਭਿੰਨ ਭਿੰਨ ਸ਼ਬਦ ਸਾਫ ਤੌਰ ਤੇ ਪਾਏ ਜਾਂਦੇ ਹਨ। ਦੱਖਣ ਵਿੱਚ ਇਸ ਤਰਾਂ ਦਾ ਵਿਭੇਦ ਅਨੇਕ ਸ਼ਬਦਾਂ ਦੇ ਸੰਦਰਭ ਵਿੱਚ ਅਸਪਸ਼ਟ ਹੈ। ਉਦਾਹਰਣ ਲਈ ਉੱਤਰ ਭਾਰਤ ਵਿੱਚ ਪਿਤਾ ਦੀ ਭੈਣ ਦੇ ਪਤੀ ਲਈ ਫੁੱਫੜ ਅਤੇ ਪਿਤਾ ਦੀ ਭੈਣ ਲਈ ਬੂਆ, ਮਾਂ ਦੇ ਭਾਈ ਅਤੇ ਉਸ ਦੀ ਪਤਨੀ ਲਈ ਮਾਮਾ-ਮਾਮੀ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਦੋਂ ਕਿ ਦੱਖਣ ਵਿੱਚ ਬੂਆ ਅਤੇ ਮਾਮੀ ਦੋਹਾਂ ਲਈ *ਅੱਤਤਾਈ* ਦਾ ਉਪਯੋਗ ਕਰਦੇ ਹਨ। ਫੁੱਫੜ ਅਤੇ ਮਾਮਾ ਦੋਹਾਂ ਲਈ ਮਾਮਾ ਸ਼ਬਦ ਹੀ ਵਰਤਦੇ ਹਨ। ਉੱਤਰ ਭਾਰਤ ਵਿੱਚ ਵਿਸ਼ਾਲ ਪ੍ਰਜਣਨ ਪਰਿਵਾਰ ਅਤੇ ਵਿਸ਼ਾਲ ਵਿਵਾਹਿਕ ਪਰਿਵਾਰ ਦੋਵੇਂ ਹੀ ਅਲੱਗ ਅਲੱਗ ਪਾਏ ਜਾਂਦੇ ਹਨ। ਇਸ ਪ੍ਰਕਾਰ ਦਾ ਅੰਤਰ ਦੱਖਣ ਵਿੱਚ ਨਹੀਂ ਹੈ। ਦੱਖਣ ਵਿੱਚ ਵਿਵਾਹਿਕ ਸੰਬੰਧੀਆਂ ਲਈ ਵਿਸ਼ੇਸ਼ ਸ਼ਬਦਾਂ ਦਾ ਪ੍ਰਯੋਗ ਨਹੀਂ ਕਰਦੇ। ਦੱਖਣ ਵਿੱਚ ਦੋ ਅਨੁਕ੍ਰਮਿਕ ਪੀੜੀਆਂ ਵਿੱਚ ਓਹ ਸੰਬੰਧੀ ਰਹਿੰਦੇ ਹਨ।

ਨੋਟ

ਟਾਸਕ ਦੱਖਣ ਭਾਰਤ ਵਿੱਚ ਕਿਸ ਪ੍ਰਕਾਰ ਦੀ ਨਾਤੇਦਾਰੀ ਪਾਈ ਜਾਂਦੀ ਹੈ?

ਇਸ ਪ੍ਰਕਾਰ ਵਿਆਹ ਅਤੇ ਜਨਮ ਦੁਆਰਾ ਸੰਬੰਧਾਂ ਅਤੇ ਵਿਸ਼ੇਸ਼ ਕਰ ਕੇ ਵਿਭਿੰਨ ਪੀੜੀਆਂ ਵਿੱਚ ਬੰਧੁਜਨਾਂ ਦੇ ਵਿਵਸਥਾਪਨ ਦੇ ਸੰਦਰਭ ਵਿੱਚ ਦੱਖਣੀ ਅਤੇ ਉੱਤਰੀ ਬੰਧੁਤਵ ਵਿਵਸਥਾਵਾਂ ਵਿੱਚ ਅੰਤਰ ਪਾਇਆ ਜਾਂਦਾ ਹੈ। ਦੱਖਣੀ ਨਾਤੇਦਾਰੀ ਸ਼ਬਦਾਵਲੀ ਵਿੱਚ ਪੀੜੀ ਦੇ ਸਿਧਾਂਤ ਦੇ ਆਧਾਰ ਤੇ ਬੰਧੁਜਨਾਂ ਦਾ ਕਿਸੇ ਵੀ ਪ੍ਰਕਾਰ ਦਾ ਸਪਸ਼ਟ ਵਰਗੀਕਰਣ ਨਹੀਂ ਪਾਇਆ ਜਾਂਦਾ ਹੈ। ਪੀੜੀ ਨੂੰ ਧਿੱਆਨ ਵਿੱਚ ਰੱਖੇ ਬਿਨਾਂ ਦੱਖਣ ਵਿੱਚ ਆਪਣੇ ਤੋਂ ਵੱਡੇ ਜਾਂ ਛੋਟੇ ਹੋਣ ਦੇ ਆਧਾਰ ਤੇ ਸਭ ਸੰਬੰਧੀਆਂ ਦਾ ਵਿਵਸਥਾਪਨ ਕੀਤਾ ਜਾਂਦਾ ਹੈ। ਭਾਈਆਂ ਅਤੇ ਭੈਣਾਂ ਲਈ ਦ੍ਰਵਿੜੀਅਨ ਭਾਸ਼ਾਵਾਂ ਵਿੱਚ ਕੋਈ ਸ਼ਬਦ ਨਹੀਂ ਹਨ। ਪ੍ਰੰਤੂ ਛੋਟੇ ਅਤੇ ਵੱਡੇ ਭਾਈਆਂ ਅਤੇ ਭੈਣਾਂ ਲਈ ਸ਼ਬਦ ਹਨ। ਅਨੇਕ ਸ਼ਬਦ ਸਮਾਨ ਰੂਪ ਨਾਲ ਬੋਲੇ ਜਾਂਦੇ ਹਨ, ਜਿਵੇਂ (1) ਪਿਤਾ ਅਤੇ ਵੱਡੇ ਭਾਈ ਲਈ *ਅੱਨਾ, ਅੱਈਆ*, (2) ਮਾਂ ਅਤੇ ਵੱਡੀ ਭੈਣ ਲਈ ਆਈ, (3) ਛੋਟੇ ਭਾਈ ਅਤੇ ਪੁੱਤਰ ਲਈ *ਪਿਰਕਲ*, ਅਤੇ (4) ਛੋਟੀ ਭੈਣ ਅਤੇ ਪੁੱਤਰੀ ਲਈ *ਪਿੰਨਾਵਲ* ਦਾ ਉਪਯੋਗ ਕਰਦੇ ਹਨ। ਇਨਾਂ ਸ਼ਬਦਾਂ ਨਾਲ ਵੱਡੇ ਮੈਂਬਰਾਂ ਲਈ ਆਦਰ ਦਾ ਸੰਬੋਧਨ ਹੁੰਦਾ ਹੈ ਨਾ ਕਿ ਵਾਸਤਵਿਕ ਰਕਤ ਸੰਬੰਧਾਂ ਦਾ। ਸੰਦਰਭ ਬਿੰਦੂ ਅਹਿਮ ਹੈ- ਅਤੇ ਅਹਿਮ ਤੋਂ ਵੱਡੇ ਅਤੇ ਛੋਟੇ ਮੈਂਬਰ ਓਨਾਂ ਦੀ ਉਮਰ ਦੇ ਆਧਾਰ ਤੇ ਸ਼੍ਰੇਣੀਕ੍ਰਿਤ ਕੀਤੇ ਜਾਂਦੇ ਹਨ।

ਦੱਖਣੀ ਨਾਤੇਦਾਰੀ ਵਿਵਸਥਾ ਵਿੱਚ ਉਮਰ ਨਾ ਕਿ ਪੀੜੀ ਮੁੱਖ ਪਹਿਲੂ ਹੈ। ਵਿਆਹ *ਬਾਲੀ* ਜਾਂ *ਬੇਦਾਗਾ* ਜਾਂ *ਕਿਲਈ* ਬਾਹਰੀ ਵਿਆਹ ਬੰਧੂ ਸਮੂਹ ਤੋਂ ਬਾਹਰ ਹੁੰਦਾ ਹੈ। ਪੁੱਤਰੀਆਂ ਦਾ ਆਦਾਨ-ਪ੍ਰਦਾਨ (ਅਦਲ-ਬਦਲ) ਅਤੇ ਨਜ਼ਦੀਕ ਬੰਧੂਜਨਾਂ ਵਿੱਚ ਵਿਆਹ ਨੂੰ ਪਹਿਲ ਦਿੱਤੀ ਜਾਂਦੀ ਹੈ। ਵਿਆਹ ਦੇ ਨਿਯਮ ਇਸ ਤਰਾਂ ਹਨ: (1) ਆਪਣੇ ਹੀ ਗੋਤ ਦੇ ਮੈਂਬਰ ਨਾਲ ਵਿਆਹ ਕਰਨਾ ਜ਼ਰੂਰੀ ਹੈ, ਅਤੇ (2) ਇੱਕ ਲੜਕੀ ਦਾ ਵਿਆਹ ਆਪਣੇ ਤੋਂ ਵੱਡੇ ਸਮੂਹ ਦੇ ਵਿਅਕਤੀ ਨਾਲ ਹੋਣਾ ਚਾਹੀਦਾ ਹੈ, ਪ੍ਰੰਤੂ ਓਹ ਵਿਅਕਤੀ ਲੜਕੀ ਦੇ ਮਾਤਾ-ਪਿਤਾ ਤੋਂ ਛੋਟਾ ਵੀ ਹੋਣਾ ਚਾਹੀਦਾ ਹੈ।ਵੱਡੇ ਭੈਣ-ਭਰਾ ਸੰਤਤੀ ਅਤੇ ਲੜਕੀ ਦੀ ਮਾਂ ਦੇ ਛੋਟੇ ਭਾਈ (ਅਰਥਾਤ ਛੋਟਾ ਮਾਮਾ) ਨੂੰ ਪਹਿਲ ਦਿੱਤੀ ਜਾਂਦੀ ਹੈ। ਇੱਕ ਵਿਅਕਤੀ ਆਪਣੀ ਕਿਸੇ ਵੀ ਛੋਟੀ ਭੈਣ-ਭਰਾ ਸੰਤਤੀ ਅਤੇ ਆਪਣੀ ਵੱਡੀ ਭੈਣ ਦੀ ਪੁੱਤਰੀ ਨਾਲ ਵਿਆਹ ਕਰ ਸਕਦਾ ਹੈ। ਫਲਸਰੂਪ ਦੱਖਣ ਭਾਰਤ ਵਿੱਚ ਆਦਾਨ-ਪ੍ਰਦਾਨ ਸੰਬੰਧ ਅਤੇ ਓਨਾਂ ਨਾਲ ਸੰਬੰਧਿਤ ਨਾਤੇਦਾਰੀ ਸ਼ਬਦ ਪਾਏ ਜਾਂਦੇ ਹਨ। ਦੱਖਣ ਭਾਰਤੀ ਨਾਤੇਦਾਰੀ ਵਿਵਸਥਾ ਦੇ ਬਾਰੇ ਵਿੱਚ ਲੂਈ ਡਿਓਮੋ ਨੇ ਨਿਮਨ ਬਿੰਦੂਆਂ ਦਾ ਉਲੇਖ ਕੀਤਾ ਹੈ-

1. ਤਤਕਾਲ ਆਦਾਨ-ਪ੍ਰਦਾਨ ਦਾ ਸਿਧਾਂਤ
2. ਸਮਾਜਿਕ ਸਮੇਕਣ ਦੀ ਨੀਤੀ
3. ਇੱਕ ਸੰਕੁਚਿਤ ਖੇਤਰ ਵਿੱਚ ਬੰਧੂ ਸਮੂਹ ਦਾ ਗੁੱਛੀਕਰਣ
4. ਰਕਤ ਅਤੇ ਵਿਆਹ ਉੱਤੇ ਆਧਾਰਿਤ ਬੰਧੂਜਨਾਂ ਵਿੱਚ ਸਪਸ਼ਟ ਅੰਤਰ ਦਾ ਅਭਾਵ
5. ਸਮਾਜ ਵਿੱਚ ਔਰਤਾਂ ਲਈ ਅਧਿਕ ਸੁਤੰਤਰਤਾ

### 5.2.8 ਪੂਰਬੀ ਖੇਤਰ ਵਿੱਚ ਨਾਤੇਦਾਰੀ

ਹੋਰ ਖੇਤਰਾਂ ਦੀ ਤਰਾਂ ਪੂਰਬੀ ਖੇਤਰ ਭੂਗੋਲਿਕ ਦ੍ਰਿਸ਼ਟੀ ਨਾਲ ਸੰਨਿਹਿਤ ਨਹੀਂ ਹੈ। ਉੱਤਰੀ ਭਾਸ਼ਾਵਾਂ ਤੋਂ ਇਲਾਵਾ ਮੁੰਡਾਰੀ ਅਤੇ ਮੌਂਖਮੋਰ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ। ਇਸ ਖੇਤਰ ਵਿੱਚ ਕੋਰਕੂ, ਅਨਾਮੀ, ਸਕ, ਸੇਮਾਨਾਗਾ ਅਤੇ ਖਾਸੀ ਸਮੁਦਾਏ ਰਹਿੰਦੇ ਹਨ। ਹੋਰ ਆਸਟ੍ਰੋ-ਏਸ਼ਿਆਈ ਜਨਜਾਤੀਆਂ ਵੀ ਰਹਿੰਦੀਆਂ ਹਨ।

ਮੁੰਡਾਰੀ ਭਾਸ਼ਾਵਾਂ ਬੋਲਣ ਵਾਲੇ ਸਭ ਲੋਕਾਂ ਵਿੱਚ ਪਿਤ੍ਰਵੰਸ਼ੀ ਅਤੇ ਪਿਤ੍ਰਸਥਾਨਿਕ ਪਰਿਵਾਰ ਪਾਏ ਜਾਂਦੇ ਹਨ। ਹੋ ਅਤੇ ਸੰਥਾਲ ਲੋਕਾਂ ਵਿੱਚ ਭੈਣ-ਭਰਾ ਸੰਤਤੀ ਵਿਆਹ ਪ੍ਰਥਾ ਪਾਈ ਜਾਂਦੀ ਹੈ। ਪ੍ਰੰਤੂ ਜਦੋਂ ਤੱਕ ਬੂਆ ਜਾਂ ਮਾਮਾ ਜ਼ਿੰਦਾ ਹਨ ਓਹ ਲੋਕ ਓਨਾਂ ਦੀਆਂ ਪੁੱਤਰੀਆਂ ਨਾਲ ਵਿਆਹ ਨਹੀਂ ਕਰ ਸਕਦੇ। ਇਸ ਸ਼ਰਤ ਦੇ ਕਾਰਣ ਭੈਣ-ਭਰਾ ਸੰਤਤੀ ਵਿਆਹ ਨਾ ਦੇ ਬਰਾਬਰ ਹੋ ਜਾਂਦੇ ਹਨ। ਉਦਾਹਰਣ ਲਈ ਬੋਂਡੋ ਸਮੁਦਾਏ ਵਿੱਚ ਭੈਣ-ਭਰਾ ਸੰਤਤੀ ਵਿਆਹ ਉੱਤੇ ਰੋਕ ਨਹੀਂ ਹੈ, ਪ੍ਰੰਤੂ ਐਲਿਵਨ ਦੇ ਅਨੁਸਾਰ ਓਨਾਂ ਵਿੱਚ ਭੈਣ-ਭਰਾ ਸੰਤਤੀ ਵਿਆਹ ਦਾ ਉਦਾਹਰਣ ਮਿਲਦਾ ਹੈ। ਹੋ ਅਤੇ ਮੁੰਡਾ ਸਮੁਦਾਵਾਂ ਵਿੱਚ ਕੁਆਰਿਆਂ ਅਤੇ ਕੁਆਰੀਆਂ ਲਈ ਅਲੱਗ ਆਵਾਸ-ਘਰ ਹਨ ਜਿਨਾਂ ਨੂੰ ਘੋਟੁਲ ਕਿਹਾ ਜਾਂਦਾ ਹੈ ਅਤੇ ਓਨਾਂ ਵਿੱਚ ਵਿਆਹ ਤੋਂ ਪਹਿਲਾਂ ਯੌਨ ਸੰਬੰਧ ਸਥਾਪਿਤ ਹੋ ਜਾਂਦੇ ਹਨ। ਕਦੇ ਕਦੇ ਇਹ ਸੰਬੰਧ ਵਿਆਹਾਂ ਵਿੱਚ ਪਰਿਵਰਤਿਤ ਹੋ ਜਾਂਦੇ ਹਨ, ਪ੍ਰੰਤੂ ਬਹੁਤ ਵਾਰ ਵਿਆਹ ਆਵਾਸ ਘਰਾਂ ਦੇ ਦਿਨਾਂ ਦੇ ਸਾਥੀ ਤੋਂ ਭਿੰਨ ਹੁੰਦਾ ਹੈ। ਇਹ ਸਭ ਲੋਕ ਬਾਹਰੀਵਿਵਾਹਿਕ ਤੋਂ ਲੈ ਕੇ ਟੋਟੇਮਿਕ ਗੋਤਾਂ ਵਿੱਚ ਵਿਭਾਜਿਤ ਹਨ।

ਨੋਟ

ਇੱਕ ਵਿਅਕਤੀ ਨੂੰ ਆਪਣੇ ਗੋਤ ਤੋਂ ਬਾਹਰ ਅਤੇ ਨਜ਼ਦੀਕ ਸੰਬੰਧੀ ਜਿਵੇਂ ਪਹਿਲੇ ਭੈਣ-ਭਰਾ ਸੰਤਾਨਾਂ ਦੇ ਚੱਕਰ ਤੋਂ ਬਾਹਰ ਵਿਆਹ ਕਰਨਾ ਚਾਹੀਦਾ ਹੈ।

ਵਧੂ ਪ੍ਰਾਪਤੀ ਲਈ ਧਨ ਦਿੱਤਾ ਜਾਂਦਾ ਹੈ। ਲੜਕੀ ਦੇ ਪਿਤਾ ਦੇ ਘਰ ਵਿੱਚ ਹੋਣ ਵਾਲੇ ਦਾਮਾਦ ਦੁਆਰਾ ਸੇਵਾ ਨੂੰ ਵੀ ਵਧੂ ਮੁੱਲ ਸਮਝਿਆ ਜਾਂਦਾ ਹੈ। ਵਿਆਹ ਤੋਂ ਬਾਅਦ ਵਿਅਕਤੀ ਆਪਣਾ ਵੱਖ ਘਰ ਸਥਾਪਿਤ ਕਰ ਸਕਦਾ ਹੈ, ਪ੍ਰੰਤੂ ਆਪਣੇ ਨਵੇਂ ਘਰ ਵਿੱਚ ਛੋਟੇ ਭਾਈ ਜਾਂ ਵਿਧਵਾ ਮਾਂ ਨੂੰ ਵੀ ਰੱਖ ਸਕਦਾ ਹੈ। ਮੁੰਡਾਰੀ ਲੋਕਾਂ ਵਿੱਚ ਬਾਕੀ ਭਾਰਤ ਦੀ ਤਰਾਂ ਸੰਯੁਕਤ ਪਰਿਵਾਰ ਨਹੀਂ ਹੁੰਦੇ। ਪੂਰਵਜਾਂ ਦੀ ਪੂਜਾ ਅਤੇ ਨਿਵਾਸ ਸਥਾਨ ਦੁਆਰਾ ਓਹ ਪਿਤ੍ਰ-ਗੋਤ ਸੰਬੰਧਾਂ ਨੂੰ ਬਣਾ ਕੇ ਰੱਖਦੇ ਹਨ। ਇੱਕ ਦੂਜੇ ਦੀ ਮਦਦ ਕਰਦੇ ਹਨ, ਪ੍ਰੰਤੂ ਸੁਤੰਤਰ ਜੀਵਨ-ਯਾਪਣ ਕਰਦੇ ਹਨ।

ਅਸਾਮ ਦੇ ਖਾਸੀ ਗੋਂਖੇਮੇਰ ਭਾਸ਼ਾ ਬੋਲਦੇ ਹਨ, ਅਤੇ ਨਾਇਰ ਲੋਕਾਂ ਦੀ ਤਰਾਂ ਓਹ ਮਾਤ੍ਰਵੰਸ਼ੀ ਹਨ। ਪ੍ਰੰਤੂ ਓਨਾਂ ਤੋਂ ਕਾਫੀ ਭਿੰਨ ਹਨ। ਨਾਇਰ ਵਿੱਚ ਸੰਯੁਕਤ ਪਰਿਵਾਰ ਹੁੰਦਾ ਹੈ ਅਤੇ ਪਤੀ ਕੇਵਲ ਬਾਹਰੀ ਮੁਲਾਕਾਤੀ ਹੁੰਦਾ ਹੈ। ਖਾਸੀ ਸਮੁਦਾਏ ਵਿੱਚ ਆਮ ਪੂਜਾ ਅਤੇ ਆਮ ਸ਼ਮਸ਼ਾਨ ਘਾਟ ਦੇ ਨਾਲ ਸੰਯੁਕਤ ਪਰਿਵਾਰ ਵੀ ਹਨ, ਪ੍ਰੰਤੂ ਪਤੀ ਅਤੇ ਪਤਨੀ ਆਪਣੇ ਛੋਟੇ ਘਰ ਵਿੱਚ ਰਹਿੰਦੇ ਹਨ। ਜੇਕਰ ਸੰਬੰਧੀ ਨਹੀਂ ਹਨ ਤਾਂ ਮੌਤ ਤੋਂ ਬਾਅਦ ਸੰਪਤੀ ਮਾਂ ਜਾਂ ਸਭ ਤੋਂ ਛੋਟੀ ਭੈਣ ਨੂੰ ਪ੍ਰਾਪਤ ਹੁੰਦੀ ਹੈ। ਜੇਕਰ ਵਿਧਵਾ ਪੁਨਰ-ਵਿਆਹ ਨਹੀਂ ਕਰਦੀ ਹੈ ਤਾਂ ਉਸ ਨੂੰ ਅੱਧੀ ਸੰਪਤੀ ਮਿਲਦੀ ਹੈ। ਪਿਤਾ ਪਰਿਵਾਰ ਵਿੱਚ ਇੱਕ ਮਰਦ ਦੀ ਸਥਿਤੀ ਹਿੰਦੂ ਵਧੂ ਦੇ ਸਮਾਨ ਹੁੰਦੀ ਹੈ ਪ੍ਰੰਤੂ ਦੋਹਾਂ ਵਿੱਚ ਅੰਤਰ ਹੈ ਕਿਓਂਕਿ ਹਿੰਦੂ ਵਧੂ ਨੂੰ ਉਸ ਦੇ ਪਤੀ ਦੇ ਪਰਿਵਾਰ ਵਿੱਚ ਮੈਂਬਰ ਦੇ ਰੂਪ ਵਿੱਚ ਸ਼ਾਮਿਲ ਕਰ ਲਿਆ ਜਾਂਦਾ ਹੈ। ਜਦੋਂ ਕਿ ਖਾਸੀ ਸਮੁਦਾਏ ਵਿੱਚ ਪਤੀ ਨੂੰ ਅਜਨਬੀ ਸਮਝਿਆ ਜਾਂਦਾ ਹੈ। ਔਰਤ ਨੂੰ ਬਹੁਤ ਸੁਤੰਤਰਤਾ ਪ੍ਰਾਪਤ ਹੈ। ਤਲਾਕ ਦੇ ਬੱਚੇ ਵੀ ਉਸੇ ਨੂੰ ਸੌਂਪੇ ਜਾਂਦੇ ਹਨ। ਖਾਸੀ ਸਮੁਦਾਏ ਵਿੱਚ ਗੋਤ-ਬਾਹਰੀ-ਵਿਆਹ ਹੈ। ਚਚੇਰੇ-ਮੌਸੇਰੇ ਭਾਈ ਭੈਣਾਂ ਵਿੱਚ ਵਿਆਹ ਵਰਜਿਤ ਹੈ। ਭੈਣ-ਭਰਾ ਸੰਤਤੀ ਵਿਆਹ ਵੀ ਬਹੁਤ ਘੱਟ ਹੁੰਦੇ ਹਨ।

ਚਾਹੇ ਅਸੀਂ ਭਾਰਤ ਵਿੱਚ ਨਾਤੇਦਾਰੀ ਵਿਵਸਥਾ ਦਾ ਇੱਕ ਛੋਟਾ ਜਿਹਾ ਨਕਸ਼ਾ ਖਿੱਚਿਆ ਹੈ, ਫਿਰ ਵੀ ਨਾਤੇਦਾਰੀ ਵਿਵਸਥਾਵਾਂ ਵਿੱਚ ਸੰਬੰਧਿਤ ਮੁੱਲਾਂ ਅਤੇ ਮਾਣਕਾਂ ਦੀ ਕਠੋਰਤਾ ਅਤੇ ਲਚੀਲੇਪਣ ਦਾ ਸਾਨੂੰ ਆਭਾਸ ਹੋਇਆ ਹੈ। ਤਲਾਕ, ਵਿਧਵਾ ਪੁਨਰ ਵਿਆਹ, ਅਗਮਗਮਨ ਨਿਸ਼ੇਧਾਂ, ਜਾਤੀ ਅੰਤਰਵਿਆਹ ਗੋਤਬਾਹਰੀ ਵਿਆਹ, ਪਰਿਹਾਰ ਦਾ ਨਿਯਮ, ਪਰਿਵਾਰ ਸੰਰਚਨਾ, ਵੰਸ਼ਾਵਲੀ, ਨਿਵਾਸ ਸਥਾਨ ਦੀਆਂ ਵਿਵਸਥਾਵਾਂ, ਸੱਤਾ ਵਿਵਸਥਾ, ਉੱਤਰਾਧਿਕਾਰ ਅਤੇ ਸੰਪਤੀ ਦੇ ਹਸਤਾਂਤਰਣ ਆਦਿ ਦੇ ਬਾਰੇ ਵਿੱਚ ਕਠੋਰਤਾ ਅਤੇ ਲਚੀਲੇਪਣ ਨਾਲ ਨਾਲ ਦਿਖਾਈ ਦਿੰਦੇ ਹਨ। ਪ੍ਰੰਤੂ ਨਾਤੇਦਾਰੀ ਇੱਕ ਪਾਸੇ ਤਾਂ ਸਮਾਜਿਕ ਸੰਗਠਨ ਅਤੇ ਜੁਟਾਵ ਦਾ ਮੂਲ ਸਿਧਾਂਤ ਬਣੀ ਹੋਈ ਹੈ ਅਤੇ ਦੂਜੇ ਪਾਸੇ ਨਾਤੇਦਾਰੀ ਦੇ ਕਾਰਣ ਵਿਭਾਜਨ ਹੋਰ ਫੁੱਟ ਕੇ ਉੱਭਰ ਆਓਂਦੇ ਹਨ। ਇਹ ਇੱਕ ਜਟਿਲ ਪ੍ਰਘਟਕ ਹੈ, ਅਤੇ ਇਸ ਦੀ ਭੂਮਿਕਾ ਆਧੁਨਿਕ ਸੰਗਠਨਾਂ ਵਿੱਚ ਵੀ ਦੇਖਣ ਨੂੰ ਮਿਲਦੀ ਹੈ।

ਉਮਰ, ਲਿੰਗ, ਨਾਤੇਦਾਰੀ, ਪ੍ਰਸਥਿਤੀ, ਸਿੱਖਿਆ, ਕਾਰੋਬਾਰੀ ਪ੍ਰਸਥਿਤੀ, ਕਾਰਜ-ਸਥਾਨ, ਪਦ ਜਾਂ ਸ਼ਕਤੀ , ਵਿਵਾਹਿਕ ਸੰਬੰਧੀਆਂ ਦੀ ਪ੍ਰਸਥਿਤੀ ਆਦਿ ਦੇ ਆਧਾਰ ਉੱਤੇ ਪਰਿਵਾਰ ਵਿਵਿਧ ਅਤੇ ਸਥਿਤੀ ਨੂੰ ਕਾਨੂੰਨੀ ਦ੍ਰਿਸ਼ਟੀ ਨਾਲ ਨਹੀਂ ਸਮਝ ਸਕਦੇ। ਵਿਸ਼ਾਲ ਸੰਯੁਕਤ ਪਰਿਵਾਰ ਆਪਣੇ ਆਪ ਵਿੱਚ ਇੱਕ ਛੋਟਾ ਸੰਸਾਰ ਹੈ ਅਤੇ ਪਰਿਵਾਰ ਵਿੱਚ ਵਿਸ਼ਾਲ ਸਮਾਜਿਕ ਵਿਵਸਥਾ ਦੀ ਸੰਘਟਕ ਇਕਾਈ ਹੋਣ ਦੇ ਕਾਰਣ ਸਮਾਜ ਦਾ ਭਾਵ ਪਰਿਲੱਖਿਅਤ ਹੁੰਦਾ ਹੈ। ਪਰਿਵਾਰ ਵਿੱਚ ਵਿਵਿਧ ਅਤੇ ਗਤੀਸ਼ੀਲ ਸੰਬੰਧਾਂ ਤੋਂ ਇਲਾਵਾ ਪਰਿਵਾਰ ਸੰਰਚਨਾ, ਆਦਰ ਅਤੇ ਹੋਰ ਸਦਾਚਾਰ ਦੇ ਮਾਣਕਾਂ, ਪਰਿਵਾਰ ਦੇ ਪ੍ਰਧਾਨ ਦੀ ਸੱਤਾ, ਹੋਰ ਮੈਂਬਰਾਂ ਦੇ ਅਧਿਕਾਰ ਅਤੇ ਕਰਤੱਵ, ਆਮ ਅਤੇ ਵਿਸ਼ੇਸ਼ ਕਾਰਜਾਂ ਨੂੰ ਪੂਰਾ ਕਰਨਾ ਆਦਿ ਕੁਝ ਹੋਰ ਗੱਲਾਂ ਨੂੰ ਸਮਝਣਾ ਵੀ ਜ਼ਰੂਰੀ ਹੈ। ਸੰਯੁਕਤ ਪਰਿਵਾਰ ਦੇ ਅਨੁਪਾਤਾਂ ਵਿੱਚ ਖੇਤਰੀ ਵਿਭੇਦ ਵੀ ਪਾਏ ਜਾਂਦੇ ਹਨ। ਉੱਚ ਸਿੱਖਿਆ, ਉੱਚ ਮੱਧ ਜਾਤੀਆਂ ਵਿੱਚ ਜ਼ਿਆਦਾ ਪਾਈ ਜਾਂਦੀ ਹੈ, ਸੰਯੁਕਤ ਪਰਿਵਾਰ ਵੀ ਨਿਮਨ ਜਾਤੀ ਅਤੇ ਵਰਗ ਦੇ ਲੋਕਾਂ ਦੀ ਤੁਲਨਾ ਵਿੱਚ ਉੱਚ ਜਾਤੀਆਂ ਅਤੇ ਵਰਗਾਂ ਵਿੱਚ ਜ਼ਿਆਦਾ ਪਾਏ ਜਾਂਦੇ ਹਨ। ਕਾਰਜਾਤਮਕ ਦ੍ਰਿਸ਼ਟੀ ਨਾਲ ਸੰਯੁਕਤਤਾ, ਨਿਕਟਤਮ ਬੰਧੂਜਨਾਂ ਵਿੱਚ ਜ਼ਿੰਮੇਦਾਰੀਆਂ ਦੀ ਇੱਕ ਸੰਰਚਨਾ ਮਾਤਰ ਹੈ।

## ਸਵ-ਮੁੱਲਾਂਕਣ (Self Assessment)

1. **ਸਹੀ ਵਿਕਲਪ ਚੁਣੋ (Choose the correct option) –**

   (*i*) ਪਰਿਵਾਰ ਵਿੱਚ ਸ਼ਾਮਿਲ ਕੀਤਾ ਗਿਆ ਹੈ–

   (*a*) ਇੱਕ ਮਰਦ ਨੂੰ (*b*) ਪਤਨੀ ਨੂੰ

   (*c*) ਅਵਿਵਾਹਿਤ ਸੰਤਾਨ ਨੂੰ (*d*) ਉਪਰੋਕਤ ਸਾਰੇ ।

   (*ii*) ਕਿਸ ਸਮਾਜਸ਼ਾਸਤਰੀ ਨੇ ਨਾਤੇਦਾਰੀ ਦੇ ਅਧਿਐਨ ਵਿੱਚ ਵਿਅਕਤੀਆਂ ਅਤੇ ਸਮੂਹਾਂ ਵਿੱਚ ਆਪਸੀ ਸੰਬੰਧਾਂ ਉੱਤੇ ਬਲ ਦਿੱਤਾ ਹੈ–

   (*a*) ਮੇਅਰ ਫੋਰਟੇਸ (*b*) ਲੇਵੀ-ਸਟਾਉੱਸ

   (*c*) ਇੰਵਾਸ ਪ੍ਰਿਚਰਡ (*d*) ਉਪਰੋਕਤ ਸਾਰੇ।

(*iii*) ਕਿੱਥੇ ਗੋਤ-ਬਾਹਰੀ ਵਿਆਹ ਅਤੇ ਜਾਤੀ ਅੰਤਰ ਵਿਆਹ ਹੁੰਦੇ ਹਨ–

(*a*) ਉੱਤਰ ਭਾਰਤ ਵਿੱਚ (*b*) ਭਾਰਤ ਵਿੱਚ

(*c*) ਦੱਖਣ ਭਾਰਤ ਵਿੱਚ (*d*) ਉਪਰੋਕਤ ਸਾਰੇ।

(*iv*) ਭਾਰਤ ਵਿੱਚ ਨਾਤੇਦਾਰੀ ਵਿਵਸਥਾ ਨੂੰ ਸਮਝਣ ਲਈ ਭਾਸ਼ਾਈ ਖੇਤਰਾਂ ਵਿੱਚ ਜਾਤੀ ਅਤੇ ਪਰਿਵਾਰ ਨੂੰ ਬਹੁਤ ਜ਼ਿਆਦਾ ਮਹੱਤਵਪੂਰਣ ਦੱਸਿਆ ਹੈ–

(*a*) ਕਰਵੇ ਨੇ (*b*) ਕਾਪੜੀਆ ਨੇ

(*c*) ਆਈ. ਪੀ. ਦੇਸਾਈ ਨੇ (*d*) ਓਪਰੋਕਤ ਸਾਰੇ।

(*v*) ਬਾਹਰੀਵਿਵਾਹਿਕ ਗੋਤਾਂ ਵਿੱਚ ਵਿਭਾਜਿਤ ਹਨ–

(*a*) ਗੁਜਰਾਤੀ (*b*) ਮਰਾਠੀ

(*c*) ਕੁਨਬੀ (*d*) ਉਪਰੋਕਤ ਸਾਰੇ।

(*vi*) ਕਿੱਥੋਂ ਦੇ ਲੋਕ ਗੋਂਖਮੇਰ ਭਾਸ਼ਾ ਬੋਲਦੇ ਹਨ, ਅਤੇ ਨਾਇਰ ਲੋਕਾਂ ਦੀ ਤਰਾਂ ਓਹ ਮਾਤ੍ਰਵੰਸ਼ੀ ਹਨ–

(*a*) ਅਸਾਮ ਦੇ (*b*) ਭਾਰਤ ਦੇ

(*c*) ਕਰਨਾਟਕ ਦੇ (*d*) ਉਪਰੋਕਤ ਸਾਰੇ।

## 5.3 ਸਾਰ ਅੰਸ਼ (Summary)

- ਭਾਰਤ ਵਿੱਚ ਪਰਿਵਾਰ ਇੱਕ ਮਹੱਤਵਪੂਰਣ ਸੰਸਥਾ ਅਤੇ ਆਗੂ ਪ੍ਰਾਰਥਮਿਕ ਸਮੂਹ ਰਿਹਾ ਹੈ ਕਿਓਂਕਿ ਇੱਕ ਪਾਸੇ ਤਾਂ ਪਰਿਵਾਰ ਪਿਤਰਤੰਤਰਾਤਮਕ ਸੱਤਾ ਦਾ ਸਹਾਰਾ ਰਿਹਾ ਹੈ, ਅਤੇ ਦੂਜੇ ਪਾਸੇ ਪਰਿਵਾਰ ਹਰ ਮੈਂਬਰ (ਔਰਤ ਸਹਿਤ) ਦੇ ਸੰਪਤੀ ਦੇ ਅਧਿਕਾਰ ਦਾ ਰੱਖਿਅਕ ਰਿਹਾ ਹੈ। ਭਾਰਤੀ ਸਮਾਜ ਵਿੱਚ ਅਨੇਕ ਵਿਸਤ੍ਰਿਤ ਪਰਿਵਰਤਨਾਂ ਦੇ ਬਾਵਜੂਦ, ਸਮੂਹਿਕਵਾਦ ਅਤੇ ਵਿਅਕਤੀਵਾਦ ਦੇ ਮਿਸ਼ਰਣ ਬਣੇ ਰਹਿਣ ਦੇ ਕਾਰਣ ਹਿੰਦੂ ਪਰਿਵਾਰ ਅੰਸ਼ਿਕ ਤੌਰ ਤੇ ਸੰਰਚਨਾਤਮਕ ਅਤੇ ਮੁੱਖ ਤੌਰ ਤੇ ਪ੍ਰਕ੍ਰਿਆਤਮਕ ਰੂਪ ਵਿੱਚ ਸੰਯੁਕਤ ਬਣਿਆ ਹੋਇਆ ਹੈ, ਅਤੇ ਪੱਛਮੀ ਦੇਸ਼ਾਂ ਦੀ ਤਰਾਂ ਭਾਰਤੀ ਪਰਿਵਾਰ ਵਿਘਟਿਤ ਹੋ ਕੇ ਏਕਾਕੀ ਪਰਿਵਾਰਾਂ ਵਿੱਚ ਰੂਪਾਂਤਰਿਤ ਨਹੀਂ ਹੋਇਆ ਹੈ।
- ਨਾਤੇਦਾਰੀ ਵਿਵਸਥਾ ਦਾ ਸਥਾਨ ਅਰਥਾਤ ਜਿਸ ਢੰਗ ਨਾਲ ਵਿਅਕਤੀਆਂ ਅਤੇ ਸਮੂਹਾਂ ਵਿਚਕਾਰ ਸੰਬੰਧਾਂ ਨੂੰ ਆਯੋਜਿਤ ਕੀਤਾ ਜਾਂਦਾ ਹੈ, ਸਭ ਮਾਨਵ ਸਮਾਜਾਂ ਵਿੱਚ ਪ੍ਰਮੁੱਖ ਹੈ। ਰੈਡਕਲਿਫ ਬ੍ਰਾਊਨ ਨੇ ਨਾਤੇਦਾਰੀ ਵਿਵਸਥਾ ਦੇ ਅੰਤਰਗਤ ਅਧਿਕਾਰਾਂ ਅਤੇ ਜ਼ਿੰਮੇਦਾਰੀਆਂ ਦੇ ਅਧਿਐਨ ਉੱਤੇ ਬਲ ਦਿੱਤਾ ਅਤੇ ਇਸ ਨੂੰ (ਨਾਤੇਦਾਰੀ) ਸਮਾਜਿਕ ਸੰਰਚਨਾ ਦੇ ਅੰਗ ਦੇ ਰੂਪ ਵਿੱਚ ਦੇਖਿਆ।
- ਭਾਰਤ ਵਿੱਚ ਨਾਤੇਦਾਰੀ ਦੀ ਵਿਆਖਿਆ ਅੰਤਰ-ਪਰਿਵਾਰਿਕ ਅਤੇ ਬਾਹਰੀ ਪਰਿਵਾਰਿਕ ਸਤਰਾਂ ਉੱਤੇ ਵੱਖ-ਵੱਖ ਅਤੇ ਨਾਤੇ ਦਾਰੀ ਅਤੇ ਪਰਿਵਾਰ ਦੇ ਅਭਿਬੰਧ ਦੇ ਸੰਦਰਭ ਵਿੱਚ ਕੀਤੀ ਜਾ ਸਕਦੀ ਹੈ। ਇਸ ਲਈ ਪਰਿਵਾਰਿਕ ਨਾਤੇਦਾਰੀ ਵਿੱਚ "ਪ੍ਰਾਰਥਮਿਕ ਸੰਬੰਧੀਆਂ" ਨੂੰ ਸ਼ਾਮਿਲ ਕੀਤਾ ਜਾਂਦਾ ਹੈ।
- ਭਾਰਤ ਵਿੱਚ ਨਾਤੇਦਾਰੀ ਵਿਵਸਥਾ ਨੂੰ ਸਮਝਣ ਲਈ ਕਰਵੇ ਨੇ ਭਾਸ਼ਾਈ ਖੇਤਰਾਂ ਵਿੱਚ ਜਾਤੀ ਅਤੇ ਪਰਿਵਾਰ ਨੂੰ ਬਹੁਤ ਮਹੱਤਵਪੂਰਣ ਆਧਾਰ ਦੱਸਿਆ ਹੈ। ਭਾਸ਼ਾਈ ਜਾਤੀ ਅਤੇ ਪਰਿਵਾਰ ਵਿਵਸਥਾਵਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਪੂਰੇ ਦੇਸ਼ ਨੂੰ ਕਰਵੇ ਨੇ ਉੱਤਰੀ, ਕੇਂਦਰੀ, ਦੱਖਣੀ ਅਤੇ ਪੂਰਬੀ ਖੇਤਰਾਂ ਵਿੱਚ ਵਿਭਾਜਿਤ ਕੀਤਾ ਹੈ।
- ਉੱਤਰ ਭਾਰਤ ਵਿੱਚ ਦੋ ਤਰਾਂ ਦੇ ਨਾਤੇਦਾਰੀ ਸ਼ਬਦ ਹਨ- (1) ਰਕਤ ਸੰਬੰਧੀਆਂ ਲਈ ਸ਼ਬਦ, ਅਤੇ (2) ਵਿਆਹ ਸੰਬੰਧੀਆਂ ਲਈ ਸ਼ਬਦ। ਤਿੰਨ ਪੀੜੀ ਤੱਕ ਦੇ ਨਿਕਟਤਮ ਸੰਬੰਧੀਆਂ ਲਈ ਪ੍ਰਾਰਥਮਿਕ ਸ਼ਬਦ ਹਨ ਅਤੇ ਇੱਕ ਪੀੜੀ ਦੇ ਲੋਕਾਂ ਦੇ ਸ਼ਬਦ ਹੋਰ ਪੀੜੀ ਦੇ ਲੋਕਾਂ ਲਈ ਬਦਲੇ ਨਹੀਂ ਜਾ ਸਕਦੇ। ਹੋਰ ਸਭ ਸ਼ਬਦ ਪ੍ਰਾਰਥਮਿਕ ਸ਼ਬਦਾਂ ਤੋਂ ਬਣਾਏ ਜਾਂਦੇ ਹਨ।

## 5.4 ਸ਼ਬਦਕੋਸ਼ (Keywords)

- ਨਾਇਰ – ਦੱਖਣ ਭਾਰਤੀ ਜਾਤੀ ਦਾ ਉਪਨਾਮ
- ਸਹੋਦਰ – ਇੱਕ ਹੀ ਗਰਭ ਤੋਂ ਉਤਪੰਨ

ਨੋਟ

## 5.5 ਅਭਿਆਸ ਪ੍ਰਸ਼ਨ (Review Questions)

1. ਨਾਤੇਦਾਰੀ ਦੀ ਵਿਆਖਿਆ ਕਰੋ ਅਤੇ ਓਨਾਂ ਦੀਆਂ ਸ਼੍ਰੇਣੀਆਂ ਦੱਸੋ।
2. ਹਿੰਦੂਆਂ ਵਿੱਚ ਪਰਿਵਾਰ ਅਤੇ ਨਾਤੇਦਾਰੀ ਦੀ ਵਿਆਖਿਆ ਕਰੋ।
3. ਉੱਤਰ ਅਤੇ ਦੱਖਣ ਭਾਰਤ ਦੀਆਂ ਨਾਤੇਦਾਰੀ ਵਿਵਸਥਾਵਾਂ ਦੇ ਵਿੱਚ ਸਮਾਨਤਾਵਾਂ ਅਤੇ ਵਿਭੇਦਾਂ ਉੱਤੇ ਪ੍ਰਕਾਸ਼ ਪਾਓ।
4. ਭਾਰਤ ਵਿੱਚ ਕਿਸ ਪ੍ਰਕਾਰ ਦੀ ਨਾਤੇਦਾਰੀ ਪਾਈ ਜਾਂਦੀ ਹੈ? ਸਮੀਖਿਆ ਕਰੋ।
5. ਨਿਮਨਲਿਖਿਤ ਉੱਤੇ ਟਿੱਪਣੀ ਲਿਖੋ–

   (*i*) ਨਾਤੇਦਾਰੀ    (*ii*) ਕੇਂਦਰੀ ਭਾਰਤ ਵਿੱਚ ਨਾਤੇਦਾਰੀ

**ਉੱਤਰ : ਸਵ-ਮੁੱਲਾਂਕਣ (Answers: Self Assessment)**

(*i*) (*d*)    (*ii*) (*a*)    (*iii*) (*b*)    (*iv*) (*a*)    (*v*) (*c*)    (*vi*) (*a*)

## 5.6 ਸੰਦਰਭ ਪੁਸਤਕਾਂ (Further Readings)

ਬੁਕਸ

1. ਸ਼ੁਕਰੀ, ਅਹਿਮਦ, ਮੁਹੰਮਡਨ ਲਾ ਓਫ ਮੈਰਿਜ ਐਂਡ ਡਿਵੋਰਸ, 1917
2. ਕੇ. ਐਮ. ਕਪਾੜੀਆ, ਮੈਰਿਜ ਐਂਡ ਫੈਮਿਲੀ ਇਨ ਇੰਡੀਆ, ਆਕਸਫੋਰਡ ਯੂਨੀਵਰਸਿਟੀ ਪ੍ਰੈਸ ਦਿੱਲੀ, 1972
3. ਕਾਸ਼ੀ ਪ੍ਰਸਾਦ ਸਕਸੇਨਾ, ਮੁਸਲਿਮ ਵਿਆਹ, 1959

ਨੋਟ

# ਇਕਾਈ-6: ਭਾਰਤ ਵਿੱਚ ਜਾਤੀ ਵਿਵਸਥਾ
# (Caste System in India)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
6.1 ਜਾਤੀ ਵਿਵਸਥਾ ਦੀਆਂ ਵਿਸ਼ੇਸ਼ਤਾਵਾਂ (Characteristics of Caste System)
6.2 ਭਾਰਤ ਵਿੱਚ ਜਾਤੀ ਦਾ ਪ੍ਰਭਾਵਸ਼ਾਲੀ ਖੇਤਰ (Power dimensions of Caste in India)
6.3 ਪ੍ਰਬਲ ਜਾਤੀ (Dominant Caste)
6.4 ਅੰਤਰਜਾਤੀ ਸੰਬੰਧ (Inter-Caste Relations)
6.5 ਸਾਰ ਅੰਸ਼ (Summary)
6.6 ਸ਼ਬਦਕੋਸ਼ (Keywords)
6.7 ਅਭਿਆਸ-ਪ੍ਰਸ਼ਨ (Review Questions)
6.8 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਜਾਤੀ ਵਿਵਸਥਾ ਦੀਆਂ ਵਿਸ਼ੇਸ਼ਤਾਵਾਂ ਅਤੇ ਉਸ ਦੇ ਪ੍ਰਭਾਵਸ਼ਾਲੀ ਖੇਤਰ ਨੂੰ ਜਾਣਨ ਵਿੱਚ।
- ਪ੍ਰਬਲ ਜਾਤੀ, ਅੰਤਰਜਾਤੀ ਸੰਬੰਧ ਦੀ ਵਿਆਖਿਆ ਕਰਣ ਵਿੱਚ

## ਜਾਣਕਾਰੀ (Introduction)

ਭਾਰਤ ਵਿੱਚ ਜਾਤੀ ਵਿਵਸਥਾ ਦਾ ਅਧਿਐਨ ਤਿੰਨ ਪਰਿਪੱਖਾਂ ਵਿੱਚ ਕੀਤਾ ਗਿਆ ਹੈ: ਭਾਰਤਸ਼ਾਸਤਰੀ (Indological), ਸਮਾਜ-ਮਾਨਵਸ਼ਾਸਤਰੀ (socio-anthropological) ਅਤੇ ਸਮਾਜ-ਸ਼ਾਸਤਰੀ (sociological)। ਭਾਰਤਸ਼ਾਸਤਰੀਆਂ ਨੇ ਜਾਤੀ ਦਾ ਅਧਿਐਨ ਧਰਮ ਗ੍ਰੰਥੀ (scriptual) ਦ੍ਰਿਸ਼ਟੀਕੋਣ ਨਾਲ ਕੀਤਾ ਹੈ, ਸਮਾਜ ਮਾਨਵਸ਼ਾਸਤਰੀਆਂ ਨੇ ਸੰਸੰਕ੍ਰਿਤਿਕ ਦ੍ਰਿਸ਼ਟੀਕੋਣ ਨਾਲ ਕੀਤਾ ਹੈ ਅਤੇ ਸਮਾਜਸ਼ਾਸਤਰੀਆਂ ਨੇ ਸਤਰੀਕਰਣ ਦੇ ਦ੍ਰਿਸ਼ਟੀਕੋਣ ਨਾਲ ਕੀਤਾ ਹੈ।

ਭਾਰਤਸ਼ਾਸਤਰੀ ਪਰਿਪੱਖ ਵਿੱਚ ਭਾਰਤਸ਼ਾਸਤਰੀਆਂ ਨੇ ਜਾਤੀ ਪ੍ਰਥਾ ਦੀ ਉਤਪਤੀ, ਉਦੇਸ਼ ਅਤੇ ਇਸ ਦੇ ਭਵਿੱਖ ਦੇ ਵਿਸ਼ੇ ਵਿੱਚ ਧਰਮਗ੍ਰੰਥਾਂ ਦਾ ਸਹਾਰਾ ਲਿਆ ਹੈ। ਓਨਾਂ ਦਾ ਮੰਨਣਾ ਹੈ ਕਿ "ਵਰਣ" ਦੀ ਉਤਪਤੀ ਵਿਰਾਟ ਪੁਰਸ਼ ਬ੍ਰਹਮਾ ਦੁਆਰਾ ਹੋਈ ਹੈ ਅਤੇ ਜਾਤੀਆਂ ਇਸੇ ਵਰਣ ਵਿਵਸਥਾ ਦੇ ਅੰਦਰ ਖੰਡਤ (fissioned) ਇਕਾਈਆਂ ਹਨ ਜਿਨਾਂ ਦਾ ਵਿਕਾਸ ਅਨੁਲੋਮ ਅਤ ਪ੍ਰਤੀਲੋਮ ਵਿਆਹ ਪ੍ਰਥਾਵਾਂ ਦੇ ਫਲਸਰੂਪ ਹੋਇਆ। ਇਨਾਂ ਇਕਾਈਆਂ ਜਾਂ ਜਾਤੀਆਂ ਨੂੰ ਵਰਣ ਵਿਵਸਥਾ ਦੇ ਅੰਤਰਗਤ ਇੱਕ ਦੂਜੇ ਦੇ ਸੰਬੰਧ ਵਿੱਚ ਆਪਣਾ ਆਪਣਾ ਦਰਜਾ (rank) ਪ੍ਰਾਪਤ ਹੋਇਆ। ਚਾਰ ਵਰਣਾਂ ਦੁਆਰਾ ਕੀਤੇ ਜਾਣ ਵਾਲੇ ਧਾਰਮਿਕ ਕਾਰਜ ਅਤੇ ਸੰਸਕਾਰ (rituals) ਸਤਰੀਕ੍ਰਿਤ (statusbound) ਹਨ ਜਿਨਾਂ ਦਾ ਉਲੇਖ ਈ. ਸੀ. 800 ਸਾਲ ਪੂਰਬ ਰਚਿਤ ਪੁਸਤਕ "ਬ੍ਰਾਹਮਣ" ਵਿੱਚ ਮਿਲਦਾ ਹੈ, ਜਦੋਂ ਕਿ ਹਰ ਜਾਤੀ ਪਾਲਣ ਕੀਤੇ ਜਾਣ ਵਾਲੇ ਰੀਤੀ ਰਿਵਾਜਾਂ ਅਤੇ ਨਿਯਮਾਂ ਦਾ ਸਪਸ਼ਟ ਉਲੇਖ "ਸਮ੍ਰਿਤੀਆਂ" ਵਿੱਚ ਮਿਲਦਾ ਹੈ। ਕਾਲਾਂਤਰ ਵਿੱਚ ਜਾਤੀ ਸੰਬੰਧਾਂ ਨੂੰ ਖੇਤਰ, ਭਾਸ਼ਾ ਅਤੇ ਮਤਾਂ ਵਿੱਚ ਅੰਤਰ ਨੇ ਵੀ ਪ੍ਰਭਾਵਿਤ ਕੀਤਾ ਹੈ। ਭਾਰਤਸ਼ਾਸਤਰੀਆਂ ਦੇ ਅਨੁਸਾਰ ਜਾਤੀ ਦੀ ਉਤਪਤੀ ਦਾ ਉਦੇਸ਼ ਮਿਹਨਤ ਦਾ ਵਿਭਾਜਨ ਕਰਨਾ ਸੀ। ਜਿਵੇਂ ਜਿਵੇਂ ਲੋਕਾਂ ਨੇ ਸਮਾਜ ਵਿੱਚ ਚਾਰ ਸਮੂਹਾਂ ਜਾਂ ਕ੍ਰਮਾਂ ਅਤੇ ਵਰਗਾਂ ਵਿੱਚ ਵਿਭਾਜਨ ਸਵੀਕਾਰ ਕਰਨਾ ਸ਼ੁਰੂ ਕੀਤਾ, ਓਹ ਅਧਿਕ ਕਠੋਰ ਹੁੰਦੇ ਗਏ ਅਤੇ ਜਾਤੀ ਦੀ ਸਦੱਸਤਾ ਅਤੇ ਕਾਰੋਬਾਰ ਵੰਸ਼ਾਨੁਗਤ ਹੁੰਦੇ ਗਏ। ਸਮਾਜਿਕ ਵਿਵਸਥਾ ਵਿੱਚ ਬ੍ਰਾਹਮਣਾਂ ਨੂੰ ਸਰਵਸ਼੍ਰੇਸ਼ਠ ਸਥਾਨ ਦਿੱਤਾ ਗਿਆ ਕਿਓਂਕਿ ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬ੍ਰਾਹਮਣਾਂ ਨੂੰ ਨਿਯਮਾਂ ਦੀ ਵਿਆਖਿਆ ਕਰਣ ਅਤੇ ਓਨਾਂ ਨੂੰ ਲਾਗੂ ਕਰਵਾਓਣ ਦਾ ਦੈਵੀ-ਅਧਿਕਾਰ (divine right) ਪ੍ਰਾਪਤ ਹੈ। ਇਸ ਪ੍ਰਕਾਰ ਜਾਤੀ ਵਿਵਸਥਾ ਵਿੱਚ ਕਠੋਰਤਾ ਦਾ ਸਮਾਵੇਸ਼ "ਕਰਮ"/ (ਕਾਰਜ) ਅਤੇ "ਧਰਮ" / (ਕਰਤੱਵ ਅਤੇ ਜ਼ਿੰਮੇਦਾਰੀ) ਵਿੱਚ ਵਿਸ਼ਵਾਸ ਦੇ ਕਾਰਣ ਹੁੰਦਾ ਗਿਆ

ਨੋਟ

ਜਿਸ ਤੋਂ ਸਪਸ਼ਟ ਹੈ ਕਿ ਜਾਤੀ ਰੂੜੀਆਂ, ਪਰੰਪਰਾਵਾਂ ਅਤੇ ਨਿਯਮਾਂ (dogmas) ਵਿੱਚ ਵਿਸ਼ਵਾਸ ਦੇ ਪਿੱਛੇ ਧਰਮ ਹੀ ਨਿਸ਼ਚਿਤ ਰੂਪ ਨਾਲ ਪ੍ਰੇਰਕ ਸ਼ਕਤੀ ਰਿਹਾ ਹੈ। ਜਾਤੀ ਦੇ ਭਵਿੱਖ ਦੇ ਵਿਸ਼ੇ ਵਿੱਚ ਭਾਰਸ਼ਾਸਤਰੀ ਮੰਨਦੇ ਹਨ ਕਿ ਕਿਉਂਕਿ ਜਾਤੀਆਂ ਦੈਵੀ ਰਚਨਾ ਹਨ, ਇਸ ਲਈ ਇਨਾਂ ਦਾ ਅਸਤਿੱਤਵ ਬਣਿਆ ਰਹੇਗਾ।

ਹੱਟਨ, ਰਿਜ਼ਲੇ, ਹੋਬੇਲ, ਕ੍ਰੋਬਰ ਆਦਿ ਸਮਾਜਿਕ ਮਾਨਵਸ਼ਾਸਤਰੀਆਂ ਨੇ ਸੰਸਕ੍ਰਿਤਿਕ ਦ੍ਰਿਸ਼ਟੀਕੋਣ ਨੂੰ ਚਾਰ ਦਿਸ਼ਾਵਾਂ ਵਿੱਚ ਸਪਸ਼ਟ ਕੀਤਾ ਹੈ: ਸੰਗਠਨਾਤਮਕ (Organisation), ਸੰਰਚਨਾਤਮਕ (Structural), ਸੰਸਥਾਤਮਕ (Institutional) ਅਤੇ ਸੰਬੰਧਾਤਮਕ (Relational)। ਹੱਟਨ ਆਦਿ ਦੀ ਸੰਗਠਨਾਤਮਕ ਅਤੇ ਸੰਰਚਨਾਤਮਕ ਵਿਚਾਰਧਾਰਾ ਦੇ ਅਨੁਸਾਰ ਜਾਤੀ ਪ੍ਰਥਾ ਕੇਵਲ ਭਾਰਤ ਵਿੱਚ ਹੀ ਪਾਈ ਜਾਣ ਵਾਲੀ ਅਦੁੱਤੀ ਵਿਵਸਥਾ ਹੈ। ਦੋਹਾਂ ਵਿਚਾਰਾਂ (ਸੰਗਠਨਾਤਮਕ ਅਤੇ ਸੰਰਚਨਾਤਮਕ) ਵਿੱਚ ਅੰਤਰ ਕੇਵਲ ਏਨਾ ਹੈ ਕਿ ਪਹਿਲਾ ਵਿਚਾਰ ਜਾਤੀ ਵਿਵਸਥਾ ਦੀ ਉਤਪਤੀ ਉੱਤੇ ਕੇਂਦਰਿਤ ਹੈ ਅਤੇ ਦੂਜਾ ਵਿਚਾਰ ਜਾਤੀ ਵਿਵਸਥਾ ਦੇ ਵਿਕਾਸ ਅਤੇ ਸੰਰਚਨਾ ਵਿੱਚ ਆਉਣ ਵਾਲੇ ਪਰਿਵਰਤਨ ਦੀਆਂ ਪ੍ਰਕ੍ਰਿਆਵਾਂ ਨਾਲ ਸੰਬੰਧਿਤ ਹੈ। ਰਿਜ਼ਲੇ ਅਤੇ ਕ੍ਰੋਬਰ ਜਿਹੇ ਵਿਦਵਾਨਾਂ ਦਾ ਸੰਸਥਾਤਮਕ ਦ੍ਰਿਸ਼ਟੀਕੋਣ ਜਾਤੀ ਨੂੰ ਕੇਵਲ ਭਾਰਤ ਦੇ ਪ੍ਰਸੰਗ ਵਿੱਚ ਹੀ ਅਨੁਕੂਲ ਨਹੀਂ ਮੰਨਦਾ, ਬਲਕਿ ਪ੍ਰਾਚੀਨ ਮਿਸਰ, ਮੱਧਕਾਲੀਨ ਯੂਰਪ ਅਤੇ ਵਰਤਮਾਨ ਦੱਖਣ ਸੰਯੁਕਤ ਰਾਜ ਅਮਰੀਕਾ ਵਿੱਚ ਵੀ ਇਸ ਨੂੰ ਅਨੁਕੂਲ ਮੰਨਦਾ ਹੈ। ਸੰਬੰਧਾਤਮਕ ਦ੍ਰਿਸ਼ਟੀਕੋਣ ਵਾਲੇ ਵਿਦਵਾਨਾਂ ਦਾ ਮੰਨਣਾ ਹੈ ਕਿ ਜਾਤੀ ਜਿਹੀਆਂ ਸਥਿਤੀਆਂ ਸੈਨਾ, ਵਪਾਰ-ਪ੍ਰਬੰਧ, ਫੈਕਟਰੀ ਆਦਿ ਵਿੱਚ ਵੀ ਪਾਈਆਂ ਜਾਂਦੀਆਂ ਹਨ ਅਤੇ ਸਮਾਜ ਵਿੱਚ ਜਾਤੀ ਵਿਵਸਥਾ ਦੀ ਉਪਸਥਿਤੀ ਜਾਂ ਅਣ-ਉਪਸਥਿਤੀ ਸਮੂਹਾਂ ਵਿੱਚ ਗਤੀਸ਼ੀਲਤਾ ਦੀ ਉਪਸਥਿਤੀ ਜਾਂ ਅਣ-ਉਪਸਥਿਤੀ ਨਾਲ ਸੰਬੰਧਿਤ ਹੁੰਦੀ ਹੈ। ਜੇਕਰ ਗਤੀਸ਼ੀਲਤਾ ਆਮ ਹੋਵੇਗੀ ਤਾਂ ਜਾਤੀ ਵਿਵਸਥਾ ਨਹੀਂ ਹੋਵੇਗੀ ਪ੍ਰੰਤੂ ਜੇਕਰ ਇਸ ਵਿੱਚ ਰੁਕਾਵਟ ਹੋਵੇ ਤਾਂ ਜਾਤੀ ਵਿਵਸਥਾ ਹੁੰਦੀ ਹੈ।

## 6.1 ਜਾਤੀ ਵਿਵਸਥਾ ਦੀਆਂ ਵਿਸ਼ੇਸ਼ਤਾਵਾਂ (Characteristics of Caste System)

ਜਾਤੀ ਦੀ ਸੰਰਚਨਾ ਦਾ ਅਧਿਐਨ ਇਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦੇ ਵਿਸ਼ਲੇਸ਼ਣ ਦੁਆਰਾ ਕੀਤਾ ਜਾ ਸਕਦਾ ਹੈ। ਬੂਗਲ ਨੇ ਜਾਤੀ ਦੇ ਤਿੰਨ ਤੱਤ ਦੱਸੇ ਹਨ: ਵੰਸ਼ਾਨੁਗਤ ਵਿਸ਼ੇਸ਼ੱਗਤਾ, ਸ਼੍ਰੇਣੀਬੱਧਤਾ ਅਤੇ ਆਕਰਸ਼ਕ ਅਤੇ ਵਿਰੋਧ; ਹੋਕਾਰਟ ਨੇ ਧਾਰਮਿਕ ਕ੍ਰਿਆ-ਕਲਾਪਾਂ ਦੀ ਪਵਿੱਤਰਤਾ ਅਤੇ ਅਪਵਿੱਤਰਤਾ ਉੱਤੇ ਬਲ ਦਿੱਤਾ ਹੈ, ਜਦੋਂ ਕਿ ਰਿਜ਼ਲੇ ਨੇ ਅੰਤਰ-ਵਿਆਹ (endogamy) ਅਤੇ ਵੰਸ਼ਾਨੁਗਤ ਪੇਸ਼ੇ (occupation) ਉੱਤੇ ਬਲ ਦਿੱਤਾ ਹੈ। ਘੁਰੇ, ਕੇਲਕਰ, ਐਨ. ਕੇ. ਦੱਤ ਆਦਿ ਨੇ ਵੀ ਇਨਾਂ ਵਿਸ਼ੇਸ਼ਤਾਵਾਂ ਵੱਲ ਸੰਕੇਤ ਕੀਤਾ ਹੈ। ਇਨਾਂ ਵਿਸ਼ੇਸ਼ਤਾਵਾਂ ਨੂੰ ਦੱਸਦੇ ਹੋਏ ਇਨਾਂ ਸਭ ਵਿਦਵਾਨਾਂ ਨੇ ਜਾਤੀ ਨੂੰ ਇੱਕ ਇਕਾਈ ਅਤੇ ਇੱਕ ਵਿਵਸਥਾ ਦੇ ਰੂਪ ਵਿੱਚ ਅੰਤਰ ਨਹੀਂ ਕੀਤਾ ਹੈ। ਇਸ ਅੰਤਰ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਮੰਨਿਆ ਜਾ ਸਕਦਾ ਹੈ ਕਿ ਇੱਕ ਇਕਾਈ ਦੇ ਰੂਪ ਵਿੱਚ ਜਾਤੀ ਦੀਆਂ ਇਹ ਵਿਸ਼ੇਸ਼ਤਾਵਾਂ ਹਨ: ਵੰਸ਼ਾਨੁਗਤ ਸਦੱਸਤਾ, ਅੰਤਰਵਿਆਹ, ਨਿਸ਼ਚਿਤ ਕਾਰੋਬਾਰ ਅਤੇ ਜਾਤੀ ਸਮਿਤੀਆਂ, ਜਦੋਂ ਕਿ ਵਿਵਸਥਾ ਦੇ ਰੂਪ ਵਿੱਚ ਜਾਤੀ ਦੀਆਂ ਵਿਸ਼ੇਸ਼ਤਾਵਾਂ ਹਨ: ਸ਼੍ਰੇਣੀਕ੍ਰਮ, ਖਾਣ-ਪਾਉਣ ਉੱਤੇ ਪ੍ਰਤੀਬੰਧ ਅਤੇ ਸਰੀਰਿਕ ਅਤੇ ਸਮਾਜਿਕ ਦੂਰੀਆਂ ਉੱਤੇ ਪ੍ਰਤੀਬੰਧ। ਅਸੀਂ ਜਾਤੀ ਦੀਆਂ ਇਨਾਂ ਵਿਵਸਥਾਵਾਂ ਅਤੇ ਇਕਾਈਆਂ ਦਾ ਵੱਖ ਵੱਖ ਵਿਵੇਚਨ ਕਰਾਂਗੇ।

### 6.1.1 ਵਿਵਸਥਾ ਦੇ ਰੂਪ ਵਿੱਚ ਜਾਤੀ ਦੀਆਂ ਵਿਸ਼ੇਸ਼ਤਾਵਾਂ

**(ਅ) ਜਨਮ ਉੱਤੇ ਆਧਾਰਿਤ ਸ਼੍ਰੇਣੀਕ੍ਰਮ (Hierarchy based on birth)**–ਕਿਸੇ ਵੀ ਦੋ ਜਾਤੀਆਂ ਦੀ ਇੱਕ ਸਮਾਨ ਸਥਿਤੀ ਨਹੀਂ ਹੁੰਦੀ। ਇੱਕ ਜਾਤੀ ਦਾ ਦੂਜੀ ਜਾਤੀ ਨਾਲ ਸੰਬੰਧ ਦਾ ਸਤਰ ਉੱਚਾ ਜਾਂ ਨੀਵਾਂ ਹੁੰਦਾ ਹੈ। ਜਾਤੀ ਸ਼੍ਰੇਣੀਕ੍ਰਮ ਵਿਵਸਥਾ ਵਿੱਚ ਹਰ ਜਾਤੀ ਦਾ ਨਿਸ਼ਚਿਤ ਜਾਂ ਅਨੁਮਾਨਿਤ ਸਤਰ ਜਾਂ ਪ੍ਰਸਥਿਤੀ ਦਾ ਨਿਰਧਾਰਣ ਕਰਨਾ ਜੇਕਰ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਸ਼੍ਰੇਣੀਕ੍ਰਮ ਦੇ ਨਿਰਧਾਰਣ ਵਿੱਚ ਦੋ ਤਰੀਕੇ ਅਪਣਾਏ ਗਏ ਹਨ: ਅਵਲੋਕਨ ਵਿਧੀ ਅਤੇ ਮਤ-ਮੁੱਲਾਂਕਣ ਵਿਧੀ। ਅਵਲੋਕਣ ਵਿਧੀ ਵਿੱਚ ਜਾਤੀ ਦੀ ਪ੍ਰਸਥਿਤੀ ਨਿਰਧਾਰਣ ਦੇ ਲਈ ਜਾਂ ਤਾਂ ਸੰਕੇਤਨਾਤਮਕ (attributional) ਵਿਧੀ ਜਾਂ ਅੰਤਰਕ੍ਰਿਆਤਮਕ (interactional) ਵਿਧੀ ਪ੍ਰਯੋਗ ਕੀਤੀ ਗਈ ਹੈ। ਸੰਕੇਤਨਾਤਮਕ ਵਿਧੀ ਜਾਤੀ ਦੀ ਪ੍ਰਸਥਿਤੀ ਦਾ ਨਿਰਧਾਰਣ ਉਸ ਦੇ ਵਿਵਹਾਰ ਤੋਂ ਕਰਦੀ ਹੈ; ਉਦਾਹਰਣ ਲਈ ਅਪਮਾਨਜਨਕ ਕਾਰੋਬਾਰ ਕਰਨਾ, ਇਸ ਦੀਆਂ ਪ੍ਰਥਾਵਾਂ, ਸ਼ਾਕਾਹਾਰੀ ਹੋਣਾ ਅਤੇ ਮਦਿਰਾਪਾਨ ਆਦਿ ਆਦਤਾਂ। ਅੰਤਰ ਕ੍ਰਿਆਤਮਕ ਵਿਧੀ ਦੋ ਜਾਤੀਆਂ ਦੇ ਇੱਕ ਦੂਜੇ ਨਾਲ ਸੰਬੰਧ ਵਿੱਚ ਪ੍ਰਸਥਿਤੀ ਦਾ ਮੁੱਲਾਂਕਣ ਓਨਾਂ ਦੇ ਖਾਣ-ਪਾਣ ਦੀਆਂ ਅੰਤਰਕ੍ਰਿਆਵਾਂ ਅਤੇ ਵਿਆਹ ਸੰਬੰਧਾਂ ਦੇ ਅਵਲੋਕਣ ਦੁਆਰਾ ਕਰਦੀ ਹੈ। ਜੇਕਰ "ਅ" ਜਾਤੀ "ਬ" ਜਾਤੀ ਦੀ ਲੜਕੀ ਨਾਲ ਵਿਆਹ ਕਰਨਾ ਸਵੀਕਾਰ ਕਰ ਲੈਂਦੀ ਹੈ, ਪ੍ਰੰਤੂ ਉਸ ਜਾਤੀ ਵਿੱਚ ਆਪਣੀ ਲੜਕੀ ਨਹੀਂ ਦਿੰਦੀ ਤਾਂ "ਅ" ਦਾ ਸਤਰ "ਬ" ਦੇ ਸਤਰ ਤੋਂ ਉੱਚਾ ਹੋਵੇਗਾ। ਇਹ ਅਨੁਲੋਮ (hypergamy) ਵਿਆਹ ਨਿਯਮ ਦੇ ਕਾਰਣ ਹੈ ਜਿਸ ਦੇ ਅਨੁਸਾਰ ਨਿਮਨ ਜਾਤੀ ਦੀ ਲੜਕੀ ਉੱਚ ਜਾਤੀ ਵਿੱਚ ਵਿਆਹ ਕਰ ਸਕਦੀ ਹੈ ਪ੍ਰੰਤੂ ਇਸ ਤੋਂ ਉਲਟ ਨਹੀਂ। ਇਸੇ ਤਰਾਂ ਜੇਕਰ "ਅ" ਜਾਤੀ ਦੇ ਮੈਂਬਰ "ਬ" ਜਾਤੀ ਦੇ ਮੈਂਬਰਾਂ ਦਾ ਭੋਜਨ ਸਵੀਕਾਰ ਨਹੀਂ ਕਰਦੇ, ਪ੍ਰੰਤੂ "ਬ" ਜਾਤੀ ਦੇ ਮੈਂਬਰ "ਅ" ਜਾਤੀ ਤੋਂ ਭੋਜਨ ਸਵੀਕਾਰ ਕਰ ਲੈਂਦੇ ਹਨ ਤਾਂ ਇਹ "ਬ" ਜਾਤੀ ਦੇ ਉੱਪਰ "ਅ" ਜਾਤੀ ਦੇ ਸ਼੍ਰੇਸ਼ਠ ਸਤਰ ਨੂੰ ਪ੍ਰਗਟ ਕਰਦਾ ਹੈ।

ਮਤ-ਮੁੱਲਾਂਕਣ (opinion-assessing) ਵਿਧੀ ਵਿੱਚ ਸਮੂਹਿਕ ਸ਼੍ਰੇਣੀਕ੍ਰਮ ਵਿੱਚ ਵਿਭਿੰਨ ਜਾਤੀਆਂ ਦੀ ਪ੍ਰਸਥਿਤੀ ਦੇ ਨਿਰਧਾਰਣ ਵਿੱਚ ਭਿੰਨ ਜਾਤੀਆਂ ਦੇ ਉੱਤਰਦਾਤਾਵਾਂ ਦੇ ਮਤ ਵੱਲ ਧਿਆਨ ਦਿੱਤਾ ਜਾਂਦਾ ਹੈ। ਮਤ-ਮੁੱਲਾਂਕਣ ਵਿਧੀ ਦਾ ਅਵਲੋਕਣ

ਵਿਧੀ ਦੀ ਤੁਲਨਾ ਵਿੱਚ ਇਹ ਲਾਭ ਹੈ ਕਿ ਪਹਿਲੀ ਵਿਧੀ ਵਿੱਚ ਸ਼੍ਰੇਣੀਕ੍ਰਮ ਅਤੇ ਅੰਤਰਕ੍ਰਿਆ ਨੂੰ ਦੋ ਅਲੱਗ ਅਲੱਗ ਚਰ (variables) ਮੰਨਣਾ ਅਤੇ ਓਨਾਂ ਦੇ ਸੰਬੰਧਾਂ ਦਾ ਅਧਿਐਨ ਸੰਭਵ ਹੈ। ਏ. ਸੀ. ਮੇਅਰ, ਐਮ. ਐਨ. ਸ਼੍ਰੀਨਿਵਾਸ, ਡੀ. ਐਨ. ਮਜੂਮਦਾਰ, ਐਸ. ਸੀ. ਦੁਬੇ, ਪਾਲਿਨ ਮਹਾਰ ਆਦਿ ਵਿਦਵਾਨਾਂ ਨੇ ਜਾਤੀ ਸ਼੍ਰੇਣੀਕ੍ਰਮ ਵਿੱਚ ਜਾਤੀ ਦੀ ਸਥਿਤੀ ਦੇ ਵਿਸ਼ਲੇਸ਼ਣ ਵਿੱਚ ਅਵਲੋਕਣ ਵਿਧੀ ਦਾ ਪ੍ਰਯੋਗ ਕੀਤਾ ਸੀ, ਜਦੋਂ ਕਿ ਮੈਕਿਮ ਮੇਰੀਅਟ ਅਤੇ ਸਟੈਨਲੇ ਫ੍ਰੀਡ ਨੇ ਮਤ-ਮੁੱਲਾਂਕਣ ਵਿਧੀ ਦਾ ਪ੍ਰਯੋਗ ਕੀਤਾ ਹੈ। ਐਸ. ਸੀ. ਦੁਬੇ ਨੇ ਜਾਤੀ ਸ਼੍ਰੇਣੀਕ੍ਰਮ ਵਿਵਸਥਾ ਵਿੱਚ ਤੇਲੰਗਾਨਾ ਵਿੱਚ ਤਿੰਨ ਪਿੰਡਾਂ ਵਿੱਚ ਜਾਤੀ ਪ੍ਰਸਥਿਤੀ ਨਿਰਧਾਰਣ ਲਈ ਇੱਕ ਹੀ ਆਧਾਰ ਪ੍ਰਯੋਗ ਕੀਤਾ, ਜਿਸ ਵਿੱਚ ਓਨਾਂ ਨੇ ਦੱਸਿਆ ਕਿ ਕਿਹੜੀਆਂ ਕਿਹੜੀਆਂ ਜਾਤੀਆਂ ਕਿਨਾਂ ਕਿਨਾਂ ਜਾਤੀਆਂ ਨਾਲ ਭੋਜਨ ਕਰ ਸਕਦੀਆਂ ਹਨ। ਮੇਅਰ ਨੇ ਦੂਜੇ ਪਾਸੇ ਸਹਿਭੋਜ ਦੇ ਆਧਾਰ ਦਾ ਪ੍ਰਯੋਗ ਕੀਤਾ, ਜਿਸ ਦੇ ਅੰਤਰਗਤ ਖਾਣਾ-ਪਾਣੀ ਅਤੇ ਵਿਭਿੰਨ ਜਾਤੀਆਂ ਵਿਚਕਾਰ "ਹੁੱਕਾ" ਪ੍ਰਯੋਗ ਦਾ ਆਦਾਨ-ਪ੍ਰਦਾਨ ਸ਼ਾਮਿਲ ਹੈ। ਪਾਲਿਨ ਮਹਾਰ ਨੇ ਬਹੁ-ਅਨੁਮਾਪ (multiple-scaling) ਵਿਧੀ ਦੁਆਰਾ ਜਾਤੀਆਂ ਦਾ ਸਥਿਤੀ ਨਿਰਧਾਰਣ ਓਨਾਂ ਦੀ ਧਾਰਮਿਕ (ਕਰਮਕਾਂਡ) ਪਵਿੱਤਰਤਾ ਅਤੇ ਅਪਵਿੱਤਰਤਾ ਦੇ ਆਧਾਰ ਤੇ ਕੀਤਾ।

ਓਨਾਂ ਨੇ 13 ਬਿੰਦੂਆਂ ਵਾਲੀ ਇੱਕ ਪ੍ਰਸ਼ਨਾਵਲੀ ਜਾਰੀ ਕੀਤੀ ਜਿਸ ਵਿੱਚ ਧਾਰਮਿਕ (ਕਰਮਕਾਂਡ) ਪਵਿੱਤਰਤਾ ਅਤੇ ਅਪਵਿੱਤਰਤਾ ਨਾਲ ਸੰਬੰਧਿਤ ਵਿਸ਼ੇ ਉੱਤੇ ਜਾਤੀਆਂ ਵਿੱਚ ਸਭ ਪ੍ਰਕਾਰ ਦੀ ਅੰਤਰ ਕ੍ਰਿਆ ਨਾਲ ਸੰਬੰਧਿਤ ਪ੍ਰਸ਼ਨ ਸਨ। ਐਮ. ਐਨ. ਸ਼੍ਰੀਨਿਵਾਸ (1955), ਡੀ. ਐਨ. ਮਜੂਮਦਾਰ (1959) ਨੇ ਜਾਤੀ ਸ਼੍ਰੇਣੀਕ੍ਰਮ ਦੀ ਆਪਣੀ ਅਲੱਗ ਤਸਵੀਰ ਬਣਾਈ। ਸ਼੍ਰੀਨਿਵਾਸ ਇਸ ਗੱਲ ਨਾਲ ਸਹਿਮਤ ਹਨ ਕਿ ਇਸ ਪ੍ਰਕਾਰ ਦੇ ਮੁੱਲਾਂਕਣ (ਸ਼੍ਰੇਣੀਕ੍ਰਮ ਦੀ ਆਪਣੀ ਤਸਵੀਰ ਬਣਾਓਣਾ) ਕੁਝ ਕੁਝ ਵਿਅਕਤੀਪਰਕ ਹੁੰਦੇ ਹਨ।

ਮੈਕਿਮ ਮੇਰਿਅਟ ਅਤੇ ਫ੍ਰੀਡ ਦੋਹਾਂ ਨੇ ਹੀ ਜਾਤੀ ਸ਼੍ਰੇਣੀਕ੍ਰਮ ਵਿੱਚ ਹਰ ਜਾਤੀ ਦੀ ਸਥਿਤੀ ਦੇ ਨਿਰਧਾਰਣ ਵਿੱਚ ਮੱਧ ਪਦ (median rank) ਨਿਸ਼ਚਿਤ ਕਰਣ ਲਈ ਕਾਰਡ ਵਿਵਸਥਾ (ਫ਼ਗਦ ਤਖਤਵਕਠ) ਦਾ ਪ੍ਰਯੋਗ ਕੀਤਾ। ਦੋਹਾਂ ਨੇ ਹੀ ਪੱਤਿਆਂ (cards) ਦਾ ਇੱਕ ਸੈੱਟ (set) ਪੇਸ਼ ਕੀਤਾ ਅਤੇ ਹਰ ਪੱਤੇ/ਕਾਰਡ ਉੱਤੇ ਇੱਕ ਜਾਤੀ ਦਾ ਨਾਂ ਲਿਖ ਦਿੱਤਾ। ਉੱਤਰਦਾਤਾਵਾਂ ਵਿੱਚੋਂ ਹਰ ਇੱਕ ਨੂੰ ਨਿਵੇਦਨ ਕੀਤਾ ਗਿਆ ਕਿ ਓਹ ਇਨਾਂ ਪੱਤਿਆਂ ਨੂੰ ਪਦ ਸਥਿਤੀ ਵਿੱਚ ਵਿਵਸਥਿਤ ਕਰ ਦੇਵੇ। ਦੋਹਾਂ ਦੇ ਤਰੀਕਿਆਂ ਵਿੱਚ ਏਨਾ ਹੀ ਅੰਤਰ ਸੀ ਕਿ ਮੈਕਿਮ ਮੇਰੀਅਟ ਨੇ ਕਾਰਡ ਇੱਕ ਇੱਕ ਕਰ ਕੇ ਦਿੱਤੇ ਜਦੋਂ ਕਿ ਫ੍ਰੀਡ ਨੇ ਓਨਾਂ ਨੂੰ ਇੱਕਠੇ ਦੇ ਦਿੱਤੇ। ਸ਼੍ਰੀਨਿਵਾਸ ਅਤੇ ਮੇਅਰ ਦਾ ਕਹਿਣਾ ਹੈ ਕਿ ਵਿਅਕਤੀ ਦੀ ਆਪਣੀ ਜਾਤੀ ਵਿੱਚ ਸਦੱਸਤਾ ਜਾਤੀ ਸ਼੍ਰੇਣੀਕ੍ਰਮ ਦੇ ਬਾਰੇ ਵਿੱਚ ਉਸ ਦੇ ਵਿਚਾਰ ਨੂੰ ਪ੍ਰਭਾਵਿਤ ਕਰ ਸਕਦੀ ਹੈ ਜਾਂ ਘੱਟ ਤੋਂ ਘੱਟ ਸ਼੍ਰੇਣੀਕ੍ਰਮ ਵਿੱਚ ਉਸ ਦੀ ਆਪਣੀ ਜਾਤੀ ਦੀ ਸਥਿਤੀ ਨੂੰ ਤਾਂ ਜ਼ਰੂਰ ਹੀ ਕਰੇਗੀ। ਪ੍ਰੰਤੂ ਫ੍ਰੀਡ ਨੇ ਅਜਿਹਾ ਨਹੀਂ ਪਾਇਆ।ਉਸ ਨੇ ਦਿੱਲੀ ਦੇ ਨਜ਼ਦੀਕ ਸ਼ਾਂਤੀ ਨਗਰ ਪਿੰਡ ਵਿੱਚ ਸੰਨ 1957-58 ਵਿੱਚ 12 ਜਾਤੀਆਂ ਵਿੱਚੋਂ ਛੰਡੇ ਗਏ 25 ਉੱਤਰਦਾਤਾਵਾਂ ਦੇ ਅਧਿਐਨ ਤੋਂ ਪਤਾ ਲਗਾਇਆ ਕਿ ਜ਼ਿਆਦਾਤਰ ਨੇ ਆਪਣੀ ਜਾਤੀ ਦੀ ਪ੍ਰਸਥਿਤੀ ਦਾ ਨਿਰਧਾਰਣ ਉਸੇ ਸਥਿਤੀ ਦੇ ਆਸ-ਪਾਸ ਕੀਤਾ ਜੋ ਦੂਜਿਆਂ ਨੇ ਓਨਾਂ ਨੂੰ ਦਿੱਤੀ।ਇਸ ਤਰਾਂ ਓਨਾਂ ਨੇ ਨਿਚੋੜ ਕੱਢਿਆ ਕਿ ਕਿਸੇ ਵਿਅਕਤੀ ਦੇ ਜਾਤੀ ਸ਼੍ਰੇਣੀਕ੍ਰਮ ਦੇ ਵਿਸ਼ੇ ਉੱਤੇ ਪੂਰੇ ਦ੍ਰਿਸ਼ਟੀਕੋਣ ਦਾ ਜਾਤੀ ਸਦੱਸਤਾ ਉੱਤੇ ਥੋੜਾ ਹੀ ਪ੍ਰਭਾਵ ਪੈਂਦਾ ਹੈ।

ਪਿਛਲੇ ਕੁਝ ਸਾਲਾਂ ਵਿੱਚ ਜਾਤੀ ਵਿਵਸਥਾ ਦੇ ਕੁਝ ਲੱਛਣਾਂ ਵਿੱਚ ਪਰਿਵਰਤਨ ਆਇਆ ਹੈ, ਪ੍ਰੰਤੂ ਸ਼੍ਰੇਣੀਕ੍ਰਮ ਵਿਸ਼ੇਸ਼ਤਾ ਵਿੱਚ ਕੋਈ ਪਰਿਵਰਤਨ ਨਹੀਂ ਆਇਆ ਹੈ।

**(ਬ) ਸਹਿਭੋਜ ਉੱਤੇ ਪ੍ਰਤੀਬੰਧ (Commensal restrictions)**–ਇੱਕ ਵਿਅਕਤੀ ਦੇ ਵਿਭਿੰਨ ਜਾਤੀਆਂ ਦੇ ਮੈਂਬਰਾਂ ਨਾਲ ਖਾਣ-ਪਾਣ ਸੰਬੰਧੀ ਅਨੇਕ ਅਤੇ ਵਿਸਤ੍ਰਿਤ ਨਿਯਮ ਪ੍ਰਚਲਨ ਵਿੱਚ ਹਨ। ਇਸ ਵਿਸ਼ੇ ਉੱਤੇ ਬਲੰਟ (Blunt) ਦੇ ਅਨੁਸਾਰ ਸੱਤ ਮਹੱਤਵਪੂਰਣ ਨਿਸ਼ੇਧ (taboos) ਪ੍ਰਚੱਲਿਤ ਹਨ: (*i*) ਸਹਿਭੋਜ-ਨਿਸ਼ੇਧ, ਜੋ ਵਿਅਕਤੀ ਦੇ ਹੋਰ ਵਿਅਕਤੀਆਂ ਨਾਲ ਭੋਜਨ ਖਾਣ ਦੇ ਨਿਯਮ ਨਿਰਧਾਰਿਤ ਕਰਦਾ ਹੈ। (*ii*) ਰਸੋਈ ਨਿਸ਼ੇਧ, ਜਿਸ ਵਿੱਚ ਰਸੋਈ ਬਣਾਓਣ ਸੰਬੰਧੀ ਨਿਸ਼ੇਧ ਹਨ ਕਿ ਕਿਹੜਾ ਕਿਹੜਾ ਵਿਅਕਤੀ ਕਿਨਾਂ ਕਿਨਾਂ ਵਿਅਕਤੀਆਂ ਦੇ ਖਾਣ ਯੋਗ ਨਿਸ਼ੇਧ, ਜਿਸ ਵਿੱਚ ਭੋਜਨ ਦੇ ਸਮੇਂ ਅਪਣਾਏ ਜਾਣ ਵਾਲੇ ਧਾਰਮਿਕ ਕਾਰਜਾਂ ਦੇ ਵਿਵਰਣ ਅਤੇ ਨਿਯਮ ਹਨ; (*iv*) ਪੀਣ ਦੇ ਨਿਸ਼ੇਧ, ਜੋ ਦੂਜੇ ਵਿਅਕਤੀਆਂ ਦੇ ਹੱਥ ਤੋਂ ਪੀਣ ਦਾ ਪਾਣੀ ਲੈਣ ਦੇ ਨਿਯਮ ਦੱਸਦੇ ਹਨ; (*v*) ਭੋਜਨ ਨਿਸ਼ੇਧ, ਜੋ ਇਹ ਦੱਸਦਾ ਹੈ ਕਿ ਕਿਸ ਪ੍ਰਕਾਰ ਦਾ ਭੋਜਨ (ਕੱਚਾ, ਪੱਕਾ, ਹਰੀ, ਸਬਜ਼ੀ ਆਦਿ) ਇੱਕ ਜਾਤੀ ਦਾ ਮੈਂਬਰ ਦੂਜੀ ਜਾਤੀ ਦੇ ਮੈਂਬਰਾਂ ਨਾਲ ਖਾ ਸਕਦਾ ਹੈ; (*vi*) ਤੰਬਾਕੂ ਜਾਂ ਧੂਮਪਾਨ ਸੰਬੰਧੀ ਨਿਸ਼ੇਧ, ਜੋ ਇਹ ਦੱਸਦਾ ਹੈ ਕਿ ਕਿਸ ਵਿਅਕਤੀ ਦਾ ਹੁੱਕਾ ਕਿਸ ਜਾਤੀ ਦਾ ਵਿਅਕਤੀ ਪ੍ਰਯੋਗ ਕਰ ਸਕਦਾ ਹੈ; (*vii*) ਬਰਤਨ ਨਿਸ਼ੇਧ, ਜੋ ਇਹ ਦੱਸਦਾ ਹੈ ਕਿ ਕਿਸ ਪ੍ਰਕਾਰ ਦੇ ਬਰਤਨ ਵਿਅਕਤੀ ਨੂੰ ਅਪਵਿੱਤਰਤਾ ਤੋਂ ਬਚਣ ਲਈ ਪ੍ਰਯੋਗ ਕਰਨਾ ਜਾਂ ਬਚਣਾ ਚਾਹੀਦਾ ਹੈ।

ਬਲੰਟ ਦਾ ਵਿਸ਼ਵਾਸ ਹੈ ਕਿ ਭੋਜਨ ਆਦਿ ਦੇ ਪ੍ਰਤੀਬੰਧ, ਵਿਆਹ ਪ੍ਰਤੀਬੰਧਾਂ ਦਾ ਫਲ ਹੈ, ਪ੍ਰੰਤੂ ਹੱਟਨ ਦਾ ਦਾਵਾ ਹੈ ਕਿ ਇਹ ਦੋਹਾਂ ਪਾਸਿਆਂ ਤੋਂ ਸੰਭਵ ਹੈ। ਭੋਜਨ ਨਿਸ਼ੇਧਾਂ ਦੇ ਆਧਾਰ ਤੇ ਬਲੰਟ ਨੇ ਜਾਤੀਆਂ ਨੂੰ ਪੰਜ ਭਾਗਾਂ ਵਿੱਚ ਵਰਗੀਕ੍ਰਿਤ ਕੀਤਾ ਹੈ: (*i*) ਓਹ ਜਾਤੀਆਂ ਜੋ ਕੱਚਾ ਭੋਜਨ (ਪਾਣੀ ਨਾਲ ਪਕਾਇਆ) ਅਤੇ ਪੱਕਾ ਭੋਜਨ (ਘੀ ਨਾਲ ਪਕਾਇਆ) ਕੇਵਲ ਆਪਣੇ ਹੀ ਅੰਤਰਵਿਆਹੀ ਸਮੂਹਾਂ ਦੇ ਮੈਂਬਰਾਂ ਦੁਆਰਾ ਪਕਾਇਆ ਹੋਇਆ ਲੈਂਦੀਆਂ ਹਨ; (*ii*) ਓਹ ਜਾਤੀਆਂ ਜੋ ਆਪਣੀ ਹੀ ਜਾਤੀ ਦੇ ਮੈਂਬਰਾਂ ਦੁਆਰਾ ਬ੍ਰਾਹਮਣਾਂ ਦੁਆਰਾ ਬਣਾਇਆ ਭੋਜਨ ਲੈਂਦੀਆਂ ਹਨ; (*iii*) ਓਹ ਜਾਤੀਆਂ ਜੋ ਆਪਣੀ ਜਾਤੀ ਦੇ ਮੈਂਬਰਾਂ ਜਾਂ

ਨੋਟ

ਬ੍ਰਾਹਮਣਾਂ ਜਾਂ ਰਾਜਪੂਤਾਂ ਦੁਆਰਾ ਬਣਾਇਆ ਭੋਜਨ ਲੈਂਦੀਆਂ ਹਨ; (*iv*) ਓਹ ਜਾਤੀਆਂ ਜੋ ਆਪਣੀ ਜਾਤੀ, ਬ੍ਰਾਹਮਣਾਂ ਅਤੇ ਰਾਜਪੂਤਾਂ ਤੋਂ ਇਲਾਵਾ ਓਨਾਂ ਨਿਮਨ ਜਾਤੀਆਂ ਦੇ ਲੋਕਾਂ ਦੁਆਰਾ ਬਣਾਇਆ ਭੋਜਨ ਲੈਂਦੀਆਂ ਹਨ ਜਿਨਾਂ ਨੂੰ ਓਹ ਘੱਟ ਤੋਂ ਘੱਟ ਆਪਣੇ ਸਤਰ ਦਾ ਸਮਝਦੀਆਂ ਹਨ; ਅਤੇ (*v*) ਓਹ ਜਾਤੀਆਂ ਜੋ ਕਿਸੇ ਦੇ ਦੁਆਰਾ ਵੀ ਬਣਾਇਆ ਗਿਆ ਭੋਜਨ ਲੈਂਦੀਆਂ ਹਨ। ਪ੍ਰੰਤੂ ਹੱਟਨ (1963–75) ਨੇ ਇਸ ਵਰਗੀਕਰਣ ਦੀ ਆਲੋਚਨਾ ਇਸ ਆਧਾਰ ਤੇ ਕੀਤੀ ਹੈ ਕਿ ਕੱਚੇ ਅਤੇ ਪਕੇ ਹੋਏ ਭੋਜਨ ਉੱਤੇ ਪ੍ਰਤੀਬੰਧ ਅਲੱਗ ਅਲੱਗ ਲਗਾਏ ਗਏ ਹਨ। ਕੁਝ ਜਾਤੀਆਂ ਅਜਿਹੀਆਂ ਹਨ ਜਿਨਾਂ ਨੂੰ ਕੱਚੇ ਭੋਜਨ ਦੇ ਆਧਾਰ ਉੱਤੇ ਇੱਕ ਸਮੂਹ ਵਿੱਚ ਰੱਖਿਆ ਜਾਂਦਾ ਹੈ ਪ੍ਰੰਤੂ ਜਦੋਂ ਪਕੇ ਭੋਜਨ ਉੱਤੇ ਪ੍ਰਤੀਬੰਧ ਲਾਗੂ ਕਰਣ ਦੀ ਗੱਲ ਆਓਂਦੀ ਹੈ, ਜਿਸ ਦੇ ਬਾਰੇ ਓਹ ਕਠੋਰ ਨਹੀਂ ਹੁੰਦੀ, ਤਾਂ ਓਨਾਂ ਨੂੰ ਦੂਜੇ ਸਮੂਹ ਵਿੱਚ ਰੱਖਿਆ ਜਾਂਦਾ ਹੈ। ਉਦਾਹਰਣ ਲਈ, ਕੁਝ ਬ੍ਰਾਹਮਣ ਜਾਤੀਆਂ, ਕਾਘੀ (ਸਬਜ਼ੀ ਵੇਚਣ ਵਾਲੀ) ਅਤੇ ਕੁਮਹਾਰ ਜਾਤੀਆਂ ਸਮੂਹ ਇੱਕ ਵਿੱਚ ਆਓਣਗੀਆਂ, ਪ੍ਰੰਤੂ ਕੁਝ ਜਾਤੀਆਂ ਜਿਵੇਂ ਕਲਾਲ (ਸ਼ਰਾਬ ਵੇਚਣ ਵਾਲੇ) ਕੱਚੇ ਭੋਜਨ ਲਈ ਸਮੂਹ ਇੱਕ ਵਿੱਚ ਅਤੇ ਪਕੇ ਭੋਜਨ ਲਈ ਸਮੂਹ ਤਿੰਨ ਵਿੱਚ। ਇਸੇ ਤਰਾਂ ਹਲਵਾਈ ਜਾਤੀ ਕੱਚੇ ਭੋਜਨ ਲਈ ਸਮੂਹ ਇੱਕ ਵਿੱਚ ਅਤੇ ਪਕੇ ਭੋਜਨ ਲਈ ਸਮੂਹ ਚਾਰ ਵਿੱਚ ਆਏਗੀ; ਕਾਇਸਥ ਦੋਵੇਂ ਪ੍ਰਕਾਰ ਦੇ ਪ੍ਰਤੀਬੰਧ ਦੇ ਆਧਾਰ ਤੇ ਸਮੂਹ ਦੋ ਵਿੱਚ ਆਓਣਗੇ। ਇਨਾਂ ਉਦਾਹਰਣਾਂ ਤੋਂ ਸਪਸ਼ਟ ਹੁੰਦਾ ਹੈ ਕਿ ਹਰ ਜਾਤੀ ਦੇ ਆਪਣੇ ਲਈ ਆਪਣੇ ਹੀ ਨਿਯਮ ਹੁੰਦੇ ਹਨ। ਵਿਭਿੰਨ ਜਾਤੀਆਂ ਇੱਕੋ ਵਰਗੇ ਸਮੂਹਾਂ ਵਿੱਚ ਨਹੀਂ ਆਓਂਦੀਆਂ। ਕੁਝ ਪਿਛਲੇ ਦਸ਼ਕਾਂ ਤੋਂ ਇਹ ਵੀ ਦੇਖਿਆ ਜਾ ਰਿਹਾ ਹੈ ਕਿ ਖਾਣਪਾਣ ਦੇ ਪ੍ਰਤੀਬੰਧ ਕਠੋਰਤਾ ਤੋਂ ਨਹੀਂ ਮੰਨੇ ਜਾ ਰਹੇ। ਦੂਜੇ ਸ਼ਬਦਾਂ ਵਿੱਚ, ਜਾਤੀ ਪ੍ਰਥਾ ਦੇ ਇਸ ਲੱਛਣ ਵਿੱਚ ਪਰਿਵਰਤਨ ਹੁੰਦੇ ਜਾ ਰਹੇ ਹਨ।

**(ਸ) ਸਮਾਜਿਕ ਭਾਗੀਦਾਰੀ ਉੱਤੇ ਧਾਰਮਿਕ ਮਾਨਤਾਵਾਂ ਦੀ ਮਜਬੂਰੀ (Compelling religious sanctions on social participation) –** ਸਮਾਜਿਕ ਅੰਤਰ ਕ੍ਰਿਆਕਲਾਪਾਂ ਉੱਤੇ ਪ੍ਰਤੀਬੰਧ ਲਗਾਓਣ ਦਾ ਕਾਰਣ ਇਹ ਵਿਸ਼ਵਾਸ ਹੈ ਸਰੀਰਿਕ ਸੰਪਰਕ ਤੋਂ ਅਪਵਿੱਤਰਤਾ (pollution) ਦਾ ਸੰਪ੍ਰੇਸ਼ਣ ਹੁੰਦਾ ਹੈ। ਇਸ ਪ੍ਰਕਾਰ ਦੇ ਵਿਸ਼ਵਾਸਾਂ ਦੇ ਕਾਰਣ ਹੀ ਜੋ ਨਿਮਨ ਜਾਤੀ ਦੇ ਲੋਕ ਨਿਕ੍ਰਿਸ਼ਟ ਧੰਦਿਆਂ ਵਿੱਚ ਲੱਗੇ ਹੁੰਦੇ ਹਨ, ਓਨਾਂ ਨੂੰ ਉੱਚ ਜਾਤੀ ਦੇ ਲੋਕ ਆਪਣੇ ਤੋਂ ਦੂਰ ਹੀ ਰੱਖਦੇ ਹਨ। ਇਸੇ ਪ੍ਰਕਾਰ ਗਊ ਮਾਸ ਖਾਣ ਵਾਲੇ ਅਨੇਕ ਨਿਮਨ ਜਾਤੀ ਦੇ ਲੋਕ ਅਤੇ ਚਮਾਰ, ਧੋਬੀ, ਡੋਮ ਆਦਿ ਆਮ ਤੌਰ ਤੇ ਅਛੂਤ ਮੰਨੇ ਜਾਂਦੇ ਹਨ, ਅਤੇ ਓਨਾਂ ਨੂੰ ਲੋਕਾਂ ਦੁਆਰਾ ਆਪਣੇ ਤੋਂ ਵੱਖ ਹੀ ਰੱਖਿਆ ਜਾਂਦਾ ਹੈ। ਇਸੇ ਪ੍ਰਕਾਰ ਉੱਚ ਜਾਤੀ ਅਤੇ ਮੱਧ ਜਾਤੀ ਦੇ ਲੋਕਾਂ ਨਾਲ ਅੰਤਰ ਕ੍ਰਿਆ ਲਈ, ਆਦਰ-ਸਤਕਾਰ ਲਈ, ਦੈਨਿਕ ਵਿਵਹਾਰ ਲਈ ਅਤੇ ਧਾਰਮਿਕ ਕ੍ਰਿਆ-ਕਲਾਪਾਂ ਨਾਲ ਸੰਬੰਧਿਤ ਨਿਸ਼ਚਿਤ ਅਤੇ ਭਿੰਨ ਭਿੰਨ ਨਿਯਮ ਬਣੇ ਹੋਏ ਹਨ।

**(ਹ) ਜਾਤੀਬਾਹਰੀ ਜਾਂ ਅਛੂਤ ਉਪਸਤਰ (The Out Cast substratum) –** ਜੋ ਜਾਤੀਆਂ ਨਿਕ੍ਰਿਸ਼ਟ ਅਤੇ ਮਲਿਨਤਾ ਫੈਲਾਓਣ ਵਾਲੇ ਪੇਸ਼ਿਆਂ ਵਿੱਚ ਲੱਗੀਆਂ ਹੁੰਦੀਆਂ ਹਨ, ਓਨਾਂ ਨੂੰ ਅਛੂਤ ਮੰਨਿਆ ਜਾਂਦਾ ਹੈ। ਓਨਾਂ ਨੂੰ ਬਾਹਰੀ ਜਾਤੀਆਂ (ਦਲਤ ਵਰਗ), ਜਾਂ ਅਨੁਸੂਚਿਤ ਜਾਤੀਆਂ ਵੀ ਕਿਹਾ ਜਾਂਦਾ ਹੈ। ਇਨਾਂ ਜਾਤੀਆਂ ਦੇ ਵਿਸ਼ੇ ਵਿੱਚ ਮੰਨਿਆ ਜਾਂਦਾ ਹੈ ਕਿ ਓਹ ਆਰਿਆਂ ਦੇ ਆਓਣ ਤੋਂ ਪਹਿਲਾਂ ਭਾਰਤ ਵਿੱਚ ਰਹਿਣ ਵਾਲੀਆਂ ਪ੍ਰਜਾਤੀਆਂ ਤੋਂ ਅਵਤੀਰਣ ਹੋਈਆਂ। ਬਾਅਦ ਵਿੱਚ ਓਨਾਂ ਨੇ ਹਿੰਦੂ ਸਮਾਜ ਦੀਆਂ ਨਿਮਨਤਮ ਸਥਿਤੀਆਂ ਨੂੰ ਸਵੀਕਾਰ ਕਰ ਲਿਆ। ਇਨਾਂ ਜਾਤੀਆਂ ਦੇ ਮੈਂਬਰ ਆਮ ਤੌਰ ਤੇ ਪਿੰਡ ਜਾਂ ਬਸਤੀ ਦੇ ਬਾਹਰ ਰਹਿੰਦੇ ਹਨ ਅਤੇ ਮੈਲਾ ਸਾਫ ਕਰਣ ਵਾਲੇ, ਜੁੱਤੀਆਂ ਬਣਾਓਣਾ, ਚਮੜਾ ਸ਼ੋਧਣ ਆਦਿ ਕੰਮਾਂ ਤੋਂ ਜੀਵਿਕਾ ਚਲਾਓਂਦੇ ਹਨ। ਓਨਾਂ ਨੂੰ ਓਨਾਂ ਖੂਹਾਂ ਤੋਂ ਪਾਣੀ ਲੈਣ ਦੀ ਆਗਿਆ ਨਹੀਂ ਹੁੰਦੀ ਜਿਨਾਂ ਤੋਂ ਉੱਚ ਜਾਤੀਆਂ ਦੇ ਲੋਕ ਪਾਣੀ ਲੈਂਦੇ ਹਨ। ਓਨਾਂ: ਨੂੰ ਜਨ-ਸੜਕਾਂ, ਸਕੂਲਾਂ, ਮੰਦਿਰਾਂ, ਮਰਘਟਾਂ, ਹੋਟਲਾਂ ਅਤੇ ਚਾਹ ਦੀਆਂ ਦੁਕਾਨਾਂ ਆਦਿ ਦੇ ਪ੍ਰਯੋਗ ਤੋਂ ਵੀ ਵੰਚਿਤ ਰੱਖਿਆ ਜਾਂਦਾ ਹੈ। ਓਹ ਓਨਾਂ ਦੈਂਤਾਂ ਨੂੰ ਪ੍ਰਸੰਨ ਕਰਣ ਲਈ ਪਸ਼ੂ ਬਲੀ ਵੀ ਦਿੰਦੇ ਹਨ, ਜੋ ਓਨਾਂ ਦੇ ਜੀਵਨ ਉੱਤੇ ਅਧਿਕਾਰ ਰੱਖਦੇ ਹਨ। ਓਨਾਂ ਦੀ ਉਪਸਥਿਤੀ ਅਤੇ ਛੂਹਣ ਵੀ ਦੂਜਿਆਂ ਨੂੰ ਦੂਸ਼ਿਤ/ਅਪਵਿੱਤਰ ਕਰ ਦੇਣਗੇ, ਅਜਿਹਾ ਮੰਨਿਆ ਜਾਂਦਾ ਹੈ।

ਪੇਸ਼ਵਾ ਕਾਲ ਵਿੱਚ ਪੂਨਾ ਨਗਰ ਵਿੱਚ ਡੋਮ ਜਾਤੀ ਦੇ ਲੋਕਾਂ ਨੂੰ ਸ਼ਾਮ ਛੇ ਵਜੇ ਤੋਂ ਸਵੇਰੇ 9 ਵਜੇ ਤੱਕ ਨਗਰ ਵਿੱਚ ਪ੍ਰਵੇਸ਼ ਦੀ ਆਗਿਆ ਨਹੀਂ ਸੀ, ਕਿਓਂਕਿ ਇਹ ਮਾਨਤਾ ਸੀ ਕਿ ਓਨਾਂ ਦਾ ਪਰਛਾਵਾਂ ਵੀ (ਜੋ ਇਸ ਕਾਲ ਵਿੱਚ ਸੂਰਜ ਡੁੱਬਣ ਅਤੇ ਉੱਗਣ ਕਾਰਣ ਲੰਬਾ ਹੋ ਜਾਂਦਾ ਹੈ) ਉੱਚ ਜਾਤੀ ਦੇ ਲੋਕਾਂ ਨੂੰ ਦੂਸ਼ਿਤ ਕਰ ਸਕਦਾ ਹੈ। ਇਸੇ ਕਾਰਣ ਦੱਖਣ ਭਾਰਤ ਵਿੱਚ ਡਾਕਟਰ ਲੋਕ ਆਪਣੇ ਸ਼ੂਦਰ ਰੋਗੀਆਂ ਦੀ ਨਬਜ਼ ਦੇਖਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਰੇਸ਼ਮੀ ਕੱਪੜੇ ਨਾਲ ਢਕ ਲਿਆ ਕਰਦੇ ਸਨ। ਇਸੇ ਤਰਾਂ, ਟੋਕਰੀ ਬਣਾਓਣ ਵਾਲੇ “ਪਾਨਮ”, ਤੋੜੀ ਦੇ ਰੁੱਖ ਤੋਂ ਤੋੜੀ ਕੱਢਣ ਵਾਲੇ ਤਿਆਨ, ਪੁਲਿਆਨ, ਸ਼ਾਨਨ ਆਦਿ ਦੱਖਣ ਭਾਰਤ ਦੀਆਂ ਨਿਮਨ ਜਾਤੀਆਂ ਦੇ ਲੋਕਾਂ ਨੂੰ ਉੱਚ ਜਾਤੀਆਂ ਦੇ ਲੋਕਾਂ ਸਾਹਮਣੇ ਇੱਕ ਨਿਸ਼ਚਿਤ ਦੂਰੀ ਤੱਕ ਆਓਣ ਦੀ ਆਗਿਆ ਨਹੀਂ ਸੀ।ਉੱਚ ਜਾਤੀ ਦੇ ਲੋਕਾਂ ਤੋਂ ਓਨਾਂ ਨੂੰ ਆਪਣੀ ਸਥਿਤੀ ਦੇ ਅਨੁਸਾਰ ਕਦਮਾਂ ਦੀ ਦੂਰੀ ਬਣਾ ਕੇ ਰੱਖਣੀ ਪੈਂਦੀ ਸੀ। ਜਾਤੀ ਰੂੜੀਆਂ (mores) ਨੇ ਇਨਾਂ ਅਛੂਤ ਲੋਕਾਂ ਨੂੰ ਸਦਾ ਅਗਿਆਨ ਅਤੇ ਪਤਨ ਦੇ ਹਨੇਰਿਆਂ ਵਿੱਚ ਧੱਕਿਆ ਹੈ ਕਿਓਂਕਿ ਮਾਨਤਾ ਦੇ ਅਨੁਸਾਰ ਓਹ ਆਪਣੇ ਪਿਛਲੇ ਜਨਮਾਂ ਦੇ ਪਾਪਾਂ ਨੂੰ ਭੋਗ ਰਹੇ ਹਨ। ਪ੍ਰੰਤੂ ਵਰਤਮਾਨ ਵਿੱਚ ਇਨਾਂ ਜਾਤੀਵਾਦੀ ਲੋਕਾਂ ਦੁਆਰਾ ਥੋਪੇ ਗਏ ਨਿਸ਼ੇਧ ਬਹੁਤ ਘੱਟ ਹੋ ਗਏ ਹਨ। ਚਾਹੇ ਇਹ ਨਿਸ਼ੇਧ ਵਿਧਾਨਿਕ ਰੂਪ ਨਾਲ ਹਟਾ ਦਿੱਤੇ ਗਏ ਹਨ ਅਤੇ ਜ਼ਿਆਦਾਤਰ ਉੱਚ ਜਾਤੀਆਂ ਦੇ ਹਿੰਦੂਆਂ ਦੁਆਰਾ ਅਪਵਿੱਤਰਤਾ ਦੇ ਡਰ ਨੂੰ ਵੀ ਸਮਾਜਿਕ ਰੂਪ ਨਾਲ ਨਹੀਂ ਮੰਨਿਆ ਜਾ ਰਿਹਾ, ਫਿਰ ਵੀ ਕੁਝ ਧਾਰਮਿਕ ਕ੍ਰਿਆ-ਕਲਾਪਾਂ ਵਿੱਚ ਪ੍ਰਤੀਬੰਧ ਜਾਰੀ ਹੈ, ਚਾਹੇ ਦੈਨਿਕ ਜੀਵਨ ਵਿੱਚ ਇਨਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ।

ਨੋਟ

### 6.1.2 ਇਕਾਈ ਦੇ ਰੂਪ ਵਿੱਚ ਜਾਤੀ ਦੀਆਂ ਵਿਸ਼ੇਸ਼ਤਾਵਾਂ

**(ਅ) ਪ੍ਰਦੱਤ ਪ੍ਰਸਥਿਤੀ (Ascribed Status)** – ਜਾਤੀ ਵਿੱਚ ਵਿਅਕਤੀ ਦੀ ਸਦੱਸਤਾ ਉਸ ਦੇ ਜਨਮ ਤੋਂ ਨਿਰਧਾਰਿਤ ਹੁੰਦੀ ਹੈ। ਹਰ ਜਾਤੀ ਦਾ ਹੋਰ ਜਾਤੀਆਂ ਦੀ ਤੁਲਨਾ ਵਿੱਚ ਕਿਓਂਕਿ ਇੱਕ ਨਿਸ਼ਚਿਤ ਦਰਜਾ (rank) ਹੁੰਦਾ ਹੈ, ਇਸ ਲਈ ਵਿਅਕਤੀ ਦੀ ਉੱਚ ਅਤੇ ਨਿਮਨ ਸਥਿਤੀ ਇਸ ਉੱਤੇ ਨਿਰਭਰ ਕਰਦੀ ਹੈ ਕਿ ਜਿਸ ਜਾਤੀ ਵਿੱਚ ਉਸ ਦਾ ਜਨਮ ਹੋਇਆ ਹੈ ਉਸ ਦੀ ਕਰਮਕਾਂਡਪ ਪ੍ਰਸਥਿਤੀ ਕੀ ਹੈ। ਅਸਲ ਵਿੱਚ, ਇੱਕ ਪਰੰਪਰਾਨਿਸ਼ਠ ਵਿਅਕਤੀ ਦੇ ਜੀਵਨ ਦਾ ਹਰ ਪਹਿਲੂ ਉਸ ਦੇ ਜਨਮ ਉੱਤੇ ਅਟਕਿਆ ਹੁੰਦਾ ਹੈ। ਉਸ ਦੇ ਘਰੇਲੂ ਸੰਸਕਾਰ ਅਤੇ ਰੀਤੀ-ਰਿਵਾਜ਼, ਉਸ ਦੀ ਮੰਦਿਰ ਆਦਿ ਵਿੱਚ ਪੂਜਾ, ਉਸ ਦੀ ਮਿੱਤਰ-ਮੰਡਲੀ ਅਤੇ ਉਸ ਦਾ ਕਾਰੋਬਾਰ ਸਭ ਕੁਝ ਉਸ ਜਾਤੀ ਦੇ ਸਤਰ ਉੱਤੇ ਆਧਾਰਿਤ ਹੁੰਦੇ ਹਨ ਜਿਸ ਵਿੱਚ ਉਸ ਨੇ ਜਨਮ ਲਿਆ ਹੈ।

**(ਬ) ਅੰਤਰ-ਵਿਆਹ (Endogamy)**–ਹਰ ਜਾਤੀ ਦੇ ਮੈਂਬਰਾਂ ਨੂੰ ਆਪਣੀ ਹੀ ਜਾਤੀ ਜਾਂ ਉਪਜਾਤੀ ਵਿੱਚ ਵਿਆਹ ਕਰਨਾ ਹੁੰਦਾ ਹੈ। ਇਸ ਪ੍ਰਕਾਰ ਅੰਤਰਵਿਆਹ ਜਾਤੀ ਸਮੂਹਾਂ ਵਿੱਚ ਇੱਕ ਸਥਾਈ ਰੁਕਾਵਟ ਸਥਿਤੀ ਹੈ।

**(ਸ) ਨਿਸ਼ਚਿਤ ਕਾਰੋਬਾਰ (Fixed Occupation)**–ਹਰ ਜਾਤੀ ਦਾ ਨਿਸ਼ਚਿਤ ਵੰਸ਼ਾਨੁਗਤ ਪੇਸ਼ਾ ਹੁੰਦਾ ਹੈ। ਇੱਕ ਪੁਰਾਣੀ ਕਹਾਵਤ ਹੈ ਕਿ ਬ੍ਰਾਹਮਣ ਸਦਾ ਬ੍ਰਾਹਮਣ ਹੀ ਹੁੰਦਾ ਹੈ ਅਤੇ ਚਮਾਰ ਸਦਾ ਚਮਾਰ ਹੀ ਹੁੰਦਾ ਹੈ। ਕੁਝ ਕਾਰੋਬਾਰ ਗੰਦੇ (unclean) ਸਮਝੇ ਜਾਦੇ ਹਨ ਜਿਸ ਕਾਰਨ ਜੋ ਵਿਅਕਤੀ ਇਨਾਂ ਵਿੱਚ ਲੱਗੇ ਹੁੰਦੇ ਹਨ, ਓਹ ਅਛੂਤ ਹੋ ਜਾਂਦੇ ਹਨ ਅਤੇ ਜੇਕਰ ਕੋਈ ਹੋਰ ਇਨਾਂ ਕਾਰੋਬਾਰਾਂ ਨੂੰ ਅਪਨਾਓਂਦਾ ਹੈ, ਤਾਂ ਉਸ ਨੂੰ ਜਾਤੀ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ ਤਾਂ ਕਿ ਓਹ ਜਾਤੀ ਨੂੰ ਦੂਸ਼ਿਤ ਨਾ ਕਰ ਸਕੇ। ਪ੍ਰੰਤੂ ਇਸ ਦਾ ਅਰਥ ਇਹ ਵੀ ਨਹੀਂ ਹੈ ਕਿ ਬ੍ਰਾਹਮਣ ਜਾਤੀ ਵਿੱਚ ਸਭ ਬ੍ਰਾਹਮਣਾਂ ਨੂੰ ਪੰਡਿਤਾਈ ਕਾਰੋਬਾਰ ਵਿੱਚ ਹੀ ਸਦਾ ਲੱਗੇ ਰਹਿਣਾ ਹੈ ਜਾਂ ਫਿਰ ਸਭ ਰਾਜਪੂਤਾਂ ਨੂੰ ਰੱਖਿਆ ਕਾਰਜ ਵਿੱਚ ਲੱਗਣ ਦੇ ਕਾਰਣ ਸੈਨਾ ਵਿੱਚ ਹੀ ਸ਼ਾਮਿਲ ਹੋਣਾ ਹੈ। ਕੁਝ ਪਰਿਸਥਿਤੀਆਂ ਵਜੋਂ ਇੱਕ ਜਾਤੀ ਦੇ ਮੈਂਬਰ ਨੂੰ ਦੂਜਾ ਕਾਰੋਬਾਰ ਕਰਣ ਦੀ ਆਗਿਆ ਮਿਲ ਜਾਦੀ ਸੀ। ਇਸੇ ਪ੍ਰਕਾਰ ਇੱਕ ਹੀ ਜਾਤੀ ਦੀਆਂ ਵਿਭਿੰਨ ਉਪਜਾਤੀਆਂ ਵਿਵਿਧ ਕਾਰੋਬਾਰ ਅਪਣਾ ਲੈਂਦੀਆਂ ਹਨ। ਉਦਾਹਰਣ ਲਈ, ਖਟਿਕ (ਕਸਾਈ) ਜਾਤੀ ਦੀਆਂ ਚਾਰ ਉਪਜਾਤੀਆਂ ਉੱਤਰ ਪ੍ਰਦੇਸ਼ ਵਿੱਚ ਕਸਾਈ (ਬੇਕਨਵਾਲਾ), ਰਾਜਗੀਰ (ਰਾਜਗਰ), ਰੱਸੀ ਬਣਾਓਣ ਵਾਲੇ (ਸੋਮਬੱਟ) ਅਤੇ ਫਲ ਵੇਚਣ ਦੇ ਕਾਰੋਬਾਰ ਵਿੱਚ ਲੱਗੇ ਹਨ। ਇਸੇ ਪ੍ਰਕਾਰ ਬੰਗਾਲ ਵਿੱਚ ਤੇਲੀ ਜਾਤੀ ਦੇ ਦੋ ਉਪਭਾਗ ਹਨ: "ਤਿਲੀ" ਅਤੇ "ਤੇਲੀ"। "ਤਿਲੀ" ਤੇਲ ਕੱਢਣ ਅਤੇ "ਤੇਲੀ" ਤੇਲ ਵੇਚਣ ਦੇ ਕੰਮ ਵਿੱਚ ਲੱਗੇ ਹੋਏ ਹਨ। ਤੇਲ ਕੱਢਣ ਦਾ ਕੰਮ ਹੀਣਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਹੈ ਕਿਓਂਕਿ ਇਸ ਵਿੱਚ ਬੀਜ ਤੋਂ ਤੇਲ ਕੱਢਣਾ ਹੈ, ਇਸ ਲਈ ਜੀਵਨ (ਬੀਜ) ਦੀ ਹਾਨੀ ਹੁੰਦੀ ਹੈ। ਇਸੇ ਕਾਰਣ "ਤਿਲੀ" ਲੋਕਾਂ ਨੂੰ ਅਛੂਤ ਮੰਨਿਆ ਜਾਦਾ ਹੈ, ਜਦੋਂ ਕਿ "ਤੇਲੀ" ਅਛੂਤ ਨਹੀਂ ਮੰਨੇ ਜਾਂਦੇ। ਜੇਕਰ "ਤੇਲੀ" ਜਾਤੀ ਵਿੱਚੋਂ ਕੋਈ ਤੇਲ ਕੱਢਣ ਦਾ ਕੰਮ ਕਰਣ ਲੱਗੇ ਤਾਂ ਉਸ ਨੂੰ ਜਾਤੀ ਤੋਂ ਬਹਿਸ਼ਕ੍ਰਿਤ ਕਰ ਦਿੱਤਾ ਜਾਂਦਾ ਹੈ। ਕਾਰੋਬਾਰ ਪਰਿਵਰਤਨ ਨਾਲ ਜਾਤੀ ਪਰਿਵਰਤਨ ਜ਼ਰੂਰੀ ਨਹੀਂ ਹੁੰਦਾ ਸੀ, ਜਦੋਂ ਤੱਕ ਕਿ ਸਥਿਤੀ ਵਿੱਚ ਪਰਿਵਰਤਨ ਨਾ ਹੋਵੇ । ਬਲੰਟ ਦੇ ਅਨੁਸਾਰ ਜਦੋਂ ਸਥਿਤੀ ਵਿੱਚ ਇਸ ਪ੍ਰਕਾਰ ਦਾ ਪਰਿਵਰਤਨ ਹੁੰਦਾ ਹੈ ਤਾਂ ਓਹ ਤਿੰਨ ਰੂਪ ਧਾਰਣ ਕਰ ਲੈਂਦੀ ਹੈ: (*i*) ਇੱਕ ਨਵੀਂ ਜਾਤੀ ਵਿੱਚ ਵੱਖ ਹੋਣਾ (*ii*) ਨਵੇਂ ਸਮੂਹ ਦਾ ਪਹਿਲਾਂ ਤੋਂ ਅਸਤਿੱਤਵ ਵਾਲੀ ਜਾਤੀ ਵਿੱਚ ਮਿਲਨ (*iii*) ਮੌਲਿਕ ਜਾਤੀ ਦੇ ਅੰਦਰ ਹੀ ਇੱਕ ਅੰਤਰਵਿਵਾਹੀ ਉਪਜਾਤੀ ਦੀ ਰਚਨਾ।

ਜਾਤੀ ਦੁਆਰਾ ਥੋਪੇ ਗਏ ਕਾਰੋਬਾਰੀ ਪ੍ਰਤੀਬੰਧਾਂ ਪਿੱਛੇ ਆਮ ਤੌਰ ਤੇ ਧਾਰਮਿਕ ਉਦੇਸ਼ ਹੁੰਦਾ ਹੈ, ਪ੍ਰੰਤੂ ਕਦੇ ਕਦੇ ਓਨਾਂ ਦਾ ਵਿਸ਼ੁੱਧ ਆਰਥਿਕ ਉਦੇਸ਼ ਵੀ ਹੁੰਦਾ ਹੈ।ਉਦਾਹਰਣ ਲਈ, ਓਮੈਲੇ ਨੇ ਮੱਧ ਪ੍ਰਦੇਸ਼ ਦੇ ਇੱਕ ਜ਼ਿਲੇ ਦੇ ਸੁਨਿਆਰਾਂ ਦੇ ਸੰਦਰਭ ਵਿੱਚ ਕਿਹਾ ਹੈ ਕਿ ਓਹ ਲੋਕ ਇੱਕ ਦਾਵਤ ਦਾ ਆਯੋਜਨ ਕਰਦੇ ਹਨ ਜਿਸ ਵਿੱਚ ਓਹ ਕਸਮ ਖਾਂਦੇ ਹਨ ਅਤੇ ਓਨਾਂ ਲੋਕਾਂ ਨੂੰ ਜਾਤੀ ਤੋਂ ਬਾਹਰ ਕੱਢਣ ਦਾ ਡਰ ਦਿਖਾਓਂਦੇ ਹਨ ਜੋ ਇਹ ਰਹੱਸ ਖੋਲਣਗੇ ਕਿ ਸੋਨੇ ਵਿੱਚ ਕਿੰਨੀ ਹੋਰ ਧਾਤੂਆਂ ਕਿਸ ਮਾਤਰਾ ਵਿੱਚ ਮਿਲਾਈਆਂ ਜਾਂਦੀਆਂ ਹਨ।

> ਨੋਟਸ ਦੋ ਮਹਾਂਯੁੱਧਾਂ ਤੋਂ ਬਾਅਦ ਅਤੇ ਦੇਸ਼ ਦੇ ਉਦਯੋਗੀਕਰਣ ਤੋਂ ਬਾਅਦ ਜਾਤੀ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਵਿੱਚੋਂ ਪਰੰਪਰਾਗਤ ਕਾਰੋਬਾਰ ਪਰਿਵਰਤਨ ਦੇ ਸੰਬੰਧ ਵਿੱਚ ਮਹੱਤਵਪੂਰਣ ਪਰਿਵਰਤਨ ਆਏ ਹਨ। ਕਾਰੋਬਾਰ ਸੰਬੰਧੀ ਪ੍ਰਤੀਬੰਧਾਂ ਵਿੱਚ ਸ਼ਿਥਿਲਤਾ ਆਈ ਹੈ ਅਤੇ ਕਾਰੋਬਾਰੀ ਗਤੀਸ਼ੀਲਤਾ ਸੰਭਵ ਹੋਈ ਹੈ।

**(ਦ) ਜਾਤੀ ਪੰਚਾਇਤ (Cast Panchayats)** – ਹਰ ਜਾਤੀ ਦੀ ਆਪਣੀ ਸਮਿਤੀ ਹੁੰਦੀ ਹੈ, ਜਿਸ ਨੂੰ ਪੰਚਾਇਤ ਕਹਿੰਦੇ ਹਨ। ਹਾਲ ਹੀ ਦੇ ਸਮੇਂ ਤੱਕ ਇਨਾਂ ਪੰਚਾਇਤਾਂ ਦਾ ਆਪਣੇ ਮੈਂਬਰਾਂ ਉੱਤੇ ਕਾਫੀ ਪ੍ਰਭਾਵ ਸੀ। ਚਾਹੇ ਅੱਜ ਕੁਝ ਜਾਤੀ ਪੰਚਾਇਤਾਂ ਦੀਆਂ ਸ਼ਾਖਾਵਾਂ ਪੂਰੇ ਦੇਸ਼ ਵਿੱਚ ਹਨ ਕਿਓਂਕਿ ਸੰਚਾਰ ਮਾਧਿਅਮਾਂ ਦਾ ਪੂਰਾ ਵਿਕਾਸ ਹੋਇਆ ਹੈ, ਪ੍ਰੰਤੂ ਕੁਝ ਦਸ਼ਾਦਬਦੀਆਂ ਪਹਿਲਾਂ ਤੱਕ ਇਨਾਂ (ਸ਼ਾਖਾਵਾਂ) ਦਾ ਕਾਰਜ ਖੇਤਰ ਏਨਾ ਸੀਮਿਤ ਸੀ ਕਿ ਮੈਂਬਰ ਆਸਾਨੀ ਨਾਲ ਇੱਕਠੇ ਹੋ ਸਕਣ ਅਤੇ ਇੱਕ ਦੂਜੇ ਪ੍ਰਤੀ ਜਾਣਕਾਰੀ ਰੱਖ ਸਕਣ। ਸੰਚਾਰ ਸੁਵਿਧਾ ਅਤੇ ਹੋਰ ਸਥਾਨਿਕ ਦਸ਼ਾਵਾਂ ਇਨਾਂ ਪੰਚਾਇਤਾਂ ਦਾ ਕਾਰਜਖੇਤਰ ਨਿਰਧਾਰਿਤ

ਨੋਟ

ਕਰਦੀਆਂ ਹਨ। ਇਸ ਪ੍ਰਕਾਰ ਕਿਓਂਕਿ ਸਮੁੱਚੀ ਜਾਤੀ ਜਾਂ ਉਪ-ਜਾਤੀ ਲਈ ਇੱਕ ਹੀ ਪੰਚਾਇਤ ਹੋਣ ਦੇ ਆਦਰਸ਼ ਨੂੰ ਪ੍ਰਾਪਤ ਕਰਨਾ ਅਸੰਭਵ ਹੈ, ਇਸ ਲਈ ਇੱਕ ਜਾਤੀ ਜਾਂ ਉਪਜਾਤੀ ਦੇ ਮੈਂਬਰ ਇੱਕ ਸੰਬੰਧਿਤ ਸਮੂਹ ਦਾ ਨਿਰਮਾਣ ਕਰਦੇ ਹਨ ਜਿਸ ਨੂੰ "ਬਿਰਾਦਰੀ" (ਨਾਤੇਦਾਰਾਂ ਦੀ ਸਮਿਤੀ) ਕਿਹਾ ਜਾਦਾ ਹੈ। ਇਹ ਬਿਰਾਦਰੀ ਇੱਕ ਵਿਜਾਤੀ ਵਿਵਾਹ (exogamous) ਇਕਾਈ ਦੇ ਰੂਪ ਵਿੱਚ ਅੰਤਰਵਿਵਾਹੀ ਜਾਤੀ ਜਾਂ ਉਪਜਾਤੀ ਦੀ ਤਰਾਂ ਕੰਮ ਕਰਦੀ ਹੈ। ਇਹ ਸਮੂਹ (ਬਿਰਾਦਰੀ) ਜਾਤੀ ਜਾਂ ਉਪਜਾਤੀ ਲਈ ਕੰਮ ਕਰਦਾ ਹੈ ਅਤੇ ਆਪਣੇ ਮੈਂਬਰਾਂ ਨੂੰ ਆਪਣੇ ਕਾਰਜ ਘੇਰੇ ਦੇ ਅੰਦਰ ਹੀ ਮਾਨਤਾਵਾਂ ਨੂੰ ਮਨਵਾਓਣ ਲਈ ਮਜਬੂਰ ਕਰਦਾ ਹੈ। ਕੁਝ ਸਮਾਂ ਪਹਿਲਾਂ ਤੱਕ ਇਨਾਂ ਪੰਚਾਇਤਾਂ ਨੇ ਜੋ ਅਪਰਾਧ ਦੇ ਮਾਮਲੇ ਆਪਣੇ ਕਾਰਜ ਖੇਤਰ ਵਿੱਚ ਲਏ ਸਨ ਓਨਾਂ ਵਿੱਚੋਂ ਪ੍ਰਮੁੱਖ ਸਨ- ਦੂਜੀ ਜਾਤੀ ਅਤੇ ਉਪਜਾਤੀ ਵਿੱਚ ਭੋਜਨ ਦੇ ਮਾਮਲੇ ਜਿਨਾਂ ਦੇ ਨਾਲ ਨਿਸ਼ੇਧ ਸੀ, ਦੂਜੀ ਜਾਤੀ ਦੀ ਔਰਤ ਨੂੰ ਰਖੈਲ ਦੇ ਰੂਪ ਵਿੱਚ ਰੱਖਣਾ, ਵਿਵਾਹਿਤ ਔਰਤ ਨਾਲ ਅਵੈਧ ਸੰਬੰਧ ਰੱਖਣਾ, ਵਿਆਹ ਦੇ ਵਾਦੇ ਨੂੰ ਤੋੜਨਾ, ਅਦਾਇਗੀ ਤੋਂ ਇਨਕਾਰ, ਛੋਟੇ ਮੋਟੇ ਝਗੜੇ, ਰੀਤੀ ਰਿਵਾਜਾਂ ਦਾ ਉਲੰਘਣ ਆਦਿ। ਅਜਿਹਾ ਕਰਣ ਤੇ ਜੋ ਦੰਡ ਦਾ ਵਿਧਾਨ ਅਪਣਾਇਆ ਜਾਂਦਾ ਸੀ ਉਸ ਵਿੱਚ ਜਾਤੀ ਤੋਂ ਕੱਢਣਾ, ਅਰਥਦੰਡ, ਜਾਤੀ ਦੇ ਲੋਕਾਂ ਨੂੰ ਦਾਵਤ ਦੇਣਾ ਜਾਂ ਸਰੀਰਿਕ ਦੰਡ ਪ੍ਰਮੁੱਖ ਸਨ। ਜਾਤੀ ਦੇ ਸਭ ਮੈਂਬਰ ਪੰਚਾਇਤ ਦੇ ਨਿਰਣੇ ਨੂੰ ਮੰਨਣ ਲਈ ਮਜਬੂਰ ਹੁੰਦੇ ਸਨ। ਬ੍ਰਿਟਿਸ਼ ਕਾਲ ਵਿੱਚ ਵੀ ਇਹ ਪੰਚਾਇਤਾਂ ਏਨੀਆਂ ਸ਼ਕਤੀਸ਼ਾਲੀ ਹੁੰਦੀਆਂ ਸਨ ਕਿ ਨਿਆਂਲੇ ਦੁਆਰਾ ਨਿਰਣਾ ਕੀਤੇ ਗਏ ਮਾਮਲਿਆਂ ਨੂੰ ਵੀ ਪੁਨਰਵਿਚਾਰ ਲਈ ਲੈ ਲੈਂਦੀਆਂ ਸਨ। ਇਸ ਪ੍ਰਕਾਰ ਜਾਤੀ ਪੰਚਾਇਤ ਇੱਕ ਅਰਧ-ਪ੍ਰਭੁਤਾ ਸੰਪੰਨ (semi sovereign) ਸੰਸਥਾ ਸੀ।

ਪੰਚਾਇਤ ਦੇ ਕਾਰਜਕਾਰੀ ਪਦਾਧਿਕਾਰੀ ਜਾਂ ਤਾਂ ਵੰਸ਼ਾਨੁਕ੍ਰਮ ਨਾਲ ਹੁੰਦੇ ਸਨ ਜਾਂ ਓਨਾਂ ਦਾ ਨਾਂਮਾਂਕਣ ਹੁੰਦਾ ਸੀ ਜਾਂ ਚੁਣਾਵ। ਬਲੰਟ, ਸਲੀਮੇਨ, ਓਮੈਲੇ ਅਤੇ ਹੱਟਨ ਨੇ ਦੱਸਿਆ ਹੈ ਕਿ ਸਮਾਜਿਕ ਮਾਨਦੰਡ ਵਿੱਚ ਜਾਤੀ ਜਿੰਨੀ ਛੋਟੀ ਹੁੰਦੀ ਸੀ, ਓਨਾ ਹੀ ਮਜ਼ਬੂਤ ਓਨਾਂ ਦਾ ਸੰਗਠਨ ਹੁੰਦਾ ਸੀ। ਮੁੱਕਦਮੇ ਲਈ ਅਪਣਾਇਆ ਗਿਆ ਤਰੀਕਾ ਬਹੁਤ ਸਰਲ ਅਤੇ ਅਣ-ਔਪਚਾਰਿਕ ਹੁੰਦਾ ਸੀ।

ਇਨਾਂ ਜਾਤੀ ਪੰਚਾਇਤਾਂ ਦੇ ਅਧਿਕਾਰਾਂ ਦੇ ਸੰਦਰਭ ਵਿੱਚ ਕਾਪੜੀਆ ਨੇ ਸੰਨ 1962, 1912 ਅਤੇ 1861 ਤੱਕ ਦੇ ਕੁਝ ਉਦਾਹਰਣ ਦਿੱਤੇ ਹਨ ਜਿਨਾਂ ਨੇ ਇੱਕ ਵਿਧਵਾ ਨਾਲ ਵਿਆਹ ਕੀਤਾ, ਪ੍ਰੰਤੂ ਓਨਾਂ ਦੀ ਜਾਤੀ ਪੰਚਾਇਤ ਨੇ ਓਨਾਂ ਨੂੰ ਬਹੁਤ ਅਪਮਾਨਿਤ ਕੀਤਾ ਅਤੇ ਅੰਤ ਵਿੱਚ ਪਤੀ-ਪਤਨੀ ਦੋਹਾਂ ਨੂੰ ਹੀ ਅਤਮ-ਹੱਤਿਆ ਕਰਨੀ ਪਈ। ਉਦਾਹਰਣ ਇੱਕ ਅਜਿਹੇ ਵਿਅਕਤੀ ਦਾ ਹੈ ਜੋ ਲੰਦਨ ਜਾਣ ਦੇ ਕਾਰਣ ਜਾਤੀ ਤੋਂ ਬਹਿਸ਼ਕ੍ਰਿਤ ਕਰ ਦਿੱਤਾ ਗਿਆ ਅਤੇ ਵਾਪਿਸ ਆਓਣ ਤੇ 1500 ਰੁਪਏ ਦਾ ਦੰਡ ਦੇ ਕੇ ਜਾਤੀ ਵਿੱਚ ਸ਼ਾਮਿਲ ਹੋਇਆ। 50 ਸਾਲ ਬਾਅਦ 1912 ਦੇ ਆਸ-ਪਾਸ ਦੇ ਸਮੇਂ ਦੇ ਸੰਦਰਭ ਵਿੱਚ ਕਾਪੜੀਆ ਨੇ ਇੱਕ ਰਮਨ ਭਾਈ ਨਾਮਕ ਵਿਅਕਤੀ ਦਾ ਉਦਾਹਰਣ ਦਿੱਤਾ ਹੈ ਜਿਸ ਨੂੰ ਆਪਣੇ ਤੋਂ ਨਿਮਨ ਜਾਤੀ ਵਿੱਚ ਖਾਣਾ ਖਾਣ ਕਾਰਣ ਜਾਤੀ ਤੋਂ ਬਾਹਰ ਕੱਢ ਦਿੱਤਾ ਗਿਆ ਸੀ; ਅਤੇ ਦੂਜਾ ਉਦਾਹਰਣ ਜੈਸੁਖ ਲਾਲ ਮੇਹਤਾ ਦਾ ਦਿੱਤਾ ਹੈ ਜਿਸ ਨੂੰ ਆਪਣੀ ਵਿਧਵਾ ਭੈਣ ਦਾ ਵਿਆਹ ਕਰਵਾਓਣ ਦੇ ਕਾਰਣ ਬਹਿਸ਼ਕ੍ਰਿਤ ਕਰ ਦਿੱਤਾ ਗਿਆ ਸੀ। 1962 ਦੀ ਸਮਾਂ ਅਵਧੀ ਦਾ ਸੰਦਰਭ ਦਿੰਦੇ ਹੋਏ ਕਾਪੜੀਆ ਨੇ ਇਹ ਮੰਨਿਆ ਹੈ ਕਿ ਜਦੋਂ ਪੰਚਾਇਤ ਨੂੰ ਕਾਨੂੰਨੀ ਆਧਾਰ ਉੱਤੇ ਜਾਤੀ-ਨਿਸ਼ਕਾਸਨ ਦੁਆਰਾ ਆਪਣੇ ਮੈਂਬਰਾਂ ਉੱਤੇ ਪਰੰਪਰਾਗਤ ਆਦਰਸ਼ਾਂ ਦੇ ਅਨੁਸਾਰ ਚੱਲਣ ਦੇ ਅਧਿਕਾਰ ਪ੍ਰਯੋਗ ਤੋਂ ਵੰਚਿਤ ਕਰ ਦਿੱਤਾ ਗਿਆ, ਤਾਂ ਵੀ ਇਹ (ਜਾਤੀ ਪੰਚਾਇਤ) ਓਨਾਂ ਦੇ ਦਿਮਾਗ ਅਤੇ ਵਿਵਹਾਰ ਨੂੰ ਨਿਯਮਿਤ ਕਰਦੀ ਹੈ। 1994-95 ਵਿੱਚ ਪਿੰਡਾਂ ਵਿੱਚ ਜਾਤੀ ਪੰਚਾਇਤਾਂ ਦਾ ਕੁਝ ਪ੍ਰਭਾਵ ਹੋ ਸਕਦਾ ਹੈ, ਪ੍ਰੰਤੂ ਨਗਰ ਖੇਤਰਾਂ ਵਿੱਚ ਓਨਾਂ ਦਾ ਕੋਈ ਪ੍ਰਭਾਵ ਨਜ਼ਰ ਨਹੀਂ ਆਓਂਦਾ।

## 6.2 ਭਾਰਤ ਵਿੱਚ ਜਾਤੀ ਦਾ ਪ੍ਰਭਾਵਸ਼ਾਲੀ ਖੇਤਰ (Power Dimensions of Caste in India)

ਜਾਤੀ ਨੂੰ ਸਮਾਜਿਕ ਸੰਬੰਧਾਂ ਦੀ ਇੱਕ ਵਿਆਪਕ ਵਿਵਸਥਾ ਦੇ ਰੂਪ ਵਿੱਚ ਸਮਝਿਆ ਗਿਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਕੁਝ ਵਿਦਵਾਨਾਂ ਨੇ ਜਾਤੀ ਨੂੰ ਹਿੰਦੂ ਸਮਾਜ ਦੀ ਤਰਾਂ ਹੀ ਮੰਨਿਆ ਹੈ। ਭਾਰਤੀ ਸਮਾਜਿਕ ਵਿਗਿਆਨ ਅਨੁਸੰਧਾਨ ਪਰਿਸ਼ਦ ਦੁਆਰਾ ਪ੍ਰਸਤੁਤ ਇੱਕ ਨਿਬੰਧ ਵਿੱਚ ਸੁਰਜੀਤ ਸਿਨਹਾ ਨੇ ਜਾਤੀ ਉੱਤੇ ਹੋਏ ਅਧਿਐਨਾਂ ਵਿੱਚ ਜਿਨਾਂ ਮੁੱਦਿਆਂ ਉੱਤੇ ਬਲ ਦਿੱਤਾ ਹੈ, ਓਹ ਇਸ ਪ੍ਰਕਾਰ ਹਨ: ਪੇਂਡੂ ਅਧਿਐਨ, ਜਾਤੀ ਅਤੇ ਰਾਜਨੀਤੀ, ਜਾਤੀ, ਵਰਗ ਅਤੇ ਸਮਾਜਿਕ ਆਰਥਿਕ ਵਿਕਾਸ, ਜਾਤੀ ਅਤੇ ਪੱਟੇਦਾਰੀ, ਜਾਤੀ, ਵਰਗ ਅਤੇ ਸਮਾਜਿਕ ਅਸਮਾਨਤਾ, ਜਾਤੀ ਸ਼੍ਰੇਣੀਕਰਣ ਦਾ ਵਿਸ਼ਿਸ਼ਟ ਅਧਿਐਨ, ਜਾਤੀ ਵਿਵਸਥਾ ਵਿੱਚ ਗਤੀਸ਼ੀਲਤਾ, ਜਾਤੀ ਦੀ ਸਮਾਜਿਕ ਸੰਰਚਨਾ, ਜਾਤੀ ਅਤੇ ਪਰਿਵਰਤੀ ਵਿਧੀ ਵਿਵਸਥਾ, ਜਾਤੀ ਦੀ ਜਣ-ਆਂਕਿਕੀ, ਨਗਰੀ ਪਰਿਵੇਸ਼ ਵਿੱਚ ਜਾਤੀ, ਭਾਰਤ ਅਤੇ ਪਾਕਿਸਤਾਨ ਵਿੱਚ ਗੈਰ-ਹਿੰਦੂਆਂ ਵਿੱਚ ਜਾਤੀ, ਵਿਭਿੰਨ ਸੱਭਿਆਤਾਵਾਂ ਦਾ ਅਧਿਐਨ, ਜਾਤੀ ਅਤੇ ਭਾਰਤੀ ਸੱਭਿਅਤਾ, ਜਨਜਾਤੀ-ਜਾਤੀ ਨਿਰੰਤਰਤਾ, ਜਾਤੀ, ਵਿਅਕਤਿੱਤਵ ਸੰਰਚਨਾ, ਜਾਤੀ ਅਤੇ ਸਮਾਜਿਕ ਬੋਲੀ। ਸਿਨਹਾ ਨੇ ਜਾਤੀ ਵਿਵਸਥਾ ਵਿੱਚ ਨਿਮਨ ਪ੍ਰਵ੍ਰਿੱਤੀਆਂ ਦਾ ਉਲੇਖ ਕੀਤਾ ਹੈ:

1. ਜਾਤੀ ਪ੍ਰਥਾ ਦੀ ਉਤਪਤੀ ਬਾਰੇ ਕਾਲਪਨਿਕ ਸਿਧਾਂਤਾਂ ਦਾ ਵਰਣਨ ਬੰਦ ਹੋ ਗਿਆ ਹੈ। ਅਸਲ ਗੱਲ ਤਾਂ ਇਹ ਹੈ ਕਿ ਅੱਜ ਅਸੀਂ ਉਤਪਤੀ ਦੀ ਚਰਚਾ ਨਹੀਂ ਕਰਦੇ ਹਾਂ, ਬਲਕਿ ਭਾਰਤੀ ਸਮਾਜ ਵਿੱਚ ਜਾਤੀ ਦੇ ਉਦਭਵ ਦੇ ਸਤਰਾਂ ਦੀ ਵਿਆਖਿਆ ਕਰਦੇ ਹਾਂ।

2. ਜਾਤੀ ਉੱਤੇ ਅਧਿਕਤਰ ਕੰਮ ਸਮਾਜਿਕ ਮਾਨਵਸ਼ਾਸਤਰ ਅਤੇ ਸਮਾਜਸ਼ਾਸਤਰ ਦੀ ਪੱਧਤੀ ਦੁਆਰਾ ਬਹੁਜਾਤੀ ਪਿੰਡਾਂ ਨੂੰ ਅਧਿਐਨ ਦਾ ਆਧਾਰ ਮੰਨ ਕੇ ਕੀਤਾ ਜਾਂਦਾ ਹੈ।
3. ਇਨਾਂ ਅਧਿਐਨਾਂ ਵਿੱਚ ਨਵੀਆਂ ਪਰਿਸਥਿਤੀਆਂ ਅਤੇ ਪਰਿਵਰਤਨਾਂ ਦੀਆਂ ਸ਼ਕਤੀਆਂ ਦੇ ਨਾਲ ਜਾਤੀ ਦੀ ਅਨੁਕੂਲਤਾ ਨੂੰ ਸਮਝਣ ਉੱਤੇ ਬਲ ਦਿੱਤਾ ਗਿਆ ਹੈ।
4. ਅੰਤਰਜਾਤੀ ਪ੍ਰਸਥਿਤੀ ਦੇ ਸ਼੍ਰੇਣੀਕਰਣ ਦਾ ਅਧਿਐਨ ਤੱਥਾਂ ਦੇ ਵਿਸ਼ਲੇਸ਼ਣ ਦੁਆਰਾ ਕੀਤਾ ਜਾਦਾ ਹੈ।
5. ਜਾਤੀ ਵਿਵਸਥਾ ਵਿੱਚ ਸੰਰਚਨਾਤਮਕ (ਅਨੁਲੰਬੀ), ਸਥਿਤਿਕ (ਸਮਸਤਰੀ) ਸਮਾਜਿਕ ਗਤੀਸ਼ੀਲਤਾ ਅਤੇ ਪਰਿਵਰਤਨਾਂ ਦੇ ਅਧਿਐਨ ਵੀ ਕੀਤੇ ਗਏ ਹਨ।
6. ਪਵਿੱਤਰਤਾ ਅਪਵਿੱਤਰਤਾ ਦੇ ਦੋਗਲੇ ਪ੍ਰਤੀਕੂਲਤਾ ਉੱਤੇ ਆਧਾਰਿਤ ਸੋਪਾਨ ਦੀ ਅਵਧਾਰਣਾ ਉੱਤੇ ਕਾਫੀ ਬਲ ਦਿੱਤਾ ਗਿਆ ਹੈ। ਡਿਊਮੋ ਦੇ ਮਤਾਨੁਸਾਰ, ਦੋਗਲੀ ਪ੍ਰਤੀਕੂਲਤਾ ਦਾ ਅਰਥ ਇਹ ਹੈ ਕਿ ਜਾਤੀ ਵਿਵਸਥਾ ਵਿੱਚ ਹਰ ਵਸਤੂ ਨੂੰ ਪਵਿੱਤਰ ਅਤੇ ਅਪਵਿੱਤਰ ਦੇ ਸੰਦਰਭ ਵਿੱਚ ਦੇਖਿਆ ਜਾ ਸਕਦਾ ਹੈ। ਪਵਿੱਤਰ ਅਪਵਿੱਤਰ ਨੂੰ ਘੇਰੇ ਰੱਖਦਾ ਹੈ। ਦੂਜੇ ਸ਼ਬਦਾਂ ਵਿੱਚ ਪਵਿੱਤਰ ਉੱਚ ਅਤੇ ਸ਼੍ਰੇਸ਼ਠ ਹੈ ਅਤੇ ਅਪਵਿੱਤਰ ਨਿਮਨ ਅਤੇ ਅਧੀਨ ਹੈ। ਇਸ ਤਰਾਂ ਓਹ ਇੱਕ ਦੂਜੇ ਦੇ ਵਿਰੋਧੀ ਹਨ। ਪ੍ਰੰਤੂ ਪਵਿੱਤਰ-ਅਪਵਿੱਤਰ ਅਤੇ ਅਪਵਿੱਤਰ-ਪਵਿੱਤਰ ਵਿੱਚ ਵਿਦਿੱਆਮਾਨ ਹੈ ਕਿਓਂਕਿ ਓਹ ਇੱਕ ਹੀ ਮੁੱਲ ਵਿਵਸਥਾ ਦੇ ਅੰਗ ਹਨ।
7. ਭਾਰਤ ਵਿੱਚ ਅੰਤਰਖੇਤਰੀ ਅਤੇ ਭਾਰਤੀ ਸੱਭਿਅਤਾ ਤੋਂ ਪਰੇ ਵਿਵਸਥਾਵਾਂ ਨਾਲ ਜਾਤੀ ਦੀਆਂ ਤੁਲਨਾਵਾਂ ਕੀਤੀਆ ਗਈਆਂ ਹਨ।

ਇਨਾਂ ਮੁੱਦਿਆਂ ਤੋਂ ਇਲਾਵਾ ਜਾਤੀ ਅਤੇ ਵਰਗ ਧਰੁਵਤਾ, ਸਮਾਜਿਕ ਸਤਰੀਕਰਣ ਦੇ ਅਧਿਐਨ ਲਈ ਜਾਤੀ, ਵਰਗ, ਸ਼ਕਤੀ ਉਪਾਗਮ, ਅਤੇ ਜਾਤੀ ਨੂੰ ਇੱਕ ਸੰਸਕ੍ਰਿਤਿਕ ਪਹਿਲੂ ਜਾਂ ਸੰਰਚਨਾਤਮਕ ਸਰੂਪ ਦੇ ਰੂਪ ਵਿੱਚ ਅਧਿਐਨ ਕਰਣ ਦੀ ਜ਼ਰੂਰਤ ਹੈ। ਅਸਲ ਵਿੱਚ, ਜਾਤੀ ਵਿਸਥਾ ਦੀ ਵਿਚਾਰਧਾਰਾ ਜਾਂ ਸਿਧਾਂਤ, ਜਾਤੀ ਸਮੂਹਾਂ ਦੀ ਸੰਰਚਨਾ ਅਤੇ ਜਾਤੀ ਸੰਰਚਨਾ ਨੂੰ ਪ੍ਰਭਾਵਿਤ ਕਰਣ ਵਾਲੀਆਂ ਪ੍ਰਕ੍ਰਿਆਵਾਂ ਦੀ ਜਾਂਚ ਕਰਣ ਦੀ ਜ਼ਰੂਰਤ ਹੈ।

### 6.2.1 ਜਾਤੀ, ਵਰਣ ਅਤੇ ਵਰਗ

ਵਰਣ ਇੱਕ ਅਖਿਲ ਭਾਰਤੀ ਰਚਨਾ ਹੈ ਜਿਸ ਦੇ ਅੰਤਰਗਤ ਹਿੰਦੂ ਸਮਾਜ ਚਾਰ ਕੋਟੀਆਂ ਅਰਥਾਤ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵਿਭਾਜਿਤ ਹੈ। ਜਾਤੀ ਵੀ ਇਕ ਅਖਿਲ ਭਾਰਤੀ ਪ੍ਰਘਟਨਾ ਹੈ, ਪ੍ਰੰਤੂ ਵਿਸ਼ਿਸ਼ਟ ਜਾਤੀਆਂ ਸਥਾਨਿਕ ਜਾਂ ਉਪ ਖੇਤਰੀ ਇਕਾਈਆਂ ਦੇ ਰੂਪ ਵਿੱਚ ਪਾਈਆਂ ਜਾਂਦੀਆਂ ਹਨ। ਕਿਸੇ ਇੱਕ ਪਿੰਡ ਜਾਂ ਇੱਕ ਖੇਤਰ ਦੇ ਬਹੁਤ ਸਾਰੇ ਪਿੰਡਾਂ ਵਿੱਚ ਅਨੇਕ ਜਾਤੀ ਸਮੂਹ ਪਾਏ ਜਾਂਦੇ ਹਨ। ਇਹ ਜਾਤੀ ਹੀ ਇੱਕ ਪ੍ਰਭਾਵਕਾਰੀ ਅੰਤਰਕ੍ਰਿਆਤਮਕ ਇਕਾਈ, ਇੱਕ ਸਥਾਨਿਕ ਤੱਥ, ਸ਼ਕਤੀ ਜਾਂ ਸਰੋਤ ਜਾਂ ਇੱਕ ਪਿੰਡ ਵਿੱਚ ਗੁਟਾਂ ਦੇ ਨਿਰਮਾਣ ਦੇ ਆਧਾਰ ਦੇ ਰੂਪ ਵਿੱਚ ਪਾਈ ਜਾਂਦੀ ਹੈ। ਇਹ ਜਾਤੀਆਂ ਜੋ ਪਿੰਡਾਂ ਜਾਂ ਕਸਬਿਆਂ ਵਿੱਚ ਰਹਿੰਦੀਆਂ ਹਨ, ਸਮਾਜਿਕ ਸੰਸਰਗ ਅਤੇ ਵਿਵਾਹਿਕ ਸੰਬੰਧਾਂ ਵਿੱਚ ਸਹਿਭੋਜੀ ਅਤੇ ਵਿਵਾਹਿਕ ਨਿਯਮਾਂ ਦਾ ਪਾਲਣ ਕਰਦੀਆਂ ਹਨ।

ਜਾਤੀ ਇੱਕ ਅਵਿਵਸਥਾ ਦੇ ਰੂਪ ਵਿੱਚ ਵਿਸ਼ਾਲ ਵਿਚਾਰਧਾਰਾ ਬਣ ਚੁਕੀ ਹੈ ਜਿਸ ਦਾ ਪ੍ਰਵੇਸ਼ ਹਿੰਦੂਆਂ ਦੇ ਸਭ ਪਹਿਲੂਆਂ ਵਿੱਚ ਦਿਖਦਾ ਹੈ। ਸਭ ਸਮਾਜਿਕ ਸੰਬੰਧਾਂ ਦਾ ਉਦਗਮ ਜਾਤੀ ਦੀ ਵਿਚਾਰਧਾਰਾ ਤੋਂ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਸੋਪਾਨ ਅਪਵਿੱਤਰਤਾ-ਪਵਿੱਤਰਤਾ, ਅਤੇ ਸਮਾਵੇਸ਼-ਵਰਣਨ ਦੀਆਂ ਧਾਰਣਾਵਾਂ ਦੁਆਰਾ ਹੀ ਸਮਾਜਿਕ ਸੰਬੰਧਾਂ ਦੀ ਪ੍ਰਕ੍ਰਿਤੀ ਨਿਸ਼ਚਿਤ ਹੁੰਦੀ ਹੈ। ਜਾਤੀ ਆਦਰਸ਼ਾਤਮਕ ਵਿਵਸਥਾ ਅਤੇ ਵਾਸਤਵਿਕ ਸਮਾਜਿਕ ਸੰਬੰਧਾਂ ਦੀ ਵਿਵਸਥਾ ਦੋਵੇਂ ਹਨ।

ਇਸ ਲਈ ਪ੍ਰਸ਼ਨ ਹੈ ਕਿ ਜਾਤੀ ਤੋਂ ਸਾਡਾ ਕੀ ਮਤਲਬ ਹੈ? ਇਸ ਪ੍ਰਸ਼ਨ ਦਾ ਉੱਤਰ ਦੇਣਾ ਸਰਲ ਨਹੀਂ ਹੈ। ਇੱਕ ਜਾਤੀ ਦੇ ਮੈਂਬਰ ਇੱਕ ਦੂਜੇ ਨਾਲ ਪ੍ਰਤੀਯੋਗਿਤਾ ਕਰਦੇ ਹਨ, ਅਤੇ ਓਹ ਇੱਕ ਦੂਜੇ ਦਾ ਸਹਿਯੋਗ ਵੀ ਕਰਦੇ ਹਨ।ਇਸ ਲਈ ਅੱਜ ਜਾਤੀ ਵਰਗ ਆਧਾਰਿਤ ਵਿਭੇਦ ਬਹੁਤ ਸਪਸ਼ਟ ਦਿਖਾਈ ਦਿੰਦੇ ਹਨ। ਇੱਕ ਪਿੰਡ ਵਿੱਚ ਕਿਸੇ ਇੱਕ ਜਾਤੀ ਦੇ ਮੈਂਬਰਾਂ ਵਿਚਕਾਰ ਆਰਥਿਕ ਵਿਭੇਦਾਂ ਨੂੰ ਭਾਰਤ ਦੀ ਵਰਗ ਸੰਰਚਨਾ ਦੀਆਂ ਪ੍ਰਮੁੱਖ ਬਹੁਸ਼ਾਖਾਵਾਂ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਇਹ ਅਲੱਗ ਗੱਲ ਹੈ ਕਿ ਵਿਆਹ ਦੇ ਨਿਯਮਾਂ ਪਾਲਣ ਕਰਦੇ ਸਮੇਂ ਵਿਭਿੰਨ ਜਾਤੀਆਂ ਦੇ ਮੈਂਬਰ ਵਿਵਾਹਿਕ ਗਠਬੰਧਨਾਂ ਵਿੱਚ ਵਰਗ ਜਾਂ ਪ੍ਰਸਥਿਤੀ ਨੂੰ ਅਧਿਕ ਮਹੱਤਵ ਦਿੰਦੇ ਹਨ।

### 6.2.2 ਜਾਤੀ ਇੱਕ ਵਿਚਾਰਧਾਰਾ ਦੇ ਰੂਪ ਵਿੱਚ

ਲੁਈ ਡਿਓਮੋ ਜਾਤੀ ਪ੍ਰਥਾ ਉੱਤੇ ਆਧਾਰਿਤ ਅਸਮਾਨਤਾ ਨੂੰ ਇੱਕ ਵਿਸ਼ੇਸ਼ ਪ੍ਰਕਾਰ ਦੀ ਅਸਮਾਨਤਾ ਮੰਨਦੇ ਹਨ। ਲੋਕਾਂ ਦੇ ਵਾਸਤਵਿਕ ਅਤੇ ਅਵਲੋਕਨਿਕ ਵਿਵਹਾਰ ਨੂੰ ਜਾਣਨ ਲਈ "ਵਿਚਾਰ ਅਤੇ ਮੁੱਲ" ਆਧਾਰ ਹਨ। ਡਿਊਮੋ ਦੇ ਅਨੁਸਾਰ, ਜਾਤੀ ਸੋਪਾਨ ਦੇ ਲਈ ਪਵਿੱਤਰ ਅਤੇ ਅਪਵਿੱਤਰ ਦਾ ਵਿਚਾਰ ਪ੍ਰਮੁੱਖ ਹੈ। ਸੋਪਾਨ ਇੱਕ "ਸਾਰਵਭੌਮਿਕ ਜ਼ਰੂਰਤ" ਹੈ। ਡਿਊਮੋ ਦਾ ਮਤ ਹੈ ਕਿ ਭਾਰਤੀ ਸਮਾਜ ਸਥਿਰ ਰਿਹਾ ਹੈ। ਸਮਾਜ ਦੇ ਅੰਦਰ ਪਰਿਵਰਤਨ ਹੋਇਆ ਹੈ, ਪ੍ਰੰਤੂ ਸਮਾਜ ਦਾ ਪਰਿਵਰਤਨ

ਨੋਟ

ਗੈਰਹਾਜ਼ਿਰ ਰਿਹਾ ਹੈ। ਇੱਕ ਵਿਸ਼ਿਸ਼ਟ ਪੇਂਡੂ ਜਾਂ ਨਗਰੀ ਸੰਦਰਭ ਵਿੱਚ ਜਾਤੀ ਨੂੰ ਇੱਕ ਅਨੁਭਾਵਿਕ ਅਸਲਿਅਤ ਦੇ ਰੂਪ ਵਿੱਚ ਲੱਭਿਆ ਜਾ ਸਕਦਾ ਹੈ। ਇਨਾਂ ਸੰਦਰਭਾਂ ਵਿੱਚ ਜਾਤੀ ਇੱਕ ਵਿਸ਼ੇਸ਼ ਪ੍ਰਸਥਿਤੀ ਸਮੂਹ ਦੇ ਰੂਪ ਵਿੱਚ ਦਿਖਾਈ ਦਿੰਦੀ ਹੈ। ਪ੍ਰੰਤੂ ਵਿਸ਼ਾਲ ਸਤਰ ਉੱਤੇ ਜਾਤੀ ਏਕਾਤਮਕਤਾ ਦਾ ਇੱਕ ਸਾਧਨ ਹੈ। ਵਿਸ਼ਾਲ ਸਤਰ ਉੱਤੇ ਜਾਤੀ ਅਣ-ਅਣਔਪਚਾਰਿਕ ਅਤੇ ਦੈਨਿਕ ਸੰਬੰਧਾਂ ਦੀ ਇੱਕ ਕਾਰਜਕਾਰੀ ਅਸਲਿਅਤ ਨਹੀਂ ਹੈ।

ਉਦਾਹਰਣ ਲਈ, ਇੱਕ ਤਮਿਲ ਬ੍ਰਾਹਮਣ ਅਤੇ ਉੱਤਰ ਪ੍ਰਦੇਸ਼ ਦੇ ਇੱਕ ਕਾਨਕੁਬਜ਼ ਬ੍ਰਾਹਮਣ ਦੇ ਵਿੱਚ ਇਸ ਵਿਸ਼ਾਲ ਸਤਰ ਉੱਤੇ ਜਾਤੀ ਵਿਆਹ ਦਾ ਆਧਾਰ ਨਹੀਂ ਹੁੰਦੀ। ਪ੍ਰੰਤੂ ਫਿਰ ਵੀ ਇੱਕ ਤਮਿਲ ਅਤੇ ਇੱਕ ਕਾਨਕੁਬਜ਼ ਬ੍ਰਾਹਮਣ ਵਿੱਚ ਇੱਕ ਹੀ ਸਮਾਜਿਕ ਵੰਸ਼ ਹੋਣ ਦੀ ਭਾਵਨਾ ਪਾਈ ਜਾ ਸਕਦੀ ਹੈ, ਅਤੇ ਆਮ ਹਿਤਾਂ ਲਈ ਵਿਸ਼ੇਸ਼ ਕਰ ਕੇ ਸੰਕਟ ਦੀਆਂ ਸਥਿਤੀਆਂ ਵਿੱਚ, ਓਹ ਸਹਿਯੋਗ ਵੀ ਕਰਦੇ ਹਨ।

ਦੂਜਾ ਪ੍ਰਸ਼ਨ ਇਹ ਹੈ ਕਿ ਕੀ ਜਾਤੀ ਇੱਕ ਹਿਤ ਸਮੂਹ ਹੈ? ਜ਼ਰੂਰ ਹੀ ਜਾਤੀ ਮਨੋਵਿਗਿਆਨਿਕ ਅਤੇ ਸਮਾਜਿਕ ਸੰਦਰਭਾਂ ਵਿੱਚ ਇੱਕ "ਸੰਸਾਧਨ" ਹੈ। ਪ੍ਰੰਤੂ ਜਾਤੀ ਦੀ ਸੰਸਾਧਨਤਾ ਜਾਤੀ ਦੀ ਸ਼੍ਰੇਣੀ ਉੱਤੇ ਨਿਰਭਰ ਕਰਦੀ ਹੈ, ਅਤੇ ਜਾਤੀ ਦੀ ਸ਼੍ਰੇਣੀ ਨੂੰ ਕਿਸੇ ਖੇਤਰ ਜਾਂ ਉਪਖੇਤਰ ਨੂੰ ਧਿਆਨ ਵਿੱਚ ਰੱਖ ਕੇ ਹੀ ਸਮਝਣਾ ਜ਼ਰੂਰੀ ਹੈ। ਇੱਕ ਜਾਤੀ ਦੇ ਮੈਂਬਰ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਹਿਤਾਂ ਨੂੰ ਵਿਭਿੰਨ ਸਤਰਾਂ ਉੱਤੇ ਪ੍ਰਗਟ ਕਰਦੇ ਹਨ।

### 6.2.3 ਭਾਰਤੀ ਸਮਾਜ ਦਾ ਜਾਤੀ ਮਾਡਲ

ਜਿਵੇਂ ਕਿ ਅਸੀਂ ਪਹਿਲਾਂ ਸੰਕੇਤ ਦੇ ਚੁਕੇ ਹਾਂ ਕਿ ਲੁਈ ਡਿਊਮੋ ਭਾਰਤੀ ਸਮਾਜ ਨੂੰ ਇੱਕ "ਜਾਤੀ ਸਮਾਜ" ਦੇ ਰੂਪ ਵਿੱਚ ਮੰਨਦੇ ਹਨ। ਇਸ ਪ੍ਰਕਾਰ "ਜਾਤੀ" ਤਾਰਕਿਕ ਆਧਾਰ ਉੱਤੇ "ਵਰਗ" ਵਿਵਸਥਾ ਦੇ ਉਲਟ ਹੈ। ਆਂਦਰੇ ਬੇਤੇਈ ਨੇ ਭਾਰਤੀ ਸਮਾਜ ਦੇ ਜਾਤੀ ਮਾਡਲ ਦੀਆਂ ਨਿਮਨ ਮੁੱਖ ਵਿਸ਼ੇਸ਼ਤਾਵਾਂ ਦੱਸੀਆਂ ਹਨ-

1. ਇਹ ਮਾਡਲ ਸਮਾਜ ਦੇ ਕੁਝ ਅਨੁਭਾਗਾਂ ਦੇ ਵਿਚਾਰਾਂ ਜਾਂ ਓਨਾਂ ਦੁਆਰਾ ਪ੍ਰਗਟ ਕੀਤੇ ਵਿਚਾਰਾਂ ਉੱਤੇ ਆਧਾਰਿਤ ਹੈ, ਨਾ ਕਿ ਲੋਕਾਂ ਦੇ ਅਵਲੋਕਿਤ ਵਿਵਹਾਰ ਉੱਤੇ। "ਆਦਰਸ਼" ਅਤੇ "ਵਾਸਤਵਿਕ" ਦੇ ਵਿੱਚ ਸਦਾ ਅੰਤਰ ਪਾਇਆ ਜਾਂਦਾ ਹੈ।
2. ਧਰਮ ਗ੍ਰੰਥਾਂ ਵਿੱਚ ਵਰਣਿਤ ਜਾਤੀ ਨੂੰ ਇਸ ਮਾਡਲ ਵਿੱਚ ਇੱਕ ਪ੍ਰਕਾਰ ਦਾ ਪ੍ਰਾਰਥਮਿਕ ਅਤੇ ਸਾਰਵਭੌਮਿਕ ਮਹੱਤਵ ਦਿੱਤਾ ਗਿਆ ਹੈ, ਪ੍ਰੰਤੂ ਤੱਥ ਤਾਂ ਇਹ ਹੈ ਕਿ ਜਾਤੀ ਬਹੁਤ ਬਦਲ ਚੁਕੀ ਹੈ ਅਤੇ ਪਰਿਵਰਤਨ ਪਰਿਸਥਿਤੀਆਂ ਵਿੱਚ ਜਾਤੀ ਨੇ ਨਵੇਂ ਆਯਾਮ ਅਤੇ ਭੂਮਿਕਾਵਾਂ ਗ੍ਰਹਿਣ ਕਰ ਲਈਆਂ ਹਨ।
3. ਸੰਪੂਰਣ ਜਾਤੀ ਵਿਵਸਥਾ ਕੁਝ ਨਿਸ਼ਚਿਤ ਸਿਧਾਂਤਾਂ ਜਾਂ "ਖੇਲ ਦੇ ਨਿਯਮਾਂ" ਤੋਂ ਸ਼ਾਸਿਤ ਹੁੰਦੀ ਹੈ।
4. ਅਜਿਹਾ ਸਮਝਿਆ ਜਾਂਦਾ ਹੈ ਕਿ ਵਿਭਿੰਨ ਜਾਤੀਆਂ ਕਾਰਜ ਪੂਰਾ ਕਰਦੀਆਂ ਹਨ ਅਤੇ ਓਨਾਂ ਦੇ ਆਪਸੀ ਸੰਬੰਧ "ਅਵਿਰੋਧਾਤਮਕ" ਹਨ। ਇੱਥੇ ਅਰਥ ਜਜਮਾਨੀ ਵਿਵਸਥਾ ਤੋਂ ਹੈ, ਜਿਸ ਦੇ ਅੰਤਰਗਤ ਵੰਸ਼ਾਨੁਗਤ ਆਧਾਰ ਉੱਤੇ ਵਿਭਿੰਨ ਜਾਤੀਆਂ ਦੇ ਮੈਂਬਰਾਂ ਨੂੰ ਨਿਸ਼ਚਿਤ ਕਾਰਜ ਪੂਰੇ ਕਰਣ ਦੀ ਜ਼ਿੰਮੇਦਾਰੀ ਦਿੱਤੀ ਜਾਂਦੀ ਹੈ।

ਬੇਤੇਈ ਦਾ ਮਤ ਹੈ ਕਿ ਇਹ ਮਾਡਲ ਇੱਕ ਵਿਆਪਕ ਯੋਜਨਾ ਦੇ ਰੂਪ ਵਿੱਚ ਕਿਸੇ ਸਮਾਜ ਦੇ ਵਿਸ਼ਿਸ਼ਟ ਗੁਣਾਂ ਦਾ ਬੋਧ ਕਰਾਓਣ ਵਿੱਚ ਸਹਾਇਕ ਨਹੀਂ ਹੈ। ਦੂਜੀ ਗੱਲ ਇਹ ਹੈ ਕਿ ਮਾਡਲ ਆਪਣੇ ਵਿਸ਼ਿਸ਼ਟ ਸਰੂਪ ਵਿੱਚ ਆਰਥਿਕ ਅਤੇ ਰਾਜਨੀਤਿਕ ਜੀਵਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੀ ਵਿਆਖਿਆ ਨਹੀਂ ਕਰਦਾ ਹੈ। ਇਸ ਲਈ ਇਹ ਮਾਡਲ ਵਿਚਾਰਾਂ ਅਤੇ ਮੁੱਲਾਂ ਨਾਲ ਹੀ ਮੁੱਖ ਰੂਪ ਵਿੱਚ ਜੁੜਿਆ ਹੋਇਆ ਹੈ। ਇਸ ਦੀ ਉਪਯੋਗਿਤਾ ਧਾਰਮਿਕ ਅਵਸਥਾਵਾਂ ਦੀ ਵਿਵਸਥਾਵਾਂ ਦੀ ਵਿਆਖਿਆ ਕਰਣ ਵਿੱਚ ਅਧਿਕ ਹੈ। ਭਾਰਤੀ ਸਮਾਜ ਦੇ "ਜਾਤੀ ਮਾਡਲ" ਦੀ ਮਦਦ ਦੁਆਰਾ "ਹਿਤਾਂ", ਰਾਜਨੀਤਿਕ, ਅਰਥਿਕ ਸਮੱਸਿਆਵਾਂ ਅਤੇ ਅੰਤਰ ਸਮੂਹ ਸੰਬੰਧਾਂ ਦਾ ਅਧਿਐਨ ਅਧੂਰਾ ਹੀ ਰਹਿੰਦਾ ਹੈ। ਇਸ ਮਾਡਲ ਨੂੰ ਅਪਨਾਓਣ ਨਾਲ ਇੱਕ ਸੰਸਕ੍ਰਿਤਿਕ ਵਿਵਸਥਾ ਦੇ ਰੂਪ ਵਿੱਚ ਜਾਤੀ ਦਾ ਅਧਿਐਨ ਵੀ ਸੀਮਿਤ ਹੋ ਜਾਂਦਾ ਹੈ।

ਜਦੋਂ ਜਾਤੀ ਨੂੰ ਇੱਕ ਸੰਸਕ੍ਰਿਤਿਕ ਜਾਂ ਵਿਚਾਰਕ ਵਿਵਸਥਾ ਮੰਨਦੇ ਹਨ, ਤਾਂ ਜਾਤੀ ਦੇ ਸੰਰਚਨਾਤਮਕ ਪਹਿਲੂ ਉੱਤੇ ਉਚਿਤ ਧਿਆਨ ਨਹੀਂ ਦਿੱਤਾ ਜਾਂਦਾ। ਨਿਮਨ ਅਤੇ ਉੱਚ ਜਾਤੀਆਂ, ਭੂਸਵਾਮੀ, ਭੂਮੀਹੀਣ ਜਾਤੀਆਂ, ਜਜਮਾਨ ਅਤੇ ਕਮੀਣ ਜਾਤੀਆਂ ਵਿਚਕਾਰ ਸੰਬੰਧਾਂ ਨੂੰ ਸਮਝਣ ਲਈ ਜਾਤੀ ਦਾ ਸੰਰਚਨਾਤਮਕ ਦ੍ਰਿਸ਼ਟੀਕੋਣ ਨਾਲ ਅਧਿਐਨ ਕਰਨਾ ਹੋਵੇਗਾ।ਸੰਰਚਨਾਤਮਕ ਪਰਿਪੱਖ ਦੇ ਅੰਤਰਗਤ ਉਦਾਹਰਣ ਲਈ ਪ੍ਰਭੁੱਤਵ ਅਤੇ ਅਧੀਨਸਥਾ, ਅਤਿਰਿਕਤ ਬਚਤ ਅਤੇ ਸ਼ੋਸ਼ਣ, ਵਿਸ਼ੇਸ਼ਾਧਿਕਾਰ ਅਤੇ ਵੰਚਨ ਸੰਦਰਭ ਮੁੱਦੇ ਹੁੰਦੇ ਹਨ। ਸੰਸਕ੍ਰਿਤਿਕ ਪਰਿਪੱਖ ਵਿੱਚ ਵਿਚਾਰਾਂ ਅਤੇ ਮੁੱਲਾਂ ਉੱਤੇ ਬਲ ਦਿੱਤਾ ਜਾਂਦਾ ਹੈ, ਅਰਥਾਤ ਅਪਵਿੱਤਰਤਾ-ਪਵਿੱਤਰਤਾ, ਵਿਆਹ ਦੇ ਨਿਯਮ ਅਤੇ ਅੰਤਰਜਾਤੀ ਸੰਬੰਧਾਂ ਦੇ ਨਿਯਮ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ।

### 6.2.4 ਜਾਤੀ ਦੇ ਸੰਸਕ੍ਰਿਤਿਕ ਅਤੇ ਸੰਰਚਨਾਤਮਕ ਪਹਿਲੂ

ਨਿਰਸੰਦੇਹ ਜਾਤੀ ਪ੍ਰਥਾ ਦੀ ਬਹੁ-ਆਯਾਮੀ ਅਤੇ ਜਟਿਲਤਾ ਦੇ ਕਾਰਣ ਜਾਤੀ ਦੀ ਇੱਕ ਸੁਨਿਸ਼ਚਿਤ ਪਰਿਭਾਸ਼ਾ ਦੇਣ ਵਿੱਚ ਅਨੇਕਾਂ ਕਠਿਨਾਈਆਂ ਆਓਂਦੀਆਂ ਹਨ। ਅਸੀਂ ਪਹਿਲਾਂ ਇਸ ਗੱਲ ਦਾ ਉਲੇਖ ਕੀਤਾ ਹੈ ਕਿ ਜਾਤੀ ਦੇ ਬਾਰੇ ਵਿੱਚ ਦੋ ਪ੍ਰਮੁੱਖ ਮਤ

ਹਨ: (1) ਜਾਤੀ ਦਾ ਸੰਰਚਨਾਤਮਕ ਪਹਿਲੂ ਇਸ ਸਤਰੀਕਰਣ ਦਾ ਇੱਕ ਆਮ ਸਿਧਾਂਤ ਸਵੀਕਾਰ ਕਰਣ ਨਾਲ ਸਮਝ ਸਕਦੇ ਹਾਂ; ਅਤੇ (2) ਜਾਤੀ ਦੀ ਸੰਸਕ੍ਰਿਤਿਕ ਵਿਵਸਥਾ ਨੂੰ ਇਸ ਅਪਵਿੱਤਰਤਾ-ਪਵਿੱਤਰਤਾ ਅਤੇ ਸੋਪਾਨ ਦੀਆਂ ਧਾਰਣਾਵਾਂ, ਅਲਗਾਵ ਅਤੇ ਸਮਿਸ਼ਟਤਾ ਦੇ ਸੰਦਰਭ ਵਿੱਚ ਸਮਝਦੇ ਹਾਂ। ਸੰਰਚਨਾਤਮਕ ਦ੍ਰਿਸ਼ਟੀਕੋਣ ਦਾ ਅਰਥ ਹੈ ਕਿ ਸਤਰੀਕਰਣ ਇੱਕ ਸਾਰਵਭੌਕਿਮ ਵਾਸਤਵਿਕਤਾ ਹੈ। ਇਸ ਲਈ ਜਾਤੀ ਇਸ ਵਾਸਤਵਿਕਤਾ ਦਾ ਇੱਕ ਪਹਿਲੂ ਹੈ। ਸੰਸਕ੍ਰਿਤਿਕ ਦ੍ਰਿਸ਼ਟੀਕੋਣ ਦੇ ਅਨੁਸਾਰ, ਜਾਤੀ ਇੱਕ ਵਿਸ਼ਿਸ਼ਟ ਪਰਿਘਟਨਾ ਹੈ ਅਤੇ ਇਹ ਵਿਸ਼ੇਸ਼ ਕਰ ਕੇ ਭਾਰਤ ਵਿੱਚ ਪਾਈ ਜਾਂਦੀ ਹੈ।

ਕੁਝ ਵਿਦਵਾਨ ਜਾਤੀ ਨੂੰ ਸਮਾਜਿਕ ਸਤਰੀਕਰਣ ਦੀ ਇੱਕ "ਬੰਦ ਵਿਵਸਥਾ" ਸਮਝਦੇ ਹਨ। ਪ੍ਰੰਤੂ ਹੋਰ ਵਿਦਵਾਨ ਜਾਤੀ ਨੂੰ "ਬੰਦ" ਅਤੇ "ਖੁੱਲਾ" ਦੋਵੇਂ ਮੰਨਦੇ ਹਨ। ਬੰਦ ਵਿਵਸਥਾ ਦੇ ਰੂਪ ਵਿੱਚ ਜਾਤੀ ਦੀ ਪ੍ਰਕ੍ਰਿਤੀ "ਸਾਵਯਵੀ" ਹੈ, ਅਰਥਾਤ ਵਿਭਿੰਨ ਜਾਤੀਆਂ ਸਮਾਜਿਕ-ਸੰਸਕ੍ਰਿਤਿਕ ਅਤੇ ਆਰਥਿਕ ਜ਼ਰੂਰਤਾਂ ਨੂੰ ਪੂਰਾ ਕਰਣ ਲਈ ਇੱਕ ਦੂਜੇ ਉੱਤੇ ਨਿਰਭਰ ਰਹਿੰਦੀਆਂ ਹਨ। "ਖੁੱਲੀ" ਵਿਵਸਥਾ ਦੇ ਰੂਪ ਵਿੱਚ ਜਾਤੀ ਦੀ ਪ੍ਰਕ੍ਰਿਤੀ ਖੰਡਿਤ ਹੈ, ਅਰਥਾਤ ਵਿਭਿੰਨ ਜਾਤੀਆਂ ਇੱਕ ਦੂਜੇ ਤੋਂ ਕੁਝ ਸੁਤੰਤਰ ਰਹਿੰਦੀਆਂ ਹਨ ਕਿਓਂਕਿ ਭਾਰਤ ਵਿੱਚ "ਵਿਭੇਦੀਕ੍ਰਿਤ ਸੰਰਚਨਾਵਾਂ" ਦਾ ਉਦੇ ਹੋਇਆ ਹੈ। ਇਨਾਂ ਵਿਸ਼ਲੇਸ਼ਣਾਤਮਕ ਅੰਤਰਾਂ ਦੇ ਕਾਰਣ ਵੀ ਜਾਤੀ ਦੀ ਇੱਕ ਆਮ ਪਰਿਭਾਸ਼ਾ ਬਣਾਓਣ ਵਿੱਚ ਰੁਕਾਵਟ ਆਓਂਦੀ ਹੈ। ਇਨਾਂ ਮਤਾਂ ਤੋਂ ਇਹ ਤਾਂ ਸਪਸ਼ਟ ਹੁੰਦਾ ਹੈ ਕਿ ਜਾਤੀ ਕੁਝ ਅਰਥਾਂ ਵਿੱਚ ਸਤਰੀਕਰਣ ਦੀਆਂ ਹੋਰ ਵਿਵਸਥਾਵਾਂ ਦੇ ਸਮਾਨ ਹੈ, ਜਦੋਂ ਕਿ ਕੁਝ ਹੋਰ ਸੰਦਰਭਾਂ ਵਿੱਚ ਜਾਤੀ ਬਿਲਕੁਲ ਅਨੁੱਠੀ ਵਿਵਸਥਾ ਹੈ।

ਅਸਲ ਵਿੱਚ, ਜਾਤੀ ਇੱਕ ਬਹੁਤ ਲਚੀਲੀ ਵਿਵਸਥਾ ਨਹੀਂ ਹੈ, ਪ੍ਰੰਤੂ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਪ੍ਰਾਚੀਨ ਕਾਲ ਤੋਂ ਅੱਜ ਤੱਕ "ਜਾਤੀ ਗਤੀਸ਼ੀਲਤਾ ਅੰਦੋਲਨ" ਹੁੰਦੇ ਰਹੇ ਹਨ। ਐਮ. ਐਨ. ਸ਼੍ਰੀਨਿਵਾਸ ਦੇ ਅਨੁਸਾਰ, ਸੰਸਕ੍ਰਿਤਕਿਰਣ ਦੀ ਪ੍ਰਕ੍ਰਿਆ ਦੁਆਰਾ ਨਿਮਨ ਜਾਤੀ ਦੇ ਲੋਕ ਆਪਣੀ ਸਥਿਤੀ ਵਿੱਚ ਸੁਧਾਰ ਕਰਣ ਦੀ ਦ੍ਰਿਸ਼ਟੀ ਨਾਲ ਉੱਚ ਜਾਤੀਆਂ ਦੀਆਂ ਜੀਵਨ ਸ਼ੈਲੀਆਂ, ਧਾਰਮਿਕ ਕਾਰਜਾਂ ਅਤੇ ਵਿਵਹਾਰਾਂ ਦਾ ਅਨੁਸਰਣ ਕਰਦੇ ਹਨ। ਜਾਤੀ ਵਿਵਸਥਾ ਵਿੱਚ ਗਤੀਸ਼ੀਲਤਾ ਦੀ ਅਜਿਹੀ ਪ੍ਰਕ੍ਰਿਆ ਨਾਲ ਸਮਸਤਰੀ ਵਿਭੇਦ ਆਏ ਹਨ ਜਾਂ ਸ਼੍ਰੀਨਿਵਾਸ ਦੇ ਸ਼ਬਦਾਂ ਵਿੱਚ "ਸਥਿਤਿਕ" ਪਰਿਵਰਤਨ ਹੋਏ ਹਨ। ਸਥਿਤਿਕ ਪਰਿਵਰਤਨ ਨਾਲ ਜਾਤੀ ਪਰਿਵਰਤਿਤ ਨਹੀਂ ਹੁੰਦੀ ਹੈ, ਜਾਤੀ ਵਿੱਚ ਪਰਿਵਰਤਨ ਆਓਂਦਾ ਹੈ। "ਸੰਰਚਨਾਤਮਕ" ਪਰਿਵਰਤਨ ਦਾ ਅਰਥ ਸਮਾਜਿਕ ਸੰਰਚਨਾ ਦੀ ਵਿਸ਼ਮਸਤਰੀ ਵਿਵਸਥਾ ਵਿੱਚ ਪਰਿਵਰਤਨ ਤੋਂ ਹੈ, ਇਹ ਪਰਿਵਰਤਨ ਅੰਤ ਵਿੱਚ ਵਿਵਸਥਾ ਦਾ ਪਰਿਵਰਤਨ ਹੁੰਦਾ ਹੈ। ਸੰਰਚਨਾਤਮਕ ਪਰਿਵਰਤਨ ਵਿਸ਼ਾਲ ਅਤੇ ਲਘੂ ਦੋਹਾਂ ਸਤਰਾਂ ਤੇ ਹੁੰਦਾ ਹੈ, ਸਮਾਜਿਕ ਵਿਵਸਥਾ ਦਾ "ਸਰੂਪ" ਵਿੱਚ ਅਧਿਕ ਅਤੇ ਉਸ ਦੇ "ਸਾਰ" ਵਿੱਚ ਘੱਟ ਹੁੰਦਾ ਹੈ।

ਇੱਕ ਜਾਤੀ ਨੂੰ ਜਾਤੀ ਵਿਵਸਥਾ ਦੇ ਮਾਣਕਾਂ ਦੁਆਰਾ ਨਿਰਦੇਸ਼ਿਤ ਹੋ ਕੇ ਰਹਿਣਾ ਪੈਂਦਾ ਹੈ। ਜਾਤੀ ਓਨਾਂ ਪਹਿਲੂਆਂ ਵਿੱਚ ਸੁਤੰਤਰ ਰਹਿ ਸਕਦੀ ਹੈ ਜੋ ਕਿ ਪਰਿਵਰਤਿਤ ਹੋ ਚੁਕੇ ਹਨ ਅਤੇ ਓਨਾਂ ਦੀ ਥਾਂ ਤੇ ਨਵੇਂ ਉਪਾਅ ਲੱਭ ਲਏ ਗਏ ਹਨ। ਇੱਕ ਜਾਤੀ, ਜਾਤੀ ਵਿਵਸਥਾ ਨਾਲ ਬੰਨੀ ਹੋਣ ਦੇ ਬਾਵਜੂਦ ਵੀ ਆਪਣੇ ਰਿਵਾਜਾਂ, ਸੰਸਕ੍ਰਿਤਿਕ ਕਾਰਜਾਂ ਅਤੇ ਦੂਜੀਆਂ ਜਾਤੀਆਂ ਤੋਂ ਆਪਣੇ ਅਧਿਕਾਰਾਂ ਦੀ ਰੱਖਿਆ ਕਰਣ ਵਿੱਚ ਸੁਤੰਤਰ ਹੈ। ਅਸਲੀਅਤ ਤਾਂ ਇਹ ਹੈ ਕਿ ਜਾਤੀ ਨੇ ਆਪਣੇ ਆਪ ਨੂੰ ਪ੍ਰਤੀਰੋਧਾਂ ਅਤੇ ਪ੍ਰਤੀਕੂਲ ਪਰਿਸਥਿਤੀਆਂ ਦੇ ਨਾਲ ਢਾਲ ਲਿਆ ਹੈ, ਅਤੇ ਪਰੰਪਰਾਤਮਕ ਕਾਰਜਾਂ ਜਾਂ ਮਾਣਕਾਂ ਦੀ ਥਾਂ ਤੇ ਨਵੇਂ ਉਪਾਅ ਲੱਭ ਲਏ ਹਨ। ਅੱਜ ਵੀ ਇੱਕ ਪਿੰਡ ਵਿੱਚ ਰਹਿਣ ਵਾਲੀਆਂ ਵਿਭਿੰਨ ਜਾਤੀਆਂ ਸਮਾਜਿਕ ਮੌਕਿਆਂ ਅਤੇ ਖੇਤੀ ਕ੍ਰਿਆਵਾਂ ਵਿੱਚ ਇੱਕ ਨਿਸ਼ਚਿਤ ਪ੍ਰਕਾਰ ਦੇ ਆਪਸੀ ਸਹਿਯੋਗ ਦੀ ਉਮੀਦ ਰੱਖਦੀਆਂ ਹਨ।

ਇਹ ਕਹਿਣਾ ਵੀ ਭ੍ਰਾਮਕ ਹੈ ਕਿ ਜਾਤੀਆਂ ਜ਼ਰੂਰ ਹੀ ਇੱਕ ਦੂਜੇ ਨਾਲ ਸਹਿਯੋਗ ਕਰਦੀਆਂ ਹਚਨ। ਅਵਿਰੋਧ ਅਤੇ ਸੋਪਾਨ ਦੋਵੇਂ ਹੀ ਨਿਯਮ ਪ੍ਰਤੀਗਪਤ ਕੋਟੀਆਂ ਹਨ। ਅਸਲੀਅਤ ਵਿੱਚ ਵਿਭਿੰਨ ਜਾਤੀਆਂ ਦੇ ਵਿੱਚ ਅਵਹੇਲਣਾ ਅਤੇ ਸੰਘਰਸ਼ ਜਾਂ ਹਿਤਾਂ ਦਾ ਟਕਰਾਵ ਆਮ ਗੱਲ ਹੈ। ਇਹ ਮਤ ਕਿ ਜਾਤੀ ਦਾ ਅਰਥ ਸਹਿਯੋਗ ਤੋਂ ਹੈ ਅਤੇ ਪ੍ਰਤੀਯੋਗਿਤਾ (ਜਾਂ ਸੰਘਰਸ਼) ਵਰਗਾਂ ਨਾਲ ਜੁੜੀ ਹੋਈ ਹੈ-ਸਹਿਜ ਅਤੇ ਅਵਾਸਤਵਿਕ ਹੈ। ਜੇਕਰ ਇਹ ਸੱਚ ਹੈ ਕਿ ਉੱਚ ਜਾਤੀਆਂ ਆਪਣੇ ਪ੍ਰਭੁੱਤਵ ਨੂੰ ਬਣਾ ਕੇ ਰੱਖਣ ਲਈ ਨਿਮਨ ਜਾਤੀਆਂ ਨੂੰ ਸੰਰੱਖਿਅਣ ਦੇਣ ਲਈ ਇੱਕ ਦੂਜੇ ਨਾਲ ਪ੍ਰਤੀਯੋਗਿਤਾ ਕਰਦੀਆਂ ਹਨ ਤਾਂ ਇਹ ਵੀ ਸਹੀ ਹੈ ਕਿ ਨਿਮਨ ਜਾਤੀਆਂ ਪ੍ਰਭੂ ਜਾਤੀਆਂ ਤੋਂ ਸਮਰਥਨ ਪ੍ਰਾਪਤ ਕਰਣ ਲਈ ਇੱਕ ਦੂਜੇ ਨਾਲ ਪ੍ਰਤੀਯੋਗਿਤਾ ਕਰਦੀਆਂ ਹਨ। ਇੱਕ ਪ੍ਰਭੂ ਜਾਤੀ ਸੰਖਿਆਤਮਕ ਬਹੁਲਤਾ ਭੂ-ਸਵਾਮਿੱਤਵ, ਉੱਚ ਸੰਸਕਾਰਿਕ ਪ੍ਰਸਥਿਤੀ, ਸਮਾਜਿਕ ਅਤੇ ਰਾਜਨੀਤਿਕ ਸੰਪਰਕਾਂ ਦੇ ਆਧਾਰ ਤੇ ਪਰਿਭਾਸ਼ਿਤ ਕੀਤੀ ਜਾ ਸਕਦੀ ਹੈ। ਇੱਕ ਨਿਸ਼ਚਿਤ ਸਮੇਂ ਉੱਤੇ ਇੱਕ ਵਿਸ਼ਿਸ਼ਟ ਜਾਤੀ ਦਾ ਪ੍ਰਭੁੱਤਵ ਇੱਕ ਜਾਂ ਇਨਾਂ ਗੁਣਾਂ ਦੇ ਮਿਸ਼ਰਣ ਦੇ ਆਧਾਰ ਉੱਤੇ ਨਿਰਧਾਰਿਤ ਕੀਤਾ ਜਾ ਸਕਦਾ ਹੈ।

ਜਿਸ ਪ੍ਰਤੀਯੋਗਿਤਾ ਦਾ ਅਸੀਂ ਉਲੇਖ ਕੀਤਾ ਹੈ ਓਹ ਕੋਈ ਨਵੀਂ ਗੱਲ ਨਹੀਂ ਹੈ। ਪ੍ਰਾਚੀਨ ਅਤੇ ਮੱਧਕਾਲੀਨ ਭਾਰਤ ਵਿੱਚ ਬ੍ਰਾਹਮਣਾਂ ਅਤੇ ਖੱਤਰੀਆਂ ਵਿਚਕਾਰ ਇੱਕ ਖੇਤਰ ਦੇ ਉੱਪਰ ਅਧਿਕਾਰ ਪ੍ਰਾਪਤ ਕਰਣ ਲਈ ਝਗੜੇ ਲਗਾਤਾਰ ਹੁੰਦੇ ਰਹਿੰਦੇ ਸਨ। ਅੰਤਰਜਾਤੀ ਸੰਘਰਸ਼ਾਂ ਤੋਂ ਇਲਾਵਾ, ਨਿਮਨ ਜਾਤੀਆਂ ਉੱਚ ਜਾਤੀਆਂ ਦੇ ਵਿਰੁੱਧ ਬਰਾਬਰ ਵਿਦਰੋਹ ਕਰਦੀਆਂ ਰਹੀਆਂ ਹਨ, ਅਤੇ ਇਹ ਤੱਥ ਜਾਤੀ ਦੀ ਇਤਿਹਾਸਿਕਤਾ ਦਾ ਅੰਗ ਬਣ ਚੁਕਾ ਹੈ।

### 6.2.5 ਹਿੰਦੂਆਂ ਤੋਂ ਇਲਾਵਾ ਹੋਰ ਸਮੁਦਾਵਾਂ ਵਿੱਚ ਜਾਤੀ

ਅਸੀਂ ਇਸ ਗੱਲ ਦਾ ਉਲੇਖ ਕਰ ਚੁਕੇ ਹਾਂ ਕਿ ਜਾਤੀ ਪੂਰੀ ਤਰਾਂ ਹਿੰਦੂ ਸੰਸਥਾ ਹੈ, ਪ੍ਰੰਤੂ ਕੁਝ ਅਧਿਐਨਾਂ ਤੋਂ ਪਤਾ ਚਲਦਾ ਹੈ ਕਿ ਮੁਸਲਮਾਨਾਂ, ਸਿੱਖਾਂ ਅਤੇ ਈਸਾਈਆਂ ਵਿੱਚ ਵੀ ਜਾਤੀਆਂ ਪਾਈਆਂ ਜਾਂਦੀਆਂ ਹਨ। ਸੁਤੰਤਰਤਾ ਤੋਂ ਪਹਿਲਾਂ ਜਨਗਣਨਾ

ਨੋਟ

ਆਯੁਕਤਾਂ ਨੇ ਵਰਣਨ ਕੀਤਾ ਹੈ ਕਿ ਭਾਰਤ ਵਿੱਚ ਜਾਤੀ ਜਿਵੇਂ ਅੰਤਰਵਿਆਹੀ ਸਤਰ ਗੈਰ-ਹਿੰਦੂਆਂ ਵਿੱਚ ਵੀ ਪਾਏ ਜਾਂਦੇ ਹਨ। ਕਲਕੱਤਾ ਅਤੇ ਉੱਤਰ ਪ੍ਰਦੇਸ਼ ਦੇ ਮੁਸਲਮਾਨਾਂ, ਸਿੱਖ, ਜੈਨੀ ਅਤੇ ਯਹੂਦੀ ਸਮੁਦਾਵਾਂ ਵਿੱਚ ਜਾਤੀ ਵਿਵਸਥਾ ਦੀ ਤਰਾਂ ਸਮਾਜਿਕ ਅਤੇ ਆਰਥਿਕ ਸੰਬੰਧ ਪ੍ਰਤੀਮਾਨਿਤ ਹੁੰਦੇ ਹਨ। ਇਨਾਂ ਸਮੁਦਾਵਾਂ ਵਿੱਚ ਵੰਸ਼ਾਨੁਗਤ ਕਾਰੋਬਾਰੀ ਸਮੂਹ ਅੰਤਰ ਵਿਆਹੀ ਸ਼੍ਰੇਣੀਕ੍ਰਿਤ ਉਪ ਸਮੂਹਾਂ ਦੇ ਰੂਪ ਵਿੱਚ ਪਾਏ ਜਾਦੇ ਹਨ। ਅਨੇਕਾਂ ਨਿਮਨ ਜਾਤੀ ਦੇ ਹਿੰਦੂਆਂ ਨੇ ਇਸ ਉਮੀਦ ਨਾਲ ਇਸਲਾਮ ਧਰਮ ਅਪਣਾ ਲਿਆ ਕਿ ਓਹ ਆਪਣੀ ਸਥਿਤੀ ਵਿੱਚ ਸੁਧਾਰ ਕਰ ਸਕਣਗੇ ਕਿਓਂਕਿ ਇਸਲਾਮ ਵਿੱਚ ਜਾਤੀ ਦੀ ਤਰਾਂ ਦੇ ਵਿਭੇਦ ਨਹੀਂ ਪਾਏ ਜਾਂਦੇ ਸਨ ਪ੍ਰੰਤੂ ਇਹ ਲੋਕ ਆਪਣੀ ਜਾਤੀ ਸਥਿਤੀ ਵਿੱਚ ਪਰਿਵਰਤਨ ਲਿਆਓਣ ਵਿੱਚ ਸਫਲ ਨਹੀਂ ਹੋਏ। ਭਾਰਤ ਵਿੱਚ ਮੁਸਲਮਾਨ ਜਾਤੀ ਪ੍ਰਥਾ ਦੇ ਲਗਭਗ ਸਮਾਨਾਂਤਰ ਹੀ ਸਮੂਹਾਂ ਵਿੱਚ ਵਿਭਾਜਿਤ ਹਨ। ਚਾਹੇ ਇਸਲਾਮ ਵਿੱਚ ਅਪਿਵੱਤਰਤਾ ਅਤੇ ਛੂਤਛਾਤ ਦੀਆਂ ਧਾਰਨਾਵਾਂ ਲਈ ਕੋਈ ਥਾਂ ਨਹੀਂ ਹੈ, ਫਿਰ ਵੀ ਇਹ ਮੁਸਲਮਾਨਾਂ ਵਿੱਚ ਪਾਈ ਜਾਂਦੀ ਹੈ।

ਭਾਰਤ ਵਿੱਚ ਮੁਸਲਮਾਨ ਅਸ਼ਰਫ ਅਤੇ ਗੈਰ ਅਸ਼ਰਫ ਸਮੁਦਾਵਾਂ ਵਿੱਚ ਵੰਡੇ ਹੋਏ ਹਨ। ਅਸ਼ਰਫ ਉੱਚ ਵੰਸ਼ ਦੇ ਹਨ ਅਤੇ ਮੁੱਖ ਰੂਪ ਵਿੱਚ ਸ਼ਹਿਰਾਂ ਵਿੱਚ ਰਹਿੰਦੇ ਹਨ ਜਦੋਂ ਕਿ ਗੈਰ ਅਸ਼ਰਫ ਹਿੰਦੂ ਧਰਮ ਛੱਡ ਕੇ ਮੁਸਲਮਾਨ ਬਣੇ ਹੋਏ ਲੋਕ ਹਨ ਅਤੇ ਮੁੱਖ ਤੌਰ ਤੇ ਪਿੰਡਾਂ ਵਿੱਚ ਰਹਿੰਦੇ ਹਨ। ਮੁਸਲਮਾਨਾਂ ਵਿੱਚ ਭੰਗੀ, ਕਮੀਣ, ਸੱਕਾ, ਨਾਈ ਅਤੇ ਜ਼ਿਮੀਂਦਾਰ ਆਦਿ ਉੱਤੇ ਆਧਾਰਿਤ ਵਿਭੇਦ ਵੀ ਹਨ ਅਤੇ ਇਨਾਂ ਵਿਭੇਦਾਂ ਦੇ ਨਾਲ ਸੰਸਕਾਰਿਕ ਮੁੱਲ ਵੀ ਜੁੜਿਆ ਹੋਇਆ ਹੈ। ਸਿੱਖਾਂ ਅਤੇ ਹੋਰ ਸਮੁਦਾਵਾਂ ਵਿੱਚ ਚੱਕਰਮੂਲਕ ਜਾਤੀਆਂ ਵੀ ਪਾਈਆਂ ਜਾਦੀਆਂ ਹਨ ਜਿਨਾਂ ਦੇ ਨਾਲ ਕੁਝ ਅੰਸ਼ ਤੱਕ ਅਪਵਿੱਤਰਤਾ ਅਤੇ ਛੂਤਛਾਤ ਵੀ ਜੁੜੀ ਹੋਈ ਹੈ।

ਇੱਥੋਂ ਤੱਕ ਕਿ ਸ਼੍ਰੀਲੰਕਾ ਵਿੱਚ ਵੀ ਜਾਤੀ ਸਮੂਹ ਪਾਏ ਜਾਦੇ ਹਨ ਜਿੱਥੇ ਸਿੰਹਲੀ ਲੋਕ ਬੁੱਧ ਧਰਮ ਨੂੰ ਮੰਨਦੇ ਰਹੇ ਹਨ। ਬਰਮਾ, ਜਾਪਾਨ ਅਤੇ ਕੁਝ ਹੋਰ ਦੇਸ਼ਾਂ ਵਿੱਚ ਵੀ ਪ੍ਰਕਾਰ ਜਾਤੀਆਂ ਦੇ ਉਦਾਹਰਣ ਮਿਲਦੇ ਹਨ। ਅਮਰੀਕਾ ਦੇ ਕਾਲੇ ਲੋਕਾਂ ਦੀ ਤੁਲਨਾ ਭਾਰਤ ਦੇ ਅਛੂਤਾਂ ਨਾਲ ਕੀਤੀ ਗਈ ਹੈ। ਜਿਸ ਤਰਾਂ ਨਾਲ ਜਾਤੀ ਇੱਕ ਵਿਚਾਰਧਾਰਾ ਬਣ ਕੇ ਪੂਰੇ ਹਿੰਦੂ ਸਮਾਜ ਵਿੱਚ ਪ੍ਰਵੇਸ਼ ਕਰ ਗਈ ਹੈ, ਉਸ ਰੂਪ ਵਿੱਚ ਹੋਰ ਕਿਤੇ ਨਹੀਂ ਪਾਈ ਜਾਂਦੀ, ਇਸ ਲਈ ਜਾਤੀ ਸੰਸਕ੍ਰਿਤਿਕ ਦ੍ਰਿਸ਼ਟੀ ਨਾਲ ਵਿਸ਼ਿਸ਼ਟ ਅਤੇ ਅਨੂੰਠੀ ਵਿਵਸਥਾ ਹੈ।

### ਸਵ-ਮੁੱਲਾਂਕਣ (Self Assessment)

1. **ਸਹੀ ਵਿਕਲਪ ਚੁਣੋ (Choose the correct option) –**

(*i*) ਇੱਕ ਇਕਾਈ ਦੇ ਰੂਪ ਵਿੱਚ ਜਾਤੀ ਦੀਆਂ ਵਿਸ਼ੇਸ਼ਤਾਵਾਂ ਹਨ–

(*a*) ਵੰਸ਼ਾਨੁਗਤ ਸਦੱਸਤਾ (*b*) ਅੰਤਰਵਿਆਹ (*c*) ਨਿਸ਼ਚਿਤ ਕਾਰੋਬਾਰ (*d*) ਉਪਰੋਕਤ ਸਾਰੇ।

(*ii*) ਜੋ ਜਾਤੀਆਂ ਗੰਦਾ ਫੈਲਾਓਣ ਵਾਲੇ ਪੇਸ਼ਿਆਂ ਵਿੱਚ ਲੱਗੀਆਂ ਹੁੰਦੀਆਂ ਹਨ, ਓਨਾਂ ਨੂੰ ਮੰਨਿਆ ਜਾਂਦਾ ਹੈ–

(*a*) ਅਛੂਤ (*b*) ਦਲਿਤ ਵਰਗ (*c*) ਅਨੁਸੂਚਿਤ ਜਾਤੀਆਂ (*d*) ਉਪਰੋਕਤ ਸਾਰੇ।

(*iii*) ਕਿਸ ਨੂੰ ਸਮਾਜਿਕ ਸੰਬੰਧਾਂ ਦੀ ਇੱਕ ਵਿਆਪਕ ਵਿਵਸਥਾ ਦੇ ਰੂਪ ਵਿੱਚ ਸਮਝਿਆ ਗਿਆ ਹੈ–

(*a*) ਜਾਤੀ (*b*) ਬਿਰਾਦਰੀ (*c*) ਉਪਜਾਤੀ (*d*) ਅਨੁਸੂਚਿਤ ਜਾਤੀ।

(*iv*) ਭਾਰਤੀ ਸਮਾਜ ਨੂੰ ਇੱਕ ਜਾਤੀ ਦੇ ਰੂਪ ਵਿੱਚ ਮੰਨਦੇ ਹਨ–

(*a*) ਓਮੈਲੇ (*b*) ਮੈਕਸ ਵੇਬਰ (*c*) ਲੂਈ ਡਿਓਮੋ (*d*) ਫ੍ਰੀਡ।

(*v*) ਭਾਰਤ ਵਿੱਚ ਮੁਸਲਮਾਨ ਕਿੰਨੇ ਸਮੁਦਾਵਾਂ ਵਿੱਚ ਵੰਡੇ ਹੋਏ ਹਨ–

(*a*) ਦੋ (*b*) ਚਾਰ (*c*) ਛੇ (*d*) ਅੱਠ।

## 6.3 ਪ੍ਰਬਲ ਜਾਤੀ (Dominant Caste)

ਭਾਰਤ ਵਿੱਚ ਪੇਂਡੂ ਖੇਤਰਾਂ ਵਿੱਚ ਜਾਤੀ ਸੰਘਰਸ਼ ਨੂੰ ਸਮਝਣ ਲਈ ਸਥਾਨਿਕ ਪ੍ਰਬਲ ਜਾਤੀ (dominant caste) ਦਾ ਅਤੇ ਹੋਰ ਜਾਤੀਆਂ ਦੇ ਸ਼ੋਸ਼ਣ ਦਾ ਵਿਸ਼ਲੇਸ਼ਣ ਮਹੱਤਵਪੂਰਣ ਹੈ। ਕਦੇ ਕਦੇ ਆਸ-ਪੜੌਸ ਦੇ ਪਿੰਡਾਂ ਵਿੱਚ ਇੱਕ ਹੀ ਜਾਤੀ ਪ੍ਰਬਲ ਹੁੰਦੀ ਹੈ। ਐਮ. ਐਨ. ਸ਼੍ਰੀਨਿਵਾਸ ਦੇ ਅਨੁਸਾਰ ਜਾਤੀ ਤਾਂ ਹੀ ਪ੍ਰਬਲ ਹੁੰਦੀ ਹੈ ਜਦੋਂ ਇਹ ਦੂਜੀ ਜਾਤੀ ਤੋਂ ਸੰਖਿਆ ਵਿੱਚ ਅਧਿਕ ਹੁੰਦੀ ਹੈ, ਜਦੋਂ ਉਸ ਨੂੰ ਅਤਿਆਧਿਕ ਆਰਥਿਕ ਅਤੇ ਰਾਜਨੀਤਿਕ ਸੱਤਾ ਪ੍ਰਾਪਤ ਹੁੰਦੀ ਹੈ ਅਤੇ ਜਦੋਂ ਇਹ ਸਥਾਨਿਕ ਜਾਤੀ ਸੰਸਤਰਣ ਵਿੱਚ ਉੱਚ ਸੰਸਕਾਰਿਕ ਪ੍ਰਸਥਿਤੀ (ritual status) ਰੱਖਦੀ ਹੈ। ਪ੍ਰਭੁੱਤਵ (dominance) ਦੇ ਦੋ ਹੋਰ ਲੱਛਣ ਜਾਤੀ ਵਿੱਚ ਸਿੱਖਿਅਤ ਵਿਅਕਤੀਆਂ ਅਤੇ ਉੱਚ ਕਾਰੋਬਾਰੀ ਲੋਕਾਂ ਦੀ ਸੰਖਿਆ ਵੀ ਹੈ। ਜਦੋਂ ਜਾਤੀ ਕੋਲ ਪ੍ਰਬਲ ਹੋਣ ਦੇ ਸਭ ਤੱਤ (ਸੰਖਿਆ, ਆਰਥਿਕ ਅਤੇ ਰਾਜਨੀਤਿਕ ਸ਼ਕਤੀ, ਉੱਚ ਸਿੱਖਿਆ ਅਤੇ ਉੱਚ ਸੰਸਕਾਰ ਵਾਲੀ ਪ੍ਰਸਥਿਤੀ) ਹੁੰਦੇ ਹਨ, ਤਾਂ ਜਾਤੀ ਨੂੰ ਨਿਰਣਾਇਕ ਰੂਪ ਨਾਲ "ਪ੍ਰਬਲ" ਕਿਹਾ ਜਾ ਸਕਦਾ ਹੈ। ਪ੍ਰੰਤੂ ਨਿਰਣਾਇਕ ਪ੍ਰਬਲਤਾ ਆਮ ਨਹੀਂ ਹੈ। ਇੱਕ ਪਿੰਡ ਵਿੱਚ

ਨੋਟ

ਪ੍ਰਬਲਤਾ ਦੇ ਵਿਭਿੰਨ ਤੱਤ ਜਾਤੀਆਂ ਵਿੱਚ ਵਿਭਾਜਿਤ ਰਹਿੰਦੇ ਹਨ। ਇਸ ਪ੍ਰਕਾਰ ਇੱਕ ਜਾਤੀ ਜਿਸ ਨੂੰ ਉੱਚ ਸੰਸਕਾਰਾਂ ਵਾਲੀ ਸਥਿਤੀ ਪ੍ਰਾਪਤ ਹੈ, ਗਰੀਬ ਅਤੇ ਘੱਟ ਸੰਖਿਆ ਵਾਲੀ ਹੋ ਸਕਦੀ ਹੈ, ਜਦੋਂ ਕਿ ਸੰਖਿਆ ਵਿੱਚ ਅਧਿਕ ਹੋਣ ਵਾਲੀ ਜਾਤੀ ਗਰੀਬ ਅਤੇ ਸੰਸਕਾਰਾਂ ਦੀ ਦ੍ਰਿਸ਼ਟੀ ਤੋਂ ਨਿਮਨ ਸਥਿਤੀ ਵਾਲੀ ਹੋ ਸਕਦੀ ਹੈ। ਜਦੋਂ ਜਾਤੀ ਇੱਕ ਪ੍ਰਕਾਰ ਦੀ ਪ੍ਰਬਲਤਾ ਦਾ ਲਾਭ ਉਠਾਉਂਦੀ ਹੈ, ਤਾਂ ਹੋਰ ਪ੍ਰਕਾਰ ਦੀ ਪ੍ਰਬਲਤਾ ਵਾਲੇ ਗੁਣ ਆਪਣੇ ਆਪ ਕਾਲਾਂਤਰ ਵਿੱਚ ਪ੍ਰਾਪਤ ਕਰ ਲੈਂਦੀ ਹੈ। ਪ੍ਰੰਤੂ ਇਹ ਤੱਥ ਅਛੂਤ ਜਾਤੀਆਂ ਉੱਤੇ ਲਾਗੂ ਨਹੀਂ ਹੁੰਦੇ। ਓਹ ਜਾਤੀਆਂ ਜਿਨਾਂ ਦੇ ਮੈਂਬਰ ਭੂਮੀਹੀਣ ਮਜ਼ਦੂਰ ਜਾਂ ਸਾਂਝੀ ਅਤੇ ਬਹੁਤ ਛੋਟੇ ਭੂਸੁਆਮੀ ਹੁੰਦੇ ਹਨ, ਕਈ ਵਾਰ ਪ੍ਰਬਲ ਜਾਤੀਆਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਜਾਂਦੀਆਂ ਹਨ। ਕਦੇ ਕਦੇ ਅਛੂਤ ਜਾਤੀਆਂ ਵੀ ਅਜਿਹੀਆਂ ਸੇਵਾਵਾਂ ਕਰਣ ਤੋਂ ਇਨਕਾਰ ਕਰ ਦੇਂਦੀਆਂ ਹਨ, ਜਿਵੇਂ ਉੱਚ ਜਾਤੀਆਂ ਦੇ ਘਰਾਂ ਤੋਂ ਮ੍ਰਿਤ ਪਸ਼ੂਆਂ ਨੂੰ ਹਟਾਓਣਾ, ਪਿੰਡ ਵਿੱਚ ਦੇਵੀ ਦੇਵਤਾਵਾਂ ਦੇ ਤਿਓਹਾਰ ਤੇ ਢੋਲ ਵਜਾਓਣਾ, ਅਤੇ ਵਿਆਹ ਆਦਿ ਅਵਸਰਾਂ ਉੱਤੇ ਭੋਜਨ ਦੀਆਂ ਜੂਠੀਆਂ ਪੱਤਲਾਂ ਆਦਿ ਦੀ ਸਫਾਈ ਕਰਨਾ ਆਦਿ। ਉੱਚ ਜਾਤੀ ਦੇ ਲੋਕ ਇਸ ਗੱਲ ਉੱਤੇ ਨਾਰਾਜ਼ ਹੁੰਦੇ ਹਨ ਅਤੇ ਅਛੂਤ ਲੋਕਾਂ ਨੂੰ ਕੁੱਟਦੇ ਹਨ ਜਾਂ ਓਨਾਂ ਦੇ ਘਰਾਂ ਵਿੱਚ ਅੱਗ ਲਗਾ ਦਿੰਦੇ ਹਨ। ਇਸ ਪ੍ਰਕਾਰ ਪ੍ਰਬਲਤਾ ਪ੍ਰਭੁੱਤਵ ਜਮਾਓਣ ਦੀ ਕੋਸ਼ਿਸ਼ ਅਤੇ ਪ੍ਰਬਲਤਾ/ਪ੍ਰਭੁੱਤਵ ਦੇ ਪ੍ਰਤੀਰੋਧ ਦੇ ਕਾਰਣ ਜਾਤੀ ਸੰਘਰਸ਼ ਆਰੰਭ ਹੁੰਦੇ ਹਨ।

## 6.3.1 ਉੱਚ ਜਾਤੀਆਂ ਦੁਆਰਾ ਨਿਮਨ ਜਾਤੀਆਂ ਦਾ ਸ਼ੋਸ਼ਣ

ਉੱਚ ਜਾਤੀਆਂ ਦਾ ਦ੍ਰਿਸ਼ਟੀਕੋਣ ਸਦਾ ਇਹੀ ਰਿਹਾ ਹੈ ਕਿ ਓਹ ਆਪਣੀ ਸਥਿਤੀ ਪ੍ਰਬਲ ਬਣਾਓਣ ਅਤੇ ਉਸ ਨੂੰ ਉੱਚਾ ਬਣਾ ਕੇ ਰੱਖਣ। ਮੱਧਵਰਗੀ ਅਤੇ ਨਿਮਨ ਜਾਤੀ ਦੇ ਲੋਕ ਸਦਾ ਹੀ ਆਪਣੇ ਆਪ ਨੂੰ ਵੰਚਿਤ (deprived) ਅਤੇ ਸ਼ੋਸ਼ਿਤ ਮੰਨਦੇ ਹਨ। ਆਪਣੀ "ਮਾਨਤਾ ਬਣਾ ਕੇ ਰੱਖਣ" ਦੀ ਉੱਚ ਜਾਤੀਆਂ ਦੀ ਇਹ ਕੋਸ਼ਿਸ਼ ਹੀ ਜਾਤੀ ਸੰਘਰਸ਼ ਪੈਦਾ ਕਰਦੀ ਹੈ। ਸ਼ੋਸ਼ਣ, ਆਰਥਿਕ ਪਰੇਸ਼ਾਨੀਆਂ ਦੇ ਕਾਰਣ ਅਤੇ ਵੰਚਨਾਵਾਂ ਦੇ ਕਾਰਣ ਪੈਦਾ ਹੋਏ ਜਾਤੀ ਸੰਘਰਸ਼ ਦੇ ਸਭ ਤੋਂ ਚੰਗੇ ਉਦਾਹਰਣ ਬਿਹਾਰ ਵਿੱਚ ਮਿਲਦੇ ਹਨ। ਬ੍ਰਾਹਮਣ, ਭੂਮੀਹਰ, ਰਾਜਪੂਤ ਅਤੇ ਕਾਇਸਥ ਜਾਤੀਆਂ ਸਦਾ ਹੀ ਉੱਚ ਪਿਛੜੀਆਂ ਜਾਤੀਆਂ ਜਿਵੇਂ ਯਾਦਵ, ਕੁਰਮੀ ਅਤੇ ਕੋਰੀ ਆਦਿ ਨਾਲ ਅਤੇ ਧਨੁਕ, ਕੁਮਹਾਰ, ਲੁਹਾਰ, ਮੁੱਲਾ; ਤੇਲੀ ਅਤੇ ਕੁਮਹਾਰ ਜਿਹੀਆਂ ਨਿਮਨ ਪਿਛੜੀਆਂ ਜਾਤੀਆਂ ਨਾਲ ਸੰਘਰਸ਼ ਕਰਦੀਆਂ ਰਹੀਆਂ ਹਨ। ਮਾਰਚ 1990 ਅਤੇ ਅਕਤੂਬਰ 1994 ਦੇ ਵਿੱਚ ਬਿਹਾਰ ਵਿੱਚ 30 ਤੋਂ ਵੀ ਅਧਿਕ ਜਾਤੀ ਹੱਤਿਆਵਾਂ ਦੀਆਂ ਘਟਨਾਵਾਂ ਹੋਈਆਂ। ਪਿਛਲੇ 15 ਸਾਲਾਂ ਵਿੱਚ ਸਭ ਤੋਂ ਘ੍ਰਿਣਾਯੋਗ ਨਰਸੰਘਾਰ ਹੋਏ ਸਨ-12 ਫਰਵਰੀ, 1992 ਨੂੰ ਗਯਾ ਤੋਂ 40 ਕਿਲੋਮੀਟਰ ਦੂਰ "ਬਾਰਾ" ਪਿੰਡ ਵਿੱਚ ਜਿੱਥੇ 44 ਉੱਚ ਜਾਤੀਆਂ ਦੇ ਭੂਮੀਹਰਾਂ ਨੂੰ 1500 ਪਿਛੜੀਆਂ ਜਾਤੀਆਂ ਦੇ ਐਮ. ਸੀ. ਸੀ. ਹਮਲਾਵਰਾਂ ਦੁਆਰਾ ਮੌਤ ਦੇ ਘਾਟ ਉਤਾਰ ਦਿੱਤਾ ਗਿਆ; 23 ਦਿਸੰਬਰ, 1991 ਦਾ ਨਰਸੰਘਾਰ ਜਿਸ ਵਿੱਚ ਉੱਚ ਜਾਤੀ ਦੇ ਸਵਰਣ ਮੁਕਤੀ ਮੋਰਚਾ (ਐਸ. ਐਲ. ਐਫ.) ਦੇ ਮੈਂਬਰਾਂ ਦੁਆਰਾ 10 ਨਿਮਨ ਜਾਤੀਆਂ ਦੇ ਮਾਓਵਾਦੀ ਸਾਮਵਾਦੀ ਕੇਂਦਰ (ਐਮ. ਸੀ. ਸੀ.) ਦੇ ਮੈਂਬਰਾਂ ਦੀ ਬੇਦਰਦੀ ਨਾਲ ਹੱਤਿਆ ਕਰ ਦਿੱਤੀ। ਐਸ. ਐਲ. ਐਫ. ਦੇ ਭੂਮੀਹਰਾਂ ਦੁਆਰਾ ਐਮ. ਸੀ. ਸੀ. ਦੇ ਪਿਛੜੇ ਵਰਗ ਦੇ 10 ਸਮਰਥਕਾਂ ਦੀ ਹੱਤਿਆ ਜੋ ਕਿ ਮੀਨ ਅਤੇ ਬਾਰਸਿਮਹਾ ਵਿੱਚ ਕੀਤੀ ਗਈ; 1987 ਦੀ ਦਲੇਲਚਕ-ਭਗੁਵਾਰਾ (ਔਰੰਗਾਬਾਦ) ਦੀ ਉੱਚ ਜਾਤੀ ਦੇ ਵਿਅਕਤੀਆਂ ਦੀ ਹੱਤਿਆ; ਅਤੇ 1987 ਵਿੱਚ ਚੇਚਾਨੀ ਵਿੱਚ ਸੱਤ ਯਾਦਵਾਂ ਦੀ ਹੱਤਿਆ ਦੇ ਬਦਲੇ ਦੇ ਉਦੇਸ਼ ਨਾਲ ਕੀਤੀ ਗਈ 54 ਰਾਜਪੂਤਾਂ ਦੀ ਗੋਲੀ ਮਾਰ ਕੇ ਹੱਤਿਆ, ਆਦਿ। ਇਸ ਤੋਂ ਪਹਿਲਾਂ ਮਈ 1977 ਵਿੱਚ ਬੇਲਚੀ ਵਿੱਚ ਧਨੀ ਕੁਰਮੀ ਭੂਸੁਆਮੀਆਂ ਦੁਆਰਾ ਅੱਠ ਹਰੀਜਨਾਂ ਨੂੰ ਜ਼ਿੰਦਾ ਜਲਾ ਦਿੱਤਾ ਗਿਆ ਸੀ। ਅਤੇ 1978 ਵਿੱਚ ਵਿਸ਼ਰਾਮਪੁਰ ਵਿੱਚ ਅਨੇਕ ਭੂਮੀਹੀਣ ਮਜ਼ਦੂਰਾਂ ਨੂੰ ਕੁਰਮੀਆਂ ਦੁਆਰਾ ਜ਼ਿੰਦਾ ਜਲਾ ਦਿੱਤਾ ਗਿਆ ਸੀ। ਇਸੇ ਤਰਾਂ 1980 ਦੇ ਦਸ਼ਕ ਦੇ ਹੋਰ ਹੱਤਿਆਕਾਂਡ ਜੋ ਕਿ ਬਹੁਤ ਚੰਗੀ ਤਰਾਂ ਸਭ ਨੂੰ ਪਤਾ ਹਨ, ਇਸ ਪ੍ਰਕਾਰ ਹਨ- ਪਾਰਸਬੀਘਾ ਅਤੇ ਜਰਪਾ ਵਿੱਚ ਭੂਮੀਹਰਾਂ ਦੁਆਰਾ ਯਾਦਵਾਂ ਦਾ ਨਰਸੰਘਾਰ, ਦੋਹਿਜਾ ਵਿੱਚ ਯਾਦਵਾਂ ਦੁਆਰਾ ਭੂਮੀਹਰਾਂ ਦੀ ਹੱਤਿਆ ਅਤੇ ਕੁਰਮੀਆਂ ਦੁਆਰਾ ਵਿਸ਼ਰਾਮਪੁਰ, ਬੇਨੀਆਪੱਟੀ, ਚੰਦਾਦਾਨੋ, ਗੋਪਾਲਪੁਰ ਕਲਿਆ, ਪੀਪਰਾ ਅਤੇ ਪੁਪਰੀ ਵਿੱਚ ਕੀਤੇ ਗਏ ਹਰੀਜਨਾਂ ਦਾ ਨਰਸੰਘਾਰ।

ਬਿਹਾਰ ਦੇ ਪੇਂਡੂ ਖੇਤਰਾਂ ਵਿੱਚ ਵਧਦਾ ਹੋਇਆ ਜਾਤੀ ਵਰਗ ਤਨਾਵ, ਜਾਤੀ ਵਰਗ ਦੀਆਂ ਨਿਜੀ ਸੈਨਾਵਾਂ ਦੇ ਗਠਬੰਧਨ ਦੇ ਫਲਸਰੂਪ ਓਦੇ ਹੋਇਆ। ਮਾਓਇਸਟ ਕਮਿਊਨਿਸਟ ਸੈਂਟਰ (ਐਮ. ਸੀ. ਸੀ.) 1970 ਦੇ ਆਰੰਭ ਵਿੱਚ ਇੱਕ ਨਕਸਲਵਾਦੀ ਨੇਤਾ ਦੁਆਰਾ ਸਥਾਪਿਤ ਕੀਤਾ ਗਿਆ। ਇਸ ਸੰਗਠਨ ਨੇ ਆਂਧਰ ਪ੍ਰਦੇਸ਼ ਦੇ ਜਨ ਸੰਗ੍ਰਾਮ ਸਮੂਹ (People's War Group, ਮਤਲਬ PWG) ਨਾਲ ਗਠਬੰਧਨ ਕੀਤਾ, ਚਾਹੇ ਇਨਾਂ ਦੋਹਾਂ ਸੰਗਠਨਾਂ ਵਿੱਚ ਵੈਚਾਰਿਕ ਭੇਦ ਹਨ। ਬਿਹਾਰ ਵਿੱਚ ਜਦੋਂ ਕਦੇ ਇਹ ਕਠਿਨਾਈ ਹੁੰਦੀ ਹੈ, ਤਾਂ ਕਾਫੀ ਸੰਖਿਆ ਵਿੱਚ ਐਮ. ਸੀ. ਸੀ. ਦੇ ਮੈਂਬਰ ਕ੍ਰਾਂਤੀਕਾਰੀ ਰਸਤੇ ਅਪਣਾਓਂਦੇ ਹਨ ਜਿਸ ਨਾਲ ਕਿ ਓਹ ਜਾਤੀ ਅਤੇ ਵਰਗ ਦੇ ਦੁਸ਼ਮਣਾਂ ਦਾ ਵਿਨਾਸ਼ ਕਰ ਸਕਣ। ਐਮ. ਸੀ. ਸੀ. ਵਿੱਚ ਮੁੱਖ ਤੌਰ ਤੇ ਪਿਛੜੀ ਜਾਤੀ ਦੇ ਲੋਕ ਮੈਂਬਰ ਹਨ ਅਤੇ ਗਯਾ, ਔਰੰਗਾਬਾਦ, ਹਜ਼ਾਰੀ ਬਾਗ ਅਤੇ ਪਾਲਾਮੜਾ ਜਿਲਿਆਂ ਦੇ ਸੈਂਕੜੇ ਪਿੰਡਾਂ ਉੱਤੇ ਇਨਾਂ ਦਾ ਪ੍ਰਭਾਵ ਹੈ। ਪਿੱਛੇ ਜਿਹੇ ਇਨਾਂ ਨੇ "ਜਨ ਸੁਰੱਖਿਆ ਸੰਘਰਸ਼ ਮੰਚ" ਦੀ ਸਥਾਪਨਾ ਕੀਤੀ ਹੈ। ਐਮ. ਸੀ. ਸੀ. "ਰੰਗਦਾਰੀ ਕਰ" ਵੀ ਠੇਕੇਦਾਰਾਂ ਅਤੇ ਵੱਡੇ ਜ਼ਿਮੀਂਦਾਰਾਂ ਤੋਂ ਦੈਨਿਕ ਖਰਚਾ ਚਲਾਓਣ ਲਈ ਵਸੂਲ ਕਰਦੀ ਹੈ।

ਉੱਚ ਜਾਤੀ ਭੂਸੁਆਮੀਆਂ ਨੇ ਆਪਣੇ ਪ੍ਰਭੁੱਤਵ ਉੱਤੇ ਚੁਨੌਤੀ ਦੇਖ ਕੇ "ਸਵਰਣ ਮੁਕਤੀ ਮੋਰਚਾ" (Savarna Liberation Front ਮਤਲਬ SLF) ਦਾ ਸੰਗਠਨ ਕੀਤਾ। ਐਸ. ਐਲ. ਐਫ. ਨੂੰ ਆਰਥਿਕ ਮਦਦ ਦੇਣ ਵਾਲੇ ਇੱਕ ਸਾਂਸਦ ਅਤੇ ਦੋ

ਨੋਟ

ਵਿਧਾਇਕ ਸਮਝੇ ਜਾ ਰਹੇ ਹਨ। ਐਸ. ਐਲ. ਐਫ. ਨੇ ਐਮ. ਸੀ. ਸੀ. ਨੂੰ 1992 ਦੇ ਬਾਰਾ ਹੱਤਿਆਕਾਂਡ ਦੇ ਬਦਲੇ ਦੀ ਕਾਰਵਾਈ ਦੀ ਧਮਕੀ ਵੀ ਦਿੱਤੀ ਸੀ। ਇਨਾਂ ਨਰਸੰਘਾਰਾਂ ਦੀ ਗੰਭੀਰਤਾ ਦੇ ਬਾਵਜੂਦ ਵੀ ਲੋਕ ਪੁਲਿਸ ਨਾਲ ਸਹਿਯੋਗ ਨਹੀਂ ਕਰਦੇ ਹਨ ਕਿਉਂਕਿ ਪ੍ਰਸ਼ਾਸਨ ਤੋਂ ਲੋਕਾਂ ਦਾ ਵਿਸ਼ਵਾਸ ਉਠ ਗਿਆ ਹੈ।

ਕੁਝ ਲੋਕ ਬਿਹਾਰ ਦੇ ਇਨਾਂ ਨਰਸੰਘਾਰਾਂ ਨੂੰ ਜਾਤੀ ਸੰਘਰਸ਼ ਦੀ ਬਜਾਏ ਖੇਤੀ ਸੰਬੰਧੀ ਅਸੰਤੋਸ਼ ਕਹਿੰਦੇ ਹਨ। ਪ੍ਰੰਤੂ ਗਵਾਹਾਂ ਤੋਂ ਇਹ ਸਿੱਧ ਨਹੀਂ ਹੁੰਦਾ ਕਿਉਂਕਿ ਉੱਚ ਜਾਤੀ ਦੇ ਲੋਕਾਂ ਨੇ ਜ਼ਿਆਦਾਤਰ ਮੱਧ ਸ਼੍ਰੇਣੀ ਦੇ ਕਿਸਾਨਾਂ ਦੀ ਹੱਤਿਆ ਕੀਤੀ ਹੈ ਜਿਨਾਂ ਕੋਲ ਔਸਤਨ 5 ਬੀਘਾ ਤੱਕ ਹੀ ਭੂਮੀ ਸੀ। ਉੱਚ ਜਾਤੀ ਦੇ ਲੋਕ ਭੂਮੀ ਸੁਧਾਰਾਂ ਵਿੱਚ ਘੱਟ ਤੋਂ ਘੱਟ ਰੁਚੀ ਰੱਖਦੇ ਹਨ। ਓਹ ਤਾਂ "ਜਵਾਹਰ ਰੁਜ਼ਗਾਰ ਯੋਜਨਾ" ਜਿਹੀਆਂ ਯੋਜਨਾਵਾਂ ਵਿੱਚ ਵੀ ਰੁਕਾਵਟਾਂ ਪੈਦਾ ਕਰਦੇ ਹਨ ਜਿਸ ਦਾ ਉਦੇਸ਼ ਗਰੀਬ ਵਰਗ ਦੀ ਮਦਦ ਕਰਨਾ ਹੈ। ਓਹ ਉਸ ਧਨ ਰਾਸ਼ੀ ਨੂੰ ਵੀ ਹੜੱਪਣ ਦੀ ਕੋਸ਼ਿਸ਼ ਕਰਦੇ ਹਨ ਜੋ ਨਿਮਨ ਜਾਤੀ ਦੇ ਗਰੀਬ ਲੋਕਾਂ ਵਿੱਚ ਵੰਡਣ ਲਈ ਹੁੰਦੀ ਹੈ। ਉੱਚ ਜਾਤੀਆਂ ਵਿੱਚ ਅਜਿਹੇ ਭੂਸੁਆਮੀ ਵੀ ਹਨ ਜਿਨਾਂ ਕੋਲ 1,000 ਏਕੜ ਤੱਕ ਭੂਮੀ ਹੈ। ਨਿਊਨਤਮ ਮਜ਼ਦੂਰੀ ਅਧਿਨਿਯਮ ਵੀ ਇੱਕ ਮਜ਼ਾਕ ਬਣ ਕੇ ਰਹਿ ਗਿਆ ਹੈ। ਬਿਹਾਰ ਦੇ ਅਧਿਕਤਰ ਖੇਤਰ ਵਿੱਚ ਬੰਧੂਆ ਮਜ਼ਦੂਰੀ (bonded labour) ਦੇ ਰੂਪ ਵਿੱਚ ਗੁਲਾਮੀ ਪ੍ਰਥਾ ਅੱਜ ਵੀ ਪ੍ਰਚੱਲਿਤ ਹੈ ਜਿਸ ਨਾਲ ਹਜ਼ਾਰਾਂ ਮਜ਼ਦੂਰਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਅਤੇ ਨਰਕੀ ਜੀਵਨ ਭੋਗਣਾ ਪੈ ਰਿਹਾ ਹੈ। ਕੁਝ ਸਵੈ-ਇਛੁੱਕ ਸੰਗਠਨਾਂ ਦੀਆਂ ਕੋਸ਼ਿਸ਼ਾਂ ਨੂੰ ਉੱਚ ਜਾਤੀ ਦੇ ਭੂਸੁਆਮੀਆਂ ਦੁਆਰਾ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮਿਲ ਕੇ ਨਿਰਰਥਕ ਅਤੇ ਨਸ਼ਟ ਕੀਤਾ ਜਾ ਰਿਹਾ ਹੈ।

ਉਪਰੋਕਤ ਵਿਵੇਚਨ ਦੁਆਰਾ ਸਪਸ਼ਟ ਹੈ ਕਿ ਉੱਚ ਜਾਤੀਆਂ ਦੁਆਰਾ ਨਿਮਨ ਜਾਤੀਆਂ ਅਤੇ ਪਿਛੜੀਆਂ ਜਾਤੀਆਂ ਦਾ ਸ਼ੋਸ਼ਣ, ਪਿਛੜੀਆਂ ਜਾਤੀਆਂ ਦੁਆਰਾ ਅਣ-ਦਿੱਤੀ ਸੇਵਾ (unpaid labour) ਕਰਣ ਤੋਂ ਇਨਕਾਰ ਅਤੇ ਓਨਾਂ ਦੁਆਰਾ ਸਾਹੂਕਾਰਾਂ ਅਤੇ ਭੂ-ਸੁਆਮੀਆਂ ਨੂੰ ਆਪਣੇ ਉਤਪਾਦਨ ਵੇਚਣ ਤੋਂ ਇਨਕਾਰ, ਨਿਮਨ ਜਾਤੀਆਂ ਦੁਆਰਾ ਭੂ-ਮਲਕੀਅਤ ਦੀ ਮੰਗ, ਛੋਟੇ ਕੰਮਾਂ ਅਤੇ ਨਜ਼ਰਾਨਾ ਦੇਣ ਤੋਂ ਇਨਕਾਰ ਆਦਿ ਉੱਚ ਜਾਤੀ ਦੇ ਭੂ-ਸੁਆਮੀਆਂ ਅਤੇ ਮਹਾਜਨਾਂ ਨੂੰ ਹਿੰਸਾਤਮਕ ਪ੍ਰਤੀਕ੍ਰਿਆ ਲਈ ਪ੍ਰੋਤਸਾਹਿਤ ਕਰਦੇ ਹਨ। ਫਲਸਰੂਪ, ਜਾਤੀ ਦੰਗੇ ਹੁੰਦੇ ਹਨ। ਭੂਸੁਆਮੀ ਨਿਮਨ ਅਤੇ ਪਿਛੜੀਆਂ ਜਾਤੀਆਂ ਦੇ ਵਿਰੁੱਧ ਦਬਾਅ ਪਾਓਣ ਲਈ ਜੋ ਉਪਾਅ ਅਪਣਾਓਂਦੇ ਹਨ ਓਹ ਹਨ- ਓਨਾਂ ਨੂੰ ਭੂਮੀ ਤੋਂ ਬੇਦਖਲ ਕਰ ਦਿੰਦੇ ਹਨ, ਮਕਾਨ ਖਾਲੀ ਕਰਾ ਲੈਂਦੇ ਹਨ, ਚਰਾਗਾਹਾਂ ਵਿੱਚ ਪਸ਼ੂ ਚਾਰਣ ਦੀ ਆਗਿਆ ਨਹੀਂ ਦਿੰਦੇ, ਤਲਾਬਾਂ ਤੋਂ ਪੀਣ ਦਾ ਪਾਣੀ ਦੇਣ ਤੋਂ ਇਨਕਾਰ ਕਰਦੇ ਹਨ ਅਤੇ ਪੂਰੀ ਤਰਾਂ ਸਮਾਜਿਕ ਬਹਿਸ਼ਕਾਰ ਕਰ ਦਿੰਦੇ ਹਨ। ਇਨਾਂ ਜਾਤੀ ਸੰਘਰਸ਼ਾਂ ਵਿੱਚ ਪਿਛੜੀਆਂ ਜਾਤੀਆਂ ਦੇ ਅਤੇ ਹਰੀਜਨ ਲੋਕ ਐਮ. ਸੀ. ਸੀ. ਵੱਲ ਆਕਰਸ਼ਿਤ ਹੋ ਗਏ ਹਨ ਅਤੇ ਉੱਚ ਜਾਤੀ ਲੋਕ ਐਸ. ਐਲ. ਐਫ. ਵੱਲ ਆਕਰਸ਼ਿਤ ਹੋ ਗਏ ਹਨ।

ਜੂਨ 1992 ਵਿੱਚ ਰਾਜਸਥਾਨ ਦੇ ਭਰਤਪੁਰ ਜਿਲੇ ਦੇ ਕੁਮਹੇਰ ਕਸਬੇ ਵਿੱਚ ਜਾਤੀ ਦੰਗੇ ਭੜਕੇ ਜਿਸ ਵਿੱਚ 14 ਲੋਕਾਂ ਦੀਆਂ ਜਾਨਾਂ ਗਈਆਂ ਅਤੇ ਸੈਂਕੜੇ ਲੋਕ ਬੇਘਰ ਹੋ ਗਏ। ਇਸ ਨਰਸੰਘਾਰ ਵਿੱਚ ਜੋ ਸਮੁਦਾਏ ਸ਼ਾਮਿਲ ਸਨ-ਉੱਚ ਜਾਤੀ ਜਾਟ ਅਤੇ ਅਨੁਸੂਚਿਤ ਜਾਤੀ ਦੇ ਜਾਟਵ-ਓਨਾਂ ਦਾ ਇੱਕ ਲੰਬਾ ਅਤੇ ਕੌੜਾ ਖੂਨ ਭਰਿਆ ਇਤਿਹਾਸ ਹੈ। 1 ਜੂਨ, 1992 ਨੂੰ ਇੱਕ ਸਿਨੇਮਾ ਹਾਲ ਵਿੱਚ ਛੋਟੀ ਜਿਹੀ ਹਾਥਾਪਾਈ ਤੋਂ ਦੰਗੇ ਸ਼ੁਰੂ ਹੋਏ, ਜਦੋਂ ਕਿ ਸਥਾਨਿਕ ਜਾਟਵ ਯੁਵਕਾਂ ਦੇ ਇੱਕ ਸਮੂਹ ਨੇ ਇੱਕ ਸ਼ੋਅ ਵਿੱਚ ਦਰਵਾਜ਼ਾ ਤੋੜ ਕੇ ਸਿਨੇਮਾ ਵਿੱਚ ਘੁਸਣ ਦੀ ਕੋਸ਼ਿਸ਼ ਕੀਤੀ। ਓਨਾਂ ਕੋਲ ਜਾਂ ਤਾਂ ਟਿਕਟ ਨਹੀਂ ਸਨ ਜਾਂ ਓਨਾਂ ਨੂੰ ਜ਼ਮੀਨ ਉੱਤੇ ਬੈਠ ਕੇ ਫਿਲਮ ਦੇਖਣ ਨੂੰ ਕਿਹਾ ਗਿਆ ਸੀ। ਓਹ ਯੁਵਕ ਗੁੱਸੇ ਵਿੱਚ ਹਾਲ ਤੋਂ ਬਾਹਰ ਚਲੇ ਗਏ ਅਤੇ ਕ੍ਰੋਧਿਤ ਭੀੜ ਨੂੰ ਨਾਲ ਲੈ ਕੇ ਆਏ, ਜਿਸ ਨੇ ਸਿਨੇਮਾ ਹਾਲ ਵਿੱਚ ਤੋੜ-ਫੋੜ ਕੀਤੀ। ਦੋ ਦਿਨ ਬਾਅਦ ਹੀ ਜਾਟਵ ਲੜਕਿਆਂ ਦਾ ਦਲ ਸਿਨੇਮਾ ਹਾਲ ਦੇ ਕੁਝ ਕਰਮਚਾਰੀਆਂ ਨਾਲ ਨਜ਼ਦੀਕ ਦੇ ਪਿੰਡ ਵਿੱਚ ਹਾਥਾਪਾਈ ਵਿੱਚ ਉਲਝ ਗਿਆ ਅਤੇ ਬਸ-ਅੱਡੇ ਉੱਤੇ ਤੋੜ-ਫੋੜ ਸ਼ੁਰੂ ਕਰ ਦਿੱਤੀ। ਜਾਟਾਂ ਉੱਤੇ ਜਾਟਵਾਂ ਦੇ ਅੱਤਿਆਚਾਰ ਦੀ ਅਫਵਾਹ ਫੈਲ ਗਈ। ਕੁਝ ਜਾਟ ਪਹਿਲਵਾਨਾਂ ਨੇ ਬਦਲਾ ਲੈਣ ਦਾ ਨਿਸ਼ਚਾ ਕੀਤਾ। ਏਧਰ ਪੁਲਿਸ ਨੇ ਜਾਟਵ ਕਲੋਨੀ ਤੋਂ ਵਿਸਫੋਟਕ ਸਮੱਗ੍ਰੀ ਵੀ ਬਰਾਮਦ ਕੀਤੀ। ਬਾਅਦ ਵਿੱਚ ਦਿਨ ਦੇ ਸਮੇਂ ਹਥਿਆਰ ਸਮੇਤ ਜਾਟ ਟ੍ਰੈਕਟਰਾਂ ਅਤੇ ਟ੍ਰੱਕਾਂ ਵਿੱਚ ਭਰ ਕੇ ਜਾਟਵ ਕਲੋਨੀ ਪਹੁੰਚ ਗਏ ਅਤੇ ਤਿੰਨ ਸੌ ਤੋਂ ਅਧਿਕ ਪਿੰਡਾਂ ਵਿੱਚ ਅੱਗ ਲਗਾ ਦਿੱਤੀ। ਜਾਟਵ ਕਲੋਨੀ ਵਿੱਚ ਇਹ ਪਾਗਲਪਣ ਚਾਰ ਘੰਟਿਆਂ ਤੱਕ ਚਲਦਾ ਰਿਹਾ। ਇਹ ਅਫਵਾਹ ਹੈ ਕਿ 46 ਜਾਟ ਪ੍ਰਭੁੱਤਵ ਵਾਲੇ ਪਿੰਡਾਂ ਵਿੱਚ ਵਿਸ਼ੇਸ਼ ਰੂਪ ਨਾਲ ਬੁਲਾਈ ਗਈ ਸਭਾ ਤੋਂ ਬਾਅਦ ਇੱਕ ਹਜ਼ਾਰ ਹਥਿਆਰਬੰਦ ਅਤੇ ਬਲਵਾਨ ਜਾਟ ਇਸ ਮਿਸ਼ਨ ਉੱਤੇ ਨਿੱਕਲੇ ਸਨ। ਅਗਲੇ ਦਿਨ ਕੁਮਹੇਰ ਤੋਂ ਪੰਜ ਕਿਲੋਮੀਟਰ ਦੂਰ ਸੇਥਾਰੀ ਪਿੰਡ ਵਿੱਚ ਹਥਿਆਰਬੰਦ ਜਾਟਾਂ ਨੇ ਹਮਲਾ ਕੀਤਾ। ਓਨਾਂ ਨੇ ਚਾਰ ਜਾਟਵਾਂ ਦੀ ਹੱਤਿਆ ਕੀਤੀ ਅਤੇ 25 ਘਰਾਂ ਨੂੰ ਜਲਾ ਦਿੱਤਾ। ਇਹ ਹਿੰਸਾ ਪੰਜ ਦਿਨ ਤੱਕ ਚਲਦੀ ਰਹੀ। ਲਗਭਗ ਸਭ ਰਾਜਨੀਤਿਕ ਦਲਾਂ ਦੇ ਪ੍ਰਤੀਨਿਧੀਆਂ ਨੇ ਕੁਮਹੇਰ ਦਾ ਦੌਰਾ ਕੀਤਾ ਅਤੇ ਦੰਗਿਆਂ ਲਈ ਇੱਕ ਦੂਜੇ ਨੂੰ ਦੋਸ਼ੀ ਠਹਿਰਾਇਆ। ਰਾਜ ਸਰਕਾਰ ਦੁਆਰਾ ਆਦੇਸ਼ ਉੱਤੇ ਸੀ. ਬੀ. ਆਈ. ਜਾਂਚ ਵੀ ਕਰਵਾਈ ਗਈ। ਸਪਸ਼ਟ ਹੈ ਕਿ ਰਾਜਨੀਤਿਕ ਨੇਤਾ ਆਪਣੇ ਹਿਤਾਂ ਦੀ ਸਾਧਨਾ ਵਿੱਚ ਜਾਤੀ ਸੰਘਰਸ਼ ਨੂੰ ਜੀਵਿਤ ਰੱਖਣਾ ਚਾਹੁੰਦੇ ਸਨ। ਕੋਈ ਤਿੰਨ ਸਾਲ ਪਹਿਲਾਂ ਆਗਰਾ ਵਿੱਚ ਜਾਟ-ਜਾਟਵਾਂ ਦੇ ਵਿੱਚ ਬਾਰਾਤ ਦੇ ਰਸਤੇ ਨੂੰ ਲੈ ਕੇ ਸੰਘਰਸ਼ ਹੋਏ। ਕੁਝ ਸਮੇਂ ਪਹਿਲਾਂ ਅਜਿਹੀ ਰਿਪੋਰਟ ਸੀ ਕਿ ਜਾਟਵਾਂ ਦੀ ਇੱਕ ਵੱਡੀ ਸੰਖਿਆ ਸਿੱਖ ਧਰਮ ਵਿੱਚ ਪਰਿਵਰਤਨ ਦੀ ਗੱਲ ਸੋਚ ਰਹੀ ਸੀ। ਕੁਮਹੇਰ, ਆਗਰਾ ਆਦਿ ਵਿੱਚ ਹਿੰਸਾ ਦੀਆਂ ਘਟਨਾਵਾਂ ਤੋਂ ਇੱਕ ਕੌੜਾ ਸੱਚ ਉਦੇ ਹੁੰਦਾ ਹੈ ਕਿ ਜਾਤੀ-ਘ੍ਰਿਣਾ ਜੀਵਿਤ ਹੈ ਅਤੇ ਭਾਰਤ ਵਿੱਚ ਪਣਪ ਰਹੀ ਹੈ।

### 6.3.2 ਗਤੀਸ਼ੀਲਤਾ ਅਤੇ ਰਾਜਨੀਤਿਕ ਸੱਤਾ ਪ੍ਰਾਪਤੀ ਵਿੱਚ ਰੁਕਾਵਟਾਂ

ਐਮ. ਐਨ. ਸ਼੍ਰੀਨਿਵਾਸ ਦੇ ਅਨੁਸਾਰ ਸਥਾਨਿਕ ਸੰਸਤਰਣ ਵਿੱਚ ਜਾਤੀਆਂ ਦੀ ਗਤੀਸ਼ੀਲਤਾ ਦੀ ਸੰਭਾਵਨਾ ਸਦਾ ਹੀ ਰਹੀ ਹੈ। ਗਤੀਸ਼ੀਲਤਾ ਦੇ ਪ੍ਰਭਾਵਕਾਰੀ ਸਰੋਤ ਹਨ- ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ, ਧਨ ਦੇ ਸਾਧਨਾਂ ਦੀ ਉਪਲਬਧੀ, ਦਸ਼ਾਬਦੀ ਜਨਗਣਨਾ ਵਿੱਚ ਜਨਗਣਨਾ ਅਧਿਕਾਰੀਆਂ ਤੋਂ ਜਾਤੀ ਦੀ ਸਥਿਤੀ ਵਿੱਚ ਪਰਿਵਰਤਨ ਲਈ ਨਿਵੇਦਨ ਕਰਨਾ, ਅਤੇ ਜਾਤੀ ਸੰਘ ਬਣਾ ਕੇ ਜਾਤੀ ਸਮੂਹਾਂ ਨੂੰ ਗਤੀਵਾਨ ਬਣਾਓਣਾ ਆਦਿ। ਭੂ-ਮਲਕੀਅਤ ਦੇ ਕਾਰਣ ਉੱਚ ਜਾਤੀ ਦੇ ਮੈਂਬਰਾਂ ਨੇ ਨਾ ਕੇਵਲ ਰਾਜਨੀਤਿਕ ਸੱਤਾ ਪ੍ਰਾਪਤ ਕੀਤੀ (ਜਿਵੇਂ ਦੱਖਣ ਭਾਰਤ ਵਿੱਚ ਮਰਾਠਾ, ਰੇੱਡੀ, ਨਾਇਰ, ਕੂਰਗ ਅਤੇ ਵੇਲਾਲਾ ਜਾਤੀਆਂ ਵਿੱਚ ਖੇਤਰੀ ਪ੍ਰਸਥਿਤੀ), ਬਲਕਿ ਜਨਜਾਤੀਆਂ ਅਤੇ ਨਿਮਨ ਅਤੇ ਮੱਧ ਜਾਤੀਆਂ ਦੇ ਲੋਕਾਂ ਨੇ ਵੀ ਰਾਜਨੀਤਿਕ ਸ਼ਕਤੀ ਪ੍ਰਾਪਤ ਕਰ ਕੇ ਪ੍ਰਸਥਿਤੀ ਦਾ ਦਾਵਾ ਕੀਤਾ; ਉਦਾਹਰਣ ਲਈ, ਯਾਦਵ, ਕੁਰਮੀ, ਕੋਰੀ, ਬਿਹਾਰ ਵਿੱਚ, ਪੱਤੀਦਾਰ ਗੁਜਰਾਤ ਵਿੱਚ, ਪਾਲਾ ਪੂਰਬੀ ਬੰਗਾਲ ਵਿੱਚ, ਭੂਮੀਜੀ ਅਤੇ ਮੁੰਡਾ ਪੂਰਬੀ ਭਾਰਤ ਵਿੱਚ ਨੇ ਖੱਤਰੀ ਹੋਣ ਦਾ ਦਾਵਾ ਕੀਤਾ। ਅਨੇਕ ਨਿਮਨ ਅਤੇ ਪਿਛੜੀਆਂ ਜਾਤੀਆਂ ਨੇ ਉੱਚ ਪ੍ਰਸਥਿਤੀ ਪ੍ਰਤੀਕਾਂ (symbols) ਜਿਵੇਂ ਰਾਜਨੀਤਿਕ ਸੱਤਾ, ਸਿੱਖਿਆ ਅਤੇ ਨਵੇਂ ਆਰਥਿਕ ਮੌਕਿਆਂ ਵਿੱਚ ਹਿੱਸਾ ਪ੍ਰਾਪਤ ਕਰਣ ਦੀ ਕੋਸ਼ਿਸ਼ ਕੀਤੀ। ਉੱਚ ਜਾਤੀਆਂ ਨੇ ਨਿਮਨ ਜਾਤੀਆਂ ਦੁਆਰਾ ਚਿੰਨਾਂ ਦੇ ਪ੍ਰਯੋਗ ਦਾ ਵਿਰੋਧ ਕੀਤਾ। ਇਸ ਪ੍ਰਕਾਰ ਦੇ ਪ੍ਰਤੀਕਾਂ ਦਾ ਉਪਯੋਗ ਕਰਣ ਵਾਲੇ ਸਿਰਫਿਰਿਆਂ ਨੂੰ ਦੰਡਿਤ ਕਰਣ ਲਈ ਉੱਚ ਜਾਤੀ ਦੇ ਲੋਕ ਰਾਜਨੀਤਿਕ ਅਧਿਕਾਰੀਆਂ ਉੱਤੇ ਵਿਸ਼ਵਾਸ ਨਾ ਕਰ ਸਕੇ। ਓਨਾਂ ਦਾ ਵਿਸ਼ਵਾਸ ਸੀ ਕਿ ਅਜਿਹੇ ਨਿਮਨ ਜਾਤੀ ਦੇ ਲੋਕਾਂ ਨੂੰ ਸਰੀਰਿਕ ਦੰਡ ਦੇਣ ਜਾਂ ਜਾਤੀ ਬਹਿਸ਼ਕਾਰ ਕਰਣ ਦਾ ਓਨਾਂ ਨੂੰ "ਨੈਤਿਕ ਅਧਿਕਾਰ" ਹੈ। ਦਸ ਸਾਲਾ ਜਨਗਣਨਾ ਦੀ ਸੰਸਥਾ ਨੇ 1901 ਤੋਂ ਨਿਮਨ ਜਾਤੀਆਂ ਦੀ ਬਹੁਤ ਮਦਦ ਕੀਤੀ। ਓਨਾਂ ਨੇ ਸੋਚਿਆ ਕਿ ਜਨਗਣਨਾ ਰਿਪੋਰਟ ਵਿੱਚ ਉੱਚ ਸਥਿਤੀ ਦਾ ਦਾਵਾ ਕਰਣ ਨਾਲ ਓਨਾਂ ਦੀ ਸਥਿਤੀ ਵਿੱਚ ਕੋਈ ਵੀ ਵਿਵਾਦ ਖੜਾ ਨਹੀਂ ਹੋਵੇਗਾ।

ਉੱਚ ਲੈਅ ਦੇ ਸੁੰਦਰ ਸੰਸਕ੍ਰਿਤ ਦੇ ਨਾਂ ਰੱਖਣ ਦੀ ਪਰਿਪਾਟੀ ਜਾਤੀਆਂ ਵਿੱਚ ਵਿਸਤ੍ਰਿਤ ਰੂਪ ਨਾਲ ਅਪਣਾਈ ਜਾ ਰਹੀ ਸੀ। ਉੱਚ ਪ੍ਰਸਥਿਤੀ ਦੀ ਦਾਵੇਦਾਰੀ ਲਈ ਪਰੰਪਰਾਵਾਂ, ਰਿਵਾਜਾਂ ਅਤੇ ਪੌਰਾਣਿਕ ਕਥਾਵਾਂ ਤੋਂ ਉਦਾਹਰਣ ਦਿੱਤੇ ਗਏ। ਇਸ ਸਭ ਨਾਲ ਜਾਤੀ ਸੰਘਰਸ਼ ਵਧੇ ਕਿਓਂਕਿ ਚਾਹੇ ਆਰੰਭ ਵਿੱਚ ਨਿਮਨ ਜਾਤੀਆਂ ਦਾ ਉਦੇਸ਼ ਜਾਤੀ ਪ੍ਰਥਾਵਾਂ ਵਿੱਚ ਸੁਧਾਰ ਕਰਨਾ ਸੀ ਅਤੇ ਉੱਚ ਸਥਿਤੀ ਦਾ ਦਾਵਾ ਕਰਨ; ਸੀ, ਪ੍ਰੰਤੂ ਸੁਤੰਤਰਤਾ ਤੋਂ ਬਾਅਦ ਇਹ ਜਾਤੀਆਂ ਰਾਜਨੀਤਿਕ ਦਬਾਅ ਸਮੂਹ ਬਣ ਗਏ ਅਤੇ ਚੁਨਾਵ ਲਈ ਟਿਕਟਾਂ, ਕੈਬੀਨੇਟ ਵਿੱਚ ਮੰਤਰੀ ਬਣਨਾ, ਪ੍ਰਸ਼ਾਸਨ ਵਿੱਚ ਉੱਚ ਨੌਕਰੀ ਅਤੇ ਇੱਥੋਂ ਤੱਕ ਕਿ ਰਾਸ਼ਟਰਪਤੀ ਪਦ ਤੱਕ ਦੇ ਦਾਵੇਦਾਰ ਹੋ ਗਏ। ਗੁਜਰਾਤ, ਦਿੱਲੀ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਹੋਰ ਕਈ ਰਾਜਾਂ ਵਿੱਚ 1970, 1980 ਅਤੇ 1990 ਦੇ ਦਸ਼ਕਾਂ ਵਿੱਚ ਹੋਏ ਜਾਤੀ ਸੰਘਰਸ਼ ਇਨਾਂ ਦਾਵਿਆਂ ਦੇ ਨਤੀਜੇ ਸਨ।

ਸੰਖੇਪ ਵਿੱਚ, ਨਿਮਨ ਅਤੇ ਪਿਛੜੀਆਂ ਜਾਤੀਆਂ ਦੁਆਰਾ ਗਤੀਸ਼ੀਲਤਾ ਲਈ ਅਪਣਾਏ ਗਏ ਰਸਤਿਆਂ ਦਾ ਉੱਚ ਜਾਤੀਆਂ ਦੁਆਰਾ ਜਮ ਕੇ ਵਿਰੋਧ ਕੀਤਾ ਗਿਆ ਹੈ। ਉੱਚ ਜਾਤੀਆਂ ਦੁਆਰਾ ਵਿਰੋਧ ਦੀਆਂ ਕੋਸ਼ਿਸ਼ਾਂ ਅਤੇ ਨਿਮਨ ਜਾਤੀਆਂ ਦੁਆਰਾ ਗਤੀਸ਼ੀਲਤਾ ਦੀਆਂ ਕੋਸ਼ਿਸ਼ਾਂ ਨੇ ਓਨਾਂ ਵਿੱਚ ਸੰਘਰਸ਼ ਪੈਦਾ ਕੀਤਾ ਹੈ।

ਟਾਸਕ ਪ੍ਰਬਲ ਜਾਤੀ ਤੋਂ ਤੁਸੀਂ ਕੀ ਸਮਝਦੇ ਹੋ?

### 6.3.3 ਆਰਥਿਕ ਮੌਕਿਆਂ ਨੂੰ ਪ੍ਰਾਪਤ ਕਰਣ ਲਈ ਮੁਕਾਬਲਾ ਅਤੇ ਉੱਚ ਪ੍ਰਸਥਿਤੀ ਦੇ ਪ੍ਰਤੀਕ ਪ੍ਰਾਪਤ ਕਰਨਾ

ਚਾਹੇ ਜਾਤੀ ਸੰਸਤਰਣ ਵਿੱਚ ਹਰ ਜਾਤੀ ਦੀ ਪ੍ਰਸਥਿਤੀ ਨਿਸ਼ਚਿਤ ਹੈ, ਪ੍ਰੰਤੂ ਸੰਸਤਰਣ ਵਿੱਚ ਜਾਤੀ ਪ੍ਰਸਥਿਤੀ ਦੀ ਸਪਸ਼ਟ ਪਰਿਭਾਸ਼ਾ ਦੇ ਅਭਾਵ ਵਿੱਚ ਜਾਤੀਆਂ ਦੀ ਸਥਿਤੀ ਦੀ ਅਸਪਸ਼ਟਤਾ ਬਣੀ ਰਹਿੰਦੀ ਹੈ। ਸੁਤੰਤਰ ਭਾਰਤ ਵਿੱਚ ਵਿਭਿੰਨ ਜਾਤੀਆਂ ਵਿੱਚ ਮੁਕਾਬਲਾ ਇੱਕ ਆਮ ਗੱਲ ਹੋ ਗਈ ਹੈ। ਜਨਤਾ ਦੇ ਹੱਥਾਂ ਵਿੱਚ ਰਾਜਨੀਤਿਕ ਸ਼ਕਤੀ ਆਓਣ ਨਾਲ ਜਾਤੀਆਂ ਦਬਾਅ ਸਮੂਹ ਬਣ ਗਈਆਂ ਹਨ ਅਤੇ ਸ਼ਕਤੀ ਪ੍ਰਾਪਤੀ ਦੀ ਹੋੜ ਲਗ ਗਈ ਹੈ। ਇਸ ਪ੍ਰਵਿੱਤੀ ਨੇ ਦੇਸ਼ ਵਿੱਚ ਜਾਤੀ ਸੰਘਰਸ਼ ਨੂੰ ਪ੍ਰੋਤਸਾਹਿਤ ਕੀਤਾ ਹੈ। ਕਦੇ ਕਦੇ ਦੂਜੀਆਂ ਜਾਤੀਆਂ ਨਾਲ ਸਫਲਤਾਪੂਰਵਕ ਮੁਕਾਬਲੇ ਦੀ ਇੱਛਾ ਛੋਟੇ ਖੰਡਾਂ ਨੂੰ ਇੱਕਠੇ ਹੋਣ ਲਈ ਮਜਬੂਰ ਕਰ ਦਿੰਦੀ ਹੈ ਅਤੇ ਓਹ ਇੱਕ ਜਾਤੀ ਸ਼੍ਰੇਣੀ ਵਿੱਚ ਬੰਨੇ ਜਾਂਦੇ ਹਨ। ਆਂਦਰੇ ਬੇਤੇਈ ਨੇ ਵੀ ਇੰਗਿਤ ਕੀਤਾ ਹੈ ਕਿ "ਪਦ ਅਤੇ ਸ਼ਕਤੀ ਲਈ ਮੁਕਾਬਲੇ ਵਿੱਚ ਖੰਡਾਂ ਦੇ ਇੱਕ ਜੁਟ ਹੋਣ ਦੀ ਜ਼ਰੂਰਤ ਹੁੰਦੀ ਹੈ ਕਿਓਂਕਿ ਇੱਕ ਜਾਤੀ ਇੱਕਲੀ ਸ਼ਕਤੀ ਲਈ ਮੁਕਾਬਲੇ ਵਿੱਚ ਨਹੀਂ ਆ ਸਕਦੀ।" ਜਦੋਂ ਛੋਟੇ ਖੰਡ ਇੱਕਠੇ ਹੋ ਜਾਦੇ ਹਨ ਤਾਂ ਓਹ ਇੱਕ ਸ਼ਕਤੀਸ਼ਾਲੀ ਜਾਤੀ ਬਣ ਜਾਂਦੇ ਹਨ। ਗੁਜਰਾਤ ਵਿੱਚ ਕੋਲੀ ਅਤੇ ਉੱਤਰ ਪ੍ਰਦੇਸ਼ ਵਿੱਚ ਯਾਦਵ ਇਸ ਗੱਲ ਦੇ ਉਦਾਹਰਣ ਹਨ ਕਿ ਓਹ ਆਪਣੀ ਰਾਜਨੀਤਿਕ ਸ਼ਕਤੀ ਨੂੰ ਮਜ਼ਬੂਤ ਕਰਣ ਲਈ ਇੱਕਜੁਟ ਹੋ ਕੇ ਇੱਕ ਜਾਤੀ ਸ਼੍ਰੇਣੀ ਦੇ ਰੂਪ ਵਿੱਚ ਸੰਗਠਿਤ ਹੋ ਗਏ।

ਨੋਟ

ਜਾਤੀ ਸੰਘਰਸ਼ਾਂ ਵਿੱਚ ਇਹ ਤੱਥ ਪ੍ਰਮੁੱਖ ਹੈ ਕਿ ਚਾਹੇ ਸੰਖਿਆਤਮਕ ਸ਼ਕਤੀ ਜਾਤੀ ਸ਼ਕਤੀ ਦਾ ਆਧਾਰ ਹੈ, ਪ੍ਰੰਤੂ ਸੰਗਠਨ ਇਸ ਤੋਂ ਵੀ ਮਹੱਤਵਪੂਰਣ ਹੈ। ਇਸ ਸੰਬੰਧ ਵਿੱਚ ਜਾਤੀ ਵਿੱਚ ਸਮਾਜਿਕ ਅਤੇ ਆਰਥਿਕ ਸਥਿਤੀ ਵਾਲੇ ਲੋਕ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਛੋਟੇ ਕਿਸਾਨ ਅਤੇ ਖੇਤੀ ਮਜ਼ਦੂਰ ਘੱਟ ਸ਼ਕਤੀਵਾਨ ਹੋਣ ਦੇ ਕਾਰਣ ਵਿਸ਼ੇਸ਼ ਸੁਵਿਧਾਵਾਂ ਦੀ ਤਾਂ ਕੀ ਵੈਧਾਨਿਕ ਅਧਿਕਾਰਾਂ ਨੂੰ ਵੀ ਪ੍ਰਾਪਤ ਨਹੀਂ ਕਰ ਸਕਦੇ ਹਨ। ਅਜਿਹੇ ਲੋਕ ਕ੍ਰਾਂਤੀਕਾਰੀ ਸੰਗਠਨਾਂ ਦੇ ਜਾਲ ਵਿੱਚ ਫਸ ਜਾਂਦੇ ਹਨ ਅਤੇ ਆਪਣੇ ਅਧਿਕਾਰਾਂ ਅਤੇ ਪ੍ਰਸਥਿਤੀ ਲਈ ਸੰਘਰਸ਼ ਕਰਦੇ ਹਨ। ਬਿਹਾਰ, ਉੱਤਰ ਪ੍ਰਦੇਸ਼ ਅਤੇ ਆਂਧਰ ਪ੍ਰਦੇਸ਼ ਵਿੱਚ ਹੋਏ ਜਾਤੀ ਸੰਘਰਸ਼ ਇਨਾਂ ਦਾ ਹੀ ਨਤੀਜਾ ਹਨ।

## 6.4 ਅੰਤਰਜਾਤੀ ਸੰਬੰਧ (Inter-Caste Relations)

ਅੰਤਰਜਾਤੀ ਸੰਬੰਧਾਂ ਦੇ ਵਿਸ਼ਲੇਸ਼ਣ ਲਈ ਜਾਤੀਆਂ ਨੂੰ ਤਿੰਨ ਸਮੂਹਾਂ ਵਿੱਚ ਵਿਭਾਜਿਤ ਕੀਤਾ ਜਾ ਸਕਦਾ ਹੈ– ਸਵੱਛ (clean) ਜਾਤੀਆਂ (ਬ੍ਰਾਹਮਣ, ਰਾਜਪੂਤ, ਕਾਇਸਥ, ਜਾਟ ਆਦਿ), ਅਸਵੱਛ (unclean) ਜਾਤੀਆਂ (ਤੇਲੀ, ਧੋਬੀ, ਨਾਈ, ਕੁਮਹਾਰ, ਲੁਹਾਰ ਆਦਿ) ਅਤੇ ਅਛੂਤ ਜਾਤੀਆਂ (ਭੰਗੀ, ਚਮਾਰ, ਪਾਸੀ ਆਦਿ)। ਇਨਾਂ ਜਾਤੀਆਂ ਵਿੱਚ ਸੰਬੰਧਾਂ ਨੂੰ ਚਾਰ ਸਤਰਾਂ ਉੱਤੇ ਅਧਿਐਨ ਕੀਤਾ ਜਾ ਸਕਦਾ ਹੈ– ਸਹਿਭੋਜ ਸੰਬੰਧ, ਵਿਵਾਹਿਕ ਸੰਬੰਧ, ਕਾਰੋਬਾਰੀ ਸੰਬੰਧ ਅਤੇ ਸਮਾਜਿਕ ਸੰਬੰਧ। ਹਰ ਸਤਰ ਉੱਤੇ ਸੰਬੰਧ ਪਰੰਪਰਾਗਤ ਅਤੇ ਪਰਿਵਰਤਨਯੋਗ ਸੰਬੰਧਾਂ ਦੇ ਰੂਪ ਵਿੱਚ ਦੇਖੇ ਜਾ ਸਕਦੇ ਹਨ।

ਸਹਿਭੋਜ ਸੰਬੰਧਾਂ ਦਾ ਅਰਥ ਓਨਾਂ ਸੰਬੰਧਾਂ ਤੋਂ ਹੈ ਜੋ ਜਾਤੀ/ਵਿਅਕਤੀ ਨਾਲ ਭੋਜਨ ਕਰਣ ਨਾਲ ਸੰਬੰਧਿਤ ਹੁੰਦੇ ਹਨ। ਦੈਨਿਕ ਸੰਬੰਧਾਂ ਵਿੱਚ ਵਿਅਕਤੀ ਆਪਣੀ ਜਾਤੀ ਦੇ ਮੈਂਬਰਾਂ ਤੋਂ ਹੀ ਭੋਜਨ ਸਵੀਕਾਰ ਕਰਦੇ ਹਨ। ਸਹਿਭੋਜ ਦੇ ਸੰਬੰਧਾਂ ਦਾ ਪ੍ਰਸ਼ਨ ਕੇਵਲ ਕੁਝ ਵਿਸ਼ੇਸ਼ ਮੌਕਿਆਂ ਉੱਤੇ ਹੋਣ ਵਾਲੇ ਭੋਜ ਤੇ ਹੀ ਉੱਠਦਾ ਹੈ। ਅਜਿਹੇ ਮੌਕਿਆਂ ਉੱਤੇ ਆਮ ਪ੍ਰਚਲਨ ਇਹ ਹੈ ਕਿ ਚਾਹੇ ਵਿਭਿੰਨ ਜਾਤੀਆਂ ਦੇ ਵਿਅਕਤੀਆਂ ਨੂੰ ਆਮੰਤਰਿਤ ਕੀਤਾ ਜਾਂਦਾ ਹੈ, ਪ੍ਰੰਤੂ ਉਸ ਦਾ ਅਰਥ ਇਹ ਬਿਲਕੁਲ ਵੀ ਨਹੀਂ ਹੈ ਕਿ ਓਹ ਸਭ ਇੱਕਠੇ ਭੋਜਨ ਕਰਣ। ਸਵੱਛ ਜਾਤੀਆਂ ਦੇ ਮੈਂਬਰ ਇੱਕ ਕਤਾਰ ਵਿੱਚ ਬੈਠਦੇ ਹਨ, ਜਦੋਂ ਕਿ ਅਸਵੱਛ ਜਾਤੀਆਂ ਦੇ ਲੋਕ ਦੂਜੀ ਕਤਾਰ ਵਿੱਚ ਅਲੱਗ ਬੈਠਦੇ ਹਨ। ਦੋਹਾਂ ਕਤਾਰਾਂ ਵਿੱਚ ਕੁਝ ਥਾਂ ਛੱਡੀ ਜਾਦੀ ਹੈ। ਕੇ. ਐਸ. ਮਾਥੁਰ ਨੇ ਕੁਝ ਅਪਵਾਦਾਂ ਨੂੰ ਵੀ ਇੰਗਿਤ ਕੀਤਾ ਹੈ ਜਿਨਾਂ ਵਿੱਚ ਦੋਹਾਂ ਪ੍ਰਕਾਰ ਦੀਆਂ ਜਾਤੀਆਂ ਦੇ ਮੈਂਬਰ ਇੱਕਠੇ ਬੈਠਦੇ ਹਨ। ਜਿਸ ਸਮੇਂ ਸਵੱਛ ਜਾਤੀਆਂ ਦੇ ਮੈਂਬਰ ਭੋਜਨ ਕਰ ਰਹੇ ਹੋਣ, ਅਛੂਤ ਜਾਤੀਆਂ ਦੇ ਮੈਂਬਰ ਓਨਾਂ ਨਾਲ ਨਹੀਂ ਬੈਠਣਗੇ। ਜਦੋਂ ਸਹਿਭੋਜ ਦਾ ਦਾਇਰਾ ਛੋਟਾ ਹੁੰਦਾ ਹੈ, ਤਾਂ ਭੋਜਨ ਸੰਬੰਧ ਵਿਸਤ੍ਰਿਤ ਹੋ ਜਾਂਦੇ ਹਨ।

ਭੋਜਨ ਸੰਬੰਧਾਂ ਵਿੱਚ ਖਾਣਾ, ਮਦਿਰਾਪਾਨ ਅਤੇ ਧੂਮਪਾਨ ਸ਼ਾਮਿਲ ਹੁੰਦੇ ਹਨ। ਉੱਚ ਜਾਤੀ ਦਾ ਵਿਅਕਤੀ ਉਸ ਲੋਟੇ ਦਾ ਪ੍ਰਯੋਗ ਨਹੀਂ ਕਰੇਗਾ ਜੋ ਨਿਮਨ ਜਾਤੀ ਦੇ ਮੈਂਬਰ ਨੇ ਪ੍ਰਯੋਗ ਕੀਤਾ ਹੋਵੇ ਜਾਂ ਜਦੋਂ ਤੱਕ ਉਸ ਲੋਟੇ ਨੂੰ ਮਿੱਟੀ, ਰਾਖ ਆਦਿ ਨਾਲ ਸਾਫ ਨਾ ਕੀਤਾ ਗਿਆ ਹੋਵੇ। ਹੁੱਕਾ ਪ੍ਰਯੋਗ ਦੇ ਵੀ ਨਿਯਮ ਲਗਭਗ ਓਹੀ ਹਨ ਜੋ ਭੋਜਨ ਵਿੱਚ ਭਾਗ ਲੈਣ ਦੇ ਸਨ। ਦੂਜਿਆਂ ਨਾਲ ਖਾਣਾ ਖਾਣ ਦੇ ਸੰਬੰਧ ਵਿੱਚ, ਅਰਥਾਤ ਕੱਚਾ ਖਾਣਾ, ਪੱਕਾ ਖਾਣਾ, ਹਰੀ ਸਬਜ਼ੀ ਅਤੇ ਛਿਲਕੇ ਵਾਲੇ ਫਲਾਂ ਲਈ ਅਲੱਗ ਨਿਸ਼ੇਧ (taboos) ਹੈ। ਕੱਚਾ ਖਾਣਾ ਅਤਿਅੰਤ ਸ਼ੁੱਧ ਮੰਨਿਆ ਜਾਂਦਾ ਹੈ। ਇਸ ਲਈ ਇਹ ਅਤਿ ਅਸ਼ੁੱਧਤਾ ਦੇ ਯੋਗ ਹੁੰਦਾ ਹੈ ਕਿਓਂਕਿ ਇਹ ਪਾਣੀ ਅਤੇ ਨਮਕ ਤੋਂ ਬਣਦਾ ਹੈ। ਪੱਕਾ ਖਾਣਾ ਘੱਟ ਅਸ਼ੁੱਧ ਹੁੰਦਾ ਹੈ ਕਿਓਂਕਿ ਇਸ ਵਿੱਚ ਘੀ ਦਾ ਪ੍ਰਯੋਗ ਹੁੰਦਾ ਹੈ। ਹਰੀ ਸਬਜ਼ੀਆਂ ਅਤੇ ਫਲ ਆਦਿ ਘੱਟ ਤੋਂ ਘੱਟ ਅਸ਼ੁੱਧ ਹੁੰਦੇ ਹਨ। ਕੱਚੇ ਭੋਜਨ ਦੀ ਸਵੀਕ੍ਰਿਤੀ ਇੱਕਤਰਫਾ ਹੁੰਦੀ ਹੈ (ਅਰਥਾਤ ਸਵੱਛ ਜਾਤੀ ਦੇ ਮੈਂਬਰ ਅਸਵੱਛ ਜਾਤੀ ਅਤੇ ਅਛੂਤ ਜਾਤੀ ਦੇ ਮੈਂਬਰਾਂ ਤੋਂ ਭੋਜਨ ਨਹੀਂ ਲੈਂਦੇ) ਜਦੋਂ ਕਿ ਪੱਕੇ ਭੋਜਨ ਦੀ ਸਵੀਕ੍ਰਿਤੀ ਦੋ ਤਰਫਾ ਹੁੰਦੀ ਹੈ। ਇਸ ਪ੍ਰਕਾਰ ਭੋਜਨ ਸੰਬੰਧੀ ਸੰਬੰਧ ਦੋ ਗੱਲਾਂ ਉੱਤੇ ਨਿਰਭਰ ਕਰਦੇ ਹਨ– (*i*) ਦੇਣ ਵਾਲੇ ਅਤੇ ਲੈਣ ਵਾਲੇ ਦਾ ਸੰਸਕਾਰਿਕ (ritual) ਸਤਰ (*ii*) ਦਿੱਤੇ ਜਾਣ ਵਾਲੇ ਅਤੇ ਪ੍ਰਾਪਤ ਭੋਜਨ ਦੀ ਸੰਸਕਾਰਿਕ ਸ਼ੁੱਧਤਾ ਦਾ ਪ੍ਰਕਾਰ।

ਕੇ. ਐਸ. ਮਾਥੁਰ ਨੇ ਆਪਣੇ ਅਧਿਐਨ ਵਿੱਚ ਜੋ ਕਿ ਓਨਾਂ ਨੇ ਵਿਵਿਧ ਜਾਤੀਆਂ ਵਾਲੇ ਪਿੰਡ ਉੱਤੇ ਕੀਤਾ, ਜਾਤੀਆਂ ਨੂੰ ਪੰਜ ਸਮੂਹਾਂ ਵਿੱਚ ਵਿਭਾਜਿਤ ਕੀਤਾ ਸੀ। ਸਮੂਹ ਇੱਕ, ਦੋ ਅਤੇ ਤਿੰਨ ਵਿੱਚ ਸਵੱਛ ਜਾਤੀਆਂ ਨੂੰ ਸ਼ਾਮਿਲ ਕੀਤਾ ਗਿਆ ਸੀ, ਸਮੂਹ ਚਾਰ ਵਿੱਚ ਅਸਵੱਛ ਜਾਤੀਆਂ ਨੂੰ ਅਤੇ ਸਮੂਹ ਪੰਜ ਵਿੱਚ ਅਛੂਤ ਜਾਤੀਆਂ ਨੂੰ। ਨਿਮਨ ਚਿੱਤਰ ਪੰਜ ਸਮੂਹਾਂ ਵਿੱਚ ਸਹਿਭੋਜ ਸੰਬੰਧਾਂ ਨੂੰ ਦਰਸਾਉਂਦਾ ਹੈ–

**ਚਿੱਤਰ 1**

*ਕੇ. ਐਸ. ਮਾਥੁਰ ਦੁਆਰਾ ਅਧਿਐਨ ਕੀਤੇ ਗਏ ਵਿਵਿਧ ਜਾਤੀਆਂ ਵਾਲੇ ਪਿੰਡ ਦੇ ਪੰਜ ਸਮੂਹਾਂ ਵਿੱਚ ਸਵੱਛ ਅਤੇ ਅਸਵੱਛ ਜਾਤੀਆਂ ਦੀ ਸੰਰਚਨਾ ਅਤੇ ਸਹਿਭੋਜੀ ਸੰਬੰਧ*

| ਸਮੂਹ I–ਬ੍ਰਾਹਮਣ | | | | | | |
|---|---|---|---|---|---|---|
| ਰਾਜਪੂਤ | ਸਮੂਹ II (ਨੌਂ ਜਾਤੀਆਂ) | ਬਨੀਆ | ਨਾਈ | ਸਮੂਹ III ਪੰਜ ਜਾਤੀਆਂ | | ਲੁਹਾਰ |
| ਜੋਗੀ | ਸਮੂਹ IV (ਨੌਂ ਜਾਤੀਆਂ) | | | ਚਮਾਰ | ਸਮੂਹ IV ਚਾਰ ਜਾਤੀਆਂ | ਭੰਗੀ |

ਨੋਟ

ਡੀ. ਐਨ. ਮਜੂਮਦਾਰ (1958) ਨੇ ਵੀ ਉੱਤਰ ਪ੍ਰਦੇਸ਼ ਦੇ ਲਖਨਊ ਦੇ ਕੋਲ ਦੇ ਹੀ ਇੱਕ ਪਿੰਡ ਮੋਹਨਾ ਵਿੱਚ ਵਿਭਿੰਨ ਜਾਤੀਆਂ ਵਿੱਚ ਸਹਿਭੋਜ ਸੰਬੰਧਾਂ ਦਾ ਅਧਿਐਨ 1955 ਵਿੱਚ ਕੀਤਾ ਸੀ। ਪਿੰਡ ਵਿੱਚ 112 ਘਰ ਸਨ, ਜਿਸ ਵਿੱਚ 15 ਭਿੰਨ ਜਾਤੀਆਂ ਦੇ ਵਿਅਕਤੀ ਕੁਲ ਸੰਖਿਆ ਵਿੱਚ 806 ਰਹਿੰਦੇ ਸਨ। ਕੁਲ 112 ਪਰਿਵਾਰਾਂ ਵਿੱਚੋਂ 23.5% ਚਮਾਰ, 21.5% ਠਾਕੁਰ, 18.5% ਪਾਸੀ, 10.8% ਅਹੀਰ, 5.8% ਕੁਮਹਾਰ, 5.6% ਧੋਬੀ ਅਤੇ 3.1% ਨਾਈ ਸਨ। ਬਾਕੀ ਅੱਠ ਜਾਤੀਆਂ (ਤਰਖਾਣ, ਕਲਵਾਰ, ਗੜਰੀਆ, ਲੁਹਾਰ, ਬ੍ਰਾਹਮਣ, ਭਾਕਸਰ, ਖਟਿਕ ਅਤੇ ਕੁਰਮੀ) ਵਿੱਚ 0.1% ਤੋਂ 2.5% ਤੱਕ ਪਰਿਵਾਰ ਸਨ। ਭਾਕਸਰ ਤੋਂ ਇਲਾਵਾ ਸਭ ਜਾਤੀਆਂ ਜੀਵਨ-ਯਾਪਣ ਲਈ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ ਖੇਤੀ ਉੱਤੇ ਹੀ ਨਿਰਭਰ ਸਨ। ਪਿੰਡ ਦੀ ਜ਼ਮੀਨ ਦਾ 41.43% ਭਾਗ ਠਾਕੁਰਾਂ ਦਾ ਸੀ, 15.0% ਪਾਸੀਆਂ ਦਾ, 12.6% ਚਮਾਰਾਂ ਦਾ, 9.4% ਅਹੀਰਾਂ ਦਾ ਅਤੇ 8.5% ਕੁਮਹਾਰਾਂ ਦਾ ਸੀ। ਚਿੱਤਰ 2 ਵਿੱਚ ਵਿਵਿਧ ਜਾਤੀਆਂ ਦੀ ਸੰਸਤਰਾਣਤਮਕ ਸੰਰਚਨਾ ਦਿੱਤੀ ਗਈ ਹੈ।

ਮਜੂਮਦਾਰ ਨੇ ਦੇਖਿਆ ਕਿ ਬ੍ਰਾਹਮਣ ਹੋਰ ਜਾਤੀਆਂ ਤੋਂ ਸਿੱਧਾ (ਕੱਚਾ ਖਾਦ ਪਦਾਰਥ) ਸਵੀਕਾਰ ਕਰ ਲੈਂਦੇ ਸਨ, ਅਹੀਰ ਠਾਕੁਰਾਂ ਤੋਂ ਵੀ ਕੱਚਾ ਭੋਜਨ ਸਵੀਕਾਰ ਨਹੀਂ ਕਰਦੇ ਸਨ; ਠਾਕੁਰ ਅਹੀਰਾਂ ਦੇ ਹੱਥ ਤੋਂ ਪਾਣੀ ਪੀ ਲੈਂਦੇ ਸਨ; ਪ੍ਰੰਤੂ ਅਹੀਰ ਠਾਕੁਰਾਂ ਦੇ ਹੱਥ ਦਾ ਪਾਣੀ ਨਹੀਂ ਲੈਂਦੇ ਸਨ।

ਅੰਤਰਜਾਤੀ ਸਹਿਭੋਜ ਸੰਬੰਧਾਂ ਦੇ ਪ੍ਰਤੀ ਦ੍ਰਿਸ਼ਟੀਕੋਣ ਦਾ ਅਧਿਐਨ ਕਰਦੇ ਹੋਏ ਕੁੱਪੁਸੁਆਮੀ ਨੇ 1956 ਵਿੱਚ ਦੱਖਣ ਭਾਰਤ ਦੇ 188 ਬ੍ਰਾਹਮਣਾਂ ਅਤੇ 290 ਗੈਰ-ਬ੍ਰਾਹਮਣਾਂ ਦਾ ਅਧਿਐਨ ਕੀਤਾ। ਉਨਾਂ ਨੇ ਪਾਇਆ ਕਿ 81.8% ਉੱਤਰਦਾਤਾ ਕਿਸੇ ਵੀ ਜਾਤੀ ਦੇ ਵਿਅਕਤੀ ਨਾਲ ਭੋਜਨ ਕਰਨ ਲਈ ਤਿਆਰ ਸਨ; 12.5% ਹਰੀਜਨਾਂ ਨੂੰ ਛੱਡ ਕੇ ਸਭ ਜਾਤੀਆਂ ਨਾਲ ਭੋਜਨ ਕਰਨ ਦੇ ਪੱਖ ਵਿੱਚ ਸਨ ਅਤੇ 3.8% ਕੇਵਲ ਆਪਣੀ ਜਾਤੀ ਦੇ ਮੈਂਬਰਾਂ ਨਾਲ ਭੋਜਨ ਕਰਨ ਦੀ ਇੱਛਾ ਰੱਖਦੇ ਸਨ।

**ਚਿੱਤਰ 2**

*ਡੀ. ਐਨ. ਮਜੂਮਦਾਰ ਦੁਆਰਾ ਉੱਤਰ ਪ੍ਰਦੇਸ਼ ਦੇ ਮੋਹਨਾ ਪਿੰਡ ਵਿੱਚ ਅਧਿਐਨ ਕੀਤੀਆਂ ਗਈਆਂ ਜਾਤੀਆਂ ਦੀ ਸੰਸਤਰਾਣਤਮਕ ਸੰਰਚਨਾ*

| | | |
|---|---|---|
| ਬ੍ਰਾਹਮਣ | | ਠਾਕੁਰ |
| ਅਹੀਰ | ਗਡਰੀਆ | ਕੁਰਮੀ |
| ਲੁਹਾਰ | ਕੁਮਹਾਰ | ਤਰਖਾਣ |
| | ਨਾਈ/ਖਟਿਕ/ਕਲਵਾਰ | |
| ਪਾਸੀ | ਚਮਾਰ, ਭਾਕਸਰ | ਧ'ਬੀ |

ਬੀ. ਵੀ. ਸ਼ਾਹ (1968) ਨੇ ਸਹਿਭੋਜ ਦੇ ਪ੍ਰਤੀ ਦ੍ਰਿਸ਼ਟੀਕੋਣ ਦਾ ਵਿਸ਼ਲੇਸ਼ਣ ਕਰਦੇ ਹੋਏ ਗੁਜਰਾਤ ਦੇ 200 ਵਿਦਿਆਰਥੀਆਂ ਦਾ ਅਧਿਐਨ ਕੀਤਾ ਅਤੇ ਪਾਇਆ ਕਿ 13.5% ਇਸ ਦੇ ਵਿਰੋਧ ਵਿੱਚ ਸਨ; 54% ਆਪਣੇ ਮਾਤਾ ਪਿਤਾ ਦੇ ਸਾਹਮਣੇ ਇਸ ਦੇ ਵਿਰੋਧ ਵਿੱਚ ਸਨ; 14.0% ਨੇ ਕਿਹਾ ਕਿ ਓਹ ਕੇਵਲ ਓਨਾਂ ਨਿਮਨ ਜਾਤੀਆਂ ਦੇ ਮੈਂਬਰਾਂ ਨਾਲ ਭੋਜਨ ਕਰਨਾ ਚਾਹੁਣਗੇ ਜਿਨਾਂ ਵਿੱਚ ਓਨਾਂ ਦੀ ਜਾਤੀ ਨਾਲ ਘੱਟ ਤੋਂ ਘੱਟ ਸੰਸਕ੍ਰਿਤਿਕ ਅੰਤਰ ਹੋਵੇ ਅਤੇ 18.5% ਆਪਣੇ ਮਾਤਾ ਪਿਤਾ ਦੀ ਉਪਸਥਿਤੀ ਵਿੱਚ ਹੀ ਪਰੰਪਰਾਗਤ ਨਿਸ਼ੇਧਾਂ ਨੂੰ ਅਲੱਗ ਰੱਖਣ ਲਈ ਤਿਆਰ ਸਨ।

1955 ਵਿੱਚ ਸਹਿਭੋਜ ਸੰਬੰਧਾਂ ਉੱਤੇ ਵਿਆਖਿਆ ਕਰਦੇ ਹੋਏ ਕਾਪੜੀਆ ਨੇ ਕਿਹਾ-" ਇਹ ਸੱਚ ਹੈ ਕਿ ਪੇਂਡੂ ਖੇਤਰਾਂ ਵਿੱਚ ਵੀ ਓਹ ਅੰਤਰਭੋਜ ਜਿਸ ਵਿੱਚ ਸਭ ਜਾਤੀਆਂ ਦੇ ਮੈਂਬਰ ਇੱਕ ਹੀ ਕਤਾਰ ਵਿੱਚ ਬੈਠ ਕੇ ਖਾਂਦੇ ਹਨ, ਅੱਜਕੱਲ ਅਗਿਆਤ ਨਹੀਂ ਹੈ; ਪ੍ਰੰਤੂ ਅਜਿਹੇ ਵੀ ਉਦਾਹਰਣ ਹਨ ਜਿਨਾਂ ਤੋਂ ਪਤਾ ਚਲਦਾ ਹੈ ਕਿ ਇਸ ਪ੍ਰਕਾਰ ਦੀ ਅੰਤਰਬਾਧਾਵਾਂ ਸ਼ਹਿਰੀ ਖੇਤਰਾਂ ਵਿੱਚ ਵੀ ਮਨੋਵਿਗਿਆਨਿਕ ਰੂਪ ਨਾਲ ਪੂਰੀ ਤਰਾਂ ਖਤਮ ਨਹੀਂ ਹੋਈਆਂ ਹਨ। " ਇਸ ਲਈ ਕਾਪੜੀਆ ਨੇ ਪ੍ਰਸ਼ਨ ਉਠਾਇਆ ਕਿ ਕੀ ਇਹ ਮੰਨਣਾ ਉਚਿਤ ਹੋਵੇਗਾ ਕਿ ਹਿੰਦੂ ਸਮਾਜ ਵਿੱਚ ਸਹਿਭੋਜ ਨਿਸ਼ੇਧ ਲਗਭਗ ਖਤਮ ਹੋ ਗਏ ਹਨ?

ਇਹ ਸਭ ਅਧਿਐਨ ਲਗਭਗ ਚਾਰ ਦਸ਼ਾਬਦੀ ਪਹਿਲਾਂ ਕੀਤੇ ਗਏ ਸਨ। ਉਸ ਸਮੇਂ ਤੋਂ ਬਾਅਦ ਹੁਣ ਤੱਕ ਓਹ ਲੋਕ ਅਧਿਕ ਉਦਾਰ ਹੋ ਗਏ ਹਨ ਅਤੇ ਹੋਰ ਜਾਤੀਆਂ ਦੇ ਮੈਂਬਰਾਂ ਪ੍ਰਤੀ ਅਧਿਕ ਖੁੱਲੇ ਦਿਮਾਗ ਨਾਲ ਵਿਚਾਰ ਕਰਣ ਲੱਗੇ ਹਨ। ਇੱਥੋਂ ਤੱਕ ਕਿ ਅਸਵੱਛ ਜਾਤੀਆਂ ਪ੍ਰਤੀ ਵੀ ਓਨਾਂ ਦੇ ਦ੍ਰਿਸ਼ਟੀਕੋਣ ਵਿੱਚ ਵਿਸਤਾਰ ਹੋਇਆ ਹੈ। ਜਦੋਂ ਤੱਕ ਅਸਵੱਛ ਜਾਤੀ ਦੇ ਮੈਂਬਰ ਅਸਵੱਛ ਕਾਰਜ ਨਹੀਂ ਕਰਦੇ, ਲੋਕ ਓਨਾਂ ਨਾਲ ਭੋਜਨ ਕਰਣ ਨੂੰ ਬੁਰਾ ਨਹੀਂ ਸਮਝਦੇ, ਪ੍ਰੰਤੂ ਪਰੰਪਰਾਗਤ ਹਿੰਦੂ (ਜਿਨਾਂ ਦੀ ਸੰਖਿਆ ਅਧਿਕ ਨਹੀਂ ਹੈ) ਅੱਜ ਵੀ ਖਾਣ ਪੀਣ ਦੇ ਨਿਸ਼ੇਧਾਂ ਵਿੱਚ ਵਿਸ਼ਵਾਸ ਰੱਖਦੇ ਹਨ।

ਨੋਟ

## ਵਿਵਾਹਿਕ ਸੰਬੰਧ (Merital Relations)

ਅੰਤਰਜਾਤੀ ਅਤੇ ਅੰਤਰਸਮੁਦਾਇਕ (inter-community) ਵਿਆਹਾਂ ਨੂੰ ਵਿਧਾਨਿਕ ਅਤੇ ਸਮਾਜਿਕ ਮਾਨਤਾ ਪ੍ਰਦਾਨ ਕਰ ਦਿੱਤੀ ਗਈ ਹੈ। ਚਾਹੇ ਲੋਕ ਹੋਰ ਜਾਤੀਆਂ ਵਿੱਚ ਵਿਆਹ ਕਰਣ ਨੂੰ ਬੁਰਾ ਨਹੀਂ ਮੰਨਦੇ, ਫਿਰ ਵੀ ਵੱਡੀ ਸੰਖਿਆ ਵਿੱਚ ਲੋਕ ਆਪਣੀ ਹੀ ਜਾਤੀ ਵਿੱਚ ਵਿਆਹ ਕਰਦੇ ਹਨ। ਇਹ ਸ਼ਾਇਦ ਇਸ ਲਈ ਹੈ ਕਿਓਂਕਿ ਬੱਚਿਆਂ ਦੇ ਵਿਆਹ ਅੱਜ ਵੀ ਮਾਤਾ ਪਿਤਾ ਦੁਆਰਾ ਤੈਅ ਕੀਤੇ ਜਾਂਦੇ ਹਨ ਅਤੇ ਓਨਾਂ ਦਾ ਵਿਸ਼ਵਾਸ ਹੈ ਕਿ ਦੰਪਤੀ ਸੰਬੰਧ ਬਰਾਬਰ ਪੁਸ਼ਠਭੂਮੀ ਵਾਲੇ ਪਰਿਵਾਰਾਂ ਵਿੱਚ ਅਧਿਕ ਸਰਲਤਾ ਨਾਲ ਸਮ-ਆਯੋਜਿਤ ਹੁੰਦੇ ਹਨ। ਅਜਿਹੇ ਵੀ ਉਦਾਹਰਣ ਹਨ ਜਿੱਥੇ ਨਾ ਕੇਵਲ ਬੱਚੇ ਬਲਕਿ ਓਨਾਂ ਦੇ ਮਾਤਾ ਪਿਤਾ ਵੀ ਜਾਤੀ ਤੋਂ ਬਾਹਰ ਵਿਆਹ ਤੈਅ ਕਰ ਦਿੰਦੇ ਹਨ। ਇਸ ਦੇ ਪਿੱਛੇ ਮੁੱਖ ਵਿਚਾਰ ਇਹ ਹੈ ਕਿ ਵਿਆਹ ਨੂੰ "ਅਧਿਕ ਤੋਂ ਅਧਿਕ ਆਪਸੀ ਤੱਥ" ਸਮਝਿਆ ਜਾ ਰਿਹਾ ਹੈ। ਅੱਜ ਦਾ ਯੁਵਾ, ਜਾਤੀ ਨੂੰ, ਸਾਥੀ ਦੇ ਚੁਨਾਵ ਵਿੱਚ ਅਧਿਕ ਮਹੱਤਵ ਨਹੀਂ ਦਿੰਦਾ, ਬਲਕਿ ਓਹ ਤਾਂ ਅਜਿਹਾ ਸਾਥੀ ਚਾਹੁੰਦਾ ਹੈ ਜਿਸ ਨੂੰ ਓਹ ਚੰਗੀ ਤਰਾਂ ਸਮਝਦਾ ਹੋਵੇ ਅਤੇ ਜੋ ਉਸ ਨੂੰ ਅਧਿਕ ਤੋਂ ਅਧਿਕ ਸੰਤੁਸ਼ਟੀ ਦੀ ਅਨੁਭੂਤੀ ਪ੍ਰਦਾਨ ਕਰ ਸਕਦਾ ਹੋਵੇ। ਅਜਿਹਾ ਵਿਅਕਤੀ ਉਸ ਦੀ ਹੀ ਜਾਤ ਦਾ ਵੀ ਹੋ ਸਕਦਾ ਹੈ ਜਾਂ ਨਹੀਂ ਵੀ ਹੋ ਸਕਦਾ ਹੈ। ਸ਼ੁਰੂਆਤੀ ਦੌਰ ਵਿੱਚ ਲੜਕੇ ਅਤੇ ਲੜਕੀਆਂ ਇੱਕ ਹੀ ਕਲਾਸ/ਸਕੂਲ ਵਿੱਚ ਪੜਦੇ ਹਨ ਜਾਂ ਇੱਕ ਹੀ ਦਫਤਰ ਵਿੱਚ ਕੰਮ ਕਰਦੇ ਹਨ, ਜਾਂ ਇੱਕ ਹੀ ਪੜੌਸ ਵਿੱਚ ਰਹਿੰਦੇ ਹਨ, ਫਿਰ ਵੀ ਇੱਕ ਦੂਜੇ ਲਈ "ਅਜਨਬੀ" ਹੁੰਦੇ ਹੋਏ ਵੀ ਓਹ ਥੋੜੀ ਬਹੁਤ ਆਤਮੀਅਤਾ ਵਿਕਸਿਤ ਕਰਨਾ ਚਾਹੁੰਦੇ ਹਨ ਤਾਂ ਕਿ ਓਹ ਇੱਕ ਦੂਜੇ ਪ੍ਰਤੀ ਆਕਰਸ਼ਣ ਵਿਕਸਿਤ ਕਰ ਸਕਣ। ਪ੍ਰੰਤੂ ਮਾਤਾ ਪਿਤਾ ਹੁਣ ਵੀ ਸੰਸਕਾਰਾਂ ਉੱਤੇ ਜ਼ੋਰ ਦਿੰਦੇ ਹਨ ਅਤੇ ਮੰਨਦੇ ਹਨ ਕਿ ਜਾਤੀ ਅਤੇ ਪਰਿਵਾਰਿਕ ਪੁਸ਼ਠਭੂਮੀ ਤੋਂ ਹੀ ਵਿਅਕਤੀ ਦਾ ਵਿਅਕਤਿੱਤਵ ਬਣਦਾ ਹੈ ਅਤੇ ਇਸੇ ਨਾਲ ਦੋਹਾਂ ਸਾਥੀਆਂ ਵਿੱਚ ਵਿਆਹ ਤੋਂ ਬਾਅਦ ਭਾਵਨਾਤਮਕ ਪ੍ਰੇਮ ਉਤਪੰਨ ਹੁੰਦਾ ਹੈ। ਇਸ ਲਈ ਚਾਹੇ ਯੁਵਾ ਅਤੇ ਬੁਜ਼ੁਰਗ ਦੋਵੇਂ ਹੀ ਦੂਜੀਆਂ ਜਾਤੀਆਂ ਨਾਲ ਵਿਵਾਹਿਕ ਸੰਬੰਧਾਂ ਦੇ ਵਿਰੁੱਧ ਨਹੀਂ ਹਨ, ਫਿਰ ਵੀ ਵਿਵਹਾਰ ਵਿੱਚ ਹੁਣ ਵੀ ਓਹ ਵਿਆਹ ਨੂੰ ਆਪਣੀ ਹੀ ਜਾਤੀ ਤੱਕ ਸੀਮਿਤ ਰੱਖਣਾ ਚਾਹੁੰਦੇ ਹਨ।

ਲਗਭਗ ਸਾਢੇ ਤਿੰਨ ਦਸ਼ਕ ਪਹਿਲਾਂ ਕੁੱਪੂਸੁਆਮੀ, ਬੀ. ਵੀ. ਸ਼ਾਹ ਅਤੇ ਮਾਰਗ੍ਰੇਟ ਕੋਰਮੈਕ ਜਿਹੇ ਵਿਦਵਾਨਾਂ ਨੇ ਆਪਣੇ ਕੁਝ ਵਿਦਿਆਰਥੀ ਉੱਤਰਦਾਤਾਵਾਂ ਨੂੰ ਅੰਤਰਜਾਤੀ ਵਿਆਹ ਦੇ ਪੱਖ ਵਿੱਚ ਪਾਇਆ। ਕੁੱਪੂਸੁਆਮੀ ਨੇ 1956 ਵਿੱਚ 478 ਵਿਦਿਆਰਥੀਆਂ ਦੇ ਅਧਿਐਨ ਵਿੱਚ ਪਾਇਆ ਸੀ ਕਿ 68.8% ਵਿਦਿਆਰਥੀ ਅੰਤਰਜਾਤੀ ਅਤੇ ਅੰਤਰਉਪਜਾਤੀ ਵਿਆਹ ਦੇ ਪੱਖ ਵਿੱਚ ਸਨ, 22.4% ਵਿਦਿਆਰਥੀ ਵਿਰੋਧ ਵਿੱਚ, ਅਤੇ 8.8% ਅੰਤਰਉਪਜਾਤੀ ਵਿਆਹ ਦੇ ਪੱਖ ਵਿੱਚ ਸਨ। ਬੀ. ਵੀ. ਸ਼ਾਹ ਨੇ ਗੁਜਰਾਤ ਵਿੱਚ 200 ਵਿਦਿਆਰਥੀਆਂ ਦੇ ਅਧਿਐਨ ਵਿੱਚ ਪਾਇਆ ਕਿ 65% ਉੱਤਰਦਾਤਾ ਜਾਤੀ ਅਤੇ ਉਪਜਾਤੀ ਦੇ ਅੰਦਰ ਵਿਆਹ ਦੇ ਪੱਖ ਵਿੱਚ ਸਨ; 26% ਅੰਤਰਜਾਤੀ ਵਿਆਹ ਦੇ ਪੱਖ ਵਿੱਚ ਸਨ ਅਤੇ 9% ਸ਼ਰਤਸਹਿਤ ਅੰਤਰਜਾਤੀ ਵਿਆਹ ਦੇ ਪੱਖ ਵਿੱਚ ਸਨ।ਕੋਰਮੈਕ ਨੇ ਵਿਭਿੰਨ ਰਾਜਾਂ ਦੇ ਵਿਭਿੰਨ ਵਿਸ਼ਵਵਿਦਿਆਲਿਆਂ ਦੇ 500 ਵਿਦਿਆਰਥੀਆਂ ਦੇ ਮਾਤਾ ਪਿਤਾ ਦੇ ਦ੍ਰਿਸ਼ਟੀਕੋਣ ਦੇ ਅਧਿਐਨ ਵਿੱਚ ਪਾਇਆ ਕਿ 51.2% ਮਾਤਾ ਪਿਤਾ ਇਸ ਗੱਲ ਉੱਤੇ ਸਹਿਮਤ ਸਨ ਕਿ ਜੇਕਰ ਓਨਾਂ ਦੀ ਜਾਤੀ ਤੋਂ ਬਾਹਰ ਯੋਗ ਵਿਅਕਤੀ ਮਿਲ ਜਾਵੇ ਤਾਂ ਆਪਣੇ ਬੱਚਿਆਂ ਦਾ ਵਿਆਹ ਓਹ ਹੋਰ ਜਾਤੀ ਵਿੱਚ ਕਰ ਸਕਦੇ ਸਨ, ਜਦੋਂ ਕਿ 28.5% ਅੰਤਰਜਾਤੀ ਵਿਆਹ ਦੇ ਬਿਲਕੁਲ ਵਿਰੁੱਧ ਸਨ। ਅੱਜ ਅਧਿਕਤਰ ਲੋਕ ਅੰਤਰਜਾਤੀ ਵਿਆਹ ਦੇ ਪੱਖ ਵਿੱਚ ਹੋ ਸਕਦੇ ਹਨ, ਪ੍ਰੰਤੂ ਵਿਵਹਾਰ ਵਿੱਚ ਓਹ ਆਪਣੀ ਹੀ ਜਾਤੀ ਵਿੱਚ ਵਿਆਹ ਦੇ ਪੱਖਧਰ ਹਨ।

ਇਸ ਪ੍ਰਕਾਰ ਯੁਵਾ ਲੋਕ ਦੋ ਸੰਘਰਸ਼ਮਈ ਮਾਨਦੰਡਾਂ ਦੇ ਆਧਾਰ ਤੇ ਕੰਮ ਕਰਦੇ ਹਨ- ਇੱਕ ਸਪਸ਼ਟ (explicit) ਅਤੇ ਦੂਜਾ ਅਵਿਅਕਤ (implicit) ਮਾਨਦੰਡਾਂ ਉੱਤੇ। ਦੂਜੇ ਪਾਸੇ, ਅੱਜ ਦੇ ਮਾਤਾ ਪਿਤਾ, ਜਾਤੀ ਤੋਂ ਬਾਹਰ ਵਿਵਾਹਿਕ ਸੰਬੰਧਾਂ ਦੇ ਵਿਸ਼ੇ ਵਿੱਚ ਏਨੀਆਂ ਜ਼ਿਆਦਾ ਸ਼ੰਕਾਵਾਂ ਨਾਲ ਪੀੜਿਤ ਹਨ, ਜਿੰਨੀਆਂ ਕਿ ਇੱਕ ਪੀੜੀ ਪਹਿਲਾਂ ਦੇ ਮਾਤਾ ਪਿਤਾ ਸਨ। ਇਹ ਅਧਿਐਨ ਇਹ ਪ੍ਰਗਟ ਕਰਦੇ ਹਨ ਕਿ ਜ਼ਿਆਦਾਤਰ ਲੜਕੇ ਅਤੇ ਲੜਕੀਆਂ ਆਪਣੇ ਮਾਤਾ ਪਿਤਾ ਦੀਆਂ ਇੱਛਾਵਾਂ ਦੇ ਵਿਰੁੱਧ ਪ੍ਰਦਰਸ਼ਨ ਵਿੱਚ ਡਰ, ਸ਼ਰਮ, ਆਤਮਚੇਤਨਾ ਅਤੇ ਬੇਚੈਨੀ ਦਾ ਅਨੁਭਵ ਕਰਦੇ ਹਨ। ਫਲਸਰੂਪ, ਓਹ ਹੋਰ ਜਾਤੀ ਵਿੱਚ ਵਿਆਹ ਦੇ ਵਿਰੁੱਧ ਨਾ ਵੀ ਹੋਣ, ਤਾਂ ਵੀ ਆਪਣੀ ਹੀ ਜਾਤੀ ਵਿੱਚ ਵਿਆਹ ਕਰਦੇ ਹਨ।

## ਕਾਰੋਬਾਰੀ ਸੰਬੰਧ (Occupational Relations)


ਕਾਰੋਬਾਰੀ ਸੰਬੰਧ ਦਾ ਅਰਥ ਹੈ ਕਿ ਨਿਯਮਿਤ ਰੂਪ ਵਿੱਚ ਉਤਪਾਦਨ ਅਤੇ ਸੇਵਾਵਾਂ ਦਾ ਆਦਾਨ-ਪ੍ਰਦਾਨ। ਜਾਤੀ ਵਿਵਸਥਾ ਜਾਤੀਆਂ ਨੂੰ ਕੁਝ ਕਾਰੋਬਾਰਾਂ ਲਈ ਸਵੀਕ੍ਰਿਤੀ ਅਤੇ ਕੁਝ ਲਈ ਨਿਸ਼ੇਧ ਪ੍ਰਸਤੁਤ ਕਰਦੀ ਹੈ, ਪ੍ਰੰਤੂ ਪਰੰਪਰਾਗਤ ਵਿਸ਼ੇਸ਼ ਯੋਗਤਾ ਜਾਤੀਆਂ ਦੀ ਆਪਸੀ ਨਿਰਭਰਤਾ ਨਿਸ਼ਚਿਤ ਕਰਦੀ ਹੈ। ਅਨਾਜ ਉਤਪਾਦਨ ਕਰਣ ਵਾਲੇ ਪਰਿਵਾਰਾਂ ਦੇ ਮੱਧ, ਜੋ ਇਨਾਂ ਨੂੰ ਵਿਭਿੰਨ ਵਸਤਾਂ ਅਤੇ ਸੇਵਾਵਾਂ ਜੁਟਾਓਂਦੇ ਹਨ, ਸਮੂਹ-ਅਭਿਮੁਖ ਅਤੇ ਲੰਬੀ ਅਵਧੀ ਵਾਲੇ ਸੰਵਿਦਾਤਮਕ ਬੰਧਨਾਂ (ਫਰਅਵਗ਼ਫ਼ ਵਚ਼; ਲਰਚਅਦਤ) ਵਿੱਚ ਨਿਰੰਤਰਤਾ ਅਤੇ ਪਰਿਵਰਤਨ ਸੰਬੰਧੀ ਵਿਸ਼ਲੇਸ਼ਣ ਜਜਮਾਨੀ ਵਿਵਸਥਾ ਵਾਲੇ ਪਾਠ ਵਿੱਚ ਕੀਤਾ ਗਿਆ ਹੈ। ਇਸ ਦਾ ਸਭ ਤੋਂ ਵਧੀਆ ਵਿਸ਼ਲੇਸ਼ਣ ਡੀ. ਐਨ. ਮਜੂਮਦਾਰ ਨੇ ਉੱਤਰ ਪ੍ਰਦੇਸ਼ ਦੇ ਲਖਨਊ ਜਿਲੇ ਦੇ ਮੋਹਨਾ ਪਿੰਡ ਦੇ ਅਧਿਐਨ ਦੇ ਆਧਾਰ ਤੇ ਕੀਤਾ ਹੈ।

ਚਿੱਤਰ 3 ਅਤੇ 4 ਠਾਕੁਰ ਪਰਿਵਾਰ ਵਿੱਚ "ਜਨਮ" ਅਤੇ "ਮੁੰਡਨ" ਦੇ ਮੌਕਿਆਂ ਉੱਤੇ ਕਾਰੋਬਾਰੀ ਸੰਬੰਧਾਂ ਨੂੰ ਦਰਸਾਉਂਦੇ ਹਨ-

ਨੋਟ

**ਚਿੱਤਰ 3**

*ਠਾਕੁਰ ਪਰਿਵਾਰ ਵਿੱਚ ਜਨਮ ਸਮਾਰੋਹ ਦੇ ਸਮੇਂ ਵਿਭਿੰਨ ਜਾਤੀਆਂ ਨਾਲ ਕਾਰੋਬਾਰੀ ਸੰਬੰਧ*




## ਸਮਾਜਿਕ ਸੰਬੰਧ (Social Relations)

ਜਦੋਂ ਪੇਂਡੂ ਲੋਕ ਸਮਿਤੀ ਜਾਂ ਸਭਾ ਜਾਂ ਗੱਪ-ਸ਼ੱਪ ਲਈ ਮਿਲ ਕੇ ਬੈਠਦੇ ਹਨ, ਤਾਂ ਓਹ ਆਮ ਤੌਰ ਤੇ ਜਾਤੀ ਦੀ ਪ੍ਰਸਥਿਤੀ ਦੇ ਅਨੁਸਾਰ ਹੀ ਬੈਠਦੇ ਹਨ। ਕੁਝ ਲੋਕ ਮੰਜਿਆਂ ਉੱਤੇ ਅਤੇ ਕੁਝ ਜ਼ਮੀਨ ਉੱਤੇ ਬੈਠਦੇ ਹਨ। ਉੱਚ ਪ੍ਰਸਥਿਤੀ ਵਾਲੀ ਜਾਤੀ ਦੇ ਲੋਕ (ਬ੍ਰਾਹਮਣ, ਰਾਜਪੂਤ ਆਦਿ) ਮੰਜੇ ਦੇ ਉੱਚੇ ਭਾਗ ਉੱਤੇ ਬੈਠਦੇ ਹਨ ਜਦੋਂ ਕਿ ਓਨਾਂ ਤੋਂ ਘੱਟ ਪ੍ਰਸਥਿਤੀ ਵਾਲੀ ਜਾਤੀ ਦੇ ਲੋਕ ਪੈਰਾਂ ਵੱਲ ਬੈਠਦੇ ਹਨ। ਮੱਧਮ ਜਾਤੀ ਦੇ ਮੈਂਬਰ ਮੰਜੇ ਦੇ ਕੋਲ ਹੀ ਜ਼ਮੀਨ ਤੇ ਬੈਠਦੇ ਹਨ, ਜਦੋਂ ਕਿ ਨਿਮਨ ਜਾਤੀ ਦੇ ਲੋਕ ਮੰਜੇ ਤੋਂ ਦੂਰ ਜ਼ਮੀਨ ਉੱਤੇ ਬੈਠਦੇ ਹਨ। ਜਦੋਂ ਕੇਵਲ ਮੱਧ ਅਤੇ ਨਿਮਨ ਜਾਤੀਆਂ ਦੇ ਲੋਕ ਉਪਸਥਿਤ ਹੋਣ ਤਾਂ ਮੱਧ ਜਾਤੀ ਦੇ ਮੈਂਬਰ ਜ਼ਮੀਨ ਉੱਤੇ ਹੀ ਬੈਠਣਗੇ। ਬੈਠਣ ਦੀ ਵਿਵਸਥਾ ਸ਼ਕਤੀ ਅਤੇ ਅਧਿਕਾਰ ਸੰਬੰਧਾਂ ਦੀ ਸੂਚਕ ਹੈ। ਬ੍ਰਾਹਮਣ ਅਤੇ ਰਾਜਪੂਤ ਮੰਜੇ ਉੱਤੇ ਬੈਠਦੇ ਹਨ ਅਤੇ ਬੋਲਣ ਵਿੱਚ ਅੱਗੇ ਰਹਿੰਦੇ ਹਨ। ਫਲਸਰੂਪ, ਬੈਠਕ ਵਿੱਚ ਇੱਕਮਤ ਨਿਚੋੜ ਵਿੱਚ ਵੀ ਓਨਾਂ ਦੀ ਥਾਂ ਹੀ ਉੱਪਰ ਰਹਿੰਦੀ ਹੈ। ਓਨਾਂ ਪਿੰਡਾਂ ਵਿੱਚ ਜਿੱਥੇ ਬ੍ਰਾਹਮਣਾਂ ਦੀ ਸੰਖਿਆ ਘੱਟ ਹੁੰਦੀ ਹੈ, ਉੱਥੇ ਓਨਾਂ ਦੇ ਹੱਥ ਵਿੱਚ ਸ਼ਕਤੀ ਨਹੀਂ ਹੁੰਦੀ। ਇਸ ਪ੍ਰਕਾਰ ਕਿਸੇ ਅਲਪ-ਸੰਖਿਅਕ ਉੱਚ ਜਾਤੀ ਦੀ ਨਿਰਣਾ ਲੈਣ ਸੰਬੰਧੀ ਪ੍ਰਭਾਵ ਵਿੱਚ ਸ਼ਿਥਿਲਤਾ ਹੀ ਹੋਵੇਗੀ।


ਕੀ ਤੁਸੀਂ ਜਾਣਦੇ ਹੋ — ਜਾਤੀਆਂ ਵਿੱਚ ਸਮਾਜਿਕ ਸੰਬੰਧ ਜਾਤੀ ਸੰਸਤਰਣ ਵਿੱਚ ਜਾਤੀ ਦੀ ਪ੍ਰਸਥਿਤੀ ਉੱਤੇ ਨਿਰਭਰ ਹੁੰਦੇ ਹਨ।

ਵਿਵਿਧ ਜਾਤੀਆਂ ਵਿਚਕਾਰ ਸਮਾਜਿਕ ਸੰਬੰਧਾਂ ਦਾ ਮੁੱਲਾਂਕਣ ਬੈਠਣ ਦੀ ਵਿਸ਼ਮਤਾ ਉੱਤੇ ਹੀ ਨਿਰਧਾਰਿਤ ਨਹੀਂ ਹੁੰਦਾ, ਬਲਕਿ ਅਭਿਵਾਦਨ, ਸੁਆਗਤ ਅਤੇ ਤਿਓਹਾਰਾਂ ਉੱਤੇ ਮਿਲਣ-ਜੁਲਣ ਦੇ ਤਰੀਕੇ ਉੱਤੇ ਵੀ ਨਿਰਧਾਰਿਤ ਹੁੰਦਾ ਹੈ। ਸਮਾਜ ਵਿੱਚ ਵਿੱਦਿਆਮਾਨ ਜਾਤੀ ਰੂੜੀਆਂ (caste stereotypes) ਦੇ ਆਧਾਰ ਤੇ ਵੀ ਸੰਬੰਧਾਂ ਨੂੰ ਦੇਖਿਆ ਜਾ ਸਕਦਾ ਹੈ। ਕੁਝ ਰੂੜੀਆਂ ਇਸ ਪ੍ਰਕਾਰ ਹਨ- "ਅਹੀਰ ਸੱਠ ਸਾਲ ਤੱਕ ਨਾਬਾਲਿਗ ਰਹਿੰਦਾ ਹੈ।", "ਕਾਇਸਥ ਦਾ ਬੱਚਾ ਕਦੇ ਨਾ ਸੱਚਾ", "ਬੈਠਾ ਬਾਣੀਆ ਕੀ ਕਰੇ, ਇੱਧਰ ਦਾ ਧਾਨ ਉੱਧਰ ਕਰੇ", "ਕੁਰਮੀ ਕਿਸੇ ਲਈ ਵਫਾਦਾਰ ਨਹੀਂ ਹੁੰਦਾ", "ਸਵੇਰੇ ਤੇਲੀ ਦਾ ਮੂੰਹ ਦੇਖਣ ਨਾਲ ਅੰਨ ਨਹੀਂ ਮਿਲਦਾ"। ਚਾਹੇ ਇਹ ਰੂੜੀਬੱਧ ਵਿਚਾਰ ਕਿਸੇ ਤਰਕ ਉੱਤੇ ਆਧਾਰਿਤ ਨਹੀਂ ਹਨ, ਪ੍ਰੰਤੂ ਇੱਕ ਵਾਰ ਅਰਜਿਤ ਕਰਣ ਤੋਂ ਬਾਅਦ ਇਹ ਸਰਲਤਾ ਨਾਲ ਨਹੀਂ ਬਦਲੇ ਜਾ ਸਕਦੇ।

ਨੋਟ

**ਚਿੱਤਰ 4**

*ਠਾਕੁਰ ਪਰਿਵਾਰ ਵਿੱਚ ਮੁੰਡਨ ਸੰਸਕਾਰ ਦੇ ਸਮੇਂ ਵਿਭਿੰਨ ਜਾਤੀਆਂ ਨਾਲ ਕਾਰੋਬਾਰੀ ਸੰਬੰਧ*




ਪਿਛਲੀਆਂ ਕੁਝ ਸ਼ਤਾਬਦੀਆਂ ਵਿੱਚ ਵਿਭਿੰਨ ਸਤਰਾਂ ਉੱਤੇ ਅੰਤਰਜਾਤੀ ਸੰਬੰਧਾਂ ਵਿੱਚ ਮਹੱਤਵਪੂਰਣ ਪਰਿਵਰਤਨ ਆਏ ਹਨ। ਕੁਝ ਇਸ ਤਰਾਂ ਹਨ–

(*i*) ਬ੍ਰਾਹਮਣ ਨਿਮਨ ਜਾਤੀ ਦੇ ਮੈਂਬਰਾਂ ਤੋਂ ਕੱਚਾ ਭੋਜਨ ਸਵੀਕਾਰ ਕਰਣ ਵਿੱਚ ਹੁਣ ਸੰਕੋਚ ਨਹੀਂ ਕਰਦੇ।

(*ii*) ਬੈਠਣ ਦੀ ਵਿਵਸਥਾ ਵਿੱਚ ਵਿਸ਼ਮਤਾ ਸੰਬੰਧੀ ਨਿਯਮ ਖਤਮ ਹੁੰਦੇ ਜਾ ਰਹੇ ਹਨ।

(*iii*) ਕੁਝ ਨਿਮਨ ਜਾਤੀਆਂ ਬ੍ਰਾਹਮਣਾਂ ਨੂੰ ਆਪਣੇ ਸਮਾਰੋਹਾਂ ਵਿੱਚ ਨਿਮੰਤਰਿਤ ਕਰਦੀਆਂ ਹਨ।

(*iv*) ਨਿਮਨ ਜਾਤੀਆਂ ਦੇ ਮੈਂਬਰ ਉੱਚ ਜਾਤੀਆਂ ਦੇ ਮੈਂਬਰਾਂ ਦੇ ਆਦੇਸ਼ਾਂ ਦਾ ਪਾਲਣ ਚੁੱਪਚਾਪ ਅਤੇ ਨਿਮਰਤਾਪੂਰਵਕ ਨਹੀਂ ਕਰਦੇ ਹਨ।

(*v*) ਨਿਮਨ ਜਾਤੀਆਂ ਦੇ ਮੈਂਬਰ ਉੱਚ ਜਾਤੀਆਂ ਲਈ ਬੇਗਾਰ ਨਹੀਂ ਕਰਦੇ ਹਨ।

ਨਿਚੋੜ ਲਈ ਇਹ ਕਿਹਾ ਜਾ ਸਕਦਾ ਹੈ ਕਿ ਹੁਣ ਉੱਚ ਜਾਤੀਆਂ ਦੇ ਲੋਕ ਨਿਮਨ ਜਾਤੀਆਂ ਦੇ ਪ੍ਰਤੀ ਦ੍ਰਿਸ਼ਟੀਕੋਣਾਂ ਵਿੱਚ ਅਧਿਕ ਸਹਿਸ਼ਣੂ ਹੋ ਗਏ ਹਨ। ਇਨਾਂ ਪਰਿਵਰਤਨਾਂ ਲਈ ਉੱਤਰਦਾਈ ਕਾਰਕ ਹਨ– ਸ਼ਹਿਰੀ ਲੋਕਾਂ ਨਾਲ ਸੰਪਰਕ; ਜ਼ਿਮੀਂਦਾਰੀ ਉਨਮੂਲਣ, ਸੁਧਾਰ ਦੇ ਸਰਕਾਰੀ ਉਪਾਅ ਅਤੇ ਨਿਮਨ ਜਾਤੀਆਂ ਵਿੱਚ ਅਧਿਕਾਰ ਚੇਤਨਾ।

### ਅੰਤਰਜਾਤੀ ਸੰਘਰਸ਼ (Inter-Caste Conflicts)

ਜੇਕਰ ਜਾਤੀਆਂ ਵਿੱਚ ਸਹਿਯੋਗ ਹੈ ਤਾਂ ਸੰਘਰਸ਼ ਵੀ। ਸੰਘਰਸ਼ ਤਾਂ ਪੈਦਾ ਹੁੰਦੇ ਹਨ ਜਦੋਂ– (*i*) ਇੱਕ ਜਾਤੀ ਦੂਜੀ ਜਾਤੀ ਉੱਤੇ ਪ੍ਰਭੁੱਤਵ ਜਮਾਉਂਦੀ ਹੈ। (*ii*) ਜਦੋਂ ਉੱਚ ਜਾਤੀ ਦੇ ਲੋਕ ਨਿਮਨ ਜਾਤੀਆਂ ਦਾ ਸ਼ੋਸ਼ਣ ਕਰਦੇ ਹਨ। (*iii*) ਜਦੋਂ ਜਾਤੀਆਂ ਦੂਜੀਆਂ ਜਾਤੀਆਂ ਨੂੰ ਗਤੀਸ਼ੀਲਤਾ ਵਿੱਚ ਅਤੇ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਣ ਵਿੱਚ ਰੁਕਾਵਟ ਮੰਨਦੀਆਂ ਹਨ। (*iv*) ਜਦੋਂ ਜਾਤੀਆਂ ਨਵੀਨ ਆਰਥਿਕ ਮੌਕਿਆਂ ਨੂੰ ਪ੍ਰਾਪਤ ਕਰਣ ਵਿੱਚ ਅਸਫਲ ਹੁੰਦੀਆਂ ਹਨ ਜਾਂ ਉੱਚ ਸਥਿਤੀ ਪ੍ਰਾਪਤ ਨਹੀਂ ਕਰ ਪਾਉਂਦੀਆਂ। ਚਾਹੇ ਜਾਤੀ ਸੰਘਰਸ਼ ਅਤੇ ਜਾਤੀ ਹਿੰਸਾ ਪੇਂਡੂ ਖੇਤਰਾਂ ਵਿੱਚ ਹੀ ਪਾਏ ਜਾਦੇ ਹਨ, ਫਿਰ ਵੀ ਸ਼ਹਿਰੀ ਖੇਤਰਾਂ ਵਿੱਚ ਵੀ ਅੱਜਕੱਲ ਇਹ ਪਾਏ ਜਾਣ ਲੱਗੇ ਹਨ। ਇੱਕ ਪਾਸੇ ਜਿੱਥੇ ਗੁਜਰਾਤ ਅਤੇ ਮਹਾਂਰਾਸ਼ਟਰ ਵਿੱਚ ਜਾਤੀ ਹਿੰਸਾ ਦੇ ਮਾਮਲੇ ਸ਼ਹਿਰੀ ਖੇਤਰਾਂ ਵਿੱਚ ਸਾਹਮਣੇ ਆਏ ਹਨ, ਦੂਜੇ ਪਾਸੇ ਬਿਹਾਰ, ਉੱਤਰ ਪ੍ਰਦੇਸ਼, ਉੜੀਸਾ ਅਤੇ ਬੰਗਾਲ ਵਿੱਚ ਜਾਤੀ ਹਿੰਸਾ ਦੀਆਂ ਘਟਨਾਵਾਂ ਪੇਂਡੂ ਖੇ ਤਰਾਂ ਵਿੱਚ ਰਿਪੋਰਟ ਕੀਤੀਆਂ ਗਈਆਂ ਹਨ। ਕੁਝ ਵਿਦਵਾਨਾਂ ਨੇ ਤਮਿਲਨਾਡੂ, ਰਾਜਸਥਾਨ, ਮੱਧਪ੍ਰਦੇਸ਼, ਕਰਨਾਟਕ ਆਦਿ ਪ੍ਰਦੇਸ਼ਾਂ ਵਿੱਚ ਰਾਜਨੀਤੀ ਤੋਂ ਪ੍ਰੇਰਿਤ ਜਾਤੀ ਹਿੰਸਾ ਦੀਆਂ ਘਟਨਾਵਾਂ ਦਾ ਸੰਦਰਭ ਦਿੱਤਾ ਹੈ। ਅਸੀਂ ਇੱਥੇ ਉਪਰੋਕਤ ਚਾਰ ਕਾਰਣਾਂ ਦਾ ਸੰਖੇਪ ਵਿਵੇਚਨ ਕਰਾਂਗੇ।

ਨੋਟ

### ਸਵ-ਮੁੱਲਾਂਕਣ (Self Assessment)

**2. ਖਾਲੀ ਸਥਾਨ ਭਰੋ (Fill in the Blanks)**

(*i*) ............. ਦੇ ਅਨੁਸਾਰ ਜਾਤੀ ਪ੍ਰਬਲ ਤਾਂ ਹੁੰਦੀ ਹੈ, ਜਦੋਂ ਓਹ ਦੂਜੀ ਜਾਤੀ ਤੋਂ ਸੰਖਿਆ ਵਿੱਚ ਅਧਿਕ ਹੁੰਦੀ ਹੈ।

(*ii*) ਮਾਰਚ 1990 ਅਤੇ ਅਕਤੂਬਰ 1994 ਦੇ ਵਿਚਕਾਰ ................ ਵਿੱਚ 30 ਤੋਂ ਵੀ ਅਧਿਕ ਜਾਤੀ ਹੱਤਿਆਵਾਂ ਦੀਆਂ ਘਟਨਾਵਾਂ ਹੋਈਆਂ।

(*iii*) .............. 1970 ਦੇ ਆਰੰਭ ਵਿੱਚ ਇੱਕ ਨਕਸਲਵਾਦੀ ਨੇਤਾ ਦੁਆਰਾ ਸਥਾਪਿਤ ਕੀਤਾ ਗਿਆ।

(*iv*) .................... ਦੇ ਵਿਸ਼ਲੇਸ਼ਣ ਲਈ ਜਾਤੀਆਂ ਨੂੰ ਤਿੰਨ ਉਪਸਮੂਹਾਂ ਵਿੱਚ ਵਿਭਾਜਿਤ ਕੀਤਾ ਜਾ ਸਕਦਾ ਹੈ।

(*v*) ਅੰਤਰਜਾਤੀ ਅਤੇ .............. ਵਿਆਹਾਂ ਨੂੰ ਵੈਧਾਨਿਕ ਅਤੇ ਸਮਾਜਿਕ ਮਾਨਤਾ ਪ੍ਰਦਾਨ ਕਰ ਦਿੱਤੀ ਗਈ ਹੈ।

(*vi*) ਜਾਤੀਆਂ ਵਿੱਚ ਸਮਾਜਿਕ ਸੰਬੰਧ ................. ਵਿੱਚ ਜਾਤੀ ਦੀ ਪ੍ਰਸਥਿਤੀ ਉੱਤੇ ਨਿਰਭਰ ਹੁੰਦੇ ਹਨ।

## 6.5 ਸਾਰ ਅੰਸ਼ (Summary)

- ਜਾਤੀ ਵਿਵਸਥਾ ਦੇ ਅਧਿਐਨ ਵਿੱਚ ਇਸ ਦਾ ਅਰਥ ਇਹ ਨਹੀਂ ਹੈ ਕਿ ਸਮਾਜਸ਼ਾਸਤਰੀ ਭਾਰਤਸ਼ਾਸਤਰੀਆਂ ਅਤੇ ਸਮਾਜਿਕ ਮਾਨਵਸ਼ਾਸਤਰੀਆਂ ਦੀ ਤਰਾਂ ਜਾਤੀ ਨੂੰ ਸਮਾਜਿਕ ਸਤਰੀਕਰਣ ਦਾ ਨਤੀਜਾ ਨਹੀਂ ਮੰਨਦੇ ਹਨ। ਸਮਾਜਿਕ ਮਾਨਵਸ਼ਾਸਤਰੀ ਅਤੇ ਸਮਾਜਸ਼ਾਸਤਰੀ ਦੋਵੇਂ ਹੀ ਜਾਤੀ ਵਿਵਸਥਾ ਦੇ ਬਾਹਰੀ ਪਹਿਲੂ (ਇੱਕ ਜਾਤੀ ਦੇ ਹੋਰ ਜਾਤੀਆਂ ਨਾਲ ਸੰਬੰਧ) ਅਤੇ ਅੰਦਰੂਨੀ ਪਹਿਲੂ (ਇੱਕ ਜਾਤੀ ਦੇ ਅੰਦਰ ਮੈਂਬਰਾਂ ਦੇ ਆਪਸੀ ਸੰਬੰਧ) ਦਾ ਅਧਿਐਨ ਕਰਦੇ ਹਨ ਅਤੇ ਜਾਤੀ ਵਿਵਸਥਾ ਦੇ ਫਲਸਰੂਪ ਪੈਦਾ ਹੋਈਆਂ ਸਥਿਤੀਆਂ ਦਾ ਵਿਸ਼ਲੇਸ਼ਣ ਕਰਦੇ ਹਨ। ਜਾਤੀ ਵਿਵਸਥਾ ਦੇ ਵਿਭਿੰਨ ਪੱਖਾਂ ਦੇ ਸਮਾਜਸ਼ਾਸਤਰੀ ਵਿਸ਼ਲੇਸ਼ਣ ਤੋਂ ਪਹਿਲਾਂ ਜਾਤੀ ਦੀਆਂ ਅਵਧਾਰਨਾਵਾਂ ਨੂੰ ਸਮਝਣਾ ਜ਼ਰੂਰੀ ਹੈ।
- ਜਾਤੀ ਦੀ ਸੰਰਚਨਾ ਦਾ ਅਧਿਐਨ ਇਸ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦੇ ਵਿਸ਼ਲੇਸ਼ਣ ਦੁਆਰਾ ਕੀਤਾ ਜਾ ਸਕਦਾ ਹੈ। ਬੂਗਲ ਨੇ ਜਾਤੀ ਦੇ ਤਿੰਨ ਤੱਤ ਦੱਸੇ ਹਨ: ਵੰਸ਼ਾਨੁਗਤ ਵਿਸ਼ੇਸ਼ੱਗਤਾ, ਸ਼੍ਰੇਣੀਬੱਧਤਾ ਅਤੇ ਆਕਰਸ਼ਕ ਅਤੇ ਵਿਰੋਧ; ਹੋਕਾਰਟ ਨੇ ਧਾਰਮਿਕ ਕ੍ਰਿਆ-ਕਲਾਪਾਂ ਦੀ ਪਵਿੱਤਰਤਾ ਅਤੇ ਅਪਵਿੱਤਰਤਾ ਉੱਤੇ ਬਲ ਦਿੱਤਾ ਹੈ, ਜਦੋਂ ਕਿ ਰਿਜ਼ਲੇ ਨੇ ਅੰਤਰ-ਵਿਆਹ (endogamy) ਅਤੇ ਵੰਸ਼ਾਨੁਗਤ ਪੇਸ਼ੇ (occupation) ਉੱਤੇ ਬਲ ਦਿੱਤਾ ਹੈ। ਧੁਰੇ, ਕੇਲਕਰ, ਐਨ. ਕੇ. ਦੱਤ ਆਦਿ ਨੇ ਵੀ ਇਨਾਂ ਵਿਸ਼ੇਸ਼ਤਾਵਾਂ ਵੱਲ ਸੰਕੇਤ ਕੀਤਾ ਹੈ। ਇਨਾਂ ਵਿਸ਼ੇਸ਼ਤਾਵਾਂ ਨੂੰ ਦੱਸਦੇ ਹੋਏ ਇਨਾਂ ਸਭ ਵਿਦਵਾਨਾਂ ਨੇ ਜਾਤੀ ਨੂੰ ਇੱਕ ਇਕਾਈ ਅਤੇ ਇੱਕ ਵਿਵਸਥਾ ਦੇ ਰੂਪ ਵਿੱਚ ਅੰਤਰ ਨਹੀਂ ਕੀਤਾ ਹੈ। ਇਸ ਅੰਤਰ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਮੰਨਿਆ ਜਾ ਸਕਦਾ ਹੈ ਕਿ ਇੱਕ ਇਕਾਈ ਦੇ ਰੂਪ ਵਿੱਚ ਜਾਤੀ ਦੀਆਂ ਇਹ ਵਿਸ਼ੇਸ਼ਤਾਵਾਂ ਹਨ: ਵੰਸ਼ਾਨੁਗਤ ਸਦੱਸਤਾ, ਅੰਤਰਵਿਆਹ, ਨਿਸ਼ਚਿਤ ਕਾਰੋਬਾਰ ਅਤੇ ਜਾਤੀ ਸਮਿਤੀਆਂ, ਜਦੋਂ ਕਿ ਵਿਵਸਥਾ ਦੇ ਰੂਪ ਵਿੱਚ ਜਾਤੀ ਦੀਆਂ ਵਿਸ਼ੇਸ਼ਤਾਵਾਂ ਹਨ: ਸ਼੍ਰੇਣੀਕ੍ਰਮ, ਖਾਣ-ਪਾਓਣ ਉੱਤੇ ਪ੍ਰਤੀਬੰਧ ਅਤੇ ਸਰੀਰਿਕ ਅਤੇ ਸਮਾਜਿਕ ਦੂਰੀਆਂ ਉੱਤੇ ਪ੍ਰਤੀਬੰਧ। ਅਸੀਂ ਜਾਤੀ ਦੀਆਂ ਇਨਾਂ ਵਿਵਸਥਾਵਾਂ ਅਤੇ ਇਕਾਈਆਂ ਦਾ ਵੱਖ ਵੱਖ ਵਿਵੇਚਨ ਕਰਾਂਗੇ।
- ਬੂਗਲ ਨੇ ਜਾਤੀ ਦੇ ਤਿੰਨ ਤੱਤ ਦੱਸੇ ਹਨ: ਵੰਸ਼ਾਨੁਗਤ ਵਿਸ਼ੇਸ਼ੱਗਤਾ, ਸ਼੍ਰੇਣੀਬੱਧਤਾ ਅਤੇ ਆਕਰਸ਼ਕ ਅਤੇ ਵਿਰੋਧ; ਹੋਕਾਰਟ ਨੇ ਧਾਰਮਿਕ ਕ੍ਰਿਆ-ਕਲਾਪਾਂ ਦੀ ਪਵਿੱਤਰਤਾ ਅਤੇ ਅਪਵਿੱਤਰਤਾ ਉੱਤੇ ਬਲ ਦਿੱਤਾ ਹੈ, ਜਦੋਂ ਕਿ ਰਿਜ਼ਲੇ ਨੇ ਅੰਤਰ-ਵਿਆਹ (endogamy) ਅਤੇ ਵੰਸ਼ਾਨੁਗਤ ਪੇਸ਼ੇ (occupation) ਉੱਤੇ ਬਲ ਦਿੱਤਾ ਹੈ। ਧੁਰੇ, ਕੇਲਕਰ, ਐਨ. ਕੇ. ਦੱਤ ਆਦਿ ਨੇ ਵੀ ਇਨਾਂ ਵਿਸ਼ੇਸ਼ਤਾਵਾਂ ਵੱਲ ਸੰਕੇਤ ਕੀਤਾ ਹੈ। ਇਨਾਂ ਵਿਸ਼ੇਸ਼ਤਾਵਾਂ ਨੂੰ ਦੱਸਦੇ ਹੋਏ ਇਨਾਂ ਸਭ ਵਿਦਵਾਨਾਂ ਨੇ ਜਾਤੀ ਨੂੰ ਇੱਕ ਇਕਾਈ ਅਤੇ ਇੱਕ ਵਿਵਸਥਾ ਦੇ ਰੂਪ ਵਿੱਚ ਅੰਤਰ ਨਹੀਂ ਕੀਤਾ ਹੈ।

## 6.6 ਸ਼ਬਦਕੋਸ਼ (Keywords)

- **ਅਨੁਲੋਮ ਵਿਆਹ** – ਉੱਚ ਵਰਣ ਦੇ ਮਰਦ ਦਾ ਆਪਣੇ ਤੋਂ ਹੀਣ ਵਰਣ ਦੀ ਔਰਤ ਨਾਲ ਵਿਆਹ।
- **ਪ੍ਰਤੀਲੋਮ ਵਿਆਹ** – ਓਹ ਵਿਆਹ ਜਿਸ ਵਿੱਚ ਮਰਦ ਨਿਮਨ ਵਰਣ ਅਤੇ ਔਰਤ ਉੱਚ ਵਰਣ ਦੀ ਹੋਵੇ।

## 6.7 ਅਭਿਆਸ ਪ੍ਰਸ਼ਨ (Review Questions)

1. ਜਾਤੀ ਵਿਵਸਥਾ ਦੀ ਵਿਸਤ੍ਰਿਤ ਵਿਆਖਿਆ ਕਰੋ।
2. ਜਾਤੀ ਵਿਵਸਥਾ ਤੋਂ ਤੁਸੀਂ ਕੀ ਸਮਝਦੇ ਹੋ? ਇਨਾਂ ਦੀਆਂ ਵਿਸ਼ੇਸ਼ਤਾਵਾਂ ਦੱਸੋ।

ਨੋਟ

3. ਭਾਰਤ ਵਿੱਚ ਜਾਤੀ ਵਿਵਸਥਾ ਦਾ ਪ੍ਰਭਾਵਸ਼ਾਲੀ ਖੇਤਰ ਕੀ ਹੈ? ਸਮਝਾਓ।
4. ਭਾਰਤ ਵਿੱਚ ਪਾਈਆਂ ਜਾਣ ਵਾਲੀਆਂ ਪ੍ਰਬਲ ਜਾਤੀਆਂ ਦਾ ਵਿਵੇਚਨ ਕਰੋ।
5. ਅੰਤਰਜਾਤੀ ਸੰਬੰਧ ਉੱਤੇ ਪ੍ਰਕਾਸ਼ ਪਾਓ।

**ਉੱਤਰ : ਸਵ-ਮੁੱਲਾਂਕਣ (Answers: Self Assessment)**

1. (*i*) (*d*) (*ii*) (*d*) (*iii*) (*a*) (*iv*) (*c*) (*v*) (*a*)
2. (*i*) ਐਚ. ਐਨ. ਸ਼੍ਰੀਨਿਵਾਸ (*ii*) ਬਿਹਾਰ (*iii*) ਕਮਿਊਨਿਸਟ ਸੈਂਟਰ
   (*iv*) ਅੰਤਰਜਾਤੀ ਸੰਬੰਧ (*v*) ਅੰਤਰਸਮੁਦਾਇਕ (*vi*) ਜਾਤੀ ਸੰਸਤਰਣ

## 6.8 ਸੰਦਰਭ ਪੁਸਤਕਾਂ (Further Readings)

ਬੁਕਸ

1. ਕਾਸ਼ੀ ਪ੍ਰਸਾਦ ਸਕਸੇਨਾ, ਮੁਸਲਿਮ ਵਿਆਹ, 1959
2. ਕੇ. ਐਮ. ਕਪਾੜੀਆ, ਮੈਰਿਜ ਐਂਡ ਫੈਮਿਲੀ ਇਨ ਇੰਡੀਆ, ਆਕਸਫੋਰਡ ਯੂਨੀਵਰਸਿਟੀ ਪ੍ਰੈਸ ਦਿੱਲੀ, 1972
3. ਸ਼ੁਕਰੀ, ਅਹਿਮਦ, ਮੁਹੰਮਡਨ ਲਾ ਓਫ ਮੈਰਿਜ ਐਂਡ ਡਿਵੋਰਸ, 1917

# ਇਕਾਈ-7: ਜਾਤੀ-ਵਿਵਸਥਾ ਦਾ ਭਵਿੱਖ ਅਤੇ ਪਰਿਵਰਤਿਤ ਪ੍ਰਵਿਰਤੀਆਂ (Changing Trends and Future of Caste System)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

7.1 ਜਾਤੀ-ਵਿਵਸਥਾ ਦੀ ਪਰਿਵਰਤਿਤ ਪ੍ਰਵਿਰਤੀਆਂ (Changing Trends of Caste System)

7.2 ਜਾਤੀ-ਵਿਵਸਥਾ ਵਿਚ ਮੁੱਖ ਪਰਿਵਰਤਨ (Broad Changes in the Caste System)

7.3 ਜਾਤੀ-ਵਿਵਸਥਾ ਦਾ ਭਵਿੱਖ (Future of Caste System)

7.4 ਸਾਰ ਅੰਸ਼ (Summary)

7.5 ਸ਼ਬਦਕੋਸ਼ (Keywords)

7.6 ਅਭਿਆਸ-ਪ੍ਰਸ਼ਨ (Review Questions)

7.7 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਜਾਤੀ-ਵਿਵਸਥਾ ਦੀ ਪਰਿਵਰਤਿਤ ਪ੍ਰਵਿਰਤੀਆਂ ਨੂੰ ਜਾਣਨ ਵਿਚ;
- ਜਾਤੀ-ਵਿਵਸਥਾ ਵਿਚ ਕੀ ਮੁੱਖ ਪਰਿਵਰਤਨ ਹੋਏ ਹਨ ਅਤੇ ਜਾਤੀ-ਵਿਵਸਥਾ ਦੇ ਭਵਿੱਖ ਨੂੰ ਸਮਝਾਉਣ ਵਿਚ।

## ਜਾਣਕਾਰੀ (Introduction)

ਸਮਾਜ ਸ਼ਾਸਤਰੀ ਪਰਿਪੇਖ ਵਿਚ ਜਾਤੀ-ਵਿਵਸਥਾ ਨੂੰ ਸਮਾਜ ਵਿਚ ਪੱਧਰੀਕਰਣ ਦੇ ਰੂਪ ਵਿਚ ਅਤੇ ਸਮਾਜਿਕ ਅਸਮਾਨਤਾ ਦੀ ਪ੍ਰਘਟਨਾ ਦੇ ਰੂਪ ਵਿਚ ਦੇਖਿਆ ਗਿਆ ਹੈ। ਇਸ ਪਰਿਪੇਖ ਦੇ ਅਨੁਸਾਰ ਸਮਾਜ ਦੇ ਕੁਝ ਸੰਰਚਨਾਤਮਕ ਪੱਖ ਹੁੰਦੇ ਹਨ ਅਤੇ ਸਮਾਜ ਆਪਣੇ ਮੈਂਬਰਾਂ ਨੂੰ ਵਿਭਿੰਨ ਸਮਾਜਿਕ ਸਥਿਤੀਆਂ (Position) ਵਿਚ ਵੰਡ ਦਿੰਦਾ ਹੈ। ਇਨ੍ਹਾਂ ਮੈਂਬਰਾਂ ਦੇ ਵਿਚ ਦੀ ਅੰਤਰ ਕ੍ਰਿਆ ਸਮਾਜਿਕ ਸੰਰਚਨਾਵਾਂ ਦਾ ਆਧਾਰ ਹੁੰਦੀ ਹੈ ਅਤੇ ਅੰਤਰ ਕ੍ਰਿਆ ਦੇ ਪ੍ਰਕਾਰ ਅਤੇ ਸੰਬੰਧ ਆਦਰਸ਼ (norms) ਸਮਾਜਿਕ ਸੰਰਚਨਾਵਾਂ ਨੂੰ ਸ਼੍ਰੇਣੀ ਕਰਦੇ ਹਨ।

ਜਾਤੀ-ਵਿਵਸਥਾ ਦੇ ਅਧਿਐਨ ਵਿਚ ਇਸ ਦਾ ਇਹ ਅਰਥ ਨਹੀਂ ਹੈ ਕਿ ਸਮਾਜ ਸ਼ਾਸਤਰੀ, ਭਾਰਤ ਸ਼ਾਸਤਰੀ ਅਤੇ ਸਮਾਜਿਕ ਮਾਨਵ ਸ਼ਾਸਤਰੀ ਦੀ ਤਰ੍ਹਾਂ ਜਾਤੀ ਨੂੰ ਸਮਾਜਿਕ ਪੱਧਰੀਕਰਨ ਦਾ ਪਰਿਣਾਮ ਨਹੀਂ ਮੰਨਦੇ ਹਨ। ਸਮਾਜਿਕ ਮਾਨਵ ਸ਼ਾਸਤਰੀ ਅਤੇ ਸਮਾਜ ਸ਼ਾਸਤਰੀ ਦੋਵੇਂ ਹੀ ਜਾਤੀ-ਵਿਵਸਥਾ ਦੇ ਬਾਹਰੀ ਪਹਿਲੂ (ਇਕ ਜਾਤੀ ਦੇ ਹੋਰ ਜਾਤੀਆਂ ਦੇ ਸੰਬੰਧ) ਅਤੇ ਆਂਤਰਿਕ ਪਹਿਲੂ (ਇਕ ਜਾਤੀ ਦੇ ਅੰਦਰ ਮੈਂਬਰਾਂ ਦੇ ਪਾਰਸਪਰਿਕ ਸੰਬੰਧ) ਦਾ ਅਧਿਐਨ ਕਰਦੇ ਹਨ ਅਤੇ ਜਾਤੀ-ਵਿਵਸਥਾ ਦੇ ਪਰਿਣਾਮ ਸਰੂਪ ਉਤਪੰਨ ਹੋਈ ਸਥਿਤੀਆਂ ਦਾ ਵਿਸ਼ਲੇਸ਼ਣ ਕਰਦੇ ਹਨ। ਜਾਤੀ-ਵਿਵਸਥਾ ਦੇ ਵਿਭਿੰਨ ਪੱਖਾਂ ਦੇ ਸਮਾਜ ਸ਼ਾਸਤਰੀ ਵਿਸ਼ਲੇਸ਼ਣ ਦੇ ਪਹਿਲਾਂ ਜਾਤੀ ਦੀ ਅਵਧਾਰਨਾ ਨੂੰ ਸਮਝਣਾ ਜਰੂਰੀ ਹੈ।

## 7.1 ਜਾਤੀ ਵਿਵਸਥਾ ਦੀ ਪਰਿਵਰਤਿਤ ਪ੍ਰਵਿਰਤੀਆਂ (Changing Trends of Caste)

ਜਾਤੀ-ਵਿਵਸਥਾ, ਜਿਸ ਰੂਪ ਵਿਚ ਵਰਤਮਾਨ ਵਿਚ ਪਾਈ ਜਾਂਦੀ ਹੈ, ਸ਼ਤਾਬਦੀਆਂ ਦੇ ਸਮੇਂ ਵਿਚ ਵਿਕਸਿਤ ਹੋਈਆਂ ਹਨ। ਜਾਤੀ-ਵਿਵਸਥਾ ਦੇ ਵਿਵੇਚਨ ਦੇ ਲਈ ਅਸੀਂ ਭਾਰਤ ਦੇ ਇਤਿਹਾਸ ਨੂੰ ਚਾਰ ਯੁਗਾਂ ਵਿਚ ਵੰਡ ਸਕਦੇ ਹਾਂ : (1) ਪ੍ਰਾਚੀਨ ਯੁਗ, ਜਿਸ ਵਿਚ (ਅ) ਵੈਦਿਕ ਕਾਲ, (ਬ) ਬ੍ਰਾਹਮਣ ਕਾਲ, (ਸ) ਮੌਰਿਆ ਕਾਲ, (ਦ) ਮੌਰਿਅਓਤਰ (Post Maurya) ਕਾਲ (ਯਾਨੀ ਕਿ, ਸਾਂਗਾਂ, ਕੁਸ਼ਾਣ ਤੇ ਗੁਪਤ ਕਾਲ) ਅਤੇ (ੲ) ਹਰਸ਼ਵਰਧਨ ਕਾਲ ਤੇ ਹੋਰ ਕਾਲ ਸ਼ਾਮਲ ਹਨ। (2) ਮੱਧ ਯੁਗ,

ਨੋਟ

ਜਿਸ ਵਿਚ (ਅ) ਰਾਜਪੂਤ ਕਾਲ ਅਤੇ (ਬ) ਮੁਸਲਿਮ ਕਾਲ ਸ਼ਾਮਲ ਹਨ। (3) ਬ੍ਰਿਟਿਸ਼ ਯੁਗ, ਜਿਸ ਵਿਚ (ਅ) ਪੂਰਵ ਉਦਯੋਗਿਕ ਕਾਲ ਅਤੇ (ਬ) ਸੁਤੰਤਰਤਾ-ਪੂਰਵ ਉਦਯੋਗਿਕ ਕਾਲ ਸ਼ਾਮਲ ਹਨ। (4) ਸੁਤੰਤਰਤਾ ਤੋਂ ਬਾਅਦ ਕਾਲ।

### 7.1.1 ਵੈਦਿਕ ਜਾਂ ਪੂਰਵ ਬੌਧ ਕਾਲ

ਵੈਦਿਕ ਕਾਲ ਵਿਚ ਜਾਤੀ ਦੇ ਇਤਿਹਾਸ ਅਤੇ ਦਰਸ਼ਨ ਉੱਤੇ ਹੋਇਆ ਵੈਦਿਕ ਸਾਹਿੱਤ ਵਿਚ ਅਨੁਸੰਧਾਨ ਦਾ ਪਰਿਣਾਮ ਹੈ, ਜਿਸ ਵਿਚ ਵੇਦ, ਬ੍ਰਾਹਮਣ ਅਤੇ ਉਪਨਿਸ਼ਦਾਂ ਦਾ ਅਧਿਐਨ ਮੁੱਖ ਰੂਪ ਵਿਚ ਸ਼ਾਮਲ ਹਨ। ਇਤਿਹਾਸਕ ਸੰਦਰਭ ਵਿਚ ਭਾਰਤ ਦਾ ਇਤਿਹਾਸ ਰਿਗਵੇਦ ਤੋਂ ਆਰੰਭ ਹੋਇਆ। ਇਹ ਮੰਨਿਆ ਜਾਂਦਾ ਹੈ ਕਿ ਵੈਦਿਕ ਕਾਲ ਦਾ ਆਰੰਭ 4000 ਈ. ਪੂਰਵ ਹੋਇਆ ਅਤੇ 1000 ਈ. ਪੂਰਵ ਤਕ ਜਾਰੀ ਰਿਹਾ। (ਪੀ.ਵੀ. ਕਾਨੇ ਦੇ ਅਨੁਸਾਰ)। ਕਿੰਤੂ ਜਾਂਦੇ ਵਿਸ਼ਲੇਸ਼ਣ ਦੇ ਉਦੇਸ਼ ਤੋਂ ਅਸੀਂ ਵੈਦਿਕ ਕਾਲ ਨੂੰ 1500 ਈ. ਪੂਰਵ ਤੋ (ਰਿਗਵੇਦ ਰਚਨਾ ਦਾ ਅਨੁਮਾਨਿਤ ਕਾਲ) 322 ਈ. ਪੂਰਵ ਤਕ ਫੈਲਿਆ ਹੋਇਆ ਮੰਨ ਲੈਂਦੇ ਹਾਂ। ਉਸ ਸਮੇਂ ਵਿਚ ਚੰਦਰਗੁਪਤ ਨੇ ਸੱਤਾ ਪ੍ਰਾਪਤ ਕੀਤੀ ਸੀ ਅਤੇ ਮੌਰਿਆ ਵੰਸ਼ ਦਾ ਆਰੰਭ ਹੋਇਆ ਸੀ ਜਿਸ ਵਿਚ ਉਪਨਿਸ਼ਦਾਂ ਦੇ ਮੂਲ ਵਿਚਾਰਾਂ ਦੀ ਰਚਨਾ ਅਤੇ ਉਨ੍ਹਾਂ ਦਾ ਉਪਦੇਸ਼ ਆਰੰਭ ਹੋਇਆ।

ਵੈਦਿਕ ਕਾਲ ਵਿਚ ਜਾਤੀ-ਵਿਵਸਥਾ ਦੇ ਵਿਸ਼ੇ ਵਿਚ ਦੋ ਵਿਚਾਰਧਾਰਾਵਾਂ ਹਨ। ਇਕ ਵਿਚਾਰਧਾਰਾ ਦੇ ਅਨੁਸਾਰ ਜਾਤੀ-ਵਿਵਸਥਾ ਦਾ ਮੂਲ ਆਕਾਰ ਤਾਂ ਰਿਗਵੇਦ ਦੇ ਆਰੰਭਕ ਚਰਣ ਤੋਂ ਹੀ ਮੌਜੂਦ ਸੀ ਅਤੇ ਬ੍ਰਾਹਮਣ, ਖੱਤਰੀ, ਵੈਸ਼ ਜਾਤੀਆਂ ਦੇ ਤਿੰਨ ਭਾਗ ਵੀ ਮੌਜੂਦ ਸਨ ਜਿਨ੍ਹਾਂ ਨੂੰ ਤਤਕਾਲੀਨ ਰਿਗਵੇਦ ਸਮਾਜ ਵਿਚ ਮਾਨਤਾ ਵੀ ਪ੍ਰਾਪਤ ਸੀ (ਇਸ ਵਿਚਾਰਧਾਰਾ ਦੇ ਅਨੁਸਾਰ 'ਸ਼ੂਦਰ' ਜਾਤੀ ਉਸ ਚਰਣ ਵਿਚ ਅਸਤਿਤਵ ਵਿਚ ਨਹੀਂ ਸੀ ਅਤੇ ਇਸ ਦੀ ਰਚਨਾ ਰਿਗਵੇਦ ਦੇ ਅੰਤਿਮ ਚਰਣ ਵਿਚ ਆਰੀਅਨ ਦੁਆਰਾ ਕੀਤੀ ਗਈ। ਦੂਜੀ ਵਿਚਾਰਧਾਰਾ ਦੇ ਅਨੁਸਾਰ ਇਹ ਤਿੰਨਾਂ 'ਜਾਤੀਆਂ' ਨਹੀਂ ਸਨ ਬਲਕਿ 'ਵਰਣ' ਸਨ ਜੋ ਕਿ ਵੰਸ਼ਾਨੁਗਤ (hereditary) ਨਹੀਂ ਸਨ ਬਲਕਿ ਲਚੀਲੇ (flexible) ਸੀ। ਮਿਊਰ ਜਿਮਰ, ਬੇਬਰ ਅਤੇ ਧੁਰਿਏ ਦੂਜੀ ਵਿਚਾਰਧਾਰਾ ਦੇ ਪ੍ਰਮੁੱਖ ਪ੍ਰਵਰਤਕ ਹਨ। ਦੂਜੇ ਪਾਸੇ ਉਹ ਲੋਕ ਹਨ ਜਿਨ੍ਹਾਂ ਨੇ ਇਸ ਵਿਚਾਰਧਾਰਾ ਨੂੰ ਅਸਵੀਕਾਰ ਕੀਤਾ ਅਤੇ ਪਹਿਲੇ ਵਿਚਾਰ ਦਾ ਸਮਰਥਨ ਕੀਤਾ ਹੈ: ਜਿਵੇਂ ਹਾਗ ਕਰਨ, ਦੱਤ ਅਤੇ ਆਪਟੇ। ਇਨ੍ਹਾਂ ਦੀ ਮਾਨਤਾ ਹੈ ਕਿ ਜਾਤੀ-ਵਿਵਸਥਾ ਰਿਗਵੇਦ ਕਾਲ ਵਿਚ ਹੀ ਸੀ ਭਾਵੇਂ ਇਹ ਵਿਕਸਤ ਅਵਸਥਾ ਵਿਚ ਨਹੀਂ ਸੀ। ਬੀ.ਆਰ. ਕਾਂਬਲੇ ਨੇ ਹਾਲ ਵਿਚ ਹੀ ਦੱਸਿਆ ਹੈ ਕਿ ਰਿਗਵੇਦਕ ਕਾਲ ਵਿਚ ਜਾਤੀ ਵਿਵਸਥਾ ਕਾਫੀ ਚੰਗੀ ਸੀ ਅਤੇ ਉਸ ਸਮੇਂ ਇਹ ਲਚੀਲੀ ਨਹੀਂ ਸੀ ਬਲਕਿ ਇਸ ਨੇ ਅਨੇਕ ਰੁਕਾਵਟਾਂ ਖੜੀਆਂ ਕਰ ਦਿੱਤੀਆਂ ਸਨ।

### 7.1.2 ਬ੍ਰਾਹਮਣ ਕਾਲ

ਰਿਗਵੇਦਿਕ ਕਾਲ ਦੇ ਅੰਤ ਤੋਂ ਉੱਤਰ-ਵੈਦਿਕ ਕਾਲ ਦਾ ਆਰੰਭ ਹੁੰਦਾ ਹੈ, ਜਿਸ ਨੂੰ ਬ੍ਰਾਹਮਣ ਕਾਲ ਦੇ ਨਾਮ ਤੋਂ ਵੀ ਜਾਣਿਆ ਜਾਂਦਾ ਹੈ। ਇਸ ਕਾਲ ਦੇ ਸਾਹਿੱਤ ਵਿਚ 'ਬ੍ਰਾਹਮਣ' ਅਤੇ 'ਉਪਨਿਸ਼ਦ' ਸ਼ਾਮਲ ਹਨ। ਇਸ ਯੁਗ ਦੀ ਅਨੁਮਾਨਿਤ 400 ਸਾਲਾਂ ਦਾ ਸਮਾਂ ਮੰਨਿਆਂ ਜਾਂਦਾ ਹੈ। ਜਿਸ ਦਾ ਆਰੰਭ 1000 ਈ. ਪੂਰਵ ਹੋਇਆ। ਇਸ ਕਾਲ ਵਿਚ ਬ੍ਰਾਹਮਣਵਾਦ ਦੇ ਵਿਕਾਸ ਦਾ ਦਰਸ਼ਨੀ ਰੂਪ ਸਾਹਮਣੇ ਆਉਂਦਾ ਹੈ ਜਿਸ ਵਿਚ ਬ੍ਰਾਹਮਣਾਂ ਨੂੰ ਧਰਮ ਦੇ ਸਾਧਨ ਦੁਆਰਾ ਵਿਸ਼ੇਸ਼ਾਧਿਕਾਰ ਪ੍ਰਾਪਤ ਹੋਏ ਸਨ। ਵੱਡੇ ਰਾਜਾਂ ਦੇ ਉਦੇ ਨੇ ਖੱਤਰੀਆਂ ਨੂੰ ਵੈਸ਼ਾਂ ਅਤੇ ਸ਼ੂਦਰਾਂ ਦੇ ਉੱਤੇ ਸ੍ਰੇਸ਼ਠਤਾ ਪ੍ਰਦਾਨ ਕੀਤੀ ਭਾਵੇਂ (ਖੱਤਰੀ) ਬ੍ਰਾਹਮਣਾਂ ਦੀ ਉਪੇ ਕਸ਼ਾ ਆਪਣੀ ਦਵੈਤੀਅਕ ਸਥਿਤੀ ਤੋਂ ਅਸੰਤੁਸ਼ਟ ਹੀ ਬਣੇ ਰਹੇ। ਈ. ਪੂਰਵ ਚੌਥੀ ਸ਼ਤਾਬਦੀ ਦੇ ਆਸ ਪਾਸ ਬ੍ਰਾਹਮਣ ਅਤੇ ਖੱਤਰੀ ਸੰਘਰਸ਼ ਦੀ ਸਥਿਤੀ ਵਿਚ ਆ ਗਏ ਅਤੇ ਹਰੇਕ ਇਕ ਦੂਜੇ ਉੱਤੇ ਆਪਣੀ ਸ੍ਰੇਸ਼ਠਤਾ ਨੂੰ ਸਥਾਪਤ ਕਰਨ ਵਿਚ ਰੁੱਝ ਗਿਆ। ਜਨਜਾਤੀਆਂ ਦੇ ਤਾਲਮੇਲ, ਨਵੀਨ ਹੱਦਾਂ ਦੀ ਉਪਲਬਧੀ ਅਤੇ ਵਿਸਤਾਰ, ਰਾਜਾਂ ਦੇ ਆਕਾਰ ਵਿਚ ਵਾਧਾ, ਅਤੇ ਯੁੱਧਾਂ ਵਿਚ ਰਾਜਿਆਂ ਦੇ ਕੁਸ਼ਲ ਅਤੇ ਸਫਲ ਅਗਵਾਈ ਨੇ ਖੱਤਰੀਆਂ ਦੀ ਵਧਦੀ ਹੋਈ ਸ਼ਕਤੀ ਨੂੰ ਹੋਰ ਮਜ਼ਬੂਤ ਬਣਾ ਦਿੱਤਾ। ਇਕ ਪਾਸੇ ਖੱਤਰੀਆਂ ਦੇ ਬਲ ਅਤੇ ਸ਼ਕਤੀ ਵਿਚ ਵਾਧਾ ਅਤੇ ਪਰਮ ਅਧਿਕਾਰ (Prerogatives) ਦੀ ਪ੍ਰਾਪਤੀ ਅਤੇ ਦੂਜੇ ਪਾਸੇ ਬ੍ਰਾਹਮਣਾਂ ਦੀ ਅਸੰਭਵ ਮੰਗਾਂ ਦੇ ਕਾਰਨ ਦੋਵਾਂ ਵਿਚ ਸੰਘਰਸ਼ ਦੀ ਸਥਿਤੀ ਬਣੀ। ਅਜਿਹਾ ਹੋਣ ਨਾਲ ਅਲੱਗ-ਅਲੱਗ ਸਮਾਜਿਕ ਸਮੂਹਾਂ ਦੇ ਵਿਚ ਆਪਣੀ ਸਥਿਤੀ, ਵਿਸ਼ੇਸ਼ਾਧਿਕਾਰਾਂ, ਅਤੇ ਨਿਰ-ਯੋਗਤਾਵਾਂ ਦੇ ਹੁੰਦੇ ਹੋਏ ਸਮਾਜਿਕ ਸੰਬੰਧਾਂ ਦੀ ਸਮੱਸਿਆ ਨੇ ਸਰਵ ਉੱਚ ਮਹੱਤਵ ਪ੍ਰਾਪਤ ਕਰ ਲਿਆ। 'ਸੰਹਿਤਾ' ਅਤੇ 'ਬ੍ਰਾਹਮਣ' ਸਾਹਿਤਾਂ ਵਿਚ ਜਾਤੀ ਭੇਦ ਹੋਰ ਵੀ ਸਪਸ਼ਟ ਹੋਕੇ ਉਦੇ ਹੋਇਆ। ਇਸ ਦੇ ਇਲਾਵਾ, ਚੌਥੀ ਜਾਤੀ 'ਸ਼ੂਦਰ' ਆਰੀਅਨ ਦੇ ਸਮਾਜ ਦਾ ਅਭਿੰਨ ਅੰਗ ਸੀ ਭਾਵੇਂ ਉਨ੍ਹਾਂ ਦੀ ਸਥਿਤੀ ਨੀਵੀਂ ਸੀ। ਇਸ ਕਾਲ ਦੇ ਸਾਹਿੱਤ ਵਿਚ ਚਾਰ ਜਾਤੀਆਂ ਦਾ ਸੰਦਰਭ ਕਈ ਵਾਰ ਮਿਲਦਾ ਹੈ ਅਤੇ ਇਸ ਪ੍ਰਕਾਰ ਚਾਰ 'ਸਥਾਪਤ' ਅਤੇ ਕਠੋਰ ਹੋ ਗਈ।

ਇਸ ਲਈ, ਮਹਾਂਕਾਵਿ ਕਾਲ ਵਿਚ ਵਰਗ ਭੇਦ ਗਹਿਰਾਉਂਦਾ ਗਿਆ। ਖੱਤਰੀ ਸ਼ਾਸਕਾਂ ਦੇ ਆਪਸੀ ਯੁੱਧਾਂ ਦਾ ਲਾਭ ਉਠਾਉਂਦੇ ਹੋਏ ਬ੍ਰਾਹਮਣਾਂ ਨੇ ਆਪਣੇ ਆਪ ਨੂੰ ਅਲੱਗ ਵਰਗ ਦੇ ਰੂਪ ਵਿਚ ਸੰਗਠਿਤ ਕਰ ਲਿਆ। ਉੱਤਰ-ਮਹਾਕਾਵਿ ਕਾਲ ਵਿਚ ਪੁਰੋਹਿਤ ਵੰਸ਼ਾਨੁਕ੍ਰਮ ਤੋਂ ਹੋਣ ਲਗੇ; ਬ੍ਰਾਹਮਣ ਖੂਨ ਦੀ ਸ਼ੁੱਧਤਾ ਉੱਤੇ ਬਲ ਦੇਣ ਲਗੇ। ਉਨ੍ਹਾਂ 'ਗ੍ਰਹਿ ਸੂਤਰ' ਅਤੇ 'ਧਰਮ ਸੂਤਰ' ਲਿਖ ਕੇ ਸਮਾਜਿਕ ਜੀਵਨ ਨੂੰ ਸੰਗਠਿਤ ਕਰਨ ਦਾ ਜਾਗ੍ਰਿਤ ਜਤਨ ਆਰੰਭ ਕਰ ਦਿੱਤਾ। 'ਗ੍ਰਹਿ ਸੂਤਰ' ਵਿਚ ਵਿਅਕਤੀ ਦੇ ਜਨਮ ਤੋਂ ਮ੍ਰਿਤਕ (ਦਾਹ ਸੰਸਕਾਰ) ਤਕ ਫਰਜ਼ਾਂ ਦਾ ਸੂਖਮ ਵਿਵਰਣ ਦਿੱਤਾ ਗਿਆ ਅਤੇ 'ਧਰਮ ਸੂਤਰ' ਵਿਚ ਵਿਅਕਤੀ ਦੇ ਸਮਾਜਿਕ

ਨੋਟ

ਵਿਵਹਾਰ ਅਤੇ ਸੰਬੰਧਾਂ ਦੀ ਸੰਹਿਤਾ ਉੱਤੇ ਪ੍ਰਕਾਸ਼ ਪਾਇਆ ਗਿਆ। ਸੋ ਇਹ ਕਿਹਾ ਜਾ ਸਕਦਾ ਹੈ ਜਾਤੀ ਵਿਵਸਥਾ ਦਾ ਆਰੰਭ ਬਿੰਦੂ ਵੈਦਿਕ ਕਾਲ ਦਾ ਅੰਤਿਮ ਚਰਣ ਅਤੇ ਉੱਤਰ-ਵੈਦਿਕ ਕਾਲ ਸੀ। ਕਿਉਂਕਿ ਸਮਾਜਿਕ ਪੱਧਰੀਕਰਣ (stratification) ਦਾ ਆਧਾਰ ਸ਼੍ਰਮ-ਵਿਭਾਜਨ ਸੀ। ਇਸ ਲਈ ਮੂਲ ਰੂਪ ਵਿਚ ਜਾਤੀ ਵਿਵਸਥਾ ਦੀ ਅਪੇਕਸ਼ਾ ਵਰਗ ਵਿਵਸਥਾ ਸੀ।

ਨੋਟਸ ਜਾਤੀ-ਵਿਵਸਥਾ ਦੀ ਰਚਨਾ ਵਿਚ ਪ੍ਰਜਾਤੀ (racial) ਕਾਰਕ, ਵਿਵਸਾਇਕ ਪੂਰਵਾਗ੍ਰਹਿ, ਕਰਮ ਦਾ ਦਰਸ਼ਨ, ਅਤੇ ਪਵਿੱਤਰਤਾ ਤੇ ਅਪਵਿੱਤਰਤਾ ਦੀ ਧਾਰਮਿਕ ਵਿਚਾਰਧਾਰਾ, ਸਾਰਿਆਂ ਨੇ ਮਿਲ ਕੇ ਯੋਗਦਾਨ ਕੀਤਾ ਹੈ।

### 7.1.3 ਮੌਰਿਆ ਕਾਲ

322 ਈ. ਪੂਰਵ ਵਿਚ ਨੰਦ ਵੰਸ਼ ਦੇ ਪਤਨ ਦੇ ਬਾਅਦ ਮੌਰਿਆ ਕਾਲ ਆਰੰਭ ਹੋਇਆ। ਇਸ ਕਾਲ ਦੇ ਦੋ ਪ੍ਰਮੁੱਖ ਸ਼ਾਸਕ ਸਨ, ਚੰਦਰਗੁਪਤ ਮੌਰਿਆ ਅਤੇ ਅਸ਼ੋਕ। ਇਸ ਕਾਲ ਵਿਚ ਇਹ ਸਭ ਤੋਂ ਪਹਿਲਾਂ ਅਵਸਰ ਸੀ ਜਦ ਕਿ ਸੰਪੂਰਨ ਭਾਰਤ ਰਾਜਨੀਤਿਕ ਦ੍ਰਿਸ਼ਟੀ ਨਾਲ ਇਕ ਹੋਇਆ ਸੀ ਅਤੇ ਇਕ ਵਿਅਕਤੀ ਦੇ ਸ਼ਾਸਨ ਵਿਚ ਆਇਆ ਸੀ। ਰਾਜਨੀਤਿਕ ਏਕਤਾ ਦੇ ਫਲਸਰੂਪ ਦੇਸ਼ ਵਿਚ ਸਾਂਸਕ੍ਰਿਤਿਕ ਏਕਤਾ ਦਾ ਉਦੇ ਹੋਇਆ। ਕੋਟਿਲਿਆ ਦੀ ਪੁਸਤਕ ਅਤੇ ਲੇਕਾਂ ਤੋਂ ਇਸ ਕਾਲ ਵਿਚ ਸਮਾਜਿਕ ਸੰਗਠਨ ਅਤੇ ਜਾਤੀ-ਵਿਵਸਥਾ ਦੀ ਕਾਰਜ ਪ੍ਰਣਾਲੀ ਦਾ ਕੁਝ ਗਿਆ ਹੁੰਦਾ ਹੈ। ਕੋਟਿਲਿਆ ਜੋ ਕਿ ਇਕ ਬ੍ਰਾਹਮਣ ਅਤੇ ਚੰਦਰਗੁਪਤ ਮੌਰਿਆ — ਇਕ ਸ਼ੂਦਰ — ਦਾ ਮੰਤਰੀ ਸੀ, ਨੇ ਘੋਸ਼ਣਾ ਕਰਵਾਈ ਕਿ ਸ਼ਾਸਨ ਦੇ ਕਾਨੂੰਨ ਧਰਮ ਕਾਨੂੰਨ ਤੋਂ ਉੱਤੇ ਹੋਣਗੇ ਅਤੇ ਇਸ ਪ੍ਰਕਾਰ ਉਸਨੇ ਉਨ੍ਹਾਂ ਪ੍ਰਤਿਬੰਧਾਂ ਨੂੰ ਸ਼ੂਦਰਾਂ ਦੇ ਉੱਤੋਂ ਹਟਵਾਉਣ ਦਾ ਜਤਨ ਕੀਤਾ ਜੋ ਬ੍ਰਾਹਮਣਾਂ ਦੁਆਰਾ ਉਨ੍ਹਾਂ ਉੱਤੇ ਥੋਪੇ ਗਏ ਸਨ। ਚੰਦਰਗੁਪਤ ਮੌਰਿਆ ਦੇ ਪੋਤਰੇ ਅਸ਼ੋਕ ਦੇ ਸਮੇਂ ਵਿਚ ਬ੍ਰਾਹਮਣਾਂ ਦੇ ਵਿਸ਼ੇਸ਼ਧਿਕਾਰਾਂ ਅਤੇ ਅਧਿਕਾਰਾਂ ਨੂੰ ਹੋਰ ਸੱਟ ਲੱਗੀ। ਅਸ਼ੋਕ ਦੀ ਧਾਰਮਿਕ ਨੀਤੀ ਮੁੱਖ ਰੂਪ ਨਾਲ ਸਾਰਵਭੌਮਿਕ ਭਾਈਚਾਰਾ (universal brotherhood) ਅਤੇ ਸਹਿਣਸ਼ੀਲਤਾ (toleration) ਉੱਤੇ ਆਧਾਰਿਤ ਸੀ। ਜਿਸ ਵਿਚ ਜਾਤੀ ਬੰਧਨਾਂ ਜਾਂ ਭੂਗੋਲਿਕ ਰੁਕਾਵਟਾਂ ਦਾ ਕੋਈ ਸਥਾਨ ਨਹੀਂ ਸੀ। ਇਸ ਕਾਲ ਵਿਚ ਵੈਦਿਕ ਸੰਸਕਾਰ ਪੁੱਟ ਸੁੱਟੇ ਗਏ ਸਨ ਅਤੇ ਪਸ਼ੂ ਬਲੀ ਉੱਤੇ ਰੋਕ ਲਗਾ ਦਿੱਤੀ ਗਈ ਸੀ। ਇਨ੍ਹਾਂ ਉਪਾਵਾਂ ਦੇ ਕਾਰਣ, ਇਸ ਕਾਲ ਵਿਚ ਜਾਤੀ-ਵਿਵਸਥਾ ਇਕ ਕੱਟਰ ਸੰਸਥਾ ਦੇ ਰੂਪ ਵਿਚ ਵਿਕਾਸ ਨਹੀਂ ਕਰ ਸਕੀ।

### 7.1.4 ਉੱਤਰ ਮੌਰਿਆ ਕਾਲ

ਅੰਤਿਮ ਮੌਰਿਆ ਸ਼ਾਸਨ ਆਪਣੇ ਹੀ ਬ੍ਰਾਹਮਣ ਸੈਨਾਪਤੀ ਪੁਸ਼ਿਅਮਿੱਤਰ ਸੁੰਗਾ ਦੁਆਰਾ ਮਾਰ ਦਿੱਤਾ ਗਿਆ ਸੀ ਜੋ 184 ਈ. ਪੂਰਵ ਵਿਚ ਆਪ ਸ਼ਾਸਕ ਬਣ ਗਿਆ। ਉਸ ਨੇ ਸੁੰਗਾ ਵੰਸ਼ ਦੀ ਸਥਾਪਨਾ ਕੀਤੀ ਜਿਸ ਨੇ 112 ਸਾਲਾਂ ਤਕ ਸ਼ਾਸਨ ਕੀਤਾ। ਪੁਸ਼ਿਅਮਿੱਤਰ ਬ੍ਰਾਹਮਣਵਾਦ ਦਾ ਪ੍ਰਬਲ ਸਮਰਥਕ ਅਤੇ ਸਰੰਖਿਅਕ ਸੀ, ਜਿਸ ਕਾਰਣ ਸ਼ਕਤੀਸ਼ਾਲੀ ਤੇ ਲੜਾਕੂ ਬ੍ਰਾਹਮਣ ਪ੍ਰਤੀਕ੍ਰਿਆ ਉਸ ਦੇ ਸ਼ਾਸਨ ਦੀ ਪ੍ਰਮੁੱਖ ਵਿਸ਼ੇਸ਼ਤਾ ਬਣ ਗਈ। ਸੋ ਸੁੰਗਾ, ਕਨਵ ਅਤੇ ਕੁਸ਼ਾਣ ਰਾਜਿਆਂ ਦੇ ਸੰਰਖਿਅਣ ਵਿੱਚ ਬ੍ਰਾਹਮਣ ਧਰਮ ਦੇ ਪੁਨਰਜਾਗਰਣ (revival) ਅਤੇ ਜਾਤੀ=ਵਿਵਸਥਾ ਦੇ ਵਿਕਾਸ ਨੂੰ ਪ੍ਰੇਰਣਾ ਪ੍ਰਦਾਨ ਕੀਤੀ ਗਈ। 'ਮੰਨੂੰ ਸਿਮ੍ਰਿਤੀ' ਵਿਚ ਉਲੇਖ ਹੈ ਕਿ ਉਹ ਸ਼ੂਦਰ ਜੋ ਦਵਿਜ ਦਾ ਅਪਮਾਨ ਕਰਦ ਹੈ ਉਸ ਦੀ ਜੀਭ ਕੱਟ ਲਈ ਜਾਣੀ ਚਾਹੀਦੀ, ਜੇਕਰ ਉਹ ਕਿਸੇ ਦਵਿਜ ਦੇ ਨਾਮ ਜਾਂ ਜਾਤੀ ਦਾ ਤਿਰਸਕਾਰ ਨਾਲ ਉਲੇਖ ਕਰਦਾ ਹੈ, ਤਦ ਦਸ ਉਂਗਲੀ ਦੇ ਬਰਾਬਰ ਲੰਮੀ ਇਕ ਕਿੱਲ ਉਸ ਦੇ ਮੂੰਹ ਵਿਚ ਪਾ ਦੇਣੀ ਚਾਹੀਦੀ ਹੈ, ਜੇਕਰ ਉਹ ਅਭਿਮਾਨਵਸ਼ ਬ੍ਰਾਹਮਣਾਂ ਨੂੰ ਉਨ੍ਹਾਂ ਦਾ ਫਰਜ਼ ਦੱਸਦਾ ਹੈ, ਤਦ ਰਾਜਾ ਉਸ ਦੇ ਮੂੰਹ ਅਤੇ ਕੰਨਾਂ ਵਿਚ ਉਬਲਦਾ ਹੋਇਆ ਤੇਲ ਪਵਾ ਦੇਵੇਗਾ। ਜੇਕਰ ਰਾਜਾ ਧਨ ਦੇ ਅਭਾਵ ਕਾਰਨ ਮ੍ਰਿਤੂ ਦੀ ਅਵਸਥਾ ਵਿਚ ਹੁੰਦਾ ਹੈ ਤਦ ਵੀ ਉਹ ਵੇਦ ਪਾਰੰਗਤ ਬ੍ਰਾਹਮਣ ਉੱਤੇ ਕਿਸੀ ਪ੍ਰਕਾਰ ਦਾ ਕਰ ਨਹੀਂ ਲਗਾਏਗਾ। ਇਸ ਪ੍ਰਕਾਰ ਦੇ ਉਲੇਖਾਂ ਤੋਂ ਕਾਨੂੰਨੀ ਸਮਾਨਤਾ ਬਿਲਕੁਲ ਸਮਾਪਤ ਹੋ ਗਈ ਅਤੇ ਜਾਤੀ-ਵਿਵਸਥਾ ਕੱਟਰ ਵਿਵਸਥਾ ਦੇ ਰੂਪ ਵਿਚ ਸਥਾਪਤ ਹੋ ਗਈ ਅਤੇ ਉਸ ਦਾ ਇਕ ਨਵਾਂ ਢਾਂਚਾ ਪ੍ਰਗਟ ਹੋ ਗਿਆ।

ਭਾਵੇਂ ਬ੍ਰਾਹਮਣਵਾਦ ਦੀ ਮੁੜ ਸਥਾਪਨਾ ਦੀ ਨੀਂਹ ਸੁੰਗਾ, ਕਨਵ ਅਤੇ ਕੁਸ਼ਾਣ ਵੰਸ਼ਾਂ ਵਿਚ ਰੱਖੀ ਗਈ ਪਰੰਤੂ ਇਸ ਯਥਾਰਥ ਵਿਕਾਸ ਗੁਪਤ ਕਾਲ ਵਿਚ ਹੋਇਆ, ਜਿਸ ਨੂੰ ਹਿੰਦੂ ਪੁਨਰਜਾਗਰਣ ਦਾ ਸਵਰਣ ਯੁਗ ਕਿਹਾ ਜਾਂਦਾ ਹੈ। ਇਸ ਕਾਲ ਵਿਚ ਬ੍ਰਾਹਮਣਵਾਦ ਹੀ ਨਿਰਜਾਤੀਏ (ethnic) ਧਰਮ ਹੋ ਗਿਆ ਅਤੇ ਜਾਤੀ-ਵਿਵਸਥਾ ਨੂੰ ਇਕ ਨਵਾਂ ਜੀਵਨ ਮਿਲਿਆ। ਫਿਰ ਵੀ, ਜਾਤੀ-ਵਿਵਸਥਾ ਦਾ ਇੰਨਾ ਕਠੋਰ ਸਰੂਪ ਇਸ ਕਾਲ ਵਿਚ ਦੇਖਣ ਨੂੰ ਨਹੀਂ ਮਿਲਦਾ ਹੈ ਜਿੰਨਾ ਕਿ ਅੰਤਰ ਵਿਆਹ, ਅੰਤਰ ਭੋਜ ਅਤੇ ਧੰਦਿਆਂ ਦੇ ਸੰਦਰਭ ਵਿਚ, ਮੁਸਲਿਮ ਅਤੇ ਬ੍ਰਿਟਿਸ਼ ਕਾਲ ਵਿਚ ਦੇਖਿਆ ਜਾਂਦਾ ਹੈ। ਵਿਆਹ ਨਿਯਮ ਕੁਝ ਲਚੀਲੇ ਸਨ ਅਤੇ ਵਿਭਿੰਨ ਜਾਤੀਆਂ ਵਿਚ ਵੀ ਪਾਰਸਪਰਿਕ ਵਿਆਹ ਹੁੰਦੇ ਸਨ। ਪੂਰਵ ਇਤਿਹਾਸਕ ਵਿਚਾਰ ਕਿ ਸ਼ੂਦਰ ਨੂੰ ਦਵਿਜ ਦੀ ਸੇਵਾ ਤੋਂ ਹੀ ਸੰਤੁਸ਼ਟ ਰਹਿਣਾ ਚਾਹੀਦਾ, ਨਾ ਤਾਂ ਸਿਧਾਂਤ ਰੂਪ ਵਿਚ ਸਵੀਕਾਰ ਕੀਤਾ ਗਿਆ। ਨਾ ਹੀ ਵਿਵਹਾਰ ਵਿਚ ਪਾਲਨ ਕੀਤਾ ਗਿਆ। ਇਸ ਕਾਲ ਵਿਚ ਸ਼ੂਦਰਾਂ ਨੂੰ ਕਿਸਾਨ, ਵਪਾਰੀ ਅਤੇ ਦਸਤਕਾਰ ਬਣਨ ਦੀ ਆਗਿਆ ਸੀ। ਛੂਆ-ਛੂਤ ਲਗਭਗ

ਨੋਟ

ਵਰਤਮਾਨ ਰੂਪ ਵਿਚ ਵੀ ਮੌਜੂਦ ਸੀ। ਨੀਵੀਂ ਜਾਤੀ ਦੇ ਲੋਕ ਪ੍ਰਮੁੱਖ ਬਸਤੀਆਂ ਦੇ ਬਾਹਰ ਹੀ ਰਹਿੰਦੇ ਸਨ ਅਤੇ ਬਸਤੀਆਂ ਵਿਚ ਪ੍ਰਵੇਸ਼ ਕਰਦੇ ਸਮੇਂ ਲੱਕੜੀ ਜਲਾ ਲਿਆ ਕਰਦੇ ਸਨ ਤਾਂ ਕਿ ਲੋਕ ਉਨ੍ਹਾਂ ਦੇ ਆਗਮਨ ਤੋਂ ਸੂਚਿਤ ਹੋ ਜਾਣ ਅਤੇ ਉਨ੍ਹਾਂ ਦੇ ਸੰਪਰਕ ਵਿਚ ਆਉਣ ਤੋਂ ਬਚ ਸਕਣ।

### 7.1.5 ਹਰਸ਼ ਵਰਧਨ ਅਤੇ ਹੋਰ ਕਾਲ

ਗੁਪਤ ਸਾਮਰਾਜ ਦੇ ਪਤਨ ਦੇ ਪਸ਼ਚਾਤ ਉੱਤਰ ਭਾਰਤ ਫਿਰ ਤੋਂ ਛੋਟੇ-ਛੋਟੇ ਰਾਜਾਂ ਵਿਚ ਵੰਡ ਗਿਆ ਅਤੇ ਆਗਾਮੀ 50 ਸਾਲਾਂ ਵਿਚ ਛੋਟੇ-ਛੋਟੇ ਰਾਜਾਂ ਦਾ ਉਦੇ ਹੋ ਗਿਆ। ਪਰੰਤੂ ਹਰਸ਼ ਵਰਧਨ ਦੇ ਸਮੇਂ ਵਿਚ ਛੋਟੀ ਇਕਾਈਆਂ ਕੇਂਦਰੀ ਅਧਿਕਾਰ ਵਿਚ ਆ ਗਈਆਂ ਅਤੇ ਭਾਰਤ ਵਿਚ ਰਾਜਨੀਤਿਕ ਏਕਤਾ ਮੁੜ ਸਥਾਪਤ ਹੋ ਗਈ। ਸੋ ਗੁਪਤ ਕਾਲ ਦੀ ਭਾਂਤੀ ਹੀ ਇਸ ਕਾਲ ਵਿਚ ਵੀ ਜਾਤੀ-ਵਿਵਸਥਾ ਦੀ ਉਹੀ ਸੰਰਚਨਾ ਬਣੀ ਰਹੀ। ਇਸ ਕਾਲ ਦੇ ਭਾਰਤ ਦੀ ਆਰਥਿਕ, ਸਮਾਜਿਕ ਅਤੇ ਧਾਰਮਿਕ ਦਸ਼ਾਵਾਂ ਦਾ ਵਿਸਤ੍ਰਿਤ ਵਿਵਰਣ ਸਾਨੂੰ ਚੀਨੀ ਯਾਤਰੀ ਹਿਊਨ ਸਾਂਗ (Hieuntsang) ਦੇ ਲੇਖਾਂ ਵਿਚ ਮਿਲਦਾ ਹੈ ਜੋ 630 ਈ. ਪੂਰਵ ਵਿਚ ਭਾਰਤ ਘੁੰਮਣ ਲਈ ਆਇਆ ਸੀ ਅਤੇ 643 ਈ. ਪੂਰਵ ਤਕ ਇਥੇ ਰਿਹਾ। ਉਹ ਲਿਖਦਾ ਹੈ ਕਿ ਦੇਸ਼ ਵਿਚ ਬ੍ਰਾਹਮਣਾਂ ਦਾ ਵਰਚਸਵ ਸੀ, ਸਮਾਜਿਕ ਸੰਰਚਨਾ ਦਾ ਸੰਚਾਲਨ ਜਾਤੀ ਨਾਲ ਹੁੰਦਾ ਸੀ, ਅਤੇ ਜੋ ਅਸਵੱਛ (unclean) ਕਿੱਤਾ ਕਰਨ ਵਾਲੇ ਵਿਅਕਤੀ ਜਿਵੇਂ ਕਸਾਈ, ਮਛੂਆਰੇ, ਭੰਗੀ ਹੁੰਦੇ ਸਨ, ਉਨ੍ਹਾਂ ਨੂੰ ਨਗਰ ਦੀ ਚਾਰ ਦੀਵਾਰੀ ਤੋਂ ਬਾਹਰ ਰਹਿਣਾ ਪੈਂਦਾ ਸੀ।

### 7.1.6 ਰਾਜਪੂਤ ਕਾਲ

ਮੱਧ ਕਾਲ ਵਿਚ ਰਾਜਪੂਤ ਅਤੇ ਮੁਸਲਿਮ ਕਾਲ ਸ਼ਾਮਲ ਹਨ। ਸੱਤਵੀਂ ਸ਼ਤਾਬਦੀ ਦੇ ਮੱਧ ਵਿਚ ਹਰਸ਼ ਵਰਧਨ ਦੀ ਮੌਤ ਦੇ ਨਾਲ ਹੀ ਪ੍ਰਾਚੀਨ ਹਿੰਦੂ ਕਾਲ ਸਮਾਪਤ ਹੋਇਆ ਅਤੇ ਇਤਿਹਾਸ ਦਾ ਮੱਧਕਾਲ ਆਰੰਭ ਹੋਇਆ। ਭਾਰਤ ਫਿਰ ਤੋਂ ਛੋਟੇ-ਛੋਟੇ ਰਾਜਾਂ ਵਿਚ ਵੰਡਿਆ ਗਿਆ ਅਤੇ ਹਰੇਕ ਰਾਜ ਉੱਤੇ ਇਕ ਰਾਜਪੂਤ ਸ਼ਾਸਕ ਬਿਰਾਜਮਾਨ ਹੋ ਗਿਆ। ਇਸ ਪ੍ਰਕਾਰ ਇਹ ਕਾਲ (ਸੱਤਵੀਂ ਸ਼ਤਾਬਦੀ ਦੇ ਮੱਧ ਤੋਂ ਬਾਰ੍ਹਵੀਂ ਸ਼ਤਾਬਦੀ ਦੇ ਅੰਤ ਤਕ) ਉੱਤਰ ਭਾਰਤ ਵਿਚ ਰਾਜਪੂਤ ਸ਼ਕਤੀ ਦਾ ਉਦੇ ਅਤੇ ਉਥਾਨ ਦਰਸਾਉਂਦਾ ਹੈ।

ਹਿੰਦੂਆਂ ਵਿਚ ਸਾਂਸਕ੍ਰਿਤਿਕ ਜੀਵਨ ਰਾਜਪੂਤ ਕਾਲ ਦੇ ਆਰੰਭ ਵਿਚ, ਅਰਥਾਤ ਇਸਲਾਮ ਦੇ ਆਗਮਨ ਤੋਂ ਪੂਰਵ, ਪ੍ਰਾਚੀਨ ਕਾਲ ਦੇ ਅੰਤ ਵਿਚ, ਯਾਨੀ ਕਿ ਹਰਸ਼ ਵਰਧਨ ਕਾਲ ਤੋਂ, ਭਿੰਨ ਨਹੀਂ ਸੀ। ਇਸ ਕਾਲ ਦੀ ਸਮਾਜਿਕ ਵਿਵਸਥਾ ਨੂੰ ਪ੍ਰਭਾਵਤ ਕਰਨ ਵਾਲਾ ਸਭ ਤੋਂ ਮਹੱਤਵਪੂਰਨ ਅਤੇ ਉਲੇਖਨੀ ਤੱਥ ਇਹ ਸੀ ਕਿ ਦੇਸ਼ ਬਾਹਰੀ ਖ਼ਤਰਿਆਂ ਤੋਂ ਮੁਕਤ ਰਿਹਾ ਅਤੇ ਸਾਰੇ ਵਿਸ਼ਵ ਤੋਂ, ਵਿਸ਼ੇਸ਼ ਕਰਕੇ ਪੜੋਸੀ ਦੇਸ਼ਾਂ — ਜਿਵੇਂ ਚੀਨ, ਜਾਵਾ ਅਤੇ ਸੁਮਾਤਰਾ — ਤੋਂ ਅਲੱਗ-ਥਲੱਗ ਰਿਹਾ। ਲੰਮੇ ਸਮੇਂ ਤਕ ਵਿਸ਼ਵ ਦਾ ਕੋਈ ਦੇਸ਼ ਵਿਸ਼ਵ ਵਿਚ ਇੰਨਾਂ ਕੱਟਿਆ ਹੋਇਆ ਨਹੀਂ ਰਿਹਾ ਜਿੰਨਾਂ 500 ਸਾਲਾਂ ਤਕ ਭਾਰਤ ਕੱਟਿਆ ਰਿਹਾ। ਇਸ ਦੇ ਦੂਰਗਾਮੀ ਪ੍ਰਭਾਵ ਹੋਏ। ਭਾਰਤੀ ਸਮਾਜਿਕ ਵਿਵਸਥਾ ਵਿਚ ਪਰਿਵਰਤਨ ਨਹੀਂ ਆਇਆ, ਸਮਾਜ ਸਥਿਰ ਹੋ ਗਿਆ ਅਤੇ ਜਾਤੀ-ਵਿਵਸਥਾ ਵਿਚ ਕਠੋਰਤਾਵਾਂ ਵਧ ਗਈਆਂ। ਬ੍ਰਾਹਮਣਾਂ ਨੇ ਬਹੁਤ ਜ਼ਿਆਦਾ ਵਿਸ਼ੇਸ਼ਧਿਕਾਰ ਪ੍ਰਾਪਤ ਕਰ ਲਏ ਅਤੇ ਪੂਜਾ-ਅਰਚਨਾ ਵਿਚ ਮਾਸ, ਸ਼ਰਾਬ ਅਤੇ ਇਸਤ੍ਰੀ ਪ੍ਰਯੋਗ ਦੀ ਆਗਿਆ ਵੀ ਪ੍ਰਦਾਨ ਕੀਤੀ ਗਈ। ਸ਼ੰਕਰਾਚਾਰੀਆ ਦੁਆਰਾ ਸਥਾਪਤ 'ਮਠ' ਵਿਲਾਸੀ ਜੀਵਨ ਦੇ ਕੇਂਦਰ ਬਣ ਗਏ। ਦੇਵਦਾਸੀ ਪ੍ਰਥਾ ਨੇ ਮੰਦਿਰ - ਵੈਸ਼ਿਆਵ੍ਰਿਤੀ ਦੇ ਵਿਕਾਸ ਤੋਂ ਉਤਸ਼ਾਹਿਤ ਕੀਤਾ ਜਿਸ ਨਾਲ ਨੈਤਿਕ ਸੰਹਿਤਾ ਦਾ ਪਤਨ ਹੋਣ ਲੱਗਾ। ਰਾਜਪੂਤ ਵੰਸ਼ ਦੇ ਪ੍ਰਤੀ ਨਿਸ਼ਠਾਵਾਨ ਸਨ ਅਤੇ ਵੰਸ਼ ਦੇ ਸਨਮਾਨ ਦੇ ਲਈ ਯੁੱਧ ਭੂਮੀ ਵਿਚ ਮ੍ਰਿਤੂ ਨੂੰ ਪ੍ਰਾਪਤ ਕਰਨਾ ਵਿਅਕਤੀਗਤ ਜਿੱਤ ਸਮਝਦੇ ਸਨ। ਆਪਣੇ ਵੰਸ਼ ਅਤੇ ਉਸ ਦੇ ਮੁਖੀਆ ਦੇ ਪ੍ਰਤੀ ਨਿਸ਼ਠਾ ਨੇ ਰਾਜਪੂਤਾਂ ਨੂੰ ਸੰਪੂਰਨ ਭਾਰਤ ਦੇ ਹਿਤਾਂ ਦੇ ਪ੍ਰਤੀ ਉਦਾਸੀਨ ਬਣਾ ਦਿੱਤਾ। ਨਤੀਜੇ ਵਜੋਂ ਜਦ ਕਦੀ ਵਿਦੇਸ਼ੀ ਸੈਨਾਵਾਂ ਨੇ ਭਾਰਤ ਉੱਤੇ ਹਮਲਾ ਕੀਤਾ, ਉਨ੍ਹਾਂ ਦਾ ਸਾਹਮਣਾ ਇਕ ਰੂਪ ਵਿਚ ਕੀਤਾ ਗਿਆ, ਜਿਸ ਵਿਚ ਇੱਕ-ਇੱਕ ਵੰਸ਼ ਹੀ ਉਨ੍ਹਾਂ ਦੇ ਸਾਹਮਣੇ ਗਿਆ ਜੋ ਦੇਸ਼ ਦੇ ਲਈ ਅਤਿਅੰਤ ਘਾਤਕ ਸਿੱਧ ਹੋਇਆ। ਇਸ ਸਥਿਤੀ ਵਿਚ ਬਹੁਤ ਗਿਣਤੀ ਵਿਚ ਨਵੀਆਂ ਜਾਤੀਆਂ ਅਤੇ ਉਪ ਜਾਤੀਆਂ ਦਾ ਉਦੇ ਹੋਇਆ। ਬ੍ਰਾਹਮਣਾਂ ਨੇ ਜਾਤੀ ਪ੍ਰਤੀਬੰਧਾਂ ਨੂੰ ਹੋਰ ਵੀ ਕਸ ਦਿੱਤਾ ਅਤੇ ਸੰਘਾਂ ਦੀ ਵਧਦੀ ਹੋਈ ਕਠੋਰਤਾ ਨਾਲ ਆਪਣੇ ਬਚਾਅ ਵਿਚ ਲਗ ਗਏ। ਸੰਭਵ ਤੌਰ ਤੇ ਵਿਘਟਨ ਦੀ ਪ੍ਰਕ੍ਰਿਆ ਬ੍ਰਾਹਮਣ ਜਾਤੀ ਤੋਂ ਹੀ ਆਰੰਭ ਹੋਈ। ਪ੍ਰਾਚੀਨ ਰਿਗਵੇਦੀ ਅਤੇ ਯਜੁਰਵੇਦੀ ਬ੍ਰਾਹਮਣਾਂ ਦੇ ਅਲਾਵਾ ਉਨ੍ਹਾਂ ਦੀਆਂ ਉਪ ਜਾਤੀਆਂ ਵਿਚ ਵਾਧਾ ਹੋਣ ਲਗਾ ਅਤੇ ਉਹ ਆਪਣੀ ਖੇਤਰੀ ਹੱਦਾਂ ਤੋਂ ਪਛਾਣ ਬਣਾਉਣ ਲਗੇ, ਜਿਵੇਂ ਕਨੌਜੀਆ ਬ੍ਰਾਹਮਣ, ਕੋਂਕਣੀ ਬ੍ਰਾਹਮਣ, ਤੇਲਗੂ ਬ੍ਰਾਹਮਣ, ਆਦਿ। ਇਸ ਪ੍ਰਕਾਰ ਖੱਤਰੀਆਂ ਅਤੇ ਵੈਸ਼ਾਂ ਵਿਚ ਵੀ ਵੰਡ ਆਰੰਭ ਹੋ ਗਈ। ਉਚਿਤ ਅੰਤਰਾਲ ਵਿਚ ਵੱਡੀ ਗਿਣਤੀ ਵਿਚ ਵਿਵਸਾਇਕ ਜਾਤੀਆਂ ਜਿਨ੍ਹਾਂ ਦਾ ਆਰੰਭ ਵਿਚ ਸਿਰਫ਼ ਵਿਵਸਾਇਕ ਸੰਘਾਂ (guilds) ਦੇ ਰੂਪ ਵਿਚ ਉਦੇ ਹੋਇਆ ਸੀ, ਸਪਸ਼ਟ ਰੂਪ ਨਾਲ ਜਾਤੀਆਂ ਤੇ ਉਪ ਜਾਤੀਆਂ ਸਮਝੀਆਂ ਜਾਣ ਲੱਗੀਆਂ, ਜਿਵੇਂ ਜੁਲਾਹੇ, ਲੁਹਾਰ, ਤਰਖਾਣ, ਕਲਾਲ, ਮਛੂਆਰੇ, ਗਵਾਲੇ। ਹਰੇਕ ਜਾਤੀ ਤੇ ਉਪਜਾਤੀ ਦੀ ਨਜ਼ਰ ਕਿਉਂਕਿ ਆਪਣੇ ਹੀ ਹਿਤਾਂ ਤਕ ਸੀਮਤ ਰਹੀ, ਇਸ ਲਈ ਦੇਸ਼ ਦਾ ਰਾਜਨੀਤਿਕ ਤੇ ਸਮਾਜਿਕ ਜੀਵਨ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ। ਇਸ ਪ੍ਰਕਾਰ ਮੁਸਲਮਾਨਾਂ ਦੇ ਆਗਮਨ ਤੋਂ ਪਹਿਲਾਂ ਹੀ ਸਾਡੇ ਦੇਸ਼ ਵਿਚ ਜਾਤੀਆਂ ਦੀ ਬਹੁਲਤਾ ਤੇ ਜਾਤੀ ਨਿਯਮਾਂ ਦੇ ਕਠੋਰ ਪਾਲਨ ਦੇ ਰੂਪ ਵਿਚ ਸਾਡੀ ਸਮਾਜਿਕ ਸੰਰਚਨਾ ਵਿਚ ਵੱਡਾ ਪਰਿਵਰਤਨ ਆ ਗਿਆ ਸੀ।

### 7.1.7 ਮੁਸਲਿਮ ਕਾਲ

ਇਸਲਾਮ ਦੇ ਆਗਮਨ ਨੇ ਅਤੇ ਮੁਸਲਿਮ ਸ਼ਾਸਕਾਂ ਦੇ ਸੰਰਖਿਅਣ ਵਿਚ ਵਿਕਸਤ ਹੋ ਰਹੀਆਂ ਮੂਰਤੀ ਪੂਜਾ ਵਿਰੋਧੀ ਪ੍ਰਵਿਰਤੀਆਂ ਨੇ ਭਾਰਤ ਵਿਚ ਬ੍ਰਾਹਮਣਵਾਦ ਨੂੰ ਸੁਰੱਖਿਅਤ ਅਨੁਸਰਣ ਦੇ ਲਈ ਨਿਰਵਿਘਨ ਨਹੀਂ ਰਹਿਣ ਦਿੱਤਾ। ਵੈਸੇ ਤਾਂ ਸੱਤਵੀਂ ਸ਼ਤਾਬਦੀ ਵਿਚ ਵੀ ਮੁਸਲਮਾਨਾਂ ਨੇ ਭਾਰਤ ਵਿਚ ਪ੍ਰਵੇਸ਼ ਦੇ ਅਨੇਕ ਯਤਨ ਕੀਤੇ ਸਨ, ਕਿੰਤੂ 711-713 ਈ. ਪੂਰਵ ਦੇ ਸਮੇਂ ਵਿਚ ਹੀ ਮੁਹੰਮਦ-ਬਿਨ-ਕਾਸਿਮ ਸਿੰਧ ਅਤੇ ਮੁਲਤਾਨ ਉੱਤੇ ਜਿੱਤ ਪ੍ਰਾਪਤ ਕਰ ਸਕਿਆ। ਫਿਰ ਵੀ, ਅਰਬ ਤੋਂ ਆਏ ਮੁਸਲਮਾਨ ਉਸ ਖੇਤਰ ਵਿਚ ਲੰਮੇ ਸਮੇਂ ਤਕ ਆਪਣਾ ਅਧਿਕਾਰ ਨਾ ਬਣਾ ਕੇ ਰਖ ਸਕੇ। ਇਸ ਦੇ ਬਾਅਦ ਮਹਿਮੂਦ ਗ਼ਜ਼ਨੀ ਨੇ ਦਸਵੀਂ ਸ਼ਤਾਬਦੀ (995-1030 ਈ. ਪੂਰਵ) ਵਿਚ ਪੰਜਾਬ ਉੱਤੇ ਜਿੱਤ ਪ੍ਰਾਪਤ ਕੀਤੀ। ਪਰੰਤੂ ਭਾਰਤ ਵਿਚ ਮੁਸਲਿਮ ਸਾਮਰਾਜ ਦੀ ਸਥਾਪਨਾ 1175 ਵਿਚ ਮਹਿਮੂਦ ਗੌਰੀ ਦੁਆਰਾ ਕੀਤੀ ਗਈ। ਤੀਹ ਸਾਲਾਂ ਦੇ ਸਮੇਂ ਵਿਚ ਹੀ ਉਸਨੇ ਭਾਰਤ ਦੇ ਅਨੇਕ ਭਾਗ ਜਿੱਤ ਲਏ ਅਤੇ ਇਸ ਪ੍ਰਕਾਰ ਮੁਸਲਿਮ ਕਾਲ ਦਾ ਆਰੰਭ ਹੋਇਆ। ਮੁਸਲਿਮ ਕਾਲ ਵਿਚ ਭਿੰਨ-ਭਿੰਨ ਵੰਸ਼ਾਂ (dynasties) ਵਿਚ, (ਅਰਥਾਤ ਗੁਲਾਮ ਵੰਸ਼ (1206-1290), ਖਿਲਜੀ ਵੰਸ਼ (1290-1320), ਤੁਗਲਕ ਵੰਸ਼ (1320-1412), ਸਈਅਦ ਵੰਸ਼ (1414-1451), ਲੋਧੀ ਵੰਸ਼ (1451-1525) ਅਤੇ ਮੁਗਲ ਵੰਸ਼ (1526-1757) ਜਿਸ ਵਿਚ ਬਾਬਰ (1526-1530), ਹੁਮਾਂਯੂ (1530-1540) ਅਤੇ (1554-1555), ਅਕਬਰ (1556-1605), ਜਹਾਂਗੀਰ (1605-1627), ਸ਼ਾਹਜਹਾਂ (1627-1658), ਔਰੰਗਜ਼ੇਬ (1658-1707) ਅਤੇ ਉਸ ਦੇ ਉਤਰਾਧਿਕਾਰੀ ਬਹਾਦਰਸ਼ਾਹ (1707-1857) ਦੇ ਸ਼ਾਸਨ ਕਾਲ ਸ਼ਾਮਲ ਹਨ) ਜਾਤੀ ਪ੍ਰਥਾ ਹੋਰ ਵੀ ਸਖ਼ਤ ਹੋ ਗਈ ਕਿਉਂਕਿ ਮੁਸਲਿਮ ਲਚੀਲੇ ਹਿੰਦੂ ਖੇਮੇ ਵਿਚ ਨਾ ਸਮਾ ਸਕੇ। ਇਨ੍ਹਾਂ ਦਾ ਇਸਲਾਮ ਧਰਮ ਇਕੇਸ਼ਵਰਵਾਦੀ (monotheistic) (ਯਾਨੀ ਕਿ ਇਹ ਸਿਧਾਂਤ ਕਿ ਸਿਰਫ਼ ਇਕ ਹੀ ਖੁਦਾ ਹੈ) ਹੋਣ ਦੇ ਕਾਰਣ ਬਹੁਦੇਵਵਾਦ (polytheism) ਦੇ ਨਾਲ ਸਮਝੌਤਾ ਨਾ ਕਰ ਸਕਿਆ। ਇਸ ਲਈ ਹਿੰਦੂ ਅਤੇ ਮੁਸਲਿਮ ਇਕ ਦੂਜੇ ਨਾਲ ਘੁਲ-ਮਿਲ ਨਾ ਸਕੇ। ਕਿਉਂਕਿ ਮੁਸਲਮਾਨ ਨੇ ਭਾਰਤ ਵਿਚ ਇਕ ਧਾਰਮਿਕ ਅੰਦੋਲਨ ਛੇੜਿਆ ਅਤੇ ਹਿੰਦੂਆਂ ਨੂੰ ਇਸਲਾਮ ਅਪਣਾਉਣ ਵਿਚ ਲਗ ਗਏ, ਸੋ ਬ੍ਰਾਹਮਣਾਂ ਨੇ ਹਿੰਦੂਆਂ ਦੇ ਧਰਮ ਪਰਿਵਰਤਨ ਦੀ ਜ਼ਿੰਮੇਵਾਰੀ ਨੂੰ ਸੰਭਾਲਦੇ ਹੋਏ ਉਨ੍ਹਾਂ ਉੱਤੇ ਹੋਰ ਸਖ਼ਤ ਬੰਧਨ ਲਗਾ ਦਿੱਤੇ, ਜਿਸ ਨਾਲ ਜਾਤੀ-ਵਿਵਸਥਾ ਹੋਰ ਸਖ਼ਤ ਹੋ ਗਈ। ਭਾਵੇਂ ਇਸ ਯੁਗ ਵਿਚ ਕੁਝ ਭਗਤ ਸੰਤਾਂ ਨੇ, ਜਿਵੇਂ, ਰਾਮਾਨੁਜ, ਕਬੀਰ, ਨਾਨਕ, ਚੈਤਨਿਆ, ਤੁਕਾਰਾਮ, ਤੁਲਸੀਦਾਸ, ਨਾਮਦੇਵ, ਆਦਿ, ਨੇ ਭਗਤੀ ਦਾ ਰਾਹ ਦਿਖਾਇਆ, ਜਿਸ ਵਿਚ ਮੂਰਤੀ ਪੂਜਾ ਅਤੇ ਜਾਤੀ ਪ੍ਰਥਾ ਦੀ ਨਿੰਦਾ ਕੀਤੀ ਗਈ ਅਤੇ ਪ੍ਰਾਣੀ ਸਮਾਨਤਾ ਦਾ ਉਪਦੇਸ਼ ਦਿੱਤਾ ਗਿਆ, ਜ਼ਿਆਦਾ ਕਰਮ-ਕਾਂਡ ਦਾ ਵਿਰੋਧ ਕੀਤਾ ਗਿਆ, ਅਤੇ ਪੁਰੋਹਿਤ ਵਰਗ ਦੇ ਪ੍ਰਭੂਤਵ ਦੀ ਨਿੰਦਾ ਕੀਤੀ, ਫਿਰ ਵੀ ਇਹ ਭਗਤੀ ਅੰਦੋਲਨ ਜਾਤੀ ਵਿਵਸਥਾ ਨੂੰ ਵਿਘਟਿਤ ਨਾ ਕਰ ਪਾਇਆ। ਹਿੰਦੂਆਂ ਦੇ ਧਾਰਮਿਕ ਅਤੇ ਸਮਾਜਿਕ ਖੇਤਰ ਵਿਚ ਬ੍ਰਾਹਮਣਾਂ ਦੇ ਪ੍ਰਭੂਤਵ ਦਾ ਇਹ ਕਾਰਣ ਇਹ ਸੀ ਕਿ ਮੰਦਰਾਂ ਉੱਤੇ ਨਿਯੰਤ੍ਰਣ ਬ੍ਰਾਹਮਣਾਂ ਦੇ ਹੱਥ ਵਿਚ ਸੀ ਅਤੇ ਮੰਦਿਰ ਸਿਰਫ਼ ਪੂਜਾ ਅਰਚਨਾ ਦੇ ਲਈ ਹੀ ਉਪਯੋਗ ਨਹੀਂ ਹੁੰਦੇ ਸਨ, ਬਲਕਿ ਉਹ ਰਾਜਨੀਤਿਕ, ਸਾਂਸਕ੍ਰਿਤਿਕ ਅਤੇ ਸਿਖਿਅਕ ਗਤੀਵਿਧੀਆਂ ਦੇ ਵੀ ਕੇਂਦਰ ਸਨ। ਬ੍ਰਾਹਮਣਾਂ ਨੇ ਜਾਤੀ ਭੇਦ ਨੂੰ ਇਹ ਘੋਸ਼ਣਾ ਕਰਕੇ ਹੋਰ ਵੀ ਜ਼ਿਆਦਾ ਕਠੋਰ ਬਣਾ ਦਿੱਤਾ ਕਿ ਮੁਸਲਮਾਨਾਂ ਨੂੰ ਅਤੇ ਉਨ੍ਹਾਂ ਦੇ ਲਈ ਕੰਮ ਕਰਨ ਵਾਲੇ ਸਾਰੇ ਹਿੰਦੂਆਂ ਨੂੰ 'ਮਲੇਛ' ਮੰਨਿਆਂ ਜਾਏਗਾ। ਇਸ ਪ੍ਰਕਾਰ ਸੁਨਾਰ, ਲੁਹਾਰ, ਨਾਈ, ਧੋਬੀ ਅਤੇ ਖਾਤੀ ਆਦਿ ਜਾਤੀਆਂ ਨੀਵੀਂਆਂ ਜਾਤੀਆਂ ਮੰਨੀਆਂ ਜਾਣ ਲੱਗੀਆਂ। ਪੁਰਾਣਾਂ ਨੂੰ ਦੁਬਾਰਾ ਲਿਖਿਆ ਗਿਆ ਅਤੇ ਨਵੇਂ ਆਦੇਸ਼ ਜਾਰੀ ਕੀਤੇ ਗਏ, ਜਿਸ ਨਾਲ ਜਾਤੀ-ਵਿਵਸਥਾ ਹੋਰ ਵੀ ਕਠੋਰ ਬਣ ਗਈ।

### 7.1.8 ਪੂਰਵ-ਉਦਯੋਗਿਕ ਬ੍ਰਿਟਿਸ਼ ਕਾਲ

ਸਤਾਰ੍ਹਵੀਂ ਸ਼ਤਾਬਦੀ ਦੇ ਆਰੰਭ ਵਿਚ ਈਸਟ ਇੰਡੀਆ ਕੰਪਨੀ ਨੇ ਮੁਗਲ ਸ਼ਾਸਕਾਂ ਨਾਲ ਵਪਾਰ ਸੰਬੰਧੀ ਕੁਝ ਵਿਸ਼ੇਸ਼ਧਿਕਾਰ ਪ੍ਰਾਪਤ ਕਰ ਲਏ ਸਨ। ਜਲਦੀ ਹੀ ਕੰਪਨੀ ਨੇ ਮੁਗਲ ਤੇ ਮਰਾਠਿਆਂ ਦੇ ਹੱਥਾਂ ਤੋਂ ਸੱਤਾ ਵੀ ਖਿੱਚ ਲਈ ਅਤੇ ਇਸ ਪ੍ਰਕਾਰ 1774 ਤੋਂ ਬ੍ਰਿਟਿਸ਼ ਕਾਲ ਆਰੰਭ ਹੋ ਗਿਆ ਅਤੇ ਵਾਰੇਨ ਹੇਸਿੰਗਟਸ ਭਾਰਤ ਦੇ ਪਹਿਲੇ ਗਵਰਨਰ ਜਨਰਲ ਨਿਯੁਕਤੀ ਕੀਤੇ ਗਏ। ਬ੍ਰਿਟਿਸ਼ ਸ਼ਾਸਨ ਕਾਲ ਵਿਚ ਭੌਤਿਕ ਵਿਕਾਸ, ਸ਼ੇਸ਼ ਵਿਸ਼ਵ ਤੋਂ ਸਾਡੇ ਸੰਪਰਕਾਂ ਦੇ ਜੁੜਨ, ਸਰਕਾਰ ਦੀ ਪ੍ਰਸ਼ਾਸਨ ਤੇ ਸਮਾਜਿਕ-ਆਰਥਿਕ ਨੀਤੀਆਂ, ਅਤੇ ਕੁਝ ਵੈਧਾਨਿਕ ਉਪਾਵਾਂ ਦੇ ਕਾਰਣ ਸਾਡੇ ਧਾਰਮਿਕ ਵਿਚਾਰਾਂ, ਪ੍ਰਥਾਵਾਂ ਅਤੇ ਸਮਾਜ ਦੀ ਜਾਤੀ ਸੰਰਚਨਾ ਉੱਤੇ ਵੀ ਬਹੁਤ ਪ੍ਰਭਾਵ ਪਿਆ। ਅੰਗ੍ਰੇਜ਼ਾਂ ਨੇ ਜਾਤੀ ਪੰਚਾਇਤਾਂ ਦੇ ਦੰਡਨੀਅ ਅਧਿਕਾਰਾਂ ਨੂੰ ਦੀਵਾਨੀ ਤੇ ਫੌਜਦਾਰੀ ਅਦਾਲਤਾਂ ਨੂੰ ਸੌਂਪ ਦਿੱਤਾ, ਜਿਸ ਦੇ ਕਾਰਨ ਪੰਚਾਇਤਾਂ ਦੇ ਅਧਿਕਾਰ ਤੇ ਮੈਂਬਰਾਂ ਉੱਤੇ ਨਿਯੰਤ੍ਰਣ ਉੱਤੇ ਬਹੁਤ ਪ੍ਰਭਾਵ ਪਿਆ। 1850 ਦੇ ਜਾਤੀ ਨਿਰਯੋਗਤਾ ਉਨਮੂਲਨ ਅਧਿਨਿਯਮ (Cast Disabilities Removal Act, 1850), 1856 ਦੇ ਵਿਧਵਾ ਪੁਨਰਵਿਆਹ ਅਧਿਨਿਯਮ ਅਤੇ 1872 ਦੇ ਵਿਸ਼ੇਸ਼ ਵਿਆਹ ਅਧਿਨਿਯਮ ਆਦਿ ਨੇ ਜਾਤੀ ਵਿਵਸਥਾ ਨੂੰ ਗਹਿਰੀ ਸੱਟ ਪਹੁੰਚਾਈ। ਕੁਝ ਸਮਾਜਿਕ ਉਪਾਵਾਂ ਦੁਆਰਾ ਨੀਵੀਂ ਜਾਤੀਆਂ ਦੀ ਕੁਝ ਨਿਰਯੋਗਤਾਵਾਂ ਨੂੰ ਖਤਮ ਕਰਕੇ ਅੰਗ੍ਰੇਜ਼ਾਂ ਨੇ ਜਾਤੀ ਵਿਵਸਥਾ ਉੱਤੇ ਹੋਰ ਵਾਰ ਕੀਤਾ। ਪਰੰਤੂ ਬ੍ਰਿਟਿਸ਼ ਸਰਕਾਰ ਨੇ ਸਾਰੇ ਕਦਮ ਪ੍ਰਸ਼ਾਸਨ ਦੀ ਦ੍ਰਿਸ਼ਟੀ ਤੋਂ ਚੁੱਕੇ ਸਨ, ਨਾ ਕਿ ਜਾਤੀ-ਵਿਵਸਥਾ ਨੂੰ ਖਤਮ ਕਰਨ ਦੇ ਲਈ। ਘੁਰਿਏ (1961:190) ਨੇ ਵੀ ਲਿਖਿਆ ਹੈ ਕਿ ਬ੍ਰਿਟਿਸ਼ ਸਰਕਾਰ ਦੇ ਅਧਿਕਾਰ ਕੰਮ ਪ੍ਰਸ਼ਾਸਨ ਦੀ ਦ੍ਰਿਸ਼ਟੀ ਤੋਂ ਕੀਤੇ ਗਏ ਸਨ, ਨਾ ਕਿ ਜਾਤੀ ਦੀ ਕਠੋਰਤਾਵਾਂ ਨੂੰ ਖਤਮ ਕਰਨ ਦੇ ਲਈ।

ਬ੍ਰਿਟਿਸ਼ ਕਾਲ ਵਿਚ ਸਮਾਜ ਸੁਧਾਰਕਾਂ ਦੇ ਕੁਝ ਅੰਦੋਲਨਾਂ ਨੇ ਵੀ ਜਾਤੀ-ਵਿਵਸਥਾ ਉੱਤੇ ਵਾਰ ਕੀਤਾ। 1820 ਵਿਚ ਰਾਜਾ ਰਾਮ ਮੋਹਨ ਰਾਏ ਦੁਆਰਾ ਸੰਸਥਾਪਿਤ ਅਤੇ ਕੇ.ਸੀ. ਸੈਨ ਅਤੇ ਦੇਵੇਂਦਰ ਨਾਥ ਟੈਗੋਰ ਦੁਆਰਾ ਪ੍ਰੋਤਸਾਹਿਤ ਕੀਤੇ ਗਏ ਬ੍ਰਹਮ ਸਮਾਜ ਅੰਦੋਲਨ ਨੇ ਵੀ ਜਾਤੀ ਵਿਭਾਜਨ ਦੇ ਬੰਧਨਾਂ ਨੂੰ ਅਸਵੀਕਾਰ ਕੀਤਾ ਅਤੇ ਮੂਰਤੀ ਪੂਜਾ, ਪਸ਼ੂ ਬਲੀ, ਆਦਿ ਦਾ ਵਿਰੋਧ ਕੀਤਾ ਅਤੇ ਸਾਰਵਭੌਮਿਕਤਾ (Universalism) ਅਤੇ ਮਨੁੱਖਾਂ ਦੇ ਭਰਾਤਰੀ ਪਾਵ ਉੱਤੇ ਬਲ ਦਿੱਤਾ। 1849 ਵਿਚ ਮਹਾਰਾਸ਼ਟਰ ਵਿਚ ਪ੍ਰਾਰਥਨਾ ਅਤੇ ਪਰਮਹੰਸ ਸਭਾ ਦੇ ਨਾਮ ਨਾਲ ਆਰੰਭ ਹੋਈ ਜੋ ਬਾਅਦ ਵਿਚ ਇਕ ਈਸ਼ਵਰਵਾਦੀ (theistic) ਸੰਗਠਨ ਦੇ ਰੂਪ ਵਿਚ ਮੰਨੀ ਜਾਣ ਲਗੀ। ਜੱਜ ਰਾਨਾਡੇ ਦਾ ਸਮਰਥਨ ਪ੍ਰਾਪਤ ਕਰ ਇਸ ਸਮਾਜ ਨੇ ਸਮਾਜ ਸੁਧਾਰ ਉੱਤੇ ਧਿਆਨ ਕੇਂਦਰਤ ਕੀਤਾ, ਜਿਵੇਂ ਅੰਤਰ-ਜਾਤੀ ਸਹਿਭੋਜ, ਅੰਤਰਜਾਮੀ ਵਿਆਹ ਅਤੇ ਵਿਧਵਾ ਪੁਨਰਵਿਆਹ ਆਦਿ। ਬਾਅਦ ਵਿਚ ਇਸੇ ਪ੍ਰਾਰਥਨਾ ਸਮਾਜ ਤੋਂ ਭਾਰਤ ਸੇਵਕ ਸਮਾਜ (Society of the Servants of India) ਦਾ ਜਨਮ ਹੋਇਆ, ਜਿਸ ਨੇ ਸਮਾਜ ਸੁਧਾਰ ਨੂੰ ਪ੍ਰੋਤਸਾਹਨ ਦੇਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਬ੍ਰਹਮ ਸਮਾਜ ਤੇ ਪ੍ਰਾਰਥਨਾ ਸਮਾਜ ਉਨ੍ਹਾਂ ਪੁਨਰਜਾਗਰਣ ਸੰਬੰਧੀ ਵਿਚਾਰਾਂ ਦੇ ਪ੍ਰਤੀਫਲ ਸਨ ਜੋ ਪੱਛਮ ਨਾਲ ਸੰਬੰਧਿਤ ਸਨ ਅਤੇ ਜੋ ਪੱਛਮੀ ਤਰਕਵਾਦ ਦੇ ਪ੍ਰਤੀ ਭਾਰਤੀ ਪ੍ਰਤੀਕ੍ਰਿਆ ਦਾ ਪ੍ਰਤੀਨਿਧੀਤਵ ਕਦੇ ਸਨ। ਸਮਾਜ ਸੁਧਾਰ ਦੇ ਖੇਤਰ ਵਿਚ ਦੋ ਅਤੇ ਅੰਦੋਲਨ ਪ੍ਰਾਚੀਨ ਗ੍ਰੰਥਾਂ ਅਤੇ ਭਾਰਤ ਦੇ ਅਤੀਤ ਤੋਂ ਪ੍ਰੇਰਣਾ ਪ੍ਰਾਪਤ ਕਰ ਆਰੰਭ ਹੋਏ। ਇਹ ਦੋ ਅੰਦੋਲਨ — 'ਆਰੀਆ ਸਮਾਜ' ਅਤੇ 'ਰਾਮ ਕ੍ਰਿਸ਼ਨ ਮਿਸ਼ਨ' — ਆਕ੍ਰਮਕ ਹਿੰਦੂਵਾਦ ਦੇ ਪੁਨਰਜਾਗਰਣ ਦੇ ਲਈ ਉੱਤਰਦਾਈ ਹਨ।

ਆਰੀਆ ਸਮਾਜ ਨੇ, ਜਿਸਦੀ ਸਥਾਪਨਾ ਸਵਾਮੀ ਦਇਆਨੰਦ ਸਰਸਵਤੀ (1824-1883) ਨੇ ਕੀਤੀ ਸੀ, ਸਭ ਤੋਂ ਪਹਿਲਾਂ ਹਿੰਦੂਆਂ ਨੂੰ ਆਕ੍ਰਮਕ ਹੋਣ ਦਾ ਉਪਦੇਸ਼ ਦਿੱਤਾ। ਆਰੀਆ ਸਮਾਜ ਨੇ 'ਸਿਮ੍ਰਿਤੀਆਂ' ਅਤੇ 'ਪੁਰਾਣਾਂ' ਨੂੰ ਅਸਵੀਕਾਰ ਕਰ ਦਿੱਤਾ, ਬਹੁ ਈਸ਼ਵਰਵਾਦ ਦੀ ਨਿੰਦਾ ਕੀਤੀ, ਅਤੇ 'ਇਕ ਵੇਦ', 'ਇਕ ਧਰਮ', ਅਤੇ 'ਇਕੇਸ਼ਵਰਵਾਦ ਦੇ ਦਰਸ਼ਨ' ਨੂੰ ਸਵੀਕਾਰ ਕੀਤਾ। ਆਰੀਆ ਸਮਾਜ ਨੇ ਜਾਤੀ ਅਤੇ ਇਸ ਦੇ ਦੁਆਰਾ ਸਮੁੰਦਰੀ ਯਾਤਰਾ ਉੱਤੇ ਲਗਾਏ ਗਏ ਪ੍ਰਤੀ ਬੰਧ ਦਾ ਵਿਰੋਧ ਕੀਤਾ ਅਤੇ 'ਸੁਧੀ' ਅੰਦੋਲਨ ਆਰੰਭ ਕੀਤਾ ਅਤੇ ਪਤਿਤਾਂ (outcastes), ਪਰਿਵਰਤਿਤਾਂ (converts) ਅਤੇ ਬਾਹਰੀ ਲੋਕਾਂ ਨੂੰ ਦੁਬਾਰਾ ਹਿੰਦੂਤਵ ਵਿਚ ਲਿਆਉਣ ਦਾ ਕਾਰਜ ਆਰੰਭ ਕੀਤਾ। ਸਮਾਜ ਸੇਵਾ ਦੀ ਉਤਕਟ ਇੱਛਾ ਨਾਲ ਪ੍ਰੇਰਿਤ ਆਰੀਆ ਸਮਾਜ ਅੱਜ ਵੀ ਉੱਤਰ ਭਾਰਤ ਵਿਚ ਹਿੰਦੂਆਂ ਦੇ ਪੁਨਰ-ਉਥਾਨ ਵਿਚ ਮਹੱਤਵਪੂਰਨ ਕਾਰਕ ਹੈ।

ਰਾਮ ਕ੍ਰਿਸ਼ਨ ਮਿਸ਼ਨ ਪ੍ਰਾਚੀਨ ਅਤੇ ਆਧੁਨਿਕ ਦਾ ਤਾਲਮੇਲ ਹੈ। ਰਾਮਕ੍ਰਿਸ਼ਨ ਪਰਮਹੰਸ ਦੀ ਮ੍ਰਿਤੂ ਦੇ ਦਸ ਸਾਲ ਬਾਅਦ ਉਨ੍ਹਾਂ ਦੇ ਪਰਮ ਸ਼ਿਸ਼ ਸਵਾਮੀ ਵਿਵੇਕਾਨੰਦ (18861-1902) ਦੁਆਰਾ ਆਰੰਭ ਕੀਤੇ ਗਏ ਇਸ ਮਿਸ਼ਨ ਦਾ ਉਪਦੇਸ਼ ਸੀ ਕਿ ਜਾਤੀ-ਵਿਵਸਥਾ ਉਨ੍ਹਾਂ ਦੇ ਲਈ ਹੈ ਜੋ ਈਸ਼ਵਰ ਤੋਂ ਦੂਰ ਹੁੰਦੇ ਹਨ, ਇਸ ਲਈ ਇਸ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਇਹ ਸ਼ੁੱਧ ਵੇਦਾਂਤ ਸਿਧਾਂਤ ਨੂੰ ਮੰਨਦਾ ਹੈ ਕਿਉਂਕਿ ਇਸ ਦਾ ਆਦਰਸ਼ ਅਤੇ ਉਦੇਸ਼ ਇਹ ਹੈ ਕਿ ਵਿਅਕਤ ਨੂੰ ਆਪਣੀ ਸਮਰੱਥਾ ਦੇ ਅਨੁਰੂਪ ਅਧਿਆਤਮਿਕ ਵਿਕਾਸ ਕਰਨਾ ਹੈ। ਵਿਵੇਕਾਨੰਦ ਨੇ ਸਾਹਸਿਕ ਘੋਸ਼ਣਾ ਕੀਤੀ ਕਿ ਜਾਤੀ ਨੂੰ ਹਿੰਦੂ ਵਾਦ, ਧਰਮ ਜਾਂ ਜਨਮ ਆਦਿ ਨਾਲ ਕੁਝ ਲੈਣਾ-ਦੇਣਾ ਨਹੀਂ ਹੈ ਅਤੇ ਹਿੰਦੂ ਸਭਿਅਤਾ ਅਤੇ ਸੰਸਕ੍ਰਿਤੀ ਸਰਵਸ਼੍ਰੇਸ਼ਠ ਹਨ, ਨੇ ਵਿਸ਼ਵ ਨੂੰ ਹੈਰਾਨ ਕਰ ਦਿੱਤਾ ਅਤੇ ਹਿੰਦੂਆਂ ਵਿਚ ਨਵੀਨ ਚੇਤਨਾ ਦਾ ਸੰਚਾਰ ਕੀਤਾ, ਕਿਉਂਕਿ ਉਸ ਸਮੇਂ ਹਿੰਦੂਆਂ ਵਿਚ ਯੂਰਪੀ ਸਭਿਅਤਾ ਅਤੇ ਸੰਸਕ੍ਰਿਤੀ ਦੇ ਸਾਹਮਣੇ ਆਪਣੇ ਆਪ ਨੂੰ ਹੀਣ ਸਮਝਣ ਦੀ ਭਾਵਨਾ ਵਿਆਪਤ ਸੀ।

ਇਹ ਸਭ ਯਤਨ ਅਤੇ ਆਕ੍ਰਮਣ ਜਾਤੀ-ਵਿਵਸਥਾ ਦੀ ਕਠੋਰਤਾਵਾਂ ਨੂੰ ਸਮਾਪਤ ਕਰਨ ਵਿਚ ਸਫਲ ਨਹੀਂ ਹੋਏ, ਭਾਵੇਂ ਜਾਤੀ ਦੀ ਕੁਝ ਸੰਰਚਨਾਤਮਕ ਵਿਸ਼ੇਸ਼ਤਾਵਾਂ ਉੱਤੇ ਨਿਸ਼ਚੇ ਹੀ ਇਨ੍ਹਾਂ ਦਾ ਪ੍ਰਭਾਵ ਪਿਆ।

> ਕੀ ਤੁਸੀਂ ਜਾਣਦੇ ਹੋ
>
> ਦੱਖਣ ਭਾਰਤ ਵਿਚ ਬਸਵਾਂ ਦੁਆਰਾ, ਜੋ 'ਲਿੰਗਾਇਤ ਅੰਦੋਲਨ' ਆਰੰਭ ਕੀਤਾ ਗਿਆ, ਉਸ ਨੇ ਵੀ ਬ੍ਰਾਹਮਣਾਂ ਦੀ ਸ੍ਰੇਸ਼ਠਤਾ ਦਾ ਵਿਰੋਧ ਕੀਤਾ ਅਤੇ ਮੂਰਤੀ ਪੂਜਾ ਅਤੇ ਜਾਤੀ-ਵਿਵਸਥਾ ਨੂੰ ਸਮਾਪਤ ਕਰਨ ਦੀ ਬੇਨਤੀ ਕੀਤੀ।

## 7.1.9 ਜਾਤੀ ਵਿਵਸਥਾ ਨੂੰ ਪ੍ਰਭਾਵਤ ਕਰਨ ਵਾਲੇ ਤੱਤ

ਉਪਰੋਕਤ ਵਿਸ਼ਲੇਸ਼ਣ ਦੇ ਆਧਾਰ ਉੱਤੇ ਇਹ ਧਾਰਨਾ ਨਹੀਂ ਬਣਾਉਣੀ ਚਾਹੀਦੀ ਕਿ ਸਾਰੇ ਜਾਤੀ ਸੰਰਚਨਾ ਕਿ ਵਿਸ਼ੇਸ਼ ਸਮੇਂ ਵਿਚ ਵਿਸ਼ੇਸ਼ ਸਰੂਪ ਲਿੱਤੀ ਹੋਈ ਸੀ ਅਤੇ ਬਾਅਦ ਵਿਚ ਇਸ ਵਿਚ ਪਰਿਵਰਤਨ ਕੀਤੇ ਗਏ, ਬਲਕਿ ਅਜਿਹੇ ਕੁਝ ਹੋਰ ਕਾਰਾਂ ਦਾ ਉਲੇਖ ਕੀਤਾ ਜਾ ਸਕਦਾ ਹੈ ਜੋ ਇਹ ਦੱਸਦੇ ਹਨ ਕਿ ਕਿਸ ਸਮੇਂ ਅਤੇ ਕਿਸ ਸਥਾਨ ਉੱਤੇ ਉਨ੍ਹਾਂ ਦਾ ਪ੍ਰਭਾਵ ਪਿਆ। ਲਾਰੇਂਸ ਰੋਸ ਨੇ ਇਸ ਸੰਬੰਧ ਵਿਚ ਛੇ ਕਾਰਕ ਦਾ ਉਲੇਖ ਕੀਤਾ ਹੈ—

1. **ਆਰੀਅਨ ਤੋਂ ਪਹਿਲਾਂ ਦੇ ਭੋਜਨ ਅਤੇ ਕਿੱਤੇ ਸੰਬੰਧੀ ਨਿਸ਼ੇਧ (Pre-Aryan food and Occupational Taboos) —** ਆਰੀਅਨ ਦੇ ਆਗਮਨ ਅਤੇ ਉੱਤਰ ਭਾਰਤ ਵਿਚ ਸਥਾਪਤ ਹੋਣ ਤੋਂ ਪਹਿਲਾਂ ਭਾਰਤ ਦੇ ਮੂਲ

ਆਦਿ-ਦ੍ਰਵਿੜਾਂ ਅਰਥਾਤ ਪ੍ਰੋਟੋ ਆਸਟ੍ਰੇਲਿਓਡਸ (Proto-Australoids) ਅਤੇ ਆਸਟ੍ਰੋ ਏਸ਼ੀਆਟਿਕਸ (Austro-Asiatics) ਨੇ ਸਹਿ ਭੋਜਨ ਦੇ ਵਿਸ਼ੇ ਵਿਚ ਵਿਦੇਸ਼ੀਆਂ ਦੇ ਨਾਲ, ਵਿਸ਼ੇਸ਼ ਰੂਪ ਨਾਲ ਦ੍ਰਵਿੜ ਭਾਸ਼ੀ ਅਜਨਬੀਆਂ ਦੇ ਨਾਲ ਅਨੇਕ ਨਿਸ਼ੇਧ (Taboos) ਲਾਗੂ ਕਰ ਦਿੱਤੇ ਸਨ। ਇਹ ਵਿਸ਼ਵਾਸ ਸੀ ਕਿ ਅਜਨਬੀਆਂ ਦੁਆਰਾ ਹੋਇਆ ਭੋਜਨ ਅਤੇ ਕਲਾ ਕ੍ਰਿਤੀਆਂ 'ਮਾਨਾ' ਜਾਂ ਜਾਦੂ ਨੂੰ ਨਿਸ਼ਪ੍ਰਭਾਵੀ ਕਰ ਦੇਣਗੀਆਂ ਅਤੇ ਇਸ ਪ੍ਰਕਾਰ ਖਾਣ ਵਾਲਿਆਂ ਉੱਤੇ ਖਤਰਨਾਕ ਪ੍ਰਭਾਵ ਛੱਡੇਗੀ। ਇਨ੍ਹਾਂ ਪੂਰਵ-ਦ੍ਰਵਿੜਾਂ ਦੇ ਪ੍ਰਤੀਨਿਧੀ ਵਰਤਮਾਨ ਵਿਚ ਆਸਾਮ ਦੇ ਨਾਗਾ ਲੋਕ ਹਨ ਜੋ ਅਜੇ ਵੀ ਅਜਨਬੀਆਂ ਦੇ ਨਾਲ ਭੋਜਨ ਦਾ ਨਿਸ਼ੇਧ ਕਰਦੇ ਹਨ।

2. **ਜਨਜਾਤੀ ਏਕਤਾ (Tribal Cohesion)**—ਮੂਲ ਜਨਜਾਤੀਆਂ ਨੇ ਹੌਲੀ-ਹੌਲੀ ਹਿੰਦੂਆਂ ਦੇ ਧਾਰਮਿਕ ਅਤੇ ਸਮਾਜਿਕ ਵਿਵਸਥਾਵਾਂ ਵਿਚ ਪ੍ਰਵੇਸ਼ ਕਰਨਾ ਆਰੰਭ ਕਰ ਦਿੱਤਾ, ਫਿਰ ਵੀ, ਉਨ੍ਹਾਂ ਨੇ ਆਪਣੀ ਸਮਾਜਿਕ-ਧਾਰਮਿਕ ਲੋਕ ਰੀਤੀਆਂ ਅਤੇ ਤਰੀਕਿਆਂ ਉੱਤੇ ਆਧਾਰਿਤ ਆਪਣੀ ਮੌਲਿਕ ਏਕਤਾ ਨੂੰ ਬਣਾ ਕੇ ਰੱਖਿਆ। ਹਿੰਦੂਆਂ ਨੇ ਵੀ ਉਨ੍ਹਾਂ ਦੇ ਰਿਵਾਜਾਂ ਨੂੰ ਸਹਿਨ ਕੀਤਾ ਅਤੇ ਸਮਝੌਤੇ ਦੀ ਭਾਵਨਾ ਨਾਲ ਉਨ੍ਹਾਂ ਦੀ ਪ੍ਰਥਾਵਾਂ ਨੂੰ ਜਾਰੀ ਰੱਖਣ ਦੀ ਅਨੁਮਤੀ ਪ੍ਰਦਾਨ ਕਰ ਦਿੱਤੀ। ਇਸ ਪ੍ਰਕਾਰ ਜਨਜਾਤੀ ਅੰਤਰ ਵਿਆਹੀ ਜਾਤੀ ਬਣ ਗਈ। ਸਾਤਮੀਕਰਣ (assimilation) ਦੀ ਇਹ ਹਲਕੀ ਪ੍ਰਕ੍ਰਿਆ ਭਾਰਤ ਦੇ ਅਨੇਕ ਹਿੱਸਿਆਂ ਵਿਚ ਵਿਕਾਸ ਦੇ ਵਿਭਿੰਨ ਅਵਸਥਾਵਾਂ ਵਿਚ ਦੇਖੀ ਗਈ ਹੈ।

3. **ਜਾਤੀ ਸ਼ੁੱਧਤਾ ਦੀ ਆਰੀਅਨ ਦੀ ਇੱਛਾ (The Aryan Desire for Racial Purity)**—ਈ. ਪੂਰਵ ਦੂਜੀ ਸ਼ਤਾਬਦੀ ਵਿਚ ਜਦ ਆਰੀਅਨ ਨੇ ਭਾਰਤ ਵਿਚ ਪ੍ਰਵੇਸ਼ ਕੀਤਾ ਤਾਂ ਉਹ ਤਿੰਨ ਵਰਗਾਂ ਵਿਚ ਵਿਭਕਤ ਸਨ—ਯੌਧ ਵਰਗ ਜਾਂ ਸ਼ਾਸਕ ਵਰਗ, ਪੁਰੋਹਿਤ ਵਰਗ, ਅਤੇ ਸਮਾਨਿਅ ਜਨ। ਆਰੰਭ ਵਿਚ ਇਕ ਵਰਗ ਦਾ ਦੂਜੇ ਵਿਚ ਪ੍ਰਵੇਸ਼ ਸੰਭਵ ਸੀ। ਆਰੀਆਂ ਨੇ। ਜੋ ਆਪਣੀ ਪ੍ਰਜਾਤੀਏ ਸ਼ੁੱਧਤਾ (racial purity) ਬਣਾ ਕੇ ਰਖਣਾ ਚਾਹੁੰਦੇ ਸਨ, ਮੂਲ ਨਿਵਾਸੀਆਂ ਦੇ ਨਾਲ ਵਿਆਹ ਨਿਸ਼ੇਧ ਕਰ ਦਿੱਤਾ। ਅੱਜ ਤਕ ਵੀ ਉੱਚ ਜਾਤੀ ਦੇ ਲੋਕ ਦੀ ਚਮੜੀ ਨੀਵੀਂ ਜਾਤੀਆਂ ਦੇ ਅਪੇਕਸ਼ਾਕ੍ਰਿਤ ਗੋਰੀ ਅਤੇ ਉਨ੍ਹਾਂ ਦੀ ਤਿੱਖੀ ਨੱਕ ਹੁੰਦੀ ਹੈ।

4. **ਸ਼ਿਲਪੀ ਸੰਘਾਂ ਦੀ ਨਿਰੰਤਰਤਾ (Guild Perpetuation)**—ਉਦਯੋਗਾਂ ਦੇ ਸਹਿਜੇ ਵਿਕਾਸ ਨੇ ਸ਼੍ਰਮ ਵਿਭਾਜਨ ਨੂੰ ਜਨਮ ਦਿੱਤਾ। ਆਰੀਅਨ ਨੇ ਚੰਗੇ ਕਿੱਤੇ ਧਾਰਨ ਕਰਕੇ ਅਤੇ ਆਪਣੇ ਬੱਚਿਆਂ ਨੂੰ ਪਰਿਵਾਰਿਕ ਪਰੰਪਰਾਗਤ ਧੰਦੇ ਉਪਲਬਧ ਕਰਾ ਕੇ ਅਤੇ ਸ਼ਿਲਪੀ-ਸੰਘਾਂ (guilds) ਵਿਚ ਅੰਤਰ ਵਿਆਹ ਉੱਤੇ ਬਲ ਦੇ ਕੇ ਉਨ੍ਹਾਂ ਦੇ ਹਿਤਾਂ ਦੀ ਰੱਖਿਆ ਆਰੰਭ ਕਰ ਦਿੱਤੀ। ਮੂਲ ਨਿਵਾਸੀਆਂ ਵਿਚੋਂ ਕੁਝ ਉੱਤੇ ਭਾਰੀ ਸਰੀਰਕ ਸ਼੍ਰਮ, ਭੰਗੀ ਦਾ ਕੰਮ, ਮ੍ਰਿਤ ਪਸ਼ੂਆਂ ਨੂੰ ਚੁੱਕਣ ਦਾ ਕੰਮ, ਆਦਿ ਲਦ ਦਿੱਤਾ। ਜੋ ਲੋਕ ਇਨ੍ਹਾਂ ਕੰਮਾਂ ਦੇ ਲਈ ਮਜਬੂਰ ਕਰ ਦਿੱਤੇ ਗਏ ਅਤੇ ਸਨਮਾਨਿਤ ਪੇਸ਼ੇ ਵਾਲੇ ਲੋਕਾਂ ਦੇ ਨਾਲ ਵਿਆਹ ਸੰਬੰਧਾਂ ਤੋਂ ਵੰਚਿਤ ਕਰ ਦਿੱਤਾ ਗਿਆ। ਇਸ ਪ੍ਰਕਾਰ ਆਪਣੇ ਸ਼ਿਲਪ ਜਾਂ ਪੇਸ਼ੇ ਨੂੰ ਅਤੇ ਅਧਿਕਾਰਾਂ ਨੂੰ ਜਾਰੀ ਰੱਖਣ ਦੀ ਇੱਛਾ ਨੇ ਜਾਤੀ ਨੂੰ ਬਲ ਪ੍ਰਦਾਨ ਕੀਤਾ।

5. **ਪੁਰੋਹਿਤੀ ਸ੍ਰੇਸ਼ਠਤਾ ਅਤੇ ਧਾਰਮਿਕ ਮਤਾਗ੍ਰਹਿ (Priestly Superemacy And Religious Dogmas)**—ਜਦ ਆਰੀਆ ਲੋਕ ਭਾਰਤ ਵਿਚ ਆਏ ਤਾਂ ਆਰੰਭ ਵਿਚ ਪੁਰੋਹਿਤਾਂ-ਪੁਜਾਰੀਆਂ ਨੇ ਹੋਰ ਵਰਗਾਂ ਦੇ ਲੋਕਾਂ ਨੂੰ ਵੀ ਆਪਣੇ ਵਿਚ ਮਿਲਾ ਲਿਆ। ਫਿਰ ਵੀ ਪੁਰੋਹਿਤ ਵਰਗ ਯੋਧਾ (military) ਵਰਗ ਦੇ ਅਧੀਨ (Subordinate) ਸੀ। ਹੌਲੀ-ਹੌਲੀ ਬ੍ਰਾਹਮਣਾਂ ਨੇ ਪੁਰੋਹਿਤ ਕੰਮਾਂ ਉੱਤੇ ਇਕਾਧਿਕਾਰ ਜਮਾ ਕੇ ਆਪਣੀ ਸ੍ਰੇਸ਼ਠਤਾ ਪ੍ਰਾਪਤ ਕਰ ਲਈ। 550 ਈ. ਪੂਰਵ ਜਦ ਬੁੱਧ ਧਰਮ ਨੂੰ ਰਾਜ ਦੇ ਧਰਮ ਦੇ ਰੂਪ ਵਿਚ ਸਵੀਕਾਰ ਕਰ ਲਿਆ ਗਿਆ ਤਦ ਬੁੱਧ ਧਰਮ ਨੇ ਮੁਕਤੀ ਦੇ ਮਾਰਗ (salvation) ਦੇ ਰੂਪ ਵਿਚ ਜਨਮ ਦੀ ਅਪੇਕਸ਼ਾ (virtue) ਨੂੰ ਬਲ ਦੇ ਕੇ ਜਾਤੀ ਵਿਵਸਥਾ ਦਾ ਵਿਰੋਧ ਕੀਤਾ। ਖੱਤਰੀਆਂ ਦੇ ਨਾਲ ਯੁੱਧ ਦੇ ਬਾਅਦ ਬ੍ਰਾਹਮਣਾਂ ਨੇ ਆਪਣੇ ਨੂੰ ਉੱਚਾ ਮੰਨ ਕੇ ਅਨੇਕ ਮਤਾ ਗ੍ਰਹਿ (dogmas) ਲਾਗੂ ਕਰ ਦਿੱਤੇ ਅਤੇ ਆਪਣੀ ਸ੍ਰੇਸ਼ਠਤਾ ਨੂੰ ਬਣਾ ਕੇ ਰੱਖਿਆ। ਇਨ੍ਹਾਂ ਮਤਾਗ੍ਰਿਹਾਂ ਉੱਤੇ ਪਵਿੱਤਰ ਭਾਵ ਨਾਲ ਵਿਸ਼ਵਾਸ ਕੀਤਾ ਜਾਂਦਾ ਸੀ ਅਤੇ ਯੁਗਾਂ ਤਕ ਇਨ੍ਹਾਂ ਨੇ ਜਾਤੀ-ਬੰਧਨਾਂ ਦੇ ਪ੍ਰਚਲਣ ਨੂੰ ਇਕ ਧਾਰਮਿਕ ਪ੍ਰਸ਼ਠਭੂਮੀ ਪ੍ਰਦਾਨ ਕੀਤੀ। ਧਾਰਮਿਕ ਵਿਚਾਰਾਂ ਦਾ ਆਰੰਭ (initiation) ਛੂਤ ਦੀ ਬਿਮਾਰੀ ਦੇ ਸਮਾਨ ਫੈਲਣ ਵਾਲਾ ਰਿਹਾ। ਬ੍ਰਾਹਮਣਾਂ ਦੇ ਸਵਾਰਥ ਪੂਰਨ ਹਿਤਾਂ ਨੂੰ ਨਾਗਰਿਕ ਸ਼ਕਤੀਆਂ (civil powers) ਦੁਆਰਾ ਸਮਰਥਨ ਮਿਲਦਾ ਰਿਹਾ। ਅਨੇਕ ਉਪ ਜਾਤੀਆਂ ਦਾ ਨਵੇਂ ਸੰਸਕਾਰਾਂ ਦੇ ਨਾਲ ਉਦੇ ਹੋਇਆ ਅਤੇ ਉਨ੍ਹਾਂ ਨੇ ਅੰਤਰ ਵਿਆਹੀ ਜਾਤੀ ਦੇ ਰੂਪ ਵਿਚ ਸਥਾਪਤ ਹੋਣ ਦਾ ਦਾਵਾ ਕੀਤਾ। ਇਸ ਪ੍ਰਕਾਰ ਜਾਤੀਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਰਿਹਾ। ਸੋ ਜਾਤੀ ਵਿਵਸਥਾ ਵਿਚ ਕਠੋਰਤਾ ਵਿਚ ਵੀ ਵਾਧਾ ਹੁੰਦਾ ਗਿਆ।

6. **ਪ੍ਰਵਰਜਨ (Migration)**—ਜਦ ਸਮੂਹ (ਜਾਤੀਆਂ/ਉਪਜਾਤੀਆਂ) ਨਵੇਂ ਸਥਾਨਾਂ ਨੂੰ ਜਾਣ ਲਗੇ, ਉਹ ਆਪਣੀ ਪੈਤ੍ਰਕ ਜਾਤੀ ਤੋਂ ਅਲੱਗ-ਥਲੱਗ ਪੈ ਗਏ ਕਿਉਂਕਿ ਆਵਾਗਮਨ ਦੇ ਸਾਧਨਾਂ ਦਾ ਵਿਕਾਸ ਨਹੀਂ ਹੋਇਆ ਸੀ। ਪੈਦਲ ਜਾਂ ਬੈਲਗਾੜੀ ਆਦਿ ਨਾਲ ਹੀ ਉਹ ਆਪਣੇ ਰਿਸ਼ਤੇਦਾਰਾਂ ਨਾਲ ਸੰਪਰਕ ਬਣਾ ਕੇ ਰਖਦੇ ਸਨ। ਹੌਲੀ-ਹੌਲੀ ਅੱਗੇ ਆਉਣ ਵਾਲੇ ਸਾਲਾਂ ਵਿਚ ਉਨ੍ਹਾਂ ਦਾ ਭੋਜਨ ਉਨ੍ਹਾਂ ਦੇ ਰੀਤੀ-ਰਿਵਾਜ ਅਤੇ ਸੰਸਕਾਰ ਬਦਲਦੇ ਰਹੇ। ਇਨ੍ਹਾਂ ਵਿਵਿਧਤਾਵਾਂ ਨੇ ਵੀ ਨਵੇਂ ਜਾਤੀ ਸਮੂਹਾਂ ਨੂੰ ਜਨਮ ਦਿੱਤਾ।

ਨੋਟ

## 7.1.10 ਸੁਤੰਤਰਤਾ ਪੂਰਵ ਉਦਯੋਗਿਕ ਕਾਲ

ਅੰਗ੍ਰੇਜ਼ਾਂ ਨੇ ਭਾਰਤ ਦੀ ਧਾਰਮਿਕ ਅਤੇ ਸਮਾਜਿਕ ਪਰੰਪਰਾਵਾਂ ਦੇ ਪਰਿਵਰਤਨ ਵਿਚ ਬਹੁਤ ਘੱਟ ਕੰਮ ਕੀਤਾ। ਨਿਯੋਜਿਤ ਸਮਾਜਿਕ ਪਰਿਵਰਤਨ ਦੇ ਲਈ ਉਨ੍ਹਾਂ ਨੇ 'ਹੱਥ ਝਾੜੋ ਨੀਤੀ' (Hands off) ਦਾ ਸਹਾਰਾ ਲਿਆ। ਉਨ੍ਹਾਂ ਨੇ ਲੋਕਾਂ ਨੂੰ ਪੂਜਾ ਵਿਚ ਸੁਤੰਤਰਤਾ ਅਤੇ ਧਾਰਮਿਕ ਨਿਰਪੇਖਤਾ (religious neutrality) ਦਾ ਵਾਇਦਾ ਕੀਤਾ। ਭੂਮੀ ਲਗਾਨ ਵਸੂਲ ਕਰਨ ਵਾਲਿਆਂ ਨੂੰ ਜਿਮੀਂਦਾਰ ਅਤੇ ਮਹਾਰਾਜਾ ਦੇ ਪਦ ਉੱਤੇ ਬਿਠਾ ਦਿੱਤਾ ਗਿਆ। ਜਾਤੀ ਸੰਸਕਰਣ ਵਿਚ ਉੱਚਸਥ ਲੋਕਾਂ ਦੇ ਹੋਰ ਲੋਕਾਂ ਦੇ ਸੰਦਰਭ ਵਿਚ ਸੱਤਾ ਤੇ ਪ੍ਰਾਧਿਕਾਰਾਂ ਨੂੰ ਸਵੀਕ੍ਰਿਤੀ ਪ੍ਰਦਾਨ ਕੀਤੀ ਗਈ। ਅਜਿਹੀ ਦਸ਼ਾਵਾਂ ਵਿਚ ਜਾਤੀ ਨਾਲ ਸੰਬੰਧ ਰੀਤੀ-ਰਿਵਾਜ ਪਨਪਦੇ ਰਹੇ। ਪਰੰਤੂ ਕੁਝ ਅਪਵਾਦ ਵੀ ਸਨ, ਜਿਵੇਂ ਕੁਝ ਨਾਗਰਿਕ ਵਿਧਾਨ (ਉਦਾਹਰਣ ਲਈ ਜਾਤੀ ਨਿਰਯੋਗਤਾ ਉਨਮੂਲਨ ਅਧਿਨਿਯਮ) ਅਤੇ ਕੋਰਟਾਂ ਨੇ ਵਿਆਹ ਨੂੰ ਨਿਯਮ ਕਰਨ ਦੇ ਯਤਨ ਕੀਤੇ, ਅਤੇ ਜਾਤੀ ਪੰਚਾਇਤਾਂ ਦੀ ਬਜਾਏ ਫੌਜਦਾਰੀ ਅਦਾਲਤਾਂ ਕੁਝ ਮਾਮਲਿਆਂ ਵਿਚ ਨਿਰਣੇ ਲੈਣ ਲੱਗੀਆਂ, ਜਿਵੇਂ, ਮਾਰ-ਕੁੱਟ, ਪਰ ਇਸਤ੍ਰੀ ਗਮਨ, ਬਲਾਤਕਾਰ ਆਦਿ। 1872 ਦੇ ਵਿਸ਼ੇਸ਼ ਵਿਆਹ ਅਧਿਨਿਯਮ ਦੇ ਦੁਆਰਾ ਅੰਤਰਜਾਤੀ ਵਿਆਹ ਅਧਿਨਿਯਮ ਦੇ ਬਾਵਜੂਦ ਵੀ ਇਹ ਵਿਆਹ ਗਿਣਤੀ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਨਹੀਂ ਰਹੇ।

ਵਿਸ਼ਵ ਯੁੱਧ ਦੇ ਬਾਅਦ ਭਾਰਤ ਵਿਚ ਉਦਯੋਗੀਕਰਨ ਵਿਚ ਵਾਧਾ ਹੁੰਦਾ ਗਿਆ ਜਿਸ ਦੇ ਕਾਰਣ ਲੋਕਾਂ ਨੇ ਪਿੰਡਾਂ ਤੋਂ ਸ਼ਹਿਰਾਂ ਵਿਚ ਪਲਾਇਣ ਆਰੰਭ ਕਰ ਦਿੱਤਾ ਅਤੇ ਦੋ ਕਾਰਕਾਂ ਦੇ ਅਲਾਵਾ ਕੁਝ ਹੋਰ ਕਾਰਕਾਂ ਨੇ ਵੀ ਇਸ ਕਾਲ ਵਿਚ ਜਾਤੀ ਸੰਰਚਨਾ ਨੂੰ ਪ੍ਰਭਾਵਤ ਕੀਤਾ। ਵਰਤਮਾਨ ਵਿਚ ਜਾਤੀ-ਵਿਵਸਥਾ ਦੀ ਵਿਆਖਿਆ ਕਰਨ ਅਤੇ ਇਸ ਦੀ ਸਖ਼ਤੀਆਂ ਨੂੰ ਢਿੱਲਾ ਹੋਣ ਦੇ ਕਾਰਣਾਂ ਦੀ ਵਿਵੇਚਨਾ ਕਰਨ ਦੇ ਪੂਰਵ ਇਹ ਜਰੂਰੀ ਹੈ ਕਿ ਵੀਹਵੀਂ ਸ਼ਤਾਬਦੀ ਦੀ ਪਹਿਲੀ ਪੰਜ ਸ਼ਤਾਬਦੀਆਂ ਵਿਚ ਜਾਤੀ ਸੰਰਚਨਾ ਵਿਚ ਪਰਿਵਰਤਨ ਲਿਆਉਣ ਵਾਲੇ ਦੋ ਮਹੱਤਵਪੂਰਨ ਕਾਰਕਾਂ ਅਤੇ ਉਦਯੋਗੀਕਰਨ ਅਤੇ ਨਗਰੀਕਰਣ ਦਾ ਵਰਣਨ ਕੀਤਾ ਜਾਵੇ।

**ਉਦਯੋਗੀਕਰਨ (Industrialsation)**—ਉਦਯੋਗਾਂ ਦੇ ਵਿਕਾਸ ਨੇ ਹੱਥ ਸ਼ਿਲਪ ਨੂੰ ਖਤਮ ਕਰ ਦਿੱਤਾ ਅਤੇ ਜੀਵਨ-ਨਿਰਵਾਹ ਦੀ ਅਣਸੁਣੀ ਵਿਧੀਆਂ ਦਾ ਪ੍ਰਯੋਗ ਕੀਤਾ ਜਾਣ ਲੱਗਿਆ। ਵਿਵਸਾਇਕ ਗਤੀਸ਼ੀਲਤਾ ਅਤੇ ਪੈਤ੍ਰਿਕ ਪਿੰਡਾਂ ਤੋਂ ਜਾਣ ਦੀ ਪ੍ਰਕ੍ਰਿਆ ਨੇ ਜਾਤੀ ਦੇ ਉਨ੍ਹਾਂ ਮਾਨਦੰਡਾਂ ਨੂੰ ਤੋੜਨਾ ਆਰੰਭ ਕਰ ਦਿੱਤਾ ਜਿਨ੍ਹਾਂ ਦਾ ਵਿਆਹ ਨਾਲ ਕੋਈ ਸੰਬੰਧ ਨਹੀਂ ਸੀ। ਉਦਯੋਗੀਕਰਨ ਨਾਲ ਯਾਤਾਯਾਤ ਦੇ ਨਵੇਂ ਸਾਧਨ ਵੀ ਵਿਕਸਤ ਹੋਏ। ਨਤੀਜੇ ਵਜੋਂ ਬੱਸਾਂ ਤੇ ਰੇਲਾਂ ਵਿਚ ਵਧਦੀ ਹੋਈ ਭੀੜ ਤੋਂ ਵਿਭਿੰਨ ਜਾਤੀਆਂ ਦੀ ਲੱਖਾਂ ਦੀ ਸੰਖਿਆ ਵਿਚ ਲੋਕਾਂ ਦਾ ਇਕ ਦੂਜੇ ਦੇ ਨਾਲ ਉਠਣ-ਬੈਠਣ ਦੇ ਕਾਰਣ ਸੰਸਾਰਿਕ ਪਵਿੱਤਰਤਾ (Ritual Purity) ਖਤਮ ਜਿਹੀ ਹੋ ਗਈ। ਜਿਵੇਂ-ਜਿਵੇਂ ਉਦਯੋਗਿਕ ਸ੍ਰਮਿਕ ਆਪਣੇ ਪਰਿਵਾਰ ਪਿੰਡਾਂ ਵਿਚ ਛੱਡ ਕੇ ਸ਼ਹਿਰਾਂ ਵਿਚ ਜਾਂ ਉਦਯੋਗਿਕ ਖੇਤਰਾਂ ਵਿਚ ਜਾ ਕੇ ਵਿਭਿੰਨ ਜਾਤੀਆਂ ਦੇ ਲੋਕਾਂ ਦੇ ਨਾਲ ਇਕ ਹੀ ਮਕਾਨ ਵਿਚ ਰਹਿਣ ਲਗੇ ਉਵੇਂ-ਉਵੇਂ ਖਾਣ-ਪੀਣ ਦੀ ਨਿਸ਼ੇਧ ਵੀ ਘੱਟ ਪ੍ਰਭਾਵੀ ਹੁੰਦੇ ਗਏ।

ਫਿਰ ਵੀ, ਉਦਯੋਗੀਕਰਨ ਦਾ ਪ੍ਰਭਾਵ ਇਕ ਸਮਾਨ ਨਹੀਂ ਹੋਇਆ ਹੈ ਅਤੇ ਜਾਤੀ ਵਿਵਸਥਾ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਇਸ ਨਾਲ ਪੂਰਨ ਰੂਪ ਵਿਚ ਪ੍ਰਭਾਵਤ ਨਹੀਂ ਹੋਈਆਂ ਹਨ। ਉਦਾਹਰਣ ਲਈ, ਇਸ ਦਾ ਵਿਆਹ ਉੱਤੇ ਅਤੇ ਜਾਤੀ ਦੇ ਮਾਨਦੰਡਾਂ ਉੱਤੇ ਕੋਈ ਪ੍ਰਭਾਵ ਨਹੀਂ ਪਿਆ ਹੈ। ਇਸ ਦਾ ਕਰਨ ਇਹ ਹੈ ਕਿ ਸਮਾਜਿਕ ਕਦਰਾਂ-ਕੀਮਤਾਂ ਦੀ ਜੜ੍ਹਾਂ ਬਹੁਤ ਡੂੰਘੀਆਂ ਹਨ। ਪਰੰਤੂ ਇਸ ਵਿਚ ਸੰਦੇਹ ਨਹੀਂ ਹੈ ਕਿ ਜਾਤੀ ਸੰਰਚਨਾ ਉੱਤੇ ਉਦਯੋਗੀਕਰਨ ਦਾ ਪ੍ਰਭਾਵ ਜਰੂਰ ਪਿਆ ਹੈ।

ਕੁਝ ਵਿਦਵਾਨਾਂ ਦਾ ਵਿਸ਼ਵਾਸ ਸੀ ਕਿ ਉਦਯੋਗੀਕਰਨ ਨਾਲ ਆਪਣੇ ਆਪ ਜਾਤੀ ਵਿਵਸਥਾ ਖਤਮ ਹੋ ਜਾਏਗੀ ਅਤੇ ਇਸ ਦੇ ਸਥਾਨ ਉੱਤੇ ਹੋਲੀ-ਹੋਲੀ ਵਰਗ ਵਿਵਸਥਾ ਆ ਜਾਏਗੀ ਜੋ ਕਿ ਪੱਛਮੀ ਵਿਕਸਤ ਉਦਯੋਗਿਕ ਸਮਾਜਾਂ ਵਿਚ ਪਾਈ ਜਾਂਦੀ ਹੈ। ਇਕ ਹੱਦ ਤਕ ਇਹ ਆਸ਼ਾ ਅਤੇ ਦੂਰ-ਦ੍ਰਿਸ਼ਟੀ ਇਸ ਵਿਸ਼ਵਾਸ ਨਾਲ ਪੈਦਾ ਹੋਈ ਕਿ ਮਸ਼ੀਨੀਕਰਨ ਅਤੇ ਉਤਪਾਦਨ ਵਿਚ ਰਾਸ਼ਟਰੀ ਭਾਵਨਾ ਦਾ ਪ੍ਰਯੋਗ ਸਮਾਜਿਕ ਪਰਿਵਰਤਨ ਦਾ ਇਕ ਸ੍ਰੋਤ ਹੈ। ਪਰੰਤੂ ਸਮਾਜਿਕ ਪਰਿਵਰਤਨ ਨਾਲ ਸੰਬੰਧਿਤ ਇਹ ਧਾਰਣਾ ਕੇਵਲ ਆਰਥਿਕ ਪਰਿਪੇਖ ਪ੍ਰਸਤੁਤ ਕਰਦੀ ਹੈ। ਸਮਾਜਿਕ ਪਰਿਵਰਤਨ ਦਾ ਸਮਾਜਿਕ-ਸੰਰਚਨਾਤਮਕ ਅਤੇ ਜਨਸੰਖਿਆਤਮਕ ਪੱਖ ਵੀ ਹੈ। ਉਦਯੋਗਿਕ ਸਮਾਜ ਦਾ ਪੂਰਨ ਰੂਪੇਣ ਬੁੱਧੀਸੰਗਤ (Rational) ਸਮਾਜ ਹੋਣਾ ਜਰੂਰੀ ਨਹੀਂ ਹੈ।

**ਸ਼ਹਿਰੀਕਰਨ (Urbanization)**—ਨਗਰਾਂ ਦੇ ਵਿਕਾਸ, ਯਾਤਾਯਾਤ ਦੇ ਵਿਕਸਤ ਸਾਧਨਾਂ, ਅਤੇ ਸੰਚਾਰ ਦੇ ਸਾਧਨਾਂ ਵਿਚ ਤਰੱਕੀ ਨੇ ਭਾਰਤ ਵਿਚ ਜਾਤੀ ਦੀ ਕਾਰਜ ਪ੍ਰਣਾਲੀ ਨੂੰ ਬਦਲਿਆ ਹੈ। ਨਾ ਸਿਰਫ਼ ਇਸ ਨੇ ਸਹਿਭੋਜ ਸੰਬੰਧੀ (Commensal) ਨਿਯਮਾਂ ਨੂੰ ਸ਼ਿਥਿਲ ਕੀਤਾ ਹੈ, ਸਗੋਂ ਬ੍ਰਾਹਮਣਾਂ ਦੇ ਅਧਿਕਾਰ ਉੱਤੇ ਵੀ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ। ਇਸ ਸੰਦਰਭ ਵਿਚ ਐਮ.ਐਨ. ਸ੍ਰੀਨਿਵਾਸ ਨੇ ਕਿਹਾ ਹੈ ਕਿ ਬ੍ਰਾਹਮਣਾਂ ਦੇ ਸ਼ਹਿਰਾਂ ਵਿਚ ਪ੍ਰਵਰਜਨ ਦੇ ਕਾਰਣ, ਗੈਰ ਬ੍ਰਾਹਮਣ ਉਨ੍ਹਾਂ ਨੂੰ ਉਹ ਸਨਮਾਨ ਦੇਣ ਤੋਂ ਇਨਕਾਰ ਕਰਦੇ ਹਨ ਜੋ ਉਹ ਉਨ੍ਹਾਂ ਨੂੰ ਪਹਿਲੇ ਦਿੱਤਾ ਕਰਦੇ ਸਨ। ਅੰਤਰਜਾਤੀ ਖਾਣ-ਪੀਣ ਦੇ ਨਿਸ਼ੇਧਾਂ ਵਿਚ ਵੀ ਸ਼ਿਥਿਲਤਾ ਆਉਣ ਲਗੀ ਹੈ। ਧੁਰਿਏ ਨੇ ਵੀ ਸਵੀਕਾਰ ਕੀਤਾ ਕਿ ਜਾਤੀ ਵਿਵਸਥਾ ਦੀ ਸਖ਼ਤਾਈ ਨਾਲ ਪਰਿਵਰਤਨ ਨਗਰਾਂ ਦੇ ਪਾਸੇ ਜਾਣ ਵਾਲੀ ਜਨਸੰਖਿਆ ਦੇ ਕਾਰਣ ਅਤੇ ਨਗਰਾਂ ਦੇ ਵਿਕਾਸ ਦੇ ਕਾਰਣ ਹੋਏ ਹਨ। ਕਿੰਗਸਲੇ ਡੇਵਿਸ ਨੇ ਵੀ ਮੰਨਿਆਂ ਹੈ ਕਿ ਸ਼ਹਿਰਾਂ ਦੀ ਗੁਮਨਾਮੀਪਨ ਦੀ ਪ੍ਰਵਿਰਤੀ (anonymity), ਭੀੜ-ਭਾੜ, ਗਤੀਸ਼ੀਲਤਾ, ਧਰਮ-ਨਿਰਪੇਖਤਾ, ਅਤੇ ਪਰਿਵਰਤਨਸ਼ੀਲਤਾ ਜਾਤੀ ਦੇ ਕੰਮਾਂ ਨੂੰ ਅਸੰਭਵ ਬਣਾਉਂਦੀ ਹੈ।

ਨੋਟ

ਨਰਮਦੇਸ਼ਵਰ ਪ੍ਰਸਾਦ ਨੇ ਬਿਹਾਰ ਦੀ ਪੰਜ ਜਾਤੀਆਂ ਵਿਚ ਇਹ ਪਤਾ ਲਗਾਉਣ ਦੇ ਨਹੀਂ ਅਨੁਸੰਧਾਨ ਕੀਤਾ ਕਿ ਜਾਤੀ ਸੰਬੰਧ ਉੱਤੇ ਸ਼ਹਿਰੀ-ਉਦਯੋਗਿਕ ਸ਼ਕਤੀਆਂ ਦਾ ਕੀ ਪ੍ਰਭਾਵ ਹੁੰਦਾ ਹੈ। ਉਨ੍ਹਾਂ ਨੇ ਇਕ ਪਾਸੇ ਤਾਂ ਛਪਰਾ ਜਿੱਲ੍ਹੇ ਦੇ ਇਕ ਪਿੰਡ ਦਾ ਅਤੇ ਦੂਜੇ ਪਾਸੇ ਛਪਰਾ ਨਗਰ ਦਾ, ਜੋ ਇਕ ਉਦਯੋਗਿਕ ਖੇਤਰ ਵੀ ਸੀ, ਦਾ ਅਧਿਐਨ ਕੀਤਾ। ਜਿਨ੍ਹਾਂ ਪੰਜ ਜਾਤੀਆਂ ਦਾ ਅਧਿਐਨ ਕੀਤਾ ਗਿਆ ਉਹ ਸਨ—ਬ੍ਰਾਹਮਣ, ਰਾਜਪੂਤ, ਅਹੀਰ, ਧੋਬੀ ਅਤੇ ਚਮਾਰ। ਉਨ੍ਹਾਂ ਨੇ ਗ੍ਰਾਮੀਣ ਅਤੇ ਉਦਯੋਗਿਕ-ਨਗਰੀ ਖੇਤਰ ਤੋਂ ਹਰੇਕ ਜਾਤੀ ਦੇ ਵੀਹ ਵਿਅਕਤੀਆਂ ਦਾ ਅਧਿਐਨ ਕੀਤਾ। ਇਸ ਪ੍ਰਕਾਰ ਉਨ੍ਹਾਂ ਨੇ ਸ਼ਹਿਰਾਂ ਤੇ ਪਿੰਡਾਂ ਵਿਚ ਜਾਤੀਆਂ ਦੀ ਕਾਰਜ-ਪ੍ਰਣਾਲੀ ਦੀ ਤੁਲਨਾ ਦੇ ਲਈ 200 ਵਿਅਕਤੀਆਂ ਦਾ ਅਧਿਐਨ ਕੀਤਾ। ਉਨ੍ਹਾਂ ਨੇ ਪਾਇਆ ਕਿ ਪਿੰਡ ਵਿਚ ਹਰੇਕ ਜਾਤੀ ਭਲੀ ਭਾਂਤ ਗੁੰਦਿਆ ਹੋਇਆ ਇਕ ਸਮਰੂਪ (homogeneous) ਸਮੂਹ ਹੈ। ਇਸ ਵਿਚ ਅੰਤਰਭੋਜ ਦਾ ਨਿਸ਼ੇਧ ਹੈ, ਜਾਤੀ ਪੰਚਾਇਤ ਪੂਰਨ ਸ਼ਕਤੀਮਾਨ ਹੈ, ਜਾਤੀ ਭੋਜ ਜਰੂਰੀ ਹੈ, ਸਾਰੀਆਂ ਜਾਤੀਆਂ ਸਮਾਜਿਕ ਤੇ ਧਾਰਮਿਕ ਕੰਮਾਂ ਵਿਚ ਸਹਿਯੋਗ ਕਰਦੀਆਂ ਹਨ, ਅਨਨਿਰਵਾਹ ਜਾਰੀ ਹੈ ਅਤੇ ਜਾਤੀ ਸੰਸਕਰਣ ਵਿਦਿਅਮਾਨ ਹੈ। ਦੂਜੇ ਪਾਸੇ ਸ਼ਹਿਰ ਵਿਚ ਜਾਤੀ ਏਕਤਾ ਨਹੀਂ ਹੈ, ਭਿੰਨ-ਭਿੰਨ ਜਾਤੀਆਂ ਦੇ ਲੋਕ ਇਕ ਹੀ ਕਮਰੇ ਵਿਚ ਨਾਲ-ਨਾਲ ਭੋਜਨ ਕਰਦੇ ਹਨ, ਜਾਤੀ ਪੰਚਾਇਤ ਕਦੀ-ਕਦੀ ਹੁੰਦੀ ਹੈ ਅਤੇ ਅਸਥਾਈ ਹੈ, ਜਾਤੀ-ਭੋਜ ਸਰਬ-ਵਿਆਪੀ ਨਹੀਂ ਹੈ, ਅਤੇ ਸਮਾਜਿਕ-ਧਾਰਮਿਕ ਆਯੋਜਨਾਂ ਵਿਚ ਜਾਤੀ ਸਹਿਯੋਗ ਵੀ ਨਹੀਂ ਹੈ। ਪੰਜਾਂ ਜਾਤੀਆਂ ਦੇ ਪਾਰੰਪਰਿਕ ਕਿੱਤਿਆਂ ਵਿਚ ਪਰਿਵਰਤਨ ਦਾ ਅਧਿਐਨ ਕਰਦੇ ਹੋਏ ਉਨ੍ਹਾਂ ਨੇ ਦੇਖਿਆ ਕਿ ਜਿੱਥੇ ਸ਼ਹਿਰੀ-ਉਦਯੋਗਿਕ ਖੇਤਰ ਵਿਚ ਪੂਰਣਰੂਪੇਣ ਵਿਚਲਨ ਦੀ ਸਥਿਤੀ ਸੀ, ਉਥੇ ਦੂਜੇ ਪਾਸੇ ਗ੍ਰਾਮੀਣ ਖੇਤਰ ਵਿਚ ਆਂਸ਼ਿਕ ਵਿਚਲਨ ਸੀ। ਪਿੰਡ ਵਿਚ ਅਧਿਐਨ ਕੀਤੇ ਗਏ 100 ਵਿਅਕਤੀਆਂ ਵਿਚੋਂ ਸਿਰਫ਼ 19% (ਅਹੀਰ 9, ਰਾਜਪੂਤ 7, ਬ੍ਰਾਹਮਣ 3) ਆਪਣੇ ਪਰੰਪਰਾਗਤ ਕਿੱਤਿਆਂ ਨਾਲ ਵਿਚਲਿਤ ਹੋ ਗਏ ਸਨ। ਇਹ ਦਰਸਾਉਂਦਾ ਹੈ ਕਿ ਸ਼ਹਿਰੀ-ਉਦਯੋਗਿਕ ਖੇਤਰ ਵਿਚ ਜਾਤੀ ਦੁਆਰਾ ਪ੍ਰਦੱਤ ਪਰੰਪਰਾਗਤ ਕੰਮ ਹੁਣ ਕੰਮ ਨਹੀਂ ਕਰਦੇ। ਆਪਣੇ ਉੱਤਰਦਾਤਾਵਾਂ ਦੀ ਅੰਤਰ-ਜਾਤੀ ਵਿਆਹ ਦੇ ਸੰਬੰਧ ਵਿਚ ਅਭਿਰੁਚੀਆਂ ਦੀ ਤੁਲਨਾ ਕਰਦੇ ਹੋਏ ਉਨ੍ਹਾਂ ਨੇ ਪਾਇਆ ਕਿ ਸ਼ਹਿਰੀ ਤੇ ਪੇਂਡੂ ਦੋਵੇਂ ਹੀ ਖੇਤਰਾਂ ਵਿਚ ਜ਼ਿਆਦਾਤਰ ਉੱਤਰਦਾਤਾ (87% ਪੇਂਡੂ ਖੇਤਰਾਂ ਵਿਚ ਅਤੇ 75% ਸ਼ਹਿਰੀ ਖੇਤਰਾਂ ਵਿਚ) ਇਸ ਨੂੰ ਨਾਪਸੰਦ ਕਰਦੇ ਸਨ। ਇਹ ਸਭ ਦਰਸਾਉਂਦਾ ਹੈ ਕਿ ਨਗਰੀਕਰਣ ਦਾ ਜਾਤੀ ਵਿਵਸਥਾ ਉੱਤੇ ਪ੍ਰਭਾਵ ਪੈਂਦਾ ਹੈ।

ਟਾਸਕ ਪ੍ਰਵਰਜਨ ਤੋਂ ਤੁਸੀਂ ਕੀ ਸਮਝਦੇ ਹੋ?

### 7.1.11 ਸੁਤੰਤਰਤਾ ਤੋਂ ਬਾਅਦ ਦਾ ਕਾਲ

ਦੇਸ਼ ਦੀ ਰਾਜਨੀਤਿਕ ਸੁਤੰਤਰਤਾ ਦੇ ਬਾਅਦ ਉਦਯੋਗੀਕਰਨ ਅਤੇ ਨਗਰੀਕਰਣ ਆਦਿ ਕਾਰਕਾਂ ਦੇ ਅਲਾਵਾ ਹੋਰ ਮਹੱਤਵਪੂਰਨ ਕਾਰਕ ਜਿਨ੍ਹਾਂ ਨੇ ਜਾਤੀ-ਵਿਵਸਥਾ ਨੂੰ ਪ੍ਰਭਾਵਤ ਕੀਤਾ ਹੈ ਉਹ ਹਨ — ਵਿਭਿੰਨ ਪ੍ਰਾਂਤਾਂ ਦਾ ਮੇਲ (merger), ਵਿਵਿਧ ਕਾਨੂੰਨਾਂ ਦਾ ਕ੍ਰਿਆਨਵਿਅਨ, ਸਿਖਿਆ ਦਾ ਵਿਸਤਾਰ, ਸਮਾਜਿਕ-ਧਾਰਮਿਕ ਸੁਧਾਰ, ਪੱਛਮੀਕਰਣ, ਆਧੁਨਿਕ ਕਿੱਤਿਆਂ ਦਾ ਵਿਕਾਸ, ਸਥਾਨਕ ਗਤੀਸ਼ੀਲਤਾ ਅਤੇ ਬਾਜਾਰ-ਅਰਥ ਵਿਵਸਥਾ ਦਾ ਵਿਕਾਸ, ਆਦਿ। ਸੁਤੰਤਰਤਾ ਤੋਂ ਪਹਿਲਾਂ ਕੁਝ ਰਾਜ ਤਾਂ ਜਾਤੀ-ਵਿਵਸਥਾ ਦੇ ਦ੍ਰਿੜ੍ਹ ਕੇਂਦਰ ਸਨ; ਪਰੰਤੂ ਰਾਜਾਂ ਦੇ ਮੇਲ ਦੇ ਬਾਅਦ ਅਤੇ ਪੂਰੇ ਦੇਸ਼ ਦੇ ਲਈ ਨਵੇਂ ਸੰਵਿਧਾਨ ਦੇ ਰਚਨਾ ਨਾਲ ਜਿਸ ਵਿਚ ਧਰਮ ਅਤੇ ਜਾਤੀ ਦੇ ਭੇਦ ਦੇ ਬਿਨਾਂ ਸਾਰੇ ਵਿਅਕਤੀਆਂ ਦੇ ਲਈ ਨਿਆਂ, ਸੁਤੰਤਰਤਾ ਤੇ ਸਮਾਨਤਾ ਦਾ ਪ੍ਰਾਵਧਾਨ ਹੈ, ਅਤੇ ਉਸ ਦੇ ਦੁਆਰਾ ਛੂਆ-ਛੂਤ ਨੂੰ ਖਤਮ ਦਿੱਤਾ ਗਿਆ ਹੈ, ਜਾਤੀ ਵਿਵਸਥਾ ਇੰਨੀ ਸਖ਼ਤ ਨਹੀਂ ਰਹਿ ਗਈ ਹੈ।

ਸਾਖਰਤਾ ਵਿਚ ਵੀ ਵਾਧਾ ਹੋਇਆ ਹੈ। 1941 ਤੋਂ ਜਦ ਦੀ ਸਾਖਰਤਾ ਦਾ ਪ੍ਰਤੀਸ਼ਤ 16.1 ਸੀ, 1991 ਵਿਚ ਇਹ ਵਧ ਕੇ 52% ਹੋ ਗਿਆ (ਪੁਰਸ਼ਾਂ ਵਿਚ 63.8% ਅਤੇ ਔਰਤਾਂ ਵਿਚ 39.4%)। ਸਿਖਿਆ ਲੋਕਾਂ ਨੂੰ ਉਦਾਰ, ਵਿਸ਼ਾਲ ਦਿਲ ਵਾਲਾ, ਵਿਵੇਕਸ਼ੀਲ ਤੇ, ਜਨਤਾਂਤਰਿਕ ਬਣਾਉਂਦੀ ਹੈ। ਸਿਖਿਅਤ ਲੋਕ ਜਾਤੀ ਮਾਨਦੰਡਾਂ ਅਤੇ ਪ੍ਰਥਾਵਾਂ ਦਾ ਇੰਨਾਂ ਪਾਲਣ ਨਹੀਂ ਕਰਦੇ ਹਨ। ਉਹ ਨਾ ਤਾਂ ਰੂੜ੍ਹੀਵਾਦੀ ਹੁੰਦੇ ਹਨ ਅਤੇ ਨਾ ਅੰਧਵਿਸ਼ਵਾਸੀ। ਨਿਸੰਦੇਹ ਜਾਤੀ-ਵਿਵਸਥਾ ਅੱਜ ਸ਼ਹਿਰੀ ਖੇਤਰਾਂ ਵਿਚ ਘੱਟ ਸਖ਼ਤ ਹੋ ਗਈ ਹੈ।

ਹਿੰਦੂਆਂ ਵਿਚ ਹੁਣ ਇਸ ਵਿਚਾਰ ਦੀ ਕੋਈ ਮਾਨਤਾ ਨਹੀਂ ਹੈ ਕਿ ਵਿਅਕਤੀ ਨੀਵੀਂ ਜਾਤੀ ਦੇ ਵਿਅਕਤੀ ਨਾਲ ਸੰਪਰਕ ਵਿਚ ਆ ਕੇ ਭ੍ਰਿਸ਼ਟ ਹੋ ਜਾਂਦਾ ਹੈ। ਆਧੁਨਿਕ ਸਥਿਤੀਆਂ ਦੇ ਕਾਰਣ ਖਾਨ-ਪਾਨ ਸੰਬੰਧੀ ਨਿਸ਼ੇਧ ਹੋਲੀ-ਹੋਲੀ ਕਮਜ਼ੋਰ ਪੈਂਦੇ ਜਾ ਰਹੇ ਹਨ। ਫਿਰ ਵੀ ਕੁਝ ਜਾਤੀਆਂ ਬਲ ਫੜਦੀਆਂ ਜਾ ਰਹੀਆਂ ਹਨ। ਬਿਹਾਰ ਵਰਗੇ ਕੁਝ ਰਾਜਾਂ ਵਿਚ ਨੀਵੀਂਆਂ ਜਾਤੀਆਂ ਨੇ ਆਪਣੀ 'ਸੈਨਾਵਾਂ' ਖੜੀ ਕਰ ਲਈਆਂ ਹਨ, ਤਾਂ ਕਿ ਉਨ੍ਹਾਂ ਦੇ ਨਿਜੀ ਹਿਤਾਂ ਦੀ ਰੱਖਿਆ ਹੋ ਸਕੇ। ਰਾਜਨੀਤੀ ਜਾਤੀ ਤੋਂ ਪ੍ਰਭਾਵਤ ਹੋ ਰਹੀ ਹੈ। ਕੁਝ ਜਾਤੀਆਂ ਨੇ ਰਾਜਨੀਤਿਕ ਤੇ ਸਮਾਜਿਕ ਸ਼ਕਤੀ ਪ੍ਰਾਪਤ ਕਰਨ ਦੇ ਲਈ ਏਕੀਕਰਣ ਦੀ ਪ੍ਰਕ੍ਰਿਆ ਆਰੰਭ ਕਰ ਦਿੱਤੀ ਹੈ। ਜਾਤੀਵਾਦ ਦੀ ਭਾਵਨਾ ਵਿਚ ਵਾਧਾ ਹੋਇਆ ਹੈ। ਕੁਝ ਰਾਜਾਂ ਵਿਚ ਤਾਂ ਅੰਤਰਜਾਤੀ ਸੰਘਰਸ਼ਾਂ ਵਿਚ ਵਾਧਾ ਹੋਇਆ ਹੈ। ਕੁਝ ਜਾਤੀਆਂ ਨੇ ਦੂਜੀਆਂ ਜਾਤੀਆਂ ਦੇ ਉਨ੍ਹਾਂ ਤੋਂ ਵੀ ਸ਼ਕਤੀਸ਼ਾਲੀ ਹੋ ਜਾਣ ਦੇ ਡਰ ਨਾਲ ਆਪਣੀ, ਸਿਖਿਅਕ, ਆਰਥਿਕ

ਨੋਟ

ਅਤੇ ਧਾਰਮਿਕ ਸਥਿਤੀ ਸਬਲ ਤੇ ਦ੍ਰਿੜ੍ਹ ਬਣਾਉਣਾ ਆਰੰਭ ਕਰ ਦਿੱਤੀ ਹੈ ਅਤੇ ਘਿਰਣਿਤ ਵਿਰੋਧੀਆਂ ਨੂੰ ਗਿਣਾਉਣਾ ਆਰੰਭ ਕਰ ਦਿੱਤਾ ਹੈ। ਦੂਜੀ ਤਰਫ਼ ਅਨੁਸੂਚਿਤ ਜਾਤੀਆਂ ਦੀ ਦਸ਼ਾ ਵਿਚ ਸੁਧਾਰ ਆਉਣ ਲਗਾ ਹੈ। ਰਾਖਵਾਂਕਰਣ ਨੀਤੀ ਦੇ ਅੰਤਰਗਤ ਉਨ੍ਹਾਂ ਨੂੰ ਸਿਖਿਆ ਅਤੇ ਨੌਕਰੀਆਂ ਦੇ ਖੇਤਰ ਵਿਚ ਜ਼ਿਆਦਾ ਤੋਂ ਜ਼ਿਆਦਾ ਅਵਸਰ ਮਿਲ ਰਹੇ ਹਨ। ਭਾਵੇਂ ਛੂਆ ਛੂਤ ਨੂੰ ਅਤੀਤ ਦੀ ਘਟਨਾ ਨਹੀਂ ਕਿਹਾ ਜਾ ਸਕਦਾ ਹੈ, ਫਿਰ ਵੀ ਇਸ ਦਾ ਪ੍ਰਚਲਣ ਘੱਟ ਹੋਇਆ ਹੈ।

### ਸਵ-ਮੁਲਾਂਕਣ (Self Assessment)

**1. ਦਿੱਤੇ ਗਏ ਕਥਨਾਂ ਦੇ ਸਾਹਮਣੇ ☑ ਅਤੇ ☒ ਦਾ ਨਿਸ਼ਾ ਲਗਾਓ (State whether the following statements 'Right' or 'Wrong') —**

(*i*) ਸਮਾਜਿਕ ਪਰਿਵਰਤਨ ਲੋਕਾਂ ਦੇ ਜੀਵਨ ਪ੍ਰਤਿਮਾਨਾਂ ਵਿਚ ਹੋਣ ਵਾਲੇ ਪਰਿਵਰਤਨ ਨੂੰ ਨਿਰਦ੍ਰਿਸ਼ਟ ਕਰਦਾ ਹੈ। ☐

(*ii*) ਸਮਾਜਿਕ ਪਰਿਵਰਤਨ ਸਾਰੇ ਸਮਾਜਾਂ ਵਿਚ ਘਟਿਤ ਨਹੀਂ ਹੁੰਦਾ। ☐

(*iii*) ਆਧੁਨਿਕ ਕਾਲ ਵਿਚ ਸਮਾਜਿਕ ਪਰਿਵਰਤਨ ਦੀ ਗਤੀ 1947 ਦੇ ਪੂਰਵ ਕਾਲ ਦੀ ਅਪੇਕਸ਼ਾ ਤੇਜ ਹੈ। ☐

(*iv*) ਏਕਲਵਾਦੀ ਸਿਧਾਂਤ ਸਮਾਜਿਕ ਪਰਿਵਰਤਨ ਦੀ ਜਟਿਲ ਪਰਿਘਟਨਾ ਦੀ ਸਮੁਚਿਤ ਵਿਆਖਿਆ ਪ੍ਰਸਤੁਤ ਕਰਦਾ ਹੈ ☐

(*v*) ਭਾਰਤੀ ਪੁਰਾਣਾਂ ਦੇ ਅਨੁਸਾਰ ਮਨੁੱਖ ਚਾਰ ਯੁਗਾਂ — ਸਤਯੁਗ, ਤ੍ਰੇਤਾ, ਦਵਾਪਰ ਤੇ ਕਲਯੁਗ ਦੇ ਵਿਚੋਂ ਗੁਜ਼ਰਿਆ ਹੈ। ☐

(*vi*) ਵੇਚਰ ਡੀ ਲਾਪੂਜ ਦਾ ਵਿਚਾਰ ਸੀ ਕ ਜਾਤੀ ਸੰਸਕ੍ਰਿਤੀ ਦਾ ਸਰਵਾਧਿਕ ਮਹੱਤਵਪੂਰਨ ਨਿਰਧਾਰਕ ਹੈ। ☐

(*vii*) ਇਕ ਸਟੂਅਰਟ ਚੇਪਿਨ ਨੇ ਸੰਗ੍ਰਹਿ ਦੀ ਅਵਧਾਰਣਾ ਨੂੰ ਸਮਾਜਿਕ ਪਰਿਵਰਤਨ ਦੇ ਆਪਣੇ ਸਿਧਾਂਤ ਦਾ ਆਧਾਰ ਬਣਾਇਆ। ☐

(*viii*) ਹਰੇਕ ਸਮਾਜ ਵਿਚ ਆਪਣੇ 'ਆਗਹਿਣ' ਹੁੰਦੇ ਹਨ ਅਤੇ ਹਰੇਕ ਅਵਸਥਾ ਉਨ੍ਹਾਂ ਦਾ ਪ੍ਰਯੁੱਤਰ ਹੈ। ☐

(*ix*) ਆਗਸਤ ਕਾਮਤੇ ਨੇ ਸਮਾਜਿਕ ਪਰਿਵਰਤਨ ਦੀ ਅਵਸਥਾਵਾਂ ਦੀ ਕਲਪਨਾ ਕੀਤੀ ਹੈ। ☐

## 7.2 ਜਾਤੀ-ਵਿਵਸਥਾ ਵਿਚ ਮੁੱਖ ਪਰਿਵਰਤਨ (Broad Changes in the Caste System)

ਭਾਵੇਂ ਇਸ ਅਧਿਆਏ ਵਿਚ ਸਮਕਾਲੀਨ ਪਾਰਤ ਵਿਚ ਜਾਤੀ ਦੀ ਪਰਿਵਰਤਿਤ ਸੰਰਚਨਾ ਦਾ ਅਲਗ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ, ਫਿਰ ਵੀ ਸੰਖੇਪ ਵਿਚ ਵਰਤਮਾਨ ਸਮੇਂ ਵਿਚ ਜਾਤੀ ਦੀ ਕਾਰਜ-ਪ੍ਰਣਾਲੀ ਦੇ ਨਤੀਜੇ ਹੇਠ ਲਿਖਤ ਪ੍ਰਕਾਰ ਦੇ ਦੱਸੇ ਜਾ ਸਕਦੇ ਹਨ—

- ਜਾਤੀ ਵਿਵਸਥਾ ਦਾ ਪੂਰਨਤਾ ਉਨਮੂਲਨ (ਸਮਾਪਤੀ) ਨਹੀਂ ਹੋ ਰਿਹਾ, ਬਲਕਿ ਇਹ ਆਧੁਨਿਕ ਪਰਿਵਰਤਨਾਂ ਦੇ ਨਾਲ ਕਾਫ਼ੀ ਸਮਾਯੋਜਨ ਕਰ ਰਹੀ ਹੈ।
- ਜਾਤੀ ਦਾ ਧਾਰਮਿਕ ਆਧਾਰ ਢਹਿ ਗਿਆ ਹੈ।
- ਕਈ ਪ੍ਰਕਾਰ ਦੀ ਪ੍ਰਤੀਬੰਧ ਲਗਾਉਣ ਵਾਲੀ ਸਮਾਜਿਕ ਕਾਰਜ-ਪ੍ਰਣਾਲੀ ਖਤਮ ਹੋ ਚਲੀ ਹੈ। ਹੁਣ ਜਾਤੀ ਨਵੀਨ ਮੁੱਲ ਉੱਤੇ ਆਧਾਰਿਤ ਵਿਅਕਤੀਗਤ ਸੁਤੰਤਰਤਾ ਉੱਤੇ ਕੋਈ ਬੰਧਨ ਨਹੀਂ ਲਗਾਉਂਦੀ ਹੈ।
- ਜਾਤੀ ਹੁਣ ਵਿਅਕਤੀ ਦੇ ਕਿੱਤੇ ਵਾਲੇ ਜੀਵਨ ਦਾ ਨਿਰਧਾਰਣ ਨਹੀਂ ਕਰਦੀ, ਭਾਵੇਂ ਉਸ ਦੀ ਸਮਾਜਿਕ ਪ੍ਰਸਥਿਤੀ ਹੁਣ ਵੀ ਜਾਤੀ ਦੇ ਮੈਂਬਰ ਹੋਣ ਉੱਤੇ ਨਿਰਭਰ ਹੁੰਦੀ ਹੈ।
- ਅਨੁਸੂਚਿਤ ਅਤੇ ਪਿਛੜੀ ਜਾਤੀਆਂ ਨੂੰ, ਜਿਨ੍ਹਾਂ ਦਾ ਜਾਤੀ ਵਿਵਸਥਾ ਦੇ ਪ੍ਰਤੀਬੰਧਾਂ ਦੇ ਕਾਰਣ ਹੇਠ ਲਿਖਤ ਬਰਦਾਸ਼ਤ ਕਰਨੀ ਪਈ ਸੀ, ਸਮਾਨਤਾ ਪ੍ਰਦਾਨ ਕਰਨ ਦੇ ਯਤਨ ਗੰਭੀਰਤਾਪੂਰਵਕ ਕੀਤੇ ਜਾ ਰਹੇ ਹਨ।
- ਅੰਤਰਜਾਤੀ ਸੰਘਰਸ਼ਾਂ ਵਿਚ ਵਾਧਾ ਹੋ ਰਿਹਾ ਹੈ ਜੋ ਕਰਮਕਾਂਡੀ ਪ੍ਰਸਥਿਤੀ ਦੇ ਕਾਰਣ ਨਹੀਂ, ਅਪਿਤੂ ਸ਼ਕਤੀ ਪ੍ਰਾਪਤ ਕਰਨ ਦੇ ਲਈ ਹੁੰਦੇ ਹਨ।
- ਜਾਤੀਵਾਦ ਨਾ ਕੇਵਲ ਸਮੁਦਾਇਕ ਜੀਵਨ ਵਿਚ ਜਾਰੀ ਹੈ ਬਲਕਿ ਇਸ ਪ੍ਰਕਾਰ ਨਾਲ ਇਸ ਵਿਚ ਵਾਧਾ ਹੀ ਹੋਇਆ ਹੈ।
- ਪਿੰਡਾਂ ਵਿਚ ਜਜਮਾਨੀ ਪ੍ਰਥਾ ਕਮਜ਼ੋਰ ਪਈ ਹੈ ਜਿਸ ਨਾਲ ਅੰਤਰਜਾਤੀ ਸੰਬੰਧਾਂ ਉੱਤੇ ਪ੍ਰਭਾਵ ਪਿਆ ਹੈ।

- ਜਾਤੀ ਅਤੇ ਰਾਜਨੀਤੀ ਇਕ ਦੂਜੇ ਨੂੰ ਪ੍ਰਭਾਵਤ ਕਰਨ ਲਗੇ ਹਨ।
- ਇਕ ਪਾਸੇ ਜਿੱਥੇ ਕੁਝ ਜਾਤੀ ਸੰਗਠਨ ਮਜ਼ਬੂਤ ਹੋਏ ਹਨ, ਦੂਜੇ ਪਾਸੇ ਵੱਡੀ ਗਿਣਤੀ ਵਿਚ ਜਾਤੀਆਂ ਨੇ ਸਮੂਹਿਕ ਏਕਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਗੁਆ ਦਿੱਤਾ ਹੈ।
- ਜਾਤੀ ਹੁਣ ਰਾਸ਼ਟਰ ਦੇ ਵਿਕਾਸ ਅਤੇ ਸਮਾਜਿਕ ਪ੍ਰਗਤੀ ਵਿਚ ਬਾਧਕ ਨਹੀਂ ਹਨ। ਜਾਤੀ-ਵਿਵਸਥਾ ਦੇ ਬਾਵਜੂਦ ਵੀ ਭਾਰਤ ਗਤੀਮਾਨ ਹੈ।

## 7.3 ਜਾਤੀ-ਵਿਵਸਥਾ ਦਾ ਭਵਿੱਖ (Future fo Case System)

ਜਾਤੀ-ਵਿਵਸਥਾ ਦੀ ਪਕੜ ਢਿੱਲੀ ਹੋਣੇ ਦੇ ਕੋਈ ਸੰਕੇਤ ਨਹੀਂ ਹਨ। ਵਿਭਿੰਨ ਜਾਤੀਆਂ ਦੇ ਉੱਤੇ ਉੱਠਣ ਤੇ ਸਮਾਜਿਕ ਪ੍ਰਤੀਸ਼ਠਾ ਪ੍ਰਾਪਤ ਕਰਨ ਦੇ ਦ੍ਰਿਸ਼ਟੀਕੋਣ ਵਿਚ ਪਰਿਵਰਤਨ ਅਵੱਸ਼ ਆਇਆ ਹੈ। ਜਾਤੀ-ਵਿਵਸਥਾ ਵਿਚ ਪਰਿਵਰਤਨ ਨਿਰੰਤਰ ਅਤੇ ਨਿਯਮਿਤ ਰੂਪ ਨਾਲ ਹੋ ਰਹੇ ਹਨ, ਪਰੰਤੂ ਸਾਰੇ ਵਿਹਾਰਕ ਉਦੇਸ਼ ਦੇ ਲਈ ਜਾਤੀ ਵਿਵਸਥਾ ਜਿਉਂ ਦੀ ਤਿਉਂ ਬਣੀ ਹੋਈ ਹੈ। ਇਸ ਨੂੰ ਭੰਗ ਕਰਨ ਦੀ ਦਿਸ਼ਾ ਵਿਚ ਪਰਿਵਰਤਨ ਨਹੀਂ ਹੋ ਪਾ ਰਿਹਾ ਹੈ। ਕਈ ਜਾਤੀਆਂ ਵਿਚੋਂ ਇਕ ਪ੍ਰਕਾਰ ਦੀ ਵਰਗ-ਚੇਤਨਾ ਦਾ ਉਦੇ ਹੋਇਆ ਹੈ। ਅੰਤਰਸਮੂਹ ਦੀ ਭਾਵਨਾ ਤੋਂ ਪ੍ਰੇਰਿਤ ਹੋਕੇ ਉਹ ਜਾਤੀ ਵਿਵਸਥਾ ਨੂੰ ਹੋਰ ਵੀ ਕੱਸ ਕੇ ਫੜੇ ਹੋਏ ਹਨ। ਅੱਜਕਲ ਜਾਤੀ ਆਪਣੇ ਆਪ ਨੂੰ ਸਮਾਜਿਕ, ਆਰਥਿਕ, ਅਤੇ ਰਾਜਨੀਤਿਕ ਉਦੇਸ਼ਾਂ ਦੀ ਪੂਰਤੀ ਦੇ ਲਈ ਸੰਗਠਿਤ ਕਰਨ ਦੇ ਪ੍ਰਯਤਨ ਵਿਚ ਸੰਲਗਨ ਹੈ। ਜਾਤੀ ਆਧਾਰ ਉੱਤੇ ਚੋਣਾਂ ਲੜੀਆਂ ਜਾ ਰਹੀਆਂ ਹਨ। ਹੁਣ ਜਾਤੀ ਸੰਗਠਨ ਵੀ ਹੈ, ਜਿਵੇਂ ਅਖਿਲ ਭਾਰਤੀ ਖੱਤਰੀ ਮਹਾਸਪਾ, ਅਖਿਲ ਭਾਰਤੀ ਮਾਥੁਰ ਸੰਘ, ਅਖਿਲ ਭਾਰਤੀ ਭਾਰਗਵ ਸੰਗਠਨ ਆਦਿ।

ਜਾਤੀ ਵਿਵਸਥਾ ਦੇ ਭਵਿੱਖ ਦੇ ਵਿਸ਼ੇ ਵਿਚ ਪ੍ਰਗਤੀਸ਼ੀਲ ਹਿੰਦੂ ਤਿੰਨ ਦ੍ਰਿਸ਼ਟੀਕੋਣ ਪ੍ਰਸਤੁਤ ਕਰਦੇ ਹਨ—

1. ਅਜਿਹੇ ਲੋਕ ਹਨ ਜੋ ਜਾਤੀ ਨੂੰ ਬੁਰਾਈ ਮੰਨਦੇ ਹਨ ਅਤੇ ਇਸ ਦੀ ਸਮਾਪਤੀ ਚਾਹੁੰਦੇ ਹਨ।
2. ਦੂਜੇ ਉਹ ਹਨ ਜੋ ਇਹ ਸੋਚਦੇ ਹਨ ਕਿ ਜਾਤੀ ਦਾ ਪਤਨ ਹੋ ਚੁੱਕਿਆ ਹੈ ਅਤੇ ਪਰੰਪਰਾਗਤ ਚਾਰ ਵਿਵਸਥਾਵਾਂ (orders) ਨੂੰ ਪੁਨਰ ਸਥਾਪਤ ਕਰਨ ਦੀ ਜਰੂਰਤ ਹੈ। ਇਸ ਵਿਚਾਰਧਾਰਾ ਦੇ ਪ੍ਰਬਲ ਸਮਰੱਥ ਮਹਾਤਮਾ ਗਾਂਧੀ ਸਨ।
3. ਅਜਿਹੇ ਲੋਕ ਵੀ ਹਨ ਜੋ ਜਾਤੀ-ਵਿਵਸਥਾ ਨੂੰ ਜਾਰੀ ਰਖਣਾ ਚਾਹੁੰਦੇ ਹਨ ਪਰੰਤੂ ਬਿਲਕੁਲ ਅਲਗ ਢੰਗ ਨਾਲ ਇਸ ਨੂੰ ਮੁੜ ਸਥਾਪਤ ਕਰਨਾ ਚਾਹੁੰਦੇ ਹਨ। ਇਹ ਲੋਕ ਉਨ੍ਹਾਂ ਵਿਭਿੰਨ ਉਪਜਾਤੀਆਂ ਨੂੰ ਮਿਲਾਉਣਾ ਚਾਹੁੰਦੇ ਹਨ ਜਿਨ੍ਹਾਂ ਵਿਚ ਆਰਥਿਕ ਸਮਾਨਤਾ ਅਤੇ ਸਾਂਸਕ੍ਰਿਤਿਕ ਏਕਤਾ ਵਿਦਮਾਨ ਹੈ। ਹੋਲੀ-ਹੋਲੀ ਉਹ ਜਾਤੀਆਂ ਜੋ ਲਗਭਗ ਇਕ ਹੀ ਜਿਹੀ ਆਧਾਰ ਅਤੇ ਵਿਸ਼ੇਸ਼ਤਾਵਾਂ ਵਾਲੀ ਹੋਣਗੀਆਂ ਉਹ ਇਕ ਹੋ ਜਾਣਗੀਆਂ ਅਤੇ ਅੰਤ ਵਿਚ ਜਾਤੀ-ਵਿਹੀਨ ਸਮਾਜ ਦੀ ਸਥਾਪਨਾ ਹੋ ਜਾਏਗੀ। ਇਹ ਲੋਕ ਚਾਹੁੰਦੇ ਹਨ ਕਿ ਇਸ ਪ੍ਰਕ੍ਰਿਆ ਦੀ ਗਤੀ ਸਹਿਜੇ ਹੋਣੀ ਚਾਹੀਦੀ ਹੈ ਕਿਉਂਕਿ ਇਹ ਵਿਅਕਤੀਆਂ ਨੂੰ ਸਿਖਿਆ ਦੇ ਲਈ ਯਥੇਸ਼ਠ ਸਮਾਂ ਪ੍ਰਦਾਨ ਕਰੇਗੀ ਅਤੇ ਉਨ੍ਹਾਂ ਜਾਤੀਆਂ/ਵਰਗਾਂ ਦੇ ਮਨ ਨੂੰ ਮਾਨਸਿਕ ਸਮਾਯੋਜਨ ਦੁਆਰਾ ਪਰਿਵਰਤਨ ਦੇ ਲਈ ਤਿਆਰ ਕਰੇਗੀ ਜੋ ਆਪਣੇ ਯੁਗਾਂ ਪੁਰਾਣੇ ਰੀਤੀ-ਰਿਵਾਜਾਂ ਵਿਚ ਪਰਿਵਰਤਨ ਨਹੀਂ ਚਾਹੁੰਦੇ ਹਨ।

ਏ.ਜੇ.ਏ. ਟਾਏਨਬੀ (A.J. Toynbee), ਟੀ.ਐਚ. ਮਾਰਸ਼ਲ (T.H. Marshall), ਪੀ.ਕੋਦਾਂਦਾ ਰਾਵ (P.K. Kodanda Rao), ਆਦਿ ਵਰਗੇ ਵਿਦਵਾਨਾਂ ਨੇ ਇਨ੍ਹਾਂ ਤਿੰਨਾਂ ਵਿਚਾਰਧਾਰਾਵਾਂ ਦਾ ਮੁਲਾਂਕਣ ਕੀਤਾ ਹੈ। ਗਾਂਧੀ ਜੀ ਦੇ ਵਿਚਾਰਾਂ ਦਾ ਵਿਵੇਚਨ ਕਰਦੇ ਹੋਏ ਉਹ ਮੰਨਦੇ ਹਨ ਕਿ ਇਹ ਅਵਿਹਾਰਕ ਹੈ ਕਿਉਂਕਿ ਚਾਰ ਵਿਵਸਥਾਵਾਂ ਵਿਚੋਂ ਵਿਅਕਤੀਆਂ ਨੂੰ ਇਕ ਵਿਵਸਥਾ ਵਿਚ ਰੱਖਣ ਦੇ ਲਈ ਉਹ ਕਿੱਤਾ ਜਰੂਰੀ ਹੈ ਜਿਸ ਦਾ ਪਾਲਨ ਉਹ ਕਰ ਰਹੇ ਹਨ। ਅੱਜ ਦੇ ਸਮਾਜ ਵਿਚ ਧੰਦੇ/ਕਿੱਤੇ ਇੰਨੇ ਵਿਸ਼ਿਸ਼ਟ ਅਤੇ ਕਈ ਪ੍ਰਕਾਰ ਦੇ ਹਨ। ਅਤੇ ਇਕ ਹੀ ਪਰਿਵਾਰ ਦੇ ਮੈਂਬਰ ਅਲੱਗ-ਅਲੱਗ ਧੰਦਿਆਂ ਵਿਚ ਲਗੇ ਹੁੰਦੇ ਹਨ ਕਿ ਉਨ੍ਹਾਂ ਇਕ ਵਿਵਸਥਾ ਦੀ ਮੈਂਬਰਸ਼ਿਪ ਪ੍ਰਦਾਨ ਕਰਨਾ ਅਸੰਭਵ ਹੈ। ਦੂਜੇ ਜੇਕਰ ਇਹ ਵਿਵਸਥਾ ਜਾਤੀਆਂ ਨੂੰ ਤਿੰਨ ਵਿਵਸਥਾਵਾਂ ਵਿਚੋਂ ਕਿਸੀ ਇਕ ਵਿਚ ਰਖਣਾ ਸੰਭਵ ਵੀ ਹੋਵੇ ਤਾਂ ਅਛੂਤ ਜਾਤੀਆਂ ਦਾ ਕੀ ਹੋਵੇਗਾ? ਗਾਂਧੀ ਜੀ ਨੇ, ਜੋ ਕਿ ਅਛੂਤ ਵਿਵਸਥਾ ਦੇ ਵਿਰੋਧੀ ਸਨ, ਇਨ੍ਹਾਂ ਜਾਤੀਆਂ ਦੇ ਲਈ ਸਨਮਾਨਜਨਕ ਪੱਧਰ ਦਾ ਪ੍ਰਸਤਾਵ ਕੀਤਾ। ਪਰੰਤੂ ਇਹ ਸਭ ਉਨ੍ਹਾਂ ਨੂੰ (ਅਛੂਤ ਜਾਤੀਆਂ ਨੂੰ) ਕਿਥੋਂ ਉਪਲਬਧ ਹੋਣਾ ਹੈ? ਜਿਸ ਵਿਵਸਥਾ ਵਿਚ ਵੀ ਉਨ੍ਹਾਂ ਨੂੰ ਸ਼ਾਮਲ ਕੀਤਾ ਜਾਵੇਗਾ, ਉਥੋਂ ਹੀ ਉਨ੍ਹਾਂ ਦੇ ਵਿਰੁੱਧ ਸੁਰ ਉੱਠਣਗੇ। ਤੀਜੇ, ਮੰਨ ਲਿਆ ਜਾਵੇ ਕਿ ਚਾਰ ਵਿਵਸਥਾ ਵਾਲਾ ਵਰਗੀਕਰਣ ਸੰਭਵ ਵੀ ਹੋ ਜਾਏ ਤਾਂ ਕੀ ਅਸੀਂ ਇਨ੍ਹਾਂ ਚਾਰਾਂ ਵਿਵਸਥਾਵਾਂ ਦੇ ਵਿੱਚ ਵਿਆਹ ਸੰਬੰਧਾਂ ਦੀ ਆਗਿਆ ਦੇਣਗੇ ਜਾਂ ਨਿਸ਼ੇਧ ਕਰਨਗੇ? ਕੀ ਅਸੀਂ ਭੋਜ ਸੰਬੰਧ ਪ੍ਰਤੀਬੰਧਾਂ ਨੂੰ ਜਾਰੀ ਰੱਖਣਗੇ? ਦੋਵਾਂ ਦੀ ਹੀ ਆਪਣੀ ਸਮੱਸਿਆਵਾਂ ਹੋਣਗੀਆਂ। ਸੋ ਇਹ ਨਤੀਜੇ ਵਜੋਂ ਕਿਹਾ ਜਾ ਸਕਦਾ ਹੈ ਕਿ ਸਮਾਜ ਦੀ ਚਾਰ ਵਿਵਸਥਾਵਾਂ ਵਿਚ ਵਿਭਾਜਨ ਦੀ ਵਾਪਸੀ ਅਵਿਹਾਰਕ ਹੈ, ਅਤੇ ਜੇਕਰ ਇਸ ਨੂੰ ਲਾਗੂ ਵੀ ਕਰ ਲਿਆ ਜਾਵੇ ਤਦ ਵੀ ਇਸ ਤੋ ਕਿਸੀ ਲਾਭ ਵਾਲੀ ਉਦੇਸ਼ ਦੀ ਪੂਰਤੀ ਨਾ ਹੋ ਸਕੇਗੀ।

ਜੇਕਰ ਦੂਜਾ ਦ੍ਰਿਸ਼ਟੀਕੋਣ ਲਿਆ ਜਾਵੇ ਕਿ ਉਪਜਾਤੀਆਂ ਨੂੰ ਮਿਲਾ ਕੇ ਵੱਡੀ ਜਾਤੀ ਵਿਚ ਸ਼ਾਮਲ ਕਰ ਜਾਤੀ ਦਾ ਹੋਲੀ-ਹੋਲੀ ਖਤਮ ਕਰ ਦਿੱਤਾ ਜਾਵੇ ਤਾਂ ਵਿਦਵਾਨਾਂ ਦਾ ਕਹਿਣਾ ਹੈ ਕਿ ਅਜਿਹਾ ਕਰਨਾ ਸਹੀ ਸਮੱਸਿਆ ਨੂੰ ਗੁਆ ਦੇਣਾ ਹੈ। ਬੰਬਈ ਵਿਚ

ਨੋਟ

ਇਹ ਤਰੀਕਾ ਹੀ ਦਸ਼ਕਾਂ ਤਕ ਅਪਣਾਇਆ ਗਿਆ ਸੀ ਪਰ ਨਤੀਜੇ ਘਾਤਕ ਨਿਕਲੇ। ਜਿਨ੍ਹਾਂ ਉਪਜਾਤੀਆਂ ਨੂੰ ਇਕ ਵੱਡੇ ਸਮੂਹ ਵਿਚ ਸ਼ਾਮਲ ਕੀਤਾ ਗਿਆ ਸੀ, ਉਨ੍ਹਾਂ ਨੇ ਆਪਣੀ ਅਲਗਪਨ ਸੰਬੰਧੀ ਆਂਤਰਿਕ ਭਾਵਨਾਵਾਂ ਨੂੰ ਆਪਣੇ ਨਾਲ ਬਣਾਏ ਰਖਿਆ। ਇਹ ਨਵਾਂ ਸਮੂਹ ਦੂਜੀ ਜਾਤੀਆਂ ਦੇ ਪ੍ਰਤੀ ਕੱਟੜ ਰਵਈਆ ਅਪਨਾਉਣ ਲੱਗਾ। ਵਿਸ਼ੇਸ਼ ਕਰ ਉਨ੍ਹਾਂ ਦੇ ਪ੍ਰਤੀ ਜੋ ਉਨ੍ਹਾਂ ਦੀ ਤੁਲਨਾ ਵਿਚ ਉੱਚ ਤੇ ਨੀਵੀਂ ਸਥਿਤੀ ਦੀਆਂ ਸਨ। ਇਸ ਪ੍ਰਕਾਰ ਵਿਦਵਾਨਾਂ ਦਾ ਦਾਵਾ ਹੈ ਕਿ ਇਸ ਨਾਲ ਜਾਤੀ ਨਿਸ਼ਠਾ ਤੇ ਜਾਤੀਵਾਦ ਦੀ ਭਾਵਨਾ ਦਾ ਉਦੇ ਹੁੰਦਾ ਹੈ, ਅਤੇ ਜੇਕਰ ਅਸੀਂ ਦੂਜਾ ਦ੍ਰਿਸ਼ਟੀਕੋਣ ਅਪਣਾਏ ਤਾਂ ਜਾਤੀਵਾਦ ਨੂੰ ਘੱਟ ਕਰਨਾ ਮੁਸ਼ਕਲ ਹੋਏਗਾ ਅਤੇ ਇਹ ਅਜਿਹਾ ਅਸਵਸਥ ਵਾਤਾਵਰਣ ਤਿਆਰ ਕਰੇਗਾ ਜਿਸ ਨਾਲ ਪੂਰਨ ਰਾਸ਼ਟਰੀ ਚੇਤਨਾ ਦੇ ਵਿਕਾਸ ਵਿਚ ਰੁਕਾਵਟ ਪੈਦਾ ਹੋਵੇਗੀ।

ਕੁਝ ਵਿਦਵਾਨਾਂ ਨੇ ਤੀਜੇ ਦ੍ਰਿਸ਼ਟੀਕੋਣ ਦਾ ਸਮਰਥਨ ਕੀਤਾ ਹੈ ਕਿ ਜਾਤੀ-ਵਿਵਸਥਾ ਨੂੰ ਤਤਕਾਲ ਹੀ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਸਾਨੂੰ ਜਾਤੀਵਾਦ ਦੇ ਵਿਰੁੱਧ ਸੰਘਰਸ਼ ਕਰਨਾ ਹੈ ਅਤੇ ਇਸ ਨੂੰ ਸਮੂਲ ਨਸ਼ਟ ਕਰਨਾ ਹੈ। ਧੁਰਿਏ ਨੇ ਇਸ ਦ੍ਰਿਸ਼ਟੀਕੋਣ ਦਾ ਸਮਰਥਨ ਕੀਤਾ ਹੈ। ਪਰੰਤੂ ਉਨ੍ਹਾਂ ਨੇ ਆਪਣਾ ਇਹ ਮਤ 1931 ਵਿਚ ਵਿਅਕਤ ਕੀਤਾ ਸੀ। ਉਸੇ ਸਮੇਂ ਤੋਂ ਛੇ ਸ਼ਤਾਬਦੀ ਤੋਂ ਵੀ ਜ਼ਿਆਦਾ ਸਮਾਂ ਬਤੀਤ ਹੋ ਚੁੱਕਾ ਹੈ ਅਤੇ ਭਾਰਤੀ ਸਮਾਜ ਵਿਚ ਸੁਤੰਤਰਤਾ ਦੇ ਅਲਾਵਾ ਜਾਤੀ-ਵਿਵਸਥਾ ਦੇ ਵਿਰੁੱਧ ਅਨੇਕ ਵਿਧਾਨ ਪਾਰਿਤ ਹੋ ਚੁੱਕੇ ਹਨ। ਉਦਾਹਰਣ ਲਈ, ਭਾਰਤ ਦੇ ਸੰਵਿਧਾਨ ਦੇ ਅਨੁਸਾਰ — (*i*) ਜਾਤੀ ਦੇ ਆਧਾਰ ਉੱਤੇ ਰਾਜ ਕਿਸੀ ਨਾਗਰਿਕ ਦੇ ਨਾਲ ਭੇਦ ਭਾਵ ਨਹੀਂ ਕਰੇਗਾ (ਸਾਰੀਆਂ ਜਾਤੀਆਂ ਦੇ ਲਈ ਸਮਾਨ ਅਵਸਰ) (*ii*) ਜਾਤੀ ਦੇ ਆਧਾਰ ਉੱਤੇ ਕੋਈ ਵੀ ਨਾਗਰਿਕ ਦੁਕਾਨਾਂ ਦੇ ਪ੍ਰਯੋਗ, ਰੇਸਤਰਾਂ ਦੇ ਪ੍ਰਯੋਗ, ਸਾਰਵਜਨਿਕ ਖੂਹਾਂ, ਤਲਾਵਾਂ ਦੇ ਪ੍ਰਯੋਗ ਉੱਤੇ ਵੀ ਪ੍ਰਤੀਬੰਧ ਤੋਂ ਪੀੜਤ ਨਹੀਂ ਹੋਵੇਗਾ। (*iii*) ਅਛੂਤ ਦਾ ਨਿਸ਼ੇਧ। ਇਸੀ ਪ੍ਰਕਾਰ ਕਿੱਤਿਆਂ ਨੂੰ ਅਪਨਾਉਣ ਵਿਚ ਕੋਈ ਪ੍ਰਤੀਬੰਧ ਨਹੀਂ ਹੈ। ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਦੀ ਭਾਵਨਾਵਾਂ ਨੂੰ ਪ੍ਰੋਤਸਾਹਨ ਮਿਲਿਆ ਹੈ ਜਿਨ੍ਹਾਂ ਨਾਲ ਜਾਤੀ ਦੀ ਜੜ੍ਹ ਹੀ ਕੱਟ ਗਈ ਹੈ। 1951 ਵਿਚ ਇਕ ਵਿਸ਼ੇਸ਼ ਅਧਿਕਾਰੀ (ਕਮਿਸ਼ਨਰ) ਅਨੁਸੂਚਿਤ ਜਾਤੀ ਅਤੇ ਪਿਛੜੇ ਵਰਗ ਦੇ ਲੋਕਾਂ ਦੀ ਦੇਖਭਾਲ ਦੇ ਲਈ ਨਿਯੁਕਤ ਕੀਤਾ ਗਿਆ ਸੀ। ਜਨਗਣਨਾ ਵਿਚ ਵਿਅਕਤੀ ਦੀ ਜਾਤੀ ਦਾ ਉਲੇਖ ਨਹੀਂ ਕੀਤਾ ਜਾਂਦਾ। ਪਿਛਲੇ ਕੁਝ ਦਸ਼ਕਾਂ ਵਿਚ ਇਨ੍ਹਾਂ ਸਭ ਪਰਿਵਰਤਨਾਂ ਦੇ ਹੁੰਦੇ ਹੋਏ ਵੀ ਅਸੀਂ ਜਾਤੀਵਾਦ ਅਤੇ ਜਾਤੀ ਵਿਵਸਥਾ ਦੀ ਬੁਰਾਈਆਂ ਨੂੰ ਸਮਾਪਤ ਨਹੀਂ ਕਰ ਪਾਏ ਹਾਂ। ਆਸ਼ੀਰਵਾਦਮ ਦੇ ਵਿਚਾਰ ਨਾਲ 'ਅਤੀਤ ਵਿਚ ਜਾਤੀ ਦਾ ਕੋਈ ਵੀ ਲਾਭ ਜਾਂ ਉਪਯੋਗ ਕਿਉਂ ਨਾ ਰਿਹਾ ਹੋਵੇ, ਅੱਜ ਇਹ ਪ੍ਰਗਤੀ ਵਿਚ ਰੁਕਾਵਟ ਹੈ, ਇਸ ਲਈ ਸਾਨੂੰ ਇਸ ਦਾ ਉਤਕਟ ਵਿਰੋਧ ਕਰਨਾ ਚਾਹੀਦਾ।' ਡੀ.ਐਨ. ਮਜੂਮਦਾਰ ਨੇ ਵੀ 1950-1960 ਦੇ ਵਿਚ ਕਿਹਾ ਕਿ ਜਿਸ ਪ੍ਰਕਾਰ ਉਂਗਲੀ ਟੁੱਟਣ ਉੱਤੇ ਸਿਰਫ਼ ਉਂਗਲੀ ਦਾ ਹੀ ਪ੍ਰਤੀ ਸਥਾਪਨ ਹੁੰਦਾ ਹੈ ਨਾ ਕਿ ਸੰਪੂਰਨ ਹੱਥ ਦਾ, ਇਸੇ ਪ੍ਰਕਾਰ ਅਛੂਤ, ਸ਼ੋਸ਼ਣ ਅਤੇ ਜਾਤੀ ਪ੍ਰਥਾ ਦੇ ਅਜਿਹੇ ਹੀ ਹੋਰ ਹਾਨੀਕਾਰਕ ਪੱਖਾਂ ਨੂੰ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ ਨਾ ਕਿ ਸਮੂਚੀ ਵਿਵਸਥਾ ਨੂੰ।

ਇਹ ਸੱਚ ਹੈ ਕਿ ਜਾਤੀ-ਵਿਵਸਥਾ ਆਧਿਆਤਮਕ ਤੇ ਭੌਤਿਕ ਤਰੱਕੀ ਵਿਚ ਅਤੇ ਰਾਸ਼ਟਰੀ ਅਤੇ ਸਮਾਜਿਕ ਤਰੱਕੀ ਵਿਚ ਰੋੜਾ ਹੈ। ਜਦ ਤਕ ਇਹ ਸੜੀ ਗਲੀ ਵਿਵਸਥਾ ਚਲਦੀ ਰਹੇਗੀ ਤਦ ਤਕ ਅਸੀਂ ਆਪਣੇ ਸਮਾਜਿਕ ਆਦਰਸ਼ਾਂ ਨੂੰ ਪ੍ਰਾਪਤ ਨਹੀਂ ਕਰ ਸਕਦੇ। ਇਸ ਲਈ ਜਿੰਨੀ ਜਲਦੀ ਇਸ ਦੀ ਮ੍ਰਿਤੂ ਦੀ ਘੰਟੀ ਵਜੇਗੀ ਉੰਨੀ ਹੀ ਜਲਦੀ ਸਾਡਾ ਭਵਿੱਖ ਜ਼ਿਆਦਾ ਉਜਲਾ ਹੋਵੇਗਾ। ਫਿਰ ਵੀ ਇਹ ਇਕ ਸੱਚ ਹੈ ਕਿ ਇਸ ਨੂੰ ਛੇਤੀ ਨਾਲ ਖਤਮ ਨਹੀਂ ਕੀਤਾ ਜਾ ਸਕਦਾ। ਇਸ ਦੀ ਬੁਰਾਈਆਂ ਨੂੰ ਘੱਟ ਕਰਨ ਦੇ ਲਈ ਅਸੀਂ ਕੇਵਲ ਕੁਝ ਉਪਾਅ ਕਰ ਸਕਦੇ ਹਾਂ।

ਸਵਾਲ ਉੱਠਦਾ ਹੈ ਕਿ ਜਾਤੀ ਨੂੰ ਕਿਸ ਪ੍ਰਕਾਰ ਪੁੱਟਿਆ ਜਾਵੇ ਜਾਂ ਉਸ ਨੂੰ ਕਮਜ਼ੋਰ ਕੀਤਾ ਜਾਵੇ? ਇਸ ਸੰਬੰਧ ਵਿਚ ਕੁਝ ਉਪਾਅ ਇਸ ਪ੍ਰਕਾਰ ਨਾਲ ਸੁਝਾਏ ਜਾ ਸਕਦੇ ਹਨ—

1. ਅੰਤਰਜਾਤੀ ਵਿਆਹਾਂ ਨੂੰ ਪ੍ਰੋਤਸਾਹਨ ਮਿਲਣਾ ਚਾਹੀਦਾ। ਇਸ ਦੇ ਲਈ ਵਿਅਕਤੀ ਨੂੰ ਜੀਵਨ-ਸਾਥੀ ਦੇ ਚੋਣ ਦੀ ਸੁਤੰਤਰਤਾ ਹੋਣੀ ਚਾਹੀਦੀ, ਅਤੇ ਲੜਕੇ/ਲੜਕੀਆਂ ਨੂੰ ਆਪਸੀ ਸੰਪਰਕ ਦੇ ਅਉਸਰ ਪ੍ਰਾਪਤ ਹੋਣੇ ਚਾਹੀਦੇ ਹਨ ਜਿਵੇਂ ਸਹਿ-ਸਿਖਿਆ ਅਤੇ ਸਹਿ-ਕੰਮ।
2. ਵੱਡੇ ਨਗਰਾਂ ਤੇ ਕਸਬਿਆਂ ਵਿਚ ਪੂਰਨਤਾ ਨਿਗਰਾਨੀਯੁਕਤ ਯੁਵਕ-ਯੁਵਤੀਆਂ ਦੇ ਲਈ ਕਲੱਬ ਅਤੇ ਮਨੋਰੰਜਨ ਕੇਂਦਰਾਂ ਅਤੇ ਵਿਦਿਆਰਥੀਆਂ ਦੇ ਰਹਿਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਨ੍ਹਾਂ ਸਥਾਨ ਉੱਤੇ ਉਹ ਜਾਤੀ ਜਿਵੇਂ ਵਿਚਾਰਾਂ ਨੂੰ ਭੁੱਲਣਗੇ ਅਤੇ ਉਸ ਦਾਇਰੇ ਤੋਂ ਬਾਹਰ ਆ ਕੇ ਸਮਾਜਿਕ ਆਦਾਨ-ਪ੍ਰਦਾਨ ਵਿਚ ਭਾਗ ਲੈਣਗੇ।
3. ਜਾਤੀ ਅਤੇ ਉਪਜਾਤੀ ਨੂੰ ਨਾਮ ਦੇ ਨਾਲ ਜੋੜਣ ਦੀ ਪ੍ਰਥਾ ਨਾਲ ਸਮਾਜਿਕਤਾ ਨੂੰ ਬਲ ਮਿਲਦਾ ਹੈ, ਸੋ ਇਸ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ।
4. ਰਾਜਨੀਤਿਕ ਉਦੇਸ਼ਾਂ ਦੇ ਲਈ ਜਾਤੀ ਦਾ ਸ਼ੋਸ਼ਣ ਨਹੀਂ ਹੋਣਾ ਚਾਹੀਦਾ (ਜਿਵੇਂ ਵੋਟ ਮੰਗਣਾ, ਰਾਜਨੀਤਿਕ ਪਦ ਸੌਂਪਣਾ, ਆਦਿ)। ਜਾਤੀ ਅਤੇ ਰਾਜਨੀਤੀ ਦੇ ਪਵਿੱਤਰ ਗਠਬੰਧਨ ਨਾ ਸਿਰਫ਼ ਸੰਪਰਦਾਇਕ ਭਾਈਚਾਰੇ ਨੂੰ ਠੇਸ ਪਹੁੰਚਾਉਂਦੇ ਹਨ ਬਲਕਿ ਦੇਸ਼ ਦੀ ਸੁਰੱਖਿਆ ਨੂੰ ਵੀ ਹਾਨੀ ਪਹੁੰਚਾਉਂਦੇ ਹਨ।

5. ਬ੍ਰਾਹਮਣਾਂ ਨੂੰ ਪੁਰੋਹਿਤ ਸੇਵਾਵਾਂ ਦੇ ਖੇਤਰ ਦੀ ਇਕਾਧਿਕਾਰ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਇਸ ਉਦੇਸ਼ ਤੋਂ ਇਕ ਕੇਂਦਰੀ ਸੰਗਠਨ ਪ੍ਰਾਂਤਕ ਸ਼ਾਖਾਵਾਂ ਸਹਿਤ ਹੋਣਾ ਚਾਹੀਦਾ ਜਿਸ ਵਿਚ ਪੁਰੋਹਿਤ ਕਰਮ ਦੀ ਦੀਖਿਆ ਦਿਤੀ ਜਾ ਸਕੇ। ਧਾਰਮਿਕ ਪ੍ਰਤੀਭੂਤੀਆਂ (Religious Endowment) ਉੱਤੇ 1950 ਵਿਚ ਨਿਯੁਕਤ ਕੀਤੇ ਗਏ ਅਈਅਰ ਆਯੋਗ ਨੇ ਵੀ ਇਸ ਪ੍ਰਕਾਰ ਦੇ ਕੇਂਦਰ ਦੀ ਸਥਾਪਨਾ ਦੀ ਸਿਫਾਰਿਸ਼ ਦੀ ਸੀ।

ਨਰਮਦੇਸ਼ਵਰ ਪ੍ਰਸਾਦ ਦੁਆਰਾ ਤਿੰਨ ਖੇਤਰਾਂ ਵਿਚ — ਉਦਯੋਗਿਕ, ਗੈਰ-ਉਦਯੋਗਿਕ, ਅਤੇ ਪੇਂਡੂ — ਕੀਤੇ ਗਏ ਅਧਿਐਨ ਵਿਚ ਜਾਤੀ ਵਿਵਸਥਾ ਨੂੰ ਕਮਜ਼ੋਰ ਕੀਤੇ ਜਾਣ ਦੇ ਲਈ ਆਪਣੇ ਉੱਤਰਦਾਤਾਵਾਂ ਤੋਂ ਹੇਠ ਲਿਖੇ ਉਪਾਅ ਪ੍ਰਾਪਤ ਹੋਏ — ਸਿਖਿਆ ਅਤੇ ਸਾਰਿਆਂ ਦੇ ਲਈ ਸਮਾਨ ਅਉਸਰ (39.1%), ਅੰਤਰਜਾਤੀ ਵਿਆਹ (35.3%), ਅਛੂਤ ਨਿਵਾਰਣ (12.2%), ਅਤੇ ਸਮਾਨਤਾ ਦੇ ਆਧਾਰ ਉੱਤੇ ਲੋਕਾਂ ਨਾਲ ਵਿਵਹਾਰ (13.4%)। ਕਿੰਤੂ ਕੀ ਇਨ੍ਹਾਂ ਉਪਾਵਾਂ ਨਾਲ ਜਾਤੀ ਵਿਵਸਥਾ ਕਮਜ਼ੋਰ ਹੋਵੇਗੀ ਜਾਂ ਖਤਮ ਹੋ ਸਕੇਗੀ? ਸ਼ਾਇਦ ਨਹੀਂ। ਨਵੰਬਰ 1992 ਵਿਚ ਮੰਡਲ ਆਯੋਗ ਦੀ ਸਿਫਾਰਿਸ਼ਾਂ ਲਾਗੂ ਕਰਨ ਸੰਬੰਧੀ ਆਪਣੇ ਨਿਰਣੇ ਵਿਚ ਹਾਈ ਕੋਰਟ ਨੇ ਵੀ ਸਪਸ਼ਟ ਰੂਪ ਵਿਚ ਇਹ ਮੰਤਵ ਪ੍ਰਗਟ ਕੀਤਾ ਹੈ ਕਿ ਰਾਖਵਾਂਕਰਣ ਦਾ ਆਧਾਰ ਕੇਵਲ ਜਾਤੀ ਹੀ ਹੋਏਗਾ।

**ਸਵ-ਮੁਲਾਂਕਣ (Self Assessment)**

**2. ਖਾਲੀ ਸਥਾਨ ਭਰੋ (Fill in the blanks)—**

(*i*) ............. ਦੇ ਭਵਿੱਖ ਦੇ ਵਿਸ਼ੇ ਵਿਚ ਪ੍ਰਗਤੀਸ਼ੀਲ ਹਿੰਦੂ ਤਿੰਨ ਦ੍ਰਿਸ਼ਟੀਕੋਣ ਪ੍ਰਸਤੁਤ ਕਰਦੇ ਹਨ।

(*ii*) ........... ਅਛੂਤ ਵਿਵਸਥਾ ਦੇ ਵਿਰੋਧੀ ਸਨ।

(*iii*) ਜਾਤੀ-ਵਿਵਸਥਾ ਅਧਿਆਤਮਿਕ ਤੇ ਭੌਤਿਕ ਤਰੱਕੀ ਵਿਚ ਅਤੇ ਰਾਸ਼ਟਰੀ ਤੇ ਸਮਾਜਿਕ ਤਰੱਕੀ ਵਿਚ ......... ਹੈ।

(*iv*) ........... ਉਦੇਸ਼ ਦੇ ਲਈ ਜਾਤੀ ਦਾ ਸ਼ੋਸ਼ਣ ਨਹੀਂ ਹੋਣਾ ਚਾਹੀਦਾ।

## 7.4 ਸਾਰ ਅੰਸ਼ (Summary)

- ਵਿਵੇਚਨ ਦੇ ਲਈ ਅਸੀਂ ਭਾਰਤ ਦੇ ਇਤਿਹਾਸ ਨੂੰ ਚਾਰ ਯੁਗਾਂ ਵਿਚ ਵੰਡ ਸਕਦੇ ਹਾਂ : (1) ਪ੍ਰਾਚੀਨ ਯੁਗ, ਜਿਸ ਵਿਚ (ਅ) ਵੈਦਿਕ ਕਾਲ, (ਬ) ਬ੍ਰਾਹਮਣ ਕਾਲ, (ਸ) ਮੌਰਿਆ ਕਾਲ, (ਦ) ਮੌਰਿਅਓਤਰ (ਸ਼ਰਤਵ ਝ਼ਚਗਖ਼) ਕਾਲ (ਯਾਨੀ ਕਿ, ਸਾਂਗਾਂ, ਕੁਸ਼ਾਣ ਤੇ ਗੁਪਤ ਕਾਲ) ਅਤੇ (ੲ) ਹਰਸ਼ਵਰਧਨ ਕਾਲ ਤੇ ਹੋਰ ਕਾਲ ਸ਼ਾਮਲ ਹਨ। (2) ਮੱਧ ਯੁਗ, ਜਿਸ ਵਿਚ (ਅ) ਰਾਜਪੂਤ ਕਾਲ ਅਤੇ (ਬ) ਮੁਸਲਿਮ ਕਾਲ ਸ਼ਾਮਲ ਹਨ। (3) ਬ੍ਰਿਟਿਸ਼ ਯੁਗ, ਜਿਸ ਵਿਚ (ਅ) ਪੂਰਵ ਉਦਯੋਗਿਕ ਕਾਲ ਅਤੇ (ਬ) ਸੁਤੰਤਰਤਾ-ਪੂਰਵ ਉਦਯੋਗਿਕ ਕਾਲ ਸ਼ਾਮਲ ਹਨ। (4) ਸੁਤੰਤਰਤਾ ਤੋਂ ਬਾਅਦ ਕਾਲ।
- ਸਾਰੇ ਜਾਤੀ ਸੰਰਚਨਾ ਕਿ ਵਿਸ਼ੇਸ਼ ਸਮੇਂ ਵਿਚ ਵਿਸ਼ੇਸ਼ ਸਰੂਪ ਲਿੱਤੀ ਹੋਈ ਸੀ ਅਤੇ ਬਾਅਦ ਵਿਚ ਇਸ ਵਿਚ ਪਰਿਵਰਤਨ ਕੀਤੇ ਗਏ, ਬਲਕਿ ਅਜਿਹੇ ਕੁਝ ਹੋਰ ਕਾਰਾਂ ਦਾ ਉਲੇਖ ਕੀਤਾ ਜਾ ਸਕਦਾ ਹੈ ਜੋ ਇਹ ਦੱਸਦੇ ਹਨ ਕਿ ਕਿਸ ਸਮੇਂ ਅਤੇ ਕਿਸ ਸਥਾਨ ਉੱਤੇ ਉਨ੍ਹਾਂ ਦਾ ਪ੍ਰਭਾਵ ਪਿਆ।
- ਜਾਤੀ-ਵਿਵਸਥਾ ਦੀ ਪਕੜ ਢਿੱਲੀ ਹੋਣੇ ਦੇ ਕੋਈ ਸੰਕੇਤ ਨਹੀਂ ਹਨ। ਵਿਭਿੰਨ ਜਾਤੀਆਂ ਦੇ ਉੱਤੇ ਉੱਠਣ ਤੇ ਸਮਾਜਿਕ ਪ੍ਰਤੀਸ਼ਠਾ ਪ੍ਰਾਪਤ ਕਰਨ ਦੇ ਦ੍ਰਿਸ਼ਟੀਕੋਣ ਵਿਚ ਪਰਿਵਰਤਨ ਅਵੱਸ਼ ਆਇਆ ਹੈ। ਜਾਤੀ-ਵਿਵਸਥਾ ਵਿਚ ਪਰਿਵਰਤਨ ਨਿਰੰਤਰ ਅਤੇ ਨਿਯਮਿਤ ਰੂਪ ਨਾਲ ਹੋ ਰਹੇ ਹਨ, ਪਰੰਤੂ ਸਾਰੇ ਵਿਹਾਰਕ ਉਦੇਸ਼ ਦੇ ਲਈ ਜਾਤੀ ਵਿਵਸਥਾ ਜਿਉਂ ਦੀ ਤਿਉਂ ਬਣੀ ਹੋਈ ਹੈ। ਇਸ ਨੂੰ ਭੰਗ ਕਰਨ ਦੀ ਦਿਸ਼ਾ ਵਿਚ ਪਰਿਵਰਤਨ ਨਹੀਂ ਹੋ ਪਾ ਰਿਹਾ ਹੈ। ਕਈ ਜਾਤੀਆਂ ਵਿਚੋਂ ਇਕ ਪ੍ਰਕਾਰ ਦੀ ਵਰਗ-ਚੇਤਨਾ ਦਾ ਉਦੇ ਹੋਇਆ ਹੈ।
- ਇਹ ਸੱਚ ਹੈ ਕਿ ਜਾਤੀ-ਵਿਵਸਥਾ ਆਧਿਆਤਮਕ ਤੇ ਭੌਤਿਕ ਤਰੱਕੀ ਵਿਚ ਅਤੇ ਰਾਸ਼ਟਰੀ ਅਤੇ ਸਮਾਜਿਕ ਤਰੱਕੀ ਵਿਚ ਰੋੜਾ ਹੈ। ਜਦ ਤਕ ਇਹ ਸੜੀ ਗਲੀ ਵਿਵਸਥਾ ਚਲਦੀ ਰਹੇਗੀ ਤਦ ਤਕ ਅਸੀਂ ਆਪਣੇ ਸਮਾਜਿਕ ਆਦਰਸ਼ਾਂ ਨੂੰ ਪ੍ਰਾਪਤ ਨਹੀਂ ਕਰ ਸਕਦੇ। ਇਸ ਲਈ ਜਿੰਨੀ ਜਲਦੀ ਇਸ ਦੀ ਮ੍ਰਿਤੂ ਦੀ ਘੰਟੀ ਵਜੇਗੀ ਉਂਨੀ ਹੀ ਜਲਦੀ ਸਾਡਾ ਭਵਿੱਖ ਜ਼ਿਆਦਾ ਉਜਲਾ ਹੋਵੇਗਾ। ਫਿਰ ਵੀ ਇਹ ਇਕ ਸੱਚ ਹੈ ਕਿ ਇਸ ਨੂੰ ਛੇਤੀ ਨਾਲ ਖਤਮ ਨਹੀਂ ਕੀਤਾ ਜਾ ਸਕਦਾ।

## 7.5 ਸ਼ਬਦਕੋਸ਼ (Keywords)

- **ਸੰਸਤਰਣ-**ਪਰਤ ਦਰ ਪਰਤ, ਤਹ, ਵਿਸਤਰ
- **ਅਹੀਰ-** ਗਵਾਲਾ, ਅਭੀਰ

ਨੋਟ

## 7.6 ਅਭਿਆਸ ਪ੍ਰਸ਼ਨ (Review Questions)

1. ਜਾਤੀ ਵਿਵਸਥਾ ਦੇ ਭਵਿੱਖ ਅਤੇ ਉਸ ਦੀਆਂ ਪਰਿਵਰਤਿਤ ਪ੍ਰਵਿੱਤੀਆਂ ਦੀ ਵਿਸਤ੍ਰਿਤ ਵਿਆਖਿਆ ਕਰੋ।
2. ਜਾਤੀ ਵਿਵਸਥਾ ਨੂੰ ਪ੍ਰਭਾਵਿਤ ਕਰਣ ਵਾਲੇ ਤੱਤਾਂ ਦੀ ਸਮੀਖਿਆ ਕਰੋ।
3. ਜਾਤੀ ਵਿਵਸਥਾ ਵਿੱਚ ਹੋਏ ਮੁੱਖ ਪਰਿਵਰਤਨਾਂ ਉੱਤੇ ਪ੍ਰਕਾਸ਼ ਪਾਓ।
4. ਜਾਤੀ ਵਿਵਸਥਾ ਦੇ ਭਵਿੱਖ ਦਾ ਵਿਵੇਚਨ ਕਰੋ।
5. ਨਿਮਨਲਿਖਿਤ ਉੱਤੇ ਟਿੱਪਣੀ ਲਿਖੋ–
   (*i*) ਉਦਯੋਗੀਕਰਣ (*ii*) ਸ਼ਹਿਰੀਕਰਣ (*iii*) ਮੁਸਲਿਮ ਕਾਲ

### ਉੱਤਰ : ਸਵ–ਮੁੱਲਾਂਕਣ (Answers: Self Assessment)

**1.** (*i*) ✓ (*ii*) ✗ (*iii*) ✓ (*iv*) ✗ (*v*) ✓
(*vi*) ✗ (*vii*) ✓ (*viii*) ✗ (*ix*) ✗

**2.** (*i*) ਜਾਤੀ–ਵਿਵਸਥਾ (*ii*) ਗਾਂਧੀ ਜੀ (*iii*) ਰੋੜਾ
(*iv*) ਰਾਜਨੀਤਿਕ

## 7.7 ਸੰਦਰਭ ਪੁਸਤਕਾਂ (Further Readings)

ਬੁਕਸ
1. ਸੀ. ਟੀ. ਖੰਨਾ, ਇੰਟਰ ਕਾਸਟ ਐਂਡ ਇੰਟਰ ਕਮਿਊਨਿਟੀ ਮੈਰਿਜ ਇਨ ਇੰਡੀਆ, ਪਾਪੁਲਰ ਬੁਕ ਡਿਪੋ, ਬਾਂਬੇ, 1960 ।
2. ਜੀ. ਈ. ਧੁਰੇ, ਕਾਸਟ, ਕਲਾਸ ਐਂਡ ਅਕੁਪੇਸ਼ਨ, ਪਾਪੁਲਰ ਬੁਕ ਡਿਪੋ, ਬਾਂਬੇ, 1961 ।

ਨੋਟ

# ਇਕਾਈ-8: ਜਜਮਾਨੀ ਵਿਅਵਸਥਾ (Jajmani System)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

8.1 ਜਜਮਾਨੀ-ਵਿਅਵਸਥਾ (Concept of Jajmani System)

8.2 ਜਜਮਾਨੀ-ਵਿਅਵਸਥਾ ਇਕ ਸ਼ੋਸ਼ਣ ਦੀ ਵਿਅਵਸਥਾ (Jajmani System : an Ex;oitative System)

8.3 ਸਾਰ ਅੰਸ਼ (Summary)

8.4 ਸ਼ਬਦਕੋਸ਼ (Keywords)

8.5 ਅਭਿਆਸ-ਪ੍ਰਸ਼ਨ (Review Questions)

8.6 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਜਜਮਾਨੀ-ਵਿਅਵਸਥਾ ਦੀ ਅਵਧਾਰਣਾ ਨੂੰ ਸਮਝਣ ਵਿਚ;
- ਜਜਮਾਨੀ-ਵਿਅਵਸਥਾ ਨੂੰ ਇਕ ਸ਼ੋਸ਼ਣ ਵਿਅਵਸਥਾ ਦੇ ਰੂਪ ਵਿਚ ਜਾਣਨ ਵਿਚ।

## ਜਾਣਕਾਰੀ (Introduction)

ਜਜਮਾਨੀ ਵਿਅਵਸਥਾ ਦਾ ਵਰਣਨ ਅੰਤਰ-ਪਰਿਵਾਰਕ ਅੰਤਰਜਾਤੀ ਸੰਬੰਧ ਦੇ ਰੂਪ ਵਿਚ ਕੀਤਾ ਗਿਆ ਹੈ ਜਿਸ ਵਿਚ ਸਰੰਖਿਅਕਾਂ (Patrons) ਅਤੇ ਸੇਵਾਕਰਤਾਵਾਂ ਦੇ ਵਿੱਚ ਦੇ ਸੰਬੰਧ ਸਵਾਮੀ ਅਤੇ ਅਧੀਨ (Superordinate-Subordinate) ਦੇ ਹੁੰਦੇ ਹਨ। ਸਰੰਖਿਅਕ ਸਵੱਛ ਜਾਤੀਆਂ ਦੇ ਪਰਿਵਾਰ ਹੁੰਦੇ ਹਨ, ਜਦਕਿ ਸੇਵਾਕਰਤਾ ਨੀਵੀਂ ਅਤੇ ਅਸਵੱਛ ਜਾਤੀ ਦੇ ਪਰਿਵਾਰ ਹੁੰਦੇ ਹਨ। ਸੋ ਇ ਕਿਹਾ ਜਾ ਸਕਦਾ ਹੈ ਜਿਜਮਾਨੀ ਵਿਅਵਸਥਾ ਇਕ ਵਿਤਰਣ ਵਿਅਵਸਥਾ ਹੈ, ਜਿਸ ਵਿਚ ਉੱਚ ਜਾਤੀ ਦੇ ਜਮੀਨ ਦੇ ਮਾਲਕਾਂ ਪਰਿਵਾਰਾਂ ਨੂੰ ਨੀਵੀਂ ਜਾਤੀ ਦੇ ਲੋਕਾਂ ਦੁਆਰਾ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸੇਵਕ ਜਾਤੀ ਦੇ ਲੋਕਾਂ ਨੂੰ 'ਕਮੀਨ' ਕਹਿ ਕੇ ਬੁਲਾਇਆ ਜਾਂਦਾ ਹੈ, ਜਦਕਿ ਸੇਵਿਤ ਜਾਤੀਆ ਨੂੰ 'ਜਜਮਾਨ' ਕਿਹਾ ਜਾਂਦਾ ਹੈ। ਸੇਵਕ ਜਾਤੀਆਂ ਨੂੰ ਉਨਾਂ ਦੀ ਸੇਵਾ ਦੇ ਬਦਲੇ ਵਿਚ ਨਕਦ ਜਾਂ ਵਸਤੂ ਦੇ ਰੂਪ ਵਿਚ ਭੁਗਤਾਨ ਕੀਤਾ ਜਾਂਦਾ ਹੈ।

## 8.1 ਜਜਮਾਨੀ ਵਿਵਸਥਾ ਦੀ ਅਵਧਾਰਣਾ (Concept of Jajmani System)

ਜਜਮਾਨੀ-ਵਿਵਸਥਾ ਪਰੰਪਰਾਗਤ ਕਿੱਤਿਆਂ ਦੇ ਫਰਜ਼ਾਂ (Occupational obligations) ਦੀ ਵਿਵਸਥਾ ਹੈ। ਪ੍ਰਾਚੀਨ ਭਾਰਤ ਵਿਚ ਜਾਤੀਆਂ ਇਕ ਦੂਜੇ ਉੱਤੇ ਆਰਥਿਕ ਰੂਪ ਨਾਲ ਨਿਰਭਰ ਹੁੰਦੀਆਂ ਸਨ। ਇਕ ਪੇਂਡੂ ਵਿਅਕਤੀ ਪਰੰਪਰਾਗਤ ਵਿਸ਼ਿਸ਼ਟ ਕਿੱਤਾ ਉਸ ਦੀ ਜਾਤੀ ਨੂੰ ਸੌਂਪੀ ਗਈ ਵਿਸ਼ੇਸ਼ੱਗਤਾ ਦੇ ਆਧਾਰ ਉੱਤੇ ਅਪਣਾਉਂਦਾ ਸੀ। ਕਿੱਤਿਆਂ ਦੇ ਵਿਸ਼ਿਸ਼ਟਕਰਣ ਨੇ ਪੇਂਡੂ ਸਮਾਜ ਵਿਚ ਸੇਵਾਵਾਂ ਦੇ ਅਦਾਨ-ਪ੍ਰਦਾਨ ਨੂੰ ਜਨਮ ਦਿੱਤਾ। ਸੇਵਾ ਕਰਤਾ (Serving) ਅਤੇ ਸੇਵਿਤ (Served) ਜਾਤੀਆਂ ਦੇ ਵਿਚ ਇਹ ਸੰਬੰਧ ਵਿਅਕਤੀਗਤ, ਅਸਥਾਈ, ਸੀਮਿਤ ਅਤੇ ਸੰਵਿਦਾਤਮਕ (contractual) ਨਹੀਂ ਸੀ, ਬਲਕਿ ਇਹ ਜਾਤੀ-ਅਭਿਮੁਖ, ਸਥਾਈ ਅਤੇ ਵਿਸਤ੍ਰਿਤ ਸਮਰਥਨ ਦੇਣ ਵਾਲਾ ਸੀ। ਉਹ ਵਿਵਸਥਾ ਜਿਸ ਵਿਚ ਜਮੀਨ ਦੇ ਮਾਲਕ (Land owning) ਪਰਿਵਾਰ ਅਤੇ ਉਨ੍ਹਾਂ ਜਮੀਨਹੀਨ ਪਰਿਵਾਰਾਂ ਵਿਚ, ਜੋ ਉਸ ਨੂੰ ਚੀਜ਼ਾਂ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ, ਸਥਾਈ ਸੰਬੰਧ ਮਿਲਦੇ ਹਨ, ਉਸ ਨੂੰ ਜਜਮਾਨੀ ਵਿਵਸਥਾ ਕਿਹਾ ਜਾਂਦਾ ਹੈ।

ਯੋਗੇਂਦਰ ਸਿੰਘ ਨੇ ਜਜਮਾਨੀ ਵਿਵਸਥਾ ਦਾ ਵਰਣਨ ਕਰਦੇ ਹੋਏ ਕਿਹਾ ਹੈ ਕਿ ਇਹ ਇਕ ਅਜਿਹੀ ਵਿਵਸਥਾ ਹੈ ਜੋ ਪਿੰਡਾਂ ਦੇ ਅੰਤਰਜਾਤੀ ਸੰਬੰਧਾਂ ਵਿਚ ਪਾਰਸਪਰਿਕਤਾ ਉੱਤੇ ਆਧਾਰਿਤ ਸੰਬੰਧ ਦੁਆਰਾ ਨਿਅੰਤ੍ਰਿਤ ਹੁੰਦੀ ਹੈ। ਈਸ਼ਵਰਨ ਨੇ ਜਜਮਾਨੀ ਵਿਵਸਥਾ (ਜਿਸ ਨੂੰ ਦੱਖਣ ਭਾਰਤ ਵਿਚ ਮੈਸੂਰ ਵਿਚ 'ਆਇਆ' ਕਿਹਾ ਜਾਂਦਾ ਹੈ) ਦੇ ਸੰਦਰਭ ਵਿਚ ਕਿਹਾ ਹੈ ਕਿ ਇਹ ਇਕ

ਨੋਟ

ਅਜਿਹੀ ਵਿਵਸਥਾ ਹੈ ਜਿਸ ਵਿਚ ਸੰਪੂਰਨ ਸਮੁਦਾਇਕ ਜੀਵਨ ਵਿਚ ਹਰੇਕ ਜਾਤੀ ਨੂੰ ਇਕ ਭੂਮਿਕਾ ਨਿਭਾਉਣੀ ਹੁੰਦੀ ਹੈ। ਇਸ ਭੂਮਿਕਾ ਵਿਚ ਆਰਥਿਕ, ਸਮਾਜਿਕ ਅਤੇ ਨੈਤਿਕ ਕੰਮ ਹੁੰਦੇ ਹਨ।

'ਜਜਮਾਨ' ਸ਼ਬਦ ਦਾ ਪ੍ਰਯੋਗ ਮੂਲ ਰੂਪ ਤੋਂ ਉਸ ਅਸਾਮੀ (Client) ਦੇ ਲਈ ਕੀਤਾ ਜਾਂਦਾ ਸੀ ਜਿਸ ਦੇ ਲਈ ਬ੍ਰਾਹਮਣ ਪੁਜਾਰੀ ਧਾਰਮਿਕ ਪੂਜਾ ਤੇ ਕਰਮਕਾਂਡ (Rituals) ਕਰਦੇ ਸਨ, ਪਰੰਤੂ ਬਾਅਦ ਵਿਚ ਇਹ ਵਿਸ਼ਿਸ਼ਟ ਸੇਵਾਵਾਂ ਨੂੰ ਪ੍ਰਾਪਤ ਕਰਨ ਵਾਲੇ ਵਿਅਕਤੀ ਅਤੇ ਸੰਰਖਿਅਕ ਦੇ ਲਈ ਪ੍ਰਯੋਗ ਕੀਤਾ ਜਾਣ ਲਗਾ। ਬੀਡਲਮੈਨ ਨੇ ਕਿਹਾ ਹੈ ਕਿ 'ਸੇਵਾਦਾਰਾਂ' ਅਰਥਾਤ ਚੀਜ਼ਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਦੇ ਲਈ 'ਕਮੀਨ' ਸ਼ਬਦ ਦੇ ਅਲਾਵਾ ਭਿੰਨ ਖੇਤਰਾਂ ਵਿਚ ਹੋਰ ਸ਼ਬਦ ਜਿਵੇਂ ਪੁਰਜਨ, ਪਰਧਾਨ, ਆਦਿ ਵੀ ਪ੍ਰਯੋਗ ਕੀਤਾ ਜਾਂਦਾ ਹੈ।

ਨੋਟਸ ਜਜਮਾਨੀ ਵਿਵਸਥਾ ਇਕ ਵਿਤਰਨ ਵਿਵਸਥਾ ਹੈ ਜਿਸ ਵਿਚ ਉੱਚ ਜਾਤੀ ਦੇ ਜਮੀਨ ਦੇ ਮਾਲਕ ਪਰਿਵਾਰਾਂ ਨੂੰ ਨੀਵੀਂ ਜਾਤੀ ਦੇ ਲੋਕਾਂ ਦੇ ਦੁਆਰਾ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

### 8.1.1 ਜਜਮਾਨੀ ਸੰਬੰਧ

ਕਦੀ-ਕਦੀ ਚੀਜ਼ਾਂ ਦੀ ਅਪੂਰਤੀ (ਛਚਬਬ;ਖ) ਦੇ ਆਧਾਰ ਉੱਤੇ ਦੋ ਜਾਂ ਦੋ ਤੋਂ ਜ਼ਿਆਦਾ ਜਾਤੀਆਂ ਦੇ ਸੰਬੰਧ ਸੰਵਿਦਾਤਮਕ ਹੋ ਸਕਦੇ ਹਨ, ਕਿੰਤੂ ਜਜਮਾਨੀ ਨਹੀਂ। ਉਦਾਹਰਣ ਲਈ ਜਿਸ ਜੁਲਾਹੇ ਨੂੰ ਉਸ ਦੀ ਬਣਾਈ ਹੋਈ ਅਤੇ ਵੇਚੀ ਹੋਈ ਵਸਤੂ ਦੇ ਲਈ ਨਕਦ ਭੁਗਤਾਨ ਕੀਤਾ ਜਾਂਦਾ ਹੈ, ਉਹ ਪ੍ਰਥਾ ਦੇ ਅਨੁਸਾਰ ਫਸਲ ਵਿਚੋਂ ਹਿੱਸੇ ਦਾ ਅਧਿਕਾਰੀ ਨਹੀਂ ਹੁੰਦਾ ਹੈ। ਉਹ ਨਾ 'ਕਮੀਨ' ਹਨ ਅਤੇ ਨਾ ਹੀ ਖਰੀਦਣ ਵਾਲਾ ਉਸ ਦਾ 'ਜਜਮਾਨ'। ਫਿਰ, ਜਜਮਾਨੀ ਸੰਬੰਧਾਂ ਵਿਚ ਕੁਝ ਅਜਿਹੀ ਸੇਵਾਵਾਂ ਅਤੇ ਚੀਜ਼ਾਂ ਹੋ ਸਕਦੀਆਂ ਹਨ ਜਿਨ੍ਹਾਂ ਦਾ ਅਨੁਬੰਧ (Contract) ਹੁੰਦਾ ਹੈ ਅਤੇ ਅਲੱਗ ਤੋਂ ਭੁਗਤਾਨ ਵੀ ਉਦਾਹਰਣ ਦੇ ਲਈ ਪਿੰਡ ਵਿਚ ਰੱਸੀ ਬਣਾਉਣ ਵਾਲੀ ਜਜਮਾਨੀ ਵਿਵਸਥਾ ਦੇ ਅੰਤਰਗਤ ਕਿਸਾਨ ਨੂੰ ਸਾਰੀਆਂ ਜਰੂਰੀ ਰੱਸੀਆਂ ਦੀ ਪੂਰਤੀ ਕਰਦੇ ਹਨ, ਸਿਰਫ਼ ਉਸ ਰੱਸੀ ਦੇ ਜੋ ਖੂਹ ਵਿਚ ਉਪਯੋਗੀ ਹੁੰਦੀ ਹੈ ਅਤੇ ਕਾਫ਼ੀ ਲੰਮੀ ਅਤੇ ਮੋਟੀ ਹੁੰਦੀ ਹੈ। ਕਿਸਾਨ ਨੂੰ ਉਸ ਦੇ ਲਈ ਅਲੱਗ ਤੋਂ ਭੁਗਤਾਨ ਦੇਣਾ ਹੁੰਦਾ ਹੈ।

ਜਜਮਾਨੀ ਸੰਬੰਧਾਂ ਵਿਚ ਧਾਰਮਿਕ ਕ੍ਰਿਤਾਂ, ਸਮਾਜਿਕ ਸਮਰਥਨ ਅਤੇ ਆਰਥਿਕ ਆਦਾਨ-ਪ੍ਰਦਾਨ ਸਾਰੇ ਦਾ ਸਮਾਵੇਸ਼ ਹੈ। ਸੇ ਵਕ ਜਾਤੀਆਂ ਜਜਮਾਨ ਦੇ ਘਰ ਜਨਮ, ਵਿਆਹ, ਅਤੇ ਮ੍ਰਿਤੂ ਦੇ ਅਵਸਰਾਂ ਉੱਤੇ ਧਾਰਮਿਕ ਸੰਸਕਾਰਿਕ ਸਮਾਰੋਹਾਂ ਵਿਚ ਫਰਜ਼ਾਂ ਦਾ ਪਾਲਨ ਕਰਦੇ ਹਨ। ਡੀ.ਐਨ. ਮਜੂਮਦਾਰ ਨੇ ਉੱਤਰ ਪ੍ਰਦੇਸ਼ ਦੇ ਲਖਨਊ ਜਿੱਲ੍ਹੇ ਦੇ ਇਕ ਪਿੰਡ ਦੀ ਰਾਜਪੂਤ ਜਾਤੀ ਦੇ ਠਾਕੁਰ ਪਰਿਵਾਰ ਦਾ ਉਦਾਹਰਣ ਕੀਤਾ ਹੈ ਜਿਸ ਵਿਚ ਦਸ ਵਿਭਿੰਨ ਜਾਤੀਆਂ ਦੇ ਪਰਿਵਾਰ ਜੀਵਨ ਚੱਕਰ-ਪਥ ਦੇ ਸੰਸਕਾਰਾਂ (Life-cycle rites) ਦੀ ਪੂਰਤੀ ਦੇ ਲਈ ਠਾਕੁਰ ਪਰਿਵਾਰ ਦੀ ਸੇਵਾ ਵਿਚ ਲਗੇ ਹੁੰਦੇ ਹਨ। ਉਦਾਹਰਣ ਲਈ ਬਾਲਕ ਦੇ ਜਨਮ ਦੀ ਦਾਅਵਤ ਦੇ ਸਮੇਂ ਬ੍ਰਾਹਮਣ ਨਾਮਕਰਨ ਸੰਸਕਾਰ ਕਰਾਉਂਦਾ ਹੈ, ਸੁਨਾਰ ਨਵਜਾਤ ਸ਼ਿਸ਼ੂ ਦੇ ਲਈ ਸੋਨੇ ਦੇ ਗਹਿਣੇ ਉਪਲਬਧ ਕਰਾਉਂਦਾ ਹੈ, ਧੋਬੀ ਗੰਦੇ ਕਪੜੇ ਧੋਂਦਾ ਹੈ, ਨਾਈ ਸੰਦੇਸ਼ ਵਾਹਨ ਦਾ ਕੰਮ ਕਰਦਾ ਹੈ, ਖਾਤੀ ਉਹ ਪੱਟਾ ਬਣਾਉਂਦਾ ਹੈ ਜਿਸ ਪਰ ਬੱਚੇ ਨੂੰ ਨਾਮਕਰਨ ਦੇ ਲਈ ਬਿਠਾਇਆ ਜਾਂਦਾ ਹੈ, ਲੁਹਾਰ ਲੋਹੇ ਦਾ ਕੜਾ ਬਣਾਉਂਦਾ ਹੈ, ਘੁਮਿਆਰ ਕੁੱਲੜ ਆਦਿ ਪਾਣੀ ਪੀਣ ਅਤੇ ਸਬਜ਼ੀਆਂ ਆਦਿ ਰੱਖਣ ਦੇ ਲਈ ਉਪਲਬਧ ਕਰਾਉਂਦਾ ਹੈ, ਪਾਸੀ ਭੋਜਨ ਦੇ ਲਈ ਪੱਤਲਾਂ ਜੁਟਾਉਂਦਾ ਹੈ ਅਤੇ ਭੰਗੀ ਦਾਅਵਤ ਦੇ ਬਾਅਦ ਸਫਾਈ ਦਾ ਕੰਮ ਕਰਦਾ ਹੈ। ਉਹ ਸਾਰੇ ਲੋਕ ਜੋ ਇਸ ਪ੍ਰਕਾਰ ਸਹਿਯੋਗ ਕਰਦੇ ਹਨ ਉਪਹਾਰ ਰੂਪ ਵਿਚ ਭੋਜਨ, ਕਪੜੇ ਅਤੇ ਧਨ ਪ੍ਰਾਪਤ ਕਰਦੇ ਹਨ ਜੋ ਆਂਸ਼ਿਕ ਰੂਪ ਤੋਂ ਪ੍ਰਥਾ ਉੱਤੇ, ਆਂਸ਼ਿਕ ਰੂਪ ਨਾਲ ਜਜਮਾਨ ਦੇ ਆਰਥਿਕ ਪੱਧਰ ਉੱਤੇ ਅਤੇ ਆਂਸ਼ਿਕ ਰੂਪ ਤੋਂ ਪ੍ਰਾਪਤ ਕਰਤਾ ਦੀ ਬੇਨਤੀ ਉੱਤੇ ਨਿਰਭਰ ਕਰਦਾ ਹੈ।

'ਕਮੀਨ' (ਨੀਵੀਂ ਜਾਤੀਆਂ) ਜੋ ਆਪਣੇ 'ਜਜਮਾਨਾਂ' (ਉੱਚ ਜਾਤੀਆਂ) ਨੂੰ ਵਿਸ਼ਿਸ਼ਟ ਕੁਸ਼ਲਤਾ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ, ਆਪ ਵੀ ਦੂਜਿਆਂ ਤੋਂ ਚੀਜ਼ਾਂ ਅਤੇ ਸੇਵਾਵਾਂ ਚਾਹੁੰਦੇ ਹਨ। ਹੈਰੋਲਡ ਗੂਲਡ ਦੇ ਅਨੁਸਾਰ ਇਹ ਨੀਵੀਂਆਂ ਜਾਤੀਆਂ ਜਾਂ ਤਾਂ ਪ੍ਰਤੱਖ ਰੂਪ ਤੋਂ ਸ਼੍ਰਮ ਦੇ ਆਦਾਨ-ਪ੍ਰਦਾਨ ਦੁਆਰਾ ਧਨ ਜਾਂ ਵਸਤੂ ਦੇ ਰੂਪ ਵਿਚ ਭੁਗਤਾਨ ਦੇ ਮਾਧਿਅਮ ਨਾਲ ਆਪਣੀ ਆਪ ਦੀ ਜਜਮਾਨੀ ਵਿਵਸਥਾ ਕਰ ਲੈਂਦੇ ਹਨ। ਮਧਿਅਮ ਜਾਤੀਆਂ ਵੀ ਨੀਵੀਂ ਜਾਤੀਆਂ ਦੇ ਸਮਾਨ ਹੀ ਜਾਂ ਤਾਂ ਸੇਵਾਵਾਂ ਦੇ ਬਦਲੇ ਨਕਦ ਭੁਗਤਾਨ ਦੇ ਰੂਪ ਵਿਚ ਜਾਂ ਸੇਵਾਵਾਂ ਦੇ ਆਦਾਨ-ਪ੍ਰਦਾਨ ਦੇ ਰੂਪ ਵਿਚ ਇਕ ਦੂਜੇ ਦੇ ਪ੍ਰਤੀ ਫਰਜ਼ਾਂ ਦਾ ਪਾਲਨ ਕਰਦੀਆਂ ਹਨ।

ਕਮੀਨ ਆਪਣੇ ਜਜਮਾਨਾਂ ਨੂੰ ਨਾ ਕੇਵਲ ਚੀਜ਼ਾਂ ਉਪਲਬਧ ਕਰਾਉਂਦੇ ਹਨ ਬਲਕਿ ਉਨ੍ਹਾਂ ਦੇ ਲਈ ਉਹ ਕੰਮ ਵੀ ਕਰਦੇ ਹਨ ਜੋ ਉਨ੍ਹਾਂ ਨੇ (ਜਜਮਾਨਾਂ ਨੂੰ) ਅਪਵਿੱਤਰ ਕਰਦੀਆਂ ਹਨ, ਉਦਾਹਰਣ ਲਈ (ਧੋਬੀ ਦੁਆਰਾ) ਗੰਦੇ ਕਪੜਿਆਂ ਦਾ ਧੋਣਾ, (ਨਾਈ ਦੁਆਰਾ) ਵਾਲਾਂ ਦਾ ਕੱਟਣਾ, (ਨੈਣ ਦੁਆਰਾ) ਬੱਚੇ ਦਾ ਜਨਮ ਦਿਵਾਉਣਾ, ਅਤੇ (ਭੰਗੀ ਦੁਆਰਾ) ਇਸ਼ਨਾਨ ਗ੍ਰਹਿ/ਸ਼ੌਚ ਘਰ

ਨੋਟ

ਆਦਿ ਦੀ ਸਫਾਈ ਕਰਨਾ, ਆਦਿ। ਭਾਵੇਂ ਧੋਬੀ, ਨਾਈ, ਲੁਹਾਰ ਆਦਿ ਨੀਵੀਂ ਜਾਤੀਆਂ ਵਿਚ ਆਉਂਦੇ ਹਨ ਫਿਰ ਵੀ ਹਰੀਜਨ ਦੀ 'ਕਮੀਨ' ਦੇ ਰੂਪ ਵਿਚ ਸੇਵਾ ਨਹੀਂ ਕਰਦੇ ਅਤੇ ਨਾ ਹੀ ਬ੍ਰਾਹਮਣ ਇਨ੍ਹਾਂ ਨੀਵੀਂ ਜਾਤੀਆਂ ਨੂੰ ਆਪਣਾ ਜਜਮਾਨ ਬਣਾਉਂਦੇ ਹਨ, ਤਦੋਂ ਜਦ ਨੀਵੀਂ ਜਾਤੀ ਪਰਿਵਾਰ ਮਾਇਕ ਪੱਧਰ ਤੇ ਚੰਗੇ ਹੋ ਜਾਂਦੇ ਹਨ ਤਾਂ ਉਹ ਦੂਸ਼ਿਤ ਕਿੱਤੇ ਨੂੰ ਤਿਆਗ ਦਿੰਦੇ ਹਨ ਅਤੇ ਸੰਸਕਾਰ ਵਿਸ਼ੇਸ਼ੱਗਾਂ (Ritual Specialists) ਦੀ ਸੇਵਾਵਾਂ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ ਅਤੇ ਇਸ ਵਿਚ ਸਫਲ ਵੀ ਹੋ ਜਾਂਦੇ ਹਨ।

ਜਜਮਾਨੀ ਸੰਬੰਧ ਜਾਤੀਆਂ ਦੀ ਅਪੇਕਸ਼ਾ ਪਰਿਵਾਰਾਂ ਵਿਚ ਹੁੰਦੇ ਹਨ। ਇਸ ਪ੍ਰਕਾਰ ਰਾਜਪੂਤ ਜਾਤੀ ਦਾ ਪਰਿਵਾਰ ਪਿੰਡ ਵਿਚ ਲੁਹਾਰ ਜਾਤੀ ਦੇ ਇਕ ਵਿਸ਼ੇਸ਼ ਪਰਿਵਾਰ ਦੇ ਧਾਤੂ ਦੇ ਔਜ਼ਾਰ ਪ੍ਰਾਪਤ ਕਰਦਾ ਹੈ, ਨਾ ਕਿ ਪਿੰਡ ਦੇ ਸਾਰੇ ਲੁਹਾਰ ਜਾਤੀਆਂ ਤੋਂ। ਇਸੀ ਵਿਸ਼ਿਸ਼ਟ ਲੁਹਾਰ ਪਰਿਵਾਰ ਨੂੰ ਹੀ ਫਸਲ ਉੱਤੇ ਰਾਜਪੂਤ ਪਰਿਵਾਰ ਦੀ ਫਸਲਾਂ ਵਿਚੋਂ ਇਕ ਹਿੱਸਾ ਮਿਲੇਗਾ ਨਾ ਕਿ ਦੂਜੇ ਲੁਹਾਰ ਪਰਿਵਾਰਾਂ ਨੂੰ। ਲੁਹਾਰ ਅਤੇ ਰਾਜਪੂਤ ਦੋ ਪਰਿਵਾਰਾਂ ਦੇ ਵਿੱਚ ਇਹ ਜਜਮਾਨੀ ਸੰਬੰਧ ਸਥਾਈ ਹਨ ਕਿਉਂਕਿ ਲੁਹਾਰ ਪਰਿਵਾਰ ਉਸੇ ਰਾਜਪੂਤ ਪਰਿਵਾਰ ਦੀ ਸੇਵਾ ਕਰਦਾ ਰਹਿੰਦਾ ਹੈ ਜਿਸ ਦੀ ਸੇਵਾ ਉਸ ਦੇ ਪਿਤਾ ਅਤੇ ਦਾਦਾ ਕਰਦੇ ਸਨ। ਰਾਜਪੂਤ ਪਰਿਵਾਰ ਵੀ ਆਪਣੇ ਔਜ਼ਾਰ ਅਤੇ ਉਨ੍ਹਾਂ ਦੀ ਮੁਰੰਮਤ ਉਸੇ ਲੁਹਾਰ ਪਰਿਵਾਰ ਤੋਂ ਕਰਾਉਂਦਾ ਹੈ ਜਿਸ ਤੋਂ ਉਸ ਦੇ ਪੂਰਵਜ ਕਰਾਇਆ ਕਰਦੇ ਸਨ। ਜੇਕਰ ਸੰਬੰਧ ਪਰਿਵਾਰਾਂ ਵਿਚੋਂ ਇਕ ਪਰਿਵਾਰ ਖਤਮ ਹੋ ਜਾਂਦਾ ਹੈ ਤਾਂ ਉਸ ਪਰਿਵਾਰ ਦੇ ਵੰਸ਼ਜ ਉਸ ਸਥਾਨ ਨੂੰ ਗ੍ਰਹਿਣ ਕਰ ਸਕਦੇ ਹਨ। ਉਦਾਹਰਣ ਲਈ, ਉਪਯੁਕਤ ਪ੍ਰਕਰਣ ਵਿਚ ਅਗਰ ਲੁਹਾਰ ਦੇ ਪਰਿਵਾਰ ਵਿਚ ਜ਼ਿਆਦਾ ਪੁੱਤਰ ਹਨ ਜਿਨ੍ਹਾਂ ਸਾਰਿਆਂ ਦਾ ਉਨ੍ਹਾਂ ਦਾ ਜਜਮਾਨ ਰਾਜਪੂਤ ਪਰਿਵਾਰ ਸਰੰਖਿਅਣ ਨਹੀਂ ਦੇ ਸਕਦਾ ਤਾਂ ਕੁਝ ਲੁਹਾਰ ਪੁੱਤਰ ਦੂਜੇ ਅਸਥਾਨਾਂ ਦੇ ਜਾ ਕੇ ਨਵੇਂ ਸਹਿਯੋਗੀ ਲੱਭ ਲੈਂਦੇ ਹਨ ਜਿੱਥੇ ਲੁਹਾਰਾਂ ਦੀ ਕਮੀ ਹੁੰਦੀ ਹੈ।

ਔਰੇਂਸਟੀਨ ਨੇ ਮੰਨਿਆ ਹੈ ਕਿ ਪਿੰਡ ਦੇ ਪਦਾਧਿਕਾਰੀ/ਕਰਮਚਾਰੀ ਜਾਂ ਪੇਂਡੂ ਸੇਵਕਾਂ ਦੇ ਪਰਿਵਾਰ (ਜਿਵੇਂ ਚੌਕੀਦਾਰ) ਪਿੰਡ ਵਿਚ ਵਿਸ਼ੇਸ਼ ਪਰਿਵਾਰਾਂ ਦੀ ਅਪੇਕਸ਼ਾ ਸੰਪੂਰਨ ਪਿੰਡ ਨਾਲ ਜਜਮਾਨੀ ਸੰਬੰਧਾਂ ਨੂੰ ਮੰਨਦੇ ਹਨ। ਇਸ ਪ੍ਰਕਾਰ ਚੌਕੀਦਾਰ ਦੇ ਪਰਿਵਾਰ ਨੂੰ ਪਿੰਡ ਦੇ ਹਰੇਕ ਜਮੀਨ ਦੇ ਮਾਲਕ ਕਿਸਾਨ ਪਰਿਵਾਰ ਤੋਂ ਫਸਲ ਦੇ ਸਮੇਂ ਕੁਝ ਨਾ ਕੁਝ ਯੋਗਦਾਨ ਪ੍ਰਾਪਤ ਹੁੰਦਾ ਹੈ। ਪਿੰਡ ਦੇ ਸੇਵਕ ਪਿੰਡ ਦੀ ਜਮੀਨ ਦਾ ਟੈਕਸ ਮੁਕਤ ਪ੍ਰਯੋਗ ਵੀ ਕਰ ਸਕਦੇ ਹਨ। ਕੁਝ ਸੇਵਕ ਪਰਿਵਾਰ ਵਿਅਕਤੀਗਤ ਪਰਿਵਾਰਾਂ ਦੀ ਅਪੇਕਸ਼ਾ ਪਿੰਡ ਦੇ ਇਕ ਹਿੱਸੇ (Segment) ਤੋਂ ਜਜਮਾਨੀ ਸੰਬੰਧ ਬਣਾ ਕੇ ਰਖਦੇ ਹਨ। ਅਜਿਹੇ ਸੇਵਕ ਪਰਿਵਾਰਾਂ ਨੂੰ ਪਿੰਡ ਦੇ ਉਸ ਵਿਸ਼ੇਸ਼ ਹਿੱਸੇ ਵਿਚ ਰਹਿਣ ਵਾਲੇ ਸਾਰੇ ਪਰਿਵਾਰ ਦੀ ਸੇਵਾ ਕਰਨ ਦਾ ਅਧਿਕਾਰ ਹੁੰਦਾ ਹੈ।

ਜਜਮਾਨੀ ਵਿਵਸਥਾ ਦੇ ਸੰਦਰਭ ਵਿਚ ਕੋਲੇਂਡਾ ਨੇ ਕਿਹਾ ਹੈ: "ਹਿੰਦੂ ਜਜਮਾਨੀ ਵਿਵਸਥਾ ਨੂੰ ਭਾਰਤੀ ਪਿੰਡਾਂ ਵਿਚ ਇਕ ਸੰਸਥਾ ਜਾਂ ਸਮਾਜਿਕ ਵਿਵਸਥਾ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ, ਜੋ ਕਿ ਭੂਮਿਕਾਵਾਂ ਅਤੇ ਪ੍ਰਤੀਮਾਨਾਂ (norms) ਦੇ ਜਾਲ ਦੁਆਰਾ ਬਣੀ ਹੁੰਦੀ ਹੈ। ਇਹ ਜਾਲ ਭੂਮਿਕਾਵਾਂ ਅਤੇ ਸੰਪੂਰਨ ਵਿਵਸਥਾ ਨਾਲ ਗੁੰਦਿਆਂ ਹੁੰਦਾ ਹੈ ਜਿਸ ਨੂੰ ਆਮ ਸਾਂਸਕ੍ਰਿਤਿਕ ਕਦਰਾਂ-ਕੀਮਤਾਂ ਦੁਆਰਾ ਵੈਧਤਾ ਅਤੇ ਸਮਰਥਨ ਪ੍ਰਾਪਤ ਹੁੰਦਾ ਹੈ।" ਜਜਮਾਨੀ ਵਿਵਸਥਾ ਵਿਚ ਜਿਨ੍ਹਾਂ ਮਹੱਤਵਪੂਰਨ ਪ੍ਰਸ਼ਨਾਂ ਦਾ ਵਿਸ਼ਲੇਸ਼ਣ ਜਰੂਰੀ ਹੈ ਉਹ ਹਨ: ਇਸ ਵਿਵਸਥਾ ਦਾ ਕੰਮ ਕੀ ਹੈ? ਇਸ ਵਿਚ ਕਿਹੜੀ ਭੂਮਿਕਾਵਾਂ ਨਿਹਿਤ ਹਨ? ਇਸ ਦੇ ਪ੍ਰਤੀਮਾਨ ਅਤੇ ਮੁੱਲ ਕੀ ਹਨ? ਇਸ ਵਿਵਸਥਾ ਵਿਚ ਸ਼ਕਤੀ ਅਤੇ ਅਧਿਕਾਰਾਂ ਦਾ ਵਿਤਰਨ ਕਿਸ ਪ੍ਰਕਾਰ ਹੁੰਦਾ ਹੈ? ਇਹ ਵਿਵਸਥਾ ਦੂਜੀ ਵਿਵਸਥਾਵਾਂ ਨਾਲ ਕਿਸ ਪ੍ਰਕਾਰ ਸੰਬੰਧਿਤ ਹੈ? ਵਿਵਸਥਾ ਬਣਾ ਕੇ ਰੱਖਣ ਦੀ ਕੀ ਪ੍ਰੇਰਣਾ ਹੈ? ਵਿਵਸਥਾ ਵਿਚ ਕੀ ਪਰਿਵਰਤਨ ਹੋਏ ਹਨ?

### 8.1.2 ਪ੍ਰਕਾਰਜ ਅਤੇ ਭੂਮਿਕਾਵਾਂ

ਜਜਮਾਨੀ ਵਿਵਸਥਾ ਤੇ ਕੰਮਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਲੀਚ ਨੇ ਕਿਹਾ ਹੈ ਕਿ ਜਜਮਾਨੀ ਵਿਵਸਥਾ ਸ਼੍ਰਮ ਵਿਭਾਜਨ ਅਤੇ ਜਾਤੀਆਂ ਦੇ ਆਰਥਿਕ ਪਰਸਪਰ ਨਿਰਭਰਤਾ ਨੂੰ ਨਿਯਮਿਤ ਕਰਦੀ ਹੈ ਅਤੇ ਬਣਾ ਕੇ ਰਖਦੀ ਹੈ। ਵਾਈਜ਼ਰ ਦੇ ਅਨੁਸਾਰ ਜਜਮਾਨੀ ਵਿਵਸਥਾ ਭਾਰਤੀ ਪਿੰਡ ਨੂੰ ਇਕ ਆਤਮ ਨਿਰਭਰ ਸਮੁਦਾਏ ਦੇ ਰੂਪ ਵਿਚ ਬਣਾ ਕੇ ਰੱਖਣ ਵਿਚ ਸਹਾਇਕ ਹੁੰਦੀ ਹੈ। ਹੈਰਾਲਡ ਗੂਲਡ ਨੇ ਕਿਹਾ ਹੈ ਕਿ ਜਜਮਾਨੀ ਵਿਵਸਥਾ ਨੀਚ ਅਤੇ ਦਸਤਕਾਰੀ ਸੇਵਾਵਾਂ ਦੇ ਬਦਲੇ ਵਿਚ ਖੇਤੀ ਉਤਪਾਦਨ ਦਾ ਵਿਤਰਨ ਕਰਦੀ ਹੈ। ਬੀਡਲਮੈਨ ਦਾ ਮਤ ਹੈ ਕਿ ਜਜਮਾਨੀ ਵਿਵਸਥਾ ਉੱਚ ਜਾਤੀਆਂ ਦੇ ਸਨਮਾਨ ਨੂੰ ਬਣਾ ਕੇ ਰਖਦੀ ਹੈ।

ਜਜਮਾਨੀ ਵਿਵਸਥਾ ਵਿਚ 'ਜਜਮਾਨ' ਅਤੇ 'ਕਮੀਨ' ਦੀ ਦੋ ਭੂਮਿਕਾਵਾਂ ਸ਼ਾਮਲ ਹਨ। 'ਕਮੀਨ' ਜਾਤੀਆਂ 'ਜਜਮਾਨ' ਜਾਤੀਆਂ ਦੇ ਲਈ ਕੁਝ ਵਿਵਸਾਇਕ, ਆਰਥਿਕ ਅਤੇ ਸਮਾਜਿਕ ਸੇਵਾਵਾਂ ਪ੍ਰਦਾਨ ਕਰਦੀਆਂ ਹਨ ਜਿਸ ਦੇ ਲਈ ਜਜਮਾਨ ਨਿਸ਼ਚਿਤ ਅੰਤਰਾਲ ਵਿਚ ਜਾਂ ਵਿਸ਼ੇਸ਼ ਅਵਸਰਾਂ ਉੱਤੇ ਭੁਗਤਾਨ ਕਰਦੇ ਰਹਿੰਦੇ ਹਨ। ਪਰੰਤੂ ਇਸ ਆਪਸੀ ਲੈਣ-ਦੇਣ ਵਿਚ ਸਾਰੀਆਂ ਜਾਤੀਆਂ ਜਰੂਰੀ ਰੂਪ ਵਿਚ ਹਿੱਸਾ ਨਹੀਂ ਲੈਂਦੀਆਂ ਹਨ। ਉਦਾਹਰਣ ਲਈ, ਤੇਲੀ ਇਕ ਅਜਿਹੀ ਜਾਤੀ ਹੈ ਜੋ ਆਮ ਰੂਪ ਵਿਚ ਇਸ ਸੇਵਾ ਲੈਣ-ਦੇਣ ਵਿਵਸਥਾ ਵਿਚ ਸ਼ਾਮਲ ਨਹੀਂ ਹੁੰਦੀ। ਕਮੀਨ ਦੀ ਅਸਾਮੀਆਂ (Clientele) ਵਿਚ ਉਸ ਦੇ ਪਿੰਡ ਅਤੇ ਆਸਪਾਸ ਦੇ ਪਿੰਡਾਂ ਦੇ ਪਰਿਵਾਰ ਸ਼ਾਮਲ ਹੁੰਦੇ ਹਨ। ਕਮੀਨ ਆਪਣੇ ਜਜਮਾਨ ਦੇ ਪ੍ਰਤੀ ਅਧਿਕਾਰਾਂ ਨੂੰ ਦੂਜੇ ਕਮੀਨ ਨੂੰ ਦੇ ਸਕਦੇ ਹਨ। ਇਸ ਜਜਮਾਨ-ਕਮੀਨ ਦੇ ਭੂਮਿਕਾ ਸੰਬੰਧੀ ਵਿਚ ਮਹੱਤਵਪੂਰਨ ਗੱਲ ਵਿਭਿੰਨ ਪ੍ਰਕਾਰ ਦੀ ਛੂਟ ਰਿਆਇਤ ਦੇਣ ਦੀ ਹੈ

ਨੋਟ

ਜਿਵੇਂ ਮੁਫ਼ਤ ਭੋਜਨ, ਮੁਫ਼ਤ ਕਪੜੇ, ਮੁਫ਼ਤ ਰਿਹਾਇਸ਼, ਲਗਾਨ ਮੁਫ਼ਤ ਜਮੀਨ, ਅਚਾਨਕਚਕ ਸਹਾਇਤਾ, ਮੁਕੱਦਮੇ ਵਿਚ ਸਹਾਇਤਾ, ਆਦਿ ਅਤੇ ਜਜਮਾਨਾਂ ਦੁਆਰਾ ਜੀਵਨ ਦੀ ਕਈ ਸੰਕਟ ਕਾਲ ਪਰਿਸਥਿਤੀਆਂ ਵਿਚ ਕਮੀਨਾਂ ਦਾ ਸੰਰਖਿਅਣ ਕਰਨਾ ਵੀ ਸ਼ਾਮਲ ਹੈ।

ਜਜਮਾਨੀ ਵਿਵਸਥਾ ਸਾਰੇ ਪਿੰਡਾਂ ਵਿਚ ਆਦਾਨ-ਪ੍ਰਦਾਨਤਮਕ (Reciprocal) ਨਹੀਂ ਹੈ। ਕੋਲੇਂਡਾ ਦੀ ਮਾਨਤਾ ਹੈ ਕਿ ਭਾਰਤ ਦੇ ਜ਼ਿਆਦਾ ਤਰ ਪਿੰਡਾਂ ਵਿਚ ਇਸ ਪ੍ਰਕਾਰ ਦੇ ਸੰਬੰਧਾਂ ਵਿਚ ਪ੍ਰਬਲ ਜਾਤੀਆਂ ਸ਼ਕਤੀ ਸੰਤੁਲਨ ਆਪਣੀ ਤਰਫ਼ ਕਰ ਲੈਂਦੀਆਂ ਹਨ। ਯੋਗੇਂਦਰ ਸਿੰਘ ਵੀ ਵਿਸ਼ਵਾਸ ਕਰਦੇ ਹਨ ਕਿ ਭਾਰਤ ਦੇ ਪਿੰਡ ਅੱਜ-ਕੱਲ੍ਹ ਆਰਥਿਕ ਸੰਸਥਾਵਾਂ, ਸੱਤਾ ਸੰਰਚਨਾ ਅਤੇ ਅੰਤਰਜਾਤੀ ਸੰਬੰਧਾਂ ਦੇ ਅਰਥ ਵਿਚ ਬਦਲ ਰਹੇ ਹਨ। ਆਰਥਿਕ ਪਰਿਵਰਤਨ ਦਾ ਪ੍ਰਮੁੱਖ ਸ੍ਰੋਤ ਭੂਮੀ ਸੁਧਾਰ ਹੈ ਜੋ ਕਿ ਮਧਿਅਸਥਤਾ ਸਮਾਪਤੀ, ਕਿਰਾਏਦਾਰ ਸੁਧਾਰ, ਭੂਮੀ ਚੱਕਬੰਦੀ, ਭੂਮੀ ਦੇ ਮੁੜ ਵਿਤਰਨ, ਸਹਿਕਾਰੀ ਖੇਤੀ ਦੇ ਵਿਕਾਸ ਅਤੇ ਅੰਤਰ ਕ੍ਰਿਆ, ਜਜਮਾਨੀ ਵਿਵਸਥਾ ਅਤੇ ਸਮਾਜਿਕ ਵਿਵਸਥਾ ਨੂੰ ਪ੍ਰਭਾਵਤ ਕੀਤਾ ਹੈ।

ਟਾਸਕ ਕਮੀਨ ਕਿਸ ਨੂੰ ਕਹਿੰਦੇ ਹਨ?

### 8.1.3 ਪ੍ਰਤਿਮਾਨ ਅਤੇ ਮੁੱਲ

ਦੇਸ਼ ਵਿਚ ਲਗਭਗ ਸਾਰੇ ਖੇਤਰਾਂ ਵਿਚ ਭੁਗਤਾਨ ਦੀ ਪਰੰਪਰਾਗਤ ਵਿਧੀ ਇਹ ਹੈ ਕਿ ਭੁਗਤਾਨ ਫਸਲ ਕੱਟਣ ਦੇ ਸਮੇਂ ਕੀਤਾ ਜਾਂਦਾ ਹੈ, ਜਦ ਹਰੇਕ ਜਮੀਨ ਦੇ ਮਾਲਕ ਕਿਸਾਨ ਪਰਿਵਾਰ ਵਿਭਿੰਨ 'ਕਮੀਨ' ਪਰਿਵਾਰਾਂ ਨੂੰ ਅੰਨ ਦੇ ਨਵੇਂ ਉਤਪਾਦਨ ਵਿਚੋਂ ਕੁਝ ਨਾ ਕੁਝ ਦਿੰਦਾ ਹੈ। ਫਿਰ ਵੀ ਫਸਲ ਦੇ ਸਮੇਂ ਦਾ ਇਹ ਭੁਗਤਾਨ ਕਮੀਨ ਪਰਿਵਾਰ ਨੂੰ ਪ੍ਰਾਪਤ ਹੋਣ ਵਾਲੇ ਭੁਗਤਾਨਾਂ ਦਾ ਇਕ ਹੀ ਹਿੱਸਾ ਹੁੰਦਾ ਹੈ। ਕਮੀਨ ਆਪਣੇ ਮਕਾਨ ਬਨਵ੍ਹਾਉਣ ਦੇ ਲਈ ਸਥਾਨ, ਜਾਨਵਰਾਂ ਦੇ ਚਰਨ ਦੇ ਲਈ ਸਥਾਨ, ਲੱਕੜੀ ਅਤੇ ਉਪਲੇ ਦੇ ਈਂਧਨ, ਔਜ਼ਾਰਾਂ ਦਾ ਕਰਜ਼ ਆਦਿ ਦੇ ਲਈ ਆਪਣੇ ਜਜਮਾਨ ਉੱਤੇ ਹੀ ਨਿਰਭਰ ਕਰਦਾ ਹੈ। ਇਸ ਦੇ ਨਾਲ -ਨਾਲ ਜਜਮਾਨ ਵਿਭਿੰਨ ਸਮਾਰੋਹਾਂ ਉੱਤੇ ਕਪੜੇ ਆਦਿ ਦੀ ਭੇਂਟ ਵੀ ਦਿੰਦਾ ਹੈ ਅਤੇ ਆਪਾਤ ਕਾਲ ਵਿਚ ਕਰਜ਼ ਦੇ ਰੂਪ ਵਿਚ ਧਨ ਨਾਲ ਵੀ ਸਹਾਇਤਾ ਕਰਦਾ ਹੈ।

ਵਾਈਜ਼ਰ ਨੇ ਕਮੀਨ ਨੂੰ ਜਜਮਾਨ ਤੋਂ ਮਿਲਣ ਵਾਲੇ ਸਤਾਰ੍ਹਾਂ ਪ੍ਰਕਾਰ ਦੇ ਪ੍ਰਤੀਫਲ/ਲਬਧੀਆ (Considerations) ਗਿਣਾਏ ਹਨ। ਹੈਰੋਲਡ ਗੂਲਡ ਨੇ ਵੀ 1954-55 ਵਿਚ ਉੱਤਰ ਪ੍ਰਦੇਸ਼ ਦੇ ਫੈਜਾਬਾਦ ਜਿੱਲ੍ਹੇ ਦੇ ਸ਼ੇਰਪੁਰ ਪਿੰਡ ਵਿਚ ਕੀਤੇ ਗਏ ਜਜਮਾਨੀ ਵਿਵਸਥਾ ਉੱਤੇ ਆਪਣੇ ਅਧਿਐਨ ਵਿਚ ਜਜਮਾਨੀ ਬੰਧਨਾਂ ਵਿਚ ਇਨ੍ਹਾਂ 'ਲਬਧੀਆਂ' ਨੂੰ ਮਹੱਤਵਪੂਰਨ ਪਾਇਆ। ਇਨ੍ਹਾਂ ਵਿਚੋਂ ਕੁਝ 'ਲਬਧੀਆਂ' ਇਸ ਪ੍ਰਕਾਰ ਹਨ: ਮੁਫ਼ਤ ਰਿਹਾਇਸ਼, ਪਰਿਵਾਰ ਦੇ ਲਈ ਮੁਫ਼ਤ ਭੋਜਨ, ਮੁਫ਼ਤ ਕਪੜੇ, ਪਸ਼ੂਆਂ ਦੇ ਲਈ ਮੁਫ਼ਤ ਭੋਜਨ, ਮੁਫ਼ਤ ਇਮਾਰਤੀ ਲੱਕੜੀ, ਪਾਥੀਆਂ, ਲਗਾਨ-ਮੁਕਤ ਜਮੀਨ, ਕਰਜ਼ ਸਹੂਲਤਾਂ, ਪੂਰਕ ਰੋਜ਼ਗਾਰ ਦੇ ਅਵਸਰ, ਮੁਫ਼ਤ ਔਜ਼ਾਰਾਂ ਤੇ ਜਾਨਵਰਾਂ ਦਾ ਉਪਯੋਗ, ਮੁਫ਼ਤ ਚਮੜਾ, ਮੁਕੱਦਮੇ ਵਿਚ ਸਹਾਇਤਾ, ਮੁਫ਼ਤ ਚਿਤਾ ਦੀ ਲੱਕੜੀ ਅਤੇ ਕੱਚੇ ਪਦਾਰਥਾਂ ਦਾ ਮੁਫ਼ਤ ਪ੍ਰਯੋਗ ਆਦਿ। ਹੈਰੋਲਡ ਗੂਲਡ ਨੇ ਜਜਮਾਨਾਂ ਦੁਆਰਾ 'ਪੂਰਜਨਾਂ' ਦੀ ਸੇਵਾਵਾਂ ਦੇ ਲਈ ਭੁਗਤਾਨ ਦਾ ਵੀ ਅਧਿਐਨ ਕੀਤਾ। ਉਦਾਹਰਣ ਦੇ ਲਈ ਬ੍ਰਾਹਮਣ ਨੂੰ ਹਰ ਜਜਮਾਨ ਪਰਿਵਾਰ ਤੋਂ ਫਸਲ ਦੇ ਸਮੇਂ ਉੱਤੇ ਪੰਦਰਾਂ ਕਿੱਲੋ ਅਨਾਜ ਮਿਲਦਾ ਸੀ; ਜੁਲਾਹੇ ਨੂੰ ਪ੍ਰਤੀ ਜਜਮਾਨ ਪੰਦਰਾਂ ਕਿੱਲੋ ਅਨਾਜ ਪ੍ਰਤੀ ਫਸਲ ਅਤੇ ਵੀਹ ਰੁਪਏ ਪ੍ਰਤੀ ਮਹੀਨੇ ਮਿਲਦਾ ਸੀ, ਘੁਮਿਆਰ, ਨਾਈ, ਲੁਹਾਰ ਨੂੰ ਪ੍ਰਤੀ ਪਰਿਵਾਰ ਪ੍ਰਤੀ ਫਸਲ ਅੱਠ ਕਿੱਲੋ ਅਨਾਜ ਮਿਲਦਾ ਸੀ; ਅਤੇ ਧੋਬੀ ਨੂੰ ਹਰੇਕ ਫਸਲ ਉੱਤੇ ਘਰ ਵਿਚ ਪ੍ਰਤੀ ਇਸਤ੍ਰੀ ਦੇ ਹਿਸਾਬ ਨਾਲ ਚਾਰ ਕਿਲੋ ਅਨਾਜ ਮਿਲਦਾ ਸੀ।

ਇਕ ਪਿੰਡ ਵਿਚ ਇਕ ਕਮੀਨ ਪਰਿਵਾਰ ਨੂੰ ਸਾਰਿਆਂ ਜਜਮਾਨਾਂ ਤੋਂ ਪ੍ਰਾਪਤ ਹੋਣ ਵਾਲੇ ਅਨਾਜ ਦਾ ਉਦਾਹਰਣ ਦਿੰਦੇ ਹੋਏ ਹੈਰਾਲਡ ਗੂਲਡ ਕਹਿੰਦੇ ਹਨ ਕਿ ਉਨ੍ਹਾਂ ਦੇ ਪਿੰਡ ਵਿਚ ਉਨ੍ਹਾਂ ਨੇ ਪਾਇਆ ਕਿ ਇਕ ਨਾਈ ਨੂੰ ਪੱਚੀ ਇਕਾਕੀ ਵਾਲੇ ਪੰਦਰਾਂ ਸੰਯੁਕਤ ਪਰਿਵਾਰਾਂ ਤੋਂ ਲਗਭਗ 312 ਕਿੱਲੋ ਅਨਾਜ ਪ੍ਰਾਪਤ ਹੋਇਆ। ਵਿਭਿੰਨ ਜਾਤੀਆਂ ਵਿਚ ਜਜਮਾਨੀ ਸੰਬੰਧਾਂ ਨੂੰ ਲੈ ਕੇ ਉਨ੍ਹਾਂ ਨੇ ਪਾਇਆ ਕਿ ਸ਼ੇਰਪੁਰ ਪਿੰਡ ਦੇ ਸਾਰੇ ਜਜਮਾਨਾਂ ਨੇ ਇਕ ਸਾਲ ਵਿਚ ਵੀ 'ਪੁਰਜਨ' ਪਰਿਵਾਰਾਂ ਨੂੰ 2039 ਕਿੱਲੋ ਅਨਾਜ ਦਿੱਤਾ ਸੀ। ਉਸ ਪਿੰਡ ਵਿਚ 228 ਲੋਕਾਂ ਦੀ ਕੁਲ ਜਨਸੰਖਿਆ ਉੱਤੇ 43 ਪਰਿਵਾਰ ਸਨ। ਇਨ੍ਹਾਂ ਵਿਚੋਂ ਸਿਰਫ਼ ਉੱਨੀ ਪਰਿਵਾਰ ਜਜਮਾਨ ਪਰਿਵਾਰ ਸਨ ਜਿਨ੍ਹਾਂ ਨੂੰ ਸੇਵਾਵਾਂ ਪ੍ਰਾਪਤ ਸਨ ਅਤੇ ਜੋ ਅਨਾਜ ਦਿੰਦੇ ਸਨ। ਇਸ ਨਾਲ ਗਿਆਤ ਹੁੰਦਾ ਹੈ ਕਿ ਆਰਥਿਕ ਅੰਤਰ ਕ੍ਰਿਆ ਕਿੰਨੀ ਜ਼ਿਆਦਾ ਸੀ।

ਕਮਜ਼ੋਰ ਫਸਲ ਵਾਲੇ ਸਾਲ ਵਿਚ ਕਿਸਾਨ ਜਜਮਾਨ ਆਪਣੇ ਕਮੀਲ ਪਰਿਵਾਰਾਂ ਨੂੰ ਜ਼ਿਆਦਾ ਅੰਨ ਨਹੀਂ ਦਿੰਦਾ, ਪਰੰਤੂ ਚੰਗੀ ਫਸਲ ਉੱਤੇ ਉਹ ਉਨ੍ਹਾਂ ਕਮੀਨ ਪਰਿਵਾਰਾਂ ਨੂੰ ਕੁਝ ਫਾਲਤੂ ਅਨਾਜ ਦੇਣ ਵਿਚ ਆਨਾਕਾਨੀ ਨਹੀਂ ਕਰਦਾ ਜਿਨ੍ਹਾਂ ਨੇ ਉਨ੍ਹਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਜੇਕਰ ਕਮੀਨ ਜਜਮਾਨ ਦੀ ਸੇਵਾ ਵਿਚ ਕੁਝ ਧੋਖੇ ਵਾਲੀ ਗੱਲ ਕਰਦਾ ਹੈ (ਜਿਵੇਂ ਲੁਹਾਰ ਉਸ ਦੇ ਔਜ਼ਾਰਾਂ ਦੀ ਸਹੀ ਮੁਰੰਮਤ ਨਹੀਂ ਕਰਦਾ ਜਾਂ ਧੋਬੀ ਉਸ ਦੇ ਕਪੜੇ ਗੁਆ ਦਿੰਦਾ ਹੈ ਜਾਂ ਫਾੜ ਦਿੰਦਾ ਹੈ) ਤਾਂ ਜਜਮਾਨ ਉਸ

ਨੂੰ ਜ਼ਿਆਦਾ ਨਹੀਂ ਦਿੰਦਾ ਇਸੇ ਪ੍ਰਕਾਰ ਕਮੀਨ ਵੀ ਪ੍ਰਾਪਤ ਹੋਣ ਵਾਲੇ ਭੁਗਤਾਨ ਦੇ ਅਨੁਸਾਰ ਹੀ ਜਜਮਾਨ ਦੀ ਸੇਵਾ ਕਰਦਾ ਹੈ। ਐਮ.ਐਨ. ਸ੍ਰੀਨਿਵਾਸ ਦੇ ਅਨੁਸਾਰ ਵੀ ਉਨ੍ਹਾਂ ਜਜਮਾਨਾਂ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ ਜੋ ਭੁਗਤਾਨ ਰੁਪਈਆਂ ਵਿਚ ਨਾ ਕਰਕੇ ਅਨਾਜ ਦੇ ਰੂਪ ਵਿਚ ਕਰਦੇ ਹਨ।

ਬੀਡਲਮੈਨ ਦੇ ਅਨੁਸਾਰ ਜਜਮਾਨ ਅਤੇ ਕਮੀਨ ਦੇ ਵਿਚ ਸ਼ਕਤੀ ਦੀ ਵੰਡ (Allocation) ਵਿਚ ਸਾਂਸਕਾਰਿਕ ਪਵਿੱਤਰਤਾ ਅਤੇ ਅਪਵਿੱਤਰਤਾ (Ritual Purity and Pollution) ਮਹੱਤਵਪੂਰਨ ਨਹੀਂ ਹੈ। ਨੀਵੀਂ ਜਾਤੀ ਦਾ ਵਿਅਕਤੀ ਦਾ ਵਿਅਕਤੀ ਭਲੇ ਹੀ ਜਜਮਾਨ ਹੋਵੇ, ਉੱਚ ਜਾਤੀ ਦੇ ਕਮੀਨ ਤੋਂ ਥੱਲੇ ਹੀ ਮੰਨਿਆਂ ਜਾਂਦਾ ਹੈ। ਉੱਚ ਜਾਤੀ ਦੀ ਸ਼ਕਤੀ ਜਮੀਨ ਦੇ ਮਾਲਕ ਅਤੇ ਧਨ ਉੱਤੇ ਆਧਾਰਿਤ ਹੁੰਦੀ ਹੈ ਅਤੇ ਕਮੀਨ ਦੇ ਕੋਲ ਇਹ ਸ਼ਕਤੀ ਨਹੀਂ ਹੁੰਦੀ ਹੈ। ਹੈਰਾਲਡ ਗੂਲਡ ਨੇ ਮੰਨਿਆ ਹੈ: ਕਿ "ਮੌਲਿਕ ਅੰਤਰ ਇਕ ਪਾਸੇ ਜਮੀਨ ਦੇ ਮਾਲਿਕ ਕਿਸਾਨ ਜਾਤੀਆਂ ਵਿਚ ਜੋ ਸਮਾਜਿਕ ਵਿਵਸਥਾ ਵਿਚ ਪ੍ਰਭੁਤਵ ਰਖਦੀਆਂ ਹਨ ਅਤੇ ਦੂਜੇ ਪਾਸੇ ਭੂਮੀਹੀਣ ਨੀਚ ਅਤੇ ਦਸਤਕਾਰੀ ਜਾਤੀਆਂ ਦੇ ਵਿਚ ਪਾਇਆ ਜਾਂਦਾ ਹੈ।" ਪੋਕਾਕ ਵੀ ਇਸੇ ਪ੍ਰਕਾਰ ਕਹਿੰਦੇ ਹਨ: "ਜੇਕਰ ਜਜਮਾਨੀ ਸੰਬੰਧ ਇਕ ਵਿਵਸਥਾ ਨਹੀਂ ਬਣਾਉਂਦੇ ਹਨ, ਤਾਂ ਇਕ ਸੰਗਠਨ ਬਣਾਉਂਦੇ ਹਨ। ਉਹ ਇਕ ਸੰਸਥਾ ਦੇ ਚਾਰੋਂ ਤਰਫ਼ ਸੰਗਠਿਤ ਹਨ ਜੋ (ਸੰਸਥਾ) ਉਸ ਖੇਤਰ ਦੀ ਪ੍ਰਬਲ ਜਾਤੀ ਹੈ। ਜਜਮਾਨ ਅਤੇ ਕਮੀਨਾਂ ਦੇ ਫਰਜ਼ਾਂ, ਅਧਿਕਾਰਾਂ, ਭੁਗਤਾਨਾਂ ਅਤੇ ਲਾਭਾਂ ਦੇ ਸੰਬੰਧ ਵਿਚ ਵੀ ਪ੍ਰਤੀਮਾਨ ਹੈ। ਜਜਮਾਨ ਨੂੰ ਆਪਣੇ ਕਮੀਨ ਦੇ ਪ੍ਰਤੀ ਪਿਤਰ ਭਾਵ ਰਖਦਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਮੰਗਾਂ ਪੂਰੀਆਂ ਕਰਨੀਆਂ ਚਾਹੀਦਾ ਹੈ। ਕਮੀਨ ਨੂੰ ਵੀ ਪਿਤਾ ਦੇ ਲਈ ਪੁੱਤਰ ਦੀ ਤਰ੍ਹਾਂ ਵਿਵਹਾਰ ਕਰਨਾ ਚਾਹੀਦਾ ਹੈ। ਉਸ ਨੂੰ ਆਪਣੇ ਜਜਮਾਨ ਦਾ ਉਸ ਦੇ ਗੁਟ ਸੰਬੰਧੀ ਵਿਵਾਦਾਂ ਵਿਚ ਸਮਰਥਨ ਕਰਨਾ ਚਾਹੀਦਾ।

ਜਜਮਾਨੀ ਵਿਵਸਥਾ ਦਾ ਸਾਂਸਕ੍ਰਿਤਿਕ ਮੁੱਲ ਇਹ ਹੈ ਕਿ ਦਾਨ ਅਤੇ ਉਦਾਰਤਾ ਧਾਰਮਿਕ ਫਰਜ਼ ਹਨ ਅਤੇ ਅਸਮਾਨਤਾ ਈਸ਼ਵਰ ਦੀ ਦੇਣ ਹਨ। ਪਵਿੱਤਰ, ਅਰਧ ਪਵਿੱਤਰ ਅਤੇ ਨਿਰਪੇਖ ਹਿੰਦੂ ਸਾਹਿੱਤ ਅਤੇ ਮੌਖਿਕ ਪਰੰਪਰਾਵਾਂ ਜਜਮਾਨ ਕਮੀਨ ਸੰਬੰਧਾਂ ਨੂੰ ਉਚਿਤ ਤੇ ਅਧਿਕਾਰਿਕ ਮੰਨਦੇ ਹਨ। ਗਲਤੀ ਕਰਨ ਵਾਲੇ ਜਜਮਾਨਾਂ ਅਤੇ ਕਮੀਨਾਂ ਨੂੰ ਦੰਡ ਦੇਣ ਦਾ ਅਧਿਕਾਰ ਜਾਤੀ ਪੰਚਾਇਤ ਨੂੰ ਹੈ। ਨਾਲ-ਨਾਲ ਉਪਰੋਕਤ ਅਨੁਗਿਆਵਾਂ (Sanctions) ਇਹ ਵੀ ਆਗਿਆ ਦਿੰਦੀ ਹੈ ਕਿ ਚਾਹੇ ਤਾਂ ਕਮੀਨ ਵਾਂਛਨੀ ਸੇਵਾਵਾਂ ਨਾ ਕਰਨ ਅਤੇ ਜਜਮਾਨ ਚਾਹੇ ਤਾਂ ਕਮੀਨ ਨੂੰ ਦਿੱਤੀ ਹੋਈ ਜਮੀਨ ਵਾਪਸ ਲੈ ਲਏ।

ਉਦਾਹਰਣ ਲਈ, ਜੇਕਰ ਇਕ ਘੁਮਿਆਰ ਪਰਿਵਾਰ ਦੂਜੇ ਘੁਮਿਆਰ ਦੇ ਜਜਮਾਨਾਂ ਨੂੰ ਲੈਣਾ ਚਾਹੁੰਦਾ ਹੈ ਤਾਂ ਪ੍ਰਭਾਵਤ ਘੁਮਿਆਰ ਪਰਿਵਾਰ ਘੁਸਪੈਠੀਏ ਨੂੰ ਰੋਕਣ ਦੇ ਲਈ ਆਪਣੀ ਜਾਤੀ ਪੰਚਾਇਤ ਨੂੰ ਨਿਵੇਦਨ ਕਰਦਾ ਹੈ ਅਤੇ ਜੇਕਰ ਪਿੰਡ ਦੇ ਘੁਮਿਆਰ ਇਹ ਵਿਸ਼ਵਾਸ ਕਰ ਲੈਣ ਕਿ ਉਨ੍ਹਾਂ ਦੇ ਜਜਮਾਨ (ਕਿਸਾਨ) ਉਨ੍ਹਾਂ ਦੇ ਨਾਲ ਗਲਤ ਵਿਵਹਾਰ ਕਰ ਰਹੇ ਹਨ ਤਾਂ ਉਹ ਪਿੰਡ ਦੇ ਕਿਸਾਨ ਜਜਮਾਨਾਂ ਦਾ ਬਹਿਸ਼ਕਾਰ ਤਦ ਤਕ ਕਰਨ ਦਾ ਯਤਨ ਕਰ ਸਕਦੇ ਹਨ ਜਦ ਤਕ ਕਿ ਉਹ ਆਪਣੇ ਗਲਤ ਵਿਵਹਾਰ ਨੂੰ ਛੱਡ ਨਾ ਦੇਣ।

**ਸਵ-ਮੁਲਾਂਕਣ (Self Assessment)**

**2. ਦਿੱਤੇ ਗਏ ਕਥਨਾਂ ਦੇ ਸਾਹਮਣੇ ☑ ਅਤੇ ☒ ਨਿਸ਼ਾਨ ਲਗਾਓ (State whether the following statements 'Right' or 'Wrong')—**

(*i*) 'ਜਜਮਾਨ' ਸ਼ਬਦ ਦਾ ਪ੍ਰਯੋਗ ਉਸ ਅਸਾਮੀ ਦੇ ਲਈ ਕੀਤਾ ਜਾਂਦਾ ਸੀ ਜਿਸ ਦੇ ਲਈ ਬ੍ਰਾਹਮਣ ਪੁਜਾਰੀ ਧਾਰਮਿਕ ਪੂਜਾ ਤੇ ਕਰਮਕਾਂਡ ਕਰਿਆ ਕਰਦੇ ਸਨ। ☐

(*ii*) ਜਜਮਾਨੀ ਸੰਬੰਧਾਂ ਵਿਚ ਧਾਰਮਿਕ ਕ੍ਰਿਤਾਂ ਸਮਾਜਿਕ ਸਮਰਥਨ ਅਤੇ ਆਰਥਿਕ ਆਦਾਨ-ਪ੍ਰਦਾਨ ਦਾ ਸਮਾਵੇਸ਼ ਨਹੀਂ ਹੁੰਦਾ ਹੈ। ☐

(*iii*) ਜਜਮਾਨੀ ਸੰਬੰਧ ਜਾਤੀਆਂ ਦੀ ਅਪੇਕਸ਼ਾ ਪਰਿਵਾਰਾਂ ਵਿਚ ਹੁੰਦੇ ਹਨ। ☐

(*iv*) ਜਜਮਾਨੀ ਵਿਵਸਥਾ ਸ਼੍ਰਮ ਵਿਭਾਜਨ ਅਤੇ ਜਾਤੀਆਂ ਦੇ ਆਰਥਿਕ ਪਰਸਪਰ ਨਿਰਭਰਤਾ ਨੂੰ ਨਿਯਮਿਤ ਕਰਦੀ ਹੈ। ☐

(*v*) ਜਜਮਾਨੀ ਵਿਵਸਥਾ ਵਿਚ 'ਜਜਮਾਨ' ਅਤੇ 'ਕਮੀਨ' ਦੀ ਤਿੰਨ ਭੂਮਿਕਾਵਾਂ ਸ਼ਾਮਲ ਹਨ। ☐

(*vi*) ਗਲਤੀ ਕਰਨ ਵਾਲੇ ਜਜਮਾਨਾਂ ਅਤੇ ਕਮੀਨਾਂ ਨੂੰ ਦੰਡ ਦੇਣ ਦਾ ਅਧਿਕਾਰ ਜਾਤੀ ਪੰਚਾਇਤ ਨੂੰ ਹੈ। ☐

## 8.2 ਜਜਮਾਨੀ-ਵਿਵਸਥਾ : ਇਕ ਸ਼ੋਸ਼ਣ ਦੀ ਵਿਵਸਥਾ (Jajmani System : an Exploitative System)

ਕੀ ਜਜਮਾਨੀ ਵਿਵਸਥਾ ਇਕ ਸ਼ੋਸ਼ਣ ਦੀ ਵਿਵਸਥਾ ਹੈ? ਕੀ ਜਜਮਾਨ ਘੱਟ ਪੈਸਾ ਦੇ ਕੇ ਜਾਂ ਘੱਟ ਮਾਤਰਾ ਵਿਚ ਅੰਨ ਦੇ ਕੇ ਜਾਂ ਹੋਰ ਕਿਸੇ ਪ੍ਰਕਾਰ ਨਾਲ ਕਮੀਨ ਪਰਿਵਾਰਾਂ ਦਾ ਸ਼ੋਸ਼ਣ ਕਰਦੇ ਹਨ? ਬੀਡਲਮੈਨ ਸਪਸ਼ਟ ਰੂਪ ਨਾਲ ਜਜਮਾਨ ਨੂੰ ਸ਼ੋਸ਼ਕ ਅਤੇ ਕਮੀਨ ਨੂੰ ਸ਼ੋਸ਼ਿਤ ਮੰਨਦੇ ਹਨ ਅਤੇ ਇਸ ਵਿਵਸਥਾ (ਜਜਮਾਨੀ) ਨੂੰ ਸਾਮੰਤੀ (Feudal) ਕਹਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ

ਨੋਟ

ਹੈ ਕਿ ਜਜਮਾਨੀ ਵਿਵਸਥਾ ਉੱਚ ਜਾਤੀ ਦੇ ਜਮੀਨ ਮਾਲਕ ਹਿੰਦੂਆਂ ਦੇ ਦੁਆਰਾ ਦਬਾਅ, ਨਿਯੰਤਰਣ, ਵੈਧਕਰਣ, ਅਤੇ ਡਰਾਉਣ ਧਮਕਾਉਣ ਦੇ ਪ੍ਰਮੁੱਖ ਸਾਧਨਾਂ ਵਿਚੋਂ ਇਕ ਹੈ। ਲੁਈਸ ਅਤੇ ਬਾਰਨਊ ਇਸ ਵਿਚਾਰ ਦੇ ਹਨ ਕਿ ਸ਼ਕਤੀਸ਼ਾਲੀ ਅਤੇ ਧਨੀ ਜਜਮਾਨਾਂ ਅਤੇ ਗਰੀਬ ਭੂਮੀਹੀਣ ਕਮੀਨ ਦੇ ਵਿੱਚ ਵੱਡੇ ਅੰਤਰ ਕਾਰਨ ਹੀ ਕਮੀਨ ਦਾ ਸ਼ੋਸ਼ਣ ਹੁੰਦਾ ਹੈ ਅਤੇ ਉੱਚ ਪੱਧਰੀ ਲੋਕ ਉਨ੍ਹਾਂ ਨੂੰ ਦਬਾ ਕੇ ਆਪਣੀ ਕਤੀ ਨੂੰ ਬਣਾ ਕੇ ਰਖਦੇ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਜਜਮਾਨੀ ਵਿਵਸਥਾ ਵਿਚ ਕੋਈ ਸ਼ਕਤੀ ਜਾਂ ਦਬਾਅ ਨਹੀਂ ਹੈ। ਪਹਿਲਾਂ ਤਾਂ ਕਮੀਨ ਆਪਣੀ ਜੀਵਕਾ ਦੇ ਲਈ ਆਪਣੇ ਜਜਮਾਨਾਂ ਉੱਤੇ ਪੂਰੀ ਤਰ੍ਹਾਂ ਨਿਰਭਰ ਨਹੀਂ ਹੁੰਦੇ। ਉਹ ਆਪਣੀ ਚੀਜ਼ਾਂ ਅਤੇ ਸੇਵਾਵਾਂ ਨੂੰ ਦੂਜੇ ਵਿਅਕਤੀਆਂ ਜਾਂ ਪਰਿਵਾਰਾਂ ਨੂੰ ਦੇਣ ਦੇ ਲਈ ਸੁਤੰਤਰ ਹਨ ਜੋ ਉਨ੍ਹਾਂ ਨੂੰ ਨਕਦ ਭੁਗਤਾਨ ਕਰਦੇ ਹਨ। ਦੂਜੇ, ਜਦ ਕਮੀਨ ਅਜਿਹਾ ਅਨੁਭਵ ਕਰਦੇ ਹਨ ਕਿ ਉਨ੍ਹਾਂ ਨਾਲ ਅਨਿਆਂ ਹੋ ਰਿਹਾ ਹੈ ਤਾਂ ਉਹ ਆਪਣੀ ਜਾਤੀ ਪੰਚਾਇਤਾਂ ਦੀ ਸਹਾਇਤਾ ਲੈਂਦੇ ਹਨ ਜੋ ਜਜਮਾਨਾਂ ਨੂੰ ਕਮੀਨ (ਸੇਵਾ ਸਮੂਹਾਂ) ਦੀ ਮੰਗਾਂ ਸਵੀਕਾਰ ਕਰਨ ਦੇ ਲਈ ਮਜਬੂਰ ਕਰਦੇ ਹਨ। ਇਸੇ ਪ੍ਰਕਾਰ ਜਦ ਜਮੀਨ ਦੇ ਮਾਲਕ ਜਜਮਾਨ ਇਹ ਅਨੁਭਵ ਕਰਦੇ ਹਨ ਕਿ ਉਨ੍ਹਾਂ ਦਾ ਕੋਈ ਸੇਵਾਦਾਰ ਕਮੀਨ ਆਪਣੇ ਫਰਜ਼ਾਂ ਤੋਂ ਵਿਮੁਖ ਹੋ ਰਿਹਾ ਹੈ ਜਾਂ ਉਨ੍ਹਾਂ ਦੀ (ਜਜਮਾਨ ਦੀ) ਸ਼ਕਤੀ ਤੇ ਪ੍ਰਸਥਿਤੀ ਨੂੰ ਖਤਰਾ ਪੈਦਾ ਹੋ ਰਿਹਾ ਹੈ, ਤਾਂ ਜਜਮਾਨ ਪਰਿਵਾਰ ਕਮੀਨ ਦਾ ਭੁਗਤਾਨ ਰੋਕ ਕੇ ਜਾਂ ਕਿਸੇ ਹੋਰ ਤਰ੍ਹਾਂ ਨਾਲ ਉਨ੍ਹਾਂ ਉੱਤੇ ਸਮੂਹਕ ਦਬਾਅ ਪਾਉਂਦੇ ਹਨ। ਪਰੰਤੂ ਇਹ ਸਮੂਹਕ ਕਾਰਵਾਈ ਸਮੂਚੀ ਜਾਤੀ ਦੇ ਹਿਤਾਂ ਨੂੰ ਪ੍ਰਭਾਵਤ ਨਹੀਂ ਕਰਦੀ। ਤੀਜੇ, ਜਜਮਾਨ ਆਪਣੇ ਕਮੀਨ ਨਾਲ ਪਰਿਪਾਲਕ ਭਾਵ (Paternalistic) ਤੋਂ ਵਿਵਹਾਰ ਕਰਦੇ ਹਨ ਅਤੇ ਮੁਸ਼ਕਲ ਦੇ ਸਮੇਂ ਵਿਚ ਉਨ੍ਹਾਂ ਦੀ ਸਹਾਇਤਾ ਕਰਦੇ ਹਨ। ਚੌਥੇ, ਜਜਮਾਨੀ ਨਿਯਮ ਇੰਨੇ ਲਚੀਲੇ ਹੁੰਦੇ ਹਨ ਕਿ ਇਨ੍ਹਾਂ ਦਾ ਅਰਥ ਕਿਸੇ ਵੀ ਪ੍ਰਕਾਰ ਤੋਂ ਲਗਾਇਆ ਜਾ ਸਕਦਾ ਹੈ ਅਤੇ ਸੇਵਾ ਪ੍ਰਬੰਧਾਂ ਵਿਚ ਪਰਿਵਰਤਨ ਸੰਭਵ ਬਣਾਇਆ ਜਾ ਸਕਦਾ ਹੈ। ਫਿਰ ਵੀ ਹਰੇਕ ਜਜਮਾਨੀ ਸੰਬੰਧ ਵਿਚ ਇਕ ਸਮੇਂ ਵਿਚ ਘੱਟ ਤੋਂ ਘੱਟ ਇਕ ਪੱਧਰ ਬਣਿਆ ਰਹਿੰਦਾ ਹੈ। ਅੰਤ ਵਿਚ, ਉੱਚ ਜਾਤੀ ਦੇ ਮੈਂਬਰ ਅਪਵਿੱਤਰ ਕਰਨ ਵਾਲੇ ਵਿਸ਼ਿਸ਼ਟ ਕੰਮਾਂ ਤੋਂ ਬਚਣਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਨੂੰ ਕਮੀਨ ਪਰਿਵਾਰਾਂ ਉੱਤੇ ਜਰੂਰੀ ਸੇਵਾਵਾਂ ਅਤੇ ਵਸਤੂਆਂ ਦੇ ਲਈ ਨਿਰਭਰ ਰਹਿਣਾ ਪੈਂਦਾ ਹੈ। ਜਜਮਾਨ ਆਦਾਨ-ਪ੍ਰਦਾਨ ਨੂੰ ਪਰਸਪਰ ਲਾਭ ਦਾ ਵਿਸ਼ੇ ਮੰਨ ਕੇ ਉਹ ਕਦੀ-ਕਦੀ ਕਮੀਨ ਦੀ ਗਲਤ ਮੰਗਾਂ ਵੀ ਸਹਿਣ ਕਰ ਲੈਂਦੇ ਹਨ, ਜਿਸ ਪ੍ਰਕਾਰ ਕਮੀਨ ਸਮੇਂ-ਸਮੇਂ ਉੱਤੇ ਆਪਣੇ ਜਜਮਾਨਾਂ ਦਾ ਦਬਾਅ ਸਹਿਣ ਕਰਦੇ ਹਨ। ਇਸ ਲਈ ਜਜਮਾਨੀ ਵਿਵਸਥਾ ਨੂੰ ਸ਼ੋਸ਼ਣ ਦੀ ਵਿਵਸਥਾ ਕਹਿਣਾ ਤਰਕਸੰਗਤ ਨਹੀਂ ਹੋਵੇਗਾ। ਰਾਵ, ਕੋਲੇਂਡਾ, ਔਰੇਂਸਟੀਨ (1962), ਅਤੇ ਹੈਰੋਲਡ ਗੂਲਡ ਨੇ ਵੀ ਸਵੀਕਾਰ ਕੀਤਾ ਹੈ ਕਿ ਜਜਮਾਨੀ ਵਿਵਸਥਾ ਨੂੰ ਸ਼ੋਸ਼ਕ ਵਿਵਸਥਾ ਕਹਿਣਾ ਅਤੇ ਇਸ ਪ੍ਰਕਾਰ ਇਕ ਆਮ ਨਤੀਜਾ ਕੱਢਣਾ ਬਹੁਤ ਜ਼ਿਆਦਾ ਧੁੰਦਲਾ ਕਰ ਦੇਣ ਵਾਲਾ ਕਥਨ ਹੋਵੇਗਾ। ਹੈਰੋਲਡ ਗੂਲਡ ਨੇ ਕਿਹਾ ਹੈ ਕਿ ਜਜਮਾਨੀ ਵਿਵਸਥਾ ਦਾ ਸਾਮੰਤੀ ਵਿਵਸਥਾ ਦੇ ਘਟਕ ਦੇ ਰੂਪ ਵਿਚ ਵਿਸ਼ਲੇਸ਼ਣ ਗਲਤ ਤੇ ਗੈਰ ਜ਼ਿੰਮੇਵਾਰੀਪੂਰਣ ਤੱਥ ਪਤਾ ਲਗਦਾ ਹੈ। ਆਰਥਿਕ ਕ੍ਰਿਆ ਦੇ ਕਿਸੇ ਵੀ ਨਾਮ ਦੇ ਰੂਪ ਵਿਚ ਜਜਮਾਨੀ ਵਿਵਸਥਾ ਦਾ ਵਿਸਤਾਰ ਛੋਟਾ ਹੈ। ਇਹ ਵਿਵਸਥਾ ਕਿਸੇ ਤਰਕ ਸੰਗਤ ਆਰਥਿਕ ਪ੍ਰਯੋਜਨ ਦੇ ਕਾਰਨ ਨਹੀਂ ਚਲਦੀ ਬਲਕਿ ਇਸ ਲਈ ਸਥਿਰ ਰਹਿੰਦੀ ਹੈ ਕਿਉਂਕਿ ਇਹ ਸਮਾਜਿਕ ਪਰਿਸਥਿਤੀ ਨੂੰ ਬਣਾ ਕੇ ਰੱਖਣ ਵਿਚ ਮਹੱਤਵਪੂਰਨ ਹੁੰਦੀ ਹੈ ਅਤੇ ਸਮਾਜਿਕ ਅੰਤਰ ਕ੍ਰਿਆ ਦੇ ਇਨ੍ਹਾਂ ਸਰੂਪਾਂ ਦਾ ਵੀ ਅਨੁਰੱਖਿਅਣ ਕਰਦੀ ਹੈ ਜੋ ਪੇਂਡੂ ਹਿੰਦੂਵਾਦ ਦੇ ਸਫਲ ਪ੍ਰਚਲਣ ਦੇ ਲਈ ਜਰੂਰੀ ਹਨ। ਜਜਮਾਨ ਅਤੇ ਸੇਵਕ ਜਾਤੀਆਂ ਦੇ ਵਿੱਚ ਬੰਧਨ ਸਮਾਨ ਧਾਰਮਿਕ-ਆਰਥਿਕ ਸੰਬੰਧਾਂ ਦਾ ਆਨੰਦ ਲੈਣਾ ਹੈ, ਨਾ ਕਿ ਸਮਾਜ ਵਿਚ ਧਨ ਅਤੇ ਸ਼ਕਤੀ ਦੇ ਸ੍ਰੋਤਾਂ ਦੇ ਪ੍ਰਤੀ ਆਮ ਸੰਬੰਧ ਦਾ ਆਨੰਦ ਲੈਣਾ।

**ਕੀ ਤੁਸੀਂ ਜਾਣਦੇ ਹੋ** ਜਜਮਾਨ ਮੂਲ ਤੌਰ ਤੇ ਇਕ ਆਰਥਿਕ ਤੇ ਰਾਜਨੀਤਿਕ ਦ੍ਰਿਸ਼ਟੀ ਤੋਂ ਸਮਰੂਪ ਵਰਗ ਨਹੀਂ ਹੈ, ਬਲਕਿ ਇਕ ਧਾਰਮਿਕ-ਆਰਥਿਕ ਸੰਵਰਗ (Category) ਹੈ ਜੋ ਕਿ ਭਾਰਤੀ ਸਭਿਅਤਾ ਵਿਚ ਅਪੂਰਵਤਾ ਨਾਲ (Uniquely) ਅਪਣਾਈ ਗਈ ਹੈ।

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਜਜਮਾਨੀ ਵਿਵਸਥਾ ਵਿਚ ਜਜਮਾਨ ਦੀ ਪਰਿਸਥਿਤੀ ਨਾ ਤਾਂ ਜ਼ਿਮੀਂਦਾਰ ਵਰਗ ਨਾਲ ਮੇਲ ਖਾਂਦੀ ਹੈ ਅਤੇ ਨਾ ਹੀ ਕਿਸੇ ਪ੍ਰਬਲ ਜਾਤੀ ਨਾਲ ਅਤੇ ਨਾ ਇਹ ਕਿਸੇ ਵਿਸ਼ੇਸ਼ ਸਮਾਜਿਕ ਸਮੂਹ ਵਿਚ ਮੈਂਬਰਸ਼ਿਪ ਉੱਤੇ ਨਿਰਭਰ ਕਰਦੀ ਹੈ, ਬਲਕਿ ਜਮੀਨ ਦੇ ਮਾਲਕਾਨਾ ਜਾਂ ਜਮੀਨ ਤੋਂ ਉਤਪਾਦਨ (ਕਿਸੇ ਵੀ ਸਾਧਨ) ਉੱਤੇ ਨਿਰਭਰ ਕਰਦੀ ਹੈ। ਮੇਅਰ, ਮਾਥੁਰ ਅਤੇ ਪੋਕਾਕ ਦੀ ਵੀ ਮਾਨਤਾ ਹੈ ਕਿ ਜ਼ਮੀਨ ਦਾ ਮਾਲਕਾਨਾ ਭਾਰਤ ਵਿਚ ਜਾਤੀ ਮੁਕਤ (Caste free) ਰਿਹਾ ਹੈ ਜਿਸ ਦਾ ਅਰਥ ਹੈ ਕਿ ਕਿਸੀ ਵੀ ਰੂਪ ਵਿਚ ਜਜਮਾਨ ਦੀ ਸਥਿਤੀ ਸਥਾਪਿਤ ਕਰਨ ਦੇ ਲਈ ਜਿਨ੍ਹਾਂ ਸਾਧਾਰਣ ਸਾਧਨਾਂ ਦੀ ਜਰੂਰਤ ਹੁੰਦੀ ਹੈ ਉਹ ਜਾਤੀ ਸੰਸਕਰਣ ਵਿਚ ਹਰ ਜਾਤੀ ਦੇ ਮੈਂਬਰਾਂ ਨੂੰ ਪ੍ਰਾਵੈਧਿਕ ਰੂਪ ਵਿਚ ਉਪਲਬਧ ਹੁੰਦੇ ਹਨ। ਹੈਰੋਲਡ ਗੂਲਡ ਦੇ ਇਸ ਕਥਨ ਨੂੰ ਮੰਨਦੇ ਹੋਏ ਕਿ ਜਜਮਾਨ ਦੀ ਪਰਿਸਥਿਤੀ ਇਕ ਸਮਾਜਿਕ ਸ਼੍ਰੇਣੀ (Stratum) ਨਾ ਹੋ ਕੇ ਇਕ ਧਾਰਮਿਕ-ਆਰਥਿਕ ਸ਼੍ਰੇਣੀ ਹੈ, ਇਹ ਕਿਹਾ ਜਾ ਸਕਦਾ ਹੈ ਕਿ ਜਜਮਾਨਾਂ ਨੂੰ ਸ਼ੋਸ਼ਕ (ਇਕ ਸਮਾਜਿਕ ਵਰਗ ਦੇ ਰੂਪ ਵਿਚ) ਹੀ ਮੰਨਿਆਂ ਜਾ ਸਕਦਾ। ਜ਼ਿਆਦਾ ਤੋਂ ਜ਼ਿਆਦਾ ਇਹ ਕਿਹਾ ਜਾ ਸਕਦਾ ਹੈ ਕਿ ਵਰਤਮਾਨ ਯੁਗ ਵਿਚ ਜਜਮਾਨਾਂ ਦੁਆਰਾ ਕਮੀਨ

ਨੂੰ ਦਿੱਤਾ ਜਾਣ ਵਾਲਾ ਧਨ ਜਾਂ ਅਨਾਜ ਇੰਨਾ ਘੱਟ ਹੈ ਕਿ ਕਮੀਨ ਨੂੰ ਹੋਰ ਸਾਧਨਾਂ ਤੋਂ ਆਪਣੀ ਆਮਦਨ ਵਧਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਦੂਜੇ ਪਾਸੇ ਜਜਮਾਨੀ ਪੱਧਰ ਕਦੀ ਵੀ ਜਮੀਨ ਦੇ ਅਧਾਰ ਉੱਤੇ ਅਮੀਰ ਹੋਣ (Landed aristocracy) ਤਕ ਸੀਮਤ ਨਹੀਂ ਰਿਹਾ ਹੈ। (ਇਥੋਂ ਤਕ ਕਿ ਪੁਰਾਣੀ ਵਿਵਸਥਾ ਵਿਚ ਵੀ ਨਹੀਂ)। ਵਿਭਿੰਨ ਜਾਤੀਆਂ ਦੇ ਲੋਕਾਂ ਨੂੰ ਜਜਮਾਨ ਬਣਨ ਦੇ ਅਵਸਰ ਸਨ। ਪਰੰਤੂ ਜਜਮਾਨ ਹੋਦਾ ਅਤੇ ਵਰਤਮਾਨ ਪ੍ਰਭਾਵਸ਼ਾਲੀ ਰਾਜਨੀਤਿਕ ਵਿਵਸਥਾ ਦਾ ਅੰਗ ਹੋਣਾ ਆਪਣੇ ਆਪ ਵਿਚ ਸਹਾਵਸਾਨੀ (Conterminous) ਨਹੀਂ ਸੀ। ਰਾਜਨੀਤਿਕ ਸੰਸਕਰਣ ਵਿਚ ਮੈਂਬਰਸ਼ਿਪ ਤਾਂ ਸਿਰਫ਼ ਸ਼ਕਤੀਸ਼ਾਲੀ ਸਥਿਤੀ ਪ੍ਰਾਪਤ ਕਰਨ ਦਾ ਸਾਧਨ ਸੀ ਜਿਸ ਨਾਲ ਜਜਮਾਨ ਹੋਣ ਵਿਚ ਸਹਾਇਤਾ ਮਿਲਦੀ ਸੀ। ਇਹ ਇਕਮਾਤਰ ਸਾਧਨ ਕਦੀ ਨਹੀਂ ਰਿਹਾ।

ਜਜਮਾਨ ਹੋਣ ਦਾ ਅਰਥ ਸੀ ਰੂੜ੍ਹੀਵਾਦੀ ਹਿੰਦੂ ਹੋਣਾ ਜਿਸ ਦੀ ਮੁੱਲ ਵਿਵਸਥਾ ਕੁਝ ਵਿਸ਼ਿਸ਼ਟ ਸੇਵਾਦਾਰਾਂ (ਅਥਵਾ ਸੇਵਾ ਕਰਤਾ ਜਾਤੀਆਂ) ਨੂੰ ਨਿਯੁਕਤ ਕਰਨਾ ਜਰੂਰੀ ਮੰਨਦੀ ਸੀ। ਜਿਮੀਂਦਾਰ ਹੋਣ ਦਾ ਅਰਥ ਸੀ ਸ਼ਾਸਕ ਵਰਗ ਦਾ ਮੈਂਬਰ ਹੋਣਾ (ਹੈਰਾਲਡ ਗੂਲਡ)। ਜਜਮਾਨ ਕਮੀਨ ਦਾ ਸ਼ੋਸ਼ਕ ਨਹੀਂ ਸੀ, ਭਾਵੇਂ ਜਿਮੀਂਦਾਰ ਸ਼ੋਸ਼ਕ ਹੋ ਸਕਦਾ ਸੀ। ਜਜਮਾਨ ਹੋਣ ਦੀ ਇੱਛਾ ਰਖਣਾ ਨਾ ਤਾਂ ਸਾਮੰਤੀ ਸਥਿਤੀ ਪ੍ਰਾਪਤ ਕਰਨ ਦੀ ਇੱਛਾ ਹੈ ਅਤੇ ਲਾ ਹੀ ਕਮਜ਼ੋਰ ਵਰਗ ਦੇ ਸ਼ੋਸ਼ਣ ਦੀ ਇੱਛਾ ਹੈ, ਉਨ੍ਹਾਂ ਸੰਸਕਾਰਾਂ ਤੇ ਕਰਮਕਾਂਡਾਂ ਦਾ ਪਾਲਨ ਕਰਨ ਅਤੇ ਉਸ ਜੀਵਨ ਪੱਧਤੀ ਦੀ ਇੱਛਾ ਹੈ ਜਿਸ ਵਿਚ ਅਪਵਿੱਤਰਤਾ ਤੋਂ ਦੂਰ ਰਹਿਣਾ ਜਰੂਰੀ ਹੁੰਦਾ ਹੈ।

### 8.2.1 ਜਜਮਾਨੀ ਪ੍ਰਥਾ ਵਿਚ ਪਰਿਵਰਤਨ

ਜਜਮਾਨੀ ਵਿਵਸਥਾ ਹੋਰ ਵਿਵਸਥਾਵਾਂ ਨਾਲ ਸੰਬੰਧਿਤ ਹੈ, ਜਿਵੇਂ ਜਾਤੀ ਵਿਵਸਥਾ, ਧਰਮ ਵਿਵਸਥਾ, ਜਮੀਨ ਦੇ ਮਾਲਕਾਨਾ ਹੱਕ ਦੀ ਵਿਵਸਥਾ, ਨਾਤੇਦਾਰੀ ਵਿਵਸਥਾ ਅਤੇ ਪਿੰਡ ਦੀ ਰਾਜਨੀਤਿਕ ਸੰਰਚਨਾ। ਸੋ ਇਨ੍ਹਾਂ ਸਾਰਿਆਂ ਵਿਵਸਥਾਵਾਂ ਵਿਚ ਪਰਿਵਰਤਨ ਨਾਲ ਵਰਤਮਾਨ ਵਿਚ ਜਜਮਾਨੀ ਵਿਵਸਥਾ ਦੀ ਕਾਰਜ ਪ੍ਰਣਾਲੀ ਵੀ ਪ੍ਰਭਾਵਤ ਹੋਈ ਹੈ। ਗਤ ਪੰਜ-ਛੇ ਦਸ਼ਕਾਂ ਵਿਚ ਸਮਾਜ ਵਿਚ ਮੁੱਖ ਪਰਿਵਰਤਨ ਜਿਨ੍ਹਾਂ ਨੇ ਜਜਮਾਨੀ ਵਿਵਸਥਾ ਨੂੰ ਪ੍ਰਭਾਵਤ ਕੀਤਾ ਹੈ ਉਹ ਇਸ ਪ੍ਰਕਾਰ ਹਨ — ਪਿੰਡਾ ਦੇ ਬਜ਼ੁਰਗਾਂ ਦੀ ਪਰਿਸ਼ਦਾਂ ਦੀ ਸ਼ਕਤੀਆਂ ਵਿਚ ਕਮੀ ਹੋਣਾ, ਕਮੀਨ ਦੁਆਰਾ ਦਿੱਤੀ ਜਾਣ ਵਾਲੀਆਂ ਸੇਵਾਵਾਂ ਉੱਤੇ ਫੈਕਟਰੀ ਵਿਵਸਥਾ ਤੇ ਉਦਯੋਗੀਕਰਨ ਦਾ ਪ੍ਰਭਾਵ, ਜਾਤੀ ਵਿਵਸਥਾ ਦੀ ਸਖ਼ਤਾਈ ਵਿਚ ਪਰਿਵਰਤਨ, ਸਿਖਿਆ ਦਾ ਵਿਸਤਾਰ, ਮਧਿਅਮ ਅਤੇ ਨੀਵੀਂਆਂ ਜਾਤੀਆਂ ਦੇ ਲੋਕਾਂ ਦਾ ਕਿੱਤੇ ਅਤੇ ਭੌਤਿਕ ਸੁਖ-ਸਾਧਨਾਂ ਦੀ ਖੋਜ ਵਿਚ ਸ਼ਹਿਰਾਂ ਦੀ ਤਰਫ਼ ਪਲਾਇਣ, ਜਾਗੀਰਦਾਰੀ ਵਿਵਸਥਾ ਦਾ ਖਤਮ ਹੋਣਾ, ਭੂਮੀ ਸੁਧਾਰਾਂ ਦਾ ਲਾਗੂ ਹੋਣਾ, ਸ਼ਹਿਰੀ ਖੇਤਰਾਂ ਵਿਚ ਚੰਗੇ ਰੋਜ਼ਗਾਰ ਮਿਲ ਜਾਣਾ, ਆਧੁਨਿਕ ਯਾਤਾਯਾਤ ਦੇ ਸਾਧਨਾਂ ਦੀ ਉਪਲਬਧੀ ਦੇ ਕਾਰਣ ਬਾਜ਼ਾਰ ਸੰਬੰਧ ਲੈਣ-ਦੇਣ ਸਰਲ ਹੋ ਜਾਣਾ, ਆਦਿ। ਇਨ੍ਹਾਂ ਸਾਰਿਆਂ ਕਾਰਣਾਂ ਨਾਲ ਜ਼ਿਆਦਾਤਰ ਪਿੰਡਾਂ ਵਿਚ ਜਜਮਾਨੀ ਵਿਵਸਥਾ ਦਾ ਅਧਿਕਾਰਾਪਹਿਰਣ (Supplantation) ਹੋਇਆ ਹੈ। ਜਦਕਿ ਕੁਝ ਪਿੰਡਾਂ ਵਿਚ ਇਹ ਬਿਲਕੁਲ ਸਮਾਪਤ ਹੋ ਗਈ ਹੈ। ਕਾਰੀਗਰ ਆਪਣੇ ਮਾਲ ਦੇ ਲਈ ਪੈਸਾ ਲੈਣਾ ਜ਼ਿਆਦਾ ਚੰਗਾ ਮੰਨਦੇ ਹਨ। ਪੈਸੇ ਵਾਲੇ ਕਿਸਾਨ ਨਕਦ ਭੁਗਤਾਨ ਦੇ ਕੇ ਬਾਜ਼ਾਰ ਤੋਂ ਚੰਗੀ ਕਿਸਮ ਦੀ ਚੀਜ਼ਾਂ ਖਰੀਦਣਾ ਜ਼ਿਆਦਾ ਪਸੰਦ ਕਰਦੇ ਹਨ। ਪ੍ਰਬਲ ਜਾਤੀ (Dominant Caste) ਆਪਣੇ ਸਮਰਥਨ ਦੇ ਲਈ ਕਮੀਨ ਉੱਤੇ ਨਿਰਭਰ ਰਹਿਣ ਦੀ ਅਪੇਕਸ਼ਾ ਰਾਜਨੀਤਿਕ ਸਹਾਇਤਾ ਮੰਗਣਾ ਪਸੰਦ ਕਰਦੀ ਹੈ। ਸੋ ਇਸ ਵਿਚ ਕੋਈ ਹੈਰਾਨੀ ਨਹੀਂ ਹੈ ਕਿ ਵਰਤਮਾਨ ਵਿਚ ਜਜਮਾਨੀ ਵਿਵਸਥਾ ਬਹੁਤ ਕਮਜ਼ੋਰ ਹੋ ਗਈ ਹੈ। ਇਰਾਵਤੀ ਕਰਵੇ ਅਤੇ ਵਾਈ.ਬੀ. ਡਾਮਲੇ ਨੇ 1962 ਵਿਚ ਮਹਾਰਾਸ਼ਟਰ ਦੇ ਪੰਜ ਪਿੰਡਾਂ ਵਿਚ ਕੀਤੇ ਗਏ ਆਪਣੇ ਸਰਵੇਖਣ ਵਿਚ ਦੋ-ਤਿਹਾਈ ਉੱਤਰਦਾਤਾਵਾਂ ਨੂੰ ਅਤੇ ਬੋਸ ਅਤੇ ਜੋਧਾ ਨੇ ਪੱਛਮੀ ਰਾਜਸਥਾਨ ਦੇ ਬਾੜਮੇਰ ਜਿੱਲ੍ਹੇ ਵਿਚ 1962 ਵਿਚ ਕੀਤੇ ਗਏ ਆਪਣੇ ਸਰਵੇਖਣ ਵਿਚ 86% ਉੱਤਰਦਾਤਾਵਾਂ ਨੂੰ ਜਜਮਾਨੀ ਵਿਵਸਥਾ ਦੇ ਪੱਖ ਵਿਚ ਪਾਇਆ ਕਿਉਂਕਿ ਉਨ੍ਹਾਂ ਨੂੰ ਆਰਥਿਕ ਲਾਭ, ਧਾਰਮਿਕ ਤੇ ਕਰਮਕਾਂਡੀ ਸੇਵਾਵਾਂ ਦੀ ਉਪਲਬਧਤਾ, ਗੁਟਬਾਜ਼ੀ ਸੰਘਰਸ਼ਾਂ ਵਿਚ ਕੁਝ ਜਮੀਨ ਦੇ ਮਾਲਿਕ ਪਰਿਵਾਰਾਂ ਦਾ ਸਮਰਥਨ ਅਤੇ ਮੁਸ਼ਕਲ ਸਮੇਂ ਵਿਚ ਸਰੰਖਿਅਣ, ਆਦਿ ਲਾਭ ਪ੍ਰਾਪਤ ਹੁੰਦੇ ਸਨ। ਫਿਰ ਵੀ ਵਾਸਤਵਿਕਤਾ ਇਹ ਹੈ ਕਿ ਪਰੰਪਰਾਗਤ ਜਜਮਾਨੀ ਸੰਬੰਧ ਹੁਣ ਅੱਜ-ਕੱਲ੍ਹ ਬਹੁਤ ਕਮਜ਼ੋਰ ਹੋ ਗਏ ਹਨ। ਪੇਂਡੂ ਅਰਥ ਵਿਵਸਥਾ ਹੁਣ ਜਜਮਾਨੀ ਵਿਵਸਥਾ ਤੋਂ ਜਿਆਦਾ ਨਹੀਂ ਚਲਦੀ ਹੈ। ਬੀਡਲਮੈਨ ਵੀ ਇਸ ਵਿਚਾਰ ਦੇ ਹਨ ਕਿ ਜਜਮਾਨੀ ਵਿਵਸਥਾ ਨਿਕਟ ਭਵਿੱਖ ਵਿਚ ਜੀਵਤ ਰਹੇਗੀ, ਇਹ ਸੰਦੇਹਾਤਮਕ ਹੈ।

### ਸਵ-ਮੁਲਾਂਕਣ (Self Assessment)

**2. ਖਾਲੀ ਸਥਾਨ ਭਰੋ (Fill in the blanks)—**

(*i*) ............. ਜਜਮਾਨ ਨੂੰ ਸ਼ੋਸ਼ਕ ਅਤੇ ਕਮੀਨ ਨੂੰ ਸ਼ੋਸ਼ਿਤ ਮੰਨਦੇ ਹਨ।

(*ii*) ........... ਮੂਲ ਤੌਰ ਤੇ ਹਿੱਕ ਆਰਥਿਕ ਤੇ ਰਾਜਨੀਤਿਕ ਦ੍ਰਿਸ਼ਟੀ ਨਾਲ ਸਮਰੂਪ ਵਰਗ ਨਹੀਂ ਹੈ, ਬਲਕਿ ਹਿੱਕ ਧਾਰਮਿਕ-ਆਰਥਿਕ ਸੰਵਰਗ ਹੈ।

(*iii*) ............ ਆਪਣੀ ਜੀਵਕਾ ਦੇ ਲਈ ਆਪਣੇ ਜਜਮਾਨਾਂ ਉੱਤੇ ਪੂਰੀ ਤਰ੍ਹਾਂ ਨਿਰਭਰ ਨਹੀਂ ਹੁੰਦੇ।

(*iv*) ........... ਜਜਮਾਨ ਦੀ ਹਿੱਕ ਸਮਾਜਿਕ ਸ਼੍ਰੇਣੀ ਨਾ ਹੋਕੇ ਹਿੱਕ ਧਾਰਮਿਕ ਆਰਥਿਕ ਸ਼੍ਰੇਣੀ ਹੈ।

ਨੋਟ

## 8.3 ਸਾਰ ਅੰਸ਼ (Summary)

- ਜਜਮਾਨੀ-ਵਿਵਸਥਾ ਪਰੰਪਰਾਗਤ ਕਿੱਤਿਆਂ ਦੇ ਫਰਜ਼ਾਂ (+ਫਫਚਬ੍ਵਜਰਅ੍; ਰਲ;ਜਪ੍ਵਜਰਅਤ) ਦੀ ਵਿਵਸਥਾ ਹੈ। ਪ੍ਰਾਚੀਨ ਭਾਰਤ ਵਿਚ ਜਾਤੀਆਂ ਇਕ ਦੂਜੇ ਉੱਤੇ ਆਰਥਿਕ ਰੂਪ ਨਾਲ ਨਿਰਭਰ ਹੁੰਦੀਆਂ ਸਨ। ਇਕ ਪੇਂਡੂ ਵਿਅਕਤੀ ਪਰੰਪਰਾਗਤ ਵਿਸ਼ਿਸ਼ਟ ਕਿੱਤਾ ਉਸ ਦੀ ਜਾਤੀ ਨੂੰ ਸੌਂਪੀ ਗਈ ਵਿਸ਼ੇਸ਼ੱਗਤਾ ਦੇ ਆਧਾਰ ਉੱਤੇ ਅਪਣਾਉਂਦਾ ਸੀ।
- 'ਜਜਮਾਨ' ਸ਼ਬਦ ਦਾ ਪ੍ਰਯੋਗ ਮੂਲ ਰੂਪ ਤੋਂ ਉਸ ਅਸਾਮੀ (ਫ;ਜਕਅਵ) ਦੇ ਲਈ ਕੀਤਾ ਜਾਂਦਾ ਸੀ ਜਿਸ ਦੇ ਲਈ ਬ੍ਰਾਹਮਣ ਪੁਜਾਰੀ ਧਾਰਮਿਕ ਪੂਜਾ ਤੇ ਕਰਮਕਾਂਡ (ਵਜਵਚ੍;ਤ) ਕਰਦੇ ਸਨ, ਪਰੰਤੂ ਬਾਅਦ ਵਿਚ ਇਹ ਵਿਸ਼ਿਸ਼ਟ ਸੇਵਾਵਾਂ ਨੂੰ ਪ੍ਰਾਪਤ ਕਰਨ ਵਾਲੇ ਵਿਅਕਤੀ ਅਤੇ ਸੰਰਖਿਅਕ ਦੇ ਲਈ ਪ੍ਰਯੋਗ ਕੀਤਾ ਜਾਣ ਲਗਾ।
- ਜਜਮਾਨੀ ਸੰਬੰਧਾਂ ਵਿਚ ਧਾਰਮਿਕ ਕ੍ਰਿਤਾਂ, ਸਮਾਜਿਕ ਸਮਰਥਨ ਅਤੇ ਆਰਥਿਕ ਆਦਾਨ-ਪ੍ਰਦਾਨ ਸਾਰੇ ਦਾ ਸਮਾਵੇਸ਼ ਹੈ। ਸੇਵਕ ਜਾਤੀਆਂ ਜਜਮਾਨ ਦੇ ਘਰ ਜਨਮ, ਵਿਆਹ, ਅਤੇ ਮ੍ਰਿਤੂ ਦੇ ਅਵਸਰਾਂ ਉੱਤੇ ਧਾਰਮਿਕ ਸੰਸਕਾਰਿਕ ਸਮਾਰੋਹਾਂ ਵਿਚ ਫਰਜ਼ਾਂ ਦਾ ਪਾਲਨ ਕਰਦੇ ਹਨ।
- ਜਜਮਾਨੀ ਸੰਬੰਧ ਜਾਤੀਆਂ ਦੀ ਅਪੇਕਸ਼ਾ ਪਰਿਵਾਰਾਂ ਵਿਚ ਹੁੰਦੇ ਹਨ। ਇਸ ਪ੍ਰਕਾਰ ਰਾਜਪੂਤ ਜਾਤੀ ਦਾ ਪਰਿਵਾਰ ਪਿੰਡ ਵਿਚ ਲੁਹਾਰ ਜਾਤੀ ਦੇ ਇਕ ਵਿਸ਼ੇਸ਼ ਪਰਿਵਾਰ ਦੇ ਧਾਤੂ ਦੇ ਔਜ਼ਾਰ ਪ੍ਰਾਪਤ ਕਰਦਾ ਹੈ, ਨਾ ਕਿ ਪਿੰਡ ਦੇ ਸਾਰੇ ਲੁਹਾਰ ਜਾਤੀਆਂ ਤੋਂ। ਇਸੀ ਵਿਸ਼ਿਸ਼ਟ ਲੁਹਾਰ ਪਰਿਵਾਰ ਨੂੰ ਹੀ ਫਸਲ ਉੱਤੇ ਰਾਜਪੂਤ ਪਰਿਵਾਰ ਦੀ ਫਸਲਾਂ ਵਿਚੋਂ ਇਕ ਹਿੱਸਾ ਮਿਲੇਗਾ ਨਾ ਕਿ ਦੂਜੇ ਲੁਹਾਰ ਪਰਿਵਾਰਾਂ ਨੂੰ। ਲੁਹਾਰ ਅਤੇ ਰਾਜਪੂਤ ਦੋ ਪਰਿਵਾਰਾਂ ਦੇ ਵਿੱਚ ਇਹ ਜਜਮਾਨੀ ਸੰਬੰਧ ਸਥਾਈ ਹਨ ਕਿਉਂਕਿ ਲੁਹਾਰ ਪਰਿਵਾਰ ਉਸੇ ਰਾਜਪੂਤ ਪਰਿਵਾਰ ਦੀ ਸੇਵਾ ਕਰਦਾ ਰਹਿੰਦਾ ਹੈ ਜਿਸ ਦੀ ਸੇਵਾ ਉਸ ਦੇ ਪਿਤਾ ਅਤੇ ਦਾਦਾ ਕਰਦੇ ਸਨ।
- ਜਜਮਾਨੀ ਵਿਵਸਥਾ ਤੇ ਕੰਮਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਲੀਚ ਨੇ ਕਿਹਾ ਹੈ ਕਿ ਜਜਮਾਨੀ ਵਿਵਸਥਾ ਸ਼੍ਰਮ ਵਿਭਾਜਨ ਅਤੇ ਜਾਤੀਆਂ ਦੇ ਆਰਥਿਕ ਪਰਸਪਰ ਨਿਰਭਰਤਾ ਨੂੰ ਨਿਯਮਿਤ ਕਰਦੀ ਹੈ ਅਤੇ ਬਣਾ ਕੇ ਰਖਦੀ ਹੈ। ਵਾਈਜ਼ਰ ਦੇ ਅਨੁਸਾਰ ਜਜਮਾਨੀ ਵਿਵਸਥਾ ਭਾਰਤੀ ਪਿੰਡ ਨੂੰ ਇਕ ਆਤਮ ਨਿਰਭਰ ਸਮੁਦਾਏ ਦੇ ਰੂਪ ਵਿਚ ਬਣਾ ਕੇ ਰੱਖਣ ਵਿਚ ਸਹਾਇਕ ਹੁੰਦੀ ਹੈ।
- ਜਜਮਾਨ ਨੂੰ ਸ਼ੋਸ਼ਕ ਅਤੇ ਕਮੀਨ ਨੂੰ ਸ਼ੋਸ਼ਿਤ ਮੰਨਦੇ ਹਨ ਅਤੇ ਇਸ ਵਿਵਸਥਾ (ਜਜਮਾਨੀ) ਨੂੰ ਸਾਮੰਤੀ (ਕਚਦ੍;) ਕਹਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਜਜਮਾਨੀ ਵਿਵਸਥਾ ਉੱਚ ਜਾਤੀ ਦੇ ਜਮੀਨ ਮਾਲਕ ਹਿੰਦੂਆਂ ਦੇ ਦੁਆਰਾ ਦਬਾਅ, ਨਿਯੰਤਰਣ, ਵੈਧਕਰਣ, ਅਤੇ ਡਰਾਉਣ ਧਮਕਾਉਣ ਦੇ ਪ੍ਰਮੁੱਖ ਸਾਧਨਾਂ ਵਿਚੋਂ ਇਕ ਹੈ।
- ਜਜਮਾਨ ਹੋਣ ਦਾ ਅਰਥ ਸੀ ਰੂੜ੍ਹੀਵਾਦੀ ਹਿੰਦੂ ਹੋਣਾ ਜਿਸ ਦੀ ਮੁੱਲ ਵਿਵਸਥਾ ਕੁਝ ਵਿਸ਼ਿਸ਼ਟ ਸੇਵਾਦਾਰਾਂ (ਅਥਵਾ ਸੇਵਾ ਕਰਤਾ ਜਾਤੀਆਂ) ਨੂੰ ਨਿਯੁਕਤ ਕਰਨਾ ਜਰੂਰੀ ਮੰਨਦੀ ਸੀ। ਜਿਮੀਂਦਾਰ ਹੋਣ ਦਾ ਅਰਥ ਸੀ ਸ਼ਾਸਕ ਵਰਗ ਦਾ ਮੈਂਬਰ ਹੋਣਾ (ਹੈਰਾਲਡ ਗੂਲਡ)। ਜਜਮਾਨ ਕਮੀਨ ਦਾ ਸ਼ੋਸ਼ਕ ਨਹੀਂ ਸੀ, ਭਾਵੇਂ ਜਿਮੀਂਦਾਰ ਸ਼ੋਸ਼ਕ ਹੋ ਸਕਦਾ ਸੀ।
- ਜਜਮਾਨੀ ਵਿਵਸਥਾ ਹੋਰ ਵਿਵਸਥਾਵਾਂ ਨਾਲ ਸੰਬੰਧਿਤ ਹੈ, ਜਿਵੇਂ ਜਾਤੀ ਵਿਵਸਥਾ, ਧਰਮ ਵਿਵਸਥਾ, ਜਮੀਨ ਦੇ ਮਾਲਕਾਨਾ ਹੱਕ ਦੀ ਵਿਵਸਥਾ, ਨਾਤੇਦਾਰੀ ਵਿਵਸਥਾ ਅਤੇ ਪਿੰਡ ਦੀ ਰਾਜਨੀਤਿਕ ਸੰਰਚਨਾ। ਸੋ ਇਨ੍ਹਾਂ ਸਾਰਿਆਂ ਵਿਵਸਥਾਵਾਂ ਵਿਚ ਪਰਿਵਰਤਨ ਨਾਲ ਵਰਤਮਾਨ ਵਿਚ ਜਜਮਾਨੀ ਵਿਵਸਥਾ ਦੀ ਕਾਰਜ ਪ੍ਰਣਾਲੀ ਵੀ ਪ੍ਰਭਾਵਤ ਹੋਈ ਹੈ।

## 8.4 ਸ਼ਬਦਕੋਸ਼ (Keywords)

- **ਅਨੁਗਿਅਏਂ-**ਅਨੁਸ਼ਾਸਤਰੀ, ਦੰਡ-ਵਿਧਾਨ
- **ਕਮੀਨ-** ਜਜਮਾਨੀ ਵਿਵਸਥਾ ਵਿਚ ਸੇਵਾ-ਭਾਵ ਨਾਲ ਕੰਮ ਕਰਨ ਵਾਲੀਆਂ ਜਾਤੀਆਂ

## 8.5 ਅਭਿਆਸ ਪ੍ਰਸ਼ਨ (Review Questions)

1. ਜਜਮਾਨੀ ਵਿਵਸਥਾ ਦੀ ਅਵਧਾਰਣਾ ਨੂੰ ਸਪਸ਼ਟ ਕਰੋ। ਅਤੇ ਇਸ ਦੇ ਕਾਰਜ ਅਤੇ ਭੂਮਿਕਾਵਾਂ ਦੱਸੋ।
2. ਜਜਮਾਨੀ ਸੰਬੰਧ ਕਿਸ ਨੂੰ ਕਹਿੰਦੇ ਹਨ? ਪ੍ਰਕਾਸ਼ ਪਾਓ।
3. ਕੀ ਜਜਮਾਨੀ ਵਿਵਸਥਾ ਇੱਕ ਸ਼ੋਸ਼ਣ ਵਿਵਸਥਾ ਹੈ? ਸਮੀਖਿਆ ਕਰੋ।
4. ਨਿਮਨਲਿਖਿਤ ਉੱਤੇ ਟਿੱਪਣੀ ਲਿਖੋ-

   (*i*) ਪ੍ਰਤੀਮਾਨ ਅਤੇ ਮੁੱਲ (*ii*) ਜਜਮਾਨੀ ਪ੍ਰਥਾ ਵਿੱਚ ਪਰਿਵਰਤਨ

ਨੋਟ

**ਉੱਤਰ : ਸਵ-ਮੁੱਲਾਂਕਣ (Answers: Self Assessment)**

**1.** (*i*) ✓ (*ii*) ✗ (*iii*) ✓ (*iv*) ✓ (*v*) ✗
(*vi*) ✓

**2.** (*i*) ਬੀਡਲਮੈਨ (*ii*) ਜਜਮਾਨ (*iii*) ਕਮੀਨ (*iv*) ਪਰਿਸਥਿਤੀ

## 8.6 ਸੰਦਰਭ ਪੁਸਤਕਾਂ (Further Readings)

ਬੁਕਸ


1. ਜੀ. ਈ. ਧੁਰੇ, ਕਾਸਟ, ਕਲਾਸ ਐਂਡ ਅਕੁਪੇਸ਼ਨ, ਪਾਪੁਲਰ ਬੁਕ ਡਿਪੋ, ਬਾਂਬੇ, 1961 ।
2. ਸੀ. ਟੀ. ਖੰਨਾ, ਇੰਟਰ ਕਾਸਟ ਐਂਡ ਇੰਟਰ ਕਮਿਊਨਿਟੀ ਮੈਰਿਜ ਇਨ ਇੰਡੀਆ, ਪਾਪੁਲਰ ਬੁਕ ਡਿਪੋ, ਬਾਂਬੇ, 1960 ।
3. ਯੋਗਿੰਦਰ ਸਿੰਘ, ਏਸੇਜ ਆਨ ਮਾਡਰਨਾਈਜ਼ੇਸ਼ਨ ਇਨ ਇੰਡੀਆ, ਦਿੱਲੀ: ਮਨੋਹਰ ਬੁਕ ਡੀਪੂ, 1978 ।

ਨੋਟ

# ਇਕਾਈ–9: ਇਸਤ੍ਰੀਆਂ ਦੀ ਪਰਿਸਥਿਤੀ (Status of Women)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

9.1 ਲਿੰਗ ਭੇਦ (Gender Discrimination)

9.2 ਔਰਤਾਂ ਦੇ ਵਿਰੁੱਧ ਹਿੰਸਾ (Violence Against Women)

9.3 ਸਮਤਾ ਦੀ ਖੋਜ (Quest for Equality)

9.4 ਇਸਤ੍ਰੀਆਂ ਦੀ ਸਥਿਤੀ ਵਿਚ ਬਦਲਾਅ (Changing Status of Women)

9.5 ਸਾਰ ਅੰਸ਼ (Summary)

9.6 ਸ਼ਬਦਕੋਸ਼ (Keywords)

9.7 ਅਭਿਆਸ–ਪ੍ਰਸ਼ਨ (Review Questions)

9.8 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਲਿੰਗ–ਭੇਦ ਕੀ ਹੈ? ਜਾਣਨ ਵਿਚ।
- ਔਰਤਾਂ ਦੇ ਵਿਰੁੱਧ ਹਿੰਸਾ ਅਤੇ ਸਮਤਾ ਦੀ ਖੋਜ ਨੂੰ ਸਮਝਣ ਵਿਚ।
- ਇਸਤ੍ਰੀ ਦੀ ਸਥਿਤੀ ਵਿਚ ਹੋਏ ਬਦਲਾਅ ਦੀ ਵਿਆਖਿਆ ਕਰਨ ਵਿਚ।

## ਜਾਣਕਾਰੀ (Introduction)

ਭਾਰਤ ਅਤੇ ਹੋਰ ਦੇਸ਼ਾਂ ਵਿਚ ਪੁਰਸ਼–ਪ੍ਰਧਾਨ ਸਮਾਜ ਨੇ ਇਸਤ੍ਰੀਆਂ ਨੂੰ ਇਕ ਪਦਾਰਥ ਸਰੀਖਾ ਮੰਨ ਕੇ ਉਸਦੇ ਨਾਲ ਵਿਵਹਾਰ ਕੀਤਾ ਹੈ, ਪਰੰਤੂ ਪੁਰਸ਼ਾਂ ਅਤੇ ਇਸਤ੍ਰੀਆਂ ਦੇ ਵਿਚ ਸਮਾਜਿਕ, ਸਾਂਸਕ੍ਰਿਤਿਕ ਅਤੇ ਆਰਥਿਕ ਵਿਭੇਦਾਂ ਦਾ ਆਮ ਪ੍ਰਤਿਮਾਨ ਨਹੀਂ ਹੈ। ਭਾਰਤ ਵਿਚ ਯੌਨ–ਆਧਾਰਿਤ ਚੇਤਨਾ ਦੀ ਉਤਪਤੀ ਮਧਿਅਮ ਵਰਗਾਂ ਦੇ ਪ੍ਰਾਦੁਰਭਾਵ ਅਤੇ ਉਨ੍ਹਾਂ ਦੀ ਸਮੱਸਿਆਵਾਂ ਨਾਲ ਜੁੜੀ ਹੋਈ ਹੈ। ਭਾਰਤ ਵਿਚ ਸੁਤੰਤਰਤਾ ਪ੍ਰਾਪਤੀ ਦੇ 40 ਸਾਲ ਗੁਜਰ ਜਾਣ ਦੇ ਬਾਅਦ ਅਤੇ ਅਨੇਕ ਮਹਿਲਾ ਉਤਥਾਨ ਦੇ ਬਹੁਤ ਜਿਹੇ ਅੰਦੋਲਨ ਦੇ ਬਾਵਜੂਦ ਪੁਰਸ਼–ਤੰਤਰ ਬਹੁਤ ਦ੍ਰਿੜ੍ਹ ਹੈ। ਯੌਨ ਨੈਤਿਕਤਾਵਾਂ ਦਾ ਜਾਤੀ ਅਤੇ ਵਰਗ ਸਮੂਹਾਂ ਉੱਤੇ ਪ੍ਰਤੱਖ ਰੂਪ ਤੋਂ ਪ੍ਰਭਾਵ ਹੈ।

ਮਹਿਲਾਵਾਂ ਦੇ ਸੰਦਰਭ ਵਿਚ ਚਾਰ ਪਹਿਲੂਆਂ ਦਾ ਵਿਸਤ੍ਰਿਤ ਅਧਿਐਨ ਕੀਤਾ ਗਿਆ ਹੈ। ਇਹ ਪਹਿਲੂ ਹਨ — (1) ਉਤਪਾਦਨ, (2) ਪ੍ਰਜਨਨ, (3) ਲੈਂਗਿਕਤਾ ਅਤੇ (4) ਬੱਚਿਆਂ ਦਾ ਸਮਾਜੀਕਰਨ। ਭਾਰਤ ਦੇ ਸੰਦਰਭ ਵਿਚ ਮਾਰਕਸਵਾਦੀਆਂ ਅਤੇ ਸਮਾਜਵਾਦੀਆਂ ਨੇ ਉਤਪਾਦਨ ਉੱਤੇ ਜਰੂਰਤ ਤੋਂ ਜ਼ਿਆਦਾ ਬਲ ਦਿੱਤਾ ਹੈ। ਭਾਰਤੀ ਸੰਦਰਭ ਵਿਚ ਇਨ੍ਹਾਂ ਚਾਰਾਂ ਪਹਿਲੂਆਂ ਵਿਚ ਪੁਰਸ਼ਾਂ ਦੀ ਪ੍ਰਧਾਨਤਾ ਹੈ ਜਦਕਿ ਇਨ੍ਹਾਂ ਖੇਤਰਾਂ ਵਿਚ ਇਸਤ੍ਰੀਆਂ ਦਾ ਮੁੱਖ ਉੱਤਰਦਾਇਤਵ ਹੈ। ਪੁਰਸ਼ ਦੀ ਸਰਵ ਉੱਚ ਜਾਤੀ, ਵਰਗ, ਪੁਰਸ਼–ਤੰਤਰ ਅਤੇ ਪੁਰਸ਼–ਕਾਮੁਕਤਾ ਤੋਂ ਉਤਪੰਨ ਹੁੰਦੀ ਹੈ।

ਪਰਿਵਾਰ ਵਿਚ ਇਸਤ੍ਰੀ, ਸੱਸ–ਸਹੁਰਾ ਇਥੋਂ ਤਕ ਕਿ ਉਸਦੇ ਪਤੀ ਦੁਆਰਾ ਦਲਿਤ ਦੀ ਤਰ੍ਹਾਂ ਸਮਝੀ ਜਾਂਦੀ ਹੈ। ਇਸਤ੍ਰੀਆਂ ਦੀ ਸਥਿਤੀ, ਗ੍ਰਹਿਣ ਕਰਨ ਵਾਲੀ ਸਥਿਤੀ ਹੈ। ਇਹ ਗੱਲ ਉਨ੍ਹਾਂ ਸਭ ਜਾਤੀਆਂ ਅਤੇ ਵਰਗਾਂ ਦੇ ਪਰਿਵਾਰਾਂ ਦੀ ਇਸਤ੍ਰੀਆਂ ਦੇ ਬਾਰੇ ਵਿਚ ਸਹੀ ਹੈ ਜਿਨ੍ਹਾਂ ਉੱਤੇ ਅੱਜ ਵੀ ਸਾਮੰਤਵਾਦ ਦਾ ਪ੍ਰਭਾਵ ਹੈ ਜਾਂ ਜਿਨ੍ਹਾਂ ਦੀ ਜੀਵਨ–ਪ੍ਰਣਾਲੀ ਅਤੇ ਮੁੱਲ ਸਾਮੰਤੀ ਹਨ। ਪਿੰਡਾਂ ਵਿਚ ਨਵ ਧਨਾਢ ਲੋਕਾਂ ਨੇ ਇਸਤ੍ਰੀਆਂ ਉੱਤੇ ਉੱਚ ਸਿਖਿਆ ਗ੍ਰਹਿਣ ਕਰਨ, ਪ੍ਰਵਸਨ ਅਤੇ ਨੌਕਰੀ ਕਰਨ ਉੱਤੇ ਪ੍ਰਤੀਬੰਧ ਲਗਾ ਰੱਖੇ ਹਨ। ਸਹੀ ਗੱਲ ਤਾਂ ਇਹ ਹੈ ਕਿ ਪੁਰਸ਼ਾਂ ਅਤੇ ਪੁਰਸ਼ਾਂ ਦੁਆਰਾ ਨਿਰਮਿਤ ਵਾਤਾਵਰਣ ਨੇ ਇਸਤ੍ਰੀਆਂ ਨੂੰ ਪਰਾਧੀਨ ਬਣਾ ਦਿੱਤਾ ਹੈ। ਇਸਤ੍ਰੀਆਂ ਨੂੰ ਪੁਰਸ਼ਾਂ ਦੇ ਨਾਲ ਸਮਤਾ ਦੀ ਖੋਜ ਨੂੰ ਸਮਝਣ ਦੀ ਦ੍ਰਿਸ਼ਟੀ ਤੋਂ ਅਸੀਂ ਪ੍ਰਾਚੀਨ,

ਨੋਟ

ਮੱਧਕਾਲੀਨ, ਬ੍ਰਿਟਿਸ਼ ਅਤੇ ਸੁਤੰਤਰ ਭਾਰਤ ਕਾਲ ਵਿਚ ਇਸਤ੍ਰੀਆਂ ਦੀ ਪਰਿਸਥਿਤੀ, ਮਹਿਲਾ ਸੰਗਠਨਾਂ ਦੀ ਭੂਮਿਕਾ, ਵਿਧਾਨ, ਸਮਾਜਿਕ ਅੰਦੋਲਨ ਅਤੇ ਇਸਤ੍ਰੀ-ਪੁਰਸ਼ ਸੰਬੰਧਾਂ ਦਾ ਵਿਸ਼ਲੇਸ਼ਣ ਇਸ ਅਧਿਆਏ ਵਿਚ ਕੀਤਾ ਹੈ।

## 9.1 ਲਿੰਗ-ਭੇਦ (Gender Discrimination)

ਸਾਲਾਂ ਤੋਂ ਕੁਝ ਸਮਾਜ ਸ਼ਾਸਤਰੀ ਅਤੇ ਗੈਰ-ਸਮਾਜ ਸ਼ਾਸਤਰੀ ਸਾਡੇ ਸਮਾਜ ਵਿਚ ਇਸਤ੍ਰੀਆਂ ਦੀ ਸਮਸਿਆਵਾਂ ਦੇ ਮੁਲਾਂਕਣ ਅਤੇ ਉਨ੍ਹਾਂ ਦੀ ਪਰਿਸਥਿਤੀ ਵਿਚ ਆ ਰਹੇ ਪਰਿਵਰਤਨ ਦੇ ਅਧਿਐਨ ਵਿਚ ਯਤਨਸ਼ੀਲ ਰਹੇ ਹਨ। ਕੁਝ ਲੇਖਕਾਂ ਨੇ ਜਦ ਇਸਤ੍ਰੀਆਂ ਦੇ ਉਤਰਾਧਿਕਾਰ, ਸਾਰਵਜਨਿਕ ਕੰਮਾਂ ਵਿਚ ਉਨ੍ਹਾਂ ਦੀ ਭਾਗੀਦਾਰੀ ਅਤੇ ਵਿਆਹ ਵਿਚ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਦੇ ਸੰਦਰਭ ਵਿਚ ਲਿਖਿਆ ਹੈ, ਕੁਝ ਹੋਰ (ਲੇਖਕਾਂ) ਨੇ ਪੁਰਸ਼ਾਂ ਦੁਆਰਾ ਉਨ੍ਹਾਂ ਦੇ ਨਾਲ ਭੇਦਭਾਵ ਪੂਰਨ ਵਿਵਸਥਾ ਦਾ ਵਿਦਮਾਨ ਰੀਤੀ-ਰਿਵਾਜਾਂ ਦੇ ਸੰਦਰਭ ਵਿਚ ਵਿਵੇਚਨ ਕੀਤੇ ਹਨ। ਵੈਧਾਨਿਕ ਦ੍ਰਿਸ਼ਟੀ ਤੋਂ ਇਸਤ੍ਰੀਆਂ ਦੀ ਸਥਿਤੀ ਨੂੰ ਉੱਚਾ ਉਠਾਉਣ ਦੇ ਲਈ ਚਾਹੇ ਕਿੰਨੇ ਵੀ ਕਦਮ ਚੁੱਕੇ ਗਏ ਹੋਣ, ਵਿਹਾਰਕ ਦ੍ਰਿਸ਼ਟੀ ਤੋਂ ਉਨ੍ਹਾਂ ਦੇ ਨਾਲ ਭੇਦਭਾਵ ਪੂਰਨ ਰਵਈਆ, ਅਤੇ ਉਨ੍ਹਾਂ ਦਾ ਤਿਰਸਕਾਰ, ਅਪਮਾਨ ਤੇ ਪ੍ਰਤਾੜਨਾ ਅਜੇ ਵੀ ਜਾਰੀ ਹਨ। ਹੁਣ ਵੀ ਉਨ੍ਹਾਂ ਦਾ ਵਿਚਾਰ ਜਾਣਨ ਦੇ ਲਈ ਗੰਭੀਰਤਾ ਨਹੀਂ ਦਰਸਾਈ ਜਾਂਦੀ, ਉਨ੍ਹਾਂ ਨੂੰ ਪੁਰਸ਼ਾਂ ਦੇ ਸਮਾਨ ਨਹੀਂ ਸਮਝਿਆ ਜਾਂਦਾ, ਅਤੇ ਉਨ੍ਹਾਂ ਨੂੰ ਉਚਿਤ ਸਨਮਾਨ ਨਹੀਂ ਦਿੱਤਾ ਜਾਂਦਾ। ਅਜਿਹੇ ਉਦਾਹਰਣ ਹਨ ਜਿਥੇ ਕਨਿਸ਼ਠ ਪਦ-ਅਧਿਕਾਰੀ ਇਸਤ੍ਰੀਆਂ ਵਰਿਸ਼ਠ ਪਦ-ਅਧਿਕਾਰੀਆਂ ਦੁਆਰਾ ਪਰੇਸ਼ਾਨ ਕੀਤੀ ਜਾਂਦੀਆਂ ਹਨ ਅਤੇ ਵਰਿਸ਼ਠ ਕੰਮ-ਕਾਜੀ ਮਹਿਲਾ ਲਿਪਿਕਾਂ, ਟਾਈਪਿਸਟਾਂ ਆਦਿ ਦੇ ਨਾਲ ਦੁਰ-ਵਿਵਹਾਰ ਕੀਤਾ ਜਾਂਦਾ ਹੈ। ਅਜਿਹੇ ਪ੍ਰਕਰਣ ਵੀ ਆਮ ਰੂਪ ਵਿਚ ਮਿਲਦੇ ਹਨ ਜਿਨ੍ਹਾਂ ਵਿਚ ਪੁਰਸ਼ ਆਪਣੇ ਅਧੀਨ ਕੰਮ ਕਰਨ ਵਾਲੀਆਂ ਮਹਿਲਾਵਾਂ ਦੇ ਨਾਲ ਟੈਲੀਫੋਨ ਐਕਸਚੇਂਜਾਂ ਵਿਚ, ਸਚਿਵਾਲਿਆਂ ਵਿਚ, ਸਮਾਚਾਰ ਪੱਤਰ ਦਫ਼ਤਰਾਂ ਵਿਚ, ਪੰਜ ਤਾਰਾ ਹੋਟਲਾਂ ਵਿਚ, ਦੂਰਦਰਸ਼ਨ ਕੇਂਦਰਾਂ ਵਿਚ, ਵਿਸ਼ਵਵਿਦਿਆਲੇ ਅਤੇ ਵਿਦਿਆਲਾਂ ਵਿਚ, ਤਕਨੀਕੀ ਸੰਸਥਾਨਾਂ ਆਦਿ ਵਿਚ ਸੰਸੂਚਕ ਪ੍ਰਸਤਾਵ (Suggestive overtures) ਰਖਦੇ ਹਨ ਤੇ ਕਾਮੁਕ ਰੂਪ ਨਾਲ ਹੈਰਾਨ ਕਰਦ ਹਨ।

ਇਸਤ੍ਰੀ ਪੁਰਸ਼ਾਂ ਦੇ ਸੰਬੰਧਾਂ ਵਿਚ, ਸਬਲ ਵਿਅਕਤੀਤਵ ਵਾਲਾ ਵਿਅਕਤੀ ਹੀ ਪ੍ਰਭਾਵਸ਼ਾਲੀ ਸਥਿਤੀ ਪ੍ਰਾਪਤ ਕਰਦਾ ਹੈ। ਆਮ ਰੂਪ ਵਿਚ, ਪੁਰਸ਼ ਇਸਤ੍ਰੀ ਉੱਤੇ ਆਧਾਰਿਤ ਆਗਿਆ ਦੇਣ ਦਾ ਅਧਿਕਾਰ ਸਮਝਦਾ ਹੈ। ਭਾਵੇਂ ਕੁਝ ਮਾਮਲਿਆਂ ਵਿਚ ਇਸਤ੍ਰੀ ਵੀ ਪੁਰਸ਼ ਦੇ ਉਪਰ ਨਿਯੰਤ੍ਰਣ ਰੱਖਣ ਦੀ ਸਥਿਤੀ ਵਿਚ ਰਹਿੰਦੀ ਹੈ। ਭਾਰਤੀ ਸੰਸਕ੍ਰਿਤੀ ਵਿਚ ਆਰੰਭ ਤੋਂ ਹੀ ਸਮੂਹ ਦੇ ਰੂਪ ਵਿਚ ਇਸਤ੍ਰੀਆਂ ਉੱਤੇ ਪੁਰਸ਼ਾਂ ਨੇ ਪ੍ਰਭੁਤਵ ਜਮਾਇਆ ਹੈ ਅਤੇ ਸਮਾਜ ਤੇ ਪਰਿਵਾਰ ਵਿਚ ਉਨ੍ਹਾਂ ਸਥਿਤੀ ਨੀਵੀਂ ਰੱਖੀ ਹੈ। 1930 ਅਤੇ 1940 ਦੇ ਦਸ਼ਕਾਂ ਵਿਚ ਸਮਾਜਿਕ ਰਾਜਨੀਤਿਕ ਨੇਤਾਵਾਂ ਦੀ ਸਮਾਨਤਾ ਦੇ ਲਈ ਪ੍ਰਤੀਬੱਧਤਾ ਨੇ ਭਾਰਤੀ ਮਹਿਲਾਵਾਂ ਦੇ ਉਦਾਰ ਸਮਤਾਵਾਦੀ ਕਦਰਾਂ-ਕੀਮਤਾਂ ਦੇ ਲਈ ਕੀਤੇ ਜਾ ਰਹੇ ਅੰਦੋਲਨ ਨੂੰ ਪ੍ਰਭਾਵਤ ਕੀਤਾ। ਇਸਤ੍ਰੀਆਂ ਦੀ ਦਸ਼ਾ ਵਿਚ ਇਸ ਪਰਿਵਰਤਨ ਦੇ ਅਧਿਐਨ ਦੇ ਲਈ ਅਸੀਂ ਪ੍ਰਾਚੀਨ ਕਾਲ ਤੋਂ ਹੀ ਆਰੰਭ ਕਰਾਂਗੇ।

### 9.1.1 ਪ੍ਰਾਚੀਨ ਭਾਰਤ ਵਿਚ ਇਸਤ੍ਰੀਆਂ

ਪ੍ਰਾਚੀਨ ਭਾਰਤ ਵਿਚ ਇਸਤ੍ਰੀਆਂ ਦੀ ਸਥਿਤੀ ਨਾਲ ਸੰਬੰਧਿਤ ਦੋ ਵਿਚਾਰ ਸੰਪਰਦਾਏ ਮਿਲਦੇ ਹਨ। ਇਕ ਸੰਪਰਦਾਏ ਕਹਿਣਾ ਹੈ ਕਿ ਇਸਤ੍ਰੀਆਂ 'ਪੁਰਸ਼ਾਂ ਦੇ ਬਰਾਬਰ' ਸਨ, ਜਦਕਿ ਦੂਜੇ ਸੰਪਰਦਾਏ ਦੀ ਮਾਨਤਾ ਹੈ ਕਿ ਇਸਤ੍ਰੀਆਂ ਦਾ ਨਾ ਕੇਵਲ ਅਪਮਾਨ ਹੀ ਹੁੰਦਾ ਸੀ ਬਲਕਿ ਉਨ੍ਹਾਂ ਦੇ ਪ੍ਰਤੀ ਘਿਰਣਾ ਵੀ ਕੀਤੀ ਜਾਂਦੀ ਸੀ। ਦੋਵਾਂ ਸੰਪਰਦਾਏ ਨੇ ਆਪਣੇ ਦ੍ਰਿਸ਼ਟੀਕੋਣ ਦੀ ਪੁਸ਼ਟੀ ਵਿਚ ਧਾਰਮਿਕ ਸਾਹਿੱਤ ਤੋਂ ਉਦਾਹਰਣ ਦਿੱਤੇ ਹਨ। ਆਪਸਤੰਬ ਨੇ ਨਿਰਦਿਸ਼ਟ ਕੀਤਾ ਸੀ। "ਜਦ ਇਸਤ੍ਰੀ ਰਸਤੇ ਵਿਚ ਜਾ ਰਹੀ ਹੋਵੇ ਤਾਂ ਸਭ ਉਸ ਨੂੰ ਰਸਤਾ ਦੇਣ"। ਅਸੀਂ ਜਿਨ੍ਹਾਂ ਦਾ ਸਨਮਾਨ ਕਰਦੇ ਹਾਂ ਉਨ੍ਹਾਂ ਦੇ ਨਾਲ ਇਹੀ ਵਿਵਹਾਰ ਕਰਦੇ ਹਾਂ, ਸੋ ਇਹ ਦਰਸਾਉਂਦਾ ਹੈ ਕਿ ਇਸਤ੍ਰੀਆਂ ਨੂੰ ਉੱਚ ਸਥਾਨ ਪ੍ਰਾਪਤ ਸੀ। ਮਨੂੰ ਨੇ ਕਿਹਾ ਸੀ: "ਜਿੱਥੇ ਇਸਤ੍ਰੀਆਂ ਦੀ ਦੁਰਦਸ਼ਾ ਹੁੰਦੀ ਹੈ ਉਥੇ ਸੰਪੂਰਨ ਪਰਿਵਾਰ ਵਿਨਾਸ਼ ਨੂੰ ਪ੍ਰਾਪਤ ਹੁੰਦਾ ਹੈ, ਕਿੰਤੂ ਜਿੱਥੇ ਉਹ ਸੁਖੀ ਹਨ ਉਥੇ ਪਰਿਵਾਰ ਸਦਾ ਲਈ ਤਰੱਕੀ ਪ੍ਰਾਪਤ ਕਰਦਾ ਹੈ।" ਯਾਗਵਲਕ ਨੇ ਵੀ ਕਿਹਾ ਸੀ: "ਇਸਤ੍ਰੀਆਂ ਧਰਤੀ ਉੱਤੇ ਸਾਰੇ ਦੈਵੀ ਗੁਣਾਂ ਦਾ ਪ੍ਰਤੀਕ ਹਨ; ਸੋਮ ਨੇ ਆਪਣੀ ਸਾਰੀ ਪਵਿੱਤਰਤਾ ਉਨ੍ਹਾਂ ਨੂੰ ਪ੍ਰਦਾਨ ਕੀਤੀ ਹੈ, ਗਾਂਧਰਵ ਨੇ ਮੀਠੀ ਬਾਣੀ, ਅਤੇ ਅਗਨੀ ਨੇ ਉਨ੍ਹਾਂ ਨੂੰ ਅਤਿਅੰਤ ਆਕਰਸ਼ਕ ਬਣਾਉਣ ਦੇ ਲਈ ਆਪਣੀ ਸਾਰੀ ਚਮਕ ਉਨ੍ਹਾਂ ਉੱਤੇ ਨਿਛਾਵਰ ਕਰ ਦਿੱਤੀ ਹੈ।" ਇਸਤ੍ਰੀਆਂ ਦੇ ਵਿਸ਼ੇ ਵਿਚ ਇੰਨੇ ਉੱਚੇ ਆਦਰਸ਼ ਰਾਮਾਇਣ ਅਤੇ ਮਹਾਂਭਾਰਤ ਵਿਚ ਵੀ ਸਥਾਨ-ਸਥਾਨ ਉੱਤੇ ਦੁਹਰਾਏ ਗਏ ਹਨ। ਮਹਾਂਭਾਰਤ ਕਾਲ ਵਿਚ ਇਸਤ੍ਰੀਆਂ ਨਾ ਕੇਵਲ ਗ੍ਰਹਿਸਤ ਜੀਵਨ ਦਾ ਕੇਂਦਰ ਸਨ ਬਲਕਿ ਸਾਰੀ ਸਮਾਜਿਕ ਸੰਗਠਨ ਦੀ ਆਧਾਰ-ਬਿੰਦੂ ਸਨ। ਅਜਿਹੀ ਆਸ਼ਾ ਕੀਤੀ ਜਾਂਦੀ ਸੀ ਕਿ ਪੁਰਸ਼ ਆਪਣੀ ਪਤਨੀ ਦੀ ਇੱਛਾ ਦੇ ਅੱਗੇ ਨੀਵਾਂ ਹੋਏਗਾ ਅਤੇ ਉਸਦੀ ਸੇਵਾ ਤੇ ਪੂਜਾ ਕਰੇਗਾ।

ਇਹ ਚਿੱਤਰ ਦਾ ਇਕ ਪੱਖ ਹੈ। ਇਸਦਾ ਦੂਜਾ ਪੱਖ ਵੀ ਹੈ। ਇਸਤ੍ਰੀਆਂ ਨੂੰ ਕਮਜ਼ੋਰ ਮਨ ਵਾਲੀ ਮੰਨ ਕੇ ਉਨ੍ਹਾਂ ਨੂੰ ਵਿਸ਼ਵਾਸ ਦੇ ਯੋਗ ਨਹੀਂ ਸਮਝਿਆ ਜਾਂਦਾ ਸੀ। ਉਨ੍ਹਾਂ ਨੂੰ ਪੁਰਸ਼ਾਂ ਦੀ ਸਰੀਰਕ ਇੱਛਾਵਾਂ ਦੀ ਪੂਰਤੀ ਦਾ ਸਾਧਨ ਮਾਤਰ ਸਮਝਿਆ ਜਾਂਦਾ ਸੀ ਅਤੇ ਉਨ੍ਹਾਂ ਦੇ ਲਈ ਸੰਤਾਨ ਪ੍ਰਾਪਤੀ ਦਾ ਸਾਧਨ ਵੀ। ਮਹਾਂਭਾਰਤ ਵਿਚ ਇਕ ਸਥਾਨ ਤੇ ਕਿਹਾ ਗਿਆ ਹੈ: "ਇਸਤ੍ਰੀਆਂ ਤੋਂ ਜ਼ਿਆਦਾ ਪਾਪ ਦੀ ਹੋਰ ਕੋਈ ਵਸਤੂ ਨਹੀਂ ਹੈ;" "ਇਸਤ੍ਰੀ ਸਾਰੀ ਬੁਰਾਈਆਂ ਦੀ ਜੜ ਹੈ।" ਕੋਈ ਵੀ ਹੋਰ ਜੀਵਧਾਰੀ

ਨੋਟ

ਇੰਨਾ ਪਾਪੀ ਨਹੀਂ ਹੁੰਦਾ ਜਿੰਨੀ ਇਸਤ੍ਰੀ। ਇਸਤ੍ਰੀ ਜਲਦੀ ਹੋਈ ਜਵਾਲਾ ਹੈ। ਉਹ ਮਾਇਆ ਰਚਿਤ ਇਕ ਭ੍ਰਮ ਹੈ, ਉਹ ਉਸਤਰੇ ਦੀ ਤੇਜ ਧਾਰ ਹੈ, ਉਹ ਅਗਨੀ ਹੈ।" ਰਾਮਾਇਣ ਵਿਚ ਕਿਹਾ ਗਿਆ ਹੈ ਕਿ, "ਇਸਤ੍ਰੀਆਂ ਦੇ ਮੁਖ ਪੁਰਸ਼ਾਂ ਦੀ ਭਾਂਤੀ ਹਨ, ਉਨ੍ਹਾਂ ਦੇ ਸ਼ਬਦ ਸ਼ਹਿਦ ਦੀਆਂ ਬੂੰਦਾਂ ਦੀ ਭਾਂਤੀ ਹਨ। ਕਿੰਤੂ ਉਨ੍ਹਾਂ ਦੇ ਮਨ ਤੇਜ ਉਸਤਰੇ ਦੀ ਭਾਂਤੀ ਹੈ, ਉਨ੍ਹਾਂ ਦੇ ਮਨ ਦੀ ਥਾਹ ਕਿਸੀ ਨੂੰ ਨਹੀਂ ਹੋ ਸਕਦੀ ਹੈ।" ਜਿਸ ਪ੍ਰਕਾਰ ਮਨੂੰ ਇਸਤ੍ਰੀਆਂ ਨੂੰ ਅਧਿਕਾਰ ਦੀ ਵਸਤੂ ਮੰਨਣਾ ਚਾਹੁੰਦੇ ਸਨ ਅਤੇ ਜਿਸ ਪ੍ਰਕਾਰ ਯੁਧਿਸ਼ਟਰ ਦੁਆਰਾ ਜੂਏ ਦੀ ਖੇਡ ਵਿਚ ਦ੍ਰੋਪਦੀ ਨੂੰ ਦਾਂਵ ਉੱਤੇ ਲਗਾਇਆ ਗਿਆ ਸੀ, ਉਸ ਨਾਲ ਤਾਂ ਇਹੀ ਸਿੱਧ ਹੁੰਦਾ ਹੈ ਕਿ ਸਭਿਅਤਾ ਦੇ ਆਰੰਭਕ ਯੁਗਾਂ ਵਿਚ ਇਸਤ੍ਰੀਆਂ ਨੂੰ ਗੁਲਾਮ ਅਤੇ ਮੁੱਲਵਾਨ ਪ੍ਰਤੀਭੂਤ (ਛ਼ਵਵਕ;) ਹੀ ਮੰਨਿਆ ਜਾਂਦਾ ਸੀ।

ਉਪਰੋਕਤ ਸੰਦਰਭ ਉਦਾਹਰਣਾਂ ਨੂੰ ਸਮਾਜ ਵਿਚ ਇਸਤ੍ਰੀਆਂ ਦੀ ਸਹੀ ਸਥਿਤੀ ਦੱਸਣ ਲਈ ਵਿਸ਼ਵਸਨੀ ਆਧਾਰ ਨਹੀਂ ਮੰਨਿਆਂ ਜਾ ਸਕਦਾ। ਵਿਭਿੰਨ ਕਥਨ ਅਲੱਗ ਸੰਦਰਭਾਂ ਵਿਚ ਦਿੱਤੇ ਗਏ ਸਨ। ਜੇਕਰ ਭੀਸ਼ਮ ਨੇ ਕਿਹਾ ਸੀ, "ਪਤੀ ਨੂੰ ਚਾਹੀਦਾ ਹੈ ਕਿ ਉਹ ਪਤਨੀ ਨੂੰ ਸੰਪਤੀ ਦੇ ਰੂਪ ਵਿਚ ਸਮਝੇ।" ਜੇਕਰ ਭਗਵਾਨ ਰਾਮ ਨੇ ਕਿਹਾ ਸੀ "ਮੈਂ ਆਪਣਾ ਸਾਰਾ ਰਾਜ ਉਤਰਾਧਿਕਾਰ, ਇਥੋਂ ਤਕ ਕਿ ਆਪਣੀ ਪਤਨੀ ਅਤੇ ਸਾਰੇ ਮੁੱਲ ਨੂੰ ਭਰਤ ਨੂੰ ਸਵੇਛਾ ਨਾਲ ਪ੍ਰਦਾਨ ਕਰ ਸਕਦਾ ਹਾਂ", ਤਾਂ ਇਹ ਸਭ ਸਿਰਫ਼ ਪ੍ਰਸੰਗ ਵਸ਼ ਹੀ ਕਿਹਾ ਗਿਆ ਸੀ। ਇਸਤ੍ਰੀਆਂ ਦੀ ਵਾਸਤਵਿਕ ਸਥਿਤੀ ਦਾ ਮੁਲਾਂਕਣ ਉਨ੍ਹਾਂ ਦੇ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਅਧਿਕਾਰਾਂ ਦੇ ਪ੍ਰਕਾਸ਼ ਵਿਚ ਵਿਸ਼ਲੇਸ਼ਣ ਦੁਆਰਾ ਕੀਤਾ ਜਾ ਸਕਦਾ ਹੈ।"

## 9.1.2 ਵੈਦਿਕ ਅਤੇ ਉੱਤਰ-ਵੈਦਿਕ ਕਾਲ ਵਿਚ ਇਸਤ੍ਰੀਆਂ

ਵੈਦਿਕ ਅਤੇ ਉੱਤਰ-ਵੈਦਿਕ ਕਾਲ ਵਿਚ ਇਸਤ੍ਰੀਆਂ ਦੀ ਸਥਿਤੀ ਦਾ ਨਿਰਧਾਰਣ ਇਸ ਤੱਥ ਨਾਲ ਕੀਤਾ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਕਿੰਨੀ ਸੁਤੰਤਰਤਾ ਪ੍ਰਾਪਤ ਸੀ ਉਨ੍ਹਾਂ ਉੱਤੇ ਕਿਸ ਹੱਦ ਤਕ ਪ੍ਰਤੀਬੰਧ ਲਗੇ ਹੋਏ ਸਨ। ਵੈਦਿਕ ਅਤੇ ਰਾਮਾਇਣ-ਮਹਾਂਭਾਰਤ (ਮਹਾਂਕਾਵਿ) ਕਾਲ ਵਿਚ ਇਸਤ੍ਰੀਆਂ ਕਦੀ ਵੀ ਪਰਦਾ ਨਹੀਂ ਕਰਦੀਆਂ ਸਨ। ਉਨ੍ਹਾਂ ਨੂੰ ਜੀਵਨ ਸਾਥੀ ਦੇ ਵਰਣ ਵਿਚ ਸੁਤੰਤਰਤਾ ਪ੍ਰਾਪਤ ਸੀ। ਉਹ ਸਿਖਿਆ ਪ੍ਰਾਪਤ ਕਰ ਸਕਦੀਆਂ ਸਨ। ਵਿਧਵਾਵਾਂ ਨੂੰ ਪੁਨਰਵਿਆਹ ਦੀ ਆਗਿਆ ਸੀ, ਭਾਵੇਂ ਵਿਆਹ ਵਿਛੇਦ ਦੀ ਆਗਿਆ ਉਨ੍ਹਾਂ ਨੂੰ ਪ੍ਰਾਪਤ ਨਹੀਂ ਸੀ। ਪੁਰਸ਼ਾਂ ਨੂੰ ਵੀ ਇਹ ਆਗਿਆ ਪ੍ਰਾਪਤ ਨਹੀਂ ਸੀ। ਘਰ ਵਿਚ ਉਨ੍ਹਾਂ ਨੂੰ ਪੂਰਨ ਸੁਤੰਤਰਤਾ ਪ੍ਰਾਪਤ ਸੀ ਅਤੇ ਉਨ੍ਹਾਂ ਨੂੰ ਅਰਧਾਂਗਿਨੀ ਮੰਨਿਆਂ ਜਾਂਦਾ ਸੀ। ਮਹਾਂਭਾਰਤ ਵਿਚ ਕਿਹਾ ਗਿਆ ਸੀ, "ਮ੍ਰਿਦੂ ਭਾਸ਼ੀ ਪਤਨੀਆਂ ਸੁਖ ਵਿਚ ਆਪਣੇ ਪਤੀ ਦੀ ਮਿੱਤਰ ਹੁੰਦੀਆਂ ਹਨ, ਧਾਰਮਿਕ ਕ੍ਰਿਤਾਂ ਦੇ ਸਮੇਂ ਉਹ ਉਨ੍ਹਾਂ ਦੇ ਪਿਤਾ ਦੇ ਸਮਾਨ ਹੁੰਦੀਆਂ ਹਨ ਅਤੇ ਦੁਖ ਤੇ ਕਸ਼ਟ ਦੇ ਸਮੇਂ ਉਨ੍ਹਾਂ ਦੀ ਮਾਤਾ ਦੇ ਸਮਾਨ ਹੁੰਦੀਆਂ ਹਨ।" ਗ੍ਰਹਿਸਤ ਜੀਵਨ ਵਿਚ ਇਸਤ੍ਰੀਆਂ ਸਰਵੋਪਰੀ ਹੁੰਦੀਆਂ ਸਨ। ਇਸ ਪ੍ਰਕਾਰ ਸਮਾਜਿਕ ਖੇਤਰ ਵਿਚ ਇਸਤ੍ਰੀਆਂ ਦੀ ਸਥਿਤੀ ਪੂਰਣਰੁਪੇਣ ਦੀਨ ਵਾਲੀ ਸਥਿਤੀ ਨਹੀਂ ਸੀ, ਬਲਕਿ ਉਨ੍ਹਾਂ ਦੀ ਸਥਿਤੀ ਇਕ ਅਜਿਹੇ ਵਿਅਕਤੀ ਦੀ ਤਰ੍ਹਾਂ ਸੀ ਜੋ ਨਿਆਂ ਅਤੇ ਔਚਿਤ ਤੋਂ ਪ੍ਰੇਰਿਤ ਸੀ।

ਆਰਥਿਕ ਖੇਤਰ ਵਿਚ ਵੀ ਇਸਤ੍ਰੀਆਂ ਨੂੰ ਪੂਰਨ ਸੁਤੰਤਰਤਾ ਪ੍ਰਾਪਤ ਸੀ। ਉਹ ਨਾ ਕਿਤੇ ਨੌਕਰੀ ਕਰਦੀਆਂ ਸਨ ਅਤੇ ਨਾ ਧਨ ਇਕੱਠਾ ਕਿਉਂਕਿ ਉਨ੍ਹਾਂ ਦੇ ਲਈ ਇਹ ਜਰੂਰੀ ਨਹੀਂ ਸੀ। ਘਰ ਉਤਪਾਦਨ ਦਾ ਕੇਂਦਰ ਸੀ; ਕਪੜੇ ਬਣਾਉਣ ਦਾ ਕੰਮ ਘਰ ਵਿਚ ਹੀ ਹੁੰਦਾ ਸੀ। ਇਸਤ੍ਰੀਆਂ ਖੇਤੀ ਦੇ ਕੰਮਾਂ ਵਿਚ ਵੀ ਆਪਣੇ ਪਤੀ ਦੇ ਸਹਾਇਤਾ ਕਰਦੀਆਂ ਸਨ। ਕੁਝ ਇਸਤ੍ਰੀਆਂ ਅਧਿਆਪਨ ਕਾਰਜ ਵਿਚ ਵੀ ਵਿਅਸਤ ਹੁੰਦੀਆਂ ਸਨ।

ਸੰਪਤੀ ਦੇ ਉਤਰਾਧਿਕਾਰ ਦੇ ਵਿਸ਼ੇ ਵਿਚ ਇਸਤ੍ਰੀਆਂ ਨੂੰ ਕੋਈ ਅਧਿਕਾਰ ਪ੍ਰਾਪਤ ਨਹੀਂ ਸਨ। ਭਾਵੇਂ ਪੁੱਤਰੀ ਦੇ ਰੂਪ ਵਿਚ ਇਸਤ੍ਰੀਆਂ ਦਾ ਆਪਣੇ ਪਿਤਾ ਦੀ ਸੰਪਤੀ ਵਿਚ ਕੋਈ ਹਿੱਸਾ ਨਹੀਂ ਹੁੰਦਾ ਸੀ। ਫਿਰ ਵੀ ਹਰੇਕ ਅਣਵਿਆਹੀ ਪੁੱਤਰੀ ਨੂੰ ਆਪਣੇ ਭਰਾਵਾਂ ਨੂੰ ਮਿਲਣ ਵਾਲੇ ਪਿਤਰ ਧਨ ਦਾ ਇਕ ਚੌਕਾਈ ਹਿੱਸਾ ਪ੍ਰਾਪਤ ਕਰਨ ਦਾ ਅਧਿਕਾਰ ਸੀ। ਮ੍ਰਿਤੂ ਦੇ ਪਸ਼ਚਾਤ ਮਾਂ ਦੀ ਸੰਪਤੀ ਪੁੱਤਰਾਂ ਅਤੇ ਅਣਵਿਆਹੀ ਪੁੱਤਰੀਆਂ ਵਿਚ ਬਰਾਬਰ ਰੂਪ ਵਿਚ ਵੰਡੀ ਜਾਂਦੀ ਸੀ। ਵਿਆਹੀਆਂ ਪੁੱਤਰੀਆਂ ਨੂੰ ਸਿਰਫ਼ ਸਨਮਾਨ ਸਰੂਪ ਥੋੜਾ ਹੀ ਹਿੱਸਾ ਮਿਲਦਾ ਸੀ। ਇਸਤ੍ਰੀ ਧਨ ਦੀ ਉੱਤਰਾਧਿਕਾਰੀ ਸਿਰਫ਼ ਅਣਵਿਆਹੀ ਪੁੱਤਰੀਆਂ ਹੁੰਦੀਆਂ ਸਨ। ਪਤਨੀ ਦੇ ਰੂਪ ਵਿਚ ਇਸਤ੍ਰੀ ਦਾ ਆਪਣੇ ਪਤੀ ਦੀ ਸੰਪਤੀ ਵਿਚ ਕੋਈ ਪ੍ਰਤੱਖ ਹਿੱਸਾ ਨਹੀਂ ਸੀ। ਪਰੰਤੂ ਪਰਿਤਿਅਕਤਾ ਨੂੰ ਆਪਣੇ ਪਤੀ ਦੇ ਧਨ ਦਾ ਇਕ ਤਿਹਾਈ ਹਿੱਸਾ ਪ੍ਰਾਪਤ ਕਰਨ ਦਾ ਅਧਿਕਾਰ ਸੀ। ਜੇਕਰ ਪਤਨੀ ਗਰੀਬ ਹੁੰਦੀ ਸੀ ਤਾਂ ਪਤੀ ਉਸਦੇ ਭਰਨ ਪੋਸ਼ਣ ਦੇ ਲਈ ਗੁਜਾਰਾ ਭੱਤਾ ਦੇਣ ਦੇ ਲਈ ਮਜਬੂਰ ਸੀ। ਕਿੰਤੂ ਜੇਕਰ ਸੰਪਤੀ ਦੀ ਵੰਡ ਪਤੀ ਦੇ ਜੀਵਨ ਕਾਲ ਵਿਚ ਹੀ ਹੋ ਗਿਆ ਹੁੰਦਾ ਤਾਂ ਪਤਨੀ ਨੂੰ ਪੁੱਤਰਾਂ ਦੇ ਬਰਾਬਰ ਦਾ ਹਿੱਸਾ ਮਿਲਦਾ ਸੀ। ਵਿਧਵਾ ਇਸਤ੍ਰੀ ਨੂੰ ਸੰਯਮੀ ਤੇ ਵੈਰਾਗੀ ਜੀਵਨ ਬਤੀਤ ਕਰਨਾ ਪੈਂਦਾ ਸੀ। ਸੋ ਉਸ ਨੂੰ ਆਪਣੇ ਪਤੀ ਨੂੰ ਸੰਪਤੀ ਤੋਂ ਕੋਈ ਹਿੱਸਾ ਨਹੀਂ ਦਿੱਤਾ ਜਾਂਦਾ ਸੀ। ਵਿਧਵਾ ਮਾਂ ਦੇ ਰੂਪ ਵਿਚ ਉਸ ਨੂੰ ਕੁਝ ਅਧਿਕਾਰ ਸਨ। ਇਸ ਨਾਲ ਇਹ ਸਪਸ਼ਟ ਹੁੰਦਾ ਹੈ ਕਿ ਭਾਵੇਂ ਇਸਤ੍ਰੀਆਂ ਦੇ ਨਾਲ ਸੰਪਤੀ ਵਿਚ ਅਧਿਕਾਰ ਦੇ ਵਿਸ਼ੇ ਵਿਚ ਪੱਖਪਾਤ ਪੂਰਣ ਵਿਵਹਾਰ ਕੀਤਾ ਜਾਂਦਾ ਸੀ। ਫਿਰ ਵੀ ਪਤਨੀ ਅਤੇ ਪੁੱਤਰੀ ਦੇ ਰੂਪ ਵਿਚ ਉਨ੍ਹਾਂ ਨੂੰ ਕੁਝ ਸੰਰਖਿਅਣ ਪ੍ਰਾਪਤ ਸੀ।

ਇਸਤ੍ਰੀਆਂ ਦੀ ਰਾਜਨੀਤਿਕ ਸਥਿਤੀ ਦੇਸ਼ ਵਿਚ ਰਾਜਨੀਤਿਕ ਦਸ਼ਾ ਅਤੇ ਵਿਦਮਾਨ ਰਾਜਨੀਤਿਕ ਪ੍ਰਣਾਲੀ ਉੱਤੇ ਨਿਰਭਰ ਕਰਦੀ ਹੈ। ਪ੍ਰਾਚੀਨ ਭਾਰਤ ਵਿਚ ਰਾਜਨੀਤਿਕ ਪ੍ਰਣਾਲੀ ਰਾਜਤੰਤਰ ਉੱਤੇ ਆਧਾਰਿਤ ਸੀ। ਇਸ ਲਈ ਵਿਧਾਨ ਸਭਾ, ਰਾਜਨੀਤਿਕ ਦਲ, ਕੂਟਨੀਤਿਕ ਸੰਬੰਧ, ਅਤੇ ਅੰਤਰਰਾਸ਼ਟਰੀ ਸੰਮੇਲਨ ਆਦਿ ਨਹੀਂ ਸਨ। ਅਜਿਹੀ ਪਰਿਸਥਿਤੀਆਂ ਵਿਚ ਇਸਤ੍ਰੀਆਂ ਨੂੰ

ਵੋਟ ਪਾਉਣ ਦਾ ਅਧਿਕਾਰ ਜਾਂ ਚੋਣ ਲੜਣ ਦੀ ਸੁਤੰਤਰਤਾ ਦਾ ਪ੍ਰਸ਼ਨ ਹੀ ਨਹੀਂ ਉਠਦਾ ਸੀ। ਇਸਤ੍ਰੀਆਂ ਨੂੰ ਸਭਾਵਾਂ ਵਿਚ ਪ੍ਰਵੇਸ਼ ਦੀ ਆਗਿਆ ਨਹੀਂ ਸੀ ਕਿਉਂਕਿ ਇਨ੍ਹਾਂ ਸਥਾਨਾਂ ਦਾ ਪ੍ਰਯੋਗ ਰਾਜਨੀਤਿਕ ਵਿਚਾਰ-ਵਟਾਂਦਰੇ ਦੇ ਅਲਾਵਾ ਜੁਆ ਅਤੇ ਸ਼ਰਾਬ ਦੀ ਵਰਤੋਂ ਆਦਿ ਦੇ ਲਈ ਵੀ ਕੀਤਾ ਜਾਂਦਾ ਸੀ। ਕੁਝ ਉਦਾਹਰਣ ਅਜਿਹੇ ਜਰੂਰ ਹਨ ਜਦਕਿ ਇਸਤ੍ਰੀਆਂ ਆਪਣੇ ਪਤੀ ਦੇ ਨਾਲ ਯੁੱਧ ਦੇ ਸਥਾਨ ਵਿਚ ਜਾਂਦੀਆਂ ਸਨ, ਜਿਵੇਂ ਰਾਮਾਇਣ ਵਿਚ ਕੈਕੇਈ ਦਾ ਯੁੱਧ ਵਿਚ ਜਾਣਾ। ਮੈਗਸਥਨੀਜ ਨੇ ਚੰਦਰਗੁਪਤ ਮੌਰਿਆ ਦੇ ਮਹਿਲ ਵਿਚ ਸ਼ਸਤਰ ਮਹਿਲਾ ਅੰਗ-ਰਖਿਅਕਾਂ ਦਾ ਸੰਦਰਭ ਦਿੱਤਾ ਹੈ; ਕੌਟਿਲਿਆ ਨੇ ਵੀ 'ਅਰਥ ਸ਼ਾਸਤਰ' ਵਿਚ ਸ਼ਸਤਰ ਮਹਿਲਾ ਅੰਗ-ਰੱਖਿਅਕਾਂ ਦੀ ਗੱਲ ਕਹੀ ਹੈ ਜੋ ਤੀਰ ਕਮਾਨ ਨਾਲ ਸੁਸ਼ੋਭਿਤ ਸੈਨਿਕਾਂ ਦੇ ਰੂਪ ਵਿਚ ਹੁੰਦੀਆਂ ਸਨ। ਸੋ ਜਦ ਪੁਰਸ਼ਾਂ ਨੂੰ ਹੀ ਰਾਜਨੀਤਿਕ ਅਧਿਕਾਰ ਪ੍ਰਾਪਤ ਨਹੀਂ ਸਨ ਤਦ ਇਸਤ੍ਰੀਆਂ ਦੀ ਆਪਣੀ ਅਲਗ ਤੋਂ ਰਾਜਨੀਤਿਕ ਪਰਿਸਥਿਤੀਆਂ ਕਿਵੇਂ ਹੋ ਸਕਦੀ ਸੀ।

ਧਾਰਮਿਕ ਖੇਤਰ ਵਿਚ ਪਤਨੀ ਸਾਰੇ ਅਧਿਕਾਰਾਂ ਦਾ ਉਪਭੋਗ ਕਰਦੀ ਸੀ ਅਤੇ ਨਿਯਮਿਤ ਰੂਪ ਨਾਲ ਆਪਣੇ ਪਤੀ ਦੇ ਨਾਲ ਸਾਰੇ ਧਾਰਮਿਕ ਕੰਮਾਂ ਤੇ ਸੰਸਕਾਰਾਂ ਵਿਚ ਹਿੱਸਾ ਲੈਂਦੀ ਸੀ। ਵਾਸਤਵ ਵਿਚ, ਧਾਰਮਿਕ ਕੰਮ ਤਦ ਤਕ ਅਪੂਰਣ ਮੰਨੇ ਜਾਂਦੇ ਸਨ ਜਦ ਤਕ ਪਤਨੀ ਉਸ ਵਿਚ ਹਿੱਸਾ ਨਹੀਂ ਲੈਂਦੀ ਸੀ। ਇਸਤ੍ਰੀਆਂ ਧਾਰਮਿਕ ਵਾਰਤਾਲਾਪਾਂ ਵਿਚ ਅੱਗੇ ਹੋਕੇ ਹਿੱਸਾ ਲੈਂਦੀਆਂ ਸਨ। ਵਿਗਿਆਨਕ ਧਾਰਮਿਕ ਸਿਧਾਂਤਾਂ ਅਤੇ ਰੀਤੀਆਂ ਦੇ ਸੰਹਿਤਾਕਰਣ ਕਰਨ ਲਈ ਜਨਕ ਵਰਗੇ ਰਾਜਿਆਂ ਦੁਆਰਾ ਆਯੋਜਿਤ ਵਿਸ਼ਵ ਦੀ ਅਨੋਖੀ ਧਰਮੀ ਅਤੇ ਸੰਪ੍ਰਦਾਇਆਂ ਦੇ ਸੰਮੇਲਨ ਵਿਚ ਗਾਰਗੀ, ਬ੍ਰਾਹਮਵਾਦਿਨੀ, ਵਾਚਾਕਨਬੀ ਵਰਗੀ ਵਿਦੂਸ਼ੀ ਮਹਿਲਾਵਾਂ ਦਾ ਹਿੱਸਾ ਲੈਣਾ ਅਤੇ ਪੁਰਸ਼ਾਂ ਦੇ ਨਾਲ ਸ਼ਾਸਤਰਾਰਥ ਕਰਨਾ ਇਸ ਸੱਚ ਦਾ ਧਿਉਤਕ ਹੈ ਕਿ ਪ੍ਰਾਚੀਨ ਭਾਰਤ ਵਿਚ ਇਸਤ੍ਰੀਆਂ ਦਾ ਧਾਰਮਿਕ ਖੇਤਰ ਵਿਚ ਉੱਚਾ ਸਥਾਨ ਸੀ। ਜੈਮਿਨੀ ਦੀ 'ਪੂਰਵ ਮੀਮਾਂਸਾ' ਵਿਚ, ਜਿਸਦੀ ਟਿਕਾ ਸਬਰ ਸਵਾਮੀ ਨੇ ਲਿਖੀ, ਵਰਣਿਤ ਹੈ ਕਿ ਉੱਚੇ ਧਾਰਮਿਕ ਸੰਸਕਾਰਾਂ ਵਿਚ ਇਸਤ੍ਰੀ ਪੁਰਸ਼ ਦੀ ਭਾਗੀਦਾਰੀ ਬਰਾਬਰ ਦੀ ਹੁੰਦੀ ਸੀ। ਹੇਮਾਦਰੀ ਨੇ ਸਿਖਿਅਤ ਅਣਵਿਆਹੀ ਕਨਿਆਂਵਾਂ (ਕੁਮਾਰੀ) ਨੂੰ 'ਵਿਦੂਸ਼ੀ' ਕਿਹਾ ਹੈ ਅਤੇ ਦੱਸਿਆ ਹੈ ਕਿ ਅਜਿਹੀ ਕਨਿਆਂਵਾਂ ਦਾ ਵਿਆਹ ਬਰਾਬਰ ਦੇ ਸਿਖਿਅਤ ਵਰ, ਜਿਸਨੂੰ 'ਮਨੀਸ਼ੀ' ਕਹਿੰਦੇ ਸਨ, ਨਾਲ ਹੀ ਕੀਤਾ ਜਾਣਾ ਚਾਹੀਦਾ ਹੈ।

ਇਸ ਪ੍ਰਕਾਰ ਨਿਸ਼ਕਰਸ਼ ਵਿਚ ਕਿਹਾ ਜਾ ਸਕਦਾ ਹੈ ਵੈਦਿਕ ਭਾਰਤ ਵਿਚ ਇਸਤ੍ਰੀਆਂ ਦੀ ਸਥਿਤੀ ਨੀਵੀਂ ਨਹੀਂ ਸੀ। ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿਚ ਉਨ੍ਹਾਂ ਨੂੰ ਬਹੁਤ ਜ਼ਿਆਦਾ ਅਧਿਕਾਰ ਪ੍ਰਾਪਤ ਸਨ ਪਰੰਤੂ ਆਰਥਿਕ ਅਤੇ ਰਾਜਨੀਤਿਕ ਖੇਤਰਾਂ ਵਿਚ ਉਨ੍ਹਾਂ ਦੇ ਅਧਿਕਾਰ ਸੀਮਤ ਸਨ। ਉਨ੍ਹਾਂ ਨੂੰ ਪੁਰਸ਼ਾਂ ਦੇ ਅਧੀਨ ਨਹੀਂ ਮੰਨਿਆਂ ਜਾਂਦਾ ਸੀ ਬਲਕਿ ਪੁਰਸ਼ਾਂ ਦੇ ਸਮਾਨ ਸਮਝਿਆ ਜਾਂਦਾ ਸੀ।

### 9.1.3 ਪੌਰਾਣਿਕ ਕਾਲ ਵਿਚ ਇਸਤ੍ਰੀਆਂ

ਪੌਰਾਣਿਕ ਕਾਲ ਵਿਚ ਇਸਤ੍ਰੀਆਂ ਦੀ ਸਥਿਤੀ ਵਿਚ ਕਮੀ ਆਈ। (ਹਿੰਦੂ ਸਮਾਜ ਵਿਚ ਧਾਰਮਿਕ ਗ੍ਰੰਥਾਂ ਦਾ ਇਤਿਹਾਸਕ ਕ੍ਰਮ ਇਸ ਪ੍ਰਕਾਰ ਨਾਲ ਹੈ : ਵੇਦ, ਬ੍ਰਾਹਮਣ, ਉਪਨਿਸ਼ਦ, ਗ੍ਰਹਿ-ਸੂਤਰ, ਧਰਮ ਸ਼ਾਸਤਰ, ਸਿਮ੍ਰਿਤੀਆਂ, ਰਾਮਾਇਣ, ਮਹਾਂਭਾਰਤ ਅਤੇ ਪੁਰਾਣ)। ਸਮਾਜਿਕ ਖੇਤਰ ਵਿਚ ਪੂਰਵ ਯੌਨ ਵਿਕਸਤ (Pre-Puberty) ਵਿਆਹ ਦਾ ਪ੍ਰਚਲਣ ਆਰੰਭ ਹੋਇਆ, ਵਿਧਵਾ ਵਿਆਹ ਦਾ ਨਿਸ਼ੇਧ ਹੋਣ ਲਗਾ, ਪਤੀ ਨੂੰ ਇਸਤ੍ਰੀ ਦੇ ਲਈ ਭਗਵਾਨ ਦਾ ਦਰਜਾ ਦਿੱਤਾ ਜਾਣ ਲਗਾ, ਇਸਤ੍ਰੀਆਂ ਦੇ ਲਈ ਸਿਖਿਆ ਦਾ ਪੂਰਣ ਨਿਸ਼ੇਧ ਆਰੰਭ ਹੋਇਆ, ਸਤੀ ਪ੍ਰਥਾ ਪ੍ਰਚਲਣ ਵਿਚ ਆਈ, ਪਰਦਾ ਪ੍ਰਥਾ ਆਰੰਭ ਹੋਈ, ਅਤੇ ਬਹੁ ਪਤਨੀ ਪ੍ਰਥਾ ਵਿਵਹਾਰ ਵਿਚ ਸਵੀਕਾਰ ਕੀਤੀ ਜਾਣ ਲਗੀ। "ਇਕ ਪਤਨੀ ਅਤੇ ਗੁਲਾਮ ਸੰਪਤੀ ਦੇ ਅਧਿਕਾਰੀ ਨਹੀਂ ਹੁੰਦੇ, ਮਾਨਤਾ ਦੇ ਆਧਾਰ ਉੱਤੇ ਇਸਤ੍ਰੀ ਨੂੰ ਉਸਦੇ ਪਤੀ ਦੀ ਸੰਪਤੀ ਵਿਚ ਹਿੱਸੇ ਤੋਂ ਵੰਚਿਤ ਕਰ ਦਿੱਤਾ ਗਿਆ। ਧਾਰਮਿਕ ਖੇਤਰ ਵਿਚ ਇਸਤ੍ਰੀ ਨੂੰ ਬਲਦਾਨ ਭੇਂਟ ਕਰਨ ਤੋਂ, ਪ੍ਰਾਰਥਨਾ ਤੋਂ, ਹਠ ਯੋਗ ਤੋਂ ਅਤੇ ਤੀਰਥ ਯਾਤਰਾ ਕਰਨ ਤੋਂ ਵੀ ਵੰਚਿਤ ਕਰ ਦਿੱਤਾ ਗਿਆ।"

ਪ੍ਰਭਾਤੀ ਮੁਖਰਜੀ ਨੇ ਪੌਰਾਣਿਕ ਕਾਲ ਵਿਚ ਇਸਤ੍ਰੀਆਂ ਦੀ ਨੀਵੀਂ ਸਥਿਤੀ ਦੇ ਕਾਰਣ ਨੂੰ ਦੱਸਦੇ ਹੋਏ ਅਲਟੇਕਰ, ਵਿੰਟਰਨਿਜ, ਮਿੱਤਰ ਅਤੇ ਚੌਧਰੀ ਨੇ ਉਦਧ੍ਰਿਤ ਕੀਤਾ ਹੈ। ਇਹ ਕਾਰਣ ਹਨ: ਸੰਪੂਰਨ ਉੱਤੇ ਬ੍ਰਾਹਮਣਾਂ ਦੁਆਰਾ ਥੋਪੇ ਗਏ ਸੰਯੋਮਾਂ ਦੇ ਕਾਰਣ, ਜਾਤੀ ਅਤੇ ਪ੍ਰਥਾ ਦੁਆਰਾ ਲਗਾਏ ਪ੍ਰਤੀਬੰਧਾਂ ਦੇ ਕਾਰਣ, ਸੰਯੁਕਤ ਪਰਿਵਾਰ ਦੇ ਕਾਰਣ, ਇਸਤ੍ਰੀਆਂ ਦੇ ਲਈ ਸਿਖਿਆ ਦੀ ਘੱਟ ਸਹੂਲਤਾਂ ਦੇ ਕਾਰਣ, ਆਰੀਆ ਪਰਿਵਾਰ ਵਿਚ ਗੈਰ-ਆਰੀਆ ਪਤਨੀ ਦਾ ਪ੍ਰਵੇਸ਼, ਅਤੇ ਵਿਦੇਸ਼ੀ ਹਮਲਿਆਂ ਦੇ ਕਾਰਣ।

### 9.1.4 ਬੌਧ ਕਾਲ ਵਿਚ ਇਸਤ੍ਰੀਆਂ

ਬੌਧ ਧਰਮ ਦਾ ਉਦੇ ਹਿੰਦੂਵਾਦ ਉੱਤੇ ਪ੍ਰਤਿਕ੍ਰਿਆ ਦੇ ਫਲਸਰੂਪ ਹੋਇਆ। ਬ੍ਰਾਹਮਣ ਅਤੇ ਪੁਰਾਣਾਂ ਦੇ ਕਾਲ ਵਿਚ ਇਸਤ੍ਰੀਆਂ ਉੱਤੇ ਅਨੇਕ ਅਨਿਆਂਪੂਰਨ ਅਤੇ ਗਲਤ ਸਮਾਜਿਕ ਨਿਸ਼ੇਧ ਥੋਪ ਦਿੱਤੇ ਗਏ, ਜਿਵੇਂ ਪੂਰਵ ਯੌਨ ਵਿਕਸਿਤ ਵਿਆਹ, ਸਿਖਿਆ ਦੇ ਅਧਿਕਾਰ ਤੋਂ ਵੰਚਿਤ ਕਰਨਾ, ਜੀਵਨ ਸਾਥੀ ਚੁਣਨ ਦਾ ਅਧਿਕਾਰ ਨਾ ਦੇਣਾ, ਧਾਰਮਿਕ ਵਿਚਾਰ ਵਟਾਂਦਰੇ ਵਿਚ ਹਿੱਸਾ ਲੈਣ ਦੀ ਆਗਿਆ ਨਾ ਹੋਣਾ ਆਦਿ। ਬੌਧ ਕਾਲ ਵਿਚ ਇਸਤ੍ਰੀਆਂ ਦੀ ਸਥਿਤੀ ਵਿਚ ਕੁਝ ਸੁਧਾਰ ਹੋਇਆ। ਧਾਰਮਿਕ ਖੇਤਰ ਵਿਚ ਇਸਤ੍ਰੀਆਂ ਨੂੰ ਸਪਸ਼ਟ ਰੂਪ ਨਾਲ ਉਤਕ੍ਰਿਸ਼ਟ ਸਥਾਨ ਪ੍ਰਾਪਤ ਹੋਇਆ। ਉਨ੍ਹਾਂ ਦਾ ਆਪਣਾ ਸੰਘ ਬਣਿਆ ਜਿਸ ਨੂੰ ਭਿਖਸ਼ੂਣੀ ਸੰਘ ਕਿਹਾ ਗਿਆ। ਇਸ ਸੰਘ ਦੇ ਵੀ ਉਹੀ ਨਿਯਮ ਨਿਰਦੇਸ਼ ਸਨ ਜੋ 'ਭਿਖਸ਼ੂਆਂ' ਦੇ ਸਨ। ਸੰਘ ਨੇ ਇਸਤ੍ਰੀਆਂ ਨੂੰ

ਨੋਟ

ਸਾਂਸਕ੍ਰਿਤਿਕ ਪ੍ਰੋਗਰਾਮ, ਸਮਾਜ ਸੇਵਾ ਅਤੇ ਸਾਰਵਜਨਿਕ ਜੀਵਨ ਵਿਚ ਅਨੇਕ ਸਥਾਨਾਂ ਉੱਤੇ ਹਿੱਸਾ ਲੈਣ ਦੇ ਅਵਸਰ ਪ੍ਰਦਾਨ ਕੀਤੇ। ਸਮਾਜਿਕ ਖੇਤਰ ਵਿਚ ਉਨ੍ਹਾਂ ਨੂੰ ਸਨਮਾਨਿਤ ਸਥਾਨ ਪ੍ਰਾਪਤ ਹੋਇਆ, ਭਾਵੇਂ ਉਨ੍ਹਾਂ ਦੀ ਆਰਥਿਕ ਤੇ ਰਾਜਨੀਤਿਕ ਸਥਿਤੀ ਵਿਚ ਕੋਈ ਪਰਿਵਰਤਨ ਨਹੀਂ ਹੋਇਆ।

### 9.1.5 ਮੱਧ ਕਾਲ ਵਿਚ ਇਸਤ੍ਰੀਆਂ

ਭਾਰਤ ਉੱਤੇ ਮੁਸਲਮਾਨਾਂ ਦਾ ਪਹਿਲਾ ਹਮਲਾ ਅੱਠਵੀਂ ਸ਼ਤਾਬਦੀ ਵਿਚ ਹੋਇਆ, ਜਿਸ ਕਾਲ ਵਿਚ ਸ਼ੰਕਰਾਚਾਰੀਆ ਜੀਵਤ ਸਨ। ਸ਼ੰਕਰਾਚਾਰੀਆ ਦੀ ਅਗਵਾਈ ਵਿਚ ਹਿੰਦੂ ਸਮਾਜ ਵਧਦੇ ਹੋਏ ਬੋਧ ਧਰਮ ਦਾ ਸਾਮ੍ਹਣਾ ਕਰਨ ਦੀ ਵਿਧੀਆਂ ਖੋਜਣ ਵਿਚ ਵਿਅਸਤ ਸੀ। ਸ਼ੰਕਰਾਚਾਰੀਆ ਨੇ ਬੋਧ ਧਰਮ ਦੇ ਵਧਦੇ ਪ੍ਰਭਾਵ ਨੂੰ ਘਟ ਕਰਨ ਦੇ ਉਦੇਸ਼ ਤੋਂ ਵੇਦਾਂ ਦੀ ਉਤਕ੍ਰਿਸ਼ਠਤਾ (Supremacy) ਉੱਤੇ ਦੁਬਾਰਾ ਬਲ ਦਿੱਤਾ ਅਤੇ ਵੇਦਾਂ ਵਿਚ ਇਸਤ੍ਰੀਆਂ ਨੂੰ ਸਮਾਨਤਾ ਦਾ ਅਧਿਕਾਰ ਪ੍ਰਾਪਤ ਸੀ। ਗਿਆਰ੍ਹਵੀਂ ਸ਼ਤਾਬਦੀ ਵਿਚ ਫਿਰ ਮਹਿਮੂਦ ਗ਼ਜ਼ਨਵੀ ਨੇ ਭਾਰਤ ਉੱਤੇ ਹਮਲਾ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ। ਇਸ ਕਾਲ ਦੇ ਬਾਅਦ ਅਠਾਰਵੀਂ ਸ਼ਤਾਬਦੀ ਦੇ ਮੱਧ ਤਕ ਜਦ ਬ੍ਰਿਟਿਸ਼ ਸਾਮਰਾਜ ਦੀ ਸਥਾਪਨਾ ਹੋਈ, ਅਤੇ ਲਗਭਗ 700 ਸਾਲਾਂ ਤਕ, ਸਮਾਜਿਕ ਸੰਸਥਾਵਾਂ ਦਾ ਵਿਖੰਡ, ਪਰੰਪਰਾਗਤ ਰਾਜਨੀਤਿਕ ਸੰਰਚਨਾ ਵਿਚ ਉਥਲ-ਪੁਥਲ, ਬਹੁਤ ਗਿਣਤੀ ਵਿਚ ਲੋਕਾਂ ਦਾ ਪ੍ਰਵਾਸਨ, ਅਤੇ ਦੇਸ਼ ਵਿਚ ਆਰਥਿਕ ਮੰਦੀ, ਆਦਿ ਨੇ ਦੇਸ਼ ਵਿਚ ਸਮਾਜਿਕ ਜੀਵਨ ਵਿਚ, ਵਿਸ਼ੇਸ਼ ਰੂਪ ਤੋਂ ਮਹਿਲਾਂ ਦੇ ਪਤਨ ਵਿਚ, ਯੋਗਦਾਨ ਕੀਤਾ। ਪਰਦਾ ਪ੍ਰਥਾ ਇਸ ਹੱਦ ਤਕ ਵੱਧ ਗਈ ਕਿ ਇਸਤ੍ਰੀਆਂ ਦੇ ਲਈ ਸਖ਼ਤ ਏਕਾਂਤ ਤਕ ਨਿਯਤ ਹੀ ਬਣ ਗਿਆ। ਸਿਖਿਆ ਦੀ ਸਹੂਲਤ ਪੂਰਣਰੁਪੇਣ ਖਤਮ ਹੋ ਗਈ। ਪੰਦ੍ਰਰਵੀਂ ਸ਼ਤਾਬਦੀ ਵਿਚ ਸਥਿਤੀ ਵਿਚ ਕੁਝ ਪਰਿਵਰਤਨ ਆਇਆ। ਇਸੇ ਸਮੇਂ ਵਿਚ ਰਾਮਾਨੁਜਾਚਾਰੀਆ ਨੇ ਪਹਿਲਾ ਭਗਤੀ ਅੰਦੋਲਨ ਦਾ ਆਯੋਜਨ ਕੀਤਾ, ਜਿਸ ਵਿਚ ਭਾਰਤ ਦੀ ਇਸਤ੍ਰੀਆਂ ਦੇ ਧਾਰਮਿਕ ਤੇ ਸਮਾਜਿਕ ਜੀਵਨ ਵਿਚ ਨਵੀਨ ਪ੍ਰਵਿਰਤੀਆਂ ਦਾ ਸੂਤਰਪਾਤ ਕੀਤਾ। ਚੈਤਨਿਆ, ਗੁਰੂ ਨਾਨਕ, ਮੀਰਾਂ, ਕਬੀਰ, ਰਾਮਦਾਸ, ਤੁਲਸੀ ਤੇ ਤੁਕਾਰਾਮ ਵਰਗੇ ਸੰਤਾਂ ਨੇ ਇਸਤ੍ਰੀਆਂ ਦੇ ਲਈ ਧਾਰਮਿਕ ਪੂਜਾ ਅਰਚਨਾ ਦਾ ਸਬਲ ਪੱਖ ਪ੍ਰਸਤੁਤ ਕੀਤਾ। ਭਾਵੇ ਂ ਉਨ੍ਹਾਂ ਦੀ (ਭਗਤਾਂ ਦੀ) ਇਸਤ੍ਰੀਆਂ ਦੇ ਪ੍ਰਤੀ ਧਾਰਨਾ ਉਨ੍ਹਾਂ ਦੇ ਸਮੇਂ ਦੇ ਪ੍ਰਚਲਤ ਦ੍ਰਿਸ਼ਟੀਕੋਣ ਤੋਂ ਮੁਕਤ ਨਹੀਂ ਸੀ, ਫਿਰ ਵੀ ਇਸ ਅੰਦੋਲਨ ਨੇ ਇਸਤ੍ਰੀਆਂ ਦੀ ਧਾਰਮਿਕ ਸੁਤੰਤਰਤਾ ਦੇ ਮਾਰਗ ਪ੍ਰਸ਼ਸਤ ਕਰ ਦਿੱਤੇ। ਪਰਦਾ ਪ੍ਰਥਾ ਖਤਮ ਕਰ ਦਿੱਤੀ ਗਈ। ਕਥਾ ਤੇ ਭਜਨ ਕੀਰਤਨ ਵਿਚ ਜਾਣ ਨਾਲ ਇਸਤ੍ਰੀਆਂ ਘਰੇਲੂ ਕੰਮ ਕਾਜ ਤੋਂ ਕਾਫ਼ੀ ਮੁਕਤ ਹੋ ਗਈਆਂ। ਭਗਤੀ ਅੰਦੋਲਨ ਵਿਚ ਗ੍ਰਹਿਸਤ ਆਸ਼ਰਮ ਉੱਤੇ ਬਲ ਦਿੱਤਾ ਗਿਆ, ਪਰੰਤੂ ਸੰਤਾਂ ਨੂੰ ਆਪਣੀ ਪਤਨੀ ਦੀ ਇੱਛਾ ਦੇ ਬਿਨਾ ਸੰਨਿਆਸ ਲੈਣ ਦੀ ਆਗਿਆ ਨਹੀਂ ਕੀਤੀ ਗਈ। ਇਸ ਵਿਚ ਇਸਤ੍ਰੀਆਂ ਦੇ ਮਹੱਤਵਪੂਰਣ ਅਧਿਕਾਰ ਨਿਹਿਤ ਸਨ। ਇਸ ਅੰਦੋਲਨ ਦੇ ਦੂਜੇ ਪ੍ਰਭਾਵ ਵੀ ਹੋਏ। ਮਨੂੰ ਦੇ ਸਮੇਂ ਤੋਂ ਹੀ ਇਸਤ੍ਰੀਆਂ ਨੂੰ ਸਿਖਿਆ ਤੋਂ ਰੋਕ ਦਿੱਤਾ ਗਿਆ ਸੀ। ਸੰਤਾਂ ਨੇ ਇਸਤ੍ਰੀਆਂ ਨੂੰ ਧਾਰਮਿਕ ਪੁਸਤਕਾਂ ਦੇ ਅਧਿਐਨ ਅਤੇ ਆਪ ਨੂੰ ਸਿਖਿਅਤ ਬਣਾਉਣ ਦੇ ਲਈ ਪ੍ਰੇਰਿਤ ਕੀਤਾ। ਇਸ ਪ੍ਰਕਾਰ ਭਗਤੀ ਅੰਦੋਲਨ ਨੇ ਇਸਤ੍ਰੀਆਂ ਵਿਚ ਨਵੇਂ ਪ੍ਰਾਣਾਂ ਦਾ ਸੰਚਾਰ ਕੀਤਾ। ਕਿੰਤੂ ਇਸ ਅੰਦੋਲਨ ਨੇ ਆਰਥਿਕ ਸੰਰਚਨਾ ਵਿਚ ਕੋਈ ਪਰਿਵਰਤਨ ਨਹੀਂ ਕੀਤਾ। ਸੋ ਇਸਤ੍ਰੀਆਂ ਦੀ ਨੀਵੀਂ ਸਥਿਤੀ ਬਣੀ ਰਹੀ। ਬਾਅਦ ਵਿਚ ਬ੍ਰਿਟਿਸ਼ ਸ਼ਾਸਨ ਦੇ ਪ੍ਰਭਾਵ ਦੇ ਕਾਰਣ ਉਨ੍ਹਾਂ ਦੀ ਸਥਿਤੀ ਵਿਚ ਸੁਧਾਰ ਹੋਇਆ।

## 9.2 ਮਹਿਲਾਵਾਂ ਦੇ ਵਿਰੁੱਧ ਹਿੰਸਾ (Violence against Women)

ਅੱਜ-ਕੱਲ੍ਹ ਸ਼ਾਇਦ ਹੀ ਕੋਈ ਵਿਸ਼ੇ ਸਮਾਜਿਕ ਵਿਗਿਆਨਾਂ ਵਿਚ ਸ਼ੋਧਕਰਤਾਵਾਂ, ਕੇਂਦਰੀ ਅਤੇ ਰਾਜ ਸਰਕਾਰਾਂ, ਯੋਜਨਾ ਦਲਾਂ ਅਤੇ ਸੁਧਾਰਕਾਂ ਦਾ ਧਿਆਨ ਇੰਨਾਂ ਆਕ੍ਰਿਸ਼ਠ ਕਰਨਾ ਹੋਵੇ ਜਿੰਨਾ ਕਿ ਮਹਿਲਾਵਾਂ ਦੀ ਸਮੱਸਿਆਵਾਂ। ਮਹਿਲਾਵਾਂ ਦੀ ਸਮੱਸਿਆਵਾਂ ਦੇ ਅਧਿਐਨ ਦੇ ਉਪਾਗਮ ਜ਼ਰਾ-ਵਿਗਿਆਨ (Gerntology) (ਬੁੱਢਾਪਾ ਹੋਣ ਦੀ ਪ੍ਰਕ੍ਰਿਆਵਾਂ ਦਾ ਅਧਿਐਨ) ਦੇ ਅਧਿਐਨ ਤੋਂ ਲੈ ਕੇ ਮਨੋਰੋਗ ਵਿਗਿਆਨ ਅਤੇ ਅਪਰਾਧ ਵਿਗਿਆਨ ਤਕ ਹੁੰਦੇ ਹਨ। ਪਰੰਤੂ ਮਹਿਲਾਵਾਂ ਨਾਲ ਸੰਬੰਧਿਤ ਇਕ ਮਹੱਤਵਪੂਰਣ ਸਮੱਸਿਆ ਜਿਸ ਉੱਤੇ ਧਿਆਨ ਨਹੀਂ ਦਿੱਤਾ ਗਿਆ ਹੈ ਅਤੇ ਜਿਸ ਤੋਂ ਬਚਿਆ ਗਿਆ ਹੈ ਉਹ ਹੈ ਮਹਿਲਾਵਾਂ ਦੇ ਵਿਰੁੱਧ ਹਿੰਸਾ ਦੀ ਸਮੱਸਿਆ।

ਮਹਿਲਾਵਾਂ ਦੇ ਵਿਰੁੱਧ ਹਿੰਸਾ ਦੀ ਸਮੱਸਿਆ ਕੋਈ ਨਵੀਂ ਨਹੀਂ ਹੈ। ਭਾਰਤੀ ਸਮਾਜ ਵਿਚ ਮਹਿਲਾਵਾਂ ਇਕ ਲੰਬੇ ਕਾਲ ਤੋਂ ਅਵਮਾਨਨਾ (Humiliation) ਯਾਤਨਾ ਅਤੇ ਸ਼ੋਸ਼ਣ ਦਾ ਸ਼ਿਕਾਰ ਰਹੀਆਂ ਹਨ, ਜਿੰਨੇ ਕਾਲ ਦੇ ਸਾਡੇ ਕੋਲ ਸਮਾਜਿਕ ਸੰਗਠਨ ਅਤੇ ਪਰਿਵਾਰਿਕ ਜੀਵਨ ਦੇ ਲਿਖਤ ਪ੍ਰਮਾਣ ਉਪਲਬਧ ਹਨ। ਅੱਜ ਮਹਿਲਾਵਾਂ ਨੂੰ ਪੁਰਸ਼ਾਂ ਦੇ ਜੀਵਨ ਵਿਚ ਮਹੱਤਵਪੂਰਨ, ਪ੍ਰਭਾਵਸ਼ਾਲੀ ਅਤੇ ਅਰਥਪੂਰਣ ਸਹਿਯੋਗੀ ਮੰਨਿਆ ਜਾਣ ਲਗਾ ਹੈ; ਪਰੰਤੂ ਕੁਝ ਦਸ਼ਕ ਪਹਿਲੇ ਤਕ ਉਨ੍ਹਾਂ ਦੀ ਸਥਿਤੀ ਦੀਨਾਂ ਵਾਲੀ ਸੀ। ਵਿਚਾਰਧਾਰਾਵਾਂ, ਸੰਸਥਾਗਤ ਰਿਵਾਜਾਂ, ਅਤੇ ਸਮਾਜ ਵਿਚ ਪ੍ਰਚਲਿਤ ਪ੍ਰਤਿਮਾਵਾਂ ਨੇ ਉਨ੍ਹਾਂ ਦੇ ਉਤਪੀੜਣ ਵਿਚ ਕਾਫੀ ਯੋਗਦਾਨ ਦਿੱਤਾ ਹੈ। ਇਨ੍ਹਾਂ ਵਿਚ ਕੁਝ ਵਿਹਾਰਕ ਰਿਵਾਜ ਅੱਜ ਵੀ ਪਣਪ ਰਹੇ ਹਨ। ਸਵਾਧੀਨਤਾ ਦੇ ਬਾਅਦ ਸਾਡੇ ਸਮਾਜ ਵਿਚ ਮਹਿਲਾਵਾਂ ਦੇ ਸਮਰਥਨ ਵਿਚ ਬਣਾਏ ਗਏ ਕਾਨੂੰਨਾਂ, ਮਹਿਲਾਵਾਂ ਵਿਚ ਸਿਖਿਆ ਦੇ ਫੈਲਾਅ ਅਤੇ ਮਹਿਲਾਵਾਂ ਦੀ ਹੋਲੀ-ਹੋਲੀ ਵਧਦੀ ਹੋਈ ਆਰਥਿਕ ਸੁਤੰਤਰਤਾ ਦੇ ਬਾਵਜੂਦ ਅਸੰਖ ਮਹਿਲਾਵਾਂ ਹੁਣ ਵੀ ਹਿੰਸਾ ਦੀ ਸ਼ਿਕਾਰ ਹਨ। ਉਨ੍ਹਾਂ ਨੂੰ ਮਾਰਿਆ ਜਾਂਦਾ ਹੈ, ਉਨ੍ਹਾਂ ਦਾ ਅਪਹਰਨ ਕੀਤਾ ਜਾਂਦਾ ਹੈ, ਉਨ੍ਹਾਂ ਨਾਲ ਬਲਾਤਕਾਰ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਜਲਾ ਦਿੱਤਾ ਜਾਂਦਾ ਹੈ ਜਾਂ ਉਨ੍ਹਾਂ

ਦੀ ਹੱਤਿਆ ਕਰ ਦਿੱਤੀ ਜਾਂਦੀ ਹੈ। ਉਹ ਕਿਹੜੀਆਂ ਮਹਿਲਾਵਾਂ ਹਨ ਜਿਨ੍ਹਾਂ ਨੂੰ ਉਤਪੀੜਤ ਕੀਤਾ ਜਾਂਦਾ ਹੈ? ਉਨ੍ਹਾਂ ਨੂੰ ਉਤਪੀੜਤ ਕਰਨ ਵਾਲੇ ਅਤੇ ਹਿੰਸਾ ਦੇ ਅਪਰਾਧ ਕਰਤਾ ਕੌਣ ਲੋਕ ਹਨ? ਮਹਿਲਾਵਾਂ ਦੇ ਵਿਰੁੱਧ ਹਿੰਸਾ ਦੇ ਮੂਲ ਕਾਰਣ ਕੀ ਹਨ? ਕੁਝ ਵਿਦਵਾਨਾਂ ਨੇ, ਜਿਨ੍ਹਾਂ ਨੇ ਪੱਛਮੀ ਸਮਾਜ ਵਿਚ ਇਨ੍ਹਾਂ ਪਹਿਲੂਆਂ ਦਾ ਅਧਿਐਨ ਕੀਤਾ ਹੈ, ਵਿਕਾਸ ਸਮੱਸਿਆ ਦੀ ਵਿਆਖਿਆ ਦੇ ਲਈ 'ਵਿਅਕਤੀਤਵ' ਉਪਾਗਮ ਅਤੇ 'ਪਰਿਸਥਿਤੀ' ਉਪਾਗਮ ਦਾ ਉਪਯੋਗ ਕੀਤਾ ਹੈ। ਪਰੰਤੂ ਇਨ੍ਹਾਂ ਦੋਵਾਂ ਉਪਾਗਮਾਂ ਦੇ ਕਈ ਬਿੰਦੂਆਂ ਨੂੰ ਲੈ ਕੇ ਉਨ੍ਹਾਂ ਦੀ ਆਲੋਚਨਾ ਹੋਈ ਹੈ।

### 9.2.1 ਮਹਿਲਾਵਾਂ ਦੇ ਵਿਰੁੱਧ ਹਿੰਸਾ ਦੀ ਪ੍ਰਕਿਰਤੀ, ਵਿਸਤਾਰ ਅਤੇ ਵਿਸ਼ੇਸ਼ਤਾਵਾਂ

ਮਹਿਲਾਵਾਂ ਦੇ ਵਿਰੁੱਧ ਹਿੰਸਾ ਦਾ ਵਰਗੀਕਰਨ ਇਸ ਪ੍ਰਕਾਰ ਹੋ ਸਕਦਾ ਹੈ—

1. ਅਪਰਾਧਿਕ ਹਿੰਸਾ ਜਿਵੇਂ ਬਲਾਤਕਾਰ, ਅਪਹਰਨ, ਹੱਤਿਆ।
2. ਘਰੇਲੂ ਹਿੰਸਾ ਜਿਵੇਂ ਦਹੇਜ ਸੰਬੰਧੀ ਮ੍ਰਿਤੂ, ਪਤਨੀ ਨੂੰ ਕੁੱਟਣਾ, ਲੈਂਗਿਕ ਦੁਰਵਿਹਾਰ, ਵਿਧਵਾਵਾਂ ਅਤੇ/ਜਾਂ ਬਜ਼ੁਰਗ ਮਹਿਲਾਵਾਂ ਦੇ ਨਾਲ ਦੁਰਵਿਹਾਰ।
3. ਸਮਾਜਿਕ ਹਿੰਸਾ ਜਿਵੇਂ ਪਤਨੀ/ਨੂੰਹ ਨੂੰ ਮਾਦਾ ਭਰੂਣ (Female Foeticide) ਦੀ ਹੱਤਿਆ ਦੇ ਲਈ ਮਜਬੂਰ ਕਰਨਾ, ਮਹਿਲਾਵਾਂ ਨਾਲ ਛੇੜ-ਛਾੜ, ਸੰਪਤੀ ਵਿਚ ਮਹਿਲਾਵਾਂ ਨੂੰ ਹਿੱਸਾ ਦੇਣ ਤੋਂ ਇਨਕਾਰ ਕਰਨਾ, ਛੋਟੀ ਉਮਰ ਦੀ ਵਿਧਵਾ ਨੂੰ ਸਤੀ ਹੋਣ ਦੇ ਲਈ ਮਜਬੂਰ ਕਰਾ, ਨੂੰਹ ਨੂੰ ਹੋਰ ਜ਼ਿਆਦਾ ਦਾਜ ਲਿਆਉਣ ਦੇ ਲਈ ਸਤਾਉਣਾ।

ਇਥੇ ਵਿਸ਼ਲੇਸ਼ਣ ਨੂੰ ਪਹਿਲੇ ਦੋ ਪ੍ਰਕਾਰ ਦੀ ਹਿੰਸਾ ਉੱਤੇ ਕੇਂਦਰੀ ਭੂਤ ਕੀਤਾ ਗਿਆ ਹੈ ਅਤੇ ਇਸ ਵਿਚ ਮੈਂ ਆਪਣੇ "ਮਹਿਲਾਵਾਂ ਦੇ ਵਿਰੁੱਧ ਅਪਰਾਧ" ਉੱਤੇ ਰਾਜਸਥਾਨ ਵਿਚ 1982-84 ਵਿਚ ਕੀਤੇ ਗਏ ਆਨੁਭਾਵਿਕ ਅਧਿਐਨ ਦੇ ਆਂਕੜਿਆਂ ਦਾ ਉਪਯੋਗ ਕੀਤਾ ਹੈ। ਭਾਰਤ ਸਰਕਾਰ ਦੇ ਆਂਕੜਿਆਂ ਅਨੁਸਾਰ 1996-98 ਦੇ ਵਿਚ ਮਹਿਲਾਵਾਂ ਦੇ ਵਿਰੁੱਧ ਅਪਰਾਧਾਂ ਵਿਚ 12% ਵਾਧਾ ਮਿਲਦਾ ਹੈ। ਸਭ ਤੋਂ ਜ਼ਿਆਦਾ ਅਪਰਾਧ (1998) ਵਿਚ ਯਾਤਨਾ ਦੇ (31.5%), ਅਤੇ ਉਸਦੇ ਬਾਅਦ ਛੇੜਛਾੜ (Molestation) (23.6%), ਅਪਹਰਨ (12.5%), ਬਲਾਤਕਾਰ (11.4%), ਸਰੀਰ ਵਪਾਰ (Immoral traffic) (6.6%), ਦਾਜ ਮ੍ਰਿਤੂ (5.3%), ਯੌਨ ਸੰਬੰਧੀ ਉਤਪੀੜਨ (6.2%), ਦਾਜ ਕਾਨੂੰਨ (2.6%), ਲੜਕੀਆਂ ਦਾ ਆਯਾਤਨ (0.1%) ਮਿਲਦੇ ਹਨ (ਕ੍ਰਾਈਮ ਇਨ ਇੰਡੀਆ, 1998-156)। ਦਾਜ ਨਾਲ ਸੰਬੰਧਿਤ ਹੱਤਿਆਵਾਂ ਵਿਚ 1988 ਅਤੇ 1998 ਦੇ ਸਮੇਂ ਵਿਚ 50% ਦਾ ਵਾਧਾ ਮਿਲਦਾ ਹੈ। ਮੋਟੇ ਰੂਪ ਵਿਚ ਹਰ 33 ਮਿੰਟ ਵਿਚ ਮਹਿਲਾ ਦੇ ਵਿਰੁਧ ਇਕ ਅੱਤਿਆਚਾਰ ਦਾ ਕੇਸ ਮਿਲਦਾ ਹੈ। ਕੁਝ ਮਹਿਲਾਵਾਂ ਦੇ ਵਿਰੁੱਧ ਅਪਰਾਧ ਵਿਚੋਂ (1998 ਤੋਂ 1,31,338) ਅੱਧੇ ਤੋਂ ਕੁਝ ਜ਼ਿਆਦਾ ਅਪਰਾਧ (54.1) ਸਿਰਫ਼ ਪੰਜ ਰਾਜਾਂ ਵਿਚ (ਮੱਧ ਪ੍ਰਦੇਸ਼ 12.1%, ਉੱਤਰ ਪ੍ਰਦੇਸ਼ 13.3%, ਮਹਾਰਾਸ਼ਟਰ 10.9%, ਆਂਧਰਾ ਪ੍ਰਦੇਸ਼ 8.5, ਅਤੇ ਰਾਜਸਥਾਨ 9.35%) ਮਿਲਦਾ ਹੈ ਅਤੇ ਬਾਕੀ 45.9% ਅਪਰਾਧ 20 ਰਾਜਾਂ ਅਤੇ ਕੇਂਦਰ ਸ਼ਾਸਿਤ ਖੇਤਰਾਂ ਵਿਚ ਮਿਲਦਾ ਹੈ (1998-158)। ਪਰੰਤੂ ਇਹ ਹੈ ਕਿ ਮਾਮਲਿਆਂ ਦੀ ਵਿਭਿੰਨ ਕਾਰਨਾਂ ਤੋਂ ਸ਼ਿਕਾਇਤ ਨਹੀਂ ਹੁੰਦੀ ਹੈ ਅਤੇ ਉਨ੍ਹਾਂ ਦਰਜ ਨਹੀਂ ਕੀਤਾ ਜਾਂਦਾ ਹੈ। ਘਰੇਲੂ ਹਿੰਸਾ ਦੇ ਮਾਮਲੇ, ਜਿਵੇਂ ਪਤਨੀ ਨੂੰ ਕੁੱਟਣਾ ਅਤੇ ਪਰਿਵਾਰ ਦੀ ਇਸਤ੍ਰੀਆਂ ਦੇ ਨਾਲ ਕੀਤਾ ਗਿਆ ਕੌਟੁੰਬਿਕ ਵਿਅਭੀਚਾਰ (ਰਗਫਕਦ ਜਅਫਕਤਵ) ਦੀ ਕਦੀ ਸ਼ਿਕਾਇਤ ਨਹੀਂ ਕੀਤੀ ਜਾਂਦੀ। ਪਰੰਤੂ ਸੰਕਲਿਤ ਮਾਮਲਿਆਂ ਨੂੰ ਦੇਖਣ ਨਾਲ ਸਾਨੂੰ ਮਹਿਲਾਵਾਂ ਦੇ ਵਿਰੁੱਧ ਹਿੰਸਾ ਦੀ ਪ੍ਰਕ੍ਰਿਤੀ ਅਤੇ ਵਿਸਤਾਰ ਦੇ ਬਾਰੇ ਵਿਚ ਕੁਝ ਅੰਦਾਜ਼ਾ ਹੋ ਸਕਦਾ ਹੈ। ਅਸੀਂ ਛੇ ਵਿਅਕਤੀਗਤ ਮਾਮਲਿਆਂ ਦੇ ਵਿਸਤਾਰ ਅਤੇ ਲਕਸ਼ਣਾਂ ਦਾ ਥੱਲੇ ਵਿਸ਼ਲੇਸ਼ਣ ਕਰਾਂਗੇ—

1. **ਬਲਾਤਕਾਰ (Rape)—**ਭਾਵੇਂ ਬਲਾਤਕਾਰ ਦੀ ਸਮੱਸਿਆ ਸਾਰੇ ਦੇਸ਼ਾਂ ਵਿਚ ਗੰਭੀਰ ਮੰਨੀ ਜਾਂਦੀ ਹੈ ਫਿਰ ਵੀ ਸਾਂਖਿਅਕੀ ਰੂਪ ਵਿਚ ਭਾਰਤ ਵਿਚ ਇਹ ਪੱਛਮੀ ਸਮਾਜ ਦੀ ਤੁਲਨਾ ਵਿਚ ਇੰਨੀ ਗੰਭੀਰ ਨਹੀਂ ਹੈ। ਉਦਾਹਰਣ ਲਈ, ਅਮਰਿਕਾ ਵਿਚ ਬਲਾਤਕਾਰ ਦੇ ਅਪਰਾਧਾਂ ਦੀ ਹਰ ਸਾਲ ਦੀ ਦਰ ਲਗਭਗ 26 ਹੈ, ਕਨੇਡਾ ਵਿਚ ਇਹ ਲਗਭਗ 8 ਅਤੇ ਇੰਗਲੈਂਡ ਵਿਚ ਇਹ ਇਕ ਲੱਖ ਜਨ ਸੰਖਿਆ ਉੱਤੇ ਲਗਭਗ 5.5 ਹੈ। ਇਸਦੀ ਤੁਲਨਾ ਵਿਚ ਭਾਰਤ ਵਿਚ ਇਸਦੀ ਦਰ 0.5 ਪ੍ਰਤੀ ਇਕ ਲੱਖ ਜਨਸੰਖਿਆ ਹੈ। ਸਾਡੇ ਦੇਸ਼ ਵਿਚ 1996 ਅਤੇ 1998 ਦੇ ਵਿਚ ਹੋਏ ਬਲਾਤਕਾਰ ਦੇ ਮਾਮਲਿਆਂ ਦੀ ਸੰਖਿਆ ਨੂੰ ਧਿਆਨ ਵਿਚ ਰਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਹਰੇਕ ਚਾਰ ਘੰਟਿਆਂ ਵਿਚ ਸੱਤ ਬਲਾਤਕਾਰ ਹੁੰਦੇ ਹਨ, ਜਾਂ ਹਰ ਸਾਲ 15,000 ਮਾਮਲੇ ਹੁੰਦੇ ਹਨ। ਕੇਂਦਰੀ ਸਰਕਾਰ ਦੁਆਰਾ "ਮਹਿਲਾਵਾਂ ਦੇ ਵਿਰੁਧ ਅਪਰਾਧ" ਉੱਤੇ ਪ੍ਰਸਤੁਤ ਕੀਤੀ ਗਈ ਇਕ ਰਿਪੋਰਟ ਦੇ ਅਨੁਸਾਰ ਭਾਰਤ ਵਿਚ ਹਰੇਕ 40 ਮਿੰਟ ਵਿਚ ਇਕ ਮਹਿਲਾ ਦਾ ਬਲਾਤਕਾਰ ਹੁੰਦਾ ਹੈ। ਇਸਦਾ ਅਰਥ ਹੋਇਆ ਕਿ ਇਕ ਮਹੀਨੇ ਵਿਚ 1,275 ਅਤੇ ਇਕ ਸਾਲ ਵਿਚ 15,300 ਬਲਾਤਕਾਰ ਹੁੰਦੇ ਹਨ।

   ਉਮਰ ਦੇ ਹਿਸਾਬ ਤੋਂ ਬਲਾਤਕਾਰ ਦੇ ਸ਼ਿਕਾਰ ਦੀ ਪ੍ਰਤੀਸ਼ਤਤਾ 16 ਤੋਂ 30 ਸਾਲ ਦੇ ਉਮਰ-ਸਮੂਹ ਵਿਚ ਸਭ ਤੋਂ ਜ਼ਿਆਦਾ ਹੈ (56%), ਜਦਕਿ 10 ਸਾਲ ਤੋਂ ਘਟ ਉਮਰ ਦੇ ਸ਼ਿਕਾਰ ਲਗਭਗ 4.2% ਹਨ, 10 ਅਤੇ 16 ਸਾਲ ਦੇ ਵਿੱਚ ਉਮਰ ਦੇ ਸ਼ਿਕਾਰ ਲਗਭਗ 22.8% ਹਨ, ਤੀਹ ਸਾਲ ਤੋਂ ਉਪਰ ਦੇ ਸ਼ਿਕਾਰ 20 ਹਨ। ਗਰੀਬ ਲੜਕੀਆਂ ਹੀ ਇਕੱਲੀਆਂ ਬਲਾਤਕਾਰ ਦਾ ਸ਼ਿਕਾਰ ਨਹੀਂ ਹੁੰਦੀਆਂ, ਸਗੋਂ ਮਧਿਅਮ ਵਰਗ ਦੇ ਕਰਮਚਾਰੀਆਂ ਦੇ ਨਾਲ ਵੀ ਮਾਲਕਾਂ ਦੁਆਰਾ ਲੈਂਗਿਕ

ਨੋਟ

ਅਪਮਾਨ ਕੀਤਾ ਜਾਂਦਾ ਹੈ। ਜੇਲ੍ਹ ਵਿਚ ਕੈਦ ਮਹਿਲਾਵਾਂ ਦੇ ਨਾਲ ਅਧੀਕਸ਼ਕਾਂ ਦੁਆਰਾ ਬਲਾਤਕਾਰ ਕੀਤਾ ਜਾਂਦਾ ਹੈ, ਅਪਰਾਧ ਸੰਦਿਗਧ ਮਹਿਲਾਵਾਂ ਦੇ ਨਾਲ ਪੁਲਿਸ ਅਧਿਕਾਰੀਆਂ ਦੁਆਰਾ, ਮਹਿਲਾ ਮਰੀਜ਼ਾਂ ਦੇ ਨਾਲ ਹਸਪਤਾਲ ਦੇ ਕਰਮਚਾਰੀਆਂ ਦੁਆਰਾ, ਅਤੇ ਦਿਹਾੜੀ ਤੇ ਕੰਮ ਕਰਨ ਵਾਲੀਆਂ ਮਹਿਲਾਵਾਂ ਨਾਲ ਠੇਕੇਦਾਰਾਂ ਅਤੇ ਵਿਚੌਲੀਏ ਦੁਆਰਾ। ਇਥੋਂ ਤਕ ਕਿ ਗੂੰਗੀ ਤੇ ਬੋਲੀ, ਪਾਗਲ ਅਤੇ ਅੰਨ੍ਹੀ ਅਤੇ ਭਿਖਾਰਣਾਂ ਨੂੰ ਵੀ ਨਹੀਂ ਛੱਡਿਆ ਜਾਂਦਾ। ਨੀਵੀਂ ਮਧਿਅਮ ਸ਼੍ਰੇਣੀ ਤੋਂ ਆਈਆਂ ਹੋਈਆਂ ਮਹਿਲਾਵਾਂ ਜੋ ਕਿ ਆਪਣੇ ਪਰਿਵਾਰ ਦ ਸੁਖ ਰੂਪ ਦੇ ਭਰਨ ਪੋਸ਼ਣ ਕਰਦੀਆਂ ਹਨ, ਲੈਂਗਿਕ ਦੁਰਵਿਹਾਰ ਨੂੰ ਖ਼ਾਮੋਸ਼ੀ ਨਾਲ ਅਤੇ ਬਿਨਾ ਵਿਰੋਧ ਕੀਤੇ ਸਹਿਣ ਕਰਦੀਆਂ ਰਹਿੰਦੀਆਂ ਹਨ। ਜੇਕਰ ਉਹ ਵਿਰੋਧ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਸਮਾਜਿਕ ਕਲੰਕ ਅਤੇ ਅਪਮਾਨ ਦਾ ਸਾਹਮਣਾ ਕਰਨਾ ਪੈਂਦਾ ਹੈ ਇਸ ਤੋਂ ਅਲਾਵਾ ਉਨ੍ਹਾਂ ਨੂੰ ਪਾਪ ਦੀ ਪੀੜਾ ਅਤੇ ਵਿਅਕਤੀਤਵ ਦੇ ਰੋਗ ਭਿਅੰਕਰ ਰੂਪ ਨਾਲ ਸਤਾਉਂਦੇ ਹਨ।

ਬਲਾਤਕਾਰ ਦੀ ਸ਼ਿਕਾਰ 42 ਮਹਿਲਾਵਾਂ ਦੇ ਮੇਰੇ ਅਨੁਭਾਵੀ ਅਧਿਐਨ ਨੇ ਮਹਿਲਾਵਾਂ ਦੇ ਵਿਰੁੱਧ ਕੀਤੇ ਗਏ ਅਪਰਾਧਾਂ ਦੀਆਂ ਹੇਠ ਲਿਖੀਆਂ ਮਹੱਤਵਪੂਰਣ ਵਿਸ਼ੇਸ਼ਤਾਵਾਂ ਨੂੰ ਉਦਘਾਟਿਤ ਕੀਤਾ ਹੈ—(1) ਬਲਾਤਕਾਰ ਸਦੈਵ ਪੂਰਣਤਾ ਅਪਰਿਚਿਤ ਵਿਅਕਤੀਆਂ ਵਿਚ ਨਹੀਂ ਹੁੰਦੇ; (2) ਹਰੇਕ ਦਸ ਵਿਚੋਂ ਨੌਂ ਬਲਾਤਕਾਰ ਪਰਿਸਥਿਤੀਆਂ ਨਾਲ ਸੰਬੰਧਿਤ ਹੁੰਦੇ ਹਨ; (3) ਲਗਭਗ ਤਿੰਨ-ਪੰਚਮ ਬਲਾਤਕਾਰ (58.0%) ਏਕਲ ਬਲਾਤਕਾਰ ਹੁੰਦੇ ਹਨ (ਜਿਨ੍ਹਾਂ ਵਿਚ ਇਕ ਹੀ ਅਪਰਾਧੀ ਹੁੰਦਾ ਹੈ), ਇਕ-ਪੰਚਮ (21.0%) ਦੋ ਬਲਾਤਕਾਰ ਹੁੰਦੇ (ਯਾਨੀ ਮਹਿਲਾ ਦੇ ਨਾਲ ਦੋ ਆਦਮੀ ਬਲਾਤਕਾਰ ਕਰਦੇ ਹਨ), ਅਤੇ ਇਕ-ਪੰਚਮ (21.0%) ਸਮੂਹਕ ਬਲਾਤਕਾਰ ਹੁੰਦੇ ਹਨ। (4) ਹਰੇਕ 10 ਬਲਾਤਕਾਰਾਂ ਵਿਚ ਨੌਂ ਵਿਚੋਂ ਕਿਸੀ ਪ੍ਰਕਾਰ ਦੀ ਸਰਕਾਰੀ ਹਿੰਸਾ ਜਾਂ ਪਰਤਾ ਨਹੀਂ ਹੁੰਦੀ, ਯਾਨੀ ਅਨੇਕ ਮਾਮਲਿਆਂ ਵਿਚ ਮਹਿਲਾ ਨੂੰ ਵਸ਼ ਵਿਚ ਕਰਨ ਦੇ ਲਈ ਲਾਲਚ ਅਤੇ/ਜਾਂ ਜ਼ਿਆਦਾ ਦਬਾਅ ਕੰਮ ਵਿਚ ਲਏ ਜਾਂਦੇ ਹਨ; (5) ਤਿੰਨ-ਚੌਥਾਈ ਤੋਂ ਘਟ ਬਲਾਤਕਾਰ (70.0%) ਉਤਪੀੜਤ ਕਰਨ ਵਾਲਿਆਂ ਦੇ ਘਰਾਂ ਵਿਚ ਹੁੰਦੇ ਹਨ ਅਤੇ ਲਗਭਗ ਇਕ-ਚੌਥਾਈ (25.0%) ਗੈਰ-ਰਿਹਾਇਸ਼ੀ ਭਵਨਾਂ ਵਿਚ ਹੁੰਦੇ ਹਨ; ਅਤੇ (6) ਉਤਪੀੜਤਾਂ ਦੀ ਸਭ ਤੋਂ ਉੱਚੀ ਦਰ 15-20 ਸਾਲਾਂ ਦੇ ਉਮਰ-ਸਮੂਹ ਵਿਚ ਹੁੰਦੀ ਹੈ, ਜਦ ਕਿ ਜ਼ਿਆਦਾਤਰ ਅਪਰਾਧੀ 20-30 ਦੇ ਉਮਰ ਸਮੂਹ ਦੇ ਹੁੰਦੇ ਹਨ। ਇਸ ਪ੍ਰਕਾਰ ਸ਼ਿਕਾਰ ਚੁਣਨ ਵਿਚ ਯੁਵਾਵਸਥਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ।

**ਭਜਾ ਲੈ ਜਾਣਾ ਅਤੇ ਅਪਹਰਣ (Abduction and Kidnapping)—**ਇਕ ਨਾਬਾਲਿਗ (18 ਸਾਲ ਤੋਂ ਘੱਟ ਲੜਕੀ ਅਤੇ 16 ਸਾਲ ਤੋਂ ਘੱਟ ਉਮਰ ਦਾ ਲੜਕਾ) ਨੂੰ ਉਸਦੇ ਕਾਨੂੰਨੀ ਅਭਿਭਾਵਕ ਦੀ ਸਹਿਮਤੀ ਦੇ ਬਿਨਾਂ ਲੈ ਜਾਣਾ ਜਾਂ ਫੁਸਲਾਉਣ ਨੂੰ 'ਅਪਹਰਣ' ਕਹਿੰਦੇ ਹਨ। 'ਭਜਾ ਲੈ ਜਾਣਾ' ਦਾ ਅਰਥ ਹੈ ਕਿ ਇਕ ਮਹਿਲਾ ਨੂੰ ਇਸ ਉਦੇਸ਼ ਤੋਂ ਜਬਰਦਸਤੀ, ਕਪਟ ਪੂਰਵਕ ਜਾਂ ਧੋਖੇਬਾਜ਼ੀ ਨਾਲ ਲੈ ਜਾਣਾ ਕਿ ਉਸ ਨੂੰ ਬਹਿਕਾ ਕੇ ਉਸਦੇ ਨਾਲ ਅਵੈਧ ਸੰਬੰਧ ਸਥਾਪਤ ਕੀਤਾ ਜਾਵੇ ਜਾਂ ਉਸਦੀ ਇੱਛਾ ਦੇ ਵਿਰੁੱਧ ਉਸਨੂੰ ਕਿਸੇ ਵਿਅਕਤੀ ਦੇ ਨਾਲ ਵਿਆਹ ਕਰਨ ਨੂੰ ਮਜਬੂਰ ਕੀਤਾ ਜਾਵੇ । ਅਪਹਰਣ ਵਿਚ ਉਤਪੀੜਕ ਦੀ ਸਹਿਮਤੀ ਮਹੱਤਵਹੀਣ ਹੁੰਦੀ ਹੈ, ਪਰੰਤੂ ਭਜਾ ਕੇ ਲੈ ਜਾਣ ਵਿਚ ਉਤਪੀੜਕ ਦੀ ਸਵੈਛਿਕ ਸਹਿਮਤੀ ਅਪਰਾਧ ਨੂੰ ਮਾਫ਼ ਕਰਵਾ ਦਿੰਦੀ ਹੈ।

ਛੇ ਸਾਲ (1992 ਤੋਂ 1998) ਦਾ ਔਸਤ ਲੈ ਕੇ ਇਹ ਕਿਹਾ ਜਾ ਸਕਦਾ ਹੈ ਕਿ ਸਾਡੇ ਦੇਸ਼ ਵਿਚ ਇਕ ਦਿਨ ਵਿਚ ਲਗਭਗ 42 ਲੜਕੀਆਂ/ਇਸਤ੍ਰੀਆਂ ਦਾ ਅਪਹਰਨ ਕੀਤਾ ਜਾਂਦਾ ਹੈ ਜਾਂ ਉਨ੍ਹਾਂ ਨੂੰ ਭਜਾ ਕੇ ਲੈ ਜਾਇਆ ਜਾਂਦਾ ਹੈ ਜਾਂ ਲਗਭਗ 15,000 ਮਹਿਲਾਵਾਂ ਨੂੰ ਇਕ ਸਾਲ ਵਿਚ ਭਜਾਇਆ ਜਾਂਦਾ ਹੈ। ਭਾਰਤ ਵਿਚ ਭਜਾ ਕੇ ਲੈ ਜਾਣ ਦੀ ਮਾਤਰਾ ਹਰੇਕ ਇਕ ਲੱਖ ਜਨਸੰਖਿਆ ਉੱਤੇ 2.0 ਹੈ। ਭਾਰਤ ਸਰਕਾਰ ਦੀ ਤਾਜ਼ੀ ਰਿਪੋਰਟ (1998) ਦੇ ਅਨੁਸਾਰ ਹਰੇਕ 33 ਮਿੰਟ ਵਿਚ ਇਕ ਮਹਿਲਾ ਦਾ ਅਪਹਰਣ ਹੁੰਦਾ ਹੈ। ਅਤੇ ਇਕ ਦਿਨ ਵਿਚ 43, ਇਕ ਸਾਲ ਵਿਚ 15,617 ਕੇਸ ਹੁੰਦੇ ਹਨ। ਹਰ ਸਾਲ ਭਜਾਏ ਜਾਣ ਵਾਲਿਆਂ/ਅਪਹਰਣ ਕੀਤੇ ਜਾਣ ਵਾਲਿਆਂ ਦੀ ਕੁਲ ਸੰਖਿਆ ਦੀ 86.5 ਪ੍ਰਤੀਸ਼ਤ ਮਹਿਲਾਵਾਂ ਅਤੇ 13.5% ਪੁਰਸ਼ ਹੁੰਦੇ ਹਨ। ਇਸਦੇ ਅਲਾਵਾ ਹਰ ਸਾਲ ਅਪਹਰਣ ਕਰਨ/ਭਜਾ ਕੇ ਲੈ ਜਾਣ ਵਾਲੇ ਕੁਲ ਵਿਅਕਤੀਆਂ ਦੀ ਸੰਖਿਆ (30,520) ਵਿਚੋਂ 94.6% ਪੁਰਸ਼ ਅਤੇ 5.4% ਮਹਿਲਾਵਾਂ ਹੁੰਦੀਆਂ ਹਨ; 59.7% 18 ਅਤੇ 30 ਸਾਲ ਦੇ ਵਿਚ ਦੀ ਉਮਰ ਦੇ ਹੁੰਦੇ ਹਨ, 34.2% 30 ਅਤੇ 50 ਸਾਲ ਦੇ ਵਿਚ, 1.6% 18 ਸਾਲ ਤੋਂ ਘਟ ਅਤੇ 45% 50 ਸਾਲ ਤੋਂ ਉਪਰ ਹੁੰਦੇ ਹਨ।

ਅਪਹਰਣ/ਭਜਾ ਲੈ ਜਾਣ ਦੀ ਮਹੱਤਵਪੂਰਣ ਵਿਸ਼ੇਸ਼ਤਾਵਾਂ ਜੋ ਮੇਰੇ 41 ਪ੍ਰਕਰਨਾਂ ਦੇ ਅਧਿਐਨ ਨੇ ਉਦਘਾਟਿਤ ਕੀਤੀਆਂ, ਉਹ ਹਨ—(1) ਅਣਵਿਆਹੀ ਲੜਕੀਆਂ ਦੇ ਭਜਾ ਲੈ ਜਾਣ ਦੇ ਸ਼ਿਕਾਰ ਬਣਨ ਦੀ ਸੰਭਾਵਨਾ ਵਿਆਹੀਆਂ ਇਸਤ੍ਰੀਆਂ ਦੀ ਅਪੇਕਸ਼ਾ ਜ਼ਿਆਦਾ ਹੁੰਦੀ ਹੈ, (2) ਭਜਾ ਕੇ ਲੈ ਜਾਣ ਵਾਲੇ ਤੇ ਉਨ੍ਹਾਂ ਦੇ ਸ਼ਿਕਾਰ ਜ਼ਿਆਦਾਤਰ ਪ੍ਰਕਰਨ ਵਿਚ ਇਕ ਦੂਜੇ ਦੇ ਪਰੀਚਿਤ ਹੁੰਦੇ ਹਨ, (3) ਭਜਾ ਕੇ ਲੈ ਜਾਣ ਵਾਲੇ ਅਤੇ ਉਸਦੇ ਸ਼ਿਕਾਰ ਦਾ ਆਰੰਭਕ ਸੰਪਰਕ ਸਾਰਵਜਨਿਕ ਸਥਾਨਾਂ ਦੇ ਬਜਾਏ ਉਨ੍ਹਾਂ ਦੇ ਘਰਾਂ ਅਤੇ ਪੜੋਸ ਵਿਚ ਹੁੰਦਾ ਹੈ; (4) ਜ਼ਿਆਦਾਤਰ, ਭਜਾ ਕੇ ਲੈ ਜਾਣ ਵਿਚ ਇਕ ਹੀ ਵਿਅਕਤੀ ਲਿਪਤ ਹੁੰਦਾ ਹੈ। ਇਸ ਪ੍ਰਕਾਰ ਅਪਰਾਧੀ ਦੀ ਤਰਫ਼ੋਂ ਧਮਕੀ ਜਾਂ ਉਤਪੀੜਕ ਦੀ ਤਰਫ਼ੋਂ ਵਿਰੋਧ ਭਜਾ ਕੇ ਲੈ ਜਾਣ ਦੇ ਪ੍ਰਕਰਨਾਂ ਵਿਚ ਜ਼ਿਆਦਾ ਆਮ ਨਹੀਂ ਹਨ; (5) ਭਜਾ ਕੇ ਲੈ ਜਾਣ ਦੇ ਦੋ ਸਭ ਤੋਂ ਜ਼ਿਆਦਾ ਮਹੱਤਵਪੂਰਨ

ਨੋਟ

ਉਦੇਸ਼ ਸੰਬੰਧ (ਸੈਕਸ) ਅਤੇ ਵਿਆਹ ਹੁੰਦੇ ਹਨ। ਆਰਥਿਕ ਉਦੇਸ਼ ਤੋਂ ਭਜਾ ਕੇ ਲੈ ਜਾਣ ਵਾਲਿਆਂ ਦੀ ਸੰਖਿਆ ਕੁਲ ਭਜਾ ਕੇ ਲੈ ਜਾਣ ਵਾਲਿਆਂ ਦੀ ਸੰਖਿਆ ਦੀ ਮੁਸ਼ਕਲ ਨਾਲ ਇਕ-ਦਸ਼ਮ ਹੁੰਦੀ ਹੈ। (6) 80 ਪ੍ਰਤੀਸ਼ਤ ਤੋਂ ਜ਼ਿਆਦਾ ਪ੍ਰਕਰਨਾਂ ਵਿਚ ਭਜਾ ਲੈ ਜਾਣ ਦੇ ਬਾਅਦ ਲੈਂਗਿਕ ਹਮਲਾ ਹੁੰਦਾ ਹੈ; ਅਤੇ (7) ਮਾਤਾ ਪਿਤਾ ਦਾ ਨਿਯੰਤ੍ਰਣ ਅਤੇ ਪਰਿਵਾਰ ਵਿਚ ਸਨੇਹ ਪੂਰਨ ਸੰਬੰਧਾਂ ਦਾ ਅਭਾਵ ਭਜਾ ਲੈ ਜਾਣ ਵਾਲੇ ਅਤੇ ਪੀੜਤ ਦੇ ਸੰਪਰਕ ਅਤੇ ਲੜਕੀ ਦੇ (ਪੀੜਤ ਦੇ) ਕਿਸੀ ਪਰੀਚਿਤ ਵਿਅਕਤੀ (ਜਿਸ ਨੂੰ ਬਾਅਦ ਵਿਚ ਦਬਾਅ ਵਿਚ ਆ ਕੇ ਭਜਾ ਲੈ ਜਾਣ ਵਾਲਾ ਕਿਹਾ ਜਾਂਦਾ ਹੈ) ਦੇ ਨਾਲ ਘਰ ਤੋਂ ਭੱਜ ਜਾਣ ਵਿਚ ਨਿਰਣਾਇਕ ਕਾਰਣ ਹੁੰਦੇ ਹਨ।

3. **ਹੱਤਿਆ (Murder)—**ਮਾਨਵ ਹੱਤਿਆ ਵਿਸ਼ੇਸ਼ ਰੂਪ ਤੋਂ ਨਰ-ਅਪਰਾਧ ਹਨ। ਭਾਵੇਂ ਲਿੰਗ ਦੇ ਆਧਾਰ ਉੱਤੇ ਹੱਤਿਆਵਾਂ ਅਤੇ ਉਨ੍ਹਾਂ ਦੇ ਸ਼ਿਕਾਰ/ਪੀੜਤਾਂ ਨਾਲ ਸੰਬੰਧਿਤ ਅਖਿਲ ਭਾਰਤੀ ਆਂਕੜੇ ਉਪਲਬਧ ਨਹੀਂ ਹਨ, ਫਿਰ ਵੀ ਇਹ ਸਰਵਵਿਦਿਤ ਹੈ ਕਿ ਮਨੁੱਖੀ ਹੱਤਿਆ ਦੇ ਮਾਦਾ ਸ਼ਿਕਾਰ ਨਰ ਸ਼ਿਕਾਰਾਂ ਦੀ ਤੁਲਨਾ ਵਿਚ ਘੱਟ ਹਨ। ਜਿਥੇ ਅਮਰੀਕਾ ਵਿਚ ਮਾਦਾ ਸ਼ਿਕਾਰ ਮਨੁੱਖ ਹੱਤਿਆ ਦੇ ਕੁਲ ਸ਼ਿਕਾਰਾਂ ਦੇ 20% ਅਤੇ 25% ਦੇ ਵਿੱਚ ਹਨ। ਹਰ ਸਾਲ 25,000 ਤੋਂ 30,000), ਭਾਰਤ ਵਿਚ ਲਗਭਗ 38,000 ਹੱਤਿਆਵਾਂ ਵਿਚੋਂ ਜੋ ਹਰ ਸਾਲ ਹੁੰਦੀਆਂ ਹਨ, ਮਹਿਲਾਵਾਂ ਦੀਆਂ ਹੱਤਿਆਵਾਂ ਕੁਲ ਸੰਖਿਆ ਦੀ ਲਗਭਗ 10% ਹਨ। ਹੱਤਿਆ ਕਰਨ ਦੇ ਅਪਰਾਧ ਵਿਚ ਕੁਲ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ (81,000) ਵਿਚੋਂ 95.7% ਪੁਰਸ਼ ਹੁੰਦੇ ਹਨ ਅਤੇ 4.3% ਇਸਤ੍ਰੀਆਂ ਹਨ।

ਹਤਿਆਰਿਆਂ (ਇਸਤ੍ਰੀਆਂ ਦੇ) ਅਤੇ ਉਨ੍ਹਾਂ ਦੇ ਸ਼ਿਕਾਰਾਂ ਦੀ ਮਹੱਤਵਪੂਰਨ ਵਿਸ਼ੇਸ਼ਤਾਵਾਂ ਜੋ ਮੇਰੇ 33 ਹੱਤਿਆ ਦੇ ਪ੍ਰਕਰਨਾਂ ਦੇ ਆਨੁਭਾਵਿਕ ਅਧਿਐਨ ਨਾਲ ਮਿਲੀ ਹੈ, ਉਹ ਹੈ—(1) ਜ਼ਿਆਦਾਤਰ ਪ੍ਰਕਰਨਾਂ (94.0%) ਵਿਚ ਹਤਿਆਰੇ ਅਤੇ ਉਨ੍ਹਾਂ ਦੇ ਸ਼ਿਕਾਰ ਇਕ ਹੀ ਪਰਿਵਾਰ ਦੇ ਹੁੰਦੇ ਹਨ; (2) ਲਗਭਗ ਚਾਰ-ਪੰਚਮ ਪ੍ਰਕਰਨਾਂ ਵਿਚ (80.0%) ਹਤਿਆਰੇ 25-40 ਸਾਲਾਂ ਦੇ ਉਮਰ ਸਮੂਹ ਦੇ ਹੁੰਦੇ ਹਨ; (3) ਲਗਭਗ ਅੱਧੀਆਂ ਸ਼ਿਕਾਰ ਔਰਤਾਂ ਹੁੰਦੀਆਂ ਹਨ ਜਿਨ੍ਹਾਂ ਦੇ ਪੁਰਸ਼ ਹਤਿਆਰੇ ਨਾਲ ਪੁਰਾਣੇ ਸੰਬੰਧ (ਪੰਜ ਸਾਲ ਤੋਂ ਜ਼ਿਆਦਾ) ਹੁੰਦੇ ਹਨ। ਪੀੜਤਾਂ ਆਪਣੇ ਜਾਤੀਆਂ/ਸੱਸ ਸਹੁਰਾ ਦੇ ਨਾਲ ਬਿਤਾਈ ਗਈ ਔਸਤ ਸਮਾਂ 7.5 ਸਾਲ ਪਾਈ ਗਈ; (4) ਹੱਤਿਆ ਕੀਤੀ ਗਈ ਮਹਿਲਾਵਾਂ ਵਿਚੋਂ ਲਗਭਗ ਅੱਧੀ ਬੱਚਿਆਂ ਵਾਲੀਆਂ ਸਨ। ਬੱਚਿਆਂ (ਪੀੜਤਾਂ ਦੇ) ਦੀ ਔਸਤ ਸੰਖਿਆ ਆਨੁਭਾਵਿਕ ਅਧਿਐਨ ਵਿਚ 3.2 ਸੀ ਅਤੇ ਬੱਚਿਆਂ ਦੀ ਔਸਤ ਉਮਰ 14.8 ਸੀ; (5) ਹਤਿਆਰੇ ਅਧਿਕਾਂਸ਼ ਨੀਵੀਂ ਪਰਿਸਥਿਤੀ ਕਿੱਤੇ ਅਤੇ ਨੀਵੇਂ ਆਮਦਨ ਸਮੂਹਾਂ ਵਿਚੋਂ ਸਨ; (6) ਦੋ-ਤਿਹਾਈ ਹੱਤਿਆਵਾਂ (66.0%) ਅਨਿਯੋਜਿਤ ਸਨ ਅਤੇ ਕ੍ਰੋਧ ਤੇ ਉਤੇਜਿਤ ਭਾਵਾਵੇਸ਼ ਵਿਚ ਕੀਤੀਆਂ ਗਈਆਂ ਸਨ; (7) ਚਾਰ-ਪੰਚਮ ਹੱਤਿਆਵਾਂ (80.0%) ਬਿਨਾਂ ਕਿਸੀ ਦੀ ਸਹਾਇਤਾ ਦੇ ਕੀਤੀਆਂ ਗਈਆਂ ਸਨ, ਨਿਯੋਜਿਤ ਹੱਤਿਆਵਾਂ ਵਿਚ ਵੀ ਮਹਾਅਪਰਾਧੀ ਪਰਿਵਾਰ ਦੇ ਮੈਂਬਰ ਹੁੰਦੇ ਹਨ; (8) ਮਹਿਲਾਵਾਂ ਦੀ ਹੱਤਿਆ ਦੇ ਪ੍ਰਮੁੱਖ ਕਾਰਣ ਛੋਟੇ-ਛੋਟੇ ਘਰੇਲੂ ਝਗੜੇ, ਅਵੈਧ ਸੰਬੰਧ ਅਤੇ ਇਸਤ੍ਰੀਆਂ ਦੀ ਲੰਬੀ ਬਿਮਾਰੀ ਹੁੰਦੇ ਹਨ।

4. **ਦਾਜ ਨਾਲ ਸੰਬੰਧਿਤ ਹੱਤਿਆਵਾਂ (Dowry Deaths)—**ਭਾਵੇਂ ਦਾਸ ਨਿਸ਼ੇਧ ਆਗਿਆ ਕਾਨੂੰਨ, 1961 ਨੇ ਦਾਜ ਪ੍ਰਥਾ ਉੱਤੇ ਰੋਕ ਲਗਾ ਦਿੱਤੀ ਹੈ, ਪਰੰਤੂ ਵਾਸਤਵ ਵਿਚ ਕਾਨੂੰਨ ਸਿਰਫ਼ ਇਹੀ ਸਵੀਕਾਰ ਕਰਨਾ ਹੈ ਕਿ ਸਮੱਸਿਆ ਵਿਦਮਾਨ ਹੈ। ਵਾਸਤਵਿਕ ਰੂਪ ਵਿਚ ਇਹ ਕਦੀ ਸੁਣਨ ਵਿਚ ਨਹੀਂ ਆਉਂਦਾ ਕਿ ਕਿਸੀ ਪਤੀ ਜਾਂ ਉਸਦੇ ਪਰਿਵਾਰ ਉੱਤੇ ਦਾਜ ਲੈਣ ਦੀ ਪ੍ਰਾਰਥਨਾ ਨੂੰ ਲੈ ਕੇ ਕੋਈ ਮੁਕੱਦਮਾ ਚਲਾਇਆ ਗਿਆ ਹੋਵੇ। ਜੇਕਰ ਕੁਝ ਹੋਇਆ ਹੈ ਤਾਂ ਇਹ ਕਿ ਪਿਛਲੇ ਸਾਲਾਂ ਵਿਚ ਦਾਜ ਦੀ ਮੰਗ ਅਤੇ ਉਸਦੇ ਨਾਲ-ਨਾਲ ਦਾਜ ਨੂੰ ਲੈ ਕੇ ਹੱਤਿਆਵਾਂ ਵਧੀਆਂ ਹਨ। ਜੇਕਰ ਇਕ ਸੰਤੁਲਿਤ ਅੰਦਾਜ਼ਾ ਲਗਾਇਆ ਜਾਵੇ ਤਾਂ ਭਾਰਤ ਵਿਚ ਦਾਜ ਨ ਦੇਣ ਅਤੇ ਪੂਰਾ ਨਹੀਂ ਦੇਣ ਦੇ ਕਾਰਣ ਹਰ ਸਾਲ ਹੱਤਿਆਵਾਂ ਦੀ ਸੰਖਿਆ ਲਗਭਗ 5,000 ਮੰਨੀਆਂ ਜਾ ਸਕਦੀਆਂ ਹਨ। ਭਾਰਤ ਸਰਕਾਰ ਮਈ 2000 ਵਿਚ ਦਿੱਤੀ ਗਈ ਰਿਪੋਰਟ ਦੇ ਅਨੁਸਾਰ ਭਾਰਤ ਵਿਚ ਵਰਤਮਾਨ ਵਿਚ 90 ਮਿੰਟ ਵਿਚ ਇਕ ਦਾਜ ਨਾਲ ਸੰਬੰਧਿਤ ਹੱਤਿਆ ਹੁੰਦੀ ਹੈ, ਅਤੇ ਇਕ ਦਿਨ ਵਿਚ 16 ਤੇ ਸਾਲ ਵਿਚ ਲਗਭਗ 6,000। ਜ਼ਿਆਦਾਤਰ ਦਾਜ-ਹੱਤਿਆਵਾਂ ਪਤੀ ਦੇ ਘਰ ਦੇ ਇਕਾਂਤ ਵਿਚ ਅਤੇ ਪਰਿਵਾਰ ਦੇ ਮੈਂਬਰਾਂ ਦੀ ਮਿਲੀ ਭਗਤ ਨਾਲ ਹੁੰਦੀਆਂ ਹਨ। ਇਸ ਲਈ ਅਦਾਲਤਾਂ ਸਬੂਤ ਦੇ ਅਭਾਵ ਵਿਚ ਦੰਡਿਤ ਨਾ ਕਰ ਪਾਉਣ ਨੂੰ ਸਵੀਕਾਰ ਕਰਨੀਆਂ ਹਨ। ਕਦੀ-ਕਦੀ ਪੁਲਿਸ ਛਾਣਬੀਣ ਕਰਨ ਵਿਚ ਇੰਨੀ ਕਠੋਰ ਹੋ ਜਾਂਦੀ ਹੈ ਕਿ ਕੋਰਟ ਵੀ ਪੁਲਿਸ ਅਧਿਕਾਰੀਆਂ ਦੇ ਕੰਮ ਦੀ ਕੁਸ਼ਲਤਾ ਅਤੇ ਸੱਚ ਦੀ ਨਿਸ਼ਠਾ ਉੱਤੇ ਸੰਦੇਹ ਪ੍ਰਗਟ ਕਰਦੇ ਹਨ।

ਦਾਜ ਹੱਤਿਆਵਾਂ ਦੀ ਮਹੱਤਵਪੂਰਨ ਵਿਸ਼ੇਸ਼ਤਾਵਾਂ ਜਿਨ੍ਹਾਂ ਦਾ ਮੇਰੇ ਆਨੁਭਾਵਿਕ ਅਧਿਐਨ ਤੋਂ ਪਤਾ ਚੱਲਿਆ ਉਹ ਇਹ ਹਨ—(1) ਮਧਿਅਮ ਵਰਗ ਦੀ ਇਸਤ੍ਰੀਆਂ ਦੇ ਉਤਪੀੜਨ ਦੀ ਦਰ ਹੇਠਲੇ ਵਰਗ ਜਾਂ ਉੱਚ ਵਰਗ ਦੀ ਇਸਤ੍ਰੀਆਂ ਤੋਂ ਜ਼ਿਆਦਾ ਹੁੰਦੀਆਂ ਹਨ; (2) ਲਗਭਗ 70.0% ਪੀੜਤ 21-24 ਸਾਲ ਉਮਰ-ਸਮੂਹ ਦੀ ਹੁੰਦੀਆਂ ਹਨ, ਅਰਥਾਤ ਕਿ ਉਹ ਕੇਵਲ ਸਰੀਰਕ ਰੂਪ ਨਾਲ ਹੀ ਨਹੀਂ, ਸਗੋਂ ਸਮਾਜਿਕ ਅਤੇ ਭਾਵਾਤਮਕ ਰੂਪ ਨਾਲ ਵੀ ਵਿਕਸਿਤ ਹੁੰਦੀਆਂ ਹਨ; (3) ਇਹ ਸਮੱਸਿਆ ਨੀਵੀਂ ਜਾਤੀ ਦੀ ਸਮੱਸਿਆ ਦੀ ਅਪੇਕਸ਼ਾ ਉੱਚ ਜਾਤੀ ਦੀ ਜ਼ਿਆਦਾ ਹੈ; (4) ਵਾਸਤਵਿਕ ਹੱਤਿਆ ਤੋਂ ਪਹਿਲਾਂ ਜਵਾਨ ਨੂੰਹ ਨੂੰ ਕਈ ਪ੍ਰਕਾਰ ਨਾਲ ਸਤਾਇਆ/ਅਪਮਾਨਿਤ ਕੀਤਾ ਜਾਂਦਾ ਹੈ ਜੋ ਕਿ ਪੀੜਤ ਦੇ ਪਰਿਵਾਰ ਦੇ ਮੈਂਬਰਾਂ ਦੇ ਸਮਾਜਿਕ ਵਿਵਹਾਰ ਦੇ ਅਵਿਅਵਸਥਿਤ ਸਰੂਪ ਨੂੰ ਦਰਸਾਉਂਦਾ ਹੈ; (5) ਦਾਜ ਹੱਤਿਆ ਦੇ ਕਾਰਣਾਂ ਵਿਚ ਸਭ

ਨੋਟ

ਤੋਂ ਮਹੱਤਵਪੂਰਨ ਸਮਾਜ ਵੈਗਿਆਨਿਕ ਕਾਰਕ ਅਪਰਾਧੀ ਉੱਤੇ ਵਾਤਾਵਰਣ ਦਾ ਦਬਾਅ ਜਾਂ ਸਮਾਜਿਕ ਤਣਾਅ ਹੈ ਜੋ ਉਸਦੇ ਪਰਿਵਾਰ ਦੇ ਆਂਤਰਿਕ ਅਤੇ ਬਾਹਰੀ ਕਾਰਣਾਂ ਨਾਲ ਉਤਪੰਨ ਹੋਏ ਹਨ, ਹੋਰ ਮਹੱਤਵਪੂਰਨ ਮਨੋਵਿਗਿਆਨਕ ਕਾਰਕ ਹਤਿਆਰੇ ਜਾਂ ਸੱਤਾਵਾਦੀ ਵਿਅਕਤੀਤਵ, ਪ੍ਰਬਲ ਪ੍ਰਕ੍ਰਿਤੀ ਅਤੇ ਉਸਦੇ ਵਿਅਕਤੀਤਵ ਦਾ ਅਸਮਾਯੋਜਨ ਹੈ; (6) ਲੜਕੀ ਦੇ ਸਿਖਿਆ ਦੇ ਪੱਧਰ ਅਤੇ ਦਾਜ ਦੇ ਲਈ ਕੀਤੀ ਗਈ ਉਸਦੀ ਹੱਤਿਆ ਵਿਚ ਕੋਈ ਪਾਰਸਪਰਿਕ ਸੰਬੰਧ ਨਹੀਂ ਹੁੰਦਾ; ਅਤੇ (7) ਪਰਿਵਾਰ ਦੀ ਰਚਨਾ ਨਵੀਂ ਨੂੰਹ ਨੂੰ ਜਲਾਉਣ ਵਿਚ ਨਿਰਣਾਇਕ ਭੂਮਿਕਾ ਅਦਾ ਕਰਨਾ ਹੈ।

5. **ਪਤਨੀ ਨੂੰ ਕੁੱਟਣਾ (Wife Battering)**—ਮਹਿਲਾਵਾਂ ਦੇ ਵਿਰੁਧ ਹਿੰਸਾ ਵਿਆਹ ਦੇ ਸੰਦਰਭ ਵਿਚ ਜ਼ਿਆਦਾ ਮਹੱਤਵਪੂਰਨ ਹੋ ਜਾਂਦੀ ਹੈ ਜਦਕਿ ਪਤੀ, ਜਿਸਦੇ ਲਈ ਇਹ ਸਮਝਿਆ ਜਾਂਦਾ ਹੈ ਕਿ ਉਹ ਆਪਣੀ ਪਤਨੀ ਨਾਲ ਪੇ੍ਮ ਕਰੇਗਾ ਅਤੇ ਉਸਨੂੰ ਸੁਰੱਖਿਆ ਪ੍ਰਦਾਨ ਕਰੇਗਾ, ਉਸ ਨੂੰ ਕੁੱਟਦਾ ਹੈ। ਇਕ ਇਸਤ੍ਰੀ ਦੇ ਲਈ ਉਸ ਆਦਮੀ ਦੁਆਰਾ ਕੁੱਟਿਆ ਜਾਣਾ ਜਿਸ ਉੱਤੇ ਉਹ ਸਭ ਤੋਂ ਜ਼ਿਆਦਾ ਵਿਸ਼ਵਾਸ ਕਰਨੀ ਸੀ, ਇਕ ਛਿੰਨ-ਭਿੰਨ ਕਰਨ ਵਾਲਾ ਅਨੁਭਵ ਹੁੰਦਾ ਹੈ। ਹਿੰਸਾ ਥੱਪੜ ਅਤੇ ਲੱਤਾਂ ਮਾਰਨੀਆਂ ਤੋਂ ਲੈ ਕੇ ਹੱਡੀ ਤੋੜਨਾ, ਯਾਤਨਾ ਦੇਣਾ, ਮਾਰ ਦੇਣ ਦੀ ਕੋਸ਼ਿਸ਼ ਅਤੇ ਹੱਤਿਆ ਤਕ ਹੋ ਸਕਦੀ ਹੈ। ਹਿੰਸਾ ਕਦੀ-ਕਦੀ ਨਸ਼ੇ ਦੇ ਕਾਰਨ ਵੀ ਹੋ ਸਕਦੀ ਹੈ ਪਰੰਤੂ ਹਮੇਸ਼ਾ ਨਹੀਂ। ਭਾਰਤੀ ਸੰਸਕ੍ਰਿਤੀ ਵਿਚ ਅਸੀਂ ਵਿਰਲੇ ਹੀ ਪਤਨੀ ਦੁਆਰਾ ਪੁਲਿਸ ਕੋਲ ਕੁੱਟਣ ਦੇ ਮਾਮਲੇ ਦੀ ਸ਼ਿਕਾਇਤ ਕਰਨ ਦੀ ਗੱਲ ਸੁਣਦੇ ਹਾਂ। ਉਹ ਚੁੱਪ ਰਹਿ ਕੇ ਅਪਮਾਨ ਸਹਿੰਦੀ ਹੈ ਅਤੇ ਉਸ ਨੂੰ ਆਪਣਾ ਭਾਗ ਮੰਨਦੀ ਹੈ। ਜੇਕਰ ਉਹ ਵਿਰੋਧ ਕਰਨਾ ਵੀ ਚਾਹੁੰਦੀ ਹੈ ਤਾਂ ਨਹੀਂ ਕਰ ਸਕਦੀ ਕਿਉਂਕਿ ਉਸ ਨੂੰ ਡਰ ਹੁੰਦਾ ਹੈ ਕਿ ਉਸਦੇ ਮਾਤਾ-ਪਿਤਾ ਵੀ ਵਿਆਹ ਦੇ ਬਾਅਦ ਉਸ ਨੂੰ ਆਪਣੇ ਘਰ ਵਿਚ ਸਥਾਈ ਰੂਪ ਵਿਚ ਰੱਖਣ ਨੂੰ ਮਨਾ ਕਰ ਦੇਣਗੇ।

   ਪਤਨੀ ਨੂੰ ਕੁੱਟਣ ਦੀ ਮਹੱਤਵਪੂਰਨ ਵਿਸ਼ੇਸ਼ਤਾਵਾਂ ਜੋ ਮੇਰੇ 60 ਪਛਾਣੇ ਹੋਏ ਪ੍ਰਕਰਨਾਂ ਦੇ ਆਨੁਭਾਵਿਕ ਅਧਿਐਨ ਨੇ ਕੀਤੀਆਂ ਉਹ ਹਨ—(1) ਪਤਨੀਆਂ ਜੋ, 25 ਸਾਲ ਦੀ ਉਮਰ ਤੋਂ ਘਟ ਹੁੰਦੀਆਂ ਹਨ, ਉਨ੍ਹਾਂ ਦੇ ਉਤਪੀੜਨ ਦਾ ਅਨੁਪਾਤ ਜ਼ਿਆਦਾ ਹੁੰਦਾ ਹੈ; (2) ਉਨ੍ਹਾਂ ਪਤਨੀਆਂ ਨੂੰ ਜੋ ਆਪਣੇ ਪਤੀ ਤੋਂ ਪੰਜ ਸਾਲ ਤੋਂ ਜ਼ਿਆਦਾ ਛੋਟੀਆਂ ਹੁੰਦੀਆਂ ਹਨ, ਆਪਣੇ ਪਤੀ ਦੁਆਰਾ ਕੁੱਟੇ ਜਾਣਾ ਦਾ ਖਤਰਾ ਜ਼ਿਆਦਾ ਰਹਿੰਦਾ ਹੈ; (3) ਘਟ ਆਮਦਨ ਵਾਲੇ ਪਰਿਵਾਰਾਂ ਦੀਆਂ ਮਹਿਲਾਵਾਂ ਦਾ ਜ਼ਿਆਦਾ ਉਤਪੀੜਨ ਹੁੰਦੀ ਹੈ, ਪਰਿਵਾਰ ਦੀ ਆਮਦਨ ਤੋਂ ਉਤਪੀੜਨ ਨੂੰ ਜੋੜਨਾ ਜ਼ਿਆਦਾ ਕਠਿਨ ਹੈ; (4) ਪਰਿਵਾਰ ਦੇ ਆਕਾਰ ਅਤੇ ਉਸਦੀ ਰਚਨਾ ਦਾ ਪਤਨੀ ਦੇ ਕੁੱਟਣ ਨਾਲ ਕੋਈ ਪਰਸਪਰ ਸਬੰਧ ਨਹੀਂ ਹੁੰਦਾ; (5) ਸਾਧਾਰਣ ਤੌਰ ਤੇ ਪਤੀਆਂ ਦੇ ਕੁੱਟਣ ਦੇ ਕਾਰਣ ਪਤਨੀਆਂ ਨੂੰ ਕੋਈ ਗਹਿਰੀ ਚੋਟ ਨਹੀਂ ਲਗਦੀ; (6) ਪਤਨੀ ਨੂੰ ਕੁੱਟਣ ਦੇ ਮਹੱਤਵਪੂਰਨ ਕਾਰਣ ਹਨ; ਯੌਨ ਸੰਬੰਧੀ ਅਸਮਾਯੋਜਨ, ਭਾਵਾਤਮਕ ਗੜਬੜ, ਪਤੀ ਦਾ ਗਰਵਿਤ ਅਹਿਮ ਜਾਂ ਹੀਣ-ਭਾਵਨਾ, ਪਤੀ ਦਾ ਨਸ਼ਾ ਕਰਨਾ, ਈਰਖਾ ਅਤੇ ਪਤਨੀ ਦੀ ਨਿਸ਼ਕ੍ਰਿਅ ਕਾਇਰਤਾ; (7) ਕੁੱਟਣ ਵਾਲੇ ਦੇ ਬਚਪਨ ਵਿਚ ਹਿੰਸਾ ਦੀ ਵਿਪਦਗ੍ਰਸਤਤਾ ਪਤਨੀ ਦੇ ਕੁੱਟਣ ਵਿਚ ਇਕ ਮਹੱਤਵਪੂਰਨ ਕਾਰਕ ਹੁੰਦਾ ਹੈ; (8) ਅਨਪੜ੍ਹ ਪਤਨੀਆਂ ਦੀ ਸਿਖਿਆ ਪਤਨੀਆਂ ਦੀ ਅਪੇਕਸ਼ਾ ਪਤੀ ਦੁਆਰਾ ਕੁੱਟੇ ਜਾਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਫਿਰ ਵੀ ਕੁੱਟਣ ਅਤੇ ਪੀੜਤਾਂ ਦੇ ਸਿਖਿਅਕ ਪੱਧਰ ਵਿਚ ਕੋਈ ਮਹੱਤਵਪੂਰਨ ਸੰਬੰਧ ਨਹੀਂ ਹੈ; ਅਤੇ (9) ਉਨ੍ਹਾਂ ਪਤੀਆਂ ਦਾ ਜਿਨ੍ਹਾਂ ਦੇ ਪਤੀ ਸ਼ਰਾਬੀ ਹੁੰਦੇ ਹਨ ਉਤਪੀੜਨ ਦਾ ਅਨੁਪਾਤ ਜ਼ਿਆਦਾ ਹੈ। ਪਰੰਤੂ ਦੇਖਿਆ ਗਿਆ ਹੈ ਕਿ ਜ਼ਿਆਦਾਤਰ ਪਤੀ ਆਪਣੀ ਪਤੀ ਆਪਣੀ ਪਤਨੀਆਂ ਨੂੰ ਨਸ਼ੇ ਦੀ ਹਾਲਤ ਵਿਚ ਨਾ ਕੁੱਟ ਕੇ ਉਸ ਸਮੇਂ ਕੁੱਟਦੇ ਹਨ ਜਦ ਉਹ ਹੋਸ਼-ਹਵਾਸ ਵਿਚ ਹੁੰਦੇ ਹਨ।

6. **ਵਿਧਵਾਵਾਂ ਦੇ ਵਿਰੁੱਧ ਹਿੰਸਾ (Violence Against Widows)**—ਸਭ ਵਿਧਵਾਵਾਂ ਇਕ ਹੀ ਪ੍ਰਕਾਰ ਦੀ ਸਮੱਸਿਆਵਾਂ ਦਾ ਸਾਮ੍ਹਣਾ ਨਹੀਂ ਕਰਦੀਆਂ। ਇਕ ਵਿਧਵਾ ਅਜਿਹੀ ਹੋ ਸਕਦੀ ਹੈ ਜਿਸਦੇ ਕੋਈ ਬੱਚਾ ਨਾ ਹੋਵੇ ਅਤੇ ਜੋ ਆਪਣੇ ਵਿਆਹ ਦੇ ਇਕ ਜਾਂ ਦੋ ਸਾਲਾਂ ਵਿਚ ਹੀ ਵਿਧਵਾ ਹੋ ਗਈ ਹੋਵੇ; ਜਾਂ ਉਹ ਅਜਿਹੀ ਹੋ ਸਕਦੀ ਹੈ ਜੋ ਪੰਜ ਤੋਂ 10 ਸਾਲ ਦੇ ਬਾਅਦ ਵਿਧਵਾ ਹੁੰਦੀ ਹੈ ਅਤੇ ਉਸਦੇ ਇਕ ਜਾਂ ਦੋ ਬੱਚੇ ਪਾਲਣ ਦੇ ਲਈ ਹੋਣ, ਜਾਂ ਅਜਿਹੀ ਹੋਵੇ ਜੋ 50 ਸਾਲ ਦੀ ਉਮਰ ਤੋਂ ਜ਼ਿਆਦਾ ਹੋਵੇ। ਭਾਵੇਂ ਇਨ੍ਹਾਂ ਤਿੰਨਾਂ ਸ਼੍ਰੇਣੀ ਦੀ ਵਿਧਵਾਵਾਂ ਨੂੰ ਸਮਾਜਿਕ, ਆਰਥਿਕ ਅਤੇ ਭਾਵਾਤਮਕ ਸਮੰਜਨ ਦੀ ਸਮੱਸਿਆਵਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਪਹਿਲੀ ਅਤੇ ਤੀਜੀ ਸ਼੍ਰੇਣੀਆਂ ਦੀ ਵਿਧਵਾਵਾਂ ਦੀ ਕੋਈ ਜਿੰਮੇਵਾਰੀ ਨਹੀਂ ਹੁੰਦੀ, ਜਦਕਿ ਦੂਜੀ ਸ਼੍ਰੇਣੀ ਦੀ ਵਿਧਵਾਵਾਂ ਨੂੰ ਆਪਣੇ ਬੱਚਿਆਂ ਦੇ ਲਈ ਪਿਤਾ ਦੀ ਭੂਮਿਕਾ ਵੀ ਅਦਾ ਕਰਨੀ ਪੈਂਦੀ ਹੈ। ਪਹਿਲੀ ਦੋ ਸ਼੍ਰੇਣੀਆਂ ਦੀ ਵਿਧਵਾਵਾਂ ਨੂੰ ਜੈਵਿਕ ਸਮੰਜਨ ਦੀ ਸਮੱਸਿਆ ਦਾ ਵੀ ਸਾਮ੍ਹਣਾ ਕਰਨਾ ਪੈਂਦਾ ਹੈ। ਇਨ੍ਹਾਂ ਦੋ ਕਿਸਮਾਂ ਦੀ ਵਿਧਵਾਵਾਂ ਦਾ ਆਪਣੇ ਪਤੀ ਦੇ ਪਰਿਵਾਰ ਵਿਚ ਇੰਨਾ ਆਦਰ-ਸਤਿਕਾਰ ਨਹੀਂ ਹੁੰਦਾ ਜਿੰਨਾ ਕਿ ਤੀਜੀ ਕਿਸਮ ਦਾ। ਵਾਸਤਵ ਵਿਚ ਜਿੱਥੇ ਇਕ ਤਰਫ਼ ਪਰਿਵਾਰ ਦੇ ਮੈਂਬਰ ਵਿਧਵਾਵਾਂ ਦੀ ਪਹਿਲੀ ਦੋ ਸ਼੍ਰੇਣੀਆਂ ਤੋਂ ਮੁਕਤੀ ਪਾਉਣਾ ਚਾਹੁੰਦੇ ਹਨ, ਉਥੇ ਦੂਜੀ ਅਤੇ ਤੀਜੀ ਸ਼੍ਰੇਣੀ ਦੀ ਵਿਧਵਾ ਆਪਣੇ ਪੁੱਤਰ ਦੇ ਪਰਿਵਾਰ ਵਿਚ ਮੂਲ ਵਿਅਕਤੀ ਹੋ ਜਾਂਦੀਆਂ ਹਨ ਕਿਉਂਕਿ ਉਸਨੂੰ ਆਪਣੇ ਪੁੱਤਰ ਦੇ ਬੱਚਿਆਂ ਦੀ ਦੇਖ-ਰੇਖ ਦਾ ਅਤੇ ਕੰਮ ਉੱਤੇ ਜਾਣ ਵਾਲੀ ਨੂੰਹ ਦੀ ਗੈਰਹਾਜ਼ਰੀ ਵਿਚ ਖਾਣਾ ਪਕਾਉਣ ਦੀ ਜਿੰਮੇਵਾਰੀ ਸੌਂਪ ਦਿੱਤੀ ਜਾਂਦੀ ਹੈ। ਵਿਧਵਾਵਾਂ ਦੀ ਤਿੰਨਾਂ ਸ਼੍ਰੇਣੀਆਂ ਦੀ ਆਤਮ ਛਵੀ ਅਤੇ ਸਵਾਭੀਮਾਨ ਵੀ ਭਿੰਨ ਹੁੰਦੇ ਹਨ। ਇਕ ਵਿਧਵਾ ਦੀ ਆਰਥਿਕ ਨਿਰਭਰਤਾ ਉਸਦੇ ਸਵਾਭੀਮਾਨ ਅਤੇ ਉਸਦੀ ਪਛਾਣ ਦੀ ਭਾਵਨਾ ਦੇ ਲਈ ਇਕ ਵੱਡਾ ਖਤਰਾ ਪੈਦਾ ਕਰ ਦਿੰਦੀ ਹੈ। ਪਰਿਵਾਰ ਦੀ ਭੂਮਿਕਾਵਾਂ ਵਿਚ

ਉਨ੍ਹਾਂ ਦੇ ਸੱਸ ਸਹੁਰਾ ਅਤੇ ਪਰਿਵਾਰ ਦੇ ਹੋਰ ਮੈਂਬਰ ਦੁਆਰਾ ਨੀਵਾਂ ਦਰਜਾ ਪ੍ਰਦਾਨ ਕੀਤੇ ਜਾਣ ਨਾਲ ਉਨ੍ਹਾਂ ਦਾ ਸਵਾਭੀਮਾਨ ਘਟ ਹੁੰਦਾ ਹੈ। ਵਿਧਵਾ ਹੋਣ ਦਾ ਕਲੰਕ ਹੀ ਆਪਣੇ ਆਪ ਵਿਚ ਇਕ ਇਸਤ੍ਰੀ ਨੂੰ ਨਕਾਰਾਤਮਿਕ ਰੂਪ ਨਾਲ ਪ੍ਰਭਾਵਤ ਕਰਨਾ ਹੈ ਅਤੇ ਉਸਦਾ ਸਨਮਾਨ ਆਪਣੀ ਹੀ ਦ੍ਰਿਸ਼ਟੀ ਵਿਚ ਘੱਟ ਹੋ ਜਾਂਦਾ ਹੈ।

ਜੇਕਰ ਅਸੀਂ ਸਭ ਪ੍ਰਕਾਰ ਦੀ ਵਿਧਵਾਵਾਂ ਨੂੰ ਲਈਏ ਤਾਂ ਅਸੀਂ ਕਹਿ ਸਕਦੇ ਹਾਂ ਕਿ ਵਿਧਵਾਵਾਂ ਦੇ ਵਿਰੁਧ ਹਿੰਸਾ ਵਿਚ ਕੁੱਟਣਾ, ਭਾਵਾਤਮਕ ਉਪੇਕਸ਼ਾ/ਯਾਤਨਾ, ਗਾਲ੍ਹਾਂ ਕੱਢਣੀਆਂ, ਲੈਂਗਿਕ ਦੁਰਵਿਹਾਰ, ਸੰਪਤੀ ਵਿਚ ਵੈਧ ਹਿੱਸੇ ਤੋਂ ਵੰਚਨ ਅਤੇ ਉਨ੍ਹਾਂ ਦੇ ਬੱਚਿਆਂ ਦੇ ਨਾਲ ਦੁਰਵਿਹਾਰ ਸ਼ਾਮਲ ਹਨ। ਵਿਧਵਾਵਾਂ ਦੇ ਵਿਰੁੱਧ ਹਿੰਸਾ ਦੀ ਮਹੱਤਵਪੂਰਨ ਵਿਸ਼ੇਸ਼ਤਾਵਾਂ ਹਨ—(1) ਯੁਵਾ ਵਿਧਵਾਵਾਂ ਨੂੰ ਅਧੇੜ ਵਿਧਵਾਵਾਂ ਦੀ ਅਪੇਕਸ਼ਾ ਜ਼ਿਆਦਾ ਅਪਮਾਨਿਤ ਅਤੇ ਤੰਗ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦਾ ਸ਼ੋਸ਼ਣ ਅਤੇ ਉਤਪੀੜਨ ਵੀ ਜ਼ਿਆਦਾ ਹੁੰਦਾ ਹੈ; (2) ਸਾਧਾਰਣ ਤੌਰ ਤੇ ਵਿਧਵਾਵਾਂ ਨੂੰ ਆਪਣੇ ਪਤੀ ਦੇ ਵਪਾਰ, ਹਿਸਾਬ-ਕਿਤਾਬ, ਸਰਟੀਫਿਕੇਟਾਂ, ਬੀਮੇ ਦੀ ਪਾਲਿਸੀਆਂ ਅਤੇ ਪ੍ਰਤੀਭੂਤੀਆਂ ਦੇ ਬਾਰੇ ਵਿਚ ਨਾ ਦੇ ਬਰਾਬਰ ਜਾਣਕਾਰੀ ਹੁੰਦੀ ਹੈ ਅਤੇ ਉਹ ਆਪਣੇ ਪਰਿਵਾਰ (ਪ੍ਰਜਨਨ ਦੇ) ਦੇ ਬੇਈਮਾਨ ਮੈਂਬਰਾਂ ਦੀ ਧੋਖੇਬਾਜ਼ੀ ਦੇ ਸ਼ੜਿਅੰਤਰਾਂ ਦੀ ਆਸਾਨੀ ਨਾਲ ਸ਼ਿਕਾਰ ਹੋ ਜਾਂਦੀਆਂ ਹਨ ਅਤੇ ਉਹ (ਮੈਂਬਰ) ਇਸ ਪ੍ਰਕਾਰ ਉਨ੍ਹਾਂ ਦੀ ਵਿਰਾਸਤ ਵਿਚ ਮਿਲੀ ਸੰਪਤੀ ਅਤੇ ਜੀਵਨ ਬੀਮਾ ਦੇ ਫਾਇਦਿਆਂ ਨੂੰ ਹੜੱਪਣ ਦੀ ਕੋਸ਼ਿਸ਼ ਕਰਦੇ ਹਨ; (3) ਹਿੰਸਾ ਦੇ ਅਪਰਾਧ ਕਰਤਾ ਜ਼ਿਆਦਾਤਰ ਪਤੀ ਦੇ ਪਰਿਵਾਰ ਦੇ ਮੈਂਬਰ ਹੁੰਦੇ ਹਨ; (4) ਉਤਪੀੜਨ ਦੇ ਤਿੰਨ ਸਭ ਤੋਂ ਜ਼ਿਆਦਾ ਮਹੱਤਵਪੂਰਨ ਉਦੇਸ਼ਾਂ ਵਿਚ — ਸ਼ਕਤੀ, ਸੰਪਤੀ ਅਤੇ ਕਾਮ-ਵਾਸਨਾ — ਸੰਪਤੀ ਮਧਿਅਮ ਵਰਗ ਦੀ ਵਿਧਵਾਵਾਂ ਦੇ ਉਤਪੀੜਨ ਦਾ ਨਿਰਣਾਇਕ ਕਾਰਕ ਹੁੰਦਾ ਹੈ, ਕਾਮ-ਵਾਸਨਾ ਨੀਵੇਂ ਵਰਗ ਦੀ ਵਿਧਵਾਵਾਂ ਦੇ, ਅਤੇ ਸ਼ਕਤੀ ਮਧਿਅਮ ਵਰਗ ਅਤੇ ਨੀਵੇਂ ਵਰਗ ਦੋਵਾਂ ਦੀ ਵਿਧਵਾਵਾਂ ਦੇ ਉਤਪੀੜਨ ਦਾ ਨਿਰਣਾਇਕ ਕਾਰਕ ਹੁੰਦਾ ਹੈ; (5) ਸੱਸ ਦਾ ਸੱਤਾਵਾਦੀ ਵਿਅਕਤੀਤਵ ਅਤੇ ਪਤੀ ਦੇ ਭਰਾ-ਭੈਣਾਂ ਦਾ ਅਸਮੰਜਨ ਵਿਧਵਾਵਾਂ ਦੇ ਸ਼ੋਸ਼ਣ ਨਾਲ ਮਹੱਤਵਪੂਰਨ ਪਾਰਸਪਰਿਕ ਸੰਬੰਧ ਦਿਖਾਈ ਦਿੰਦਾ ਹੈ, ਪਰੰਤੂ ਪਰਿਵਾਰ ਦੀ ਰਚਨਾ ਅਤੇ ਉਸਦੇ ਆਕਾਰ ਨਾਲ ਉਸਦੇ ਕੋਈ ਪਰਸਪਰ ਸੰਬੰਧ ਨਹੀਂ ਹੁੰਦੇ।

7. **ਹਿੰਸਾ ਦੇ ਸ਼ਿਕਾਰ (Victims of Violence)**—ਜੇਕਰ ਅਸੀਂ ਮਹਿਲਾਵਾਂ ਦੇ ਵਿਰੁੱਧ ਹਿੰਸਾ ਦੇ ਸਾਰੇ ਪ੍ਰਕਰਨਾਂ ਨੂੰ ਇਕ ਸਾਥ ਲਈਏ ਤਾਂ ਅਸੀਂ ਪਾਵਾਂਗੇ ਕਿ ਹਿੰਸਾ ਦੇ ਸਾਧਾਰਣ ਤੌਰ ਤੇ ਸ਼ਿਕਾਰ ਉਹ ਮਹਿਲਾਵਾਂ ਹੁੰਦੀਆਂ ਹਨ—
   (*i*) ਜੋ ਅਸਹਾਏ ਅਤੇ ਅਵਸਾਦ-ਗ੍ਰਸਤ (Depressed) ਹੁੰਦੀਆਂ ਹਨ, ਜਿਨ੍ਹਾਂ ਦੀ ਆਤਮ ਛਵੀ ਖਰਾਬ ਹੁੰਦੀ ਹੈ, ਜੋ ਆਤਮਿਕ ਪੱਧਰ ਤੇ ਗ੍ਰਸਤ ਹੁੰਦੀਆਂ ਹਨ ਜਾਂ ਉਹ ਜੋ ਅਪਰਾਧਕਰਤਾਵਾਂ ਦੁਆਰਾ ਕੀਤੀ ਗਈ ਹਿੰਸਾ ਦੇ ਫਲਸਰੂਪ ਭਾਵਾਤਮਕ ਰੂਪ ਨਾਲ ਸਮਾਪਤ ਹੋ ਚੁੱਕੀ ਹੈ, ਜਾਂ ਉਹ ਜੋ ਪਦਾਰਥਵਾਦੀ ਵਿਵਸ਼ਤਾ (Altruistic Powerlessness) ਨਾਲ ਗ੍ਰਸਤ ਹਨ;
   (*ii*) ਜੋ ਦਬਾਅ ਪੂਰਣ ਪਰਿਵਾਰਕ ਸਥਿਤੀਆਂ ਵਿਚ ਰਹਿੰਦੀਆਂ ਹਨ ਜਾਂ ਅਜਿਹੇ ਪਰਿਵਾਰਾਂ ਵਿਚ ਰਹਿੰਦੀਆਂ ਹਨ ਜਿਨ੍ਹਾਂ ਨੂੰ ਸਮਾਜ ਸ਼ਾਸਤਰੀ ਸ਼ਬਦਾਵਲੀ ਵਿਚ 'ਆਮ' ਪਰਿਵਾਰ ਨਹੀਂ ਕਿਹਾ ਜਾ ਸਕਦਾ। ਆਮ ਪਰਿਵਾਰ ਉਹ ਹਨ ਜੋ ਸੰਰਚਨਾਤਮਕ ਰੂਪ ਨਾਲ ਪੂਰਣ ਹੁੰਦੇ ਹਨ (ਦੋਵੇਂ ਮਾਤਾ ਪਿਤਾ ਜੀਵਤ ਹਨ ਅਤੇ ਨਾਲ-ਨਾਲ ਰਹਿ ਰਹੇ ਹਨ), ਆਰਥਿਕ ਰੂਪ ਨਾਲ ਨਿਸ਼ਚਿੰਤ ਹਨ (ਮੈਂਬਰਾਂ ਦੀ ਮੂਲ ਅਤੇ ਪੂਰਕ ਜਰੂਰਤਾਂ ਦੀ ਪੂਰਤੀ ਕਰਨੇ ਹਨ), ਪ੍ਰਕਾਰਜਾਤਮਕ ਰੂਪ ਵਿਚ ਉਪਯੁਕਤ (Adequate) ਹਨ (ਉਹ ਵਿਰਲੇ ਹੀ ਲੜਦੇ ਹਨ) ਅਤੇ ਨੈਤਿਕ ਰੂਪ ਨਾਲ ਨੈਸ਼ਠਿਕ (Conformist) ਹਨ;
   (*iii*) ਜਿਨ੍ਹਾਂ ਵਿਚ ਸਮਾਜਿਕ ਵਿਕਸਿਤ ਦੀ ਜਾਂ ਸਮਾਜਿਕ ਅੰਤਰ-ਵਿਅਕਤਿਕ ਹੁਸ਼ਿਆਰੀ ਦੀ ਕਮੀ ਹੈ ਜਿਸਦੇ ਕਾਰਨ ਉਨ੍ਹਾਂ ਨੂੰ ਵਿਵਹਾਰ ਸੰਬੰਧੀ ਸਮੱਸਿਆਵਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ;
   (*iv*) ਜਿਨ੍ਹਾਂ ਦੇ ਪਤੀ/ਸਹੁਰੇ ਵਾਲਿਆਂ ਦਾ ਵਿਕਰਿਤ (Pathological) ਵਿਅਕਤੀਤਵ ਹੈ;ਅਤੇ
   (*v*) ਜਿਨ੍ਹਾਂ ਦੇ ਪਤੀ ਬਹੁਤ ਜ਼ਿਆਦਾ ਸ਼ਰਾਬ ਦਾ ਸੇਵਨ ਕਰਦੇ ਹਨ।

8. **ਹਿੰਸਾ ਦੇ ਅਪਰਾਧ ਕਰਤਾ (Perpetrators of Violence)**—ਮਹਿਲਾਵਾਂ ਦੇ ਹੇਠ ਲਿਖੇ ਸੱਤ ਪ੍ਰਕਾਰ ਦੇ ਉਤਪੀੜਨ ਹੋ ਸਕਦੇ ਹਨ—
   (*i*) ਜੋ ਅਵਸਾਦਗ੍ਰਸਤ (Depressed) ਹੁੰਦੇ ਹਨ, ਜਿਨ੍ਹਾਂ ਵਿਚ ਹੀਣ-ਭਾਵਨਾ ਹੁੰਦੀ ਹੈ ਅਤੇ ਆਤਮ ਸਨਮਾਨ ਘੱਟ ਹੁੰਦਾ ਹੈ;
   (*ii*) ਜਿਨ੍ਹਾਂ ਨੂੰ ਵਿਅਕਤੀਤਵ ਦੇ ਦੋਸ਼ ਹੁੰਦੇ ਹਨ ਅਤੇ ਜੋ ਮਨੋਰੋਗੀ (Psychopaths) ਹੁੰਦੇ ਹਨ;
   (*iii*) ਜਿਨ੍ਹਾਂ ਦੇ ਕੋਲ ਸੰਸਾਧਨਾਂ, ਕੁਸ਼ਲਤਾ (Skills) ਅਤੇ ਪ੍ਰਤੀ ਭਾਵਾਂ (Talents) ਦਾ ਅਭਾਵ ਹੁੰਦਾ ਹੈ ਅਤੇ ਜਿਨ੍ਹਾਂ ਦਾ ਵਿਅਕਤੀਤਵ ਸਮਾਜ-ਵਿਗਿਆਨਿਕ ਰੂਪ ਨਾਲ ਵਿਕਰਿਤ (Sociopathic) ਹੁੰਦਾ ਹੈ;
   (*iv*) ਜਿਨ੍ਹਾਂ ਦੀ ਪ੍ਰਕ੍ਰਿਤੀ ਵਿਚ ਮਾਲਿਕਾਨਾਪਨ (Possessive), ਸ਼ੱਕੀਪਨ, ਅਤੇ ਪ੍ਰਬਲਤਾ (Dominance) ਹਨ;
   (*v*) ਜੋ ਪਰਿਵਾਰਿਕ ਜੀਵਨ ਵਿਚ ਤਣਾਅ ਪੂਰਣ ਸਥਿਤੀਆਂ ਦਾ ਸਾਹਮਣਾ ਕਰਨੇ ਹਨ;

ਨੋਟ

(*vi*) ਜੋ ਬਚਪਨ ਵਿਚ ਹਿੰਸਾ ਦੇ ਸ਼ਿਕਾਰ ਹੋਏ ਸਨ, ਅਤੇ

(*vii*) ਜੋ ਜ਼ਿਆਦਾ ਤਰ ਸ਼ਰਾਬ ਦਾ ਸੇਵਨ ਕਰਦੇ ਹਨ।

9. **ਹਿੰਸਾ ਦੇ ਪ੍ਰਕਾਰ (Tipes of Volence)**—ਜੇਕਰ ਅਸੀਂ ਮਹਿਲਾਵਾਂ ਦੇ ਵਿਰੁਧ ਹਿੰਸਾ ਦਾ ਵਰਗੀਕਰਨ ਕਰਨੇ ਤਾਂ ਅਸੀਂ ਹਿੰਸਾ ਨੂੰ ਛੇ ਪ੍ਰਕਾਰ ਦੇ ਦੱਸ ਸਕਦੇ ਹਾਂ—

   (*i*) ਹਿੰਸਾ ਜਿਸਦਾ ਉਦੇਸ਼ ਭੋਗ-ਵਿਲਾਸ ਹੈ;

   (*ii*) ਹਿੰਸਾ ਜੋ ਕਮਜ਼ੋਰ ਉੱਤੇ ਸੱਤਾ ਪ੍ਰਾਪਤ ਕਰਨਾ ਚਾਹੁੰਦੀ ਹੈ;

   (*iii*) ਹਿੰਸਾ ਜੋ ਅਪਰਾਧ ਕਰਤਾ ਦੀ ਵਿਕ੍ਰਤੀ ਦੇ ਕਾਰਣ ਹੁੰਦੀ ਹੈ;

   (*iv*) ਹਿੰਸਾ ਜੋ ਤਣਾ ਅਪੂਰਣ ਪਰਿਵਾਰਕ ਪਰਿਸਥਿਤੀਆਂ ਦੇ ਕਾਰਣ ਹੁੰਦੀ ਹੈ; ਅਤੇ

   (*v*) ਹਿੰਸਾ ਜੋ ਪੀੜਤ ਪ੍ਰੇਰਿਤ (Victim Precipitated) ਹੁੰਦੀ ਹੈ।

10. **ਹਿੰਸਾ ਦੇ ਕਾਰਣ (Motivations in Violence)—**ਮਹਿਲਾਵਾਂ ਦੇ ਵਿਰੁੱਧ ਹਿੰਸਾ ਦੀ ਤਿੰਨ ਕਾਰਣਾਂ ਦੇ ਆਧਾਰ ਉੱਤੇ ਵਿਆਖਿਆ ਕੀਤੀ ਜਾ ਸਕਦੀ ਹੈ; (*i*) ਸਥਿਤੀਆਂ ਜਿਨ੍ਹਾਂ ਦੇ ਕਾਰਣ ਹਿੰਸਾ-ਪੂਰਣ ਵਿਵਹਾਰ ਹੁੰਦਾ ਹੈ, (*ii*) ਪੀੜਤਾਂ ਦੀ ਵਿਸ਼ੇਸ਼ਤਾਵਾਂ ਅਤੇ (*iii*) ਉਤਪੀੜਤ ਕਰਨ ਵਾਲੇ ਦੀ ਵਿਸ਼ੇਸ਼ਤਾਵਾਂ। ਮਹਿਲਾਵਾਂ ਦੇ ਵਿਰੁਧ ਹਿੰਸਾ ਦੇ ਚਾਰ ਕਾਰਣ ਪਛਾਣੇ ਜਾ ਸਕਦੇ ਹਨ-(ਅ) ਪੀੜਤ ਦੁਆਰਾ ਭੜਕਾਉਣਾ, (ਬ) ਨਸ਼ਾ, (ਸ) ਮਹਿਲਾਵਾਂ ਦੇ ਪ੍ਰਤੀ ਦੁਸ਼ਮਣੀ ਦੀ ਭਾਵਨਾ, ਅਤੇ (ਦ) ਪਰਿਸਥਿਤੀ ਵਸ਼ ਪ੍ਰੇਰਣਾ।

11. **ਪੀੜਤ ਦੁਆਰਾ ਭੜਕਾਉਣਾ (The Victim's Provocation)**—ਕਦੀ-ਕਦੀ ਹਿੰਸਾ ਦੀ ਸ਼ਿਕਾਰ ਮਹਿਲਾ ਆਪਣੇ ਵਿਵਹਾਰ ਨਾਲ, ਜੋ ਕਈ ਵਾਰ ਅਨਜਾਣੇ ਵਿਚ ਹੁੰਦਾ ਹੈ, ਆਪਣੇ ਆਪ ਦੇ ਉਤਪੀੜਨ ਦੀ ਸਥਿਤੀ ਉਤਪੰਨ ਕਰ ਦਿੰਦੀ ਹੈ। ਪੀੜਤ ਮਹਿਲਾ ਅਪਰਾਧੀ ਦੇ ਹਿੰਸਾ-ਪੂਰਣ ਵਿਵਹਾਰ ਨੂੰ ਉਤਪੰਨ ਕਰਦੀ ਹੈ ਜਾਂ ਪ੍ਰੇਰਿਤ ਕਰਦੀ ਹੈ। ਉਸ (ਮਹਿਲਾ) ਦੇ ਕੰਮ ਸ਼ਿਕਾਰੀ ਨੂੰ ਹਮਲਾਵਰ/ਹਮਲੇ ਵਿਚ ਪਰਿਵਰਤਨ ਕਰ ਦਿੰਦੇ ਹਨ ਅਤੇ ਉਹ ਆਪਣੇ ਅਪਰਾਧਕ ਇਰਾਦਿਆਂ ਨੂੰ ਉਸ ਨੂੰ ਲਕਸ਼ ਬਣਾਉਣ ਲਈ ਮਜ਼ਬੂਰ ਹੋ ਜਾਂਦਾ ਹੈ। ਮੇਰੇ ਆਪਣੇ ਸਰਵੇਖਣ ਵਿਚ, ਜਿਸ ਵਿਚ ਬਲਾਤਕਾਰ, ਪਤਨੀ ਨੂੰ ਕੁੱਟਣਾ, ਭਜਾ ਲੈ ਜਾਣਾ, ਵਿਧਵਾਵਾਂ ਦੇ ਨਾਲ ਦੁਰਵਿਹਾਰ ਅਤੇ ਅਤਿਆਚਾਰਾਂ ਦਾ ਅਧਿਐਨ ਕੀਤਾ ਗਿਆ ਸੀ, ਭਾਵੇਂ ਅਧਿਐਨ ਕੇਂਦਰ ਪੀੜਤ ਮਹਿਲਾਵਾਂ ਸਨ, ਫਿਰ ਵੀ ਕੁਝ ਅਪਰਾਧੀਆਂ/ਹਮਲਾਵਰਾਂ ਨਾਲ ਗੱਲਬਾਤ ਕੀਤੀ ਗਈ। ਹੈਰਾਨੀ ਦੀ ਗੱਲ ਇਹ ਸੀ ਕਿ ਸਿਰਫ਼ ਕੁਝ ਹੀ ਹਮਲਾਵਰ ਸ਼ਰਮ ਜਾਂ ਚਿੰਤਾ ਦੀ ਭਾਵਨਾਵਾਂ ਤੋਂ ਗ੍ਰਸਤ ਦਿਖਾਈ ਦਿੰਦੇ ਸਨ। ਜ਼ਿਆਦਾਤਰ ਵਿਚ ਕਿਸੀ ਪ੍ਰਕਾਰ ਦੀ ਭਾਵਾਤਮਕ ਘਬਰਾਹਟ ਨਹੀਂ ਸੀ ਅਤੇ ਨਾ ਹੀ ਇਹ ਭਾਵਨਾ ਸੀ ਜਿਸ ਨੂੰ ਮਨੋਵਿਗਿਆਨਕ 'ਅਸ਼ਾਂਤ ਪੁਰਸ਼ਤਵ' (Troubled Masculinity) ਦੀ ਸਮੱਸਿਆ ਕਹਿੰਦੇ ਹਨ। ਇਸਦੇ ਬਜਾਏ ਪਤਨੀ ਨੂੰ ਕੁੱਟਣ ਦੇ ਪ੍ਰਕਰਨ ਵਿਚ ਹਮਲਾਵਰਾਂ ਨੇ ਆਪਣੀ ਪਤਨੀਆਂ ਉੱਤੇ ਇਹ ਕਹਿ ਕੇ ਦੋਸ਼ਾਰੋਪਣ ਕੀਤਾ ਕਿ ਉਹ ਪਿੱਛੇ ਤੋਂ ਬੁਰਾਈ ਕਰਦੀਆਂ ਹਨ, ਉਨ੍ਹਾਂ ਵਿਅਕਤੀਆਂ ਨਾਲ ਗੱਲ ਕਰਦੀਆਂ ਹਨ ਜਿਨ੍ਹਾਂ ਨੂੰ ਉਹ ਪਸੰਦ ਨਹੀਂ ਕਰਨੇ, ਉਨ੍ਹਾਂ ਦੀਆਂ ਭੈਣਾਂ ਜਾਂ ਮਾਤਾ-ਪਿਤਾ ਜਾਂ ਭਰਾਵਾਂ ਨਾਲ ਦੁਰਵਿਹਾਰ ਕਰਦੀਆਂ ਹਨ, ਘਰ ਵਲ ਧਿਆਨ ਨਹੀਂ ਦਿੰਦੀਆਂ ਹਨ, ਸੰਬੰਧੀਆਂ ਨਾਲ ਭੈੜੇ ਤਰੀਕੇ ਨਾਲ ਬੋਲਦੀਆਂ ਹਨ, ਕਿਸੀ ਵਿਅਕਤੀ ਨਾਲ ਅਵੈਧ ਸੰਬੰਧ ਰਖਦੀਆਂ ਹਨ, ਆਪਣੇ ਸੱਸ ਸਹੁਰੇ ਦਾ ਕਹਿਣਾ ਨਹੀਂ ਮੰਨਦੀਆਂ ਹਨ, ਉਨ੍ਹਾਂ ਨੂੰ ਆਪਣੇ ਝਗੜਾਲੂ ਪਨ ਜੋ ਦੋਸ਼ਾਰੋਪਣ ਤੋਂ ਗੁੱਸਾ ਦਿਵਾਉਂਦੀਆਂ ਹਨ ਜਾਂ ਉਨ੍ਹਾਂ ਦੇ ਮਾਮਲੇ ਵਿਚ ਦਖਲ ਕਰਦੀਆਂ ਹਨ। ਇਸੇ ਪ੍ਰਕਾਰ ਬਲਾਤਕਾਰ ਦੇ ਪ੍ਰਕਰਨਾਂ ਵਿਚ ਅਜਿਹੇ ਹਮਲਾਵਰ ਸਨ, ਜਿਨ੍ਹਾਂ ਨੇ ਪੀੜਤ ਦੇ ਵਿਵਹਾਰ ਨੂੰ ਲੈਂਗਿਕ ਸੰਬੰਧਾਂ ਦੇ ਲਈ ਖੁੱਲ੍ਹਾ ਨਿਮੰਤ੍ਰਣ ਦੱਸਿਆ ਸੀ। ਅਜਿਹਾ ਸੰਕੇਤ ਦੱਸਿਆ ਕਿ ਜੇਕਰ ਉਹ (ਵਿਅਕਤੀ) ਬੇਨਤੀ ਕਰਦਾ ਰਹੇਗਾ ਤਾਂ ਉਹ (ਮਹਿਲਾ) ਪ੍ਰਾਪਤ ਹੋ ਜਾਏਗੀ। ਇਹ ਪਤਾ ਕਰਨਾ ਮਹੱਤਵਪੂਰਨ ਹੈ ਕਿ ਪੀੜਤ ਦਾ ਅਰਥ ਵਾਸਤਵ ਵਿਚ ਇਸ ਪ੍ਰਕਾਰ ਦੇ ਵਿਵਹਾਰ ਨੂੰ ਆਮੰਤਰਿਤ ਕਰਨਾ ਸੀ ਜਾਂ ਨਹੀਂ ਜਾਂ ਇਹ ਕੇਵਲ ਉਤਪੀੜਤ ਕਰਨ ਵਾਲਿਆਂ ਦਾ ਆਪਣਾ ਹੀ ਅਰਥ/ਅਨੁਭੂਤੀ ਸੀ, ਜਿਸਦੇ ਕਾਰਣ ਉਸਨੇ ਉਸਦਾ (ਇਸਤ੍ਰੀ ਦਾ) ਸ਼ੋਸ਼ਣ ਕੀਤਾ। ਇਸ ਨੂੰ ਜੇਕਰ 'ਆਚਰਣ ਦਾ ਕੰਮ' (Act of Commission) ਨਹੀਂ ਕਿਹਾ ਜਾਵੇ ਤਾਂ 'ਅਨਾਚਰਣ ਦਾ ਕੰਮ' (Act of Ommission) ਤਾਂ ਕਿਹਾ ਜਾ ਸਕਦਾ ਹੈ (ਕਿਉਂਕਿ ਪੀੜਤ ਨੇ ਤੇਜ ਪ੍ਰਕ੍ਰਿਆ ਨਹੀਂ ਦਿਖਾਈ)।

    ਇਸ ਪ੍ਰਕਾਰ 'ਨਿਸ਼ਕ੍ਰਿਅ' ਪੀੜਤ ਮਹਿਲਾ ਉਸੇ ਹੱਦ ਤਕ ਹਿੰਸਾ-ਪੂਰਣ ਕੰਮ ਦੇ ਹੋਣ ਵਿਚ ਯੋਗਦਾਨ ਦਿੰਦੀ ਹੈ ਜਿੰਨੀ ਕਿ 'ਸਕ੍ਰਿਅ' ਪੀੜਤ ਮਹਿਲਾ। ਹੱਤਿਆ ਦੇ ਪ੍ਰਕਰਨਾਂ ਵਿਚ ਅਜਿਹੇ ਕੁਝ ਪ੍ਰਕਰਨ ਸਾਮ੍ਹਣੇ ਆਏ ਜਿੱਥੇ ਹਮਲਾਵਰਾਂ ਦੇ ਅਨੁਸਾਰ ਹੱਤਿਆ ਦੀ ਸਥਿਤੀ ਉਸ ਸਮੇਂ ਉਤਪੰਨ ਹੋਈ ਜਦ ਬਹਿਸ ਅਤੇ ਕਹਾ-ਸੁਣੀ ਵਿਚ ਪੀੜਤਾਂ ਨੇ ਅਜਿਹੀ ਪਰਿਸਥਿਤੀਆਂ ਉਤਪੰਨ ਕਰ ਦਿੱਤੀਆਂ ਜਿਨ੍ਹਾਂ ਨੇ ਉਨ੍ਹਾਂ ਨੂੰ ਉਨ੍ਹਾਂ ਤੇ ਹਮਲਾ ਕਰਨ ਦੇ ਲਈ ਪ੍ਰੇਰਿਤ ਕੀਤਾ।ਭਜਾਏ ਜਾਣ ਦੇ ਪ੍ਰਕਰਨ ਵਿਚ ਵੀ ਕੁਝ ਭਜਾ ਲੈ ਜਾਣ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਦੇ 'ਪੀੜਤਾਂ' ਨੇ ਉਨ੍ਹਾਂ ਦੇ ਨਾਲ ਭੱਜ ਜਾਣ ਅਤੇ ਵਿਆਹ ਕਰਨ ਦੀ ਇੱਛਾ ਪੂਰਵਕ ਸਹਿਮਤੀ ਦਿੱਤੀ ਸੀ। ਪਰੰਤੂ ਜਦ ਮਾਤਾ-ਪਿਤਾ ਦੀ ਸ਼ਿਕਾਇਤ ਉੱਤੇ ਉਹ

ਗ੍ਰਿਫ਼ਤਾਰ ਕਰ ਲਏ ਗਏ ਤਾਂ 'ਪੀੜਤ' ਮਹਿਲਾ ਨੇ ਆਪਣੇ ਮਾਤਾ-ਪਿਤਾ ਦੁਆਰਾ ਮਜ਼ਬੂਰ ਕੀਤੇ ਜਾਣ, ਅਤੇ ਉਨ੍ਹਾਂ ਉੱਤੇ ਭਜਾ ਲੈ ਜਾਣ ਦਾ ਆਰੋਪ ਲਗਾ ਦਿੱਤਾ। ਔਸਤਨ, 39.0% ਪ੍ਰਕਰਨ ਸਵੇਛਾ ਨਾਲ ਭਜਾਏ ਗਏ ਸਨ, 24.0% ਜਬਰਦਸਤੀ ਭਜਾਏ ਜਾਣ ਵਾਲਿਆਂ ਦੇ ਸਨ, 17.0% ਸਹਾਇਕ ਭਜਾਏ ਜਾਣ ਵਾਲੇ ਸਨ (ਜਿਸ ਵਿਚ 'ਪੀੜਤਾਂ' ਨੇ ਨਾ ਤਾਂ 'ਮੁਜਰਿਮ' ਦੇ ਨਾਲ ਜਾਣ ਦੀ ਸਹਿਮਤੀ ਦਿਤੀ ਅਤੇ ਨਾ ਹੀ ਉਸਦਾ ਵਿਰੋਧ ਕੀਤਾ, ਪਰੰਤੂ ਮੁਜਰਿਮ ਦੇ ਉਨ੍ਹਾਂ ਉੱਤੇ ਪ੍ਰਭਾਵ ਨਾਲ ਵਸ਼ ਵਿਚ ਆ ਗਈ), ਅਤੇ 20.0% ਤਣਾਅ ਦੇ ਕਾਰਣ ਭਜਾਏ ਜਾਣਾ ਪ੍ਰਕਰਨ ਸੀ (ਜਿਨ੍ਹਾਂ ਵਿਚ ਪੀੜਤ ਨੇ ਆਪਣੀ ਇੱਛਾ ਨਾਲ ਘਰ ਛੱਡਣਾ ਮੰਨ ਲਿਆ ਸੀ ਪਰੰਤੂ ਉਸਦੇ ਬਾਅਦ ਜਦ 'ਅਪਰਾਧੀ' ਨੇ ਉਸਦੇ ਨਾਲ ਬਲਾਤਕਾਰ ਕੀਤਾ ਜਾਂ ਉਸਦੇ ਗਹਿਣੇ ਵੇਚ ਦਿਤੇ ਜਾਂ ਉਸ ਨੂੰ ਹੋਟਲ ਵਿਚ ਛੱਡ ਦਿਤਾ ਤਦ ਉਸ ਨੂੰ ਪਛਤਾਵਾ ਹੋਇਆ।

ਇਸ ਵਿਸ਼ੇਸ਼ਣ ਨਾਲ ਅਸੀਂ ਪੀੜਤਾ ਦਾ 'ਸਕ੍ਰਿਅ', 'ਨਿਸ਼ਕ੍ਰਿਅ' ਅਤੇ 'ਆਕਸਮਿਕ' ਦੇ ਆਧਾਰ ਉੱਤੇ ਵਰਗੀਕਰਨ ਕਰ ਸਕਦੇ ਹਾਂ। ਘੱਟ ਤੋਂ ਘੱਟ ਦੋ ਪ੍ਰਕਾਰ ਦੇ ਪੀੜਤ ਅਜਿਹੀ ਪਰਿਸਥਿਤੀ ਉਤਪੰਨ ਕਰ ਦਿੰਦੇ ਹਨ ਜਿੱਥੇ 'ਅਪਰਾਧੀ', ਸਥਿਤੀ ਅਤੇ/ਜਾਂ ਵਿਵਸ਼ਤਾ ਦਾ ਪੀੜਤ ਬਣ ਜਾਂਦਾ ਹੈ ਅਤੇ 'ਪੀੜਤ' (ਇਸਤ੍ਰੀ) ਦੇ ਨਾਲ ਇਸ ਪ੍ਰਕਾਰ ਨਾਲ ਵਿਵਹਾਰ ਕਰਨਾ ਹੈ ਕਿ ਉਹ 'ਹਮਲਾਵਰ' ਅਤੇ 'ਪੀੜਾ ਦੇਣ ਵਾਲਾ' ਕਹਿਲਾਇਆ ਜਾਣ ਲਗੇ।

12. **ਨਸ਼ਾ (Intoxication)—** ਹਿੰਸਾ ਦੇ ਕੁਝ ਪ੍ਰਕਰਨ ਉਸ ਸਮੇਂ ਹੁੰਦੇ ਹਨ ਜਦ ਹਮਲਾਵਰ ਨਸ਼ੇ ਵਿਚ ਅਤੇ ਉੱਤੇਜਕ (Wildely excited) ਅਤੇ ਲੜਾਈ ਕਰਨ ਦੀ ਮਨੋਦਸ਼ਾ ਵਿਚ ਹੁੰਦੇ ਹਨ ਅਤੇ ਉਨ੍ਹਾਂ ਨੂੰ ਇਹ ਸਮਝ ਵਿਚ ਨਹੀਂ ਆਉਂਦਾ ਕਿ ਉਨ੍ਹਾਂ ਦੇ ਕੰਮਾਂ ਦੇ ਕੀ ਨਤੀਜੇ ਹੋਣਗੇ। ਉਦਾਹਰਣ ਦੇ ਲਈ, ਕੁਝ ਬਲਾਤਕਾਰ ਦੇ ਪ੍ਰਕਰਨਾਂ ਵਿਚ ਅਪਰਾਧੀਆਂ ਅਤੇ ਪੀੜਤਾ ਦੇ ਨਾਲ ਬਲਾਤਕਾਰ ਉਸ ਸਮੇਂ ਕੀਤਾ ਜਦ ਉਨ੍ਹਾਂ ਇੰਨੀ ਸ਼ਰਾਬ ਪੀ ਲਈ ਸੀ ਕਿ ਉਹ ਨਸ਼ੇ ਅਤੇ ਭਾਵਾਤਮਕ ਉੱਤੇਜਨਾ ਦੀ ਹਾਲਤ ਵਿਚ ਸਨ। ਉਹ ਆਪਣਾ ਆਤਮ ਸੰਜਮ ਗੁਆ ਚੁਕੇ ਸਨ ਅਤੇ ਉਨ੍ਹਾਂ ਦੇ ਆਕ੍ਰਮਕ ਸੁਪਨਚਿੱਤਰ ਕਾਮ-ਵਾਸਨਾ ਨਾਲ ਪ੍ਰਾਗੜ ਰੂਪ ਵਿਚ ਆਪਸ ਵਿਚ ਮਿਲ ਗਏ ਸਨ ਜਿਨ੍ਹਾਂ ਨੇ ਬਾਅਦ ਵਿਚ ਅਨੁੱਤਰਦਾਈ ਕੰਮਾਂ ਦਾ ਰੂਪ ਧਾਰਣ ਕੀਤਾ। ਸ਼ਰਾਬ ਨਾਲ ਸੰਬੰਧਤ ਯੌਨ ਅਪਰਾਧ ਸਮੇਂ, ਸਥਾਨ ਅਤੇ ਪਰਿਸਥਿਤੀਆਂ ਦੀ ਅਵਿਵੇਚਿਤ ਉਪੇਕਸ਼ਾ ਦਾ ਉਦਾਹਰਣ ਦਿੰਦੇ ਹਨ।

ਪਤਨੀ ਨੂੰ ਕੁੱਟਣ ਅਤੇ ਹੱਤਿਆ ਦੇ ਕੁਝ ਪ੍ਰਕਰਨਾਂ ਵਿਚ ਸ਼ਰਾਬੀਪਨ ਅਤੇ ਹਿੰਸਾ ਵਿਚ ਅਜਿਹਾ ਹੀ ਸੰਬੰਧ ਪ੍ਰਦਰਸ਼ਿਤ ਹੋਇਆ। ਮੈਂ ਆਪਣੇ ਅਧਿਐਨ ਵਿਚ ਪਾਇਆ ਹੈ ਕਿ ਕੇਵਲ 31.7% ਪ੍ਰਕਰਨਾਂ ਵਿਚ ਪਤਨੀ ਨੂੰ ਕੁੱਟਣਾ ਅਤੇ ਸ਼ਰਾਬ ਪੀਣਾ ਨਾਲ-ਨਾਲ ਚਲਦੇ ਹਨ, ਇਨਵਰਮੇਨ ਅਤੇ ਮਨਸਨ ਨੇ ਇਸ ਨੂੰ 93.0% ਪ੍ਰਕਰਨਾਂ ਵਿਚ ਪਾਇਆ, ਉਲਫਗੈਂਗ (1978) ਨੇ 67.0% ਪ੍ਰਕਰਨਾਂ ਵਿਚ, ਅਤੇ ਹਿੰਕਿਲਬਰਗ (1973) ਨੇ 71.0% ਪ੍ਰਕਰਨਾਂ ਵਿਚ।

ਸਾਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਜਦ ਅਸੀਂ ਹਿੰਸਾ ਅਤੇ ਸ਼ਰਾਬੀਪਨ ਵਿਚ ਪਰਸਪਰ ਸੰਬੰਧ ਦਸਦੇ ਹਾਂ ਤਾਂ ਅਸੀਂ ਖੂਨ ਵਿਚ ਸ਼ਰਾਬ ਦੇ ਮਾਪ ਦੇ ਸਥਾਨ ਉੱਤੇ ਸਿਰਫ ਸ਼ਰਾਬ ਦੇ ਉਪਯੋਗ ਦੀ ਸੂਚਾ ਉੱਤੇ ਹੀ ਨਿਰਭਰ ਰਹਿੰਦੇ ਹਾਂ। ਵਾਸਤਵ ਵਿਚ ਖੂਨ ਅਤੇ ਸ਼ਰਾਬ ਦਾ ਗਾੜ੍ਹਾਪਨ (Blood Alcohol Concentratin or BAC) ਪਿਟਾਈ ਨੂੰ ਸ਼ਰਾਬ ਦੇ ਪ੍ਰਭਾਵ ਤੋਂ ਸੰਬਧ ਕਰਨ ਦਾ ਆਧਾਰ ਹੋਣਾ ਚਾਹੀਦਾ। ਜੇਕਰ ਬੀ.ਏ.ਸੀ. ਜ਼ਿਆਦਾ ਹੋਵੇਗਾ ਤਾਂ ਵਿਅਕਤੀ ਦੀ ਦੂਜਿਆਂ ਨੂੰ ਸਰੀਰਕ ਚੋਟ ਪਹੁੰਚਾਉਣ ਦੀ ਸ਼ਕਤੀ ਘੱਟ ਹੋ ਜਾਏਗੀ। ਫਿਰ ਵੀ ਅਸੀਂ ਮੰਨਦੇ ਹਾਂ ਕਿ ਬੀ.ਏ.ਸੀ. ਦਾ ਸਤਰ ਇੰਨਾ ਹੋਣਾ ਚਾਹੀਦਾ ਹੈ ਕਿ ਅਪਰਾਧੀ ਇਸ ਹੱਦ ਤਕ ਹੀ ਆਪਣੇ ਉੱਤੇ ਨਿਅੰਤ੍ਰਣ ਖੋ ਦੇਵੇ ਕਿ ਉਹ ਆਪਣੇ ਕੰਮਾਂ ਦੇ ਨਤੀਜਿਆਂ ਦੇ ਬਾਰੇ ਵਿਚ ਸੋਚ ਪਾਏ। ਉਹ ਕੇਵਲ ਇਸੇ ਮਨੋਦਸ਼ਾ ਵਿਚ ਹਿੰਸਾਤਮਕ ਹੁੰਦਾ ਹੈ।

ਇਹ ਸਪਸ਼ਟ ਨਹੀਂ ਹੈ ਕਿ ਕੀ ਸ਼ਰਾਬ ਹਿੰਸਾ-ਪੂਰਣ ਵਿਵਹਾਰ ਨੂੰ ਪ੍ਰਤੱਖ ਰੀਤੀ ਨਾਲ ਭੜਕਾਉਂਦੀ ਹੈ ਜਾਂ ਉਹ ਮੁੱਖ ਰੂਪ ਤੋਂ ਪਹਿਲਾਂ ਤੋਂ ਹੀ ਵਿਦਮਾਨ ਆਕ੍ਰਮਣਸ਼ੀਲ ਪ੍ਰਵਿਰਤੀਆਂ ਦੀ ਅੰਤਰਬਾਧਾ ਨੂੰ ਖਤਮ ਕਰਨ ਦਾ ਕੰਮ ਕਰਦੀ ਹੈ। ਦੂਜੀ ਪਰਿਕਲਪਨਾ ਕਦਾਚਿਤ ਇਸ ਵਿਚਾਰ ਨੂੰ ਸਮਰਥਨ ਦਿੰਦੀ ਹੈ ਕਿ ਕੁਝ ਹਿੰਸਾ ਦੇ ਅਪਰਾਧ ਕਰਤਾ ਵਿਅਕਤੀਆਂ ਦੇ ਵਿਰੁਧ ਹਿੰਸਾ ਦਾ ਪ੍ਰਯੋਗ ਕਰਨ ਤੋਂ ਪਹਿਲਾਂ ਸਾਹਸ ਜੁਟਾਉਣ ਦੇ ਲਈ ਸ਼ਰਾਬ ਪੀਂਦੇ ਹਨ। ਪਰੰਤੂ ਮੇਰੇ ਅਧਿਐਨ ਵਿਚ ਇਕ ਵੀ ਕੇਸ ਅਜਿਹਾ ਨਹੀਂ ਆਇਆ ਜਿਸ ਵਿਚ ਹਮਲਾਵਰ 'ਪੀੜਤ ਮਹਿਲਾ' ਉੱਤੇ ਹਮਲਾ ਕਰਨ ਦੇ ਵਿਸ਼ੇਸ਼ ਉਦੇਸ਼ ਨਾਲ ਮਦਹੋਸ਼ ਹੋ ਗਿਆ ਹੋਵੇ। ਫਿਰ ਵੀ ਅਸੀਂ ਅਜਿਹਾ ਕੋਈ ਸਬੂਤ ਨਹੀਂ ਦੇ ਸਕਦੇ ਕਿ ਸਿਰਫ਼ ਸ਼ਰਾਬ ਪੀਣ ਨਾਲ ਹੀ ਹਿੰਸਾ ਪੂਰਨ ਵਿਵਹਾਰ ਭੜਕਦਾ ਹੈ। ਅਜਿਹੇ ਕਈ ਵਿਅਕਤੀ ਹਨ ਜੋ ਸ਼ਰਾਬ ਦਾ ਸੇਵਨ ਕਰਦੇ ਹਨ ਪਰੰਤੂ ਹਿੰਸਾਤਮਕ ਨਹੀਂ ਹੁੰਦੇ। ਇਸ ਲਈ ਮਹਿਲਾਵਾਂ ਦੇ ਵਿਰੁੱਧ ਹਿੰਸਾ ਵਿਚ ਸ਼ਰਾਬ ਦੇ ਪ੍ਰਯੋਗ ਨੂੰ 'ਪ੍ਰਮੁੱਖ' ਕਾਰਕ ਨਾ ਮੰਨ ਕੇ ਸਿਰਫ਼ 'ਸਹਿਯੋਗੀ' ਕਾਰਕ ਹੀ ਮੰਨਿਆ ਜਾ ਸਕਦਾ ਹੈ।

13. **ਮਹਿਲਾਵਾਂ ਦੇ ਪ੍ਰਤੀ ਵਿਦ੍ਵੇਸ਼ (Histility Towards Women)—**ਮਹਿਲਾਵਾਂ ਦੇ ਵਿਰੁੱਧ ਹਿੰਸਾ ਦੇ ਪ੍ਰਤੀਵੇਦਿਤ (Reported) ਮਾਮਲਿਆਂ ਵਿਚ ਕੁਝ ਅਜਿਹੇ ਹਨ ਜਿਨ੍ਹਾਂ ਵਿਚ ਆਕ੍ਰਮਣਕਾਰੀ ਕਿਸੇ ਵੀ ਤਰਕ ਨਾਲ ਪ੍ਰਭਾਵਿਤ ਨਹੀਂ ਹੁੰਦੇ ਅਤੇ ਉਹ ਉਨ੍ਹਾਂ ਦੇ ਵਿਰੁਧ ਬਹੁਤ ਕਰੂਰਤਾ ਨਾ ਵਿਦ੍ਵੇਸ਼ਪੂਰਨ ਕੰਮ ਕਰਨ ਦਾ ਅਲਾਵਾ ਹੋਰ ਕੁਝ ਨਹੀਂ ਕਰਨੇ। ਉਨ੍ਹਾਂ ਵਿਚ ਕੁਝ ਵਿਚ ਮਹਿਲਾਵਾਂ ਦੇ ਪ੍ਰਤੀ ਘਿਰਣਾ ਅਤੇ ਦ੍ਵੇਸ਼ ਦੇ ਭਾਵਨਾਵਾਂ ਇੰਨੀ ਗਹਿਰਾਈ ਨਾਲ ਗੱਢੀਆਂ ਹੁੰਦੀਆਂ ਸਨ ਕਿ ਉਨ੍ਹਾਂ ਦੇ ਹਿੰਸਾ ਪੂਰਨ ਕੰਮ ਦਾ ਮੂਲ ਉਦੇਸ਼ ਪੀੜਤ ਮਹਿਲਾ ਨੂੰ ਅਪਮਾਨਿਤ ਕਰਨ ਦੇ ਅਲਾਵਾ ਕੁਝ ਹੋਰ ਨਹੀਂ ਕਿਹਾ

ਨੋਟ

ਜਾ ਸਕਦਾ। ਜੇਕਰ ਪਰਿਸਥਿਤੀ ਹੀ ਕੇਵਲ ਪ੍ਰੇਰਣਾ ਦਾ ਕਾਰਕ ਹੁੰਦੀ ਤਾਂ ਇਹ ਸਮਝਣਾ ਮੁਸ਼ਕਲ ਹੋ ਜਾਂਦਾ ਕਿ ਜਦ ਜ਼ਿਆਦਾਤਰ 'ਅਪਰਾਧੀ' 'ਆਮ' ਵਿਅਕਤੀ ਸਮਝੇ ਜਾਂਦੇ ਹਨ ਤਾਂ ਉਹ ਹਿੰਸਕ ਕੰਮ ਕਰਨ ਨੂੰ ਕਿਉਂ ਮਜਬੂਰ ਹੋ ਜਾਂਦੇ ਹਨ। ਕਦਾਚਿਤ ਅਜਿਹੇ ਪ੍ਰਕਰਨਾਂ ਵਿਚ ਪੀੜਤ ਨੂੰ ਅਪਮਾਨਿਤ ਕਰਨ ਨਾਲ ਜੋ ਖੁਸ਼ੀ ਮਿਲਦੀ ਹੈ ਉਸ ਨੂੰ ਪ੍ਰਾਪਤ ਕਰਨ ਦੀ ਇੱਛਾ ਉਨ੍ਹਾਂ ਵਿਚ ਜ਼ਿਆਦਾ ਪ੍ਰਬਲ ਸੀ।

14. **ਪਰਿਸਥਿਤੀ-ਵਸ਼ ਪ੍ਰੇਰਣਾ (Situational Urge)**—ਇਸ ਸ਼੍ਰੇਣੀ ਵਿਚ ਉਨ੍ਹਾਂ ਪ੍ਰਕਰਨਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ ਜਿੱਥੇ ਅਪਰਾਧ ਨਾ ਤਾਂ ਪੀੜਤ ਦੇ ਵਿਵਹਾਰ ਦੇ ਕਾਰਣ ਕੀਤਾ ਜਾਂਦਾ ਹੈ ਅਤੇ ਨਾ ਹੀ ਅਪਰਾਧੀ ਦੇ ਮਨੋਰੋਗਾਤਮਕ ਵਿਅਕਤੀਤਵ ਦੇ ਕਾਰਣ, ਅਚਾਨਕਚਕ ਕਾਰਕਾਂ ਦੇ ਕਾਰਣ, ਜੋ ਅਜਿਹੀ ਪਰਿਸਥਿਤੀਆਂ ਉਤਪੰਨ ਕਰ ਦਿੰਦੇ ਹਨ ਜਿਨ੍ਹਾਂ ਦੇ ਨਤੀਜੇ ਵਜੋਂ ਹਿੰਸਾ ਹੁੰਦੀ ਹੈ। ਉਦਾਹਰਣ ਲਈ ਇਕ ਪਤਨੀ ਦੇ ਪਿਟਾਈ ਦੇ ਪ੍ਰਕਰਨ ਵਿਚ ਹੋ ਹੀ ਸਕਦਾ ਹੈ ਕਿ ਪੈਸੇ ਦੇ ਮਾਮਲਿਆਂ ਵਿਚ ਝਗੜਾ ਜਾਂ ਪਤੀ ਦੇ ਮਾਤਾ-ਪਿਤਾ ਦੇ ਨਾਲ ਦੁਰਵਿਹਾਰ ਦੇ ਕਾਰਣ ਝਗੜਾ ਪਤੀ ਨੂੰ ਪਤਨੀ ਉੱਤੇ ਹਮਲਾ ਕਰਨ ਲਈ ਭੜਕਾ ਦੇਵੇ; ਜਾਂ ਬਲਾਤਕਾਰ ਦੇ ਪ੍ਰਕਰਨ ਵਿਚ ਇਕ ਆਦਮੀ ਅਚਾਨਕ ਉਸਦੇ ਪੜੋਸੀ ਦੇ ਪਿੰਡ ਦੀ ਇਕ ਪਰੀਚਿਤ ਇਸਤ੍ਰੀ ਨੂੰ ਖੇਤ ਵਿਚ ਮਿਲਦਾ ਹੈ ਅਤੇ ਗੱਲਬਾਤ ਆਰੰਭ ਕਰ ਦਿੰਦਾ ਹੈ ਅਤੇ ਅੰਤ ਵਿਚ ਉਸ ਨੂੰ ਆਪਣੀ ਗੱਲ ਮਨਵਾਉਣਾ ਚਾਹੁੰਦਾ ਹੈ; ਜਾਂ ਇਕ ਪੁਰਸ਼ ਮਾਲਿਕ ਇਕ ਇਸਤ੍ਰੀ ਕਰਮਚਾਰੀ ਨੂੰ ਆਪਣੇ ਦਫ਼ਤਰ/ਕਾਰਖ਼ਾਨੇ ਵਿਚ ਸ਼ਾਮ ਨੂੰ ਇਕੱਲਾ ਪਾ ਕੇ ਉਸਦਾ ਫਾਇਦਾ ਚੁਕਦਾ ਹੈ; ਜਾਂ ਇਕ ਜਵਾਨ ਲੜਕੀ ਆਪਣੇ ਪਿਤਾ ਦੇ ਘਰ ਤੋਂ ਭੱਜ ਜਾਂਦੀ ਹੈ ਅਤੇ ਇਕ ਟ੍ਰਕ ਵਿਚ ਚੜ੍ਹ ਜਾਣਾ ਸਵੀਕਾਰ ਕਰ ਲੈਂਦੀ ਹੈ ਅਤੇ ਟ੍ਰਕ ਦਾ ਡਰਾਈਵਰ ਸਥਿਤੀ ਦਾ ਫਾਇਦਾ ਉਠਾ ਕੇ ਉਸ ਨਾਲ ਬਲਾਤਕਾਰ ਕਰ ਲੈਂਦਾ ਹੈ। ਇਨ੍ਹਾਂ ਸਾਰੇ ਪ੍ਰਕਰਨਾਂ ਵਿਚ ਅਪਰਾਧੀਆਂ ਨੇ ਹਿੰਸਾ ਪੂਰਨ ਕੰਮਾਂ ਦੀ ਯੋਜਨਾ ਨਹੀਂ ਬਣਾਈ ਸੀ। ਪਰੰਤੂ ਜਦ ਉਨ੍ਹਾਂ ਨੂੰ ਪਰਿਸਥਿਤੀ ਸਹਾਇਕ ਜਾਂ ਉਕਸਾਉਣ ਵਾਲੀ ਲਗੀ ਤਾਂ ਉਨ੍ਹਾਂ ਨੇ ਹਿੰਸਾ ਦਾ ਪ੍ਰਯੋਗ ਕੀਤਾ। ਇਨ੍ਹਾਂ ਹਿੰਸਾਤਮਿਕ ਕੰਮਾਂ ਦੇ ਅਲਾਵਾ ਇਹ ਅਪਰਾਧੀ ਵਿਚਲਿਤ ਵਿਵਹਾਰ ਦਾ ਜੀਵਨ ਬਤੀਤ ਨਹੀਂ ਕਰ ਰਹੇ ਸਨ।

15. **ਵਿਅਕਤੀਤਵ ਦੀ ਵਿਸ਼ੇਸ਼ਤਾਵਾਂ (Personality Traits)**—ਹਿੰਸਾ-ਪ੍ਰਵਿਰਤ ਵਿਅਕਤੀਤਵ ਦੀ ਪਛਾਣ ਕਰਨ ਵਾਲੀ ਵਿਸ਼ੇਸ਼ਤਾਵਾਂ ਇਹ ਹਨ; ਬਹੁਤ ਜ਼ਿਆਦਾ ਸ਼ੱਕੀ, ਵਾਸਨਾਮਈ, ਪ੍ਰਭਾਵੀ, ਵਿਵੇਕਹੀਣ, ਵਿਆਭਿਚਾਰ, ਆਸਾਨੀ ਨਾਲ ਭਾਵਾਤਮਕ ਰੂਪ ਨਾਲ ਅਸ਼ਾਂਤ, ਈਰਖਾਲੂ, ਸਵਤਵਾਤਮਕ (Possessive) ਅਤੇ ਬੇਇੰਸਾਫ। ਜੋ ਵਿਸ਼ੇਸ਼ਤਾਵਾਂ ਆਰੰਭਕ ਜੀਵਨ ਵਿਚ ਵਿਕਸਿਤ ਹੋ ਜਾਂਦੀਆਂ ਹਨ, ਇਹ ਵਿਅਸਕਤਾ ਵਿਚ ਇਕ ਦੇ ਆਕ੍ਰਮਣਸ਼ੀਲ ਵਿਵਹਾਰ ਨੂੰ ਪ੍ਰਭਾਵਤ ਕਰਨੀਆਂ ਹਨ। ਆਕ੍ਰਮਕ ਦਾ ਬੱਚੇ ਦੇ ਰੂਪ ਵਿਚ ਦੁਰਵਿਹਾਰ ਅਤੇ/ਜਾਂ ਬਚਪਨ ਵਿਚ ਹਿੰਸਾ ਦੇ ਪ੍ਰਭਾਵ ਵਿਚ ਆਉਣ ਨੂੰ ਉਸਦੇ ਹਿੰਸਾਤਮਿਕ ਵਿਵਹਾਰ ਦਾ ਅਧਿਐਨ ਕਰਨੇ ਸਮੇਂ ਪਰੀਖਣ ਜਰੂਰ ਕਰਨਾ ਚਾਹੀਦਾ ਹੈ। ਉਦਾਹਰਣ ਲਈ ਕੁਝ ਪਤਨੀ ਨੂੰ ਕੁੱਟਣ ਵਾਲਿਆਂ ਦੇ ਪ੍ਰਕਰਨ ਵਿਚ ਉਨ੍ਹਾਂ ਬਚਪਨ, ਕਿਸ਼ੋਰ ਅਵਸਥਾ ਅਤੇ ਵਿਅਸਕਤਾ ਦੇ ਆਰੰਭਕ ਸਾਲਾਂ ਦੇ ਅਨੁਭਵ ਇਹ ਦੱਸਦੇ ਹਨ ਕਿ ਉਨ੍ਹਾਂ ਨੇ ਸਾਰੇ ਭਾਵਾਤਮਕ ਰੂਪ ਤੋਂ ਦੁਖਦ ਸੰਕੇਤਾਂ ਦੇ ਜਵਾਬ ਰੋਸ਼ਪੂਰਣ ਅਤੇ ਹਿੰਸਾਤਮਿਕ ਵਿਵਹਾਰ ਤੋਂ ਦੇਣਾ ਸਿਖਿਆ। ਦੁਖੀ ਪਰਿਵਾਰਕ ਜੀਵਨ, ਜਿਸ ਵਿਚ ਸਰੀਰਕ ਨਿਰਦਈ ਜਾਂ ਭਿਅੰਕਰ ਭਾਵਾਤਮਕ ਤਿਰਸਕਾਰ (Rejection) ਰਿਹਾ ਹੋਵੇ, ਜ਼ਿਆਦਾਤਰ ਆਕ੍ਰਮਕਾਂ ਦੇ ਪ੍ਰਕਰਨ ਵਿਚ ਇਹ ਨਿਯਮ ਬਣ ਜਾਂਦਾ ਹੈ। ਕੁਝ ਵਿਅਸਕ ਆਕ੍ਰਮਕਾਂ ਨੇ ਆਪਣੇ ਬਚਪਨ/ਕਿਸ਼ੋਰ ਅਵਸਥਾ ਵਿਚ ਆਪਣੇ ਪਰਿਵਾਰ ਵਿਚ ਅਜਿਹੀ ਪਰਿਸਥਿਤੀਆਂ ਦਾ ਸਾਮ੍ਹਣਾ ਕੀਤਾ ਜਾਂਦਾ ਹੈ, ਜਿਨ੍ਹਾਂ ਵਿਚ ਉਨ੍ਹਾਂ ਨੇ ਸਦੈਵ ਮਾਤਾ-ਪਿਤਾ ਨੂੰ ਇਕ ਦੂਜੇ ਉੱਤੇ ਚੀਕਦੇ ਹੋਏ ਸੁਣਿਆ ਅਤੇ ਛੋਟੇ ਤੋਂ ਛੋਟੇ ਬਹਾਨੇ ਉੱਤੇ ਉਨ੍ਹਾਂ ਦੇ ਪਿਤਾ ਦੁਆਰਾ ਉਨ੍ਹਾਂ ਦੀ (ਬੱਚਿਆਂ ਦੀ) ਪਿਟਾਈ ਹੋਈ। ਅਕਸਰ ਉਨ੍ਹਾਂ ਦੇ ਪਿਤਾ ਸ਼ਰਾਬ ਦੇ ਨਸ਼ੇ ਵਿਚ ਧੁਤ ਘਰ ਲੌਟਦੇ ਅਤੇ ਸਾਰੇ ਵਿਚ ਚੀਕਦੇ ਹੋਏ ਅਤੇ ਚੀਜ਼ਾਂ ਨੂੰ ਤੋੜਦੇ ਹੋਏ ਘੁੰਮਦੇ ਰਹਿੰਦੇ। ਹਿੰਸਾ-ਪੂਰਣ ਘਰ ਵਿਚ ਪਲਣ ਦੇ ਨਤੀਜੇ ਵਜੋਂ ਵਿਅਕਤੀਆਂ ਦਾ ਜਰੂਰੀ ਰੂਪ ਵਿਚ ਵਿਵਹਾਰ ਹਿੰਸਾ ਪੂਰਨ ਹੋ ਜਾਂਦਾ ਹੈ। ਅਤੇ ਇਹ ਵਿਅਕਤੀ ਵਿਅਸਕ ਜੀਵਨ ਵਿਚ ਆਕ੍ਰਮਕ ਹੋ ਜਾਂਦੇ ਹਨ। ਐਲਫੇਰੋ (1978), ਪੌਟਸ, ਹਰਜਬਰਗਰ ਅਤੇ ਹਾਲੈਂਡ (1979) ਅਤੇ ਫੇਂਗਨ, ਸਟੁਵਰਟ ਅਤੇ ਹੇਂਸਨ (1981) ਨੇ ਵੀ ਹਿੰਸਾਤਮਕ ਪੁਰਸ਼ਾਂ ਅਤੇ ਉਨ੍ਹਾਂ ਦੇ ਬੱਚਿਆਂ ਉੱਤੇ ਕੀਤੇ ਆਪਣੇ ਅਨੁਭਵਿਕ ਅਧਿਐਨਾਂ ਵਿਚ ਵੀ ਇਸ ਪ੍ਰਕਾਰ ਦਾ ਪਾਰਸਪਰਿਕ ਸੰਬੰਧ ਦੱਸਿਆ ਹੈ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਆਕ੍ਰਮਕਾਂ ਦੀ ਵੱਡੀ ਸੰਖਿਆ ਬਾਲ ਦੁਰਵਿਹਾਰ ਅਤੇ ਪਰਿਵਾਰਕ ਹਿੰਸਾ ਦੀ ਸ਼ਿਕਾਰ ਹੁੰਦੀ ਹੈ ਅਤੇ ਬੱਚੇ ਦੇ ਰੂਪ ਵਿਚ ਜੇਕਰ ਕੋਈ ਹਿੰਸਾ ਤੋਂ ਪ੍ਰਭਾਵਿਤ ਹੁੰਦਾ ਹੈ ਤਾਂ ਸਾਧਾਰਣ ਤੌਰ ਤੇ ਉਸਦੀ ਵਿਅਸਕ ਅਵਸਥਾ ਵਿਚ ਹਿੰਸਾਤਮਕ ਹੋ ਜਾਣ ਦੀ ਸੰਭਾਵਨਾ ਵਧ ਜਾਂਦੀ ਹੈ।

16. **ਹਿੰਸਾ-ਪੂਰਣ ਵਿਵਹਾਰ ਦੀ ਸੈਧਾਂਤਿਕ ਵਿਆਖਿਆ (Theoretical Explanation of Violent Behaviour)**—ਹਿੰਸਾ ਉੱਤੇ ਜੋ ਸੈਧਾਂਤਿਕ ਗੱਲਾਂ ਸਾਹਮਣੇ ਆਉਂਦੀਆਂ ਹਨ ਉਹ ਹਨ: ਕੀ ਹਿੰਸਾ ਭੜਕਾਉਣ ਦੀ ਇਕ ਆਮ ਪ੍ਰਤੀਕ੍ਰਿਆ ਹੈ, ਜਾਂ ਉਹ ਕਿਸੇ ਮਾਨਸਿਕ ਵਿਕ੍ਰਤੀ ਨੂੰ ਕੱਢਣ ਦਾ ਇਕ ਤਰੀਕਾ ਹੈ, ਜਾਂ ਉਹ ਕਿਸੀ ਉਦੇਸ਼ ਜਾਂ ਪੁਰਸਕਾਰ ਦੀ ਪ੍ਰਾਪਤ ਦੇ ਲਈ ਇਕ ਉਪਕਰਨ ਹੈ, ਜਾਂ ਉਹ ਇਕ ਅਜਿਹੀ ਪ੍ਰਤੀਕ੍ਰਿਆ ਹੈ ਜੋ ਉਨ੍ਹਾਂ ਪ੍ਰਤੀਮਾਨਾਂ ਦੇ ਅਨੁਰੂਪ ਹਨ ਜੋ ਇਸਦੇ ਪ੍ਰਯੋਗ ਦਾ ਸਮਰਥਨ ਕਰਨੇ ਹਨ? ਇਨ੍ਹਾਂ ਸਭ ਦੀ ਵਿਆਖਿਆ ਕਰ ਦਿੱਤੀ ਗਈ ਹੈ। ਮੇਰਾ

ਨੋਟ

ਆਪਣਾ ਵਿਚਾਰਕ ਢਾਂਚਾ (Conceptual Framework) ਇਕ ਸਮਸ਼ਟੀਵਾਦੀ (Hoslistic) ਉਪਾਗਮ ਉੱਤੇ ਆਧਾਰਿਤ ਹੈ ਅਤੇ ਉਸ ਨੂੰ "ਸਮਾਜਿਕ ਬੰਧਨ" ਸਿਧਾਂਤ (Social Bond Theory) ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ ਜੋ ਹਿੰਸਾ-ਪੂਰਣ ਵਿਵਹਾਰ ਨੂੰ ਕਾਫ਼ੀ ਹੱਦ ਤਕ ਸਮਝਾਉਂਦਾ ਹੈ।

ਮਨੋਚਿਕਿਤਸਕ (Psychiatric) ਵਿਚਾਰਧਾਰਾ ਆਕ੍ਰਮਕ ਦੇ ਵਿਅਕਤੀਤਵ ਦੀ ਵਿਸ਼ੇਸ਼ਤਾਵਾਂ ਨੂੰ ਅਪਰਾਧਕ ਹਿੰਸਾਤਮਿਕ ਵਿਵਹਾਰ ਦਾ ਪ੍ਰਮੁੱਖ ਨਿਰਣਾਇਕ ਮੰਨ ਕੇ ਆਪਣਾ ਅਧਿਐਨ ਕੇਂਦਰ ਬਣਾਉਂਦੀ ਹੈ। ਸਮਾਜਿਕ-ਮਨੋਵਿਗਿਆਨ ਵਿਚਾਰਧਾਰਾ ਮੰਨਦੀ ਹੈ ਕਿ ਅਪਰਾਧਿਕ ਹਿੰਸਾ ਨੂੰ ਉਨ੍ਹਾਂ ਬਾਹਰੀ ਵਾਤਾਵਰਣ ਦੇ ਕਾਰਕਾਂ, ਜੋ ਇਕ ਆਕ੍ਰਮਕ ਉੱਤੇ ਪ੍ਰਭਾਵ ਪਾਉਂਦੇ ਹਨ, ਦੇ ਵਿਸ਼ਲੇਸ਼ਣ ਕਰਨ ਨਾਲ ਸਭ ਤੋਂ ਚੰਗੇ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਇਹ ਮਾਡਲ ਪ੍ਰਤੀ ਦਿਨ ਦੀ ਪਾਰਸਪਰਿਕ ਕ੍ਰਿਆਵਾਂ ਦੇ ਰੂਪਾਂ (ਜਿਵੇਂ ਤਣਾਅਪੂਰਣ ਪਰਿਸਥੀਤੀਆਂ ਜਾਂ ਪਰਿਵਾਰ ਦੇ ਪਾਰਸਪਰਿਕ ਕ੍ਰਿਆਵਾਂ ਦੇ ਸਰੂਪ) ਦਾ ਵੀ ਪਰੀਖਣ ਕਰਨਾ ਹੈ ਜੋ ਹਿੰਸਾ ਦੇ ਪੁਰੋਗਾਮੀ (Precursors) ਹੁੰਦੇ ਹਨ। ਬਹੁਤ ਜਿਹੇ ਸਿਧਾਂਤ, ਜਿਵੇ ਂ ਨਿਰਾਸ਼ਤਾ-ਆਕ੍ਰਮਣ ਸਿਧਾਂਤ, ਵਿਕ੍ਰਤੀ ਸਿਧਾਂਤ, ਆਤਮ-ਅਭਿਵ੍ਰਿਤੀ ਦਾ ਸਿਧਾਂਤ ਅਤੇ ਅਭਿਪ੍ਰਾਏ ਆਰੋਪਣ ਸਿਧਾਂਤ ਵੀ ਸਮਾਜਿਕ-ਮਨੋਵਿਗਿਆਨਕ ਪੱਧਰ ਦੇ ਵਿਸ਼ਲੇਸ਼ਣ ਦੇ ਖੇਤਰ ਵਿਚ ਆਉਂਦੇ ਹਨ। ਸਮਾਜ ਸ਼ਾਸਤਰੀ ਵਿਚਾਰਧਾਰਾ ਅਪਰਾਧਿਕ ਹਿੰਸਾ ਦਾ ਵੱਡੇ ਪੱਧਰ ਤੇ ਵਿਸ਼ਲੇਸ਼ਣ ਕਰਨੀ ਹੈ। ਇਨ੍ਹਾਂ ਦੇ ਅਲਾਵਾ ਹਿੰਸਾ ਦੀ ਉਪ ਸੰਸਕ੍ਰਿਤੀ ਦਾ ਸਿਧਾਂਤ, ਸਿੱਖਣ ਦਾ ਸਿਧਾਂਤ, ਮਾਨਕਸ਼ੁਨਿਆ (ਏਨੋਮੀ) ਦਾ ਸਿਧਾਂਤ, ਅਤੇ ਸੰਸਾਧਨ ਸਿਧਾਂਤ ਵੀ ਸਮਾਜਿਕ-ਸਾਂਸਕ੍ਰਿਤਿਕ ਵਿਸ਼ਲੇ ਸ਼ਣ ਦੇ ਖੇਤਰ ਵਿਚ ਆਉਂਦੇ ਹਨ। ਮਹਿਲਾਵਾਂ ਦੇ ਵਿਰੁਧ ਹਿੰਸਾ (ਅਪਰਾਧ) ਉੱਤੇ ਮੇਰੇ ਅਨੁਭਾਵਿਕ ਅਧਿਐਨ ਵਿਚ ਇਕ ਨਵੇਂ ਸਿਧਾਂਤਕ ਉਪਾਗਮ ਨੂੰ ਵਿਕਸਿਤ ਕਰਨ ਦੇ ਲਈ ਮੇਰੇ ਸਾਮ੍ਹਣੇ ਦੋ ਵਿਕਲਪ ਸਨ: ਇਕ ਤਾਂ 'ਹਿੰਸਾ ਜੋ ਪਰਿਵਾਰ ਦੇ ਅੰਦਰ ਹੁੰਦੀ ਹੈ' (Intra-Family Violence) ਅਤੇ 'ਹਿੰਸਾ ਜੋ ਪਰਿਵਾਰ ਦੇ ਬਾਹਰ ਹੁੰਦੀ ਹੈ' (Violence Exogenous to Family) ਨੂੰ ਅਲੱਗ-ਅਲੱਗ ਤੋਂ ਲੈਣਾ ਅਤੇ ਦੂਜਾ, ਸਭ ਸਰਕਾਰ ਦੀ ਹਿੰਸਾ ਨੂੰ ਸ਼ਾਮਲ ਕਰਨਾ ਅਤੇ 'ਮਹਿਲਾਵਾਂ ਦੇ ਵਿਰੁਧ ਹਿੰਸਾ' ਉੱਤੇ ਇਕ ਸਿਧਾਂਤ ਮਨਾਉਣਾ। ਮੈਂ ਦੂਜੇ ਉਪਾਗਮ ਦਾ ਉਪਯੋਗ ਕੀਤਾ ਅਤੇ ਇਸ ਵਿਚ ਮੈਂ ਹਿਰਸ਼ੀ, ਸ਼ੁਲਟਨ ਆਦਿ ਸਮਾਜ ਸ਼ਾਸਤਰੀਆਂ ਅਤੇ ਅਪਰਾਧ ਸ਼ਾਸਤਰੀਆਂ ਦੀ ਕੁਝ ਅਵਧਾਰਣਾਵਾਂ ਦਾ ਪ੍ਰਯੋਗ ਕੀਤਾ।

ਇਕ ਵਿਅਕਤੀ ਦੇ ਵਿਰੁੱਧ ਜਰੂਰੀ ਰੂਪ ਦੇ ਤੋਂ 'ਕਿਸੇ ਦੇ ਦੁਆਰਾ ਹਿੰਸਾ' ਅਤੇ 'ਕਿਸੇ ਦੇ ਵਿਰੁੱਧ ਹਿੰਸਾ' ਹੈ। ਇਸ ਤਰ੍ਹਾਂ ਮਹਿਲਾਵਾਂ ਦੇ ਵਿਰੁੱਧ ਹਿੰਸਾ ਨੂੰ 'ਇਕ ਵਿਅਕਤੀ ਦੁਆਰਾ ਇਕ ਵਿਅਕਤੀ ਦੇ ਵਿਰੁੱਧ ਹਿੰਸਾ' ਸਮਝਿਆ ਜਾਣਾ ਚਾਹੀਦਾ ਹੈ। ਇਸ ਦੇ ਉਲਟ ਵਿਚ 'ਇਕ ਸਮੂਹ ਦੇ ਵਿਰੁੱਧ ਹਿੰਸਾ' ਹੁੰਦੀ ਹੈ। ਇਕ ਵਿਅਕਤੀ ਦੁਆਰਾ ਹਿੰਸਾ ਵਿਚ ਉਸ (ਹਿੰਸਾ) ਦੀ ਉਤਪਤੀ ਤੇ ਸਰੂਪ ਨੂੰ ਆਪ ਵਿਅਕਤੀ ਵਿਚ ਅਤੇ ਉਸਦੀ ਪਰਿਸਥਿਤੀ ਵਿਚ ਹੀ ਨਿਰਧਾਰਿਤ ਕੀਤਾ ਜਾਣਾ ਚਾਹੀਦਾ ਹੈ। ਇਸ ਉਪਾਗਮ ਵਿਚ ਇਕ ਵਿਅਕਤੀ ਦੇ ਨਾ ਕੇਵਲ ਅੰਤਰ ਜਾਤ ਵਿਵਹਾਰ ਦਾ ਪਰੰਤੂ ਉਪਰਾਜਤ ਵਿਵਹਾਰ ਦਾ ਵੀ ਅਧਿਐਨ ਕਰਨਾ ਚਾਹੀਦਾ ਹੈ। ਸਾਡਾ ਸਮਾਜਿਕ ਬੰਧਨ ਉਪਾਗਮ ਦੋਵਾਂ ਪ੍ਰਕਾਰ ਦੇ ਵਿਵਹਾਰ ਅਤੇ ਸਮਾਜਿਕ ਪਰਿਸਥਿਤੀਆਂ ਉੱਤੇ ਵੀ ਵਿਚਾਰ ਕਰਨਾ ਹੈ। ਇਸ ਉੱਤੇ ਪਿਛਲੇ ਅਧਿਆਏ ਵਿਚ ਚਰਚਾ ਹੋ ਚੁੱਕੀ ਹੈ। ਇਹ ਮਹਿਲਾਵਾਂ ਦੇ ਵਿਰੁੱਧ ਹਿੰਸਾ ਦੇ ਪ੍ਰਕਾਰ ਅਤੇ ਸਰੂਪਾਂ ਦੇ ਵਿਅਕਤੀਆਂ (ਅਪਰਾਧੀਆਂ) ਵਿਚ ਉਨ੍ਹਾਂ ਦੇ ਸਮਾਜਿਕ ਸਮੰਜਨਾਂ, ਕੁੰਠਾਵਾਂ ਅਤੇ ਸਾਪੇਖਿਕ ਵੰਚਨਾਵਾਂ (Relative Deprivations), ਅਤੇ ਸਮਾਜਿਕ ਸੰਰਚਨਾਤਮਕ ਪਰਿਸਥਿਤੀਆਂ ਵਿਚ ਵਿਭਿੰਨ ਅਤੇ ਪੀੜਤਾਂ ਦੀ 'ਪ੍ਰਤੀਰੋਧ ਸ਼ਕਤੀ' ਨੂੰ ਧਿਆਨ ਵਿਚ ਰਖਦੇ ਹੋਏ ਵਿਆਖਿਆ ਕਰਨਾ ਹੈ।

ਨੋਟਸ ਮਹਿਲਾਵਾਂ ਦੇ ਵਿਰੁੱਧ ਅਪਰਾਧਿਕ ਹਿੰਸਾ ਦੇ ਮਾਮਲੇ ਗ੍ਰਹਿ ਮੰਤਰਾਲਾ, ਪੁਲਿਸ ਅਨਵੇਸ਼ਣ ਬਿਊਰੋ ਅਤੇ ਸਮਾਜਿਕ ਪ੍ਰਤੀਰੱਖਿਆ ਦਾ ਰਾਸ਼ਟਰੀ ਸੰਸਥਾਨ (National Institute of Social Defence) ਦੁਆਰਾ ਸੰਕਲਿਤ ਅਭਿਲੇਖਾਂ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

17. **ਨਿਰਵਿਅਕਤੀ-ਕਰਨ ਦਾ ਮਾਨਸਿਕ ਆਘਾਤ ਅਤੇ ਮਾਨਵਵਾਦੀ ਉਪਾਗਮ (Depersonalisation Trauma and umanistic Approach)**—ਆਪਣੇ ਸਮਾਜ ਵਿਚ ਮਹਿਲਾਵਾਂ ਦੇ ਪ੍ਰਤੀ ਦੁਰਵਿਹਾਰ ਨੂੰ ਰੋਕਣ ਦੇ ਲਈ ਅਤੇ ਉਨ੍ਹਾਂ ਦੇ ਵਿਰੁੱਧ ਹਿੰਸਾ ਨੂੰ ਘੱਟ ਕਰਨ ਦੇ ਲਈ ਸਾਨੂੰ ਕੀ ਉਪਾਅ ਕਰਨੇ ਚਾਹੀਦੇ ਹਨ? ਇਹ ਸੁਝਾਅ ਵੈਧ ਅਤੇ ਤਰਕ ਸੰਗਤ ਹੋ ਸਕਦਾ ਹੈ ਕਿ ਇਸਤ੍ਰੀਆਂ ਦੀ ਆਮ ਪ੍ਰਤੀਸ਼ਠਾ ਜੇਕਰ ਸਿਖਿਆ, ਪ੍ਰਭਾਵੀ ਵੈਧਾਨਿਕ ਉਪਾਵਾਂ ਅਤੇ ਪਰੀਖਣ ਤੇ ਰੋਜ਼ਗਾਰ ਦੇ ਅਵਸਰ ਦੇ ਕੇ ਸੁਧਾਰੀ ਜਾ ਸਕਦੀ ਹੈ ਤਾਂ ਇਹ ਮਹਿਲਾਵਾਂ ਦੇ ਵਿਰੁੱਧ ਹਿੰਸਾ ਨੂੰ ਘੱਟ ਕਰੇਗੀ, ਪਰੰਤੂ ਇਹ ਅਤਿਅੰਤ ਵਿਆਪਕ ਸੁਝਾਅ ਹੈ। ਇਸੇ ਪ੍ਰਕਾਰ ਇਹ ਸੁਝਾਇਆ ਜਾਂਦਾ ਹੈ ਕਿ ਜਨਸੰਚਾਰ ਮਾਧਿਅਮਾਂ ਵਿਚ ਮਹਿਲਾਵਾਂ ਦੇ ਵਿਰੁੱਧ ਹਿੰਸਾ ਦੇ ਪ੍ਰਕਰਨਾਂ ਨੂੰ ਬਹੁਤ ਜ਼ਿਆਦਾ ਮਹੱਤਵ ਨਹੀਂ ਦਿਤਾ ਜਾਣਾ ਚਾਹੀਦਾ। ਭਾਵੇਂ ਜਨਸੰਚਾਰ

ਨੋਟ

ਮਾਧਿਅਮਾਂ ਵਿਚ ਮਹਿਲਾਵਾਂ ਦੇ ਵਿਰੁੱਧ ਹਿੰਸਾ ਨੂੰ ਸੈਂਸਰ ਕਰਨ ਦੇ ਨੈਤਿਕ ਅਤੇ ਮਾਨਵਤਾਵਾਦੀ ਕਾਰਣ ਹਨ, ਪਰੰਤੂ ਸਾਡੇ ਕੋਲ ਅਜਿਹਾ ਕੋਈ ਪ੍ਰਮਾਣ ਨਹੀਂ ਹੈ ਕਿ ਅਜਿਹੀ ਕਾਰਵਾਈ ਦੇ ਜਰੂਰੀ ਰੂਪ ਵਿਚ ਹਿੰਸਾ ਵਿਚ ਕਮੀ ਆ ਜਾਵੇਗੀ, ਇਹੀ ਅਪਰਾਧ ਕਰਤਾਵਾਂ ਨੂੰ ਨਿਵਾਰਕ ਦੰਡ ਦੇਣ ਅਤੇ ਉਸਦੇ ਸੰਬੰਧੀਆਂ ਦੁਆਰਾ ਉਸ ਦਾ ਸਮਾਜਿਕ ਬਹਿਸ਼ਕਾਰ ਕਰਨ ਦੇ ਬਾਰੇ ਵਿਚ ਵੀ ਸਹੀ ਹੈ। ਇਹ ਉਪਾਅ ਉਨ੍ਹਾਂ ਦੇ ਸਮਾਜਿਕ ਪ੍ਰਭਾਵਾਂ ਦੇ ਲਈ ਜਰੂਰੀ ਹੋ ਸਕਦੇ ਹਨ ਪਰੰਤੂ ਸਾਨੂੰ ਵਿਸ਼ਵਾਸ ਨਹੀਂ ਹੋ ਸਕਦਾ ਕਿ ਉਹ ਕਿਸੇ ਹੱਦ ਤਕ ਮਹਿਲਾਵਾਂ ਦੇ ਸ਼ੋਸ਼ਣ ਨੂੰ ਘਟ ਕਰ ਦੇਣਗੇ। ਇਹ ਪਤਾ ਕਰਨ ਦੇ ਕੋਈ ਸਬੂਤ ਨਹੀਂ ਹੈ ਕਿ ਕਿਹੜੀ ਨੀਤੀ ਨੂੰ ਪ੍ਰਾਥਮਿਕਤਾ ਦਿਤੀ ਜਾਵੇ। ਫਿਰ ਵੀ ਕਈ ਅਜਿਹੇ ਉਪਾਅ ਹਨ ਜਿਨ੍ਹਾਂ ਦੇ ਕੀਤੇ ਜਾਣ ਤੋਂ ਮਹਿਲਾਵਾਂ ਦਾ ਉਤਪੀੜਨ ਘਟ ਹੋ ਸਕਦਾ ਹੈ।

ਪਹਿਲੇ ਅਸੀਂ ਉਸ ਪ੍ਰਕਰਨ ਨੂੰ ਲੈਂਦੇ ਹਾਂ ਜੋ ਪਹਿਲਾਂ ਤੋਂ ਕਈ ਮਹਿਲਾ ਸੰਗਠਨਾਂ ਅਤੇ ਰਾਜਕੀ ਅਤੇ ਨਿਜੀ/ਸਾਰਵਜਨਿਕ ਸੰਸਥਾਵਾਂ ਦਾ ਧਿਆਨ ਆਕਰਸ਼ਿਤ ਕਰ ਰਿਹਾ ਹੈ। ਇਹ ਹੈ ਪੀੜਤਾਂ ਦੀ ਸੁਰੱਖਿਆ, ਮਦਦ, ਅਤੇ ਸਲਾਹ ਦੀ ਜਰੂਰਤਾਂ ਦੀ ਪੂਰਤੀ ਕਰਨਾ। ਕੁਝ ਮਹਿਲਾਵਾਂ ਨੂੰ (ਭਾਵੇਂ ਸਭ ਨੂੰ ਨਹੀਂ) ਜਿਸਦੀ ਸਭ ਤੋਂ ਜ਼ਿਆਦਾ ਜਰੂਰਤ ਹੈ ਉਹ ਹੈ ਆਸਰਾ। ਮਹਿਲਾਵਾਂ ਜੋ ਤਾਨਾਸ਼ਾਹ ਸੱਸ-ਸਹੁਰਾ ਅਤੇ ਸ਼ਰਾਬੀ ਪਤੀਆਂ ਦੇ ਨਾਲ ਰਹਿ ਰਹੀਆਂ ਹਨ, ਅਸਥਾਈ ਅਤੇ ਸਥਾਈ ਰੂਪ ਤੋਂ ਆਪਣਾ ਘਰ ਛੱਡ ਦੇਣਗੀਆਂ ਜੇਕਰ ਉਨ੍ਹਾਂ ਕੋਲ ਕੋਈ ਆਸਰਾ ਉਪਲਬਧ ਹੋਵੇ। ਸਵੈਮ ਸੇਵੀ ਸੰਗਠਨਾਂ ਨੂੰ, ਜੋ ਇਸਤ੍ਰੀਆਂ ਨੂੰ ਅਜਿਹੇ ਆਵਾਸ ਮੁਹਈਆ ਕਰਾਉਂਦੇ ਹਨ, ਆਪਣੀ ਪਰਿਯੋਜਨਾਵਾਂ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਇਹ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਵਰਤਮਾਨ ਵਿਚ ਜੋ ਮਹਿਲਾਵਾਂ ਦੇ ਲਈ ਘਰ (ਇੱਕਲੇ ਅਤੇ/ਜਾਂ ਵਿਆਹੀ ਹੋਈ ਲਈ) ਹਨ, ਉਹ ਜਰੂਰਤ ਅਨੁਸਾਰ ਮੰਗ ਨੂੰ ਪੂਰਾ ਨਹੀਂ ਕਰ ਪਾਉਂਦੇ ਹਨ। ਉਨ੍ਹਾਂ ਵਿਚ ਅਕਸਰ ਭੀੜ-ਭਾੜ ਹੁੰਦੀ ਹੈ, ਮਾਇਕ ਸਹਾਇਤਾ ਦਾ ਅਭਾਵ ਹੁੰਦਾ ਹੈ ਅਤੇ ਉਹ ਸੁਰੱਖਿਆ ਨਿਯਮਾਂ ਦਾ ਪਾਲਨ ਨਹੀਂ ਕਰਦੇ। ਮਹਿਲਾ ਸੰਗਠਨ ਕਈ ਇਸਤ੍ਰੀਆਂ ਦੇ ਦੁਖਾਂ ਦੇ ਉਪਸ਼ਮਨ ਵਿਚ ਯੋਗਦਾਨ ਦੇਣਗੀਆਂ ਜੇਕਰ ਉਹ ਉਨ੍ਹਾਂ ਨੂੰ ਅਲਪਕਾਲਿ ਆਵਾਸ ਦੀ ਸਹੂਲਤ ਪ੍ਰਦਾਨ ਕਰਨੀ ਹੈ। ਅਤੇ ਅੰਤ ਵਿਚ ਸਥਾਈ ਮਕਾਨ ਦਿਵਾਉਣ ਵਿਚ ਮਦਦ ਕਰਨੀ ਹੈ, ਵਿਸ਼ੇਸ਼ਰੂਪ ਵਿਚ ਉਨ੍ਹਾਂ ਵਿਆਹੀਆਂ ਇਸਤ੍ਰੀਆਂ ਨੂੰ ਜੋ ਕਸ਼ਟ ਵਿਚ ਹਨ ਜਾਂ ਬਲਾਤਕਾਰ, ਭਜਾਏ ਜਾਣਾ, ਮਾਰ ਦੇਣ ਦੀ ਕੋਸ਼ਿਸ਼ ਵਰਗੀ ਹਿੰਸਾ ਦੀ ਸ਼ਿਕਾਰ ਹਨ। ਵਿਭਿੰਨ ਪ੍ਰਕਾਰ ਦੇ ਥੋੜੇ ਸਮੇਂ ਲਈ ਆਵਾਸ ਜੋ ਪੀੜਤ ਇਸਤ੍ਰੀਆਂ ਅਤੇ ਵਿਧਵਾਵਾਂ ਨੂੰ ਦਿਤੇ ਜਾ ਸਕਦੇ ਹਨ, ਉਨ੍ਹਾਂ ਦਾ ਮੁਲਾਂਕਣ ਅਤੇ ਤੁਲਨਾ ਕਰਨਾ ਅਤਿ ਜਰੂਰੀ ਹੈ।

ਦੂਜਾ, ਪੀੜਤ ਮਹਿਲਾਵਾਂ ਨੂੰ ਇਸਦੀ ਵੀ ਜਰੂਰਤ ਹੈ ਕਿ ਉਨ੍ਹਾਂ ਦੀ ਰੋਜ਼ਗਾਰ ਢੂੰਡਣ, ਬੱਚੇ ਦੀ ਦੇਖ ਭਾਲ ਦੀ ਸਹੂਲਤਾਂ ਨੂੰ ਉਪਲਬਧ ਕਰਾਉਣ, ਅਤੇ ਅਸਥਾਈ ਰੂਪ ਵਿਚ ਮਾਇਕ ਸਹਾਇਤਾ ਦਿਵਾਉਣ ਵਿਚ ਸਹਾਇਤਾ ਕੀਤੀ ਜਾਵੇ। ਇਸ ਉਦੇਸ਼ ਦੇ ਲਈ ਸਲਾਹ ਕੇਂਦਰ ਕਿਸੀ ਕੇਂਦਰੀ ਸਥਾਨ ਉੱਤੇ ਖੋਲੇ ਜਾ ਸਕਦੇ ਹਨ, ਪਰੰਤੂ ਉਹ ਨਾਰੀ-ਗ੍ਰਹਾਂ ਤੋਂ ਦੂਰ ਹੋਣੇ ਚਾਹੀਦੇ ਹਨ ਜਿਸ ਨਾਲ ਉਨ੍ਹਾਂ ਦਾ ਚੰਗਾ ਪ੍ਰਚਾਰ ਹੋ ਸਕੇ ਅਤੇ ਗ੍ਰਹਾਂ ਵਿਚ ਰਹਿਣ ਵਾਲਿਆਂ ਦੀ ਸੁੱਰਖਿਆ ਨੂੰ ਵੀ ਖਤਰਾ ਨਾ ਹੋਵੇ।

ਤੀਜਾ, ਮਹਿਲਾਵਾਂ, ਜੋ ਸ਼ੋਸ਼ਣ ਦੀ ਸ਼ਿਕਾਰ ਹਨ, ਦੀ ਸਹਾਇਤਾ ਦੇ ਲਈ ਸਸਤੀ ਅਤੇ ਘੱਟ ਔਪਚਾਰਿਕ ਅਦਾਲਤਾਂ ਦੀ ਸਥਾਪਨਾ ਵੀ ਇਕ ਉਪਾਅ ਹੋ ਸਕਾ ਹੈ। ਇਸ ਸੁਝਾਅ ਦਾ ਇਹ ਅਰਥ ਨਹੀਂ ਹੈ ਕਿ ਇਹ ਅਦਾਲਤਾਂ ਸਿਰਫ਼ ਮਹਿਲਾਵਾਂ ਦੇ ਮਾਮਲੇ ਹੀ ਨਿਪਟਾਏਗੀ। ਇਨ੍ਹਾਂ ਦਾ ਕਾਰਜ-ਖੇਤਰ ਹੋਰ ਵੱਡਾ ਹੋਣਾ ਚਾਹੀਦਾ ਹੈ। ਵਰਤਮਾਨ ਨੇ ਸਾਡੇ ਦੇਸ਼ ਵਿਚ ਪਰਿਵਾਰਿਕ ਅਦਾਲਤਾਂ ਦੀ ਪ੍ਰਣਾਲੀ ਕੁਝ ਰਾਜਾਂ ਵਿਚ ਹਨ। ਪਰੰਤੂ ਇਨ੍ਹਾਂ ਅਦਾਲਤਾਂ ਦਾ ਪ੍ਰਮੁੱਖ ਰੂਪ ਵਿਚ ਉਦੇਸ਼ ਸ਼ਾਦੀਆਂ ਨੂੰ ਟੁੱਟਣ ਤੋਂ ਰੋਕਣਾ ਹੈ। ਇਨ੍ਹਾਂ ਅਦਾਲਤਾਂ ਦਾ ਕਾਰਜ-ਖੇਤਰ ਵਧਾਇਆ ਜਾ ਸਕਦਾ ਹੈ। ਅਤੇ ਉਸ ਵਿਚ ਮਹਿਲਾਵਾਂ ਦੀ ਸਭ ਪ੍ਰਕਾਰ ਦੀ ਘਰੇਲੂ ਅਤੇ ਗੈਰ-ਘਰੇਲੂ ਸਮੱਸਿਆਵਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਜੇਕਰ ਅਜਿਹੀ ਅਦਾਲਤਾਂ ਸਥਾਪਿਤ ਕੀਤੀ ਜਾਵੇ ਜਿਨ੍ਹਾਂ ਵਿਚ ਜੱਜ, ਮਜਿਸਟ੍ਰੇਟ ਅਤੇ ਵਕੀਲ ਇਸਤ੍ਰੀਆਂ ਦੇ ਮਾਮਲਿਆਂ ਦੀ ਜਾਣਕਾਰੀ ਅਤੇ ਉਨ੍ਹਾਂ ਵਿਚ ਰੂਚੀ ਰਖਦੇ ਹੋਣ। ਤਾਂ ਇਹ ਹੋਰ ਵੀ ਅੱਛਾ ਹੋਵੇਗਾ। ਇਸ ਨਾਲ ਕਾਨੂੰਨ ਦੇ ਕਿੱਤੇ ਵਿਚ ਇਸਤ੍ਰੀਆਂ ਦੀ ਸੰਖਿਆ ਵਧ ਜਾਏਗੀ। ਕਈ ਮਹਿਲਾਵਾਂ ਨੂੰ ਅਦਾਲਤਾਂ ਅਤੇ ਕਾਨੂੰਨ ਘਟ ਡਰਾਉਣ ਅਤੇ ਜ਼ਿਆਦਾ ਅਸਾਨ (Approachable) ਲੱਗਣਗੇ। ਜੇਕਰ ਉਸ ਉੱਤੇ ਆਦਮੀ ਘੱਟ ਛਾਏ ਹੋਏ ਹੋਣਗੇ ਮਹਿਲਾ ਜੱਜ ਅਤੇ ਵਕੀਲ ਆਪੇ ਪੁਰਸ਼ ਪ੍ਰਤੀਰੂਪਾਂ ਤੋਂ ਆਪਣੀ ਮਨੋਵ੍ਰਿਤੀਆਂ, ਵਿਸ਼ਵਾਸਾਂ ਅਤੇ ਕਾਨੂੰਨ ਦੀ ਵਿਆਖਿਆ ਵਿਚ ਬਹੁਤ ਜ਼ਿਆਦਾ ਭਿੰਨ ਹੋਣਗੀਆਂ, ਫਿਰ ਵੀ ਪੀੜਤ ਮਹਿਲਾਵਾਂ ਦੂਜੀਆਂ ਮਹਿਲਾਵਾਂ ਦੇ ਸਨਮੁਖ ਉਪਸਥਿਤੀ ਹੋਣ ਵਿਚ ਇਹ ਆਸ਼ਾ ਕਰਕੇ ਜ਼ਿਆਦਾ ਪ੍ਰਸੰਨ ਹੋ ਸਕਦੀਆਂ ਹਨ ਕਿ ਉਨ੍ਹਾਂ ਵਿਚ ਇਸਤ੍ਰੀਆਂ ਦੀ ਸਮੱਸਿਆਵਾਂ ਦੀ ਜ਼ਿਆਦਾ ਸਮਝ ਹੋਵੇਗੀ।

ਚੌਥਾ, ਸਵੈਮ ਸੇਵੀ ਸੰਗਠਨ ਨੂੰ, ਜੋ ਮਹਿਲਾਵਾਂ ਦੀ ਨਿਜੀ ਸਮੱਸਿਆਵਾਂ ਦੇ ਬਾਰੇ ਵਿਚ ਉਨ੍ਹਾਂ ਦੇ ਸਸੁਰਾਲ ਵਾਲਿਆਂ ਤੋਂ ਜਾਂ ਪੁਲਿਸ ਜਾਂ ਅਦਾਲਤਾਂ ਤੋਂ ਜਾਂ ਸੰਬੰਧਿਤ ਵਿਅਕਤੀ ਨਾਲ ਗੱਲ ਕਰ ਸਕੇ, ਸਸ਼ਕਤ ਬਣਾਉਣਾ ਅਤੇ ਉਨ੍ਹਾਂ ਦੀ ਸੰਖਿਆ ਵਧਾਉਣਾ ਵੀ ਇੰਨਾ ਹੀ ਜਰੂਰੀ ਹੈ। ਇਹ ਇਸ ਲਈ ਕਿ ਇਕ ਇਕੱਲੀ ਇਸਤ੍ਰੀ ਦੀ ਗੱਲ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ। ਵਾਸਤਵ ਵਿਚ, ਜੇਕਰ ਉਹ ਆਪਣੇ ਅਧਿਕਾਰ ਮੰਗਦੀ ਹੈ ਜਾਂ ਮੌਲਿਕ ਵਿਚਾਰ ਰਖਦੀ ਹੈ ਜਾਂ ਆਪਣੇ ਵਿਚਾਰਾਂ ਨੂੰ ਵਿਅਕਤ ਕਰਨੀ ਹੈ ਅਤੇ ਆਪਣੀ ਉਤਕੁੰਠਾਵਾਂ ਨੂੰ ਉਜਾਗਰ ਕਰਨੀ ਹੈ, ਤਾਂ ਉਸ ਉੱਤੇ ਸਪਸ਼ਟਵਾਦੀ ਹੋਣ ਦਾ

ਨੋਟ

ਆਰੋਪ ਲਗਾਇਆ ਜਾਂਦਾ ਹੈ। ਪਰੰਤੂ ਜੇਕਰ ਮਹਿਲਾਵਾਂ ਦਾ ਇਕ ਸਮੂਹ ਇਕੱਤਰ ਹੁੰਦਾ ਹੈ ਅਤੇ ਇਸਤ੍ਰੀ ਦੇ ਦੁਖ ਦੇ ਵਿਰੁੱਧ ਆਵਾਜ਼ ਉਠਾਉਂਦਾ ਹੈ ਤਾਂ ਉਹ ਆਪਣੇ ਵਿਚਾਰਾਂ ਨੂੰ ਦ੍ਰਿੜ੍ਹਤਾ ਪੂਰਵਕ ਕਰ ਸਕਦੀ ਹੈ ਅਤੇ ਪ੍ਰਭਾਵੀ ਸਿੱਧ ਹੋ ਸਕਦੀ ਹੈ।

ਪੰਜਵਾਂ, ਅਜਿਹੇ ਸੰਗਠਨ ਦਾ ਪ੍ਰਚਾਰ ਹੋਣਾ ਚਾਹੀਦਾ ਹੈ ਜੋ ਮਹਿਲਾਵਾਂ ਨੂੰ ਨਿਸ਼ੁਲਕ ਕਾਨੂੰਨੀ ਸਹਾਇਤਾ ਦਿੰਦੇ ਹਨ ਜਿਸ ਨਾਲ ਕਿ ਨਿਰਧਨ ਇਸਤ੍ਰੀਆਂ ਉਨ੍ਹਾਂ ਦੇ ਕੋਲ ਜਾ ਕੇ ਸਹਾਇਤਾ ਮੰਗ ਸਕੇ।

ਅੰਤਿਮ, ਮਹਿਲਾਵਾਂ ਦੇ ਮਾਮਲਿਆਂ ਵਿਚ ਮਾਤਾ-ਪਿਤਾ ਦੇ ਵਿਚਾਰਾਂ ਵਿਚ ਪਰਿਵਰਤਨ ਦੀ ਵੀ ਜਰੂਰਤ ਹੈ। ਮਾਤਾ-ਪਿਤਾ ਆਪਣੀ ਪੁੱਤਰੀਆਂ — ਵਿਆਹੀਆਂ ਜਾਂ ਵਿਧਵਾ — ਜਿਨ੍ਹਾਂ ਨੂੰ ਉਨ੍ਹਾਂ ਦੇ ਪਤੀ ਕੁੱਟਦੇ ਹਨ ਜਾਂ ਜਿਨ੍ਹਾਂ ਦੇ ਨਾਲ ਉਨ੍ਹਾਂ ਦੀ ਸਹੁਰੇ ਪੱਖ ਵਾਲੇ ਦੁਰਵਿਹਾਰ ਕਰਨੇ ਹਨ, ਨੂੰ ਆਪਣੀ ਇੱਛਾ ਦੇ ਵਿਰੁੱਧ ਆਪਣੇ ਪਤੀ ਦੇ ਘਰ ਵਿਚ ਰਹਿਣ ਦੇ ਲਈ ਕਿਉਂ ਮਜਬੂਰ ਕਰਨੇ ਹਨ? ਜਦ ਮਾਤਾ-ਪਿਤਾ ਨੂੰ ਆਪਣੀ ਪੁੱਤਰੀ ਦੇ ਉਤਪੀੜਣ ਦੇ ਬਾਰੇ ਵਿਚ ਪਤਾ ਹੁੰਦਾ ਹੈ ਤਾਂ ਉਹ ਉਸ ਨੂੰ ਥੋੜੇ ਸਮੇਂ ਦੇ ਲਈ, ਜਦ ਤਕ ਕਿ ਉਹ ਆਪਣਾ ਪ੍ਰਬੰਧ ਨਾ ਕਰ ਲਏ, ਆਪਣੇ ਨਾਲ ਰੱਖਣ ਦੀ ਅਨੁਮਤੀ ਕਿਉਂ ਨਹੀਂ ਦੇਣਾ ਚਾਹੁੰਦੇ? ਉਨ੍ਹਾਂ ਨੂੰ ਸਮਾਜਿਕ ਕਲੰਕ ਦੇ ਲਈ ਇੰਨਾ ਚਿੰਤਤ ਕਿਉਂ ਹੋਣਾ ਚਾਹੀਦਾ ਹੈ ਅਤੇ ਆਪਣੇ ਪਰਿਵਾਰ ਦੇ ਲਈ ਆਪਣੀ ਪੁੱਤਰੀ ਦਾ ਬਲਦਾਨ ਕਿਉਂ ਕਰਨਾ ਚਾਹੀਦਾ ਹੈ?

ਮਹਿਲਾਵਾਂ ਨੂੰ ਵੀ ਅੱਤਿਆਚਾਰ ਦੇ ਅੱਗੇ ਕਿਉਂ ਝੁਕਦਾ ਚਾਹੀਦਾ ਹੈ? ਉਹ ਕਿਉਂ ਨਹੀਂ ਸਮਝਦੀਆਂ ਕਿ ਉਨ੍ਹਾਂ ਵਿਚ ਆਪਣੀ ਅਤੇ ਆਪਣੇ ਬੱਚਿਆਂ ਦੀ ਦੇਖ-ਰੇਖ ਕਰਨ ਦੀ ਯੋਗਤਾ ਹੈ? ਉਨ੍ਹਾਂ ਦੇ ਇਹ ਸਮਝ ਵਿਚ ਕਿਉਂ ਨਹੀਂ ਆਉਂਦਾ ਕਿ ਉਨ੍ਹਾਂ ਨੂੰ ਦਿੱਤੀ ਜਾ ਰਹੀ ਯਾਤਨਾ ਨਾਲ ਉਨ੍ਹਾਂ ਦੇ ਬੱਚਿਆਂ ਨੂੰ ਵੀ ਭਾਵਾਤਮਕ ਸੱਟ ਪਹੁੰਚਦੀ ਹੈ? ਮਹਿਲਾਵਾਂ ਨੂੰ ਆਪਣੇ ਅਧਿਕਾਰ ਉੱਤੇ ਦ੍ਰਿੜ੍ਹ ਰਹਿਣਾ ਅਤੇ ਆਪਣੇ ਲਈ ਨਵੀਂ ਭੂਮਿਕਾਵਾਂ ਸਵੀਕਾਰ ਕਰਨਾ ਸਿੱਖਣਾ ਹੈ। ਉਨ੍ਹਾਂ ਨੇ ਜੀਵਨ ਦੇ ਪਾਸੇ ਇਕ ਆਸ਼ਾਵਾਦੀ ਦ੍ਰਿਸ਼ਟੀਕੋਣ ਅਪਣਾਉਣਾ ਚਾਹੀਦਾ ਹੈ।

### ਸਵ-ਮੁਲਾਂਕਣ (Self Assessment)

**1. ਸਹੀ ਵਿਕਲਪ ਚੁਣੋ (Choose the correct option)—**

(*i*) ਪ੍ਰਾਚੀਨ ਕਾਲ ਵਿਚ ਇਸਤ੍ਰੀਆਂ ਦੀ ਸਥਿਤੀ ਤੋਂ ਸੰਬੰਧਿਤ ਕਿੰਨੇ ਵਿਚਾਰ ਸੰਪਰਦਾਏ ਮਿਲਦੇ ਹਨ—
(*a*) ਇਕ (*b*) ਦੋ (*c*) ਚਾਰ (*d*) ਇਨ੍ਹਾਂ ਵਿਚੋਂ ਕੋਈ ਨਹੀਂ

(*ii*) ਭਾਰਤ ਉੱਤੇ ਮੁਸਲਮਾਨਾਂ ਦਾ ਹਮਲਾ ਕਦੋਂ ਹੋਇਆ ਸੀ—
(*a*) ਚੌਥੀ ਸ਼ਤਾਬਦੀ ਵਿਚ (*b*) ਛੇਵੀਂ ਸ਼ਤਾਬਦੀ ਵਿਚ
(*c*) ਅੱਠਵੀਂ ਸ਼ਤਾਬਦੀ ਵਿਚ (*d*) ਇਨ੍ਹਾਂ ਵਿਚੋਂ ਕੋਈ ਨਹੀਂ

(*iii*) ਸਾਡੇ ਦੇਸ਼ ਵਿਚ ਇਕ ਦਿਨ ਵਿਚ ਲਗਭਗ ਕਿੰਨੀਆਂ ਲੜਕੀਆਂ ਦਾ ਅਪਹਰਨ ਹੁੰਦਾ ਹੈ।
(*a*) 42 ਲੜਕੀਆਂ ਦਾ (*b*) 44 ਲੜਕੀਆਂ ਦਾ
(*c*) 46 ਲੜਕੀਆਂ ਦਾ (*d*) ਇਨ੍ਹਾਂ ਵਿਚੋਂ ਕੋਈ ਨਹੀਂ

(*iv*) ਦਾਜ ਨਿਸ਼ੇਧ ਆਗਿਆ ਕਾਨੂੰਨ 1961 ਨੇ ਕਿਸ ਪ੍ਰਥਾ ਉੱਤੇ ਰੋਕ ਲਗਾਈ ਸੀ—
(*a*) ਪਦਾਰਥ ਵਿਆਹ (*b*) ਬਾਲ ਵਿਆਹ
(*c*) ਦਾਜ ਪ੍ਰਥਾ (*d*) ਇਨ੍ਹਾਂ ਵਿਚੋਂ ਕੋਈ ਨਹੀਂ

## 9.3 ਸਮਾਨਤਾ ਦੀ ਖੋਜ (Quest for Equality)

ਇਸਤ੍ਰੀ ਦੁਆਰਾ ਪੁਰਸ਼ ਦੇ ਨਾਲ ਸਮਾਨਤਾ ਦੀ ਖੋਜ ਇਕ ਸਾਰਵਭੌਮਿਕ ਤੱਥ ਬਣ ਚੁੱਕੀ ਹੈ। ਇਸ ਮੰਗ ਦੇ ਕਾਰਣ ਮਹਿਲਾ ਅੰਦੋਲਨਾਂ ਨਾਰੀ ਵਰਗੀ ਪ੍ਰੋਗਰਾਮਾਂ ਅਤੇ ਸੰਗਠਨਾਂ ਦਾ ਜਨਮ ਹੋਇਆ ਹੈ। ਨਾਰੀਵਾਦ ਦੀ ਉਤਪਤੀ ਸੰਪੂਰਨ ਸਮਾਜ ਵਿਚ ਸਮਾਜਿਕ ਸੰਰਚਨਾ ਵਿਚ ਹੈ। ਪੁਰਸ਼ ਅਤੇ ਇਸਤ੍ਰੀ ਵਿਚ ਅਸਮਾਨਤਾਵਾਂ ਅਤੇ ਇਸਤ੍ਰੀਆਂ ਦੇ ਪ੍ਰਤੀ ਭੇਦਭਾਵ ਆਦਿ ਦੀ ਕਠਿਨਾਈਆਂ ਸਦੀਆਂ ਤੋਂ ਚਲੀਆਂ ਆ ਰਹੀਆਂ ਹਨ। ਬਹੁਤ ਲੰਬੇ ਸਮੇਂ ਤਕ ਇਸਤ੍ਰੀਆਂ ਘਰਾਂ ਦੀ ਚਾਰਦੀਵਾਰੀ ਦੇ ਅੰਦਰ ਰਹੀਆਂ ਹਨ। ਪੁਰਸ਼ਾਂ ਉੱਤੇ ਉਹ ਪੂਰਨ ਰੂਪ ਤੋਂ ਨਿਰਭਰ ਸਨ। ਸਿਖਿਅਤ ਮਹਿਲਾਵਾਂ ਨੇ ਆਮ ਤੌਰ ਉੱਤੇ ਘਰ ਤੋਂ ਬਾਹਰ ਰੋਜ਼ਗਾਰ ਕਰਨ ਦੀ ਜ਼ਰੂਰਤ ਮਹਿਸੂਸ ਕੀਤੀ। ਪਿਛਲੇ ਕੁਝ ਸਾਲਾਂ ਤੋਂ ਮਧਿਅਮ ਵਰਗੀ ਮਹਿਲਾਵਾਂ ਵਿਚ ਕੀਮਤਾਂ ਵਿਚ ਨਿਰੰਤਰ ਵਾਧੇ ਦੇ ਪ੍ਰਸ਼ਨ ਨੂੰ ਚੁੱਕਿਆ ਹੈ ਅਤੇ ਭਾਰਤ ਦੇ ਵਿਭਿੰਨ ਸ਼ਹਿਰਾਂ ਵਿਚ ਕੀਮਤ 'ਚ ਵਾਧੇ ਵਿਰੋਧੀ ਅੰਦੋਲਨ ਸ਼ੁਰੂ ਕੀਤੇ ਹਨ। ਘਰ ਦੇ ਅੰਦਰ ਵੀ ਇਸਤ੍ਰੀਆਂ ਨੇ ਪੁਰਸ਼ਾਂ ਦੇ ਨਾਲ ਸਮਾਨਤਾ ਦੀ ਮੰਗ ਕੀਤੀ ਹੈ। ਜੋ ਵਸਤੂਆਂ ਪੁਰਸ਼ਾਂ ਨੂੰ ਪ੍ਰਾਪਤ ਹੁੰਦੀਆਂ ਹਨ। ਉਨ੍ਹਾਂ ਦੀ ਮੰਗ ਇਸਤ੍ਰੀਆਂ ਦੀ ਵੀ ਹੈ। ਪੁਰਸ਼ਾਂ ਦੇ ਨਾਲ ਇਸਤ੍ਰੀਆਂ ਦੀ ਸਮਾਨਤਾ ਪ੍ਰਾਪਤ ਕਰਨ ਦੀ ਮੰਗ ਪੁਰਸ਼ਾਂ ਦੇ ਨਿਰੰਕੁਸ਼ ਅਧਿਪਤਿਆਂ ਦੀ ਅਵਧਾਰਣਾ ਦਾ ਧਿਯੋਤਕ ਹੈ।

ਨੋਟ

ਇਸਤ੍ਰੀਆਂ ਨੂੰ ਆਪਣੇ ਉਤਥਾਨ ਦੇ ਲਈ ਇਕ ਸੁਤੰਤਰ ਮਾਰਗ ਅਪਨਾਉਣ ਦੇ ਸਿਵਾ ਕੋਈ ਰਸਤਾ ਨਹੀਂ ਹੈ। ਇਸਤ੍ਰੀਆਂ ਵਰਤਮਾਨ ਵਿਚ ਇਸ ਕਠੋਰ ਪਿਤਰ ਸੱਤਾਤਮਕ ਸਮਾਜ ਵਿਚ ਸਮਾਨਤਾ ਪ੍ਰਾਪਤ ਕਰਾਉਣਾ ਚਾਹੁੰਦੀਆਂ ਹਨ। ਪਰਿਵਰਤਨ ਦੇ ਲਈ ਉਹ ਉਹੀ ਉਪਾਅ ਅਪਣਾਉਣਾ ਚਾਹੁੰਦੀਆਂ ਹਨ ਜੋ ਪੁਰਸ਼ ਸਦੀਆਂ ਤੋਂ ਆਪ ਦੇ ਲਈ ਅਪਣਾਉਂਦੇ ਰਹੇ ਹਨ। ਪ੍ਰਸ਼ਨ ਇਹ ਹੈ ਕਿ ਇਸਤ੍ਰੀਆਂ ਪੁਰਸ਼ਾਂ ਦੇ ਪਦ ਚਿੰਨ੍ਹਾਂ ਉੱਤੇ ਕਿਉਂ ਚਲਨਾ ਚਾਹੁੰਦੀਆਂ ਹਨ। ਸਾਡਾ ਅਨੁਭਵ ਇਹ ਹੈ ਕਿ ਇਥੇ ਤਕ ਕਿ ਕੰਮਕਾਜੀ ਇਸਤ੍ਰੀਆਂ ਆਪਣੀ ਕਮਾਈ ਆਪਣੇ ਆਪ ਉੱਤੇ ਸੁਤੰਤਰ ਰੂਪ ਨਾਲ ਖਰਚ ਕਰਨ ਦੇ ਸਥਾਨ ਉੱਤੇ ਆਪਣੀ ਸੱਸ ਅਤੇ ਪਤੀ ਨੂੰ ਦਿੰਦੀਆਂ ਹਨ। ਇਸੇ ਨਾਲ ਪਤਾ ਚਲਦਾ ਹੈ ਕਿ ਪਿਤਰ ਸੱਤਾਤਮਕ ਮਾਨਕਾਂ ਦੀ ਜੜ ਬਹੁਤ ਗਹਿਰੀ ਹੈ। ਇਸਦਾ ਅਰਥ ਇਹ ਨਹੀਂ ਹੈ ਕਿ ਇਸਤ੍ਰੀਆਂ ਨੇ ਪੁਰਸ਼ਾਂ ਦਾ ਹਰ ਤਰ੍ਹਾਂ ਨਾਲ ਅਨੁਕਰਨ ਕੀਤਾ ਹੈ। ਇਸਤ੍ਰੀਆਂ ਨੇ ਸੁਤੰਤਰਤਾ ਦੇ ਲਈ ਭਾਰਤ ਦੇ ਰਾਸ਼ਟਰੀ ਅੰਦੋਲਨ ਵਿਚ ਹਿੱਸਾ ਲਿਆ। ਸੁਤੰਤਰਤਾ ਤੋਂ ਪਹਿਲਾਂ ਅਨੇਕ ਮਹਿਲਾਵਾਂ ਨੇ ਗਾਂਧੀ ਜੀ ਦੇ ਨਾਲ ਕੰਮ ਕੀਤਾ। ਅੱਜ ਇਸਤ੍ਰੀਆਂ ਦੇ ਲਈ ਪੁਰਸ਼ਾਂ ਦੇ ਸਮਾਨ ਪਰਿਸਥਿਤੀਆਂ ਅਤੇ ਸਮਾਜ ਦੇ ਸਭ ਮੈਂਬਰਾਂ ਦੇ ਸਮਾਜ ਸਨਮਾਨਿਤ ਜੀਵਨ ਪ੍ਰਾਪਤ ਕਰਨ ਲਈ ਮਹਿਲਾ ਸੰਗਠਨਾਂ, ਮਹਿਲਾ ਸਮਾਜਿਕ ਕਾਰਜਕਰਤਾਵਾਂ ਅਤੇ ਰਾਜਨੀਤਕਾਂ ਨੇ ਕੀਮਤ 'ਚ ਵਾਧੇ, ਦਾਜ, ਬਲਾਤਕਾਰ ਅਤੇ ਸ਼ੋਸ਼ਣ ਆਦਿ ਦੇ ਮੁੱਦੇ ਨੂੰ ਚੁੱਕਿਆ ਹੈ। ਇਸਤ੍ਰੀਆਂ ਨੇ ਪੁਲਿਸ ਅਤੇ ਅਜਿਹੀ ਹੀ ਹੋਰ ਸੇਵਾਵਾਂ ਵਿਚ ਆਪਣੇ ਹਿੱਸੇ ਦੀ ਮੰਗ ਕੀਤੀ ਹੈ। ਮਹਿਲਾ ਸੰਗਠਨਾਂ ਨੇ ਵਿਸ਼ੇਸ਼ਕਰ ਸ਼ਹਿਰੀ ਖੇਤਰਾਂ ਵਿਚ ਯੌਨ ਸਮਾਨਤਾ ਦੇ ਲਈ ਚੇਤਨਾ ਦੀ ਭਾਵਨਾ ਉਤਪੰਨ ਕੀਤੀ ਹੈ।

1960 ਅਤੇ 1970 ਦੇ ਦਸ਼ਕਾਂ ਤੋਂ ਮਹਿਲਾਵਾਂ ਦੀ ਇਨ੍ਹਾਂ ਵਧੀਆਂ ਸਮੱਸਿਆਵਾਂ ਦੇ ਨਤੀਜੇ ਵਜੋਂ ਅੰਤਰਰਾਸ਼ਟਰੀ ਮਹਿਲਾ ਸਾਲ ਇਸਤ੍ਰੀਆਂ ਦੇ ਬਾਰੇ ਵਿਚ ਸਭਾਵਾਂ, ਗੋਸ਼ਠੀਆਂ ਅਤੇ ਮਹਿਲਾ ਅਧਿਐਨ ਕੀਤੇ ਗਏ ਹਨ। ਇਨ੍ਹਾਂ ਸੰਗਠਨਾਂ ਅਤੇ ਸਮੀਤੀਆਂ ਨੇ ਭਾਰਤ ਦੇ ਸੰਵਿਧਾਨ ਵਿਚ ਪ੍ਰਦੱਤ ਇਸਤ੍ਰੀ ਅਤੇ ਪੁਰਸ਼ ਦੀ ਸਮਾਨਤਾ ਦੇ ਬਾਰੇ ਵਿਚ ਵੀ ਪ੍ਰਚਾਰ ਕੀਤਾ ਹੈ। ਭਾਰਤ ਸਰਕਾਰ ਨੇ 1971 ਵਿਚ ਇਸਤ੍ਰੀ ਦੀ ਪਰਿਸਥਿਤੀ ਦੇ ਬਾਰੇ ਵਿਚ ਇਕ ਸਮੀਤੀ ਨਿਯੁਕਤ ਕੀਤੀ ਸੀ। ਸਮੀਤੀ ਨੇ 1974 ਵਿਚ ਆਪਣੀ ਰਿਪੋਰਟ ਪ੍ਰਸਤੁਤ ਕੀਤੀ। ਰਿਪੋਰਟ ਦਾ ਸਰਵਤ੍ਰ ਸਵਾਗਤ ਕੀਤਾ ਗਿਆ। ਇਸਤ੍ਰੀਆਂ ਦੇ ਅਧਿਐਨ ਦਾ ਇਕ ਅਖਿਲ ਭਾਰਤੀ ਸੰਗਠਨ ਵੀ ਹੈ। ਦਿੱਲੀ, ਬੰਬਈ ਅਤੇ ਹੋਰ ਨਗਰਾਂ ਵਿਚ ਬਲਾਤਕਾਰ, ਦਾਜ ਮ੍ਰਿਤੂ ਅਤੇ ਇਸਤ੍ਰੀ ਹੱਤਿਆ ਦੇ ਵਿਰੁੱਧ ਪ੍ਰਦਰਸ਼ਨ, ਜਲੂਸ ਅਤੇ ਹੜਤਾਲ ਇਕ ਆਮ ਗੱਲ ਬਦ ਗਈ ਹੈ। ਉੱਚ ਜਾਤੀ ਤੇ ਵਰਗ ਦੇ ਜ਼ਿਮੀਂਦਾਰ, ਸ਼ਾਹੂਕਾਰ, ਪੁਲਿਸ ਕਰਮੀਂ, ਸਰਕਾਰੀ ਕਾਰਜ ਕਰਤਾ ਅਤੇ ਕੁਖਿਆਤ ਸਮਾਜ ਵਿਰੋਧੀ ਤੱਤ ਬਲਾਤਕਾਰ ਕਰਦੇ ਹਨ। ਸ਼ਹਿਰੀ ਮਧਿਅਮ ਅਤੇ ਹੇਠਲੇ ਮਧਿਅਮ ਵਰਗ ਅਤੇ ਉੱਚ ਜਾਤੀ ਦੇ ਆਰਥਿਕ ਰੂਪ ਤੋਂ ਸੰਪੰਨ ਲੋਕਾਂ ਵਿਚ ਦਾਜ ਇਕ ਪ੍ਰਕਾਰ ਤੋਂ ਲੜਕੇ ਨੂੰ ਮੋਲ ਤੋਲ ਕਰਨ ਦਾ ਰਿਵਾਜ ਬਣ ਚੁਕਾ ਹੈ। ਦਾਜ ਮ੍ਰਿਤੂ, ਹੱਤਿਆ ਅਤੇ ਧਨ ਖਸੋਟਣ ਦੇ ਕਾਰਣ ਲੜਕੀਆਂ ਦੇ ਮਾਤਾ-ਪਿਤਾ ਅਤੇ ਆਪਣੇ ਆਪ ਨੂੰ ਲੜਕੀਆਂ ਨੂੰ ਬੇਇਜ਼ਤੀ ਅਤੇ ਅਮਾਨਵੀ ਦਾ ਵਿਵਹਾਰ ਬਰਦਾਸ਼ਤ ਕਰਨਾ ਪੈਂਦਾ ਹੈ।

ਆਂਦਰੇ ਬੇਤੇਈ ਨੇ ਕਿਸਾਨ ਪਰਿਵਾਰਾਂ ਵਿਚ ਇਸਤ੍ਰੀ ਦੀ ਸਥਿਤੀ ਦੇ ਬਾਰੇ ਵਿਚ ਕੁਝ ਮਹੱਤਵਪੂਰਨ ਅਵਲੋਕਨ ਪ੍ਰਸਤੁਤ ਕੀਤੇ ਹਨ। ਬੇਤੇਈ ਦਾ ਪ੍ਰਸ਼ਨ ਹੈ ਕਿ ਉਨ੍ਹਾਂ ਪਰਿਵਾਰਾਂ ਦੇ ਬਾਰੇ ਵਿਚ ਸਾਡਾ ਕੀ ਵਿਚਾਰ ਹੈ ਜਿਨ੍ਹਾਂ ਵਿਚ ਪੁਰਸ਼ ਖੇਤਾਂ ਉੱਤੇ ਕੰਮ ਕਰਨੇ ਹਨ, ਪਰੰਤੂ ਪਰਿਵਾਰ ਦੇ ਰਿਵਾਜ ਦੇ ਅਨੁਸਾਰ ਇਸਤ੍ਰੀਆਂ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਹੈ। ਉੱਚ ਜਾਤੀ ਦੇ ਪਰਿਵਾਰਾਂ ਵਿਚ ਅਜਿਹਾ ਪਾਇਆ ਜਾਂਦਾ ਹੈ ਇਥੋਂ ਤਕ ਕਿ ਮਧਿਅਮ ਅਤੇ ਨੀਵੀਂ ਜਾਤੀ ਦੇ ਕੁਝ ਪਰਿਵਾਰ ਜੋ ਆਰਥਿਕ ਦ੍ਰਿਸ਼ਟੀ ਤੋਂ ਬਿਹਤਰ ਹੋ ਗਏ ਹਨ, ਉਨ੍ਹਾਂ ਨੇ ਇਸ ਮਾਨਕ ਨੂੰ ਇਸ ਉਦੇਸ਼ ਤੋਂ ਅਪਣਾਇਆ ਹੈ ਤਾਂ ਕਿ ਪੇਂਡੂ ਸਮੁਦਾਏ ਵਿਚ ਉਨ੍ਹਾਂ ਦੀ ਸਮਾਜਿਕ ਪਰਿਸਥਿਤੀ ਉੱਚ ਹੋ ਸਕੇ। ਇਸਦਾ ਅਰਥ ਇਹ ਨਹੀਂ ਹੈ ਕਿ ਉਹ ਮਹਿਲਾਵਾਂ ਜੋ ਖੇਤੀ ਕਾ ਕੰਮ ਨਹੀਂ ਕਰਦੀਆਂ ਜਾਂ ਜਿਨ੍ਹਾਂ ਨੇ ਖੇਤਾਂ ਉੱਤੇ ਕੰਮ ਕਰਨਾ ਬੰਦ ਕਰ ਦਿੱਤਾ ਹੈ, ਉਨ੍ਹਾਂ ਨੇ ਆਪਣੇ ਪਰਿਵਾਰਾਂ ਵਿਚ ਪੁਰਸ਼ਾਂ ਦੇ ਬਰਾਬਰ ਸਥਾਨ ਦੇ ਦਿੱਤਾ ਗਿਆ ਹੈ। ਸਮੁਦਾਏ ਵਿਚ ਪਰਿਵਾਰ ਯੌਨ-ਆਧਾਰਮ ਸ਼੍ਰਮ-ਵਿਭਾਜਨ ਪਾਇਆ ਜਾਂਦਾ ਹੈ। ਭਾਵੇਂ ਇਹ ਵੀ ਵਿਭਿੰਨ ਜਾਤੀਆਂ ਵਿਚ ਸਮਾਨ ਰੂਪ ਨਾਲ ਨਹੀਂ ਪਾਇਆ ਜਾਂਦਾ ਹੈ। ਪਰਿਵਾਰਾਂ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਉੱਤੇ ਇਹ ਨਿਰਭਰ ਕਰਦਾ ਹੈ।

ਬੇਤੇਈ ਨੇ ਸਰੀਰਕ ਸ਼੍ਰਮ ਦੇ ਸੰਦਰਭ ਵਿਚ ਇਸਤ੍ਰੀਆਂ ਦੀ ਪਰਿਸਥਿਤੀ ਵਿਚ ਪਰਿਵਰਤਨ ਦੀ ਪ੍ਰਕ੍ਰਿਆ ਦੇ ਬਾਰੇ ਵਿਚ ਟਿੱਪਣੀ ਕੀਤੀ ਹੈ। ਬੇਤੇਈ ਦੀ ਮਾਨਤਾ ਹੈ: "ਸਭ ਤੋਂ ਪਹਿਲਾਂ ਇਸਤ੍ਰੀਆਂ ਨੂੰ ਦੂਜੇ ਲੋਕਾਂ ਦੇ ਖੇਤਾਂ ਉੱਤੇ ਕੰਮ ਕਰਨ ਤੋਂ ਰੋਕਿਆ ਜਾਂਦਾ ਹੈ। ਇਸਦੇ ਬਾਅਦ ਪਰਿਵਾਰ ਦੇ ਖੇਤ ਉੱਤੇ ਕੰਮ ਕਰਨ ਤੋਂ ਬੰਦ ਕੀਤਾ ਜਾਂਦਾ ਹੈ। ਅੰਤ ਵਿਚ, ਜਾਂ ਤਾਂ ਪੁਰਸ਼ ਖੇਤ ਉੱਤੇ ਸਰੀਰਕ ਕੰਮ ਕਰਨਾ ਬੰਦ ਕਰਦੇ ਹਨ ਜਾਂ ਕਿਸਾਨ ਦੀ ਭੂਮਿਕਾ ਛੱਡ ਕੇ ਨਿਰੀਖਕ ਦਾ ਕੰਮ ਅਪਣਾ ਲੈਂਦੇ ਹਨ।" ਸੋ ਦੇਹਾਤ ਵਿਚ ਇਸਤ੍ਰੀਆਂ ਨੂੰ ਖੇਤਾਂ ਉੱਤੇ ਕੰਮ ਕਰਨ ਤੋਂ ਹਟਾ ਲੈਣ ਨੂੰ ਉੱਚ ਪ੍ਰਤਿਸ਼ਠਾ ਦਾ ਧਿਉਤਕ ਮੰਨਿਆ ਜਾ ਸਕਦਾ ਹੈ। ਪਰੰਤੂ ਸ਼ਹਿਰਾਂ ਅਤੇ ਪਿੰਡਾਂ ਵਿਚ ਵਿਵਸਾਇਕ ਮਹਿਲਾਵਾਂ ਜਾਂ ਪ੍ਰਸ਼ਾਸਨ ਵਿਚ ਕੰਮ ਕਰਨ ਵਾਲੀਆਂ ਉੱਚ ਅਤੇ ਉੱਚ ਮਧਿਅਮ ਜਾਂ ਨੀਵਾਂ-ਮਧਿਅਮ ਪੱਧਰ ਦੀਆਂ ਮਹਿਲਾਵਾਂ ਦੇ ਬਾਰੇ ਵਿਚ ਇਹ ਤੱਥ ਸਹੀ ਨਹੀਂ ਹਨ। ਅਣਵਿਆਹੀ ਕੰਮਕਾਜੀ ਮਹਿਲਾਵਾਂ ਸੰਪਤੀ ਸਮਝੀਆਂ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਦਾ ਬਿਨਾਂ ਜ਼ਿਆਦਾ ਕਠਿਨਾਈ ਅਤੇ ਘੱਟ ਦਾਜ ਦੇ ਵਿਆਹ ਕੀਤਾ ਜਾ ਸਕਦਾ ਹੈ।

ਕੀ ਪੁਰਸ਼ਾਂ ਤੋਂ ਸੁਤੰਤਰ ਇਸਤ੍ਰੀਆਂ ਦੀ ਪਛਾਣ ਦੀ ਅਭਿਵਿਅਕਤੀ ਹੋ ਸਕਦੀ ਹੈ? ਵਿਚਾਰਕ ਦ੍ਰਿਸ਼ਟੀ ਤੋਂ ਤੇ ਹੋ ਸਕਦੀ ਹੈ, ਪਰੰਤੂ ਵਿਵਸਾਇਕ ਤੌਰ ਉੱਤੇ ਨਹੀਂ। ਮੀਨਾਕਸ਼ੀ ਮੁਖਰਜੀ ਨੇ ਠੀਕ ਹੀ ਕਿਹਾ ਹੈ ਕਿ ਇਕ ਪੁਰਸ਼ ਦੀ ਅਪੇਕਸ਼ਾ ਇਕ ਇਸਤ੍ਰੀ ਲਈ ਸਮਾਜਿਕ ਅਨੁਪਾਲਨ ਜ਼ਿਆਦਾ ਜਰੂਰੀ ਹੈ।

ਅੱਜ ਚੀਨ ਵਿਚ ਇਸਤ੍ਰੀਆਂ ਨੂੰ ਲਗਭਗ ਪੁਰਸ਼ਾਂ ਦੇ ਸਮਾਨ ਸਥਾਨ ਪ੍ਰਾਪਤ ਹੈ। ਚੇਅਰਮੈਨ ਮਾਓ ਨੇ ਕਿਹਾ ਸੀ: "ਜਿਸ ਦਿਨ ਚੀਨ ਵਿਚ ਸਭ ਇਸਤ੍ਰੀਆਂ ਆਪਣੇ ਪੈਰਾਂ ਉੱਤੇ ਖੜੀਆਂ ਹੋ ਜਾਣਗੀਆਂ, ਉਹ ਦਿਨ ਚੀਨ ਦੀ ਕ੍ਰਾਂਤੀ ਦੀ ਸਫਲਤਾ ਦਾ ਹੋਵੇਗਾ। ਸਮੇਂ ਪਰਿਵਰਤਿਤ ਹੋ ਗਿਆ ਹੈ, ਅੱਜ ਇਸਤ੍ਰੀ ਅਤੇ ਪੁਰਸ਼ ਸਮਾਨ ਹਨ। ਜੋ ਕੁਝ ਵੀ ਪੁਰਸ਼ ਸਾਥੀ ਕਰ ਸਕਦੇ ਹਨ, ਮਹਿਲਾ ਸਾਥੀ ਵੀ ਉਹ ਕੰਮ ਕਰ ਸਕਦੀਆਂ ਹਨ।" ਚੀਨੀ ਸਮਾਜ ਵਿਚ ਇਸਤ੍ਰੀਆਂ ਦੇ ਨੀਵੇਂ ਸਥਾਨ ਨੂੰ ਉੱਚ ਕਰਨ ਦੀ ਕੋਸ਼ਿਸ਼ ਵਿਚ ਸਾਮੰਤੀ ਤਰੀਕਿਆਂ ਉੱਤੇ ਤਿੱਖਾ ਪ੍ਰਹਾਰ ਕੀਤਾ ਗਿਆ ਅਤੇ ਪੁਰਾਣੀ ਆਸਥਾਵਾਂ ਨੂੰ ਤਿਰਸਕ੍ਰਿਤ ਕੀਤਾ ਗਿਆ। ਅੱਜ ਚੀਨ ਵਿਚ ਸਮਾਨ ਕੰਮ ਦੇ ਲਈ ਸਮਾਨ ਤਨਖਾਹ ਲਾਗੂ ਹੈ।

ਇਸਤ੍ਰੀਆਂ ਦੇ ਪੁਰਸ਼ ਅਤੇ ਸਮਾਜਿਕ ਸੰਰਚਨਾ ਦੇ ਨਾਲ ਬੰਧਨ ਨੂੰ ਪੂੰਜੀਵਾਦ ਦਾ ਲਕਸ਼ਣ ਮੰਨਿਆ ਗਿਆ ਹੈ। ਇਸ ਤਰ੍ਹਾਂ ਦੇ ਬੰਧਨਾਂ ਤੋਂ ਇਸਤ੍ਰੀਆਂ ਦੀ ਮੁਕਤੀ ਨੂੰ ਸਮਾਜਵਾਦ ਦੀ ਵਿਸ਼ੇਸ਼ਤਾ ਕਿਹਾ ਜਾਂਦਾ ਹੈ। ਇਸਤ੍ਰੀਆਂ ਦੇ ਲਈ ਰੋਜ਼ਗਾਰ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਖਤਮ ਕਰਨ ਦਾ ਰਾਮ ਬਾਣ ਨਹੀਂ ਹੈ। ਸਮਾਜ ਦੇ ਨੀਵੇਂ ਵਰਗਾਂ ਵਿਚ ਇਸਤ੍ਰੀਆਂ ਅਨੇਕ ਆਰਥਿਕ ਕੰਮਾਂ ਵਿਚ ਰੱਤ ਹਨ ਅਤੇ ਫਿਰ ਵੀ ਉਹ ਪੁਰਸ਼ਾਂ ਦੇ ਸ਼ਿਕੰਜੇ ਵਿਚ ਜਕੜੀ ਹੋਈ ਹੈ। ਆਧੁਨਿਕ ਪਾਰਤ ਵਿਚ ਇਸਤ੍ਰੀਆਂ ਦੀ ਦੁਰਦਸ਼ਾ ਸਮਝਣ ਦੇ ਲਈ ਉਨ੍ਹਾਂ ਨੂੰ ਸਿਖਿਅਤ-ਅਸਿਖਿਅਤ, ਧਨੀ-ਨਿਰਧਨ, ਅਤੇ ਪੇਂਡੂ ਬਨਾਮ ਸ਼ਹਿਰੀ ਦੇ ਸੰਦਰਭ ਵਿਚ ਸਮਝਾਉਣ ਨਾਲ ਵੀ ਉਪਯੁਕਤ ਸਮਝ ਨਹੀਂ ਮਿਲੇਗੀ। ਵਾਸਤਵ ਵਿਚ ਇਸਤ੍ਰੀਆਂ ਨੂੰ ਪੁਰਸ਼ਾਂ ਤੋਂ ਅਲਗ ਰਖ ਕੇ ਸਮਝਿਆ ਨਹੀਂ ਜਾ ਸਕਦਾ। ਸਿਰਫ਼ ਪਰਿਵਾਰ ਹੀ ਇਸਤ੍ਰੀਆਂ ਨੂੰ ਗੁਲਾਮ ਬਣਾਉਣ ਵਾਲੀ ਸੰਸਥਾ ਨਹੀਂ ਹੈ। ਸਮਾਜ ਦੀ ਪ੍ਰਕ੍ਰਿਤੀ ਹੀ ਅਜਿਹੀ ਹੈ ਕਿ ਜਿਸ ਵਿਚ ਇਸਤ੍ਰੀਆਂ ਦੇ ਨਾਲ ਅਨੁਦਾਰ ਰੂਪ ਵਿਚ ਵਿਵਹਾਰ ਕੀਤਾ ਗਿਆ ਹੈ। ਇਕ ਵਾਰ ਲੇਓਨ ਟ੍ਰੋਟਸਕੀ ਨੇ ਕਿਹਾ ਸੀ: "ਪੁਰਸ਼ੋਚਿਤ ਅਹੰਵਾਦ ਦੀ ਕੋਈ ਸੀਮਾ ਨਹੀਂ ਹੈ। ਸੰਸਾਰ ਨੂੰ ਸਮਝਣ ਦੇ ਲਈ ਸਾਨੂੰ ਇਸ ਨੂੰ ਇਸਤ੍ਰੀਆਂ ਦੇ ਅੱਖਾਂ ਨਾਲ ਦੇਖਣਾ ਚਾਹੀਦਾ ਹੈ।"

ਅੱਜ ਇਸਤ੍ਰੀਆਂ ਦੇ ਅਧਿਐਨ ਵਿਚ ਇਸਤ੍ਰੀਆਂ ਦੀ ਪਰਿਸਥਿਤੀ, ਉਨ੍ਹਾਂ ਦੇ ਨੀਵੇਂ ਕਰਨ, ਸਮਾਜਿਕ ਪ੍ਰਥਾਵਾਂ, ਪਰਿਵਾਰ ਵਿਚ ਇਸਤ੍ਰੀਆਂ ਦੀ ਭੂਮਿਕਾ, ਸਮੁਦਾਏ ਅਤੇ ਪਰੰਪਰਾ ਉੱਤੇ ਬਲ ਨਹੀਂ ਹੈ, ਪਰੰਤੂ ਸਿਖਿਆ, ਇਸਤ੍ਰੀਆਂ ਦੀ ਆਰਥਿਕ ਅਤੇ ਕਾਨੂੰਨੀ ਪਰਿਸਥਿਤੀ ਅਤੇ ਰਾਜਨੀਤਿਕ ਭਾਗੀਦਾਰੀ ਦੇ ਅਧਿਐਨਾਂ ਉੱਤੇ ਜ਼ਿਆਦਾ ਬਲ ਦਿੱਤਾ ਜਾਣ ਲਗਾ ਹੈ। ਮਨੋਵਿਰਤੀਆਂ, ਭੂਮਿਕਾਵਾਂ ਅਤੇ ਪਰਿਸਥਿਤੀਆਂ ਦੇ ਬਜਾਏ ਹੁਣ ਇਸਤ੍ਰੀਆਂ ਦੇ ਅਧੀਨੀਕਰਨ ਦੇ ਕਾਰਣਾਂ, ਕੰਮ ਸਹਿਭਾਗਿਤਾ, ਅੰਦੋਲਨ ਵਿਚ ਇਸਤ੍ਰੀਆਂ ਦੀ ਭੂਮਿਕਾ, ਸਮਾਜਿਕ-ਆਰਥਿਕ ਅਤੇ ਰਾਜਨੀਤਿਕ ਸੰਰਚਨਾ ਦੇ ਸੰਦਰਭ ਵਿਚ ਪਿਤਰ ਸੱਤਾਤਮਕ ਢਾਂਚਾ ਅਤੇ ਇਸਤ੍ਰੀਆਂ ਨਾਲ ਸੰਬੰਧਿਤ ਪ੍ਰਮੁੱਖ ਮੁੱਦੇ ਚੁੱਕੇ ਜਾ ਰਹੇ ਹਨ। ਉਮਰ ਅਤੇ ਯੌਨ ਸਿਰਫ਼ ਮਾਤਰ ਜੈਵਿਕੀ ਪ੍ਰਘਟਨਾਵਾਂ ਨਹੀਂ ਹਨ, ਉਹ ਸਮਾਜਿਕ ਅਤੇ ਸਾਂਸਕ੍ਰਿਤਿਕ ਚਰ ਵੀ ਹਨ। ਕੁਝ ਸਮਾਜਾਂ ਵਿਚ ਇਨ੍ਹਾਂ ਪੁਰਸਕਾਰਾਂ ਅਤੇ ਵਿਸ਼ੇਸ਼ਾਧਿਕਾਰਾਂ ਦੇ ਵਿਤਰਨ ਦਾ ਆਧਾਰ ਮੰਨਿਆਂ ਜਾਂਦਾ ਹੈ।

ਇਸਤ੍ਰੀਆਂ ਦੀ ਸਥਿਤੀ ਦਾ ਅਧਿਐਨ ਕਰਨ ਵਿਚ "ਪਰਾਨੁਭੂਤੀ" ਦਾ ਹੋਣਾ ਜਰੂਰੀ ਹੈ। ਇਸਤ੍ਰੀਆਂ ਦੀਆਂ ਸਮੱਸਿਆਵਾਂ ਦੀ ਵਿਗਿਆਨਿਕ ਸਮਝ ਦੇ ਲਈ "ਭੂਮਿਕਾ-ਗ੍ਰਹਿਣ" ਦਾ ਉਪਾਅ, ਅਰਥਾਤ ਆਪਣੇ ਆਪ ਨੂੰ ਇਸਤ੍ਰੀਆਂ ਦੀ ਸਥਿਤੀ ਵਿਚ ਰਖਣਾ, ਨਾ ਕਿ ਉਨ੍ਹਾਂ ਦੇ ਲਈ ਮਾਤਰ ਹਮਦਰਦੀ ਪ੍ਰਗਟ ਕਰਨਾ, ਜਰੂਰੀ ਹੈ।

ਪਰਿਵਾਰਾਂ ਵਿਚ ਕੰਮ ਕਰਨ ਵਾਲੀਆਂ ਪਰਾਸ਼੍ਰਿਤ ਮਹਿਲਾਵਾਂ, ਬੱਚੇ ਅਤੇ ਬਜ਼ੁਰਗ ਵਿਅਕਤੀ ਸਕ੍ਰਿਅ ਅਤੇ ਕਮਾਊ ਪੁਰਸ਼ ਮੈਂਬਰਾਂ ਦੇ ਵਿਰੁੱਧ ਮੋਟੇ ਤੌਰ ਤੇ ਇਕ ਸਮਾਨ ਸ਼੍ਰੇਣੀ ਹੈ। ਭਾਰਤ ਵਿਚ ਜਿਥੇ ਪਰਿਵਾਰਿਕ ਬੰਧਨਾਂ, ਸਮੂਹਕ ਜਿੰਮੇਵਾਰੀ ਅਤੇ ਬੰਧੁਤਾ ਸੰਬੰਧਾਂ ਦੇ ਲਈ, ਭਾਵਾਤਮਕ ਬੰਧਨਾਂ ਦੇ ਲਈ ਕਾਫ਼ੀ ਚਿੰਤਾ ਰਹਿੰਦੀ ਹੈ, ਅਜਿਹੀ ਹੀ ਸਥਿਤੀ ਹੈ।

**ਕੀ ਤੁਸੀਂ ਜਾਣਦੇ ਹੋ** ਇਕ ਮਹਿਲਾ ਦੀ ਪਛਾਣ ਆਪਣੇ ਆਪ ਅਤੇ ਹੋਰ ਲੋਕਾਂ ਦੁਆਰਾ ਪੁਰਸ਼ਾਂ ਦੇ ਨਾਲ ਇਕ ਪੁੱਤਰੀ, ਇਕ ਪਤਨੀ ਅਤੇ ਇਕ ਮਾਂ ਦੇ ਰੂਪ ਵਿਚ ਕੀਤੀ ਜਾਂਦੀ ਹੈ। 19ਵੀਂ ਸ਼ਤਾਬਦੀ ਵਿਚ ਯੂਰੋਪ ਵਿਚ ਵੀ ਇਸਤ੍ਰੀਆਂ ਦੇ ਬਾਰੇ ਵਿਚ ਇਹ ਗੱਲ ਸੱਚ ਸੀ।

### 9.3.1 ਸ਼ੋਸ਼ਣ ਅਤੇ ਦਮਨ ਦੇ ਵਿਰੋਧ ਵਿਚ ਇਸਤ੍ਰੀਆਂ ਦਾ ਸੰਘਰਸ਼

ਕੁਝ ਸਾਲਾਂ ਵਿਚ ਇਸਤ੍ਰੀਆਂ ਦੇ ਬਹੁਤ ਹੀ ਅੰਦੋਲਨ ਉਭਰੇ ਸਨ। ਇਹ ਅੰਦੋਲਨ ਕਾਰਵਾਈ, ਸਿਧਾਂਤ ਪ੍ਰਸਤੁਤੀ ਅਤੇ ਸੰਗਠਨੀਕਰਨ ਦੇ ਰੂਪ ਵਿਚ ਚਲਾਏ ਜਾ ਰਹੇ ਹਨ। ਕੀ ਇਹ ਅੰਦੋਲਨ ਵਰਗ-ਸੰਘਰਸ਼ ਜਾਂ ਮੁਕਤੀ ਦੇ ਲਈ ਹਨ? ਹੋਰ ਸੰਬੰਧਿਤ ਪ੍ਰਸ਼ਨ ਹਨ, ਜਿਸ ਪ੍ਰਕਾਰ ਸ਼੍ਰਮਿਕ ਵਰਗ ਦੀ ਮੁਕਤੀ ਦੇ ਸੰਘਰਸ਼ ਨੂੰ ਇਸਤ੍ਰੀਆਂ ਦੀ ਮੁਕਤੀ ਦੇ ਸੰਘਰਸ਼ ਦੇ ਨਾਲ ਜੋੜਿਆ ਜਾਏ? ਵਿਦਿਆਰਥੀਆਂ ਦੇ ਅੰਦੋਲਨ ਦੀ ਤਰ੍ਹਾਂ ਇਸਤ੍ਰੀਆਂ ਦਾ ਅੰਦੋਲਨ ਵੀ ਮਧਿਅਮ ਵਰਗ ਤੋਂ ਪ੍ਰੇਰਿਤ ਹੈ। ਯੌਨਵਾਦ ਅਤੇ ਪੁਰਸ਼ ਉਗ੍ਰਵਾਦ ਦੀ ਵਿਵਸਥਾਵਾਂ ਸਭ ਸੰਗਠਨਾਂ ਵਿਚ ਸਾਰਵਭੌਮਿਕ ਤੌਰ ਉੱਤੇ ਪਾਈ ਜਾਂਦੀਆਂ ਹਨ। ਵੈਸੇ ਪਰਿਵਾਰ ਵਿਚ ਪੁਰਸ਼ ਪ੍ਰਭੁਤਵ, ਪਿਤਰ ਸੱਤਾਵਾਦ ਅਤੇ ਸਮਾਜ ਵਿਚ ਪੂੰਜੀਵਾਦ ਅਤੇ ਸ਼ੋਸ਼ਣ ਦੇ ਵਿਚ ਗਹਿਰਾ ਸੰਬੰਧ ਹੈ।

ਨੋਟ

ਇਸਤ੍ਰੀਆਂ ਦਾ ਅੰਦੋਲਨ ਸਫੇਦਪੋਸ਼ੀ ਮਧਿਅਮ ਵਰਗੀ ਇਸਤ੍ਰੀਆਂ, ਉੱਚ ਅਤੇ ਉੱਚ ਮਧਿਅਮ ਵਰਗੀ ਕੋਈ ਵੀ ਕੰਮ ਨਾ ਕਰਨ ਵਾਲੀ ਇਸਤ੍ਰੀ ਸਮਾਜਿਕ ਕਾਰਜਕਰਤਾਵਾਂ ਦੁਆਰਾ ਚਲਾਇਆ ਜਾਂਦਾ ਹੈ। ਸ਼ਹਿਰੀ ਮਧਿਅਮ ਅਤੇ ਉੱਚ-ਮਧਿਅਮ ਵਰਗੀ ਇਸਤ੍ਰੀ ਵਿਵਸਥਾਪਕਾਂ ਦੁਆਰਾ ਸੰਚਾਲਿਤ ਮਹਿਲਾ ਸੰਗਠਨ ਦੁਆਰਾ ਮਨੁਸ਼ੀ, ਬਾਇਜਾ, ਮਹਿਲਾ ਅੰਦੋਲਨ ਪੱਤ੍ਰਿਕਾ, ਨਾਰੀਵਾਦੀ ਤੰਤਰ ਅਤੇ ਕਈ ਹੋਰ ਪੱਤਰ-ਪੱਤ੍ਰਿਕਾਵਾਂ ਕੀਤੀਆਂ ਜਾਂਦੀਆਂ ਹਨ। ਕਾਰਜਕਾਰੀ ਮਹਿਲਾਵਾਂ ਨੂੰ ਸੰਗਠਿਤ ਕਰਕੇ ਪੁਰਸ਼ਾਂ ਦੇ ਨਾਲ ਸਮਾਨਤਾ ਪ੍ਰਾਪਤ ਕਰਨ ਦੇ ਉਦੇਸ਼ ਤੋਂ ਦਿੱਲੀ, ਬੰਬਈ ਅਤੇ ਪੂਨਾ ਵਿਚ ਮਹਿਲਾ ਸਭਾਵਾਂ ਅਤੇ ਗੋਸ਼ਟੀਆਂ ਦਾ ਆਯੋਜਨ ਕਰਨਾ ਇਕ ਆਮ ਗੱਲ ਹੋ ਗਈ ਹੈ। ਪਰਿਵਾਰਾਂ ਵਿਚ ਭੇਦਭਾਵ, ਇਸਤ੍ਰੀਆਂ ਦੀ ਆਰਥਿਕ ਪਰਿਸਥਿਤੀ, ਉਨ੍ਹਾਂ ਦੀ ਕਾਰਜ ਪਰਿਸਥਿਤੀਆਂ ਅਤੇ ਵਿਵਸਾਇਕ ਪ੍ਰਤੀਮਾਨ ਆਦਿ ਇਨਾਂ ਗੋਸ਼ਟੀਆਂ ਦੇ ਮੁੱਖ ਬਿੰਦੂ ਬਣ ਚੁਕੇ ਹਨ। ਇਨਾਂ ਗੋਸ਼ਟੀਆਂ ਵਿਚ ਹੋਏ ਵਿਚਾਰ-ਵਟਾਂਦਰੇ ਵਿਚ ਇਹ ਕਿਹਾ ਗਿਆ ਹੈ ਕਿ ਭਾਰਤ ਵਿਚ ਮਹਿਲਾਵਾਂ ਉੱਤੇ ਪਰਿਵਾਰ ਵਿਚ ਘੱਟ ਧਨ ਨੂੰ ਖਰਚ ਨਹੀਂ ਕੀਤਾ ਜਾਂਦਾ ਸਗੋਂ ਉਨ੍ਹਾਂ ਤੇ ਘੱਟ ਧਿਆਨ ਵੀ ਦਿਤਾ ਜਾਂਦਾ ਹੈ। ਇਹ ਉਨ੍ਹਾਂ ਦੀ ਜ਼ਿਆਦਾ ਤੋਂ ਜ਼ਿਆਦਾ ਸੰਭਾਵਿਤ ਉਪਲਬਧੀ ਤੋਂ ਵੀ ਘੱਟ ਹੈ। ਇਕ ਵਿਚਾਰ ਇਹ ਹੈ ਕਿ ਪਰਿਵਾਰ ਵਿਚ ਯੌਨ ਉੱਤੇ ਆਧਾਰਿਤ ਭੇਦਭਾਵ ਦਾ ਆਧਾਰ ਆਰਥਿਕ ਹੈ। ਇਸਤ੍ਰੀਆਂ ਦੀ ਸ਼ੋਸ਼ਣ ਦੀ ਦ੍ਰਿਸ਼ਟੀ ਤੋਂ ਤੁਲਨਾ ਨਗਰੀਏ ਸਰਵਸਹਾਰਾ ਅਤੇ ਗਰੀਬ ਕਿਸਾਨ ਦੇ ਨਾਲ ਕੀਤੀ ਜਾ ਸਕਦੀ ਹੈ। ਇਸਤ੍ਰੀਆਂ ਘਰ ਵਿਚ ਬਹੁਤ ਮਿਹਨਤ ਕਰਦੀਆਂ ਹਨ ਪਰੰਤੂ ਉਨ੍ਹਾਂ ਨੂੰ ਇਸਦਾ ਮੁੱਲ ਨਹੀਂ ਮਿਲਦਾ। ਇਥੋਂ ਤਕ ਕਿ ਕੰਮਕਾਜੀ ਮਹਿਲਾਵਾਂ ਨੂੰ ਵੀ ਸੁਤੰਤਰ ਪਰਿਸਥਿਤੀ ਪ੍ਰਾਪਤ ਨਹੀਂ ਹੈ, ਕਿਉਂਕਿ ਉਨ੍ਹਾਂ ਨੂੰ ਘਰ ਦਾ ਸਾਰਾ ਭਾਰ ਢੋਣਾ ਪੈਂਦਾ ਹੈ ਜੋ ਵਾਸਤਵ ਵਿਚ ਸਹੁਰਿਆਂ ਦੇ ਰਿਸ਼ਤੇਦਾਰਾਂ ਅਤੇ ਪਤੀ ਨੂੰ ਕਰਨਾ ਚਾਹੀਦਾ ਹੈ।

ਕੁਝ ਮਹਿਲਾ ਸਮਰਥਕਾਂ ਨੇ ਮਹਿਲਾਵਾਂ ਦੇ ਜੀਵਨ ਉੱਤੇ ਜ਼ਿਆਦਾ ਨਿਅੰਤ੍ਰਣ ਦੇ ਲਈ ਸੰਘਰਸ਼ ਦੇ ਚਾਰ ਪ੍ਰਮੁੱਖ ਸਰੂਪਾਂ ਦਾ ਉਲੇਖ ਕੀਤਾ ਹੈ। ਇਹ ਹਨ: (1) ਇਸਤ੍ਰੀਆਂ ਵਿਚ (ਜਨ ਅੰਦੋਲਨਾਂ ਦੁਆਰਾ) ਚੇਤਨਾ ਜਾਗ੍ਰਤ ਕਰਨ ਦੇ ਲਈ ਸਮੂਹ ਅਤੇ ਇਸਤ੍ਰੀ ਕੇਂਦਰ ਬਣਾਏ ਗਏ ਹਨ। ਇਨਾਂ ਦਾ ਉਦੇਸ਼ ਉਨ੍ਹਾਂ ਦੇ ਸ਼ਰੀਰ ਉੱਤੇ ਜ਼ਿਆਦਾ ਤੋਂ ਜ਼ਿਆਦਾ ਨਿਅੰਤ੍ਰਣ ਦੇ (ਬਲਾਤਕਾਰ, ਸੁਤੰਤਰ ਅਤੇ ਸੁਰਖਿਅਤ ਗਰਭ ਨਿਰੋਧ ਦੇ ਉਪਾਅ ਅਤੇ ਗਰਭਪਾਤ) ਕਰਨ ਤੋਂ ਹੈ। ਇਨਾਂ ਦਾ ਉਦੇਸ਼ ਵਿਅਸਕ ਵੋਟ ਦਾ ਅਧਿਕਾਰ ਜਿਵੇਂ ਰਾਜਨੀਤਿਕ ਅਧਿਕਾਰਾਂ ਦੀ ਪ੍ਰਤੀ-ਰੱਖਿਆ ਕਰਨਾ, ਪਰਿਵਾਰ ਵਿਚ ਦਮਨ ਅਤੇ ਅਸ਼ਲੀਲ ਸਾਹਿੱਤ ਦੇ ਪ੍ਰਕਾਸ਼ਨ ਆਦਿ ਦਾ ਵਿਰੋਧ ਕਰਨਾ ਵੀ ਰਿਹਾ ਹੈ; (2) ਮਹਿਲਾਵਾਂ ਦੇ ਜੀਵਨ ਪੱਧਰ ਅਤੇ ਕਾਰਜ ਅਵਸਥਾਵਾਂ ਵਿਚ ਪਰਿਵਰਤਨ ਲਿਆਉਣ ਦੇ ਲਈ ਵਿਭਿੰਨ ਸੰਗਠਨਾਂ ਦੁਆਰਾ ਸੰਘਰਸ਼ ਕੀਤਾ ਗਿਆ ਹੈ; (3) ਗ੍ਰਹਿਣੀਆਂ ਆਪਣੇ ਕੰਮ ਦੇ ਲਈ ਸਮਾਜਿਕ ਪ੍ਰਤੀਸ਼ਠਾ ਅਤੇ ਪ੍ਰਤੀਫਲ ਪ੍ਰਾਪਤ ਕਰਨ ਦੇ ਲਈ ਸੰਗਠਿਤ ਹੋਈਆਂ ਹਨ; ਅਤੇ (4) ਰਾਜਨੀਤਿਕ ਦਮਨ, ਮਕਾਨਾਂ ਦੀ ਸਮੱਸਿਆ ਅਤੇ ਮੁੱਲ 'ਚ ਵਾਧੇ ਆਦਿ ਦੇ ਵਿਰੁੱਧ ਵੀ ਮਹਿਲਾਵਾਂ ਨੇ ਕੰਮ ਕੀਤਾ ਹੈ।

ਪਰੰਤੂ ਇਨਾਂ ਸਾਰੇ ਮੁੱਦਿਆਂ ਦਾ ਸੰਬੰਧ ਮੁੱਖ ਤੌਰ ਤੇ ਨਗਰਾਂ ਦੀਆਂ ਮਹਿਲਾਵਾਂ ਨਾਲ ਰਿਹਾ ਹੈ। ਪਿੰਡਾਂ ਵਿਚ ਇਸਤ੍ਰੀਆਂ ਦੇ ਸ਼ੋਸ਼ਣ ਦੀ ਤਰਫ ਉਚਿਤ ਧਿਆਨ ਨਹੀਂ ਦਿਤਾ ਗਿਆ ਹੈ। ਪ੍ਰਸ਼ਨ ਹੈ: ਕੀ ਇਕ ਪੁਰਸ਼-ਪ੍ਰਭੁਤਵ ਸਮਾਜ ਵਿਚ ਇਸਤ੍ਰੀਆਂ ਦੀ ਕੋਈ ਆਤਮ ਅਤੇ ਪਛਾਣ ਹੈ? ਮਹਿਲਾਵਾਂ ਦੇ ਬਾਰੇ ਵਿਚ ਦੋ ਕਲਪਨਾਵਾਂ ਹਨ: (1) ਦ੍ਰਿੜ੍ਹ ਅਤੇ ਲਚੀਲੀ ਇਸਤ੍ਰੀਆਂ ਦੀ ਕਲਪਨਾ, (2) ਦੁਖੀ ਅਤੇ ਬਰਦਾਸ਼ਤ ਕਰਨ ਵਾਲੀਆਂ ਮਹਿਲਾਵਾਂ। ਦੋਵੇਂ ਹੀ ਕਲਪਨਾਵਾਂ ਅਵਾਸਤਵਿਕ ਹਨ ਕਿਉਂਕਿ ਇਨਾਂ ਦੇ ਅਨੁਸਾਰ ਇਸਤ੍ਰੀਆਂ ਨੂੰ ਪਰਿਵਾਰ ਵਿਚ ਇਕ ਦਲਿਤ-ਕੁਚਲਿਤ ਦੇ ਰੂਪ ਵਿਚ ਨਹੀਂ, ਬਲਕਿ ਕੇਵਲ ਕਮਜ਼ੋਰ ਯੌਨ ਵਾਲੇ ਮਾਨਵ ਪ੍ਰਾਣੀ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਮਨੁੱਖਾਂ ਦੁਆਰਾ ਜਬਰਨ ਯੌਨ ਸੰਪਰਕ ਦਾ ਇਸਤ੍ਰੀਆਂ ਵਿਰੋਧ ਕਰ ਰਹੀਆਂ ਹਨ। ਇਸਤ੍ਰੀਆਂ ਦੀ ਯੌਨ ਸੰਬੰਧ ਦੀ ਪੂਰਵ ਸਵੀਕ੍ਰਿਤੀ ਉਨ੍ਹਾਂ ਦਾ ਵਿਸ਼ੇਸ਼ਾਧਿਕਾਰ ਮੰਨਿਆਂ ਜਾਣ ਲਗਾ ਹੈ।

### 9.3.2 ਵਿਅਕਤੀ ਦੇ ਰੂਪ ਵਿਚ ਇਸਤ੍ਰੀਆਂ ਦੀ ਪਛਾਣ

ਪਰਿਵਾਰ ਵਿਚ ਇਸਤ੍ਰੀ ਦੀ ਪਛਾਣ ਉਸਦੀ ਭੂਮਿਕਾ ਤੋਂ ਪਰਿਭਾਸ਼ਤ ਕੀਤੀ ਜਾਂਦੀ ਹੈ। ਉਸਦੀ ਪਛਾਣ ਇਕ ਪੁੱਤਰੀ, ਨੂੰਹ, ਮਾਤਾ, ਸੱਸ, ਪਤਨੀ ਆਦਿ ਦੇ ਰੂਪ ਵਿਚ ਕੀਤੀ ਜਾਂਦੀ ਹੈ, ਨਾ ਕਿ ਇਕ ਵਿਅਕਤੀ ਦੇ ਰੂਪ ਵਿਚ। ਪਰਿਵਾਰ ਦੇ ਬਾਹਰ, ਮਿੱਤਰ, ਸੰਬੰਧੀ ਅਤੇ ਹੋਰ ਸੁਤੰਤਰ ਸੰਪਰਕ ਨਹੀਂ ਹਨ। ਉਸਦੇ ਮਿੱਤਰ, ਸੰਬੰਧੀ ਅਤੇ ਹੋਰ ਸੰਪਰਕ ਉਹੀ ਹਨ ਜੋ ਪਰਿਵਾਰ ਦੇ ਪੁਰਸ਼ ਮੈਂਬਰਾਂ ਦੇ ਮਧਿਅਮ ਤੋਂ ਉਸ ਨੂੰ ਮਿਲੇ ਹਨ। ਇਨਾਂ ਸੰਬੰਧਾਂ ਦੇ ਲਈ ਉਸਦੀ ਸੁਤੰਤਰ ਪਸੰਦ ਦਾ ਕੋਈ ਪ੍ਰਸ਼ਨ ਹੀ ਨਹੀਂ ਹੈ। ਇਸ ਲਈ ਪਰਿਵਾਰ ਵਿਚ ਇਸਤ੍ਰੀ ਦੀ ਪਰਿਸਥਿਤੀ ਅਧੀਨਸਥ ਪਰਿਸਥਿਤੀ ਹੈ। ਫਿਰ ਵੀ ਇਸਤ੍ਰੀਆਂ ਦੀ ਪਛਾਣ ਦੇ ਕਈ ਅੰਸ਼ ਹਨ ਜੋ ਉਸਦੇ ਪਰਿਵਾਰ ਦੀ ਜਾਤੀ ਅਤੇ ਵਰਗੀ ਪ੍ਰਸ਼ਠਭੂਮੀ ਉੱਤੇ ਨਿਰਭਰ ਹੈ।

ਕੀ ਇਸਤ੍ਰੀ ਇਕ ਵਿਅਕਤੀ ਹੈ? ਨਾ ਚਾਹੁੰਦੇ ਹੋਏ ਵੀ ਇਸਤ੍ਰੀ ਆਪਣੇ ਪਤੀ ਦੀਆਂ ਇੱਛਾਵਾਂ ਦੇ ਸਾਹਮਣੇ ਝੁਕਦੀ ਹੈ। ਇਸਤ੍ਰੀ ਦੀ "ਯੌਨ ਨਿਆਂ" ਜਾਂ ਪੁਰਸ਼ ਦੇ ਨਾਲ ਸਮਾਨਤਾ ਪ੍ਰਾਪਤ ਨਹੀਂ ਹੈ। ਜਦ ਵੀ ਇਸਤ੍ਰੀ ਨੇ ਆਪਣੇ ਆਪ ਨੂੰ ਇਕ ਵਿਅਕਤੀ ਦੇ ਰੂਪ ਵਿਚ ਪਛਾਣ ਪ੍ਰਗਟ ਕੀਤੀ ਹੈ, ਉਸਦੇ ਅਨੇਕ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ। "ਜਬਰਨ ਯੌਨ ਸੰਬੰਧ" ਜਾਂ "ਵਿਆਹਕ ਅਧਿਕਾਰਾਂ ਦਾ ਦੁਬਾਰਾ ਸਥਾਪਨ" ਬਹੁਤ ਹਦ ਤਕ ਇਸਤ੍ਰੀਆਂ ਦੇ ਵਿਰੁਧ ਹਿੰਸਾ ਹੈ ਦਾਜ ਉਤਪੀੜਨ ਅਤੇ ਵਹੁਟੀ ਜਲਾਉਣਾ ਉਨ੍ਹਾਂ ਦੇ ਵਿਰੁੱਧ ਹਿੰਸਾ ਦਾ ਰੂਪ ਹੀ ਹੈ। ਸੰਯੁਕਤ ਪਰਿਵਾਰ ਅਤੇ ਅਨੁਲੋਮ ਵਿਆਹ ਨੂੰ ਦੁਬਾਰਾ ਨਿਯੋਜਿਤ ਕਰਨ ਦੀ ਜ਼ਰੂਰਤ ਹੈ। ਉਦਾਹਰਣ ਦੇ ਲਈ ਸੰਯੁਕਤ ਪਰਿਵਾਰ ਇਕ ਅਜਿਹਾ ਸਥਾਨ ਹੈ ਜਿੱਥੇ ਨੂੰਹ ਨੂੰ ਪਰਿਵਾਰ ਵਿਚ "ਬਾਹਰੀ" ਅਤੇ "ਨੌਕਰ" ਮੰਨਿਆਂ ਜਾਂਦਾ ਰਿਹਾ ਹੈ। ਪਰਿਵਾਰ ਵਿਚ ਉਸਨੂੰ ਹਰੇਕ ਮੈਂਬਰ ਡਾਂਟ-ਡਪਟ ਅਤੇ ਮਖੌਲ ਦਾ ਪਾਤਰ

ਨੋਟ

ਸਮਝਦਾ ਹੈ। ਅਨੁਲੋਮ ਵਿਆਹ ਦਾ ਅਰਥ ਹੈ ਕਿ ਅੰਤਰਜਾਤੀ ਅਤੇ ਬਾਹਰੀ ਗੋਤਰ ਦੇ ਸੰਦਰਭ ਲੜਕੀ ਦੇ ਨਾਲ ਉੱਚ ਪਰਿਸਥਿਤੀ ਦੇ ਪਰਿਵਾਰ ਦੇ ਲੜਕੇ ਦਾ ਵਿਆਹ ਕੀਤਾ ਜਾਂਦਾ ਹੈ। ਅਨੁਲੋਮ ਵਿਆਹ ਦੇ ਕਾਰਣ ਹਿੰਦੂਆਂ ਵਿਚ ਲੜਕੇ ਦਾ ਮੁੱਲ ਵਧ ਗਿਆ ਹੈ, ਇਸ ਲਈ ਦਾਜ ਵੱਡੀ ਸਮੱਸਿਆ ਬਣ ਗਈ ਹੈ।

ਸੰਵਿਧਾਨ ਵਿਚ ਸਮਾਨਤਾ ਦੇ ਬਾਰੇ ਵਿਚ ਅਤੇ ਧਰਮ, ਪ੍ਰਜਾਤੀ, ਜਾਤੀ ਅਤੇ ਯੌਨ ਉੱਤੇ ਆਧਾਰਤ ਭੇਦਭਾਵ ਦੇ ਵਿਰੁੱਧ ਜੋ ਵੀ ਕਿਹਾ ਗਿਆ ਹੈ ਉਸਦੇ ਅਲਾਵਾ ਭਾਰਤ ਸਰਕਾਰ ਨੇ ਸੁਤੰਤਰਤਾ ਦੇ ਬਾਅਦ ਵਿਆਹ, ਸੰਪਤੀ ਦੇ ਉਤਰਾਧਿਕਾਰ, ਤਲਾਕ, ਦਾਜ ਅਤੇ ਬਲਾਤਕਾਰ ਆਦਿ ਦੇ ਬਾਰੇ ਵਿਚ ਅਨੇਕ ਕਾਨੂੰਨ ਪਾਰਿਤ ਕੀਤੇ ਹਨ। ਭਾਰਤ ਵਿਚ ਸਮਾਜਿਕ ਵਿਧਾਨ ਜ਼ਿਆਦਾ ਪ੍ਰਭਾਵਸ਼ਾਲੀ ਸਿੱਧ ਨਹੀਂ ਹੋਏ ਹਨ। ਦਾਜ ਅਧਿਨਿਯਮ ਅਤੇ ਬਲਾਤਕਾਰ ਕਾਨੂੰਨ ਪਿਛਲੇ ਕੁਝ ਸਾਲਾਂ ਤੋਂ ਅਦਾਲਤਾਂ ਅਤੇ ਸਾਰਵਜਨਿਕ ਮੰਚਾਂ ਉੱਤੇ ਬਹੁਤ ਚਰਚਿਤ ਰਹੇ ਹਨ। ਫਿਰ ਵੀ ਬਲਾਤਕਾਰ ਦੀਆਂ ਘਟਨਾਵਾਂ ਨਿਰੰਤਰ ਹੋ ਰਹੀਆਂ ਹਨ। ਗਰੀਬ ਅਤੇ ਦਲਿਤ ਇਸਤ੍ਰੀਆਂ ਵਿਸ਼ੇਸ਼ਕਰ ਇਸਦਾ ਸ਼ਿਕਾਰ ਹੁੰਦੀਆਂ ਹਨ। ਦਾਜ ਉਤਪੀੜਨ ਅਤੇ ਯਾਤਨਾਵਾਂ, ਘਰ-ਨੂੰਹ ਨੂੰ ਜਲਾਉਣਾ ਅਤੇ ਯਾਤਨਾਵਾਂ ਦੇ ਕਾਰਨ ਆਤਮ ਹੱਤਿਆ ਨਿਰੰਤਰ ਹੋ ਰਹੀਆਂ ਹਨ। ਸ਼ਹਿਰਾਂ, ਕਸਬਿਆਂ ਵਿਚ ਦਾਜ ਉਤਪੀੜਨ ਅਤੇ ਯਾਤਨਾ ਦੀ ਸ਼ਿਕਾਰ ਉੱਚ ਜਾਤੀਆਂ, ਮਧਿਅਮ ਅਤੇ ਨੀਵਾਂ ਮਧਿਅਮ ਜਾਤੀਆਂ ਅਤੇ ਵਰਗ ਸਮੂਹਾਂ ਵਿਚ ਗਹਿਰੀ ਜੜ ਜਮਾਏ ਹੋਏ ਹਨ। ਆਪਣੀਆਂ ਲੜਕੀਆਂ ਦੇ ਲਈ ਉੱਚਤਰ ਪਰਿਵਾਰ ਦੇ ਲੜਕੇ ਲੱਭਣ ਦੀ ਇਕ ਪ੍ਰਕਾਰ ਦੀ ਅਪ੍ਰਤੱਖ ਪ੍ਰਤੀਯੋਗਤਾ ਅਭਿਭਾਵਕਾਂ ਵਿਚ ਉਤਪੰਨ ਹੋ ਗਈ ਹੈ। ਅਜਿਹੇ ਲੜਕਿਆਂ ਦੀ ਸਿਖਿਆ ਦੀ ਯੋਗਤਾ ਅਤੇ ਸਫੇਦਪੋਸ਼ ਨੌਕਰੀ ਦੇ ਸੰਦਰਭ ਵਿਚ ਪਰਿਸਥਿਤੀ ਉੱਚ ਹੋਣੀ ਚਾਹੀਦੀ ਹੈ।

ਇਹ ਸਵੀਕਾਰ ਕੀਤਾ ਜਾਂਦਾ ਹੈ ਕਿ ਮਹਿਲਾਵਾਂ ਪੁਰਸ਼ਾਂ ਤੋਂ ਕਿਸੇ ਵੀ ਤਰੀਕੇ ਤੋਂ ਕਮਜ਼ੋਰ ਨਹੀਂ ਹੈ। ਭਾਰਤ ਦੇ ਵਿਕਾਸ ਵਿਚ ਇਸਤ੍ਰੀਆਂ ਦਾ ਬਹੁਤ ਯੋਗਦਾਨ ਰਿਹਾ ਹੈ। ਬ੍ਰਿਟਿਸ਼ ਰਾਜ ਦੇ ਵਿਰੁੱਧ ਸੁਤੰਤਰਤਾ ਸੰਗ੍ਰਾਮ ਵਿਚ ਉਨ੍ਹਾਂ ਨੇ ਹਿੱਸਾ ਲਿਆ। ਭਾਰਤ ਦੇ ਇਤਿਹਾਸ ਵਿਚ ਉਸ ਮੁਸ਼ਕਲ ਸਮੇਂ ਵਿਚ ਉਨ੍ਹਾਂ ਨੇ ਬਹੁਤ ਸਮਾਜਿਕ ਕੰਮ ਕੀਤੇ। ਰਾਸ਼ਟਰੀ ਹਿਤ ਵਿਚ ਇਸਤ੍ਰੀਆਂ ਦੇ ਬਹੁਤ ਜ਼ਿਆਦਾ ਯੋਗਦਾਨ ਦੇ ਬਾਵਜੂਦ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਇਸਤ੍ਰੀਆਂ ਦਾ ਦਮਨ ਅਤੇ ਸ਼ੋਸ਼ਨ ਇਸ ਲਈ ਹੁੰਦਾ ਹੈ ਕਿਉਂਕਿ ਉਹ ਅਸੰਗਠਿਤ ਖੇਤਰਾਂ ਵਿਚ ਕੰਮ ਕਰਦੀਆਂ ਹਨ। ਤਕਨੀਕੀ ਵਿਕਾਸ ਦਾ ਮਹਿਲਾਵਾਂ ਉੱਤੇ ਪ੍ਰਤੀਕੂਲ ਪ੍ਰਭਾਵ ਪਿਆ ਹੈ। ਪਰਿਵਾਰ ਦੇ ਸੰਸਾਧਨਾਂ ਅਤੇ ਆਪਣੇ ਰੋਜਗਾਰ ਦੇ ਹੋਰ ਹਿੱਸਿਆਂ ਉੱਤੇ ਉਨ੍ਹਾਂ ਦਾ ਹੁਣ ਨਿਅੰਤ੍ਰਣ ਘੱਟ ਹੈ। ਖੇਤੀ, ਦੁੱਧਸ਼ਾਲਾ ਵਿਕਾਸ, ਮਛਲੀ ਪਾਲਨ ਅਤੇ ਘਰੇਲੂ ਪ੍ਰੋਦਿਯੋਗਿਕੀ ਦੇ ਖੇਤਰਾਂ ਵਿਚ ਪ੍ਰਗਤੀ ਦੇ ਨਤੀਜੇ ਵਜੋਂ ਮਹਿਲਾਵਾਂ ਦੀ ਆਮ ਪਰਿਸਥਿਤੀ ਅਤੇ ਆਰਥਿਕ ਸੱਤਾ ਵਿਚ ਕਮੀ ਆਈ ਹੈ। ਘਰੇਲੂ ਕੰਮਾਂ ਵਿਚ ਪੁਰਸ਼ ਇਸਤ੍ਰੀਆਂ ਉੱਤੇ ਘੱਟ ਨਿਰਭਰ ਹੋ ਗਏ ਹਨ। ਪੁਰਸ਼-ਇਸਤ੍ਰੀ ਦੇ ਵਿਚ ਅੰਤਰ ਹੋਰ ਜ਼ਿਆਦਾ ਵੱਧ ਗਿਆ ਹੈ। ਉਦਾਹਰਣ ਦੇ ਲਈ ਪੁਰਸ਼ਾਂ ਅਤੇ ਇਸਤ੍ਰੀਆਂ ਦੇ ਵਿਚ ਅੰਤਰ ਦੇ ਪ੍ਰਮੁੱਖ ਖੇਤਰ ਸਾਖਰਤਾ, ਸਿਖਿਆ ਅਤੇ ਪ੍ਰਸ਼ਿਕਸ਼ਣ, ਰੋਜਗਾਰ, ਇਸਤ੍ਰੀ ਨਸ਼ਵਰਤਾ, ਸਵਾਸਥ ਰੱਖਿਆ ਅਤੇ ਚਿਕਿਤਸਾ ਸੇਵਾਵਾਂ ਆਦਿ ਹਨ। ਇਸਤ੍ਰੀ ਨਸ਼ਵਰਤਾ ਪੁਰਸ਼ ਨਸ਼ਵਰਤਾ ਤੋਂ ਜ਼ਿਆਦਾ ਹੈ। ਭਾਰਤ ਦੀ ਸਮਾਜਿਕ, ਸਾਂਸਕ੍ਰਿਤਿਕ ਵਿਰਾਸਤ ਅਤੇ ਪਿਤਰ ਸੱਤਾਤਮਕਤਾ ਅਤੇ ਪੁਰਸ਼ ਪ੍ਰਧਾਨਤਾ ਦੀ ਦ੍ਰਿੜ੍ਹ ਪਰੰਪਰਾ ਦੇ ਕਾਰਣ ਇਨਾਂ ਉਪਰੋਕਤ ਖੇਤਰਾਂ ਵਿਚ ਇਸਤ੍ਰੀਆਂ ਪੁਰਸ਼ਾਂ ਦੀ ਤੁਲਨਾ ਵਿਚ ਪਿਛੜੀਆਂ ਹੋਈਆਂ ਹਨ।

### ਸਵ-ਮੁਲਾਂਕਣ (Answer : Self Assessment)

**2. ਖਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks)—**

(*i*) ਪੁਰਸ਼ਾਂ ਦੇ ਨਾਲ ਇਸਤ੍ਰੀਆਂ ਦੀ ਸਮਾਨਤਾ ਪ੍ਰਾਪਤ ਕਰਨ ਦੀ ਮੰਗ ਪੁਰਸ਼ਾਂ ਦੇ ........... ਦੀ ਅਵਧਾਰਣਾ ਦਾ ਧਿਉਤਕ ਹੈ।

(*ii*) ........... ਨੇ ਵਿਸ਼ੇਸ਼ਕਰ ਸ਼ਹਿਰੀ ਖੇਤਰਾਂ ਵਿਚ ਯੌਨ ਸਮਾਨਤਾ ਦੇ ਲਈ ਚੇਤਨਾ ਦੀ ਭਾਵਨਾ ਉਤਪੰਨ ਕੀਤੀ ਹੈ।

(*iii*) ........... ਨੇ ਸਰੀਰਕ ਸ਼੍ਰਮ ਦੇ ਸੰਦਰਭ ਵਿਚ ਇਸਤ੍ਰੀਆਂ ਦੀ ਪਰਿਸਥਿਤੀ ਵਿਚ ਪਰਿਵਰਤਨ ਦੀ ਪ੍ਰਕ੍ਰਿਆ ਦੇ ਬਾਰੇ ਵਿਚ ਟਿੱਪਣੀ ਕੀਤੀ ਹੈ।

(*iv*) ਪਰਿਵਾਰ ਵਿਚ ਇਸਤ੍ਰੀ ਦੀ ਪਛਾਣ ਉਸਦੀ ........... ਤੋਂ ਪਰਿਭਾਸ਼ਤ ਕੀਤੀ ਜਾਂਦੀ ਹੈ।

(*v*) ਭਾਰਤੀ ਸੰਦਰਭ ਵਿਚ ਸਮਾਜਿਕ ਅਤੇ ਸਾਂਸਕ੍ਰਿਤ ਬੰਧਨ ਤੋਂ ਮੁਕਤੀ ਪਾਉਣ ਦੇ ਲਈ ਇਸਤ੍ਰੀਆਂ ਦਾ ਸੰਘਰਸ਼ ਇਕ ......... ਰਿਹਾ ਹੈ।

## 9.4 ਇਸਤ੍ਰੀਆਂ ਦੀ ਸਥਿਤੀ ਵਿਚ ਬਦਲਾਅ (Changing Status of Women)

ਅਠਾਰਵੀਂ, ਉਂਨੀਵੀਂ ਤੇ ਮੱਧ ਵੀਹਵੀਂ ਸ਼ਤਾਬਦੀ ਤਕ ਅੰਗ੍ਰੇਜ਼ ਭਾਰਤ ਦੇ ਸ਼ਾਸਕ ਬਣੇ ਰਹੇ। ਬ੍ਰਿਟਿਸ਼ ਸ਼ਾਸਨ ਦੇ ਸਮੇਂ ਵਿਚ ਸਾਡੇ ਸਮਾਜ ਦੀ ਸਮਾਜਿਕ ਤੇ ਆਰਥਿਕ ਸੰਰਚਨਾਵਾਂ ਵਿਚ ਅਨੇਕ ਪਰਿਵਰਤਨ ਕੀਤੇ ਗਏ। ਭਾਵੇਂ ਬ੍ਰਿਟਿਸ਼ ਸ਼ਾਸਨ ਦੇ 200 ਸਾਲਾਂ ਦੇ ਸਮੇਂ ਵਿਚ ਇਸਤ੍ਰੀਆਂ ਦੇ ਜੀਵਨ ਵਿਚ ਅਦ੍ਰਿਸ਼ ਸੁਧਾਰ ਤਾਂ ਹੋਇਆ, ਫਿਰ ਵੀ ਸਿਖਿਆ, ਰੋਜਗਾਰ, ਸਮਾਜਿਕ ਅਧਿਕਾਰਾਂ, ਆਦਿ ਨੂੰ ਲੈ ਕੇ ਇਸਤ੍ਰੀ ਪੁਰਸ਼ਾਂ ਦੇ ਵਿੱਚ ਅਸਮਾਨਤਾਵਾਂ ਵਿਚ ਕਮੀ ਆਈ। ਇੱਥੇ ਅਸੀਂ ਪਰਿਵਰਤਨ ਦੇ ਉਨ੍ਹਾਂ

ਨੋਟ

ਪਹਿਲੂਆਂ ਦੀ ਵਿਆਖਿਆ ਕਰਾਂਗੇ ਜਿਨ੍ਹਾਂ ਨੇ ਮਹਿਲਾਵਾਂ ਦੀ ਸਥਿਤੀ ਨੂੰ ਪ੍ਰਭਾਵਿਤ ਕੀਤਾ। ਛੇ ਮਹਤੱਵਪੂਰਨ ਪੱਖ ਜਿਨ੍ਹਾਂ ਨੇ ਮਹਿਲਾਵਾਂ ਦੀ ਸਥਿਤੀ ਵਿਚ ਪਰਿਵਰਤਨ ਨੂੰ ਪ੍ਰਭਾਵਿਤ ਕੀਤਾ, ਇਸ ਪ੍ਰਕਾਰ ਹਨ: (*i*) ਉਦਿਯੋਗੀਕਰਨ (*ii*) ਸਿਖਿਆ ਦਾ ਵਿਸਤਾਰ (*iii*) ਜਾਤੀ ਪ੍ਰਥਾ ਦਾ ਕਮਜ਼ੋਰ ਹੋਣਾ (*iv*) ਕੁਝ ਪ੍ਰਬੁੱਧ ਨੇਤਾਵਾਂ ਦੁਆਰਾ ਚਲਾਏ ਗਏ ਸਮਾਜਿਕ ਅੰਦੋਲਨ (*v*) ਇਸਤ੍ਰੀਆਂ ਦੇ ਸੰਗਠਨਾਂ ਦਾ ਵਿਕਾਸ ਅਤੇ (*vi*) ਸਮਾਜਿਕ ਵਿਧਾਨਾਂ ਦਾ ਪਾਰਿਤ ਕੀਤਾ ਜਾਣਾ।

ਬ੍ਰਿਟਿਸ਼ ਕਾਲ ਦੇ ਆਰਥਿਕ ਪਰਿਵਰਤਨ ਬਹੁਤ ਨਿਰਣਾਇਕ ਸਨ। ਮਸ਼ੀਨੀ ਉਦਿਯੋਗਾਂ ਦੇ ਵਿਕਾਸ ਅਤੇ ਹੱਥ-ਸ਼ਿਲਪ ਦਾ ਵਿਨਾਸ਼, ਦੋਵਾਂ ਨੇ ਹੀ ਇਸਤ੍ਰੀ ਤੇ ਪੁਰਸ਼ਾਂ ਦੀ ਆਜੀਵਿਕਾ ਉੱਤੇ ਗੰਭੀਰ ਸੱਟ ਮਾਰੀ। ਮੂਲ ਤੌਰ ਤੇ ਸ਼ਾਸਕ ਵਰਗ ਦੇ ਹਿਤਾਂ ਦੀ ਰੱਖਿਆ ਲਈ ਹੀ ਦੇਸ਼ ਦੇ ਸੰਸਾਧਨਾਂ ਦਾ ਦੋਹਨ ਕੀਤਾ ਗਿਆ ਸੀ। ਕਿੰਤੂ ਉਦਿਯੋਗੀਕਰਨ ਨੇ ਅਨੇਕ ਪਰਿਵਰਤਨਾਂ ਦੇ ਲਈ ਮਾਰਗ ਖੋਲ੍ਹਿਆ, ਜਿਵੇਂ ਲੋਕਾਂ ਦੀ ਗਤੀਸ਼ੀਲਤਾ, ਸੰਚਾਰ ਅਤੇ ਆਵਾਗਮਨ ਦੇ ਸਾਧਨਾਂ ਦਾ ਵਿਕਾਸ, ਜਜਮਾਨੀ ਪ੍ਰਕਾਰ ਦਾ ਕਮਜ਼ੋਰ ਹੋਣਾ, ਰੋਜਗਾਰ ਦੇ ਨਵੇਂ ਅਵਸਰਾਂ ਦੀ ਉਪਲਬਧਤਾ ਆਦਿ। ਇਨਾਂ ਸਭ ਨਾਲ ਨਵੇਂ ਮੁੱਲ ਅਤੇ ਨਵੇਂ ਵਿਵਹਾਰ ਦੇ ਤਰੀਕਿਆਂ ਦਾ ਉਦੇ ਹੋਇਆ।

### 9.4.1 ਸਿਖਿਆ ਦਾ ਵਿਸਤਾਰ

ਇਸਤ੍ਰੀਆਂ ਨੂੰ ਸਿਖਿਆ ਦਿਤੇ ਜਾਣ ਦਾ ਵਿਚਾਰ ਬ੍ਰਿਟਿਸ਼ ਸ਼ਾਸਨ ਕਾਲ ਵਿਚ ਉਦੇ ਹੋਇਆ। ਇਸ ਤੋਂ ਪਹਿਲਾਂ ਇਹ ਇਕ ਸਾਰਵਭੌਮਿਕ ਮਾਨਤਾ ਸੀ ਕਿ ਇਸਤ੍ਰੀਆਂ ਨੂੰ ਸਿਖਿਆ ਦੀ ਕੋਈ ਜਰੂਰਤ ਨਹੀਂ ਹੈ ਕਿਉਂਕਿ ਉਨ੍ਹਾਂ ਦਾ ਕੰਮ ਆਜੀਵਕਾ ਇਕੱਠਾ ਕਰਨਾ ਨਹੀਂ ਹੈ। ਭਗਤੀ ਅੰਦੋਲਨ ਦੇ ਬਾਅਦ ਇਸਾਈ ਮਿਸ਼ਨਰੀਆਂ ਨੇ ਇਸਤ੍ਰੀਆਂ ਦੀ ਸਿਖਿਆ ਵਿਚ ਰੂਚੀ ਲੈਣਾ ਆਰੰਭ ਕੀਤਾ। 1824 ਵਿਚ ਸਭ ਤੋਂ ਪਹਿਲੀ ਵਾਰ ਲੜਕੀਆਂ ਦਾ ਸਕੂਲ ਬੰਬਈ ਵਿਚ ਆਰੰਭ ਹੋਇਆ। ਲਾਰਡ ਡਲਹੌਜੀ ਨੇ ਵੀ ਘੋਸ਼ਣਾ ਕੀਤੀ ਕਿ ਪਰਿਵਾਰ ਦੇ ਬੱਚਿਆਂ ਨੂੰ ਸਿਖਿਆ ਦੇਣ ਦੀ ਅਪੇਕਸ਼ਾ ਹੋਰ ਕੋਈ ਵੀ ਪਰਿਵਰਤਨ ਭਾਰਤ ਦੇ ਲੋਕਾਂ ਦੇ ਜੀਵਨ ਦੇ ਲਈ ਲਾਭਕਾਰੀ ਅਤੇ ਮਹੱਤਵਪੂਰਨ ਸਿੱਧ ਨਹੀਂ ਹੋ ਸਕਦਾ। 1875 ਤਕ ਕਲਕੱਤਾ, ਮਦਰਾਸ ਤੇ ਬੰਬਈ ਵਿਸ਼ਵਵਿਦਿਆਲਾ ਨੇ ਲੜਕੀਆਂ ਨੂੰ ਪ੍ਰਵੇਸ਼ ਦੀ ਆਗਿਆ ਪ੍ਰਦਾਨ ਨਹੀਂ ਕੀਤੀ ਸੀ। ਸਿਰਫ 1882 ਦੇ ਬਾਅਦ ਹੀ ਲੜਕੀਆਂ ਨੂੰ ਉੱਚ ਸਿਖਿਆ ਪ੍ਰਾਪਤ ਕਰਨ ਦੇ ਆਗਿਆ ਪ੍ਰਦਾਨ ਕੀਤੀ ਗਈ। ਤਦ ਤੋਂ ਇਸਤ੍ਰੀਆਂ ਦੀ ਸਿਖਿਆ ਦੇ ਖੇਤਰ ਵਿਚ ਨਿਰੰਤਰ ਪ੍ਰਗਤੀ ਹੁੰਦੀ ਰਹੀ ਹੈ। ਭਾਰਤ ਵਿਚ ਇਸਤ੍ਰੀਆਂ ਸਾਖਰਤਾ ਪ੍ਰਤੀਸ਼ਤ ਵਿਚ ਵਾਧਾ ਇਸ ਪ੍ਰਕਾਰ ਰਿਹਾ ਹੈ। 1901 ਵਿਚ 0.6% ਤੋਂ 1931 ਵਿਚ 2.93%, 1941 ਵਿਚ 7.30%, 1961 ਵਿਚ 12.95%, 1971 ਵਿਚ 18.69%, 1981 ਵਿਚ 24.88 ਅਤੇ 1991 ਵਿਚ 39.42। ਪੇਂਡੂ ਖੇਤਰਾਂ ਵਿਚ ਸਿਖਿਅਤ ਮਹਿਲਾਵਾਂ ਦੀ ਸੰਖਿਆ ਸ਼ਹਿਰੀ ਮਹਿਲਾਵਾਂ ਦੀ ਤੁਲਨਾ ਵਿਚ ਬਹੁਤ ਘੱਟ ਹੈ। 1981 ਵਿਚ ਪੇਂਡੂਆਂ ਵਿਚ 17.99% ਸਿਖਿਅਤ ਮਹਿਲਾਵਾਂ ਦੀ ਤੁਲਨਾ ਵਿਚ ਸ਼ਹਿਰੀ ਖੇਤਰਾਂ ਵਿਚ ਇਹ ਸੰਖਿਆ 47.65% ਸੀ। 1979-80 ਵਿਚ ਪ੍ਰਾਈਮਰੀ ਪੱਧਰ ਉੱਤੇ (ਪਹਿਲੀ ਤੋਂ ਪੰਜਵੀਂ ਜਮਾਤ) ਪੜ੍ਹਣ ਵਾਲੇ 789 ਲੱਖ ਵਿਦਿਆਰਥੀਆਂ ਵਿਚੋਂ 38.95% ਲੜਕੀਆਂ ਸਨ; ਮਿਡਿਲ ਪੱਧਰ ਦੇ (ਛੇਵੀਂ ਤੋਂ ਅੱਠਵੀਂ ਜਮਾਤ) 187 ਲੱਖ ਵਿਦਿਆਰਥੀਆਂ ਵਿਚੋਂ 32.90% ਲੜਕੀਆਂ ਸਨ; ਹਾਈ ਸਕੂਲ (ਨਵੀਂ ਅਤੇ ਦਸਵੀਂ ਜਮਾਤ) ਵਿਚ ਪੜ੍ਹਣ ਵਾਲੇ 751 ਲੱਖ ਵਿਦਿਆਰਥੀਆਂ ਵਿਚੋਂ 29.24% ਲੜਕੀਆਂ ਸਨ ਅਤੇ ਜਮਾਤ 11 ਤੇ 12 ਵਿਚ ਅਧਿਐਨ ਕਰਨ ਵਾਲੇ ਵਿਦਿਆਰਥੀਆਂ ਦੀ 110 ਲੱਖ ਸੰਖਿਆ ਵਿਚ 32.25% ਲੜਕੀਆਂ ਸਨ (ਉਹੀ, 92-94)। ਇਹ ਦਰਸ਼ਾਉਂਦਾ ਹੈ ਕਿ ਸਕੂਲ ਪੱਧਰ ਤੇ ਅਧਿਐਨ ਕਰਨ ਵਾਲੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਦਾ ਅਨੁਪਾਤ 3:1 ਹੈ। ਉੱਚ ਸਿਖਿਆ ਅਤੇ ਵਿਵਸਾਇਕ ਸਿਖਿਆ (ਡਾਕਟਰ, ਇੰਜੀਨਿਅਰ, ਵਕੀਲ, ਅਧਿਆਪਿਕਾ) ਪ੍ਰਾਪਤ ਕਰਨ ਵਾਲੀ ਲੜਕੀਆਂ ਦਾ ਪ੍ਰਤਿਸ਼ਤ ਅਪੇਕਸ਼ਾਕ੍ਰਿਤ ਘੱਟ ਹੈ।

ਸਕੂਲ ਵਿਚ ਅਧਿਐਨ ਕਰਨ ਵਾਲੇ ਹਰੇਕ 100 ਲੜਕੀਆਂ ਵਿਚੋਂ 62 ਪ੍ਰਾਈਮਰੀ ਪੱਧਰ ਉੱਤੇ, 26 ਮਿਡਿਲ ਪੱਧਰ ਉੱਤੇ, ਅਤੇ 12 ਹਾਈ ਸਕੂਲ ਪੱਧਰ ਉੱਤੇ ਅਧਿਐਨ ਕਰ ਰਹੇ ਹਨ; ਸੋ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਇਨਾਂ ਕਈ ਪੱਧਰਾਂ ਉੱਤੇ ਅਧਿਐਨ ਕਰਨ ਵਾਲੀਆਂ ਲੜਕੀਆਂ ਦੀ ਸੰਖਿਆ ਘੱਟ ਹੈ, ਫਿਰ ਵੀ ਇਹ ਸਪਸ਼ਟ ਹੈ ਕਿ 1941 ਦੇ ਬਾਅਦ ਤੋਂ ਲੜਕੀਆਂ ਦੀ ਸੰਖਿਆ ਵਿਚ ਹਰੇਕ ਪੱਧਰ ਉੱਤੇ ਹੀ ਉਲੇਖਨੀ ਵਾਧਾ ਹੋਇਆ ਹੈ।

### 9.4.2 ਕੁਝ ਪ੍ਰਮੁੱਖ ਨੇਤਾਵਾਂ ਦੁਆਰਾ ਚਲਾਏ ਗਏ ਸਮਾਜਿਕ ਅੰਦੋਲਨ

ਉਨੀਂਵੀ ਸ਼ਤਾਬਦੀ ਦੇ ਅੰਤ ਵਿਚ ਭਾਰਤ ਵਿਚ ਇਸਤ੍ਰੀਆਂ ਨੂੰ ਅਨੇਕ ਨਿਰਯੋਗਿਆਤਾਵਾਂ ਨੂੰ ਭੋਗਣਾ ਪਿਆ, ਜਿਵੇਂ ਬਾਲ-ਵਿਆਹ, ਬਹੁ ਪਤਨੀ ਵਿਆਹ, ਵਿਆਹ ਦੇ ਉਦੇਸ਼ ਨਾਲ ਲੜਕੀਆਂ ਦੀ ਵਿਕਰੀ, ਵਿਧਵਾਵਾਂ ਉੱਤੇ ਸਖਤ ਪ੍ਰਤੀਬੰਧ, ਸਿਖਿਆ ਪ੍ਰਾਪਤ ਕਰਨ ਉੱਤੇ ਪ੍ਰਤੀਬੰਧ ਅਤੇ ਗ੍ਰਹਿਸਤ ਕੰਮਾਂ ਅਤੇ ਬੱਚਿਆਂ ਦੇ ਲਾਲਨ-ਪਾਲਨ ਤਕ ਹੀ ਆਪਣੇ ਨੂੰ ਸੀਮਤ ਰਖਣਾ ਆਦਿ। ਨਿਆਂਮੂਰਤੀ ਰਾਨਾਡੇ ਦੁਆਰਾ ਆਯੋਜਿਤ ਭਾਰਤੀ ਰਾਸ਼ਟਰੀ ਸਪਾ, 1885 ਨੇ ਉਪਰੋਕਤ ਨਿਰੋਯਗਿਆਤਾਵਾਂ ਦੀ ਨਿੰਦਾ ਕੀਤੀ। ਰਾਜਾ ਰਾਮਮੋਹ ਰਾਏ ਨੇ, ਜਿਨ੍ਹਾਂ ਨੇ ਸਤੀ ਪ੍ਰਥਾ ਉਨਮੂਲਨ ਦੇ ਲਈ ਮਹਤੱਵਪੂਰਨ ਕੰਮ ਕੀਤਾ, ਬਾਲ ਵਿਆਹ ਅਤੇ ਪਰਦਾ ਪ੍ਰਥਾ ਦੇ ਵਿਰੁਧ ਵੀ ਆਵਾਜ ਚੁੱਕੀ ਅਤੇ ਇਸਤ੍ਰੀਆਂ ਦੇ ਉੱਤਰਾਧਿਕਾਰ ਦੇ ਲਈ ਵੀ ਸੰਘਰਸ਼ ਕੀਤਾ। ਈਸ਼ਵਰ ਚੰਦਰ ਵਿਦਿਆਸਾਗਰ ਨੇ ਵਿਧਵਾ-ਵਿਆਹ ਅਤੇ ਇਸਤ੍ਰੀਆਂ ਦੀ ਸਿਖਿਆ ਦੀ ਸਮੱਸਿਆਂ ਨੂੰ ਚੁੱਕਿਆ। ਉਨ੍ਹਾਂ ਨੇ 1916 ਵਿਚ ਐਸ.ਐਨ.ਡੀ.ਟੀ. ਵਿਸ਼ਵਦਿਆਲਾ, ਮਹਾਰਾਸ਼ਟਰ ਵਿਚ ਸਥਾਪਤ ਕੀਤਾ। ਬੜੌਦਾ ਰਾਜ ਦੇ ਸ਼ਾਸਕ, ਮਹਾਰਾਜਾ

ਨੋਟ

ਸਾਇਆ ਜੀ ਰਾਵ ਗਾਇਕਵਾੜ ਨੇ ਵੀ ਬਾਲ ਵਿਆਹ ਤੇ ਬਹੁ ਪਤਨੀ ਵਿਆਹ ਰੋਕਨ, ਇਸਤ੍ਰੀਆਂ ਨੂੰ ਸਿਖਿਆ ਦਾ ਅਧਿਕਾਰ ਦਿਵਾਉਣ, ਅਤੇ ਵਿਧਵਾਵਾਂ ਨੂੰ ਦੁਬਾਰਾ ਵਿਆਹ ਦਾ ਅਧਿਕਾਰ ਦਿਵਾਉਣ ਦੇ ਲਈ ਅਥੱਕ ਯਤਨ ਕੀਤੇ। ਸਵਾਮੀ ਦਇਆਨੰਦ ਸਰਸਵਤੀ, ਸਵਾਮੀ ਵਿਵੇਕਾਨੰਦ ਅਤੇ ਮਹਾਤਮਾ ਗਾਂਧੀ ਨੇ ਵੀ ਇਸਤ੍ਰੀਆਂ ਦੇ ਰਾਜਨੀਤਿਕ ਤੇ ਸਮਾਜਿਕ ਅਧਿਕਾਰਾਂ ਦੇ ਪ੍ਰਤੀ ਰੁਚੀ ਦਿਖਾਈ। ਗਾਂਧੀ ਜੀ ਦਾ ਮਤ ਸੀ ਕਿ ਇਸਤ੍ਰੀਆਂ ਨੂੰ ਕੰਮ ਕਰਨ ਵਿਚ ਉਹ ਕਸ਼ਟ ਨਹੀਂ ਭੋਗਣੇ ਚਾਹੀਦੇ ਜੋ ਪੁਰਸ਼ ਨਾ ਭੋਗ ਸਕਦੇ ਹੋਣ। ਉਹ ਪੁੱਤਰ ਅਤੇ ਪੁੱਤਰੀਆਂ ਨੂੰ ਇਕ ਸਮਾਨ ਮੰਨਣ ਦੇ ਪੱਖਧਰ ਸਨ। ਕਈ ਨੇਤਾਵਾਂ ਦੇ ਸਮਾਜਿਕ ਅੰਦੋਲਨਾਂ ਦੇ ਚਲਾਉਣ ਦਾ ਇਕ ਲਾਭ ਇਹ ਹੋਇਆ ਕਿ ਇਸਤ੍ਰੀਆਂ ਦੇ ਸਮਾਨ ਅਧਿਕਾਰਾਂ ਤੇ ਮੁਕਤੀ ਦੇ ਲਈ ਸਮਾਜਿਕ ਚੇਤਨਾ ਜਾਗ੍ਰਤ ਕਰਨ ਵਿਚ ਸੁਫਲਤਾ ਪ੍ਰਾਪਤ ਹੋਈ।

### 9.4.3 ਮਹਿਲਾ ਸੰਗਠਨਾਂ ਦਾ ਉਦੇ

ਮਹਿਲਾਵਾਂ ਦੇ ਇਕ ਸੰਗਠਨ, ਜਿਵੇਂ ਬੰਗ ਮਹਿਲਾ ਸਮਾਜ ਤੇ ਮਹਿਲਾ ਥਿਉਸੋਫੀਕਲ ਸੋਸਾਇਟੀ, ਇਸਤ੍ਰੀਆਂ ਦੇ ਲਈ ਆਧੁਨਿਕ ਆਦਰਸ਼ਾਂ ਦੇ ਲਈ ਸਥਾਨਕ ਪੱਧਰ ਉੱਤੇ ਕੰਮ ਕਰ ਰਹੇ ਸਨ। ਪਰੰਤੂ ਅਗ੍ਰਣੀ ਕੰਮ ਉਨ੍ਹਾਂ ਸੰਗਠਨ ਦੁਆਰਾ ਕੀਤਾ ਗਿਆ ਜੋ ਰਾਸ਼ਟਰੀ ਪੱਧਰ ਤੇ ਕੰਮ ਕਰ ਰਹੇ ਸਨ। ਇਨਾਂ ਵਿਚ ਪੰਜ ਪ੍ਰਮੁੱਖ ਸੰਗਠਨ ਸਨ: ਭਾਰਤ ਮਹਿਲਾ ਪਰਿਸ਼ਦ (ਜੋ 1904 ਵਿਚ ਇਸਤ੍ਰੀਆਂ ਦੀ ਮੁਕਤੀ ਦੇ ਸੰਘਰਸ਼ ਲਈ ਆਰੰਭ ਹੋਇਆ), ਭਾਰਤ ਇਸਤ੍ਰੀ ਮਹਾਮੰਡਲ (1910 ਵਿਚ ਸਥਾਪਤ), ਮਹਿਲਾ ਭਾਰਤੀ ਸੰਘ (Women's Indian Association) (1917 ਵਿਚ ਏਨੀ ਬੇਸੇਂਟ ਦੁਆਰਾ ਸੰਚਾਲਿਤ), ਭਾਰਤੀ ਮਹਿਲਾ ਰਾਸ਼ਟਰੀ ਪਰਿਸ਼ਦ (National Council of Women in India) (1925 ਵਿਚ ਲੇਡੀ ਏਬਰਡਨ ਅਤੇ ਲੇਡੀ ਟਾਟਾ ਦੁਆਰਾ ਆਰੰਭ ਕੀਤਾ ਗਿਆ), ਅਤੇ ਆਲ ਇੰਡੀਆ ਵੂਮੇਂਸ ਕਾਨਫਰੰਸ (ਮਾਰਗ੍ਰੇਟ ਕਸਿੰਸ ਅਤੇ ਹੋਰ ਦੁਆਰਾ 1927 ਵਿਚ ਸਥਾਪਤ)। ਕਸਤੂਰਬਾ ਗਾਂਧੀ ਦੀ ਮੌਤ ਦੇ ਉਪਰੰਤ ਕਸਤੂਰਬਾ ਗਾਂਧੀ ਰਾਸ਼ਟਰੀ ਸਮਾਰਕ ਟ੍ਰਸਟ ਆਰੰਭ ਕੀਤਾ ਗਿਆ। ਇਨਾਂ ਸਭ ਸੰਗਠਨਾਂ ਨੇ ਇਸਤ੍ਰੀਆਂ ਦੀ ਸਿਖਿਆ, ਪਰਦਾ ਤੇ ਬਾਲ ਵਿਆਹ ਵਰਗੀਆਂ ਬੁਰਾਈਆਂ ਦੀ ਸਮਾਪਤੀ, ਹਿੰਦੂ ਅਧਿਨਿਯਮ ਵਿਚ ਸੁਧਾਰ, ਇਸਤ੍ਰੀਆਂ ਦੀ ਨੈਤਿਕ ਤੇ ਭੌਤਿਕ ਪ੍ਰਗਤੀ, ਅਧਿਕਾਰਾਂ ਤੇ ਅਵਸਰਾਂ ਦੀ ਸਮਾਨਤਾ ਅਤੇ ਇਸਤ੍ਰੀਆਂ ਦੇ ਵੋਟ ਅਧਿਕਾਰ ਵਰਗੇ ਮਾਮਲਿਆਂ ਨੂੰ ਚੁਕਿਆ। ਕਿਹਾ ਜਾ ਸਕਦਾ ਹੈ ਕਿ ਭਾਰਤੀ ਇਸਤ੍ਰੀਆਂ ਦੇ ਅੰਦੋਲਨ ਨੇ ਦੋ ਲਕਸ਼ਾਂ ਦੀ ਪ੍ਰਾਪਤੀ ਦੇ ਲਈ ਕੰਮ ਕੀਤਾ—(*i*) ਇਸਤ੍ਰੀਆਂ ਦੇ ਉਤਥਾਨ ਦੇ ਲਈ, ਅਰਥਾਤ ਸਮਾਜਿਕ ਰੀਤਿਆਂ ਵਿਚ ਸੁਧਾਰ ਕਰ ਇਸਤ੍ਰੀਆਂ ਨੂੰ ਸਮਾਜ ਵਿਚ ਰਚਨਾਤਮਕ ਭੂਮਿਕਾ ਦੇ ਲਈ ਯੋਗ ਬਣਾਉਣਾ, (*ii*) ਮਹਿਲਾਵਾਂ ਨੂੰ ਪੁਰਸ਼ਾਂ ਦੇ ਬਰਾਬਰ ਤੇ ਸਮਾਨ ਅਧਿਕਾਰ ਦਿਵਾਉਣਾ ਅਰਥਾਤ ਪੁਰਸ਼ਾਂ ਨੂੰ ਮਿਲੇ ਹੋਏ ਰਾਜਨੀਤਿਕ, ਆਰਥਿਕ ਤੇ ਨਾਗਰਿਕ ਅਧਿਕਾਰਾਂ ਨੂੰ ਇਸਤ੍ਰੀਆਂ ਨੂੰ ਵੀ ਉਪਲਬਧ ਕਰਾਉਣਾ। ਪਹਿਲੇ ਲਕਸ਼ ਨੂੰ 'ਸਮੂਹਕ ਨਾਰੀਵਾਦੀ ਲਕਸ਼' ਅਤੇ ਦੂਜੇ ਨੂੰ "ਉਦਾਰ ਨਾਰੀਵਾਦੀ ਲਕਸ਼" ਕਿਹਾ ਜਾ ਸਕਦਾ ਹੈ ਇਨਾਂ ਮਹਿਲਾ ਸੰਗਠਨਾਂ ਨੇ ਜਿਨ੍ਹਾਂ ਰਣਨੀਤੀਆਂ ਨੂੰ ਅਪਣਾਇਆ ਉਹ ਹਨ—ਜਨ ਸਭਾਵਾਂ ਵਿਚ ਮੰਗਾਂ ਰੱਖ ਕੇ ਸਰਕਾਰੀ ਅਧਿਕਾਰੀਆਂ ਦੇ ਸਨਮੁਖ ਵਿਚਾਰ ਰਖ ਕੇ, ਸਮੱਸਿਆਵਾਂ ਦੇ ਆਂਕਲਨ ਦੇ ਲਈ ਸਮੀਤੀਆਂ ਬਣਾ ਕੇ ਅਤੇ ਇਸਤ੍ਰੀਆਂ ਨੂੰ ਅੰਦੋਲਿਤ ਕਰਨ ਦੇ ਲਈ ਸਭਾਵਾਂ ਦਾ ਆਯੋਜਨ ਕਰਕੇ।

ਭਾਰਤੀ ਮਹਿਲਾ ਅੰਦੋਲਨਾਂ ਨੂੰ ਪ੍ਰੇਰਿਤ ਕਰਨੇ ਵਾਲੇ ਕਾਰਕ ਹੈ — ਇਸਤ੍ਰੀਆਂ ਦੀ ਸਹਾਇਕ ਭੂਮਿਕਾ ਦੀ ਵਿਚਾਰਧਾਰਾ ਉੱਤੇ ਪੱਛਮੀ ਸਿਖਿਆ ਦਾ ਪ੍ਰਭਾਵ, ਸਿਖਿਅਤ ਤੇ ਕੁਲੀਨ ਇਸਤ੍ਰੀਆਂ ਦੁਆਰਾ ਕੁਸ਼ਲ ਅਗਵਾਈ ਪ੍ਰਦਾਨ ਕੀਤਾ ਜਾਣਾ, ਧਰਮ ਦੁਆਰਾ ਮਾਨਤਾ ਪ੍ਰਾਪਤ ਸਮਾਜਿਕ ਪ੍ਰਥਾਵਾਂ ਵਿਚ ਪਰਿਵਰਤਨ ਦੇ ਲਈ ਪੁਰਸ਼ ਸਮਾਜ ਸੁਧਾਰਕਾਂ ਦੁਆਰਾ ਰੁਚੀ ਲੈਣਾ, ਸਮਾਜਿਕ, ਧਾਰਮਿਕ ਅਤੇ ਦਾਰਸ਼ਨਿਕ ਦ੍ਰਿਸ਼ਟੀਕੋਣ ਵਿਚ ਪਰਿਵਰਤਨ, ਸਵੈਮਸੇਵੀ ਕਰਨਾ ਸੰਗਠਨਾਂ ਦਾ ਪੁਰਸ਼ਾਂ ਦੁਆਰਾ ਵਿਰੋਧ ਨਾ ਕਰਨਾ, ਤਥਾ ਰਾਸ਼ਟਰੀ ਰਾਜਨੀਤਿਕ ਨੇਤਾਵਾਂ ਦਾ ਇਨਾਂ ਅੰਦੋਲਨਾਂ ਦਾ ਸਮਰਥਨ ਕਰਨਾ ਆਦਿ। 1953 ਵਿਚ ਭਾਰਤ ਸਰਕਾਰ ਦੁਆਰਾ ਸਥਾਪਿਤ ਕੇਂਦਰੀ ਸਮਾਜ ਕਲਿਆਣ ਬੋਰਡ ਵੀ ਇਸਤ੍ਰੀਆਂ ਦੇ ਕਲਿਆਣ ਦੇ ਲਈ ਏਛਿਕ ਯਤਨਾਂ ਨੂੰ ਬਲ ਪ੍ਰਦਾਨ ਕਰਨਾ ਹੈ ਅਤੇ ਪ੍ਰੋਤਸਾਹਨ ਦਿੰਦਾ ਹੈ। ਭਾਰਤ ਸਰਕਾਰ ਦਾ ਕਲਿਆਣ ਮੰਤਰਾਲਾ ਵੀ ਨਗਰਾਂ ਵਿਚ ਕੰਮਕਾਜੀ ਮਹਿਲਾਵਾਂ ਦੇ ਆਵਾਸ ਗ੍ਰਹਿ ਨਿਰਮਾਣ ਤੇ ਵਿਸਤਾਰ ਲਈ ਸਵੈਛਿਕ ਸੰਗਠਨਾਂ ਨੂੰ ਅਨੁਦਾਨ ਦਿੰਦਾ ਹੈ। ਰਾਜ ਸਰਕਾਰਾਂ ਵੀ ਆਪਣੀ ਯੋਜਨਾਵਾਂ ਦੇ ਮਾਧਿਅਮ ਤੋਂ ਧਨ ਪ੍ਰਦਾਨ ਕਰਨੀਆਂ ਹਨ ਤਾਂਕਿ ਜਨ ਸਹਿਯੋਗ ਨਾਲ ਮਹਿਲਾ ਮੰਡਲ, ਗ੍ਰਹਿ ਕਲਿਆਣ, ਕੇਂਦਰ, ਪੇਂਡੂ ਮਹਿਲਾਵਾਂ ਦੇ ਲਈ ਟ੍ਰੇਨਿੰਗ ਕੈਂਪਾਂ ਦਾ ਆਯੋਜਨ ਅਤੇ ਇਸ ਕੇਵਲ ਮਹਿਲਾ ਮੈਂਬਰਾਂ ਦੇ ਸਹਿਯੋਗ ਨਾਲ ਸਹਿਕਾਰੀ ਸਮੀਤੀਆਂ ਦਾ ਸੰਚਾਲਨ ਕੀਤਾ ਜਾ ਸਕੇ।

### 9.4.4 ਸਮਾਜਿਕ ਵਿਧਾਨਾਂ ਦਾ ਪਾਰਿਤ ਕੀਤਾ ਜਾਣਾ

ਇਸਤ੍ਰੀਆਂ ਨਾਲ ਸੰਬੰਧਿਤ ਕਝ ਵਿਧਾਨਾਂ ਦਾ ਪਾਸ ਕੀਤਾ ਜਾਣਾ ਤਿੰਨ ਤੱਤਾਂ ਨਾਲ ਸੰਬੰਧਿਤ ਹੈ—(*i*) ਵਿਆਹ (*ii*) ਸੰਪਤੀ (*iii*) ਰੋਜ਼ਗਾਰ। ਵਿਆਹ ਸੰਬੰਧੀ ਵਿਧਾਨ ਵਿਸ਼ੇਸ਼ ਰੂਪ ਵਿਚ ਵਿਆਹ ਦੀ ਉਮਰ, ਮੁੜ-ਵਿਆਹ, ਵਿਆਹ ਵਿਛੇਦ, ਵਿਵਾਹ ਦਾ ਸਰੂਪ ਅਤੇ ਜੀਵਨ ਸਾਥੀ ਦੇ ਚੋਣ ਦੀ ਸੁਤੰਤਰਤਾ ਨਾਲ ਸੰਬਧ ਹੈ। ਪਾਸ ਕੀਤੇ ਗਏ ਪ੍ਰਮੁਖ ਵਿਧਾਨ ਇਸ ਪ੍ਰਕਾਰ ਹਨ— 1929 ਦਾ ਬਾਲ ਵਿਆਹ ਪ੍ਰਤੀਬਿੰਬ ਅਧਿਨਿਯਮ 1955 ਦਾ ਹਿੰਦੂ ਵਿਆਹ ਅਧਿਨਿਯਮ ਅਤੇ 1954 ਦਾ ਹਿੰਦੂ ਵਿਆਹ ਅਧਿਨਿਯਮ । ਇਨਾਂ ਸਭ ਦਾ ਵਿਸਤ੍ਰਿਤ ਵਿਵੇਚਨ ਇਸੇ ਪੁਸਤਕ ਦੇ ਅਧਿਕਆਏ 6 'ਹਿੰਦੂ ਵਿਆਹ' ਵਿਚ ਕੀਤਾ ਗਿਆ ਹੈ। ਸੰਪਤੀ ਵਿਸ਼ਅਕ ਵਿਧਾਨ ਹੈ।— 1929 ਦਾ ਹਿੰਦੂ ਉੱਤਰਾਧਿਕਾਰ ਵਿਧਾਨ, 1939 ਦਾ ਹਿੰਦੂ ਇਸਤੀਊਾਂ ਦਾ ਸੰਪਤੀ

ਨੋਟ

ਅਧਿਕਾਰ ਅਧਿਨਿਯਮ, ਅਤੇ 1956 ਦਾ ਹਿੰਦੂ ਉੱਤਰਾਧਿਕਾਰ ਅਧਿਨਿਯਮ। ਰੋਜ਼ਗਾਰ ਵਿਸ਼ੇਅਕ ਵਿਧਾਨ ਹੈ—1948 ਦਾ ਫੈਕਟਰੀ ਅਧਿਨਿਯਮ, 1948 ਦਾ ਕਰਮਚਾਰੀ ਰਾਜ ਬੀਮਾ ਅਧਿਨਿਯਮ ਅਤੇ ਪ੍ਰਸੂਤੀ ਲਾਭ ਅਧਿਨਿਯਮ। 1948 ਦਾ ਫੈਕਟਰੀ ਅਧਿਨਿਯਮ ਕੰਮ ਦਾ ਸਮਾਂ (ਘੰਟੇ), ਸਮਾਨ ਵੇਤਨ, ਲੈ ਜਾਣ ਵਾਲੇ ਬੋਝ ਦੀ ਸੀਮਾ, ਸਫਾਈ ਸਹੂਲਤਾਂ, ਸ਼ਿਸ਼ੂ ਗ੍ਰਹਿ ਅਤੇ ਹੋਰ ਗੱਲਾਂ ਨੂੰ ਨਿਅਮਿਤ ਕਰਨਾ ਹੈ। ਕਰਮਚਾਰੀ ਰਾਜ ਬੀਮਾ ਅਧਿਨਿਯਮ ਪੰਜ ਲਾਭ ਦਿੰਦਾ ਹੈ—ਬੀਮਾਰੀ, ਪ੍ਰਸੂਤੀ, ਅਯੋਗਤਾ, ਆਸ਼੍ਰਿਤ ਅਤੇ ਚਿਕਿਤਸਾ ਲਾਭ।

ਭਾਵੇਂ ਇਨਾਂ ਵਿਧਾਨਾਂ ਨੇ ਇਸਤ੍ਰੀਆਂ ਦੀ ਦਸ਼ਾ ਵਿਚ ਬਹੁਤ ਹੱਦ ਤਕ ਸੁਧਾਰ ਕੀਤਾ ਹੈ ਕਿੰਤੂ (*i*) ਵਿਧਾਨ ਪਰਿਆਪਤ ਹਨ ਅਤੇ ਸਮੱਸਿਆ ਨੂੰ ਬਾਹਰੀ ਹੱਦ ਤਕ ਹੀ ਸਪਰਸ਼ ਕਰਨੇ ਹਾਂ; (*ii*) ਇਹ ਵਿਧਾਨ ਅਸੰਤੁਲਿਤ ਹਨ, ਅਰਥਾਤ ਕੁਝ ਨਿਯਮ ਹੋਰਨਾਂ ਨਿਯਮਾਂ ਤੋਂ ਘੱਟ ਜਾਂ ਜ਼ਿਆਦਾ ਸੂਖਮ ਤੇ ਨਿਸ਼ਚਿਤ ਹਨ; (*iii*) ਕੁਝ ਵਿਧਾਨਾਂ ਦੀ ਬਨਾਵਟ ਇੰਨੀ ਢਿੱਲੀ ਹੈ ਕਿ ਉਨ੍ਹਾਂ ਨੂੰ ਠੀਕ ਤਰ੍ਹਾਂ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ, ਅਤੇ (*iv*) ਵਿਧਾਨਾਂ ਨੂੰ ਲਾਗੂ ਕਰਨ ਵਾਲੇ ਸਾਧਨ ਮਹਿੰਗੇ, ਅਕੁਸ਼ਲ ਤ ਜਟਿਲ ਹਨ। ਇਹ ਕਿਹਾ ਜਾ ਸਕਦਾ ਹੈ ਕਿ ਵੈਧਾਨਿਕ ਉਪਾਅ ਇਸਤ੍ਰੀਆਂ ਦੀ ਸਮੱਸਿਆਵਾਂ ਨੂੰ ਦੂਰ ਕਰਨ ਵਿਚ ਜ਼ਿਆਦਾ ਪ੍ਰਭਾਵੀ ਸਿੱਧ ਨਹੀਂ ਹੋਏ ਹਨ। ਸੈਧਾਂਤਿਕ ਰੂਪ ਨਾਲ ਇਸਤ੍ਰੀਆਂ ਨੂੰ ਜ਼ਿਆਦਾ ਸੁਤੰਤਰਤਾ ਦਿਤੀ ਜਾ ਸਕਦੀ ਸੀ, ਪਰੰਤੂ ਵਿਵਹਾਰਕ ਸੱਚ ਇਹ ਹੈ ਕਿ ਉਹ ਅਜੇ ਵੀ ਅਮਾਨਤੀ ਅਤੇ ਅਨੁਚਿਤ ਵਿਵਹਾਰ ਹਿੱਸਾ ਲੈ ਰਹੀਆਂ ਹਨ ਜੋ ਉਨ੍ਹਾਂ ਨੂੰ ਅਪਮਾਨ ਤੇ ਸ਼ਰਮ ਦੇ ਅਲਾਵਾ ਕੁਝ ਵੀ ਨਹੀਂ ਦੇ ਰਿਹਾ ਹੈ।

ਉਪਰੋਕਤ ਵਿਸ਼ਲੇਸ਼ਣ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਸਤ੍ਰੀਆਂ ਨੂੰ ਨਿਰੰਤਰ ਨਿਕ੍ਰਸ਼ਟ, ਆਸ਼੍ਰਿਤ ਅਤੇ ਸ਼ੋਸ਼ਣ ਦੇ ਚੰਗੁਲ ਤੋਂ ਬਚਾਉਣ ਦੇ ਯਤਨਾਂ ਵਿਚ ਪਰਿਵਰਤਨ ਆ ਰਿਹਾ ਹੈ। ਇਹ ਪਰਿਵਰਤਨ ਸਹਿਜੇ ਅਤੇ ਯੋਜਨਾਬੱਧ ਨਹੀਂ ਹੋਇਆ ਹੈ।

### 9.4.5 ਸਵਾਤੰਤਰੋਤਰ ਕਾਲ ਵਿਚ ਇਸਤ੍ਰੀਆਂ

ਭਾਰਤ ਵਿਚ 1940 ਤਕ ਇਸਤ੍ਰੀਆਂ ਦੀ ਨੀਵੀਂ ਦਸ਼ਾ ਦੇ ਪ੍ਰਮੁੱਖ ਕਾਰਣ ਅਸਿਖਿਆ, ਆਰਥਿਕ ਨਿਰਭਰਤਾ, ਧਾਰਮਿਕ ਨਿਸ਼ੇਧ, ਜਾਤੀ ਬੰਧਨ, ਇਸਤ੍ਰੀ ਅਗਵਾਈ ਦਾ ਅਭਾਵ, ਅਤੇ ਪੁਰਸ਼ਾਂ ਦਾ ਉਨ੍ਹਾਂ ਦੇ ਪ੍ਰਤੀ ਅਨੁਚਿਤ ਦ੍ਰਿਸ਼ਟੀਕੋਣ ਆਦਿ ਸਨ। ਮੇਟਨਸ ਨੇ ਸਾਡੀ ਸੰਸਕ੍ਰਿਤੀ ਵਿਚ ਇਸਤ੍ਰੀਆਂ ਦੀ ਇਕਾਂਤਤਾ ਅਤੇ ਉਨ੍ਹਾਂ ਦ ਨੀਵੇਂ ਪੱਧਰ ਦੇ ਲਈ ਪੰਜ ਕਾਰਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਹ ਹੈ—ਹਿੰਦੂ ਧਰਮ, ਜਾਤੀ ਵਿਵਸਥਾ, ਸੰਯੁਕਤ ਪਰਿਵਾਰ, ਇਸਲਾਮੀ ਸ਼ਾਸਨ ਅਤੇ ਬ੍ਰਿਟਿਸ਼ ਉਪਨਿਵੇਸ਼ਵਾਦ। ਹਿੰਦੂਵਾਦ ਦੇ ਆਦਰਸ਼ਾਂ ਦੇ ਅਨੁਸਾਰ ਪੁਰਸ਼ ਇਸਤ੍ਰੀਆਂ ਤੋਂ ਸ਼੍ਰੇਸ਼ਠ ਹੁੰਦੇ ਹਨ ਅਤੇ ਇਸਤ੍ਰੀਆਂ ਤੇ ਪੁਰਸ਼ਾਂ ਨੂੰ ਭਿੰਨ-ਭਿੰਨ ਭੂਮਿਕਾਵਾਂ ਨਿਭਾਉਣੀ ਚਾਹੀਦੀਆਂ ਹਨ। ਇਸਤ੍ਰੀਆਂ ਤੋਂ ਮਾਤਾ ਤੇ ਗ੍ਰਹਿਣੀ ਦੀ ਭੂਮਿਕਾਵਾਂ ਦੀ ਅਤੇ ਪੁਰਸ਼ਾਂ ਤੋਂ ਰਾਜਨੀਤਿਕ ਤੇ ਆਰਥਿਕ ਭੂਮਿਕਾਵਾਂ ਦੀ ਆਸ਼ਾ ਕੀਤੀ ਜਾਂਦੀ ਸੀ। ਹਿੰਦੂ ਧਰਮ ਗ੍ਰੰਥਾਂ ਵਿਚ ਇਸਤ੍ਰੀਆਂ ਦੇ ਲਈ ਸਮਾਜ ਜੀਵਨ ਪਰਿਅੰਤ ਆਸ਼੍ਰਿਤ ਦੇ ਰੂਪ ਵਿਚ ਮੰਨਿਆ ਗਿਆ ਹੈ। ਜਾਤੀ ਵਿਵਸਥਾ ਨੇ ਵੀ ਜਨ ਕਾਰਜਾਂ ਤੇ ਸਾਰਵਜਨਿਕ ਮਾਮਲਿਆਂ ਵਿਚ ਇਸਤ੍ਰੀਆਂ ਦੀ ਭਾਗੀਦਾਰੀ ਉੱਤੇ ਪ੍ਰਤੀਬੰਧ ਲਗਾਏ। ਲੜਕੀਆਂ ਦੇ ਲਈ ਜਲਦੀ ਵਿਆਹ ਦਾ ਪ੍ਰਾਵਧਾਨ ਕੀਤਾ ਗਿਆ; ਦੂਜੀ ਤਰਫ ਵਿਧਵਾ ਵਿਆਵ ਦਾ ਨਿਸ਼ੇਧ ਅਤੇ ਸਤੀ ਪ੍ਰਥਾ ਚਲਾਈ ਗਈ। ਪਿਤਰ ਵੰਸ਼ੀ ਸੰਯੁਕਤ ਪਰਿਵਾਰ ਨੇ ਇਸਤ੍ਰੀਆਂ ਦੀ ਸੁਤੰਤਰਤਾ ਘਟ ਕਰ ਦਿਤੀ ਅਤੇ ਉਮਰ, ਲਿੰਗ ਤੇ ਨਾਤੇਦਾਰੀ ਦੇ ਆਧਾਰ ਉੱਤੇ ਪਰਿਵਾਰ ਵਿਚ ਉਨ੍ਹਾਂ ਦੀ ਸਥਿਤੀ ਨੀਵੀਂ ਹੁੰਦੀ ਗਈ। ਮੁਸਲਿਮ ਯੁਗ ਵਿਚ ਇਸਤ੍ਰੀਆਂ ਦੀ ਦਸ਼ਾ ਵਿਚ ਹੋਰ ਵੀ ਪਤਨ ਹੋਇਆ। ਇਸਲਾਮਿਕ ਸ਼ਾਸਨ ਵਿਚ ਸਮਾਜਿਕ-ਰਾਜਨੀਤਿਕ ਪ੍ਰਭਾਵ ਵਿਚ ਹਿੰਦੂਆਂ ਨੇ ਇਸਤ੍ਰੀਆਂ ਦੀ ਇਕਾਂਤ ਦਾ ਤੇ ਪਰਦੇ ਦੀ ਪ੍ਰਥਾ ਨੂੰ ਮੁਸਲਮਾਨਾਂ ਦੀ ਤਰ੍ਹਾਂ ਅਪਣਾ ਲਿਆ ਜਿਸਦੇ ਕਾਰਣ ਲਿੰਗ ਦੇ ਆਧਾਰ ਉੱਤੇ ਸ਼੍ਰਮ ਦਾ ਵੀ ਇਕ ਪੂਰਕ ਵਿਭਾਜਨ ਹੋ ਗਿਆ। ਮੁਸਲਿਮ ਨਵਾਬਾਂ ਅਤੇ ਜਗੀਰਦਾਰਾਂ ਦੀ ਕੁਦ੍ਰਿਸ਼ਟੀ ਤੋਂ ਬਚਾਉਣ ਦੇ ਉਦੇਸ਼ ਨਾਲ ਬਾਲ-ਵਿਆਹ ਆਮ ਰੂਪ ਵਿਚ ਹੋਣ ਲਗੇ। ਭਾਵੇਂ ਬ੍ਰਿਟਿਸ਼ ਸ਼ਾਸਕਾਂ ਨੇ ਹਿੰਦੂਆਂ ਦੇ ਸਮਾਜਿਕ ਵਿਧਾਨਾਂ ਵਿਚ ਰੁਕਾਵਟ ਪੈਦਾ ਕਰਨ ਦਾ ਯਤਨ ਨਹੀਂ ਕੀਤਾ ਪਰੰਤੂ ਉਨੀਂਵੀ ਸ਼ਤਾਬਦੀ ਦੇ ਅੰਤਿਮ ਦਸ਼ਕਾਂ ਅਤੇ ਵੀਹਵੀਂ ਸ਼ਤਾਬਦੀ ਦੇ ਪ੍ਰਾਰੰਭਕ ਪੱਚੀ ਸਾਲਾਂ ਵਿਚ ਜਦ ਕੁਝ ਪੁਰਸ਼ ਸਮਾਜ ਸੁਧਾਰਕਾਂ ਨੇ ਇਸ੍ਰੀਆਂ ਦੀ ਦਸ਼ਾ ਸੁਧਾਰਣ ਦੀ ਗੱਲ ਕੀਤੀ ਅਤੇ ਉਨ੍ਹਾਂ ਦੇ ਯਤਨਾਂ ਨਾਲ ਮਹਿਲਾ ਅੰਦੋਲਨਾਂ ਨੂੰ ਬਲ ਮਿਲਿਆ, ਤਦ ਬ੍ਰਿਟਿਸ਼ ਸਰਕਾਰ ਕੁਝ ਵੈਧਾਨਿਕ ਕਦਮ ਚੁੱਕਣ ਅਤੇ ਕੁਝ ਸਮਾਜਿਕ ਪ੍ਰਥਾਵਾਂ ਨੂੰ ਸਮਾਪਤ ਕਰਨ ਜਾਂ ਉਨ੍ਹਾਂ ਵਿਚ ਪਰਿਵਰਤਨ ਕਰਨ ਦੇ ਲਈ ਸਹਿਮਤ ਹੋ ਗਈ।

ਅੱਜ ਭਾਰਤ ਵਿਚ ਇਸਤ੍ਰੀਆਂ ਦੀ ਕੀ ਸਥਿਤੀ ਹੈ? ਉਨ੍ਹਾਂ ਦੀ ਸਥਿਤੀ ਵਿਚ ਪਰਿਵਰਤਨ ਦਾ ਵਿਸ਼ਲੇਸ਼ਣ ਕਿਵੇਂ ਕਰਨੇ ਹਨ? ਇਸਤ੍ਰੀਆਂ ਦੀ ਸਥਿਤੀ ਦੇ ਮੁਲਾਂਕਣ ਵਿਚ ਹੇਠ ਲਿਖੀਆਂ ਪੰਜ ਵਿਧੀਆਂ ਦਾ ਪ੍ਰਮੁੱਖ ਰੂਪ ਨਾਲ ਪ੍ਰਯੋਗ ਕੀਤਾ ਗਿਆ ਹੈ—

1. **ਇਤਿਹਾਸਕ ਵਿਧੀ (Historical Method)—**ਇਹ ਵਿਧੀ ਪ੍ਰਾਚੀਨ ਸਮਾਜ ਵਿਚ ਅਤੇ ਉਸਦੇ ਮੱਧਕਾਲ ਤੇ ਵਰਤਮਾਨ ਕਾਲ ਵਿਚ ਚਿਰਸਥਾਈਤਵ ਉੱਤੇ ਕੇਂਦ੍ਰਿਤ ਕਰਨੀ ਹੈ। ਸਮਾਜ ਵਿਗਿਆਨਕ ਮਹਿਲਾਵਾਂ ਦੀ ਸਥਿਤੀ ਦੇ ਬਾਰੇ ਵਿਚ ਮੁੱਖ ਨਿਸ਼ਕਰਸ਼ ਪ੍ਰਮੁੱਖ ਇਤਿਹਾਸਕਾਰਾਂ ਅਤੇ ਦਾਰਸ਼ਨਿਕਾਂ, ਜਿਵੇਂ ਅਲਟੇਕਰ, ਇੰਦ੍ਰਾ, ਦਾਸ ਅਤੇ ਕਰਵੇ ਆਦਿ ਦੇ ਲੇਖਾਂ ਤੋਂ ਕੱਢਦੇ ਹਨ। ਕੁਝ ਵਿਦਵਾਨਾਂ ਦਾ ਵਿਸ਼ਵਾਸ ਹੈ ਕਿ ਧਰਮਗ੍ਰੰਥਾਂ ਅਤੇ ਅਤੀਤ ਦੇ ਉਪਲਬਧ ਅਭਿਲੇਖਾਂ ਤੋਂ ਸਿਰਫ ਉਦਾਹਰਣ ਪ੍ਰਸਤੁਤ ਕਰਨਾ ਹੀ ਇਤਿਹਾਸਕ ਵਿਸ਼ਲੇਸ਼ਣ ਨਹੀਂ ਹਨ। ਸੋ ਇਸ ਨਾਲ ਮਿਥਿਆ ਨਿਸ਼ਕਰਸ਼ ਜਾਂ ਫਿਰ ਅਤਿਸ਼ਿਉਕਤੀਆਂ ਨਿਕਲ ਸਕਦੇ ਹਨ ਉਹ ਸਮਾਜ ਸ਼ਾਸਤਰੀ ਜਿਨ੍ਹਾਂ ਨੂੰ ਪਰਿਕਲਪਨਾ-ਨਿਗਮਨ ਵਿਧੀ

ਨੋਟ

(Hypothetico-Deductive Method) ਦੁਆਰਾ ਅਵਿਆਖਿਆਵਾਦੀ ਵਿਧੀਆਂ (Reductionist Procedures) ਵਿਚ ਦੱਖਤਾ ਪ੍ਰਾਪਤ ਹੈ, ਉਹ ਵੀ ਇਤਿਹਾਸਕ ਸਾਮਗ੍ਰੀ ਦੇ ਆਧਾਰ ਉੱਤੇ ਇਸਤ੍ਰੀਆਂ ਦੀ ਸਥਿਤੀ ਦਾ ਅਧਿਐਨ ਕਰਨਾ ਜੇਕਰ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਮੰਨਦੇ ਹਨ।

2. **ਆਨੁਭਾਵਿਕ ਵਿਅਕਤਿਕ ਅਧਿਐਨ ਵਿਧੀ (Non-Empirical Case Study Method)**—ਇਸ ਵਿਧੀ ਵਿਚ ਇਸਤ੍ਰੀਆਂ ਦੀ ਸਥਿਤੀ ਦਾ ਵਿਸ਼ਲੇਸ਼ਣ ਪਿਤਰ ਸੱਤਾਮਤਕ (ਸ਼੍ਵਗਜ਼ੁਗਫੀਖ) ਸਮਾਜਿਕ ਵਿਵਸਥਾ ਦੇ ਸੰਦਰਭ ਵਿਚ ਕੀਤਾ ਜਾਂਦਾ ਹੈ, ਜਾਂ ਫਿਰ ਯੌਨ ਅਸਮਾਨਤਾ ਅਤੇ ਇਸਤ੍ਰੀਆਂ ਦੀ ਸਥਿਤੀ ਦੇ ਵਿਚ ਸੰਬੰਧ ਦੇ ਆਧਾਰ ਉੱਤੇ। ਇਸਤ੍ਰੀਆਂ ਦੇ ਨੀਵੇਂ ਪੱਧਰ ਦੀ ਵਿਆਖਿਆ ਦਾ ਆਘਾਰ ਪੁਰਸ਼ਾਂ ਕਾ ਇਸਤ੍ਰੀਆਂ ਦੇ ਉਪਰ ਪ੍ਰਭੁਤਵ ਰਿਹਾ ਹੈ ਜੋ ਇਤਿਹਾਸ ਸਿੱਧ ਵੀ ਹੈ ਅਤੇ ਸਾਂਸਕ੍ਰਿਤਿਕ ਦ੍ਰਿਸ਼ਟੀ ਤੋਂ ਵੀ ਮਾਨਤਾ ਵਾਲਾ ਹੈ।

3. **ਅੰਤਹਿ ਵਿਅਕਤੀਗਤ ਸ਼ਕਤੀ ਦੇ ਮੁਲਾਂਕਣ ਦੀ ਆਨੁਭਵਿਕ ਵਿਧੀ (Empirical Methodof Assessing Inter-personal Power)**—ਇਹ ਵਿਧੀ ਇਸਤ੍ਰੀਆਂ ਉੱਤੇ ਪੁਰਸ਼ਾਂ ਦੇ ਪ੍ਰਭੁਤਵ ਦਾ ਅਧਿਐਨ ਕਰਨੀ ਹੈ, ਪਰੰਤੂ ਉਸ ਪਿਤਰ ਸੱਤਾਤਮਕ ਵਿਵਸਥਾ ਤੋਂ ਅਲਗ ਜਿਸਦਾ ਕਿ ਇਹ ਇਕ ਹਿੱਸਾ ਹੈ। ਇਸ ਵਿਧੀ ਦੀ ਮਾਨਤਾ ਹੈ ਕਿ ਸਮੱਸਿਆ (ਨੀਵੀਂ ਸਥਿਤੀ ਦੀ/ਸ਼ੋਸ਼ਣ/ਦੀ/ਅਧਿਕਾਰਾਂ ਦੇ ਵੰਚਨਾਂ ਦੀ) ਇਸਤ੍ਰੀਆਂ ਉੱਤੇ ਪ੍ਰਭੁਤਵ ਦੀ ਹੈ ਅਤੇ ਇਸ ਦਾ ਸਮਾਧਾਨ ਇਸਦੇ ਵਿਰੁਧ ਸੰਘਰਸ਼ ਵਿਚ ਨਿਹਿਤ ਹਨ। ਇਸ ਅਨੁਸੰਧਾਨ ਨੇ ਸਮਾਜਿਕ ਪੱਧਰ ਉੱਤੇ ਸੰਰਚਨਾਤਮਕ ਅਸਮਾਨਤਾ ਉੱਤੇ ਧਿਆਨ ਕੇਂਦ੍ਰਿਤ ਨਹੀਂ ਕੀਤਾ ਹੈ, ਬਲਕਿ ਪਰਿਵਾਰ ਦੇ ਅੰਦਰ ਹੀ ਅਸਮਾਨਤਾ ਅਤੇ ਸ਼ਕਤੀ ਸੰਤੁਲਨ ਉੱਤੇ ਕੀਤਾ ਹੈ। ਇਸ ਵਿਧੀ ਵਿਚ ਇਸਤ੍ਰੀਆਂ ਦੀ ਉੱਚ ਸਥਿਤੀ ਦਾ ਸੰਬੰਧ ਸਮਤਾਵਾਦੀ ਨਿਰਣਾ ਕਰਨ ਤੋਂ ਹੈ ਅਤੇ ਨੀਵੀਂਸਥਿਤੀ ਦਾ ਸੰਬੰਧ ਗੈਰ ਸਮਤਾਵਾਦੀ ਨਿਰਣਾ ਤੋਂ। ਆਨੁਭਵਿਕ ਅਧਿਐਨ ਤੋਂ ਕਈ ਸਮੁਦਾਇਆਂ, ਵਰਗਾਂ ਅਤੇ ਸ਼੍ਰੇਣੀਆਂ ਦੀ ਉਨ੍ਹਾਂ ਇਸਤ੍ਰੀਆਂ ਦੇ ਨਾਲ ਗਹਿਨ ਸਾਖਿਆਤਕਾਰ ਸ਼ਾਮਲ ਹਨ, ਜਿਨ੍ਹਾਂ (ਇਸਤ੍ਰੀਆਂ) ਨੂੰ ਆਪਣੇ ਪਤੀਆਂ ਅਤੇ ਸਹੁਰਿਆਂ ਵੱਲੋਂ ਦੇ ਕਈ ਤਰ੍ਹਾਂ ਵਿਵਹਾਰ ਦਾ ਅਨੁਭਵ ਹੈ। ਭਾਵੇਂ ਇਹ ਆਨੁਭਵਿਕ ਅਨੁਸੰਧਾਨ ਵਿਧੀ ਇਸਤ੍ਰੀਆਂ ਦੀ ਸਥਿਤੀ ਅਤੇ ਪਤੀਆਂ ਦੇ ਪ੍ਰਭੁਤਵ ਦੇ ਵਿਚ ਦੇ ਸੰਬੰਧ ਉੱਤੇ ਮੁੱਲਵਾਨ ਸਾਖਿਅ ਪ੍ਰਸਤੁਤ ਕਰਨੀ ਹੈ, ਪਰੰਤੂ ਇਸਦਾ ਕੇਂਦਰ ਬਿੰਦੂ ਬਹੁਤ ਸੀਮਤ ਹੈ ਅਤੇ ਇਹ ਸਮਾਜ ਵਿਚ ਇਸਤ੍ਰੀਆਂ ਦੀ ਆਮ ਸਥਿਤੀ ਦਾ ਵਾਸਤਵਿਕ ਚਿੱਤਰ ਪ੍ਰਸਤੁਤ ਨਹੀਂ ਕਰਨੀ। ਉਹ ਪਿਤਰ ਸੱਤਾਤਮਕ, ਸਮਾਜਿਕ ਤੇ ਸਾਂਸਕ੍ਰਿਤਿਕ ਸੰਦਰਭ ਜਿਨ੍ਹਾਂ ਵਿਚ ਪਰਿਵਾਰ ਫਸਿਆ ਰਹਿੰਦਾ ਹੈ ਅਤੇ ਜਿਨ੍ਹਾਂ ਵਿਚ ਵਿਆਹਕ ਸੰਬੰਧਾਂ ਦੀ ਭੂਮਿਕਾ ਚਲਦੀ ਰਹਿੰਦੀ ਹੈ, ਦੀ ਅਨਦੇਖੀ ਕੀਤੀ ਗਈ ਹੈ।

4. **ਨਾਰੀਵਾਦੀ ਮਾਤਰਾਮੂਲਕ ਅਨੁਸੰਧਾਨ ਵਿਧੀ (Feminist Quantitative Research Method)**—ਇਸ ਆਨੁਭਵਿਕ ਵਿਧੀ ਵਿਚ ਇਸਤ੍ਰੀਆਂ ਦੀ ਸਥਿਤੀ ਦੀ ਤੁਲਨਾ ਪੁਰਸ਼ ਦੀ ਸਥਿਤੀ ਤੋਂ ਮਹੱਤਵਪੂਰਣ ਆਯਾਮਾਂ ਵਿਚ ਕੀਤੀ ਗਈ ਹੈ। ਕੇਸਟ੍ਰੀ ਹਿਨੋ ਦੇ ਅਨੁਸਾਰ ਇਸ ਪ੍ਰਕਾਰ ਦੇ ਆਯਾਮ ਆਰਥਿਕ, ਸਿਖਿਅਕ, ਰਾਜਨੀਤਿਕ ਅਤੇ ਵੈਧਾਨਿਕ ਵੀ ਹੋ ਸਕਦੇ ਹਨ। ਅਲੱਗ-ਅਲੱਗ ਮਦ (item) ਸੂਚੀ (Index) ਵਿਚ ਹਰੇਕ ਚਾਰਾਂ ਆਯਾਮਾਂ ਦੇ ਲਈ ਅਤੇ ਸੰਪੂਰਨ ਸੂਚੀ ਦੇ ਲਈ ਮਿਸ਼੍ਰਿਤ ਕਰ ਦਿਤੇ ਜਾਂਦੇ ਹਨ। ਇਹ ਸੂਚੀਆਂ 'ਸਭ ਤੋਂ ਜ਼ਿਆਦਾ' (most) ਤੋਂ 'ਨਿਊਨਤਮ' (least) ਸਮਾਨਤਾ ਦੇ ਲਈ ਪਦ ਕ੍ਰਮ ਪ੍ਰਦਾਨ ਕਰਨੀਆਂ ਹਨ।

5. **ਆਨੁਭਵਿਕ ਮਾਤਰਾਮੂਲਕ ਅਤੇ ਗੁਣਾਤਮਕ ਪ੍ਰਸ਼ਨਾਵਲੀ ਵਿਧੀ (Empirical quantitative and Qualitative Questionnaire Method)**—ਇਸ ਵਿਧੀ ਵਿਚ ਪਰਿਵਾਰ ਤੋਂ ਬਾਹਰ ਅਤੇ ਅੰਦਰ ਅੰਤਰਵਿਅਕ੍ਤੀਗਤ ਸੰਬੰਧਾਂ ਅਤੇ ਉੱਤਰਦਾਤਾ ਤੋਂ ਵਿਵਹਾਰ ਅਤੇ ਵਿਸ਼ੇਸ਼ਧਿਕਾਰ ਵਿਸ਼ੇਅਕ ਚੁਣੇ ਹੋਏ ਮਦਾਂ ਉੱਤੇ ਪ੍ਰਸ਼ਨ ਪੁੱਛੇ ਜਾਂਦੇ ਹਨ। ਗੁਣਾਤਮਕ ਵਿਸ਼ਲੇਸ਼ਣ ਦੇ ਨਹੀ ਮਾਤਰਾਮੂਲਕ ਆਂਕੜਿਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਉਪਾਗਮ ਅਵਧਾਰਦਾਵਾਂ (Concepts), ਪਰਿਕਲਪਨਾ, ਅਤੇ ਸਿਧਾਂਤਾਂ ਦੀ ਖੋਜ ਵਿਚ ਪ੍ਰਤੀਬੰਧ ਨਹੀਂ ਲਗਾਉਂਦਾ।

ਉਪਰ ਲਿਖੀਆਂ ਵਿਧੀਆਂ ਦੇ ਅਲਾਵਾ ਇਸਤ੍ਰੀਆਂ ਦੀ ਵਰਤਮਾਨ ਸਥਿਤੀ ਦੇ ਮੁਲਾਂਕਣ ਦੇ ਤਿੰਨ ਸਿਧਾਂਤਕ ਪ੍ਰਸਤਾਵਾਂ ਦਾ ਪ੍ਰਯੋਗ ਵੀ (ਇਸਤ੍ਰੀਆਂ ਦੇ ਅਧਿਕਾਰਾਂ ਉੱਤੇ) ਕੀਤਾ ਜਾਂਦਾ ਹੈ। ਇਹ ਹਨ—ਉਦਾਰਵਾਦੀ ਨਾਰੀਵਾਦ (Liberal Faminism), ਮਾਰਕਸਵਾਦੀ ਨਾਰੀਵਾਦ (Marxist Feminism) ਅਤੇ ਆਮੂਲ ਪਰਿਵਰਤਨ ਨਾਰੀਵਾਦ (Radical Feminism)। ਉਦਾਰਵਾਦੀ ਨਾਰੀਵਾਦ ਲਿੰਗ ਸਮਾਨਤਾ (Gender Equality) ਅਰਥਾਤ ਇਸਤ੍ਰੀ ਪੁਰਸ਼ਾਂ ਦੇ ਸਮਾਨ ਅਧਿਕਾਰ ਵਿਚ ਵਿਸ਼ਵਾਸ ਰਖਦਾ ਹੈ। ਇਹ ਇਕ ਲਿੰਗ ਦਾ ਦੂਜੇ ਦੇ ਅਧੀਨ ਮੰਨਣ ਦੀ ਧਾਰਣਾ ਨੂੰ ਅਸਵੀਕਾਰ ਕਰਨਾ ਹੈ ਅਤੇ ਇਸਤ੍ਰੀਆਂ ਨੂੰ ਮਾਨਵ (Human-being) ਮੰਨਣ ਦੇ ਥਾਂ ਤੇ ਯੌਨ ਵਸਤੂ ਨਹੀਂ ਮੰਨਦਾ। ਫਿਰ ਵੀ ਇਹ ਵਿਚਾਰ ਲਿੰਗ ਦੇ ਆਧਾਰ ਉੱਤੇ ਸ਼੍ਰਮ ਵਿਭਾਜਨ ਨੂੰ ਚੁਣੌਤੀ ਨਹੀਂ ਦਿੰਦਾ। ਇਸ ਵਿਚਾਰ ਦੇ ਅਨੁਸਾਰ ਇਸਤ੍ਰੀ ਘਰੇਲੂ ਕੰਮ-ਕਾਜ ਅਤੇ ਪੁਰਸ਼ ਬਾਹਰੀ ਕੰਮ ਕਾਜ ਅਤੇ ਪੁਰਸ਼ ਬਾਹਰੀ ਕੰਮ ਕਾਜ ਦੇ ਲਈ ਹੀ ਸਦਾ ਉਪਯੁਕਤ ਹਨ।

ਨੋਟ

ਮਾਰਕਸਵਾਦੀ ਨਾਰੀਵਾਦ ਉਸ ਪੂਰਵ ਵਿਚਾਰਧਾਰਾ ਦੇ ਪ੍ਰਸਥਾਨ ਦਾ ਸੰਕੇਤ ਕਰਨਾ ਹੈ ਜੋ ਨਾਰੀਵਾਦ ਨੂੰ ਬਰਜੁਆ ਮੰਨਣ ਤੋਂ ਇਨਕਾਰ ਕਰ ਦਿੰਦਾ ਹੈ। ਸਰਵਹਾਰਾ ਵਰਗ ਦੀ ਮਾਰਕਸ ਦੀ ਪਰਿਭਾਸ਼ਾਂ ਵਿਚ ਨਿਸ਼ਚਿਤ ਰੂਪ ਨਾਲ ਇਸਤ੍ਰੀਆਂ ਵਿਚ ਰੁਚੀ ਸੀਮਾਂਤਰੀ ਹੈ। ਏਂਜਿਲ ਦੁਆਰਾ ਇਸਤ੍ਰੀਆਂ ਦੇ ਦਮਨ ਨੂੰ ਸੰਪਤੀ ਦਾ ਵਿਸ਼ਵ ਇਤਿਹਾਸਕ ਪ੍ਰਭਾਵ ਮੰਨ ਕੇ ਵਿਆਖਿਆ ਨੂੰ ਪਰਿਸ਼ਕ੍ਰਿਤ ਕਰ ਲਿਆ ਗਿਆ ਹੈ।

ਏਂਜਿਲ ਦੀ ਮਾਨਤਾ ਸੀ ਕਿ ਇਸਤ੍ਰੀ ਪਰਾਧੀਨਤਾ ਨਿਜੀ ਸੰਪਤੀ ਦੇ ਉਦੇ ਅਤੇ ਉਤਪਾਦਨ ਦੇ ਸਾਧਨਾਂ ਦੇ ਸਵਾਮੀਤਵ ਦਾ ਪ੍ਰਤੀਫਲ ਹੈ। ਪੁਰਸ਼ ਦੇ ਅਸਮਾਨ ਇਸਤ੍ਰੀ ਦਾ ਕੰਮ 'ਉਪਯੋਗ' (use) ਮੁੱਲ ਤਾਂ ਰਖਦਾ ਹੈ, ਪਰੰਤੂ ਉਸਦਾ 'ਆਦਾਨ-ਪ੍ਰਦਾਨ' (Exchange) ਮੁੱਲ ਨਹੀਂ ਹੁੰਦਾ। ਇਸ ਲਈ ਪੁਰਸ਼ ਇਸਤ੍ਰੀ ਦੀ ਅਪੇਕਸ਼ਾ ਜ਼ਿਆਦਾ ਸ਼ਕਤੀਆਂ ਦਾ ਸਵਾਮੀ ਹੁੰਦਾ ਹੈ ਜਾਂ ਫਿਰ ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਇਸਤ੍ਰੀ ਦਾ ਦਮਨ ਉਸਦੇ ਮੁਫਤ ਵਿਚ ਕੀਤੇ ਗਏ ਗ੍ਰਹਿ ਕੰਮ ਦੇ ਕਾਰਨ ਕੀਤਾ ਜਾਂਦਾ ਹੈ। ਆਮੂਲ ਪਰਿਵਰਤਨਵਾਦੀ ਨਾਰੀਵਾਦ (Radical Feminism) ਭਾਵੇਂ ਯੌਨ ਸਮਾਨਤਾ ਵਿਚ ਵਿਸ਼ਵਾਸ ਰਖਦਾ ਹੈ ਪਰ ਇਹ ਸ਼੍ਰਮ ਦੇ ਪਰੰਪਰਾਗਤ ਵਿਭਾਜਨ ਨੂੰ ਅਸਵੀਕਾਰ ਕਰਨਾ ਹੈ। ਇਸਦੀ ਮਾਤਾ ਹੈ ਕਿ ਲਿੰਗ ਭੂਮਿਕਾ ਨਾ ਸਿਰਫ ਜੈਵਿਕ ਕਾਰਕਾਂ ਦਾ ਫਲ ਹੈ, ਬਲਕਿ ਇਹ ਸੰਸਕ੍ਰਿਤੀ ਦਾ ਵੀ ਫਲ ਹੈ। ਇਹ ਵਿਚਾਰਧਾਰਾ ਮੁਕਤ ਯੌਨ ਅਤੇ ਮਾਤਾ-ਪਿਤਾ ਦੁਆਰਾ ਬੱਚਿਆਂ ਦੀ ਸੰਯੁਕਤ ਦੇਖਭਾਲ ਵਿਚ ਵਿਸ਼ਵਾਸ ਰਖਦੀ ਹੈ। ਇਸ ਪ੍ਰਕਾਰ ਉਨੀਂਵੀਂ ਸ਼ਤਾਬਦੀ ਵਿਚ ਜਦ ਮਾਰਕਸਵਾਦੀਆਂ ਨੇ ਇਸਤ੍ਰੀਆਂ ਦੇ ਪ੍ਰਸ਼ਨ ਉੱਤੇ ਵਾਦ-ਵਿਵਾਦ ਨੂੰ ਨਿਸ਼ਚਿਤ ਮੋੜ ਪ੍ਰਦਾਨ ਕੀਤਾ (ਕਿ ਇਸਤ੍ਰੀਆਂ ਦਾ ਦਮਨ ਉਤਪਾਦਨ ਦੇ ਪੂੰਜੀਵਾਦੀ ਤਰੀਕੇ ਦੀ ਵਿਸ਼ੇਸ਼ਤਾ ਹੈ), ਹੁਣ ਉਹ ਜ਼ਿਆਦਾ ਮਾਨਵਤਾਵਾਦੀ ਦ੍ਰਿਸ਼ਟੀਕੋਣ ਤੋਂ ਵਿਆਖਿਆ ਪ੍ਰਸਤੁਤ ਕਰ ਰਹੇ ਹਨ। ਇਸਦੇ ਅਲਾਵਾ ਸਮਕਾਲੀਨ ਨਾਰੀਵਾਦ (ਮਾਰਕਸਵਾਦੀ ਅਤੇ ਪਰਿਵਰਤਨਵਾਦੀ) ਦਾ ਉਦੇ ਨਵੇਂ ਵਾਮਪੰਥ (New Left) ਅਤੇ 1960 ਦੇ ਦਸ਼ਕ ਦੇ ਵਿਦਿਆਰਥੀ ਅੰਦੋਲਨ ਦਾ ਪ੍ਰਤੀਫਲ ਹੈ।

ਉਪਰ ਲਿਖੀਆਂ ਵਿਚਾਰਧਾਰਾਵਾਂ ਦੀ ਪ੍ਰਸ਼ਠ ਭੂਮੀ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਵਿਚ ਇਸਤ੍ਰੀਆਂ ਦੀ ਸਥਿਤੀ ਵਿਚ 1950 ਦੇ ਬਾਅਦ ਤੋਂ ਜਰੂਰੀ ਸੁਧਾਰ ਹੋਇਆ ਹੈ। ਸੰਰਚਨਾਤਮਕ ਅਤੇ ਸਾਂਸਕ੍ਰਿਤਿਕ ਦੋਵਾਂ ਹੀ ਪ੍ਰਕਾਰ ਦੇ ਪਰਿਵਰਤਨ ਇਸਤ੍ਰੀਆਂ ਨਾ ਸਿਰਫ ਸਿਖਿਆ, ਰੋਜ਼ਗਾਰ ਅਤੇ ਰਾਜਨੀਤਿਕ ਭਾਗੀਦਾਰੀ ਵਿਚ ਬਰਾਬਰ ਅਵਸਰ ਪ੍ਰਦਾਨ ਕੀਤੇ ਹਨ। ਜਿਸ ਨਾਲ ਉਹ ਆਪਣੀ ਸਮੱਸਿਆਵਾਂ ਵਿਚ ਜ਼ਿਆਦਾ ਰੁਚੀ ਲੈ ਸਕਣ। ਇਸਦੇ ਅਲਾਵ ਇਸ ਗੱਲ ਨੂੰ ਵੀ ਜ਼ਿਆਦਾ ਅਨੁਭਵ ਕੀਤਾ ਜਾ ਰਿਹਾ ਹੈ ਕਿ ਅਨੁਸੰਧਾਨ, ਰਾਸ਼ਟਰੀ ਨੀਤੀ, ਅਤੇ ਇਸਤ੍ਰੀਪਰਕ ਪ੍ਰੋਗਰਾਮਾਂ ਦੇ ਵਿਚ ਇਕ ਤਾਲਮੇਲ ਹੋਣਾ ਚਾਹੀਦਾ ਹੈ। ਇਸਤ੍ਰੀਆਂ ਦੇ ਨੀਵੇਂ ਪੱਧਰ ਦੇ ਕਾਰਣਾਂ ਦੇ ਅਧਿਐਨ ਅਤੇ ਹਰੇਕ ਖੇਤਰ ਵਿਚ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਦੇ ਉਦੇਸ਼ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਨੇ ਕਈ ਕਮੀਸ਼ਨਾਂ ਦੀ ਨਿਯੁਕਤੀ ਕੀਤੀ ਹੈ। ਕੇਂਦਰੀ ਸਰਕਾਰ ਨੇ ਦੋ ਅਜਿਹੇ ਮਹੱਤਵਪੂਰਨ ਕਮੀਸ਼ਨ 1971 ਤੇ 1992 ਵਿਚ ਨਿਯੁਕਤ ਕੀਤੇ ਸਨ। 31 ਜਨਵਰੀ, 1992 ਨੂੰ ਮਹਿਲਾਵਾਂ ਦੇ ਲਈ ਰਾਸ਼ਟਰੀ ਕਮੀਸ਼ਨ ਦਾ ਗਠਨ ਕੀਤ ਗਿਆ ਜਿਸਦਾ ਉਦੇਸ਼ ਸੀ, ਮਹਿਲਾਵਾਂ ਨਾਲ ਸੰਬੰਧਿਤ ਮਾਮਲਿਆਂ ਨੂੰ ਦੇਖਣਾ, ਇਸਤ੍ਰੀਆਂ ਦੇ ਪੱਧਰ ਦੀ ਜਾਂਚ ਕਰਨਾਂ, ਕਈ ਵਿਧਾਨਾਂ ਦਾ ਅਧਿਐਨ ਕਰਨਾ ਅਤੇ ਉਨ੍ਹਾ ਵਿਚ ਕਮਜ਼ੋਰ ਬਿੰਦੂਆਂ ਤੇ ਖਾਮੀਆਂ ਦੀ ਤਰਫ ਸੰਕੇਤ ਕਰਨਾ, ਮਹਿਲਾਵਾਂ ਦੇ ਪ੍ਰਤੀ ਕੀਤੇ ਗਏ ਭੇਦਭਾਵ ਤੇ ਹਿੰਸਾ ਦੇ ਕਾਰਣਾਂ ਦਾ ਪਤਾ ਲਗਾਉਣਾ ਅਤੇ ਸੰਭਾਵਿਤ ਉਪਾਵਾਂ ਦਾ ਵਿਸ਼ਲੇਸ਼ਣ ਕਰਨਾ।

ਇਸ ਲੇਖਕ ਦੀ ਧਾਰਣਾ ਹੈ ਕਿ ਭਾਰਤੀ ਮਹਿਲਾ ਅੱਜ ਵੀ ਆਰਥਿਕ ਰੂਪ ਨਾਲ ਪੁਰਸ਼ ਦੇ ਪ੍ਰਭੁਤਵ ਤੋਂ ਮੁਕਤ ਨਹੀਂ ਹੈ। ਸਮਾਜਿਕ, ਨੈਤਿਕ ਤੇ ਮਨੋਵਿਗਿਆਨਕ ਆਯਾਮਾਂ ਵਿਚ ਵੀ ਉਨ੍ਹਾਂ ਦੀ ਸਥਿਤੀ ਪੁਰਸ਼ ਦੇ ਸਮਰੂਪ ਨਹੀਂ ਹੈ। ਜਿਸ ਪ੍ਰਕਾਰ ਉਹ ਨੌਕਰੀ ਕਰਦੀ ਹੈ, ਘਰ ਦਾ ਕੰਮ ਕਰਦੀ ਹੈ, ਇਨਾਂ ਸਭ ਦੇ ਪ੍ਰਤੀ ਉਸਦੀ ਨਿਸ਼ਠਾ ਉਸਦੇ ਜੀਵਨ ਦੇ ਸਰੂਪ ਦੇ ਸੰਦਰਭ ਉੱਤੇ ਨਿਰਭਰ ਕਰਦੀ ਹੈ ਜਦ ਉਹ ਆਪਣਾ ਪ੍ਰੋੜਤਾ ਵਾਲਾ ਜੀਵਨ ਆਰੰਭ ਕਰਦੀ ਹੈ, ਤਦ ਉਸਦਾ ਅਤੀਤ ਉਸ ਤਰ੍ਹਾਂ ਨਹੀਂ ਹੁੰਦਾ ਜਿਵੇਂ ਪੁਰਸ਼ ਦਾ ਹੁੰਦਾ ਹੈ। ਸਮਾਜ ਦੇ ਦੁਆਰਾ ਉਸਦਾ ਮੁਲਾਂਕਣ ਬਿਲਕੁਲ ਭਿੰਨ ਪਰਿਪੇਖ ਵਿਚ ਹੁੰਦਾ ਹੈ। ਇਕ ਵੱਡੀ ਸੰਖਿਆ ਵਿਚ ਮਹਿਲਾਵਾਂ ਮੁਕਤੀ ਪ੍ਰਾਪਤ ਕਰਨ ਵਿਚ ਅਸਫਲ ਰਹਿੰਦੀਆਂ ਹਨ ਕਿਉਂਕਿ ਉਹ ਪਰੰਪਰਾਗਤ ਨਾਰੀ ਜਗਤ ਦੇ ਘੇਰੇ ਤੋਂ ਬਾਹਰ ਨਹੀਂ ਨਿਕਲ ਪਾਉਂਦੀਆਂ। ਉਨ੍ਹਾਂ ਨੂੰ ਨਾ ਤਾਂ ਸਮਾਜ ਤੋਂ ਹੀ ਅਤੇ ਨਾ ਆਪਣੇ ਪਤੀ ਤੋਂ ਹੀ ਪੁਰਸ਼ਾਂ ਦੇ ਸਮਾਨ ਹੋਣ ਦੇ ਲਈ ਜਰੂਰੀ ਸਹਾਇਤਾ ਮਿਲਦੀ ਹੈ। ਨਿਸੰਦੇਹ ਅੱਜ ਵੀ ਉਹ ਪੁਰਸ਼ਾਂ ਦੇ ਅਤਿਆਚਾਰਾਂ ਦਾ ਸ਼ਿਕਾਰ ਹਨ।

ਇਸਤ੍ਰੀਆਂ ਨੂੰ ਅਧਿਕਾਰਾਂ ਤੋਂ ਵੰਚਿਤ ਰਖਣ ਦੇ ਲਈ ਵੈਅਕਤੀਕ, ਆਰਥਿਕ ਤੇ ਜਨਸੰਖਿਆ ਸੰਬੰਧ ਕਾਰਕ ਹੋ ਸਕਦੇ ਹਨ। ਵੈਅਕਤੀਕ ਕਾਰਕਾਂ ਦਾ ਸੰਬੰਧ ਉਨ੍ਹਾਂ ਪੁਰਸ਼ਾਂ ਦੇ ਵਿਅਕਤੀਤਵ ਦੀ ਵਿਸ਼ੇਸ਼ਤਾਵਾਂ ਤੋਂ ਹੈ ਜੋ ਨੀਵੇਂ ਬੌਧਕ ਯੋਗਤਾ (I.Q.) ਰਖਦੇ ਹਨ, ਜੋ ਅਵਿਕਸਤ, ਕੁੰਠਾ ਅਤੇ ਨਿਰਾਸ਼ਤਾ ਤੋਂ ਪੀੜਤ ਹੁੰਦੇ ਹਨ ਅਤੇ ਜੋ ਇਸਤ੍ਰੀਆਂ ਤੋਂ ਅਯਥਾਰਥਵਾਦੀ ਉੱਚ ਆਸ਼ਾਵਾਂ ਰਖਦੇ ਹਨ ਅਤੇ ਆਸ਼ਾ ਕਰਦੇ ਹਨ ਕਿ ਉਹ ਨਿਸ਼ਕ੍ਰਿਅ ਅਤੇ ਦੱਬੂ ਬਣੀਆਂ ਰਹਿਣ। ਜਿੱਥੇ ਤਕ ਆਰਥਿਕ ਕਾਰਕਾਂ ਦਾ ਸੰਬੰਧ ਹੈ; ਨੀਵੇਂ ਤੇ ਮਧਿਅਮ ਆਮਦਨ ਵਰਗੀ ਮਹਿਲਾਵਾਂ ਨੂੰ ਉੱਚ ਆਮਦਨ ਵਰਗੀ ਮਹਿਲਾਵਾਂ ਦੀ ਅਪੇਕਸ਼ਾ ਅਧਿਕਾਰਾਂ ਤੋਂ ਜ਼ਿਆਦਾ ਵੰਚਿਤ ਰਖਿਆ ਜਾਂਦਾ ਹੈ; ਅਤੇ ਨੌਕਰੀਆਂ ਵਿਚ ਨੀਵੇਂ ਪੱਧਰ ਦੀਆਂ ਨੌਕਰੀਆਂ ਵਿਚ ਲਗੀਆਂ ਮਹਿਲਾਵਾਂ ਨੂੰ ਉੱਚ ਪਦ ਵਾਲੀ ਨੌਕਰੀਆਂ ਵਿਚ ਲਗੀਆਂ ਮਹਿਲਾਵਾਂ ਦੀ ਅਪੇਕਸ਼ਾ ਘੱਟ ਅਧਿਕਾਰ ਹੁੰਦੇ

ਹਨ। ਅੰਤ ਵਿਚ, ਜਿਥੇ ਤਕ ਜਨਸੰਖਿਆਤਮਕ ਕਾਰਕਾਂ ਦਾ ਸੰਬੰਧ ਹੈ, ਉੱਚ ਜਾਤੀਆਂ ਦੀਆਂ ਮਹਿਲਾਵਾਂ ਨੂੰ ਨੀਵੇਂ ਅਤੇ ਮਧਿਅਮ ਜਾਤੀ ਦੀਆਂ ਮਹਿਲਾਵਾਂ ਦੀ ਅਪੇਕਸ਼ਾ ਅਧਿਕਾਰ ਤੋਂ ਘੱਟ ਵੰਚਿਤ ਕੀਤਾ ਜਾਂਦਾ ਹੈ, ਵੱਡੀ ਉਮਰ ਦੇ ਪੁਰਸ਼ ਇਸਤ੍ਰੀਆਂ ਨੂੰ ਅਧਿਕਾਰਾਂ ਤੋਂ ਘੱਟ ਉਮਰ ਦੇ ਪੁਰਸ਼ਾਂ ਦੀ ਅਪੇਕਸ਼ਾ ਜ਼ਿਆਦਾ ਵੰਚਿਤ ਕਰਦੇ ਹਨ। ਅਤੇ ਮਹਿਲਾਵਾਂ ਦੁਆਰਾ ਮਹਿਲਾਵਾਂ ਨੂੰ ਅਧਿਕਾਰਾਂ ਤੋਂ ਅਧਿਕ ਵੰਚਿਤ ਕੀਤਾ ਜਾਂਦਾ ਹੈ, ਅਪੇਕਸ਼ਾਕ੍ਰਿਤ ਪੁਰਸ਼ਾਂ ਦੁਆਰਾ ਮਹਿਲਾਵਾਂ ਨੂੰ। ਇਹ ਸਾਨੂੰ ਉਨ੍ਹਾਂ ਪੁਰਸ਼ਾਂ ਨੂੰ ਪਛਾਣਨ ਵਿਚ ਸਹਾਇਤਾ ਕਰਨਾ ਹੈ ਜੋ ਇਸਤ੍ਰੀਆਂ ਨੂੰ ਅਧਿਕਾਰ ਦੇਣ ਤੋਂ ਇਨਕਾਰ ਕਰਦੇ ਹਨ। ਇਹ ਉਹ ਪੁਰਸ਼ ਹੁੰਦੇ ਹਨ ਜੋ ਹੀਨ ਭਾਵਨਾ ਦੇ ਸ਼ਿਕਾਰ ਹੁੰਦੇ ਹਨ; ਨਿਰਾਸ਼ਤਾ ਤੋਂ ਭਰੇ ਹੁੰਦੇ ਹਨ, ਬੁੱਧੀ ਤੇ ਯੋਗਤਾ ਘੱਟ ਰਖਦੇ ਹਨ ਜਾਂ ਫਿਰ ਸਮਾਜ ਵਿਕ੍ਰਤੀ ਅਤੇ ਮਨੋਵਿਕ੍ਰਤੀ ਨਾਲ ਪੀੜਤ ਹੁੰਦੇ ਹਨ, ਅਰਥਾਤ ਉਨਾਂ ਦਾ ਵਿਅਕਤੀਤਵ ਅਵਿਅਵਸਥਿਤ ਹੁੰਦਾ ਹੈ, ਸੁਭਾਅ ਤੋਂ ਸੰਦੇਹ ਕਰਨ ਵਾਲੇ ਹੁੰਦੇ ਹਨ, ਆਪਣੇ ਬਚਪਨ ਵਿਚ ਹਿੰਸਾ ਦੇ ਸ਼ਿਕਾਰ ਹੋਏ ਹੁੰਦੇ ਹਨ, ਅਤੇ ਪਰਿਵਾਰ ਵਿਚ ਤਣਾਅਪੂਰਣ ਸਥਿਤੀਆਂ ਦਾ ਸਾਹਮਣਾ ਕਰਨੇ ਰਹਿੰਦੇ ਹਨ। ਉਨ੍ਹਾਂ ਇਸਤ੍ਰੀਆਂ ਨੂੰ ਵੀ ਅਲੱਗ ਤੋਂ ਪਛਾਣਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਅਧਿਕਾਰਾਂ ਤੋਂ ਵੰਚਿਤ ਰਖਿਆ ਜਾਂਦਾ ਹੈ; ਉਹ ਇਸਤ੍ਰੀਆਂ ਆਪਣੇ ਆਪ ਨੂੰ ਅਸਹਾਏ ਅਨੁਭਵ ਕਰਦੀਆਂ ਹਨ, ਹੀਨ ਭਾਵਨਾ ਨਾਲ ਗ੍ਰਸਿਤ ਹੁੰਦੀਆਂ ਹਨ, ਆਪਣੇ ਵਿਸ਼ੇ ਵਿਚ ਹੀਨ ਧਾਰਣਾਵਾਂ ਰਖਦੀਆਂ ਹਨ, ਸਮਾਜਿਕ ਵਿਕਸਿਤ ਅਵਸਥਾ ਵਿਚ ਕਮੀ ਅਨੁਭਵ ਕਰਦੀਆਂ ਹਨ ਅਤੇ ਆਰਥਿਕ ਰੂਪ ਤੋਂ ਆਸ਼੍ਰਿਤ ਹੁੰਦੀਆਂ ਹਨ।

ਅਸੀਂ ਤੇ ਪ੍ਰਕਾਰ ਦੇ ਅਧਿਕਾਰਾਂ ਤੋਂ ਵੰਚਨਾਵਾਂ (Deprivations) ਨੂੰ ਵੀ ਅਲੱਗ ਤੋਂ ਪਛਾਣ ਸਕਦੇ ਹਾਂ—ਧਨ ਪਰਕ (Money oriented), ਆਨੰਦ ਪਰਕ (Pleasure oriented), ਸ਼ਕਤੀ ਪਰਕ (Power oriented), ਪੀੜਤ ਇਸਤ੍ਰੀ ਪਰਕ (Victim Precipitated), ਇਨਕਾਰ ਕਰਨ ਵਾਲੇ ਦੀ ਵਿਕ੍ਰਤੀ ਦੇ ਫਲਸਰੂਪ (Denier's Pathology Result), ਅਤੇ ਪਰਿਵਾਰ ਦੀ ਤਣਾਅਪੂਰਨ ਸਥਿਤੀਆਂ ਦੇ ਫਲਸਰੂਪ (Stressful Family Situation Resulted)।

6. **ਇਸਤ੍ਰੀਆਂ ਅਤੇ ਰੋਜ਼ਗਾਰ (Women and Employment)**—ਸ਼੍ਰਮ ਦੇ ਬਾਜਾਰ ਵਿਚ ਇਸਤ੍ਰੀਆਂ ਨੂੰ ਨੁਕਸਾਨ ਹੀ ਚੁਕਣਾ ਪਿਆ ਹੈ। ਇਹ ਨੁਕਸਾਨ ਉਨ੍ਹਾਂ ਦੀ ਅਸਿਖਿਆ, ਯੋਗਤਾ ਦੀ ਕਮੀ, ਸਮਾਜ ਵਿਵਸਥਾ ਵਿਚ ਹੀਨ ਸਥਿਤੀ ਅਤੇ ਨਿਰਣੇ ਕਰਨ ਅਤੇ ਸ਼ਕਤੀ ਦੀ ਸੰਰਚਨਾ ਤੋਂ ਉਨ੍ਹਾਂ ਨੂੰ ਬਾਹਰ ਰਖਣ ਵਰਗੀ ਸਥਿਤੀਆਂ ਦਾ ਹੀ ਪ੍ਰਤੀਫਲ ਹੈ।

### 9.4.6 ਕੰਮਕਾਜੀ ਮਹਿਲਾਵਾਂ

1991 ਦੀ ਜਲਗਣਨਾ ਕਮਿਸ਼ਨਰ ਦੀ ਰਿਪੋਰਟ ਦੇ ਅਨੁਸਾਰ ਸ਼ਹਿਰਾਂ ਅਤੇ ਪਿੰਡਾਂ ਦੋਵਾਂ ਵਿਚ ਹੀ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਆਕੇ ਕੰਮ ਕਰਨ ਵਾਲੀਆਂ ਮਹਿਲਾਵਾਂ ਦੀ ਸੰਖਿਆ ਵਿਚ ਉਲੇਖਨੀ ਵਾਧਾ ਹੋਇਆ ਹੈ। 1971 ਦੀ ਜਨਗਣਨਾ ਦੇ ਆਂਕੜਿਆਂ ਦੇ ਅਨੁਸਾਰ ਦੇਸ਼ ਦੀ ਕੁਲ ਕੰਮ ਕਰਨ ਦੀ ਸ਼ਕਤੀ (Work Force) ਵਿਚ 13.0% ਮਹਿਲਾ ਸ਼੍ਰਮਿਕ ਸਨ। ਇਹ ਪ੍ਰਤੀਸ਼ਤ 1981 ਵਿਚ 25.86 ਅਤੇ 1991 ਵਿਚ 28.57 ਹੋ ਗਿਆ। ਲਗਭਗ 80% ਮਹਿਲਾਵਾਂ ਖੇਤੀ ਕੰਮਾਂ ਵਿਚ ਲਗੀਆਂ ਹਨ। ਸਿਰਫ 12.0% ਇਸਤ੍ਰੀਆਂ ਹੀ ਕੇਂਦਰੀ ਤੇ ਰਾਜ ਪ੍ਰਸ਼ਾਸਨਿਕ ਸੇਵਾਵਾਂ ਵਿਚ ਅਤੇ ਸਾਰਵਜਨਿਕ ਪ੍ਰਤੀਸ਼ਠਾਨਾਂ ਵਿਚ ਲਗੀਆਂ ਹਨ। ਸਾਰਣੀ 1 ਅਤੇ 2 ਕੁਲ ਮਹਿਲਾ ਜਨਸੰਖਿਆ ਅਤੇ ਅਵੈਤਨਿਕ (Unpaid) ਸ਼੍ਰਮਿਕ ਨੂੰ ਦਰਸ਼ਾਉਂਦੇ ਹਨ। ਜੋ ਕਿ 1981 ਵਿਚ 20.76 ਮਿਲਿਅਨ ਤੋਂ ਵੱਧ ਕੇ 1991 ਵਿਚ 28.27 ਮਿਲਿਅਨ ਹੋ ਗਈ।

1979 ਵਿਚ ਫੈਕਟਰੀਆਂ ਵਿਚ ਰੋਜ਼ਗਾਰ ਪ੍ਰਾਪਤ ਇਸਤ੍ਰੀਆਂ ਦੀ ਸੰਖਿਆ 5.14 ਲੱਖ ਸੀ, ਖਾਨਾਂ 0.8 ਲੱਖ, ਅਤੇ ਬਾਗਾਨਾਂ ਵਿਚ 4.18 ਲੱਖ ਸੀ।

ਭਾਰਤ ਵਿਚ ਕੁਲ ਕਾਮਕਾਜੀ ਮਹਿਲਾਵਾਂ ਵਿਚ ਹਰੇਕ 100 ਸੇਵਾਯੁਕਤ (Employed) ਮਹਿਲਾਵਾਂ ਵਿਚੋਂ 52.59 ਅਸਿਖਿਅਤ ਹਨ; 28.56 ਪ੍ਰਾਈਮਰੀ ਅਤੇ ਮਿਡਿਲ ਪੱਧਰ ਤਕ ਸਿਖਿਅਤ, 13.78 ਸੈਕੰਡਰੀ ਪੱਧਰ ਤਕ ਸਿਖਿਅਤ ਅਤੇ 5.07 ਸਨਾਤਕ ਅਤੇ ਇਸ

**ਤਾਲਿਕਾ** 1

*ਭਾਰਤ ਵਿਚ ਇਸਤ੍ਰੀ ਜਨਸੰਖਿਆ ਅਤੇ ਮਹਿਲਾ ਕਾਮਗਰ*

| *ਸ਼੍ਰੇਣੀ* | *ਇਸਤ੍ਰੀ ਜਨਸੰਖਿਆ (ਮਿਲਿਅਨ ਵਿਚ)* | | | | *ਇਸਤ੍ਰੀ ਕੰਮਗਰ (ਮੁੱਖ ਤੇ ਸੀਮਾਂਤ) (ਮਿਲਿਅਨ ਵਿਚ)* | | | *ਇਸਤ੍ਰੀ ਕੰਮਗਰਾਂ ਦੀ ਕੰਮ ਭਾਗੀਦਾਰੀ ਦੀ ਦਰ* | | |
|---|---|---|---|---|---|---|---|---|---|---|
| | 1961 | 1971 | 1981 | 1991 | 1961 | 1971 | 1981 | 1961 | 1971 | 1981 |
| *ਕੁਲ* | 206.2 | 255.0 | 318.2 | 406.5 | 57.5 | 36.2 | 66.3 | 5.75 | 3.62 | 6.63 |
| *ਪੇਂਡੂ* | 170.0 | 205.6 | 245.1 | 304.0 | 63.6 | 32.7 | 58.5 | 5.36 | 3.27 | 5.85 |
| *ਸ਼ਹਿਰੀ* | 35.6 | 49.4 | 73.1 | 102.5 | 3.9 | 3.5 | 7.8 | 0.39 | 0.35 | 0.78 |

ਨੋਟ

ਤੋਂ ਉਪਰ ਸਿਖਿਅਤ ਹਨ। ਸ਼ਹਿਰੀ ਖੇਤਰਾਂ ਵਿਚ ਹਰੇਕ 100 ਸੇਵਾ ਯੁਕਤ ਮਹਿਲਾਵਾਂ ਵਿਚੋਂ 25.83 ਅਸਿਖਿਅਤ, 35.49 ਪ੍ਰਾਈਮਰੀ ਅਤੇ ਮਿਡਲ ਤਕ, 25.71 ਸੈਕੰਡਰੀ ਤਕ ਅਤੇ 12.97 ਸਨਾਤਕ ਅਤੇ ਜ਼ਿਆਦਾ ਤਕ ਸਿਖਿਅਤ ਹਨ। ਪੇਂਡੂ ਖੇਤਰਾਂ ਵਿਚ ਹਰੇਕ 100 ਸੇਵਾਯੁਕਤ ਮਹਿਲਾਵਾਂ ਵਿਚੋਂ 88.11 ਅਸਿਖਿਅਤ, 1068 ਪ੍ਰਾਈਮਰੀ ਤੇ ਮਿਡਲ ਤਕ ਅਤੇ 1.21 ਮਿਡਲ ਤੋਂ ਉਪਹ ਸਿਖਿਅਤ ਹਨ।

**ਤਾਲਿਕਾ 2**

*ਮਹਿਲਾ ਕੰਮਗਰਾਂ ਦੀ ਪ੍ਰਤੀਸ਼ਤ ਸੰਖਿਆ ਵਿਚ ਵਿਸ਼ਮਤਾ*

| *ਸ਼੍ਰੇਣੀ* | 1961 | 1971 | 1981 |
|---|---|---|---|
| ਕਿਸਾਨ | 15.45 | 3.61 | 4.77 |
| ਖੇਤੀ ਮਜਦੂਰ | 6.87 | 6.18 | 6.58 |
| ਹੋਰ ਮਜ਼ਦੂਰ | 5.61 | 2.34 | 3.09 |
| *ਕੁਲ ਮਹਿਲਾ ਕਾਮਗਰ* | 27.93 | 12.13 | 14.44 |

**ਕੰਮ ਦੀਆਂ ਪ੍ਰੇਰਣਾਵਾਂ (Work Motivations)**—ਮਹਿਲਾਵਾਂ ਰੋਜ਼ਗਾਰ ਕਿਉਂ ਲਭਦੀਆਂ ਹਨ? ਇਸਤ੍ਰੀਆਂ ਵਿਚ ਰੋਜ਼ਗਾਰ ਦੇ ਲਈ ਪ੍ਰੇਰਣਾ ਪੁਰਸ਼ਾਂ ਤੋਂ ਭਿੰਨ ਹੁੰਦੀ ਹੈ। ਸਪਸ਼ਟ ਕਾਰਣ ਤਾਂ ਹੈ ਧਨ ਦੀ ਜਰੂਰਤ, ਪਰੰਤੂ ਇਹ ਕਹਿਣਾ ਗਲਤ ਹੋਵੇਗਾ ਕਿ ਸਾਰੀਆਂ ਮਹਿਲਾਵਾਂ ਧਨ ਦੇ ਕਾਰਣ ਹੀ ਨੌਕਰੀ ਕਰਦੀਆਂ ਹਨ। ਇਕ ਅਧਿਐਨ ਵਿਚ 728 ਕੰਮ-ਕਾਜੀ ਮਹਿਲਾਵਾਂ ਦੇ ਅਧਿਐਨ ਵਿਚ ਨੌਕਰੀ ਕਰਨ ਦੇ ਪ੍ਰਮੁੱਖ ਕਾਰਣ ਇਸ ਪ੍ਰਕਾਰ ਪਾਏ ਗਏ — ਪਤੀ ਦੇ ਪੂਰੀ ਨਾ ਪੈਂਦੀ ਤਨਖਾਹ ਦੇ ਕਾਰਣ; ਪਤੀ ਦੀ ਮ੍ਰਿਤੂ, ਪਤੀ ਦੀ ਬਿਮਾਰੀ, ਪਤੀ ਦੇ ਸਹਾਰਾ ਨਾ ਦੇਣ ਦੇ ਕਾਰਣ, ਪਤੀ ਦੁਆਰਾ ਪਰਿਤਿਆਗ ਅਤੇ ਘਰ ਤੋਂ ਬਾਹਰ ਕੰਮ ਕਰਨ ਦੀ ਵਰੀਅਤਾ ਦੇਣ ਦੇ ਕਾਰਣ। ਮੋਟੇ ਤੌਰ ਉਤੇ ਕਿਹਾ ਜਾਵੇ ਤਾਂ, 89.0% ਮਹਿਲਾਵਾਂ ਆਰਥਿਕ ਜਰੂਰਤਾਂ ਦੇ ਕਾਰਣ ਹੀ ਨੌਕਰੀ ਕਰਦੀਆਂ ਹਨ।

ਦੀਪਾ ਮਾਥੁਰ (1992 : 23) ਦੇ ਜੈਪੁਰ (ਰਾਜਸਥਾਨ) ਵਿਚ 225 ਕੰਮ ਕਾਜੀ ਮਹਿਲਾਵਾਂ ਦੇ ਅਧਿਐਨ ਤੋਂ ਮਹਿਲਾਵਾਂ ਦੇ ਸੇ ਵਾਯੁਕਤ ਹੋਣ ਦੇ ਛੇ ਕਾਰਕ ਪਤਾ ਚਲਦੇ ਹਨ—ਆਰਥਿਕ ਜਰੂਰਤ ਜਾਂ ਪਰਿਵਾਰ ਦੀ ਆਮਦਨ ਵਿਚ ਸਇਸਗ (22.7%), ਭਾਵੀ ਭੈੜੇ ਸਮੇਂ ਤੋਂ ਸੁਰੱਖਿਆ (20%), ਰਹਿਣ ਸਹਿਣ ਦੇ ਪੱਧਰ ਨੂੰ ਉੱਚਾ ਚੁੱਕਣ ਦੇ ਲਈ (20.4%), ਮਨ ਬਹਿਲਾਉਣ ਅਤੇ ਸਮਾਜਿਕ ਸੰਪਰਕਾਂ ਦੇ ਕਾਰਨ (17.3%), ਵਿਅਕਤੀਗਤ ਸਨਮਾਨ ਅਤੇ ਆਕਾਂਸ਼ਾਵਾਂ ਦੇ ਕਾਰਨ (12.4%), ਸਵਾਭਿਮਾਨ ਦੀ ਪੂਰਤੀ (7.2%)। ਇਸ ਪ੍ਰਕਾਰ 63.0% ਇਸਤ੍ਰੀਆਂ ਆਰਥਿਕ ਜਰੂਰਤਾਂ ਦੇ ਕਾਰਣ ਕੰਮ ਕਰਦੀਆਂ ਸਨ ਅਤੇ 37.0% ਅਨਾਰਥਿਕ ਕਾਰਣਾਂ ਤੋਂ। ਜਦ ਉਨ੍ਹਾਂ ਇਸਤ੍ਰੀਆਂ ਤੋਂ ਪੁੱਛਿਆ ਗਿਆ ਕਿ ਜੇਕਰ ਉਨ੍ਹਾਂ ਨੂੰ ਸਵੇਛਾ ਪ੍ਰਦਾਨ ਕੀਤੀ ਜਾਵੇ ਕਿ ਉਹ ਪੂਰਣ ਕਾਲਿਕ ਸੇਵਾਯੁਕਤ ਬਣਨਾ ਪਸੰਦ ਕਰਣਗੀਆਂ ਜਾਂ ਪੂਰਣ ਕਾਲਿਕ ਗ੍ਰਹਿਣੀ, ਤਾਂ 52.0% ਨੇ ਸਿਰਫ ਘਰ ਦਾ ਕੰਮ ਪਸੰਦ ਕੀਤਾ ਅਤੇ 48.0% ਨੇ ਘਰ ਦੇ ਕੰਮ ਅਤੇ ਨੌਕਰੀ ਦਾ ਤਾਤਮੇਲ (ਉਹੀ 24)। ਇਸ ਪ੍ਰਕਾਰ, ਅੱਧੀ ਤੋਂ ਕੁਝ ਘੱਟ ਮਹਿਲਾਵਾਂ ਨੇ ਕੰਮ ਕਰਨ ਦੀ ਉਤਸੁਕਤਾ ਦਰਸ਼ਾਈ ਅਤੇ ਅੱਧੇ ਤੋਂ ਕੁਝ ਜ਼ਿਆਦਾ ਨੇ ਕੰਮ ਦੇ ਲਈ ਅਨਿੱਛਾ ਦਰਸ਼ਾਈ। ਪ੍ਰੇਰਕ ਪੱਧਰ (Motivational Level) ਦੇ ਮਾਪਨ ਤੋਂ ਪਤਾ ਚਲਿਆ ਕਿ 47.6% ਮਹਿਲਾਵਾਂ ਦਾ ਪ੍ਰੇਰਕ ਪੱਧਰ ਬਹੁਤ ਉੱਚਾ ਸੀ, 35.1% ਦਾ ਮਧਿਅਮ (Moderate) ਸੀ, ਅਤੇ 17.3% ਦਾ ਨੀਵਾਂ ਸੀ। ਉੱਚ ਪ੍ਰੇਰਣਾ ਪੱਧਰ ਦਾ ਸੰਬੰਧ ਉੱਚ ਸਿਖਿਆ ਪੱਧਰ ਤੋਂ, ਨੌਕਰੀ ਦੇ ਉੱਚ ਸੰਤੋਖ ਤੋਂ, ਅਤੇ ਘੱਟ ਉਮਰ ਤੋਂ ਸੀ। 29.0% ਮਾਮਲਿਆਂ ਵਿਚ ਪ੍ਰੇਰਣਾ ਦਾ ਸ੍ਰੋਤ ਸੀ ਜਨਕ ਪਰਿਵਾਰ (ਮਾਤਾ-ਪਿਤਾ, ਭਰਾ-ਭੈਣ), 23.0% ਮਾਮਲਿਆਂ ਵਿਚ ਸ੍ਰੋਤ ਸੀ ਜਨਨ ਪਰਿਵਾਰ, 9.0% ਮਾਮਲਿਆਂ ਵਿਚ ਮਿੱਤਰ ਤੇ ਅਧਿਆਪਕ ਸਨ, ਅਤੇ 39% ਮਾਮਲਿਆਂ ਵਿਚ ਸ੍ਰੋਤ ਸਵੈ ਪ੍ਰੇਰਣਾ ਸੀ।

ਕੰਮ ਦੀ ਪ੍ਰੇਰਣਾ ਦੀ ਪ੍ਰਵਿਰਤੀ ਵਿਚ ਵਾਧੇ ਕਰਨ ਵਾਲੇ ਕਾਰਕਾਂ ਦੀ ਤਰ੍ਹਾਂ ਹੀ ਕੁਝ ਅਜਿਹੇ ਕਾਰਕ ਵੀ ਹਨ ਜੋ ਇਸ ਪ੍ਰਵਿਰਤੀ ਨੂੰ ਘੱਟ ਕਰਦੇ ਹਨ। ਦੀਪਾ ਮਾਥੁਰ ਦੇ ਅਧਿਐਨ (ਉਹੀ 36) ਵਿਚ ਪ੍ਰੇਰਣਾ ਘੱਟ ਕਰਨ ਵਾਲੇ ਕਾਰਕ ਸਨ — ਉਪਯੁਕਤ ਨੌਕਰੀਆਂ ਦਾ ਉਪਲਬਧ ਨਾ ਹੋਣਾ (49%), ਯੋਗਤਾ ਵਿਚ ਕਮੀ (20%), ਕੰਮ ਕਰਨ ਦੀ ਇੱਛਾ ਵਿਚ ਕਮੀ (18%), ਪਤੀ ਤੋਂ ਪ੍ਰੋਤਸਾਹਨ ਨਾ ਮਿਲਨਾ (8%), ਅਤੇ ਪਤੀ ਦੀ ਨੌਕਰੀ ਦੀ ਜਰੂਰਤਾਂ ਦੇ ਨਾਲ ਅਸੰਗਤਤਾ (incompatibility) (5%)।

## 9.4.7 ਦੂਹਰੀ ਭੂਮਿਕਾ ਦਾ ਸੰਤੋਸ਼

ਕਿੰਨੀਆਂ ਇਸਤ੍ਰੀਆਂ ਆਪਣੀ ਦੁਹਰੀ ਭੂਮਿਕਾ ਤੋਂ ਸੰਤੁਸ਼ਟ ਰਹਿੰਦੀਆਂ ਹਨ? ਜੇਕਰ ਧਨ ਇਕੱਠਾ ਕਰਨ ਵਾਲੀ ਮਹਿਲਾ ਮਾਂ ਅਤੇ ਪਤਨੀ ਦੀ ਭੂਮਿਕਾ ਵਿਲੀਨ ਕਰਨ ਦੇ ਯਤਨ ਵਿਚ ਸਫਲ ਹੁੰਦੀ ਹੈ ਤਾਂ ਉਹ ਮਹਿਲਾ ਆਪਣੀ ਦੁਹਰੀ ਭੂਮਿਕਾ ਤੋਂ ਸੰਤੁਸ਼ਟ ਮੰਨੀ ਜਾਵੇਗੀ। 'ਉੱਚ' ਸੰਤੋਸ਼ ਕੰਮ ਕਰਨ ਅਤੇ ਘਰ ਬਣਾਉਣ ਵਾਲੀ ਭੂਮਿਕਾ ਪ੍ਰਸੰਨਤਾ ਪੂਰਵਕ ਨਿਭਾਉਣ ਵਿਚ ਨਿਹਿਤ ਹੈ; 'ਮਧਿਅਮ' ਸੰਤੋਖ ਦਾ ਅਰਥ ਹੈ ਦੋਵਾਂ ਭੂਮਿਕਾਵਾਂ ਵਿਚ ਸੀਮਾਂਤ ਅਸੰਤੁਲਨ (Marginal Imbalance) ਅਤੇ 'ਹੇਠਲਾ

ਸੰਤੋਖ' ਇਕ ਜਾਂ ਦੋਵੇਂ ਭੂਮਿਕਾਵਾਂ ਵਿਚ ਅਸੰਤੋਖ ਵਿਚ ਨਿਹਿਤ ਹੈ। ਦੀਪਾ ਮਾਥੁਰ ਦੇ ਅਧਿਐਨ ਵਿਚ 53 ਮਹਿਲਾਵਾਂ ਆਪਣੀ ਦੁਹਰੀ ਭੂਮਿਕਾਵਾਂ ਤੋਂ ਉੱਚ ਸੰਤੁਸ਼ਟ, 18% ਮਧਿਅਮ ਸੰਤੂਟ ਤੇ 29% ਅਸੰਤੁਸ਼ਟ ਪਾਈ ਗਈਆਂ।

ਦੁਹਰੀ ਭੂਮਿਕਾਵਾਂ ਦੇ ਨਾਲ ਸੰਤੋਖ/ਅਸੰਤੋਖ ਕੰਮ-ਕਾਜੀ ਮਹਿਲਾਵਾਂ ਦੇ ਆਤਮ-ਪ੍ਰਤੀਬਿੰਬ (Self-image) ਅਤੇ ਆਪਣੇ ਆਪ ਦੇ ਵਿਸ਼ੇ ਵਿਚ ਕੀਤੀ ਗਈ ਕਲਪਨਾਵਾਂ ਨੂੰ ਪ੍ਰਭਾਵਤ ਕਰਦਾ ਹੈ। ਆਪਣੇ ਆਪ ਦੇ ਵਿਸ਼ੇ ਵਿਚ ਉੱਚੇ ਪ੍ਰਤੀਬਿੰਬ ਬਣਾਉਣ ਦਾ ਅਰਥ ਹੈ ਕਿ ਮਹਿਲਾ ਇਹ ਅਨੁਭਵ ਕਰਦੀ ਹੈ ਕਿ ਕੰਮ ਕਰਨ ਦੇ ਕਾਰਣ ਉਸਦੇ ਵਿਕਅਤੀਤਵ ਵਿਚ ਸੁਧਾਰ ਹੋਇਆ ਹੈ, ਜਦਕਿ ਹੇਠਲੇ ਪ੍ਰਤੀਬਿੰਬ ਦਾ ਅਰਥ ਹੈ ਕਿ ਮਹਿਲਾ ਇਹ ਅਨੁਭਵ ਕਰੇ ਕਿ ਕੰਮ/ਨੌਕਰੀ ਨੇ ਉਸਦੇ ਵਿਅਕਤੀਤਵ ਉਤੇ ਅੱਛਾ ਪ੍ਰਭਾਵ ਨਹੀਂ ਪਾਇਆ ਹੈ।

ਹੇਠਲੇ ਸਵੈ ਪ੍ਰਤੀਬਿੰਬ ਅਤੇ ਦੂਹਰੀ ਭੂਮਿਕਾਵਾਂ, ਕੰਮ ਕਾਜੀ ਮਹਿਲਾਵਾਂ ਦੇ ਲਈ ਭੂਮਿਕਾ ਸੰਘਰਸ਼ ਵਰਗੀ ਸਮਾਜ ਸ਼ਾਸਤਰੀ ਸਮੱਸਿਆ ਪੈਦਾ ਕਰ ਦਿੰਦੀ ਹੈ ਜਿਸਦਾ ਪ੍ਰਭਾਵ, ਪਰਿਵਾਰਕ ਸੰਬੰਧਾਂ, ਬੱਚਿਆਂ ਦੀ ਦੇਖਭਾਲ ਅਤੇ ਸਕ੍ਰਿਅ ਤੇ ਨਿਸ਼ਕ੍ਰਿਅ ਰੂਪ ਤੋਂ ਭੂਮਿਕਾਵਾਂ ਦੇ ਨਿਰਵਾਹ ਕਰਨ ਉਤੇ ਪੈਂਦਾ ਹੈ। ਲੱਜਾਸ਼ੀਲ ਤੇ ਨਿਮਰ ਸੁਭਾਅ ਦੀ ਇਸਤ੍ਰੀਆਂ ਨੂੰ ਪ੍ਰਭਾਵਸ਼ਾਲੀ ਵਿਅਕਤੀਤਵ ਵਾਲੀ ਇਸਤ੍ਰੀਆਂ ਦੀ ਅਪੇਕਸ਼ਾ ਦੁਹਰੀ ਭੂਮਿਕਾ ਨਿਰਵਾਹ ਵਿਚ ਜ਼ਿਆਦਾ ਸਮੱਸਿਆਵਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਦੀਪਾ ਮਾਥੁਰ (ਉਹੀ, 87-88) ਨੇ ਆਪਣੇ ਅਧਿਐਲ ਵਿਚ ਦੇਖਿਆ ਕਿ 21.8% ਇਸਤ੍ਰੀਆਂ ਉੱਚ ਕੋਟੀ ਦੇ ਭੂਮਿਕਾ ਸੰਘਰਸ਼ ਦੀ ਸਥਿਤੀ ਵਿਚ ਸਨ, 44.4% ਹੇਠਲੇ ਕੋਟੀ ਦੇ, ਅਤੇ 33.8% ਕਿਸੀ ਵੀ ਪ੍ਰਕਾਰ ਦੇ ਭੂਮਿਕਾ ਸੰਘਰਸ਼ ਦੀ ਸਥਿਤੀ ਵਿਚ ਨਹੀਂ ਸਨ। ਕੰਮ ਕਰਨ ਦੇ ਪ੍ਰੇਰਣਾਤਮਕ ਪੱਧਰ, ਪਤਨੀ ਦੇ ਰੋਜਗਾਰ ਦੇ ਪ੍ਰਤੀ ਪਤੀ ਦਾ ਦ੍ਰਿਸ਼ਟੀਕੋਣ, ਕੰਮ ਦੇ ਸਥਾਨ ਉਤੇ ਅੰਤਰਵਿਅਕਤੀਗਤ ਸੰਬੰਧ ਅਤੇ ਮਹਿਲਾਵਾਂ ਦੇ ਵਿਅਕਤਤਵ ਦੇ ਪ੍ਰਕਾਰ ਆਦਿ ਵਿਵਿਧਤਾਵਾਂ ਅਤੇ ਭੂਮਿਕਾ ਸੰਘਰਸ਼ ਦੇ ਵਿਚ ਮਹੱਤਵਪੂਰਨ, ਮਧਿਅਮ ਅਤੇ ਕਮਜ਼ੋਰ ਸੰਬੰਧ ਪਾਏ ਗਏ।

ਭੂਮਿਕਾ ਸੰਘਰਸ਼ ਅਤੇ ਪ੍ਰੇਰਣਾ ਪੱਧਰ ਅਤੇ ਪਤੀ ਦੇ ਦ੍ਰਿਸ਼ਟੀਕੋਣ ਦੇ ਵਿੱਚ ਸੰਬੰਧ 'ਮਹੱਤਵਪੂਰਨ' ਹਨ, ਕੰਮ ਕਰਨ ਦੇ ਸਥਾਨ ਉਤੇ ਅੰਤਰਵਿਕਅਤੀਗਤ ਸੰਬੰਧ ਦੇ ਨਾਲ ਸੰਬੰਧ ਕਮਜ਼ੋਰ ਹਨ, ਅਤੇ ਬੱਚਿਆਂ ਦੀ ਉਪਸਥਿਤੀ ਦੀ ਦਸ਼ਾ ਦੇ ਨਾਲ ਸੰਬੰਧ 'ਮਧਿਅਮ' ਹਨ।

ਰਾਮੂ (1989) ਦਾ ਵਿਚਾਰ ਹੈ ਕਿ ਨਵੀਨ ਆਰਥਿਕ ਤੇ ਘਰੇਲੂ ਭੂਮਿਕਾਵਾਂ ਦੇ ਵਿਚ ਦੇ ਸੰਘਰਸ਼ ਦਾ ਫਲ ਮਹਿਲਾਵਾਂ ਦੇ ਕਾਰਜਾਂ ਦੇ ਵਿਭਾਗੀਕਰਣ ਦੇ ਰੂਪ ਵਿਚ ਹੁੰਦਾ ਹੈ। ਭਾਵੇਂ ਇਹ ਅਸਥਾਈ ਹੀ ਹੁੰਦਾ ਹੈ ਕਿਉਂਕਿ ਵਿਅਵਸਾਏ ਤੇ ਗ੍ਰਹਿਸਥ ਜਵੀਨ ਦੇ ਵਿਚ ਟੱਕਰ ਦੀ ਮੰਗ ਹੁੰਦੀ ਹੈ ਕਿ ਉਹ ਇਸਦੇ ਨਾਲ ਤਾਲਮੇਲ ਕਰਣ, ਕਿੰਤੂ ਅਨੇਕ ਮਹਿਲਾਵਾਂ ਦੇ ਲਈ ਇਹ ਅਸੰਭਵ ਜਿਹਾ ਹੀ ਪ੍ਰਤੀਤ ਹੁੰਦਾ ਹੈ। ਕੁਝ ਸਮੇਂ ਦੇ ਬਾਅਦ ਉਹ ਅਨੁਭਵ ਕਰਦੀਆਂ ਹਨ ਕਿ ਜਾਂ ਤਾਂ ਉਹ ਆਪਣੀ ਵਿਅਵਸਾਇਕ ਆਕਾਂਕਸ਼ਾਵਾਂ ਨੂੰ ਥੱਲੇ ਲਿਆਉਣ ਜਾਂ ਫਿਰ ਆਪਣੇ ਗ੍ਰਹਿਸਥ ਜਿੰਮੇਵਾਰੀਆਂ ਵਿਚ ਕੁਝ ਕਟੌਤੀ ਕਰਣ।

### 9.4.8 ਭੂਮਿਕਾ ਸਮਾਯੋਜਨ

ਕੰਮ-ਕਾਜੀ ਮਹਿਲਾਵਾਂ ਨੂੰ ਆਪਣੇ ਪਰਿਵਾਰ ਅਤੇ ਕੰਮ ਦੇ ਸਥਾਨ ਦੇ ਵਿਚ ਆਪਣੇ ਨੂੰ ਸਮਾਯੋਜਿਤ ਕਰਨਾ ਪੈਂਦਾ ਹੈ।ਸਮਾਯੋਜਨ ਦਾ ਅਰਥ ਹੈ ਇਕ ਪਰਿਸਥਿਤੀ ਤੋਂ ਦੂਜੀ ਪਰਿਸਥਿਤੀ ਉਤੇ ਚਲੇ ਜਾਣਾ, ਭੂਮਿਕਾਵਾਂ ਦਾ ਦੂਜਿਆਂ ਦੇ ਪਰਿਪੇਖ ਤੋਂ ਅਵਲੋਕਨ ਅਤੇ ਕਈ ਭੂਮਿਕਾਵਾਂ ਨੂੰ ਕੁਸ਼ਲਤਾ ਅਤੇ ਸੰਤਖੋਪ੍ਰਦ ਢੰਗ ਨਾਲ ਨਿਰਵਾਹ ਕਰਨਾ ਹੁੰਦਾ ਹੈ। ਆਸਾਨ ਸ਼ਬਦਾਂ ਵਿਚ 'ਭੂਮਿਕਾ ਸਮਾਯੋਜਨ' ਭੂਮਿਕਾ ਦੀ ਮੰਗ (Role Demands) ਅਤੇ ਵਿਅਕਤੀ ਦੀ ਭੂਮਿਕਾ ਨੂੰ ਕਰਨ (Role Performance) ਉਤੇ ਨਿਰਭਰ ਕਰਦਾ ਹੈ।

ਇਕ ਕੰਮ ਕਾਜੀ ਮਹਿਲਾ ਨੂੰ ਕਈ ਸਮੱਸਿਆਵਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਘਰ ਦੇ ਜੀਵਨ ਦਾ ਸਮਾਯੋਜਨ ਦਫਤਰ ਦੀ ਦਿਨ ਦੇ ਰੁਝਾਨ ਤੋਂ ਕਰਨਾ ਹੁੰਦਾ ਹੈ। ਘਰ ਦੇ ਕੰਮ ਕਾਜ ਨੂੰ ਪਰੰਪਰਾਗਤ ਰੁਝਾਨ ਤੋਂ ਭਿੰਨ ਬਿੰਦੂਆਂ ਉਤੇ ਵਿਅਵਸਥਿਤ ਕਰਨਾ ਹੁੰਦਾ ਹੈ। ਲਾਰਜਾਂਸ (Lazarns, 1961) ਦੇ ਅਨੁਸਾਰ ਸਮਾਯੋਜਨ ਦਰਸ਼ਾਉਣ ਵਾਲੇ ਚਾਰ ਪ੍ਰਮੁਖ ਸੂਚਕ (Indicators) ਹਨ—ਭੂਮਿਕਾਵਾਂ ਦਾ ਕੁਸ਼ਲ ਤੇ ਬੁੱਧੀਮਤਾਪੂਰਣ ਨਿਰਵਾਹ, ਮਨੋਵਿਗਿਆਨਕ ਸੁਖ ਦੀ ਹੱਦ, ਤਣਾਅ ਲਖਸ਼ਣਾਂ ਦਾ ਅਭਾਵ ਅਤੇ ਵਿਉਹਾਰ ਦੀ ਸਮਾਜਿਕ ਸਵੀਕ੍ਰਿਤੀ।

ਸਮਾਯੋਜਨ ਦਾ ਇਕ ਆਯਾਮੀ ਨਿਰੰਤਰ (Unidimensional continuum) ਉਤੇ ਮਾਪ ਕੀਤਾ ਜਾਂਦਾ ਹੈ। ਨਿਰੰਤਰ ਵਿਚ ਵਿਅਕਤੀ ਦੀ ਸਥਿਤੀ ਉੱਚਤਮ ਬਿੰਦੂ ਤੋਂ ਹੇਠਲੀ ਬਿੰਦੂ ਤਕ ਸਥਿਤ ਕੀਤੀ ਜਾਂਦੀ ਹੈ। ਹੇਠਲੇ ਸਮਾਯੋਜਨ ਨੂੰ ਕੁ-ਸਮਾਯੋਜਨ (Maladjustment) ਤੋਂ ਅਲਗ ਕਰ ਲਿਆ ਜਾਂਦਾ ਹੈ ਕਿਉਂਕਿ ਦੋਵੇਂ ਹੀ ਗੁਣਾਂ ਦੇ ਆਧਾਰ ਉਤੇ ਇਕ ਦੂਜੇ ਤੋਂ ਭਿੰਨ ਹੁੰਦੇ ਹਨ। ਕੁ-ਸਮਾਯੋਜਨ ਵਿਚ ਵਿਆਧਿਕੀ ਅਨੁਕ੍ਰਿਆ (Pathological Response) ਨਿਹਿਤ ਹੈ, ਜਦਕਿ ਹੇਠਲੇ ਸਮਾਯੋਜਨ ਪਰਿਸਥਿਤੀ ਵਿਚ ਪੂਰਨ ਰੂਪ ਤੋਂ ਵਿਲੀਨ ਹੋਣ ਦੀ ਸਥਿਤੀ ਦਰਸ਼ਾਉਂਦਾ ਹੈ।

'ਘਰ ਦਾ ਸਮਾਯੋਜਨ' ਅਤੇ 'ਨੌਕਰੀ ਸਮਾਯੋਜਨ' ਵਿਚ ਮੁਲਾਂਕਣ ਦੇ ਭਿੰਨ ਆਧਾਰ ਸ਼ਾਮਲ ਹਨ। ਕੰਮਕਾਜੀ ਮਹਿਲਾਵਾਂ ਦੇ ਵਿਸ਼ੇ ਵਿਚ ਆਮ ਤੌਰ ਤੇ ਇਹ ਦੇਖਿਆ ਗਿਆ ਹੈ ਕਿ 'ਨੌਕਰੀ ਸਮਾਯੋਜਨ' 'ਘਰ ਸਮਾਯੋਜਨ' ਦੀ ਅਪੇਕਸ਼ਾ ਕਿਤੇ ਉੱਚ ਕੋਟੀ ਦਾ ਹੁੰਦਾ ਹੈ।

ਨੋਟ

ਦੀਪਾ ਮਾਥੁਰ ਦੇ ਅਨੁਸੰਧਾਨਾਂ ਤੋਂ ਪਤਾ ਚਲਦਾ ਹੈ ਕਿ ਅਧਿਐਨ ਕੀਤੀ ਗਈ 225 ਕੰਮਕਾਜੀ ਮਹਿਲਾਵਾਂ ਵਿਚੋਂ 38% ਦਾ 'ਘਰ ਦਾ ਸਮਾਯੋਜਨ' ਉੱਚ ਕੋਟੀ ਦਾ, 43% ਦਾ ਮਧਿਅਮ, ਅਤੇ 19% ਦਾ ਹੇਠਲੀ ਕੋਟੀ ਦਾ ਸੀ। 'ਨੌਕਰੀ ਸਮਾਯੋਜਨ' ਵਿਚ 44% ਨੇ ਉੱਚ, 30% ਨੇ ਮਧਿਅਮ ਅਤੇ 26% ਨੇ ਹੇਠਲੀ ਕੋਟੀ ਦਾ ਸਮਾਯੋਜਨ ਦਰਸ਼ਾਇਆ। ਨੌਕਰੀ ਸਮਾਯੋਜਨ ਦਾ ਪੱਧਰ ਨੌਕਰੀ ਦੀ ਪ੍ਰਕ੍ਰਿਤੀ, ਸੇਵਾ ਦੇ ਸਮੇਂ, ਅਤੇ ਭਾਵੀ ਯੋਜਾਵਾਂ ਦੇ ਨਾਲ ਹੀ ਅਲੱਗ ਪਾਇਆ ਹੈ। ਦੂਜੇ ਪਾਸੇ, 'ਘਰ ਦਾ ਸਮਾਯੋਜਨ' ਪਰਿਵਾਰ ਸੰਰਚਾ, ਆਕਾਰ, ਪਤੀ ਅਤੇ ਸਹੁਰੇ ਵਾਲਿਆਂ ਨਾਲ ਸਇਸੋਗ, ਅਤੇ ਸਵੈ ਮੁਲਾਂਕਣ ਉਤੇ ਨਿਰਭਰ ਕਰਦਾ ਹੈ। ਦੋਵੇਂ ਸਥਿਤੀਆਂ ਨੂੰ ਇਕੱਠਿਆ ਰਖ ਕੇ ਕਿਹਾ ਜਾ ਸਕਦਾ ਹੈ ਕਿ ਕੰਮ ਕਾਜੀ ਮਹਿਲਾਵਾਂ ਆਮ ਤੌਰ ਤੇ ਘਰ ਦੀ ਜਿੰਮੇਵਾਰੀਆਂ ਅਤੇ ਆਪਣੀ ਆਕਾਂਸ਼ਾਵਾਂ ਨੂੰ ਪੂਰਾ ਕਰਨ ਦੇ ਲਈ ਇਸ ਪ੍ਰਕਾਰ ਯੋਜਨਾ ਬਣਾ ਲੈਂਦੀਆਂ ਹਨ ਕਿ ਸਮਾਯੋਜਨ ਕਰਨ ਵਿਚ ਕਠਿਨਾਈ ਨਹੀਂ ਆਉਂਦੀ। ਭਾਵੇਂ ਮਹਿਲਾਵਾਂ ਆਪਣੀ ਆਮਦਨ ਜ਼ਿਆਦਾਤਰ ਜੀਵਨ ਪੱਧਰ ਉੱਚਾ ਚੁੱਕਣ ਵਿਚ ਖਰਚ ਕਰਦੀਆਂ ਹਨ ਅਤੇ ਉਨ੍ਹਾਂ ਉਤੇ ਘਮੰਡੀ, ਲਾਪਰਵਾਹ, ਆਤਮ ਕੇਂਦ੍ਰਿਤ ਹੋਣ ਦਾ ਆਰੋਪ ਲਗਾਇਆ ਜਾਂਦਾ ਹੈ, ਫਿਰ ਵੀ ਉਹ ਘਰ ਦੀ ਚਾਰ ਦੀਵਾਰੀ ਤੋਂ ਕੱਢ ਕੇ ਅਤੇ ਰਾਸ਼ਟਰ ਤੇ ਮਾਨਵਤਾ ਦੇ ਦਾਇਰੇ ਵਿਚ ਆਪਣੀ ਭਾਗੀਦਾਰੀ ਦਾ ਨਿਰਵਾਹ ਕਰ ਰਹੀ ਹੈ।

### 9.4.9 ਮਹਿਲਾਵਾਂ ਦੇ ਅਧਿਕਾਰ

ਅਜਿਹੇ ਸਮਾਜ ਵਿਚ ਜਿੱਥੇ ਕੁਲ ਜਨਸੰਖਿਆ ਦੀ ਅੱਧੀ ਅਤੇ ਤਿੰਨ-ਪੰਜਮਾਂਸ਼ ਹਿੱਸੇ ਅਸਿਖਿਅਤ ਮਹਿਲਾਵਾਂ ਹਨ (1991 ਜਨਗਣਨਾ), ਅਜਿਹੇ ਰੂੜੀਵਾਦੀ ਪਰੰਪਰਾਵਾਂ ਅਤੇ ਵਿਸ਼ਵਾਸਾਂ ਅਤੇ ਪ੍ਰਥਾਵਾਂ ਵਿਚ ਜਕੜੇ ਹੋਏ ਸਮਾਜ ਨੂੰ ਰਾਤੋਂ ਰਾਤ ਨਹੀ਼ ਬਦਲਿਆ ਜਾ ਸਕਦਾ। ਨਾ ਹੀ ਇਨ੍ਹਾਂ ਦੇ ਵਿਰੁਧ ਪ੍ਰਬਲ ਜਨਮਤ ਤਿਆਰ ਕਰਨਾ ਸਰਲ ਹੈ। ਵਿਧਾਨਾਂ ਦਾ ਕੁਝ ਪ੍ਰਭਾਵ ਹੁੰਦਾ ਹੈ ਪਰੰਤੂ ਇਨ੍ਹਾਂ ਨੂੰ ਬਹੁਤ ਸਾਵਧਾਨੀ ਨਾਲ ਚਰਣਾਂ ਵਿਚ ਲਾਗੂ ਕਰਨਾ ਹੁੰਦਾ ਹੈ। ਵਿਧਾਨ ਦੀ ਪੁਸਤਕਾਂ ਵਿਚ ਮਹਿਲਾਵਾਂ ਨਾਲ ਸੰਬੰਧਤ ਕਿੰਨੇ ਵਿਧਾਨ ਹਨ? ਹਿੰਦੂ ਸਮਾਜ ਨੂੰ ਇਨ੍ਹਾਂ ਵਿਧਾਨਾਂ ਨੇ ਕਿਸ ਸੀਮਾ ਤਕ ਅੰਦੋਲਿਤ ਕੀਤਾ ਹੈ? ਕਿਸ ਹੱਦ ਤਕ ਉਨ੍ਹਾਂ ਵਿਧਾਨਾਂ ਵਿਚ ਸਮਾਜਿਕ ਪਰਿਵਰਤਣ ਆਇਆ ਹੈ?

ਇਨ੍ਹਾਂ ਵਿਧਾਨਾਂ ਦੇ ਮਾਧਿਅਮ ਤੋਂ ਪ੍ਰਾਪਤ ਮਹਿਲਾ ਅਧਿਕਾਰਾਂ ਦਾ ਵਿਵੇਚਨ ਅਸੀਂ ਇੱਥੇ ਸੰਖੇਪ ਵਿਚ ਕਰਾਂਗੇ।

ਪੁਰਸ਼ਾਂ ਦੇ ਸਮਾਨ ਇਸਤ੍ਰੀਆਂ ਨੂੰ ਵੀ ਭਾਰਤੀ ਸੰਵਿਧਾਨ ਦੁਆਰਾ ਪ੍ਰਮੁੱਖ ਅਧਿਕਾਰ ਇਸ ਪ੍ਰਕਾਰ ਹਨ:

1. ਸਮਾਨਤਾ ਦਾ ਅਧਿਕਾਰ, ਅਰਥਾਤ ਅਵਸਰਾਂ ਦੀ ਸਮਾਨਤਾ, ਕਾਨੂੰਨ ਦੇ ਸਨਮੁਖ ਸਮਾਨਤਾ, ਕਾਨੂੰਨਾਂ ਦਾ ਸਮਾਨਸਰੰਖਣ ਅਤੇ ਨੌਕਰੀਆਂ ਆਦਿ ਵਿਚ ਲਿੰਗ ਦੇ ਆਧਾਰ ਉਤੇ ਭੇਦਭਾਵ ਨਾ ਸਮਝਿਆ ਜਾਣਾ।
2. ਸੁਤੰਤਰਤਾ ਦਾ ਅਧਿਕਾਰ, ਅਰਥਾਤ ਭਾਸ਼ਣ ਦੀ ਸੁਤੰਤਰਤਾ, ਨਿਵਾਸ ਦੀ ਸੁਤੰਤਰਤਾ ਅਤੇ ਵਿਅਵਸਾਏ ਤੇ ਗਤੀਸ਼ੀਲਤਾ ਦੀ ਸੁਤੰਤਰਤਾ।
3. ਸ਼ੋਸ਼ਣ ਦੇ ਵਿਰੁੱਧ ਸੁਤੰਤਰਤਾ, ਅਰਥਾਤ 'ਬੇਗਾਰ' ਦੇ ਵਿਰੁਧ।
4. ਧਰਮ ਦੀ ਸੁਤੰਤਰਤਾ ਦਾ ਅਧਿਕਾਰ, ਅਰਥਾਤ ਉਪਦੇਸ਼ ਅਤੇ ਧਰਮ ਦਾ ਸੁਤੰਤਰਤਾ ਪੂਰਵਕ ਅਨੁਪਾਲਨ।
5. ਸੰਪਤੀ ਦਾ ਅਧਿਕਾਰ, ਅਰਥਾਤ ਸੰਪਤੀ ਪ੍ਰਾਪਤ ਕਰਨ, ਰਖਣ ਅਤੇ ਵੇਚਣ ਦਾ ਅਧਿਕਾਰ।
6. ਸਾਂਸਕ੍ਰਿਤਕ ਅਤੇ ਸਿਖਿਆ ਦਾ ਅਧਿਕਾਰ, ਅਰਥਾਤ ਸੰਸਕ੍ਰਿਤੀ ਦਾ ਸੰਰਖਿਅਣ ਅਤੇ ਸਿਖਿਅਕ ਸੰਸਥਾਵਾਂ ਵਿਚ ਪ੍ਰਵੇਸ਼ ਕਰਨ ਦਾ ਅਧਿਕਾਰ।
7. ਸੰਵੈਧਾਨਿਕ ਉਪਚਾਰ (Remedy) ਦਾ ਅਧਿਕਾਰ, ਅਰਥਾਤ ਮੌਲਿਕ ਅਧਿਕਾਰਾਂ ਨੂੰ ਲਾਗ ਕਰਨ ਦੇ ਲਈ ਕੋਰਟ ਦੀ ਸ਼ਰਣ ਵਿਚ ਜਾਣ ਦਾ ਅਧਿਕਾਰ।

ਇਸ ਮੂਲ ਅਧਿਕਾਰਾਂ ਦੇ ਦਿਲਾਸੇ ਦੇ ਅਲਾਵਾ ਰਾਜ ਸਰਕਾਰਾਂ ਨੂੰ ਵੀ ਇਹ ਅਧਿਕਾਰ ਦਿਤੇ ਗਏ ਹਨ ਕਿ ਉਹ ਸਮੇਂ ਸਮੇਂ ਉਤੇ ਅਜਿਹੇ ਵਿਧਾਨ ਲਾਗੂ ਕਰਣ ਜੋ ਇਸਤ੍ਰੀਆਂ ਦੇ ਹਿਤਾਂ ਦੀ ਰਖਿਆ ਕਰਦੇ ਹੋਣ ਅਤੇ ਇਸਤ੍ਰੀਆਂ ਦੇ ਨਾਲ ਵਿਅਵਹਾਰ ਵਿਚ ਉਨ੍ਹਾਂ ਨੂੰ ਵਰੀਅਤਾ ਦਿੱਤੀ ਜਾਵੇ। ਇਸ ਆਧਾਰ ਉਤੇ ਸਰਕਾਰ ਸਮੇਂ ਸਮੇਂ ਉਤੇ ਅਜਿਹੇ ਵੈਧਾਨਿਕ ਉਪਾਅ ਕਰਦੀ ਰਹੀ ਹੈ। ਜਿਨ੍ਹਾਂ ਨਾਲ ਸਮਾਜਿਕ ਵਿਅਵਸਥਾ ਅਤੇ ਨਿਆਂ ਬਣਿਆ ਰਹੇ।

ਗਤ ਤਿੰਨ ਜਾਂ ਚਾਰ ਦਸ਼ਕਾਂ ਵਿਚ ਕਾਫੀ ਸੰਖਿਆ ਵਿਚ ਵਿਧਾਨ ਲਾਗੂ ਕੀਤੇ ਗਏ ਸਨ ਅਤੇ ਕੁਝ ਵਿਚ ਸੁਧਾਰ ਕੀਤੇ ਗਏ ਹਨ ਜਿਨ੍ਹਾਂ ਤੋਂ ਮਹਿਲਾਵਾਂ ਦੇ ਸਮਾਨ ਪੱਧਰ ਅਤੇ ਅਵਸਰਾਂ ਨੂੰ ਸੁਨਿਸ਼ਚਿਤ ਕੀਤਾ ਗਿਆ ਹੈ। ਇਨ੍ਹਾਂ ਵਿਧਾਨਾਂ ਦਾ ਮੁਲਾਂਕਣ ਤਿੰਨ ਪੱਧਰਾਂ ਉਤੇ ਕੀਤਾ ਜਾ ਸਕਦਾ ਹੈ — ਸਮਾਜਿਕ, ਆਰਥਿਕ ਅਤੇ ਰਾਜਨੈਤਿਕ।

### 9.4.10 ਸਮਾਜਿਕ ਵਿਧਾਨ

ਮਹਿਲਾਵਾਂ ਨਾਲ ਸੰਬੰਧਤ ਅਤੇ ਸਾਮਾਜਿਕ ਕਾਨੂੰਨਾਂ ਤੋਂ ਸੰਬੰਧਤ ਚਾਰ ਪ੍ਰਮੁੱਖ ਮਾਮਲੇ ਹਨ—ਵਿਆਹ, ਗੋਦ ਲੈਣਾ (Adoption), ਸੰਰਖਿਅਤਾ (Guardianship) ਅਤੇ ਗਰਭਪਾਤ (abortion)। ਵਿਆਹ ਨਾਲ ਸੰਬੰਧਤ ਸਮੱਸਿਆਵਾਂ ਹਨ: (1) ਜੀਵਨ ਸਾਥੀ ਦੀ ਚੋਣ, (2) ਵਿਆਹ ਦੀ ਉਮਰ, (3) ਬਹੁਤ ਪਤਨੀ ਵਿਆਹ, (4) ਅਯੋਗ (invalid) ਵਿਆਹ, (5) ਨਿਸ਼ਪ੍ਰਭਾਵੀ

ਨੋਟ

(Void) ਵਿਆਹ, (6) ਵਿਆਹ ਵਿਛੇਦ, (7) ਦੰਪਤੀ ਅਧਿਕਾਰਾਂ ਦਾ ਪ੍ਰਤਿਸਥਾਨ (Restitution of Conjugal rights), (8) ਗੁਜ਼ਾਰਾ ਭੱਤਾ, (9) ਬੱਚੇ ਦਾ ਸੰਰਖਿਅਣ (Custody of Child), (10) ਦਾਜ, (11) ਪੁਨਰਵਿਆਹ। ਪੂਰਵ ਉਲਿਖਤ ਕੁਝ ਲਾਗੂ ਹੋ ਚੁਕੇ ਵਿਧਾਨ ਇਸ ਪ੍ਰਕਾਰ ਹਨ—1955 ਦਾ ਹਿੰਦੂ ਵਿਆਹ ਅਧਿਨਿਅਮ, 1954 ਦਾ ਵਿਸ਼ੇਸ਼ ਵਿਆਹ ਅਧਿਨਿਅਮ ਅਤੇ 1856 ਦਾ ਪੁਨਰਵਿਆਹ ਅਧਿਨਿਅਮ।

ਬੱਚਿਆਂ ਨੂੰ ਗੋਦ ਲੈਣ ਨਾਲ ਸੰਬੰਧਤ ਨਿਅਮ 1956 ਵਿਚ ਪਾਰਿਤ ਕੀਤਾ ਗਿਆ ਜਿਸ ਨੂੰ ਹਿੰਦੂ ਦੱਤਕ ਗ੍ਰਹਿਣ ਅਤੇ ਭਰਣ ਪੋਸ਼ਣ ਅਧਿਨਿਯਮ ਦਾ ਨਾਮ ਦਿਤਾ ਗਿਆ। ਨਾ ਕੇਵਲ ਵਿਆਹੀਆਂ ਇਸਤ੍ਰੀਆਂ ਨੂੰ ਬਲਕਿ ਅਣਵਿਆਹੀਆਂ ਇਸਤ੍ਰੀ ਵਿਧਵਾ ਇਸਤ੍ਰੀ ਅਤੇ ਤਲਾਕਸ਼ੁਦਾ ਇਸਤ੍ਰੀ ਨੂੰ ਵੀ ਬੱਚਿਆਂ ਨੂੰ ਦੱਤਕ ਅਧਿਗ੍ਰਹਿਣ ਦਾ ਅਧਿਕਾਰ ਦਿਤਾ ਗਿਆ ਹੈ। ਸਿਰਫ ਅਣਵਿਆਹੀ ਅਤੇ ਪੰਦਰ੍ਹਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਹੀ ਦੱਤਕ ਗ੍ਰਹਿਣ ਕੀਤਾ ਜਾ ਸਕਦਾ ਹੈ।

1970 ਤਕ ਗਰਭਪਾਤ ਨੂੰ ਵੈਧਾਨਿਕ ਦ੍ਰਿਸ਼ਟੀ ਤੋਂ ਅਪਰਾਧ ਮੰਨਿਆਂ ਜਾਂਦਾ ਸੀ। 1971 ਵਿਚ ਚਿਕਿਤਸਾ ਗਰਭ ਸਮਾਪਨ ਅਧਿਨਿਅਮ (Medical Termination of Pregnency Act) ਪਾਸ ਕੀਤਾ ਗਿਆ ਜਿਸਦੇ ਮਾਧਿਅਮ ਨਾਲ ਗਰਭਵਤੀ ਮਹਿਲਾ ਅਤੇ ਗਰਭਪਾਤ ਸ਼ਲਿਅਕ (Abortionist) ਦੋਵਾਂ ਨੂੰ ਹੀ ਗਰਭਪਾਤ ਦੀ ਆਗਿਆ ਪ੍ਰਦਾਨ ਕਰ ਦਿਤੀ ਗਈ। ਇਹ ਅਧਿਨਿਅਮ ਅਪ੍ਰੈਲ, 1972 ਵਿਚ ਲਾਗੂ ਕੀਤਾ ਗਿਆ ਅਤੇ ਇਹ ਸਿਰਫ ਬਾਰ੍ਹਾਂ ਮਹੀਨੇ ਤਕ ਦੇ ਗਰਭ ਦੇ ਗਰਭਪਾਤ ਦੀ ਆਗਿਆ ਸਿਰਫ ਰਜਿਸਟਰਡ ਡਾਕਟਰ ਨੂੰ ਦਿੰਦਾ ਹੈ। ਗਰਭ ਦੇ ਸਿਰਫ ਇਨ੍ਹਾਂ ਪਰਿਸਥਿਤੀਆਂ ਵਿਚ ਹੀ ਸਮਾਪਤ ਕਰਨ ਦੀ ਆਗਿਆ ਦਿਤੀ ਗਈ ਹੈ: ਜੇਕਰ ਗਰਭਵਤੀ ਮਹਿਲਾ ਦੇ ਜੀਵਨ ਨੂੰ ਜੋਖਿਮ ਹੋਵੇ ਉਸਦੇ ਸ਼ਰੀਰਕ ਤੇ ਮਾਨਸਿਕ ਸਵਾਸਥ ਨੂੰ ਗੰਭੀਰ ਨੁਕਸਾਨ ਦੀ ਅਸ਼ੰਕਾ ਹੋਵੇ ਜਾਂ ਫਿਰ ਇਸ ਗੱਲ ਦਾ ਡਰ ਹੋਵੇ ਕਿ ਜਨਮ ਲੈਣ ਵਾਲਾ ਬੱਚਾ ਅਪੰਗ ਜਾਂ ਸ਼ਰੀਰਕ ਤੇ ਮਾਨਸਿਕ ਅਸਮਾਨਤਾਵਾਂ (Abnormalities) ਦੇ ਨਾਲ ਜਨਮ ਲਵੇਗਾ। ਗਰਭਪਾਤ ਅਜਿਹੇ ਮਾਮਲਿਆਂ ਵਿਚ ਵੀ ਸਵੀਕ੍ਰਿਤ ਹੁੰਦਾ ਹੈ ਜਿਥੇ ਗਰਭ ਦਾ ਕਾਰਨ ਬਲਾਤਕਾਰ ਜਾਂ ਗਰਭ ਨਿਰੋਧਕ ਵਿਧੀਆਂ ਦੀ ਅਸਫਲਤਾ ਰਿਹਾ ਹੋਵੇ।

## 9.4.11 ਆਰਥਿਕ ਵਿਧਾਨ

ਆਰਥਿਕ ਵਿਧਾਨਾਂ ਨਾਲ ਸੰਬੰਧਤ ਵਿਸ਼ੇ ਹਨ—ਸੰਪਤੀ ਦਾ ਅਧਿਕਾਰ, ਸਮਾਨ ਤਨਖਾਹ, ਕੰਮ ਕਰਨ ਦੀ ਦਸ਼ਾਵਾਂ, ਪ੍ਰਸੂਤੀ ਲਾਭ, ਅਤੇ ਕੰਮ ਦੀ ਸੁਰੱਖਿਆ (Job Security)। ਇਕ ਮਹਿਲਾ ਦੇ ਸੰਪਤੀ ਅਧਿਕਾਰ ਦਾ ਅਰਥ ਹੈ ਉਸਦਾ ਪਤਨੀ, ਪੁੱਤਰੀ, ਵਿਧਵਾ ਅਤੇ ਮਾਂ ਦੇ ਰੂਪ ਵਿਚ ਸੰਪਤੀ ਦਾ ਅਧਿਕਾਰ। ਹਿੰਦੂ ਉੱਤਰਾਧਿਕਾਰ ਅਧਿਨਿਅਮ, 1956 ਦੇ ਅਨੁਸਾਰ ਨਾ ਕੇਵਲ ਪੁੱਤਰੀ ਨੂੰ ਹੀ ਉਸਦੇ ਭਰਾ ਦੇ ਬਰਾਬਰ ਦਾ ਹਿੱਸਾ ਪਿਤਾ ਦੀ ਸੰਪਤੀ ਵਿਚ ਮਿਲਦਾ ਹੈ, ਬਲਕਿ ਇਕ ਵਿਧਵਾ ਨੂੰ ਵੀ ਆਪਣੇ ਮ੍ਰਿਤ ਪਤੀ ਦੀ ਸੰਪਤੀ ਵਿਚੋਂ ਉਸਦੇ ਪੁੱਤਰਾਂ ਅਤੇ ਪੁੱਤਰੀਆਂ ਦੇ ਬਰਾਬਰ ਦਾ ਹਿੱਸਾ ਮਿਲਦਾ ਹੈ। ਇਸ ਵਿਧਾਨ ਨੇ 'ਇਸਤ੍ਰੀਧਨ' ਅਤੇ 'ਗੈਰ ਇਸਤ੍ਰੀ ਧਨ' ਦੇ ਵਿਚ ਦਾ ਭੇਦ ਵੀ ਖਤਮ ਕਰ ਦਿਤਾ ਹੈ।

ਜਿੱਥੋਂ ਤਕ ਸਮਾਨ ਤਨਖਾਹ ਦਾ ਸੰਬੰਧ ਹੈ, ਸਮਾਨ ਤਨਖਾਹ ਅਧਿਨਿਅਮ, 1976 (Equal Remuneration Act, 1976) ਮਹਿਲਾ ਅਤੇ ਪੁਰਸ਼ ਕਰਮੀਆਂ ਦੀ ਤਨਖਾਹ ਵਿਚ ਭੇਦ ਕਰਨ ਦੀ ਆਗਿਆ ਨਹੀਂ ਦਿੰਦਾ। ਜੋ ਮਾਲਿਕ ਇਨ੍ਹਾਂ ਵਿਧਾਨਾਂ ਦਾ ਪਾਲਨ ਨਹੀਂ ਕਰਦੇ ਉਨ੍ਹਾਂ ਦੇ ਲਈ ਦੰਡ ਦਾ ਪ੍ਰਾਵਧਾਨ ਹੈ।

ਕੰਮ ਦਾ ਸਮਾਂ ਦਸ਼ਾਵਾਂ ਦਾ ਨਿਅੰਤ੍ਰਣ ਫੈਕਟਰੀ ਅਧਿਨਿਅਮ, 1948 ਤੋਂ ਹੁੰਦਾ ਹੈ। ਫਿਰ, ਕੰਮ ਦੇ ਘੰਟੇ, ਸਾਪਤਾਹਿਕ ਵਿਸ਼੍ਰਾਮ, ਸਫਾਈ ਦੇ ਪੱਧਰ, ਪ੍ਰਕਾਸ਼ ਵਿਅਵਸਥਾ, ਤਾਪਮਾਨ, ਮਸ਼ੀਨਾਂ ਦੀ ਹੱਦਬੰਦੀ, ਪ੍ਰਾਥਮਿਕ ਉਪਚਾਰ ਦੀ ਸੁਵਿਧਾ, ਵਿਸ਼੍ਰਾਮ ਗ੍ਰਹਿ, ਆਦਿ ਪ੍ਰਾਵਧਾਨਾਂ ਦੇ ਅਲਾਵਾ ਇਸ ਵਿਧਾਨ ਵਿਚ ਬੱਚਿਆਂ ਦੇ ਸ਼ਿਸ਼ੂ ਗ੍ਰਹਿ (Creches) ਸਥਾਪਤ ਕਰਨ ਦੀ ਅਤੇ ਮਹਿਲਾਵਾਂ ਦੇ ਲਈ ਅਲਗ ਤੋਂ ਪ੍ਰਸਾਧਨ (Toilet) ਸਥਾਪਤ ਕਰਨ ਦਾ ਪ੍ਰਾਵਧਾਨ ਹੈ। ਮਹਿਲਾਵਾਂ ਦੇ ਲਈ ਇਕ ਦਿਨ ਵਿਚ ਜ਼ਿਆਦਾ ਤੋਂ ਜ਼ਿਆਦਾ ਨੌਂ ਘੰਟੇ ਅਤੇ ਰਾਤ 10 ਵਜੇ ਤੋਂ ਸਵੇਰੇ 5 ਵਜੇ ਦੇ ਵਿਚ ਕੋਈ ਵੀ ਕੰਮ ਨਾ ਕਰਨ ਦੇਣ ਦਾ ਪ੍ਰਾਵਧਾਨ ਵੀ ਇਸ ਕਾਨੂੰਨ ਵਿਚ ਹੈ।

ਟਾਸਕ ਆਧੁਨਿਕ ਇਸਤ੍ਰੀ ਨੂੰ ਤੁਸੀਂ ਕਿਸ ਰੂਪ ਵਿਚ ਦੇਖਦੇ ਹੋ?

## 9.4.12 ਰਾਜਨੈਤਿਕ ਅਧਿਕਾਰ

ਭਾਰਤੀ ਸੰਵਿਧਾਨ ਦੁਆਰਾ ਪ੍ਰਦੱਤ ਮਹਿਲਾਵਾਂ ਨੂੰ ਦੋ ਪ੍ਰਮੁੱਖ ਅਧਿਕਾਰ ਹਨ—ਮਹਿਲਾਵਾਂ ਨੂੰ ਵੋਟ ਦਾ ਅਧਿਕਾਰ ਅਤੇ ਵਿਧਾਨ ਮੰਡਲ ਦੇ ਲਈ ਯੋਗਤਾ। ਮਹਿਲਾ ਵੋਟ ਦੇ ਅਧਿਕਾਰ ਦੀ ਮੰਗ ਸਭ ਤੋਂ ਪਹਿਲਾਂ 1917 ਵਿਚ ਕੀਤੀ ਗਈ ਸੀ, ਕਿੰਤੂ ਸਾਉਥ ਬਰੋ ਫ੍ਰੈਂਚਾਈਜ ਕਮੇਟੀ ਨੇ 1918 ਵਿਚ ਇਸ ਮੰਗ ਨੂੰ ਅਸਵੀਕਾਰ ਕਰ ਦਿੱਤਾ। 1919 ਵਿਚ ਸਰਕਾਰ ਨੇ ਰਾਜ ਸਰਕਾਰਾਂ ਨੂੰ

ਅਧਿਕਾਰ ਦੇ ਦਿੱਤਾ ਕਿ ਉਹ ਇਸਤ੍ਰੀ ਵੋਟ ਦੇ ਅਧਿਕਾਰ ਦੇ ਸੰਬੰਧ ਵਿਚ ਆਪਣੇ ਅਲਗ ਵਿਧਾਨ ਲਾਗੂ ਕਰਣ। ਇਸ ਪ੍ਰਕਾਰ ਦੇ ਵਿਧਾਨ ਰਾਜਕੋਟ ਵਿਚ 1923 ਵਿਚ, ਟ੍ਰਾਵੰਕੋਰ ਕੋਚੀਨ ਵਿਚ 1924 ਵਿਚ, ਮਦਰਾਸ ਤੇ ਉੱਤਰ ਪ੍ਰਦੇਸ਼ ਵਿਚ 1925 ਵਿਚ, ਪੰਜਾਬ ਤੇ ਅਸਾਮ ਵਿਚ 1926 ਵਿਚ, ਅਤੇ ਬਿਹਾਰ ਤੇ ਉੜੀਸਾ ਵਿਚ 1929 ਵਿਚ ਪਾਸ ਕੀਤੇ ਗਏ। (Jane Matson, 1971: 108-110)। 1935 ਦੇ ਭਾਰਤ ਸਰਕਾਰ ਅਧਿਨਿਯਮ ਵਿਚ ਸਿਖਿਆ ਦੀ ਯੋਗਤਾ ਦੇ ਆਧਾਰ ਉਤੇ ਇਸਤ੍ਰੀ ਵੋਟ ਦਾ ਅਧਿਕਾਰ ਪ੍ਰਦਾਨ ਕੀਤਾ ਗਿਆ। ਫਲਸਰੂਪ, 1937 ਵਿਚ 56 ਮਹਿਲਾਵਾਂ ਨੇ ਚੋਣ ਦੇ ਮਾਧਿਅਮ ਤੋਂ ਵਿਧਾਨ ਮੰਡਲਾਂ ਵਿਚ ਪ੍ਰਵੇਸ਼ ਕੀਤਾ। ਸੁਤੰਤਰਤਾ ਦੇ ਬਾਅਦ ਇਸਤ੍ਰੀ ਮਤਦਾਤਾਵਾਂ ਦੀ ਸੰਖਿਆ ਅਤੇ ਰਾਜ ਵਿਧਾਨ ਮੰਡਲਾਂ ਅਤੇ ਲੋਕ ਸਭਾ ਵਿਚ ਮਹਿਲਾ ਪ੍ਰਤੀਨਿਧੀਆਂ ਦੀ ਸੰਖਿਆ ਵਿਚ ਪਰਿਆਪਤ ਵਾਧਾ ਹੋਇਆ ਹੈ।

### 9.4.13 ਅਧਿਕਾਰ ਚੇਤਨਾ

ਭਾਵੇਂ ਪਾਰਤ ਵਿਚ ਮਹਿਲਾਂ ਨੂੰ ਹੋਰ ਦੇਸ਼ਾਂ ਦੀ ਮਹਿਲਾਵਾਂ ਦੀ ਅਪੇਕਸ਼ਾ ਜ਼ਿਆਦਾ ਅਧਿਕਾਰ ਪ੍ਰਾਪਤ ਹਨ, ਕਿੰਤੂ ਕੀ ਸਾਡੇ ਦੇਸ਼ ਦੀ ਮਹਿਲਾਵਾਂ ਵਿਚ ਆਪਣੇ ਅਧਿਕਾਰਾਂ ਦੇ ਪ੍ਰਤੀ ਚੇਤਨਾ ਹੈ? ਇਸ ਲੇਖਕ ਨੇ ਕੁਝ ਸਾਲ ਪਹਿਲ ਰਾਜਸਥਾਨ ਦੇ ਇਕ ਜਿਲੇ ਦੇ ਇਕ ਪਿੰਡ ਦੀ 18 ਤੋਂ 50 ਸਾਲ ਦੀ ਉਮਰ ਦੀ 753 ਇਸਤ੍ਰੀਆਂ ਦਾ ਇਕ ਅਧਿਐਨ ਕੀਤਾ ਸੀ। ਅਧਿਐਨ ਦਾ ਮੁੱਖ ਉਦੇਸ਼ ਇਸਤ੍ਰੀਆਂ ਵਿਚ ਅਧਿਕਾਰਾਂ ਦੇ ਲਈ ਚੇਤਨਾ ਦਾ ਮੁਲਾਂਕਣ ਅਤੇ ਸੰਵਿਧਾਨ ਅਤੇ ਕਈ ਵਿਧਾਨਾਂ ਦੁਆਰਾ ਪ੍ਰਦੱਤ ਅਧਿਕਾਰਾਂ ਦੇ ਪ੍ਰਤੀ ਸੰਤੁਸ਼ਟੀ ਦੇ ਪੱਧਰ ਨੂੰ ਨਾਪਦਾ ਸੀ। ਇਸ ਅਨੁਸੰਧਾਨ ਦਾ ਸੈਧਾਂਤਿਕ ਮਾਡਲ (Conceptual Model) ਇਹ ਸੀ ਕਿ ਕਿਸੇ ਵਿਸ਼ੇਸ਼ ਖੇਤਰ ਵਿਚ, (ਜਿਵੇਂ ਸਮਾਜਿਕ, ਰਾਜਨੈਤਿਕ, ਆਰਥਿਕ ਤੇ ਧਾਰਮਿਕ) ਮਹਿਲਾਵਾਂ ਦੀ ਅਧਿਕਾਰ ਚੇਤਨਾ ਦਾ ਪੱਧਰ ਚਾਰ ਗੱਲਾਂ ਉਤੇ ਨਿਰਭਰ ਕਰਦਾ ਹੈ — ਇਸਤ੍ਰੀ ਦੀ ਵਿਅਕਤੀਗਤ ਪ੍ਰਸ਼ਠਭੂਮੀ (ਸਿਖਿਆ ਦਾ ਪੱਧਰ, ਆਕਾਂਸ਼ਾਵਾਂ ਦਾ ਪੱਧਰ ਅਤੇ ਵਿਅਕਤੀਗਤ ਜਰੂਰਤ), ਉਸਦੀ ਸਮਾਜਿਕ ਪਰਿਸਥਿਤੀਆਂ (ਰਿਸ਼ਤੇਦਾਰਾਂ ਦੀ ਅਪੇਕਸ਼ਾਵਾਂ, ਪਤੀ ਦੇ ਆਦਰਸ਼, ਅਤੇ ਪਰਿਵਾਰ ਦੇ ਮੈਂਬਰਾਂ ਦੇ ਦ੍ਰਿਸ਼ਟੀਕੋਣ), ਉਸਦਾ ਆਪਣਾ ਦ੍ਰਿਸ਼ਟੀਕੋਣ (ਆਪਣੇ ਪੱਧਰ ਅਤੇ ਭੂਮਿਕਾ ਦੇ ਪ੍ਰਤੀ) ਅਤੇ ਉਸਦਾ ਆਰਥਿਕ ਆਧਾਰ (ਵਰਗ-ਮੈਂਬਰਸ਼ਿਪ ਦਾ ਪੱਧਰ)। ਸਾਡੇ ਵਿਸ਼ਲੇਸ਼ਣ ਵਿਚ ਵਿਭਿੰਨ ਪ੍ਰਕਾਰ ਦੇ ਅਧਿਕਾਰਾਂ ਦੇ ਪ੍ਰਤੀ ਚੇਤਨਾ ਅਤੇ ਅਧਿਕਾਰਾਂ ਦੇ ਉਪਭੋਗ ਦੇ ਸੰਬੰਧਤ ਹੇਠ ਲਿਖੇ ਤੱਥ ਸਾਹਮਣੇ ਆਏ—

### 9.4.14 ਸਮਾਜਿਕ ਅਧਿਕਾਰਾਂ ਦੀ ਚੇਤਨਾ

- ਮਹਿਲਾਵਾਂ ਨੂੰ ਵਿਆਹ ਸੰਬੰਧੀ ਕਾਨੂੰਨਾਂ ਦੀ ਜਾਣਕਾਰੀ ਬਹੁਤ ਘੱਟ ਹੈ। ਸਾਡੇ ਸਰਵੇਖਣ ਵਿਚ ਸਿਰਫ ਦਸ ਵਿਚੋਂ ਇਕ ਮਹਿਲਾ ਨੂੰ ਹੀ ਆਪਣੇ ਜੀਵਨ ਸਾਥੀ ਦੇ ਚੋਣ ਦੇ ਅਧਿਕਾਰ ਦੀ ਜਾਣਕਾਰੀ ਸੀ, ਲਗਭਗ 50 ਵਿਚੋਂ ਇਕ ਨੂੰ ਵਿਆਹ ਦੀ ਸਹੀ ਉਮਰ ਦੀ ਜਾਣਕਾਰੀ ਸੀ, ਪੰਜ ਵਿਚੋਂ ਇਕ ਤੋਂ ਵੀ ਘੱਟ ਨੂੰ ਤਲਾਕ ਦੇ ਅਧਿਕਾਰ ਦਾ ਗਿਆਨ ਸੀ। ਦਸ ਵਿਚੋਂ ਇਕ ਤੋਂ ਵੀ ਘੱਟ ਨੂੰ ਤਲਾਕ ਦੇ ਬਾਅਦ ਗੁਜਾਰੇ ਭੱਤੇ ਦੇ ਅਧਿਕਾਰ ਦਾ ਗਿਆਨ ਸੀ, ਪੰਜ ਵਿਚੋਂ ਇਕ ਤੋਂ ਵੀ ਘੱਟ ਨੂੰ ਦਾਜ ਕਾਨੂੰਨ ਦਾ ਗਿਆਨ ਸੀ। ਇਨ੍ਹਾਂ ਸਾਰੇ ਪੱਖਾਂ ਨੂੰ ਇਕ ਰਖਣ ਉਤੇ ਅਸੀਂ ਕਹਿ ਸਕਦੇ ਹਾਂ ਕਿ ਦਸ ਵਿਚੋਂ ਇਕ ਮਹਿਲਾ ਨੂੰ ਹੀ ਵਿਆਹ ਕਾਨੂੰਨਾਂ ਦੀ ਕੁਝ ਜਾਣਕਾਰੀ ਸੀ।
- ਪਰਿਵਾਰ ਵਿਚ ਨਿਰਣੇ ਲੈਣ ਦੇ ਵਿਸ਼ੇ ਵਿਚ ਮਹਿਲਾਵਾਂ ਦੀ ਭੂਮਿਕਾ ਕਿਨਾਰੇ ਦੀ ਹੁੰਦੀ ਹੈ। ਪਤਨੀ ਦੇ ਨਾਲ ਪਤੀ ਮਹੱਤਵਹੀਨ ਵਿਸ਼ਿਆਂ ਵਿਚ ਹੀ ਸਲਾਹ ਕਰਦੇ ਹਨ।
- ਪਤੀ ਪਤਨੀ ਦੇ ਵਿਚ ਦਾਂਪਤੀ ਸਬੰਧਾਂ ਦਾ ਕੋਈ ਮਹੱਤਵਪੂਰਨ ਸਥਾਨ ਨਹੀਂ ਹੋ ਸਕਿਆ ਹੈ।
- ਮਹਿਲਾਵਾਂ ਦੀ ਪਰਿਵਾਰ ਵਿਚ ਸਥਿਤੀ ਕੁੰਠਾਗ੍ਰਸਤ ਨਾ ਹੋ ਕੇ ਜੀਵਨ ਅਨੁਭਵਾਂ ਦੇ ਵਿਚ ਸੰਤੋਖ ਦੀ ਹੁੰਦੀ ਹੈ।
- ਲਗਭਗ ਦੋ ਤਿਹਾਈ ਮਹਿਲਾਵਾਂ ਆਪਣੇ ਵਿਆਹ ਅਤੇ ਪਰਿਵਾਰਕ ਜੀਵਨ ਤੋਂ ਸੰਤੁਸ਼ਟ ਹੁੰਦੀਆਂ ਹਨ।
- ਘਰ ਦੇ ਕੰਮ ਤੋਂ ਸੰਤੁਸ਼ਟੀ ਦਾ ਪੱਧਰ ਉਮਰ, ਸਿਖਿਆ ਅਤੇ ਆਮਦਨ ਦੇ ਨਾਲ ਬਦਲਦਾ ਰਹਿੰਦਾ ਹੈ।

### 9.4.15 ਆਰਥਿਕ ਅਧਿਕਾਰਾਂ ਦੀ ਚੇਤਨਾ

- ਭਾਵੇਂ ਬਹੁਤ ਘੱਟ ਮਹਿਲਾਵਾਂ ਨੂੰ ਆਪਣੇ ਪਿਤਾ ਦੀ ਸੰਪਤੀ ਵਿਚੋਂ ਹਿੱਸਾ ਲੈਣ ਦਾ ਅਧਿਕਾਰ ਦਾ ਗਿਆਨ ਹੈ, ਕਿੰਤੂ ਆਪਣੇ ਪਤੀ ਦੀ ਸੰਪਤੀ ਵਿਚੋਂ ਆਪਣੇ ਹਿੱਸੇ ਦੇ ਅਧਿਕਾਰ ਦਾ ਗਿਆਨ ਜ਼ਿਆਦਾ ਸੰਖਿਆ ਵਿਚ (80%) ਇਸਤ੍ਰੀਆਂ ਨੂੰ ਹੈ।
- ਥੋੜੀ ਸੰਖਿਆ ਵਿਚ (ਇਕ ਤਿਹਾਈ) ਮਹਿਲਾਵਾਂ ਨੂੰ ਆਪਣੇ ਪਤੀ ਦੀ ਸੰਪਤੀ ਵਿਚ ਉਤਰਾਧਿਕਾਰ ਪ੍ਰਾਪਤ ਹੁੰਦਾ ਹੈ ਕਿੰਤੂ ਪਿਤਾ ਦੀ ਸੰਪਤੀ ਤੋਂ ਹਿੱਸਾ ਪ੍ਰਾਪਤ ਕਰਨ ਵਾਲੀ ਮਹਿਲਾਵਾਂ ਦੀ ਸੰਖਿਆ ਨਾ ਬਰਾਬਰ (0.5%) ਹੈ।
- ਪਿੰਡਾਂ ਵਿਚ ਦਸ ਵਿਚੋਂ ਸਿਰਫ ਇਕ ਮਹਿਲਾ ਹੀ ਕੰਮ-ਕਾਜੀ ਹੈ ਅਤੇ ਆਰਥਿਕ ਦ੍ਰਿਸ਼ਟੀ ਤੋਂ ਸੁਤੰਤਰ ਹੈ।
- ਕੰਮ-ਕਾਜੀ ਮਹਿਲਾਵਾਂ ਵੀ ਘਰ ਦਾ ਕੰਮ ਅਤੇ ਗ੍ਰਹਿਸਥੀ ਨਿਰਮਾਤਾ ਦੇ ਰੂਪ ਵਿਚ ਆਪਣੀ ਭੂਮਿਕਾ ਦਾ ਮੁਲਾਂਕਣ ਉਨੀਂ ਹੀ ਸਾਪੇਖਤਾ ਤੋਂ ਕਰਦੀ ਹੈ ਜਿੰਨੀ ਕਿ ਘਰੇਲੂ ਮਹਿਲਾਵਾਂ।

ਨੋਟ

- ਕੰਮ-ਕਾਜੀ ਮਹਿਲਾਵਾਂ ਵਿਚ ਦਸ ਵਿਚੋਂ ਨੌਂ ਆਪਣੀ ਆਮਦਾਨੀ ਤੋਂ ਅਸੰਤੁਸ਼ਟ ਹੁੰਦੀ ਹੈ। ਇਹ ਅਸੰਤੋਖ ਕੰਮ ਦੇ ਵਿਚਾਰ ਤੋਂ ਉੱਨਾ ਨਹੀਂ ਹੁੰਦਾ ਜਿੰਨਾ ਕਿ ਕੰਮ ਦਸ਼ਾਵਾਂ ਜਾਂ ਮਿਹਨਤਾਨੇ ਤੋਂ।
- ਜੋ ਮਹਿਲਾਵਾਂ ਆਪਣੇ ਪਰਿਵਾਰ ਦੀ ਅਰਥ ਵਿਅਵਸਥਾ ਵਿਚ ਯੋਗਦਾਨ ਕਰਦੀਆਂ ਹਨ ਉਹ ਆਪਣੀ ਆਮਦਨ ਨੂੰ ਆਪਣੀ ਇੱਛਾ ਤੋਂ ਖਰਚ ਕਰਨ ਦੇ ਲਈ ਸੁਤੰਤਰ ਨਹੀਂ ਹੁੰਦੀਆਂ।

## 9.4.16 ਰਾਜਨੈਤਿਕ ਅਧਿਕਾਰਾਂ ਦੀ ਚੇਤਨਾ

- ਬਹੁਤ ਘੱਟ ਸੰਖਿਆ (ਲਗਭਗ 20%) ਵਿਚ ਮਹਿਲਾਵਾਂ ਨੂੰ ਆਪਣੇ ਰਾਜਨੈਤਿਕ ਅਧਿਕਾਰਾਂ ਦਾ ਗਿਆਨ ਹੈ।
- ਵੋਟ ਦਾ ਅਧਿਕਾਰ ਪ੍ਰਾਪਤ ਮਹਿਲਾਵਾਂ ਵਿਚੋਂ ਲਗਭਗ ਤਿੰਨ ਚੌਥਾਈ ਹੀ ਉਸਦਾ ਪ੍ਰਯੋਗ ਕਰਦੀਆਂ ਹਨ। ਰੋਚਕ ਗੱਲ ਇਹ ਹੈ ਕਿ ਇਹ ਮਹਿਲਾਵਾਂ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਵੋਟ ਦੇਣ ਨਹੀਂ ਜਾਂਦੀਆਂ, ਬਲਕਿ ਘੁੰਮਣ ਦੇ ਉਦੇਸ਼ ਤੋਂ ਜਾਂਦੀਆਂ ਹਨ।
- ਮਹਿਲਾਵਾਂ ਦਾ ਤਰਕ ਦੇਣ ਦਾ ਵਿਉਹਾਰ ਨਾ ਤਾਂ ਰਾਜਨੀਤਿਕ ਗਤੀਸ਼ੀਲਤਾ ਤੋਂ ਅਤੇ ਨਾ ਹੀ ਰਾਜਨੀਤਿਕ ਸਮਾਜੀਕਰਣ ਨਾਲ ਜੁੜਿਆ ਹੁੰਦਾ ਹੈ, ਬਲਕਿ ਆਪਣੇ ਪਤੀ ਦੇ ਰਾਜਨੀਤਿਕ ਵਿਸ਼ਵਾਸ ਅਤੇ ਅਭਿਰੁਚੀ ਨਾਲ ਜੁੜਿਆ ਹੁੰਦਾ ਹੈ।
- ਚੋਣ ਦਾ ਉਦਾਰ ਸਿਧਾਂਤ ਜੋ ਵੋਟਰ ਦੇ ਵੋਟ ਨੂੰ ਉਸਦੇ ਤਰਕਯੁਕਤ ਪਸੰਦ ਜਾਂ ਉਮੀਦਵਾਰ ਜਾਂ ਪਾਰਟੀ ਦੇ ਲਈ ਅਭਿਰੁਚੀ ਨਾਲ ਜੋੜਦਾ ਹੈ, ਉਹ ਮਹਿਲਾਵਾਂ ਦੇ ਵੋਟ ਪਾਉਣ ਦੇ ਵਿਉਹਾਰ ਦੇ ਲਈ ਤਰਕ-ਸੰਗਤ (ੜ;ਜਦ) ਨਹੀਂ ਹੈ।
- ਆਮਤੌਰ ਉਤੇ ਮਹਿਲਾਵਾਂ ਕਿਸੀ ਵੀ ਰਾਜਨੈਤਿਕ ਦਲ ਦੀ ਸਕ੍ਰਿਅ ਮੈਂਬਰ ਨਹੀਂ ਹੁੰਦੀਆਂ ਹਨ; ਕੁਝ ਮਹਿਲਾਵਾਂ ਕਿਸੀ ਰਾਜਨੀਤਿਕ ਦਲ ਦੀਆਂ ਸਮਰਥਕ ਜਰੂਰ ਹੁੰਦੀਆਂ ਹਨ।

ਉਪਰੋਕਤ ਤੱਥਾਂ ਦੇ ਆਧਾਰ ਉਤੇ ਨਤੀਜੇ ਦੇ ਰੂਪ ਵਿਚ ਕਿਹਾ ਸਕਦਾ ਹੈ ਕਿ ਅਧਿਕਾਰ ਚੇਤਨਾ ਆਪਣੇ ਆਪ ਇਸਤ੍ਰੀਆਂ ਦੇ ਪੱਧਰ ਨੂੰ ਉੱਚਾ ਨਹੀਂ ਚੁਕਦੀ ਅਤੇ ਨਾ ਹੀ ਚੇਤਨਾ ਹੀਨਤਾ ਜਾਂ ਅਗਿਆਨਤਾ ਉਨ੍ਹਾਂ ਦੀ ਸੰਤੋਖ (ਪਰਿਸਥਿਤੀ ਤੋਂ) ਦੀ ਭਾਵਨਾ ਘੱਟ ਕਰਦੀ ਹੈ। ਅਧਿਕਾਰ ਚੇਤਨਾ ਵਿਚ ਪ੍ਰਮੁੱਖ ਰੁਕਾਵਟਾਂ ਇਸ ਪ੍ਰਕਾਰ ਹਨ—ਅਸਿਖਿਆ, ਗ੍ਰਹਿ ਦੇ ਕੰਮ ਵਿਚ ਜ਼ਿਆਦਾ ਵਿਅਸਕਤਾ। ਘਰੇਲੂ ਬੰਧਨ ਅਤੇ ਪੁਰਸ਼ਾਂ ਉਤੇ ਆਰਥਿਕ ਨਿਰਭਰਤਾ।

## 9.4.17 ਕਾਰਜ ਯੋਜਨਾ

ਜੇਕਰ ਪਰਿਵਰ ਵਿਚ ਪੁਰਸ਼ ਮਹਿਲਾਵਾਂ ਨੂੰ ਉਨ੍ਹਾਂ ਦੇ ਅਧਿਕਾਰ ਪ੍ਰਦਾਨ ਨਾ ਕਰਣ ਤਾਂ ਪੁਰਸ਼ਾਂ ਦੇ ਮਹਿਲਾਵਾਂ ਦੇ ਪ੍ਰਤੀ ਅਨਿਆਂ ਦੇ ਇਸ ਦੁਸ਼ਚ੍ਰਕਰ ਨੂੰ ਕਿਵੇਂ ਸਮਾਪਤ ਕੀਤਾ ਜਾਵੇ, ਭਲੇ ਹੀ ਉਹ ਇਹ ਮੰਨਦੇ ਹਨ ਕਿ ਇਹ ਸਾਂਸਕ੍ਰਿਤਕ ਮਾਨਤਾ ਪ੍ਰਾਪਤ (Culturally Approved) ਹੈ, ਜਾਂ ਫਿਰ ਕਿਉਂਕਿ ਉਨ੍ਹਾਂ ਨੂੰ ਦੰਡ ਨਹੀਂ ਮਿਲਦਾ ਜਾਂ ਕਿਉਂਕਿ ਮਹਿਲਾਵਾਂ ਇਸ ਪ੍ਰਕਾਰ ਦੇ ਅਨਿਆਇ ਨੂੰ ਚੁਪਚਾਪ ਸਹਿਨ ਕਰਦੀਆਂ ਹਨ ਅਤੇ ਇਸ ਦੇ ਵਿਰੁਧ ਆਵਾਜ ਨਹੀਂ ਉਠਾਉਂਦੀਆਂ ਜਾਂ ਕਿਉਂਕਿ ਅਧਿਕਾਰਾਂ ਦੀ ਵੰਚਨਾ ਤੋਂ ਜੋ ਲਾਭ ਪੁਰਸ਼ ਨੂੰ ਮਿਲਦੇ ਹਨ ਉਨ੍ਹਾਂ ਮੁੱਲ ਕਿਤੇ ਜ਼ਿਆਦਾ ਹੁੰਦਾ ਹੈ, ਆਦਿ? ਮਹਿਲਾਵਾਂ ਦੇ ਹਿਤਾਂ ਦੀ ਰੱਖਿਆ ਕਿਸ ਪ੍ਰਕਾਰ ਕੀਤੀ ਜਾਵੇ? ਕਿਹੜੀਆਂ ਨੀਤੀਆਂ ਇਸ ਪ੍ਰੋਗਰਾਮ ਨੂੰ ਨਿਆਈ ਤੇ ਉਦਾਰ ਬਣਾ ਸਕਦੀਆਂ ਹਨ? ਉਪਚਾਰ ਸਮਾਜਿਕ ਵਿਧਾਨਿਕ ਤੇ ਆਰਥਿਕ ਹੋ ਸਕਦਾ ਹੈ।

## 9.4.18 ਵੈਧਾਨਿਕ ਉਪਚਾਰ

ਮਹਿਲਾਵਾਂ ਦੇ ਪ੍ਰਤੀ ਨਿਆਂ ਦੇ ਲਈ ਜਨ ਸਮਰਥਣ ਚਾਹੀਦਾ ਹੈ ਤਾਂ ਕਿ ਮਾਨਵ ਸੇਵਾ ਵਿਚ ਲਗੇ ਵਿਅਵਸਾਇਕ ਜਨ ਉਚਿਤ ਕਾਰਵਾਈ ਕਰ ਸਕਣ। ਸੁਤੰਤਰਤਾ ਦੇ ਬਾਅਦ ਦੇ ਪਹਿਲੇ ਦਸ਼ਕ ਵਿਚ ਲਿੰਗ ਸਮਾਨਤਾ ਨੂੰ ਇਕ ਮਹੱਤਵਪੂਰਣ ਸਮੱਸਿਆ ਮੰਨਿਆ ਗਿਆ ਅਤੇ ਇਸ ਪਾਸੇ ਕੀਤੇ ਗਏ ਯਤਨਾਂ ਦਾ ਜ਼ਿਆਦਾਤਰ ਹਿੱਸਾ ਇਹ ਵਿਸ਼ਵਾਸ ਦਿਵਾਉਣ ਵਿਚ ਲਗਾਇਆ ਗਿਆ ਕਿ ਮਹਿਲਾਵਾਂ ਦੇ ਸ਼ੋਸ਼ਣ ਦੇ ਮਾਮਲਿਆਂ ਨੂੰ ਪਛਾਣਿਆ ਜਾਵੇਗਾ ਅਤੇ ਉਚਿਤ ਕਾਰਵਾਹੀ ਕੀਤੀ ਜਾਵੇਗੀ। 1952 ਅਤੇ 1962 ਦੇ ਵਿੱਚ ਅਨੇਕ ਕਾਨੂੰਨ ਇਸਤ੍ਰੀਆਂ ਦੇ ਲਈ ਸਮਾਨਤਾ ਲਿਆਉਣ ਦੇ ਲਈ ਬਣਾਏ ਗਏ। ਇਨਾਂ ਕਾਨੂੰਨਾਂ ਦੇ ਲਾਗੂ ਕਰਨ ਤੋਂ ਪਹਿਲਾਂ ਵਿਅਵਸਾਇਕ ਅਤੇ ਰਾਜਨੈਤਿਗਾਂ ਵਿਚ ਇਸ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਪਛਾਣਨ ਵਿਚ ਕੋਈ ਰੂਚੀ ਨਹੀਂ ਸੀ। ਲੇਕਿਨ ਭਾਰਤ ਦੇ ਗਣਤੰਤਰ ਹੋ ਜਾਣ ਦੇ ਬਾਅਦ ਸਾਡੇ ਨਵੇਂ ਸ਼ਕਤੀਸ਼ਾਲੀ ਨੇਤਾਵਾਂ ਨੂੰ ਵਿਸ਼ਵਾਸ ਹੋਣ ਲਗਾ ਕਿ ਇਸਤ੍ਰੀਆਂ ਦੀ ਸਮਾਨਤਾ ਦਾ ਪ੍ਰਸ਼ਨ ਪਾਰਿਵਾਰਕ ਨਾ ਹੋ ਕੇ ਸਮਾਜਿਕ ਹੈ। ਸੋ ਇਸਤ੍ਰੀਆਂ ਨੂੰ ਪੁਰਸ਼ਾਂ ਦੇ ਸਮਾਨ ਵਿਉਹਾਰ ਦੇਣ ਤੋਂ ਸੰਬੰਧ ਵਿਚ ਕਈ ਰਾਜਾਂ ਵਿਚ ਵਿਧਾਨ ਲਾਗੂ ਕੀਤੇ ਗਏ। ਪਰੰਤੂ ਜਿਵੇਂ ਕਿ ਅਪੇਕਸ਼ਾ ਸੀ, ਸਮਾਜਿਕ ਕਾਨੂੰਨਾਂ ਨੂੰ ਠੀਕ ਤੋਂ ਲਾਗੂ ਨਹੀਂ ਕੀਤਾ ਗਿਆ। ਕੋਰਟ ਸਮਾਜਿਕ ਵਿਧਾਨਾਂ ਦਾ ਅਜੇ ਵੀ ਪਰੰਪਰਾਗਤ ਅਰਥ ਹੀ ਪ੍ਰਯੋਗ ਕਰਦੇ ਹਨ। ਅਪਰਾਧਿਕ ਨਿਆਂ ਵਿਅਵਸਥਾ ਨੂੰ ਇਸਤ੍ਰੀਆਂ ਦੇ ਸ਼ੋਸ਼ਣ ਨੂੰ ਸਮਾਜ ਸ਼ਾਸਤਰੀ ਪਰਿਪੇਖ ਵਿਚ ਦੇਖਣਾ ਪਏਗਾ। ਕੁਝ ਵਿਧਾਨ ਨੂੰ ਸੁਧਾਰਨਾ ਹੋਵੇਗਾ ਤਾਂ ਕਿ ਪੁਲਿਸ ਨੂੰ ਮਹਿਲਾਵਾਂ ਦੇ ਵਿਰੁਧ ਅਪਰਾਧ ਕਰਨ ਵਾਲਿਆਂ ਨੂੰ ਪਕੜਣ ਵਿਚ ਅਨਆਵਸ਼ਕ ਪ੍ਰਕ੍ਰਿਆ ਦਾ ਇੰਤਜ਼ਾਰ ਨਾ ਕਰਨਾ ਪਵੇ। ਕਈ ਪੁਲਿਸ ਅਧਿਕਾਰੀ ਅਨੇਕ ਉਦਾਹਰਣ ਦਿੰਦੇ ਹਨ ਜਿਨ੍ਹਾਂ ਵਿਚ ਮੁਕੱਦਮੇ ਦੀ ਅਵਧੀ ਵਿਚ ਇਸਤ੍ਰੀਆਂ ਆਰੋਪਾਂ ਨੂੰ ਵਿਚੋਂ ਹੀ ਸਮਾਪਤ ਕਰਨਾ ਅੱਛਾ ਸਮਝਦੀਆਂ ਹਨ। ਜਾਂ ਉਹ ਆਰੋਪਾਂ

ਨੋਟ

ਨੂੰ ਸਿੱਧ ਕਰਨ ਵਿਚ ਅਸਫਲ ਰਹਿੰਦੀਆਂ ਹਨ। ਫਲਤ ਕਾਨੂੰਨਵਿਦ ਵਕੀਲ ਅਤੇ ਪੁਲਿਸ ਪੀੜਤ ਇਸਤ੍ਰੀਆਂ ਨੂੰ ਆਪਣੇ ਭਰਾਵਾਂ ਦੇ ਵਿਰੁੱਧ ਕਾਨੂੰਨੀ ਕਾਰਵਾਹੀ ਕਰਨ ਦੀ ਸਲਾਹ ਨਹੀਂ ਦਿੰਦੇ ਜੋ ਉਨ੍ਹਾਂ ਨੂੰ ਪੈਤ੍ਰਕ ਸੰਪਤੀ ਵਿਚੋਂ ਉਨ੍ਹਾਂ ਹਿੱਸਾ ਦੇਣ ਵਿਚ ਇਨਕਾਰ ਕਰ ਦਿੰਦੇ ਹਨ। ਜਾਂ ਉਨ੍ਹਾਂ ਪਿਤਾਵਾਂ ਦੇ ਵਿਰੁੱਧ ਜੋ ਉਨ੍ਹਾਂ ਦੀ ਇੱਛਾ ਦੇ ਵਿਰੁਧ ਉਨ੍ਹਾਂ ਦਾ ਵਿਆਹ ਕਰ ਦਿੰਦੇ ਹਨ ਜਾਂ ਉਨ੍ਹਾਂ ਪਤੀਆਂ ਦੇ ਵਿਰੁੱਧ ਜੋ ਉਨ੍ਹਾਂ ਨੂੰ ਗਰਭਪਾਤ ਦੇ ਲਈ ਮਜਬੂਰ ਕਰਦੇ ਹਨ। ਮਹਿਲਾਵਾਂ ਦਾ ਸਹਿਯੋਗ ਅਤਿਅੰਤ ਜਰੂਰੀ ਹੈ। ਮਹਿਲਾਵਾਂ ਦੇ ਸੰਗਠਤ ਸਮੂਹ ਆਗੇ ਆ ਕੇ ਸਹਾਇਤਾ ਕਰ ਸਕਦੇ ਹਨ।

### 9.4.19 ਸਮਾਜਿਕ ਉਪਚਾਰ

ਸਮਾਜਿਕ ਉਪਚਾਰਾਂ ਵਿਚ ਮਹਿਲਾ ਕਲਿਆਣ ਸੇਵਾਵਾਂ, ਐਛਿਕ ਸੰਗਠਨਾਂ ਦੀ ਸਥਾਪਨਾ ਨੂੰ ਪ੍ਰੋਤਸਾਹਨ ਅਤੇ ਜਨ ਸੰਚਾਰ ਮਾਧਿਅਮਾਂ ਦੁਆਰਾ ਮਹਿਲਾਵਾਂ ਦਾ ਕਾਨੂੰਨੀ ਸਿਖਲਾਈ ਆਦਿ ਸ਼ਾਮਲ ਹਨ। ਐਛਿਕ ਸੰਗਠਨਾਂ ਨੂੰ ਅਜਿਹੀ ਮਹਿਲਾਵਾਂ ਦਾ ਪਤਾ ਲਗਾਉਣ ਦਾ ਕੰਮ ਕਰਨਾ ਹੈ ਜਿਨ੍ਹਾਂ ਨੂੰ ਇਸ ਪ੍ਰਕਾਰ ਦੀ ਸੇਵਾਵਾਂ ਦੀ ਜ਼ਰੂਰਤ ਹੈ। ਪੜੋਸੀਆਂ ਨੂੰ ਚਾਹੀਦਾ ਹੈ ਕਿ ਉਹ ਮਹਿਲਾਵਾਂ ਉਤੇ ਅਤਿਆਚਾਰ ਦੇ ਮਾਮਲਿਆਂ ਨੂੰ ਐਛਿਕ ਸੰਗਠਨਾਂ ਅਤੇ ਸੇਵਾ ਸੰਸਥਾਵਾਂ ਨੂੰ ਸੂਚਨਾ ਦੇ ਕੇ ਸਹਿਯੋਗ ਕਰਣ। ਜਨ ਸਿਖਿਆ ਅਤੇ ਜਾਗ੍ਰਤੀ ਪ੍ਰੋਗਰਾਮ ਇਸਤ੍ਰੀਆਂ ਦੀ ਸਹਾਇਤਾ ਅਨਿਆਂ ਦੇ ਵਿਰੁੱਧ ਖੜੇ ਹੋਣ ਦੇ ਉਦੇਸ਼ ਨਾਲ ਕਰ ਸਕਦੇ ਹਨ ਅਤੇ ਸੇਵਾ ਸੰਸਥਾਵਾਂ ਦਾ ਸਹਿਯੋਗ ਉਨ੍ਹਾਂ ਦੇ ਅਧਿਕਾਰਾਂ ਨੂੰ ਦਿਵਾਉਣ ਲਈ ਲਿਆ ਜਾ ਸਕਦਾ ਹੈ।

ਮਹਿਲਾ ਕਲਿਆਣ ਸੰਸਥਾਵਾਂ ਦੇ ਲਈ ਅਨੁਕੂਲ ਸਥਿਤੀ ਇਹ ਹੈ ਕਿ ਉਹ ਮਹਿਲਾਵਾਂ ਦੇ ਪ੍ਰਤੀ ਕੀਤੇ ਗਏ ਅਨਿਆਂ ਦੀ ਸਮੱਸਿਆਵਾਂ ਜਲਦੀ ਪ੍ਰਭਾਵੀ ਢੰਗ ਨਾਲ ਨਿਵਾਰਣ ਕਰਨ ਦਾ ਯਤਨ ਆਰੰਭ ਕਰ ਦੇਣ ਅਤੇ ਸਮੱਸਿਆਵਾਂ ਦੇ ਕਾਰਣਾਂ ਨੂੰ ਲਕਸ਼ਣ ਮਾਤਰ ਨਾ ਸਮਝਣ। ਪੁਰਸ਼ਾਂ ਨੂੰ ਵੀ ਇਹ ਅਨੁਭਵ ਕਰਾਉਣਾ ਹੈ ਕਿ ਬਦਲਦੇ ਪਰਿਵੇਸ਼ ਵਿਚ ਉਨ੍ਹਾਂ ਦੀ ਭੂਮਿਕਾ ਕੀ ਹੈ ਅਤੇ ਪਰਿਵਾਰ ਦੇ ਜੀਵਨ ਘਰ ਦੇ ਕੰਮ ਵਿਚ ਉਨ੍ਹਾਂ ਦੇ ਯੋਗਦਾਨ ਦੀ ਜਰੂਰਤ ਹੈ।

### 9.4.20 ਆਰਥਿਕ ਉਪਚਾਰ

ਸਿਖਿਆ ਅਤੇ ਕਿੱਤੇ ਵਜੋਂ ਸਿਖਲਾਈ ਮਹਿਲਾਵਾਂ ਨੂੰ ਕੰਮ ਲੱਭਣ ਦੇ ਯੋਗ ਬਣਾਉਣਗੇ ਜਿਸ ਨਾਲ ਉਹ ਆਰਥਿਕ ਰੂਪ ਤੋਂ ਸੁਤੰਤਰ ਬਣ ਸਕਣਗੀਆਂ। ਆਰਥਿਕ ਸੁਤੰਤਰਤਾ ਤੋਂ ਉਨ੍ਹਾਂ ਦਾ ਤਣਾਅ ਘੱਟ ਹੋਵੇਗਾ, ਉਨ੍ਹਾਂ ਦੇ ਆਦਰਸ਼ਾਂ ਵਿਚ ਮੂਲ ਰੂਪ ਨਾਲ ਪਰਿਵਰਤਣ ਆਏਗਾ ਅਤੇ ਉਹ ਆਪਣੇ ਅਧਿਕਾਰਾਂ ਅਤੇ ਮੰਗਾਂ ਦੇ ਪ੍ਰਤੀ ਜ਼ਿਆਦਾ ਸਾਹਸਪੂਰਵਕ ਖੜੀਆਂ ਹੋ ਸਕਣਗੀਆਂ।

ਮਹਿਲਾਵਾਂ ਨੂੰ ਆਪਣੇ ਅਤੇ ਆਪਣੇ ਪਰਿਵਾਰ ਦੀ ਜੀਵਨ ਦਸ਼ਾਵਾਂ ਨੂੰ ਅੱਛਾ ਬਣਾਉਣ ਦੇ ਲਈ ਸਹਾਇਤਾ ਅਤੇ ਸੰਸਾਧਨਾਂ ਦੀ ਜਰੂਰਤ ਹੈ। ਬੂਲਡਿੰਗ ਦੇ ਅਨੁਸਾਰ ਮਹਿਲਾਵਾਂ ਦੇ ਲਈ ਦਸ ਸੰਸਧਾਨਾਂ ਦਾ ਸੁਝਾਅ ਦਿਤਾ ਜਾ ਸਕਦਾ ਹੈ ਤਕਨੀਨੀ ਸਹਾਇਤਾ ਜੋ ਮਿਹਨਤ ਬਚਾਉਣ ਵਾਲੇ ਸਾਧਨ ਪ੍ਰਦਾਨ ਕਰਣ, ਜੋ ਮਹਿਲਾਵਾਂ ਦੇ ਰੋਜ਼ਾਨਾ ਦੇ ਭਾਰੀ ਕੰਮਾਂ ਨੂੰ ਹਲਕਾ ਕਰਣ; ਪ੍ਰਾਥਮਿਕ ਸਾਮੁਦਾਇਕ ਸੁਵਿਧਾਵਾਂ, ਲੜਕੀਆਂ ਨੂੰ ਸਕੂਲ ਜਾਣ ਅਤੇ ਸਿਖਿਆ ਅਤੇ ਸਿਖਲਾਈ ਪ੍ਰਾਪਤ ਕਰਨ ਲਈ ਪ੍ਰੋਤਸਾਹਿਤ ਕਰਨਾ, ਪੂਰਾ-ਵਿਅਵਸਾਇਕ ਸਿਖਲਾਈ ਦੇ ਲਈ ਅਵਸਰ ਪ੍ਰਦਾਨ ਕਰਨਾ, ਕਰਜ਼ੇ ਦੀ ਸਹੂਲਤਾਂ, ਅਧਿਕਾਰਾਂ ਦੀ ਵੈਧਾਨਿਕ ਸੁਰੱਖਿਆ, ਸਵੈਛਿਕ ਸੰਸਥਾਵਾਂ ਅਤੇ ਮਹਿਲਾਵਾਂ ਨੂੰ ਕਈ ਪੱਧਰਾਂ ਉਤੇ ਸਥਾਪਤ ਕਰਨ ਦਾ ਪ੍ਰੋਗਰਾਮ।

ਪੇਂਡੂ ਖੇਤਰਾਂ ਵਿਚ ਮਹਿਲਾਵਾਂ ਨੂੰ ਆਪਣੇ ਅਧਿਕਾਰ ਦੇ ਪ੍ਰਤੀ ਜਾਗ੍ਰਤ ਕਰਨ ਦੇ ਲਈ ਇਕ ਭਿੰਨ ਪ੍ਰਕਾਰ ਦੀ ਯੋਜਨਾ ਅਤੇ ਵਿਧੀ ਦੀ ਜ਼ਰੂਰਤ ਹੈ ਅਪੇਕਸ਼ਾਕ੍ਰਿਤ ਸ਼ਹਿਰੀ ਮਹਿਲਾਵਾਂ ਦੇ। ਨਾਲ ਹੀ ਸਾਨੂੰ ਸਹਿਮਤ ਹੋਣਾ ਪਏਗਾ ਕਿ ਵੈਧਾਨਿਕ ਉਪਾਇਆਂ ਤੋਂ ਉਨ੍ਹਾਂ ਦੀ ਸਥਿਤੀ ਤੇ ਉਨ੍ਹਾਂ ਦੀ ਦਸ਼ਾ ਨੂੰ ਉੱਚਾ ਨਹੀਂ ਕੀਤਾ ਜਾ ਸਕਦਾ। ਸਿਰਫ ਸੰਯੁਕਤ (Conjunctive) ਪੱਧਤੀ ਤੋਂ ਹੀ ਸਾਡੇ ਸਮਾਜ ਵਿਚ ਮਹਿਲਾਵਾਂ ਨੂੰ ਨਿਆਂ ਮਿਲ ਸਕਦਾ ਹੈ।

### ਸਵ-ਮੁਲਾਂਕਣ (Self Assessment)

**3. ਦਿੱਤੇ ਗਏ ਕਥਨਾਂ ਦੇ ਸਾਮ੍ਹਣੇ ✓ ਮਤੇ ✗ ਦਾ ਨਿਸ਼ਾਨ ਲਗਾਉ (State whether the following statements are 'Right' or 'Wrong')—**

(*i*) ਬ੍ਰਿਟਿਸ਼ ਸ਼ਾਸਨ ਦੇ ਸਮੇਂ ਵਿਚ ਸਾਡੇ ਸਮਾਜ ਦੀ ਸਮਾਜਿਕ ਤੇ ਆਰਥਿਕ ਸੰਰਚਨਾਵਾਂ ਵਿਚ ਅਨੇਕ ਪਰਿਵਰਤਣ ਕੀਤੇ ਗਏ। ☐

(*ii*) ਅੰਗ੍ਰੇਜ਼ਾਂ ਦੁਆਰਾ ਵਿਕਸਿਤ ਕੀਤੀ ਗਈ ਸੰਰਚਨਾ ਜਨਹਿਤ ਦੇ ਲਈ ਕੀਤੀ ਗਈ ਸੀ। ☐

(*iii*) ਇਸਤ੍ਰੀਆਂ ਨੂੰ ਸਿਖਿਆ ਦਿਤੇ ਜਾਣ ਦਾ ਵਿਚਾਰ ਬ੍ਰਿਟਿਸ਼ ਸ਼ਾਸਨ ਕਾਲ ਵਿਚ ਉਦੇ ਹੋਇਆ। ☐

(*iv*) ਭਾਰਤ ਵਿਚ 1960 ਤਕ ਇਸਤ੍ਰੀਆਂ ਦੀ ਨੀਵੀਂ ਦਸ਼ਾ ਸੀ। ☐

(*v*) 1971 ਦੀ ਜਨਗਣਨਾ ਦੇ ਆਂਕੜਿਆਂ ਦੇ ਅਨੁਸਾਰ ਦੇਸ਼ ਦੀ ਕੁਲ ਕੰਮ ਸ਼ਕਤੀ ਵਿਚ 13.0% ਮਹਿਲਾ ਸ਼੍ਰਮਿਕ ਸਨ। ☐

## 9.5 ਸਾਰ ਅੰਸ਼ (Summary)

ਨੋਟ

- ਸਾਲਾਂ ਤੋਂ ਕੁਝ ਸਮਾਜ ਸ਼ਾਸਤਰੀ ਅਤੇ ਗੈਰ-ਸਮਾਜ ਸ਼ਾਸਤਰੀ ਸਾਡੇ ਸਮਾਜ ਵਿਚ ਇਸਤ੍ਰੀਆਂ ਦੀ ਸਮਸਿਆਵਾਂ ਦੇ ਮੁਲਾਂਕਣ ਅਤੇ ਉਨ੍ਹਾਂ ਦੀ ਪਰਿਸਥਿਤੀ ਵਿਚ ਆ ਰਹੇ ਪਰਿਵਰਤਨ ਦੇ ਅਧਿਐਨ ਵਿਚ ਯਤਨਸ਼ੀਲ ਰਹੇ ਹਨ। ਕੁਝ ਲੇਖਕਾਂ ਨੇ ਜਦ ਇਸਤ੍ਰੀਆਂ ਦੇ ਉਤਰਾਧਿਕਾਰ, ਸਾਰਵਜਨਿਕ ਕੰਮਾਂ ਵਿਚ ਉਨ੍ਹਾਂ ਦੀ ਭਾਗੀਦਾਰੀ ਅਤੇ ਵਿਆਹ ਵਿਚ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਦੇ ਸੰਦਰਭ ਵਿਚ ਲਿਖਿਆ ਹੈ, ਕੁਝ ਹੋਰ (ਲੇਖਕਾਂ) ਨੇ ਪੁਰਸ਼ਾਂ ਦੁਆਰਾ ਉਨ੍ਹਾਂ ਦੇ ਨਾਲ ਭੇਦਭਾਵ ਪੂਰਨ ਵਿਵਸਥਾ ਦਾ ਵਿਦਮਾਨ ਰੀਤੀ-ਰਿਵਾਜਾਂ ਦੇ ਸੰਦਰਭ ਵਿਚ ਵਿਵੇਚਨ ਕੀਤੇ ਹਨ।
- ਆਰਥਿਕ ਖੇਤਰ ਵਿਚ ਵੀ ਇਸਤ੍ਰੀਆਂ ਨੂੰ ਪੂਰਨ ਸੁਤੰਤਰਤਾ ਪ੍ਰਾਪਤ ਸੀ। ਉਹ ਨਾ ਕਿਤੇ ਨੌਕਰੀ ਕਰਦੀਆਂ ਸਨ ਅਤੇ ਨਾ ਧਨ ਇਕੱਠਾ ਕਿਉਂਕਿ ਉਨ੍ਹਾਂ ਦੇ ਲਈ ਇਹ ਜਰੂਰੀ ਨਹੀਂ ਸੀ। ਘਰ ਉਤਪਾਦਨ ਦਾ ਕੇਂਦਰ ਸੀ; ਕਪੜੇ ਬਣਾਉਣ ਦਾ ਕੰਮ ਘਰ ਵਿਚ ਹੀ ਹੁੰਦਾ ਸੀ। ਇਸਤ੍ਰੀਆਂ ਖੇਤੀ ਦੇ ਕੰਮਾਂ ਵਿਚ ਵੀ ਆਪਣੇ ਪਤੀ ਦੇ ਸਹਾਇਤਾ ਕਰਦੀਆਂ ਸਨ। ਕੁਝ ਇਸਤ੍ਰੀਆਂ ਅਧਿਆਪਨ ਕਾਰਜ ਵਿਚ ਵੀ ਵਿਅਸਤ ਹੁੰਦੀਆਂ ਸਨ।
- ਵੈਦਿਕ ਭਾਰਤ ਵਿਚ ਇਸਤ੍ਰੀਆਂ ਦੀ ਸਥਿਤੀ ਨੀਵੀਂ ਨਹੀਂ ਸੀ। ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿਚ ਉਨ੍ਹਾਂ ਨੂੰ ਬਹੁਤ ਜ਼ਿਆਦਾ ਅਧਿਕਾਰ ਪ੍ਰਾਪਤ ਸਨ ਪਰੰਤੂ ਆਰਥਿਕ ਅਤੇ ਰਾਜਨੀਤਿਕ ਖੇਤਰਾਂ ਵਿਚ ਉਨ੍ਹਾਂ ਦੇ ਅਧਿਕਾਰ ਸੀਮਤ ਸਨ। ਉਨ੍ਹਾਂ ਨੂੰ ਪੁਰਸ਼ਾਂ ਦੇ ਅਧੀਨ ਨਹੀਂ ਮੰਨਿਆਂ ਜਾਂਦਾ ਸੀ ਬਲਕਿ ਪੁਰਸ਼ਾਂ ਦੇ ਸਮਾਨ ਸਮਝਿਆ ਜਾਂਦਾ ਸੀ।
- ਅੱਜ-ਕੱਲ੍ਹ ਸ਼ਾਇਦ ਹੀ ਕੋਈ ਵਿਸ਼ੇ ਸਮਾਜਿਕ ਵਿਗਿਆਨਾਂ ਵਿਚ ਸ਼ੋਧਕਰਤਾਵਾਂ, ਕੇਂਦਰੀ ਅਤੇ ਰਾਜ ਸਰਕਾਰਾਂ, ਯੋਜਨਾ ਦਲਾਂ ਅਤੇ ਸੁਧਾਰਕਾਂ ਦਾ ਧਿਆਨ ਇੰਨਾਂ ਆਕ੍ਰਿਸ਼ਠ ਕਰਨਾ ਹੋਵੇ ਜਿੰਨਾ ਕਿ ਮਹਿਲਾਵਾਂ ਦੀ ਸਮੱਸਿਆਵਾਂ। ਮਹਿਲਾਵਾਂ ਦੀ ਸਮੱਸਿਆਵਾਂ ਦੇ ਅਧਿਐਨ ਦੇ ਉਪਾਗਮ ਜ਼ਰਾ-ਵਿਗਿਆਨ (Gerntology) (ਬੁੱਢਾਪਾ ਹੋਣ ਦੀ ਪ੍ਰਕ੍ਰਿਆਵਾਂ ਦਾ ਅਧਿਐਨ) ਦੇ ਅਧਿਐਨ ਤੋਂ ਲੈ ਕੇ ਮਨੋਰੋਗ ਵਿਗਿਆਨ ਅਤੇ ਅਪਰਾਧ ਵਿਗਿਆਨ ਤਕ ਹੁੰਦੇ ਹਨ। ਪਰੰਤੂ ਮਹਿਲਾਵਾਂ ਨਾਲ ਸੰਬੰਧਿਤ ਇਕ ਮਹੱਤਵਪੂਰਣ ਸਮੱਸਿਆ ਜਿਸ ਉੱਤੇ ਧਿਆਨ ਨਹੀਂ ਦਿੱਤਾ ਗਿਆ ਹੈ ਅਤੇ ਜਿਸ ਤੋਂ ਬਚਿਆ ਗਿਆ ਹੈ ਉਹ ਹੈ ਮਹਿਲਾਵਾਂ ਦੇ ਵਿਰੁੱਧ ਹਿੰਸਾ ਦੀ ਸਮੱਸਿਆ।
- ਪੇਂਡੂ ਖੇਤਰਾਂ ਵਿਚ ਮਹਿਲਾਵਾਂ ਨੂੰ ਆਪਣੇ ਅਧਿਕਾਰ ਦੇ ਪ੍ਰਤੀ ਜਾਗ੍ਰਤ ਕਰਨ ਦੇ ਲਈ ਇਕ ਭਿੰਨ ਪ੍ਰਕਾਰ ਦੀ ਯੋਜਨਾ ਅਤੇ ਵਿਧੀ ਦੀ ਜ਼ਰੂਰਤ ਹੈ ਅਪੇਕਸ਼ਾਕ੍ਰਿਤ ਸ਼ਹਿਰੀ ਮਹਿਲਾਵਾਂ ਦੇ। ਨਾਲ ਹੀ ਸਾਨੂੰ ਸਹਿਮਤ ਹੋਣਾ ਪਏਗਾ ਕਿ ਵੈਧਾਨਿਕ ਉਪਾਇਆਂ ਤੋਂ ਉਨ੍ਹਾਂ ਦੀ ਸਥਿਤੀ ਤੇ ਉਨ੍ਹਾਂ ਦੀ ਦਸ਼ਾ ਨੂੰ ਉੱਚਾ ਨਹੀਂ ਕੀਤਾ ਜਾ ਸਕਦਾ। ਸਿਰਫ ਸੰਯੁਕਤ (Conjunctive) ਪੱਧਤੀ ਤੋਂ ਹੀ ਸਾਡੇ ਸਮਾਜ ਵਿਚ ਮਹਿਲਾਵਾਂ ਨੂੰ ਨਿਆਂ ਮਿਲ ਸਕਦਾ ਹੈ।
- ਸਮੱਸਿਆ ਸਮਾਜ ਦੇ ਸੰਸਾਧਨਾਂ ਅਤੇ ਇਨਾਂ ਦੀਆਂ ਵਿਤਰਣ ਪ੍ਰਕ੍ਰਿਆਵਾਂ ਦਾ ਪੁਰਸ਼ਾਂ ਅਤੇ ਔਰਤਾਂ ਦੀ ਅਸਮਾਨ ਪਹੁੰਚ ਦੇ ਕਾਰਣ ਪਾਈ ਜਾਂਦੀ ਹੈ। ਜਿਨਾਂ ਤਕਨੀਕੀ ਉਪਾਵਾਂ ਦੁਆਰਾ ਔਰਤਾਂ ਨੂੰ ਮਦਦ ਮਿਲ ਸਕਦੀ ਸੀ, ਓਨਾਂ ਨੂੰ ਵੀ ਪੁਰਸ਼ਾਂ ਨੇ ਆਪਣੇ ਹਿਤ ਲਈ ਅਪਣਾ ਲਿਆ ਹੈ। ਕੀ ਪੁਰਸ਼ਾਂ ਨੂੰ ਹੀ ਯੌਨ-ਆਧਾਰਿਤ ਅਸਮਾਨਤਾਵਾਂ ਲਈ ਦੋਸ਼ੀ ਠਹਿਰਾਇਆ ਜਾ ਸਕਦਾ ਹੈ? ਇੱਕ ਮਤ ਇਹ ਹੈ ਕਿ ਔਰਤਾਂ ਪੁਰਸ਼ਾਂ ਤੋਂ ਅਧਿਕ ਔਰਤਾਂ ਦੇ ਰਸਤੇ ਵਿੱਚ ਰੁਕਾਵਟ ਹਨ ਜਿਵੇਂ ਸੱਸ ਦਾ ਅਤੇ ਇੱਕ ਹੀ ਥਾਂ ਤੇ ਕੰਮ ਕਰਣ ਵਾਲੀਆਂ ਔਰਤਾਂ ਦਾ ਇੱਕ ਦੂਜੇ ਨਾਲ ਵਿਵਹਾਰ। ਇਸ ਤੋਂ ਇਲਾਵਾ ਸਭ ਔਰਤਾਂ ਦਾ ਸ਼ੋਸ਼ਣ ਅਤੇ ਦਮਨ ਇੱਕ ਸਮਾਨ ਨਹੀਂ ਹੈ। ਇਸ ਲਈ ਜ਼ਰੂਰੀ ਹੈ ਕਿ ਔਰਤਾਂ ਦਾ ਅਧਿਐਨ ਅਵਿਵਾਹਿਤ ਲੜਕੀਆਂ, ਜਵਾਨ ਪਤਨੀਆਂ, ਮਾਤਾਵਾਂ, ਬੁਜ਼ੁਰਗ ਔਰਤਾਂ, ਕੰਮਕਾਜੀ ਅਤੇ ਗੈਰ-ਕੰਮਕਾਜੀ ਔਰਤਾਂ ਦੇ ਰੂਪ ਵਿੱਚ ਕੀਤਾ ਜਾਵੇ। ਇਸ ਪ੍ਰਕਾਰ ਦੇ ਅਧਿਐਨ ਨਾਲ ਔਰਤਾਂ ਦੀਆਂ ਸਮੱਸਿਆਵਾਂ ਦੇ ਆਯਾਮਾਂ ਦਾ ਇੱਕ ਤੁਲਨਾਤਮਕ ਰੂਪ ਦੇਖਣ ਨੂੰ ਮਿਲੇਗਾ। ਇਸ ਵਿੱਚ ਔਰਤਾਂ ਦੀ ਸਥਿਤੀ, ਸ਼ਾਖਾਵਾਂ ਅਤੇ ਵਿਭੇਦਾਂ ਨੂੰ ਆਧਾਰ ਮੰਨਿਆ ਜਾਵੇਗਾ। ਇਸ ਸਮੱਸਿਆ ਨੂੰ ਸਮਝਣ ਲਈ ਵਿਭਿੰਨ ਸਥਿਤੀਆਂ ਵਿੱਚ ਰਹਿਣ ਵਾਲੀਆਂ ਔਰਤਾਂ ਵਿੱਚ ਅੰਤਰਕ੍ਰਿਆ ਤੋਂ ਵੀ ਲਾਭਦਾਇਕ ਸੂਤਰ ਮਿਲ ਸਕਦੇ ਹਨ।
- ਭਾਰਤੀ ਸੰਦਰਭ ਵਿੱਚ ਸਮਾਜਿਕ ਅਤੇ ਸੰਸਕ੍ਰਿਤਿਕ ਬੰਧਨ ਤੋਂ ਮੁਕਤੀ ਪਾਓਣ ਲਈ ਔਰਤਾਂ ਦਾ ਸੰਘਰਸ਼ ਇੱਕ ਇਤਿਹਾਸਿਕ ਤੱਥ ਰਿਹਾ ਹੈ। ਔਰਤਾਂ ਨੇ ਆਪਣੇ ਲਈ ਮਤਾਧਿਕਾਰ ਪ੍ਰਾਪਤ ਕਰਣ ਲਈ ਸੰਘਰਸ਼ ਕੀਤਾ ਹੈ ਅਤੇ ਆਪਣੇ ਅਸਤਿੱਤਵ ਦੇ ਸਭ ਪਹਿਲੂਆਂ ਵਿੱਚ ਦਮਨ ਅਤੇ ਸ਼ੋਸ਼ਣ ਦੇ ਵਿਰੁੱਧ ਲੜਾਈ ਲੜੀ ਹੈ। ਵਰਤਮਾਨ ਵਿਵਸਥਾ ਜਿਸ ਨੇ ਔਰਤਾਂ ਨੂੰ ਸਮਾਜਿਕ, ਸੰਸਕ੍ਰਿਤਿਕ, ਆਰਥਿਕ ਅਤੇ ਰਾਜਨੀਤਿਕ ਦ੍ਰਿਸ਼ਟੀ ਤੋਂ ਅਪੰਗ ਬਣਾ ਦਿੱਤਾ ਹੈ, ਉਸ ਨੂੰ ਇਸਤਰੀ-ਸੰਘਾਂ ਨੇ ਚੁਨੌਤੀ ਦਿੱਤੀ ਹੈ। "ਯੌਨ-ਨਿਆਂ" (ਪੁਰਸ਼ਾਂ ਦੇ ਲਈ ਵੀ) ਪ੍ਰਾਪਤ ਕਰਣ ਲਈ ਵੀ ਇਹ ਜ਼ਰੂਰੀ ਹੈ ਕਿ ਅਸੀਂ ਭਾਰਤ ਦੀ ਸਮਾਜਿਕ ਰਚਨਾ, ਇਸ ਦੇ ਸਤਰਾਂ ਅਤੇ ਪਰਤਾਂ (ਜਾਤੀ ਅਤੇ ਵਰਗ ਸਹਿਤ), ਪੁਰਸ਼-ਇਸਤਰੀ ਦੀਆਂ ਕਲਪਨਾਵਾਂ ਉੱਤੇ ਵਿਭਿੰਨ ਵਿਚਾਰਾਂ, ਅਸਲੀਅਤ, ਪਰਿਵਾਰ ਵਿੱਚ ਔਰਤਾਂ ਦੀ ਸਥਿਤੀ ਅਤੇ ਕੰਮ ਵਿੱਚ ਲੱਗੀਆਂ ਹੋਈਆਂ ਔਰਤਾਂ ਬਾਰੇ ਵਿਚਾਰਾਂ ਨੂੰ ਸਮਝੀਏ। ਤਕਨੀਕੀ ਅਤੇ ਸ਼ਿਲਪਵਿਗਿਆਨਿਕ ਪ੍ਰਗਤੀ ਨੇ

ਨੋਟ

ਔਰਤਾਂ ਦੇ ਦਮਨ ਅਤੇ ਸ਼ੋਸ਼ਣ ਨੂੰ ਚੁਨੌਤੀ ਨਹੀਂ ਦਿੱਤੀ ਹੈ। ਪੁਰਸ਼-ਇਸਤਰੀ ਸੰਬੰਧ ਨਿਯੰਤਰਣ-ਨਿਯੰਤਰਿਤ ਸੰਬੰਧ ਦੇ ਰੂਪ ਵਿੱਚ ਬਣੇ ਹੋਏ ਹਨ। ਇਸ ਲਈ ਅੱਜ ਵੀ ਜਾਤੀ, ਵਰਗ ਅਤੇ ਪੁਰਸ਼-ਔਰਤ ਸੰਬੰਧਾਂ ਵਿਚਕਾਰ ਨਿਕਟ ਦਾ ਬੰਧਨ ਹੈ। ਫਿਰ ਵੀ ਪਿਛਲੇ ਕੁਝ ਸਾਲਾਂ ਵਿੱਚ ਔਰਤਾਂ ਦੁਆਰਾ ਸਮਾਨਤਾ ਪ੍ਰਾਪਤ ਕਰਨ ਦੀ ਇੱਛਾ ਵੱਡੇ ਪੈਮਾਨੇ ਉੱਤੇ ਪ੍ਰਗਟ ਕੀਤੀ ਗਈ ਹੈ। ਮਹਾਂਨਗਰਾਂ ਅਤੇ ਵੱਡੇ ਸ਼ਹਿਰਾਂ ਵਿੱਚ ਇਸ ਦਾ ਮੂਰਤ ਪ੍ਰਭਾਵ ਵੀ ਪਿਆ ਹੈ। ਇਸ ਸਮਾਜਿਕ ਖੇਤਰ ਵਿੱਚ ਹੋਰ ਵੀ ਬਹੁਤ ਕੰਮ ਕਰਣ ਦੀ ਜ਼ਰੂਰਤ ਹੈ।

## 9.6 ਸ਼ਬਦਕੋਸ਼ (Keywords)

- **ਆਤਮਾਵਮੁਲਅਨ**–ਆਪਣਾ ਅਵਮੂਲਨ ਕਰਨਾ।
- **ਅਵਮਾਨਨਾ**–ਅਵਗਿਆ, ਅਪਮਾਨ, ਤਿਰਸਕਾਰ।
- **ਉਪਸ਼ਮਨ**–ਸ਼ਾਂਤ ਕਰਨਾ, ਸ਼ਾਂਤ ਹੋਣਾ, ਨਿਵਾਰਣ।
- **ਪਰਾਨੁਭੂਤੀ**–ਦੂਜੇ ਦੀ ਅਨੁਭੂਤੀ।

## 9.7 ਅਭਿਆਸ ਪ੍ਰਸ਼ਨ (Review Questions)

1. ਭਾਰਤ ਵਿੱਚ ਲਿੰਗ-ਭੇਦ ਦੀ ਸਥਿਤੀ ਦਾ ਵਿਵੇਚਨ ਕਰੋ।
2. ਪ੍ਰਾਚੀਨ ਭਾਰਤ ਵਿੱਚ ਔਰਤਾਂ ਦੀ ਸਥਿਤੀ ਦਾ ਸੰਖੇਪ ਵਰਣਨ ਕਰੋ।
3. ਭਾਰਤ ਵਿੱਚ ਔਰਤਾਂ ਦੀ ਕੀ ਸਥਿਤੀ ਹੈ? ਵਿਸਤਾਰ ਸਹਿਤ ਵਿਆਖਿਆ ਕਰੋ।
4. ਔਰਤਾਂ ਦੇ ਵਿਰੁੱਧ ਹੋਣ ਵਾਲੀ ਹਿੰਸਾ ਦਾ ਵਰਣਨ ਕਰੋ।
5. ਔਰਤਾਂ ਦੀ ਪੁਰਸ਼ਾਂ ਨਾਲ ਸਮਾਨਤਾ ਦੀ ਖੋਜ ਤੋਂ ਤੁਹਾਡਾ ਕੀ ਮਤਲਬ ਹੈ?
6. ਔਰਤਾਂ ਦੀ ਸਥਿਤੀ ਨੂੰ ਉੱਚਾ ਕਰਣ ਵਿੱਚ ਇਸਤਰੀ ਸੰਗਠਨਾਂ ਅਤੇ ਸਮਾਜਿਕ ਅੰਦੋਲਨਾਂ ਨੇ ਕਿਸ ਪ੍ਰਕਾਰ ਦਾ ਯੋਗਦਾਨ ਦਿੱਤਾ ਹੈ?
7. ਭਾਰਤ ਵਿੱਚ ਸ਼ੋਸ਼ਣ ਅਤੇ ਦਮਨ ਤੋਂ ਔਰਤਾਂ ਨੂੰ ਮੁਕਤ ਕਰਵਾਓਣ ਲਈ ਤਤਕਾਲਿਕ ਉਪਾਇਆਂ ਦਾ ਵਰਣਨ ਕਰੋ।

**ਉੱਤਰ : ਸਵ-ਮੁੱਲਾਂਕਣ (Answers: Self Assessment)**

**1.** (*i*) (*b*) (*ii*) (*c*) (*iii*) (*a*) (*iv*) (*c*)

**2.** (*i*) ਨਿਰੰਕੁਸ਼ ਅਧਿਪਤਿਅ (*ii*) ਮਹਿਲਾ ਸੰਗਠਨਾਂ (*iii*) ਬੇਤੇਈ

(*iv*) ਭੂਮਿਕਾ (*v*) ਇਤਿਹਾਸਕ ਤੱਥ

**3.** (*i*) ✓ (*ii*) × (*iii*) ✓ (*iv*) × (*v*) ✓

## 9.8 ਸੰਦਰਭ ਪੁਸਤਕਾਂ (Further Readings)

ਬੁਕਸ

1. ਐਮ. ਐਨ ਸ਼੍ਰੀਨਿਵਾਸ, ਸੋਸ਼ਲ ਚੇਂਜ ਇਨ ਮਾਰਡਰਨ ਇੰਡੀਆ, ਬ੍ਰਿਕਲੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਯੂਨੀਵਰਸਿਟੀ ਪ੍ਰੈਸ, 1996 ।
2. ਵੀਂਸੇਟ ਏ. ਸਮਿਥ, ਹਿਸਟ੍ਰੀ ਓਫ ਇੰਡੀਆ ਲੰਦਨ: ਆਕਸਫੋਰਡ ਯੂਨੀਵਰਸਿਟੀ ਪ੍ਰੈਸ, 1970 ।
3. ਸੀ. ਟੀ. ਖੰਨਾ, ਇੰਟਰ ਕਾਸਟ ਐਂਡ ਇੰਟਰ ਕਮਿਊਨਿਟੀ ਮੈਰਿਜ ਇਨ ਇੰਡੀਆ, ਪਾਪੁਲਰ ਬੁਕ ਡਿਪੋ, ਬਾਂਬੇ, 1960 ।

# ਇਕਾਈ-10: ਸਮਾਜਿਕ ਪਰਿਵਰਤਣ (Social Change)

ਨੋਟ

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

10.1 ਸਮਾਜਿਕ ਪਰਿਵਰਤਣ ਦਾ ਅਰਥ, ਪ੍ਰਕ੍ਰਿਤੀ ਅਤੇ ਢਾਂਚਾ (Meaning, Nature and forms of Social Change)

10.2 ਸਮਾਜਿਕ ਪਰਿਵਰਤਣ ਦਾ ਵਿਕਾਸ ਅਤੇ ਉਦਵਿਕਾਸ (Evolution and Development of Social Change)

10.3 ਸਮਾਜਿਕ ਪਰਿਵਰਤਣ ਦੀ ਪ੍ਰਗਤੀ (Progress of Social Change)

10.4 ਸਮਾਜਿਕ ਪਰਿਵਰਤਣ ਦਾ ਰੂਪਾਂਤਰਣ ਅਤੇ ਕਾਇਆ ਕਲਪ (Transformation and Revolution of Social Change)

10.5 ਸਾਰ ਅੰਸ਼ (Summary)

10.6 ਸ਼ਬਦਕੋਸ਼ (Keywords)

10.7 ਅਭਿਆਸ-ਪ੍ਰਸ਼ਨ (Review Questions)

10.8 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਸਮਾਜਿਕ ਪਰਿਵਰਤਣ ਦਾ ਅਰਥ ਪ੍ਰਕ੍ਰਿਤੀ ਅਤੇ ਢਾਂਚੇ ਦੀ ਵਿਆਖਿਆ ਕਰਨ ਵਿਚ।
- ਸਮਾਜਿਕ ਪਰਿਵਰਤਣ ਦੇ ਵਿਕਾਸ ਉਦਵਿਕਾਸ ਅਤੇ ਪ੍ਰਗਤੀ ਨੂੰ ਜਾਨਣ ਵਿਚ।
- ਸਮਾਜਿਕ ਪਰਿਵਰਤਣ ਦੀ ਪ੍ਰਗਤੀ, ਰੂਪਾਂਤਰਣ ਅਤੇ ਕਾਇਆ ਕਲਪ ਨੂੰ ਸਮਝਣ ਵਿਚ।

## ਜਾਣਕਾਰੀ (Introduction)

ਸਮਾਜਿਕ ਪਰਿਵਰਤਣ ਦੀ ਧਾਰਣਾ ਬਹੁਤ ਵ੍ਰਿਹਦ ਹੈ। ਸਥਾਨ, ਸਮੇਂ ਅਤੇ ਸੰਦਰਭ ਦੇ ਪਰਿਪੇਖ ਵਿਚ ਸਮਾਜਿਕ ਸੰਰਚਨਾ ਦੇ ਅੰਦਰ ਹੋਣ ਵਾਲੇ ਪਰਿਵਰਤਣ ਦੀ ਪ੍ਰਕ੍ਰਿਆਵਾਂ ਦੇ ਪੁੰਜ ਨੂੰ ਸਮਾਜਿਕ ਪਰਿਵਰਤਣ ਕਹਿੰਦੇ ਹਨ। ਕਿਉਂਕਿ ਇਹ ਅਵਧਾਰਣਾ ਇੰਨੀ ਵ੍ਰਿਹਦ ਹੈ, ਇਸ ਲਈ ਕੁਝ ਅਸਪਸ਼ਟ, ਅੰਤਰਿਤ ਅਤੇ ਮੁੱਲ ਤਟਸਥ ਹੈ। ਸਮਾਜਿਕ ਪਰਿਵਰਤਣ ਦੀ ਅਵਧਾਰਣਾ ਦੇ ਅਲਾਵਾ ਇਸ ਅਧਿਆਏ ਵਿਚ ਇੰਨੇ ਉਦਵਿਕਾਸ, ਕ੍ਰਾਂਤੀ, ਪ੍ਰਗਤੀ, ਵਿਕਾਸ, ਸਮਾਜਿਕ ਅੰਦੋਲਨ ਅਤੇ ਸਮਾਜਿਕ ਪਰਿਵਰਤਣ ਸੰਬੰਧੀ ਪ੍ਰਕ੍ਰਿਆਵਾਂ ਦੀ ਅਵਧਾਰਣਾਵਾਂ ਦੀ ਵਿਆਖਿਆ ਕੀਤੀ ਹੈ। ਸਮਾਜਿਕ ਪ੍ਰਕ੍ਰਿਆਵਾਂ ਦਾ ਵਿਸ਼ਲੇਸ਼ਣ ਭਾਰਤੀ ਸਮਾਜ ਵਿਚ ਸਮਾਜਿਕ ਪਰਿਵਰਤਣ ਅਤੇ ਗਤੀਸ਼ੀਲਤਾ ਦੇ ਪ੍ਰਤੀਮਾਨਾਂ ਦੇ ਸੰਦਰਭ ਵਿਚ ਕੀਤਾ ਗਿਆ ਹੈ। ਭਾਰਤੀ ਸਮਾਜ ਵਿਚ ਸ਼ਾਂਤੀਮਈ ਅਹਿੰਸਕ ਸਮਾਜਿਕ ਕ੍ਰਾਂਤੀ ਲਿਆਉਣ ਦੇ ਲਈ ਮਹਾਤਮਾ ਗਾਂਧੀ ਦੁਆਰਾ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਵਿਸ਼ੇਸ਼ ਉਲੇਖ ਕੀਤਾ ਗਿਆ ਹੈ ਸਮਾਜਿਕ ਅਤੇ ਆਰਥਿਕ ਵਿਕਾਸ ਨੂੰ ਸਮਝਣ ਲਈ ਗੁਨਾਰ ਮਿਰਡਲ ਦੇ ਤਰਕਯੁਕਤ ਉਪਾਗਮ ਦੀ ਵੀ ਵਿਆਖਿਆ ਕੀਤੀ ਗਈ ਹੈ।

ਭਾਰਤ ਦੇ ਸਮਾਜਿਕ ਪਰਿਵਰਤਣ ਨੂੰ ਸਮਝਣ ਦੇ ਮੁੱਖ ਉਪਾਗਮ ਇਸ ਪ੍ਰਕਾਰ ਹਨ : (*i*) ਉਦਵਿਕਾਸਵਾਦੀ (*ii*) ਸਾਂਸਕ੍ਰਿਤਕ ਅਤੇ (*iii*) ਸੰਰਚਾਤਮਕ। ਯੋਜਨਾਵਾਂ ਅਤੇ ਨੀਤੀਆਂ ਵਿਚ ਨਿਹਿਤ ਭਵਿੱਖ ਵਿਚ ਸਮਾਜਿਕ ਪਰਿਵਰਤਣ ਲਿਆਉਣ ਦੇ ਮਾਰਗ ਵਿਚ ਮੁੱਖ ਸੰਰਚਨਾਤਮਕ ਅਤੇ ਸਾਂਸਕ੍ਰਿਤਕ ਰੁਕਾਵਟਾਂ ਨੂੰ ਇਨ੍ਹਾਂ ਉਪਾਗਮਾਂ ਦੀ ਵਿਆਖਿਆ ਦੁਆਰਾ ਸਮਝਿਆ ਜਾ ਸਕਦਾ ਹੈ। ਸਮਾਜਿਕ ਪਰਿਵਰਤਣ ਦੇ ਇਕ ਵਿਆਪਕ ਅਧਿਐਨ ਦੇ ਲਈ ਸੰਸਾਧਨਾਂ, ਵਿਤਰਣੀ ਪ੍ਰਕ੍ਰਿਆਵਾਂ, ਸੰਸਥਾਪਕ, ਉਪਾਵਾਂ, ਸਿਖਿਅਣ ਵਿਅਵਸਥਾ, ਭੂਮੀ ਸੰਬੰਧ, ਤਨਖਾਹ ਅਤੇ ਜੀਵਨ ਪੱਧਰ ਦੀ ਪ੍ਰਕ੍ਰਿਤੀ ਆਦਿ ਨੂੰ ਸਮੇਂ, ਲੋਕ ਅਤੇ ਸੰਦਰਭ ਨੂੰ ਦ੍ਰਿਸ਼ਟੀ ਵਿਚ ਰਖਣਾ ਜਰੂਰੀ ਹੈ। ਭਾਰਤੀ ਸਮਾਜ ਵਿਚ ਸੰਰਚਨਾਤਮਕ ਅਤੇ ਸਾਂਸਕ੍ਰਿਤਕ ਪਰਿਵਰਤਣ ਹੋਏ ਹਨ। ਸਮਾਜਿਕ ਸੰਬੰਧਾਂ ਦੀ ਪਰੰਪਰਾਤਮਕ ਵਿਧੀਆਂ ਵੀ ਪ੍ਰਚਲਿਤ ਹਨ।

ਨੋਟ

## 10.1 ਸਮਾਜਿਕ ਪਰਿਵਰਤਨ ਦਾ ਅਰਥ, ਪ੍ਰਕ੍ਰਿਤੀ ਅਤੇ ਢਾਂਚਾ (Meaning, Nature and forms of Social Change)

ਮੋਟੇ ਤੌਰ ਉਤੇ ਸਮਾਜ ਵਿਚ ਦੋ ਪ੍ਰਕਾਰ ਦੀ ਪ੍ਰਕਿਆਵਾਂ ਹੁੰਦੀਆਂ ਹਨ: (*i*) ਉਹ ਪ੍ਰਕ੍ਰਿਆਵਾਂ ਜੋ ਸਮਾਜਿਕ ਵਿਅਵਸਥਾ ਨੂੰ ਕਾਇਮ ਰਖਦੀਆਂ ਹਨ, ਅਤੇ (*ii*) ਉਹ ਪ੍ਰਕ੍ਰਿਆਵਾਂ ਜੋ ਵਿਅਵਸਥਾ ਦੇ ਅੰਦਰ ਅਤੇ ਵਿਅਵਸਥਾ ਵਿਚ ਪਰਿਵਰਤਨ ਲਿਆਉਂਦੀ ਹੈ। ਪਹਿਲੀ ਪ੍ਰਕ੍ਰਿਆਵਾਂ ਨੂੰ ਅਨੁਰੂਪਤਾ, ਯਥਾਪੂਰਵ ਸਥਿਤੀ, ਅਤੇ ਨਿਰੰਤਰਤਾ ਆਦਿ ਦੇ ਨਾਂ ਤੋਂ ਸਮਝਦੇ ਹਾਂ। ਦੂਜੀ ਪ੍ਰਕ੍ਰਿਆਵਾਂ ਨੂੰ ਸਾਂਸਕ੍ਰਿਤਕ ਅਤੇ ਸੰਰਚਨਾਤਮਕ ਪਰਿਵਰਤਨ ਦੀ ਪ੍ਰਕ੍ਰਿਆਵਾਂ ਕਿਹਾ ਜਾਂਦਾ ਹੈ। ਇਸਦੇ ਪ੍ਰਤੀਮਾਨਾਂ ਅਤੇ ਕਾਰਕਾਂ ਵਿਚ ਸਮੇਂ ਅਤੇ ਸਥਾਨ ਦੇ ਅੰਤਰ ਦੇ ਆਧਾਰ ਭਿੰਨਤਾ ਪਾਈ ਜਾਂਦੀ ਹੈ। ਇਕ ਨਿਸ਼ਚਿਤ ਸਮਾਜ ਜਾਂ ਸਮਾਜਿਕ ਪ੍ਰਘਟਨਾਵਾਂ ਵਿਚ ਸਮੇਂ ਅਤੇ ਇਤਿਹਾਸ ਦੇ ਤੱਤਾਂ ਦੇ ਸੰਦਰਭ ਵਿਚ ਪਰਿਵਰਤਨ ਦਾ ਅਵਲੋਕਨ ਕੀਤਾ ਜਾ ਸਕਦਾ ਹੈ। ਮੈਕਾਈਵਰ ਅਤੇ ਪੇਜ ਨੇ ਇਸ ਬਾਰੇ ਵਿਚ ਲਿਖਿਆ ਹੈ "ਸਮਾਜ ਸਮੇਂ ਅਨੁਕ੍ਰਮ ਦੇ ਰੂਪ ਵਿਚ ਪਾਇਆ ਜਾਂਦਾ ਹੈ। ਇਹ ਇਕ ਸੰਭਵਨਾ ਹੈ ਨਾ ਕਿ ਇਕ ਸਤਵ, ਇਕ ਪ੍ਰਕ੍ਰਿਆ ਹੈ, ਅਤੇ ਵਰਤਮਾਨ ਸੰਬੰਧਾਂ ਦਾ ਪਰਿਵਰਤੀ ਸੰਤੁਲਨ ਹੈ।" ਸਮਾਜਿਕ ਪਰਿਵਰਤਨ ਸਾਂਸਕ੍ਰਿਤਕ ਜਾਂ ਸਭਿਅਤਾਮੂਲਕ ਪਰਿਵਰਤਨ ਤੋਂ ਭਿੰਨ ਹਨ। ਸਮਾਜਿਕ ਪਰਿਵਰਤਨ ਵਿਚ ਸਮਾਜਿਕ ਸੰਬੰਧਾਂ ਉਤੇ ਬਲ ਦਿਤਾ ਜਾਂਦਾ ਹੈ।

ਸਮਾਜਿਕ ਸੰਰਚਨਾ ਵਰਤਮਾਨ ਸੰਬੰਧਾਂ ਦਾ ਅੰਤਰਬੰਧਨ ਹੈ। ਸਮਾਜਿਕ ਸੰਰਚਨਾ ਦੀ ਪਰਿਰੱਖਿਆ ਉਹ ਲੋਕ ਕਰਦੇ ਹਨ ਜੋ ਸਮਾਜਿਕ ਸੰਬੰਧਾਂ ਵਿਚ ਸਹਿਭਾਗੀ ਹੁੰਦੇ ਹਨ। ਸਮਾਜਿਕ ਪਰਿਵਰਤਨ ਦਾ ਅਰਥ ਸਮਾਜਿਕ ਸੰਰਚਨਾ ਵਿਚ ਹੋਏ ਪਰਿਵਰਤਨ ਤੋਂ ਹੈ। ਆਧੁਨਿਕ ਸਮਾਜ ਵਿਚ ਸਮਾਜਿਕ ਪਰਿਵਰਤਨ ਦੇ ਉਦਾਹਰਣਾਂ ਵਿਚ ਸਮਾਜਿਕ ਕਦਰਾਂ ਕੀਮਤਾਂ, ਸੰਸਥਾਵਾਂ, ਸੰਪਤੀ ਸੰਬੰਧਾਂ, ਆਰਥਿਕ ਧੰਦਿਆਂ, ਕਾਰਮਿਕ ਅਤੇ ਭੂਮਿਕਾ ਵਿਤਰਣ ਵਿਚ ਪਰਿਵਰਤਨਾਂ ਨੂੰ ਉਦੱਤ ਕੀਤਾ ਜਾ ਸਕਦਾ ਹੈ। ਸਮਾਜਿਕ ਪਰਿਵਰਤਨ ਸਮੇਂ, ਸਥਾਨ ਅਤੇ ਸੰਦਰਭ ਦੇ ਆਧਾਰ ਉਤੇ ਸਦੈਵ ਸਾਪੇਖਿਕ ਹੈ। ਇਨ੍ਹਾਂ ਤਿੰਨ ਤੱਤਾਂ ਦੇ ਆਧਾਰ ਉਤੇ ਪਰਿਵਰਤਨ ਦੇ ਪ੍ਰਤੀਮਾਨਾਂ ਦੀ ਤੁਲਨਾ ਕੀਤੀ ਜਾ ਸਕਦੀ ਹੈ। ਸਮਾਜਿਕ ਪਰਿਵਰਤਨ ਦਾ ਪ੍ਰਤੀਰੋਧ ਆਮ ਗੱਲ ਹੈ, ਕਿਉਂਕਿ ਪਰਿਵਰਤਨ ਦੇ ਕਾਰਣ ਪ੍ਰਚਲਿਤ ਸਮਾਜਿਕ ਵਿਅਵਸਥਾ ਅਤੇ ਸੰਬੰਧਾਂ ਵਿਚ ਰੁਕਾਵਟ ਪੈਂਦੀ ਹੈ। ਸਮਾਜਿਕ ਪਰਿਵਰਤਨ ਦੀ ਪ੍ਰਕ੍ਰਿਆਵਾਂ ਦਾ ਜਿਨ੍ਹਾਂ ਲੋਕਾਂ ਉਤੇ ਪ੍ਰਤੀਕੂਲ ਪ੍ਰਭਾਵ ਪੈਂਦਾ ਹੈ, ਉਹ ਵਿਸ਼ੇਸ਼ਤਾ, ਪ੍ਰਤੀਰੋਧ ਕਰਦੇ ਹਨ।

ਸਮਾਜਿਕ ਪਰਿਵਰਤਨ ਦੇ ਅਧਿਐਨ ਦੇ ਬਾਰੇ ਵਿਚ ਕਿੰਗਸਲੇ ਡੇਵਿਸ ਨੇ ਅਨੇਕ ਪ੍ਰਸ਼ਨਾਂ ਦਾ ਉਲੇਖ ਕੀਤਾ ਹੈ। ਸਮਾਜਿਕ ਪਰਿਵਰਤਨ ਦੀ ਕੀ ਦਿਸ਼ਾ ਹੈ? ਸਮਾਜਿਵਕ ਪਰਿਵਰਤਨ ਦੀ ਦਰ ਕੀ ਹੈ? ਸਮਾਜਿਕ ਪਰਿਵਰਤਨ ਦੇ ਸ੍ਰੋਤ ਅਤੇ ਕਾਰਣ ਕੀ ਹਨ। ਕੀ ਸਮਾਜਿਕ ਪਰਿਵਰਤਨ ਦੇ ਕਾਰਣ ਦੀ ਪ੍ਰਕ੍ਰਿਤੀ ਬਹੁਤ ਜ਼ਿਆਦਾ ਨਿਰਧਾਰਣਵਾਦੀ ਹੈ? ਕੀ ਸਮਾਜਿਕ ਪਰਿਵਰਤਨ ਇੱਛਤ ਦਿਸ਼ਾ ਵਿਚ ਨਿਅੰਤ੍ਰਿਤ ਕੀਤਾ ਜਾ ਸਕਦਾ ਹੈ।

ਸਮਾਜ ਨਾਲ ਸੰਬੰਧਤ ਸਾਰੇ ਸ਼ਾਸਤਰੀ ਸਿਧਾਂਤਾਂ ਵਿਚ ਸਮਾਜਿਵ ਪਰਿਵਰਤਨ ਦੇ ਬਾਰੇ ਵਿਚ ਇਨ੍ਹਾਂ ਪ੍ਰਸ਼ਨਾਂ ਉਤੇ ਪ੍ਰਕਾਸ਼ ਪਾਇਆ ਗਿਆ ਹੈ, ਪੀਟਰ ਐਲ. ਬਰਜਰ ਅਤੇ ਬੀ. ਬਰਜਰ ਦੇ ਅਨੁਸਾਰ, ਸਮਾਜਿਵਕ ਪਰਿਵਰਤਨ ਦਾ ਅਨੁਭਵ ਸਮਾਜ ਸ਼ਾਸਤਰ ਵਿਸ਼ੇ ਦੇ ਸਾਰ ਭਾਗ ਵਿਚ ਪਾਇਆ ਜਾਂਦਾ ਹੈ। ਸਮਾਜ ਸ਼ਾਸਤਰ ਦਾ ਵਿਕਾਸ ਪ੍ਰਲਯੰਕਾਰੀ ਸਮਾਜਿਕ ਪਰਿਵਰਤਨ ਦੇ ਬੌਧਿਕ ਪ੍ਰਤਿਉੱਤਰ ਦੇ ਰੂਪ ਵਿਚ ਹੋਇਆ। ਉਦਾਹਰਣ ਦੇ ਲਈ, ਫ੍ਰਾਂਸੀਸੀ ਕ੍ਰਾਂਤੀ, ਅਮੇਰਿਕਾ ਵਿਚ ਗ੍ਰਹਿ ਯੁੱਧ, ਬ੍ਰਿਟੇਨ ਵਿਚ ਉਦਿਯੋਗਿਕ ਕ੍ਰਾਂਤੀ ਅਤੇ ਭਾਰਤ ਵਿਚ ਸੁਤੰਤਰਤਾ ਸੰਗ੍ਰਾਮ ਸਮਾਜ ਦੇ ਤੇਜ ਪਰਿਵਰਤਨਾਂ ਦੇ ਉਦਾਹਰਣ ਹਨ।

### 10.1.1 ਸਮਾਜ ਸ਼ਾਸਤਰ ਅਤੇ ਸਮਾਜਿਕ ਪਰਿਵਰਤਨ ਦਾ ਅਧਿਐਨ

ਸਮਾਜ ਸ਼ਾਸਤਰ ਵਿਚ ਸਮਾਜ, ਸਮਾਜਿਕ ਸਮੂਹਾਂ, ਸੰਸਥਾਵਾਂ ਅਤੇ ਵਿਉਹਾਰ ਅਤੇ ਪ੍ਰਤੀਮਾਨਾਂ ਆਦਿ ਵਿਚ ਪਰਿਵਰਤਨ ਦਾ ਅਵਲੋਕਨ ਕੀਤਾ ਜਾਂਦਾ ਹੈ। ਉਥਲ-ਪੁਥਲ ਅਤੇ ਰੂਪਾਂਤਰਣ ਦੀ ਪਰਿਸਥਿਤੀਆਂ ਵਿਚ ਦੋ ਪ੍ਰਵਿਰਤੀਆਂ ਪਾਈਆਂ ਜਾਂਦੀਆਂ ਹਨ: (*i*) ਕੁਝ ਹੱਦਾਂ ਵਿਚ ਪਰਿਵਰਤਨ ਨੂੰ ਰੋਕ ਕੇ ਰਖਣਾ, ਅਤੇ (*ii*) ਪਰਿਵਰਤਨਾਂ ਨੂੰ ਇੱਛਤ ਢੰਗ ਵਿਚ ਢਾਲਣਾ। ਪਹਿਲੇ ਨੂੰ ਰੂੜੀਵਾਦੀ ਦ੍ਰਿਸ਼ਟੀਕੋਣ ਕਿਹਾ ਗਿਆ ਹੈ, ਜਦਕਿ ਦੂਜੇ ਨੂੰ ਪ੍ਰਗਤੀਸ਼ੀਲ ਜਾਂ ਆਮੂਲ ਪਰਿਵਰਤਨਵਾਦੀ ਕਿਹਾ ਜਾਂਦਾ ਹੈ। ਬਰਜਰ ਅਤੇ ਬਰਜਰ ਦੇ ਅਨੁਸਾਰ: "ਦੋਵਾਂ ਹੀ ਸੰਦਰਭਾਂ ਵਿਚ ਪਰਿਵਰਤਨ ਦਾ ਦੋਹਰਾ ਅਰਥ ਹੈ—ਸਮਾਜਿਕ ਪਰਿਵਰਤਨ ਇਕ ਬੌਧਿਕ ਸਮੱਸਿਆ ਹੈ ਜਿਸ ਵਿਚ ਸਮਝ ਦੇ ਲਈ ਇਹ ਇਕ ਚੁਣੌਤੀ ਹੈ, ਸਮਾਜਿਕ ਪਰਿਵਰਤਨ ਇਕ ਰਾਜਨੀਤਿਕ ਸਮੱਸਿਆ ਵੀ ਹੈ। ਜਿਸ ਵਿਚ ਕੰਮਾਂ ਨੂੰ ਕਰਨ ਦੀ ਮੰਗ ਕੀਤੀ ਜਾਂਦੀ ਹੈ।" ਸੋ ਸਮਾਜਿਕ ਪਰਿਵਰਤਨ ਇਕ ਵਿਚਾਰਕੀ ਅਤੇ ਕ੍ਰਿਆਕਲਾਪ ਦੋਵੇਂ ਹਨ। ਇਨ੍ਹਾਂ ਦੋਵਾਂ ਦੇ ਵਿਚ ਸੰਤੁਲਨ ਰਖਣ ਦੀ ਜਰੂਰਤ ਹੈ। ਮੈਕਸ ਵੇਬਰ ਨੇ ਦੋਵਾਂ ਨੂੰ ਇਕ ਦੂਜੇ ਤੋਂ ਭਿੰਨ ਮੰਨਿਆ ਹੈ, ਜਦਕਿ ਕਾਰਲ ਮਾਰਕਸ ਸਿਧਾਂਤ ਅਤੇ ਅਭਿਆਸ ਦੀ ਏਕਤਾ ਵਿਚ ਵਿਸ਼ਵਾਸ ਰਖਦੇ ਹਨ।

ਆਗਸਟ ਕਾਮਟੇ ਨੇ ਜਿਨ੍ਹਾਂ ਨੂੰ ਸਮਾਜ ਸ਼ਾਸਤਰ ਦਾ ਜਨਕ ਸਮਝਿਆ ਜਾਂਦਾ ਹੈ, ਭਵਿੱਖ ਵਿਚ ਪਰਿਵਰਤਨ ਦੀ ਦਿਸ਼ਾਂ ਦੇ ਬਾਰੇ ਵਿਚ ਘੋਸ਼ਣਾ ਕੀਤੀ ਸੀ। ਕਾਮਟੇ ਦੇ ਉਦਵਿਕਾਸਵਾਦੀ ਦ੍ਰਿਸ਼ਟੀਕੋਣ ਵਿਚ ਪ੍ਰਗਤੀ ਦੀ ਧਾਰਣਾ ਪ੍ਰਮੁੱਖ ਸੀ। ਇਤਿਹਾਸ ਦੇ ਨਿਅਮਾਂ ਦੇ ਬਾਰੇ ਵਿਚ ਵੀ ਕਾਮਟੇ ਨੇ ਉਲੇਖ ਕੀਤਾ ਹੈ। ਸਮਾਜ ਦੇ ਉਦਵਿਕਾਸ ਦੀ ਤਿੰਨ ਅਵਸਥਾਵਾਂ ਹਨ: ਧਰਮ ਸ਼ਾਸਤਰੀ, ਅਧਿਭੌਤਿਕੀ, ਅਤੇ ਵੈਗਿਆਨਿਕ। ਕਾਮਟੇ ਦੇ ਵਿਚਾਰ ਵਿਚ ਸਮਾਜ ਸ਼ਾਸਤਰ ਪ੍ਰਗਤੀ ਦੇ ਧਰਮ ਦਾ ਇਕ ਪ੍ਰਕਾਰ ਹੈ, ਅਤੇ ਸਮਾਜ ਸ਼ਾਸਤਰੀ ਇਕ ਪੁਜਾਰੀ ਦੀ ਭੂਮਿਕਾ ਅਦਾ ਕਰਦਾ ਹੈ। ਵਿਗਿਆਨਕ ਤਰਕ ਅਤੇ ਪ੍ਰਗਤੀ ਉਤੇ ਕਾਮਟੇ ਨੇ ਬਲ ਦਿਤਾ

ਹੈ। ਆਰੰਭਕ ਕਾਲ ਵਿਚ ਹਰਬਰਟ ਸਪੈਂਸਰ ਇਕ ਹੋਰ ਉਦਵਿਕਾਸਵਾਦੀ ਪ੍ਰਤੱਖਵਾਦੀ ਵਿਚਾਰਕ ਸਨ। ਸਪੈਂਸਰ ਨੇ ਸਮਾਜ ਦੇ ਉਦਵਿਕਾਸ ਦੀ ਗਿਆਤਮਕਤਾ ਅਤੇ ਇਸਦੇ ਪਰਿਵਰਤਣਾਂ ਦੇ ਸੰਦਰਭਾਂ ਵਿਚ ਡਾਰਵਿਨ ਦੇ ਵਿਚਾਰਾਂ ਨੂੰ ਲਾਗੂ ਕੀਤਾ। ਜੈਵਿਕੀ ਖੇਤਰ ਦੀ ਤਰ੍ਹਾਂ, ਸਮਾਜਿਕ ਪਰਿਵਰਤਣ ਵਿਚ ਵੀ ਸੰਘਰਸ਼ ਅਤੇ ਅਨੁਕੂਲਨਾਂ ਦਾ ਆਧਿਪਤਿਅ ਰਹਿੰਦਾ ਹੈ ਅਤੇ ਇਸਦੇ ਨਤੀਜੇ ਵਜੋਂ ਪ੍ਰਾਕ੍ਰਿਤਿਕ ਚੋਣ ਹੁੰਦਾ ਹੈ।

ਜੈਵਿਕੀ ਅਤੇ ਸਮਾਜਿਕ ਦੋਵੇਂ ਪ੍ਰਕਾਰ ਦੇ ਉਦਵਿਕਾਸ ਦਾ ਉਦੇਸ਼ ਯੋਗਤਮ ਦੀ ਉੱਤਰ ਜੀਵਿਕਾ ਹੈ। ਕਾਰਲ ਮਾਰਕਸ ਨੇ ਸਮਾਜਿਕ ਪਰਿਵਰਤਣ ਦੀ ਵਰਗ ਸੰਘਰਸ਼ ਦੇ ਪਰਿਵਰਤੀ ਪੁੰਜਾਂ ਦੇ ਸੰਦਰਭ ਵਿਚ ਵਿਆਖਿਆ ਕੀਤੀ ਹੈ। ਸਪੈਂਸਰ ਅਤੇ ਮਾਰਕਸ ਦੋਵਾਂ ਨੇ ਸੰਘਰਸ਼ ਅਤੇ ਜੀਵਨ ਸੰਗ੍ਰਾਮ ਨੂੰ ਇਤਿਹਾਸ ਦੀਆਂ ਸ਼ਕਤੀਆਂ ਦਸਿਆ ਹੈ, ਪਰੰਤੂ ਮਾਰਕਸ ਨੇ ਗਲਤ ਚੇਤਨਾ ਦੀ ਅਵਧਾਰਣਾ ਦਾ ਵੀ ਉਲੇਖ ਕੀਤਾ ਹੈ। ਜਿਸਦਾ ਅਰਥ ਹੈ ਉਨ੍ਹਾਂ ਲੋਕਾਂ ਦੀ ਚੇਤਨਾ ਜੋ ਸਮਾਜ ਵਿਚ ਆਪਣੀ ਵਾਸਤਵਿਕ ਸਥਿਤੀ (ਉਤਪਾਦਨ ਦੇ ਸੰਬੰਧ) ਦੇ ਬਾਰੇ ਵਿਚ ਅਨਜਾਣ ਹਨ। ਮਾਰਕਸ ਨੇ ਭਵਿੱਖ ਦੇ ਬਾਰੇ ਵਿਚ ਵੀ ਜ਼ਿਆਦਾ ਬਲ ਦੇਕੇ ਘੋਸ਼ਣਾ ਕੀਤੀ ਹੈ। ਮਾਰਕਸ ਨੇ ਪੂੰਜੀਵਾਦੀ ਸਮਾਜ ਦੇ ਉਦੇ ਦੇ ਬਾਰੇ ਵਿਚ, ਇਸਦੇ ਬਾਅਦ ਪੂੰਜੀਪਤੀ ਅਤੇ ਸਰਵਹਾਰਾ ਦੇ ਵਿੱਚ ਵਰਗ ਸੰਘਰਸ਼ ਹੋਣ ਅਤੇ ਅੰਤ ਵਿਚ ਪੂੰਜੀਵਾਦੀ ਵਿਅਵਸਥਾ ਨੂੰ ਪੁੱਟ ਸੁੱਟਣ ਦੇ ਬਾਰੇ ਵਿਚ ਭਵਿੱਖਵਾਣੀ ਕੀਤੀ ਹੈ।

### 10.1.2 ਇਕ ਪ੍ਰਕ੍ਰਿਆ ਦੇ ਰੂਪ ਵਿਚ ਸਮਾਜਿਕ ਪਰਿਵਤਰਣ

ਸਿਖਿਆ ਭਾਸ਼ਾ ਵਿਚ 'ਪਰਿਵਰਤਣ' ਸ਼ਬਦ ਨੂੰ ਤਟਸਥ ਮੰਨਿਆ ਜਾਂਦਾ ਹੈ। ਇਕ ਵਸਤੂ ਜਿਸ ਉਤੇ ਇਹ ਲਾਗੂ ਕੀਤਾ ਜਾਂਦਾ ਹੈ, ਉਸ ਵਿਚ ਸਮੇਂ ਦੇ ਆਧਾਰ ਉਤੇ ਪਰਿਵਰਤਣ ਦੇ ਤਹਿਤ ਅੰਤਰ ਦੇਖਿਆ ਜਾਂਦਾ ਹੈ। ਇਸ ਵਿਚਾਰ ਦੇ ਅਨੁਸਾਰ, ਸਮਾਜਿਕ ਪਰਿਵਰਤਣ ਵਿਚ ਨਿਅਮ, ਸਿਧਾਂਤ, ਦਿਸ਼ਾ ਅਤੇ ਨਿਰੰਤਰਤਾ ਨਹੀਂ ਪਾਈ ਜਾਂਦੀ ਹੈ। ਨਿਰੰਤਰਤਾ ਦੀ ਧਾਰਣਾ ਅਸੀਂ ਤਦ ਦੇਖਦੇ ਹਾਂ ਜਦ ਸਮਾਜਿਕ ਪਰਿਵਰਤਣ ਨੂੰ ਇਕ ਪ੍ਰਕ੍ਰਿਆ ਸਮਝਦੇ ਹਾਂ। ਇਕ ਪਰਿਸਥਿਤੀ ਵਿਚ ਆਰੰਭ ਤੋਂ ਕੁਝ ਕਾਰਣਾਂ ਦੇ ਆਧਾਰ ਉਤੇ ਜਦ ਨਿਸ਼ਚਿਤ ਸਰੂਪਾਂ ਵਿਚ ਨਿਰੰਤਰ ਪਰਿਵਰਤਣ ਹੁੰਦਾ ਹੈ ਤਾਂ ਅਸੀਂ ਉਸ ਨੂੰ ਪ੍ਰਕ੍ਰਿਆ ਕਹਿੰਦੇ ਹਾਂ। ਸੰਚਾਰ, ਸਮਾਜੀਕਰਣ, ਵਿਅਵਸਥਾਪਨ, ਇਕੀਕਰਣ, ਵਿਘਟਨ, ਪ੍ਰਤੀਯੋਗਤਾ, ਸੰਘਰਸ਼ ਆਦਿ ਸਮਾਜਿਕ ਪਰਿਵਰਤਣ ਦੀ ਪ੍ਰਕ੍ਰਿਆਵਾਂ ਦੇ ਉਦਾਹਰਣ ਹਨ।

ਪ੍ਰਕ੍ਰਿਆ ਦੇ ਅਧਿਐਨ ਵਿਚ ਇਕ ਅਵਸਥਾ ਤੋਂ ਦੂਜੀ ਤਕ ਅਸੀਂ ਸੰਕ੍ਰਮਣਾਂ ਦੀ ਇਕ ਸ਼੍ਰੰਖਲਾ ਦਾ ਅਵਲੋਕਨ ਕਰਦੇ ਹਾਂ। ਪ੍ਰਕ੍ਰਿਆ ਦੀ ਦੋਵੇਂ ਅਵਸਥਾਵਾਂ ਦੀ ਵਿਸ਼ੇਸ਼ਤਾ ਦਾ ਸਮਾਨ ਹੋਣਾ ਜਰੂਰੀ ਨਹੀਂ ਹੈ, ਇਕ ਹੀ ਦਿਸ਼ਾ ਦਾ ਅਨੁਸਰਣ ਨਹੀਂ ਕੀਤਾ ਜਾਂਦਾ ਹੈ। ਪ੍ਰਕ੍ਰਿਆ ਉਤੇ ਜਾਂ ਥੱਲੇ ਦੀ ਤਰਫ, ਅੱਗੇ ਜਾਂ ਪਿੱਛੇ ਦੀ ਤਰਫ, ਪ੍ਰਗਤੀ ਜਾਂ ਅਧੋਗਤੀ ਦੀ ਦਿਸ਼ਾ ਵਿਚ ਹੋ ਸਕਦੀ ਹੈ। ਸੋ ਪ੍ਰਕ੍ਰਿਆ ਦਾ ਅਰਥ ਇਕ ਨਿਸ਼ਚਿਤ ਦਿਸ਼ਾਪਰਕਤਾ ਦੇ ਨਾਲ ਇਕ ਅਵਸਥਾ ਤੋਂ ਦੂਜੀ ਅਵਸਥਾ ਦੀ ਤਰਫ ਗਤੀ ਤੋਂ ਹੈ। ਪ੍ਰਕ੍ਰਿਆਵਾਂ, ਵਿਅਵਸਥਾ ਸਮਰਥਨਕਾਰੀ ਅਤੇ ਵਿਅਵਸਥਾ ਰੂਪਾਂਤਰਨਕਾਰੀ ਦੋਵੇਂ ਹੁੰਦੀਆਂ ਹਨ। ਸਮਾਜਿਕ ਪਰਿਵਰਤਣ ਦੀ ਕੁਝ ਪ੍ਰਕ੍ਰਿਆਵਾਂ ਦੁਆਰਾ ਇਕ ਵਿਸ਼ਿਸ਼ਟ ਸਮਾਜਿਕ ਵਿਅਵਸਥਾ ਜਾਂ ਸਮਾਜਿਕ ਸੰਰਚਨਾਂ ਨੂੰ ਮੁੜ ਜੀਵਤ ਕੀਤਾ ਜਾਂਦਾ ਹੈ, ਜਦਕਿ ਕੁਝ ਹੋਰ ਪ੍ਰਕ੍ਰਿਆਵਾਂ, ਕੁਕਾਰਜਾਤਮਕਤਾ ਅਤੇ "ਵਿਅਵਸਥਾ ਦੀ ਪਰਿਸਥਿਤੀਆਂ ਉਤਪੰਨ ਕਰ ਸਕਦੀਆਂ ਹਨ। ਸਮਾਜਿਕ ਪ੍ਰਕ੍ਰਿਆਵਾਂ ਸਮਾਜਿਕ ਸੰਰਚਨਾ ਦਾ ਇਕ ਅੰਗ ਹੈ, ਅਤੇ ਨਿਰੰਤਰ ਵਿਅਵਸਥਾ ਸਥਰੀਕਰਣ ਅਤੇ ਵਿਅਵਸਥਾ ਪਰਿਵਰਤਨੀ ਅਭਿਆਸਾਂ ਵਿਚ ਪਾਈ ਜਾਂਦੀ ਹੈ।"

### 10.1.3 ਸਮਾਜਿਕ ਪਰਿਵਰਤਣ ਦੀ ਪ੍ਰਕ੍ਰਿਤੀ

20ਵੀ ਸ਼ਤਾਬਦੀ ਦੇ ਪੂਰਵਾਰਧ ਤਕ ਭਾਰਤੀ ਸਮਾਜ ਨੂੰ ਪਰੰਪਰਾਗਤ ਸਮਾਜ ਸਮਝਿਆ ਜਾਂਦਾ ਸੀ। ਭਾਵੇਂ ਬ੍ਰਿਟਿਸ਼ ਸਰਕਾਰ ਨੇ ਸਾਡੇ ਦੇਸ਼ ਨੂੰ ਉਦਿਯੋਗਿਕ ਬਣਾਉਣ ਦਾ ਯਤਨ ਕੀਤਾ ਅਤੇ ਅਨੇਕ ਸਮਾਜਿਕ ਅਤੇ ਆਰਥਿਕ ਪਰਿਵਰਤਣ ਲਿਆਉਣ ਦੀ ਵੀ ਕੋਸ਼ਿਸ਼ ਕੀਤੀ, ਪਰੰਤੂ ਲੋਕਾਂ ਦੇ ਜੀਵਨ ਵਿਚ ਗੁਣਾਤਮਕ ਸੁਧਾਰ ਕਰਨ ਅਤੇ ਜੀਵਨ ਪੱਧਰ ਚੁੱਕਣ ਵਿਚ ਉਨ੍ਹਾਂ ਦੀ ਕੋਈ ਰੁਚੀ ਨਹੀਂ ਸੀ। ਰਾਜਨੀਤਿਕ ਸੁਤੰਤਰਤਾ ਪ੍ਰਾਪਤ ਦੇ ਬਾਅਦ ਕੀ ਅਸੀਂ ਆਪਣੇ ਸਮਾਜ ਦਾ ਆਧੁਨਿਕੀਕਰਣ ਕਰਨ ਵਿਚ ਸਫਲ ਹੋਏ ਹਾਂ? ਜੇਕਰ ਹਾਂ, ਤਾਂ ਪਰਿਵਰਤਣ ਦਾ ਸਰੂਪ ਕੀ ਰਿਹਾ ਹੈ? ਇਸ ਪ੍ਰਸ਼ਨ ਦੇ ਉੱਤਰ ਦੇ ਲਈ ਇਹ ਸਮਝਣਾ ਜਰੂਰੀ ਹੈ ਕਿ ਇਕ ਪਰੰਪਰਾਗਤ ਸਮਾਜ ਕੀ ਹੈ ਅਤੇ ਆਧੁਨਿਕ ਸਮਾਜ ਕੀ ਹੈ?

ਪਰੰਪਰਾਗਤ ਸਮਾਜ ਉਹ ਹੈ ਜਿਸ ਵਿਚ (*i*) ਵਿਅਕਤੀ ਦੀ ਪਰਿਸਥਿਤੀ ਉਸਦੇ ਜਨਮ ਤੋਂ ਨਿਸ਼ਚਿਤ ਤੇ ਨਿਰਧਾਰਿਤ ਹੁੰਦੀ ਹੈ, ਅਰਥਾਤ ਵਿਅਕਤੀ ਸਮਾਜਿਕ ਗਤੀਸ਼ੀਲਤਾ ਦੇ ਲਈ ਸੰਘਰਸ਼ ਨਹੀਂ ਕਰਦਾ ਹੈ; (*ii*) ਵਿਅਕਤੀ ਦਾ ਵਿਉਹਾਰ ਪ੍ਰਥਾਵਾਂ ਤੇ ਰਿਵਾਜਾਂ ਤੋਂ ਸੰਚਾਲਿਤ ਹੁੰਦਾ ਹੈ। ਅਤੇ ਲੋਕਾਂ ਦੇ ਵਿਉਹਾਰ ਵਿਚ ਪੀੜੀ ਦਰ ਪੀੜੀ ਥੋੜਾ ਹੀ ਪਰਿਵਰਤਣ ਆਉਂਦਾ ਹੈ; (*iii*) ਸਮਾਜਿਕ ਸੰਗਠਨ ਦਾ ਆਧਾਰ ਸੰਸਤਰਣ ਹੁੰਦਾ ਹੈ; (*iv*) ਵਿਅਕਤੀ ਆਪਣੀ ਪਛਾਣ ਪ੍ਰਾਥਮਿਕ ਸਮੂਹ ਤੋਂ ਬਣਾਉਂਦਾ ਹੈ ਅਤੇ ਪਰਸਪਰ ਅੰਤਰਕ੍ਰਿਆ ਵਿਚ ਨਾਤੇਦਾਰੀ ਸੰਬੰਧ ਮਹੱਤਵਪੂਰਣ ਹੁੰਦੇ ਹਨ; (*v*) ਪਰਿਸਥਿਤੀ ਦੀ ਅਪੇਕਸ਼ਾ ਵਿਅਕਤੀ ਨੂੰ ਸਮਾਜਿਕ ਸੰਬੰਧਾਂ ਦੀ ਸਥਾਪਨਾ ਵਿਚ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ; (*vi*) ਲੋਕ, ਰੂੜੀਵਾਦੀ ਹੁੰਦੇ ਹਨ; (*vii*) ਅਰਥ ਵਿਅਵਸਥਾ ਆਸਾਨ ਹੁੰਦੀ ਹੈ ਅਤੇ ਜੀਵਿਕਾ ਤੋਂ ਪਰੇ ਆਰਥਿਕ ਅਪੇਕਸ਼ਾਕ੍ਰਿਤ ਘੱਟ ਹੁੰਦਾ ਹੈ; ਅਤੇ (*viii*) ਸਮਾਜ ਵਿਚ ਮਿਥ ਵਾਲੇ ਵਿਚਾਰ ਪ੍ਰਭਾਵਸ਼ੀਲ ਹੁੰਦੇ ਹਨ।

ਨੋਟ

ਇਸਦੇ ਉਲਟ ਆਧੁਨਿਕ ਸਮਾਜ ਉਹ ਹਨ ਜਿਸ ਵਿਚ (*i*) ਸਮਾਜ ਵਿਚ ਵਿਅਕਤੀ ਦੀ ਪਰਿਸਥਿਤੀ ਉਸਦੀ ਆਪ ਦੀ ਯੋਗਤਾ ਅਤੇ ਸਮਰਥਾ ਤੋਂ ਨਿਰਧਾਰਤ ਹੁੰਦੀ ਹੈ; (*ii*) ਵਿਅਕਤੀ ਦਾ ਵਿਉਹਾਰ ਰਿਵਾਜਾਂ ਦੀ ਅਪੇਕਸ਼ਾ ਕਾਨੂੰਨ ਨਾਲ ਜ਼ਿਆਦਾ ਨਿਅੰਤ੍ਰਿਤ ਹੁੰਦਾ ਹੈ; (*iii*) ਸਮਾਜਿਕ ਸੰਰਚਨਾ ਦਾ ਆਧਾਰ ਸਮਾਨਤਾ ਹੁੰਦਾ ਹੈ; (*iv*) ਦੂਜਾ ਸੰਬੰਧ ਪ੍ਰਾਥਮਿਕ ਸੰਬੰਧਾਂ ਤੋਂ ਜ਼ਿਆਦਾ ਮਹੱਤਵਪੂਰਨ ਹੁੰਦੇ ਹਨ; (*v*) ਲੋਕ ਨਵੀਨਤਾ ਵਿਚ ਵਿਸ਼ਵਾਸ ਕਰਦੇ ਹਨ; (*vi*) ਅਰਥ ਵਿਅਵਸਥਾ ਜਟਿਲ ਤਕਨੀਕ ਉਤੇ ਆਧਾਰਤ ਹੁੰਦੀ ਹੈ; ਅਤੇ (*vii*) ਸਮਾਜ ਵਿਚ ਤਰਕਿਕ ਵਿਚਾਰਾਂ ਦਾ ਬੋਲਬਾਲਾ ਹੁੰਦਾ ਹੈ।

ਤਦ ਕੀ ਇਸ ਦਾ ਅਰਥ ਇਹ ਹੋਇਆ ਕਿ ਪਰੰਪਰਾਵਾਦ ਅਤੇ ਆਧੁਨਿਕਤਾ ਦੋ ਚਰਮ ਹੱਦਾਂ ਹਨ ਅਤੇ ਇਹ ਦੋਵੇਂ ਇਕ ਸਾਥ ਨਹੀਂ ਚਲ ਸਕਦੀਆਂ? ਯੋਗੇਂਦਰ ਸਿੰਘ ਅਤੇ ਐਸ.ਸੀ. ਦੂਬੇ ਵਰਗੇ ਵਿਦਵਾਨਾਂ ਦਾ ਵਿਚਾਰ ਹੈ ਕਿ ਦੋਵਾਂ ਦਾ ਸਹਿ-ਹੋਂਦ ਹੋ ਸਕਦੀ ਹੈ ਪਰੰਪਰਾਵਾਦ ਨੂੰ ਸਵੀਕਾਰਨ ਦਾ ਇਹ ਅਰਥ ਨਹੀਂ ਕਿ ਆਧੁਨਿਕਤਾ ਨੂੰ ਅਸਵੀਕਾਰ ਕਰ ਦਿਤਾ ਜਾਂਦਾ ਹੈ। ਇਸਦਾ ਆਸਾਨ ਜਿਹਾ ਅਰਥ ਹੈ, ਆਧੁਨਿਕਤਾ ਦੀ ਸ਼ਕਤੀਆਂ ਉਤੇ ਨਿਅੰਤ੍ਰਣ। ਇਸੇ ਪ੍ਰਕਾਰ ਆਧੁਨਿਕਤਾ ਨੂੰ ਸਵੀਕਾਰ ਕਰਨ ਦਾ ਇਹ ਅਰਥ ਨਹੀਂ ਹੈ ਕਿ ਪਰੰਪਰਾਵਾਦ ਨੂੰ ਪੂਰਣ ਰੂਪੇਣ ਪ੍ਰਕਾਰਜਾਤਮਕ ਮੰਨਿਆ ਜਾਵੇ। ਇਸ ਦ੍ਰਿਸ਼ਟੀਕੋਣ ਦੇ ਆਧਾਰ ਉਤੇ ਸਾਨੂੰ ਇਹ ਪਤਾ ਲਗਾਉਣਾ ਹੈ ਕਿ ਕਿਸ ਹੱਦ ਤਕ ਭਾਰਤੀ ਸਮਾਜ ਪਰੰਪਰਾਗਤ ਅਤੇ ਕਿਸ ਹੱਦ ਤਕ ਇਹ ਆਧੁਨਿਕ ਹੋ ਗਿਆ ਹੈ।

ਇਹ ਕਹਿਣਾ ਗਲਤ ਨਾ ਹੋਵੇਗਾ ਕਿ ਭਾਰਤ ਵਿਚ ਸਮਾਜਿਕ ਪਰਿਵਰਤਣ ਦੀ ਪ੍ਰਕ੍ਰਿਤੀ ਹੀ ਅਜਿਹੀ ਹੈ ਕਿ ਇਸ ਵਿਚ ਆਧੁਨਿਕ ਤੇ ਪਰੰਪਰਾ ਦਾ ਤਾਲਮੇਲ ਸਪਸ਼ਟ ਦਿਖਾਈ ਦਿੰਦਾ ਹੈ। ਇਕ ਪਾਸੇ ਤਾਂ ਅਸੀਂ ਉਨ੍ਹਾਂ ਵਿਸ਼ਵਾਸਾਂ, ਪ੍ਰਥਾਵਾਂ ਅਤੇ ਸੰਸਥਾਵਾਂ ਦੀ ਉਪੇਕਸ਼ਾ ਕੀਤੀ ਹੈ। ਜਿਨ੍ਹਾਂ ਦੀ ਜਰੂਰਤ ਅਨੁਭਵ ਨਹੀਂ ਕੀਤੀ ਗਈ, ਤਾਂ ਦੂਜੇ ਪਾਸੇ ਅਸੀਂ ਉਨ੍ਹਾਂ ਕਦਰਾਂ-ਕੀਮਤਾਂ ਨੂੰ ਅਪਣਾਇਆ ਹੈ ਜਿਨ੍ਹਾਂ ਨੂੰ ਅਸੀਂ ਆਪਣੇ ਮੌਲਿਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿਚ ਸਹਾਇਕ ਸਮਝਿਆ ਹੈ।

ਬ੍ਰਿਟਿਸ਼ ਕਾਲ ਦੀ ਤੁਲਨਾ ਵਿਚ, ਵਿਅਕਤੀਗਤ ਸੁਤੰਤਰਤਾ ਜ਼ਿਆਦਾ ਹੈ, ਸਮਾਜਿਕ ਪੈਮਾਨੇ ਵਿਚ ਤਰੱਕੀ ਦੇ ਆਧਾਰ ਦੇ ਜ਼ਿਆਦਾ ਅਵਸਰ ਪ੍ਰਾਪਤ ਹਨ, ਅਸੀਂ ਪਰੰਪਰਾਗਤ ਸਮਾਜਿਕ ਪ੍ਰਥਾਵਾਂ ਨੂੰ ਛੱਡਣ ਵਿਚ ਅਤੇ ਨਵੀਂ ਸੰਸਥਾਤਮਕ ਸੰਰਚਨਾਵਾਂ ਦੇ ਨਿਰਮਾਣ ਵਿਚ ਜ਼ਿਆਦਾ ਵਿਵੇਕੀ ਹੋ ਗਏ ਹਨ, ਗਰੀਬੀ ਦੀ ਰੇਖਾ ਤੋਂ ਥੱਲੇ ਰਹਿਣ ਵਾਲੇ ਲੋਕਾਂ ਦੀ ਸੰਖਿਆ ਵਿਚ ਕਮੀ ਹੋਈ ਹੈ, ਗਣਤੰਤਰ ਬਣਨ ਦੇ ਬਾਅਦ ਪਿਛਲੇ ਚਵਾਲ੍ਹੀ ਸਾਲਾਂ ਵਿਚ ਪ੍ਰਤੀ ਵਿਅਕਤੀ ਆਮਦਨ ਵਿਚ 92% ਦਾ ਵਾਧਾ ਹੋਇਆ ਹੈ; ਅਤੇ ਪਿਛੜੇ ਅਤੇ ਨੀਵੀਂ ਜਾਤੀ ਦੇ ਲੋਕਾਂ ਦੇ ਲਈ ਉੱਚ ਸਮਾਜਿਕ ਸਥਿਤੀ ਦੀ ਉਪਲਬਧੀ ਹੁਣ ਕੋਈ ਭ੍ਰਮ ਨਹੀਂ ਰਹਿ ਗਿਆ ਹੈ।

ਸੰਤਾਲੀ ਸਾਲਾਂ ਵਿਚ ਭਾਰਤ ਦੀ ਅਰਥ ਵਿਅਵਸਥਾ ਵਿਚ ਹਰ ਸਾਲ 3.5% ਦੇ ਵਾਧੇ, ਪ੍ਰਤੀ ਵਿਅਕਤੀ ਹਰ ਸਾਲ ਆਮਦਨ ਵਿਚ 1.4 ਦੇ ਵਾਧੇ, ਖੇਤੀ ਵਿਚ 2.7% ਦੇ ਵਾਧੇ ਅਤੇ ਉਦਿਯੋਗਿਕ ਵਿਕਾਸ ਵਿਚ 1.0% ਦਾ ਵਾਧਾ ਹੋਇਆ ਹੈ। ਦੂਜੇ ਪਾਸੇ ਮੁਦ੍ਰਾ ਸਫੀਤੀ ਦਰ 9.8 ਰਹੀ ਹੈ, ਕੁਲ ਕਰਜ਼ ਦੀ ਰਾਸ਼ੀ ਦੇ ਦੇਣਦਾਰੀ (1993 ਵਿਚ) 2.66 ਲੱਖ ਕਰੋੜ ਰੁਪਏ ਹਨ, ਨਿਰਯਾਤ ਘਟ ਹੋ ਗਿਆ ਹੈ, ਪੇਂਡੂ ਖੇਤਰਾਂ ਵਿਚ ਲਗਭਗ 32% ਲੋਕ ਅਤੇ ਸ਼ਹਿਰੀ ਖੇਤਰਾਂ ਵਿਚ 15% ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ ਹਨ। ਵਿਸ਼ਵ ਦੇ ਕੁਲ ਗਰੀਬਾਂ ਦੀ ਸੰਖਿਆ ਦਾ 34.2% ਭਾਰਤ ਵਿਚ ਰਹਿੰਦੇ ਹਨ।

ਕੀ ਅਸੀਂ ਸੰਪਰਦਾਇਕ ਭਾਈਚਾਰਾ ਪ੍ਰਾਪਤ ਕਰ ਲਿਆ ਹੈ? ਕੀ ਅਸੀਂ ਇਸਤ੍ਰੀਆਂ ਨੂੰ ਪੁਰਸ਼ਾਂ ਦੀ ਸਮਾਨਤਾ ਉਤੇ ਲੈ ਆਏ ਹਾਂ? ਕੀ ਅਸੀਂ ਅਛੂਤਾਂ ਦੀ ਸਥਿਤੀ ਵਿਚ ਸੁਧਾਰ ਕਰ ਸਕੇ ਹਾਂ? ਕੀ ਅਸੀਂ ਵਿਭਿੰਨ ਵਰਗਾਂ ਵਿਚੋਂ ਉਪੇਕਸ਼ਾ ਦੀ ਭਾਵਨਾ ਨੂੰ ਕੱਢ ਸਕਣ ਵਿਚ ਸਮਰਥ ਕਰ ਸਕੇ ਹਾਂ? ਜਿਵੇਂ ਕਿਸਾਨ, ਉਦਿਯੋਗਿਕ ਮਜਦੂਰ, ਦਿਹਾੜੀ ਮਜਦੂਰੀ ਭੋਗੀ, ਆਦਿ? ਕੀ ਅਸੀਂ ਸੰਪਤੀ ਦੇ ਵਿਸ਼ੇਸ਼ਧਿਕਾਰਾਂ ਨੂੰ ਨੀਵੇਂ ਵਰਗ ਦੇ ਲੋਕਾਂ ਦੇ ਪੱਖ ਵਿਚ ਲਿਆਉਣ ਵਿਚ ਸਮਰਥ ਹੋ ਸਕੇ ਹਾਂ? ਕੀ ਅਸੀਂ ਸਮਤਾਵਾਦੀ ਸਮਾਜ ਹੋਣ ਦਾ ਦਾਵਾ ਕਰ ਸਕਦੇ ਹਾਂ?

ਵਿਦਿਮਾਨ ਬਹੁਤ ਅਸੰਤੋਖ ਸਾਡੇ ਸਮਾਜ ਵਿਚ ਅਨੇਕ ਵਧਦੇ ਹੋਏ ਵਿਰੋਧਾਭਾਸਾਂ (Contradictions) ਦਾ ਨਤੀਜਾ ਹੈ। ਕੁਝ ਪ੍ਰਮੁੱਖ ਵਿਰੋਧਾਭਾਸ ਇਸ ਪ੍ਰਕਾਰ ਹਨ: ਸਾਡੀਆਂ ਭੂਮਿਕਾਵਾਂ ਤਾਂ ਆਧੁਨਿਕ ਹੋ ਗਈਆਂ ਹਨ ਪਰੰਤੂ ਸਾਡੀਆਂ ਕਦਰਾਂ-ਕੀਮਤਾਂ ਅਜੇ ਵੀ ਪਰੰਪਰਾਗਤ ਹਨ; ਅਸੀਂ ਸਮਤਾਵਾਦ (Calitarianism) ਦਰਸ਼ਾਉਂਦੇ ਹਾਂ ਕਿੰਤੂ ਅਸੀਂ ਭੇਦ-ਭਾਵ (Discrimination) ਦਾ ਵਿਉਹਾਰ ਕਰਦੇ ਹਾਂ; ਸਾਡੀਆਂ ਆਕਾਂਸ਼ਾਵਾਂ ਬਹੁਤ ਉੱਚੀਆਂ ਹੋ ਗਈਆਂ ਹਨ ਕਿੰਤੂ ਉਨ੍ਹਾਂ ਦੀ ਪ੍ਰਾਪਤੀ ਦੇ ਸਾਧਨ ਜਾਂ ਤਾਂ ਉਪਲਬਧ ਨਹੀਂ ਹਨ ਜਾਂ ਪਹੁੰਚ ਤੋਂ ਬਾਹਰ ਹਨ; ਅਸੀਂ ਰਾਸ਼ਟਰਵਾਦ ਦੀ ਗੱਲ ਤਾਂ ਕਰਦੇ ਹਾਂ ਪਰੰਤੂ ਅਸੀਂ ਖੇਤਰਵਾਦ ਨੂੰ ਪ੍ਰੋਤਸਾਹਨ ਦਿੰਦੇ ਹਾਂ; ਅਸੀਂ ਦਾਵਾ ਕਰਦੇ ਹਾਂ ਕਿ ਸਾਡਾ ਗਣਤੰਤਰ ਸਮਾਨਤਾ ਲਿਆਉਣ ਦੇ ਲਈ ਸਮਰਪਿਤ ਹੈ ਕਿੰਤੂ ਇਹ ਜਾਤੀ ਵਿਅਵਸਥਾ ਦੇ ਸ਼ਿਕੰਜੇ ਵਿਚ ਜਕੜਿਆ ਹੋਇਆ ਹੈ; ਅਸੀਂ ਤਰਕਸ਼ੀਲ ਹੋਣ ਦਾ ਦਾਵਾ ਕਰਦੇ ਹਾਂ ਕਿੰਤੂ ਅਸੀਂ ਅਨਿਆਂ ਤੇ ਪੱਖਪਾਤ ਨੂੰ ਵੀ ਸੁਭਾਗਵਾਦੀ ਭਾਵਨਾ ਨਾਲ ਸਵੀਕਾਰ ਕਰਦੇ ਹਾਂ; ਅਸੀਂ ਵਿਅਕਤੀਵਾਦ ਦਾ ਸਮਰਥਣ ਕਰਦੇ ਹਾਂ ਪਰੰਤੂ ਅਸੀਂ ਸਮੂਹਵਾਦ ਨੂੰ ਲਾਗੂ ਕਰਦੇ ਹਾਂ; ਅਸੀਂ ਆਦਰਸ਼ਵਾਦੀ ਸੰਸਕ੍ਰਿਤੀ ਦਾ ਉਦੇਸ਼ ਬਣਾਉਂਦੇ ਹਾਂ ਪਰੂੰ ਅਸੀਂ ਭੌਤਿਕ ਸੰਸਕ੍ਰਿਤੀ ਦੇ ਪੱਖਧਰ ਹਾਂ; ਅਨੇਕ ਨਵੇਂ ਕਾਨੂੰਨ ਲਾਗੂ ਕੀਤੇ ਜਾਂਦੇ ਹਨ ਅਤੇ ਪੁਰਾਣੇ ਕਾਨੂੰਨਾਂ ਵਿਚ ਸੁਧਾਰ/ਸੰਸ਼ੋਧਨ ਕੀਤੇ ਜਾ ਰਹੇ ਹਨ ਪਰੰਤੂ ਇਹ ਕਾਨੂੰਨ ਕਿਸੇ ਨੂੰ ਲਾਭ ਨਹੀਂ ਪਹੁੰਚਾਉਂਦੇ, ਸਿਰਫ ਵਕੀਲ ਹੀ ਉਸ ਨਾਲ ਲਾਭ ਪ੍ਰਾਪਤ ਕਰਦੇ ਹਨ। ਵਿਧਾਨ ਅਨੇਕ ਹਨ ਕਿੰਤੂ ਨਿਆਂ ਬਹੁਤ ਘੱਟ, ਪ੍ਰੋਗਰਾਮ ਤੇ ਸਰਕਾਰੀ ਕਰਮਚਾਰੀ ਅਨੇਕ ਹਨ ਕਿੰਤੂ ਜਨ ਸੇਵਾ ਘੱਟ, ਅਨੇਕ ਯੋਜਨਾਵਾਂ ਹਨ ਕਿੰਤੂ ਕਲਿਆਣ ਘੱਟ, ਸਰਕਾਰੀ ਤੰਤਰ ਜ਼ਿਆਦਾ ਹੈ ਅਤੇ ਪ੍ਰਸ਼ਾਸਨ ਘੱਟ ਹੈ।

ਇਨ੍ਹਾਂ ਸਾਰੇ ਵਿਰੋਧਾਭਾਸਾਂ ਦਾ ਨਤੀਜਾ ਇਹ ਹੈ ਕਿ ਸਾਡੇ ਸਮਾਜ ਵਿਚ ਅਸੰਤੋਖ ਵਧਦਾ ਜਾ ਰਿਹਾ ਹੈ, ਭ੍ਰਿਸ਼ਟਤੰਤਰ ਅਤੇ ਅਪ੍ਰਤੀਬੱਧ ਰਾਜਨੀਤਿਕ ਅਭਿਜਨ ਅਤੇ ਉਪ-ਅਭਿਜਨ ਜੋ ਆਪਣੇ ਨਿਜੀ ਸਵਾਰਥਾਂ ਵਿਚ ਰੁਚੀ ਲੈਂਦੇ ਹਨ ਜਿਨ੍ਹਾਂ ਨੂੰ ਦੇਸ਼ ਦੇ ਭਵਿੱਖ ਦੀ ਕੋਈ ਚਿੰਤਾ ਨਹੀਂ ਹੁੰਦੀ, ਉਨ੍ਹਾਂ ਨੇ ਵਿਕਾਸ ਦਾ ਵਿਰੋਧ ਕੀਤਾ, ਨਿਹਿਤ ਸਵਾਰਥੀ ਸਮੂਹਾਂ, ਆਰਥਿਕ ਇਕਾਧਿਕਾਰੀਆਂ ਅਤੇ ਧਰਮਾਂਧ ਧਾਰਮਿਕ ਨੇਤਾਵਾਂ ਅਤੇ ਨਿਸ਼ਕ੍ਰਿਅ ਅਧਿਕਾਰੀਆਂ ਆਦਿ ਨੇ ਜੰਮ ਕੇ ਵਿਰੋਧ ਕੀਤਾ ਕਿਉਂਕਿ ਉਹ ਆਪਣੀ ਅਪਾਰ ਸ਼ਕਤੀ ਨੂੰ ਘੱਟ ਹੁੰਦੇ ਨਹੀਂ ਦੇਖ ਸਕਦੇ ਸਨ।

ਭਾਰਤ ਦੇ ਸੰਵਿਧਾਨ ਦੁਆਰਾ ਪ੍ਰਦੱਤ ਮੌਲਿਕ ਅਧਿਕਾਰ ਵਿਅਕਤੀ ਦੀ ਸੁਤੰਤਰਤਾ ਸਵੀਕਾਰ ਕਰਦੇ ਹਨ। ਜਦਕਿ ਦੂਜੇ ਪਾਸੇ ਨਿਦੇਸ਼ਾਤਮਕ ਸਿਧਾਂਤ ਰਾਜ ਨੂੰ ਨਿਰਦੇਸ਼ਿਤ ਕਰਦੇ ਹਨ ਕਿ ਉਹ ਸਮਾਜਿਕ ਨਿਆਂ, ਆਰਥਿਕ ਨਿਆਂ ਅਤੇ ਰਾਜਨੀਤਿਕ ਨਿਆਂ ਦੇ ਆਧਾਰ ਉਤੇ ਜਨ ਕਲਿਆਣ ਕੰਮਾਂ ਨੂੰ ਅਗੇ ਵਧਾਉਣ। ਇਸਦੇ ਲਈ ਉਹ ਭੌਤਿਕ ਸੰਸਾਧਨਾਂ ਦਾ ਵਿਅਵਸਥਿਤ ਵਿਤਰਣ ਸੁਨਿਸ਼ਚਿਤ ਕਰਣ ਅਤੇ ਪੰਜੀ ਨੂੰ ਕੁਝ ਹੱਥਾਂ ਵਿਚ ਕੇਂਦ੍ਰਿਤ ਹੋਣ ਤੋਂ ਬਚਾਉਣ। ਇਸ ਪ੍ਰਕਾਰ ਮੌਲਿਕ ਅਧਿਕਾਰ ਅਤੇ ਨਿਰਦੇ ਸ਼ਾਤਮਕ ਸਿਧਾਂਤ ਦੋ ਅਲੱਗ-ਅਲੱਗ ਪਰੰਪਰਾਵਾਂ ਦਾ ਪ੍ਰਤੀਨਿਧੀਤਵ ਕਰਦੇ ਹਨ। ਮੌਲਿਕ ਅਧਿਕਾਰ ਨਿਆਂਉਚਿਤ ਹਨ, ਕਿੰਤੂ ਸਿਧਾਂਤ ਨਹੀਂ ਹਨ। ਸੰਵਿਧਾਨ ਦੇ 25ਵੇਂ ਸੰਸ਼ੋਧਨ ਦੇ ਦੁਆਰਾ ਵਿਅਕਤੀਗਤ ਸੁਤੰਤਰਤਾ (ਯਾਨਿ ਕਿ ਮੌਲਿਕ ਅਧਿਕਾਰਾਂ) ਤੋਂ ਵੀ ਉਤੇ ਨਿਦੇਸ਼ਾਤਮਕ ਸਿਧਾਂਤਾਂ ਨੂੰ (ਯਾਨਿ ਕਿ ਸਮਾਜਵਾਦ ਦੇ ਪ੍ਰਤੀ ਪ੍ਰਤੀਬੱਧਤਾ) ਪ੍ਰਧਾਨਤਾ ਦੇ ਦਿਤੀ ਗਈ। ਜੈ ਪ੍ਰਕਾਸ਼ ਨਾਰਾਇਣ ਨੇ ਚੇਤਾਵਨੀ ਦਿਤੀ ਸੀ ਕਿ ਸਮਾਜਵਾਦ ਦੀ ਪ੍ਰਾਪਤੀ ਦੇ ਲਈ ਬਦਾਏ ਗਏ ਮੌਲਿਕ ਅਧਿਕਾਰਾਂ ਦਾ ਨਿਰਾਕਰਣ (Abrogation) ਭਾਰਤੀ ਜਨਤੰਤਰੀ ਸੰਸਥਾਵਾਂ ਦਾ ਵਿਨਾਸ਼ ਹੋਏਗਾ। ਕਿੰਤੂ 1975 ਵਿਚ ਇੰਦਰਾ ਗਾਂਧੀ ਦੁਆਰਾ ਆਪਾਤ ਸਥਿਤੀ ਦੀ ਘੋਸ਼ਣਾ ਨੇ ਮੌਲਿਕ ਅਧਿਕਾਰ ਨੂੰ ਪ੍ਰਤੀਬੰਧਿਤ ਕਰ ਦਿਤਾ। ਇਸ ਪ੍ਰਕਾਰ ਭਾਰਤੀ ਸਮਾਜਵਾਦ ਸੰਕਟ ਵਿਚ ਪੈ ਗਿਆ ਕਿਉਂਕਿ 1975 ਵਿਚ ਆਪਾਤ ਕਾਲੀਨ ਘੋਸ਼ਣਾ ਨਿਆਂ ਉਤੇ ਆਧਾਰਿਤ ਸਮਾਜਿਕ ਵਿਅਵਸਥਾ ਬਣਾਉਣ ਦੇ ਲਈ ਕ੍ਰਿਆਂਵਿਤ ਨਹੀਂ ਕੀਤੀ ਗਈ ਸੀ, ਨਤੀਜੇ ਵਜੋਂ, 41 ਸਾਲਾਂ ਤਕ ਸੱਤਾ ਵਿਚ ਰਹਿਣ ਦੇ ਬਾਅਦ 1988 ਦੀ ਚੋਣ ਵਿਚ ਕਾਂਗਰਸ ਪਾਰਟੀ ਤੋਂ ਸੱਤਾ ਖੋਹ ਗਈ। 1984 ਦੇ ਸੰਸਦੀ ਚੋਣਾਂ ਵਿਚ ਜਦ ਰਾਜੀਵ ਗਾਂਧੀ ਸੱਤਾ ਵਿਚ ਆਏ ਜਦ ਤਕ ਸਮਾਜਵਾਦੀ ਵਿਚਾਰਧਾਰਾ ਆਪਣੀ ਹੋਂਦ ਗੁਆ ਚੁਕੀ ਸੀ। ਜਨਤਾ ਦਲ ਨੇ ਵੀ ਆਪਣੇ ਦੋ ਸਾਲਾਂ ਦੀ ਸੱਤਾ ਦੇ ਸਮੇਂ ਵਿਚ ਇਸ ਉਤੇ ਕੋਈ ਧਿਆਨ ਨਹੀਂ ਦਿਤਾ। 1992 ਦੇ ਆਰੰਭ ਵਿਚ ਨਰਸਿੰਮਾ ਰਾਵ ਸਰਕਾਰ ਨੇ ਅਤੇ ਅਪ੍ਰੈਲ 1992 ਵਿਚ ਕਾਂਗਰਸ ਪਾਰਟੀ ਨੇ ਆਪਣੇ ਤ੍ਰਿਪੁਰਾ ਅਧਿਵੇਸ਼ਨ ਵਿਚ ਅਰਥ ਵਿਅਵਸਥਾ ਦੇ ਉਦਾਰੀਕਰਣ, ਉਦਿਯੋਗਾਂ ਵਿਚ ਲਾਈਸੰਸ ਪ੍ਰਣਾਲੀ ਸਮਾਪਤ ਕਰਨ, ਵੱਡੀਆਂ ਨਿਜੀ ਫਰਮਾਂ ਦੇ ਵਿਸਤਾਰੀਕਰਨ ਦੀ ਆਗਿਆ, ਸਬਸਿਟੀ ਖਤਮ ਕਰਨ, ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਪ੍ਰੋਤਸਾਹਨ, ਬੀਮਾਰ ਉਦਿਯੋਗਾਂ ਦੇ ਰਾਸ਼ਟਰੀਕਰਨ ਦੀ ਨੀਤੀ ਸਮਾਪਤ ਕਰਨ, ਅਤੇ ਅਰਥ ਵਿਅਵਸਥਾ ਨੂੰ ਵਿਸਤ੍ਰਿਤ ਅਤੇ ਖੁਲ੍ਹੀ ਪ੍ਰਤੀਸਪਰਧਾ, ਆਦਿ ਦੀ ਘੋਸ਼ਣਾ ਕੀਤੀ। ਇਸ ਪ੍ਰਕਾਰ 1992 ਵਿਚ ਸਮਾਜਵਾਦ ਨੂੰ ਸਰਕਾਰੀ ਤੌਰ ਉਤੇ ਆਪਣੀ ਮ੍ਰਿਤੂ ਦਾ ਸਾਮ੍ਹਣਾ ਕਰਨਾ ਪਿਆ ਅਤੇ ਭਾਰਤ ਨੇ ਵਿਕਾਸ ਦੀ ਨਵੀਂ ਪੱਧਤੀ ਦੀ ਚੋਣ ਕੀਤੀ। ਸੱਤਰ ਸਾਲ ਬਾਅਦ 1991 ਵਿਚ ਰੂਸ ਵਿਚ ਸਾਮਿਅਵਾਦ ਦੀ ਵੀ ਮ੍ਰਿਤੂ ਹੋ ਗਈ। ਅੱਜ ਭਾਰਤ ਵਿਚ ਸਮਾਜਵਾਦ ਦਾ ਪੱਖਧਰ ਕੋਈ ਵੀ ਨਹੀਂ ਹੈ। ਰਾਜਨੈਤਿਕ ਸੱਤਾ ਵਿਚ ਭਾਰਤ ਦੇ ਸਿਖਿਅਤ ਵਰਗ ਦਾ ਇਕ ਵੱਡਾ ਹਿੱਸਾ ਅਤੇ ਸਿਖਿਅਣ ਸੰਸਥਾਵਾਂ ਵਿਚ ਲਗੇ ਯੁਵਕਾਂ ਨੂੰ ਸਮਾਜਵਾਦੀ ਦ੍ਰਿਸ਼ਟੀਕੋਣ ਤੋਂ ਕੋਈ ਹਮਦਰਦੀ ਨਹੀਂ ਹੈ। ਦੇਖਣਾ ਬਾਕੀ ਹੈ ਕਿ ਨਵੀਂ ਉਦਾਰਵਾਦੀ ਨੀਤੀਆਂ ਅਤੇ ਸਪਰਧਾਤਮਕ ਗੈਰ ਸਮਾਜਵਾਦੀ ਨੀਤੀਆਂ ਕਿੱਥੇ ਤਕ ਭਾਰਤ ਨੂੰ ਲਖਸ਼ ਪ੍ਰਾਪਤੀ ਤਕ ਪਹੁੰਚਾਉਣਗੀਆਂ।

ਨੋਟਸ ਸਮਾਜਿਕ ਪਰਿਵਰਤਣ ਸਾਂਸਕ੍ਰਿਤਕ ਜਾਂ ਸਭਿਅਤਾਮੂਲਕ ਪਰਿਵਰਤਣ ਤੋਂ ਭਿੰਨ ਹਨ। ਸਮਾਜਿਕ ਪਰਿਵਰਤਣ ਵਿਚ ਸਮਾਜਿਕ ਸੰਬੰਧਾਂ ਉਤੇ ਬਲ ਦਿਤਾ ਜਾਂਦਾ ਹੈ।

### 10.1.4 ਸਮਾਜਿਕ ਪਰਿਵਰਤਣ ਦਾ ਢਾਂਚਾ

ਯੋਗੇਂਦਰ ਸਿੰਘ ਨੇ ਸਮਾਜਿਕ ਪਰਿਵਰਤਣ ਉਤੇ ਆਰੰਭ ਦੇ ਲੇਖਾਂ ਵਿਚ (1969:11) ਭਾਰਤ ਵਿਚ ਸਮਾਜਿਕ ਪਰਿਵਰਤਣ ਦੇ ਅਧਿਐਨ ਦੀ ਪ੍ਰਕ੍ਰਿਤੀ ਅਤੇ ਪ੍ਰਕ੍ਰਿਆ ਉਤੇ ਤਿੰਨ ਉਪਾਗਮਾਂ ਦੀ ਚਰਚਾ ਕੀਤੀ ਸੀ: ਦਾਰਸ਼ਨਿਕ-ਇਤਿਹਾਸਕ ਅਤੇ ਉਪਾਗਮ, ਸਮਾਜਿਕ ਮਾਨਵ ਸ਼ਾਸਤਰੀ ਅਤੇ ਸਮਾਜ ਸ਼ਾਸਤਰੀ ਉਪਾਗਮ।

ਦਾਰਸ਼ਨਿਕ-ਇਤਿਹਾਸਕ ਉਪਾਗਮ ਦੇ ਸ੍ਰੋਤ ਭਾਰਤੀ ਅਤੇ ਪੱਛਮੀ ਦੋਨੋਂ ਹੀ ਦੱਸੇ ਗਏ ਹਨ। ਭਾਰਤੀ ਦਰਸ਼ਨ ਅਤੇ ਧਰਮ ਨੇ ਪਰਿਵਰਤਣ ਦੇ ਦਾਰਸ਼ਨਿਕ ਸਿਧਾਂਤ ਦਾ ਪ੍ਰਤਿਪਾਦਨ ਕੀਤਾ ਜਿਸਦੀ ਵਿਸ਼ੇਸ਼ਤਾ ਸੀ ਸਮਾਜ ਵਿਚ ਕਾਲ ਚਕ੍ਰੀ ਗਤੀ (ਵਿਲੇਅ-ਪ੍ਰਲੇਅ, ਸਤਯੁਗ-ਕਲਯੁਗ), ਜੋ ਸਮੇਂ-ਸਮੇਂ ਉਤੇ ਅਵਤਾਰਾਂ ਦੇ ਦੁਆਰਾ ਖੰਡਿਤ ਕੀਤਾ ਗਿਆ ਅਤੇ ਦੁਬਾਰਾ ਸਕ੍ਰਿਅ ਕੀਤਾ ਗਿਆ। ਇਸ ਸਿਧਾਂਤ ਦਾ ਆਧਾਰ ਧਰਮ-ਕਰਮ ਅਤੇ ਮੋਖ ਵਿਚ ਵਿਸ਼ਵਾਸ ਹੈ। ਇਕ ਸਮੇਂ ਸੀ ਜਦ ਇਸ ਸਿਧਾਂਤ ਉਤੇ ਦ੍ਰਿੜ ਵਿਸ਼ਵਾਸ ਕੀਤਾ ਜਾਂਦਾ ਹੈ ਸੀ, ਪਰੰਤੂ ਹੁਣ ਇਹ ਵਿਲੁਪਤ ਹੁੰਦਾ ਜਾ ਰਿਹਾ ਹੈ, ਕਿਉਂਕਿ ਇਸਦਾ ਵਿਅਵਸਥਿਤ ਵਿਸ਼ਲੇਸ਼ਣ ਸੰਭਵ ਨਹੀਂ ਹੈ। ਇਤਿਹਾਸਕ ਉਪਾਗਮ ਤੋਂ ਸਮਾਜਿਕ ਪਰਿਵਰਤਣ ਦਾ ਅਧਿਐਨ ਭਾਰਤੀ

ਨੋਟ

ਇਤਿਹਾਸ ਦੇ ਆਲੇਖਾਂ (Records) ਦੁਆਰਾ ਹੁੰਦਾ ਹੈ; ਉਦਾਹਰਣ ਲਈ, ਜਾਤੀ ਪ੍ਰਥਾ ਵਿਚ ਪਰਿਵਰਤਨ ਜਾਂ ਇਸਤ੍ਰੀਆਂ ਦੀ ਸਥਿਤੀ ਵਿਚ ਪਰਿਵਰਤਨ ਦਾ ਅਧਿਐਨ ਕਈ ਯੁਗਾਂ ਦੇ ਇਤਿਹਾਸਕ ਆਲੇਖਾਂ ਦੇ ਆਧਾਰ ਉਤੇ ਕੀਤਾ ਜਾਂਦਾ ਹੈ, ਜਿਵੇਂ ਮੌਰਿਆ ਕਾਲ, ਗੁਪਤ ਕਾਲ, ਬ੍ਰਹਮਾਣਿਕ ਕਾਲ, ਮੁਗਲ ਕਾਲ, ਬ੍ਰਿਟਿਸ਼ ਕਾਲ ਅਤੇ ਸਵਾਤੰਤ੍ਰਯੋਤਰ ਕਾਲ। ਇਸ ਉਪਾਗਮ ਦੀ ਹੱਦ ਇਹ ਹੈ ਕਿ ਇਤਿਹਾਸਕ ਆਲੇਖ ਸਾਰੇ ਉਪਲਬਧ ਨਹੀਂ ਹੋ ਪਾਉਂਦੇ ਹਨ। ਨਤੀਜੇ ਵਜੋਂ ਇਸ ਉਪਾਗਮ ਉਤੇ ਨਿਰਭਰ ਰਹਿਣ ਨਾਲ ਸਮਾਜ ਸ਼ਾਸਤਰੀ ਸਮਾਨਿਅਕਰਣ ਭ੍ਰਮ ਪਾਉਣ ਵਾਲਾ ਹੋ ਸਕਦਾ ਹੈ। ਸਮਾਜਿਕ ਮਾਨਵ ਸ਼ਾਸਤਰੀ ਉਪਾਗਮ ਹੋਰ ਦੋਵਾਂ ਉਪਾਗਮਾਂ ਦੀ ਅਪੇਕਸ਼ਾ ਜ਼ਿਆਦਾ ਵਿਅਵਸਥਿਤ ਸਮਝਿਆ ਜਾ ਸਕਦਾ ਹੈ। ਇਸ ਉਪਾਗਮ ਵਿਚ ਗਹਿਣ ਖੇਤਰੀ ਕੰਮ (Intensive Field Work) ਜਾਂ ਸਹਿਭਾਗਿਕ ਅਵਲੋਕਨ (Participant Observation) ਵਿਧੀ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਪ੍ਰਕਾਰ ਦੇ ਉਪਾਗਮ ਵਿਚ ਸੈਧਾਂਤਿਕ ਪ੍ਰਸਥਾਪਨਾਵਾਂ (Propositions) ਮਾਨਵਜਾਤੀ ਆਂਕੜਿਆਂ (Ethonographic Data) ਦੀ ਵਿਆਖਿਆ ਕਰਦੇ ਹਨ ਜੋ ਜਾਂ ਤਾਂ ਅਧਿਐਨ ਕਰਤਾ ਦੇ ਆਪਣੇ ਜਾਂ ਦੂਜਿਆਂ ਦੇ ਖੇਤਰੀ ਕੰਮ ਦੇ ਨਤੀਜੇ ਹੁੰਦੇ ਹਨ। ਐਮ.ਐਨ. ਸ੍ਰੀਨਿਵਾਸ ਦਾ ਵਿਚਾਰ ਹੈ ਕਿ ਕੁਝ ਹਫਤੇ ਜਾਂ ਕੁਝ ਮਹੀਨੇ ਸੂਚਨਾਦਾਤਾਵਾਂ ਦੇ ਨਾਲ ਦੁਭਾਸ਼ੀਏ ਦੇ ਮਾਧਿਅਮ ਨਾਲ ਰਹਿਣ ਤੇ ਅਧਿਐਨ ਕੀਤੇ ਜਾਣ ਵਾਲੇ ਲੋਕਾਂ ਦੇ ਵਿਸ਼ੇ ਵਿਚ ਵਿਸ਼ਵਸਨੀ ਦ੍ਰਿਸ਼ਟੀਕੋਣ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੈ। ਸਮਾਜਿਕ ਮਾਨਵਸ਼ਾਸਤਰੀ ਤੋਂ ਆਸ਼ਾ ਕੀਤੀ ਜਾਂਦੀ ਹੈ ਕਿ ਉਹ ਉਨ੍ਹਾਂ ਲੋਕਾਂ ਦੇ ਵਿਚ ਘੱਟ ਤੋਂ ਘੱਟ ਸਾਲ ਡੇਢ ਸਾਲ ਬਤੀਤ ਕਰਣ, ਉਨ੍ਹਾਂ ਦੀ ਭਾਸ਼ਾ ਵਿਚ ਨਿਪੁੰਨਤਾ ਪ੍ਰਾਪਤ ਕਰਣ, ਅਤੇ ਜਿੰਨਾ ਅਵਲੋਕਨ ਕਰ ਸਕਣ ਉਂਨਾ ਕਰਣ। ਬ੍ਰਿਟਿਸ਼ ਮਾਨਵਸ਼ਾਸਤਰੀ ਸੰਸਕ੍ਰਿਤੀ ਨੂੰ ਮਹੱਤਵ ਨਹੀਂ ਦਿੰਦੇ ਬਲਕਿ ਸਮਾਜ, ਸਮਾਜਿਕ ਸੰਰਚਨਾ ਅਤੇ ਸਮਾਜਿਕ ਸੰਬੰਧਾਂ ਨੂੰ ਜ਼ਿਆਦਾ ਮਹੱਤਵ ਦਿੰਦੇ ਹਨ। ਉਹ ਹੁਣ 'ਤੁਲਨਾਤਮਕ ਵਿਧੀ' (Comparative Method) ਦਾ ਵੀ ਪ੍ਰਯੋਗ ਕਰਦੇ ਹਨ ਜਿਸ ਵਿਚ ਕਈ ਸਮਾਜਾਂ ਦਾ ਅਧਿਐਨ ਸ਼ਾਮਲ ਹਨ। ਇਹ ਜਾਣਦੇ ਹੋਏ ਕਿ ਸਮਾਜ ਦੀ ਵਿਭਿੰਨ ਸੰਸਥਾਵਾਂ ਪਰਸਪਰ ਸੰਬੰਧਤ ਹਨ, ਸਮਾਜਿਕ ਮਾਨਵਸ਼ਾਸਤਰੀ ਵਿਸ਼ਿਸ਼ਟ ਸੰਸਥਾ ਦੇ ਸਾਰੇ ਸੰਬਧ ਸੰਸਥਾਵਾਂ ਦਾ ਅਧਿਐਨ ਕਰਦਾ ਹੈ। ਇਸ ਮਾਨਵਸ਼ਾਸਤਰੀ ਉਪਾਗਮ ਦੀ ਸੀਮਾ ਇਹ ਹੈ ਕਿ ਇਹ ਸੂਖਮ ਪੱਧਰ (Microcosm) ਦੇ ਆਧਾਰ ਉਤੇ ਸਥੂਲ ਪੱਧਰ (Macrocosm) ਦੇ ਵਿਸ਼ੇ ਵਿਚ ਸਮਾਨਿਅਕਰਣ ਦਾ ਯਤਨ ਕਰਦਾ ਹੈ। ਇਹ ਨਿਰਵਿਵਾਦ ਕਲਪਨਾ ਸਾਰਵਭੌਮਿਕਤਾ ਅਤੇ ਸਮਰੂਪਤਾ ਉਤੇ ਆਧਾਰਤ ਹੈ। ਪਰੰਤੂ ਭਾਰਤ ਵਿਚ ਵਿਸ਼ਮਤਾ ਅਤੇ ਵਿਵਿਧਤਾ ਜ਼ਿਆਦਾ ਹੈ। ਇਸ ਪ੍ਰਕਾਰ ਇਕ ਪਿੰਡ ਦੇ ਕਿਸੇ ਸੰਸਥਾ (ਜਿਵੇਂ—ਪਰਿਵਾਰ, ਜਾਤੀ ਆਦਿ) ਦੇ ਪਰਿਵਰਤਣ ਨੂੰ ਦੋ ਸਮੇਂ-ਅਵਧੀ ਦੇ ਵਿਚ ਅਧਿਐਨ ਕਰਕੇ ਅਸੀਂ ਇਸ ਆਮ ਨਤੀਜੇ ਉਤੇ ਨਹੀਂ ਪਹੁੰਚ ਸਕਦੇ ਕਿ ਦੂਜਿਆਂ ਪਿੰਡਾਂ ਵਿਚ ਜਾਂ ਸਮੂਚੇ ਭਾਰਤ ਵਿਚ ਇਸੇ ਪ੍ਰਕਾਰ ਦੇ ਪਰਿਵਰਤਣ ਹੁੰਦੇ ਹਨ। ਸਮਾਜਿਕ ਮਾਨਵਸ਼ਾਸਤਰੀ ਉਪਾਗਮ ਦੀ ਤਰੁੱਟੀਆਂ ਸਮਾਜਸ਼ਾਸਤਰੀ ਉਪਾਗਮ ਦੁਆਰਾ ਘੱਟ ਕਰ ਦਿਤੀ ਗਈ ਹੈ। ਸਮਾਜ ਸ਼ਾਸਤਰੀ ਉਪਾਗਮ ਵਿਚ ਆਨੁਭਵਿਕ (Empirical) ਜਾਂਚ ਪੜਤਾਲ ਵ੍ਰਿਹਦ ਪੱਧਰ ਉਤੇ ਕੀਤੀ ਜਾਂਦੀ ਹੈ। ਅਤੇ ਆਮ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ।

ਸਮਾਜਿਕ ਪਰਿਵਰਤਣ ਉਤੇ ਆਪਣੇ ਬਾਅਦ ਦੇ ਲੇਖਾਂ ਵਿਚ ਯੋਗੇਂਦਰ ਸਿੰਘ (1977) ਵਿਚ ਭਾਰਤ ਵਿਚ ਸਮਾਜਿਕ ਪਰਿਵਰਤਣ ਦੇ ਵਿਸ਼ੇ ਵਿਚ ਪੰਜ ਉਪਾਗਮਾਂ ਦੀ ਚਰਚਾ ਦੀ ਹੈ। ਇਹ ਹਨ: ਉਦਵਿਕਾਸੀ ਉਪਾਗਮ, ਸਾਂਸਕ੍ਰਿਤਕ ਉਪਾਗਮ (ਸੰਸਕ੍ਰਿਤੀਕਰਣ, ਪੱਛਮੀਕਰਣ, ਲਘੂ ਤੇ ਮਹਤ ਪਰੰਪਰਾਵਾਂ, ਸੰਕੁਚਿਤੀਕਰਣ ਅਤੇ ਸਾਰਵਭੌਮਿਕਰਣ), ਸੰਰਚਨਾਤਮਕ ਉਪਾਗਮ (ਪ੍ਰਕਾਰਜਾਤਮਕ ਅਤੇ ਦ੍ਵੰਦਾਤਮਕ ਮਾਡਲ ਉਤੇ ਆਧਾਰਤ), ਆਦਰਸ਼ਗਤ ਤੇ ਵਿਚਾਰਾਤਮਕ ਉਪਾਗਮ, ਅਤੇ ਇਕੀਕਰਣ ਉਪਾਗਮ।

1. **ਉਦਵਿਕਾਸੀ ਉਪਾਗਮ (Evolutionary Approach):** ਇਸ ਉਪਾਗਮ ਦੇ ਇਕ ਲੰਬੀ ਸ਼੍ਰੰਖਲਾ ਵਿਚ ਛੋਟੇ-ਛੋਟੇ ਪਰਿਵਰਤਣਾਂ ਦੇ ਦੁਆਰਾ ਅਸਾਨ ਤੋਂ ਮੁਸ਼ਕਲ ਸਹਿਜ ਗਤੀ ਨਾਲ ਹੋਣ ਵਾਲੇ ਵਿਕਾਸ ਦਾ ਅਧਿਐਨ ਕੀਤਾ ਜਾਂਦਾ ਹੈ ਹਰੇ ਕ ਪਰਿਵਰਤਣ ਵਿਅਵਸਥਾ ਨੂੰ ਥੋੜਾ ਜਿਹਾ ਬਦਲਦਾ ਹੈ; ਪਰੰਤੂ ਲੰਬੇ ਸਮੇਂ ਬਾਅਦ ਪਰਿਵਰਤਣਾਂ ਦਾ ਸਮੇਂ ਪ੍ਰਭਾਵ ਨਵੀਨ ਜਟਿਲ ਸਰੂਪਾਂ ਨੂੰ ਜਨਮ ਦਿੰਦਾ ਹੈ। ਅਦਵਿਕਾਸੀ ਉਪਾਗਮ ਵਿਚ ਵਿਧੀ ਵਿਦਵਾਨਾਂ ਨੇ ਚਾਰ ਉਪ-ਪੱਧਤੀਆਂ ਦਾ ਪ੍ਰਯੋਗ ਕੀਤਾ ਹੈ: ਇਕ ਰੇਖੀ (Unilinear), ਸਾਰਵਭੌਮਿਕ (Universal), ਚਕ੍ਰੀ (Cyclical), ਅਤੇ ਬਹੁ-ਰੇਖੀ (Multi Linear)। ਇਕ ਰੇਖੀ ਉਪ ਪੱਧਤੀ ਵਿਭਿੰਨ ਚਰਣਾਂ (Stages) ਵਿਚ ਪਰਿਵਰਤਣ ਦੀ ਵਿਆਖਿਆ ਕਰਦੀ ਹੈ ਅਤੇ ਮੰਨਦੀ ਹੈ ਕਿ ਹਰੇਕ ਚਰਣ ਪਹਿਲਾਂ ਤੋਂ ਅੱਛਾ ਉੱਚਾ ਹੈ। ਸਾਰਵਭੌਮਿਕ ਉਪ-ਪੱਧਤੀ ਪਰਿਆਵਰਣ ਦੇ ਨਾਲ ਅਨੁਕੂਲ ਦੀ ਪ੍ਰਕ੍ਰਿਆ ਉਤੇ ਬਲ ਦਿੰਦੀ ਹੈ।
2. **ਸੰਘਰਸ਼ ਉਪਾਗਮ (Conflict Approach):** ਮਾਰਕਸਵਾਦੀ ਸੰਘਰਸ਼ ਉਪਾਗਮ ਦੇ ਅਨੁਸਾਰ ਆਰਥਿਕ ਪਰਿਵਰਤਣ, ਸਮਾਜਿਕ ਸਮੂਹਾਂ ਅਤੇ ਸਮਾਜ ਵਿਅਵਸਥਾ ਦੇ ਕਈ ਅੰਗਾਂ ਦੇ ਵਿਚ ਗਹਿਣ ਸੰਘਰਸ਼ ਦੇ ਮਾਧਿਅਮ ਨਾਲ ਹੋਰ ਪਰਿਵਰਤਣਾਂ ਨੂੰ ਜਨਮ ਦਿੰਦਾ ਹੈ। ਡੀ.ਪੀ. ਮੁਖਰਜੀ, ਏ.ਆਰ. ਦੇਸਾਈ ਅਤੇ ਐਮ.ਐਨ. ਦੱਤਾ ਵਰਗੇ ਕੁਝ ਸਿਧਾਂਤਵਾਦੀਆਂ ਨੇ ਕਿਹਾ ਹੈ ਕਿ ਵ੍ਰਿਹਦ ਅਰਥ ਵਿਚ ਸੰਘਰਸ਼ ਹੀ ਸਮਾਜਿਕ ਪਰਿਵਰਤਣ ਦਾ ਕਾਰਣ ਹੋਣਾ ਚਾਹੀਦਾ ਹੈ। ਇਸਦੇ ਪਿੱਛੇ ਤਰਕ ਇਹ ਹੈ ਕਿ ਜੇਕਰ ਸਮਾਜ ਵਿਚ ਮਤੈਕਿਅ (Consensus) ਹੋਵੇ ਅਤੇ ਜੇਕਰ ਕਈ ਖੰਡਾਂ ਵਿਚ ਏਕੀਕਰਣ ਹੋਵੇ ਤਾਂ ਪਰਿਵਰਤਣ ਦੇ ਲਈ ਬਹੁਤ ਘੱਟ ਦਬਾਅ ਰਹਿ ਜਾਏਗਾ। ਸੋ ਪਰਿਵਰਤਣ ਸਮੂਹਾਂ ਜਾਂ ਸਮਾਜਿਕ ਅਤੇ ਸਾਂਕ੍ਰਿਤਕ ਵਿਅਵਸਥਾਵਾਂ ਦੇ ਵਿਭਿੰਨ ਭਾਗਾਂ ਦੇ ਵਿਚ ਸੰਘਰਸ਼ ਦੇ ਫਲਸਰੂਪ ਹੀ ਹੋਣਾ ਚਾਹੀਦਾ।

3. **ਸਾਂਸਕ੍ਰਿਤ ਉਪਾਗਮ (Cultural Approach):** ਇਸ ਉਪਾਗਮ ਵਿਚ ਸਮਾਜ ਦੇ ਬਦਲਦੇ ਹੋਏ ਸਾਂਸਕ੍ਰਿਤ ਤੱਤਾਂ ਦਾ ਵਿਸ਼ਲੇਸ਼ਣ ਕਰਕੇ ਪਰਿਵਰਤਨ ਦਾ ਅਧਿਐਨ ਕੀਤਾ ਜਾਂਦਾ ਹੈ। ਇਸੇ ਉਪਾਗਮ ਦੇ ਅੰਤਰਗਤ ਐਮ.ਐਨ. ਸ੍ਰੀਨਿਵਾਸ ਨੇ ਸੰਸਕ੍ਰਿਤੀਕਰਣ ਤੇ ਪੱਛਮੀਕਰਣ ਦੀ ਪ੍ਰਕ੍ਰਿਆ ਦੇ ਮਾਧਿਅਮ ਨਾਲ ਪਰਿਵਰਤਨ ਦਾ ਅਧਿਐਨ ਕੀਤਾ; ਰੋਬਰਟ ਰੇਡਫੀਲਡ ਨੇ ਲਘੂ ਅਤੇ ਮਹਤ ਪਰੰਪਰਾਵਾਂ ਵਿਚ ਪਰਿਵਰਤਨ ਦੇ ਮਾਧਿਅਮ ਤੋਂ; ਅਤੇ ਮੈਕਿਮ ਮੈਰਿਅਟ ਨੇ ਸੰਕੁਚਿਤੀਕਰਣ ਤੇ ਸਾਰਵਭੌਮੀਕਰਣ (Parochailization and Universalization) ਦੀ ਪ੍ਰਕ੍ਰਿਆ ਦੇ ਮਾਧਿਅਮ ਨਾਲ ਪਰਿਵਰਤਣ ਅਧਿਐਨ ਕੀਤਾ। ਸੰਸਕ੍ਰਿਤੀਕਰਣ ਪਰਿਵਰਤਣ ਦੀ ਉਹ ਪ੍ਰਕ੍ਰਿਆ ਹੈ ਜਿਸ ਵਿਚ ਨੀਵੀਂ ਜਾਤੀ ਦੇ ਲੋਕ ਜਾਤੀ ਸੰਸਤਰਣ ਵਿਚ ਉੱਚ ਜਾਤੀਆਂ ਦੇ ਰੀਤੀ ਰਿਵਾਜ, ਕਰਮ, ਵਿਚਾਰਧਾਰਾਵਾਂ ਅਤੇ ਉਨ੍ਹਾਂ ਦੀ ਜੀਵਨ ਸ਼ੈਲੀ ਨੂੰ ਅਪਣਾ ਕੇ ਆਪਣੀ ਪਰਿਸਥਿਤੀ ਨੂੰ ਚੁਕਣਾ ਚਾਹੁੰਦੇ ਹਾਂ। ਪਰੰਪਰਾਗਤ ਸਮਾਜਿਕ ਸੰਰਚਨਾ ਵਿਚ ਇਹੀ ਸਾਂਸਕ੍ਰਿਤਕ ਗਤੀਸ਼ੀਲਤਾ ਦੀ ਪ੍ਰਕ੍ਰਿਆ ਹੈ। ਉੱਚ ਜਾਤੀਆਂ ਸਦੈਵ ਬ੍ਰਾਹਮਣ ਨਹੀਂ ਹੁੰਦੀਆਂ ਹਨ; ਉਹ ਖਤਰੀ, ਵੈਸ਼ ਅਤੇ ਹੋਰ ਵੀ ਹੋ ਸਕਦੀਆਂ ਹਨ। ਪੱਛਮੀਕਰਣ ਗੈਰ-ਪੱਛਮੀ ਸਮਾਜ ਦੁਆਰਾ ਪੱਛਮੀ ਸਮਾਜ ਦੀ ਤਕਨੀਕ, ਸੰਸਥਾਵਾਂ, ਆਦਰਸ਼ਾਂ ਤੇ ਕਦਰਾਂ-ਕੀਮਤਾਂ ਨੂੰ ਅਪਣਾਇਆ ਹੈ। ਕੁਝ ਵਿਦਵਾਨ ਇਸ ਵਿਚਾਰ ਦੇ ਹਨ ਕਿ ਪੱਛਮੀਕਰਣ ਅਤੇ ਸੰਸਕ੍ਰਿਤੀਕਰਣ ਦੋਵੇਂ ਹੀ ਪ੍ਰਕ੍ਰਿਆਵਾਂ ਭਾਰਤ ਵਿਚ ਸਮਾਜਿਕ-ਸੰਸਕ੍ਰਿਤਕ ਪਰਿਵਰਤਨ ਦੇ ਉਪ-ਸ਼ਾਖਾਵਾਂ ਨੂੰ ਸਪਸ਼ਟ ਨਹੀਂ ਕਰਦੀਆਂ। ਸੰਸਕ੍ਰਿਤੀਕਰਣ ਜਾਤੀ ਵਿਅਵਸਥਾ ਵਿਚ ਕਿਸੇ ਵਿਅਕਤੀ ਜਾਂ ਸਮੂਹ ਦੀ ਪਰਿਸਥਿਤੀ ਵਿਚ ਪਰਿਵਰਤਣ ਧਿਉਤਕ ਹੈ; ਇਹ ਸਮਾਜ ਜਾਂ ਸਮਾਜਿਕ ਵਿਅਵਸਥਾ ਵਿਚ ਪਰਿਵਰਤਣ ਨੂੰ ਨਹੀਂ ਦਸਦਾ। ਯੋਗੇਂਦਰ ਸਿੰਘ (1947:9) ਨੇ ਵੀ ਮੰਨਿਆ ਹੈ ਕਿ ਆਧੁਨਿਕ ਭਾਰਤ ਵਿਚ ਹੋਣ ਵਾਲੇ ਸਮਾਜਿਕ ਪਰਿਵਰਤਣ ਦਾ ਸੰਸਕ੍ਰਿਤੀਕਰਣ ਅਤੇ ਪੱਛਮੀਕਰਣ ਦੇ ਸੰਦਰਭ ਵਿਚ ਵਰਣਨ ਕਰਨਾ ਸੰਰਚਨਾਤਮਕ ਅਰਥ ਦੀ ਅਪੇਕਸ਼ਾ ਸਾਂਸਕ੍ਰਿਤਕ ਅਰਥ ਵਿਚ ਵਰਣਨ ਕਰਨਾ ਹੈ।

ਰੋਬਰਟ ਰੇਡਫੀਲਡ (1955), ਜਿਨ੍ਹਾਂ ਨੇ ਲਘੂ ਅਤੇ ਮਹਤ ਪਰੰਪਰਾਵਾਂ ਦੀ ਅਵਧਾਰਣਾਵਾਂ ਦੀ ਸਹਾਇਤਾ ਨਾਲ ਮਕਸਿਕੋਂ ਦੇ ਸਮੁਦਾਇਆਂ ਦੇ ਸਮਾਜਿਕ ਪਰਿਵਰਤਣ ਦਾ ਵਿਸ਼ਲੇਸ਼ਣ ਕੀਤਾ ਸੀ, ਦਾ ਅਨੁਸਰਣ ਕਰਦੇ ਹੋਏ ਮੈਕਿਮ ਮੇਰਿਅਟ (1955) ਅਤੇ ਮਿਲਟਨ ਸਿੰਗਰ (1959) ਨੇ ਵੀ ਭਾਰਤ ਵਿਚ ਸਮਾਜਿਕ ਪਰਿਵਰਤਣ ਦਾ ਇਸੇ ਅਵਧਾਰਣਾਤਮਕ ਸੰਦਰਭ ਵਿਚ ਅਧਿਐਨ ਕੀਤਾ। ਲਘੂ ਪਰੰਪਰਾਵਾਂ ਉਹ ਸਵਦੇਸ਼ੀ ਪ੍ਰਥਾਵਾਂ, ਦੇਵੀ-ਦੇਵਤਾ, ਅਤੇ ਰੀਤੀਆਂ ਤੇ ਸੰਸਕਾਰ ਹਨ ਜੋ ਕਿ ਲੋਕ ਪੱਧਰ ਤੇ ਪਾਏ ਜਾਂਦੇ ਹਨ। ਉਹ ਪੇਂਡੂ ਸਮੁਦਾਏ ਦੇ ਪੱਧਰ ਉਤੇ ਪਾਏ ਜਾਂਦੇ ਹਨ ਅਤੇ ਉਨ੍ਹਾਂ ਦਾ ਵਿਕਾਸ ਆਂਤਰਿਕ ਹੁਦਾ ਹੈ। ਜੋ ਪਰੰਪਰਾਵਾਂ ਬਾਹਰੀ ਸੰਪਰਕਾਂ ਦੇ ਕਾਰਣ ਵਿਕਸਿਤ ਹੁੰਦੀਆਂ ਹਨ ਅਤੇ ਅਭਿਜਨ ਪੱਧਰ ਉਤੇ ਮਿਲਦੀਆਂ ਹਨ, ਮਹਤ ਪਰੰਪਰਾਵਾਂ ਕਹਿਲਾਉਂਦੀ ਹਨ। ਸਾਂਸਕ੍ਰਿਤਕ ਪਰਿਵਰਤਾਂ ਦੀ ਵਿਆਖਿਆ ਕਰਦੇ ਹੋਏ ਮਿਲਡਨ ਸਿੰਗਰ ਨੇ ਕਿਹਾ ਹੈ: (ਅ) ਮਹਤ ਪਰੰਪਰਾਵਾਂ ਦਾ ਵਿਕਾਸ ਲਘੂ ਪਰੰਪਰਾਵਾਂ ਦੇ ਨਾਲ ਨਿਰੰਤਰ ਰਿਹਾ ਹੈ; (ਬ) ਭਾਰਤ ਵਿਚ ਸਾਂਸਕ੍ਰਿਤਕ ਨਿਰੰਤਰਤਾ ਦਾ ਕਾਰਣ ਲੋਕਾਂ ਦੁਆਰਾ ਆਮ ਸਾਂਸਕ੍ਰਿਤਕ ਚੇਤਨਾ ਵਿਚ ਸਹਿਭਾਗਿਤਾ ਅਤੇ ਆਮ ਮਾਨਸਿਕ ਦ੍ਰਿਸ਼ਟੀਕੋਣ ਹੈ; (ਸ) ਆਮ ਸਾਂਸਕ੍ਰਿਤਕ ਚੇਤਾਂ ਦਾ ਨਿਰਮਾਣ ਪਵਿੱਤਰ ਪੁਸਤਕਾਂ ਅਤੇ ਪਵਿੱਤਰ ਵਸਤੂਆਂ ਨਾਲ ਹੁੰਦਾ ਹੈ; (ਦ) ਅਤੀਤ ਦੇ ਨਾਲ ਭਾਰਤ ਦੀ ਸਾਂਸਕ੍ਰਿਤਕ ਨਿਰੰਤਰਤਾ ਇੰਨੀ ਸੁਦ੍ਰਿੜ ਹੈ ਕਿ ਸਵੀਕਾਰ ਕੀਤੇ ਪਰਿਵਰਤਣਾਂ ਵਿਚ ਵੀ ਪ੍ਰਾਚੀਨ ਪਰੰਪਰਾਵਾਂ ਨੂੰ ਨਹੀਂ ਛੱਡਿਆ ਜਾਂਦਾ। ਇਸ ਪ੍ਰਕਾਰ, ਭਾਵੇਂ ਆਧੁਨਿਕ ਭਾਰਤ ਦੇ ਸਮਾਜਿਕ ਤੇ ਸਾਂਸਕ੍ਰਿਤਕ ਜੀਵਨ ਦੇ ਅਨੇਕ ਪੱਖਾਂ ਨੂੰ ਪ੍ਰਭਾਵਤ ਕਰ ਰਹੇ ਹਨ, ਉਨ੍ਹਾਂ ਨੇ ਭਾਰਤ ਦੇ ਮੂਲ ਢਾਂਚੇ ਤੇ ਸਰੂਪ ਨੂੰ ਨਸ਼ਟ ਨਹੀਂ ਕੀਤਾ ਹੈ ਮੈਕਿਮ ਮੈਰਿਅਟ ਨੇ ਲਘੂ ਪਰੰਪਰਾਵਾਂ ਦੇ ਮੂਲ ਤੱਤਾਂ ਦਾ ਮਹਤ ਪਰੰਪਰਾਵਾਂ ਦੀ ਤਰਫ ਉਠਣ ਦੀ ਪ੍ਰਕ੍ਰਿਆ ਨੂੰ ਸਾਰਵਭੌਮਿਕਰਣ ਕਿਹਾ ਹੈ। ਦੂਜੀ ਤਰਫ, ਮਹਤ ਪਰੰਪਰਾਵਾਂ ਦਾ ਹੇਠਾਂ ਦੀ ਅਤੇ ਲਘੂ ਪਰੰਪਰਾਵਾਂ ਤਕ ਪਹੁੰਚਣ ਦੀ ਪ੍ਰਕ੍ਰਿਆ ਨੂੰ ਸੰਕੁਚਿਤੀਕਰਣ ਕਿਹਾ ਹੈ। ਇਸ ਪ੍ਰਕਾਰ ਸਾਰਵਭੌਮਿਕਰਨ ਅਤੇ ਸੰਕੁਚਿਤੀਕਰਣ ਦੋਵੇਂ ਹੀ ਪ੍ਰਕ੍ਰਿਆ ਸਾਂਸਕ੍ਰਿਤਕ ਪਰਿਵਰਤਣ ਦੀ ਵਿਆਖਿਆ ਕਰਦੀਆਂ ਹਨ।

4. **ਸੰਰਚਨਾਤਮਕ ਉਪਾਗਮ (Structural Approach):** ਇਹ ਉਪਾਗਮ ਸਮਾਜਿਕ ਸੰਬੰਧਾਂ ਦੇ ਜਾਲ ਅਤੇ ਸਮਾਜਿਕ ਸੰਰਚਨਾ ਵਿਚ ਪਰਿਵਰਤਣ ਦਾ ਅਧਿਐਨ ਕਰਦਾ ਹੈ (ਜਿਵੇਂ ਜਾਤੀ, ਨਾਤੇਦਾਰੀ, ਫੈਕਟਰੀ, ਪ੍ਰਸ਼ਾਸਨਿਕ ਸੰਰਚਨਾ ਆਦਿ)। ਇਨਾਂ ਸਮਾਜਿਕ ਸੰਰਚਨਾਵਾਂ ਅਤੇ ਸੰਬੰਧਾਂ ਦੀ ਤੁਲਨਾ ਸਾਂਸਕ੍ਰਿਤਕ ਦ੍ਰਿਸ਼ਟੀ ਨਾਲ (Intra-culturally) ਅਤੇ ਸਾਂਸਕ੍ਰਿਤਕ ਦ੍ਰਿਸ਼ਟੀ ਪਾਰ ਕਰ (Cross-Culturally) ਵੀ ਕੀਤੀ ਜਾਂਦੀ ਹੈ।

ਯੋਗੇਂਦਰ ਸਿੰਘ ਦੇ ਅਨੁਸਾਰ ਪਰਿਵਰਤਣ ਦੇ ਸੰਰਚਨਾਤਮਕ ਵਿਸ਼ਲੇਸ਼ਣ ਵਿਚ ਸੰਬੰਧਾਂ ਦੇ ਸੰਰੂਪਣ (Patterned Relationships) ਵਿਚ ਨਵੇਂ ਤਾਲਮੇਲ ਦੇ ਗੁਣਾਤਮਕ ਪ੍ਰਕ੍ਰਿਤੀ ਦਾ ਅਧਿਐਨ ਨਿਹਿਤ ਹੈ। ਉਦਾਹਰਣ ਲਈ, ਜਦ ਜੀਵਨ ਸਾਥੀ ਦੀ ਚੋਣ ਬੱਚੇ ਆਪ ਕਰਦੇ ਹਨ। ਨਾ ਕਿ ਉਨ੍ਹਾਂ ਦੇ ਮਾਤਾ ਪਿਤਾ, ਤਦ ਵਿਆਹ ਸੰਬੰਧਾਂ ਦੀ ਗੁਣ ਸੰਬੰਧੀ ਪ੍ਰਕ੍ਰਿਤੀ ਨਿਸ਼ਚੇ ਹੀ ਭਿੰਨ ਹੋਵੇਗੀ। ਭਾਰਤ ਵਿਚ ਪਰਿਵਰਤਣ ਦੇ ਵਿਸ਼ਲੇਸ਼ਣ ਵਿਚ ਇਸ ਉਪਾਗਮ ਦਾ ਪ੍ਰਯੋਗ ਕੁਝ ਮੁਸ਼ਕਲ ਨਾਲ ਹੀ ਕੀਤਾ ਗਿਆ ਹੈ, ਜਦ ਕਿ ਸਾਂਸਕ੍ਰਿਤਕ ਉਪਾਗਮ ਦਾ ਪ੍ਰਯੋਗ ਜ਼ਿਆਦਾ ਕੀਤਾ ਗਿਆ ਹੈ।

5. **ਏਕੀਕ੍ਰਿਤ ਉਪਾਗਮ (Intergrated Approach):** ਯੋਗੇਂਦਰ ਸਿੰਘ ਮੰਨਦੇ ਹਨ ਕਿ ਉਪਰੋਕਤ ਕੋਈ ਵੀ ਉਪਾਗਮ ਭਾਰਤ ਵਿਚ ਸਮਾਜਿਕ ਪਰਿਵਰਤਣ ਦਾ ਵਿਆਪਕ ਪਰਿਪੇਖ ਪ੍ਰਸਤੁਤ ਨਹੀਂ ਕਰਦਾ। ਸੋ ਉਨ੍ਹਾਂ ਨੇ ਸਮਾਜਿਕ ਪਰਿਵਰਤਣ

ਨੋਟ

ਨਾਲ ਸੰਬਧ ਵਿਭਿੰਨ ਵਿਚਾਰਾਂ ਨੂੰ ਮਿਲਾ ਕੇ ਇਕ ਨਵੇਂ ਪੈਰਾਡਾਈਮ ਤੇ ਉਪਾਗਮ ਦਾ ਵਿਕਾਸ ਕੀਤਾ ਜਿਸਦਾ ਉਨ੍ਹਾਂ ਨੇ ਏਕੀਕ੍ਰਿਤ ਉਪਾਗਮ ਕਿਹਾ ਹੈ। ਇਸ ਉਪਾਗਮ ਵਿਚ ਉਨ੍ਹਾਂ ਨੇ (ਅ) ਪਰਿਵਰਤਣ ਦੀ ਦਿਸ਼ਾ (ਇਕ ਰੇਖੀ ਜਾਂ ਚਕ੍ਰੀਏ), (ਬ) ਪਰਿਵਰਤਣ ਦਾ ਸੰਦਰਭ (ਲਘੂ ਜਾਂ ਵ੍ਰਿਹਦ ਸੰਰਚਨਾਤਮਕ ਪੱਧਰ ਦੇ ਦੁਆਰਾ), (ਸ) ਪਰਿਵਰਤਣ ਦਾ ਸ੍ਰੋਤ (ਅਰਥਾਤ ਆਂਤਰਿਕ ਅਥਵਾ ਬਾਹਰੀ ਸੰਪਰਕ ਦੁਆਰਾ), (ਦ) ਪਰਿਵਰਤਿਤ ਹੋਣ ਵਾਲੀ ਘਟਨਾ ਦਾ ਸਾਰਭੂਤ ਖੇਤਰ (ਅਰਥਾਤ ਸਾਂਸਕ੍ਰਿਤ ਜਾਂ ਸਮਾਜਿਕ ਸੰਰਚਨਾ), ਆਦਿ ਨੂੰ ਮਿਲਾ ਦਿੱਤਾ ਹੈ।

6. **ਨਿਯੋਜਨ ਅਤੇ ਸਮਾਜਿਕ ਪਰਿਵਰਤਣ (Planning and Social Change):** ਕਿਸੇ ਨਿਸ਼ਚਿਤ ਕ੍ਰਿਆ ਦੇ ਪ੍ਰਤੀ ਪ੍ਰਤੀਬਧਤਾ ਨਿਯੋਜਨ ਕਹਿਲਾਉਂਦੀ ਹੈ। ਇਹ ਸਮਾਜਿਕ ਸੰਸਥਾਵਾਂ ਦਾ ਨਵੀਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਥਿਤੀਆਂ ਤੋਂ ਸਮਾਯੋਜਨ ਹਨ ਇਹ ਜਰੂਰੀ ਨਹੀਂ ਹੈ ਕਿ ਨਿਯੋਜਨ ਤਰਕ ਸੰਗਤ ਹੀ ਹੋਵੇ ਕਿਉਂਕਿ ਇਹ ਸਦੈਵ ਵਿਸ਼ਵਸਨੀ ਵਿਗਿਆਨਿਕ ਸੂਚਨਾਵਾਂ ਉਤੇ ਆਧਾਰਤ ਨਹੀਂ ਹੁੰਦਾ ਹੈ। ਉਦਾਹਰਣ ਲਈ, ਜੇਕਰ ਭਾਰਤ ਵਿਚ ਗਰੀਬੀ ਖਤਮ ਕਰਨ ਦੇ ਲਈ ਸਿਰਫ ਉਤਪਾਦਨ ਦੀ ਵ੍ਰਿਧੀ ਉਤੇ ਹੀ ਬਲ ਦਿਤਾ ਜਾਵੇ ਅਤੇ ਜਨਸੰਖਿਆ ਵਿਸਫੋਟ ਤੇ ਨਿਅੰਤ੍ਰਣ ਦੇ ਪੱਖ ਦੀ ਉਪੇਕਸ਼ਾ ਕੀਤੀ ਜਾਂਦੀ ਹੈ ਤਦ ਅਜਿਹੇ ਨਿਯੋਜਨ ਨੂੰ ਤਰਕ ਸੰਗਤ ਕਿਵੇਂ ਕਿਹਾ ਜਾ ਸਕਦਾ ਹੈ। ਸਮਾਜਿਕ ਨਿਯੋਜਨ ਦੇ ਹੇਠ ਲਿਖੇ ਉਦੇਸ਼ ਹੁੰਦੇ ਹਨ; (*i*) ਸਮਾਜਿਕ ਸੰਗਠਨ ਵਿਚ ਪਰਿਵਰਤਣ (*ii*) ਸਾਮੁਦਾਇਕ ਕਲਿਆਣ ਜਿਵੇਂ ਸਿਖਿਆ ਸੁਵਿਧਾਵਾਂ ਵਿਚ ਸੁਧਾਰ ਕਰਨਾ, ਨੌਕਰੀ ਦੇ ਅਵਸਰਾਂ ਵਿਚ ਵਾਧੇ ਕਰਨਾ, ਸਮਾਜਿਕ ਕੁਰੀਤੀਆਂ ਨੂੰ ਖਤਮ ਕਰਨਾ, ਆਦਿ।

ਰੀਮਰ (Riemer) ਦੇ ਅਨੁਸਾਰ ਨਿਯੋਜਨ ਦੀ ਤਿੰਨ ਪ੍ਰਮੁੱਖ ਵਿਸ਼ੇਸ਼ਤਾਵਾਂ ਹਨ (ਅ) ਉਦੇਸ਼ਾਂ ਦਾ ਪੂਰਵ ਨਿਰਧਾਰਣ ਅਤੇ ਕਦਰਾਂ-ਕੀਮਤਾਂ ਦੀ ਘੋਸ਼ਣਾ, (ਬ) ਮੂਰਤਤਾ (Concreteness) ਅਤੇ ਵਿਸ਼ੇ ਸਾਮਗ੍ਰੀ ਦੀ ਨਿਸ਼ਚਿਤਤਾ ਨਿਰਧਾਰਤ ਕਰਨਾ, (ਸ) ਕਈ ਕੁਸ਼ਲਤਾਵਾਂ ਅਤੇ ਕਈ ਪੇਸ਼ੇ ਦੀ ਟ੍ਰੇਨਿੰਗ ਵਿਚ ਤਾਲਮੇਲ ਸਥਾਪਿਤ ਕਰਨਾ। ਯੋਜਨਾ ਦੀ ਸਫਲਤਾ ਦੇ ਲਈ ਕੁਝ ਗੱਲਾਂ ਧਿਆਨ ਵਿਚ ਰਖਣਾ ਜਰੂਰੀ ਹੈ: (*i*) ਯੋਜਨਾ ਦਾ ਆਵਿਰਭਾਵ (Stem) ਲੋਕਾਂ ਦੇ ਦੁਆਰਾ ਹੋਣਾ ਚਾਹੀਦਾ ਹੈ, (*ii*) ਲੋਕ ਦੀ ਭਾਗੀਦਾਰੀ ਬਹੁਤ ਜਰੂਰੀ ਹੈ; (*iii*) ਯੋਜਨਾ ਦੇ ਆਰੰਭ ਕਰਨ ਦੇ ਲਈ ਸਮਾਜਿਕ ਕਾਰਜਕਰਤਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਨਾ ਕਿ ਯੋਜਨਾ ਬਣਾਉਣ ਵਾਲਿਆਂ ਨੂੰ, (*iv*) ਪ੍ਰਾਥਮਿਕਤਾਵਾਂ ਪੂਰਵ ਤਕਨੀਕੀ ਗਿਆਨ ਰਖਦਾ ਹੋਵੇ ਅਤੇ ਜੋ ਯੋਗਤਾ ਪ੍ਰਾਪਤ ਪੇਸ਼ੇਵਰ ਵਿਅਕਤੀ ਹੋਵੇ ਕਿਉਂਕਿ ਵਿਕਲਪ ਲੱਭਣ ਦੀ ਯੋਗਤਾ ਹੁੰਦੀ ਹੈ।

ਭਾਰਤ ਵਿਚ 1940 ਦੇ ਦਸ਼ਕ ਵਿਚ ਐਮ. ਵਿਸ਼ਵੇਸ਼ਰੀਆ ਦੁਆਰਾ ਆਰਥਿਕ ਨਿਯੋਜਨ ਦਾ ਪ੍ਰਤੀਪਾਦਨ ਕੀਤਾ ਗਿਆ ਸੀ। ਦੂਜੇ ਵਿਸ਼ਵ ਯੁੱਧ ਦੇ ਅਵਸਰ ਉਤੇ (1938-39) ਇਕ ਅਖਿਲ ਭਾਰਤੀ ਯੋਜਨਾ ਬਣਾਉਣ ਦੇ ਉਦੇਸ਼ ਨਾਲ ਭਾਰਤੀ ਰਾਸ਼ਟਰੀ ਕਾਂਗਰਸ ਨੇ ਰਾਸ਼ਟਰੀ ਯੋਜਨਾ ਸਮੀਤੀ ਦੀ ਨਿਯੁਕਤੀ ਕੀਤੀ। ਪਰੰਤੂ ਬੰਬਈ ਯੋਜਨਾ (ਟਾਟਾ-ਬਿਰਲਾ ਯੋਜਨਾ) ਨੇ ਹੀ ਭਾਰਤ ਦੇ ਲੋਕ ਨੂੰ ਨਿਯੋਜਨ ਚੇਤਨਾ ਪ੍ਰਦਾਨ ਕੀਤੀ। 1943 ਵਿਚ ਭਾਰਤ ਸਰਕਾਰ ਨੇ ਇਕ ਵਾਇਸਰਾਏ ਕਾਉਂਸਿਲ ਦੀ ਕਮੇਟੀ, ਜਿਸ ਨੂੰ ਮੁੜ ਨਿਰਮਾਣ ਕਮੇਟੀ ਆਫ ਕਾਉਂਸਿਲ (Reconstruction Committee of Council) ਦੇ ਨਾਮ ਤੋਂ ਜਾਣਿਆ ਜਾਂਦਾ ਹੈ, ਦੀ ਸਥਾਪਨਾ ਕੀਤੀ (ਜਿਸਦੀ ਸਹਾਇਤਾ ਪ੍ਰਾਂਤੀਏ ਨੀਤੀ ਸਮੀਤੀਆਂ ਨੇ ਕੀਤੀ) ਜਿਸਦਾ ਉਦੇਸ਼ ਮੁੜਨਿਰਮਾਣ ਦੀ ਯੋਜਨਾ ਤਿਆਰ ਕਰਨਾ ਸੀ। 1944 ਵਿਚ ਯੋਜਨਾ ਅਤੇ ਵਿਕਾਸ ਵਿਭਾਗ ਦਾ ਵੀ ਨਿਰਮਾਣ ਕੀਤਾ ਗਿਆ। ਪਰੰਤੂ ਉਸ ਸਮੇਂ ਸਰਕਾਰੀ ਯੋਜਨਾਵਾਂ ਨਿਸ਼ਚਿਤ ਆਰਥਿਕ ਲਕਸ਼ਾਂ ਨੂੰ ਪ੍ਰਾਪਤ ਕਰ ਦੇ ਲਈ ਨਹੀਂ ਬਣਾਈ ਗਈਆਂ ਸਨ। ਉਨ੍ਹਾਂ ਦਾ ਸੰਬੰਧ ਸਿਰਫ ਜੀਵਨ ਪੱਧਰ ਚੁਕਣ, ਲੋਕਾਂ ਦੀ ਕ੍ਰਿਆਸ਼ਕਤੀ ਵਧਾਉਣ, ਖੇਤੀ ਕੀਮਤਾਂ ਨੂੰ ਸਥਿਰ ਕਰਨ, ਉਦਯੋਗਾਂ ਦਾ ਵਿਕਾਸ ਕਰਨ, ਧਰਮ ਸੰਬੰਧੀ ਵਿਸ਼ਮਤਾ ਨੂੰ ਦੂਰ ਕਰਨ, ਅਤੇ ਪਿਛੜੇ ਵਰਗ ਨੂੰ ਚੁਕਣ ਦੇ ਪ੍ਰਕਰਣਾਂ ਤੋਂ ਸੀ। ਕਈ ਪ੍ਰਾਂਤਾਂ ਤੋਂ ਆਪਣੀ-ਆਪਣੀ ਯੋਜਨਾਵਾਂ ਬਣਾਉਣ ਦੇ ਲਈ ਕਿਹਾ ਗਿਆ ਸੀ। ਉਨ੍ਹਾਂ ਦੇ ਲਈ ਨਾ ਤਾਂ ਕੋਈ ਸੰਸਾਧਨ ਬਜਟ ਸੀ ਅਤੇ ਨਾ ਹੀ ਕਿਸੇ ਪ੍ਰਾਥਮਿਕਤਾ ਦਾ ਹੀ ਉਲੇਖ ਸੀ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਭਾਰਤ ਦੀ ਸੁਤੰਤਰਤਾ ਪ੍ਰਾਪਤੀ ਤਕ ਪ੍ਰੇਰਿਤ ਸਮਾਜਿਕ ਪਰਿਵਰਤਣ ਸੰਭਵ ਨਹੀਂ ਸੀ। ਕਿਉਂਕਿ : (*i*) ਪਰਿਆਪਤ ਨਿਯੋਜਨ ਦੁਆਰਾ ਵਿਕਾਸ ਦੀ ਪ੍ਰਾਥਮਿਕਤਾਵਾਂ ਨੂੰ ਪੂਰਵ ਨਿਸ਼ਚਿਤ ਨਹੀਂ ਕੀਤਾ ਗਿਆ ਸੀ, (*ii*) ਉਤਪਾਦਨ ਅਤੇ ਰਾਸ਼ਟਰੀ ਆਮਦਨ ਦੀ ਜ਼ਰੂਰਤ ਨਾਲ ਸੰਬੰਧਿਤ ਪਰਿਆਪਤ ਆਂਕੜੇ ਤਿਆਰ ਨਹੀਂ ਕੀਤੇ ਗਏ ਸਨ, (*iii*) ਵਿਕਾਸ ਉਦੇਸ਼ਾਂ ਦੇ ਲਈ ਸਿਰਫ ਸੀਮਤ ਵਿਦੇਸ਼ੀ ਵਿਨਿਮਯ ਹੀ ਉਪਲਬਧ ਸੀ, (*iv*) ਨਿਜੀ ਉਧਮੀ ਉਦਿਯੋਗਿਕ ਵਿਕਾਸ ਵਿਚ ਵੱਡੀ ਪੂੰਜੀ ਨਿਵੇਸ਼ ਕਰਨ ਵਿਚ ਘੱਟ ਉਤਸਾਹੀ ਸਨ ਕਿਉਂਕਿ ਸਰਕਾਰੀ ਨੀਤੀਆਂ ਉਨ੍ਹਾਂ ਦੇ ਲਈ ਸਹਾਇਕ ਨਹੀਂ ਸਨ, (*v*) ਵਿਦੇਸ਼ਾਂ ਤੋਂ ਕੱਚਾ ਮਾਲ, ਮਸ਼ੀਨਾਂ ਅਤੇ ਪ੍ਰਮੁੱਖ ਵਸਤੂਆਂ ਆਯਾਤ ਕਰ ਦੀ ਸਹੂਲਤ ਨਹੀਂ ਸੀ, (*vi*) ਜਨਸੰਖਿਆ ਵ੍ਰਿਧੀ ਨੂੰ ਰੋਕਣ ਦੇ ਗੰਭੀਰ ਯਤਨ ਨਹੀਂ ਕੀਤੇ ਗਏ, (*vii*) ਪ੍ਰਾਂਤੀਏ ਅਤੇ ਕੇਂਦਰੀ ਸਮੀਤੀਆਂ ਦੇ ਵਿਚ ਨਿਯੋਜਨ ਪ੍ਰਕ੍ਰਿਆ ਵਿਚ ਤਾਲਮੇਲ ਨਹੀਂ ਸੀ, (*viii*) ਵਿਸ਼ਵ ਯੁੱਧਾਂ ਦੇ ਕਾਰਣ ਮੁਦ੍ਰਾ ਸਫੀਤੀ ਵਿਚ ਵ੍ਰਿਧੀ ਹੁੰਦੀ ਜਾ ਰਹੀ ਸੀ, ਅਤੇ (*ix*) ਪ੍ਰਸ਼ਾਸਨਿਕ ਪ੍ਰਕ੍ਰਿਆ ਦਾ ਵਿਕਾਸ ਮੁੱਖ ਤੌਰ ਤੇ ਰਾਜ ਦੇ ਪੁਲਿਸ ਕਾਰਜਾਂ ਦੇ ਉਦੇਸ਼ ਤੋਂ ਕੀਤਾ ਗਿਆ ਸੀ। ਨੌਕਰਸ਼ਾਹੀ ਨੂੰ ਵਿਕਾਸ ਯੋਜਨਾਵਾਂ ਵਿਚ ਰੂਚੀ ਲੈਣ ਦੀ ਟ੍ਰੇਨਿੰਗ ਨਹੀਂ ਦਿਤੀ ਜਾਂਦੀ ਸੀ।

ਨੋਟ

ਸੁਤੰਤਰਤਾ ਦੇ ਬਾਅਦ ਭਾਰਤ ਸਰਕਾਰ ਨੇ ਸੰਨ 1950 ਵਿਚ ਸਾਰੇ ਰਾਜਾਂ ਅਤੇ ਕੇਂਦਰੀ ਯੋਜਨਾਵਾਂ ਵਿਚ ਤਾਲਮੇਲ ਬਿਠਾਉਣ ਦੇ ਉਦੇਸ਼ ਨਾਲ ਯੋਜਨਾ ਆਯੋਗ ਦੀ ਨਿਯੁਕਤੀ ਕੀਤੀ। ਇਹ ਆਯੋਗ (*i*) ਪ੍ਰਾਥਮਿਕਤਾਵਾਂ ਨੂੰ ਨਿਸ਼ਚਿਤ ਕਰਨ (*ii*) ਦੇਸ਼ ਦੇ ਸੰਸਾਧਨਾਂ ਦੇ ਸੰਤੁਲਿਤ ਨਿਯੋਜਨ ਦੇ ਲਈ (*iii*) ਦੇਸ਼ ਦੇ ਭੌਤਿਕ, ਪੂੰਜੀ ਅਤੇ ਮਾਨਵ ਸੰਸਾਧਨਾਂ ਦਾ ਮੁਲਾਂਕਣ ਕਰਨ (*iv*) ਸਮੇਂ-ਸਮੇਂ ਉਤੇ ਪ੍ਰਗਤੀ ਦਾ ਮੁਲਾਂਕਣ ਅਤੇ ਦੁਬਾਰਾ ਸਮਾਯੋਜਨ ਦੀ ਸਿਫਾਰਸ਼ ਕਰਨ (*v*) ਉਨ੍ਹਾਂ ਕਾਰਕਾਂ ਦਾ ਪਤਾ ਲਗਾਉਣ ਦੇ ਲਈ ਜੋ ਆਰਥਿਕ ਪ੍ਰਗਤੀ ਵਿਚ ਰੁਕਾਵਟ ਪਾਉਂਦੇ ਹਨ, ਆਦਿ ਕੰਮ ਕਰਨ ਦੇ ਲਈ ਸੀ।

ਆਪਣੇ ਆਰੰਭ ਹੋਣ ਨਾਲ ਹੁਣ ਤਕ ਯੋਜਨਾ ਆਯੋਗ ਨੇ ਅੱਠ ਪੰਜ ਸਾਲਾ ਯੋਜਨਾਵਾਂ ਤਿਆਰ ਕੀਤੀਆਂ ਹਨ ਅਤੇ ਹਰੇਕ ਯੋਜਨਾ ਵਿਸ਼ੇਸ਼ ਉਦੇਸ਼ ਉਤੇ ਕੇਂਦ੍ਰਿਤ ਕੀਤੀ ਗਈ ਹੈ। ਉਦਾਹਰਣ ਲਈ, ਅਪ੍ਰੈਲ, 1951 ਵਿਚ ਜਦ ਪਹਿਲੀ ਪੰਜ ਸਾਲਾ ਯੋਜਨਾ ਆਰੰਭ ਕੀਤੀ ਗਈ ਤਾਂ ਇਸਦਾ ਪ੍ਰਮੁੱਖ ਕੇਂਦਰ ਬਿੰਦੂ ਖੇਤੀ ਵਿਕਾਸ ਸੀ। ਦੂਜੀ ਯੋਜਨਾ ਵਿਚ ਭਾਰੀ ਉਦਿਯੋਗਾਂ ਉਤੇ ਬਲ ਦਿੱਤਾ ਗਿਆ, ਜਦਕਿ ਬਾਕੀ 6 ਯੋਜਨਾਵਾਂ ਖੇਤੀ ਅਤੇ ਉਦਿਯੋਗਿਕ ਵਿਕਾਸ ਦੋਵਾਂ ਉਤੇ ਕੇਂਦ੍ਰਿਤ ਸਨ। ਪ੍ਰੇਰਿਤ ਪਰਿਵਰਤਣ ਦੇ ਲਈ ਹੋਰ ਪ੍ਰਾਥਮਿਕਤਾਵਾਂ ਸਨ: ਪਰਿਵਾਰ ਨਿਯੋਜਨ, ਰੋਜਗਾਰ ਦੇ ਅਵਸਰਾਂ ਵਿਚ ਵ੍ਰਿਧੀ, 5 ਜਾਂ 7% ਸਾਲਾਨਾ ਰਾਸ਼ਟਰੀ ਆਮਦਨ ਵਿਚ ਵ੍ਰਿਧੀ, ਮੂਲ ਉਦਿਯੋਗਾਂ ਦਾ ਵਿਕਾਸ (ਲੋਹਾ, ਇਸਪਾਤ, ਸ਼ਕਤੀ, ਰਸਾਇਨ), ਮਾਨਵ ਸੰਸਾਧਨਾਂ ਦਾ ਜ਼ਿਆਦਾ ਪ੍ਰਯੋਗ, ਆਰਥਿਕ ਸ਼ਕਤੀ ਦਾ ਵਿਕੇਂਦਰੀਕਰਣ, ਆਮਦਨ ਵਿਤਰਣ ਦੀ ਅਸਮਾਨਤਾਵਾਂ ਘੱਟ ਕਰਨਾ, ਸਮਾਜਿਕ ਨਿਆਂ ਅਤੇ ਸਮਾਨਤਾ ਪ੍ਰਾਪਤ ਕਰਨਾ, ਆਦਿ। ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਵਿਚ ਨਿਯੋਜਨ ਦਾ ਮੁੱਖ ਉਦੇਸ਼ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁਕਣਾ ਅਤੇ ਉਨ੍ਹਾਂ ਲਈ ਅੱਛੇ ਜੀਵਨ ਦੇ ਲਈ ਅਵਸਰ ਪ੍ਰਦਾਨ ਕਰਨਾ ਰਿਹਾ ਹੈ।

ਕਿੰਤੂ ਕੀ ਭਾਰਤ ਵਿਚ ਨਿਯੋਜਨ ਨਾਲ ਨਿਯੋਜਿਤ ਪਰਿਵਰਤਣ ਦਾ ਉਦੇਸ਼ ਪ੍ਰਾਪਤ ਹੋ ਸਕਿਆ ਹੈ? 44 ਸਾਲ ਦੇ ਨਿਯੋਜਨ ਦੇ ਸਮੇਂ ਵਿਚ ਆਰਥਿਕ ਵਿਕਾਸ ਦੀ ਦਰ 3.5% ਰਹੀ ਹੈ। ਭਾਵੇਂ ਇਹ ਵਿਸ਼ਵ ਦੀ ਆਮਦਨ ਵਿਚ 4% ਦੀ ਵ੍ਰਿਧੀ ਦੀ ਤੁਲਨਾ ਵਿਚ ਬੁਰੀ ਨਹੀਂ ਹੈ, ਕਿੰਤੂ ਵਿਕਾਸਸ਼ੀਲ ਦੇਸ਼ਾਂ ਦੀ 7% ਤੋਂ 10% ਦੀ ਵ੍ਰਿਧੀ ਦੀ ਅਪੇਕਸ਼ਾ ਅੱਛੀ ਨਹੀਂ ਹੈ। 1951 ਤੋਂ 1994 ਦੇ ਸਮੇਂ ਵਿਚ ਭਾਰੀ ਰਾਸ਼ਟਰੀ ਆਮਦਨ ਵਿਚ ਸਿਰਫ 3.5% ਦੀ ਹੀ ਵ੍ਰਿਧੀ ਸੰਭਵ ਹੋ ਪਾਈ ਹੈ।

ਭਾਵੇਂ ਸਰਕਾਰ ਦਾ ਦਾਵਾ ਹੈ ਕਿ 1972-1994 ਦੇ ਵਿਚ ਗਰੀਬੀ ਦੀ ਰੇਖਾ ਤੋਂ ਹੇਠਾਂ ਲੋਕਾਂ ਦੀ ਸੰਖਿਆ ਵਿਚ 15% ਦੀ ਕਮੀ ਹੋਈ ਹੈ, ਕਿੰਤੂ ਕਿਉਂਕਿ ਰੋਜ਼ਗਾਰ ਦਫਤਰਾਂ ਵਿਚ ਬੇਰਜ਼ਗਾਰ ਲੋਕਾਂ ਦੇ ਪੰਜੀਕਰਣ ਦੀ ਸੰਖਿਆ ਵਿਚ ਵ੍ਰਿਧੀ 1952 ਵਿਚ 4.37 ਲੱਖ ਨਾਲ 1971 ਵਿਚ 59.09 ਲੱਖ 1981 ਵਿਚ 178.3 ਲੱਖ, 1990 ਵਿਚ 346.3 ਲੱਖ ਅਤੇ 1991 ਵਿਚ 363.0 ਲੱਖ (India Today, May 31, 1992:296) ਹੋਈ, ਇਸ ਲਈ ਅਸੀਂ ਇਸ ਨਤੀਜੇ ਉਤੇ ਨਹੀਂ ਪਹੁੰਚ ਸਕਦੇ ਕਿ ਨਿਯੋਜਨ ਦੇ ਲਖਸ਼ ਪ੍ਰਾਪਤ ਕਰ ਲਏ ਗਏ ਹਨ ਅਤੇ ਲੋਕਾਂ ਦੇ ਜੀਵਨ ਵਿਚ ਸੁਧਾਰ ਦਾ ਲਖਸ਼ ਪ੍ਰਾਪਤ ਕਰ ਲਿਆ ਗਿਆ ਹੈ। ਇਸ ਵਿਚ ਕੋਈ ਹੈਰਾਨੀ ਨਹੀਂ ਕਿ ਅੱਜ ਜ਼ਿਆਦਾ ਤੋਂ ਜ਼ਿਆਦਾ ਲੋਕ ਕੁੰਠਿਤ ਹਨ ਅਤੇ ਅੰਦੋਲਨਾਂ ਦੀ ਸੰਖਿਆ ਵਿਚ ਹਰ ਸਾਲ ਵਾਧਾ ਹੁੰਦਾ ਜਾ ਰਿਹਾ ਹੈ। ਨਿਯੋਜਨ ਨੂੰ ਤਿਲਾਂਜਲੀ ਦੇਣ ਤੋਂ ਪੂਰਵ ਸਾਨੂੰ ਸਾਵਧਾਨੀ ਪੂਰਵਕ ਦੇਖਣਾ ਹੋਵੇਗਾ ਅਤੇ ਤਦ ਹੀ ਨਿਰਣਾ ਲੈਣਾ ਉਚਿਤ ਹੋਵੇਗਾ।

ਰੋਨਾਲਡ ਲਿਪਿਟ ਦੇ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਜੇਕਰ ਵਿਕਾਸ ਪ੍ਰੋਗਰਾਮ ਨੂੰ ਸਫਲ ਬਣਾਉਣਾ ਹੈ ਤਾਂ ਕੁਝ ਸਿਧਾਂਤਾਂ ਨੂੰ ਕ੍ਰਿਆਂਵਿਤ ਕਰਨਾ ਹੋਏਗਾ। ਇਸਦੇ ਕੁਝ ਮਹੱਤਵਪੂਰਨ ਸਿਧਾਂਤ ਹਨ: (*i*) ਵਿਕਾਸ ਪ੍ਰਸਤਾਵ ਤੇ ਪ੍ਰਕ੍ਰਿਆ ਪਰਸਪਰ ਮੇਲ ਹੋਣਾ ਚਾਹੀਦਾ ਹੈ, (*ii*) ਵਿਕਾਸ ਦੇ ਲਖਸ਼ ਸਮੁਦਾਏ ਦੇ ਲਈ ਸਾਰਥਕ ਮੁੱਲ ਵਾਲੇ ਹੋਣੇ ਚਾਹੀਦੇ ਹਨ, (*iii*) ਨਿਯੋਜਕਾਂ ਨੂੰ ਸਾਮੁਦਾਇਕ ਸਾਂਸਕ੍ਰਿਤਕ ਕਦਰਾਂ-ਕੀਮਤਾਂ ਅਤੇ ਵਿਸ਼ਵਾਸਾਂ ਦਾ ਸਮੁਚਿਤ ਗਿਆਨ ਹੋਣਾ ਚਾਹੀਦਾ, (*iv*) ਵਿਕਾਸ ਸਮੂਚੇ ਸਮੁਦਾਏ ਦੇ ਸੰਦਰਭ ਵਿਚ ਹੋਣਾ ਚਾਹੀਦਾ ਹੈ ਅਤੇ (*v*) ਵਿਕਾਸ ਦੀ ਕਈ ਏਜੰਸੀਆਂ ਦੇ ਵਿਚ ਸੰਪ੍ਰੇਸ਼ਣ ਅਤੇ ਸਹਿਯੋਗ ਜ਼ਰੂਰੀ ਹੈ। ਜਾਪਾਨ, ਜਰਮਨੀ ਸਹਿਤ ਦੇਸ਼ ਜਿਨ੍ਹਾਂ ਨੇ ਪ੍ਰਗਤੀ ਕੀਤੀ ਹੈ, ਉਹ ਦੇਸ਼ ਹਨ ਜਿੱਥੇ ਨਾ ਤਾਂ ਕੋਈ ਯੋਜਨਾ ਆਯੋਗ ਹੈ ਅਤੇ ਨਾ ਹੀ ਕੋਈ ਯੋਜਨਾ। ਕੀ ਭਾਰਤ ਨੂੰ ਵੀ ਉਹੀ ਰਸਤਾ ਅਪਣਾਉਣਾ ਚਾਹੀਦਾ ਹੈ?

## 10.2 ਸਮਾਜਿਕ ਪਰਿਵਰਤਣ ਦਾ ਵਿਕਾਸ ਅਤੇ ਉਦਵਿਕਾਸ (Evolution and Development of Social Change)

ਪਰਿਵਰਤਣ ਦੀ ਨਿਰੰਤਰਤਾ ਅਤੇ ਦਿਸ਼ਾ ਦੋਵੇਂ ਉਦਭਵ ਦੁਆਰਾ ਪ੍ਰਦਰਸ਼ਿਤ ਹੁੰਦੀਆਂ ਹਨ। ਉਦਵਿਕਾਸ ਵ੍ਰਿਧੀ ਤੋਂ ਕਿਤੇ ਜ਼ਿਆਦਾ ਹੁੰਦਾ ਹੈ। ਵ੍ਰਿਧੀ ਵਿਚ ਪਰਿਵਰਤਣ ਦੀ ਦਿਸ਼ਾ ਦਾ ਬੋਧ ਨਹੀਂ ਹੁੰਦਾ ਹੈ, ਇਸ ਵਿਚ ਪਰਿਵਰਤਣ ਦੇ ਸੰਖਿਆਤਮਕ ਪਹਿਲੂ ਨੂੰ ਸਮਝਿਆ ਜਾ ਸਕਦਾ ਹੈ। ਉਦਵਿਕਾਸ ਦੇ ਕੁਝ ਜ਼ਿਆਦਾ ਅੰਤਰਭੂਤ ਤੱਤ ਪਾਇਆ ਜਾਂਦਾ ਹੈ। ਪਰਿਵਰਤਣ ਸਿਰਫ ਆਕਾਰ ਵਿਚ ਹੀ ਨਹੀਂ ਬਲਕਿ ਸੰਰਚਨਾ ਵਿਚ ਵੀ ਦੇਖਿਆ ਜਾਂਦਾ ਹੈ। ਉਦਵਿਕਾਸ ਦੀ ਧਾਰਣਾ ਕਾਮਟੇ, ਮਾਰਕਸ, ਸਪੈਂਸਰ, ਵੇਬਰ, ਦੁਰਖੀਮ ਅਤੇ ਹੋਬ ਹਾਉਸ ਦੀ ਰਚਨਾਵਾਂ ਵਿਚ ਆਧਾਰਭੂਤ ਹੈ। ਇਨ੍ਹਾਂ ਵਿਚਾਰਕਾਂ ਨੇ ਜੈਵਿਕੀ ਉਦਭਵ ਦੇ ਸਿਧਾਂਤਾਂ

ਨੋਟ

ਤੋਂ ਸਮਾਜਿਕ ਉਦਭਵ ਦੀ ਧਾਰਣਾ ਨੂੰ ਪ੍ਰਤੀਫਲਿਤ ਕੀਤਾ ਹੈ। ਸਪੈਂਸਰ ਨੇ ਸਮਾਜ ਅਤੇ ਸ਼ਰੀਰ ਰਚਨਾ ਵਿਚ ਸਾਦ੍ਰਿਸ਼ ਦੇਖਿਆ ਹੈ ਅਤੇ ਉਸੀ ਦੇ ਅਨੁਰੂਪ ਸਮਾਜਿਕ ਅਤੇ ਜੈਵਿਕ ਦੇ ਵਿਚ ਸਮਰੂਪਤਾ ਪਾਈ ਹੈ। ਜੈਵਿਕੀ ਉਦਵਿਕਾਸ ਦੀ ਪ੍ਰਕ੍ਰਿਤੀ ਇਕ ਰੇਖੀਏ ਹਨ, ਅਤੇ ਇਸ ਲਈ ਪਰਿਵਰਤਨ ਸਾਧਾਰਣ ਤੋਂ ਜਟਿਲ ਦੀ ਤਰਫ ਹੁੰਦਾ ਹੈ। ਅਜਿਹੇ ਪਰਿਵਰਤਣ ਦੀ ਪ੍ਰਕ੍ਰਿਆ ਨੂੰ ਪਹਿਲਾਂ ਤੋਂ ਜ਼ਿਆਦਾ ਤਾਕਤ, ਯੋਗਤਾ ਅਤੇ ਪਰਿਆਵਰਣ ਦੇ ਨਾਲ ਅਨੁਕੂਲਪੂਰਣ ਪ੍ਰਗਤੀਸ਼ੀਲ ਵਿਭੇਦੀਕਰਣ ਕਿਹਾ ਜਾਂਦਾ ਹੈ। ਉਦਵਿਕਾਸ ਇਕ ਪਲਟਨ ਵਾਲੀ ਪ੍ਰਕ੍ਰਿਆ ਵੀ ਹੈ, ਅਰਥਾਤ ਉਦਵਿਕਾਸ ਦੀ ਦਿਸ਼ਾ ਜਟਿਲ ਤੋਂ ਸਰਲ ਦੀ ਤਰਫ ਨਹੀਂ ਕੀਤੀ ਜਾ ਸਕਦੀ।

ਪ੍ਰਗਤੀ ਦੀ ਧਾਰਣਾ ਦੀ ਤਰ੍ਹਾਂ ਦੀ ਅਵਧਾਰਣਾ ਵਿਚ ਵੀ ਵਾਂਛਿਤ ਦਿਸ਼ਾ ਵਿਚ ਪਰਿਵਰਤਣ ਦੀ ਤਰਫ ਸੰਕੇਤ ਹੈ। ਜਦਕਿ ਵਿਕਾਸ ਦੀ ਪ੍ਰਕ੍ਰਿਤੀ ਆਮ ਹੈ ਅਤੇ ਓਚਿਤਿਆਤਮਕ ਕਾਰਕਾਂ ਉਤੇ ਆਧਾਰਤ ਹੈ। ਯੋਗੇਂਦਰ ਸਿੰਘ ਦੇ ਅਨੁਸਾਰ: "ਸਮਾਜ ਦੇ ਮੈਂਬਰਾਂ ਵਿਚ ਵਾਂਛਨੀ ਦਿਸ਼ਾ ਵਿਚ ਨਿਯੋਜਿਤ ਸਮਾਜਿਕ ਪਰਿਵਰਤਣ ਲਿਆਉਣ ਦੇ ਉਪਾਅ ਨੂੰ ਵਿਕਾਸ ਕਹਿੰਦੇ ਹਾਂ। ਸੋ ਵਿਕਾਸ ਦੀ ਧਾਰਣਾ ਸਮਾਜਿਕ-ਸਾਂਸਕ੍ਰਿਤਕ ਪ੍ਰਸ਼ਠਭੂਮੀ ਅਤੇ ਰਾਜਨੈਤਿਕ ਅਤੇ ਭੋਗੋਲਿਕ ਪਰਿਸਥਿਤੀ ਦੇ ਆਧਾਰ ਉਤੇ ਹਰੇਕ ਸਮਾਜ ਵਿਚ ਭਿੰਨ-ਭਿੰਨ ਪਾਈ ਜਾਂਦੀ ਹੈ।" "ਵਿਕਾਸ ਇਕ ਸਮਿਸ਼੍ਰ ਅਪਧਾਰਣਾ ਹੈ।" ਸਮਾਜ ਦੇ ਵਿਕਾਸ ਵਿਚ ਵਪਾਰ, ਖੇਤੀ, ਉਦਿਯੋਗ, ਸਿਖਿਆ, ਸਵਾਸਥ ਆਦਿ ਵਿਭਿੰਨ ਖੇਤਰਾਂ ਵਿਚ ਪ੍ਰਗਤੀ ਨੂੰ ਗਿਣਿਆ ਜਾਂਦਾ ਹੈ। ਵਿਕਾਸ ਵਿਚ ਕਮਜੋਰ ਵਰਗਾਂ, ਇਸਤ੍ਰੀਆਂ ਅਤੇ ਬੱਚਿਆਂ, ਬੀਮਾਰ, ਬੇਰੋਜਗਾਰ ਅਤੇ ਬਜੁਰਗ ਲੋਕ ਅਤੇ ਘੱਟ ਗਿਣਤੀ ਦੇ ਕਲਿਆਣ ਨੂੰ ਵੀ ਸ਼ਾਮਲ ਕਰਦੇ ਹਨ। ਵਿਭਿੰਨ ਨੀਤੀਆ ਅਤੇ ਪ੍ਰੋਗਰਾਮਾਂ ਦਾ ਉਦੇਸ਼ ਪੇਂਡੂ ਅਤੇ ਸ਼ਹਿਰੀ ਖੇਤਰਾਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ, ਮਹਿਲਾਵਾਂ, ਖੇਤੀ, ਮਜਦੂਰਾਂ ਅਤੇ ਉਦਿਯੋਗਿਕ ਸ਼੍ਰਮਿਕਾਂ ਦੇ ਕਲਿਆਣ ਦਾ ਹੈ। ਸੋ ਵਿਕਾਸ ਇਕ ਮੁੱਲ-ਭਾਰਿਤ ਧਾਰਣਾ ਹੈ। ਇਹ ਇਕ ਸਮਾਜ ਖੇਤਰ ਅਤੇ ਜਨਤਾ ਦੀ ਸਮਾਜਿਕ-ਸੰਸਕ੍ਰਿਤੀ ਅਤੇ ਆਰਥਿਕ ਜਰੂਰਤਾਂ ਨਾਲ ਸੰਬਧ ਹੈ।

ਹੋਬ ਹਾਉਸ ਦੁਆਰਾ ਪਰਿਵਰਤਣ ਦੇ ਨਾਲ ਪਰਿਮਾਣਨ ਦੇ ਤੱਤ ਨੂੰ ਜੋੜਿਆ ਗਿਆ। ਅਜਿਹੇ ਪਰਿਵਰਤਣ (ਵਿਕਾਸ) ਦੀ ਚਾਰ ਕਸੌਟੀਆਂ ਹਨ: ਪੈਮਾਨਾ, ਯੋਗਤਾ, ਪਾਰਸਪਰਿਕਤਾ ਅਤੇ ਸੁਤੰਤਰਤਾ ਵਿਚ ਵ੍ਰਿਧੀ। ਜੈਵਿਕ ਉਦਵਿਕਾਸ ਦੀ ਧਾਰਣਾ ਦੇ ਸਾਥ ਨਾਲ ਕਸੌਟੀਆਂ ਮੂਲ ਰੂਪ ਤੋਂ ਲਾਗੂ ਹੁੰਦੀਆਂ ਹਨ। ਵਿਕਾਸ ਦੇ ਲਈ ਪੈਮਾਨਾ ਮੁੱਖ ਕਸੌਟੀ ਹੈ। ਇਸ ਲਈ ਵਿਕਾਸ ਇਕਰੇਖੀ ਹੈ। ਸਮਾਜਿਕ ਵਿਭੇਦੀਕਰਣ ਦੀ ਕਸੌਟੀ ਨੂੰ ਵੀ ਵਿਕਾਸ ਦੇ ਸੰਬਧ ਕੀਤਾ ਗਿਆ ਹੈ। ਇਸ ਪ੍ਰਕਾਰ ਵਿਕਾਸ ਦਾ ਅਰਥ ਇਸ ਸਮਾਜਿਕ ਪ੍ਰਘਟਨਾ ਦੇ ਪੂਰਣਤਰ ਬੁੱਧੀਰੂਪ ਉਦਵਿਕਾਸ ਤੋਂ ਹੈ। ਮਨੁੱਖ ਦਾ ਆਪਣੇ ਪਰਿਆਵਰਣ ਉਤੇ ਨਿਅੰਤ੍ਰਣ ਵਿਕਾਸ ਦਾ ਇਕ ਅਜਿਹਾ ਹੀ ਉਦਾਹਰਣ ਹੈ। ਵਿਕਾਸ ਦੀ ਧਾਰਣਾ ਦੀ ਇਨ੍ਹਾਂ ਆਮ ਮਾਨਤਾਵਾਂ ਦੇ ਅਲਾਵਾ ਕੁਝ ਵਿਸ਼ਿਸ਼ਟ ਕਸੌਟੀਆਂ ਵੀ ਹਨ: (*i*) ਆਦਿਮ ਜਾਂ ਖੇਤੀ ਅਵਸਥਾ ਤੋਂ ਉਦਿਯੋਗਿਕ ਸਮਾਜ ਦਾ ਉਦਵਿਕਾਸ ਅਤੇ (*ii*) ਆਰਥਿਕ ਪਰਿਵਰਤਣ। ਗਿਆਨ ਦੀ ਵ੍ਰਿਧੀ ਅਤੇ ਮਨੁੱਖ ਦਾ ਆਪਣੇ ਵਾਤਾਵਰਣ ਉਤੇ ਨਿਅੰਤ੍ਰਣ ਇਨ੍ਹਾਂ ਪਹਿਲੂਆਂ ਵਿਚ ਨਿਹਿਤ ਹੈ। ਇਸ ਅਰਥ ਵਿਚ ਸਮਾਜਿਕ ਵਿਕਾਸ ਸਮਾਜਿਕ ਪ੍ਰਗਤੀ ਦਾ ਪ੍ਰਆਇ ਹੈ।

## ਵਿਕਾਸ ਦੇ ਬਾਰੇ ਵਿਚ ਮਿਰਡਲ ਦਾ ਵਿਚਾਰ

ਗੁੰਨਾਰ ਮਿਰਡਲ ਨੇ ਆਪਣੀ ਪੁਸਤਕ ਏਸ਼ੀਅਨ ਡ੍ਰਾਮਾ ਵਿਚ ਇਹ ਵਿਚਾਰ ਪ੍ਰਗਟ ਕੀਤਾ ਹੈ ਕਿ ਆਰਥਿਕ ਅਤੇ ਸਮਾਜਿਕ ਖੇਤਰਾਂ ਵਿਚ ਤਰਕ ਬੁੱਧੀਪਰਕਤਾ ਦੀ ਖੋਜ ਹੀ ਵਿਕਾਸ ਦਾ ਆਧਾਰ ਹੈ। ਮਿਰਡਲ ਦੇ ਅਨੁਸਾਰ, ਵਿਕਾਸ ਦਾ ਅਰਥ "ਆਧੁਨਿਕੀਕਰਣ ਦੇ ਆਦਰਸ਼ਾਂ" ਨੂੰ ਸਮਾਜਿਕ ਜੀਵਨ ਵਿਚ ਉਤਾਰਣ ਤੋਂ ਹੈ। ਮਿਰਡਲ ਲਿਖਦੇ ਹਨ: "ਵਿਕਾਸ ਦਾ ਅਰਥ ਸਮਾਜਿਕ ਵਿਅਵਸਥਾ ਵਿਚ ਉਨ੍ਹਾਂ ਅਨੇਕ ਅਵਾਂਛਨੀ ਅਵਸਥਾਵਾਂ ਦਾ ਸੁਧਾਰ ਕਰਨਾ ਹੈ। ਜਿਨ੍ਹਾਂ ਦੇ ਕਾਰਣ ਅਲਪ ਵਿਕਾਸ ਦੀ ਸਥਿਤੀ ਬਣੀ ਹੋਈ ਹੈ।" ਵਿਕਾਸ, ਜੋ ਕਿ ਬੁੱਧੀ ਸੰਗਤ ਤਰੀਕਿਆਂ ਨਾਲ ਤਾਲਮੇਲ ਬਿਠਾਉਂਦੇ ਹੋਏ ਨੀਤੀ ਪੂਰਕ ਉਪਾਅ ਦੀ ਇਕ ਵਿਅਵਸਥਾ ਹੈ, ਨਿਯੋਜਨ ਦੇ ਦੁਆਰਾ ਸੰਭਵ ਬਣਾਇਆ ਜਾ ਸਕਦਾ ਹੈ।

ਅਜਿਹੇ ਅਨੇਕ ਤੱਤਾਂ ਤੋਂ ਭਾਰਤੀ ਸਮਾਜਿਕ ਵਿਅਵਸਥਾ ਬਣੀ ਹੈ। ਜਿਨ੍ਹਾਂ ਦੇ ਵਿਚ ਗਹਿਰਾ ਸੰਬੰਧ ਹੈ ਅਤੇ ਉਨ੍ਹਾਂ ਵਿਚੋਂ ਕਿਸੇ ਇਕ ਵਿਚ ਪਰਿਵਰਤਣ ਆਉਣ ਉਤੇ ਦੂਜੇ ਤੱਤਾਂ ਵਿਚ ਵੀ ਪਰਿਵਰਤਣ ਆਉਂਦਾ ਹੈ। ਵਿਅਵਸਥਾ ਦੇ ਵਿਭਿੰਨ ਅੰਗਾਂ ਵਿਚ ਅਜਿਹੀ ਆਤਮ ਨਿਰਭਰਤਾ ਅਤੇ ਅਜਿਹੇ ਸੰਬੰਧਾਂ ਉਤੇ ਆਧਾਰਤ ਵਿਅਵਸਥਾ ਨੂੰ ਇਕ ਸਮਗ੍ਰਤਾ ਸਮਝਣਾ ਮਿਰਡਲ ਦੇ ਦ੍ਰਿਸ਼ਟੀਕੋਣ ਦੀ ਮੁੱਖ ਗੱਲ ਹੈ। ਜਦ ਇਕ ਅਵਸਥਾ ਵਿਚ ਪਰਿਵਰਤਣ ਦੇ ਕਾਰਣ ਹੋਰ ਅਵਸਥਾ ਵਿਚ ਪਰਿਵਰਤਣ ਆਉਂਦਾ ਹੈ ਤਾਂ ਇਸ ਨੂੰ "ਚਕ੍ਰੀਏ ਕਾਰਜ-ਕਰਣ ਭਾਵ" ਕਹਿੰਦੇ ਹਨ। ਪਰਿਵਰਤਣ ਦੀ ਅਜਿਹੀ ਵਿਆਖਿਆ ਨੂੰ ਦੁਸ਼ਚੱਕ੍ਰ ਮੰਨਿਆਂ ਜਾਂਦਾ ਹੈ ਤਾਂ ਜੋ ਨਿਰਧਨਤਾ, ਨਿਰਖਰਤਾ, ਕੁਪੋਸ਼ਣ, ਅਸਵਾਸ ਅਤੇ ਬੇਰੋਜਗਾਰੀ ਆਦਿ ਦੇ ਸੰਦਰਭ ਵਿਚ ਪਾਏ ਜਾਂਦੇ ਹਨ। ਉਦਾਹਰਣ ਦੇ ਲਈ ਜੇਕਰ ਬੇਰੋਜਗਾਰੀ ਨੂੰ ਨਿਅੰਤ੍ਰਿਤ ਨਹੀਂ ਕੀਤਾ ਜਾਂਦਾ ਹੈ ਤਾਂ ਹੋਰ ਸਮੱਸਿਆਵਾਂ ਬਣੀਆਂ ਰਹਿਣਗੀਆਂ। ਵਿਭਿੰਨ ਸਮਾਜਿਕ ਅਤੇ ਆਰਥਿਕ ਖੇਤਰਾਂ ਵਿਚ ਇਨ੍ਹਾਂ ਦੁਸ਼ਚੱਕ੍ਰਾਂ ਤੋਂ ਨਿਕਲਣ ਦੇ ਲਈ ਉਚਿਤ ਸੰਤੁਲਨ ਅਪਣਾਉਣ ਦੀ ਜਰੂਰਤ ਹੈ।

ਮਿਰਡਲ ਨੇ "ਵਿਕਾਸ" ਦੀ ਦਸ਼ਾਵਾਂ ਨੂੰ ਛੇ ਮੁੱਖ ਸ਼੍ਰੇਣੀਆਂ ਵਿਚ ਵੰਡਿਆ ਹੈ: (*i*) ਉਤਪਾਦਨ ਅਤੇ ਆਮਦਨ, (*ii*) ਉਤਪਾਦਨ ਦੀ ਅਵਸਥਾਵਾਂ, (*iii*) ਜੀਵਨ ਪੱਧਰ, (*iv*) ਜੀਵਨ ਅਤੇ ਕੰਮਾਂ ਦੇ ਪ੍ਰਤੀ ਅਭਿਵ੍ਰਿਤੀਆਂ, (*v*) ਸੰਸਥਾਵਾਂ ਅਤੇ (*vi*) ਨੀਤੀਆਂ। ਪਹਿਲੀ ਤਿੰਨ ਸ਼੍ਰੇਣੀਆਂ ਆਰਥਿਕ ਕਾਰਕਾਂ ਨਾਲ ਸੰਬੰਧਤ ਹਨ। ਚੌਥੀ ਅਤੇ ਪੰਜਵੀ ਸ਼੍ਰੇਣੀਆਂ ਗੈਰ-ਆਰਥਿਕ ਕਾਰਕਾਂ ਨਾਲ ਜੁੜੀਆਂ ਹੋਈਆਂ ਹਨ। ਛੇਵੀਂ ਸ਼੍ਰੇਣੀ ਪਹਿਲੀ ਤਿੰਨ ਅਤੇ ਆਖਰੀ ਦੋ ਦਾ ਸਮਿਸ਼ਰਣ ਹੈ। ਇਨ੍ਹਾਂ ਸ਼੍ਰੇਣੀਆਂ ਦੀ ਅੰਤਰ ਨਿਰਭਰਤਾ ਦਾ ਇਹ ਅਰਥ ਨਹੀਂ ਹੈ ਕਿ ਇਕ ਸ਼੍ਰੇਣੀ ਹੋਰ ਸ਼੍ਰੇਣੀਆਂ ਤੋਂ ਜ਼ਿਆਦਾ ਪ੍ਰਭਾਵਕਾਰੀ ਹੈ।

ਨੋਟ

ਸਮਾਜਿਕ ਪਰਿਵਰਤਣ ਅਤੇ ਵਿਕਾਸ ਦੇ ਅਧਿਐਨ ਦੇ ਲਈ ਮਿਰਡਲ "ਸੰਸਥਾਗਤ ਉਪਾਗਮ" ਦੇ ਤੇਜ ਸਮਰਥਕ ਹਨ। ਮਿਰਡਲ ਨੇ ਵਿਕਾਸ ਦੇ ਲਈ ਲੋਕਾਂ ਦੀ ਇੱਛਾ ਜਾਂ ਉਨ੍ਹਾਂ ਵਿਚੋਂ ਸਮੂਹ ਦੀ ਇੱਛਾ ਨੂੰ ਸਮਝਣ ਉਤੇ ਜੋਰ ਦਿਤਾ ਹੈ। ਸੰਸਥਾਵਾਂ ਦੇ ਜੀਵਨ ਅਤੇ ਕੰਮ ਦੇ ਪ੍ਰਤੀ ਮਨੋਵ੍ਰਿਤੀਆਂ, ਜੀਵਨ ਪੱਧਰਾਂ, ਉਤਪਾਦਨ ਦੀ ਅਵਸਥਾਵਾਂ, ਅਤੇ ਉਤਪਾਦਕਤਾ ਅਤੇ ਆਮਦਨ ਵਿਚ ਪਰਿਵਰਤਣਾਂ ਤੋਂ ਵਿਕਾਸ ਦੀ ਇੱਛਾ ਪ੍ਰਗਟ ਹੁੰਦੀ ਹੈ। ਇਕ ਤਰ੍ਹਾਂ ਤੋਂ ਇਹ ਸਭ ਅਵਸਥਾਵਾਂ ਸਮਾਜਿਕ ਹਨ। ਮਿਰਡਲ ਦੇ ਅਨੁਸਾਰ, ਇਨ੍ਹਾਂ ਵਿਚੋਂ ਕਿਸੇ ਇਕ ਅਵਸਥਾ ਵਿਚ ਉਪਰ ਅਤੇ ਹੋਣ ਵਾਲੇ ਪਰਿਵਰਤਣ ਦਾ ਅਰਥ ਹੋਰ ਅਵਸਥਾਵਾਂ ਵਿਚ ਉਪਰ ਦੀ ਤਰਫ ਗਤੀ ਤੋਂ ਹੈ, ਅਤੇ ਇਸ ਪ੍ਰਕਾਰ ਇਹ ਪਰਿਵਰਤਣ ਪੂਰੀ ਵਿਅਵਸਥਾ ਵਿਚ ਹੁੰਦਾ ਹੈ। ਫਿਰ ਵੀ, ਹੋਰ ਅਵਸਥਾਵਾਂ ਵਿਚ ਪਰਿਵਰਤਣ ਸੁਤੰਤਰ ਰੂਪ ਤੋਂ ਵੀ ਹੋ ਸਕਦਾ ਹੈ। ਜਾਂ ਉਸ ਅਵਸਥਾ ਵਿਚ ਵੀ ਪਰਿਵਰਤਣ ਆ ਸਕਦਾ ਹੈ। ਜਿਸਨੇ ਇਨ੍ਹਾਂ ਨੂੰ ਪਹਿਲਾਂ ਪ੍ਰਭਾਵਿਤ ਕੀਤਾ ਸੀ। ਸੋ ਪਰਿਵਰਤਣ ਦਾ ਸੁਤੰਤਰ ਮੁੱਲ ਅਤੇ ਇਸਦੇ ਨਾਲ ਹੋਰ ਅਵਸਥਾਂਵਾਂ ਵਿਚ ਪਰਿਵਰਤਣ ਲਿਆਉਣ ਦੀ ਯੋਗਤਾ ਵਿਕਾਸ ਵਿਚ "ਕਾਰਜਕਾਰਣ ਅੰਤਰਨਿਰਭਰਤਾ" ਦੀ ਧਾਰਣਾ ਦੇ ਲਈ ਆਧਾਰਭੂਤ ਹੈ।

ਭਾਰਤ ਵਿਚ "ਵਿਕਾਸ" ਇਕ ਵਾਂਛਿਤ ਦਿਸ਼ਾ ਵਿਚ ਪਰਿਵਰਤਣ ਦੀ ਇਕ ਜ਼ਿਆਦਾ ਮਹੱਤਵਪੂਰਣ ਧਾਰਣਾ ਦੇ ਰੂਪ ਵਿਚ ਪ੍ਰਚਲਿਤ ਹੈ। ਪੇਂਡੂ ਭਾਰਤ ਵਿਚ ਸਰਵਾਂਗੀਣ ਵਿਕਾਸ ਕਰਨ ਲਈ 1952 ਵਿਚ ਸਾਮੁਦਾਇਕ ਵਿਕਾਸ ਯੋਜਨਾਵਾਂ ਆਰੰਭ ਕੀਤੀਆ ਗਈਆਂ। ਸਰਕਾਰੀ ਪੱਧਰ ਉਤੇ ਪੇਂਡੂ ਵਿਕਾਸ ਦੀ ਅਵਧਾਰਣਾ ਬਹੁਤ ਲੋਕਪ੍ਰਿਅ ਹੋ ਚੁਕੀ ਹੈ ਕਿਉਂਕਿ ਏਕੀਕ੍ਰਿਤ ਗ੍ਰਾਮੀਣ ਵਿਕਾਸ ਯੋਜਨਾ ਜੈਸੀ ਵਿਭਿੰਨ ਯੋਜਨਾਵਾਂ ਇਸ ਵਿਚ ਸ਼ਾਮਲ ਹਨ। ਵਿਕਾਸ ਵਿਚ ਇਸਤ੍ਰੀਆਂ ਦੀ ਭੂਮਿਕਾ ਦੇ ਬਾਰੇ ਵਿਚ ਵੀ ਅਸੀਂ ਬਹੁਤ ਸੁਣਦੇ ਹਾਂ। ਭਾਰਤ ਸਰਕਾਰ ਰਾਸ਼ਟਰੀ ਏਕੀਕਰਣ ਦੇ ਲਈ ਇਸਤ੍ਰੀਆਂ, ਕਮਜੋਰ ਵਰਗਾਂ, ਅਰਥ ਵਿਅਵਸਥਾ, ਰਾਜਨੀਤਿਕ ਵਿਅਵਸਥਾ, ਸਾਂਸਕ੍ਰਿਤਕ ਸੰਸਥਾਵਾਂ ਦੇ ਵਿਕਾਸ ਨੂੰ ਪ੍ਰਾਥਮਿਕਤਾ ਪ੍ਰਦਾਨ ਕਰ ਰਹੀ ਹੈ। ਉਦਯੋਗ ਅਤੇ ਖੇਤੀ ਦੇ ਵਿਕਾਸ ਦੇ ਲਈ ਨੀਤੀਆਂ ਅਤੇ ਪ੍ਰੋਗਰਾਮ ਬਣੇ ਹੋਏ ਹਨ। ਆਰਥਿਕ ਵਿਕਾਸ ਦੇ ਅਲਾਵਾ ਅਜਿਹੀ ਰਾਜਨੀਤਿਕ ਅਤੇ ਸਮਾਜਿਕ ਸੰਸਥਾਵਾਂ ਦਾ ਵੀ ਨਿਰਮਾਣ ਕੀਤਾ ਗਿਆ ਹੈ ਜੋ ਪ੍ਰਗਤੀ ਨੂੰ ਵਾਧਾ ਦਿੰਦੀ ਹੈ। ਵਾਸਤਵ ਵਿਚ, ਵਿਕਾਸ ਇਕ ਸੰਯੁਕਤ ਪ੍ਰਘਟਨਾ ਹੈ ਕਿਉਂਕਿ ਇਸ ਵਿਚ ਮਾਨਵ ਜੀਵਨ ਦੇ ਸਾਰੇ ਪਹਿਲੂ ਸ਼ਾਮਲ ਹੋ ਜਾਂਦੇ ਹਨ।

ਜਿਵੇਂ ਕਿ ਅਸੀਂ ਪਹਿਲਾਂ ਵਰਣਨ ਕਰ ਚੁਕੇ ਹਨ, 19ਵੀਂ ਸਦੀ ਦੇ ਮਾਨਵ ਇਤਿਹਾਸ ਨੂੰ ਉਦਵਿਕਾਸੀ ਸੰਦਰਭ ਵਿਚ ਸਮਝਿਆ ਗਿਆ ਸੀ, ਪਰੰਤੂ 20ਵੀਂ ਸਦੀ ਦੇ ਆਰੰਭ ਵਿਚ ਸਾਂਸਕ੍ਰਿਤਕ ਉਦਵਿਕਾਸ ਦੇ ਸਿਧਾਂਤ ਨੂੰ ਪ੍ਰਭਾਵੀ ਢੰਗ ਨਾਲ ਪ੍ਰਤੀਪਾਦਿਤ ਕੀਤਾ ਗਿਆ। ਪਿਛਲੇ ਕੁਝ ਦਸ਼ਕਾਂ ਵਿਚ, ਪ੍ਰਤੱਖਵਾਦ ਦੀ ਇਕ ਲਹਿਰ ਦੇ ਬਾਅਦ, ਉਦਵਿਕਾਸਵਾਦ ਦੁਬਾਰਾ ਉਭਰ ਕੇ ਆਇਆ ਹੈ। ਬਹੁ-ਰੇਖੀ ਉਦਵਿਕਾਸਵਾਦ ਵਿਚ ਸਮਾਜ ਅਤੇ ਸੰਸਕ੍ਰਿਤੀ ਨੂੰ ਪ੍ਰਸ਼ਾਖਾਵਾਂ ਦਾ ਵਰਣਨ ਕਰਦੇ ਹਨ। ਪ੍ਰੋਦਿਯੋਗਿਕ ਨਵਾਚਾਰਾਂ ਦੀ ਵਿਆਖਿਆ ਸਾਂਸਕ੍ਰਿਤਕ ਤਨਾਵਾਂ ਨੂੰ ਦ੍ਰਿਸ਼ਟੀ ਵਿਚ ਰਖ ਕੇ ਕੀਤੀ ਜਾਂਦੀ ਹੈ। ਨਵ ਉਪਾਵਾਂ ਦੀ ਕ੍ਰਿਆਂਵਿਤ ਦੇ ਮੱਧ ਅਨੇਕ ਸਾਂਸਕ੍ਰਿਤਕ ਅਦੁਤੀ 19ਵੀਂ ਸਦੀ ਵਿਚ ਸਪੈਂਸਰ, ਆਈਲਰ ਅਤੇ ਮੋਰਗਨ ਦੁਆਰਾ ਪ੍ਰਤੀਪਾਦਿਤ ਸਾਰਵਭੌਮਿਕ ਇਕਰੇਖੀ ਉਦਵਿਕਾਸ ਦੀ ਧਾਰਣਾ ਦੇ ਵਿਪਰੀਤ ਪਾਈ ਗਈ ਹੈ। ਸੋ ਸਮਾਜਿਕ ਉਦਵਿਕਾਸ ਦੀ ਪ੍ਰਕ੍ਰਿਤੀ ਨਿਸ਼ਚੇ ਹੀ ਬਹੁਰੇਖੀ ਹੈ। ਸਮਾਜਿਕ ਉਦਵਿਕਾਸ ਦੀ ਅਨੇਕ ਦਿਸ਼ਾਵਾਂ ਹੋ ਸਕਦੀਆਂ ਹਨ। ਜੈਵਿਕੀ ਉਦਭਗ ਦੇ ਉਲਟ ਵਾਲੀ ਵੀ ਹੈ। ਜੈਵਿਕੀ ਉਦਵਿਕਾਸ ਦੀ ਤੁਲਨਾ ਵਿਚ ਉਤਵਿਕਾਸ ਨੂੰ ਬਾਹਰੀ ਕਾਰਕ ਜ਼ਿਆਦਾ ਪ੍ਰਭਾਵਤ ਕਰਦੇ ਹਨ।

### 10.2.1 ਸਮਾਜਿਕ ਉਦਵਿਕਾਸ ਅਤੇ ਸਮਾਜਿਕ ਸੰਰਚਨਾ

ਸਮਾਜਿਕ ਉਦਵਿਕਾਸ ਸਮਾਜਿਕ ਪਰਿਵਰਤਣ ਦੀ ਇਕ ਮਹੱਤਵਪੂਰਣ ਅਵਧਾਰਣਾ ਹੈ। ਸਮਾਜਿਕ ਉਦਵਿਕਾਸ ਦੁਆਰਾ ਪਰਿਵਰਤਣ ਦੇ ਰੂਪ ਅਤੇ ਦਿਸ਼ਾ ਦੀ ਨਿਸ਼ਚਿਤ ਢੰਗ ਵਿਚ ਵਿਆਖਿਆ ਕੀਤੀ ਜਾਂਦੀ ਹੈ। ਉਦਵਿਕਾਸ ਦੀ ਦ੍ਰਿਸ਼ਟੀ ਤੋਂ ਭਾਰਤੀ ਸਮਾਜ ਵਿਚ ਪਰਿਵਰਤਣ ਨੂੰ ਪੂਰਵ ਮੁਗਲ ਕਾਲ ਤੋਂ ਮੁਗਲ ਅਤੇ ਇਸਦੇ ਬਾਅਦ ਬ੍ਰਿਟਿਸ਼ ਕਾਲ ਅਤੇ ਹੁਣ ਉੱਤਰ ਸੁਤੰਤਰ ਕਾਲ ਦੇ ਰੂਪ ਵਿਚ ਸਮਝ ਸਕਦੇ ਹਨ। ਇਸੇ ਪ੍ਰਕਾਰ ਨਾਲ ਅਸੀਂ ਵਿਧੀਆਂ, ਤਕਨੀਕੀ ਉਪਾਵਾਂ, ਰਾਜਨੀਤਿਕ ਸੰਸਥਾਵਾਂ, ਆਰਥਿਕ ਆਧਾਰਤ ਸੰਰਚਨਾ ਅਤੇ ਕਦਰਾਂ-ਕੀਮਤਾਂ ਅਤੇ ਮਾਨਕਾਂ ਦੀ ਵਿਆਖਿਆ ਕਰਦੇ ਹਨ। ਸਮਾਜਿਕ ਵਿਕਾਸ ਦੇ ਇਕ ਉਦਾਹਰਣ ਦੇ ਰੂਪ ਵਿਚ ਉਮਰ, ਯੌਨ, ਜਾਤੀ, ਪ੍ਰਜਾਤੀ ਅਤੇ ਧੰਦੇ ਉਤੇ ਆਧਾਰਤ ਸ਼੍ਰਮ ਦੇ ਸਮਾਜਿਕ ਵਿਭਾਜਨ ਦਾ ਉਲੇਖ ਕੀਤਾ ਜਾ ਸਕਦਾ ਹੈ। ਵਿਸ਼ੇਸ਼ੀਕਰਣ ਸਮਾਜਿਕ ਅਤੇ ਤਕਨੀਕੀ ਵਿਕਾਸ ਦਾ ਹੀ ਇਕ ਨਤੀਜਾ ਹੈ। ਖੇਤੀ ਅਤੇ ਉਦਯੋਗ ਵਿਚ ਉਤਪਾਦਨ ਵਿਧੀ ਸਮਾਜਿਕ ਉਦਭਵ ਦਾ ਇਕ ਉਦਾਹਰਣ ਹੈ। ਖੇਤੀ ਅਤੇ ਉਦਯੋਗ ਦੇ ਖੇਤਰ ਵਿਚ ਪ੍ਰਗਤੀ ਦੇ ਕਾਰਣ ਅਨੇਕ ਸਮਾਜਿਕ ਅਤੇ ਆਰਥਿਕ ਸੰਸਥਾਵਾਂ ਉਭਰ ਕੇ ਆਈਆਂ ਹਨ।

ਸੋ ਸਮਾਜਿਕ ਉਦਵਿਕਾਸ ਇਕ ਵਿਸ਼ਿਸ਼ਟ ਸੰਸਕ੍ਰਿਤੀ ਨਾਲ ਸੰਬੰਧਤ ਪ੍ਰਘਟਨਾ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਸੰਸਕ੍ਰਿਤੀਆਂ ਅਲਗ ਇਕਾਈਆਂ ਹਨ। ਜਿਨ੍ਹਾਂ ਦੇ ਦੁਆਰਾ ਮਾਨਵ ਜਾਤੀ ਜਨਜਾਤੀ ਗ੍ਰਾਮੀਣ ਅਤੇ ਨਗਰੀ ਆਦਿ ਸਾਂਸਕ੍ਰਿਤਕ ਖੇਤਰਾਂ ਵਿਚ ਵਿਭਾਜਿਤ ਹਨ। ਨਿਰਜਾਤੀ ਭਾਸ਼ਾਈ ਅਤੇ ਧਾਰਮਿਕ ਵਿਭਿੰਨਤਾਵਾਂ ਸੰਦਰਭ ਵਿਚ ਵੀ ਸਾਂਸਕ੍ਰਿਤਕ ਸੰਦਰਭਾਂ ਨੂੰ ਸਮਝਿਆ ਜਾ ਸਕਦਾ ਹੈ। ਵਾਸਤਵ ਵਿਚ ਅਨੁਕੂਲਨ ਦੀ ਵਿਭਿੰਨ ਸਾਂਸਕ੍ਰਿਤਕ ਵਿਧੀਆਂ ਹਨ। ਸਾਂਸਕ੍ਰਿਤਕ ਉਦਵਿਕਾਸ ਦੀ ਬਹੁਰੇਖੀਅਤਾ ਦਾ ਇਹ ਅਰਥ ਨਹੀਂ ਹੈ ਕਿ ਮਾਨਵ ਗਿਆਨ ਦੀ ਵ੍ਰਿਧੀ ਨਿਰੰਤਰ ਨਹੀਂ ਹੈ। ਆਰਥਿਕ ਜੀਵਨ ਦੇ ਪ੍ਰਬੰਧ ਲਈ ਮਾਨਵ ਤਕਨੀਕੀ ਅਤੇ ਸੰਘਨਾਤਮਕ ਉਪਾਵਾਂ ਵਿਚ ਨਿਰੰਤਰ ਸੁਧਾਰ ਹੁੰਦਾ ਰਿਹਾ ਹੈ। ਦਾਸਤਾ, ਸਾਮੰਤਵਾਦ ਅਤੇ ਪੂੰਜੀਵਾਦ ਪਰੰਪਰਾਤਮਕ ਸੰਕ੍ਰਮਣ ਅਤੇ ਆਧੁਨਿਕ; ਰੋਸਟੋਵ ਦੇ ਆਰਥਿਕ ਵਿਕਾਸ ਦੇ ਚਰਣ (ਪਰੰਪਰਾਤਮਕ, ਆਰੰਭ ਦੀ ਸ਼ਰਤਾਂ,

ਨੋਟ

ਵਾਸਤਵਿਕ ਆਰੰਭ ਪਰਿਪਕਤਾ ਦੇ ਲਈ ਬਲ, ਅਤੇ ਉੱਚ ਜਨ ਉਪਯੋਗ ਦਾ ਯੁਗ) ਅਤੇ ਪਰੰਪਰਾ ਤੋਂ ਆਧੁਨਿਕਤਾ ਦੀ ਤਰਫ ਉਦਭਵ ਦੀ ਧਾਰਣਾਵਾਂ ਦੇ ਅਨੁਸਾਰ ਉਦਵਿਕਾਸ ਪਰਿਵਰਤਣ ਦੀ ਇਕਰੇਖੀਏ ਪ੍ਰਕ੍ਰਿਆ ਹੈ। ਸ਼ਾਸਤਰੀ ਵਿਚਾਰਕਾਂ ਨੇ ਵੀ ਪਰੰਪਰਾ ਤੋਂ ਆਧੁਨਿਕਤਾ ਦੀ ਤਰਫ, ਅਰਥਾਤ ਯਾਂਤਰਿਕ ਸਮੇਕਤਾ ਤੋਂ ਆਂਗਿਕ ਸਮੇਕਤਾ, ਪਰਿਸਥਿਤੀ ਸੰਵਿਦਾ ਅਤੇ ਸਮੁਦਾਏ ਤੋਂ ਸਮੀਤੀ ਦੀ ਦਿਸ਼ਾ ਵਿਚ "ਪਰਿਵਰਤਣ" ਦੀ ਧਾਰਣਾ ਦਾ ਉਲੇਖ ਕੀਤਾ ਹੈ।

ਰੋਨਾਲਡ ਫਲੇਚਰ ਦੇ ਅਨੁਸਾਰ, ਸਮਾਜ ਸ਼ਾਸਤਰ ਦੀ ਪ੍ਰਕ੍ਰਿਰਤੀ ਉਦਭਵੀਏ ਅਤੇ ਵਿਕਾਸਾਤਮਕ ਹੈ। ਫਲੈਚਰ ਲਿਖਦੇ ਹਨ: ਉਦਭਵ ਦਾ ਅਰਥ ਮੁੱਖ ਤੌਰ ਤੇ ਪ੍ਰਕ੍ਰਿਤੀ ਅਤੇ ਸਮਾਜ ਵਿਚ ਆਵਿਰਭਾਵ, ਨਿਰੰਤਰਤਾ ਅਤੇ "ਸਵਰੂਪਾਂ" ਦੇ ਪਰਿਵਰਤਣਾਂ ਤੋਂ ਹੈ, ਜਿਨ੍ਹਾਂ ਵਿਚੋਂ ਆਪਣੇ ਖੁਦ ਦੇ ਵਿਸ਼ਿਸ਼ਟ ਲਖਸ਼ਣਾਂ ਦਾ ਆਪਣੇ ਪਰਿਆਵਰਣਾਂ ਦੀ ਪਰਿਸਥਿਤੀ ਦੇ ਨਾਲ ਵਿਅਵਸਥਾਪਨ ਕਰਨਾ ਸ਼ਾਮਲ ਹੈ। ਇਸ ਪ੍ਰਤੀਮਾਨ "ਨਿਰਧਾਰਣ" ਪ੍ਰਕ੍ਰਿਆ ਵਿਚ ਉਦਭਵ ਦਾ "ਸਿਧਾਂਤ" ਕਾਰਣ ਪ੍ਰਧਾਨ ਕਾਰਕਾਂ ਅਤੇ ਅੰਤਰ ਸੰਬੰਧਾਂ ਨਾਲ ਸੰਬੰਧਤ ਸਿਧਾਂਤ ਹੈ। ਸੰਸਾਰ ਵਿਚ ਪਾਏ ਜਾਣ ਵਾਲੇ ਵਿਭਿੰਨ "ਸਵਰੂਪਾਂ" (ਕਿਸਮਾਂ) ਦੀ "ਉਤਪਤੀ" ਉਨ੍ਹਾਂ ਆਪਣਾ ਵਿਸ਼ਿਸ਼ਟ "ਪਰਿਸਥਿਤਿਕ ਪ੍ਰਤੀਵੇਸ਼" ਨਿਰੰਤਰਤਾ ਅਤੇ ਉਨ੍ਹਾਂ ਦੇ ਆਂਤਰਿਕ ਪਰਿਵਰਤਣ ਜਾਂ ਨਵੀਨ ਪਰਿਆਵਰਣੀ ਪਰਿਸਥਿਤੀਆਂ ਦੇ ਸੰਦਰਭਾਂ ਵਿਚ ਨਵੇਂ ਵਿਭਿੰਨ ਸਵਰੂਪਾਂ ਦਾ ਬਹੁਸਿਰਜਨ ਉਦਵਿਕਾਸ ਸਿਧਾਂਤ ਵਿਚ ਸਮਝਿਆ ਜਾਂਦਾ ਹੈ। ਡਬਲਿਊ.ਐਫ. ਵਰਥੀਮ ਦੇ ਮਤਾਨੁਸਾਰ ਵਿਮੁਕਤੀ ਸਿਧਾਂਤ ਉਦਵਿਕਾਸ ਦੇ ਲਈ ਆਧਾਰਭੂਤ ਹੈ। ਅਪ੍ਰਾਧੀਕ੍ਰਿਤਾਂ ਦਾ ਇਕ ਮਾਤਰ ਨਿਪੁਣਤਾ ਵਾਲੇ ਲੋਕਾਂ ਦੇ ਨਾਲ ਸਮਤਾ ਪ੍ਰਾਪਤ ਕਰਨ ਦੇ ਲਈ ਸੰਘਰਸ਼ ਅਤੇ ਇਸਦੇ ਨਤੀਜੇ ਵਜੋਂ ਆਧਿਪਤਿਅ ਅਤੇ ਅਗਿਆਨਤਾ ਦੀ ਬੇੜੀਆਂ ਤੋਂ ਮੁਕਤੀ ਦੁਆਰਾ ਨਾ ਕੇਵਲ ਪੱਧਰਾਂ ਬਲਕਿ ਮੈਂਬਰਾਂ ਦੇ ਵੀ ਆਮ ਉਦਭਵ ਵਿਚ ਵ੍ਰਿਧੀ ਹੁੰਦੀ ਹੈ।

## ਸਵ-ਮੁਲਾਂਕਣ (Self Assessment)

1. **ਸਹੀ ਵਿਕਲਪ ਚੁਣੋ (Choose the correct option)—**

(*i*) ਸਮਾਜਿਕ ਪਰਿਵਰਤਣ ਵਿਚ ਕਿਸ ਉਤੇ ਜੋਰ ਦਿੱਤਾ ਜਾਂਦਾ ਹੈ—

(*a*) ਸਮਾਜਿਕ ਸੰਬੰਧਾਂ ਉਤੇ (*b*) ਸਮਾਜਿਕ ਸੰਰਚਨਾ ਉਤੇ

(*c*) ਸਮਾਜਿਕ ਵਿਕਾਸ ਉਤੇ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(*ii*) ਕਿਸਦੇ ਅਨੁਸਾਰ ਸਮਾਜਿਕ ਪਰਿਵਰਤਣ ਦਾ ਅਨੁਭਵ ਸਮਾਜ ਸ਼ਾਸਤਰ ਵਿਸ਼ੇ ਦੇ ਸਾਰਭਾਗ ਵਿਚ ਪਾਇਆ ਜਾਂਦਾ ਹੈ—

(*a*) ਪੀਟਰ ਐਲ. ਬਰਜਰ ਅਤੇ ਬੀ. ਬਰਜਰ (*b*) ਮੈਕਾਈਬਰ ਅਤੇ ਪੇਜ ਕੇ

(*c*) ਕਿੰਗਸਲੇ ਡੇਵਿਸ ਦੇ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(iii) ਸਮਾਜ ਸ਼ਾਸਤਰ ਦਾ ਜਨਕ ਕਿਸ ਨੂੰ ਕਿਹਾ ਜਾਂਦਾ ਹੈ—

(*a*) ਕਿੰਗਸਲੇ ਡੇਵਿਸ ਨੂੰ (*b*) ਆਗਸਟ ਕਾਮਟੇ

(*c*) ਮੈਕਾਈਬਰ ਅਤੇ ਪੇਜ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(*iv*) ਸੰਵਿਧਾਨ ਦੇ ਕਿਸ ਸੰਸ਼ੋਧਨ ਦੇ ਦੁਆਰਾ ਵਿਅਕਤੀਗਤ ਸੁਤੰਤਰਤਾ ਤੋਂ ਵੀ ਉਪਰ ਨਿਦੇਸ਼ਾਤਮਕ ਸਿਧਾਂਤਾਂ ਨੂੰ ਪ੍ਰਧਾਨਤਾ ਦੇ ਦਿਤੀ ਗਈ—

(*a*) 13ਵੇਂ (*b*) 18ਵੇਂ

(*c*) 25ਵੇ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(*v*) ਭਾਰਤ ਵਿਚ ਆਰਥਿਕ ਨਿਯੋਜਨ ਦਾ ਪ੍ਰਤੀਪਾਦਨ ਦਾ ਕੀਤਾ ਗਿਆ ਸੀ—

(*a*) ਸੰਨ 1938 ਵਿਚ (*b*) ਸੰਨ 1939 ਵਿਚ

(*c*) ਸੰਨ 1940 ਵਿਚ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(*vi*) ਕਿਸਦੇ ਅਨੁਸਾਰ ਸਮਾਜ ਦੇ ਮੈਂਬਰਾਂ ਵਿਚ ਵਾਂਛਨੀ ਦਿਸ਼ਾ ਵਿਚ ਨਿਯੋਜਿਤ ਸਮਾਜਿਕ ਪਰਿਵਰਤਣ ਲਿਆਉਣ ਦੇ ਉਪਾਅ ਨੂੰ ਵਿਕਾਸ ਕਹਿੰਦੇ ਹਨ—

(*a*) ਯੋਗੇਂਦਰ ਸਿੰਘ (*b*) ਕਿੰਗਸਲੇ ਡੇਵਿਸ

(*c*) ਆਗਸਟ ਕਾਮਟੇ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(*vii*) "ਏਸ਼ੀਅਨ ਡ੍ਰਾਮਾ" ਪੁਸਤਕ ਦੇ ਲੇਖਕ ਕੌਣ ਹਨ—

(*a*) ਲੇਵਿਸ ਮੋਰਗਨ (*b*) ਹਰਬਰਟ ਸਪੈਂਸਰ

(*c*) ਗੁੰਨਾਰ ਮਿਰਡਲ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(*viii*) ਵਿਮੁਕਤੀ ਸਿਧਾਂਤ ਉਦਵਿਕਾਸ ਦੇ ਲਈ ਆਧਾਰਭੂਤ ਹਨ। ਇਹ ਕਿਸਨੇ ਕਿਹਾ ਹੈ—

(*a*) ਡਬਲਿਉ. ਐਫ. ਵਰਥੀਮ (*b*) ਗੁੰਨਾਰ ਮਿਰਡਲ

(*c*) ਹਰਬਰਟ ਸਪੈਂਸਰ (*d*) ਇਨ੍ਹਾਂ ਵਿਚੋਂ ਕੋਈ ਨਹੀਂ।

## 10.3 ਸਮਾਜਿਕ ਪਰਿਵਰਤਣ ਦੀ ਪ੍ਰਗਤੀ (Progress of Social Change)

ਪ੍ਰਗਤੀ ਦੀ ਧਾਰਣਾ ਤਰਕ ਬੁੱਧੀਵਾਦ ਦੀ ਪਰੰਪਰਾ ਵਿਚ ਜੁੜੀ ਹੋਈ ਹੈ। ਵਿਗਿਆਨ ਅਤੇ ਤਕਨੀਕੀ ਵਿਕਾਸ ਨਾਲ ਸਮਾਜਿਕ ਪ੍ਰਗਤੀ ਦੀ ਧਾਰਣਾ ਨੂੰ ਬਲ ਮਿਲਿਆ ਹੈ। ਪ੍ਰਗਤੀ ਦੀ ਧਾਰਣਾ ਵਿਚ ਓਚਿਤਿਅਤਾ, ਪ੍ਰੋਦਿਯੋਗਿਕ ਵਿਕਾਸ, ਪ੍ਰਕ੍ਰਿਤੀ ਦੀ ਸ਼ਕਤੀਆਂ ਵਿਚ ਨਿਅੰਤਰਣ ਅਤੇ ਸਮਾਜਿਕ ਸਮੂਹ ਦੇ ਵਿਚ ਸੰਘਰਸ਼ ਦਾ ਹਲ ਆਦਿ ਵਿਸ਼ੇਸ਼ਤਾਵਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਕਾਮਟੇ ਅਤੇ ਸਪੈਂਸਰ ਨੇ ਉਦਵਿਕਾਸ ਦੀ ਧਾਰਣਾ ਨੂੰ ਸਮਾਜਿਕ ਪ੍ਰਗਤੀ ਦੀ ਧਾਰਣਾ ਦੇ ਬਰਾਬਰ ਸਮਝਿਆ। ਉਦਿਯੋਗਿਕ ਕ੍ਰਾਂਤੀ ਨਾਲ ਸਮਾਜਿਕ ਪ੍ਰਗਤੀ ਵਿਚ ਬਹੁਤ ਯੋਗਦਾਨ ਪ੍ਰਾਪਤ ਹੋਇਆ ਹੈ।

ਪ੍ਰਗਤੀ ਦਾ ਅਰਥ ਜ਼ਰੂਰੀ ਪਰਿਵਰਤਣ ਤੋਂ ਹੈ। ਜਿਸ ਵਿਚ ਇਸ਼ਟ ਕੀਮਤਾਂ ਦੀ ਪੂਰਤੀ ਹੁੰਦੀ ਹੈ। ਜਦ ਅਸੀਂ ਪ੍ਰਗਤੀ ਦੀ ਚਰਚਾ ਕਰਦੇ ਹਾਂ ਤਾਂ ਸਾਡਾ ਸੰਕੇਤ ਸਿਰਫ ਦਿਸ਼ਾ ਨਾਲ ਹੀ ਨਹੀਂ ਹੈ ਬਲਕਿ ਕਿਸੀ ਆਖਰੀ ਉਦੇਸ਼ ਅਤੇ ਕਿਸੀ ਆਦਰਸ਼ ਰੂਪ ਵਿਚ ਨਿਰਧਾਰਤ ਗੰਤਵ ਦੀ ਦਿਸ਼ਾ ਦੀ ਤਰਫ ਹੁੰਦਾ ਹੈ। ਜੇਕਰ ਸਮਾਜਿਕ ਪਰਿਵਰਤਣ ਵਾਂਛਿਤ ਤਰੀਕੇ ਵਿਚ ਹੁੰਦੇ ਹਨ ਤਾਂ ਉਸਨੂੰ ਪ੍ਰਗਤੀ ਸਮਝਿਆ ਜਾਂਦਾ ਹੈ। ਪ੍ਰਗਤੀ ਇਕ ਸਾਪੇਖਿਕ ਧਾਰਣਾ ਹੈ ਕਿਉਂਕਿ ਇਸ ਵਿਚ ਵਰਤਮਾਨ ਦੀ ਤੁਲਨਾ ਭੂਤਕਾਲ ਦੀ ਪਰਿਸਥਿਤੀਆਂ ਨਾਲ ਕੀਤੀ ਜਾਂਦੀ ਹੈ। ਪਰੰਤੂ ਇਕ ਨਿਸ਼ਚਿਤ ਆਮ ਪੈਮਾਨੇ ਦੇ ਆਧਾਰ ਉਤੇ ਪਰਿਵਰਤਣ ਦਾ ਮੁਲਾਂਕਣ ਕੀਤਾ ਜਾਂਦਾ ਹੈ। ਸੋ ਪ੍ਰਾਸੰਗਿਕ ਤੁਲਨਾਵਾਂ ਨਾਲ ਹੀ ਪ੍ਰਗਤੀ ਦਾ ਸਹੀ ਅਨੁਮਾਨ ਹੋ ਸਕਦਾ ਹੈ। ਮੁਲਾਂਕਣ ਦੀ ਕਸੌਟੀਆਂ ਆਰਥਿਕ ਅਤੇ ਤਕਨੀਕੀ ਪ੍ਰਗਤੀ, ਸਾਂਸਕ੍ਰਿਤਕ ਲਖਸ਼ਣ (ਗੁਣ) ਅਤੇ ਮਾਨਸਿਕ ਵਿਕਾਸ ਆਦਿ ਹਨ। ਤਕਨੀਕੀ ਪ੍ਰਗਤੀ ਸਭ ਤੋਂ ਅਸਾਨ ਕਸੌਟੀ ਹੈ। ਉਦਾਹਰਣ ਲਈ ਇਸ ਵਿਚ ਮੁਦ੍ਰਾ ਅਰਥ ਵਿਅਵਸਥਾ ਅਤੇ ਸੰਚਾਰ ਵਿਅਵਸਥਾ ਨੂੰ ਸ਼ਾਮਲ ਕੀਤਾ ਜਾਂਦਾ ਹੈ। ਪਰੰਤੂ ਪ੍ਰੋਦਿਯੋਗਿਕ ਅਤੇ ਸਾਂਸਕ੍ਰਿਤਕ ਜਾਂ ਸਮਾਜਿਕ ਵਿਕਾਸ ਦੇ ਵਿਚ ਨਿਕਟ ਦਾ ਸੰਬੰਧ ਹੈ ਉਰਜਾ ਦੇ ਕੁਲ ਉਤਪਾਦ ਅਤੇ ਸਮਾਜ ਦੇ ਰੂਪਾਂਤਰਣ ਨੂੰ ਪ੍ਰਗਤੀ ਦੇ ਮੁਲਾਂਕਣ ਦਾ ਇਕ ਮਾਤਰ ਆਧਾਰ ਨਹੀਂ ਮੰਨਿਆ ਜਾ ਸਕਦਾ। ਅਜਿਹੇ ਵਿਚਾਰ ਦੇ ਅਨੁਸਾਰ, ਸਾਂਸਕ੍ਰਿਤਕ ਪ੍ਰਗਤੀ ਪ੍ਰੋਦਿਯੋਗਿਕ ਪਰਿਵਰਤਣ ਦੀ ਤੁਲਨਾ ਵਿਚ ਗੌਣ ਮੰਨੀ ਜਾਂਦੀ ਹੈ। ਵਾਸਤਵ ਵਿਚ, ਕਿਸੇ ਇਕ ਖੇਤਰ ਵਿਚ ਪਰਿਵਰਤਣ ਜਾਂ ਪ੍ਰਗਤੀ ਦੂਜੇ ਖੇਤਰ ਨਾਲ ਸੰਬੰਧਤ ਵੀ ਹੈ ਅਤੇ ਉਸ ਉਤੇ ਨਿਰਭਰ ਵੀ ਹੈ। ਸੋ ਪਰਿਵਰਤਣ ਇਕ ਜਟਿਲ ਪ੍ਰਘਟਨਾ ਹੈ।

ਲੇਵਿਸ ਮੋਰਗਨ ਅਤੇ ਹਰਬਰਟ ਸਪੈਂਸਰ ਆਦਿ ਉਦ ਵਿਕਾਸਵਾਦੀਆਂ ਦੇ ਅਨੁਸਾਰ ਮਾਨਵ ਵਿਕਾਸ ਦੇ ਹਰੇਕ ਉੱਤਰੋਤਰ ਚਰਮ ਪ੍ਰਗਤੀ ਸੂਚਕ ਹਨ। ਮੋਰਗਨ ਦਾ ਵਿਚਾਰ ਹੈ ਕਿ ਪ੍ਰੋਦਿਯੋਗਿਕ ਦੀ ਖੇਤਰ ਵਿਚ ਅਵਿਸ਼ਕਾਰਾਂ ਦਾ ਸੰਚਇਨ ਸਮਾਜਿਕ ਪ੍ਰਗਤੀ ਦਾ ਨਿਰਧਾਰਕ ਹੈ। ਮੋਰਗਨ ਤੋਂ ਸੰਗਠਨ ਦੀ ਵਧਦੀ ਹੋਈ ਜਟਿਲਤਾ ਜ਼ਿਆਦਾ ਵਿਸਤ੍ਰਿਤ ਸ਼੍ਰਮ ਵਿਭਾਜਨ ਅਤੇ ਸਮਾਜ ਦੇ ਆਧਾਰ ਉਤੇ ਵ੍ਰਿਧੀ ਨੂੰ ਪ੍ਰਗਤੀ ਦੀ ਮੁੱਖ ਕਸੌਟੀਆਂ ਮੰਨਿਆਂ ਹੈ, ਪਰੰਤੂ ਸਮਾਜਿਕ ਦ੍ਰਿਸ਼ਟੀ ਤੋਂ ਪ੍ਰਗਤੀ ਨੂੰ ਸਿਰਫ ਅਸਾਨ ਤੋਂ ਮੁਸ਼ਕਿਲ ਪ੍ਰਘਟਨਾ ਨਹੀਂ ਸਮਝਿਆ ਜਾ ਸਕਦਾ ਹੈ। ਵਧਦੀ ਹੋਈ ਜਟਿਲਤਾ ਦੀ ਪਰਿਣਤੀ ਤਕਨੀਕੀ ਪ੍ਰਗਤੀ ਅਤੇ ਉੱਚਤਰ ਯੋਗਤਾ ਹੋਣਾ ਜਰੂਰੀ ਨਹੀਂ ਹੈ। ਜਾਤੀ, ਸੰਯੁਕਤ ਪਰਿਵਾਰ ਅਤੇ ਹਿੰਦੂ ਧਰਮ ਦੀ ਜਟਿਲਤਾ ਕੁਝ ਹਦ ਤਕ ਪ੍ਰੋਦਿਯੋਗਿਕ ਪ੍ਰਗਤੀ ਅਤੇ ਸਮਾਜਿਕ ਵਿਕਾਸ ਵਿਚ ਸਹਾਇਕ ਨਹੀਂ ਰਹੀ ਹੈ। ਇਸਦੇ ਉਲਟ ਨਗਰੀਕਰਣ, ਅਤੇ ਉਦਿਯੋਗੀਕਰਣ ਨੇ ਜਾਤੀ, ਪਰਿਵਾਰ ਅਤੇ ਧਰਮ ਦੀ ਕਠੋਰਤਾਵਾਂ ਉਤੇ ਪ੍ਰਹਾਰ ਕਰ ਕੇ ਉਨ੍ਹਾਂ ਦੀ ਮੁਸ਼ਕਿਲਾਂ ਨੂੰ ਘੱਟ ਕੀਤਾ ਹੈ।

### 10.3.1 ਪ੍ਰਗਤੀ ਦੀ ਕਸੌਟੀਆਂ

ਪ੍ਰਗਤੀ ਕਰਨ ਦੇ ਲਈ ਕਠੋਰ ਸ਼੍ਰਮ ਵਿਭਾਜਨ ਜਰੂਰੀ ਰੂਪ ਤੋਂ ਆਧਾਰ ਨਹੀਂ ਹੈ ਕਿਉਂਕਿ ਪ੍ਰਗਤੀ ਵਿਚ ਇਹ ਬਾਧਕ ਬਣ ਸਕਦਾ ਹੈ। ਸੰਕੀਰਣ ਅਤੇ ਬਹੁਤ ਅਧਿਕ ਵਿਸ਼ੇਸ਼ੀਕਰਣ ਦੇ ਕਾਰਣ ਕਠੋਰ ਸ਼੍ਰਮ ਵਿਭਾਜਨ ਨਵੇਂ ਵਿਭਿੰਨ ਕੰਮਾਂ ਅਤੇ ਤਕਨੀਕੀ ਉਪਾਵਾਂ ਨੂੰ ਤੇਜ ਲਾਭ ਅਪਣਾਉਣ ਵਿਚ ਰੁਕਾਵਟ ਪੈਦਾ ਕਰਦਾ ਹੈ। ਪ੍ਰਤੀਯੋਗਿਤਾਵਾਨ ਸਮਾਜ ਵਿਚ ਜ਼ਿਆਦਾ ਲਚਕਤਾ ਦੁਆਰਾ ਤਰੱਕੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪ੍ਰਗਤੀ ਦੀ ਧਾਰਣਾ ਵਿਚ ਵਿਚਾਰਧਾਰਾ ਦਾ ਤੱਤ ਨਿਹਿਤ ਹੈ। ਅਸੀਂ ਸੰਸਕ੍ਰਿਤੀ ਦੀ ਅਧਿਜੈਵ ਪ੍ਰਕ੍ਰਿਰਤੀ ਨੂੰ ਸਵੀਕਾਰ ਨਹੀਂ ਕਰ ਸਕਦੇ ਕਿਉਂਕਿ ਇਸ ਮਤ ਦੇ ਅਨੁਸਾਰ, ਪ੍ਰੋਦਿਯੋਗਿਕੀ ਵਿਕਾਸ ਸਾਂਸਕ੍ਰਿਤਕ ਸ਼ਕਤੀਆਂ ਦੀ ਤੁਲਨਾ ਵਿਚ ਗੌਣ ਹਨ। ਪ੍ਰੋਦਿਯੋਗਿਕੀ ਪਰਿਵਰਤਣ ਸ਼੍ਰੇਸ਼ਠਤਾ ਨੂੰ ਵੀ ਸਵੀਕਾਰ ਕਰਨਾ ਅਸਾਨ ਨਹੀਂ ਹੈ, ਕਿਉਂਕਿ ਸਾਂਸਕ੍ਰਿਤਕ ਪਰਿਵਰਤਣ ਇਸਦੇ ਅਧੀਨਸਥ ਹੁੰਦਾ ਹੈ। ਉਦਿਯੋਗਿਕ ਪ੍ਰਗਤੀ ਨੂੰ ਸਮਾਜ ਵਿਚ ਸਮੇਂ ਦੀ ਇਕ ਅਵਧੀ ਦੇ ਆਧਾਰ ਉਤੇ ਸਮਝ ਸਕਦੇ ਹਾਂ। ਅਜਿਹੀ ਪ੍ਰਗਤੀ ਦੇ ਹੋਰ ਨਤੀਜੇ ਗੰਦੀ ਬਸਤੀਆਂ, ਅਮਾਨਵੀਕਰਨ, ਮਹਿਲਾਵਾਂ ਅਤੇ ਬੱਚਿਆਂ ਦਾ ਸ਼ੋਸ਼ਣ ਆਦਿ ਹਨ। ਅੱਜ ਉਦਿਯੋਗਿਕ ਅਸ਼ਾਂਤੀ ਇਕ ਗੰਭੀਰ ਸਮੱਸਿਆ ਬਣ ਗਈ ਹੈ।

ਪ੍ਰਗਤੀ ਦਾ ਇਕ ਆਯਾਮ ਤਾਂ ਇਹ ਹੈ ਕਿ ਇਕ ਵਾਰ ਲਾਭ ਪ੍ਰਾਪਤ ਹੋਣ ਦੇ ਬਾਅਦ ਇਹ ਅੰਤ ਤਕ ਰਹਿੰਦਾ ਹੈ। ਰਾਜਨੀਤਿਕ ਸੱਤਾ ਪ੍ਰੋਦਿਯੋਗਿਕ ਗਿਆਨ ਅਤੇ ਸਾਂਸਕ੍ਰਿਤਕ ਸ਼੍ਰੇਸ਼ਠਤਾ ਦੇ ਕੇਂਦਰ ਸਥਿਰ ਹੋ ਜਾਂਦੇ ਹਨ। ਇਹ ਇਕ ਰੇਖੀ ਕ੍ਰਮਵਾਦੀ ਵਿਚਾਰ ਹੈ ਜਿਸ ਦੇ ਸਮਰਥਨ ਵਿਚ ਕੋਈ ਇਤਿਹਾਸਕ ਸਬੂਤ ਨਹੀਂ ਹੈ। ਜਾਨ ਰੋਮੀਨ ਦਾ ਵਿਚਾਰ ਹੈ ਕਿ ਮਾਨਵ ਇਤਿਹਾਸ ਵਿਚ

ਨੋਟ

"ਬਦਲਣ" ਦੀ ਪ੍ਰਘਟਨਾ ਇਕ ਆਮ ਪ੍ਰਵਿਰਤੀ ਹੈ। ਮਾਨਵ ਸਭਿਅਤਾ ਰਾਜਨੀਤਿਕ ਸੱਤਾ ਦੇ ਕੇਂਦਰਾਂ ਦੇ ਖਿਸਕਣ ਦੇ ਸਬੂਤ ਹਨ। ਅਸੀਂ ਸਮਰਾਜਾਂ, ਸਭਿਅਤਾਵਾਂ, ਸ਼ਹਿਰਾਂ ਅਤੇ ਵਿਦਿਆ ਕੇਂਦਰਾਂ ਦੇ ਉਤਥਾਨ ਅਤੇ ਪਤਨ ਦੇ ਬਾਰੇ ਵਿਚ ਜਾਣਦੇ ਹਾਂ। ਚਕ੍ਰੀਏ ਪਰਿਵਰਤਣ ਵ੍ਰਿਹਦ ਤੌਰ ਉਤੇ ਸਵੀਕ੍ਰਿਤ ਪ੍ਰਘਟਨਾ ਹੈ। ਇਹ ਵੀ ਤੱਥ ਹੈ ਕਿ ਲਗਭਗ ਪਿਛਲੇ ਪੰਜਾਹ ਸਾਲਾਂ ਤੋਂ ਪ੍ਰਗਤੀ ਦੀ ਤਰਫ ਇਕ ਆਮ ਵਿਸ਼ਵਵਿਆਪੀ ਪ੍ਰਵਿਰਤੀ ਦੇਖੀ ਗਈ ਹੈ। ਦੇਸ਼, ਸੰਦਰਭ ਜਾਂ ਪਹਿਲੂ ਵਿਚ ਪ੍ਰਤੀਗਮਨ ਇਸਦੇ ਪ੍ਰਤੀਰੂਪਾਂ ਨੂੰ ਅਲੱਗ ਪ੍ਰਭਾਵਤ ਕਰਦਾ ਹੈ। ਸੋ ਰੋਮੀਨ ਦੇ ਅਨੁਸਾਰ, ਪ੍ਰਗਤੀ ਦੀ ਦੋ ਕਸੌਟੀਆਂ, ਅਰਥਾਤ ਪ੍ਰੋਦਿਯੋਗਿਕ ਪ੍ਰਵੀਣਤਾ ਅਤੇ ਸੰਘਟਨਾਤਮਕ ਕਾਰਜ ਸਾਧਕਤਾ ਸਵੀਕਾਰ ਹਨ। ਰੋਮੀਨ ਨੇ ਇਕ ਤੀਜੀ ਕਸੌਟੀ ਵੀ ਜੋੜੀ ਹੈ, ਅਰਥਾਤ ਉਦਵਿਕਾਸ ਇਕ ਅਨਿਰੰਤਰ ਪ੍ਰਕ੍ਰਿਆ ਹੈ। ਸੋ ਮਾਨਵ ਉਦਵਿਕਾਸ ਵਿਚ ਚਰਣਾਂ ਨੂੰ ਛੱਡਣ ਅਤੇ ਅਨਿਰਤੰਰਤਾ ਦੀ ਪ੍ਰਵਿਰਤੀ ਪਾਈ ਜਾਂਦੀ ਹੈ। ਰੋਮੀਨ "ਪ੍ਰਗਤੀ ਦੇ ਦਵੰਦ" ਦਾ ਉਲੇਖ ਕਰਦੇ ਹਨ, ਅਰਥਾਤ ਮਾਨਵ ਇਤਿਹਾਸ ਤੇਜੀ ਅਤੇ ਦਰੁਤ ਗਤੀ ਨਾਲ ਪ੍ਰਗਤੀ ਕਰਦਾ ਹੈ। ਸਮਾਜ ਵਿਚ ਇਕ ਨਿਸ਼ਚਿਤ ਦਿਸ਼ਾ ਵਿਚ ਨਿਹਿਤ ਸਵਾਰਥਾਂ ਦੇ ਕਾਰਣ ਦੁਬਾਰਾ ਛੇਤੀ ਤੇ ਤੇਜ ਪਰਿਵਰਤਣ ਨਹੀਂ ਹੁੰਦੇ ਹਨ। ਵਿਅਵਸਥਾਪਨ ਅਤੇ ਸਥਾਈਕਰਣ ਆਧਾਰਭੂਤ ਪਰਿਵਰਤਣ ਦੇ ਵਿਰੁੱਧ ਹਨ। ਆਧਾਰਭੂਤ ਪਰਿਵਰਤਣ ਉਥੇ ਹੀ ਹੋਏਗਾ ਜਿੱਥੇ ਦਲਿਤ ਹੋਣ ਦੀ ਭਾਵਨਾ ਗਹਿਰੀ ਹੋ ਚੁਕੀ ਹੈ ਅਤੇ ਵਿਮੁਕਤੀ ਦੇ ਲਈ ਇੱਛਾ ਬਹੁਤ ਪ੍ਰਬਲ ਬਣ ਗਈ ਹੈ। ਅਜਿਹੀ ਪਰਿਸਥਿਤੀ ਵਿਚ ਪਰਿਵਰਤਣ ਵਿਚ ਰੁਕਾਵਟ ਕਮਜੋਰ ਹੋ ਜਾਂਦੀ ਹੈ। ਪ੍ਰਗਤੀ ਲਿਆਉਣ ਵਿਚ ਪਿਛੜੇਪਨ ਤੋਂ ਲਾਭ ਨਹੀਂ ਹੁੰਦਾ, ਜਦਕਿ ਤਨਖਾਹ ਵਿਚ ਤੇਜ ਵ੍ਰਿਧੀ ਨਾਲ ਰੁਕਾਵਟ ਆਉਂਦੀ ਹੈ। ਰੋਮੀਨ ਨੇ ਇਸਨੂੰ "ਪ੍ਰਗਤੀ ਦੇ ਦਵੰਦ" ਦਾ ਨਾਮ ਦਿਤਾ ਹੈ।

ਸ਼ਾਇਦ ਰੋਮੀਨ ਦਾ ਤਰਕ ਭਾਰਤੀ ਪਰਿਸਥਿਤੀ ਉਤੇ ਲਾਗੂ ਨਹੀਂ ਹੁੰਦਾ। ਯੂਰੋਪ ਦੇ ਦੇਸ਼ਾਂ, ਜਾਪਾਨ, ਚੀਨ ਅਤੇ ਅਮੇਰਿਕਾ ਦੀ ਤੁਲਨਾ ਵਿਚ ਭਾਰਤ ਨੂੰ ਵਿਗਿਆਨਕ, ਪ੍ਰੋਦਿਯੋਗਿਕ ਅਤੇ ਉਦਿਯੋਗਿਕ ਖੇਤਰਾਂ ਵਿਚ ਆਮਤੌਰ ਤੇ ਪਿਛੜਿਆ ਹੋਇਆ ਮੰਨਿਆਂ ਜਾਂਦਾ ਹੈ। ਭਾਰਤ ਦੇ ਅੰਦਰ ਪਿਛੜੇ ਰਾਜਾਂ, ਖੇਤਰਾਂ ਅਤੇ ਜਿਲਿਆਂ ਵਿਚ ਸ਼ਲਾਘਾਯੋਗ ਪ੍ਰਗਤੀ ਨਹੀਂ ਹੋਈ ਹੈ। ਸੰਪੰਨ ਰਾਜਾਂ ਅਤੇ ਖੇਤਰਾਂ ਵਿਚ ਕਮਜੋਰ ਰਾਜਾਂ ਅਤੇ ਖੇਤਰਾਂ ਵਿਚ ਜ਼ਿਆਦਾ ਤਰੱਕੀ ਹੋਈ ਹੈ। ਇਹੀ ਗੱਲ ਸਮੂਹਾਂ, ਪਰਿਵਾਰਾਂ ਅਤੇ ਵਿਅਕਤੀਆਂ ਉਤੇ ਲਾਗੂ ਹੁੰਦੀ ਹੈ। ਰੋਮੀਨ ਦੁਆਰਾ ਪ੍ਰਸਤਾਵਿਤ "ਕੁਦਕਨਾ" ਲਤ। "ਅਨਿਰੰਤਰਤਾ" ਭਾਰਤ ਵਿਚ ਦਿਖਾਈ ਨਹੀਂ ਦਿੰਦੀ ਹੈ। ਅੱਜ ਸਾਨੂੰ ਬਹੁਤ ਜ਼ਿਆਦਾ ਸੰਚਈ ਅਸਮਾਨਤਾਵਾਂ ਅਤੇ ਕੁਝ ਲੋਕਾਂ ਦੇ ਕੋਲ ਸ਼ਕਤੀ ਦਾ ਕੇਂਦਰੀਕਰਣ ਦਿਖਾਈ ਦਿੰਦਾ ਹੈ।

## 10.4 ਸਮਾਜਿਕ ਪਰਿਵਰਤਣ ਦਾ ਰੂਪਾਂਤਰਣ ਅਤੇ ਕਾਇਆ ਕਲਪ (Transformation and Revolution of Social Change)

ਕ੍ਰਾਂਤੀ ਦਾ ਅਰਥ ਪਰਿਵਰਤਣ ਦੇ ਚਰਮ ਸਵਰੂਪ ਤੋਂ ਹੈ ਕ੍ਰਾਂਤੀ "ਸਹਿਜੇ" ਨਹੀਂ ਹੁੰਦੀ। ਇਹ ਉਦਵਿਕਾਸ ਤੋਂ ਭਿੰਨ ਹੁੰਦੀ ਹੈ। ਇਹ ਵਿਦਰੋਹ, ਬਗਾਵਤ, ਬਲਵਾ, ਗਦਰ, ਸੈਨਿਕ ਵਿਦ੍ਰੋਹ ਆਦਿ ਧਾਰਨਾਵਾਂ ਤੋਂ ਵੀ ਭਿੰਨ ਹੈ। ਸਮਾਜ ਉਤੇ ਇਸਦਾ ਸਥਾਈ ਪ੍ਰਭਾਵ ਨਹੀਂ ਹੁੰਦਾ। ਕ੍ਰਾਂਤੀ ਵਿਦ੍ਰੋਹ ਜਾਂ ਰਾਜ ਦ੍ਰੋਹ ਤੋਂ ਆਪਣੇ ਮਹੱਤਵ ਅਤੇ ਬਹੁ_ਆਯਾਮ ਦੀ ਦ੍ਰਿਸ਼ਟੀ ਤੋਂ ਭਿੰਨ ਹਨ ਕ੍ਰਾਂਤੀ ਵਿਚ "ਅਪ੍ਰਤੀਸ਼ੋਧਤਾ" ਅਤੇ "ਅਟਲਤਾ" ਪਾਈ ਜਾਂਦੀ ਹੈ, ਕਿਉਂਕਿ ਕ੍ਰਾਂਤੀ ਸਿਰਫ ਇਕ ਘਟਨਾਤਮਕ ਅਸਤ-ਵਿਅਸਤਾ ਨਹੀਂ ਹੈ। ਵਰਥੀਮ ਲਿਖਦੇ ਹਨ: "ਮੇਰੇ ਅਨੁਸਾਰ ਮੂਲ ਕਸੌਟੀ ਇਹ ਹੈ ਕਿ ਕ੍ਰਾਂਤੀ ਸਦੈਵ ਵਿਦਿਮਾਨ ਸਮਾਜਿਕ ਵਿਅਵਸਥਾ ਅਤੇ ਵਰਤਮਾਨ ਸੱਤਾ ਸੰਰਚਨਾ ਨੂੰ ਉਖਾੜ ਸੁੱਟਦੀ ਹੈ। ਜਦ ਕਿ ਹੋਰ ਸਭ ਪ੍ਰਕਾਰ ਦੀ ਅਵਿਅਵਸਥਾਵਾਂ ਵਿਚ ਇਸ ਪ੍ਰਕਾਰ ਦੇ ਆਧਾਰਭੂਤ ਪਰਿਵਰਤਣ ਲਿਆਉਣ ਦੀ ਪ੍ਰੇਰਣਾ ਨਹੀਂ ਰਹਿੰਦੀ। ਇਨ੍ਹਾਂ ਦਾ ਉਦੇਸ਼ ਸਿਰਫ ਸੱਤਾਧਾਰੀਆਂ ਨੂੰ ਇਕ ਝਟਕਾ ਦੇਣ ਦਾ ਹੁੰਦਾ ਹੈ, ਜਾਂ ਉਨ੍ਹਾਂ ਨੂੰ ਸੱਤਾਵਿਹੀਨ ਕਰਨ ਜਾਂ ਫਿਰ ਜਾਨ ਤੋਂ ਮਾਰ ਦੇਣ ਦਾ ਹੈ।"

ਕਿਸੀ ਇਕ ਕ੍ਰਾਂਤੀਕਾਰੀ ਸਥਿਤੀ ਵਿਚ ਜਨਤਾ ਅਤੇ ਉਸਦੇ ਨੇਤਾਵਾਂ ਦੀ ਆਕਾਂਸ਼ਾਵਾਂ ਦਾ ਸਹੀ ਮੁਲਾਂਕਣ ਕਰਨਾ ਕਠਿਨ ਹੈ। ਕ੍ਰਾਂਤੀਕਾਰੀ ਉਥਲ-ਪੁਥਲ ਦੁਆਰਾ ਆਏ ਹੋਏ ਮੂਲ ਪਰਿਵਰਤਣ ਦੀ ਮਾਤਰਾ ਨੂੰ ਅਨੁਮਾਨਿਤ ਕਰਨ ਵਿਚ ਕਠਿਨਾਈ ਆਉਂਦੀ ਹੈ। ਕ੍ਰਾਂਤੀ ਵਿਚ ਵਿਅਕਤੀਪਰਕ ਅਤੇ ਵਸਤੂਨਿਸ਼ਠ ਦੋਵੇਂ ਹੀ ਕਸੌਟੀਆਂ ਨੂੰ ਸਮਝਣਾ ਜਰੂਰੀ ਹੈ ਵਿਅਕਤੀਪਰਕ ਕਸੌਟੀਆਂ ਕ੍ਰਾਂਤੀ ਦੇ ਨੇਤਾਵਾਂ ਤੋਂ ਜ਼ਿਆਦਾ ਸੰਬੰਧਤ ਹਨ, ਇਸਲਈ ਇਹ ਅਲਪਕਾਲੀਨ ਹਨ। ਵਿਦ੍ਰੋਹ ਵਿਅਕਤੀਪਰਕ ਕਾਰਕਾਂ ਤੋਂ ਜ਼ਿਆਦਾ ਨਿਰਦੇਸ਼ਿਤ ਹੁੰਦੇ ਹਨ। ਵਸਤੂਨਿਸ਼ਠ ਕਸੌਟੀਆਂ ਵਿਚ ਆਧਾਰਭੂਤ ਪਰਿਵਰਤਣ ਦੇ ਮਹੱਤਵ ਅਤੇ ਬਹੁਆਯਾਮ ਪੱਖ ਉਤੇ ਬਲ ਦਿਤਾ ਹੈ। ਜਿਸ ਨਾਲ ਕ੍ਰਾਂਤੀ ਦੀ ਅਗਵਾਈ ਅਤੇ ਭਾਗੀਦਾਰਾਂ ਨੂੰ ਸੰਤੋਖ ਦਾ ਆਭਾਸ ਹੁੰਦਾ ਹੈ। ਇਨ੍ਹਾਂ ਵਿਭੇਦਾਂ ਦੇ ਉਪਰਾਂਤ ਵੀ ਵਿਅਕਤੀਪਰਕ ਅਤੇ ਵਸਤੂਨਿਸ਼ਠ ਕਸੌਟੀਆਂ ਵਿਚ ਇਕ ਸਪਸ਼ਟ ਅੰਤਰ ਨਹੀਂ ਕਰ ਸਕਦੇ ਕਿਉਂਕਿ ਦੋਵੇਂ ਹੀ ਵਰਤਮਾਨ ਸਮਾਜਿਕ ਵਿਅਵਸਥਾ ਨੂੰ ਬਦਲਣ ਲਈ ਹਨ।

ਕ੍ਰਾਂਤੀ ਦਾ ਅਰਥ ਵਰਤਮਾਨ ਸਮਾਜਿਕ ਵਿਅਵਸਥਾ ਵਿਚ ਮੂਲਭੂਤ ਪਰਿਵਰਤਣ ਲਿਆਉਣਾ ਹੁੰਦਾ ਹੈ ਅੰਗ੍ਰੇਜ਼ੀ ਗ੍ਰਹਿ ਯੁੱਧ ਦੁਆਰਾ ਸ਼ਾਹੀ ਨਿਰੰਕੁਸ਼ਤਾ ਨੂੰ ਰੋਕਿਆ ਗਿਆ, ਅਤੇ ਵਪਾਰਿਕ ਪ੍ਰਵਿਰਤੀ ਵਾਲੇ ਵੱਡੇ ਜਮੀਂਦਾਰਾਂ ਨੂੰ ਪ੍ਰੋਤਸਾਹਿਤ ਕੀਤਾ ਗਿਆ ਜਿਨ੍ਹਾਂ ਨੇ 18ਵੀਂ ਅਤੇ 19ਵੀਂ ਸਦੀ ਦੇ ਪੂਰਵਾਰਧ ਵਿਚ ਕਿਸਾਨ ਸਮਾਜ ਨੂੰ ਨਸ਼ਟ ਕੀਤਾ। ਫ੍ਰਾਂਸੀਸੀ ਕ੍ਰਾਂਤੀ ਨੇ ਪੁਸ਼ਤੈਨੀ ਅਭਿਜਾਤ ਦੀ ਸ਼ਕਤੀ ਨੂੰ ਖਤਮ ਕੀਤਾ ਅਤੇ ਉਸਦੇ ਸਥਾਨ ਉਤੇ ਪ੍ਰਜਾਤਾਂਤਰਿਕ ਸੰਸਥਾਵਾਂ ਦੀ ਸਥਾਪਨਾ ਕੀਤੀ। ਅਮੇਰਿਕਨ ਗ੍ਰਹਿ ਯੁੱਧ ਦੁਆਰਾ ਵੀ ਅਜਿਹਾ ਹੀ ਪਰਿਵਰਤਣ ਆਇਆ। ਸੋ ਕ੍ਰਾਂਤੀਆਂ ਦੇ ਦੁਆਰਾ ਆਧਾਰਭੂਤ ਸਥਾਈ ਪਰਿਵਰਤਣ ਮਾਨਵ ਵਿਮੁਕਤੀ ਦੇ ਨਾਲ ਲਿਆਇਆ ਜਾਂਦਾ ਹੈ।

ਨੋਟ

ਕ੍ਰਾਂਤੀ ਦਾ ਉਦੇਸ਼ ਮਨੁੱਖ ਦਾ ਸਮਾਜਿਕ, ਸਾਂਸਕ੍ਰਿਤਕ, ਰਾਜਨੈਤਿਕ ਅਤੇ ਆਰਥਿਕ ਦਾਸਤਾ ਤੋਂ ਮੁਕਤੀ ਦਿਵਾਉਣ ਦਾ ਹੈ ਉਨ੍ਹਾਂ ਅੰਦੋਲਨਾਂ ਨੂੰ ਜਿਨ੍ਹਾਂ ਦਾ ਉਦੇਸ਼ ਪਰੰਪਰਾਤਮਕ ਸਮਾਜਿਕ ਵਿਅਵਸਥਾ ਦੀ ਮੁੜ ਸਥਾਪਨਾ ਜਾਂ ਪੁਨਰਬਲਨ ਹੈ ਉਨ੍ਹਾਂ ਨੂੰ "ਪ੍ਰਤੀ-ਕ੍ਰਾਂਤੀਆਂ" ਕਹਿ ਸਕਦੇ ਹਾਂ। ਪਰੰਤੂ ਕ੍ਰਾਂਤੀਆਂ ਦਾ ਉਦੇਸ਼ ਪੁਰਾਣੀ ਸਮਾਜ ਵਿਅਵਸਥਾ ਦੀ ਮੁੜ ਸਥਾਪਨਾ ਕਰਨ ਦਾ ਵੀ ਰਿਹਾ ਹੈ। ਇਸ ਪ੍ਰਕਾਰ ਦੀ ਕ੍ਰਾਂਤੀ ਦੁਆਰਾ ਵਿਦਿਮਾਨ ਸਮਾਜਿਕ ਵਿਅਵਸਥਾ ਵਿਚ ਇਕ ਨਵੀਂ ਵਿਅਵਸਥਾ ਸਥਾਪਿਤ ਕਰਨ ਦੀ ਦ੍ਰਿਸ਼ਟੀ ਤੋਂ ਆਧਾਰਭੂਤ ਰੂਪਾਂਤਰਣ ਨਹੀਂ ਹੁੰਦਾ ਹੈ। ਮਹਿਲਾਂ ਵਿਚ ਹੋਈ ਕ੍ਰਾਂਤੀ ਨੂੰ ਪ੍ਰਾਸਾਦ ਕ੍ਰਾਂਤੀ ਕਿਹਾ ਜਾ ਸਕਦਾ ਹੈ। ਵਿਸ਼ਵ ਇਤਿਹਾਸ ਵਿਚ ਇਸਦੇ ਅਨੇਕ ਉਦਾਹਰਣ ਮਿਲਦੇ ਹਨ।

ਵਾਸਤਵ ਵਿਚ ਕ੍ਰਾਂਤੀ ਦਾ ਅਰਥ "ਆਧੁਨਿਕੀਕਰਣ" ਤੋਂ ਹੈ, ਨਾ ਕਿ ਮੁੜ ਸਥਾਪਨਾ ਤੋਂ। 19ਵੀਂ ਸਦੀ ਵਿਚ ਯੂਰੋਪ ਵਿਚ ਵਿਗਿਆਨ, ਤਕਨੀਕੀ, ਉਦਿਯੋਗ ਅਤੇ ਖੇਤੀ ਦੇ ਖੇਤਰਾਂ ਵਿਚ ਆਧੁਨਿਕੀਕਰਣ ਦੁਆਰਾ ਕ੍ਰਾਂਤੀਕਾਰੀ ਵਿਮੁਕਤੀ ਅੰਦੋਲਨ ਉਭਰੇ । ਸੋ ਕ੍ਰਾਂਤੀ ਸ਼ਬਦ ਦੇ ਸਕਾਰਾਤਮਕ ਅਰਥ ਹਨ। ਕਦੀ-ਕਦੀ ਜਦ ਕ੍ਰਾਂਤੀਕਾਰੀ ਅੰਦੋਲਨਾਂ ਦਾ ਉਦੇਸ਼ ਪੁਨਰਉਤਥਾਨਵਾਦ ਹੋਵੇ ਤਦ ਵੀ ਪ੍ਰਤੀ-ਕ੍ਰਾਂਤੀਆਂ (ਪ੍ਰਤੀਕ੍ਰਿਆਵਾਦੀ ਹੋਣ ਉਤੇ ਵੀ) ਨੂੰ ਪ੍ਰਗਤੀਸ਼ੀਲ ਮੰਨਿਆ ਜਾ ਸਕਦਾ ਹੈ। ਭਾਰਤ ਵਿਚ 19ਵੀਂ ਸ਼ਤਾਬਦੀ ਵਿਚ ਅਨੇਕ ਸੁਧਾਰ ਅੰਦੋਲਨ ਪ੍ਰਤੀ ਕ੍ਰਾਂਤੀਕਾਰੀ ਸਨ। ਕਿਉਂਕਿ ਉਨ੍ਹਾਂ ਦਾ ਉਦੇਸ਼ ਪਰੰਪਰਾਤਮਕ ਕੀਮਤਾਂ (ਜਿਵੇਂ ਵੇਦਾਂ ਦਾ ਅਧਿਐਨ) ਨੂੰ ਮੁੜ ਪ੍ਰਤੀਸਥਾਪਤ ਕਰਨ ਦਾ ਸੀ।

ਪ੍ਰਤੀ-ਕ੍ਰਾਂਤੀਆਂ ਦਾ ਪ੍ਰਮੁੱਖ ਵਿਮੁਕਤੀ ਨਹੀਂ ਹੈ ਇਕ ਕ੍ਰਾਂਤੀਕਾਰੀ ਅੰਦੋਲਨ ਦਾ ਮੂਲ ਉਦੇਸ਼ ਆਰਥਿਕ ਅਵਸਰਾਂ ਅਤੇ ਸ਼ਕਤੀ ਅਤੇ ਵਿਸ਼ੇਸ਼ਾਧਿਕਾਰ ਦੇ ਸੰਦਰਭ ਵਿਚ ਅਨਮਿਅ ਸੋਪਾਨੀ ਵਿਅਵਸਥਾ ਨੂੰ ਉਖਾੜ ਸੁੱਟਣ ਦਾ ਹੈ। ਪ੍ਰਤੀ-ਕ੍ਰਾਂਤੀ ਦੁਆਰਾ ਅਜਿਹੀ ਸੰਭਾਵਨਾ ਨਹੀਂ ਦਿਖਾਈ ਦਿੰਦੀ। ਕ੍ਰਾਂਤੀ ਮੁੱਖ ਤੌਰ ਤੇ ਇਕ ਰਾਜਨੀਤਿਕ ਪ੍ਰਘਟਨਾ ਹੈ ਨਾ ਕਿ ਸਮਾਜਿਕ ਪ੍ਰਘਟਨਾ ਅਤੇ ਇਸਦੇ ਦੁਆਰਾ ਸ਼ਕਤੀ ਦੇ ਸੰਦਰਭ ਵਿਚ ਪਰਿਸਥਿਤੀ ਨੂੰ ਪ੍ਰਭਾਵਤ ਕੀਤਾ ਜਾਂਦਾ ਹੈ। ਪ੍ਰਤੀ-ਕ੍ਰਾਂਤੀ ਦੁਆਰਾ ਬਹੁ ਸਮਾਜਿਕ ਸਮੂਹ ਨੂੰ ਲਾਭ ਨਹੀਂ ਮਿਲਦਾ। ਪ੍ਰਤੀ-ਕ੍ਰਾਂਤੀ ਦੁਆਰਾ ਉਨ੍ਹਾਂ ਦੇ ਸਮਾਜਿਕ ਸਮੂਹਾਂ ਦੀ ਸ਼ਕਤੀ ਦੀ ਦ੍ਰਿੜਤਾ ਵਧਦੀ ਹੈ ਜੋ ਕਿ ਸਥਾਪਿਤ ਰਾਜਨੀਤਿਕ ਵਿਅਵਸਥਾ ਵਿਚ ਪਹਿਲਾਂ ਤੋਂ ਹੀ ਬਹੁਤ ਪ੍ਰਭਾਵਸ਼ੀਲ ਹਨ। ਸੋ ਪ੍ਰਤੀ-ਕ੍ਰਾਂਤੀ ਦੁਆਰਾ "ਆਧਾਰਭੂਤ ਪਰਿਵਰਤਣ" ਨਹੀਂ ਆਉਂਦਾ। ਅਜਿਹੇ ਪਰਿਵਰਤਣ ਨੂੰ "ਸੰਰਚਨਾਤਮਕ ਪਰਿਵਰਤਣ" ਕਿਹਾ ਜਾ ਸਕਦਾ ਹੈ।

ਟਾਸਕ ਸਮਾਜਿਕ ਪਰਿਵਰਤਣ ਦੇ ਅਧਿਐਨ ਵਿਚ ਯੋਗੇਂਦਰ ਸਿੰਘ ਦਾ ਕੀ ਯੋਗਦਾਨ ਰਿਹਾ ਹੈ?

## ਮਹਾਤਮਾ ਗਾਂਧੀ ਅਤੇ ਸਮਾਜਿਕ ਪਰਿਵਰਤਣ

ਕੀ ਬਿਨਾ ਹਿੰਸਾ ਦੇ ਕੋਈ ਕ੍ਰਾਂਤੀ ਹੋ ਸਕਦੀ ਹੈ? "ਉਦਯੋਗਿਕ ਕ੍ਰਾਂਤੀ", "ਜਨਾਂਕਿਕੀਏ ਕ੍ਰਾਂਤੀ", "ਵਿਧੁਦਗਣੀਏ ਕ੍ਰਾਂਤੀ" ਜਾਂ "ਕੰਪਿਊਟਰ ਕ੍ਰਾਂਤੀ" ਆਦਿ ਦਾ ਉਲੇਖ ਅਹਿੰਸਕ ਕ੍ਰਾਂਤੀਆਂ ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਹ ਸਿਰਫ ਲਖਸ਼ਣੀ ਅਭਿਵਿਅਕਤੀਆਂ ਹਨ। ਪਰੰਤੂ ਇਨ੍ਹਾਂ ਵਿਸ਼ਿਸ਼ਟ ਖੇਤਰਾਂ ਵਿਚ ਸਮਾਜ ਦੇ ਤੇਜ ਰੂਪਾਂਤਰਣ ਦੇ ਬਾਰੇ ਵਿਚ ਇਨ੍ਹਾਂ ਨਾਲ ਬੋਧ ਹੁੰਦਾ ਹੈ। 1948 ਵਿਚ ਚੇਕੋਸਲਵਾਕਿਆ ਦੀ ਕ੍ਰਾਂਤੀ, 1868 ਵਿਚ ਜਾਪਾਨ ਵਿਚ ਮੀਜਾ ਸ਼ਾਸਨ ਦੀ ਮੁੜ ਸਥਾਪਨਾ ਅਤੇ ਆਧੁਨਿਕ ਚੀਨ ਵਿਚ ਸਾਂਸਕ੍ਰਿਤਕ ਕ੍ਰਾਂਤੀ ਆਦਿ ਕੁਝ ਅਜਿਹੇ ਉਦਾਹਰਣ ਹਨ ਜਿਨ੍ਹਾਂ ਵਿਚ ਬਹੁਤ ਘੱਟ ਖੂਨ-ਖਰਾਬਾ ਹੋਇਆ ਹੈ।

ਹਿੰਸਾ ਨੂੰ ਸਿਧਾਂਤ ਦੇ ਤੌਰ ਉਤੇ ਤਿਰਸਕ੍ਰਤ ਕਰਦੇ ਹੋਏ ਮਹਾਤਮਾ ਗਾਂਧੀ ਨੇ ਭਾਰਤ ਵਿਚ ਅੰਗ੍ਰੇਜ਼ੀ ਸ਼ਾਸਨ ਦੇ ਵਿਰੁੱਧ ਲੜਾਈ ਛੇੜੀ ਸੀ। ਅਵਗਿਆ ਅੰਦੋਲਨ ਨੂੰ ਚਲਾਉਣ ਵਿਚ ਗਾਂਧੀ ਨੂੰ ਜਨ ਸਮਰਥਣ ਪ੍ਰਾਪਤ ਸੀ। ਫਿਰ ਵੀ ਪ੍ਰਸ਼ਨ ਇਹ ਹੈ ਕੀ ਗਾਂਧੀ ਭਾਰਤੀ ਸਮਾਜ ਵਿਚ ਹੋਲੀ-ਹੋਲੀ ਪਰਿਵਰਤਣ ਲਿਆਉਣਾ ਚਾਹੁੰਦੇ ਸਨ ਜਾਂ ਤੇਜ ਆਧਾਰਭੂਤ ਪਰਿਵਰਤਣ ਲਿਆਉਣ ਦੇ ਸਮਰਥਕ ਸਨ? ਅਜਿਹਾ ਪ੍ਰਤੀਤ ਹੁੰਦਾ ਹੈ ਕਿ ਅਹਿੰਸਕ ਪੱਧਤੀਆਂ ਦੁਆਰਾ ਗਾਂਧੀ ਇਕ ਮੰਥਰ ਪਰਿਵਰਤਨ ਨੂੰ ਪ੍ਰਾਕਮਿਕਤਾ ਦੇਣਾ ਚਾਹੁੰਦੇ ਸਨ। ਪਰੰਤੂ ਭਾਰਤੀ ਸਮਾਜ ਵਿਚ ਆਧਾਰਭੂਤ ਪਰਿਵਰਤਣ ਲਿਆ ਕੇ ਸ਼ੋਸ਼ਣ ਅਤੇ ਦਮਨ ਤੋਂ ਮੁਕਤੀ ਦਿਵਾਉਣ ਵਿਚ ਗਾਂਧੀ ਦੀ ਬਹੁਤ ਜ਼ਿਆਦਾ ਰੂਚੀ ਸੀ। ਗਾਂਧੀ ਆਪਣੇ ਆਪ ਨੂੰ ਇਕ ਸੱਚਾ ਕ੍ਰਾਂਤੀਕਾਰੀ ਮੰਨਦੇ ਸਨ।

ਸਮਕਾਲੀਨ ਸੰਸਾਰ ਵਿਚ ਗਾਂਧੀ ਨੂੰ ਅਦੁਤੀ ਜਨ ਸਮਰਥਣ ਪ੍ਰਾਪਤ ਸੀ। ਸਮਾਜਿਕ ਅਤੇ ਰਾਜਨੀਤਿਕ ਵਿਅਵਸਥਾ ਨੂੰ ਉਖਾੜ ਸੁੱਟਣ ਵਿਚ ਗਾਂਧੀ ਦੁਆਰਾ ਉਪਯੋਗ ਵਿਚ ਲਿਆਏ ਗਏ ਉਪਾਅ ਵਰਗੇ ਅਸਹਿਯੋਗ, ਸਵਿਨੇ ਅਵੱਗਿਆ, ਆਮਰਣ ਅਨਸ਼ਨ, ਆਦਿ ਆਪਣੇ ਆਪ ਵਿਚ ਕ੍ਰਾਂਤੀਕਾਰੀ ਪ੍ਰਕਿਰਤੀ ਦੇ ਸਨ। ਬ੍ਰਿਟਿਸ਼ ਸ਼ਾਸਕਾਂ ਨੂੰ ਭਾਰਤ ਛੱਡਣ ਉਤੇ ਮਜਬੂਰ ਕਰਨ ਤੋਂ ਬਾਅਦ ਵੀ ਗਾਂਧੀ ਦੇ ਅੰਦੋਲਨ ਨੂੰ ਸਮਾਜਿਕ ਵਿਅਵਸਥਾ ਵਿਚ ਪੂਰਣ ਬਦਲਾਵਪੂਰਕ "ਕ੍ਰਾਂਤੀਕਾਰੀ" ਅੰਦੋਲਨ ਨਹੀਂ ਕਹਿ ਸਕਦੇ। ਵੱਡੇ ਵਪਾਰੀ ਅਤੇ ਜ਼ਿਮੀਂਦਾਰ ਤੁਰੰਤ ਅਤੇ ਪ੍ਰਤੱਖ ਰੂਪ ਤੋਂ ਪ੍ਰਭਾਵਤ ਨਹੀਂ ਹੋਏ ਸਨ। ਰਾਜਿਆਂ, ਜਾਗੀਰਦਾਰਾਂ ਅਤੇ ਜ਼ਿਮੀਂਦਾਰਾਂ ਨੂੰ ਨਵੇਂ ਕਾਨੂੰਨ ਦੇ ਅੰਤਰਗਤ ਪੈਤ੍ਰਕ ਆਧਾਰ ਉਤੇ ਸੰਪਤੀ ਅਤੇ ਭੂਮੀ ਰਖਣ ਦੀ ਛੂਟ ਦਿਤੀ ਗਈ ਸੀ, ਅਤੇ ਉਨ੍ਹਾਂ (ਰਾਜਿਆਂ ਨੂੰ) 1969 ਤਕ ਸ਼ਾਹੀ ਭੱਤਾ ਵੀ ਦਿਤਾ ਗਿਆ ਸੀ। ਉਨ੍ਹਾਂ ਦੀ ਜਾਇਦਾਦ ਅਤੇ ਜਾਗੀਰਾਂ ਦੇ ਉਨਮੂਲਨ ਦੇ ਬਦਲੇ ਵਿਚ ਮੁਆਵਜਾ ਦਿਤਾ ਗਿਆ ਸੀ।

ਨੋਟ

ਕੁਝ ਲੋਕਾਂ ਨੇ ਅਜਿਹੇ ਪਰਿਵਰਤਨ ਨੂੰ "ਬਰਜੂਆ ਕ੍ਰਾਂਤੀ" ਦੀ ਸੰਗਿਆ ਦਿਤੀ ਹੈ ਇਕ "ਕ੍ਰਾਂਤੀ" ਦੇ ਲਈ ਇਕ "ਦੂਜੀ ਕ੍ਰਾਂਤੀ" ਦੀ ਵੀ ਜਰੂਰਤ ਹੈ ਤਾਂ ਕਿ ਵਾਂਛਿਤ ਪਰਿਵਰਤਨਾਂ ਨੂੰ ਕ੍ਰਿਆਂਵਿਤ ਕਰਕੇ ਸੰਸਥਾਗਤ ਬਣਾਇਆ ਜਾ ਸਕੇ। ਗਾਂਧੀ ਨੇ ਕਾਨੂੰਨੀ ਉਪਾਗਮ ਨਹੀਂ ਅਪਣਾਇਆ। ਪਰੰਤੂ ਗਾਂਧੀ ਦੀ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਧਨੀ ਵਰਗ ਨੂੰ ਪ੍ਰਭਾਵਤ ਕਰ ਵਾਲੀ ਇਕ ਸੱਚੀ ਸਮਾਜਿਕ ਕ੍ਰਾਂਤੀ ਨਹੀਂ ਲਿਆਈ ਜਾ ਸਕੀ। ਗਾਂਧੀ ਅਤੇ ਉਨ੍ਹਾਂ ਦੇ ਅਨੁਯਾਈਆਂ ਨੇ ਵਿਅਰਥ ਹੀ ਇਹ ਸੋਚਿਆ ਕਿ ਧਨੀ ਵਰਗ ਆਪਣੇ ਆਪ ਗਰੀਬ ਵਰਗਾਂ ਦੇ ਲਈ ਆਪਣੀ ਸੰਪਤੀ ਦਾ ਤਿਆਗ ਕਰਣਗੇ। ਸੋ ਇਹ ਤਾਂ ਪ੍ਰਤੀ ਹੁੰਦਾ ਹੈ ਕਿ ਹਿੰਸਾ ਕ੍ਰਾਂਤੀ ਦਾ ਇਕ ਜਰੂਰੀ ਤੱਤ ਨਹੀਂ ਹੈ। ਪਰੰਤੂ ਹਿੰਸਕ ਸਾਧਨਾਂ ਦੁਆਰਾ ਵਿਸ਼ੇਸ਼ ਪਰਿਸਥਿਤੀਆਂ ਵਿਚ ਇਕ ਆਧਾਰਭੂਤ ਪਰਿਵਰਤਨ ਲਿਆਇਆ ਜਾ ਸਕਦਾ ਹੈ। ਆਚਾਰੀਆ ਵਿਨੋਬਾ ਭਾਵੇ ਅਤੇ ਜੈਪ੍ਰਕਾਸ਼ ਨਾਰਾਇਣ ਨੇ ਸਮਾਜਿਕ ਪਰਿਵਰਤਨ ਦੇ ਗਾਂਧੀਵਾਦੀ ਸਿਧਾਂਤ ਅਤੇ ਅਭਿਆਸ ਦਾ ਅਨੁਸਰਣ ਕੀਤਾ। ਭਾਵੇ ਨੇ ਭੂਦਾਨ ਅਤੇ ਗ੍ਰਾਮਦਾਨ ਅੰਦੋਲਨ ਸ਼ੁਰੂ ਕੀਤੇ। ਦਾਨ ਸਵਰੂਪ ਭੂਮੀ ਪ੍ਰਾਪਤ ਕੀਤੀ ਅਤੇ ਗਰੀਬਾਂ ਵਿਚ ਉਸਦਾ ਵਿਤਰਣ ਕੀਤਾ। ਆਪਣੇ ਜੀਵਨ ਦੇ ਅੰਤਿਮ ਚਰਣ ਦੇ ਸਿਵਾਏ ਜੈ ਪ੍ਰਕਾਸ਼ ਨਾਰਾਇਣ ਰਾਜਨੀਤੀ ਤੋਂ ਅਜਗ ਰਹੇ। ਉਨ੍ਹਾਂ ਨੇ ਸੱਤਾ ਦਾ ਕੋਈ ਵੀ ਪਦ ਸਵੀਕਾਰ ਨਹੀਂ ਕੀਤਾ। 1970 ਦੇ ਦਸ਼ਕ ਵਿਚ ਜੈ ਪ੍ਰਕਾਸ਼ ਨਾਰਾਇਣ ਨੇ "ਸੰਪੂਰਣ ਕ੍ਰਾਂਤੀ" ਦੇ ਵਿਚਾਰ ਨੂੰ ਜਨਮ ਦਿਤਾ।

### ਕਾਇਆਕਲਪ ਅਤੇ ਸਮਾਜਿਕ ਪਰਿਵਰਤਣ

ਸਮਾਜਿਕ ਜੀਵਨ ਵਿਚ ਕ੍ਰਾਂਤੀਆਂ ਆਧਾਰਭੂਤ ਲਿਆਉਂਦੀਆਂ ਹਨ। ਰਾਜਨੀਤਿਕ ਢਾਂਚੇ ਵਿਚ ਸਭ ਤੋਂ ਜ਼ਿਆਦਾ ਪਰਿਵਰਤਣ ਆਉਂਦੇ ਹਨ, ਕਿਉਂਕਿ ਰਾਜਨੀਤਿਕ ਕ੍ਰਿਆਕਲਾਪਾਂ ਵਿਚ ਲੋਕਾਂ ਦੀ ਭਾਗੀਦਾਰੀ ਵਧ ਜਾਂਦੀ ਹੈ। ਕ੍ਰਾਂਤੀ ਤੋਂ ਪਹਿਲਾਂ ਦੇ ਪ੍ਰਸ਼ਾਸਨ ਵਿਚ ਵੰਚਿਤ ਪਰਿਸਥਿਤੀ ਅਤੇ ਪ੍ਰਤੀਸ਼ਠਾ ਦੇ ਪਦਾਂ ਨੂੰ ਪ੍ਰਾਪਤ ਕਰਨ ਦੇ ਅਵਸਰ ਜ਼ਿਆਦਾ ਉਪਲਬਧ ਹੁੰਦੇ ਹਨ। ਕ੍ਰਾਂਤੀਕਾਰੀ ਪਰਿਵਰਤਣ ਦੇ ਨਤੀਜੇ ਵਜੋਂ ਆਰਥਿਕ ਖੇਤਰ ਵਿਚ ਪੁਰਾਣੇ ਬੰਧਨਾਂ ਤੋਂ ਜਨਤਾ ਨੂੰ ਮੁਕਤੀ ਪ੍ਰਾਪਤ ਹੋਣ ਦੀ ਅੱਧਾ ਹੁੰਦੀ ਹੈ। ਭਾਰਤ ਵਿਚ ਸੁਤੰਤਰਤਾ ਦੇ ਬਾਅਦ 1950 ਅਤੇ 1960 ਦੇ ਦਸ਼ਕ ਦੇ ਪ੍ਰਾਰੰਭਕ ਸਾਲਾਂ ਵਿਚ ਹੋਏ ਭੂਮੀ ਸੁਧਾਰਾਂ ਦੇ ਕਾਰਣ ਖੇਤੀ ਭੂਮੀ ਉਤੇ ਜਮੀਂਦਾਰਾਂ ਦੇ ਇਕਾਧਿਕਾਰੀ ਨਿਅੰਤ੍ਰਣ ਉਤੇ ਪ੍ਰਹਾਰ ਹੋਇਆ। ਭਾਰਤ ਦੇ ਕੁਝ ਹਿੱਸਿਆਂ ਵਿਚ "ਹਰਿਤ ਕ੍ਰਾਂਤੀ" ਵੀ ਪ੍ਰਭਾਵਕਾਰੀ ਭੂਮੀ ਸੁਧਾਰਾਂ ਦੇ ਕਾਰਣ ਆਈ ਹੈ।

ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਕ੍ਰਾਂਤੀ ਦੁਆਰਾ ਮਾਨਵ ਗਰਿਮਾ ਦੀ ਭਾਵਨਾ ਅਤੇ ਸਮਾਜ ਦੇ ਦਲਿਤ ਵਰਗਾਂ ਵਿਚ ਪਰਿਵਰਤਿਤ ਮਾਨਸਿਕਤਾ ਜਾਗ੍ਰਤ ਕੀਤੀ ਜਾਂਦੀ ਹੈ। ਭਾਰਤ ਵਿਚ ਕਿਸਾਨਾਂ, ਕਾਸ਼ਤਕਾਰਾਂ ਅਤੇ ਭੂਮੀਹੀਨ ਸ਼੍ਰਮਿਕਾਂ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਇਸਤ੍ਰੀਆਂ ਵਿਚ ਇਸ ਪ੍ਰਕਾਰ ਦਾ ਮਨੋਵਿਗਿਆਨਕ ਪਰਿਵਰਤਣ ਦੇਖਿਆ ਜਾ ਸਕਦਾ ਹੈ। ਸੁਤੰਤਰਤਾ ਅਤੇ ਵਿਮੁਕਤ ਮਹਿਸੂਸ ਕਰਦੇ ਹਨ।

**ਸਵ-ਮੁਲਾਂਕਣ (Self Assessment)**

**2. ਖਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks)—**

(*i*) ਵਿਗਿਆਨ ਅਤੇ ਤਕਨੀਕੀ ਦੇ ਵਿਕਾਸ ਤੋਂ ................ ਦੀ ਧਾਰਣਾ ਨੂੰ ਬਲ ਮਿਲਿਆ ਹੈ।

(*ii*) ................. ਅਤੇ ਹਰਬਰਟ ਸਪੈਂਸਰ ਦੇ ਅਨੁਸਾਰ, ਮਾਨਵ ਵਿਕਾਸ ਦੇ ਹਰੇਕ ਉੱਤਰੋਤਰ ਚਰਮ ਪ੍ਰਗਤੀ ਸੂਚਕ ਹੈ।

(*iii*) .............. ਨੇ ਪੁਸ਼ਤੈਨੀ ਅਭਿਜਾਤ ਦੀ ਸ਼ਕਤੀ ਨੂੰ ਸਮਾਪਤ ਕੀਤਾ ਅਤੇ ਉਸਦੇ ਸਥਾਨ ਉਤੇ ਪ੍ਰਜਾਤਾਂਤਰਿਕ ਸੰਸਥਾਵਾਂ ਦੀ ਸਥਾਪਨਾ ਕੀਤੀ।

(*iv*) ਚੇਕੋਸਲੋਵਾਕੀਆ ਦੀ ਕ੍ਰਾਂਤੀ .............. 1948 ਵਿਚ ਹੋਈ ਸੀ।

(*v*) ਸੰਨ 1970 ਦੇ ਦਸ਼ਕ ਵਿਚ ਜੈ ਪ੍ਰਕਾਸ਼ ਨਾਰਾਇਣ ਨੇ ............. ਦੇ ਵਿਚਾਰ ਨੂੰ ਜਨਮ ਦਿਤਾ।

## 10.5 ਸਾਰ ਅੰਸ਼ (Summary)

- ਸਮਾਜਿਕ ਪਰਿਵਰਤਣ ਦੀ ਧਾਰਣਾ ਬਹੁਤ ਵ੍ਰਿਹਦ ਹੈ। ਸਥਾਨ, ਸਮੇਂ ਅਤੇ ਸੰਦਰਭ ਦੇ ਪਰਿਪੇਖ ਵਿਚ ਸਮਾਜਿਕ ਸੰਰਚਨਾ ਦੇ ਅੰਦਰ ਹੋਣ ਵਾਲੇ ਪਰਿਵਰਤਣ ਦੀ ਪ੍ਰਕ੍ਰਿਆਵਾਂ ਦੇ ਪੁੰਜ ਨੂੰ ਸਮਾਜਿਕ ਪਰਿਵਰਤਣ ਕਹਿੰਦੇ ਹਨ। ਕਿਉਂਕਿ ਇਹ ਅਵਧਾਰਣਾ ਇੰਨੀ ਵ੍ਰਿਹਦ ਹੈ, ਇਸ ਲਈ ਕੁਝ ਅਸਪਸ਼ਟ, ਅੰਤਰਿਤ ਅਤੇ ਮੁੱਲ ਤਟਸਥ ਹੈ। ਸਮਾਜਿਕ ਪਰਿਵਰਤਣ ਦੀ ਅਵਧਾਰਣਾ ਦੇ ਅਲਾਵਾ ਇਸ ਅਧਿਆਏ ਵਿਚ ਇੰਨੇ ਉਦਵਿਕਾਸ, ਕ੍ਰਾਂਤੀ, ਪ੍ਰਗਤੀ, ਵਿਕਾਸ, ਸਮਾਜਿਕ ਅੰਦੋਲਨ ਅਤੇ ਸਮਾਜਿਕ ਪਰਿਵਰਤਣ ਸੰਬੰਧੀ ਪ੍ਰਕ੍ਰਿਆਵਾਂ ਦੀ ਅਵਧਾਰਣਾਵਾਂ ਦੀ ਵਿਆਖਿਆ ਕੀਤੀ ਹੈ।
- ਭਾਰਤ ਦੇ ਸਮਾਜਿਕ ਪਰਿਵਰਤਣ ਨੂੰ ਸਮਝਣ ਦੇ ਮੁੱਖ ਉਪਾਗਮ ਇਸ ਪ੍ਰਕਾਰ ਹਨ : (*i*) ਉਦਵਿਕਾਸਵਾਦੀ (*ii*) ਸਾਂਸਕ੍ਰਿਤਕ ਅਤੇ (*iii*) ਸੰਰਚਾਤਮਕ। ਯੋਜਨਾਵਾਂ ਅਤੇ ਨੀਤੀਆਂ ਵਿਚ ਨਿਹਿਤ ਭਵਿੱਖ ਵਿਚ ਸਮਾਜਿਕ ਪਰਿਵਰਤਣ ਲਿਆਉਣ ਦੇ ਮਾਰਗ ਵਿਚ ਮੁੱਖ ਸੰਰਚਨਾਤਮਕ ਅਤੇ ਸਾਂਸਕ੍ਰਿਤਕ ਰੁਕਾਵਟਾਂ ਨੂੰ ਇਨ੍ਹਾਂ ਉਪਾਗਮਾਂ ਦੀ ਵਿਆਖਿਆ ਦੁਆਰਾ ਸਮਝਿਆ ਜਾ ਸਕਦਾ ਹੈ।

ਨੋਟ

- ਮੋਟੇ ਤੌਰ ਉਤੇ ਸਮਾਜ ਵਿਚ ਦੋ ਪ੍ਰਕਾਰ ਦੀ ਪ੍ਰਕਿਆਵਾਂ ਹੁੰਦੀਆਂ ਹਨ: (*i*) ਉਹ ਪ੍ਰਕ੍ਰਿਆਵਾਂ ਜੋ ਸਮਾਜਿਕ ਵਿਅਵਸਥਾ ਨੂੰ ਕਾਇਮ ਰਖਦੀਆਂ ਹਨ, ਅਤੇ (*ii*) ਉਹ ਪ੍ਰਕ੍ਰਿਆਵਾਂ ਜੋ ਵਿਅਵਸਥਾ ਦੇ ਅੰਦਰ ਅਤੇ ਵਿਅਵਸਥਾ ਵਿਚ ਪਰਿਵਰਤਣ ਲਿਆਉਂਦੀ ਹੈ। ਪਹਿਲੀ ਪ੍ਰਕ੍ਰਿਆਵਾਂ ਨੂੰ ਅਨੁਰੂਪਤਾ, ਯਥਾਪੂਰਵ ਸਥਿਤੀ, ਅਤੇ ਨਿਰੰਤਰਤਾ ਆਦਿ ਦੇ ਨਾਂ ਤੋਂ ਸਮਝਦੇ ਹਾਂ। ਦੂਜੀ ਪ੍ਰਕ੍ਰਿਆਵਾਂ ਨੂੰ ਸਾਂਸਕ੍ਰਿਤਕ ਅਤੇ ਸੰਰਚਨਾਤਮਕ ਪਰਿਵਰਤਣ ਦੀ ਪ੍ਰਕ੍ਰਿਆਵਾਂ ਕਿਹਾ ਜਾਂਦਾ ਹੈ।
- ਪਰਿਵਰਤਣ ਦੀ ਨਿਰੰਤਰਤਾ ਅਤੇ ਦਿਸ਼ਾ ਦੋਵੇਂ ਉਦਭਵ ਦੁਆਰਾ ਪ੍ਰਦਰਸ਼ਿਤ ਹੁੰਦੀਆਂ ਹਨ। ਉਦਵਿਕਾਸ ਵ੍ਰਿਧੀ ਤੋਂ ਕਿਤੇ ਜ਼ਿਆਦਾ ਹੁੰਦਾ ਹੈ। ਵ੍ਰਿਧੀ ਵਿਚ ਪਰਿਵਰਤਣ ਦੀ ਦਿਸ਼ਾ ਦਾ ਬੋਧ ਨਹੀਂ ਹੁੰਦਾ ਹੈ, ਇਸ ਵਿਚ ਪਰਿਵਰਤਣ ਦੇ ਸੰਖਿਆਤਮਕ ਪਹਿਲੂ ਨੂੰ ਸਮਝਿਆ ਜਾ ਸਕਦਾ ਹੈ। ਉਦਵਿਕਾਸ ਦੇ ਕੁਝ ਜ਼ਿਆਦਾ ਅੰਤਰਭੂਤ ਤੱਤ ਪਾਇਆ ਜਾਂਦਾ ਹੈ। ਪਰਿਵਰਤਣ ਸਿਰਫ ਆਕਾਰ ਵਿਚ ਹੀ ਨਹੀਂ ਬਲਕਿ ਸੰਰਚਨਾ ਵਿਚ ਵੀ ਦੇਖਿਆ ਜਾਂਦਾ ਹੈ।
- ਸਮਾਜਿਕ ਉਦਵਿਕਾਸ ਸਮਾਜਿਕ ਪਰਿਵਰਤਣ ਦੀ ਇਕ ਮਹੱਤਵਪੂਰਣ ਅਵਧਾਰਣਾ ਹੈ। ਸਮਾਜਿਕ ਉਦਵਿਕਾਸ ਦੁਆਰਾ ਪਰਿਵਰਤਣ ਦੇ ਰੂਪ ਅਤੇ ਦਿਸ਼ਾ ਦੀ ਨਿਸ਼ਚਿਤ ਢੰਗ ਵਿਚ ਵਿਆਖਿਆ ਕੀਤੀ ਜਾਂਦੀ ਹੈ। ਉਦਵਿਕਾਸ ਦੀ ਦ੍ਰਿਸ਼ਟੀ ਤੋਂ ਭਾਰਤੀ ਸਮਾਜ ਵਿਚ ਪਰਿਵਰਤਣ ਨੂੰ ਪੂਰਵ ਮੁਗਲ ਕਾਲ ਤੋਂ ਮੁਗਲ ਅਤੇ ਇਸਦੇ ਬਾਅਦ ਬ੍ਰਿਟਿਸ਼ ਕਾਲ ਅਤੇ ਹੁਣ ਉੱਤਰ ਸੁਤੰਤਰ ਕਾਲ ਦੇ ਰੂਪ ਵਿਚ ਸਮਝ ਸਕਦੇ ਹਨ।
- ਕ੍ਰਾਂਤੀ ਦਾ ਅਰਥ ਪਰਿਵਰਤਣ ਦੇ ਚਰਮ ਸਵਰੂਪ ਤੋਂ ਹੈ ਕ੍ਰਾਂਤੀ "ਸਹਿਜੇ" ਨਹੀਂ ਹੁੰਦੀ। ਇਹ ਉਦਵਿਕਾਸ ਤੋਂ ਭਿੰਨ ਹੁੰਦੀ ਹੈ। ਇਹ ਵਿਦਰੋਹ, ਬਗਾਵਤ, ਬਲਵਾ, ਗਦਰ, ਸੈਨਿਕ ਵਿਦ੍ਰੋਹ ਆਦਿ ਧਾਰਨਾਵਾਂ ਤੋਂ ਵੀ ਭਿੰਨ ਹੈ। ਸਮਾਜ ਉਤੇ ਇਸਦਾ ਸਥਾਈ ਪ੍ਰਭਾਵ ਨਹੀਂ ਹੁੰਦਾ। ਕ੍ਰਾਂਤੀ ਵਿਦ੍ਰੋਹ ਜਾਂ ਰਾਜ ਦ੍ਰੋਹ ਤੋਂ ਆਪਣੇ ਮਹੱਤਵ ਅਤੇ ਬਹੁਆਯਾਮ ਦੀ ਦ੍ਰਿਸ਼ਟੀ ਤੋਂ ਭਿੰਨ ਹਨ ਕ੍ਰਾਂਤੀ ਵਿਚ "ਅਪ੍ਰਤੀਸ਼ੋਧਤਾ" ਅਤੇ "ਅਟਲਤਾ" ਪਾਈ ਜਾਂਦੀ ਹੈ, ਕਿਉਂਕਿ ਕ੍ਰਾਂਤੀ ਸਿਰਫ ਇਕ ਘਟਨਾਤਮਕ ਅਸਤ-ਵਿਅਸਤਾ ਨਹੀਂ ਹੈ। ਵਰਥੀਮ ਲਿਖਦੇ ਹਨ: "ਮੇਰੇ ਅਨੁਸਾਰ ਮੂਲ ਕਸੌਟੀ ਇਹ ਹੈ ਕਿ ਕ੍ਰਾਂਤੀ ਸਦੈਵ ਵਿਦਿਮਾਨ ਸਮਾਜਿਕ ਵਿਅਵਸਥਾ ਅਤੇ ਵਰਤਮਾਨ ਸੱਤਾ ਸੰਰਚਨਾ ਨੂੰ ਉਖਾੜ ਸੁੱਟਦੀ ਹੈ।"
- ਸਮਾਜਿਕ ਜੀਵਨ ਵਿਚ ਕ੍ਰਾਂਤੀਆਂ ਆਧਾਰਭੂਤ ਲਿਆਉਂਦੀਆਂ ਹਨ। ਰਾਜਨੀਤਿਕ ਢਾਂਚੇ ਵਿਚ ਸਭ ਤੋਂ ਜ਼ਿਆਦਾ ਪਰਿਵਰਤਣ ਆਉਂਦੇ ਹਨ, ਕਿਉਂਕਿ ਰਾਜਨੀਤਿਕ ਕ੍ਰਿਆਕਲਾਪਾਂ ਵਿਚ ਲੋਕਾਂ ਦੀ ਭਾਗੀਦਾਰੀ ਵਧ ਜਾਂਦੀ ਹੈ। ਕ੍ਰਾਂਤੀ ਤੋਂ ਪਹਿਲਾਂ ਦੇ ਪ੍ਰਸ਼ਾਸਨ ਵਿਚ ਵੰਚਿਤ ਪਰਿਸਥਿਤੀ ਅਤੇ ਪ੍ਰਤੀਸ਼ਠਾ ਦੇ ਪਦਾਂ ਨੂੰ ਪ੍ਰਾਪਤ ਕਰਨ ਦੇ ਅਵਸਰ ਜ਼ਿਆਦਾ ਉਪਲਬਧ ਹੁੰਦੇ ਹਨ। ਕ੍ਰਾਂਤੀਕਾਰੀ ਪਰਿਵਰਤਣ ਦੇ ਨਤੀਜੇ ਵਜੋਂ ਆਰਥਿਕ ਖੇਤਰ ਵਿਚ ਪੁਰਾਣੇ ਬੰਧਨਾਂ ਤੋਂ ਜਨਤਾ ਨੂੰ ਮੁਕਤੀ ਪ੍ਰਾਪਤ ਹੋਣ ਦੀ ਅੱਧਾ ਹੁੰਦੀ ਹੈ।
- ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਕ੍ਰਾਂਤੀ ਦੁਆਰਾ ਮਾਨਵ ਗਰਿਮਾ ਦੀ ਭਾਵਨਾ ਅਤੇ ਸਮਾਜ ਦੇ ਦਲਿਤ ਵਰਗਾਂ ਵਿਚ ਪਰਿਵਰਤਿਤ ਮਾਨਸਿਕਤਾ ਜਾਗ੍ਰਤ ਕੀਤੀ ਜਾਂਦੀ ਹੈ। ਭਾਰਤ ਵਿਚ ਕਿਸਾਨਾਂ, ਕਾਸ਼ਤਕਾਰਾਂ ਅਤੇ ਭੂਮੀਹੀਨ ਸ਼੍ਰਮਿਕਾਂ, ਅਨੁਸੁਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਇਸਤ੍ਰੀਆਂ ਵਿਚ ਇਸ ਪ੍ਰਕਾਰ ਦਾ ਮਨੋਵਿਗਿਆਨਕ ਪਰਿਵਰਤਣ ਦੇਖਿਆ ਜਾ ਸਕਦਾ ਹੈ। ਸੁਤੰਤਰਤਾ ਅਤੇ ਵਿਮੁਕਤ ਮਹਿਸੂਸ ਕਰਦੇ ਹਨ।

## 10.6 ਸ਼ਬਦਕੋਸ਼ (Keywords)

- **ਅਧੋਗਤੀ–**ਅਧ:ਪਤਨ, ਦੁਰਦਸ਼ਾ
- **ਅਭਿਜਨ–** ਕੁਲੀਨ, ਅਭਿਜਾਤ, ਸੰਭ੍ਰਾਂਤੀ

## 10.7 ਅਭਿਆਸ ਪ੍ਰਸ਼ਨ (Review Questions)

1. ਸਮਾਜਿਕ ਪਰਿਵਰਤਨ ਨੂੰ ਪਰਿਭਾਸ਼ਿਤ ਕਰੋ। ਸਮਾਜਿਕ ਪ੍ਰਕ੍ਰਿਆ ਦੀ ਅਵਧਾਰਣਾ ਤੋਂ ਇਸਦਾ ਵਿਭੇਦ ਕਰੋ।
2. ਉਦਵਿਕਾਸ ਦੀ ਧਾਰਣਾ ਦੀ ਵਿਆਖਿਆ ਕਰੋ। ਇੱਕ ਰੇਖਿਕ ਅਤੇ ਬਹੁਰੇਖਿਕ ਉਦਵਿਕਾਸ ਵਿੱਚ ਵਿਭੇਦ ਕਰੋ।
3. ਕ੍ਰਾਂਤੀ ਦੀ ਪਰਿਭਾਸ਼ਾ ਲਿਖੋ। ਸਮਕਾਲੀਨ ਵਿਸ਼ਵ ਵਿੱਚੋਂ ਕ੍ਰਾਂਤੀ ਅਤੇ ਪ੍ਰਤੀ-ਕ੍ਰਾਂਤੀ ਦੇ ਕੁਝ ਮੂਰਤ ਉਦਾਹਰਣ ਦਿਓ।
4. ਉਦਵਿਕਾਸ ਅਤੇ ਕ੍ਰਾਂਤੀ ਦੋਵੇਂ ਪ੍ਰਕ੍ਰਿਆਵਾਂ ਕਿਸ ਤਰਾਂ ਮਨੁੱਖ ਨੂੰ ਬੰਧਨ ਅਤੇ ਸ਼ੋਸ਼ਣ ਤੋਂ ਮੁਕਤੀ ਦਿਲਵਾਓਂਦੀਆਂ ਹਨ?
5. ਪ੍ਰਗਤੀ ਦੀ ਧਾਰਣਾ ਉੱਤੇ ਟਿੱਪਣੀ ਲਿਖੋ। ਕੀ ਇਹ ਮੁੱਲ ਪਰਕ ਧਾਰਣਾ ਹੈ?
6. ਵਿਕਾਸ ਇੱਕ ਸਮਿੱਸ਼ਰ ਅਵਧਾਰਣਾ ਹੈ। ਵਿਆਖਿਆ ਕਰੋ।
7. ਸਮਾਜਿਕ ਸੰਰਚਨਾ ਅਤੇ ਵਿਕਾਸ ਦੇ ਵਿੱਚ ਸੰਬੰਧ ਨੂੰ ਸਮਝਾਓ।
8. ਭਾਰਤ ਵਿੱਚ ਸਮਾਜਿਕ ਪਰਿਵਰਤਨ ਦੇ ਅਧਿਐਨ ਦੇ ਪ੍ਰਮੁੱਖ ਉਪਾਗਮਾਂ ਉੱਤੇ ਇੱਕ ਨਿਬੰਧ ਲਿਖੋ।

ਨੋਟ

**ਉੱਤਰ : ਸਵ-ਮੁੱਲਾਂਕਣ (Answers: Self Assessment)**

**1.** (*i*) (*a*) (*ii*) (*a*) (*iii*) (*b*) (*iv*) (*c*) (*v*) (*c*)
(*vi*) (*a*) (*vii*) (*c*) (*viii*) (*a*)

**2.** (*i*) ਸਮਾਜਿਕ ਪ੍ਰਗਤੀ (*ii*) ਲੇਵਿਸ ਮੋਰਗਨ (*iii*) ਫ੍ਰਾਂਸੀਸੀ ਕ੍ਰਾਂਤੀ
(*iv*) 1948 (*v*) ਸੰਪੂਰਣ ਕ੍ਰਾਂਤੀ

## 10.8 ਸੰਦਰਭ ਪੁਸਤਕਾਂ (Further Readings)

ਬੁਕਸ

1. ਐਮ. ਐਨ ਸ਼੍ਰੀਨਿਵਾਸ, ਸੋਸ਼ਲ ਚੇਂਜ ਇਨ ਮਾਰਡਰਨ ਇੰਡੀਆ, ਬ੍ਰਿਕਲੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਯੂਨੀਵਰਸਿਟੀ ਪ੍ਰੈਸ, 1996
2. ਵੀਂਸੇਟ ਏ. ਸਮਿਥ, ਹਿਸਟ੍ਰੀ ਓਫ ਇੰਡੀਆ ਲੰਦਨ: ਆਕਸਫੋਰਡ ਯੂਨੀਵਰਸਿਟੀ ਪ੍ਰੈਸ, 1970
3. ਸਿੰਘ ਯੋਗਿੰਦਰ, ਏਸੇਜ ਆਨ ਮਾਡਰਨਾਹੀਜ਼ੇਸ਼ਨ ਇਨ ਇੰਡੀਆ, ਦਿਲੀ: ਮਨੋਹਰ ਬੁਕ ਡੀਪੂ, 1978

ਨੋਟ

# ਇਕਾਈ-11: ਸਮਾਜਿਕ ਪਰਿਵਰਤਨ ਦੇ ਸਿਧਾਂਤ (Theories of Social Change)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
11.1 ਸਮਾਜਿਕ ਪਰਿਵਰਤਨ ਦਾ ਅਰਥ (Meaning of Social Change)
11.2 ਸਮਾਜਿਕ ਪਰਿਵਰਤਨ ਦਾ ਸਰੂਪ (Nature of Social Change)
11.3 ਸਮਾਜਿਕ ਪਰਿਵਰਤਨ ਦੇ ਸਿਧਾਂਤ (Theories of Social Change)
11.4 ਸਾਰ ਅੰਸ਼ (Summary)
11.5 ਸ਼ਬਦਕੋਸ਼ (Keywords)
11.6 ਅਭਿਆਸ-ਪ੍ਰਸ਼ਨ (Review Questions)
11.7 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਸਮਾਜਿਕ ਪਰਿਵਰਤਨ ਦਾ ਅਰਥ ਅਤੇ ਸਰੂਪ ਨੂੰ ਜਾਣਨ ਵਿੱਚ।
- ਸਮਾਜਿਕ ਪਰਿਵਰਤਨ ਦੇ ਸਿਧਾਂਤ ਨੂੰ ਸਮਝਣ ਵਿੱਚ।

## ਜਾਣਕਾਰੀ (Introduction)

ਪਰਿਵਰਤਨ ਪ੍ਰਕ੍ਰਿਤੀ ਦਾ ਨਿਯਮ ਹੈ। ਜੋ ਅੱਜ ਹੈ, ਓਹ ਭਾਵੀ ਕੱਲ ਤੋਂ ਭਿੰਨ ਹੋਵੇਗਾ। ਸਮਾਜਿਕ ਸੰਰਚਨਾ ਵਿੱਚ ਸਦਾ ਪਰਿਵਰਤਨ ਹੁੰਦਾ ਰਿਹਾ ਹੈ। ਅੱਜ ਤੋਂ 40 ਸਾਲ ਬਾਅਦ ਸਰਕਾਰ ਸਮਾਜ ਵਿੱਚ ਮਹੱਤਵਪੂਰਣ ਪਰਿਵਰਤਨ ਕਰ ਦੇਵੇਗੀ। ਪਰਿਵਾਰ ਅਤੇ ਧਰਮ ਦੀਆਂ ਸੰਸਥਾਵਾਂ ਦਾ ਸਰੂਪ ਓਹ ਨਹੀਂ ਰਹੇਗਾ, ਜੋ ਅੱਜਕੱਲ ਹੈ। ਚਾਹੇ ਵਿਅਕਤੀ ਸਥਾਇੱਤਵ ਦੇ ਲਈ ਕੋਸ਼ਿਸ਼ ਕਰਦੇ ਰਹਿਣ, ਸਮਾਜ ਵਿੱਚ ਸਥਿਰਤਾ ਦਾ ਭ੍ਰਮ ਪੈਦਾ ਕਰਦੇ ਰਹਿਣ, ਨਿਸ਼ਚਿਤਤਾ ਦੀ ਖੋਜ ਬੇਰੁਕਾਵਟ ਬਣੀ ਰਹੇ, ਫਿਰ ਵੀ ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਮਾਜ ਸਦਾ ਪਰਿਵਰਤਨਸ਼ੀਲ ਦਸ਼ਾਵਾਂ ਦੇ ਅਨੁਰੂਪ ਆਪਣੇ ਆਪ ਨੂੰ ਅਨੁਕੂਲਿਤ ਕਰਦਾ ਰਿਹਾ ਹੈ ਅਤੇ ਜਿਸ ਵਿੱਚ ਇਸ ਦੌਰਾਨ ਵਿਸ਼ਾਲ ਪਰਿਵਰਤਨ ਹੋਏ ਹਨ। ਅਸੀਂ ਸਮਾਜ ਨੂੰ, ਇਸ ਦੇ ਪਰਿਵਰਤਨਸ਼ੀਲ ਸੁਭਾਅ ਨੂੰ ਸਮਝੇ ਬਿਨਾਂ ਪੂਰੀ ਤਰਾਂ ਨਹੀਂ ਸਮਝ ਸਕਦੇ। ਸਾਨੂੰ ਇਹ ਸਮਝਣਾ ਹੋਵੇਗਾ ਕਿ ਪਰਿਵਰਤਨ ਕਿਸ ਪ੍ਰਕਾਰ ਦੇ ਹੁੰਦੇ ਹਨ ਅਤੇ ਪਰਿਵਰਤਨ ਦੀ ਦਿਸ਼ਾ ਨੂੰ ਦੇਖਣਾ ਹੋਵੇਗਾ। ਇਸ ਇਕਾਈ ਵਿੱਚ ਅਸੀਂ ਸਮਾਜਿਕ ਪਰਿਵਰਤਨ ਦੀ ਇਸ ਪਰਿਘਟਨਾ ਦਾ ਅਧਿਐਨ ਕਰ ਕੇ ਇਸ ਦੀ ਦਿਸ਼ਾ ਦੀ ਖੋਜ ਕਰਣ ਦੀ ਕੋਸ਼ਿਸ਼ ਕਰਾਂਗੇ।

## 11.1 ਸਮਾਜਿਕ ਪਰਿਵਰਤਨ ਦਾ ਅਰਥ (Meaning of Social Change)

ਸ਼ਬਦ "ਪਰਿਵਰਤਨ" ਕਾਲ ਦੀ ਕਿਸੇ ਅਵਧੀ ਵਿੱਚ ਕਿਸੇ ਵਸਤੂ ਵਿੱਚ ਦ੍ਰਿਸ਼ਮਾਨ ਪਰਿਵਰਤਨ ਨੂੰ ਇੰਗਿਤ ਕਰਦਾ ਹੈ। ਇਸ ਲਈ, ਸਮਾਜਿਕ ਪਰਿਵਰਤਨ ਦਾ ਅਰਥ ਹੋਵੇਗਾ- ਕਿਸੇ ਨਿਸ਼ਚਿਤ ਕਾਲ-ਅਵਧੀ ਵਿੱਚ ਕਿਸੇ ਸਮਾਜਿਕ ਪਰਿਘਟਨਾ ਵਿੱਚ ਪਰਿਵੇਖਣਿਕ ਅੰਤਰ। ਇਸ ਦੀਆਂ ਕੁਝ ਪਰਿਭਾਸ਼ਾਵਾਂ ਨਿਮਨਲਿਖਿਤ ਹਨ-

1. "ਸਮਾਜਿਕ ਪਰਿਵਰਤਨ ਓਹ ਸ਼ਬਦ ਹੈ ਜੋ ਸਮਾਜਿਕ ਪ੍ਰਕ੍ਰਿਆਵਾਂ, ਸਮਾਜਿਕ ਪ੍ਰਤੀਮਾਨਾਂ, ਸਮਾਜਿਕ ਅੰਤਰਕ੍ਰਿਆ ਜਾਂ ਸਮਾਜਿਕ ਸੰਗਠਨ ਦੇ ਕਿਸੇ ਅੰਗ ਵਿੱਚ ਅੰਤਰ ਜਾਂ ਰੂਪਾਂਤਰ ਨੂੰ ਵਰਣਿਤ ਕਰਣ ਲਈ ਪ੍ਰਯੋਗ ਕੀਤਾ ਜਾਂਦਾ ਹੈ।"

   **-ਜੋਨਸ**

2. "ਸਮਾਜਿਕ ਪਰਿਵਰਤਨ ਸਮਾਜ ਦੀ ਕ੍ਰਿਆ ਜਾਂ ਲੋਕਾਂ ਦੇ ਜੀਵਨ ਵਿੱਚ ਪ੍ਰਾਚੀਨ ਢੰਗ ਨੂੰ ਵਿਸਥਾਪਿਤ ਜਾਂ ਪਰਿਵਰਤਿਤ ਕਰਣ ਵਾਲਾ ਨਵੀਨ ਸ਼ੋਭਾਚਾਰ ਜਾਂ ਢੰਗ ਹੈ।" **-ਐਚ. ਟੀ. ਮਜੂਮਦਾਰ**

ਨੋਟ

3. "ਸਮਾਜਿਕ ਪਰਿਵਰਤਨ ਜੀਵਨ ਦੀਆਂ ਸਵੀਕ੍ਰਿਤ ਰੀਤੀਆਂ ਵਿੱਚ ਪਰਿਵਰਤਨ ਨੂੰ ਕਹਿੰਦੇ ਹਨ, ਚਾਹੇ ਇਹ ਪਰਿਵਰਤਨ ਭੂਗੋਲਿਕ ਦਸ਼ਾਵਾਂ ਦੇ ਪਰਿਵਰਤਨ ਤੋਂ ਹੋਏ ਹੋਣ, ਜਾਂ ਸੰਸਕ੍ਰਿਤਿਕ ਸਾਧਨਾਂ, ਜਨ-ਸੰਖਿਆ ਦੀ ਰਚਨਾ ਜਾਂ ਵਿਚਾਰਧਾਰਾਵਾਂ ਦੇ ਪਰਿਵਰਤਨਾਂ ਤੋਂ ਹੋਏ ਹੋਣ ਜਾਂ ਸਮੂਹ ਦੇ ਅੰਦਰ ਹੋਈਆਂ ਖੋਜਾਂ ਜਾਂ ਪ੍ਰਸਾਰ ਤੋਂ ਹੋਏ ਹੋਣ।" **-ਗਿਲਿਨ ਅਤੇ ਗਿਲਿਨ**
4. "ਸਮਾਜਿਕ ਪਰਿਵਰਤਨ ਤੋਂ ਸਾਡਾ ਅਰਥ ਕੇਵਲ ਓਨਾਂ ਪਰਿਵਰਤਨਾਂ ਤੋਂ ਹੈ ਜੋ ਸਮਾਜਿਕ ਸੰਗਠਨ ਵਿੱਚ ਹੁੰਦੇ ਹਨ, ਅਰਥਾਤ ਸਮਾਜ ਦੀ ਸੰਰਚਨਾ ਅਤੇ ਸਮਾਜ ਦੇ ਕੰਮਾਂ ਵਿੱਚ।" **-ਡੇਵਿਸ**
5. "ਸਮਾਜਿਕ ਪਰਿਵਰਤਨ ਦਾ ਅਰਥ ਇਹ ਹੈ ਕਿ ਸਮਾਜ ਦੇ ਜ਼ਿਆਦਾਤਰ ਵਿਅਕਤੀ ਇਸ ਪ੍ਰਕਾਰ ਦੇ ਕਾਰਜਾਂ ਵਿੱਚ ਲੱਗੇ ਹਨ ਜੋ ਉਸ ਦੇ ਪੂਰਵਜਾਂ ਤੋਂ ਭਿੰਨ ਹਨ।" **-ਮੈਰਿਲ ਅਤੇ ਐਲਡ੍ਰਿਜ਼**
6. "ਸਮਾਜਸ਼ਾਸਤਰੀ ਦੇ ਰੂਪ ਵਿੱਚ ਸਾਡਾ ਪ੍ਰਤੱਖ ਸੰਬੰਧ ਕੇਵਲ ਸਮਾਜਿਕ ਸੰਬੰਧਾਂ ਤੋਂ ਹੈ, ਇਸ ਲਈ ਕੇਵਲ ਸਮਾਜਿਕ ਸੰਬੰਧਾਂ ਵਿੱਚ ਹੋਣ ਵਾਲੇ ਪਰਿਵਰਤਨਾਂ ਨੂੰ ਹੀ ਅਸੀਂ ਸਮਾਜਿਕ ਪਰਿਵਰਤਨ ਕਹਿ ਸਕਦੇ ਹਾਂ।" **-ਮੈਕਾਈਵਰ ਅਤੇ ਪੇਜ**
7. "ਸਮਾਜਿਕ ਪਰਿਵਰਤਨ ਨੂੰ ਲੋਕਾਂ ਦੇ ਕਾਰਜ ਕਰਣ ਅਤੇ ਵਿਚਾਰ ਕਰਣ ਦੀਆਂ ਪੱਧਤੀਆਂ ਵਿੱਚ ਹੋਣ ਵਾਲਾ ਪਰਿਵਰਤਨ ਕਹਿ ਕੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ।" **-ਕੋਏਨਿਗ**
8. "ਸਮਾਜਿਕ ਪਰਿਵਰਤਨ ਲੋਕਾਂ ਦੇ ਜੀਵਨ-ਪ੍ਰਤੀਮਾਨਾਂ ਵਿੱਚ ਘਟਿਤ ਹੋਣ ਵਾਲੇ ਅੰਤਰਾਂ ਨੂੰ ਸੂਚਿਤ ਕਰਦਾ ਹੈ।" **-ਜੇਨਸਨ**
9. "ਸਮਾਜਿਕ ਪਰਿਵਰਤਨ ਅੰਤਰ ਮਾਨਵਿਕ ਸੰਬੰਧਾਂ ਅਤੇ ਆਚਰਣ ਦੇ ਸਥਾਪਿਤ ਮਾਣਕਾਂ ਵਿੱਚ ਕਿਸੇ ਪਰਿਵਰਤਨ ਨੂੰ ਨਿਰਦਿਸ਼ਟ ਕਰਦਾ ਹੈ।" **-ਲੁੰਡਬਰਗ ਅਤੇ ਹੋਰ**
10. "ਸਮਾਜਿਕ ਪਰਿਵਰਤਨ ਵਿੱਚ ਸਮਾਜੀ ਪ੍ਰਕਾਰਾਂ ਜਾਂ ਪ੍ਰਕ੍ਰਿਆਵਾਂ ਦੀ ਸੰਰਚਨਾ ਜਾਂ ਕ੍ਰਿਆ ਵਿੱਚ ਪਰਿਵਰਤਨ ਨਿਹਿਤ ਹੈ।" **-ਐਂਡਰਸਨ ਅਤੇ ਪਾਰਕਰ**
11. "ਸਮਾਜਿਕ ਪਰਿਵਰਤਨ ਤੋਂ ਮੈਂ ਸਮਾਜਿਕ ਸੰਰਚਨਾ ਵਿੱਚ ਪਰਿਵਰਤਨ ਸਮਝਦਾ ਹਾਂ। ਉਦਾਹਰਣ ਲਈ, ਸਮਾਜ ਦੇ ਆਕਾਰ ਵਿੱਚ, ਉਸ ਦੀ ਬਣਾਵਟ ਜਾਂ ਭਾਗਾਂ ਦੇ ਸੰਤੁਲਨ ਵਿੱਚ ਜਾਂ ਉਸ ਦੇ ਸੰਗਠਨ ਦੇ ਸਰੂਪਾਂ ਵਿੱਚ।" **-ਗਿਨਸਬਰਗ**

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਇਹ ਨਿਚੋੜ ਕੱਢਿਆ ਜਾ ਸਕਦਾ ਹੈ ਕਿ ਸਮਾਜਿਕ ਪਰਿਵਰਤਨ ਲੋਕਾਂ ਦੇ ਜੀਵਨ ਪ੍ਰਤੀਮਾਨਾਂ ਵਿੱਚ ਹੋਣ ਵਾਲੇ ਪਰਿਵਰਤਨਾਂ ਨੂੰ ਨਿਰਦਿਸ਼ਟ ਕਰਦਾ ਹੈ। ਇਹ ਸਮਾਜ ਵਿੱਚ ਹੋ ਰਹੇ ਸਭ ਪਰਿਵਰਤਨਾਂ ਦਾ ਸੂਚਕ ਨਹੀਂ ਹੈ। ਕਲਾ, ਸਾਹਿਤ, ਉਦਯੋਗਿਕੀ, ਦਰਸ਼ਨ ਆਦਿ ਵਿੱਚ ਪਰਿਵਰਤਨਾਂ ਨੂੰ ਸਮਾਜਿਕ ਪਰਿਵਰਤਨ ਵਿੱਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ। 'ਸਮਾਜਿਕ ਪਰਿਵਰਤਨ' ਸ਼ਬਦ ਨੂੰ ਸੰਕੁਚਿਤ ਅਰਥ ਵਿੱਚ ਪ੍ਰਯੋਗ ਕੀਤਾ ਜਾਣਾ ਚਾਹੀਦਾ ਹੈ ਜੋ ਸਮਾਜਿਕ ਸੰਬੰਧਾਂ ਦੇ ਖੇਤਰ ਵਿੱਚ ਪਰਿਵਰਤਨਾਂ ਨੂੰ ਸੂਚਿਤ ਕਰਦਾ ਹੈ। ਸਮਾਜਿਕ ਸੰਬੰਧ ਤੋਂ ਅਰਥ ਸਮਾਜਿਕ ਪ੍ਰਕ੍ਰਿਆਵਾਂ, ਸਮਾਜਿਕ ਪ੍ਰਤੀਮਾਨਾਂ ਅਤੇ ਸਮਾਜਿਕ ਅੰਤਰਕ੍ਰਿਆਵਾਂ ਤੋਂ ਹੈ। ਇਸ ਪ੍ਰਕਾਰ, ਸਮਾਜਿਕ ਪਰਿਵਰਤਨ ਦਾ ਅਰਥ ਹੋਵੇਗਾ-ਸਮਾਜਿਕ ਪ੍ਰਕ੍ਰਿਆਵਾਂ, ਸਮਾਜਿਕ ਪ੍ਰਤੀਮਾਨਾਂ, ਸਮਾਜਿਕ ਅੰਤਰਕ੍ਰਿਆਵਾਂ ਜਾਂ ਸਮਾਜਿਕ ਸੰਗਠਨ ਦੇ ਕਿਸੇ ਸਰੂਪ ਵਿੱਚ ਅੰਤਰ। ਇਹ ਸਮਾਜ ਦੀ ਸੰਸਥਾਗਤ ਅਤੇ ਆਚਾਰਾਤਮਕ ਸੰਰਚਨਾ ਵਿੱਚ ਪਰਿਵਰਤਨ ਹੈ।

ਨੋਟਸ ਸਮਾਜਿਕ ਪਰਿਵਰਤਨ ਦੁਆਰਾ ਅਸੀਂ ਉਸ ਨੂੰ ਸੰਕੇਤ ਕਰਦੇ ਹਾਂ ਜੋ ਸਮੇਂ ਦੇ ਨਾਲ ਨਾਲ ਕਾਰਜਾਂ, ਸੰਸਥਾਵਾਂ ਜਾਂ ਓਨਾਂ ਵਿਵਸਥਾਵਾਂ ਵਿੱਚ ਹੁੰਦਾ ਹੈ ਜੋ ਸਮਾਜਿਕ ਸੰਰਚਨਾ ਅਤੇ ਓਨਾਂ ਦੀ ਉਤਪਤੀ, ਵਿਕਾਸ ਅਤੇ ਪਤਨ ਨਾਲ ਸੰਬੰਧਿਤ ਹੈ।

## 11.2 ਸਮਾਜਿਕ ਪਰਿਵਰਤਨ ਦਾ ਸਰੂਪ (Nature of Social Change)

ਸਮਾਜਿਕ ਪਰਿਵਰਤਨ ਦੇ ਕਾਰਣ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨਿਮਨਲਿਖਿਤ ਹਨ-

1. ਸਮਾਜਿਕ ਪਰਿਵਰਤਨ ਸਾਰਵਭੌਮਿਕ ਹੈ (Social change is a universal phenomenon)- ਸਮਾਜਿਕ ਪਰਿਵਰਤਨ ਸਭ ਸਮਾਜਾਂ ਵਿੱਚ ਘਟਿਤ ਹੁੰਦਾ ਹੈ। ਕੋਈ ਵੀ ਸਮਾਜ ਸਦਾ ਗਤੀਹੀਣ ਨਹੀਂ ਹੁੰਦਾ। ਆਦਿਮ ਅਤੇ ਆਧੁਨਿਕ, ਦੋਹਾਂ ਸਮਾਜਾਂ ਵਿੱਚ ਪਰਿਵਰਤਨ ਹੁੰਦੇ ਰਹਿੰਦੇ ਹਨ। ਸਮਾਜ ਅਨੇਕ ਗਤੀਸ਼ੀਲ ਅਭਾਵਾਂ ਦੇ ਅਧੀਨ ਅਵਿਵਸਥਿਤ ਹੈ। ਜਨਸੰਖਿਆ ਬਦਲਦੀ ਰਹਿੰਦੀ ਹੈ, ਉਦਯੋਗਿਕੀ ਦਾ ਵਿਸਤਾਰ ਹੁੰਦਾ ਰਹਿੰਦਾ ਹੈ, ਭੌਤਿਕ ਪਦਾਰਥਾਂ ਵਿੱਚ ਪਰਿਵਰਤਨ ਆਉਂਦਾ ਰਹਿੰਦਾ ਹੈ, ਵਿਚਾਰਧਾਰਾਵਾਂ ਅਤੇ ਪਦਾਰਥ ਆਦਰਸ਼ ਮੁੱਲਾਂ ਵਿੱਚ ਨਵੇਂ ਤੱਤ ਸ਼ਾਮਿਲ ਹੋ ਜਾਂਦੇ ਹਨ ਅਤੇ ਸੰਸਥਾਗਤ ਸੰਰਚਨਾਵਾਂ ਅਤੇ ਕਾਰਜਾਂ ਦਾ ਆਕਾਰ ਵੀ ਬਦਲ ਜਾਂਦਾ ਹੈ। ਪਰਿਵਰਤਨ ਦੀ ਗਤੀ ਅਤੇ ਸੀਮਾ ਸਮਾਜਾਂ ਵਿੱਚ ਭਿੰਨ ਭਿੰਨ ਹੋ ਸਕਦੀ ਹੈ। ਕੁਝ ਸਮਾਜਾਂ ਵਿੱਚ ਪਰਿਵਰਤਨ ਜਲਦੀ ਹੋ ਜਾਂਦਾ ਹੈ, ਕੁਝ ਵਿੱਚ ਹੌਲੀ ਹੌਲੀ ਹੁੰਦਾ ਹੈ।

2. ਸਮਾਜਿਕ ਪਰਿਵਰਤਨ ਸਮੁਦਾਇਕ ਪਰਿਵਰਤਨ ਹੈ (Social change is community change) – ਸਮਾਜਿਕ ਪਰਿਵਰਤਨ ਕਿਸੇ ਇੱਕ ਵਿਅਕਤੀ ਦੇ ਜੀਵਨ ਜਾਂ ਕੁਝ ਵਿਅਕਤੀਆਂ ਦੇ ਜੀਵਨ-ਪ੍ਰਤੀਮਾਨਾਂ ਵਿੱਚ ਪਰਿਵਰਤਨ ਨਹੀਂ ਹੈ, ਬਲਕਿ ਇਹ ਸੰਪੂਰਣ ਸਮੁਦਾਏ ਦੇ ਜੀਵਨ ਵਿੱਚ ਘਟਿਤ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ, ਕੇਵਲ ਓਹੀ ਪਰਿਵਰਤਨ ਸਮਾਜਿਕ ਪਰਿਵਰਤਨ ਕਹਲਾਵੇਗਾ ਜਿਸ ਦਾ ਪ੍ਰਭਾਵ ਸਮੁਦਾਇਕ ਰੂਪ ਵਿੱਚ ਪੈਂਦਾ ਹੈ। ਸਮਾਜਿਕ ਪਰਿਵਰਤਨ ਵਿਅਕਤਿਕ ਨਾ ਹੋ ਕੇ ਸਮਾਜਿਕ ਹੁੰਦਾ ਹੈ।
3. ਸਮਾਜਿਕ ਪਰਿਵਰਤਨ ਦੀ ਗਤੀ ਸਮਰੂਪ ਨਹੀਂ ਹੁੰਦੀ (Speed of social change is not uniform) – ਚਾਹੇ ਸਮਾਜਿਕ ਪਰਿਵਰਤਨ ਸਭ ਸਮਾਜਾਂ ਵਿੱਚ ਘਟਿਤ ਹੁੰਦਾ ਹੈ, ਇਸ ਦੀ ਗਤੀ ਹਰ ਸਮਾਜ ਵਿੱਚ ਸਮਰੂਪ ਨਹੀਂ ਹੁੰਦੀ। ਜ਼ਿਆਦਾਤਰ ਸਮਾਜਾਂ ਵਿੱਚ ਇਸ ਦੀ ਗਤੀ ਏਨੀ ਹੌਲੀ ਹੁੰਦੀ ਹੈ ਕਿ ਲੋਕਾਂ ਨੂੰ ਇਸ ਦਾ ਅਹਿਸਾਸ ਤੱਕ ਨਹੀਂ ਹੁੰਦਾ। ਆਧੁਨਿਕ ਸਮਾਜਾਂ ਵਿੱਚ ਵੀ ਅਨੇਕ ਖੇਤਰਾਂ ਵਿੱਚ ਬਹੁਤ ਘੱਟ ਪਰਿਵਰਤਨ ਜਾਂ ਕੋਈ ਪਰਿਵਰਤਨ ਨਹੀਂ ਆਓਂਦਾ। ਨਗਰੀ ਖੇਤਰਾਂ ਵਿੱਚ ਪੇਂਡੂ ਖੇਤਰਾਂ ਦੀ ਬਜਾਏ ਸਮਾਜਿਕ ਪਰਿਵਰਤਨ ਦੀ ਗਤੀ ਤੇਜ਼ ਹੈ।
4. ਸਮਾਜਿਕ ਪਰਿਵਰਤਨ ਦਾ ਸਰੂਪ ਅਤੇ ਇਸ ਦੀ ਗਤੀ ਕਾਲ ਦੇ ਤੱਤ ਤੋਂ ਪ੍ਰਭਾਵਿਤ ਹੁੰਦੀ ਹੈ ਅਤੇ ਇਸ ਨਾਲ ਸੰਬੰਧਿਤ ਹੈ (Nature and speed of social change is affected by and related to time factor) – ਸਮਾਜਿਕ ਪਰਿਵਰਤਨ ਦੀ ਗਤੀ ਉਸੇ ਸਮਾਜ ਵਿੱਚ ਹਰ ਕਾਲ ਜਾਂ ਯੁਗ ਵਿੱਚ ਸਮਾਨ ਨਹੀਂ ਹੁੰਦੀ। ਆਧੁਨਿਕ ਕਾਲ ਵਿੱਚ ਸਮਾਜਿਕ ਪਰਿਵਰਤਨ ਦੀ ਗਤੀ 1947 ਤੋਂ ਪਹਿਲਾਂ ਦੇ ਕਾਲ ਦੀ ਬਜਾਏ ਤੇਜ਼ ਹੈ। ਇਸ ਪ੍ਰਕਾਰ, ਸਮਾਜਿਕ ਪਰਿਵਰਤਨ ਦੀ ਗਤੀ ਯੁਗ-ਯੁਗ ਵਿੱਚ ਭਿੰਨ ਭਿੰਨ ਹੁੰਦੀ ਹੈ। ਇਸ ਦਾ ਕਾਰਣ ਇਹ ਹੈ ਕਿ ਪਰਿਵਰਤਨਕਾਰੀ ਕਾਰਣ ਸਮੇਂ ਦੇ ਨਾਲ ਇੱਕਰੂਪ ਨਹੀਂ ਰਹਿੰਦੇ। 1947 ਤੋਂ ਪਹਿਲਾਂ ਭਾਰਤ ਘੱਟ ਉਦਯੋਗੀਕ੍ਰਿਤ ਸੀ, 1947 ਤੋਂ ਬਾਅਦ ਇਹ ਅਧਿਕ ਉਦਯੋਗੀਕ੍ਰਿਤ ਹੋ ਗਿਆ ਹੈ। ਇਸ ਲਈ 1947 ਤੋਂ ਬਾਅਦ ਸਮਾਜਿਕ ਪਰਿਵਰਤਨ ਦੀ ਗਤੀ 1947 ਤੋਂ ਪਹਿਲਾਂ ਦੀ ਬਜਾਏ ਤੇਜ਼ ਸੀ।
5. ਸਮਾਜਿਕ ਪਰਿਵਰਤਨ ਇੱਕ ਜ਼ਰੂਰੀ ਘਟਨਾ ਹੈ (Social change occurs as an essential law) – ਪਰਿਵਰਤਨ ਪ੍ਰਕ੍ਰਿਤੀ ਦਾ ਨਿਯਮ ਹੈ। ਸਮਾਜਿਕ ਪਰਿਵਰਤਨ ਵੀ ਪ੍ਰਾਕ੍ਰਿਤਿਕ ਹੈ। ਇਹ ਪ੍ਰਾਕ੍ਰਿਤਿਕ ਕ੍ਰਮ ਵਿੱਚ ਜਾਂ ਸੁਨਿਯੋਜਿਤ ਕੋਸ਼ਿਸ਼ਾਂ ਦੇ ਫਲਸਰੂਪ ਘਟਿਤ ਹੋ ਸਕਦਾ ਹੈ। ਅਸੀਂ ਪ੍ਰਕ੍ਰਿਤੀਵਸ਼ ਪਰਿਵਰਤਨ ਚਾਹੁੰਦੇ ਹਾਂ। ਸਾਡੀਆਂ ਜ਼ਰੂਰਤਾਂ ਬਦਲਦੀਆਂ ਰਹਿੰਦੀਆਂ ਹਨ। ਪਰਿਵਰਤਨ ਦੀ ਸੁਭਾਵਿਕ ਇੱਛਾ ਅਤੇ ਪਰਿਵਰਤਨਸ਼ੀਲ ਜ਼ਰੂਰਤਾਂ ਨੂੰ ਸੰਤੁਸ਼ਟ ਕਰਣ ਲਈ ਸਾਡੀਆਂ ਜ਼ਰੂਰਤਾਂ ਵੀ ਬਦਲ ਜਾਂਦੀਆਂ ਹਨ। ਤੱਥ ਇਹ ਹੈ ਕਿ ਅਸੀਂ ਪਰਿਵਰਤਨ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੇ ਹਾਂ। ਗ੍ਰੀਨ ਦੇ ਅਨੁਸਾਰ, "ਪਰਿਵਰਤਨ ਦੇ ਪ੍ਰਤੀ ਉਤਸਾਹੀ ਅਨੁਕ੍ਰਿਆ ਆਮ ਤੌਰ ਤੇ ਜੀਵਨ ਦਾ ਢੰਗ ਬਣ ਗਈ ਹੈ।"
6. ਸਮਾਜਿਕ ਪਰਿਵਰਤਨ ਦੀ ਨਿਸ਼ਚਿਤ ਭਵਿੱਖਵਾਣੀ ਨਹੀਂ ਕੀਤੀ ਜਾ ਸਕਦੀ (Definite prediction of social change is not possible) – ਸਮਾਜਿਕ ਪਰਿਵਰਤਨ ਦੇ ਸੁਨਿਸ਼ਚਿਤ ਸਰੂਪ ਦੇ ਬਾਰੇ ਵਿੱਚ ਕੋਈ ਭਵਿੱਖਵਾਣੀ ਕਰਨਾ ਮੁਸ਼ਕਿਲ ਹੈ। ਸਮਾਜਿਕ ਪਰਿਵਰਤਨ ਦਾ ਕੋਈ ਅਜਿਹਾ ਅੰਤਰਨਿਹਿਤ ਨਿਯਮ ਨਹੀਂ ਹੈ, ਜਿਸ ਦੇ ਅਨੁਸਾਰ ਇਹ ਵਿਭਿੰਨ ਰੂਪ ਗ੍ਰਹਿਣ ਕਰੇਗਾ। ਜ਼ਿਆਦਾ ਤੋਂ ਜ਼ਿਆਦਾ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਜਿਕ ਸੁਧਾਰ ਅੰਦੋਲਨ ਦੇ ਕਾਰਣ ਛੂਤ-ਛਾਤ ਭਾਰਤੀ ਸਮਾਜ ਤੋਂ ਖਤਮ ਹੋ ਜਾਵੇਗੀ, ਵਿਆਹ ਦੇ ਆਧਾਰ ਅਤੇ ਆਦਰਸ਼ ਵਿੱਚ ਸਰਕਾਰ ਦੁਆਰਾ ਪਾਰਿਤ ਕਾਨੂੰਨ ਦੇ ਕਾਰਣ ਪਰਿਵਰਤਨ ਆਵੇਗਾ, ਉਦਯੋਗੀਕਰਣ ਨਗਰੀਕਰਣ ਦੀ ਗਤੀ ਵਿੱਚ ਵਾਧਾ ਕਰੇਗਾ, ਪ੍ਰੰਤੂ ਅਸੀਂ ਇਹ ਨਹੀਂ ਕਹਿ ਸਕਦੇ ਕਿ ਭਵਿੱਖ ਵਿੱਚ ਸਮਾਜਿਕ ਸੰਬੰਧਾਂ ਦਾ ਨਿਸ਼ਚਿਤ ਰੂਪ ਕੀ ਹੋਵੇਗਾ। ਇਸ ਪ੍ਰਕਾਰ ਇਹ ਵੀ ਭਵਿੱਖਵਾਣੀ ਨਹੀਂ ਕੀਤੀ ਜਾ ਸਕਦੀ ਕਿ ਭਵਿੱਖ ਵਿੱਚ ਸਾਡੀਆਂ ਮਨੋਵ੍ਰਿੱਤੀਆਂ, ਸਾਡੇ ਵਿਚਾਰ ਪ੍ਰਤੀਮਾਨ ਅਤੇ ਆਦਰਸ਼ ਮੁੱਲ ਕੀ ਹੋਣਗੇ।
7. ਸਮਾਜਿਕ ਪਰਿਵਰਤਨ ਲੜੀਬੱਧ-ਪ੍ਰਤੀਕ੍ਰਿਆ-ਅਨੁਕ੍ਰਮ ਨੂੰ ਦਰਸਾਓਂਦਾ ਹੈ (Social change shows chain-reaction sequence) – ਸਮਾਜ ਦਾ ਜੀਵਨ ਪ੍ਰਤੀਮਾਨ ਅੰਤਰਸੰਬੰਧਿਤ ਅੰਗਾਂ ਦੀ ਗਤੀਸ਼ੀਲ ਵਿਵਸਥਾ ਹੈ। ਇਸ ਲਈ ਇਨਾਂ ਵਿੱਚੋਂ ਕਿਸੇ ਇੱਕ ਅੰਗ ਵਿੱਚ ਪਰਿਵਰਤਨ ਦੂਜੇ ਅੰਗਾਂ ਉੱਤੇ ਪ੍ਰਤੀਕ੍ਰਿਆ ਕਰਦੇ ਹਨ। ਇਸ ਲੜੀਬੱਧ ਪ੍ਰਤੀਕ੍ਰਿਆ ਦੇ ਫਲਸਰੂਪ ਅਨੇਕਾਂ ਲੋਕਾਂ ਦੇ ਜੀਵਨ ਦੀ ਸੰਪੂਰਣ ਵਿਧੀ ਵਿੱਚ ਪਰਿਵਰਤਨ ਹੋ ਜਾਦਾ ਹੈ। ਉਦਾਹਰਣ ਲਈ, ਉਦਯੋਗੀਕਰਣ ਨੇ ਉਤਪਾਦਨ ਦੀ ਕੁਟੀਰ ਪ੍ਰਣਾਲੀ ਨੂੰ ਨਸ਼ਟ ਕਰ ਦਿੱਤਾ ਹੈ। ਉਤਪਾਦਨ ਦੀ ਕੁਟੀਰ ਪ੍ਰਣਾਲੀ ਦੇ ਵਿਨਾਸ਼ ਨੇ ਔਰਤਾਂ ਨੂੰ ਘਰ ਤੋਂ ਬਾਹਰ ਲਿਆ ਕੇ ਓਨਾਂ ਨੂੰ ਕਰਮਸ਼ਾਲਾ ਅਤੇ ਦਫਤਰਾਂ ਵਿੱਚ ਰੁਜ਼ਗਾਰ ਦਿਲਵਾ ਦਿੱਤਾ ਹੈ। ਔਰਤਾਂ ਦੁਆਰਾ ਨੌਕਰੀਆਂ ਕਰ ਲੈਣ ਨਾਲ ਓਨਾਂ ਨੂੰ ਮਨੁੱਖ ਦੀ ਦਾਸਤਾ ਤੋਂ ਮੁਕਤੀ ਮਿਲ ਗਈ ਹੈ। ਇਸ ਨੇ ਓਨਾਂ ਦੀਆਂ ਅਭਿਵ੍ਰਿੱਤੀਆਂ ਅਤੇ ਵਿਚਾਰਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਸ ਦਾ ਅਰਥ ਸੀ ਔਰਤਾਂ ਲਈ ਨਵਾਂ ਸਮਾਜਿਕ ਜੀਵਨ। ਫਲਸਰੂਪ, ਇਸ ਦਾ ਪ੍ਰਭਾਵ ਪਰਿਵਾਰਿਕ ਜਰੀਵਨ ਦੇ ਹਰ ਅੰਗ ਤੇ ਪਿਆ ਹੈ।
8. ਸਮਾਜਿਕ ਪਰਿਵਰਤਨ ਅਨੇਕਾਂ ਤੱਤਾਂ ਦੀ ਅੰਤਰਕ੍ਰਿਆ ਦਾ ਨਤੀਜਾ ਹੁੰਦਾ ਹੈ (Social change result from the interaction of a number of factors) – ਆਮ ਤੌਰ ਤੇ, ਇਹ ਵਿਚਾਰ ਕੀਤਾ ਜਾਂਦਾ ਹੈ, ਕਿ ਕੋਈ ਵਿਸ਼ੇਸ਼ ਤੱਤ ਉਦਯੋਗਿਕੀ ਵਿੱਚ ਪਰਿਵਰਤਨ, ਆਰਥਿਕ ਵਿਕਾਸ ਜਾਂ ਜਲਵਾਯੂ ਸੰਬੰਧੀ ਦਸ਼ਾਵਾਂ ਸਮਾਜਿਕ ਪਰਿਵਰਤਨ ਪੈਦਾ ਕਰਦੀਆਂ ਹਨ। ਇਸ ਨੂੰ ਏਕਲਵਾਦੀ ਸਿਧਾਂਤ ਕਿਹਾ ਜਾਦਾ ਹੈ ਜੋ ਸਮਾਜਿਕ ਪਰਿਵਰਤਨ ਦੀ ਕਿਸੇ ਇੱਕ ਇੱਕਲੇ ਤੱਤ ਦੇ ਸੰਦਰਭ ਵਿੱਚ

ਨੋਟ

ਸਮੀਖਿਆ ਕਰਦਾ ਹੈ। ਪ੍ਰੰਤੂ ਏਕਲਵਾਦੀ ਸਿਧਾਂਤ ਸਮਾਜਿਕ ਪਰਿਵਰਤਨ ਦੀ ਜਟਿਲ ਪਰਿਘਟਨਾ ਦੀ ਪੂਰੀ ਵਿਆਖਿਆ ਪੇਸ਼ ਨਹੀਂ ਕਰਦਾ। ਇਸ ਲਈ ਸਮਾਜਿਕ ਪਰਿਵਰਤਨ ਅਨੇਕਾਂ ਤੱਤਾਂ ਦਾ ਨਤੀਜਾ ਹੁੰਦਾ ਹੈ। ਕੋਈ ਵਿਸ਼ੇਸ਼ ਤੱਤ ਚਿੰਗਾਰੀ ਦਾ ਕੰਮ ਕਰ ਸਕਦਾ ਹੈ, ਪ੍ਰੰਤੂ ਹੋਰ ਤੱਤ ਵੀ ਸੰਬੰਧਿਤ ਹੁੰਦੇ ਹਨ ਜੋ ਉਸ ਚਿੰਗਾਰੀ ਨੂੰ ਸੰਭਵ ਬਣਾ ਦਿੰਦੇ ਹਨ। ਸਮਾਜਿਕ ਪਰਿਘਟਨਾ ਇੱਕ ਦੂਜੇ ਨਾਲ ਸੰਬੰਧਿਤ ਹੁੰਦੀ ਹੈ। ਕੋਈ ਵੀ ਤੱਤ ਇੱਕਲਾ ਪਰਿਵਰਤਨ ਨੂੰ ਘਟਿਤ ਨਹੀਂ ਕਰਾ ਸਕਦਾ। ਇਸ ਲਈ ਹਰ ਪ੍ਰਣਾਲੀ ਦਾ ਇੱਕ ਤੱਤ ਹੁੰਦਾ ਹੈ। ਇੱਕ ਅੰਗ ਵਿੱਚ ਪਰਿਵਰਤਨ ਦੂਜੇ ਅੰਗਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਹ ਪ੍ਰਭਾਵ ਬਾਕੀਆਂ ਨੂੰ ਪ੍ਰਭਾਵਿਤ ਕਰਦੇ ਹਨ ਜਦੋਂ ਤੱਕ ਕਿ ਸੰਪੂਰਣ ਪ੍ਰਣਾਲੀ ਪ੍ਰਭਾਵਿਤ ਨਹੀਂ ਹੋ ਜਾਂਦੀ।

9. ਸਮਾਜਿਕ ਪਰਿਵਰਤਨ ਮੁੱਖ ਤੌਰ ਤੇ ਪ੍ਰਤੀਸਥਾਪਨ ਜਾਂ ਰੂਪਾਂਤਰਣ ਪ੍ਰਕਾਰ ਦੇ ਹੁੰਦੇ ਹਨ (Social changes are chiefly those of modification or of replacement) – ਸਮਾਜਿਕ ਪਰਿਵਰਤਨਾਂ ਨੂੰ ਵਿਆਪਕ ਰੂਪ ਵਿੱਚ ਪ੍ਰਤੀਸਥਾਪਨਾਂ ਜਾਂ ਰੁਪਾਂਤਰਾਂ ਵਿੱਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ। ਇਹ ਭੌਤਿਕੀ ਪਦਾਰਥਾਂ ਜਾਂ ਸਮਾਜਿਕ ਸੰਬੰਧਾਂ ਦਾ ਰੁਪਾਂਤਰਣ ਹੋ ਸਕਦਾ ਹੈ। ਉਦਾਹਰਣ ਲਈ, ਸਾਡੇ ਨਾਸ਼ਤੇ ਦਾ ਰੂਪ ਬਦਲ ਗਿਆ ਹੈ। ਚਾਹੇ ਅਸੀਂ ਓਹੀ ਆਧਾਰਭੂਤ ਪਦਾਰਥ ਖਾਂਦੇ ਹਾਂ ਜੋ ਪਹਿਲਾਂ ਖਾਂਦੇ ਸੀ, ਜਿਵੇਂ ਕਣਕ, ਅੰਡਾ, ਅੰਨ; ਪ੍ਰੰਤੂ ਓਨਾਂ ਦਾ ਰੂਪ ਬਦਲ ਗਿਆ ਹੈ। ਹੁਣ ਤਿਆਰਸ਼ੁਦਾ ਕਾਰਨਫਲੇਕਸ, ਬ੍ਰੈਡ, ਆਮਲੇਟ ਨੇ ਪਿਛਲੇ ਸਾਲਾਂ ਵਿੱਚ ਖਾਏ ਜਾਣ ਵਾਲੇ ਇਨਾਂ ਪਦਾਰਥਾਂ ਦੇ ਰੂਪਾਂ ਨੂੰ ਪ੍ਰਤੀਸਥਾਪਿਤ ਕਰ ਦਿੱਤਾ ਹੈ। ਇਸੇ ਪ੍ਰਕਾਰ, ਸਮਾਜਿਕ ਸੰਬੰਧਾਂ ਵਿੱਚ ਵੀ ਰੂਪਾਂਤਰਣ ਆ ਸਕਦਾ ਹੈ। ਪ੍ਰਾਚੀਨ ਸੱਤਾਪ੍ਰਧਾਨ ਪਰਿਵਾਰ ਹੁਣ ਇੱਕ ਛੋਟਾ ਸਮਾਨਾਧਿਕ੍ਰਿਤ ਪਰਿਵਾਰ ਬਣ ਗਿਆ ਹੈ। ਔਰਤਾਂ ਦੇ ਅਧਿਕਾਰ, ਧਰਮ, ਸਰਕਾਰ ਅਤੇ ਸਹਿਸਿੱਖਿਆ ਬਾਰੇ ਸਾਡੇ ਵਿਚਾਰ ਅੱਜ ਰੁਪਾਂਤਰਿਤ ਹੋ ਗਏ ਹਨ।

ਪਰਿਵਰਤਨ ਪ੍ਰਤੀਸਥਾਪਨ ਦਾ ਰੂਪ ਵੀ ਲੈ ਸਕਦਾ ਹੈ। ਕੋਈ ਨਵਾਂ ਪਦਾਰਥ ਜਾਂ ਅਭੌਤਿਕ ਵਸਤੂ ਪ੍ਰਾਚੀਨ ਨੂੰ ਪ੍ਰਤੀਸਥਾਪਿਤ ਕਰ ਦਿੰਦੀ ਹੈ। ਘੋੜਿਆਂ ਦੀ ਥਾਂ ਸਵੈ-ਚਾਲਿਤ ਵਾਹਨਾਂ ਨੇ ਲੈ ਲਈ ਹੈ। ਇਸੇ ਪ੍ਰਕਾਰ ਪੁਰਾਣੇ ਵਿਚਾਰਾਂ ਦੀ ਥਾਂ ਨਵੇਂ ਵਿਚਾਰਾਂ ਨੇ ਲੈ ਲਈ ਹੈ। ਦਵਾ ਦੇ ਕੀਟਾਣੂ ਸਿਧਾਂਤ ਨੇ ਰੋਗ ਦੇ ਕਾਰਣ ਦੇ ਬਾਰੇ ਵਿੱਚ ਪੁਰਾਣੇ ਵਿਚਾਰਾਂ ਨੂੰ ਪ੍ਰਤੀਸਥਾਪਿਤ ਕਰ ਦਿੱਤਾ ਹੈ। ਪ੍ਰਜਾਤੰਤਰ ਨੇ ਕੁਲੀਨਤੰਤਰ ਨੂੰ ਪ੍ਰਤੀਸਥਾਪਿਤ ਕਰ ਦਿੱਤਾ ਹੈ।

## 11.3 ਸਮਾਜਿਕ ਪਰਿਵਰਤਨ ਦੇ ਸਿਧਾਂਤ (Theories of Social Change)

ਸਮਾਜਿਕ ਪਰਿਵਰਤਨ ਦੇ ਸਿਧਾਂਤਾਂ ਦੇ ਅੰਤਰਗਤ ਅਸੀਂ (*i*) ਸਮਾਜਿਕ ਪਰਿਵਰਤਨ ਦੀ ਦਿਸ਼ਾ, ਅਤੇ (*ii*) ਸਮਾਜਿਕ ਪਰਿਵਰਤਨ ਦੇ ਕਾਰਣਾਂ ਨਾਲ ਸੰਬੰਧਿਤ ਸਿਧਾਂਤਾਂ ਦਾ ਵਰਣਨ ਕਰਾਂਗੇ।

1. **ਸਮਾਜਿਕ ਪਰਿਵਰਤਨ ਦੀ ਦਿਸ਼ਾ (The direction of social change)**

ਆਰੰਭਿਕ ਸਮਾਜਸ਼ਾਸਤਰੀ ਆਦਿਮ ਲੋਕਾਂ ਦੀ ਸੰਸਕ੍ਰਿਤੀ ਨੂੰ ਨਿਤਾਂਤ ਗਤੀਹੀਣ ਸਮਝਦੇ ਸਨ, ਪ੍ਰੰਤੂ ਪੂਰਵ-ਸਾਖਰ ਸਮਾਜਾਂ ਦੇ ਵਿਗਿਆਨਿਕ ਅਧਿਐਨ ਤੋਂ ਇਹ ਵਿਚਾਰ ਤਿਆਗ ਦਿੱਤਾ ਗਿਆ ਹੈ। ਮਾਨਵਸ਼ਾਸਤਰੀ ਹੁਣ ਇਸ ਗੱਲ ਤੇ ਸਹਿਮਤ ਹਨ ਕਿ ਆਦਿਮ ਸੰਸਕ੍ਰਿਤੀ ਵਿੱਚ ਵੀ ਪਰਿਵਰਤਨ ਹੋਏ ਹਨ, ਚਾਹੇ ਓਨਾਂ ਦੀ ਗਤੀ ਏਨੀ ਹੌਲੀ ਸੀ ਕਿ ਓਹ ਗਤੀਹੀਣ ਦਿਖਦੇ ਸਨ। ਪਿਛਲੇ ਸਾਲਾਂ ਵਿੱਚ ਸਮਾਜਿਕ ਪਰਿਵਰਤਨ ਤੇਜ਼ ਗਤੀ ਨਾਲ ਹੋਇਆ ਹੈ। ਪਹਿਲੇ ਵਿਸ਼ਵ-ਯੁੱਧ ਤੋਂ ਬਾਅਦ ਅਨੇਕਾਂ ਦੇਸ਼ਾਂ ਦੀਆਂ ਨਾ ਕੇਵਲ ਰਾਜਨੀਤਿਕ ਸੰਸਥਾਵਾਂ ਬਲਕਿ ਓਨਾਂ ਦੀਆਂ ਵਰਗੀ ਸੰਰਚਨਾਵਾਂ, ਆਰਥਿਕ ਵਿਵਸਥਾਵਾਂ ਅਤੇ ਜੀਵਨ-ਢੰਗਾਂ ਵਿੱਚ ਗਹਿਰੇ ਪਰਿਵਰਤਨ ਹੋਏ ਹਨ। ਸਮਾਜਿਕ ਪਰਿਵਰਤਨ ਦੀ ਦਿਸ਼ਾ ਦੀ ਵਿਆਖਿਆ ਕਰਣ ਲਈ ਅਨੇਕ ਸਿਧਾਂਤ ਪੇਸ਼ ਕੀਤੇ ਗਏ ਹਨ। ਹਰ ਸਿਧਾਂਤ ਦਾ ਸੰਖੇਪ ਵਰਣਨ ਇਸ ਤਰਾਂ ਹੈ–

(*i*) **ਅਪਕਰਸ਼ਣ ਦਾ ਸਿਧਾਂਤ (Theory of deterioration)**– ਕੁਝ ਵਿਚਾਰਕਾਂ ਦੇ ਅਨੁਸਾਰ ਆਰੰਭਿਕ ਅਵਸਥਾ ਵਿੱਚ ਮਨੁੱਖ ਸਵਰਣਯੁੱਗ-ਸੁੱਖ ਦੀ ਪੂਰਣ ਅਵਸਥਾ ਪਤਿਤ ਅਵਸਥਾ ਵਿੱਚ ਪਹੁੰਚ ਗਿਆ। ਪ੍ਰਾਚੀਨ ਪੂਰਵ ਵਿੱਚ ਇਹੀ ਵਿਚਾਰ ਪ੍ਰਚੱਲਿਤ ਸੀ। ਭਾਰਤ, ਫਾਰਸ ਅਤੇ ਸੁਮੇਰੀਆ ਦੇ ਮਹਾਂਕਾਵਾਂ ਵਿੱਚ ਇਸੇ ਵਿਚਾਰ ਦਾ ਪ੍ਰਤੀਪਾਦਨ ਕੀਤਾ ਗਿਆ। ਭਾਰਤੀ ਪੁਰਾਣਾਂ ਦੇ ਅਨੁਸਾਰ ਮਨੁੱਖ ਚਾਰ ਯੁਗਾਂ-ਸਤਯੁਗ, ਤ੍ਰੇਤਾ, ਦ੍ਵਾਪਰ ਅਤੇ ਕਲਯੁਗ ਵਿੱਚੋਂ ਗੁਜ਼ਰਿਆ ਹੈ। ਸਤਯੁਗ ਸਰਵ-ਉੱਤਮ ਚਰਣ ਸੀ ਜਿਸ ਵਿੱਚ ਮਨੁੱਖ ਈਮਾਨਦਾਰ, ਨੇਕ ਅਤੇ ਪੂਰੀ ਤਰਾਂ ਸੁਖੀ ਸੀ। ਉਸ ਤੋਂ ਬਾਅਦ ਪਤਨ ਆਰੰਭ ਹੋ ਗਿਆ। ਆਧੁਨਿਕ ਕਾਲ ਕਲਯੁਗ ਦਾ ਯੁਗ ਹੈ ਜਿਸ ਵਿੱਚ ਮਨੁੱਖ ਧੋਖੇਬਾਜ਼, ਝੂਠਾ, ਬੇਈਮਾਨ, ਸਵਾਰਥੀ ਅਤੇ ਫਲਸਰੂਪ ਦੁਖੀ ਹੈ। ਆਰੰਭ ਵਿੱਚ ਇਤਿਹਾਸ ਦੀ ਅਜਿਹੀ ਵਿਚਾਰਧਾਰਾ ਸੀ, ਇਹ ਸਮਝਣ ਯੋਗ ਹੈ, ਕਿਓਂਕਿ ਅੱਜਕੱਲ ਜੀਵਨ ਦੇ ਹਰ ਖੇਤਰ ਵਿੱਚ ਅਸੀਂ ਪਤਨ ਦੇਖ ਰਹੇ ਹਾਂ।

**ਚੱਕਰੀ ਸਿਧਾਂਤ (Cyclic Theory)** – ਸਮਾਜਿਕ ਪਰਿਵਰਤਨ ਦੇ ਪੂਰਵ-ਉਕਤ ਸਿਧਾਂਤ ਦੇ ਨਾਲ ਨਾਲ ਖੋਜਿਆ ਗਿਆ ਇੱਕ ਹੋਰ ਪ੍ਰਾਚੀਨ ਸਿਧਾਂਤ ਇਹ ਵੀ ਹੈ ਕਿ ਮਾਨਵ ਸਮਾਜ ਕੁਝ ਚੱਕਰਾਂ ਤੋਂ ਗੁਜ਼ਰਦਾ ਹੈ। ਦਿਨ ਤੋਂ ਬਾਅਦ ਰਾਤ ਅਤੇ ਰਾਤ ਤੋਂ ਬਾਅਦ ਦਿਨ ਅਤੇ ਰੁੱਤਾਂ ਦੇ ਪ੍ਰਾਕ੍ਰਿਤਿਕ ਚੱਕਰ ਨੂੰ ਦੇਖ ਕੇ ਕੁਝ ਸਮਾਜਸ਼ਾਸਤਰੀਆਂ, ਜਿਵੇਂ ਸਪੇਂਗਲਰ (Spengler) ਦਾ ਵਿਸ਼ਵਾਸ ਹੈ ਕਿ ਸਮਾਜ ਦਾ ਵੀ ਪੂਰਵ-ਨਿਰਧਾਰਿਤ ਜੀਵਨ-ਚੱਕਰ ਹੈ ਅਤੇ ਹਰ ਸੱਭਿਅਤਾ ਜਨਮ, ਯੁਵਾ-ਅਵਸਥਾ ਅਤੇ ਮੌਤ ਦੇ ਚੱਕਰ ਤੋਂ ਗੁਜ਼ਰਦੀ ਹੈ। ਆਧੁਨਿਕ ਸਮਾਜ ਦਾ ਪਤਨ ਆਰੰਭ ਹੋ ਗਿਆ ਹੈ।

ਨੋਟ

ਇਹ ਆਪਣੇ ਬੁਢਾਪੇ ਵਿੱਚ ਹੈ। ਪ੍ਰੰਤੂ ਕਿਉਂਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ, ਇਸ ਲਈ ਸਮਾਜ ਸਭ ਚਰਣਾਂ ਤੋਂ ਗੁਜ਼ਰਣ ਤੋਂ ਬਾਅਦ ਆਪਣੀ ਆਰੰਭਿਕ ਅਵਸਥਾ ਵਿੱਚ ਵਾਪਿਸ ਆ ਜਾਂਦਾ ਹੈ ਜਿਸ ਵਿੱਚ ਚੱਕਰ ਦੁਬਾਰਾ ਆਰੰਭ ਹੋ ਜਾਂਦਾ ਹੈ। ਹਿੰਦੂ ਪੁਰਾਣਾਂ ਵਿੱਚ ਇਹੀ ਵਿਚਾਰ ਮਿਲਦਾ ਹੈ ਜਿਸ ਦੇ ਅਨੁਸਾਰ ਕਲਯੁਗ ਖਤਮ ਹੋਣ ਤੋਂ ਬਾਅਦ ਧਰਮਯੁਗ ਦੁਬਾਰਾ ਸ਼ੁਰੂ ਹੋਵੇਗਾ। ਜੇ. ਬੀ. ਬਰੀ (J.B Burry) ਨੇ ਆਪਣੀ ਪੁਸਤਕ 'The Idea of Progress' ਵਿੱਚ ਇੰਗਿਤ ਕੀਤਾ ਹੈ ਕਿ ਇਹ ਅਵਧਾਰਣਾ ਯੂਨਾਨ ਦੇ ਸਟੇਇਕ (Stoic) ਦਾਰਸ਼ਨਿਕਾਂ ਅਤੇ ਕੁਝ ਰੋਮਨ ਦਾਰਸ਼ਨਿਕਾਂ, ਵਿਸ਼ੇਸ਼ ਕਰ ਕੇ ਮਾਰਕਯੂਲ ਆਰਿਲਿਅਸ ਦੀਆਂ ਸਿੱਖਿਆਵਾਂ ਵਿੱਚ ਵੀ ਪਾਈ ਜਾਂਦੀ ਹੈ।

ਇਹ ਵਿਚਾਰ ਕਿ ਪਰਿਵਰਤਨ ਢੰਗ ਨਾਲ ਘਟਿਤ ਹੁੰਦਾ ਹੈ, ਕੁਝ ਆਧੁਨਿਕ ਲੇਖਕਾਂ ਦੀਆਂ ਰਚਨਾਵਾਂ ਵਿੱਚ ਵੀ ਮਿਲਦਾ ਹੈ ਜਿਨਾਂ ਨੇ ਚੱਕਰਿਕ ਸਿਧਾਂਤ ਦੀਆਂ ਵਿਭਿੰਨ ਵਿਆਖਿਆਵਾਂ ਪੇਸ਼ ਕੀਤੀਆਂ ਹਨ। ਫ੍ਰਾਂਸੀਸੀ ਮਾਨਵਸ਼ਾਸਤਰੀ ਵੇਚਰ ਡੀ. ਲਾਪੂਜ (Vacher de Lapouge) ਦਾ ਵਿਚਾਰ ਸੀ ਕਿ ਜਦੋਂ ਸਮਾਜ ਵਿੱਚ ਸ਼੍ਰੇਸ਼ਠ ਪ੍ਰਜਾਤੀਆਂ ਦੇ ਲੋਕ ਨਿਵਾਸ ਕਰਦੇ ਹਨ ਤਾਂ ਉਸ ਸਮੇਂ ਸੱਭਿਅਤਾ ਦਾ ਵਿਕਾਸ ਹੁੰਦਾ ਹੈ ਅਤੇ ਇਸ ਦੀ ਪ੍ਰਗਤੀ ਹੁੰਦੀ ਹੈ; ਪ੍ਰੰਤੂ ਜਦੋਂ ਪ੍ਰਜਾਤੀ ਰੂਪ ਨਾਲ ਨਿਮਨ ਵਿਅਕਤੀ ਇਸ ਵਿੱਚ ਘੁਲ-ਮਿਲ ਜਾਂਦੇ ਹਨ ਤਾਂ ਇਸ ਦਾ ਪਤਨ ਹੋਣ ਲਗਦਾ ਹੈ। ਉਸ ਦੇ ਅਨੁਸਾਰ ਪੱਛਮੀ ਸੱਭਿਅਤਾ ਦਾ ਵਿਨਾਸ਼ ਜ਼ਰੂਰ ਹੋਵੇਗਾ, ਕਿਉਂਕਿ ਨਿਮਨ ਵਿਅਕਤੀ ਇਸ ਵਿੱਚ ਪ੍ਰਵੇਸ਼ ਕਰ ਰਹੇ ਹਨ ਅਤੇ ਇਸ ਉੱਤੇ ਓਨਾਂ ਦਾ ਨਿਯੰਤਰਣ ਵਧਦਾ ਜਾ ਰਿਹਾ ਹੈ। ਜਰਮਨ ਦੇ ਮਾਨਵਸ਼ਾਸਤਰੀ ਓਟੋ ਆਮੋਨ (Otto Ammon), ਅੰਗ੍ਰੇਜ਼ ਵਿਅਕਤੀ ਹਾਡਸਟਨ ਸਟੀਵਰਟ ਚੈਂਬਰਲੇਨ (Houston Stewart Chamberlain) ਅਤੇ ਅਮਰੀਕਨ ਮੈਡੀਸਨ ਗ੍ਰਾਂਟ (Madison Grant) ਅਤੇ ਲੋਥਾਰਪ ਸਟੋਡਾਰਡ (Lothrop Stoddard) ਵੀ ਲਾਪੂਜ (Lapouge) ਦੇ ਵਿਚਾਰ ਨਾਲ ਸਹਿਮਤ ਹਨ ਜਿਸ ਨੂੰ ਜੀਵਸ਼ਾਸਤਰੀ ਚੱਕਰ ਦਾ ਸਿਧਾਂਤ ਕਿਹਾ ਜਾ ਸਕਦਾ ਹੈ।

ਕੀ ਤੁਸੀਂ ਜਾਣਦੇ ਹੋ ਪ੍ਰਜਾਤੀ ਸੰਸਕ੍ਰਿਤੀ ਦਾ ਸਭ ਤੋਂ ਅਧਿਕ ਮਹੱਤਵਪੂਰਣ ਨਿਰਧਾਰਕ ਹੈ।

ਸਪੈਂਗਲਰ ਨੇ ਸਮਾਜਿਕ ਪਰਿਵਰਤਨ ਦੇ ਚੱਕਰੀ ਸਿਧਾਂਤ ਦੀ ਇੱਕ ਹੋਰ ਵਿਆਖਿਆ ਵੀ ਪੇਸ਼ ਕੀਤੀ ਹੈ। ਉਸ ਨੇ ਅੱਠ ਵੱਡੀਆਂ ਅਤੇ ਉੱਚ ਸਭਿੱਅਤਾਵਾਂ ਜਿਵੇਂ ਮਿਸਰ, ਯੂਨਾਨੀ ਅਤੇ ਰੋਮਨ ਆਦਿ ਦਾ ਅਧਿਐਨ ਕਰਣ ਤੋਂ ਬਾਅਦ ਨਤੀਜਾ ਕੱਢਿਆ ਕਿ ਸਭ ਸਭਿੱਅਤਾਵਾਂ ਜਨਮ, ਵਿਕਾਸ ਅਤੇ ਮੌਤ ਦੇ ਸਮਾਨ ਚੱਕਰ ਤੋਂ ਗੁਜ਼ਰਦੀਆਂ ਹਨ। ਉਸ ਦੇ ਅਨੁਸਾਰ ਪੱਛਮੀ ਸੱਭਿਅਤਾ ਦਾ ਪਤਨ ਆਰੰਭ ਹੋ ਗਿਆ ਹੈ, ਜਿਸ ਨੂੰ ਰੋਕਿਆ ਨਹੀਂ ਜਾ ਸਕਦਾ।

**ਬਿਲਫ੍ਰੇਡੋ ਪੈਰੇਟੋ** (Vilfredo Pareto) ਨੇ ਇਸ ਸਿਧਾਂਤ ਦਾ ਪ੍ਰਤੀਪਾਦਨ ਕੀਤਾ ਹੈ ਕਿ ਸਮਾਜ ਰਾਜਨੀਤਿਕ ਸ਼ਕਤੀ ਅਤੇ ਪਤਨ ਦੇ ਕਾਲ ਤੋਂ ਗੁਜ਼ਰਦੇ ਹਨ ਜਿਨਾਂ ਦੀ ਚੱਕਰੀ ਢੰਗ ਨਾਲ ਪੁਨਵ੍ਰਿੱਤੀ ਹੁੰਦੀ ਹੈ। ਉਸ ਦੇ ਅਨੁਸਾਰ, ਸਮਾਜ ਵਿੱਚ ਦੋ ਪ੍ਰਕਾਰ ਦੇ ਲੋਕ ਹੁੰਦੇ ਹਨ- ਇੱਕ ਓਹ ਜੋ ਪਾਰੰਪਰਿਕ ਢੰਗਾਂ ਦਾ ਅਨੁਸਰਣ ਕਰਨਾ ਪਸੰਦ ਕਰਦੇ ਹਨ ਜਿਨਾਂ ਨੂੰ ਉਸ ਨੇ 'Rentiers' ਕਿਹਾ ਹੈ ਅਤੇ ਦੂਜੇ ਓਹ ਜੋ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਜੋਖਿਮ ਉਠਾਉਣਾ ਚਾਹੁੰਦੇ ਹਨ ਜਿਨਾਂ ਨੂੰ ਉਸ ਨੇ 'Speculators' ਕਿਹਾ ਹੈ। ਰਾਜਨੀਤਿਕ ਪਰਿਵਰਤਨ ਸ਼ਕਤੀਸ਼ਾਲੀ ਕੁਲੀਨ ਵਰਗ ਦੇ ਉਮੀਦਵਾਰਾਂ ਦੁਆਰਾ ਆਰੰਭ ਕੀਤਾ ਜਾਂਦਾ ਹੈ ਜਿਨਾਂ ਦੀ ਸ਼ਕਤੀ ਬਾਅਦ ਵਿੱਚ ਖਤਮ ਹੋ ਜਾਦੀ ਹੈ ਅਤੇ ਚਤੁਰ ਛਲ ਸਾਧਨਾਂ ਦਾ ਸਹਾਰਾ ਲੈਂਦਾ ਹੈ ਅਤੇ ਉਸ ਵਿੱਚ 'Rentier' ਮਾਨਸਿਕ ਵ੍ਰਿੱਤੀ ਦੇ ਲੋਕ ਪ੍ਰਵੇਸ਼ ਕਰ ਜਾਂਦੇ ਹਨ। ਸਮਾਜ ਦਾ ਪਤਨ ਆਰੰਭ ਹੋ ਜਾਂਦਾ ਹੈ, ਪ੍ਰੰਤੂ ਇਸ ਦੇ ਨਾਲ ਹੀ 'Speculators' ਉਮੀਦਵਾਰ ਗੁਲਾਮ ਲੋਕਾਂ ਵਿੱਚੋਂ ਨਵਾਂ ਸ਼ਾਸਕ ਬਣਨ ਲਈ ਸਿਰ ਉਠਾਉਂਦੇ ਹਨ ਅਤੇ ਪੁਰਾਣੇ ਵਰਗ ਨੂੰ ਉਖਾੜ ਸੁੱਟਦੇ ਹਨ। ਉਸ ਤੋਂ ਬਾਅਦ ਦੁਬਾਰਾ ਚੱਕਰ ਆਰੰਭ ਹੋ ਜਾਂਦਾ ਹੈ।

**ਐਫ. ਸਟੂਅਰਟ ਚੇਪਿਨ** (F. Stuart Chapin) ਨੇ ਚੱਕਰੀ ਪਰਿਵਰਤਨ ਦੀ ਹੋਰ ਵਿਆਖਿਆ ਪੇਸ਼ ਕੀਤੀ ਹੈ। ਉਸ ਨੇ ਸੰਗ੍ਰਹਿ ਦੀ ਅਵਧਾਰਣਾ ਨੂੰ ਸਮਾਜਿਕ ਪਰਿਵਰਤਨ ਦੇ ਆਪਣੇ ਸਿਧਾਂਤ ਦਾ ਆਧਾਰ ਬਣਾਇਆ। ਉਸ ਦੇ ਅਨੁਸਾਰ, ਸੰਸਕ੍ਰਿਤਿਕ ਪਰਿਵਰਤਨ ਸਮੇਂ ਦੀ ਦ੍ਰਿਸ਼ਟੀ ਨਾਲ ਚੋਣਵੇਂ ਰੂਪ ਵਿੱਚ ਸੰਗ੍ਰਿਹਾਤਮਕ ਹੁੰਦਾ ਹੈ। ਉਸ ਨੇ ਲਿਖਿਆ, "ਸਮਾਜਿਕ ਪਰਿਵਰਤਨ ਦੀ ਅਵਧਾਰਣਾ ਦਾ ਸਰਵਾਧਿਕ ਆਸ਼ਾਪੂਰਣ ਉਪਾਗਮ ਪਰਿਵਰਤਨ ਦੀ ਪ੍ਰਕ੍ਰਿਆ ਨੂੰ ਸਮੇਂ ਦੀ ਦ੍ਰਿਸ਼ਟੀ ਨਾਲ ਚੋਣਵੇਂ ਰੂਪ ਵਿੱਚ **ਸੰਗ੍ਰਿਹਾਤਮਕ** (Selectively accumulative in time) ਅਤੇ ਸਰੂਪ ਵਿੱਚ ਚੱਕਰੀ ਜਾਂ ਪ੍ਰਦੋਲਕੀ ਸਮਝਣਾ ਹੋਵੇਗਾ।" ਇਸ ਪ੍ਰਕਾਰ, ਚੇਪਿਨ ਦੇ ਅਨੁਸਾਰ, ਸੰਸਕ੍ਰਿਤਿਕ ਪਰਿਵਰਤਨ ਚੋਣਵੇਂ ਰੂਪ ਵਿੱਚ ਸੰਗ੍ਰਿਹਾਤਮਕ ਅਤੇ ਸਰੂਪ ਵਿੱਚ ਚੱਕਰੀ ਦੋਵੇਂ ਹੈ ਉਸ ਨੇ ਸਮਕਾਲਿਕ ਚੱਕਰੀ ਪਰਿਵਰਤਨ (synchronological change) ਦੀ ਕਲਪਨਾ ਦਾ ਪ੍ਰਤੀਪਾਦਨ ਕੀਤਾ ਹੈ। ਉਸ ਦੇ ਅਨੁਸਾਰ, ਸੰਸਕ੍ਰਿਤੀ ਦੇ ਵਿਭਿੰਨ ਅੰਗ ਵਿਕਾਸ, ਉਤਕਰਸ਼ ਅਤੇ ਪਤਨ ਦੇ ਚੱਕਰ ਤੋਂ ਗੁਜ਼ਰਦੇ ਹਨ। ਜੇਕਰ ਪ੍ਰਮੁੱਖ ਅੰਗਾਂ ਦਾ ਚੱਕਰ, ਜਿਵੇਂ ਸਰਕਾਰ ਅਤੇ ਪਰਿਵਾਰ ਇੱਕ ਸਮੇਂ ਵਿੱਚ ਸਮਕਾਲਿਕ ਹਨ, ਤਾਂ ਸੰਪੂਰਣ ਸਮੇਕਣ ਦੀ ਸਥਿਤੀ ਹੋਵੇਗੀ। ਜੇਕਰ ਓਹ ਸਮਕਾਲਿਕ ਨਹੀਂ ਹਨ ਤਾਂ ਸੰਸਕ੍ਰਿਤੀ ਵਿਘਟਨ ਦੀ ਸਥਿਤੀ ਵਿੱਚ ਹੋਵੇਗੀ। ਚੇਪਿਨ ਦੇ ਅਨੁਸਾਰ, ਵਿਕਾਸ ਅਤੇ ਪਤਨ ਦਾ ਚੱਕਰ ਸੰਸਕ੍ਰਿਤਿਕ ਸਰੂਪਾਂ ਉੱਤੇ ਵੀ ਓਨਾ ਹੀ ਜ਼ਰੂਰੀ ਹੈ ਜਿੰਨਾ ਜੀਵਿਤ ਵਸਤਾਂ ਲਈ।

ਨੋਟ

ਵਿਭਿੰਨ ਸਭਿੱਅਤਾਵਾਂ ਦੇ ਇਤਿਹਾਸ ਤੋਂ ਪ੍ਰਾਪਤ ਤੱਥਾਂ ਦੇ ਆਧਾਰ ਤੇ **ਸੋਰੋਕਿਨ** (Sorokin) ਨੇ ਨਤੀਜਾ ਕੱਢਿਆ ਕਿ ਸੱਭਿਅਤਾਵਾਂ ਦੀਆਂ ਤਿੰਨ ਪ੍ਰਮੁੱਖ ਸ਼੍ਰੇਣੀਆਂ ਹਨ, ਅਰਥਾਤ **ਕਾਲਪਨਿਕ** (ideational), **ਆਦਰਸ਼ਾਤਮਕ** (idealistic) ਅਤੇ ਸੰਵੇਦਨਾਤਮਕ (sensate)। ਕਾਲਪਨਿਕ ਪ੍ਰਕਾਰ ਦੀ ਸੱਭਿਅਤਾ ਵਿੱਚ ਵਾਸਤਵਿਕਤਾ ਅਤੇ ਮੁੱਲਾਂ ਦੀ ਪਰਤਾਰਕਿਕ ਈਸ਼ਵਰ ਦੇ ਸੰਦਰਭ ਵਿੱਚ ਵਿਆਖਿਆ ਕੀਤੀ ਜਾਂਦੀ ਹੈ। ਜਦੋਂ ਕਿ ਇੰਦਰੀ ਸੰਸਾਰ ਮਿੱਥਿਆ ਪ੍ਰਤੀਤ ਹੁੰਦਾ ਹੈ। ਸੰਖੇਪ ਵਿੱਚ, ਕਾਲਪਨਿਕ ਸੰਸਕ੍ਰਿਤੀ ਵਿੱਚ ਸਭ ਘਟਨਾਵਾਂ ਦਾ ਇੱਕ ਮਾਤਰ ਕਾਰਣ ਭਗਵਾਨ ਨੂੰ ਸਮਝਿਆ ਜਾਂਦਾ ਹੈ। ਅਧਿਆਤਮਿਕ ਕਲਪਨਾ ਜੀਵਨ ਦਾ ਆਧਾਰ ਬਣ ਜਾਂਦੀ ਹੈ ਅਤੇ ਵਾਸਤਵਿਕਤਾ ਅਤੇ ਵਿਵਹਾਰਿਕਤਾ ਉਸੇ ਕਲਪਨਾ ਲੋਕ ਵਿੱਚ ਖੋ ਜਾਂਦੀ ਹੈ। ਆਦਰਸ਼ਾਤਮਕ ਪ੍ਰਕਾਰ ਦੀ ਸੰਸਕ੍ਰਿਤੀ ਵਿੱਚ ਵਾਸਤਵਿਕਤਾ ਅਤੇ ਮੁੱਲਾਂ ਨੂੰ ਇੰਦਰੀ ਅਤੇ ਅਤੀ-ਇੰਦਰੀ ਦੋਵੇਂ ਸਮਝਿਆ ਜਾਂਦਾ ਹੈ। ਇਹ ਸੰਵੇਦਨਾਤਮਕ ਅਤੇ ਕਾਲਪਨਿਕ ਦੋਵਾਂ ਦਾ ਮਿਸ਼ਰਣ ਹੁੰਦਾ ਹੈ। ਇਸ ਵਿੱਚ ਨਾ ਈਸ਼ਵਰ ਦੀ ਅਵਹੇਲਣਾ ਕੀਤੀ ਜਾਂਦੀ ਹੈ ਅਤੇ ਨਾ ਇਸ ਲੋਕ ਦੀ। ਨਾ ਤਾਂ ਭੌਤਿਕ ਸੁਖ ਨੂੰ ਹੀ ਸਭ ਕੁਝ ਮੰਨ ਲਿਆ ਜਾਦਾ ਹੈ ਅਤੇ ਨਾ ਹੀ ਅਧਿਆਤਮਿਕ ਕਲਪਨਾ ਦੇ ਬਹਾਅ ਵਿੱਚ ਡੁੱਬਿਆ ਜਾਂਦਾ ਹੈ। ਸੰਵੇਦਨਾਤਮਕ ਪ੍ਰਕਾਰ ਦੀ ਸੰਸਕ੍ਰਿਤੀ ਵਿੱਚ ਜੀਵਨ ਦਾ ਸੰਪੂਰਣ ਢੰਗ ਭੌਤਿਕਵਾਦੀ ਮਨੋਵ੍ਰਿਤੀ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਵਿੱਚ ਇੰਦਰੀਜਨਿਤ ਜ਼ਰੂਰਤਾਂ ਅਤੇ ਇੱਛਾਵਾਂ ਦੀ ਪੂਰਤੀ ਦੇ ਸਾਧਨਾਂ ਦੀ ਪ੍ਰਧਾਨਤਾ ਹੁੰਦੀ ਹੈ। ਧਰਮ, ਪ੍ਰਥਾ, ਪਰੰਪਰਾ ਦਾ ਸਥਾਨ ਗੌਣ ਹੁੰਦਾ ਹੈ, ਵਿਗਿਆਨ ਅਤੇ ਉਦਯੋਗਿਕੀ ਦਾ ਮਹੱਤਵ ਅਧਿਕ ਹੁੰਦਾ ਹੈ। ਵਾਸਤਵਿਕਤਾ ਅਤੇ ਮੁੱਲ ਕੇਵਲ ਇੰਦਰੀਆਂ ਤੱਕ ਹੀ ਸੀਮਿਤ ਹਨ। ਇੰਦਰੀਆਂ ਤੋਂ ਪਰੇ ਕਿਸੇ ਵਾਸਤਵਿਕਤਾ ਨੂੰ ਨਹੀਂ ਮੰਨਿਆ ਜਾਂਦਾ। **ਸੋਰੋਕਿਨ** ਦੇ ਅਨੁਸਾਰ, ਪੱਛਮੀ ਸਭਿੱਅਤਾ ਸੰਵੇਦਨਾਤਮਕ ਅਵਸਥਾ ਤੋਂ ਬਹੁਤ ਬਾਅਦ ਦੀ ਅਵਸਥਾ ਹੈ ਜਿਸ ਨੂੰ ਨਵੀਂ ਕਾਲਪਨਿਕ ਅਵਸਥਾ ਵਿੱਚ ਆਓਣਾ ਚਾਹੀਦਾ ਹੈ।

ਆਧੁਨਿਕ ਸਮੇਂ ਵਿੱਚ **ਅਰਨਾਲਡ ਜੇ. ਟਾਏਨਬੀ** (Arnold J. Toynbee) ਇੱਕ ਵਿਖਿਆਤ ਅੰਗ੍ਰੇਜ਼ ਦਾਰਸ਼ਨਿਕ ਨੇ ਵੀ ਵਿਸ਼ਵ-ਸੱਭਿਅਤਾ ਦੇ ਇਤਿਹਾਸ ਦਾ ਚੱਕਰੀ ਸਿਧਾਂਤ ਪ੍ਰਤੀਪਾਦਿਤ ਕੀਤਾ ਹੈ। ਉਸ ਦੇ ਅਨੁਸਾਰ, ਸੱਭਿਅਤਾ ਤਿੰਨ ਅਵਸਥਾਵਾਂ-ਜਵਾਨੀ, ਬੁਢਾਪਾ ਅਤੇ ਪਤਨ ਤੋਂ ਗੁਜ਼ਰਦੀ ਹੈ। ਉਸ ਨੇ '**ਚੁਨੌਤੀ**' (challenge) ਅਤੇ '**ਪ੍ਰਤੀਕ੍ਰਿਆ**' (response) ਦੀਆਂ ਧਾਰਣਾਵਾਂ ਦਾ ਵਿਕਾਸ ਕੀਤਾ ਹੈ। ਹਰ ਸਮਾਜ ਦੇ ਸਾਹਮਣੇ 'ਚੁਨੌਤੀਆਂ' ਹੁੰਦੀਆਂ ਹਨ ਅਤੇ ਹਰ ਅਵਸਥਾ ਉਸ ਦੀ ਪ੍ਰਤੀਕ੍ਰਿਆ ਹੈ। ਟਾਏਨਬੀ ਨੇ ਤਿੰਨ ਅਵਸਥਾਵਾਂ ਦੱਸੀਆਂ ਹਨ- (*i*) ਚੁਨੌਤੀ ਨੂੰ ਪ੍ਰਤੀਕ੍ਰਿਆ- (response to challenge) ਇਹ ਯੁਵਾ-ਅਵਸਥਾ ਦਾ ਕਾਲ ਹੈ; (*ii*) ਸੰਕਟ ਦਾ ਸਮਾਂ (time to troubles)- ਇਹ ਬੁਢਾਪੇ ਦਾ ਕਾਲ ਹੈ; (*iii*) ਅੰਤਿਮ ਰੂਪ ਨਾਲ ਪਤਨ (final downfall) - ਇਹ ਮੌਤ ਦਾ ਸਮਾਂ ਹੈ। ਟਾਏਨਬੀ ਦਾ ਵਿਚਾਰ ਸੀ ਕਿ ਸਾਡੀ ਸੱਭਿਅਤਾ, ਚਾਹੇ ਇਹ ਅੰਤਿਮ ਪਤਨ ਦੀ ਅਵਸਥਾ ਵਿੱਚ ਹੈ, ਨੂੰ ਮਰਣ ਤੋਂ ਬਚਾਇਆ ਜਾ ਸਕਦਾ ਹੈ। ਉਸ ਦਾ ਕਹਿਣਾ ਹੈ ਕਿ ਰਚਨਾਤਮਕ ਅਲਪਸੰਖਿਅਕ ਆਪਣੇ ਆਪ ਨੂੰ ਰੋਗੀ ਸੱਭਿਅਤਾ ਤੋਂ ਦੂਰ ਰੱਖ ਸਕਦੇ ਹਨ। ਅਤੇ ਈਸ਼ਵਰ ਪ੍ਰਦੱਤ ਸ਼ਕਤੀਆਂ ਨਾਲ ਗਿਆਨ ਅਤੇ ਸ਼ਕਤੀ ਪ੍ਰਾਪਤ ਕਰ ਸਕਦੇ ਹਨ। ਇਹ ਲੋਕ ਜਨਤਾ ਵਿੱਚ ਉਤਸਾਹ ਭਰ ਸਕਦੇ ਹਨ ਅਤੇ ਦੁਬਾਰਾ ਸ਼ਕਤੀ ਦਾ ਸੰਚਾਰ ਕਰ ਸਕਦੇ ਹਨ ਅਤੇ ਚੁਨੌਤੀ ਦਾ ਜਵਾਬ ਦੇ ਸਕਦੇ ਹਨ। ਇਸ ਪ੍ਰਕਾਰ ਸੱਭਿਅਤਾ ਨੂੰ ਨਸ਼ਟ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਸਮਾਜਿਕ ਪਰਿਵਰਤਨ ਦੇ ਚੱਕਰੀ ਸੁਭਾਅ ਦੇ ਉਪਰੋਕਤ ਸਿਧਾਂਤਾਂ ਨੂੰ ਸੰਸਕ੍ਰਿਤਿਕ ਚੱਕਰਾਂ ਦੇ ਸਿਧਾਂਤ ਕਿਹਾ ਜਾ ਸਕਦਾ ਹੈ। ਸ਼ਾਇਦ ਓਹ ਵਿਗਿਆਨਿਕ ਅਧਿਐਨਾਂ ਦੀ ਬਜਾਏ ਦਾਰਸ਼ਨਿਕ ਚਿੰਤਨ ਦੀ ਉਪਜ ਹਨ। ਇਨਾਂ ਅਵਧਾਰਣਾਵਾਂ ਦੇ ਲੇਖਕ ਕੁਝ ਪੂਰਵਮਾਨਤਾਵਾਂ ਨੂੰ ਲੈ ਕੇ ਵਿਚਾਰ ਆਰੰਭ ਕਰਦੇ ਹਨ ਜਿਨਾਂ ਨੂੰ ਓਹ ਇਤਿਹਾਸ ਤੋਂ ਪ੍ਰਾਪਤ ਤੱਥਾਂ ਦੁਆਰਾ ਸਮਰਥਨ ਕਰਣ ਦੀ ਕੋਸ਼ਿਸ਼ ਕਰਦੇ ਹਨ। ਇਹ ਦਾਰਸ਼ਨਿਕ ਸਿਧਾਂਤ ਹਨ ਜਿਨਾਂ ਨੂੰ ਵਿਕ੍ਰਿਤ ਇਤਿਹਾਸਿਕ ਗਵਾਹਾਂ ਦੁਆਰਾ ਪ੍ਰਮਾਣਿਤ ਕਰਣ ਦੀ ਕੋਸ਼ਿਸ਼ ਕੀਤੀ ਗਈ ਹੈ। **ਬਾਰਨਸ** (Barnes) ਨੇ ਟਾਏਨਬੀ ਦੀ ਅਵਧਾਰਣਾ ਦੇ ਬਾਰੇ ਵਿੱਚ ਲਿਖਿਆ ਹੈ ਕਿ "ਇਹ ਵਸਤੂਪਰਕ ਜਾਂ ਵਿਆਖਿਆਤਮਕ ਸਿਧਾਂਤ ਤੱਕ ਨਹੀਂ ਹੈ। ਇਹ ਧਰਮਸ਼ਾਸਤਰ ਹੈ ਜਿਸ ਵਿੱਚ ਈਸ਼ਵਰ ਦੀ ਇੱਛਾ ਨੂੰ ਸਪਸ਼ਟ ਕਰਣ ਲਈ ਇਤਿਹਾਸ ਤੋਂ ਚੁਣੇ ਹੋਏ ਤੱਥਾਂ ਦਾ ਪ੍ਰਯੋਗ ਕੀਤਾ ਗਿਆ ਹੈ, ਠੀਕ ਉਸੇ ਤਰਾਂ, ਜਿਵੇਂ ਮੱਧਯੁਗੀ ਪਸ਼ੂ-ਵਿਸ਼ਯਕ ਉਪਦੇਸ਼ਾਤਮਕ ਕਥਾਵਾਂ ਦੇ ਸੰਗ੍ਰਿਹ ਵਿੱਚ ਪ੍ਰਾਣੀਸ਼ਾਸਤਰੀ ਕਲਪਨਾਵਾਂ ਨੂੰ ਸਮਾਨ ਨਤੀਜੇ ਪ੍ਰਾਪਤ ਕਰਣ ਲਈ ਵਰਤਿਆ ਗਿਆ ਸੀ। ਟਾਏਨਬੀ ਦੁਆਰਾ ਇੱਕਠੀ ਕੀਤੀ ਵਿਸ਼ਾਲ ਸਮੱਗਰੀ ਇਤਿਹਾਸ ਦੀ ਅਸਲ ਪ੍ਰਕ੍ਰਿਆ ਦੀ ਬਜਾਏ ਉਸ ਦੇ ਦਿਮਾਗ ਦੀਆਂ ਪ੍ਰਕ੍ਰਿਆਵਾਂ ਉੱਤੇ ਅਧਿਕ ਪ੍ਰਕਾਸ਼ ਪਾਓਂਦੀ ਹੈ। ਉਸ ਨੇ ਇਤਿਹਾਸ ਨੂੰ, ਜਿਵੇਂ ਇਹ ਮੁਕਤੀ ਦੇ ਉਦੇਸ਼ ਨੂੰ ਵਧਾਵਾ ਦੇਣ ਲਈ ਹੋਣਾ ਚਾਹੀਦਾ ਹੈ, ਆਪਣੇ ਵਿਚਾਰ-ਅਨੁਸਾਰ ਅਜਿਹਾ ਲਿਖਿਆ ਹੈ, ਨਾ ਕਿ ਉਸ ਤਰਾਂ ਜਿਵੇਂ ਇਹ ਅਸਲ ਵਿੱਚ ਰਿਹਾ ਹੈ।"

(*iii*) **ਰੇਖਿਕ ਸਿਧਾਂਤ** (Linear theory) - ਕੁਝ ਲੇਖਕਾਂ ਨੇ ਸਮਾਜਿਕ ਪਰਿਵਰਤਨ ਦੇ ਰੇਖਿਕ ਸਿਧਾਂਤ ਦਾ ਪ੍ਰਤੀਪਾਦਨ ਕੀਤਾ ਹੈ। ਓਨਾਂ ਦੇ ਅਨੁਸਾਰ ਸਮਾਜ ਹੌਲੀ ਹੌਲੀ ਸੱਭਿਅਤਾ ਦੀ ਉੱਚ ਤੋਂ ਉੱਚਤਰ ਅਵਸਥਾ ਵੱਲ ਵਧਦਾ ਜਾਂਦਾ ਹੈ ਅਤੇ ਇਹ ਸਦਾ ਉੱਨਤੀ ਦੀ ਦਿਸ਼ਾ ਵੱਲ ਵਧਦਾ ਹੈ। ਇਹ ਜਿੱਥੋਂ ਸ਼ੁਰੂ ਹੁੰਦਾ ਹੈ, ਉੱਥੋਂ ਅੱਗੇ ਵਧਦਾ ਹੈ, ਕਦੇ ਵੀ ਪਿੱਛੇ ਉਸ ਥਾਂ ਤੇ ਨਹੀਂ ਆਓਂਦਾ। ਮਨੁੱਖ ਨੇ ਪਹਿਲੀਆਂ ਦੋ ਅਵਸਥਾਵਾਂ ਪਾਰ ਕਰ ਲਈਆਂ ਹਨ, ਚਾਹੇ

ਨੋਟ

ਜੀਵਨ ਦੇ ਕੁਝ ਖੇਤਰਾਂ ਵਿੱਚ ਓਹ ਅਜੇ ਤੱਕ ਵਰਤਮਾਨ ਹਨ ਅਤੇ ਤੀਜੀ ਨਿਸ਼ਚਾਤਮਕ ਅਵਸਥਾ ਵੱਲ ਹੌਲੀ ਹੌਲੀ ਵਧ ਰਿਹਾ ਹੈ। ਪਹਿਲੀ ਅਵਸਥਾ ਵਿੱਚ ਮਨੁੱਖ ਦਾ ਵਿਸ਼ਵਾਸ ਸੀ ਕਿ ਪਰਲੌਕਿਕ ਸ਼ਕਤੀਆਂ ਨੇ ਇਸ ਸੰਸਾਰ ਨੂੰ ਨਿਰਮਿਤ ਕੀਤਾ ਹੈ ਅਤੇ ਓਹ ਇਸ ਨੂੰ ਨਿਯੰਤਰਿਤ ਕਰ ਰਹੀਆਂ ਹਨ। ਓਹ ਦੇਵਤਾਵਾਂ ਅਤੇ ਜੜ੍ਹਪੂਜਾਵਾਦ ਵਿੱਚ ਵਿਸ਼ਵਾਸ ਕਰਦਾ ਸੀ ਜਿਸ ਤੋਂ ਓਹ ਹੌਲੀ ਹੌਲੀ ਇੱਕੇਸ਼ਵਰਵਾਦ ਵੱਲ ਵਧਿਆ। ਇਸ ਨੇ ਅਧਿਆਤਮਿਕ ਅਵਸਥਾ ਨੂੰ ਜਨਮ ਦਿੱਤਾ ਜਿਸ ਦੇ ਦੌਰਾਨ ਮਨੁੱਖ ਨੇ ਘਟਨਾਵਸਤੂ ਦੀ ਵਿਆਖਿਆ ਕਾਲਪਨਿਕ ਵਸਤਾਂ ਦਾ ਸਹਾਰਾ ਲੈ ਕੇ ਕੀਤੀ। ਸਾਖਰਵਾਦੀ ਅਵਸਥਾ ਵਿੱਚ ਮਨੁੱਖ ਪਰਮ ਕਾਰਣਾਂ ਦੀ ਖੋਜ ਬੇਕਾਰ ਸਮਝ ਕੇ ਵਿਅਖਿਆਤਮਕ ਤੱਥਾਂ ਦੀ ਖੋਜ ਕਰਦਾ ਹੈ ਜੋ ਅਨੁਭਾਵਿਕ ਰੂਪ ਵਿੱਚ ਪਰਵੇਖਣਿਕ ਹੈ। ਜੇਕਰ ਮਨੁੱਖ ਪ੍ਰਾਕ੍ਰਿਤਿਕ ਅਤੇ ਸਮਾਜਿਕ ਘਟਨਾਵਸਤੂ ਨੂੰ ਸਮਝਣ ਵਿੱਚ ਸਾਖਰਵਾਦੀ ਦ੍ਰਿਸ਼ਟੀਕੋਣ ਅਪਣਾ ਲਵੇ, ਤਾਂ ਇਹ ਪ੍ਰਗਤੀ ਦੀ ਅਵਸਥਾ ਹੋਵੇਗੀ।

**ਆਗਸਤ ਕਾਮਟੇ** (Auguste Comte) ਨੇ ਸਮਾਜਿਕ ਪਰਿਵਰਤਨ ਦੀਆਂ ਤਿੰਨ ਅਵਸਥਾਵਾਂ ਦੀ ਕਲਪਨਾ ਕੀਤੀ-**ਧਾਰਮਿਕ** (theological), **ਅਧਿਆਤਮਿਕ** (metaphysical) ਅਤੇ **ਸਾਖਰਵਾਦੀ** (positive)।

**ਹਰਬਰਟ ਸਪੇਂਸਰ** (Herbert Spencer) ਜਿਸ ਨੇ ਸਮਾਜ ਨੂੰ ਜੀਵ ਦੇ ਸਮਾਨ ਦੱਸਿਆ, ਦਾ ਵਿਚਾਰ ਸੀ ਕਿ ਮਾਨਵ-ਸਮਾਜ ਹੌਲੀ ਹੌਲੀ ਸ਼੍ਰੇਸ਼ਠ ਅਵਸਥਾ ਵੱਲ ਵਧ ਰਿਹਾ ਹੈ। ਆਦਿਮ ਅਵਸਥਾ ਵਿੱਚ ਸੈਨਿਕਵਾਦ ਪ੍ਰਧਾਨ ਸੀ। ਮਨੁੱਖ ਕੁਝ ਯੁੱਧ ਸਮੂਹਾਂ ਵਿੱਚ ਵਿਭਾਜਿਤ ਸਨ ਜਿਨਾਂ ਵਿਚਕਾਰ ਘੋਰ ਜੀਵਨ ਸੰਘਰਸ਼ ਚਲਦਾ ਸੀ। ਸੈਨਿਕਵਾਦ ਤੋਂ ਸਮਾਜ ਉਦਯੋਗਵਾਦ ਦੀ ਅਵਸਥਾ ਵੱਲ ਵਧਿਆ। ਉਦਯੋਗਵਾਦ ਦੀ ਅਵਸਥਾ ਵਿੱਚ ਸਮਾਜ ਆਪਣੇ ਅੰਗਾਂ ਦੇ ਅਧਿਕ ਵਿਭੇਦੀਕਰਣ ਅਤੇ ਏਕੀਕਰਣ ਨਾਲ ਚਿੰਨਿਤ ਹੈ। ਏਕੀਕ੍ਰਿਤ ਵਿਵਸਥਾ ਦੀ ਸਥਾਪਨਾ ਨਾਲ ਸਮਾਜ ਦੇ ਵਿਭਿੰਨ ਵਰਗਾਂ- ਸਮਾਜਿਕ, ਆਰਥਿਕ ਅਤੇ ਪ੍ਰਜਾਤੀ ਲਈ ਸ਼ਾਂਤੀ ਨਾਲ ਰਹਿਣਾ ਸੰਭਵ ਹੋਇਆ ਹੈ।ਸਪੇਂਸਰ ਦੇ ਅਨੁਸਾਰ, ਸਮਾਜ ਸਦਾ ਪ੍ਰਗਤੀ ਵੱਲ ਵਧਦਾ ਹੈ।

ਕੁਝ ਰੂਸੀ ਸਮਾਜਸ਼ਾਸਤਰੀਆਂ ਨੇ ਵੀ ਸਮਾਜਿਕ ਪਰਿਵਰਤਨ ਦੇ ਰੇਖਿਕ ਸਿਧਾਂਤ ਦਾ ਪ੍ਰਤੀਪਾਦਨ ਕੀਤਾ ਹੈ। **ਨਿਕਾਲਾਈ ਕੇ. ਮਿਖੇਲੋਵਰੂਕੀ** (Nikolai K. Mikhailovsky) ਦਾ ਵਿਚਾਰ ਸੀ ਕਿ ਮਾਨਵ-ਸਮਾਜ ਤਿੰਨ ਅਵਸਥਾਵਾਂ ਵਿੱਚੋਂ ਗੁਜ਼ਰਦਾ ਹੈ: (*i*) ਵਸਤੂਪਰਕ ਮਾਨਵ-ਕੇਂਦਰਿਤ (objective anthropocentric), (*ii*) ਸਮਕੇਂਦਰਿਤ (eccentric) ਅਤੇ (ਜਜਜ) ਆਤਮਪਰਕ ਮਾਨਵ-ਕੇਂਦਰਿਤ (subjective anthropocentric), ਪਹਿਲੀ ਅਵਸਥਾ ਵਿੱਚ ਮਨੁੱਖ ਆਪਣੇ ਆਪ ਨੂੰ ਵਿਸ਼ਵ ਦਾ ਕੇਂਦਰ ਸਮਝਦਾ ਹੈ ਅਤੇ ਪਰਾਭੌਤਿਕ ਅਤੇ ਰਹੱਸਵਾਦੀ ਵਿਸ਼ਵਾਸਾਂ ਵਿੱਚ ਖੋਇਆ ਰਹਿੰਦਾ ਹੈ। ਦੂਜੀ ਅਵਸਥਾ ਵਿੱਚ ਮਨੁੱਖ ਅਮੂਰਤੀਕਰਣਾਂ ਵਿੱਚ ਵਿਸ਼ਵਾਸ ਕਰਣ ਲਗਦਾ ਹੈ। ਓਹ ਅਮੂਰਤ ਨੂੰ ਮੂਰਤ ਦੀ ਬਜਾਏ ਅਧਿਕ ਵਾਸਤਵਿਕ ਸਮਝਣ ਲਗਦਾ ਹੈ। ਤੀਜੀ ਅਵਸਥਾ ਵਿੱਚ ਮਨੁੱਖ ਅਨੁਭਾਵਿਕ ਗਿਆਨ ਵਿੱਚ ਵਿਸ਼ਵਾਸ ਕਰਣ ਲਗਦਾ ਹੈ ਜਿਸ ਦੇ ਦੁਆਰਾ ਓਹ ਸਵੈਲਾਭ ਲਈ ਪ੍ਰਕ੍ਰਿਤੀ ਉੱਤੇ ਅਧਿਕ ਤੋਂ ਅਧਿਕ ਨਿਯੰਤਰਣ ਕਰਣ ਲਗਦਾ ਹੈ। **ਸੋਲਾਵੀਵ** (Soloviev) ਨੇ ਇਨਾਂ ਤਿੰਨ ਅਵਸਥਾਵਾਂ ਨੂੰ ਜਨਜਾਤੀ, ਰਾਸ਼ਟਰੀ ਅਤੇ ਵਿਸ਼ਵ-ਬੰਧੁਤਵ ਦਾ ਨਾਂ ਦਿੱਤਾ ਹੈ।

ਅਸਲ ਤੱਥ ਇਹ ਹੈ ਕਿ ਸਮਾਜਸ਼ਾਸਤਰੀ ਗਿਆਨ ਦੀ ਵਰਤਮਾਨ ਸਥਿਤੀ ਵਿੱਚ ਸਮਾਜਿਕ ਪਰਿਵਰਤਨ ਦੇ ਸਰੂਪ ਜਾਂ ਉਸ ਦੀ ਦੀਰਘਕਾਲੀਨ ਪ੍ਰਵਿੱਤੀ ਬਾਰੇ ਸਿਧਾਂਤਾਂ ਦਾ ਨਿਰਮਾਣ ਨਹੀਂ ਕੀਤਾ ਜਾ ਸਕਦਾ। ਕੀ ਸਮਕਾਲੀਨ ਸੱਭਿਅਤਾ ਅੰਦਰੂਨੀ ਵਿਘਟਨ ਜਾਂ ਆਣਵਿਕ ਯੁੱਧਮਾਰਗ ਤੋਂ ਵਿਨਾਸ਼ ਵੱਲ ਵਧ ਰਹੀ ਹੈ ਜਾਂ ਇਸ ਦੀ ਥਾਂ ਸਮਾਜਿਕ ਸੰਬੰਧਾਂ ਦੀ ਕਿਸੇ ਅਧਿਕ ਸਥਾਈ ਜਾਂ ਆਦਰਸ਼ਾਤਮਕ ਵਿਵਸਥਾ ਦੁਆਰਾ ਲਈ ਜਾਵੇਗੀ, ਆਸਥਾ ਤੋਂ ਇਲਾਵਾ ਕਿਸੇ ਹੋਰ ਆਧਾਰ ਤੇ ਇਸ ਦੀ ਭਵਿੱਖਵਾਣੀ ਨਹੀਂ ਕੀਤੀ ਜਾ ਸਕਦੀ। ਉਪਲਬਧ ਵਾਸਤਵਿਕ ਗਵਾਹ ਦੇ ਆਧਾਰ ਤੇ ਕੇਵਲ ਏਨਾ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਪਰਿਵਰਤਨ ਦੀ ਭਵਿੱਖ ਵਿੱਚ ਜੋ ਵੀ ਦਿਸ਼ਾ ਹੋਵੇਗੀ, ਉਸ ਦਾ ਨਿਰਧਾਰਣ ਆਪ ਮਨੁੱਖ ਦੁਆਰਾ ਹੋਵੇਗਾ।

ਟਾਸਕ ਅਪਕਰਸ਼ਣ ਦਾ ਸਿਧਾਂਤ ਕੀ ਦੱਸਦਾ ਹੈ?

## ਸਵ-ਮੁੱਲਾਂਕਣ (Self Assessment)

1. **ਦਿੱਤੇ ਗਏ ਕਥਨਾਂ ਸਾਹਮਣੇ** ✓ **ਜਾਂ** ✗ **ਦਾ ਨਿਸ਼ਾਨ ਲਗਾਓ** (State whether the following statements 'Right' or "Wrong')

(*i*) ਸਮਾਜਿਕ ਪਰਿਵਰਤਨ ਲੋਕਾਂ ਦੇ ਜੀਵਨ ਪ੍ਰਤੀਮਾਨਾਂ ਵਿੱਚ ਹੋਣ ਵਾਲੇ ਪਰਿਵਰਤਨ ਨੂੰ ਨਿਰਦਿਸ਼ਟ ਕਰਦਾ ਹੈ। ☐

(*ii*) ਸਮਾਜਿਕ ਪਰਿਵਰਤਨ ਸਭ ਸਮਾਜਾਂ ਵਿੱਚ ਘਟਿਤ ਨਹੀਂ ਹੁੰਦਾ। ☐

ਨੋਟ

(*iii*) ਆਧੁਨਿਕ ਕਾਲ ਵਿੱਚ ਸਮਾਜਿਕ ਪਰਿਵਰਤਨ ਦੀ ਗਤੀ 1947 ਤੋਂ ਪਹਿਲਾਂ ਦੀ ਬਜਾਏ ਤੇਜ਼ ਹੈ। ☐

(*iv*) ਏਕਲਵਾਦੀ ਸਿਧਾਂਤ ਸਮਾਜਿਕ ਪਰਿਵਰਤਨ ਦੀ ਜਟਿਲ ਪਰਿਘਟਨਾ ਦੀ ਸਮੁਚਿਤ ਵਿਅਖਿਆ ਪੇਸ਼ ਕਰਦਾ ਹੈ। ☐

(*v*) ਭਾਰਤ ਪੁਰਾਣਾਂ ਦੇ ਅਨੁਸਾਰ ਮਨੁੱਖ ਚਾਰ ਯੁਗਾਂ-ਸਤਯੁਗ, ਤ੍ਰੇਤਾ ਯੁਗ, ਦ੍ਵਾਪਰ ਅਤੇ ਕਲਯੁਗ ਦੇ ਵਿੱਚੋਂ ਗੁਜ਼ਰਿਆ ਹੈ। ☐

(*vi*) ਵੇਚਰ ਡੀ. ਲਾਪੂਜ ਦਾ ਵਿਚਾਰ ਸੀ ਕਿ ਜਾਤੀ ਸੰਸਕ੍ਰਿਤੀ ਦਾ ਸਭ ਤੋਂ ਅਧਿਕ ਮਹੱਤਵਪੂਰਣ ਨਿਰਧਾਰਕ ਹੈ। ☐

(*vii*) ਏਕ ਸਟੁਅਰਟ ਚੇਪਿਨ ਨੇ ਸੰਗ੍ਰਿਹ ਦੀ ਅਵਧਾਰਣਾ ਨੂੰ ਸਮਾਜਿਕ ਪਰਿਵਰਤਨ ਦੇ ਸਿਧਾਂਤ ਦਾ ਆਧਾਰ ਬਣਾਇਆ। ☐

(*viii*) ਹਰ ਸਮਾਜ ਦੀਆਂ ਆਪਣੀਆਂ ਚੁਨੌਤੀਆਂ ਹੁੰਦੀਆਂ ਹਨ ਅਤੇ ਹਰ ਅਵਸਥਾ ਓਨਾਂ ਦੀ ਪ੍ਰਤੀਕ੍ਰਿਆ ਹੈ। ☐

(*ix*) ਆਗਸਤ ਕਾਮਤੇ ਨੇ ਸਮਾਜਿਕ ਪਰਿਵਰਤਨ ਦੀਆਂ ਅਵਸਥਾਵਾਂ ਦੀ ਕਲਪਨਾ ਕੀਤੀ ਹੈ। ☐

## 11.4 ਸਾਰ ਅੰਸ਼ (Summary)


- ਪਰਿਵਰਤਨ ਪ੍ਰਕ੍ਰਿਤੀ ਦਾ ਨਿਯਮ ਹੈ। ਜੋ ਅੱਜ ਹੈ, ਓਹ ਭਾਵੀ ਕੱਲ ਤੋਂ ਭਿੰਨ ਹੋਵੇਗਾ। ਸਮਾਜਿਕ ਸੰਰਚਨਾ ਵਿੱਚ ਸਦਾ ਪਰਿਵਰਤਨ ਹੁੰਦਾ ਰਿਹਾ ਹੈ। ਅੱਜ ਤੋਂ 40 ਸਾਲ ਬਾਅਦ ਸਰਕਾਰ ਸਮਾਜ ਵਿੱਚ ਮਹੱਤਵਪੂਰਣ ਪਰਿਵਰਤਨ ਕਰ ਦੇਵੇਗੀ। ਪਰਿਵਾਰ ਅਤੇ ਧਰਮ ਦੀਆਂ ਸੰਸਥਾਵਾਂ ਦਾ ਸਰੂਪ ਓਹ ਨਹੀਂ ਰਹੇਗਾ, ਜੋ ਅੱਜਕੱਲ ਹੈ।
- ਸਮਾਜਿਕ ਪਰਿਵਰਤਨ ਲੋਕਾਂ ਦੇ ਜੀਵਨ ਪ੍ਰਤੀਮਾਨਾਂ ਵਿੱਚ ਹੋਣ ਵਾਲੇ ਪਰਿਵਰਤਨਾਂ ਨੂੰ ਨਿਰਦਿਸ਼ਟ ਕਰਦਾ ਹੈ। ਇਹ ਸਮਾਜ ਵਿੱਚ ਹੋ ਰਹੇ ਸਭ ਪਰਿਵਰਤਨਾਂ ਦਾ ਸੂਚਕ ਨਹੀਂ ਹੈ। ਕਲਾ, ਸਾਹਿਤ, ਉਦਯੋਗਿਕੀ, ਦਰਸ਼ਨ ਆਦਿ ਵਿੱਚ ਪਰਿਵਰਤਨਾਂ ਨੂੰ ਸਮਾਜਿਕ ਪਰਿਵਰਤਨ ਵਿੱਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ। 'ਸਮਾਜਿਕ ਪਰਿਵਰਤਨ' ਸ਼ਬਦ ਨੂੰ ਸੰਕੁਚਿਤ ਅਰਥ ਵਿੱਚ ਪ੍ਰਯੋਗ ਕੀਤਾ ਜਾਣਾ ਚਾਹੀਦਾ ਹੈ ਜੋ ਸਮਾਜਿਕ ਸੰਬੰਧਾਂ ਦੇ ਖੇਤਰ ਵਿੱਚ ਪਰਿਵਰਤਨਾਂ ਨੂੰ ਸੂਚਿਤ ਕਰਦਾ ਹੈ। ਸਮਾਜਿਕ ਸੰਬੰਧ ਤੋਂ ਅਰਥ ਸਮਾਜਿਕ ਪ੍ਰਕ੍ਰਿਆਵਾਂ, ਸਮਾਜਿਕ ਪ੍ਰਤੀਮਾਨਾਂ ਅਤੇ ਸਮਾਜਿਕ ਅੰਤਰਕ੍ਰਿਆਵਾਂ ਤੋਂ ਹੈ।
- ਪਰਿਵਰਤਨ ਪ੍ਰਤੀਸਥਾਪਨ ਦਾ ਰੂਪ ਵੀ ਲੈ ਸਕਦਾ ਹੈ। ਕੋਈ ਨਵਾਂ ਪਦਾਰਥ ਜਾਂ ਅਭੌਤਿਕ ਵਸਤੂ ਪ੍ਰਾਚੀਨ ਨੂੰ ਪ੍ਰਤੀਸਥਾਪਿਤ ਕਰ ਦਿੰਦੀ ਹੈ। ਘੋੜਿਆਂ ਦੀ ਥਾਂ ਸਵੈ-ਚਾਲਿਤ ਵਾਹਨਾਂ ਨੇ ਲੈ ਲਈ ਹੈ। ਇਸੇ ਪ੍ਰਕਾਰ ਪੁਰਾਣੇ ਵਿਚਾਰਾਂ ਦੀ ਥਾਂ ਨਵੇਂ ਵਿਚਾਰਾਂ ਨੇ ਲੈ ਲਈ ਹੈ। ਦਵਾ ਦੇ ਕੀਟਾਣੂ ਸਿਧਾਂਤ ਨੇ ਰੋਗ ਦੇ ਕਾਰਣ ਦੇ ਬਾਰੇ ਵਿੱਚ ਪੁਰਾਣੇ ਵਿਚਾਰਾਂ ਨੂੰ ਪ੍ਰਤੀਸਥਾਪਿਤ ਕਰ ਦਿੱਤਾ ਹੈ। ਪ੍ਰਜਾਤੰਤਰ ਨੇ ਕੁਲੀਨਤੰਤਰ ਨੂੰ ਪ੍ਰਤੀਸਥਾਪਿਤ ਕਰ ਦਿੱਤਾ ਹੈ।
- ਸਮਾਜਿਕ ਪਰਿਵਰਤਨ ਦੇ ਸਿਧਾਂਤਾਂ ਦੇ ਅੰਤਰਗਤ ਅਸੀਂ (*i*) ਸਮਾਜਿਕ ਪਰਿਵਰਤਨ ਦੀ ਦਿਸ਼ਾ, ਅਤੇ (*ii*) ਸਮਾਜਿਕ ਪਰਿਵਰਤਨ ਦੇ ਕਾਰਣਾਂ ਨਾਲ ਸੰਬੰਧਿਤ ਸਿਧਾਂਤਾਂ ਦਾ ਵਰਣਨ ਕਰਾਂਗੇ।
- ਸਮਾਜਿਕ ਪਰਿਵਰਤਨ ਦੇ ਪੂਰਵ-ਉਕਤ ਸਿਧਾਂਤ ਦੇ ਨਾਲ ਨਾਲ ਖੋਜਿਆ ਗਿਆ ਇੱਕ ਹੋਰ ਪ੍ਰਾਚੀਨ ਸਿਧਾਂਤ ਇਹ ਵੀ ਹੈ ਕਿ ਮਾਨਵ ਸਮਾਜ ਕੁਝ ਚੱਕਰਾਂ ਤੋਂ ਗੁਜ਼ਰਦਾ ਹੈ। ਦਿਨ ਤੋਂ ਬਾਅਦ ਰਾਤ ਅਤੇ ਰਾਤ ਤੋਂ ਬਾਅਦ ਦਿਨ ਅਤੇ ਰੁੱਤਾਂ ਦੇ ਪ੍ਰਾਕ੍ਰਿਤਿਕ ਚੱਕਰ ਨੂੰ ਦੇਖ ਕੇ ਕੁਝ ਸਮਾਜਸ਼ਾਸਤਰੀਆਂ, ਜਿਵੇਂ ਸਪੇਂਗਲਰ (Spengler) ਦਾ ਵਿਸ਼ਵਾਸ ਹੈ ਕਿ ਸਮਾਜ ਦਾ ਵੀ ਪੂਰਵ-ਨਿਰਧਾਰਿਤ ਜੀਵਨ-ਚੱਕਰ ਹੈ ਅਤੇ ਹਰ ਸੱਭਿਅਤਾ ਜਨਮ, ਯੁਵਾ-ਅਵਸਥਾ ਅਤੇ ਮੌਤ ਦੇ ਚੱਕਰ ਤੋਂ ਗੁਜ਼ਰਦੀ ਹੈ। ਆਧੁਨਿਕ ਸਮਾਜ ਦਾ ਪਤਨ ਆਰੰਭ ਹੋ ਗਿਆ ਹੈ। ਇਹ ਆਪਣੇ ਬੁਢਾਪੇ ਵਿੱਚ ਹੈ। ਪ੍ਰੰਤੂ ਕਿਓਂਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਓਂਦਾ ਹੈ, ਇਸ ਲਈ ਸਮਾਜ ਸਭ ਚਰਣਾਂ ਤੋਂ ਗੁਜ਼ਰਣ ਤੋਂ ਬਾਅਦ ਆਪਣੀ ਆਰੰਭਿਕ ਅਵਸਥਾ ਵਿੱਚ ਵਾਪਿਸ ਆ ਜਾਂਦਾ ਹੈ ਜਿਸ ਵਿੱਚ ਚੱਕਰ ਦੁਬਾਰਾ ਆਰੰਭ ਹੋ ਜਾਂਦਾ ਹੈ।
- ਵਿਭਿੰਨ ਸਭਿੱਅਤਾਵਾਂ ਦੇ ਇਤਿਹਾਸ ਤੋਂ ਪ੍ਰਾਪਤ ਤੱਥਾਂ ਦੇ ਆਧਾਰ ਤੇ **ਸੋਰੋਕਿਨ** (Sorokin) ਨੇ ਨਤੀਜਾ ਕੱਢਿਆ ਕਿ ਸੱਭਿਅਤਾਵਾਂ ਦੀਆਂ ਤਿੰਨ ਪ੍ਰਮੁੱਖ ਸ਼੍ਰੇਣੀਆਂ ਹਨ, ਅਰਥਾਤ **ਕਾਲਪਨਿਕ** (ideational), **ਆਦਰਸ਼ਾਤਮਕ** (idealistic) ਅਤੇ ਸੰਵੇਦਨਾਤਮਕ (sensate)। ਕਾਲਪਨਿਕ ਪ੍ਰਕਾਰ ਦੀ ਸੱਭਿਅਤਾ ਵਿੱਚ ਵਾਸਤਵਿਕਤਾ ਅਤੇ ਮੁੱਲਾਂ ਦੀ ਪਰਤਾਰਕਿਕ ਈਸ਼ਵਰ ਦੇ ਸੰਦਰਭ ਵਿੱਚ ਵਿਆਖਿਆ ਕੀਤੀ ਜਾਂਦੀ ਹੈ। ਜਦੋਂ ਕਿ ਇੰਦਰੀ ਸੰਸਾਰ ਮਿੱਥਿਆ ਪ੍ਰਤੀਤ ਹੁੰਦਾ ਹੈ।

ਨੋਟ

## 11.5 ਸ਼ਬਦਕੋਸ਼ (Keywords)

- **ਅਧੁਨਾਤਨ**–ਆਧੁਨਿਕ
- **ਆਵਾਹਣ**–ਚੁਨੌਤੀ

## 11.6 ਅਭਿਆਸ ਪ੍ਰਸ਼ਨ (Review Questions)

1. ਸਮਾਜਿਕ ਪਰਿਵਰਤਨ ਦਾ ਅਰਥ ਅਤੇ ਵਿਭਿੰਨ ਸਮਾਜਸ਼ਾਸਤਰੀਆਂ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਦੀ ਵਿਅਖਿਆ ਕਰੋ।
2. ਸਮਾਜਿਕ ਪਰਿਵਰਤਨ ਦੇ ਸਰੂਪ ਉੱਤੇ ਪ੍ਰਕਾਸ਼ ਪਾਓ।
3. ਸਮਾਜਿਕ ਪਰਿਵਰਤਨ ਦੇ ਸਿਧਾਂਤਾਂ ਦੀ ਵਿਅਖਿਆ ਕਰੋ।

**ਉੱਤਰ : ਸਵ-ਮੁੱਲਾਂਕਣ (Answers: Self Assessment)**

**1.** (*i*) ✓ (*ii*) ✗ (*iii*) ✓ (*iv*) ✗ (*v*) ✓

(*vi*) ✗ (*vii*) ✓ (*viii*) ✗ (*ix*) ✗

## 11.7 ਸੰਦਰਭ ਪੁਸਤਕਾਂ (Further Readings)

ਬੁਕਸ

1. ਅਹਿਮਦ ਸ਼ੁਕਰੀ, ਮੁਹੰਮਡਨ ਲਾ ਓਫ ਮੈਰਿਜ ਐਂਡ ਡਿਵੋਰਸ
2. ਕੇ. ਐਮ. ਕਪਾੜੀਆ, ਮੈਰਿਜ ਐਂਡ ਫੈਮਿਲੀ ਇਨ ਇੰਡੀਆ, ਆਕਸਫੋਰਡ ਯੂਨੀਵਰਸਿਟੀ ਪ੍ਰੈਸ ਦਿੱਲੀ, 1972

ਨੋਟ

# ਇਕਾਈ-12: ਪਰਿਵਰਤਨ ਦੀਆਂ ਪ੍ਰਕ੍ਰਿਆਵਾਂ (Processes of Change)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

12.1 ਸੰਰਚਨਾ ਵਿਚ ਪਰਿਵਰਤਣ ਅਤੇ ਸੰਰਚਨਾ ਦਾ ਪਰਿਵਰਤਣ (Change in Structure and Change of Structure)

12.2 ਸੰਸਕ੍ਰਿਤੀਕਰਣ ਅਤੇ ਪੱਛਮੀਕਰਣ (Sanskritisation and Westernisation)

12.3 ਆਧੁਨਿਕੀਕਰਣ (Modernisation)

12.4 ਧਰਮ ਨਿਰਪੇਖਤਾ (Secularisation)

12.5 ਵੈਸ਼ਵੀਕਰਣ (Globalisation)

12.6 ਸਾਰ ਅੰਸ਼ (Summary)

12.7 ਸ਼ਬਦਕੋਸ਼ (Keywords)

12.8 ਅਭਿਆਸ-ਪ੍ਰਸ਼ਨ (Review Questions)

12.9 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਸੰਰਚਨਾ ਦੇ ਪਰਿਵਰਤਣ ਨੂੰ ਸਮਝਣ ਵਿਚ।
- ਸੰਸਕ੍ਰਿਤੀਕਰਣ, ਪੱਛਮੀਕਰਣ ਅਤੇ ਆਧੁਨਿਕੀਕਰਣ ਦੀ ਵਿਆਖਿਆ ਕਰਨ ਵਿਚ।
- ਧਰਮਨਿਰਪੇਖਤਾ ਅਤੇ ਵੈਸ਼ਵੀਕਰਣ ਦਾ ਵਿਵੇਚਨ ਕਰਨ ਵਿਚ।

## ਜਾਣਕਾਰੀ (Introduction)

ਸਮਾਜਿਕ ਪਰਿਵਰਤਣ ਵਿਚ ਨਿਅਮ, ਸਿਧਾਂਤ, ਦਿਸ਼ਾ ਅਤੇ ਨਿਰੰਤਰਤਾ ਨਹੀਂ ਪਾਈ ਜਾਂਦੀ। ਨਿਰੰਤਰਤਾ ਦੀ ਧਾਰਣਾ ਅਸੀਂ ਤਦ ਦੇਖਦੇ ਹਾਂ ਜਦ ਅਸੀਂ ਸਮਾਜਿਕ ਪਰਿਵਰਤਣ ਨੂੰ ਇਕ ਪ੍ਰਕ੍ਰਿਆ ਸਮਝਦੇ ਹਾਂ ਇਕ ਪਰਿਸਥਿਤੀ ਵਿਚ ਆਰੰਭ ਤੋਂ ਕੁਝ ਕਾਰਣਾਂ ਦੇ ਆਧਾਰ ਉਤੇ ਜਦ ਨਿਸ਼ਚਿਤ ਸਵਰੂਪਾਂ ਵਿਚ ਨਿਰੰਤਰ ਹੁੰਦਾ ਹੈ ਤਾਂ ਉਸ ਨੂੰ ਅਸੀਂ ਪ੍ਰਕ੍ਰਿਆ ਕਹਿੰਦੇ ਹਾਂ।

## 12.1 ਸੰਰਚਨਾ ਵਿਚ ਪਰਿਵਰਤਣ ਅਤੇ ਸੰਰਚਨਾ ਦਾ ਪਰਿਵਰਤਣ (Change in Structure and Change of Structure)

ਮੋਟੇ ਤੌਰ ਉਤੇ ਸਮਾਜ ਵਿਚ ਦੋ ਪ੍ਰਕਾਰ ਦੀ ਪ੍ਰਕ੍ਰਿਆਵਾਂ ਹੁੰਦੀਆਂ ਹਨ: (1) ਉਹ ਪ੍ਰਕ੍ਰਿਆਵਾਂ ਜੋ ਸਮਾਜਿਕ ਵਿਅਵਸਥਾ ਨੂੰ ਕਾਇਮ ਰਖਦੀਆਂ ਹਨ ਅਤੇ (2) ਉਹ ਪ੍ਰਕ੍ਰਿਆਵਾਂ ਨੂੰ ਵਿਅਵਸਥਾ ਦੇ ਅੰਦਰ ਅਤੇ ਵਿਅਵਸਥਾ ਵਿਚ ਪਰਿਵਰਤਣ ਲਿਆਉਂਦੀਆਂ ਹਨ। ਪਹਿਲੀ ਪ੍ਰਕ੍ਰਿਆਵਾਂ ਨੂੰ ਅਨੁਰੂਪਤਾ, ਯਥਾਪੂਰਵ ਸਥਿਤੀ ਅਤੇ ਨਿਰੰਤਰਤਾ ਆਦਿ ਦੇ ਨਾਮ ਤੋਂ ਸਮਝਦੇ ਹਾਂ। ਦੂਜੀਆਂ ਪ੍ਰਕ੍ਰਿਆਵਾਂ ਨੂੰ ਸਾਂਸਕ੍ਰਿਤਕ ਅਤੇ ਸੰਰਚਨਾਤਮਕ ਪਰਿਵਰਤਣ ਦੀ ਪ੍ਰਕ੍ਰਿਆਵਾਂ ਕਿਹਾ ਜਾਂਦਾ ਹੈ। ਇਸਦੇ ਪ੍ਰਤੀਮਾਨ ਅਤੇ ਕਾਰਕਾਂ ਵਿਚ ਸਮੇਂ ਅਤੇ ਸਥਾਨ ਦੇ ਅੰਤਰ ਦੇ ਆਧਾਰ ਭਿੰਨਤਾ ਪਾਈ ਜਾਂਦੀ ਹੈ। ਇਕ ਨਿਸ਼ਚਿਤ ਸਮਾਜ ਜਾਂ ਸਮਾਜਿਕ ਪ੍ਰਘਟਨਾਵਾਂ ਵਿਚ ਸਮੇਂ ਅਤੇ ਇਤਿਹਾਸ ਦੇ ਤੱਤਾਂ ਦੇ ਸੰਦਰਭ ਵਿਚ ਪਰਿਵਰਤਣ ਦਾ ਅਵਲੋਕਣ ਕੀਤਾ ਜਾ ਸਕਦਾ ਹੈ। ਮੈਕਾਈਵਰ ਅਤੇ ਪੇਜ ਨੇ ਇਸ ਬਾਰੇ ਲਿਖਿਆ ਹੈ: "ਸਮਾਜ ਸਮੇਂ ਅਨੁਕ੍ਰਮ ਦੇ ਰੂਪ ਵਿਚ ਪਾਇਆ ਜਾਂਦਾ ਹੈ। ਇਹ ਇਕ ਸੰਭਵਨਾ ਹੈ ਨਾ ਕਿ ਇਕ ਸੱਚ, ਇਕ ਪ੍ਰਕ੍ਰਿਆ ਹੈ, ਅਤੇ ਵਰਤਮਾ ਸੰਬੰਧਾਂ ਦਾ ਪਰਿਵਰਤਨੀ ਸੰਤੁਲਨ ਹੈ।" ਸਮਾਜਿਕ ਪਰਿਵਰਤਣ ਸਾਂਸਕ੍ਰਿਤਕ ਜਾਂ ਸਭਿਅਤਾਮੂਲਕ ਪਰਿਵਰਤਣ ਤੋਂ ਭਿੰਨ ਹਨ। ਸਮਾਜਿਕ ਪਰਿਵਰਤਣ ਵਿਚ ਸਮਾਜਿਕ ਸੰਬੰਧਾਂ ਉਤੇ ਬਲ ਦਿਤਾ ਜਾਂਦਾ ਹੈ।

ਨੋਟ

ਸਮਾਜਿਕ ਸੰਰਚਨਾ ਵਰਤਮਾਨ ਸੰਬੰਧਾਂ ਦਾ ਅੰਤਰਬੰਧਨ ਹੈ। ਸਮਾਜਿਕ ਸੰਰਚਨਾ ਦੀ ਪਰਿਰੱਖਿਆ ਉਹ ਲੋਕ ਕਰਦੇ ਹਨ ਜੋ ਸਮਾਜਿਕ ਸੰਬੰਧਾਂ ਵਿਚ ਸਹਿਭਾਗੀ ਹੁੰਦੇ ਹਨ। ਸਮਾਜਿਕ ਪਰਿਵਰਤਣ ਦਾ ਪਰਿਵਰਤਣ ਸਮਾਜਿਕ ਸੰਰਚਨਾ ਵਿਚ ਹੋਏ ਪਰਿਵਰਤਣ ਤੋਂ ਹੈ। ਆਧੁਨਿਕ ਸਮਾਜ ਵਿਚ ਸਮਾਜਿਕ ਪਰਿਵਰਤਣ ਦੇ ਉਦਾਹਰਣ ਵਿਚ ਸਮਾਜਿਕ ਕੀਮਤਾਂ, ਸੰਸਥਾਵਾਂ, ਸੰਪਤੀ-ਸੰਬੰਧਾਂ, ਆਰਥਿਕ ਧੰਦਿਆਂ, ਕਾਰਮਿਕ ਅਤੇ ਭੂਮਿਕਾ ਵਿਤਰਣ ਵਿਚ ਪਰਿਵਰਤਣਾਂ ਨੂੰ ਉਧ੍ਰਤ ਕੀਤਾ ਜਾ ਸਕਦਾ ਹੈ। ਸਮਾਜਿਕ ਪਰਿਵਰਤਣ ਸਮੇਂ, ਸਥਾਨ ਅਤੇ ਸੰਦਰਭ ਦੇ ਆਧਾਰ ਉਤੇ ਸਦੈਪ ਸਾਪੇਖਿਕ ਹੈ। ਇਨ੍ਹਾਂ ਤਿੰਨ ਤੱਤਾਂ ਦੇ ਆਧਾਰ ਉਤੇ ਪਰਿਵਰਤਣ ਦੇ ਪ੍ਰਤਿਮਾਨਾਂ ਦੀ ਤੁਲਨਾ ਕੀਤੀ ਜਾ ਸਕਦੀ ਹੈ। ਸਮਾਜਿਕ ਪਰਿਵਰਤਣ ਦਾ ਪ੍ਰਤੀਰੋਧ ਆਮ ਗੱਲ ਹੈ, ਕਿਉਂਕਿ ਪਰਿਵਰਤਨ ਦੇ ਕਾਰਣ ਪ੍ਰਚਲਿਤ ਸਮਾਜਿਕ ਵਿਅਵਸਤਾ ਅਤੇ ਸੰਬੰਧਾਂ ਵਿਚ ਵਿਘਨ ਪੈਂਦਾ ਹੈ। ਸਮਾਜਿਕ ਪਰਿਵਰਤਣ ਦੀ ਪ੍ਰਕ੍ਰਿਆਵਾਂ ਦਾ ਜਿਨ੍ਹਾਂ ਲੋਕਾਂ ਉਤੇ ਪ੍ਰਤੀਕੂਲ ਪ੍ਰਭਾਵ ਪੈਂਦਾ ਹੈ, ਉਹ ਵਿਸ਼ੇਸ਼ਤਾ ਪ੍ਰਤੀਰੋਧ ਕਰਦੇ ਹਨ।

ਸਮਾਜਿਕ ਪਰਿਵਰਤਣ ਦੇ ਅਧਿਐਨ ਦੇ ਬਾਰੇ ਵਿਚ ਕਿੰਗਸਲੇ ਡੇਵਿਸ ਨੇ ਅਨੇਕ ਪ੍ਰਸ਼ਨਾਂ ਦਾ ਉਲੇਖ ਕੀਤਾ ਹੈ। ਸਮਾਜਿਕ ਪਰਿਵਰਤਣ ਦੀ ਕੀ ਦਿਸ਼ਾ ਹੈ? ਸਮਾਜਕਿ ਪਰਿਵਰਤਣ ਦੀ ਦਰ ਕੀ ਹੈ? ਸਮਾਜਿਕ ਪਰਿਵਰਤਣ ਦੇ ਸ੍ਰੋਤ ਅਤੇ ਕਾਰਣ ਕੀ ਹਨ? ਕੀ ਸਮਾਜਿਕ ਪਰਿਵਰਤਣ ਇੱਛਤ ਦਿਸ਼ਾ ਵਿਚ ਨਿਅੰਤ੍ਰਿਤ ਕੀਤਾ ਜਾ ਸਕਦਾ ਹੈ?

ਸਮਾਜ ਨਾਲ ਸੰਬੰਧਿਤ ਸਾਰੇ ਸ਼ਾਸਤਰੀ ਸਿਧਾਂਤਾਂ ਵਿਚ ਸਮਾਜਿਕ ਪਰਿਵਤਣ ਦੇ ਬਾਰੇ ਵਿਚ ਇਨ੍ਹਾਂ ਪ੍ਰਸ਼ਨਾਂ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਤੀਟਰ ਐਲ. ਬਰਜਰ ਅਤੇ ਬੀ. ਬਰਜਰ ਦੇ ਅਨੁਸਾਰ, ਸਮਾਜਿਕ ਪਰਿਵਰਤਣ ਦਾ ਅਨੁਭਵ ਸਮਾਜ ਸ਼ਾਸਤਰ ਵਿਸ਼ੇ ਦੇ ਸਾਰ ਭਾਗ ਵਿਚ ਪਾਇਆ ਜਾਂਦਾ ਹੈ। ਸਮਾਜ ਸ਼ਾਸਤਰ ਦਾ ਵਿਕਾਸ ਪ੍ਰਲਅੰਕਾਰੀ ਸਮਾਜਿਕ ਪਰਿਵਰਤਣ ਦੇ ਬੌਧਿਕ ਪ੍ਰਤਿਉੱਤਰ ਦੇ ਰੂਪ ਵਿਚ ਹੋਇਆ। ਉਦਾਹਰਣ ਦੇ ਲਈ, ਫ੍ਰਾਂਸੀਸੀ ਕ੍ਰਾਂਤੀ, ਅਮੇਰਿਕਾ ਵਿਚ ਗ੍ਰਹਿ ਯੁੱਧ, ਬ੍ਰਿਟੇਨ ਵਿਚ ਉਦਿਯੋਗਿਕ ਕ੍ਰਾਂਤੀ ਅਤੇ ਭਾਰਤ ਵਿਚ ਸੁਤੰਤਰਤਾ ਸੰਗ੍ਰਾਮ ਸਮਾਜ ਦੇ ਤੇਜ ਪਰਿਵਰਤਣਾਂ ਦੇ ਉਦਾਹਰਣ ਹਨ।

## 12.2 ਸੰਸਕ੍ਰਿਤੀਕਰਣ ਅਤੇ ਪੱਛਮੀਕਰਣ (Sanskritisation and Westernisation)

'ਸੰਸਕ੍ਰਿਤੀਕਰਨ' ਅਤੇ 'ਪੱਛਮੀਕਰਣ' ਦੀ ਅਵਧਾਰਣਾਵਾਂ 1952 ਵਿਚ ਐਮ.ਐਨ. ਸ੍ਰੀ ਨਿਵਾਸ ਦੁਆਰਾ ਦੱਖਣ ਭਾਰਤ ਵਿਚ ਕੁਰਗ ਲੋਕਾਂ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਦੇ ਵਿਸ਼ਲੇਸ਼ਣ ਵਿਚ ਵਿਕਸਿਤ ਹੋ ਗਈ ਸੀ। 20ਵੀਂ ਸ਼ਤਾਬਦੀ ਦੇ ਮੱਧ ਤਕ ਜਾਤੀ ਦਾ ਅਧਿਐਨ ਜਾਂ ਤਾਂ 'ਵਰਣ' ਦੇ ਆਧਾਰ ਉਤੇ ਹੁੰਦਾ ਸੀ ਜਾਂ ਫਿਰ ਵੰਸ਼ਾਨੁਕ੍ਰਮ ਅਤੇ ਅਸ਼ੁੱਧਤਾ ਅਤੇ ਸ਼ੁੱਧਤਾ ਦੀ ਧਾਰਨਾਵਾ ਦੇ ਆਧਾਰ ਉਤੇ ਪਰਿਸਥਿਤੀ ਦੇ ਅਰਥਾਂ ਵਿਚ ਹੁੰਦਾ ਸੀ। ਸ੍ਰੀਨਿਵਾਸ ਨੇ ਜਾਤੀ-ਵਿਅਵਸਥਾ ਦਾ ਵਿਸ਼ਲੇਸ਼ਨ ਉਧਰਮੁਖੀ ਗਤੀਸ਼ੀਲਤਾ (upward mobility) ਦੇ ਅਰਥ ਵਿਚ ਕੀਤਾ। ਉਨ੍ਹਾਂ ਦੀ ਮਾਨਤਾ ਸੀ ਕਿ ਜਾਤੀ ਵਿਅਵਸਥਾ ਇੰਨੀ ਕਠੋਰ ਨਹੀਂ ਹੈ ਕਿ ਜਿਸ ਵਿਚ ਹਰੇਕ ਜਾਤੀ ਦੀ ਸਥਿਤੀ ਸਦੈਵ ਦੇ ਲਈ ਇਕ ਜਿਹੀ ਨਿਸ਼ਚਿਤ ਹੋਵੇ। ਗਤੀਸ਼ੀਲਤਾ ਦੀ ਸੰਭਾਵਨਾ ਸਦੈਵ ਰਹੀ ਹੈ। ਇਕ ਨੀਵੀਂ ਜਾਤੀ ਵੀ ਇਕ ਦੋ ਪੀੜੀਆਂ ਦੇ ਬਾਅਦ ਸ਼ਾਕਾਹਾਰੀ ਬਣ ਕੇ ਅਤੇ ਸ਼ਰਾਬ ਅਤੇ ਮਾਦਕ ਦ੍ਰਵਾਂ ਦੇ ਸੇਵਨ ਤੋਂ ਦੂਰ ਰਹਿ ਕੇ ਸੰਸਤਰਣ (hierarchy) ਵਿਚ ਉੱਚ ਸਥਿਤੀ ਪ੍ਰਾਪਤ ਕਰ ਸਕਦੀ ਸੀ। ਉਹ ਬ੍ਰਾਹਮਣ ਦੇ ਰੀਤੀ ਰਿਵਾਜ, ਸੰਸਕਾਰ, ਅਤੇ ਵਿਸ਼ਵਾਸ ਅਪਣਾਅ ਲੈਂਦੀ ਸੀ ਅਤੇ ਕੁਝ ਆਪਣੀ ਰੀਤੀਆਂ ਨੂੰ ਜਿਨ੍ਹਾਂ ਨੂੰ ਉਹ ਅਪਵਿੱਤਰ ਮੰਨਦੀ ਸੀ ਤਿਆਗ ਦਿੰਦੀ ਸੀ। ਇਕ ਨੀਵੀਂ ਜਾਤੀ ਦੁਆਰਾ ਬ੍ਰਾਹਮਣਾਂ ਦੀ ਜੀਵਨ ਵਿਧੀ ਧਾਰਣ ਕਰਨਾ ਸੰਭਵ ਪ੍ਰਤੀਤ ਹੁੰਦਾ ਸੀ ਭਾਵੇਂ ਸੈਧਾਂਤਿਕ ਦ੍ਰਿਸ਼ਟੀ ਤੋਂ ਇਸਦਾ ਨਿਸ਼ੇਧ ਸੀ (1952:42)।

ਜਾਤੀਆਂ ਦੁਆਰਾ ਅਪਣਾਏ ਗਏ ਕਿੱਤੇ, ਉਨ੍ਹਾਂ ਦਾ ਖਾਣ-ਪਾਣ, ਅਤੇ ਉਨ੍ਹਾਂ ਦੀ ਪ੍ਰਥਾਵਾਂ ਤੇ ਰੀਤੀ ਰਿਵਾਜਾਂ ਤੋਂ ਹੀ (ਜਾਤੀ) ਸੰਸਤਰਣ ਵਿਚ ਉਨ੍ਹਾਂ ਦੀ ਪਰਿਸਥਿਤੀ ਨਿਰਧਾਰਤ ਹੁੰਦੀ ਹੈ। ਇਸ ਪ੍ਰਕਾਰ ਅਜਿਹੇ ਕਿੱਤੇ ਦਾ ਵਰਣ ਜਿਵੇਂ ਚਮੜਾ ਕਮਾਉਣਾ, ਕਸਾਈ ਦਾ ਕੰਮ ਕਰਨਾ, ਤਾੜੀ ਬਣਾਉਣਾ, ਆਦਿ ਜਾਤੀ ਨੂੰ ਨੀਵੇਂ ਪੱਧਰ ਤੇ ਰਖ ਦਿੰਦਾ ਹੈ। ਮਾਂਸ ਅਤੇ ਮਛਲੀ ਆਦਿ ਦਾ ਸੇਵਨ ਕਲੁਸ਼ਿਤ ਤੇ ਅਪਵਿੱਤਰ ਕਰਨ ਵਾਲਾ (defiling) ਮੰਨਿਆਂ ਜਾਂਦਾ ਹੈ। ਦੇਵਤਾਵਾਂ ਨੂੰ ਫਲ ਫੂਲ ਚੜ੍ਹਾਉਣ ਦੀ ਅਪੇਕਸ਼ਾ ਪਸ਼ੂ-ਬਲੀ ਨੀਵੇਂ ਕੋਟੀ ਦਾ ਪ੍ਰਚਲਨ ਮੰਨਿਆਂ ਜਾਂਦਾ ਹੈ। ਇਸ ਪ੍ਰਕਾ ਇਨ੍ਹਾਂ ਪ੍ਰਥਾਵਾਂ ਨੂੰ ਮੰਨਣਵਾਲੀ ਅਤੇ ਇਸ ਪ੍ਰਕਾਰ ਦੇ ਭੋਜਨ ਕਰਨ ਵਾਲੀਆਂ ਜਾਤੀਆਂ ਬ੍ਰਾਹਮਣਾਂ ਦੇ ਆਚਰਣ ਨੂੰ ਧਾਰਣ ਕਰ ਸੰਸਤਰਣ ਵਿਚ ਉੱਚ ਪਰਿਸਥਿਤੀ ਪ੍ਰਾਪਤ ਕਰ ਲੈਂਦੀ ਹੈਂ। ਇਹ ਸਮਾਜਿਕ ਸੰਰਚਨਾ ਵਿਚ ਇਕ ਜਾਤੀ ਦਾ ਉਧਰਮੁਖੀ ਸੰਚਰਣ (upward moving) ਹੈ। ਸ੍ਰੀਨਿਵਾਸ ਨੇ ਇਸ ਪ੍ਰਕ੍ਰਿਆ ਨੂੰ 'ਸੰਸਕ੍ਰਿਤੀਕਰਣ' ਕਿਹਾ ਹੈ।

### 12.2.1 ਸੰਸਕ੍ਰਿਤੀਕਰਣ ਦੀ ਅਵਧਾਰਣਾ

ਸ੍ਰੀਨਿਵਾਸ ਨੇ ਸੰਸਕ੍ਰਿਤੀਕਰਣ ਦੀ ਪਰਿਭਾਸ਼ਾ ਇਸ ਪ੍ਰਕਾਰ ਦੀ ਹੈ: "ਇਕ ਅਜਿਹੀ ਪ੍ਰਕ੍ਰਿਆ ਜਿਸਦੇ ਦੁਆਰਾ ਨੀਵੀਆਂ ਜਾਤੀਂ ਉੱਚ ਜਾਤੀਆਂ, ਵਿਸ਼ੇਸ਼ ਕਰ ਬ੍ਰਾਹਮਣਾਂ, ਦੇ ਰੀਤੀ ਰਿਵਾਜਾਂ, ਸੰਸਕਾਰਾਂ, ਵਿਸ਼ਵਾਸਾਂ, ਜੀਵਨ-ਵਿਧੀ, ਅਤੇ ਹੋਰ ਸੰਸਕ੍ਰਿਤਕ ਲਖਸ਼ਣਾਂ ਤੇ ਪ੍ਰਣਾਲੀਆਂ ਗ੍ਰਹਿ ਕਰਦੀ ਹੈ।" ਵਾਸਤਵ ਵਿਚ, ਸ੍ਰੀਨਿਵਾਸ ਸੰਸਕ੍ਰਿਤੀਕਰਣ ਦੀ ਪਰਿਭਾਸ਼ਾ ਦਾ ਸਮੇਂ-ਸਮੇਂ ਉਤੇ ਵਿਸਤਾਰ ਕਰਦੇ ਰਹੇ ਹਨ। ਆਰੰਭ ਵਿਚ ਉਨ੍ਹਾਂ ਨੇ ਸੰਸਕ੍ਰਿਤੀਕਰਣ ਦੇ ਬਾਰੇ ਵਿਚ ਕਿਹਾ ਹੈ ਕਿ "ਇਹ ਗਤੀਸ਼ੀਲਤਾ ਦੀ ਉਹ ਪ੍ਰਕ੍ਰਿਆ ਹੈ ਜਿਸ ਵਿਚ ਨੀਵੀਂ ਜਾਤੀਆਂ ਸ਼ਾਕਾਹਾਰੀ ਅਤੇ ਨਸ਼ਾਪਾਨ ਨਿਸ਼ੇਧੀ ਬਣ ਕੇ ਇਕ ਦੋ ਪੀੜੀਆਂ ਵਿਚ ਜਾਤੀ ਸੰਸਤਰਣ

ਨੋਟ

ਵਿਚ ਉਪਰ ਦੀ ਤਰਫ ਅਗ੍ਰਸਰ ਹੁੰਦੀ ਹੈ।" (1962:42)। ਸੰਸਕ੍ਰਿਤੀਕਰਣ ਦਾ ਇਹ ਦੂਜਾ ਵਿਚਾਰ ਜ਼ਿਆਦਾ ਵਿਸਤ੍ਰਿਤ ਹੈ ਕਿਉਂਕਿ ਸ੍ਰੀਨਿਵਾਸ ਨੇ ਪਹਿਲੀ ਪਰਿਭਾਸ਼ਾ ਵਿਚ ਭੋਜਨ ਦੀ ਆਦਤਾਂ, ਸੰਸਕਾਰਾਂ ਅਤੇ ਧਾਰਮਿਕ ਪ੍ਰਥਾਵਾਂ ਦੇ ਨਕਲ ਦੀ ਗੱਲ ਕੀਤੀ ਹੈ। ਪਰੰਤੂ ਬਾਅਦ ਵਿਚ ਉਨ੍ਹਾਂ ਨੇ ਵਿਚਾਰਾਂ ਦੇ ਨਕਲ ਦੀ ਵੀ ਗੱਲ ਕੀਤੀ ਹੈ। (ਜਿਸ ਵਿਚ ਕਰਮ, ਧਰਮ, ਪਾਪ, ਪੁੰਨ ਤੇ ਮੋਖ ਆਦਿ ਦੇ ਵਿਚਾਰ ਵੀ ਸ਼ਾਮਲ ਹਨ।)

ਨੋਟਸ ਸਾਂਸਕ੍ਰਿਤਕ ਇਕ ਅਜਿਹੀ ਪ੍ਰਕ੍ਰਿਆ ਹੈ ਜਿਸ ਦੇ ਦੁਆਰਾ ਨੀਵੀਂ ਜਾਤੀ, ਜਨਜਾਤੀ ਜਾਂ ਹੋ ਸਮੂਹ ਆਪਣੀ ਪ੍ਰਥਾਵਾਂ, ਕਰਮਕਾਂਡਾਂ (rituals), ਵਿਚਾਰਧਾਰਾਵਾਂ (ideology) ਅਤੇ ਜੀਵਨ-ਵਿਧੀ (way of life) ਨੂੰ ਬਦਲ ਕੇ ਦਵਿਜ ਜਾਤੀ (twice-born caste) ਦੀ ਦਿਸ਼ਾ ਵਿਚ ਅਗ੍ਰਸਰ ਹੁੰਦੀ ਹੈ।

ਨੀਵੀਂ ਜਾਤੀਆਂ ਦੁਆਰਾ ਉੱਚ ਜਾਤੀਆਂ ਅਤੇ ਬ੍ਰਾਹਮਣਾਂ ਦੀ ਪ੍ਰਥਾਵਾਂ ਅਤੇ ਆਦਤਾਂ ਦੀ ਨਕਲ ਦੀ ਪ੍ਰਕ੍ਰਿਆ ਵਿਚ ਜਦ ਕਦੀ ਨੀਵੀਂ ਜਾਤੀਆਂ ਦੇ ਲੋਕ ਕੁਝ ਅਜਿਹੇ ਆਚਰਣਾਂ ਨੂੰ ਅਪਣਾਉਂਦੇ ਹਨ ਜੋ ਵਰਤਮਾਨ ਵਿਵੇਕੀ ਮਾਨਦੰਡਾਂ ਦੇ ਅਨੁਸਾਰ ਅੱਛੇ ਤੇ ਪ੍ਰਕਾਰਜਾਤਮਕ (functional) ਸਮਝੇ ਜਾਂਦੇ ਹਨ। ਤਦ ਉਹ ਉਨ੍ਹਾਂ ਰਿਵਾਜਾਂ/ਪ੍ਰਥਾਵਾਂ ਨੂੰ ਮਾਨਤਾ ਨਾ ਮੰਨ ਕੇ ਉਨ੍ਹਾਂ ਦੇ ਸਥਾਨ ਤੇ ਬ੍ਰਾਹਮਣਾਂ ਦੇ ਉਨ੍ਹਾਂ ਕੀਮਤਾਂ ਅਤੇ ਵਿਚਾਰਾਂ ਨੂੰ ਗ੍ਰਹਿਣ ਕਰਦੇ ਹਨ ਜੋ ਕਿ ਵਰਤਮਾਨ ਪੱਧਰ ਦੇ ਅਨੁਸਾਰ ਅਪਮਾਨਜਨਕ (degrading) ਅਤੇ ਵਿਕਾਰਜਾਤਮਕ (dysfunctinoal) ਸਮਝੇ ਜਾਂਦੇ ਹਨ। ਸ੍ਰੀਨਿਵਾਸ ਨੇ ਮੈਸੂਰ ਦੇ ਆਪਣੇ ਅਧਿਐਨ ਤੋਂ ਕੁਝ ਉਦਾਹਰਣ ਦਿਤੇ ਹਨ। ਨੀਵੀਂ ਜਾਤੀਆਂ ਇਸਤ੍ਰੀਆਂ ਦੇ ਪ੍ਰਤੀ ਅਭਿਵ੍ਰਿਤੀਆਂ, ਅਤੇ ਵਿਆਹ, ਯੌਨ, ਆਦਿ ਮਾਮਲਿਆਂ ਵਿਚ ਉਦਾਰ ਹੁੰਦੀ ਹੈ। ਉਹ ਤਲਾਕ, ਵਿਧਵਾ-ਵਿਆਹ ਅਤੇ ਯੌਨ ਵਿਕਸਿਤ ਦੇ ਬਾਅਦ ਵਿਆਹ ਦੀ ਆਗਿਆ ਦਿੰਦੀ ਹੈ। ਕਿੰਤੂ ਬ੍ਰਾਹਮਣ ਯੌਨ ਵਿਕਸਿਤ ਤੋਂ ਪਹਿਲਾਂ (pre-puberty) ਵਿਆਹ ਨੂੰ ਵਿਊਹਾਰ ਵਿਚ ਲਿਆਉਂਦੇ ਹਨ, ਵਿਆਹ ਨੂੰ ਆਵਿਛਿੰਨ (indissoluble) ਮੰਨਦੇ ਹਨ, ਵਿਧਵਾ ਪੁਨਰ ਵਿਆਹ ਨੂੰ ਰੋਕਦੇ ਹਨ। ਉਹ ਵਿਧਵਾ ਨੂੰ ਆਭੂਸ਼ਨ ਤੇ ਸਾਜ ਸ਼ਿੰਗਾਰ ਤੇ ਅੱਛੇ ਵਸਤਰ ਪਹਿਨਣ ਤੋਂ ਰੋਕਦੇ ਹਨ ਅਤੇ ਸਿਰ ਮੁੰਡਵਾਉਣ ਦੀ ਸਿਫਾਰਿਸ਼ ਕਰਦੇ ਹਨ। ਉਹ ਦੁਲਹਣ ਵਿਚ ਕੁੰਵਾਰਾਪਨ (virginity), ਪਤਨੀਆਂ ਵਿਚ ਸੁਚਿਤਾ/ਵਿਸ਼ੁੱਧਤਾ (chastity), ਅਤੇ ਵਿਧਵਾਵਾਂ ਵਿਚ ਸੰਜਮ ਅਤੇ ਆਤਮ ਨਿਅੰਤਰਣ ਦੇ ਪੱਖਧਰ ਹਨ। ਪਰੰਤੂ ਨੀਵੀਂ ਜਾਤੀ ਜਿਵੇਂ-ਜਿਵੇਂ ਸੰਸਤਰਣ ਵਿਚ ਉਠਦੀ ਹੈ ਅਤੇ ਇਸਦੇ ਤਰੀਕੇ ਜ਼ਿਆਦਾ ਸੰਸਕ੍ਰਿਤੀਕ੍ਰਿਤ ਹੁੰਦੇ ਜਾਂਦੇ ਹਨ, ਇਹ ਯੌਨ ਅਤੇ ਵਿਆਹ ਵਿਸ਼ੇ ਉਤੇ ਬ੍ਰਾਹਮਣਾਂ ਦੇ ਆਚਰਣ ਗ੍ਰਹਿ ਕਰਨ ਲਗਦੀਆਂ ਹਨ। ਸੰਸਕ੍ਰਿਤੀਕਰਣ ਦਾ ਨਤੀਜਾ ਇਸਤ੍ਰੀਆ ਦੇ ਪ੍ਰਤੀ ਕਠੋਰਤਾ ਦਾ ਵਿਊਹਾਰ ਹੁੰਦਾ ਹੈ। ਅਯੁਕਤੀਸੰਗਤ (irational) ਆਚਰਣ ਅਪਣਾਉਣ ਦਾ ਇਕ ਹੋਰ ਉਦਾਹਰਣ ਇਹ ਹੈ ਕਿ ਇਕ ਬ੍ਰਾਹਮਣ ਅਤੇ ਉੱਚ ਜਾਤੀ ਹਿੰਦੂ ਪਤਨੀ ਨੂੰ ਆਦਿਸ਼ਟ (enjoined) ਕੀਤਾ ਜਾਂਦਾ ਹੈ ਕਿ ਉਹ ਆਪਣੇ ਪਤੀ ਨੂੰ ਦੇਵਤਾ ਮੰਨੇ। ਪਤਨੀ ਤੋਂ ਅਪੇਕਸ਼ਾ ਕੀਤੀ ਜਾਂਦੀ ਹੈ ਕਿ ਵਿਆਹ ਆਪਣੇ ਪਤੀ ਦੇ ਭੋਜਨ ਕਰਨ ਦੇ ਬਾਅਦ ਭੋਜਨ ਕਰੇ, ਆਪਣੇ ਪਤੀ ਦੀ ਲੰਬੀ ਉਮਰ ਦੇ ਲਈ ਅਨੇਕ ਵਰਤ ਧਾਰਣ ਕਰੇ, ਪੁੱਤਰ ਪ੍ਰਾਪਤੀ ਨੂੰ ਧਾਰਮਿਕ ਜਰੂਰਤ ਮੰਨੇ ਆਦਿ। ਸੰਸਕ੍ਰਿਤੀਕਰਣ ਵਿਚ ਨੀਵੀਂ ਜਾਤੀਆਂ ਦੁਆਰਾ ਇਨ੍ਹਾਂ ਵਿਸ਼ਵਾਸਾਂ ਅਤੇ ਆਚਰਣ/ਰੀਤੀਆਂ ਨੂੰ ਅਪਣਾਉਣਾ ਆਉਂਦਾ ਹੈ। ਸੋ ਇਹ ਉਦਾਹਰਣ ਇੰਗਤ ਕਰਦੇ ਹਨ ਕਿ ਸੰਸਕ੍ਰਿਤੀਕਰਣ ਸਿਰਫ ਉੱਚ ਜਾਤੀਆਂ, ਵਿਸ਼ੇਸ਼ਕਰ ਬ੍ਰਾਹਮਣਾਂ ਦੀ ਪ੍ਰਥਾਵਾਂ, ਰੀਤੀਆਂ, ਆਦਤਾਂ ਕੀਮਤਾਂ ਦਾ ਅੰਨਾ ਤੇ ਅਵਿਵੇਕੀ ਨਕਲ ਕਰਨਾ ਹੈ।

ਕੀ ਇਹ ਕਿਹਾ ਜਾ ਸਕਦਾ ਹੈ ਕਿ ਅਸੰਸਕ੍ਰਿਤੀਕਰਣ (de-sanskritization) ਦੀ ਪ੍ਰਕ੍ਰਿਆ ਵੀ ਸੰਭਵ ਹੈ? ਸ੍ਰੀਨਿਵਾਸ ਦਾ ਮੰਨਣਾ ਹੈ ਕਿ "ਇਹ ਅਕਲਪਨੀ ਨਹੀਂ ਹੇ ਕਿ ਨਕਲ ਕਰਨ ਵਾਲੀ ਜਾਤੀਆਂ ਦਾ ਅਸੰਸਕ੍ਰਿਤੀਕਰਣ ਵੀ ਕਦੀ-ਕਦੀ ਹੋ ਸਕਦਾ ਹੈ।"

### 12.2.2 ਸੰਸਕ੍ਰਿਤੀਕਰਣ ਦੀ ਬ੍ਰਾਹਮਣੀਕਰਣ

ਸ੍ਰੀਨਿਵਾਸ ਨੇ 'ਸੰਸਕ੍ਰਿਤੀਕਰਣ' ਸ਼ਬਦ ਨੂੰ 'ਬ੍ਰਾਹਮਣੀਕਰਣ' ਤੋਂ ਜ਼ਿਆਦਾ ਪ੍ਰਾਥਮਿਕਤਾ ਦਿਤੀ ਹੈ। ਉਨ੍ਹਾਂ ਨੇ ਇਸਦੇ ਕੁਝ ਕਾਰਣ ਦਿਤੇ ਹਨ: (1) ਸੰਸਕ੍ਰਿਤੀਕਰਣ ਸ਼ਬਦ ਵਿਸਤ੍ਰਿਤ ਹਨ, ਜਦਕਿ ਬ੍ਰਾਹਮਣੀਕਰਣ ਸ਼ਬਦ ਸੰਕੀਰਣ ਤੇ ਸੀਮਤ ਹਨ। ਵਾਸਤਵ ਵਿਚ ਬ੍ਰਾਹਮਣੀਕਰਣ ਸੰਸਕ੍ਰਿਤੀਕਰਣ ਦੀ ਵਿਆਪਕ ਪ੍ਰਕ੍ਰਿਆ ਵਿਚ ਸ਼ਾਮਲ ਹਨ। ਉਦਾਹਰਣ ਲਈ, ਵੈਦਿਕ ਕਾਲ ਵਿਚ ਬ੍ਰਾਹਮਣ ਸੋਮ ਰਸ ਦਾ ਪਾਨ ਕਰਦੇ ਸਨ, ਮਾਂਸ ਖਾਂਦੇ ਸਨ ਅਤੇ ਪਸ਼ੂ ਬਲੀ ਚੜਾਉਂਦੇ ਸਨ। ਪਰੰਤੂ ਉਨ੍ਹਾਂ ਨੇ ਇਹ ਆਚਰਣ ਉੱਤਰ ਵੈਦਿਕ ਕਾਲ ਵਿਚ ਤਿਆਗ ਦਿਤਾ, ਸ਼ਾਇਦ ਅਜਿਹਾ ਉਨ੍ਹਾਂ ਨੇ ਜੈਨ ਅਤੇ ਬੋਧ ਧਰਮ ਦੇ ਪ੍ਰਭਾਵ ਵਿਚ ਆ ਕੇ ਕੀਤਾ। ਅੱਜ ਜ਼ਿਆਦਾਤਰ ਬ੍ਰਾਹਮਣ ਸ਼ਾਕਾਹਾਰ ਅਤੇ ਨਸ਼ਾ ਨਿਸ਼ੇਧੀ ਹਨ; ਕੇਵਲ ਕਸ਼ਮੀਰੀ, ਬੰਗਾਲੀ ਅਤੇ ਸਾਰਸਵਤ ਬ੍ਰਾਹਮਣ ਮਾਂਸਾਹਾਰੀ (non-vegetarian) ਭੋਜਨ ਕਰਦੇ ਹਨ। ਜੇਕਰ 'ਬ੍ਰਾਹਮਣੀਕਰਣ' ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ ਤਾਂ ਇਹ ਦੱਸਣ ਦੀ ਜਰੂਰਤ ਵੀ ਪੈਂਦੀ ਹੈ ਕਿ ਕਿਹੜੇ ਬ੍ਰਾਹਮਣ ਦੇ ਵਿਸ਼ੇ ਵਿਚ ਕਿਹਾ ਜਾ ਰਿਹਾ ਹੈ। (2) ਸੰਦਰਭ ਸਮੂਹ ਜਾਂ ਸੰਸਕ੍ਰਿਤੀਕਰਣ

ਦੇ ਏਜੰਟ ਸਦੈਵ ਹੀ ਬ੍ਰਾਹਮਣ ਨਹੀਂ ਹੁੰਦੇ ਹਨ। ਵਾਸਤਵ ਵਿਚ ਬ੍ਰਾਹਮਣਾਂ ਨੇ ਹੀ, ਜਿਨ੍ਹਾਂ ਨੇ ਨਿਅਮਾਂ ਦੀ ਘੋਸ਼ਣਾ ਦਾ ਅਧਿਕਾਰ ਸੌਂਪਿਆ ਗਿਆ ਸੀ, ਦੂਜੀ ਜਾਤੀ ਦੇ ਮੈਂਬਰਾਂ ਨੂੰ ਬ੍ਰਾਹਮਣਾਂ ਦੇ ਰੀਤੀ-ਰਿਵਾਜਾਂ ਅਤੇ ਸੰਸਕਾਰਾਂ ਨੂੰ ਮੰਨਣ ਦਾ ਨਿਸ਼ੇਧ ਕੀਤਾ ਸੀ। ਪਰੰਤੂ ਇਸ ਪ੍ਰਕਾਰ ਦੇ ਨਿਸ਼ੇਧਾਂ ਨੇ ਨੀਵੀਂ ਜਾਤੀਆਂ ਨੂੰ ਆਪਣੇ ਰੀਤੀ-ਰਿਵਾਜਾਂ ਦੇ ਸੰਸਕ੍ਰਿਤੀਕਰਣ ਨੂੰ ਮੰਨਣ ਦਾ ਨਿਸ਼ੇਧ ਕੀਤਾ ਸੀ। ਪਰੰਤੂ ਇਸ ਪ੍ਰਕਾਰ ਦੇ ਨਿਸ਼ੇਧਾਂ ਨੇ ਨੀਵੀਂ ਜਾਤੀਆਂ ਨੂੰ ਆਪਣੇ ਰੀਤੀ-ਰਿਵਾਜਾਂ ਦੇ ਸੰਸਕ੍ਰਿਤੀਕਰਣ ਤੋਂ ਨਹੀਂ ਰੋਕਿਆ। ਸ੍ਰੀਨਿਵਾਸ ਨੇ ਮੈਸੂਰ ਦੀ ਨੀਵੀਂ ਜਾਤੀਆਂ ਦਾ ਉਦਾਹਰਣ ਦਿਤਾ ਹੈ ਜਿਨ੍ਹਾਂ ਨੇ ਲਿਗਾਇਤਾਂ (ਜੋ ਬ੍ਰਾਹਮਣ ਨਹੀਂ ਹਨ ਪਰੰਤੂ ਦਾਵਾ ਕਰਦੇ ਹਨ ਕਿ ਉਹ ਬ੍ਰਾਹਮਣ ਬਰਾਬਰ ਹਨ) ਦੀ ਜੀਵਨ ਸ਼ੈਲੀ ਅਪਨਾ ਲਈ ਹੈ। ਦੱਖਣ ਭਾਰਤ ਦੇ ਲੁਹਾਰ ਆਪ ਨੂੰ ਵਿਸ਼ਵਕਰਮਾ ਬ੍ਰਾਹਮਣ ਕਹਿੰਦੇ ਹਨ, ਜਨੇਊ ਧਾਰਣ ਕਰਦੇ ਹਨ, ਅਤੇ ਉਨ੍ਹਾਂ ਨੇ ਆਪਣੇ ਸੰਸਕਾਰਾਂ ਦਾ ਸੰਸਕ੍ਰਿਤੀਕਰਣ ਵੀ ਕਰ ਲਿਆ ਹੈ। ਫਿਰ ਵੀ ਉਨ੍ਹਾਂ ਵਿਚੋਂ ਕੁਝ ਹੁਣ ਵੀ ਮਾਂਸ ਖਾਂਦੇ ਹਨ ਅਤੇ ਸ਼ਰਾਬ ਦਾ ਸੇਵਨ ਕਰਦੇ ਹਨ ਜਿਸਦੇ ਕਾਰਣ ਬਹੁਤੀਆਂ ਜਾਤੀਆਂ ਇੱਥੋਂ ਤਕ ਕਿ ਅਛੂਤ ਜਾਤੀਆਂ ਵੀ ਉਨ੍ਹਾਂ ਦੇ ਹੱਥਾਂ ਦਾ ਪਾਣੀ ਤਕ ਨਹੀਂ ਪੀਂਦੀਆਂ ਹਨ। ਇਸ ਪ੍ਰਕਾਰ ਕਿਉਂਕਿ ਨੀਵੀਂ ਜਾਤੀਆਂ ਨੇ ਦੇਸ਼ ਦੇ ਵਿਭਿੰਨ ਖੇਤਰਾਂ ਵਿਚ ਖੇਤਰੀ, ਵੈਸ਼ਾਂ ਅਤੇ ਜੱਟਾਂ ਦੀ ਨਕਲ ਕੀਤੀ, ਇਸ ਲਈ 'ਬ੍ਰਾਹਮਣੀਕਰਣ' ਸ਼ਬਦ ਨੂੰ ਸਾਂਸਕ੍ਰਿਤਕ ਤੇ ਸਮਾਜਿਕ ਗਤੀਸ਼ੀਲਤਾ ਦੀ ਪ੍ਰਕ੍ਰਿਆ ਦੀ ਵਿਆਖਿਆ ਕਰਨ ਦੇ ਲਈ ਉਪਯੁਕਤ ਨਹੀਂ ਸਮਝਿਆ ਗਿਆ।

### 12.2.3 ਸੰਸਕ੍ਰਿਤੀਕਰਣ ਦੀ ਵਿਸ਼ੇਸ਼ਤਾਵਾਂ

ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਵਿਚ ਕੁਝ ਤੱਥ ਉਲੇਖਣੀ ਹੈ:

1. ਸੰਸਕ੍ਰਿਤੀਕਰਣ ਦੀ ਅਵਧਾਰਣਾ ਨੂੰ ਆਰਥਿਕ ਅਤੇ ਰਾਜਨੀਤਿਕ ਪ੍ਰਭੁਤਵ ਨਾਲ ਜੋੜ ਦਿਤਾ ਗਿਆ ਹੈ ਅਰਥਾਤ ਸਥਾਨਕ ਪ੍ਰਬਲ ਜਾਤੀ (dominant caste) ਦੀ ਭੂਮਿਕਾ ਨੂੰ ਪਰਿਵਰਤਣ ਦੀ ਸਾਂਸਕ੍ਰਿਤਕ ਸੰਚਰਣ ਵਿਚ ਵਿਸ਼ੇਸ਼ ਮਹੱਤਵ ਦਿਤਾ ਗਿਆ ਹੈ। ਭਾਵੇਂ ਕੁਝ ਸਮੇਂ ਤਕ ਨੀਵੀਂ ਜਾਤੀਆਂ ਨੇ ਬ੍ਰਾਹਮਣਾਂ ਦੀ ਨਕਲ ਕੀਤੀ। ਪਰੰਤੂ ਜਲਦੀ ਹੀ ਸਥਾਨਕ ਪ੍ਰਬਲ ਜਾਤੀ ਦੀ ਨਕਲ ਕੀਤੀ ਜਾਣ ਲਗੀ ਅਤੇ ਉਹ ਜਾਤੀ ਗੈਰ-ਬ੍ਰਾਹਮਣ ਹੁੰਦੀ ਸੀ।
2. ਸੰਸਕ੍ਰਿਤੀਕਰਣ ਉਨ੍ਹਾਂ ਜਾਤੀਆਂ ਵਿਚ ਕਦੀ ਨਾ ਕਦੀ ਜਰੂਰ ਹੁੰਦਾ ਸੀ ਜਿਨ੍ਹਾਂ ਨੂੰ ਆਰਥਿਕ ਤੇ ਰਾਜਨੈਤਿਕ ਸ਼ਕਤੀ ਪ੍ਰਾਪਤ ਸੀ ਪਰੰਤੂ ਸੰਸਕਾਰਾਂ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਦੀ ਸਥਿਤੀ ਉੱਚੀ ਨਹੀਂ ਸੀ ਅਰਥਾਤ, ਉਨ੍ਹਾਂ ਦੀ ਰਾਜਨੈਤਿਕ ਤੇ ਆਰਥਿਕ ਸਥਿਤੀ ਤੇ ਕਰਮਕਾਂਡੀ (fitual) ਸਥਿਤੀ ਵਿਚ ਬਹੁਤ ਅੰਤਰ ਸੀ। ਅਜਿਹਾ ਇਸ ਲਈ ਸੀ ਕਿਉਂਕਿ ਸੰਸਕ੍ਰਿਤੀਕਰਣ ਦੇ ਬਿਨਾਂ ਉੱਚ ਸਥਿਤੀ ਦਾ ਦਾਵਾ ਪ੍ਰਭਾਵਹੀਨ ਸੀ। ਜਾਤੀ-ਵਿਅਵਸਥਾ ਵਿਚ ਸੱਤਾ ਦੇ ਤਿੰਨ ਪ੍ਰਮੁੱਖ ਕੇਂਦਰ ਹਨ: ਸੰਸਕਾਰ, ਰਾਜਨੈਤਿਕ ਤੇ ਆਰਥਿਕ। ਇਕ ਖੇਤਰ ਵਿਚ ਸੱਤਾ ਹਥਿਆਣਾ ਦੂਜੇ ਦੋ ਖੇਤਰਾਂ ਵਿਚ ਵੀ ਸੱਤਾ ਪ੍ਰਾਪਤੀ ਵਿਚ ਵ੍ਰਿਧੀ ਕਰ ਦਿੰਦੀ ਹੈ। ਪਰੰਤੂ ਸ੍ਰੀਨਿਵਾਸ ਕਹਿੰਦੇ ਹਨ ਕਿ ਅਸੰਗਤੀਆਂ ਹੁੰਦੀਆਂ ਹੀ ਰਹਿੰਦੀਆਂ ਹਨ।
3. ਆਰਥਿਕ ਤਰੱਕੀ ਸੰਸਕ੍ਰਿਤੀਕਰਣ ਦੀ ਜਰੂਰੀ ਸ਼ਰਤ ਨਹੀਂ ਹੈ ਅਤੇ ਅਜਿਹਾ ਵੀ ਨਹੀਂ ਹੈ ਕਿ ਆਰਥਿਕ ਤਰੱਕੀ ਦੇ ਨਾਲ ਸੰਸਕ੍ਰਿਤੀਕਰਣ ਹੋਣਾ ਜਰੂਰੀ ਹੈ। ਹੋ ਸਕਦਾ ਹੈ ਕਿ ਕੋਈ ਸਮੂਹ (ਜਾਤੀ, ਜਨਜਾਤੀ) ਰਾਜਨੈਤਿਕ ਸੱਤਾ ਪ੍ਰਾਪਤ ਕਰ ਲਏ ਅਤੇ ਇਸ ਨਾਲ ਉਸਦੀ ਆਰਥਿਕ ਤਰੱਕੀ ਹੋਵੇ ਅਤੇ ਸੰਸਕ੍ਰਿਤੀਕਰਣ ਵੀ ਹੋਵੇ। ਸ੍ਰੀਨਿਵਾਸ 1985:57) ਨੇ ਮੈਸੂਰ ਦੇ ਇਕ ਪਿੰਡ ਰਾਮਪੁਰਾ ਦੇ ਅਛੂਤ ਦਾ ਉਦਾਹਰਣ ਦਿਤਾ ਹੈ ਜਿਨ੍ਹਾਂ ਦਾ ਬਹੁਤ ਜ਼ਿਆਦਾ ਸੰਸਕ੍ਰਿਤੀਕਰਣ ਹੋ ਗਿਆ ਹੈ ਭਾਵੇਂ ਉਨ੍ਹਾਂ ਦੀ ਆਰਥਿਕ ਦਸ਼ਾ ਵਿਚ ਕੋਈ ਪਰਿਵਰਤਣ ਨਹੀਂ ਹੋਇਆ। ਆਰਥਿਕ ਵਿਕਾਸ, ਰਾਜਨੈਤਿਕ ਸ਼ਕਤੀ ਪ੍ਰਾਪਤ ਕਰਨਾ, ਸਿਖਿਆ, ਅਗਵਾਈ ਅਤੇ ਸੰਸਤਰਣ ਵਿਚ ਉੱਚੇ ਉੱਠਣ ਦੀ ਇੱਛਾ, ਆਦਿ ਸੰਸਕ੍ਰਿਤੀਕਰਣ ਦੇ ਸਾਰਗਰਭਿਤ ਤੱਤ ਹਨ ਅਤੇ ਸੰਸਕ੍ਰਿਤੀਕਰਣ ਦਾ ਹਰ ਪ੍ਰਕਰਣ ਇਨ੍ਹਾਂ ਸਾਰੇ ਜਾ ਕੁਝ ਤੱਤਾਂ ਨੂੰ ਪ੍ਰਦਰਸ਼ਿਤ ਕਰ ਸਕਦਾ ਹੈ।
4. ਸੰਸਕ੍ਰਿਤੀਕਰਣ ਦੁਹਰੀ ਪ੍ਰਕ੍ਰਿਆ (two-way process) ਹੈ ਅਜਿਹਾ ਨਹੀਂ ਕਿ ਨੀਵੀਂ ਜਾਤੀ ਉੱਚ ਜਾਤੀ ਤੋਂ ਕੁਝ 'ਪ੍ਰਾਪਤ' ਹੀ ਕਰਦੀ ਹੈ, ਬਲਕਿ ਉਸ ਨੂੰ ਕੁਝ 'ਪ੍ਰਦਾਨ' ਵੀ ਕਰਦੀ ਹੈ। ਅਸੀਂ ਦੇਖਦੇ ਹਾਂ ਕਿ ਪੂਰੇ ਭਾਰਤ ਦੇ ਹਿੰਦੁਤਵ ਦੇ ਵੱਡੇ ਦੇਵਤਾਵਾਂ ਦੇ ਅਲਾਵਾ ਬ੍ਰਾਹਮਣ ਕੁਝ ਸਥਾਨਕ ਦੇਵਤਾਵਾਂ ਦੀ ਵੀ ਪੂਜਾ ਕਰਦੇ ਹਨ ਜੋ ਮਹਾਮਾਰੀ ਤੋਂ ਰੱਖਿਆ ਕਰਦੇ ਹਨ ਅਤੇ ਪਸ਼ੂਧਨ, ਬੱਚਿਆਂ ਦੇ ਜੀਵਨ ਤੇ ਅੰਨ ਆਦਿ ਨੂੰ ਵੀ ਸੰਰਖਿਅਣ ਦਿੰਦੇ ਹਨ। ਅਜਿਹੇ ਪ੍ਰਕਾਰਾਂ ਦੀ ਵੀ ਜਾਣਕਾਰੀ ਹੈ ਕਿਤੇ -ਕਿਤੇ ਬ੍ਰਾਹਮਣ ਆਪਣੇ ਕਿਸੇ ਗੈਰ ਬ੍ਰਾਹਮਣ ਮਿੱਤਰ ਦੇ ਮਾਧਿਅਮ ਨਾਲ ਰਕਤ ਬਲੀ ਵੀ ਦਿੰਦਾ ਹੈ (ਸ੍ਰੀਨਿਵਾਸ 1985:60)। ਭਾਵੇਂ ਸਥਾਨਕ ਸੰਸਕ੍ਰਿਤੀਆਂ 'ਦੇਣ' ਦੀ ਅਪੇਕਸ਼ਾ 'ਲੈਂਦੀ' ਹੈ ਫਿਰ ਵੀ ਸੰਸਕ੍ਰਿਤਕ ਹਿੰਦੁਤਵ ਨੇ ਸਥਾਨਕ ਅਤੇ ਲੋਕ ਤੱਤਾਂ ਨੂੰ ਆਤਮਸਾਤ (absorb) ਕਰ ਲਿਆ ਹੈ। ਆਤਮਸਾਤ ਕਰਨ ਦੀ ਪ੍ਰਕ੍ਰਿਆ ਇਸ ਪ੍ਰਕਾਰ ਹੁੰਦੀ ਹੈ। ਕਿ ਲੋਕ ਪਰੰਪਰਾਵਾਂ ਅਤੇ ਵੱਡੀਆਂ ਪਰੰਪਰਾਵਾਂ ਦੇ ਵਿਚ ਨਿਰੰਤਰਤਾ (continuity) ਬਣੀ ਰਹਿੰਦੀ ਹੈ।
5. ਗਤੀਸ਼ੀਲਤਾ ਦੀ ਇਕਾਈ ਸਮੂਹ ਹੁੰਦਾ ਹੈ ਨਾ ਕਿ ਵਿਅਕਤੀ ਜਾਂ ਪਰਿਵਾਰ।
6. ਬ੍ਰਿਟਿਸ਼ ਸ਼ਾਸਨ ਨੇ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਨੂੰ ਪੋਤਸਾਹਨ ਦਿਤਾ ਜਦ ਕਿ ਰਾਜਨੀਤਕ ਸੁਤੰਤਰਤਾ ਨੇ ਇਸ ਪਰਿਵਰਤਣ ਦੀ ਤਰਫ ਵਧਣ ਵਾਲੀਆਂ ਪ੍ਰਵਿਰਤੀ ਨੂੰ ਕਮਜ਼ੋਰ ਬਣਾਇਆ। ਹੁਣ ਸਮਸਤਰ ਖੈਤੀਜਿਅ (horizontal) ਗਤੀਸ਼ੀਲਤਾ ਦੀ ਅਪੇਕਸ਼ਾ ਉਧਵਾਂਧਰ (vertical) ਗਤੀਸ਼ੀਲਤਾ ਉਸ ਬਲ ਦਿਤਾ ਜਾ ਰਿਹਾ ਹੈ।

ਨੋਟ

7. ਭਾਰਤ ਵਿਚ ਸਮਾਜਿਕ ਪਰਿਵਰਤਣ ਦੀ ਗੱਲ ਸੰਸਕ੍ਰਿਤੀਕਰਣ ਤੇ ਪੱਛਮੀਕਰਣ ਦੇ ਸੰਦਰਭ ਵਿਚ ਕਰਨ ਦਾ ਅਰਥ ਹੈ, ਉਸਦੀ ਵਿਆਖਿਆ ਪ੍ਰਮੁੱਖਤਾ ਸਾਂਸਕ੍ਰਿਤਕ ਅਰਥਾਂ ਵਿਚ ਕਰਨਾ ਨਾ ਕਿ ਸੰਰਚਨਾ ਦੇ ਅਰਥ ਵਿਚ। ਸ੍ਰੀਨਿਵਾਸ ਨੇ ਵੀ ਮੰਨਿਆਂ ਹੈ ਕਿ ਸੰਸਕ੍ਰਿਤੀਕਰਣ ਵਿਚ ਜਾਤੀ ਵਿਅਵਸਥਾ ਦੇ ਅੰਤਰਗਤ ਸਥਿਤੀਏ (positional) ਪਰਿਵਰਤਣ ਸੰਰਚਨਾ ਸੰਬੰਧ ਪਰਿਵਰਤਣ ਦੇ ਬਿਨਾ ਹੀ ਹੁੰਦਾ ਹੈ।
8. ਸੰਸਕ੍ਰਿਤੀਕਰਣ ਵਿਚ ਸਮੂਹ ਦੀ ਉੱਚ ਸਥਿਤੀ ਦੀ ਉਪਲਬਧੀ ਜਲਦੀ ਨਹੀਂ ਹੁੰਦੀ। ਸਮੂਹ ਨੂੰ ਅਨਿਸ਼ਚਿਤ ਕਾਲ ਤਕ ਇੰਤਜਾਰ ਕਰਨੀ ਹੁੰਦੀ ਹੈ ਅਤੇ ਇਸ ਅਵਧੀ ਵਿਚ ਉਸ ਨੂੰ ਆਪਣੇ ਦਾਵੇ ਦੇ ਲਈ ਨਿਰੰਤਰ ਦਬਾਵ ਬਣਾ ਕੇ ਰਖਣਾ ਪੈਂਦਾ ਹੈ। ਇਸ ਦਾਵੇ ਨੂੰ ਸਵੀਕਾਰ ਕਰਨ ਦੀ ਸ਼ੁਰੂਆਤ ਕਰਨ ਵਿਚ ਇਕ ਜਾਂ ਦੋ ਪੀੜੀ ਦਾ ਸਮੇਂ ਵੀ ਲਗ ਸਕਦਾ ਹੈ। ਕਈ ਮਾਮਲਿਆਂ ਵਿਚ ਜਾਤੀ ਦਾ ਦਾਵਾ ਲੰਬੇ ਅੰਤਰਾਲ ਦੇ ਬਾਅਦ ਵੀ ਸਵੀਕ੍ਰਿਤ ਨਹੀਂ ਹੁੰਦਾ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਇਹ ਦਾਵਾ ਇਕ ਸਮੇਂ ਜਾਂ ਸਥਾਨ ਵਿਚ ਸਫਰ ਨਾ ਹੋਏ, ਪਰ ਦੂਜੇ ਸਥਾਨ ਤੇ ਹੋਰ ਸਮੇਂ ਵਿਚ ਸਕਿੀਕਾਰ ਕਰ ਲਿਆ ਜਾਵੇ।

ਸੰਸਕ੍ਰਿਤੀਕਰਣ ਨੀਵੀਂ ਜਾਤੀ ਨੂੰ ਉੱਚ ਪਦ ਪ੍ਰਾਪਤੀ ਸਹਾਇਕ ਨਾ ਵੀ ਹੋਣ, ਤਦ ਵੀ ਇਹ ਉਨ੍ਹਾਂ ਮਾਸ ਖਾਣ, ਅਸ਼ੁੱਧ ਕਿੱਤਿਆਂ ਨੂੰ ਬਦਲਣ, ਨਸ਼ਾਪਾਨ ਬੰਦ ਕਰਨ ਅਤੇ ਕੁਝ ਸਾਂਸਕ੍ਰਿਤਕ ਪਰੰਪਰਾਵਾਂ, ਵਿਸ਼ਵਾਸਾਂ ਤੇ ਦੇਵਤਾਵਾਂ ਨੂੰ ਅਪਣਾਉਣ ਤੋ ਤੇ ਨਹੀਂ ਰੋਕਦਾ। ਇਸ ਪ੍ਰਕਾਰ ਗਤੀਸ਼ੀਲਤਾ ਦੇ ਲਖਸ਼ ਨੂੰ ਪ੍ਰਾਪਤ ਕੀਤੇ ਬਿਨਾ ਵੀ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਲੋਕਪ੍ਰਿਅ ਬਣੀ ਰਹਿ ਸਕਦੀ ਹੈ।

### 12.2.4 ਸੰਸਕ੍ਰਿਤੀਕਰਣ ਦੇ ਪ੍ਰੋਤਸਾਹਨ ਦੇ ਕਾਰਕ

ਸੰਸਕ੍ਰਿਤੀਕਰਣ ਨੂੰ ਸੰਭਵ ਬਣਾਉਣ ਵਾਲੇ ਕਾਰਕ ਹਨ; ਉਦਿਯੋਗੀਕਰਣ, ਵਿਅਵਸਾਇਕ ਗਤੀਸ਼ੀਲਤਾ, ਵਿਕਸਿਤ ਸੰਚਾਰ ਵਿਅਵਸਥਾ, ਸਾਖਰਤਾ ਦਾ ਪ੍ਰਸਾਰ ਅਤੇ ਪੱਛਮੀ ਪ੍ਰੋਦਿਯੋਗਿਕੀ। ਇਸ ਵਿਚ ਹੈਰਾਨੀ ਨਹੀ ਕਿ ਸੰਸਕ੍ਰਿਤ ਧਾਰਮਿਕ ਵਿਚਾਰਾਂ ਦਾ ਬ੍ਰਿਟਿਸ਼ ਕਾਲ ਵਿਚ ਹੋਇਆ। ਸੰਚਾਰ ਸਾਧਨਾਂ ਦੇ ਵਿਕਾਸ ਦੇ ਨਾਲ ਸੰਸਕਿਤੀਕਰਣ ਉਨ੍ਹਾਂ ਖੇਤਰਾਂ ਵਿਚ ਚਲਾ ਗਿਆ ਜੋ ਪਹਿਲਾਂ ਅਗੰਮ (inaccessible) ਸਨ ਅਤੇ ਸਾਖਰਤਾ ਦੇ ਵਿਸਤਾਰ ਨੇ ਇਸ ਪ੍ਰਕ੍ਰਿਆ ਨੂੰ ਜਾਤੀ ਸੰਸਤਰਣ ਵਿਚ ਨੀਵੀਂ ਜਾਤੀਆਂ ਤਕ ਨੂੰ ਆਭਾਸ ਕਰਾ ਦਿਤਾ। ਸ੍ਰੀਨਿਵਾਸ ਨੇ ਇਕ ਵਿਸ਼ਿਸ਼ਟ ਕਾਰਕ ਦਾ ਉਲੇਖ ਕੀਤਾ ਹੈ। ਜਿਸ ਨੇ ਨੀਵੀਂ ਜਾਤੀਆਂ ਵਿਚ ਸੰਸਕ੍ਰਿਤੀਕਰਣ ਨੂੰ ਫੈਲਾਉਣ ਵਿਚ ਸਹਾਇਤਾ ਕੀਤੀ ਹੈ। ਇਹ (ਕਾਰਕ) ਹੈ ਕਰਮਕਾਂਡੀ (ritual) ਕ੍ਰਿਆਵਾਂ ਤੋਂ ਮੰਤਰ ਉਚਾਰਨ ਦੀ ਅਲੱਗਤਾ ਜਿਸਦੇ ਕਾਰਣ ਬ੍ਰਾਹਮਣਾਂ ਦੇ ਸੰਸਕਾਰ ਸਾਰੇ ਹਿੰਦੂਆਂ ਜਾਤੀਆਂ ਅਤੇ ਅਛੂਤਾਂ ਨੂੰ ਵੀ ਪ੍ਰਾਪਤ ਹੋਏ ਗਏ। ਬ੍ਰਾਹਮਣਾਂ ਦੁਆਰਾ ਜੋ ਗੈਰ-ਦਵਿਜ (non twice born) ਜਾਤੀਆਂ ਉਤੇ ਪ੍ਰਤੀਬੰਧ ਲਗਾਏ ਗਏ ਸਨ, ਉਨ੍ਹਾਂ ਨੇ ਕੇਵਲ ਵੈਦਿਕ ਮੰਤਰ ਉਚਾਰਣ ਉਤੇ ਪਾਬੰਦੀ (ban) ਲਗਾਈ ਸੀ। ਇਸ ਤਰ੍ਹਾਂ ਨੀਵੀਂ ਜਾਤੀ ਦੇ ਲੋਕ ਵੀ ਬ੍ਰਾਹਮਣਾਂ ਦੇ ਸਮਾਜਿਕ ਆਚਾਰ ਵਿਚਾਰ ਨੂੰ ਸਰਲਤਾ ਨਾਲ ਅਪਣਾ ਸਕੇ। ਇਸ ਨਾਲ ਸੰਸਕ੍ਰਿਤੀਕਰਣ ਹੋਰ ਵੀ ਵਿਉਹਾਰਕ ਬਣ ਗਿਆ। ਸ੍ਰੀਨਿਵਾਸ ਦੇ ਅਨੁਸਾਰ ਸੰਸਦੀ ਪ੍ਰਜਾਤੰਤਰ ਦੀ ਰਾਜਨੀਤਿਕ ਸੰਸਥਾ ਨੇ ਵੀ ਸੰਸਕ੍ਰਿਤੀਕਰਣ ਦੀ ਵ੍ਰਿਧੀ ਨੂੰ ਵਾਧਾ ਦਿਤਾ ਹੈ। (1985:49)।

### 12.2.5 ਪੱਛਮੀਕਰਣ ਦੀ ਅਵਧਾਰਣਾ

ਇਸ ਅਵਧਾਰਣਾਂ ਦਾ ਸੰਦਰਭ ਗੈਰ-ਪੱਛਮੀ ਸਮਾਜ ਦੀ ਪ੍ਰੋਦਿਯੋਗਿਕੀ ਸੰਸਥਾਵਾਂ ਵਿਚਾਰਧਾਰਾਵਾਂ ਤੇ ਕੀਮਤਾਂ ਵਿਚ ਪਰਿਵਰਤਣ ਤੋਂ ਹੈ ਜੋ ਲੰਬੇ ਸਮੇਂ ਤਕ ਪੱਛਮੀ ਸਮਾਜ ਦੇ ਸਾਂਸਕ੍ਰਿਤਕ ਸੰਪਰਕਾਂ ਦਾ ਫਲ ਹੈ। ਭਾਰਤੀ ਸਮਾਜ ਦਾ ਉਦਾਹਰਣ ਦਿੰਦੇ ਹੋਏ ਤਕਨੀਕੀ ਪਰਿਵਰਤਣ, ਸਿਖਿਆ ਸੰਸਥਾਨਵਾਂ ਦੀ ਸਥਾਪਨਾ, ਰਾਸ਼ਟਰੀਅਤਾ ਦਾ ਉਦੇ, ਅਤੇ ਇਕ ਨਵੀਂ ਰਾਜਨੀਤਿਕ ਸੰਸਕ੍ਰਿਤੀ ਆਦਿ ਦਾ ਪੱਛਮੀਕਰਣ ਭਾਰਤ ਵਿਚ ਦੋ ਸੌ ਸਾਲਾਂ ਦੇ ਬ੍ਰਿਟਿਸ਼ ਸ਼ਾਸਨ ਦਾ ਹੀ ਪ੍ਰਤੀਫਲ ਕਿਹਾ ਜਾ ਸਕਦਾ ਹੈ।

ਪੱਛਮੀਕਰਣ ਦੇ ਪ੍ਰਮੁੱਖ ਲਖਸ਼ਣ ਇਸ ਪ੍ਰਕਾਰ ਹਨ: (1) ਤਕਨੀਕੀਕਰਣ ਅਤੇ ਯੁਕਤੀਵਾਦ (rationalism) ਉਤੇ ਬਲ (2) ਇਸ (ਪੱਛਮੀਕਰਣ) ਪ੍ਰਕਿਆ ਉਤੇ ਸੰਸਕ੍ਰਿਤੀਕਰਣ ਦਾ ਪ੍ਰਤੀਕੂਲ ਪ੍ਰਭਾਵ ਨਹੀਂ ਹੈ ਬਲਕਿ ਕੁਝ ਸੀਮਾ ਤਕ ਇਹ ਇਸਨੂੰ ਪ੍ਰੋਤਸਾਹਿਤ ਕਰਦੀ ਹੈ। ਸ੍ਰੀਵਿਾਸ ਨੇ ਪਹਿਲਾਂ ਕਿਹਾ ਸੀ ਕਿ ਸੰਸਕ੍ਰਿਤੀਕਰਣ ਪੱਛਮੀਕਰਣ ਦੀ ਭੂਮਿਕਾ ਹੈ। ਪਰੰਤੂ ਬਾਅਦ ਵਿਚ ਉਨ੍ਹਾਂ ਨੇ ਆਪਣਾ ਇਹ ਵਿਚਾਰ ਬਦਲਿਆ ਅਤੇ ਕਿਹਾ ਕਿ ਇਹ ਜਰੂਰੀ ਨਹੀਂ ਕਿ ਪੱਛਮੀਕਰਣ ਦੇ ਪੂਰਵ ਸੰਸਕ੍ਰਿਤੀਕਰਣ ਆਏ। ਪਰੰਤੂ ਦੋਵਾਂ ਪ੍ਰਕ੍ਰਿਆਵਾਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਇਕ ਨੂੰ ਦੂਜੇ ਦੇ ਬਿਨਾ ਸਮਝਣਾ ਸੰਭਵ ਨਹੀਂ ਹੈ। ਹੈਰੋਲਡ ਗੂਲਡ (harold gould) ਨੇ ਵੀ ਕਿਹਾ ਕਿ ਬ੍ਰਾਹਮਣਾਂ ਅਤੇ ਹੋਰ ਉੱਚ ਜਾਤੀਆਂ ਦੇ ਲਈ ਸੰਸਕ੍ਰਿਤੀਕਰਣ ਸੰਸਕ੍ਰਿਤ ਹੋ ਰਹੀ ਨੀਵੀਂ ਜਾਤੀਆਂ ਤੋਂ ਦੂਰੀ ਬਣਾ ਕੇ ਰਖਣ ਦਾ ਇਕ ਯਤਨ ਹੈ। ਇਸ ਪ੍ਰਕਾਰ ਇਕ ਅਰਥ ਵਿਚ ਬ੍ਰਾਹਮਣ ਨੀਵੇਂ ਸਮੂਹਾਂ ਤੋਂ ਦੂਰ ਭੱਜ ਰਹੇ ਹਨ ਜੋ ਉਨ੍ਹਾਂ ਨੂੰ ਫੜਣ ਦਾ ਯਤਨ ਕਰ ਰਹੇ ਹਨ।

ਭਾਰਤ ਵਿਚ ਪੱਛਮੀਕਰਣ ਦਾ ਸਰੂਪ ਅਤੇ ਗਤੀ ਅਲੱਗ-ਅਲੱਗ ਖੇਤਰਾਂ ਵਿਚ ਅਤੇ ਜਨਸੰਖਿਆ ਦੇ ਕਈ ਭਾਗਾਂ ਵਿਚ ਅਲੱਗ-ਅਲੱਗ ਪਾਈ ਗਈ ਹੈ। ਉਦਾਹਰਣ ਲਈ, ਜਨਸੰਖਿਆ ਦਾ ਇਕ ਸਮੂਹ ਆਪਣੇ ਵਸਤਰਾਂ, ਭੋਜਨ, ਵਿਉਹਾਰ, ਭਾਸ਼ਾ, ਖੇਡ-ਕੂਦ ਅਤੇ ਛੋਟੇ ਬਿਜਲੀ ਮਸ਼ੀਨਾਂ ਦੇ ਉਪਯੋਗ ਵਿਚ ਪੱਛਮੀਕ੍ਰਿਤ ਹੋ ਗਿਆ, ਜਦ ਕਿ ਦੂਜੇ ਸਮੂਹ ਨੇ ਪੱਛਮੀਕਰਣ ਦੇ ਬਾਹਰੀ ਪ੍ਰਭਾਵਾਂ ਤੋਂ ਅਛੂਤੇ ਰਹਿ ਕੇ ਵੀ ਪੱਛਮੀ ਦੇ ਵਿਗਿਆਨ, ਗਿਆਨ, ਸਾਹਿੱਤ ਆਦਿ ਨੂੰ ਆਤਮਸਾਤ ਕੀਤਾ। ਜਿਵੇਂ ਬ੍ਰਾਹਮਣਾਂ ਨੇ ਵੇਸ਼ ਭੂਸ਼ਾ ਅਤੇ ਬਾਹਰੀ

ਰੂਪ (ਚੋਟੀ ਹਟਾ ਕੇ ਵਾਲ ਕਟਵਾਉਣੇ) ਸਵੀਕਾਰ ਕਰਕੇ, ਆਪਣੇ ਬੱਚਿਆਂ ਨੂੰ ਪੱਛਮੀ ਸਕੂਲਾਂ ਵਿਚ ਭੇਜ ਕੇ, ਸੁਖ-ਸਹੂਲਤਾ ਦਾ ਉਪਯੋਗ ਕਰਕੇ ਪੱਛਮੀਕਰਣ ਨੂੰ ਸਵੀਕਾਰ ਕੀਤਾ ਪਰੰਤੂ ਉਨ੍ਹਾਂ ਨੇ ਭੋਜਨ, ਨਿੱਤ ਸ਼ਿਕਾਰ ਕਰਨਾਂ ਅਤੇ ਅਸ਼ੁੱਧਤਾ ਤੋਂ ਮੁਕਤੀ, ਆਦਿਕ ਨੂੰ ਸਵੀਕਾਰ ਨਹੀਂ ਕੀਤਾ। ਪਰੰਤੂ ਇਹ ਅੰਤਰ ਕੇਵਲ ਸਾਪੇਖਿਕ ਰੂਪ ਵਿਚ ਬਲ ਦੇਣ ਦਾ ਹੈ। ਇਹ ਸਪਸ਼ਟ ਅੰਤਰ ਨਹੀਂ ਹੈ।

ਸ੍ਰੀਨਿਵਾਸ ਨੇ 'ਪੱਛਮੀਕਰਣ' ਸ਼ਬਦ ਨੂੰ 'ਆਧੁਨਿਕੀਕਰਣ' ਸ਼ਬਦ ਦੀ ਅਪੇਕਸ਼ਾ ਅੱਛਾ ਮੰਨਿਆ ਜਾਂਦਾ ਹੈ। ਜਦ ਕਿ ਡੇਨਿਅਲ ਲਰਨਰ, ਹੈਰੋਲਡ ਗਲਡ, ਮਿਲਟਨ ਸਿੰਗਰ ਅਤੇ ਯੋਗੇਂਦਰ ਸਿੰਘ ਨੇ 'ਆਧੁਨਿਕੀਕਰਣ' ਸ਼ਬਦ ਨੂੰ ਉਚਿਤ ਮੰਨਿਆ ਹੈ ਉਹ 'ਆਧੁਨਿਕੀਕਰਣ' ਨੂੰ ਵਿਅਕਤੀਪਰਕ ਅਤੇ ਪੱਛਮੀਕਾਰਣ ਨੂੰ ਵਸਤੂਪਰਕ ਮੰਨਤਾ ਹੈ (ਸੇਮੀਨਾਰ, 88, 1986:2)। ਆਧੁਨਿਕੀਕਰਣ ਵਿਚ ਤਥਾਕਥਿਤ 'ਲਖਸ਼ਿਆਂ ਦੀ ਤਰਕ ਸੰਗਤਤਾ' (rationality of Goals) ਨੂੰ ਨਿਸ਼ਚਿਤ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਮਾਨਵ ਲਖਸ਼ ਕੀਮਤ ਵਰੀਅਤਾਵਾਂ (preferences) ਉਤੇ ਆਧਾਰਤ ਹਨ। ਸੋ ਤਰਕ ਸੰਗਤਤਾ (rationality) ਨੂੰ ਸਮਾਜਿਕ ਕ੍ਰਿਆ ਦੇ ਲਖਸ਼ਾਂ (ends) ਦੇ ਆਧਾਰ ਉੱਤੇ ਪਰ ਨਾ ਮੰਨ ਕੇ ਕੇਵਲ ਸਾਧਨਾਂ (means) ਦੇ ਆਧਾਰ ਉਤੇ ਪੂਰਵਾਨੁਮਾਨਿਤ (pedict) ਕੀਤਾ ਜਾ ਸਕਦਾ ਹੈ।

> **ਕੀ ਤੁਸੀਂ ਜਾਣਦੇ ਹੋ** ਭਾਰਤ ਦੇ ਸੰਵਿਧਾਨ ਵਿਚ ਨਸ਼ਾ ਨਿਸ਼ੇਧ, ਜੋ ਕਿ ਇਕ ਸਾਂਸਕ੍ਰਿਤਕ ਕੀਮਤ ਹੈ, ਵਰਣਿਤ ਹੈ। ਕੁਝ ਰਾਜਾਂ ਨੇ ਇਸ ਨੂੰ ਪੂਰਨ ਜਾਂ ਆਂਸ਼ਿਕ ਰੂਪ ਤੋਂ ਲਾਗੂ ਵੀ ਕੀਤੀ ਗਿਆ ਹੈ।

### 12.2.6 ਵਿਦਵਾਨਾਂ ਦੁਆਰਾ ਅਵਧਾਰਣਾਵਾਂ ਦਾ ਸਮਰਥਣ

ਬਨਰਨਾਰਡ ਕੋਹਨ (Bernard Cohn) ਅਤੇ ਮਿਲਟਨ ਸਿੰਗਰ (Milton Singer) ਵਰਗੇ ਵਿਦਵਾਨਾਂ ਨੇ ਸੰਸਕ੍ਰਿਤੀਕਰਣ ਦੀ ਅਵਧਾਰਣਾ ਦਾ ਆਨੁਭਾਵਿਕ (Empirical) ਅਧਿਐਨਾਂ ਦੇ ਆਧਾਰ ਉਤੇ ਉਸਦੀ ਵੈਧਤਾ (Validity) ਦਾ ਸਮਰਥਣ ਕੀਤਾ ਹੈ। ਕੋਹਨ ਨੇ 1950 ਦੇ ਦਸ਼ਕ ਵਿਚ ਪੂਰਵੀ ਉੱਤਰ ਪ੍ਰਦੇਸ਼ ਦੇ ਇਕ ਪਿੰਡ ਦਾ ਅਧਿਐਨ ਕੀਤਾ ਸੀ। ਇਸ ਪਿੰਡ ਵਿਚ ਦੋ ਜਾਤੀਆਂ ਪ੍ਰਮੁੱਖ ਸਨ — ਪ੍ਰਬਲ ਜਾਤੀ ਠਾਕੁਰ ਅਤੇ ਵੱਡੀ ਸੰਖਿਆ ਵਿਚ ਅਛੂਤ ਜਾਤੀ ਦੇ ਚਮਾਰ। ਭੂਮੀਹੀਨ ਚਮਾਰਾਂ ਨੇ ਤਾਂ ਸਥਾਨਕ ਸਕੂਲਾਂ ਵਿਚ ਸਿਖਿਆ ਲੈ ਲਈ ਅਤੇ ਆਮਦਨ ਵਿਚ ਵਾਧਾ ਕਰਕੇ ਠਾਕੁਰ ਜਮੀਂਦਾਰਾਂ ਦੇ ਵਿਆਹ ਅਤੇ ਜਨਮ ਦੇ ਸਮੇਂ ਦੇ ਸੰਸਕਾਰਾਂ ਨੂੰ ਧਾਰਣ ਕਰਕੇ ਸੰਸਕ੍ਰਿਤੀਕਰਣ ਆਰੰਭ ਕਰ ਦਿਤਾ। ਦੂਜੇ ਪਾਸੇ ਅਨੇਕ ਠਾਕੁਰ ਜੋ ਸ਼ਹਿਰਾਂ ਵਿਚ ਪ੍ਰਵਰਜਨ (Migrate) ਕਰਕੇ ਉਦਿਯੋਗਿਕ ਮਜਦੂਰ, ਕਲਰਕ, ਜਾਂ ਅਧਿਆਪਕ ਹੋ ਗਏ ਸਨ, ਉਨ੍ਹਾਂ ਨੇ ਆਪਣੇ ਧਾਰਮਿਕ ਦ੍ਰਿਸ਼ਟੀਕੋਣ, ਵੇਸ਼ਭੂਸ਼ਾ ਤੇ ਆਚਾਰ ਵਿਉਹਾਰ ਵਿਚ ਪੱਛਮੀਕਰਣ ਧਾਰਣ ਕਰ ਲਿਆ। ਇਸ ਪ੍ਰਕਾਰ ਜਦ ਉੱਚ ਜਾਤਿ ਜੀਵਨ-ਸ਼ੈਲੀ ਅਤੇ ਧਾਰਮਿਕ ਵਿਸ਼ਵਾਸਾਂ ਵਿਚ ਪੱਛਮੀਕ੍ਰਿਤ ਹੋ ਰਹੀ ਸੀ, ਤਦ ਨੀਵੀਂ ਜਾਤੀ ਸੰਸਕ੍ਰਿਤ ਹੋ ਰਹੀ ਸੀ ਅਤੇ ਸੰਸਕਾਰਾਂ, ਵਿਸ਼ਵਾਸਾਂ ਅਤੇ ਆਚਾਰਾਂ ਦੇ ਪਾਰੰਪਰਿਕ ਸਵਰੂਪ ਨੂੰ ਧਾਰਣ ਕਰ ਰਹੀ ਸੀ।

ਸਿੰਗਰ ਨੇ ਮਦਰਾਸ ਨਗਰ ਦੇ ਪ੍ਰਮੁੱਖ ਉਦਿਯੋਗਪਤੀਆਂ ਦੇ ਅਧਿਐਨੀ ਦੇ ਆਧਾਰ ਉਤੇ ਉੱਚ ਅਤੇ ਨੀਵੀਆਂ ਜਾਤੀਆਂ ਦੀ ਜੀਵਨ ਸ਼ੈਲੀ ਅਤੇ ਧਾਰਮਿਕ ਵਿਸ਼ਵਾਸਾਂ ਵਿਚ ਪਰਿਵਰਤਣ ਦੀ ਭਿੰਨ ਪ੍ਰਕ੍ਰਿਆ ਪਾਈ ਜਿਸ ਨੂੰ ਉਨ੍ਹਾਂ ਨੇ, 'ਵਿਭਾਗੀਕਰਣ' (Compartmentalisation) ਕਿਹਾ। ਇਹ ਪ੍ਰਕ੍ਰਿਆ ਸ੍ਰੀਨਿਵਾਸ ਦੇ ਸੰਸਕ੍ਰਿਤੀਕਰਣ ਅਤੇ ਪੱਛਮੀਕਰਣ ਦੀ ਪ੍ਰਕ੍ਰਿਆਵਾਂ ਤੋਂ ਭਿੰਨ ਹੈ ਉਨਾਂ ਨੇ ਪਾਇਆ ਕਿ ਸਾਂਸਕਾਰਿਕ ਅਪਵਿੱਤਰਤਾ (Ritual pollution) ਦਾ ਡਰ ਦਫਤਰਾਂ ਅਤੇ ਫੈਕਟਰੀਆਂ ਦੋਵਾਂ ਵਿਚ ਹੀ ਘੱਟ ਹੋ ਰਿਹਾ ਹੈ। ਉਦਾਹਰਣ ਲਈ ਫੈਕਟਰੀਆਂ ਵਿਚ ਕਈ ਜਾਤੀ ਦੇ ਲੋਕ ਆਪਸ ਵਿਚ ਮੁੱਖ ਰੂਪ ਨਾਲ ਮਿਲਦੇ ਜੁਲਦੇ ਸਨ, ਉਹ ਇਕ ਜਲ ਪਾਨ ਗ੍ਰਹਿ ਵਿਚ ਭੋਜਨ ਲੈਂਦੇ ਸਨ, ਇਕ ਹੀ ਬਸ ਵਿਚ ਯਾਤਰਾ ਕਰਦੇ ਸਨ, ਤੇ ਰਾਜਨੈਤਿਕ ਪ੍ਰਦਰਸ਼ਨਾਂ ਵਿਚ ਇਕ ਦੂਜੇ ਦੇ ਨਾਲ ਮੁਕਤ ਰੂਪ ਵਿਚ ਹਿੱਸਾ ਲੈਂਦੇ ਸਨ। ਬ੍ਰਾਹਮਣਾਂ ਅਤੇ ਹੋਰ ਉੱਚ ਜਾਤੀਆਂ ਵਿਚ ਅਜਿਹੇ ਕਿੱਤੇ ਅਪਣਾ ਲਏ ਸਨ ਜੋ 'ਅਪਵਿੱਤਰ' ਸਮਝੇ ਜਾਂਦੇ ਸਨ ਜਿਵੇਂ ਚਮੜਾ ਕਮਾਉਣ ਦਾ ਕੰਮ। ਸਿੰਗਰ ਨੇ ਇਸ ਪ੍ਰਕ੍ਰਿਆ ਨੂੰ 'ਵਿਭਾਗੀਕਰਣ' ਕਿਹਾ ਹੈ। ਉੱਚ ਜਾਤੀਆਂ ਵਿਚ ਫੈਕਟਰੀ ਵਿਚ ਉਨ੍ਹਾਂ ਦੀ ਮਿਹਨਤ ਤੇ ਅੱਛੇ ਹਿੰਦੂ ਦੇ ਫਰਜਾਂ ਦੇ ਵਿਚ ਕੋਈ ਸੰਘਰਸ਼ ਨਹੀਂ ਸੀ। ਦੋਵੇਂ (ਫੈਕਟਰੀ ਅਤੇ ਘਰ ਦੀ ਪਰਿਸਥਿਤੀਆਂ) ਦੇ ਅਲੱਗ-ਅਲੱਗ ਖੇਤਰ ਸਨ ਅਤੇ ਉਨ੍ਹਾਂ ਦੇ ਆਚਾਰ ਵਿਉਹਾਰ ਦੇ ਪੱਧਰ ਵੀ ਅਲਗ ਸਨ। ਉਦਾਹਰਣ ਲਈ ਫੈਕਟਰੀ ਵਿਚ ਉਹ ਪੱਛਮੀ ਵੇਸ਼ਭੂਸ਼ਾ ਪਾਉਂਦੇ, ਅੰਗ੍ਰੇਜੀ ਬੋਲਦੇ ਅਤੇ ਪੱਛਮੀ ਤੌਰ ਤਰੀਕੇ ਅਪਣਾਉਂਦੇ ਸਨ, ਪਰੰਤੂ ਘਰ ਵਿਚ ਉਹ ਭਾਰਤੀ ਵੇਸ਼ ਧਾਰਣ ਕਰਦੇ, ਸਥਾਨਕ ਭਾਸ਼ਾ ਬੋਲਦੇ ਅਤੇ ਅੱਛੇ ਹਿੰਦੂ ਵਰਗਾ ਆਚਰਣ ਕਰਦੇ ਸਨ। ਸਿੰਗਰ ਨੇ ਇਸੇ ਨੂੰ 'ਵਿਭਾਗੀਕਰਣ' ਕਿਹਾ ਹੈ।

### 12.2.7 ਅਵਧਾਰਣਾਂ ਦੀ ਅਨੁਭੂਤੀ

ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਇਹ ਸੰਕੇਤ ਦਿੰਦੀ ਹੈ:

1. ਪਰਿਵਰਤਣ ਦੀ ਇਕ ਪ੍ਰਕ੍ਰਿਆ;

ਨੋਟ

2. ਉਧਰਵ ਗਤੀਸ਼ੀਲਤਾ, ਅਰਥਾਤ ਜਾਤੀ ਸੰਸਤਰਣ ਵਿਚ ਨੀਵੀਂ ਜਾਤਾਂ ਨੂੰ ਉਪਰ ਚੁੱਕਣ ਦੀ ਆਕਾਂਸ਼ਾ;
3. ਸੰਸਤਰਣ ਉਤੇ ਆਘਾਤ (attack) ਅਤੇ ਸੰਸਕ੍ਰਿਤੀ ਦਾ ਸਮਾਨ ਪੱਧਰ ਬਣਾਉਣਾ।

ਜਿੱਥੇ ਤਕ ਸੰਸਤਰਣ ਉਤੇ ਆਘਾਤ ਦੇ ਪ੍ਰਸ਼ਨ ਹੈ, ਨਾ ਕੇਵਲ ਨੀਵੀਂ ਜਾਤਾਂ ਬਲਕਿ ਜਨਜਾਤੀਆਂ ਅਤੇ ਸੰਸਤਰਣ ਦੇ ਮੱਧ ਖੇਤਰਾਂ ਦੀ ਜਾਤਾਂ ਵੀ ਉੱਚ ਜਾਤਾਂ ਦੀ ਪ੍ਰਥਾਵਾਂ, ਰੀਤੀ-ਰਿਵਾਜਾਂ ਅਤੇ ਜੀਵਨ-ਸ਼ੈਲੀ ਨੂੰ ਅਪਨਾਉਣ ਦਾ ਯਤਨ ਕਰਦੀਆਂ ਹਨ। ਇਸ ਪ੍ਰਕਾਰ ਬ੍ਰਾਹਮਣਾਂ ਦੀ ਜੀਵਨ-ਸ਼ੈਲੀ ਅਤੇ ਰਿਵਾਜ ਸਾਰੇ ਹਿੰਦੂਆਂ ਵਿਚ ਫੈਲਦੇ ਹਨ। ਕੀ ਇਸਦਾ ਸੰਸਤਰਣ ਉਤੇ ਹਮਲਾ ਅਤੇ ਸੰਸਕ੍ਰਿਤੀ ਦਾ ਸਮਾਨੀਕਰਣ (levelling) ਕਿਹਾ ਜਾ ਸਕਦਾ ਹੈ? ਹੈਰੋਲਡ ਗੂਲਡ ਨੇ (1961:956) ਇਸ ਸਾਂਸਕ੍ਰਿਤਕ ਨਕਲ ਕਰਨਾ ਨਹੀਂ ਦਸਿਆ ਹੈ, ਬਲਕਿ ਸਮਾਜਿਕ ਆਰਥਿਕ ਵੰਚਨ (deprivations) ਦੇ ਪ੍ਰਤੀ ਵਿਦ੍ਰੋਹ ਅਤੇ ਚੁਣੌਤੀ ਦੀ ਅਭਿਵਿਅਕਤੀ ਕਿਹਾ ਹੈ। ਕੁਝ ਵਿਦਵਾਨ ਮੰਨਦੇ ਹਨ ਕਿ ਇਹ ਸੰਸਤਰਣ ਉਤੇ ਹਮਲਾ ਹੈ, ਪਰੰਤੂ ਇਸ ਨੂੰ ਸੰਸਕ੍ਰਿਤੀ ਦੇ ਸਮਾਨੀਕਰਣ ਵਿਚ ਸਫਲਤਾ ਨਹੀਂ ਮਿਲੀ।

ਜਿੱਥੋਂ ਤਕ 'ਉਧਰਵ ਗਤਿਸ਼ੀਲਤਾ' ਦਾ ਸੰਬੰਧ ਹੈ, ਯੋਗੇਂਦਰ ਸਿੰਘ ਨੇ ਇਸ ਨੂੰ ਸੰਸਕ੍ਰਿਤੀਕਰਣ ਦਾ 'ਸੰਦਰਭਿਤ ਵਿਸ਼ਿਸ਼ਟ ਲਖਸ਼ਣ' (contextual specific connotation) ਕਿਹਾ ਹੈ। ਇਹ ਇਸ ਕਾਰਣ ਕਿ ਇਹ ਨੀਵੀਂ ਜਾਤ ਦੁਆਰਾ ਉੱਚ ਜਾਤੀ ਦੀ ਸਾਂਸਕ੍ਰਿਤਕ ਨਕਲ ਕਰਨ ਦੀ ਪ੍ਰਕ੍ਰਿਆ ਹੈ, ਜੋ ਰਾਜਪੂਤ, ਜਾਟ, ਬ੍ਰਾਹਮਣ, ਬਨੀਆ ਵੀ ਹੋ ਸਕਦੀ ਹੈ। ਕੁਝ ਸਥਾਨਾਂ ਵਿਚ ਤਾਂ ਜਨ ਜਾਤੀਆਂ ਵੀ ਹਿੰਦੂ ਜਾਤੀਆਂ ਦੀ ਪ੍ਰਥਾਵਾਂ ਦੀ ਨਕਲ ਕਰਨ ਲਗੀ ਹੈ।

ਅੰਤ ਵਿਚ, ਜਿੱਥੋਂ ਤਕ ਕੇਵਲ 'ਪਰਿਵਰਤਣ ਦੀ ਪ੍ਰਕ੍ਰਿਆ' ਦਾ ਪ੍ਰਸ਼ਨ ਹੈ, ਸੰਸਕ੍ਰਿਤੀਕਰਣ ਨੂੰ ਇਕ 'ਇਤਿਹਾਸਕ ਵਿਸ਼ਿਸ਼ਟ' ਲਖਸ਼ਣ ਕਿਹਾ ਹੈ। ਇਸ ਅਰਥ ਵਿਚ ਇਸਦਾ ਸੰਦਰਭ ਭਾਰਤੀ ਇਤਿਹਾਸ ਵਿਚ ਉਸ ਪ੍ਰਕ੍ਰਿਆ ਤੋਂ ਹੈ ਜਿਸਦੇ ਕਾਰਣ ਇਤਿਹਾਸ ਦੀ ਵਿਭਿੰਨ ਅਵਧੀਆਂ ਵਿਚ ਅਨੇਕ ਜਾਤੀਆਂ ਦੀ ਸਥਿਤੀ ਵਿਚ ਅਤੇ ਉਸਦੇ (ਭਾਰਤ ਦੇ) ਸਾਂਸਕ੍ਰਿਤਕ ਸਵਰੂਪ ਵਿਚ ਪਰਿਵਰਤਣ ਆਏ। ਇਹ ਸਮਾਜਿਕ ਪਰਿਵਰਤਣ ਦੇ ਆਂਤਰਿਕ ਸ੍ਰੋਤ ਦੀ ਤਰਫ ਵੀ ਸੰਕੇਤ ਕਰਦਾ ਹੈ।

### 12.2.8 ਸਮਾਜਿਕ ਪਰਿਵਰਤਣ ਸਮਝਣ ਵਿਚ ਇਨ੍ਹਾਂ ਅਵਧਾਰਣਾਵਾਂ ਦੀ ਉਪਯੋਗਿਤਾ

ਭਾਰਤੀ ਸਮਾਜ ਦੇ ਵਿਸ਼ਲੇਸ਼ਣ ਵਿਚ ਸੰਸਕ੍ਰਿਤੀਕਰਣ ਦੀ ਅਵਧਾਰਣਾ ਨੂੰ ਇਕ ਉਪਰਣ ਦੇ ਰੂਪ ਵਿਚ ਇਸਦੀ ਉਪਯੋਗਿਤਾ ਨੂੰ ਆਪ ਸ੍ਰੀਨਿਵਾਸ ਨੇ ਬਹੁਤ ਜ਼ਿਆਦਾ ਸੀਮਤ ਦਸਿਆ ਹੈ ਕਿਉਂਕਿ 'ਅਵਧਾਰਣਾ ਦੀ ਕੁਝ ਕਮੀਆਂ ਇੰਗਿਤ ਕਰ ਸਕਦੇ ਹਾਂ:

1. ਸੰਦਰਭ ਸਮੂਹ (reference group) ਸਦੈਵ ਬ੍ਰਾਹਮਣ ਜਾਤੀ ਨਹੀਂ ਹੁੰਦਾ, ਪਰ ਕਈ ਮਾਮਲਿਆਂ ਵਿਚ ਉਹ ਸਥਾਨਕ ਪ੍ਰਬਲ ਜਾਤੀ (ਰਾਜਪੂਤ, ਬਣੀਆ, ਜਾਟ ਆਦਿ) ਹੁੰਦਾ ਹੈ, ਇਸ ਲਈ ਸੰਸਕ੍ਰਿਤੀਕਰਣ ਦਾ ਸੰਦਰਭ ਨਾ ਕੇਵਲ ਹਰ ਮਾਡਲ ਵਿਚ ਭਿੰਨ ਮਿਲਦਾ ਹੈ। (ਜਿਵੇਂ ਬ੍ਰਾਹਮਣ ਮਾਡਲ, ਰਾਜਪੂਤ ਮਾਡਲ, ਬਣੀਆ ਮਾਡਲ, ਆਦਿ) ਪਰੰਤੂ ਇਕ ਹੀ ਮਾਡਲ ਵਿਚ ਅਲੱਗ-ਅਲੱਗ ਖੇਤਰਾਂ ਵਿਚ ਵੀ ਭਿੰਨਤਾ ਮਿਲਦੀ ਹੈ। ਯੋਗੇਂਦਰ ਸਿੰਘ ਦੇ ਅਨੁਸਾਰ ਇਹ (ਭਿੰਨਤਾ ਦਾ ਲਖਸ਼ਣ) ਸੰਸਕ੍ਰਿਤੀਕਰਣ ਦੇ ਵਿਭਿੰਨ 'ਸੰਦਰਭਿਤ ਵਿਸ਼ਿਸ਼ਟ' ਲਖਸ਼ਣ ਵਿਚ ਵਿਰੋਧਾਭਾਸ ਪੈਦਾ ਕਰਦਾ ਹੈ।
2. ਸ੍ਰੀਨਿਵਾਸ ਨੇ ਸ਼ਕਤੀ (power) ਤੇ ਪ੍ਰਭੁਤਵ (dominance) ਨੂੰ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਨਾਲ ਜੋੜ ਦਿਤਾ ਹੈ। ਇਸ ਨਾਲ ਸਮਾਜਿਕ ਪਰਿਵਰਤਣ ਦੇ ਸੰਸਕ੍ਰਿਤੀਕਰਣ ਮਾਡਲ ਵਿਚ ਸੰਰਚਨਾਤਾਮਕ ਇਕਾਈ ਵੀ ਸ਼ਾਮਲ ਹੋ ਜਾਂਦੀ ਹੈ। ਸ੍ਰੀਨਿਵਾਸ ਨੇ ਇਸਨੂੰ ਸਪਸ਼ਟ ਨਹੀਂ ਕੀਤਾ ਹੈ। ਉਨ੍ਹਾਂ ਦਾ ਕਹਿੰਦਾ ਹੈ ਕਿ ਅਨੇਕ ਨੀਵੀਂ ਜਾਤੀਆਂ ਅਤੀਤ ਵਿਚ ਉੱਚ ਸਥਿਤੀਆਂ ਤਕ ਪਹੁੰਚੀਆਂ ਹਨ ਅਤੇ ਜਾਂ ਉਹ ਰਾਜਕੀ ਆਦੇਸ਼ ਨਾਲ ਜਾਂ ਸ਼ਕਤੀ ਹੜਪ ਕੇ ਪ੍ਰਬਲ ਜਾਤੀਆਂ ਬਣ ਗਈਆਂ ਹਨ।
3. 'ਸੰਸਕ੍ਰਿਤੀਕਰਣ' ਅਤੇ 'ਪੱਛਮੀਕਰਣ' ਦੀ ਅਵਧਾਰਣਾਂਵਾਂ ਸਮਾਜਿਕ ਪਰਿਵਰਤਣ ਦਾ ਵਿਸ਼ਲੇਸ਼ਣ ਮੁੱਖ ਤੌਰ ਤੇ ਸੰਸਕ੍ਰਿਤੀ ਦੇ ਸੰਦਰਭ ਵਿਚ ਕਰਦੀਆਂ ਹਨ ਨਾ ਕਿ ਸੰਰਚਨਾ ਦੇ ਸੰਦਰਭ ਵਿਚ। ਸੰਸਕ੍ਰਿਤੀਕਰਣ ਜਾਤੀ ਵਿਅਵਸਥਾ ਵਿਚ ਕੇਵਲ 'ਸਥਿਤੀ ਪਰਿਵਰਤਣ' ਪ੍ਰਗਟ ਹੈ ਅਤੇ ਉਹ ਸਰੰਚਨਾਤਮਕ ਪਰਿਵਰਤਣ ਇੰਗਿਤ ਨਹੀਂ ਕਰਦਾ।
4. ਜ਼ੇਟਰਬਰਗ ਇਸ ਵਿਚਾਰ ਦੇ ਹਲ ਕਿ ਸ੍ਰੀਨਿਵਾਸ ਦੀ ਦੋਵਾਂ ਅਵਧਾਰਣਾਂ 'ਸੱਚ ਦੀ ਦਾਵਾ ਕਰਨ ਵਾਲੀ' (truth asserting) ਹਨ। ਸ੍ਰੀਲਿਵਾਸ ਨੇ ਆਪ ਕਿਹਾ ਹੈ ਕਿ ਸੰਸਕ੍ਰਿਤੀਕਣ ਇਕ ਅਤਿਅੰਤ ਮੁਸ਼ਕਲ ਅਤੇ ਵਿਸ਼ਮਰੂਪੀ (heterogeneous) ਅਵਧਾਰਣਾ ਹੈ। ਇਸ ਨੂੰ ਇਕ ਅਵਧਾਰਣਾ ਦੇ ਰੂਪ ਵਿਚ ਸਮਝਣ ਦੀ ਅਪੇਕਸ਼ਾ ਅਵਧਾਰਣਾਂਵਾਂ ਦੇ ਇਕ ਬੰਡਲ ਦੇ ਰੂਪ ਵਿਚ ਸਮਝਣਾ ਲਾਭਦਾਇਕ ਹੋਏਗਾ। ਇਹ ਵਿਸਤ੍ਰਿਤ ਸਾਂਸਕ੍ਰਿਤ ਪ੍ਰਕ੍ਰਿਆ ਦਾ ਕੇਵਲ ਇਕ ਨਾਮ ਹੈ।
5. ਸ੍ਰੀਨਿਵਾਸ ਦਾ ਮਾਡਲ ਕੇਵਲ ਭਾਰਤ ਵਿਚ ਸਮਾਜਿਕ ਪਰਿਵਰਤਣ ਨੂੰ ਸਮਝਾਉਂਦਾ ਹੈ ਜੋ ਕਿ ਜਾਤੀ ਵਿਅਵਸਥਾ ਉਤੇ ਆਧਾਰਤ ਹੈ। ਹੋਰ ਸਮਾਜਾਂ ਦੇ ਲਈ ਇਹ ਉਪਯੋਗੀ ਨਹੀਂ ਹੈ।
6. ਇਹ ਅਵਧਾਰਣਾਵਾਂ ਸਾਂਸਕ੍ਰਿਤਕ ਪਰਿਵਰਤਣ ਦੇ ਕਿਸੇ ਸਿਧਾਂਤ ਦੀ ਸਥਾਪਨਾ ਨਹੀਂ ਕਰਦੀਆਂ, ਇਥੋਂ ਤਕ ਕਿ ਆਮ ਪਰਿਭਾਸ਼ਾਵਾਂ ਵੀ ਸਿਧਾਂਤਹੀਨ ਹਨ। ਜ਼ੇਟਰਬਰਗ ਦਾ ਕਹਿਣਾ ਹੈ ਕਿ ਇਹ ਦੋਵੇਂ ਅਵਧਾਰਣਾਂਵਾਂ ਉਪਯੁਕਤ ਜਾਂ ਅਨੁਪਯੁਕਤ, ਪ੍ਰਭਾਵਸ਼ਾਲੀ ਜਾਂ ਮੁੱਲਹੀਨ ਤਾਂ ਹੋ ਸਕਦੀ ਹੈ, ਪਰੰਤੂ ਠੀਕ ਜਾਂ ਗਲਤ ਕਦੀ ਨਹੀਂ ਹੋ ਸਕਦੀ।

7. ਹਾਰਪਰ ਵੀ ਇਸ ਅਵਧਾਰਣਾ ਨੂੰ ਇਕ ਪ੍ਰਕਾਰਾਜਾਤਕ ਅਵਧਾਰਣਾ ਮੰਨਦਾ ਹੈ ਜੋ ਕਿ ਪਰਿਵਰਤਣ ਦੀ ਇਤਿਹਾਸਕ ਅਵਧਾਰਣਾ ਤੋਂ ਬਿਲਕੁਲ ਭਿੰਨ ਹੈ।
8. ਯੋਗੇਂਦਰ ਸਿੰਘ ਦੀ ਮਾਨਤਾ ਹੈ ਕਿ ਸੰਸਕ੍ਰਿਤੀਕਰਣ ਅਤੀਤ ਅਤੇ ਵਰਤਮਾਨ ਵਿਚ ਹੋਏ ਭਾਰਤ ਵਿਚ ਸਾਂਸਕ੍ਰਿਤਕ ਪਰਿਵਰਤਣ ਦੇ ਅਨੇਕ ਪੱਖਾਂ ਦਾ ਵਿਵਰਣ ਨਹੀਂ ਦਿੰਦਾ, ਕਿਉਂਕਿ ਇਹ ਗੈਰ-ਸਾਂਸਕ੍ਰਿਤਕ ਪਰੰਪਰਾਵਾਂ ਦੀ ਉਪੇਕਸ਼ਾ ਕਰਦਾ ਹੈ ਜੋ ਕਿ ਸਾਂਸਕ੍ਰਿਤਕ ਪਰੰਪਰਾਵਾਂ ਦਾ ਸਥਾਨਕ ਸਵਰੂਪ ਹ। ਮੇਕਿਮ ਮੇਰਿਅਟ ਨੇ ਵੀ ਭਾਰਤ ਦੇ ਇਕ ਪੇਂਡੂ ਸਮੁਦਾਏ ਦੇ ਆਪਣੇ ਅਧਿਐਨ ਵਿਚ ਇਹੀ ਪਾਇਆ।
9. ਦੇਸ਼ ਦੇ ਕੁਝ ਹਿੱਸਿਆਂ ਵਿਚ (ਜਿਵੇਂ ਪੰਜਾਬ ਅਤੇ ਦੇਸ਼ ਵਿਭਾਜਨ ਤੋਂ ਪਹਿਲਾਂ ਦਾ ਸਿੰਧ) ਜਾਤੀਆਂ ਦੁਆਰਾ ਜੋ ਕੁਝ ਵੀ ਨਕਲ ਕੀਤਾ ਜਾਂਦਾ ਸੀ ਉਹ ਸਾਂਸਕ੍ਰਿਤਕ ਪਰੰਪਰਾਵਾਂ ਨਹੀਂ ਸਨ ਬਲਕਿ ਇਸਲਾਮੀ ਪਰੰਪਰਾਵਾਂ ਸਨ। ਪੰਜਾਬ ਵਿਚ ਸਿੱਖ ਧਰਮ ਉਦੇ ਹਿੰਦੂ ਪਰੰਪਰਾਵਾਂ ਅਤੇ ਸੂਫੀਵਾਦ ਤੇ ਰਹੱਸਵਾਦ ਦੇ ਅੰਦੋਲਨਾਂ ਦੇ ਸੰਸ਼ਲੇਸ਼ਣ ਦਾ ਪ੍ਰਤੀਫਲ ਹੈ।

ਉਪਰੋਕਤ ਵਿਵੇਚਨ ਇਹ ਪ੍ਰਗਟ ਕਰਦਾ ਹੈ ਕਿ ਸ੍ਰੀਨਿਵਾਸ ਦੇ ਦੁਆਰਾ ਵਿਕਸਿਤ ਕੀਤੀ ਗਈ ਦੋਵਾਂ ਅਵਧਾਰਣਾਵਾਂ ਭਾਰਤ ਦੇ ਸੰਪੂਰਨ ਪਰਿਵਰਤਣ ਦਾ ਨਹੀਂ ਸਗੋਂ ਮਾਤਰ ਪਰਿਵਰਤਣ ਦਾ ਸੰਕੇਤ ਦਿੰਦੀ ਹੈ।

### ਸਵ-ਮੁਲਾਂਕਣ (Self Assessment)

**1. ਖਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks)—**

(*i*) ਸਮਾਜਿਕ ਸੰਰਚਨਾ ਵਰਤਮਾਨ ਸੰਬੰਧਾਂ ਦਾ ............. ਹੈ।

(*ii*) ............ ਨੇ ਜਾਤੀ ਵਿਅਵਸਥਾ ਦਾ ਵਿਸ਼ਲੇਸ਼ਣ ਉਧਰਮੁਖੀ ਗਤੀਸ਼ੀਲਤਾ ਦੇ ਅਰਥ ਵਿਚ ਕੀਤਾ ਹੈ।

(*iii*) ............... ਸ਼ਬਦ ਨੂੰ ਸਾਂਸਕ੍ਰਿਤਕ ਤੇ ਸਮਾਜਿਕ ਗਤੀਸ਼ੀਲਤਾ ਦੀ ਪ੍ਰਕ੍ਰਿਆ ਦੀ ਵਿਆਖਿਆ ਕਰਨ ਦੇ ਲਈ ਉਪਯੁਕਤ ਨਹੀਂ ਸਮਝਿਆ ਗਿਆ।

(*iv*) ............. ਦੀ ਅਵਧਾਰਣਾ ਨੂੰ ਆਰਥਿਕ ਅਤੇ ਰਾਜਨੀਤਕ ਪ੍ਰਭੁਤਵ ਨਾਲ ਜੋੜ ਦਿਤਾ ਗਿਆ ਹੈ।

(*v*) ਗਤੀਸ਼ੀਲਤਾ ਦੀ ਇਕਾਈ ............... ਹੁੰਦੀ ਹੈ ਨਾ ਕਿ ਵਿਅਕਤੀ ਜਾਂ ਪਰਿਵਾਰ।

(*vi*) ........... ਦੇ ਮੱਧ ਖੇਤਰਾਂ ਦੀ ਜਾਤੀਆਂ ਵੀ ਉੱਚ ਜਾਤੀਆਂ ਦੀ ਪ੍ਰਥਾਵਾਂ ਰੀਤੀ-ਰਿਵਾਜਾਂ ਅਤੇ ਜੀਵਨ ਸ਼ੈਲੀ ਨੂੰ ਅਪਣਾਉਣ ਦਾ ਯਤਨ ਕਰਦੀਆਂ ਹਨ।

(*vii*) ਸ੍ਰੀਨਿਵਾਸ ਨੇ ............ ਨੂੰ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਨਾਲ ਜੋੜਿਆ ਹੈ।

(*viii*) ਸੰਸਕ੍ਰਿਤੀਕਰਣ ਜਾਤੀ ਵਿਅਵਸਥਾ ਵਿਚ ਕੇਵਲ ............ ਪ੍ਰਗਟ ਹੈ ਅਤੇ ਉਹ ਸੰਰਚਨਾਤਮਕ ਪਰਿਵਰਤਣ ਇੰਗਿਤ ਨਹੀਂ ਕਰਦਾ।

## 12.3 ਆਧੁਨਿਕੀਕਰਣ (Modernisation)

ਆਧੁਨਿਕੀਕਰਣ ਦੇ ਕਈ ਆਯਾਮ (dimensions) ਹਨ। ਇਸ ਨੂੰ ਸਮਾਜ, ਸਮੂਹ ਜਾਂ ਵਿਅਕਤੀ ਦੇ ਪੱਧਰ ਉਤੇ ਸਮਝਿਆ ਜਾ ਸਕਦਾ ਹੈ। ਇਸਨੂੰ ਆਰਥਿਕ ਆਧੁਨਿਕੀਕਰਣ, ਰਾਜਨੈਤਿਕ ਆਧੁਨਿਕੀਕਰਣ, ਸਮਾਜਿਕ ਆਧੁਨਿਕੀਕਰਣ, ਤਕਨੀਕੀ ਆਧੁਨਿਕੀਕਰਣ, ਸੈਨਿਕ ਆਧੁਨਿਕੀਕਰਣ, ਪੁਲਿਸ ਆਧੁਨਿਕੀਕਰਣ, ਸਿਖਿਆ ਦਾ ਆਧੁਨਿਕੀਕਰਣ, ਪ੍ਰਸ਼ਾਸਨਿਕ ਆਧੁਨਿਕੀਕਰਣ ਆਦਿ ਦੇ ਰੂਪ ਵਿਚ ਵੀ ਸਮਝਿਆ ਜਾ ਸਕਦਾ ਹੈ। ਇਸ ਪ੍ਰਕਾਰ ਇਸ ਅਵਧਾਰਣਾ ਦਾ ਪ੍ਰਯੋਗ ਵਿਸਤ੍ਰਿਤ ਰੂਪ ਵਿਚ ਕੀਤਾ ਗਿਆ ਹੈ।

ਅਰਥ ਸ਼ਾਸਤਰੀ ਆਧੁਨਿਕੀਕਰਣ ਨੂੰ ਸਮਾਜ ਵਿਚ ਪ੍ਰਤੀ ਵਿਅਕਤੀ ਉਤਪਾਦਨ (output) ਵਿਚ ਉਲੇਖਨੀ ਵਾਧਾ ਲਿਆਉਣ ਲਈ ਪ੍ਰਾਕ੍ਰਿਤਕ ਸੰਸਾਧਨਾਂ ਦੇ ਨਿਅੰਤ੍ਰਣ ਦੀ ਤਕਨੀਕ ਦੇ ਪ੍ਰਯੋਗ ਵਿਚ ਆਉਣ ਵਾਲੇ ਮਾਨਵ ਯਤਨਾਂ ਦੇ ਅਰਥ ਵਿਚਸਮਝਦੇ ਹਨ। ਸਮਾਜ ਸ਼ਾਸਤਰੀ ਇਸਦਾ ਵਿਵੇਚਨ ਜੀਵਨ ਦੀ ਗੁਣਵੱਤਾ ਵਿਚ ਆਏ ਅੰਤਰ ਦੇ ਅਰਥ ਵਿਚ ਕਰਦੇ ਹਨ ਜੋ ਕਿ ਆਧੁਨਿਕ ਸਮਾਜ ਦੀ ਵਿਸ਼ੇਸ਼ਤਾ ਹੈ। ਉਹ ਨਵੇਂ ਕੰਮਾਂ ਨੂੰ ਕਰਨ ਦੇ ਲਈ ਨਵੀਂ ਸੰਰਚਨਾਵਾਂ ਨੂੰ ਖੋਜਦੇ ਹਨ ਜਾਂ ਪੁਰਾਣੀ ਸੰਰਚਨਾਵਾਂ ਨੂੰ ਨਵੇਂ ਕੰਮ ਸੌਂਪਦੇ ਹਨ। ਉਹ ਆਧੁਨਿਕੀਕਰਣ ਪ੍ਰਕ੍ਰਿਆ ਦੇ ਵਿਕਾਰਜਾਤਮਕ (dysfunctional) ਨਤੀਜਿਆਂ ਦਾ ਵੀ ਅਧਿਐਨ ਕਰਦੇ ਹਨ, ਜਿਵੇਂ ਮਾਨਸਿਕ ਬੀਮਾਰੀ, ਹਿੰਸਾ, ਸਮਾਜਿਕ ਅਸ਼ਾਂਤੀ ਤੇ ਅਸੰਤੋਖ, ਖੇਤਰਵਾਦ, ਅਤੇ ਜਾਤੀ ਅਤੇ ਵਰਗ ਸੰਘਰਸ਼ ਆਦਿ। ਰਾਜਨੀਤਿਕ ਵੈਗਿਆਨਕ ਜਿਵੇਂ-ਜਿਵੇਂ ਆਧੁਨਿਕੀਕਰਣ ਹੁੰਦਾ ਜਾਂਦਾ ਹੈ, ਰਾਸ਼ਟਰ ਦੀ ਸਮੱਸਿਆਵਾਂ ਅਤੇ ਸਰਕਾਰ ਬਣਾਉਣ ਦੀ ਤਰਫ ਧਿਆਨ ਕੇਂਦ੍ਰਿਤ ਕਰਦੇ ਹਨ। ਉਹ ਇਸ ਵਿਸ਼ੇ ਵਿਚ ਵੀ ਚਿੰਤਤ ਰਹਿੰਦੇ ਹਨ ਸੱਤਾ ਦੀ ਹਿੱਸੇਦਾਰੀ ਦੇ ਲਈ ਰਾਜਨੀਤੀ ਵਿਚ ਨਵਆਗੰਤੁਕਾਂ ਦੇ ਯਤਨਾਂ ਦੇ ਪ੍ਰਤੀ ਰਾਜਨੈਤਿਕ ਅਭਿਜਨ ਕਿਸ ਪ੍ਰਕਾਰ ਪ੍ਰਤੀਕ੍ਰਿਆ ਕਰਦੇ ਹਨ ਅਤੇ ਸੱਤਾ ਉਤੇ ਇਕਾਧਿਕਾਰ ਕਰਨ ਵਾਲਿਆਂ ਉਤੇ ਨਜ਼ਰ ਰਖਣਾ ਕਿ ਉਹ ਕੀ ਕਰ ਰਹੇ ਹਨ।

ਨੋਟ

ਈਜੇਂਟਾਡ ਦੇ ਅਨੁਸਾਰ ਆਧੁਨਿਕੀਕਰਣ ਸਮਕਾਲੀਨ ਦ੍ਰਿਸ਼ ਦੀ ਸਭ ਤੋਂ ਪ੍ਰਭਾਵੀ ਵਿਸ਼ੇਸ਼ਤਾ ਹੈ, ਕਿਉਂਕਿ ਜ਼ਿਆਦਾਤਰ ਰਾਸ਼ਟਰ ਅੱਜਕਲ੍ਹ ਇਸਦੀ ਪਕੜ ਵਿਚ ਹਨ। ਕਈ ਦੇਸ਼ਾਂ ਵਿਚ ਆਧੁਨਿਕੀਕਰਣ ਦੀ ਪ੍ਰਕ੍ਰਿਆਵਾਂ ਅਤੇ ਵਿਸ਼ੇਸ਼ਤਾਵਾਂ ਕੁਝ ਅਰਥਾਂ ਵਿਚ ਆਮ ਅਤੇ ਕੁਝ ਅਰਥਾਂ ਵਿਚ ਭਿੰਨ ਹਨ। ਇਤਿਹਾਸਕ ਦ੍ਰਿਸ਼ਟੀ ਤੋਂ (ਸਮਾਜਿਕ, ਆਰਥਿਕ ਤੇ ਰਾਜਨੈਤਿਕ ਵਿਵਸਥਾ ਵਿਚ ਪਰਿਵਰਤਣ ਦੀ ਪ੍ਰਕ੍ਰਿਆ ਦੇ ਰੂਪ ਵਿਚ) ਆਧੁਨਿਕੀਕਰਣ ਦਾ ਵਿਕਾਸ ਵਿਸ਼ਵ ਦੇ ਵਿਭਿੰਨ ਖੇਤਰਾਂ ਵਿਚ ਵਿਭਿੰਨ ਪਰੰਪਰਾਗਤ ਸਮਾਜਾਂ ਦੀ ਵਿਵਿਧਤਾ ਤੋਂ ਹੋਇਆ ਹੈ। ਪੱਛਮੀ ਯੂਰੋਪ ਵਿਚ ਸਮਾਜਾਂ ਦਾ ਵਿਕਾਸ ਸਾਮੰਤੀ (feual) ਰਾਜਾਂ ਤੋਂ ਹੋਇਆ, ਪੂਰਵੀ ਯੂਰੋਪ ਵਿਚ ਨਿਰੰਕੁਸ਼ ਰਾਜਾਂ ਦੇ, ਅਮਰੀਕਾ, ਕਨਾਡਾ ਅਤੇ ਆਸਟ੍ਰੇਲੀਆ ਵਿਚ ਉਪਨਵੇਸ਼ਵਾਦ ਅਤੇ ਆਵਸਨ (immigration) ਤੋਂ, ਲੇਟਿਨ ਅਮਰਿਕਾ ਵਿਚ ਉਲਪਤੰਤਰੀ (origarchic) ਵਿਜਿਤ ਉਪਨਿਵੇਸ਼ਵਾਦੀ ਸਮਾਜਾਂ ਤੋਂ, ਜਾਪਾਨ ਵਿਚ ਕੇਂਦਰੀ ਸਾਮੰਤੀ ਰਾਜ ਤੋ, ਚੀਨ ਵਿਚ ਨਿਰੰਤਰ ਚਲਣ ਵਾਲੀ ਸਮਰਾਜਵਾਦੀ ਵਿਅਵਸਥਾ ਦੇ ਟੁੱਟਣ ਨਾ, ਏਸ਼ੀਆ ਅਤੇ ਅਫ਼ੀਕਾ ਦੇ ਜ਼ਿਆਦਾ ਤਰ ਦੇਸ਼ਾਂ ਵਿਚ ਓਪਨਿਵੇਸ਼ਕ ਸੰਰਚਨਾ ਨਾਲ, ਕੁਝ ਸਮਾਜਾਂ ਵਿਚ (ਵਿਸ਼ੇਸ਼ਕਰ ਏਸ਼ੀਆ) ਕੇਂਦਰੀ ਰਾਜਤੰਤਰੀ (monarchical) ਸਮਾਜਾਂ ਨਾਲ, ਅਤੇ ਕੁਝ ਵਿਚ ਜਨਜਾਤੀ ਸੰਰਚਨਾ ਅਤੇ ਪਰੰਪਰਾਵਾਂ ਨਾਲ (ਸਮਾਜ ਦਾ) ਵਿਕਾਸ ਹੋਇਆ। ਈਜੇਂਟਾਡ ਦਾ ਕਹਿਣਾ ਹੈ ਕਿ ਇਨ੍ਹਾਂ ਸਮਾਜਾਂ ਵਿਚ ਆਧੁਨਿਕੀਕਰਣ ਦੀ ਪ੍ਰਕ੍ਰਿਆ ਦੇ ਕਈ ਆਰੰਭਿਕ ਬਿੰਦੂਆਂ ਨੇ ਉਨ੍ਹਾਂ ਦੇ ਵਿਕਾਸ ਕ੍ਰਮ ਦੇ ਵਿਸ਼ਿਸ਼ਟ ਬਾਹਰੀ ਰੂਪਾਂ ਅਤੇ ਰਸਤੇ ਵਿਚ ਆਉਣ ਵਾਲੀ ਸਮੱਸਿਆਵਾਂ ਨੂੰ ਪ੍ਰਭਾਵਤ ਕੀਤਾ ਹੈ।

ਆਧੁਨਿਕੀਕਰਣ ਦੀ ਅਵਧਾਰਣਾ ਦੀ ਸੰਦਿਗਧਤਾ, ਅਤੇ ਪ੍ਰਸਾਰ ਦਾ ਫਲ ਇਹ ਹੋਇਆ ਹੈ ਕਿ ਆਧੁਨਿਕੀਕਰਣ ਨੂੰ ਕਈ ਪ੍ਰਕਾਰ ਤੇ ਸਵਰੂਪਾਂ ਵਿਚ ਸਮਾਜਿਕ ਪਰਿਵਰਤਣ ਤੋਂ ਪਛਾਣਿਆ ਜਾਣ ਲਗਾ ਹੈ, ਜਿਵੇਂ ਪੱਛਮੀਕਰਣ, ਉਦਿਯੋਗੀਕਰਣ, ਪ੍ਰਗਤੀ, ਵਿਕਾਸ ਆਦਿ। ਇਸਦੇ ਅਲਾਵਾ ਵਿਸ਼ੇਸ਼ ਪੱਖਾਂ ਉਤੇ ਬਲ ਦਿਤਾ ਜਾਣਾ ਵੀ ਆਧੁਨਿਕੀਕਰਣ ਦੇ ਜਰੂਰੀ ਤੱਤਾਂ ਵਿਚੋਂ ਰਿਹਾ ਹੈ। ਸੋ ਇਹ ਜਰੂਰੀ ਹੈ ਕਿ 'ਆਧੁਨਿਕੀਕਰਣ' ਸ਼ਬਦ ਦੀ ਪਰਿਭਾਸ਼ਾ ਸੂਖਮ ਰੂਪ ਵਿਚ ਅਤੇ ਵਸਤੂਪਰਕ ਅਰਥ ਵਿਚ ਕੀਤੀ ਜਾਵੇ।

### 12.3.1 ਅਵਧਾਰਣਾ

ਆਧੁਨਿਕੀਕਰਣ ਕੋਈ ਦਰਸ਼ਨ ਜਾਂ ਅੰਦੋਲਨ ਨਹੀਂ ਹੈ। ਜਿਸ ਵਿਚ ਸਪਸ਼ਟ ਮੁੱਲ ਵਿਅਵਸਥਾ ਹੋਵੇ। ਇਹ ਤਾਂ ਪਰਿਵਰਤਣ ਦੀ ਇਕ ਪ੍ਰਕ੍ਰਿਆ ਹੈ। ਆਰੰਭ ਵਿਚ ਆਧੁਨਿਕੀਕਰਣ ਸ਼ਬਦ ਦਾ ਪ੍ਰਯੋਗ "ਅਰਥਵਿਅਵਸਥਾ ਵਿਚ ਪਰਿਵਰਤਣ ਅਤੇ ਸਮਾਜਿਕ ਕੀਮਤਾਂ ਅਤੇ ਪ੍ਰਥਾਵਾਂ ਉਤੇ ਇਸਦੇ ਪ੍ਰਭਾਵ" ਦੇ ਸੰਦਰਭ ਵਿਚ ਕੀਤਾ ਜਾਂਦਾ ਸੀ। ਇਸਦਾ ਵਰਣਨ ਅਜਿਹੀ ਪ੍ਰਕ੍ਰਿਆ ਦੇ ਰੂਪ ਵਿਚ ਕੀਤਾ ਜਾਂਦਾ ਸੀ ਜਿਸਨੇ ਸਮਾਜ ਨੂੰ ਪ੍ਰਮੁੱਖ ਰੂਪ ਨਾਲ ਖੇਤੀ ਪ੍ਰਧਾਨ ਸਮਾਜ ਤੋਂ ਪ੍ਰਮੁੱਖ ਰੂਪ ਨਾਲ ਉਦਿਯੋਗਿਕ ਅਰਥ ਵਿਅਵਸਥਾ ਵਾਲੇ ਸਮਾਜ ਵਿਚ ਪਰਿਵਰਤਿਤ ਕਰ ਦਿੱਤਾ ਹੈ। ਅਰਥ ਵਿਅਵਸਥਾ ਵਿਚ ਇਸ ਪ੍ਰਕਾਰ ਦੇ ਪਰਿਵਰਤਣ ਦੇ ਨਤੀਜੇ ਸਵਰੂਪ ਸਮਾਜ ਵਿਚ ਕੀਮਤਾਂ, ਵਿਸ਼ਵਾਸਾਂ ਅਤੇ ਮਾਨਦੰਡਾਂ ਵਿਚ ਵੀ ਪਰਿਵਰਤਣ ਆਉਣ ਲਗਾ (ਗੋਰੇ, ਉਹੀ : 7)। ਅੱਜਕਲ੍ਹ ਆਧੁਨਿਕੀਕਰਣ ਸ਼ਬਦ ਨੂੰ ਵ੍ਰਿਹਤ ਅਰਥ ਦਿਤਾ ਜਾਂਦਾ ਹੈ। ਇਸਨੂੰ ਇਕ ਅਜਿਹਾ ਸਮਾਜਿਕ ਪਰਿਵਰਤਣ ਮੰਨਿਆ ਜਾਂਦਾ ਹੈ ਜਿਸ ਵਿਚ ਵਿਗਿਆ ਅਤੇ ਤਕਨੀਕੀ (technology) ਦੇ ਤੱਤ ਸ਼ਾਮਲ ਹੁੰਦੇ ਹਨ।

ਇਸ ਵਿਚ ਯੁਕਤੀਪੂਰਣਤਾ (rationality) ਨਿਹਿਤ ਹੈ। ਏਲਾਟਾਸ ਤੇ ਅਨੁਸਾਰ ਆਧੁਨਿਕੀਕਰਣ ਇਕ ਅਜਿਹੀ ਪ੍ਰਕ੍ਰਿਆ ਹੈ ਜਿਸਦੇ ਦੁਆਰਾ ਸੰਬਧ ਸਮਾਜ ਦੁਆਰਾ ਸਵੀਕ੍ਰਿਤ ਵਿਸਤ੍ਰਿਤ ਅਰਥਾਂ ਵਿਚ ਜ਼ਿਆਦਾ ਚੰਗੇ ਤੇ ਸੰਤੋਸ਼ਜਨਕ ਜੀਵਨ ਦੇ ਅੰਤਿਮ ਲਖਸ਼ ਨੂੰ ਪ੍ਰਾਪਤ ਕਰਨ ਦੇ ਉਦੇਸ਼ ਤੋਂ ਆਧੁਨਿਕ ਵਿਗਿਆਨਕ ਗਿਆਨ ਨੂੰ ਸਮਾਜ ਵਿਚ ਪਹੁੰਚਾਇਆ ਜਾਂਦਾ ਹੈ। ਇਸ ਪਰਿਭਾਸ਼ਾ ਵਿਚ 'ਆਧੁਨਿਕ ਵਿਗਿਆਨਕ ਗਿਆਨ' ਵਿਚ ਹੇਠਲੀਆਂ ਗੱਲਾਂ ਸ਼ਾਮਲ ਹਨ: (1) ਪ੍ਰਸਤਾਵਿਤ ਵਿਆਖਿਆਵਾਂ (suggested explanations) ਦੀ ਪ੍ਰਮਾਣਿਕਤਾ ਸਿੱਧ ਕਰਨ ਦੇ ਲਈ ਪ੍ਰਯੋਗਾਂ ਦੀ ਸਹਾਇਤਾ ਲੈਣਾ, (2) ਉਨ੍ਹਾਂ ਨਿਅਮਾਂ ਦੀ ਕਲਪਨਾ ਕਰਨਾ ਜਿਨ੍ਹਾਂ ਨੂੰ ਤਾਰਕਿਕ ਤੇ ਪ੍ਰਯੋਗਾਤਮਕ (experimental) ਆਧਾਰ ਉਤੇ ਸਮਝਾਇਆ ਜਾ ਸਕਦਾ ਹੈ, ਜੋ (ਵਿਆਖਿਆ) ਕਿ ਧਾਰਮਿਕ ਵਿਚਾਰ ਤੇ ਦਾਰਸ਼ਨਿਕ ਵਿਆਖਿਆ ਤੋਂ ਭਿੰਨ ਹੋਵੇ, (3) ਤੱਥਾਂ ਦੀ ਵਿਸ਼ਵਸਨੀਅਤਾ ਨੂੰ ਨਿਸ਼ਚਿਤ ਕਰਨ ਦੇ ਲਈ ਨਿਸ਼ਚਿਤ ਵਿਧੀਆਂ ਦਾ ਪ੍ਰਯੋਗ, (4) ਅਵਧਾਰਣਾਵਾਂ ਅਤੇ ਚਿੰਨ੍ਹਾਂ ਦਾ ਪ੍ਰਯੋਗ ਅਤੇ (5) ਸੱਚ ਦੇ ਲਈ ਸੱਚ ਦੀ ਖੋਜ ਕਰਨਾ।

ਈਜੇਂਟਾਡ ਦੇ ਅਨੁਸਾਰ ਆਧੁਨਿਕੀਕਰਣ ਸਮਾਜਿਕ ਸੰਗਠਨ ਦੇ ਸੰਰਚਨਾਤਮਕ ਪੱਖ ਅਤੇ ਸਮਾਜਾਂ ਦੇ ਸਮਾਜਿਕ ਜਨਸੰਖਿਆਤਮਕ, ਦੋਵੇਂ ਪੱਖਾਂ ਦੀ ਵਿਆਖਿਆ ਕਰਦਾ ਹੈ। ਕਾਰਲ ਡਿਊਸ਼ ਨੇ ਆਧੁਨਿਕੀਕਰਣ ਦੇ ਜ਼ਿਆਦਾਤਰ ਸਮਾਜਿਕ ਜਨਸੰਖਿਆਤਮਕ ਪੱਖਾਂ ਨੂੰ ਸਪਸ਼ਟ ਕਰਨ ਦੇ ਲਈ 'ਸਮਾਜਿਕ ਗਤੀਮਾਨਤਾ' (social mobilization) ਸ਼ਬਦ ਦਾ ਪ੍ਰਯੋਗ ਕੀਤਾ ਹੈ। ਉਨ੍ਹਾਂ ਨੇ ਸਮਾਜਿਕ ਗਤੀਸ਼ੀਲਤਾ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਹੈ: "ਅਜਿਹੀ ਪ੍ਰਕ੍ਰਿਆ ਜਿਸ ਵਿਚ ਪੁਰਾਣੀ ਸਮਾਜਿਕ, ਆਰਥਿਕ ਅਤੇ ਮਨੋਵਿਗਿਆਨਕ ਪ੍ਰਤੀਬੱਧਤਾਵਾਂ ਦੇ ਸਮੂਹਾਂ ਮਿਟਾ ਦਿਤੇ ਜਾਂਦੇ ਹਨ ਤੇ ਤੋੜ ਦਿਤੇ ਜਾਂਦੇ ਹਨ ਅਤੇ ਲੋਕ ਨਵੀਨ ਪ੍ਰਕਾਰ ਸਮਾਜੀਵਰਣ ਅਤੇ ਵਿਉਹਾਰ ਪ੍ਰਤੀਮਾਨਾਂ ਦੇ ਲਈ ਤਿਆਰ ਰਹਿੰਦੇ ਹਨ।"

ਰਸਟੋਵ ਅਤੇ ਵਾਰਡ ਦੀ ਮਾਨਤਾ ਹੈ ਕਿ ਆਧੁਨਿਕੀਕਰਨ ਵਿਚ ਮੂਲ ਪ੍ਰਕਿਆ ਮਾਨਵੀ ਮਾਮਲਿਆਂ ਵਿਚ ਆਧੁਨਿਕ ਵਿਗਿਆਨ ਦਾ ਪ੍ਰਯੋਗ ਹੈ। ਪਾਈ ਦੇ ਅਨੁਸਾਰ ਆਧੁਨਿਕੀਕਰਣ ਵਿਅਕਤੀ ਤੇ ਸਮਾਜ ਦੇ ਅਨੁਸੰਧਾਨਾਤਮਕ ਤੇ ਅਵਿਸ਼ਕਾਰਸ਼ੀਲ ਦ੍ਰਿਸ਼ਟੀਕੋਣ ਦਾ ਵਿਕਾਸ ਹੈ ਜੋ ਤਕਨੀਕੀ ਅਤੇ ਮਸ਼ੀਨਾਂ ਦੇ ਪ੍ਰਯੋਗ ਵਿਚ ਨਿਹਿਤ ਹੁੰਦਾ ਹੈ ਅਤੇ ਜੋ ਨਵੇਂ ਪ੍ਰਕਾਰ ਦੇ ਸਮਾਜਿਕ

ਸੰਬੰਧਾਂ ਨੂੰ ਪ੍ਰੇਰਿਤ ਕਰਦਾ ਹੈ। ਟਾਇਨਬੀ ਵਰਗੇ ਵਿਦਵਾਨਾਂ ਦਾ ਮੰਨਣਾ ਹੈ ਕਿ ਆਧੁਨਿਕੀਕਰਣ ਅਤੇ ਪੱਛਮੀਕਰਣ ਵਿਚ ਕੋਈ ਅੰਤਰ ਨਹੀਂ ਹੈ। ਉਹ ਲਿਖਦੇ ਹਨ ਕਿ ਮਾਨਤਾ ਵਾਲੇ 'ਆਧੁਨਿਕ' ਸ਼ਬਦ ਘੱਟ-ਮਾਨਤਾ ਵਾਲੇ ਸ਼ਬਦ 'ਪੱਛਮੀ' ਦਾ ਪ੍ਰਤੀਸਥਾਪਨ ਹੈ। ਵਿਗਿਆਨ ਅਤੇ ਜਨਤੰਤਰ ਦੇ ਪਰਿਚੇ ਦੇ ਲਈ 'ਪਛਮੀ' ਦੇ ਸਥਾਨ ਉਤੇ 'ਆਧੁਨਿਕ' ਸ਼ਬਦ ਦੇ ਪ੍ਰਯੋਗ ਦਾ ਉਦੇਸ਼ ਬਾਹਰੀ ਸਵਰੂਪ ਨੂੰ ਬਚਾਉਣਾ ਮਾਤਰ ਹੈ, ਕਿਉਂਕਿ ਇਹ ਤੱਥ ਵਿਅਕਤੀਆਂ ਦੇ ਲਈ ਸਵੀਕਾਰ ਕਰਨ ਯੋਗ ਨਹੀਂ ਹੈ ਕਿ ਉਨ੍ਹਾਂ ਦੀ ਆਪਣੀ ਪੈਤ੍ਰਕ ਜੀਵਨ ਸ਼ੈਲੀ ਉਸ ਵਰਤਮਾਨ ਸਥਿਤੀ ਦੇ ਅਨੁਕੂਲ ਨਹੀਂ ਹੈ ਜਿਸ ਵਿਚ ਉਹ ਆਪਣੇ ਨੂੰ ਪਾਉਂਦੇ ਹਨ ਪਰੰਤੂ ਅਜਿਹੇ ਵਿਚਾਰਾਂ ਨੂੰ ਪੂਰਣ ਰੂਪੇਣ ਅਨੁਚਿਤ ਅਤੇ ਪੱਖਪਾਤਪੂਰਣ ਦਸਿਆ ਗਿਆ ਹੈ।

'ਆਧੁਨਿਕੀਕਰਣ' ਨੂੰ 'ਉਦਿਯੋਗੀਕਰਣ' ਤੋਂ ਵੀ ਸੰਭ੍ਰਮਿਤ (confused) ਨਹੀਂ ਮੰਨਣਾ ਹੈ। ਉਦਿਯੋਗੀਕਰਣ ਦਾ ਸੰਦਰਭ ਉਨ੍ਹਾਂ ਪਰਿਵਰਤਣਾਂ ਤੋਂ ਹੈ ਜੋ ਕਿ ਉਤਪਾਦਨ ਦੀ ਵਿਧੀਆਂ, ਸ਼ਕਤੀ ਚਾਲਿਤ (power driven) ਮਸ਼ੀਨਾਂ ਦੇ ਪ੍ਰਵੇਸ਼ ਦੇ ਫਲਸਵਰੂਪ ਆਰਥਿਕ ਤੇ ਸੰਗਠਨਾਂ ਅਤੇ ਨਤੀਜੇ ਵਜੋਂ ਫੈਕਟਰੀ ਵਿਅਵਸਥਾ ਦੇ ਉਦੇ ਤੋਂ ਹੈ। ਥਿਉਡਰਸਨ ਦੇ ਅਨੁਸਾਰ ਉਦਿਯੋਗੀਕਰਣ ਦੇ ਹੇਠਲੇ ਲਖਸ਼ਣ ਹਨ: (1) ਕਾਰੀਗਰ ਜਾਂ ਸ਼ਿਲਪੀ ਦੇ ਘਰ ਜਾਂ ਦੁਕਾਨ ਵਿਚ ਹੱਥ ਉਤਪਾਦਨ ਦੇ ਸਥਾਨ ਉਤੇ ਫੈਕਟਰੀ ਕੇਂਦ੍ਰਿਤ ਮਸ਼ੀਨੀ ਉਤਪਾਦਾਂ ਦੀ ਪ੍ਰਤੀਸਥਾਪਨਾ (2) ਪ੍ਰਮਾਣਿਕਕ੍ਰਿਤ ਵਸਤੂਆਂ (standardized goods) ਦਾ ਬਦਲੇ ਜਾਣ ਵਾਲੇ ਹਿੱਸਿਆਂ (inter-changeable parts) ਤੋਂ ਉਤਪਾਦਨ (3) ਫੈਕਟਰੀ ਮਜਦੂਰਾਂ ਦੇ ਇਕ ਵਰਗ ਦਾ ਉਦੇ ਜੋ ਮਜਦੂਰੀ ਦੇ ਲਈ ਕੰਮ ਕਰਦੇ ਹਨ ਅਤੇ ਜੋ ਨਾ ਤਾਂ ਉਤਪਾਦਨ ਕੀਤੇ ਗਏ ਮਾਲ ਅਤੇ ਨਾ ਹੀ ਉਤਪਾਦਨ ਦੇ ਸਾਧਨ ਦੇ ਮਾਲਕ ਹੁੰਦੇ ਹਨ। (4) ਗੈਰ-ਖੇਤੀ ਧੰਦਿਆਂ ਵਿਚ ਲਗੇ ਲੋਕਾਂ ਦੇ ਅਨੁਪਾਤ ਵਿਚ ਵਾਧੇ ਅਤੇ (5) ਅਸੰਖ ਵੱਡੇ ਨਗਰਾਂ ਦਾ ਵਿਕਾਸ। ਉਦਿਯੋਗੀਕਰਣ ਲੋਕਾਂ ਨੂੰ ਉਹ ਭੌਤਿਕ ਵਸਤੂਆਂ ਉਪਲਬਧ ਕਰਾਉਂਦਾ ਹੈ ਜੋ ਪਹਿਲਾਂ ਕਦੀ ਉਪਲਬਧ ਨਹੀਂ ਸੀ। ਆਧੁਨਿਕੀਕਰਣ, ਦੂਜੇ ਪਾਸੇ, ਇਕ ਲੰਬੀ ਪ੍ਰਕ੍ਰਿਆ ਹੈ। ਜਿਸ ਨਾਲ ਦਿਮਾਗ ਦਾ ਵਿਗਿਆਨਕ ਦ੍ਰਿਸ਼ਟੀਕੋਣ ਪੈਦਾ ਹੁੰਦਾ ਹੈ।

ਜੇਮਸ ਓ ਕੋਨੇਲ ਨੇ ਆਧੁਨਿਕੀਕਰਣ ਦੀ ਪ੍ਰਕ੍ਰਿਆ ਦੇ ਵਿਸ਼ਲੇਸ਼ਣ ਵਿਚ ਇਸਨੂੰ ਤਿੰਨ ਪਹਿਲੂਆਂ ਵਿਚ ਵੰਡਿਆ ਹੈ: (1) ਅਵਿਸ਼ਕਾਰਾਤਮਕ (inventive) ਦ੍ਰਿਸ਼ਟੀਕੋਣ, ਅਰਥਾਤ ਵਿਗਿਆਨਕ ਭਾਵਨਾ ਜਿਸ ਨਾਲ ਨਿਰੰਤਰ ਵਿਅਵਸਥਿਤ ਅਤੇ ਅਵਿਸ਼ਕਾਰਾਤਮਕ ਗਿਆ ਨਾ ਪ੍ਰਾਪਤ ਹੁੰਦਾ ਹੋਵੇ, ਜੋ ਕਿ ਘਟਨਾ ਦੇ ਕਾਰਣ ਅਤੇ ਨਤੀਜੇ ਨਾਲ ਸੰਬੰਧਤ ਹੋਵੇ, (2) ਨਵੇਂ ਤਰੀਕਿਆਂ ਅਤੇ ਉਪਕਰਣਾਂ ਦਾ ਅਵਿਸ਼ਕਾਰ, ਅਰਥਾਤ ਉਨ੍ਹਾਂ ਵਿਭਿੰਨ ਵਿਧੀਆਂ ਦੀ ਖੋਜ ਜੋ ਅਨੁਸੰਧਾਨ ਨੂੰ ਆਸਾਨ ਬਣਾਏ, ਅਤੇ ਉਨ੍ਹਾਂ ਨਵੀਂ ਮਸ਼ੀਨਾਂ ਦਾ ਅਵਿਸ਼ਕਾਰ ਜੋ ਜੀਵਨ ਦੇ ਨਵੇਂ ਪ੍ਰਤੀਮਾਨ ਨੂੰ ਜਰੂਰੀ ਬਣਾਉਂਦੇ ਹੋਣ। ਆਧੁਨਿਕ ਵਿਗਿਆਨ ਦੁਆਰਾ ਪ੍ਰਸਤੁਤ ਵਿਆਖਿਆ ਧਾਰਮਿਕ ਸੰਸਕਾਰਾਂ ਨੂੰ ਅਨਆਵੱਸ਼ਕ ਬਣਾਉਂਦੀ ਹੈ, ਅਤੇ (3) ਸਮਾਜਿਕ ਸੰਰਚਨਾਵਾਂ ਦਾ ਲਚੀਲਾਪਨ ਅਤੇ ਪਛਾਣ ਦੀ ਨਿਰੰਤਰਤਾ ਅਰਥਾਤ, ਵਿਅਕਤੀਗਤ ਅਤੇ ਸਮਾਜਿਕ ਸੰਰਚਨਾਤਮਕ ਦੋਵਾਂ ਪੱਧਰਾਂ ਉਤ ਨਿਰੰਤਰ ਪਰਿਵਰਤਣ ਨੂੰ ਸਵੀਕਾਰਣ ਦੀ ਇੱਛਾ ਅਤੇ ਨਾਲ ਹੀ ਵਿਅਕਤੀਗਤ ਅਤੇ ਸਮਾਜਿਕ ਪਛਾਣ ਸੁਰੱਖਿਅਤ ਰਖਣ ਦੀ ਯੋਗਤਾ। ਉਦਾਹਰਣ ਦੇ ਲਈ, ਬਹੁ ਪਤਨੀ ਪਰੰਪਰਾਗਤ ਸਮਾਜ ਵਿਚ ਵਿਆਹਕ ਰੀਤੀ-ਰਿਵਾਜ ਬਜੁਰਗਾਂ ਦੇ ਚਾਰੋਂ ਤਰਫ ਕੇਂਦ੍ਰਿਤ ਸਨ, ਕਿੰਤੂ ਮਜਦੂਰੀ ਪ੍ਰਥਾ ਦੇ ਚਲਨ ਅਤੇ ਮਜਦੂਰਾਂ ਦੀ ਗਤੀਸ਼ੀਲਤਾ ਨਾਲ ਜਵਾਨ ਪੀੜ੍ਹੀ ਨੂੰ ਆਰਥਿਕ ਉਪਲਬਧੀਆਂ ਨੇ ਪਤਨੀਆਂ ਦੇ ਲਈ ਪ੍ਰਤੀਸਪਰੱਧਾ ਨੂੰ ਮਜਬੂਰੀ ਕਰ ਦਿਤਾ।

ਜੇਮਸ ਓ ਕੋਨੇਲ ਦੇ ਅਨੁਸਾਰ ਪਰੰਪਰਾਗਤ ਸਮਾਜ ਤੋਂ ਆਧੁਨਿਕ ਸਮਾਜ ਵਿਚ ਜੋ ਪਰਿਵਰਤਣ ਹੁੰਦੇ ਹਨ, ਉਹ ਇਸ ਪ੍ਰਕਾਰ ਹਨ:

(*i*) ਆਰਥਿਕ ਵਿਕਾਸ ਵਿਚ ਵਾਧਾ ਹੁੰਦਾ ਹੈ ਅਤੇ ਉਹ ਆਤਮਨਿਰਭਰ ਹੋ ਜਾਂਦਾ ਹੈ।

(*ii*) ਧੰਦੇ ਜ਼ਿਆਦਾ ਵਿਸ਼ਿਸ਼ਟ ਅਤੇ ਕੁਸ਼ਲ (skilled) ਹੋ ਜਾਂਦੇ ਹਨ।

(*iii*) ਆਰੰਭਕ ਧੰਦੇ ਵਿਚ ਲਗੇ ਲੋਕਾਂ ਦੀ ਸੰਖਿਆ ਘਟ ਹੋ ਜਾਂਦੀ ਹੈ, ਜਦਕਿ ਦੂਜੇ ਅਤੇ ਤੀਜੇ ਧੰਦਿਆਂ ਵਿਚ ਲਗੇ ਲੋਕਾਂ ਦੀ ਸੰਖਿਆ ਵਧਦੀ ਜਾਂਦੀ ਹੈ।

(*iv*) ਪੁਰਾਣੇ ਖੇਤੀ ਯੰਤਰਾਂ ਅਤੇ ਵਿਧੀਆਂ ਦੇ ਸਥਾਨ ਉਤੇ ਟ੍ਰੈਕਟਰਾਂ ਅਤੇ ਰਸਾਇਨਕ ਉਰਵਰਕ ਦਾ ਪ੍ਰਯੋਗ ਵਧਦਾ ਹੈ।

(*v*) ਵਸਤੂ ਵਿਨਿਮਯ (barter system) ਦੇ ਸਥਾਨ ਮੁਦ੍ਰਾ ਵਿਅਵਸਥਾ ਲੈ ਲੈਂਦੀ ਹੈ।

(*vi*) ਉਨ੍ਹਾਂ ਸਮੁਦਾਇਆਂ ਦੇ ਵਿਚ ਜੋ ਪਹਿਲੇ ਇਕ ਦੂਜੇ ਤੋਂ ਅਲੱਗ ਹੁੰਦੇ ਸਨ ਅਤੇ ਸੁਤੰਤਰ ਹੁੰਦੇ ਸਨ, ਅੰਤਹਿ ਨਿਰਭਰਤਾ (inter-dependence) ਆ ਜਾਂਦੀ ਹੈ।

(*vii*) ਨਗਰੀਕਰਣ ਦੀ ਪ੍ਰਕ੍ਰਿਆ ਵਿਚ ਵ੍ਰਿਧੀ ਹੁੰਦੀ ਹੈ।

(*viii*) ਪ੍ਰਦੱਤ ਪਰਿਸਥਿਤੀ ਅਰਜਿਤ ਪਰਿਸਥਿਤੀ ਨੂੰ ਸਥਾਨ ਦਿੰਦੀ ਹੈ।

(*ix*) ਸਮਾਨਤਾ ਹੋਲੀ-ਹੋਲੀ ਸੰਸਤਰਣ ਦਾ ਸਥਾਨ ਲੈਂਦੀ ਹੈ।

(*x*) ਸਵਾਸਥ ਸੁਧਾਰ ਅਤੇ ਅੱਛੀ ਮੈਡੀਕਲ ਦੇਖਭਾਲ ਦੇ ਕਾਰਣ ਜੀਵਨ ਦੀ ਅਵਧੀ ਲੰਬੀ ਹੁੰਦੀ ਜਾਂਦੀ ਹੈ।

(*xi*) ਯਾਤਾਯਾਤ ਅਤੇ ਸੰਚਾਰ ਦੀ ਨਵੀਨ ਵਿਧੀਆਂ ਦੁਆਰਾ ਭੌਗੋਲਿਕ ਦੂਰੀਆਂ ਘੱਟ ਹੁੰਦੀ ਜਾਂਦੀ ਹੈ।

(*xii*) ਵੰਸ਼ਾਨੁਗਤ ਅਗਵਾਈ ਦਾ ਸਥਾਨ ਚੋਣ ਦੁਆਰਾ ਅਗਵਾਈ ਲੈ ਲੈਂਦਾ ਹੈ।

ਨੋਟ

ਇਸ ਸੰਬੰਧ ਵਿਚ 'ਪਰੰਪਰਾ', ਪਰੰਪਰਾਵਾਦ ਅਤੇ 'ਪਰੰਪਰਾਗਤ ਸਮਾਜ' ਸ਼ਬਦਾਂ ਨੂੰ ਸਮਝਣਾ ਜਰੂਰੀ ਹੈ। 'ਪਰੰਪਰਾ' ਸ਼ਬਦ ਦਾ ਅਰਥ ਅਤੀਤ ਵਿਚ ਚਲੇ ਆ ਰਹੇ ਵਿਸ਼ਵਾਸਾਂ ਅਤੇ ਪ੍ਰਥਾਵਾਂ ਤੋਂ ਹੈ। 'ਪਰੰਪਰਾਵਾਦ' ਮਾਨਸਿਕ ਦ੍ਰਿਸ਼ਟੀਕੋਣ (psychic attitude) ਹੈ ਜੋ ਪ੍ਰਾਚੀਨ ਵਿਸ਼ਵਾਸਾਂ ਅਤੇ ਪ੍ਰਥਾਵਾਂ ਦੀ ਅਪਰਿਵਰਤਨੀ ਮੰਨ ਕੇ ਉਨ੍ਹਾਂ ਨੂੰ ਸ਼ੋਭਾਯੁਕਤ ਤੇ ਗੌਰਵਾਵਿੰਤ ਕਰਦਾ ਹੈ। ਇਹ ਪਰਿਵਰਤਨ ਅਤੇ ਵਿਕਾਸ ਦੇ ਵਿਪਰੀਤ ਹੈ। ਪਰੰਪਰਾਵਾਦੀ ਲੋਕ ਪਰੰਪਰਾ ਨੂੰ ਸਥਾਈ ਮੰਨਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਰੰਪਰਾਤਮਕ ਕੀਮਤਾਂ ਅਤੇ ਪ੍ਰਥਾਵਾਂ ਨੂੰ ਮੰਨਣਾ ਅਤੇ ਸੁਰੱਖਿਅਤ ਰਖਣਾ ਇਸ ਲਈ ਜਰੂਰੀ ਹੈ ਕਿਉਂਕਿ ਅਤੀਤ ਵਿਚ ਉਨ੍ਹਾਂ ਨੂੰ ਉਪਯੋਗੀ ਪਾਇਆ ਗਿਆ ਸੀ। ਸੋ ਉਹ ਉਨ੍ਹਾਂ ਨਵੀਨਤਾਵਾਂ ਦੇ ਦੁਸ਼ਮਣ ਹਨ ਜੋ ਪੁਰਾਣੀ ਪ੍ਰਥਾਵਾਂ ਦਾ ਉਲੰਘਣ ਕਰਦੀ ਹੈ।

ਐਡਵਰਡ ਸ਼ਿਲਸ (Edward Shils, Tradition and Liberty in Ethics) ਦੇ ਅਨੁਸਾਰ ਪਰੰਪਰਾ ਜਾਂ ਪਰੰਪਰਾਪਰਕ ਅਭਿਮੁਖ ਕ੍ਰਿਆ (traditional-alistically-oriented action) "ਪਰੰਪਰਾਤਮਕ ਮਾਨਦੰਡ ਦਾ ਉਨ੍ਹਾਂ ਦੀ ਪਰੰਪਰਾਤਮਕ ਪ੍ਰਕ੍ਰਿਤੀ ਦੇ ਪ੍ਰਤੀ ਜਾਗਰੂਕ ਰਹਿੰਦੇ ਹੋਏ ਸਵੇਛਾ ਨਾਲ ਉਨ੍ਹਾਂ ਦੀ ਨਿਸ਼ਚੇਪੂਰਵਕ ਅਭਿਪ੍ਰਸ਼ਟੀ ਕਰਨਾ (deliberate affirmation) ਹੈ।" ਪਰੰਪਰਾਤਮਕ ਮਾਨਦੰਡ ਪਵਿੱਤਰ ਭਾਵ ਤੋਂ ਪੁੰਨ ਰੂਪ ਵਿਚ ਉਦਿਤ ਹੁੰਦੇ ਹਨ। ਜੇਕਰ ਇਹ ਮਾਨਦੰਡ ਅਤੀਤ ਦੀ ਕਿਸੇ ਪਵਿੱਤਰ ਵਸਤੂ ਨਾਲ ਜੁੜੇ ਹੋਣ ਤਾਂ ਉਨ੍ਹਾਂ ਦੇ ਪਰਿਵਰਤਣ ਦਾ ਜ਼ਿਆਦਾ ਵਿਰੋਧ ਹੋਏਗਾ, ਅਪੇਕਸ਼ਾਕ੍ਰਿਤ ਉਨ੍ਹਾਂ ਮਾਨਦੰਡਾਂ ਦੇ ਜਿਨ੍ਹਾਂ ਆਧਾਰ ਪਵਿੱਤਰ ਵਸਤੂ ਨਾਲ ਸੰਬੰਧਤ ਨਾ ਹੋਵੇ।

ਪਰੰਪਰਾਤਮਕ ਢੰਗ ਸੰਪ੍ਰੇਸ਼ਿਤ (transmitted) ਮਾਨਦੰਡ ਇਸ ਕਾਰਣ ਸਵੀਕਾਰ ਕੀਤੇ ਜਾਂਦੇ ਹਨ ਕਿਉਂਕਿ (1) ਉਨ੍ਹਾਂ ਦੇ ਨਾ ਮੰਨਣ ਤੇ ਮਾਨਤਾ ਅਤੇ ਅਨੁਸ਼ਾਸਤ (sanctions) ਦਾ ਪ੍ਰਸ਼ਨ ਉਠਦਾ ਹੈ, (2) ਦਿਤੀ ਗਈ ਸਥਿਤ ਵਿਚ ਉਹ ਨਿਅਮਾਂ ਦੀ ਜਰੂਰਤ ਦੀ ਪੂਰਤੀ ਕਰਦੇ ਹਨ ਅਤੇ ਇਸ ਪ੍ਰਕਾਰ ਸਮਾਜ ਵਿਚ ਸਥਿਰੀਕਰਣ (stabilization) ਦਾ ਕੰਮ ਕਰਦੇ ਹਨ; (3) ਉਨ੍ਹਾਂ ਵਿਚ ਪਵਿੱਤਰ ਉਨਮੁਖਤਾ ਹੁੰਦੀ ਹੈ; (4) ਉਨ੍ਹਾਂ ਦਾ ਸੰਪ੍ਰੇਸ਼ਣ ਅਤੀਤ ਨਾਲ ਹੁੰਦਾ ਰਿਹਾ ਹੈ, ਅਤੇ (5) ਭੈਅ ਅਤੇ ਅਗਿਆਨਤਾ ਦੇ ਕਾਰਣ ਵੀ ਲੋਕ ਅਤੀਤ ਦੇ ਪ੍ਰਤੀ ਸ਼ਰਧਾਵਾਨ ਰਹਿੰਦੇ ਹਨ ਅਤੇ ਪਰਿਵਰਤਣ ਦਾ ਵਿਰੋਧ ਕਰਦੇ ਹਨ।

ਆਰ.ਐਨ. ਬੇਲਾਹ (R.N. Bellah, Values and social Change in Modern Japan) ਦੇ ਅਨੁਸਾਰ ਪਰੰਪਰਾਗਤ ਸਮਾਜ ਦੀ ਵਿਸ਼ੇਸ਼ਤਾਵਾਂ ਹਨ: ਪਰੰਪਰਾਵਾਂ ਦੀ ਪ੍ਰਧਾਨਤਾ, ਨਾਤੇਦਾਰੀ ਉਤੇ ਆਧਾਰਤ ਸੰਗਠਨ, ਪ੍ਰਦੱਤ ਪਰਿਸਥਿਤੀ ਅਤੇ ਸੰਸਤਰਿਤ ਸਮਾਜਿਕ ਵਿਅਵਸਥਤਾ। ਇਸਦੇ ਉਲਟ 'ਆਧੁਨਿਕ ਸਮਾਜ' ਦੀ ਵਿਸ਼ੇਸ਼ਤਾਵਾਂ ਹਨ: ਮਸ਼ੀਨੀ ਤਕਨੀਕ, ਰਾਸ਼ਟਰੀ ਤੇ ਧਰਮ ਨਿਰਪੇਖਤਾ ਦੇ ਵਿਚਾਰ ਅਤੇ ਅਤਿਅੰਤ ਉੱਚਤਾ ਦੀ ਵਿਵਿਧਤਾ ਪੂਰਣ ਸੰਰਚਨਾਵਾਂ। ਅਸਾਨ ਸ਼ਬਦਾਂ ਵਿਚ ਇਹ ਕਿਹਾ ਜਾ ਸਕਦ ਹੈ ਕਿ ਜਿੱਥੇ ਪਰੰਪਰਾਗਤ ਸਮਾਜ ਰੀਤੀ-ਰਿਵਾਜਾਂ ਤੇ ਪ੍ਰਥਾਵਾਂ ਨਾਲ ਬੰਨ੍ਹਿਆਂ ਹੁੰਦਾ ਹੈ ਅਤੇ ਸੰਸਤਰਿਤ (Hierarchical), ਪ੍ਰਦੱਤ ਪਰਿਸਥਿਤੀ ਵਾਲਾ, ਅਤੇ ਅਨੁਤਪਾਦਕ (unproduction) ਹੁੰਦਾ ਹੈ, ਉਥੇ ਹੀ ਆਧੁਨਿਕ ਸਮਾਨਤਵਾਦੀ (egalitarian), ਉਪਲਬਧ ਪਰਕ (achievement oriented), ਅਤੇ ਉਤਪਾਦਨ ਪਰਕ (production-oriented) ਅਰਥ ਵਿਅਵਸਥਾ ਉਤੇ ਆਧਾਰਤ ਹੁੰਦਾ ਹੈ।

ਪਰੰਪਰਾਗਤ ਸਮਾਜ ਗਤੀਹੀਨ ਹੁੰਦਾ ਹੈ। ਉੱਚ ਗਤੀਸ਼ੀਲਤਾ ਵਾਲੇ ਸਮਾਜ ਵਿਚ ਜਿਸ ਨੂੰ ਮੁਕਤ ਸਮਾਜ ਵੀ ਕਿਹਾ ਜਾਂਦਾ ਹੈ, ਵਿਅਕਤੀ ਮਾਰਗ ਵਿਚ ਆਉਣ ਵਾਲੇ ਅਵਸਰਾਂ ਅਤੇ ਆਪਣੀ ਯੋਗਤਾ ਤੇ ਸੰਭਾਵਨਾਵਾਂ ਦਾ ਲਾਭ ਉਠਾਉਂਦੇ ਹੋਏ ਆਪਣੀ ਪਰਿਸਥਿਤੀ ਵਿਚ ਪਰਿਵਰਤਣ ਕਰ ਸਕਦਾ ਹੈ। ਦੂਜੀ ਤਰਫ, ਬੰਦ ਜਾਂ ਗਤੀਹੀਨ ਸਮਾਜ ਵਿਚ ਵਿਅਕਤੀ ਜਨਮ ਤੋਂ ਮ੍ਰਿਤੂ ਤਕ ਇਕ ਹੀ ਪਰਿਸਥਿਤੀ ਵਿਚ ਰਹਿੰਦਾ ਹੈ। ਆਧੁਨਿਕਤਾ ਤੋਂ ਸਾਡਾ ਅਰਥ ਮੁਕਤ ਸਮਾਜ ਦੀ ਰਚਨਾ ਹੈ ਜਾਂ ਨਵੀਂ ਸੰਸਥਾਵਾਂ ਦੀ ਰਚਨਾ ਦੀ ਸੀਮਾ ਤੋ, ਅਤੇ ਉਸ ਪਰਿਵਰਤਣ ਨੂੰ ਸਵੀਕਾਰਣ ਤੋਂ ਹੈ ਜੋ ਸੰਸਥਾਵਾਂ ਵਿਚਾਰਾਂ ਅਤੇ ਸਮਾਜ ਦੀ ਸਮਾਜਿਕ ਸੰਰਚਨਾ ਨਾਲ ਸੰਬਧ ਹੈ। ਸ਼ਿਲਪ (shils) ਦੀ ਮਾਨਤਾ ਹੈ ਕਿ ਪਰੰਪਰਾਗਤ ਸਮਾਜ ਕਿਸੇ ਵੀ ਅਰਥ ਵਿਚ ਪੂਰਣਤਾ ਪਰੰਪਰਾਗਤ ਨਹੀਂ ਹੁੰਦਾ ਅਤੇ ਆਧੁਨਿਕ ਸਮਾਜ ਕਿਸੇ ਵੀ ਪ੍ਰਕਾਰ ਪਰੰਪਰਾਵਾਂ ਤੋਂ ਮੁਕਤ ਨਹੀਂ ਹੁੰਦਾ।

### 12.3.2 ਵਿਸ਼ੇਸ਼ਤਾਵਾਂ

ਕਾਰਲ ਡਿਊਸ਼ ਨੇ ਆਧੁਨਿਕਤਾ ਦੇ ਇਕ ਪੱਖ (ਅਰਥਾਤ ਸਮਾਜਿਕ ਜਨਸੰਖਿਆਤਮਕ ਜਾਂ ਜਿਸ ਨੂੰ ਉਹ ਸਮਾਜਿਕ ਗਤੀਸ਼ੀਲਤਾ ਵੀ ਕਹਿੰਦੇ ਹਨ) ਦਾ ਸੰਦਰਭ ਦਿੰਦੇ ਹੋਏ ਇੰਗਿਤ ਕੀਤਾ ਹੈ ਕਿ ਇਸਦੇ ਕੁਝ ਸੂਚਕ (indices) ਇਸ ਪ੍ਰਕਾਰ ਹਨ: ਯੰਤਰਾਂ ਦੇ ਮਾਧਿਅਮ ਵਿਚ ਆਧੁਨਿਕ ਜੀਵਨ ਦੇ ਪ੍ਰਤੀ ਵਿਗੋਪਨ ਜਾਂ ਅਨਾਵ੍ਰਿਤੀ (exposure), ਸ਼ਹਿਰੀਕਰਣ, ਖੇਤੀ ਧੰਦਿਆਂ ਵਿਚ ਪਰਿਵਰਤਣ, ਸਾਖਰਤਾ ਅਤੇ ਪ੍ਰਤੀ ਵਿਅਕਤੀ ਆਮਦਨ ਵਿਚ ਵਾਧਾ।

ਇਜੇਂਟਾਡ ਦੇ ਅਨੁਸਾਰ ਸਮਾਜਿਕ ਸੰਗਠਨ (ਜਾਂ ਆਧੁਨਿਕੀਕਰਣ) ਦੇ ਸੰਰਚਨਾਤਮਕ ਪੱਖਾਂ ਦੇ ਮੁੱਖ ਸੂਚਕ (indices) ਹਨ: ਵਿਸ਼ਿਸ਼ਟ ਭੂਮਿਕਾਵਾਂ (specialized roles) ਉਨਮੁਕਤ ਵਿਚਰਦ ਵਾਲੀ (free floating) ਹੁੰਦੀ ਹੈ (ਅਰਥਾਤ ਉਨ੍ਹਾਂ ਵਿਚ ਪ੍ਰਵੇਸ਼ ਵਿਅਕਤੀ ਦੇ ਪ੍ਰਦੱਤ ਲਖਸ਼ਣਾਂ ਨਾਲ ਨਿਰਧਾਰਤ ਨਹੀਂ ਹੁੰਦਾ ਹੈ), ਅਤੇ ਧਨ ਤੇ ਸ਼ਕਤੀ ਜਨਮ ਦੇ ਆਧਾਰ ਉਤ ਨਿਸ਼ਚਿਤ ਨਹੀਂ ਹੁੰਦੇ। (ਜਿਵੇਂ ਕਿ ਪਰੰਪਰਾਗਤ ਸਮਾਜਾਂ ਵਿਚ ਹੁੰਦਾ ਹੈ)। ਇਹ ਮਾਰਕਿਟ ਵਰਗੀ ਸੰਸਥਾਵਾਂ ਨਾਲ, (ਆਰਥਿਕ ਜੀਵਨ ਵਿਚ), ਮਤਦਾਨ ਨਾਲ, ਅਤੇ ਰਾਜਨੈਤਿਕ ਜੀਵਨ ਵਿਚ ਪਾਰਟੀਆਂ ਕੰਮਾਂ ਨਾਲ ਸੰਬਧ ਹੁੰਦੇ ਹਨ।

ਨੋਟ

ਮੂਰ ਨੇ ਦਸਿਆ ਹੈ ਕਿ ਆਧੁਨਿਕ ਸਮਾਜ ਦੇ ਵਿਸ਼ੇਸ਼ ਆਰਥਿਕ, ਰਾਜਨੈਤਿਕਅਤੇ ਸਾਂਸਕ੍ਰਿਤਕ ਲਖਸ਼ਣ ਹੁੰਦੇ ਹਨ। ਆਰਥਿਕ ਖੇਤਰ ਵਿਚ ਆਧੁਨਿਕ ਸਮਾਜ ਦੇ ਲਖਸ਼ਣ ਹੇਠਲੇ ਹਨ: (1) ਅਤਿਅੰਤ ਉੱਚ ਪੱਧਰੀ ਤਕਨੀਕੀ ਦਾ ਵਿਕਾਸ ਜੋ ਗਿਆਨ ਦੇ ਵਿਅਵਸਥਿਤ ਖੋਜ ਨਾਲ ਹੁੰਦਾ ਹੈ, ਜਿਸਦਾ ਅਨੁਸਰਣ ਪ੍ਰਾਥਮਿਕ ਕਿੱਤਾ (ਖੇਤੀ) ਵਿਚ ਘੱਟ ਅਤੇ ਦੂਜੇ (ਉਦਿਯੋਗ, ਵਪਾਰ) ਅਤੇ ਤੀਜੇ (ਨੌਕਰੀ) ਕਿੱਤਿਆਂ ਵਿਚ ਜ਼ਿਆਦਾ ਹੁੰਦਾ ਹੈ: (2) ਆਰਥਿਕ ਵਿਸ਼ਿਸ਼ਟਤਾਵਾਂ ਦੀ ਭੂਮਿਕਾਵਾਂ ਦਾ ਵਿਕਾਸ, (3) ਪ੍ਰਮੁੱਖ ਬਾਜਾਰਾਂ, ਜਿਵੇਂ ਵਸਤੂਆਂ ਦਾ ਬਾਜਾਰ, ਸ਼੍ਰਮ ਬਾਜਾਰ, ਅਤੇ ਮੁਦ੍ਰਾ ਬਾਜਾਰ ਦੇ ਖੇਤਰ ਤੇ ਜਟਿਲਤਾ ਦਾ ਵਿਕਾਸ।

ਰਾਜਨੈਤਿਕ ਖੇਤਰ ਵਿਚ ਆਧੁਨਿਕ ਸਮਾਜ ਕੁਝ ਅਰਥਾਂ ਵਿਚ ਪ੍ਰਜਾਤਾਂਤ੍ਰਿਕ ਜਾਂ ਘੱਟ ਤੋਂ ਘੱਟ ਜਨਵਾਦੀ (populistic) ਹੈ। ਇਸਦੇ ਲਖਸ਼ਣ ਹਨ: (1) ਸ਼ਾਸਕਾਂ ਦੇ ਆਪਣੇ ਸਮਾਜ ਤੋਂ ਬਾਹਰ ਸ਼ਕਤੀ ਦੇ ਸੰਦਰਭ ਵਿਚ ਪਾਰੰਪਰਿਗ ਵੈਧਤਾ ਵਿਚ ਗਿਰਾਵਟ, (2) ਸ਼ਾਸਕਾਂ ਦੀ ਉਨ੍ਹਾਂ ਸ਼ਾਸਿਤਾਂ ਦੇ ਪ੍ਰਤੀ ਇਕ ਪ੍ਰਕਾਰ ਦੇ ਵੈਚਾਰਿਕ ਜਿੰਮੇਵਾਰੀ (ideological accountability) ਦੀ ਸਥਾਪਨਾ ਜੋ ਰਾਜਨੈਤਿਕ ਸੱਤਾ ਦੇ ਵਾਸਤਵਿਕ ਧਾਰਣਹਾਰੀ ਹੁੰਦੇ ਹਨ, (3) ਬੌਧਿਕ ਵਿਸ਼ਿਆਂ ਉਤੇ ਆਧਾਰਤ ਵਿਸ਼ਿਸ਼ਟ ਭੂਮਿਕਾਵਾਂ ਦੇ ਵਿਕਾਸ ਦੇ ਲਈ ਜਟਿਲ ਸੰਸਥਾਤਮਕ ਵਿਅਵਸਥਾ, (4) ਸੰਚਾਰ ਸਾਧਨਾਂ ਦਾ ਵਿਕਾਸ, (5) ਨਵੀਨ ਸਾਂਸਕ੍ਰਿਤਕ ਦ੍ਰਿਸ਼ਟੀਕੋਣ ਦਾ ਵਿਕਾਸ ਜਿਸ ਵਿਚ ਪ੍ਰਗਤੀ ਤੇ ਸੁਧਾਰ ਉਤੇ ਬਲ, ਯੋਗਤਾਵਾਂ ਦੀ ਅਭਿਵਿਅਕਤੀ ਅਤੇ ਪ੍ਰਸੰਨਤਾ ਉਤੇ ਬਲ, ਵਿਅਕਤੀਵਾਦ ਦਾ ਨੈਤਿਕ ਕੀਮਤਾਂ ਦੇ ਰੂਪ ਵਿਚ ਮੰਨਣ ਉਤੇ ਬਲ ਅਤੇ ਵਿਅਕਤੀ ਦੀ ਕੁਸ਼ਲਤਾ ਅਤੇ ਸਨਮਾਨ ਉਤੇ ਬਲ ਦਿਤਾ ਜਾਂਦਾ ਹੈ।

ਵਿਸਤ੍ਰਿਤ ਰੂਪ ਵਿਚ ਆਧੁਨਿਕਕਰਣ ਦੇ ਪ੍ਰਮੁੱਖ ਲਖਸ਼ਣ ਇਸ ਪ੍ਰਕਾਰ ਹਨ:

- ਵੈਗਿਆਨਿਕ ਭਾਵ ਉਨਮਾਦ
- ਕਾਰਣ ਅਤੇ ਤਰਕਵਾਦ
- ਧਰਮਨਿਰਪੇਖਤਾ
- ਉੱਚ ਆਕਾਂਸ਼ਾਵਾਂ ਅਤੇ ਉਪਲਬਧੀ ਪਰਕਤਾ
- ਕੀਮਤਾਂ, ਮਾਨਦੰਡਾਂ ਅਤੇ ਅਭਿਰੁਚੀਆਂ ਵਿਚ ਸੰਪੂਰਣ ਪਰਿਵਰਤਣ
- ਨਵੀਨ ਪ੍ਰਕਾਰਜਾਤਮਕ ਸੰਸਥਾਵਾਂ ਦੀ ਰਚਨਾ
- ਮਾਨਵ ਸੰਸਧਨਾ ਵਿਚ ਨਿਵੇਸ਼
- ਵਿਕਾਸ ਪਰਕ ਅਰਥ ਵਿਅਵਸਥਾ
- ਨਾਤੇਦਾਰੀ, ਜਾਤੀ, ਧਰਮ ਜਾਂ ਭਾਸ਼ਾ ਪਰਕ ਹਿਤਾਂ ਦੀ ਅਪੇਕਸ਼ਾ ਰਾਸ਼ਟਰੀ ਹਿਤ
- ਮੁਕਤ ਸਮਾਜ
- ਗਤੀਸ਼ੀਲ ਵਿਅਕਤੀਤਵ

### 12.3.4 ਆਧੁਨਿਕੀਕਰਣ ਦੇ ਪਰਿਮਾਪ

ਆਧੁਨਿਕੀਕਰਣ ਦੇ ਪਰਿਮਾਪਾਂ ਦੇ ਵਿਸ਼ੇ ਵਿਚ ਵਿਆਖਿਆ ਕਰਦੇ ਹੋਏ ਰਸਟੋਵ ਅਤੇ ਵਾਰਡ ਨੇ ਇਨ੍ਹਾਂ ਵਿਚ ਪਰਿਵਰਤਨ ਦੇ ਇਨ੍ਹਾਂ ਵਿਸ਼ੇਸ਼ ਪੱਖਾਂ ਨੂੰ ਸ਼ਾਮਲ ਕੀਤਾ ਹੈ। (1) ਅਰਥ ਵਿਅਵਸਥਾ ਦਾ ਉਦਿਯੋਗੀਕਰਣ ਅਤੇ ਉਦਿਯੋਗ, ਖੇਤੀ, ਦੁੱਧ ਉਦਿਯੋਗ (dairy farming), ਆਦਿ ਵਿਚ ਵੈਗਿਆਨਕ ਤਕਨੀਕੀ ਘਾਰਣ ਕਰਕੇ ਉਨ੍ਹਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਉਤਪਾਦਕ ਬਣਾਉਣਾ, (2) ਵਿਚਾਰਾਂ ਦਾ ਧਰਮ ਨਿਰਪੇਖੀਕਰਣ, (3) ਭੌਗੋਲਿਕ ਅਤੇ ਸਮਾਜਿਕ ਗਤੀਸ਼ੀਲਤਾ ਵਿਚ ਉਲੇਖਨੀ ਵਾਧਾ, (4) ਤਕਨੀਕੀ ਅਤੇ ਵੈਗਿਆਨਕ ਬਿਖਿਆ ਦਾ ਪ੍ਰਸਾ, (5) ਪ੍ਰਦੱਤ ਪਰਿਸਥਿਤੀ ਤੋਂ ਅਰਜਿਤ ਪਰਿਸਥਿਤੀ ਵਿਚ ਪਰਿਵਰਤਣ, (6) ਭੌਤਿਕ ਜੀਵਨ ਪੱਧਰ ਵਿਚ ਵਾਧਾ, (7) ਅਰਥ ਵਿਅਵਸਥਾ ਵਿਚ ਨਿਰਜੀਵ ਸ਼ਕਤੀ (inanimate energy) ਦਾ ਜੈਵਿਕ (animate) ਸ਼ਕਤੀ ਤੋਂ ਜ਼ਿਆਦਾ ਉਪਯੋਗ, (8) ਪ੍ਰਾਥਮਿਕ ਉਤਪਾਦਨ ਖੇਤਰ ਦੀ ਅਪੇਕਸ਼ਾ ਦੂਜੇ ਅਤੇ ਤੀਜੇ ਉਤਪਾਦ ਖੇਤਰ ਵਿਚ ਜ਼ਿਆਦਾ ਸ਼੍ਰਮਿਕਾਂ ਦਾ ਕੰਮ ਕਰਨਾ (ਅਰਥਾਤ, ਖੇਤੀ ਅਤੇ ਮਛਲੀ ਕੰਮਾਂ ਦੀ ਅਪੇਕਸ਼ਾ ਨਿਰਮਾਣ ਅਤੇ ਨੌਕਰੀ ਆਦਿ ਕਿੱਤਿਆਂ ਵਿਚ ਜ਼ਿਆਦਾ ਸ਼੍ਰਮਿਕ। (9) ਤੇਜ ਸ਼ਹਿਰੀਕਰਣ, (10) ਉੱਚ ਪੱਧਰੀ ਸਾਖਰਤਾ, (11) ਪ੍ਰਤੀ ਵਿਅਕਤੀ ਉੱਚ ਰਾਸ਼ਟਰੀ ਉਤਪਾਦਨ, (12) ਜਨ ਸੰਚਾਰ ਦਾ ਨਿਸ਼ੁਲਕ ਵਿਸਤਾਰ (13) ਜਨਮ ਦੇ ਸਮੇਂ ਉੱਚ ਜੀਵਨ ਅਪੇਕਸ਼ਾ (expectency)।

### 12.3.5 ਆਧੁਨਿਕੀਕਰਣ ਦੀ ਪੂਰਵ ਜਰੂਰਤਾਂ

ਪਰੰਪਰਾਵਾਦ ਤੋ ਆਧੁਨਿਕੀਕਰਣ ਵਿਚ ਪਰਿਵਰਤਣ ਹੋਣ ਤੋਂ ਪੂਰਵ ਸਮਾਜ ਵਿਚ ਆਧੁਨਿਕੀਕਰਣ ਦੀ ਕੁਝ ਪੂਰਵ ਜਰੂਰਤਾਂ ਮੌਜੂਦ ਹੋਣੀ ਚਾਹੀਦੀਆਂ ਹਨ: (1) ਉਦੇਸ਼ ਦੀ ਜਾਣਕਾਰੀ ਅਤੇ ਭਵਿੱਖ ਉਤੇ ਦ੍ਰਿਸ਼ਟੀ, (2) ਆਪਣੀ ਦੁਨੀਆਂ ਤੋਂ ਪਰੇ ਵੀ ਹੋਰ ਸਮਾਜਾਂ ਦੇ ਪ੍ਰਤੀ ਜਾਗਰੁਕਤਾ, (3) ਬਹੁਤ ਜਰੂਰਤ ਦਾ ਭਾਵ, (4) ਵਿਵਿਧ ਭੂਮਿਕਾਵਾਂ ਅਤੇ ਅਵਸਰਾਂ ਦੀ ਉਪਲਭਧਤਾ, (5) ਆਪ ਲੱਦੇ ਗਏ ਕੰਮਾਂ ਅਤੇ ਬਲਿਦਾਨਾਂ ਦੇ ਲਈ ਭਾਵਨਾਤਮਕ ਤਤਪਰਤਾ, (6) ਪ੍ਰਤੀਬੱਧ, ਗਤੀਸ਼ੀਲ ਅਤੇ ਨਿਸ਼ਠਾਵਾਨ ਅਗਵਾਈ ਦਾ ਉਦੇ।

ਨੋਟ

ਆਧੁਨਿਕੀਕਰਣ ਬਹੁਤ ਜਟਿਲ ਹੈ ਕਿਉਂਕਿ ਇਸ ਵਿਚ ਅਪੇਕਸ਼ਾਕ੍ਰਿਤ ਨਵੇਂ ਸਥਾਈ ਢਾਂਚੇ ਦੀ ਜਰੂਰਤ ਹੁੰਦੀ ਹੈ, ਬਲਕਿ ਅਜਿਹੇ ਢਾਂਚੇ ਦੀ ਵੀ ਜੋ ਆਪ ਨੂੰ ਨਿਰੰਤਰ ਬਦਲਦੀ ਦਸ਼ਾਵਾਂ ਅਤੇ ਸਮੱਸਿਆਵਾਂ ਦੇ ਅਨੁਕੂਲ ਬਣਾ ਲਵੇ। ਇਸਦੀ ਸਫਲਤਾ ਸਮਾਜ ਦੀ ਆਂਤਰਿਕ ਪਰਿਵਰਤਣ ਦੀ ਸਮਰਥਤਾ ਉਤੇ ਨਿਰਭਰ ਕਰਦੀ ਹੈ।

ਇਜੇਂਟਾਡ ਦੀ ਮਾਨਤਾ ਹੈ ਕਿ ਆਧੁਨਿਕੀਕਰਣ ਦੇ ਲਈ ਇਕ ਸਮਾਜ ਦੇ ਤਿੰਨ ਸਰੰਚਾਨਾਤਮਕ ਲਖਸ਼ਣ ਹੋਣੇ ਚਾਹੀਦੇ ਹਨ: (1) (ਉੱਚ ਪੱਧਰੀ) ਸੰਰਚਨਾਤਮਕ ਅੰਤਰ, (2) (ਉੱਚ ਕੋਟੀ ਦੀ) ਸਮਾਜਿਕ ਗਤੀਸ਼ੀਲਤਾ ਅਤੇ (3) ਅਪੇਕਸ਼ਾਕ੍ਰਿਤ ਕੇਂਦਰੀ ਦੇ ਪ੍ਰਤੀ ਪ੍ਰਤੀਕ੍ਰਿਆ ਵਿਅਕਤ ਕਰ ਸਕਦਾ ਹੈ। ਇਹ ਹਨ:

1. **ਅਸਵੀਕਾਰਾਤਮਕ ਅਨੁਕ੍ਰਿਆ (Rejective Response)**—ਇਕ ਪਰੰਪਰਾਗਤ ਸਮਾਜ ਆਧੁਨਿਕੀਕਰਣ ਨੂੰ ਅਸਵੀਕਾਰ ਕਰ ਸਕਦਾ ਹੈ ਇਹ ਅਨੇਕ ਪ੍ਰਕਾਰ ਨਾਲ ਕਈ ਪੱਧਰਾਂ ਉਤ ਹੋ ਸਕਦਾ ਹੈ। ਸ਼ਕਤੀਸ਼ਾਲੀ ਸਮੂਹ, ਭੂਸਾਮੰਤਸ਼ਾਹੀ, ਸਰਕਾਰੀ ਸਵਲਪਤੰਤਰ (oligarchy), ਮਜਦੂਰ ਸੰਘ ਅਤੇ ਧਰਮਾਂਧ ਲੋਕ ਆਪਣੇ ਹਿਤ ਦੀ ਰਖਿਆ ਲਈ ਆਧੁਨਿਕੀਕਰਣ ਨੂੰ ਹਤੋਤਸਾਹਿਤ ਕਰ ਸਕਦੇ ਹਨ। ਸਮਾਜਿਕ ਪੂਰਵਾਗ੍ਰਹਿ (prejudices), ਪਰੰਪਰਾਗਤ ਜੀਵਨ ਦੇ ਕੁਝ ਸਵਰੂਪਾਂ, ਵਿਸ਼ਵਾਸਾਂ ਤੇ ਪ੍ਰਥਾਵਾਂ ਵਿਚ ਦ੍ਰਿੜ ਆਸਥਾ ਅਤੇ ਵਿਸ਼ੇਸ਼ ਰੂਚੀ ਕੁਝ ਲੋਕਾਂ ਨੂੰ ਆਧੁਨਿਕੀਕਰਣ ਦੀ ਪ੍ਰਕ੍ਰਿਆ ਨੂੰ ਅਸਵੀਕਾਰ ਕਰਨ ਅਤੇ ਪਰੰਪਰਾਗਤ ਵਿਅਵਸਥਾ ਨੂੰ ਬਣਾਏ ਰਖਣ ਦੇ ਲਈ ਮਜਬੂਰ ਕਰ ਸਕਦੇ ਹਨ।
2. **ਵਿਕਲਪਯੁਕਤ ਅਨੁਕ੍ਰਿਆ (Disjunctive Response)**—ਪ੍ਰਾਚੀਨ ਅਤੇ ਨਵੀਨ ਦੇ ਵਿਚ ਸੰਧੀ (conjunction) ਅਨੁਕ੍ਰਿਆ ਅਤੇ ਆਧੁਨਿਕੀਕਰਣ ਅਤੇ ਪਰੰਪਰਾਤਮਕਤਾ ਦੇ ਵਿਚ ਸਹਿ-ਹੋਂਦ (co-existence) ਤਦ ਹੁੰਦਾ ਹੈ ਜਦ ਆਧੁਨਿਕੀਕਰਣ ਦੀ ਪ੍ਰਕ੍ਰਿਆ ਪਰੰਪਰਾਗਤ ਜੀਵਨ ਨੂੰ ਪ੍ਰਭਾਵਤ ਕੀਤੇ ਬਿਨਾ ਹੀ ਨਿਸਪ੍ਰਹਿ (detached) ਵਿਕਾਸ ਦੇ ਰੂਪ ਵਿਚ ਚਲਦਾ ਰਹਿੰਦਾ ਹੈ ਇਸ ਪ੍ਰਕਾਰ ਆਧੁਨਿਕੀਕਰਣ ਅਤੇ ਪਰੰਪਰਾਤਮਕ ਵਿਅਵਸਥਾ ਵਿਚ ਕੋਈ ਸੰਘਰਸ਼ ਨਹੀਂ ਹੁੰਦਾ ਕਿਉਂਕਿ ਪ੍ਰਾਚੀਨ ਵਿਅਵਸਥਾ ਨੂੰ ਕੋਈ ਖਤਰਾ ਨਹੀਂ ਹੁੰਦਾ। ਆਧੁਨਿਕੀਕਰਣ ਦੇ ਲਖਸ਼ਣ ਪਰੰਪਰਾਤਮਕ ਜੀਵਨ ਦੇ ਨਾਲ-ਨਾਲ ਰਹਿੰਦੇ ਹਨ।
4. **ਸਮਰਥਕ ਅਨੁਕ੍ਰਿਆ (Supportive Response)**—ਇਸਦੇ ਅੰਤਰਗਤ ਨਵੀਨ ਤੇ ਆਧੁਨਿਕ ਗੱਲਾਂ ਸਵੀਕਾਰ ਕੀਤੀਆਂ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਨਾਲ ਪਰੰਪਰਾਤਮਕ ਵਿਅਵਸਥਾ ਨੂੰ ਬਲ ਮਿਲਦਾ ਹੈ। ਉਦਾਹਰਣ ਲਈ, ਪੁਲਿਸ ਜਾਂ ਸੈਨਾ ਵਿਚ ਆਧੁਨਿਕੀਕਰਣ ਦੀ ਪ੍ਰਕ੍ਰਿਆ ਦੀ ਕਾਰਜ ਯੋਗਤਾ ਅਤ ਸੈਨਾ ਦੀ ਸ਼ਕਤੀ ਵਿਚ ਵਾਧਾ ਕਰਦੀ ਹੈ। ਕਈ ਪਰੰਪਰਾਤਮਕ ਸਮੂਹ ਅਤੇ ਸੰਸਥਾਵਾਂ ਪਰੰਪਰਾਗਤ ਹਿਤਾਂ ਨੂੰ ਜਾਰੀ ਰਖਣ ਦੇ ਲਈ ਆਧੁਨਿਕੀਕਰਣ ਦੁਆਰਾ ਪ੍ਰਦੱਤ ਅਵਸਰਾਂ ਦਾ ਪ੍ਰਯਾਕ੍ਰ ਕਰਦੇ ਹਨ ਅਤੇ ਪਰੰਪਰਾਗਤ ਸਥਿਤੀ ਨੂੰ ਦ੍ਰਿੜਤਾ ਨਾਲ ਬਣਾ ਕੇ ਰਖਦੇ ਹਨ। ਆਧੁਨਿਕੀਕਰਣ ਪਰੰਪਰਾਗਤ ਹਿਤਾਂ ਨੂੰ ਅਗੇ ਵਧਾਏ ਰਖਣ ਲਈ ਸੰਸਾਧਨ ਅਤੇ ਸੁਵਿਧਾਵਾਂ ਉਪਲਬਧ ਕਰਾ ਸਕਦਾ ਹੈ।
5. **ਵਿਘਟਨਕਾਰੀ ਅਨੁਕ੍ਰਿਆ (Disruptive Response)**—ਇਸ ਅਨੁਕ੍ਰਿਆ ਵਿਚ ਪਰੰਪਰਾਤਮਕ ਵਿਅਵਸਥਾ ਨੂੰ ਕਈ ਬਿੰਦੂਆਂ ਉਤੇ ਸਮਾਯੋਜਨ ਦੁਆਰਾ ਖੋਖਲਾ ਬਣਾਇਆ ਜਾਂਦਾ ਹੈ ਜੋ ਕਿ ਆਧੁਨਿਕੀਕਰਣ ਦੁਆਰਾ ਉਤਪੰਨ ਸਥਿਤੀਆਂ ਦੇ ਕਾਰਣ ਕੀਤਾ ਜਾਂਦਾ ਹੈ।

ਸਾਧਾਰਣ ਤੌਰ ਤੇ ਇਹ ਪੰਜਾਂ ਅਨੁਕ੍ਰਿਆਵਾਂ ਕਈ ਸੰਯੋਜਨਾਂ (combinations) ਦੁਆਰਾ ਪਰੰਪਰਾਗਤ ਵਿਅਵਸਥਤਾ ਦੇ ਕਈ ਬਿੰਦੂਆਂ ਉਤੇ ਹੁੰਦੀ ਰਹਿੰਦੀ ਹੈ। ਅਨੁਕ੍ਰਿਆਵਾਂ ਵਰੀਅਤਾ (preferences), ਰੁਚੀਆਂ (Interests), ਅਤੇ ਕੀਮਤਾਂ (values) ਤੋਂ ਪ੍ਰਭਾਵਤ ਹੁੰਦੀਆਂ ਰਹਿੰਦੀਆਂ ਹਨ।

ਮਾਈਨਰ ਵੀਨਰ (Myron Weiner, 1966:8) ਅਨੁਸਾਰ ਆਧੁਨਿਕੀਕਰਣ ਨੂੰ ਸੰਭਵ ਬਣਾਉਣ ਵਾਲੇ ਪ੍ਰਮੁੱਖ ਸਾਧਨ (Instruments) ਇਸ ਪ੍ਰਕਾਰ ਹਨ:

1. **ਸਿਖਿਆ (Education)**—ਸਿਖਿਆ ਰਾਸ਼ਟਰੀਅਤਾ ਦਾ ਭਾਵ ਜਾਗ੍ਰਤ ਕਰਦੀ ਹੈ ਅਤੇ ਤਕਨੀਕੀ ਨਵੀਨਤਾਵਾਂ ਦੇ ਲਈ ਜਰੂਰੀ ਯੋਗਤਾ ਅਤੇ ਅਭਿਰੁਚੀਆਂ ਪੈਦਾ ਕਰਦੀ ਹੈ। ਐਡਵਰਡ ਸ਼ਿਲਪ ਨੇ ਵੀ ਆਧੁਨਿਕੀਕਰਣ ਦੀ ਪ੍ਰਕ੍ਰਿਆ ਵਿਚ ਸਿਖਿਆ ਦੀ ਭੂਮਿਕਾ ਉਤੇ ਬਲ ਦਿਤਾ ਹੈ। ਪਰੰਤੂ ਅਰਨੋਲਡ ਐਂਡਰਮਨ (Arnold Anderson) ਦੀ ਮਾਨਤਾ ਹੈ ਕਿ ਓਪਚਾਰਿਕ (formal) ਸਿਖਿਆ ਹੀ ਕੇਵਲ ਅਧਿਆਪਨ ਕੁਸ਼ਲਤਾ ਦੇ ਲਈ ਪਰਿਆਪਤ ਨਹੀਂ ਹੈ। ਕਦੀ-ਕਦੀ ਵਿਸ਼ਵਵਿਦਿਆਲਾ ਪੱਧਰ ਦੀ ਸਿਖਿਆ ਵਿਅਰਥ ਹੋ ਸਕਦੀ ਹੈ, ਕਿਉਂਕਿ ਇਹ ਡਿਗ੍ਰੀਧਾਰੀਆਂ ਦੀ ਸੰਖਿਆ ਵਿਚ ਤਾਂ ਵਾਧਾ ਕਰ ਦਿੰਦੀ ਹੈ, ਕਿੰਤੂ ਆਧੁਨਿਕ ਦਕਸ਼ਤਾ ਅਤੇ ਅਭਿਰੁਚੀਆਂ ਨਾਲ ਪੂਰਨ ਲੋਕਾਂ ਦੀ ਸੰਖਿਆ ਵਿਚ ਵਾਧਾ ਨਹੀਂ ਕਰਦੀ।
2. **ਸੰਚਾਰ (ਸੰਪ੍ਰੇਖਣ) (Communication)**—ਜਨਸੰਚਾਰ ਦੇ ਸਾਧਨਾਂ ਦਾ ਵਿਕਾਸ (ਟੈਲੀਫੋਨ, ਟੀ.ਵੀ., ਰੇਡੀਓ ਅਤੇ ਫਿਲਮ ਆਦਿ) ਆਧੁਨਿਕ ਵਿਚਾਰਾਂ ਦੀ ਪ੍ਰਸਾਰਿਤ ਕਰਨ ਦਾ ਇਕ ਮਹੱਤਵਪੂਰਣ ਸਾਧਨ ਹੈ। ਕੇਵਲ ਖਤਰਾ

ਨੋਟ

ਇਹ ਹੈ ਕਿ ਇਨ੍ਹਾਂ ਉਤੇ ਸਰਕਾਰੀ ਨਿਅੰਤ੍ਰਣ ਹੋਵੇ ਤਾਂ ਇਹ ਇਕ ਹੀ ਪ੍ਰਕਾਰ ਦੀ ਵਿਚਾਰਧਾਰਾ ਨੂੰ ਪ੍ਰਸਾਰਿਤ ਕਰਣਗੇ। ਪ੍ਰਜਾਤੰਤਰ ਵਿਚ ਪ੍ਰੇਮ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਦੇ ਲਈ ਸੁਤੰਤਰ ਹੁੰਦਾ ਹੈ।

3. **ਰਾਸ਼ਟਰੀਅਤਾ ਉਤੇ ਆਧਾਰਤ ਵਿਚਾਰਧਾਰਾ (Ideology based on Nationalism)**—ਬਹੁਤ (Plural) ਸਮਾਜ ਵਿਚ ਰਾਸ਼ਟਰਵਾਦੀ ਵਿਚਾਰਧਾਰਾਵਾਂ ਸਮਾਜਿਕ ਦਰਾਰਾਂ (social cleavages) ਦੇ ਏਕੀਕਰਣ ਦੇ ਲਈ ਅੱਛਾ ਸਾਧਨ ਹੁੰਦੀਆਂ ਹਨ। ਉਹ ਲੋਕਾਂ ਦੇ ਵਿਉਹਾਰ ਪਰਿਵਰਤਣ ਲਈ ਰਾਜਨੈਤਿਕ ਅਭਿਜਨ ਦੀ ਵੀ ਸਹਾਇਤਾ ਕਰਦੀਆਂ ਹਨ। ਪਰੰਤੂ ਬਾਈਂਡਰ (Binder) ਦੀ ਮਾਨਤਾ ਹੈ ਕਿ ਅਭਿਜਨਾਂ ਦੀ ਵਿਚਾਰਧਾਰਾ ਆਧੁਨਿਕ ਹੋ ਸਕਦੀ ਹੈ, ਪਰੰਤੂ ਇਹ ਜਰੂਰੀ ਨਹੀਂ ਹੈ ਕਿ ਇਸ ਨਾਲ ਵਿਕਾਸ ਨੂੰ ਵੀ ਸੁਵਿਧਾ ਪ੍ਰਾਪਤ ਹੋਵੇ।
4. **ਕਰਿਸ਼ਮਾਈ (ਚਮਤਕਾਰੀ) ਅਗਵਾਈ (Chairsmatic Leadership)**—ਇਕ ਕਰਿਸ਼ਮਾਈ (ਚਮਤਕਾਰੀ) ਨੇਤਾ ਲੋਕਾਂ ਨੂੰ ਆਧੁਨਿਕ ਵਿਚਾਰ, ਵਿਸ਼ਵਾਸ, ਰੀਤੀ-ਰਿਵਾਜ ਅਤੇ ਵਿਉਹਾਰ ਅਪਣਾਉਣ ਦੇ ਲਈ ਪ੍ਰੇਰਿਤ ਕਰਨ ਵਿਚ ਅੱਛੀ ਸਥਿਤੀ ਵਿਚ ਹੁੰਦਾ ਹੈ ਕਿਉਂਕਿ ਲੋਕ ਉਸ ਨੂੰ ਸ਼ਰਧਾ ਤੇ ਨਿਸ਼ਠਾ ਨਾਲ ਦੇਖਦੇ ਹਨ। ਡਰ ਇਹੀ ਰਹਿੰਦਾ ਹੈ ਕਿ ਅਜਿਹਾ ਨੇਤਾ ਕਿਤੇ ਰਾਸ਼ਟਰੀ ਵਿਕਾਸ ਦੇ ਸਥਾਨ ਉਤੇ ਵਿਅਕਤੀਗਤ ਯਸ਼ ਦੇ ਲਈ ਆਧੁਨਿਕ ਕੀਮਤਾਂ ਅਤੇ ਅਭਿਰੁਚੀਅ ਦਾ ਪ੍ਰਯੋਗ ਨਾ ਕਰਣ ਲਗੇ।
5. **ਅਵਪੀੜਕ ਸਰਕਾਰੀ ਸੱਤਾ (Coercive Government Authority)**—ਜੇਕਰ ਸਰਕਾਰੀ ਸੱਤਾ ਕਮਜ਼ੋਰ ਹੈ ਤਾਂ ਇਹ ਆਧੁਨਿਕੀਕਰਣ ਦੀ ਪ੍ਰਕ੍ਰਿਆ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਲਈ ਬਣੀ ਨੀਤੀਆਂ ਨੂੰ ਕ੍ਰਿਆਵਿੰਅਨ (implementation) ਵਿਚ ਸਫਲਤਾ ਪ੍ਰਾਪਤ ਨਾ ਕਰ ਸਕੇ, ਕਿੰਤੂ ਜੇਕਰ ਸਰਕਾਰ ਮਜਬੂਤ ਹੈ ਤਾਂ ਇਹ ਲੋਕਾਂ ਨੂੰ ਵਿਕਾਸ ਦੇ ਉਦੇਸ਼ ਤੋਂ ਵਿਉਹਾਰ ਅਤੇ ਅਭਿਰੁਚੀਆਂ ਨੂੰ ਅਪਣਾਉਣ ਦੇ ਲਈ ਮਜਬੂਰ ਕਰ ਸਕਦੀ ਹੈ ਅਤੇ ਇਸ ਦੇ ਲਈ ਅਵਪੀੜਨ (coercion) ਦਾ ਸਹਾਰਾ ਵੀ ਲੈ ਸਕਦੀ ਹੈ। ਪਰੰਤੂ ਮਾਈਨਰ ਤੀਨਰ ਦਾ ਵਿਚਾਰ ਹੈ ਕਿ ਇਕ ਤਾਨਾਸ਼ਾਹੀ ਸ਼ਾਸਨ ਦੀ ਢਾਲ ਦੇ ਥੱਲੇ ਰਾਸ਼ਟਰੀਅਤਾ ਦੇਸ਼ ਨੂੰ ਵਿਕਾਸ ਦੇ ਪਾਸੇ ਲੈ ਜਾਣ ਦੇ ਸਥਾਨ ਉਤੇ ਦੇਸ਼ ਦੇ ਬਾਹਰ ਆਤਮਹੱਤਿਆ ਦਾ ਵਿਸਤਾਰ ਸਵਰੂਪ (suicidal expansion) ਸਿੱਧ ਹੋ ਸਕਦੀ ਹੈ। ਇਸ ਸੰਦਰਭ ਵਿਚ ਬੁਸ਼ ਪ੍ਰਸ਼ਾਸਨ (ਅਮੇਰਿਕਾ ਵਿਚ) ਦੇ ਰਾਜਨੈਤਿਕ ਅਭਿਜਨਾਂ ਦੀ ਨੀਤੀਆਂ ਦਾ ਉਧਰਣ ਦੇਣਾ ਗਲਤ ਨਹੀਂ ਹੋਵੇਗਾ ਜੋ ਕਿ ਉਨ੍ਹਾਂ ਨੇ ਇਰਾਕ ਆਦਿ ਦੇ ਲਈ ਬਣਾਈ ਸੀ। ਰੂਸ ਦੀ ਸ਼੍ਰੇਸ਼ਠਤਾ ਖਤਮ ਹੋ ਜਾਣ ਦੇ ਬਾਅਦ ਅਮੇਰਿਕਾ ਦੀ ਸਰਕਾਰੀ ਸੱਤਾ ਨੇ ਅਵਿਕਸਿਤ ਅਤੇ ਵਿਕਾਸਸ਼ੀਲ ਦੇ ਸ਼ਾਂ ਨੂੰ ਆਧੁਨਿਕੀਕਰਣ ਦੇ ਨਾਮ ਉਤੇ ਪੀੜਤ ਕਰਨ ਦੀ ਨੀਤੀ ਅਪਣਾਉਣੀ ਆਰੰਭ ਕਰ ਦਿਤੀ।

   ਮਾਨਰਨ ਵੀਨਰ (1966:9-10) ਨੇ ਸਮਾਜ ਦੇ ਆਧੁਨਿਕੀਕਰਣ ਦੇ ਲਈ ਕੀਮਤਾਂ, ਅਵਸਰਾਂ ਅਤੇ ਅਭਿਰੁਚੀਆਂ ਵਿਚ ਪਰਿਵਰਤਣ ਦੀ ਗੱਲ ਵੀ ਕਹੀ ਹੈ। ਅਨੇਕ ਅਰਥਸ਼ਾਸਤਰੀਆਂ ਨੇ ਵੀ ਇਸ ਵਿਚਾਰ ਦਾ ਸਮਰਥਣ ਕੀਤਾ ਹੈ। ਉਨ੍ਹਾਂ ਨੇ ਉਤਪਾਦਨ ਦੀ ਪ੍ਰਕ੍ਰਿਆ ਵਿਚ ਉਨ੍ਹਾਂ ਸੰਸਥਾਤਮਕ ਰੁਕਾਵਟਾਂ ਦੇ ਪਾਸੇ ਸੰਕੇਤ ਕੀਤਾ ਹੈ ਜੋ ਵਿਨਿਯੋਜਨ (investment) ਦੀ ਦਰ ਵਿਚ ਕਮੀ ਕਰਦੀਆਂ ਹਨ। ਇਸ ਪ੍ਰਕਾਰ ਦੀ ਸੰਸਥਾਤਮਕ ਰੁਕਾਵਟਾਂ ਦੇ ਉਦਾਹਰਣ ਹਨ: ਭੂਸਵਾਮੀਤਵ (land tenure) ਵਿਅਵਸਥਾ ਜੋ ਕਿ ਕਿਸਾਨਾਂ ਨੂੰ ਵਧਦੇ ਹੋਏ ਉਤਪਾਦਨ ਦੇ ਲਾਭ ਤੋਂ ਵੰਚਿਤ ਕਰਦੀ ਹੈ, ਅਜਿਹੇ ਟੈਕਸ ਜੋ ਦੇਸ਼ ਦੇ ਇਕ ਭਾਗ ਤੋਂ ਦੂਜੇ ਭਾਗ ਵਿਚ ਵਸਤੂਆਂ ਦੀ ਆਉਣ ਜਾਣ ਦੀ ਗਤੀ ਘੱਟ ਕਰਦੇ ਹਨ ਅਤੇ ਨੌਕਰਸ਼ਾਹੀ ਨਿਅਮ।

## 12.3.6 ਭਾਰਤ ਵਿਚ ਪੱਛਮ ਦਾ ਹੋਰ ਆਧੁਨਿਕੀਕਰਣ ਦਾ ਪ੍ਰਭਾਵ

ਅਲਾਟਾਸ ਦੇ ਅਨੁਸਾਰ ਭਾਰਤ ਉਤੇ ਪੱਛਮੀ ਪ੍ਰਭਾਵ ਦਾ ਪੰਜ ਚਰਣਾਂ ਵਿਚ ਵਿਵੇਚਨ ਕੀਤਾ ਜਾ ਸਕਦਾ ਹੈ। ਪਹਿਲਾ ਚਰਣ ਸਿਕੰਦਰ ਦੀ ਜਿੱਤ ਦੇ ਨਾਲ ਪ੍ਰਤੀਰੋਧੀ ਸੰਪਰਕ ਹੈ ਜੋ ਕਿ ਬਾਅਦ ਦੀ ਸ਼ਤਾਬਦੀਆਂ ਤੋਂ ਵਾਣਿਜਕ ਤੇ ਵਪਾਰ ਨਾਲ ਸ਼ਕਤੀਪੂਰਣ ਆਦਾਨ-ਪ੍ਰਦਾਨ ਦੇ ਰੂਪ ਵਿਚ ਸਦੀਆਂ ਤਕ ਚਲਦਾ ਰਿਹਾ। ਦੂਜਾ ਚਰਣ ਪੰਦਰ੍ਹਵੀ ਸ਼ਤਾਬਦੀ ਦੇ ਅੰਤ ਤੋਂ ਆਰੰਭ ਹੋਇਆ ਜਦ ਵਾਸਕੋਡਿਗਾਮਾ ਕਾਲੀਕਟ ਵਿਚ ਆਉਣ ਵਾਲੇ ਜਹਾਜਾਂ ਦੇ ਨਾਲ 1498 ਈ. ਪੂਰਵ ਵਿਚ ਆਇਆ। ਕੁਝ ਹੀ ਸਾਲਾਂ ਵਿਚ ਪੁਰਤਗਾਲੀਆਂ ਨੇ ਗੋਆ ਉਤੇ ਅਧਿਕਾਰ ਕਰ ਲਿਤਾ। ਪਰੰਤੂ ਇਨ੍ਹਾਂ ਪੱਛਮੀ ਲੋਕਾਂ ਦਾ ਪ੍ਰਭਾਵ ਅਪੇਕਸ਼ਾਕ੍ਰਿਤ ਘੱਟ ਰਿਹਾ। ਤੀਜਾ ਚਰਣ ਆਰੰਭ ਹੋਇਆ ਜਦ ਈਸਟ ਇੰਡੀਆ ਕੰਪਨੀ ਨੇ ਅਠਾਰ੍ਹਵੀ ਸ਼ਤਾਬਦੀ ਦੇ ਆਰੰਭ ਵਿਚ ਆਪਣਾ ਸ਼ਾਸਨ ਆਰੰਭ ਕੀਤਾ ਅਤੇ ਬਾਅਦ ਵਿਚ ਅਠਾਰ੍ਹਵੀਂ ਸ਼ਤਾਬਦੀ ਦੇ ਮੱਧ ਤਕ ਬ੍ਰਿਟਿਸ਼ ਸਮਰਾਜ ਭਾਰਤ ਵਿਚ ਸਥਾਪਿ ਹੋ ਗਿਆ ਭਾਰਤ ਵਿਚ ਪੱਛਮੀ ਸੰਸਕ੍ਰਿਤੀ ਦੇ ਵਿਸਾਦਾਰ ਦਾ ਇਹ ਪਹਿਲਾ ਕਦਮ ਸੀ। ਚੌਕਾ ਚਰਦ ਆਰੰਭ ਹੋਇਆ ਉਨੀਂਵੀਂ ਸ਼ਤਾਬਦੀ ਦੇ ਆਰੰਭ ਅਤੇ ਉਦਿਯੋਗੀਕਰਣ ਕ੍ਰਾਂਤੀ ਦੇ ਆਗਮਨ ਤੋਂ। ਅੰਗ੍ਰੇਜਾਂ ਦੁਆਰਾ ਕੱਚੇ ਮਾਲ ਦੇ ਰੂਪ ਵਿਚ ਆਰਥਿਕ ਸ਼ੋਸ਼ਣ ਤੋਂ ਆਰੰਭ ਹੋਇਆ ਅਤੇ ਉਦੋਂ ਤੋਂ ਹੀ ਸਾਂਸਕ੍ਰਿਤਕ ਅਤੇ ਸਮਾਜਿਕ ਖੇਤਰਾਂ ਵਿਚ ਵੀ ਪੱਛਮੀ ਸੰਸਕ੍ਰਿਤੀ ਦਾ ਵਰਚਸਵ ਆਰੰਭ ਹੋਇਆ। ਪੰਜਵਾਂ ਅਤੇ ਅੰਤਿਮ ਚਰਣ ਆਰੰਭ ਹੋਇਆ 1947 ਵਿਚ ਭਾਰਤ ਦੀ ਰਾਜਨੈਤਿਕ ਸੁਤੰਤਰਤਾ ਦੇ ਨਾਲ।

ਸਾਡੀ ਸਮਾਜਿਕ ਵਿਅਵਸਥਾ ਅਤੇ ਸਾਡੀ ਸੰਸਕ੍ਰਿਤ ਉਤੇ ਪ੍ਰਭਾਵ ਦੇ ਅਰਥ ਵਿਚ ਪੱਛਮੀ ਸੰਸਕ੍ਰਿਤੀ ਦੀ ਕੀ ਛਾਪ ਪਈ ਹੈ? ਇਸ ਨੂੰ ਸੰਖੇਪ ਵਿਚ ਇਸ ਪ੍ਰਕਾਰ ਦੱਸਿਆ ਜਾ ਸਕਦਾ ਹੈ:

ਨੋਟ

1. ਬੈਂਕ ਵਿਅਵਸਥਾ, ਲੋਕ ਪ੍ਰਸ਼ਾਸਨ, ਸੈਨਿਕ ਸੰਗਠਨ, ਆਧੁਨਿਕ ਦਵਾਈਆਂ, ਕਾਨੂੰਨ ਆਦਿ ਵਰਗੀਆਂ ਪੱਛਮੀ ਸੰਸਥਾਵਾਂ ਨੂੰ ਦੇਸ਼ ਵਿਚ ਆਰੰਭ ਕੀਤਾ ਗਿਆ।
2. ਪੱਛਮੀ ਸਿਖਿਆ ਨੇ ਉਨ੍ਹਾਂ ਲੋਕਾਂ ਦੇ ਦ੍ਰਿਸ਼ਟੀਕੋਣ ਨੂੰ ਵਿਸਤ੍ਰਿਤ ਕੀਤਾ ਜਿਨ੍ਹਾਂ ਨੇ ਆਜਾਦੀ ਤੇ ਅਧਿਕਾਰਾਂ ਦੀ ਗੱਲ ਸ਼ੁਰੂ ਕੀਤੀ। ਨਵੀਨ ਕੀਮਤਾਂ, ਧਰਮ ਨਿਰਪੇਖ ਤੇ ਨਿਆਂ ਸੰਗਤ ਭਾਵਨਾ ਅਤੇ ਵਿਅਕਤੀਵਾਦ, ਸਮਾਨਤਾ ਤੇ ਨਿਆਂ ਦੇ ਵਿਚਾਰਾਂ ਦੇ ਸਮਾਵੇਸ਼ ਨੇ ਬੜੇ ਮਹੱਤਵ ਦਾ ਸਥਾਨ ਲੈ ਲਿਆ।
3. ਵੈਗਿਆਨਕ ਨਵੀਨਤਾਵਾਂ ਦੀ ਸਵੀਕ੍ਰਿਤੀ ਨੇ ਜੀਵਨ ਪੱਧਰ ਨੂੰ ਉਚਾ ਚੁਕਣ ਦੀ ਆਕਾਂਸ਼ਾਂਵਾਂ ਨੂੰ ਉਚਾ ਚੁਕਿਆ ਅਤੇ ਲੋਕਾਂ ਦੇ ਲਈ ਭੌਤਿਕ ਕਲਿਆਣ ਉਪਲਬਧ ਕਰਾਇਆ।
4. ਕਈ ਸੁਧਾਰ ਅੰਦੋਲਨ  ਹੋਏ। ਅਨੇਕ ਪਰੰਪਰਾਗਤ ਵਿਸ਼ਵਾਸ ਅਤੇ ਵਿਅਰਥ ਦੀ ਪ੍ਰਥਾਵਾਂ ਤਿਆਗ ਦਿਤੀਆਂ ਗਈਆਂ, ਅਤੇ ਅਨੇਕ ਨਵੇਂ ਵਿਉਹਾਰ ਸਰੂਪ ਅਪਣਾਏ ਗਏ।
5. ਸਾਡੀ ਤਕਨੀਕੀ, ਖੇਤੀ ਕਿੱਤਾ ਅਤੇ ਉਦਿਯੋਗ ਆਧੁਨਿਕ ਕੀਤੇ ਗਏ ਜਿਸ ਨਾਲ ਦੇਸ਼ ਦਾ ਆਰਥਿਕ ਵਿਕਾਸ ਅਤੇ ਕਲਿਆਣ ਹੋਇਆ।
6. ਰਾਜਨੈਤਿਕ ਕੀਮਤਾਂ ਦੇ ਸੰਸਤਰਣ ਦੀ ਮੁੜ ਰਚਨਾ ਕੀਤੀ ਗਈ। ਪ੍ਰਜਾਤੰਤਰ ਸਵੀਕਾਰ ਕਰਨ ਦੇ ਬਾਅਦ ਸਾਰੀ ਰਿਆਇਤਾਂ ਭਾਰਤੀ ਰਾਜ ਵਿਚ ਸ਼ਾਮਲ ਕਰ ਲਈ ਗਈਆਂ ਅਤੇ ਸਾਮੰਤਾਂ ਅਤੇ ਜਮੀਂਦਾਰਾਂ ਦੇ ਅਧਿਕਾਰ ਅਤੇ ਸ਼ਕਤੀ ਖਤਮ ਹੋ ਗਈ।
7. ਵਿਆਹ, ਪਰਿਵਾਰ ਅਤੇ ਜਾਤੀ ਵਰਗੀ ਸੰਸਥਾਵਾਂ ਵਿਚ ਸੰਰਚਨਾਤਮਕ ਪਰਿਵਰਤਣ ਆਏ ਅਤੇ ਸਮਾਜਿਕ ਅਤੇ ਧਾਰਮਿਕ ਜੀਵਨ ਵਿਚ ਨਵੇਂ ਸੰਬੰਧ ਬਨਣ ਲਗੇ।
8. ਰੇਲਵੇ, ਬਸ ਯਾਤਰਾ, ਡਾਕ ਸੇਵਾ, ਹਵਾਈ ਅਤੇ ਸਮੁੰਦਰੀ ਯਾਤਰਾ, ਪ੍ਰੈਸ, ਰੇਡੀਓ ਅਤੇ ਦੂਰਦਰਸ਼ਨ ਆਦਿ ਸੰਚਾਰ ਮਾਧਿਅਮਾਂ ਦੇ ਆਉਣ ਨਾਲ ਮਾਨਵ ਜੀਵਨ ਦੇ ਅਨੇਕ ਖੇਤਰਾਂ ਵਿਚ ਪ੍ਰਭਾਵ ਪਿਆ ਹੈ।
9. ਰਾਸ਼ਟਰੀ ਭਾਵਨਾ ਵਿਚ ਵਾਧਾ ਹੋਈ ਹੈ।
10. ਮਧਿਅਮ ਵਰਗ ਦੇ ਉਦੇ ਨੇ ਸਮਾਜ ਦੇ ਪ੍ਰਮੁੱਖ ਕੀਮਤਾਂ ਵਿਚ ਪਰਿਵਰਤਣ ਕਰ ਦਿਤਾ ਹੈ।

ਅਲਾਟਾਂਸ (Alatas) ਨੇ ਵੀ ਪੱਛਮੀ ਸੰਸਕ੍ਰਿਤੀ ਦੇ ਪ੍ਰਭਾਵ ਨੂੰ ਸਾਡੀ ਸੰਸਕ੍ਰਿਤੀ ਅਤੇ ਸਮਾਜਿਕ ਵਿਅਵਸਥਾ ਵਿਚ ਚਾਰ ਪ੍ਰਕਾਰ ਦੇ ਪਰਿਵਰਤਣਾਂ ਦੇ ਆਧਾਰ ਉਤੇ ਸਮਝਾਇਆ ਹੈ: ਨਿਰਸਨਾਤਮਕ (eliminative) ਪਰਿਵਰਤਣ, ਯੋਗਾਤਮਕ (addictive) ਪਰਿਵਰਤਣ ਸਮਰਥਣ (supportive) ਪਰਿਵਰਤਣ ਅਤੇ ਸੰਸ਼ਲੇਸ਼ਾਤਮਕ (synthetic) ਪਰਿਵਰਤਣ। ਨਿਰਸਨਾਤਮਕ ਪਰਿਵਰਤਣ ਉਹ ਹਨ ਜਿਨ੍ਹਾਂ ਨਾਲ ਸਾਂਸਕ੍ਰਿਤਕ ਵਿਸ਼ੇਸ਼ਤਾਵਾਂ, ਵਿਉਹਾਰ ਦੇ ਸਰੂਪ, ਕੀਮਤਾਂ, ਵਿਸ਼ਵਾਸ ਅਤੇ ਸੰਸਥਾਵਾਂ ਲੁਪਤ ਹੋ ਜਾਂਦੀਆਂ ਹਨ। ਉਦਾਹਰਣ ਲਈ, ਅਸੀਂ ਯੁੱਧ ਵਿਚ ਪ੍ਰਯੋਗ ਆਉਣ ਵਾਲੇ ਸ਼ਸਤਰਾਂ ਵਿਚ ਪੂਰਨ ਪਰਿਵਰਤਣ, ਸਤੀ ਪਥਾ ਦਾ ਉਨਮੂਲਨ ਆਦਿ ਲੈ ਸਕਦੇ ਹਨਾ। ਯੋਗਾਤਮਕ ਪਰਿਵਰਤਣਾਂ ਵਿਚ ਜੀਵਨ ਦੇ ਵਿਭਿੰਨ ਪਹਿਲੂਆਂ ਨਾਲ ਸੰਬੰਧਤ ਨਵੀਂ ਸਾਂਕ੍ਰਿਤਕ ਵਿਸ਼ੇਸ਼ਤਾਵਾਂ, ਸੰਸਥਾਵਾਂ, ਵਿਉਹਾਰ ਸਰੂਪਾਂ ਅਤੇ ਵਿਸ਼ਵਾਸਾਂ ਨੂੰ ਅਪਣਾਉਣਾ ਸ਼ਾਮਲ ਹਨ ਇਸ ਪ੍ਰਕਾਰ ਦੇ ਜੋੜ ਲੋਕਾਂ ਦੀ ਸੰਸਕ੍ਰਿਤੀ ਵਿਚ ਪਹਿਲਾਂ ਵਿਧਿਮਾਨ ਨਹੀਂ ਸਨ। ਹਿੰਦੂ ਸਮਾਜ ਵਿਚ ਵਿਆਹ ਵਿਛੇਦ ਦੀ ਵਿਅਵਸਥਾ, ਪਿਤਾ ਦੀ ਸੰਪਤੀ ਵਿਚ ਪੁੱਤਰੀ ਨੂੰ ਹਿੱਸਾ ਦੇਣਾ, ਪੰਚਾਇਤਾਂ ਵਿਚ ਚੋਣ ਪ੍ਰਥਾ ਆਦ ਇਸ ਪ੍ਰਕਾਰ ਦੇ ਪਰਿਵਰਤਣ ਦੇ ਕੁਝ ਉਦਾਹਰਣ ਹਨ। ਸਮਰਥਨ ਪਰਿਵਰਤਣ ਉਹ ਹਨ ਜੋ ਪੱਛਮੀ ਸੰਪਰਕ ਵਿਚ ਜਾਣ ਪੂਰਵ ਸਮਾਜ ਵਿਚ ਵਿਧਿਮਾਨ ਵਿਸ਼ਵਾਸ, ਕੀਮਤਾਂ ਜਾਂ ਵਿਉਹਾਰ ਸਰੂਪਾਂ ਨੂੰ ਜ਼ਿਆਦਾ ਮਜ਼ਬੂਤ ਕਰਦੇ ਹਨ। ਇਸਦਾ ਇਕ ਮਾਤਰ ਉਦਾਹਰ ਹੈ ਕਰਜ ਵਿਉਹਾਰ ਵਿਚ ਹੁੰਡੀ ਦਾ ਪ੍ਰਯੋਗ ਸੰਸ਼ਲੇਸ਼ਾਤਮਕ ਪਰਿਵਰਤਣ ਉਹ ਹਨ ਜੋ ਵਰਤਮਾਨ ਵਿਦਿਮਾਨ ਤੱਤਾਂ ਤੋਂ ਨਵੇਂ ਸਰੂਪਾਂ ਦੀ ਰਚਨਾ ਕਰਦੇ ਹਨ ਅਤੇ ਨਾਲ ਹੀ ਨਵੇਂ ਸਰੂਪਾਂ ਨੂੰ ਵੀ ਅਪਣਾਉਂਦੇ ਹਨ। ਇਸ ਦਾ ਉਦਾਹਰਣ ਉਸ ਪਰਿਵਾਰ ਦੀ ਰਚਨਾ ਹੈ ਜੋ ਆਵਾਸ ਦੀ ਦ੍ਰਿਸ਼ਟੀ ਤੋਂ ਤਾਂ ਇਕਾਕੀ ਹੈ ਪਰੰਤੂ ਕੰਮ (function) ਦੀ ਦ੍ਰਿਸ਼ੀ ਤੋਂ ਹੁਣ ਵੀ ਸੰਯੁਕਤ ਹੈ ਜੋ ਮਾਤਾ ਪਿਤਾ ਅਤੇ ਸਹੋਦਰਾਂ ਦੇ ਪ੍ਰਤੀ ਸਮਾਜਿਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਦਾ ਹੈ। ਦਾਜ ਪ੍ਰਥਾ ਦੀ ਨਿਰੰਤਰਤਾ ਬਣਾ ਕੇ ਰਖਣਾ, ਕਿੰਤੂ ਦਾਜ ਦੀ ਧਨ ਰਾਸ਼ੀ ਲੈਣ ਦੇਣ ਉਤੇ ਪ੍ਰਤੀਬੰਧ ਲਗਾਇਆ ਜਾਣਾ ਅਤੇ ਬੱਚਿਆਂ ਦਾ ਮਾਤਾ ਪਿਤਾ ਦੇ ਨਾਲ ਜੀਵਨ ਸਾਥੀ ਦੀ ਚੋਣ ਵਿਚ ਸਹਿਯੋਗ ਕਰਨਾ ਸੰਸ਼ਲੇਸ਼ਾਤਮਕ ਪਰਿਵਰਤਣ ਦੇ ਦੋ ਅੱਛੇ ਉਦਾਹਰਣ ਹਨ।

ਪੱਛਮੀ ਪ੍ਰਭਾਵ ਦੇ ਕਾਰਣ ਪਰਿਵਰਤਣ ਦਾ ਉਪਰੋਕਤ ਵੰਡ ਕੇਵਲ ਵਿਸ਼ਲੇਸ਼ਨ ਦੇ ਉਦੇਸ਼ ਤੋਂ ਹੈ, ਪਰੰਤੂ ਇਕ ਦੂਜੇ ਤੋਂ ਉਨ੍ਹਾਂ ਨੂੰ ਅਲੱਗ ਕਰਨਾ ਸੰਭਵ ਨਹੀਂ ਹੈ। ਇਕ ਹੀ ਪ੍ਰਕਾਰ ਦੇ ਪਰਿਵਰਤਣ ਦੇ ਅੰਦਰ ਇਕ ਦੂਜੇ ਪ੍ਰਕਾਰ ਦੇ ਪਰਿਵਰਤਣਾਂ ਦੇ ਤੱਤ ਵੀ ਦੇਖ ਸਕਦੇ ਹਾਂ। ਉਦਾਹਰਣ ਲਈ ਕਪੜਾ ਉਦਿਯੋਗ ਦੇ ਆਰੰਭ ਕਰਨ ਵਿਚ ਸਮਰਥਕ ਤੱਤ ਦੇਖੇ ਜਾ ਸਕਦੇ ਹਨ ਕਿਉਂਕਿ ਇਹ ਕਪੜੇ ਦੇ ਉਤਪਾਦਨ ਨੂੰ ਸੁਵਿਧਾ ਪ੍ਰਦਾਨ ਕਰਦਾ ਹੈ। ਪਰੰਤੂ ਨਾਲ ਹੀ ਕਿਉਂਕਿ ਇਸ ਨਾਂਲ ਹੱਥਕਰਘਾ (handloom) ਉਦਯੋਗ ਨੂੰ ਸੱਟ ਲਗੀ ਹੈ, ਤਾਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਿਚ ਆਉਣ ਯੋਗ ਅਤੇ ਨਿਰਸਨਾਤਮਕ ਪਰਿਵਰਤਣ

ਨੋਟ

ਦੇ ਤੱਤ ਵੀ ਕੰਮ ਕਰਦੇ ਹਨ। ਖੁਲੀ ਜੇਲ੍ਹ (wall-less prison) ਦਾ ਆਰੰਭ ਵੀ ਇਕ ਹੋਰ ਉਦਾਹਰਣ ਹੈ ਜਿਸ ਵਿਚ ਤਿੰਨ ਪ੍ਰਕਾਰ ਦੇ ਪਰਿਵਰਤਨ ਕੰਮ ਕਰਦੇ ਹਨ। ਇਸੇ ਪ੍ਰਕਾਰ ਸਿਖਿਆ, ਵਿਅਵਸਥਾ, ਬੈਂਕਿੰਗ ਵਿਅਵਸਥਾ, ਵਿਆਹ ਵਿਅਵਸਥਾ ਆਦਿ ਵਿਚ ਪਰਿਵਰਤਨ ਹਨ।

ਹੁਣ ਪ੍ਰਮੁੱਖ ਪ੍ਰਸ਼ਨ ਹੈ ਕਿ ਪੱਛਮੀ ਦੇ ਸੰਪਰਕ ਦੇ ਬਾਅਦ ਭਾਰਤ ਕਿੱਥੇ ਪਹੁੰਚ ਗਿਆ ਹੈ? ਕੀ ਭਾਰਤ ਨੇ ਪ੍ਰਗਤੀ ਕੀਤੀ ਹੈ? ਕੀ ਇਸ ਨੇ ਲੋਕ ਕਲਿਆਣ ਵਿਚ ਯੋਗਦਾਨ ਕੀਤਾ ਹੈ, ਕੀ ਇਸ ਪ੍ਰਸ਼ਨ ਦਾ ਨਿਰਪੇਖ ਉੱਤਰ ਸੰਭਵ ਹੈ? ਕੀ ਅਜਿਹੇ ਵਿਸ਼ਲੇਸ਼ਣ ਵਿਚ ਆਤਮਪਰਕਤਾ (subjectivism) ਅਤੇ ਦਾਰਸ਼ਨਿਕ ਪੱਖਪਾਤ (philosophical partilality) ਅਨੇਕ ਸਮੱਸਿਆਵਾਂ ਦਾ ਸਾਮਣ੍ਹਾ ਕਰਨਾ ਪਿਆ, ਜਿਵੇਂ ਆਰਥਿਕ ਪਿਛੜਾਪਨ, ਵੱਡੀ ਸੰਖਿਆ ਵਿਚ ਲੋਕਾਂ ਦਾ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਦਾ ਗੁਜਾਰਾ ਕਰਨਾ, ਬੇਰੋਜਗਾਰੀ, ਜੀਵਨ ਦੇ ਸਾਰੇ ਖੇਤਰਾਂ ਵਿਚ ਧਰਮ ਦਾ ਪ੍ਰਭੁੱਤਵ, ਗ੍ਰਾਮੀਣ ਕਰਜ਼, ਜਾਤੀ ਸੰਘਰਸ਼, ਸੰਪਰਦਾਇਕ ਦੁਰਭਾਵਨਾਂ, ਪੂੰਜੀ ਦੀ ਕਮੀ, ਤਕਨੀਕੀ ਯੋਗਤਾ ਵਾਲੇ ਯੋਰ ਕੰਮ ਕਰਣ ਵਾਲਿਆਂ ਦੀ ਕਮੀ, ਆਦਿ। ਇਨ੍ਹਾਂ ਸਮੱਸਿਆਵਾਂ ਦਾ ਸਮਾਧਾਨ ਵੀ ਪੱਛਮੀ ਪ੍ਰਭਾਵ ਨੇ ਦਿਤਾ ਹੈ। ਪਰੰਤੂ ਹੋਰ ਵਿਦਵਾਨਾਂ ਦੀ ਮਾਨਤਾ ਹੈ ਕਿ ਪੱਛਮੀ ਪ੍ਰਭਾਵ ਨੇ ਭਾਰਤ ਨੂੰ ਇਨ੍ਹਾਂ ਸਮੱਸਿਆਵਾਂ ਦੇ ਹਲ ਵਿਚ ਕੋਈ ਸਹਾਇਤਾ ਨਹੀਂ ਕੀਤੀ। ਜੇਕਰ ਕੁਝ ਸਮੱਸਿਆਵਾਂ ਦਾ ਸਮਾਧਾਨ ਹੋਇਆ ਹੈ ਤਾਂ ਕਈ ਦੂਜੀ ਸਮੱਸਿਆਵਾਂ ਖੜੀਆਂ ਹੋਈਆਂ ਹਨ ਅਤੇ ਭਾਰਤ ਉਨ੍ਹਾਂ ਪੱਛਮ ਦੇ ਨਮੂਨੇ ਉਤੇ ਸੁਲਝਾਉਣ ਦਾ ਯਤਨ ਨਹੀਂ ਕਰ ਰਿਹਾ ਹੈ। ਭਾਰਤ ਸਵਦੇਸ਼ੀ ਢੰਗ ਨਾਲ ਉਨ੍ਹਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਦੇਸ਼ ਦੀ ਸੁਤੰਤਰ ਦੇ ਬਾਅਦ ਹੀ ਉਦਿਯੋਗਿਕ ਵਿਕਾਸ ਵਿਚ ਵਾਧਾ, ਸਿਖਿਆ ਦਾ ਵਿਸਤਾਰ, ਪੇਂਡੂ ਵਿਕਾਸ, ਜਨਸੰਖਿਆ ਉਤੇ ਨਿਅੰਤ੍ਰਣ ਆਦਿ ਪਾਇਆ ਗਿਆ ਹੈ। ਇਸ ਪ੍ਰਕਾਰ ਪੱਛਮੀ ਸ਼ਾਸਨ ਦੀ ਮੁਕਤੀ ਨਾਲ ਅਤੇ ਨਾ ਕਿ ਪੱਛਮੀ ਸੰਪਰਕ ਤੋਂ ਭਾਰਤ ਵਿਚ ਆਧੁਨਿਕੀਕਰਣ ਸੰਭਵ ਹੋਇਆ ਹੈ।

ਵਾਸਤਵਿਕਤਾ ਇਹ ਹੈ ਕਿ ਜੀਵਨ ਦੇ ਕੁਝ ਖੇਤਰਾਂ ਵਿਚ ਪੱਛਮੀ ਪ੍ਰਭਾਵ ਨੂੰ ਸਵੀਕਾਰ ਕਰਕੇ ਅਸੀਂ ਠੀਕ ਹੋ ਸਕਦੇ ਹਾਂ। ਆਧੁਨਿਕ ਤਕਨੀਕੀ, ਪ੍ਰਾਕ੍ਰਿਤਕ ਪ੍ਰਕੋਪਾਂ ਦਾ ਸਾਮ੍ਹਣਾ ਕਰਣ ਦੇ ਆਧੁਨਿਕ ਉਪਾਅ, ਦੇਸ਼ ਨੂੰ ਬਾਹਰੀ ਖਤਰਿਆਂ ਤੋਂ ਸੁਰੱਖਿਆ ਪ੍ਰਦਾਨ ਕਰਨ ਦੇ ਆਧੁਨਿਕ ਤਰੀਕੇ, ਆਦਿ ਭਾਰਤ ਦੇ ਇਤਿਹਾਸ ਵਿਚ ਪੱਛਮ ਦੇ ਅਦੁੱਤੀ ਯੋਗਦਾਨ ਦੇ ਰੂਪ ਵਿਚ ਗਿਣੇ ਜਾਣਗੇ। ਪਰੰਤੂ ਭਾਰਤ ਇਨ੍ਹਾਂ ਦੇ ਨਾਲ-ਨਾਲ ਲੋਕਾਂ ਦੇ ਉਤਥਾਨ ਦੇ ਲਈ ਆਪਣੀ ਪਰੰਪਰਾਗਤ ਸੰਸਥਾਵਾਂ, ਪ੍ਰਥਾਵਾਂ ਅਤੇ ਵਿਸ਼ਵਾਸਾਂ ਦਾ ਵੀ ਪ੍ਰਯੋਗ ਕਰ ਰਿਹਾ ਹੈ। ਇਸ ਪ੍ਰਕਾਰ ਪੱਛਮੀ ਪ੍ਰਭਾਵ ਦੇ ਬਾਅਦ ਵੀ ਅਤੇ ਕਈ ਵਿਅਵਸਥਾਵਾਂ ਦੇ ਆਧੁਨਿਕੀਕਰਣ ਦੇ ਬਾਅਦ ਵੀ ਭਰਤ, ਭਾਰਤ ਹੀ ਰਹੇਗਾ ਭਾਰਤੀ ਸੰਸਕ੍ਰਿਤੀ ਆਉਣ ਵਾਲੇ ਕਈ ਦਸ਼ਕਾਂ ਤਕ ਸੁਰੱਖਿਅਤ ਰਹੇਗੀ।

### 12.3.7 ਭਾਰਤ ਵਿਚ ਆਧੁਨਿਕੀਕਰਣ ਦੀ ਪ੍ਰਕ੍ਰਿਆ

ਪਹਿਲਿਆਂ ਪੰਨਿਆਂ ਵਿਚ ਕੀਤਾ ਗਿਆ ਵਿਸ਼ਲੇਸ਼ਣ ਦਰਸ਼ਾਉਂਦਾ ਹੈ ਕਿ ਪਰੰਪਰਾ ਅਤੇ ਆਧੁਨਿਕਤਾ ਵਿਚ ਇਕ ਅਟੁੱਟ ਕ੍ਰਮ ਪਾਇਆ ਜਾਂਦਾ ਹੈ ਜਿਸ ਵਿਚ ਇਕ ਪਾਸੇ ਪਰੰਪਰਾ ਅਤੇ ਦੂਜੇ ਪਾਸੇ ਆਧੁਨਿਕੀਕਰਣ ਹੈ। ਨਿਰੰਤਰਤਾ ਦੀ ਇਸ ਰੇਖਾ ਉਤੇ ਕਿਸੇ ਵੀ ਸਮਾਜ ਨੂੰ ਕਿਸੇ ਵੀ ਬਿੰਦੂ ਉਤੇ ਰਖਿਆ ਜਾ ਸਕਦਾ ਹੈ। ਜ਼ਿਆਦਾਤਰ ਸਮਾਜ ਕਿਸੀ ਨਾ ਕਿਸੀ ਪ੍ਰਕਾਰ ਦੀ ਸੰਕ੍ਰਮਣ ਦੀ ਸਥਿਤੀ ਵਿਚ ਰਹਿੰਦੇ ਹਨ।

ਸੁਤੰਤਰਤਾ ਦੇ ਸਮੇਂ ਭਾਰਤੀ ਸਮਾਜ ਵਿਚ ਵੀ ਗਹਿਰੀ ਪਰੰਪਰਾਵਾਂ ਸਨ, ਕਿੰਤੂ ਇਹ ਆਧੁਨਿਕ ਵੀ ਹੋਣਾ ਚਾਹੁੰਦਾ ਸੀ। ਅਜਿਹੇ ਲੋਕ ਉਹ ਅਜਿਹੇ ਨੇਤਾ ਸਨ ਜੋ ਕਿ ਪਰੰਪਰਾਗਤ ਜੀਵਨ ਸ਼ੈਲੀ ਹੀ ਪਸੰਦ ਕਰਦੇ ਸਨ, ਪਰੰਤੂ ਦੂਜੀ ਤਰਫ ਹੋਰ ਅਜਿਹੇ ਲੋਕ ਵੀ ਸਨ ਜੋ ਭਾਰਤ ਦਾ ਆਧੁਨਿਕ ਉਦੇ ਦੇਖਣਾ ਚਾਹੁੰਦੇ ਸਨ ਜਿਸ ਵਿਚ ਅਤੀਤ ਦਾ ਲਗਾਵ ਨਾ ਹੋਵੇ। ਪਰੰਤੂ ਕੁਝ ਅਜਿਹੇ ਵੀ ਸਨ ਜੋ ਪਰੰਪਰਾ ਅਤੇ ਆਧੁਨਿਕਤਾ ਦੇ ਵਿਚ ਤਾਲਮੇਲ ਦੇ ਪੱਖ ਵਿਚ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਪਰੰਪਰਾਗਤ ਵਿਅਵਸਥਾ ਇਕ ਸੀਮਾ ਤਕ ਆਧੁਨਿਕੀਕਰਣ ਨੂੰ ਸਵੀਕਾਰ ਕਰ ਸਕਦੀ ਹੈ ਤੇ ਅਪਣਾ ਸਕਦੀ ਹੈ। ਇਸੇ ਪ੍ਰਕਾਰ ਇਕ ਆਧੁਨਿਕੀਕ੍ਰਿਤ ਵਿਅਵਸਥਾ ਇਕ ਨਿਸ਼ਚਿਤ ਹੱਦ ਤਕ ਹੀ ਪਰੰਪਰਾਗਤ ਵਿਚਾਰਾਂ ਨੂੰ ਸਹਿਣ ਕਰ ਸਕਦੀ ਹੈ। ਇਸ ਪ੍ਰਕਾਰ ਉਹ ਸਹਿ-ਹੋਂਦ ਚਾਹੁੰਦੇ ਸਨ। ਪਰੰਤੂ ਪਹਿਲੀਆਂ ਦੋ ਵਿਚਾਰਧਾਰਾਵਾਂ ਦੇ ਪ੍ਰਤੀਪਾਤਕਾਂ ਨੇ ਮੰਨਿਆਂ ਕਿ ਸਹਿ ਹੋਂਦ ਬਹੁਤ ਲੰਬੀ ਅਵਧੀ ਤਕ ਨਹੀਂ ਚਲ ਸਕਦਾ। ਇਕ ਅਜਿਹਾ ਬਿੰਦੂ ਜਰੂਰ ਆਉਂਦਾ ਹੈ ਜਦਕਿ ਪਰੰਪਰਾ ਅਸਹਾਏ ਹੋ ਜਾਂਦੀ ਹੈ। ਆਖਿਰ ਵਿਚ ਪਰਿਵਰਤਨ ਦੀ ਕਿਹੜੀ ਪ੍ਰਕ੍ਰਿਆ ਅਸੀਂ ਅਪਣਾਈ?

ਅਸੀਂ ਆਪਣੇ ਸਮਾਜ ਨੂੰ ਕਈ ਪੱਧਰਾਂ ਉਤੇ ਆਧੁਨਿਕ ਬਣਾਉਣ ਦਾ ਨਿਸ਼ਚੇ ਕੀਤਾ। ਜੀਵਨ ਦੇ ਕਿਹੜੇ ਪੱਖ ਆਧੁਨਿਕੀਕਰਣ ਦੇ ਲਈ ਚੁਣੇ ਗਏ ਅਤੇ ਕਿਸ ਤਰੀਕੇ ਨਾਲ? ਸਮਾਜਿਕ ਪੱਧਰ ਉਤੇ ਅਸੀਂ ਸਮਾਜਿਕ ਸੰਬੰਧਾਂ ਨੂੰ ਸਮਾਨਤਾ ਅਤੇ ਮਾਨਵੀ ਗੌਰਵ ਦੇ ਆਧਾਰ ਉਤੇ ਬਣਾਉਣਾ ਚਾਹੁੰਦੇ ਸਨ। ਅਜਿਹੇ ਸਮਾਜਿਕ ਕੀਮਤਾਂ ਚਾਹੁੰਦੇ ਸਨ ਜੋ ਸਮਾਜਿਕ ਗਤੀਸ਼ੀਲਤਾ ਨੂੰ ਸੁਨਿਸ਼ਚਿਤ ਕਰਣ, ਜਾਤੀ ਨਿਰਯੋਗਤਾਵਾਂ ਨੂੰ ਦੂਰ ਕਰਣ, ਇਸਤ੍ਰੀਆਂ ਦੀ ਦਸ਼ਾ ਵਿਚ ਸੁਧਾਰ ਨੂੰ, ਆਦਿ। ਆਰਥਿਕ ਪੱਧਰ ਉਤੇ ਅਸੀਂ ਤਕਨੀਕੀ ਵਿਕਾਸ ਅਤੇ ਨਿਆਂ ਵਿਤਰਣ (distributive justice) ਚਾਹੁੰਦੇ ਸਨ। ਸਾਂਸਕ੍ਰਿਤਕ ਪੱਧਰ ਉਤੇ ਅਸੀਂ ਧਰਮ ਨਿਰਪੇਖਤਾ, ਤਰਕਵਾਦ ਅਤੇ ਉਦਾਰਵਾਦ ਚਾਹੁੰਦੇ ਸਨ। ਰਾਜਨੈਤਿਕ ਪੱਧਰ ਉਤੇ ਅਸੀਂ ਪ੍ਰਤੀਨਿਧੀ ਸਰਕਾਰ, ਜਨਤਾਂਤ੍ਰਿਕ ਸੰਸਥਾਵਾਂ, ਉਪਲਬਧੀ-ਪਰਕ ਸ਼ਕਤੀ ਸੰਰਚਨਾ (achievement oriented power structure), ਅਤੇ ਦੇਸ਼ ਦੀ

ਸਰਕਾਰ ਵਿਚ ਭਾਰਤੀ ਜਨ ਦੀ ਜ਼ਿਆਦਾ ਅਵਾਜ਼ ਤੇ ਹਿੱਸੇਦਾਰੀ ਚਾਹੁੰਦੇ ਸਨ। ਸਮਾਜ ਨੂੰ ਆਧੁਨਿਕ ਬਣਾਏ ਜਾਣ ਦੇ ਲਈ ਜੋ ਮਾਧਿਅਮ ਚੁਣੇ ਗਏ (ਤਰਕਵਾਦ ਅਤੇ ਸੈਗਿਆਨਿਕ ਗਿਆਪ ਉਤੇ ਆਧਾਰਤ) ਉਹ ਸਨ: ਨਿਯੋਜਨ, ਸਿਖਿਆ, (ਜੋ ਅਗਿਆਨਤਾ ਦੇ ਅੰਧਕਾਰ ਨੂੰ ਦੂਰ ਕਰ ਸਕੇ), ਵਿਧਾਨ, ਵਿਦੇਸ਼ਾਂ ਤੋਂ ਸਹਾਇਤਾ, ਉਦਾਰਵਾਦ ਦੀ ਨੀਤੀ ਅਪਣਾਉਣਾ, ਆਦਿ

ਜਿੱਥੇ ਤਕ ਆਧੁਨਿਕੀਕਰਣ ਦੀ ਪ੍ਰਕ੍ਰਿਆ ਦਾ ਸੰਬੰਧ ਹੈ। ਵਿਸਤ੍ਰਿਤ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਣਾਤਮਕ ਦ੍ਰਿਸ਼ਟੀਕੋਣ ਤੋਂ ਭਾਰਤ ਵਿਚ ਆਧੁਨਿਕੀਕਰਣ ਇਨ੍ਹਾਂ ਪ੍ਰਕ੍ਰਿਆਵਾਂ ਤੋਂ ਗੁਜਰ ਰਿਹਾ ਹੈ:

ਆਰਥਿਕ ਸੰਰਚਨਾਤਮਕ ਪੱਧਰ ਉਤੇ ਪੁਰਾਣੀ ਪਰਿਵਾਰਕ ਅਤੇ ਸਾਮੁਦਾਇਕ ਉਪਕਰਣੀ ਅਰਥ ਵਿਅਵਸਥਾ (tool economy) ਦੇ ਸਥਾਨ ਉਤੇ ਯਾਂਤ੍ਰਿਕ ਉਦਿਯੋਗਿਕ ਅਰਥ ਵਿਅਵਸਥਾ ਨੂੰ ਅਪਣਾਉਣ ਦੀ ਪ੍ਰਵਿਰਤੀ ਵਧ ਰਹੀ ਹੈ। ਇਹ ਜਜਮਾਨੀ ਪ੍ਰਥਾ ਵਰਗੀ ਪਰੰਪਰਾਗਤ ਵਿਅਵਸਥਾ ਨੂੰ ਤੋੜਣ ਦੇ ਲਈ ਵੀ ਉੱਤਰਦਾਈ ਹੈ।

ਰਾਜਨੈਤਿਕ ਸੰਰਚਨਾਤਮਕ ਪੱਧਰ ਉਤੇ, ਸ਼ਕਤੀ ਸੰਰਚਨਾ ਵਿਚ ਪਰਿਵਰਤਣ ਲਿਆਇਆ ਜਾ ਰਿਹਾ ਹੈ। ਅਰਧ ਸਾਮੰਤੀ ਸਮੂਹ-ਪਰਕ (group-oriented) ਸ਼ਕਤੀ ਸੰਰਚਨਾ ਦਾ ਉਨਮੂਲਨ ਕਰ ਕੇ ਅਤੇ ਉਸਦੇ ਸਥਾਨ ਉਤੇ ਜਨਤਾਂਤ੍ਰਿਕ ਸ਼ਕਤੀ ਸੰਰਚਨਾ ਦੀ ਸਥਾਪਨਾ ਕਰ ਕੇ ਜੋ ਕਿ ਜਰੂਰੀ ਰੂਪ ਨਾਲ ਵਿਅਕਤੀ-ਪਰਕ (individual-oriented) ਹੁੰਦੀ ਹੈ।

ਸਾਂਸਕ੍ਰਿਤਕ ਪੱਧਰ ਉਤੇ ਕੀਮਤਾਂ ਦੇ ਖੇਤਰ ਵਿਚ ਪਰਿਵਰਤਣ ਪਵਿੱਤਰ ਕੀਮਤ ਵਿਅਵਸਥਾ ਤੋਂ ਧਰਮ ਨਿਰਪੇਖ ਮੁੱਲ ਵਿਅਵਸਥਾ ਵਿਚ ਪਰਿਵਰਤਣ ਦੇ ਦੁਆਰਾ ਲਿਆਇਆ ਜਾ ਰਿਹਾ ਹੈ।

ਸਮਾਜਿਕ ਸੰਰਚਨਾਤਮਕ ਪੱਧਰ ਉਤੇ ਅਰਜਿਤ ਪਰਿਸਥਿਤੀ ਭੂਮਿਕਾ ਦੀ ਅਪੇਕਸ਼ਾ ਪਰੰਪਰਾਗਤ ਪ੍ਰਦੱਤ ਭੂਮਿਕਾ ਤੇ ਪਰਿਸਥਿਤੀ ਵਿਚ ਕਮੀ ਆਈ ਹੈ।

ਯੋਗੇਂਦਰ ਸਿੰਘ ਦਾ ਮਤ ਹੈ ਕਿ ਭਾਰਤ ਵਿਚ ਆਧੁਨਿਕੀਕਰਣ ਦੀ ਇਕ ਅਨੋਖੀ ਵਿਸ਼ੇਸ਼ਤਾ ਇਹ ਹੈ ਕਿ ਪਰੰਪਰਾਗਤ ਸੰਰਚਨਾ ਵਿਚ ਪਰਿਵਰਤਣ ਅਪਨਾ ਕੇ ਪਰਿਵਰਤਣ ਲਿਆ ਜਾ ਰਿਹਾ ਹੈ, ਨਾ ਕਿ ਸੰਰਚਨਾ ਵਿਚ ਵਿਖੰਡਨ ਦੇ ਦੁਆਰਾ।

ਜਦਕਿ ਇਹ ਸੱਚ ਹੈ ਕਿ ਪਰੰਪਰਾਗਤ ਸਮਾਜ ਦੀ ਜ਼ਿਆਦਾਤਰ ਵਿਸ਼ੇਸ਼ਤਾਵਾਂ ਆਧੁਨਿਕ ਸਮਾਜ ਵਿਚ ਉਪਯੁਕਤ ਨਹੀਂ ਬੈਠਦੀ, ਫਿਰ ਵੀ ਆਧੁਨਿਕਤਾ ਜਨਤਾ ਉਤੇ ਥੋਪੀ ਨਹੀਂ ਜਾ ਸਕਦੀ। ਆਧੁਨਿਕੀਕਰਣ ਪੇਸ਼ੇ ਦੇ ਅਨੁਸਾਰ ਨਿਰਦੇਸ਼ਿਤ (professionally directed) ਹੋਣਾ ਚਾਹੀਦਾ ਹੈ। ਪਰੰਪਰਾਗਤ ਸੰਸਥਾਵਾਂ ਦੀ ਵਿਸ਼ੇਸ਼ਤਾਵਾਂ ਨੂੰ ਵਿਕਾਸ ਦੀ ਪ੍ਰਕ੍ਰਿਆ ਵਿਚ ਉਪਯੁਕਤ ਸਮਾਯੋਜਨ ਦੇ ਨਾਲ ਰੋਕੇ ਰਖਿਆ ਜਾ ਸਕਦਾ ਹੈ। ਕੋਈ ਵੀ ਸਮਾਜ ਤਣਾਅ ਮੁਕਤ ਤਦ ਹੀ ਰਹਿ ਸਕਦਾ ਹੈ ਜਦਕਿ ਇਹ ਬੰਦ ਹੋਵੇ ਅਤੇ ਗਤੀਸ਼ੀਲ ਸਮਾਖ ਨਾ ਹੋਵੇ। ਵਿਕਾਸਸ਼ੀਲ ਸਮਾਜ ਤਣਾਵਅ ਅਤੇ ਪ੍ਰਤੀਰੋਧਾਂ ਦੇ ਅੰਦਰ ਹੋਣ ਦੇ ਆਧਾਰ ਉਤੇ ਕੰਮ ਕਰਦਾ ਹੈ। ਤਣਾਅ ਆਧੁਨਿਕਤਾ ਤੇ ਪਰੰਪਰਾ ਦੇ ਵਿਚ ਨਿਹਿਤ ਸੰਘਰਸ਼ਾਂ ਦੇ ਕਾਰਣ ਬਣਿਆ ਰਹਿੰਦਾ ਹੈ। ਤਣਾਅ ਪਿਛੋਕੜ ਦੀ ਧਰੋਹਰ ਹੁੰਦੇ ਹਨ ਜੋ ਕਿ ਆਰਥਿਕ ਵਿਕਾਸ ਦੇ ਦਬਾਵ ਦੇ ਕਾਰਣ ਬਣੇ ਰਹਿੰਦੇ ਹਨ। ਜ਼ਿਆਦਾਤਰ ਵਿਕਾਸ ਦੀ ਪ੍ਰਕ੍ਰਿਆ ਵਿਚ ਕੁਝ ਤਣਾਵ ਸੁਲਝ ਜਾਂਦੇ ਹਨ। ਸਥਾਯਿਤਵ ਅਤੇ ਸਰੰਖਿਅਕ ਦੀ ਸ਼ਕਤੀਆਂ ਅਤੇ ਪਰਿਵਰਤਣ ਅਤੇ ਆਧੁਨਿਕੀਕਰਣ ਦੀ ਸ਼ਕਤੀਆਂ ਦੇ ਵਿਚ ਦੁਹਰਾ ਸੰਬੰਧ ਹੁੰਦਾ ਹੈ। ਵਿਕਾਸਬੀਲ ਸਮਾਜ ਇਨ੍ਹਾਂ ਸਮੱਸਿਆਵਾਂ ਦਾ ਸਾਮਣ੍ਹਾ ਹੁਸ਼ਿਆਰੀ ਨਾਲ ਕਰਦੇ ਹੈ। ਸੋ ਪਰਿਵਰਤਣ ਅਤੇ ਆਧੁਨਿਕੀਕਰਣ ਦੀ ਚੁਣੋਤੀਆਂ ਦਾ ਜਿਵੇਂ, ਖੇਤਰਵਾਦ, ਪ੍ਰਾਂਤੀਅਤਾ, ਅਸਿਖਿਆ ਪ੍ਰਵਜਨ (migration), ਮੁਦਾ ਸਫੀਤੀ, ਪੂੰਜੀ ਦੀ ਕਮੀ, ਰੱਖਿਆ ਖਰਚ ਵਿਚ ਕਮੀ ਦੇ ਉਦੇਸ਼ ਤੋਂ ਪੜੌਸੀ ਰਾਸ਼ਟਰਾਂ ਨਾਲ ਤਾਲਮੇਲ, ਰਾਜਨੈਤਿਕ ਭ੍ਰਸ਼ਟਾਚਾਰ, ਨੌਕਰਸ਼ਾਹੀ ਦੀ ਅਕੁਸ਼ਲਤਾ ਅਤੇ ਅਪ੍ਰਤਿਬੱਧਤਾ ਆਦਿ ਦਾ ਸਾਮਨਾ ਧੀਰਜਪੂਰਵਕ ਅਤੇ ਵਿਧੀ ਪੂਰਵਕ ਤਰੀਕੇ ਨਾਲ ਤਰਕਸ਼ੀਲ ਅਭਿਸਵੀਕਰਣ (adoptive) ਪ੍ਰਕ੍ਰਿਆਵਾਂ ਦੁਆਰਾ ਕਰਦਾ ਹੈ। ਪਰੰਪਰਾਗਤ ਸਮਾਜ ਦੇ ਟੁੱਟਣ ਨਾਲ ਵਿਅਕਤੀਗਤ ਸੁਤੰਤਰਤਾ ਵਿਚ ਵਾਧਾ, ਸੱਤਾ ਦਾ ਸਮਤਲੀਕਰਣ, ਤੇ ਨਿਰਣੇ ਲੈਣ ਵਿਚ ਜਨ ਸਮੂਹਾਂ ਦਾ ਯੋਗਦਾਨ ਜ਼ਿਆਦਾ ਹੋਣ ਲਗਦਾ ਹੈ। ਆਧੁਨਿਕੀਕਰਣ ਦੀ ਪ੍ਰਕ੍ਰਿਆ ਵਿਚ ਸਾਮਾਜਿਕ, ਰਾਜਨੈਤਿਕ ਤੇ ਸਾਂਸਕ੍ਰਿਤ ਵਿਾਕਸ ਦਾ ਨਿਯੋਜਹੀ ਲੋਕਾਂ ਨੂੰ ਆਧੁਨਿਕ ਵਿਚਾਰਾਂ ਅਤੇ ਮਾਨਦੰਡਾਂ ਵਿਚ ਹਿੱਸੇਦਾਰੀ ਦੇ ਲਈ ਪ੍ਰੇਰਿਤ ਕਰੇਗਾ ਅਤੇ ਮਹੱਵਪੂਰਨ ਸਮਾਜਕਿ ਸਮੂਹਾਂ-ਬੁੱਧੀ ਜੀਵੀਆਂ, ਰਾਜਨੈਤਿਕ ਅਭਿਜਨਾਂ, ਨੌਕਰਾਸ਼ਾਹੀ ਅਤੇ ਤਕਨੀਕੀ ਵਿਸ਼ੇਸ਼ਗਿਆਂ ਨੂੰ ਨਿਯੋਜਿਤ ਪਰਿਵਰਤਣਾਂ ਨੂੰ ਸਵੀਕਾਰ ਕਰਨ ਦੇ ਲਈ ਮਜਬੂਰ ਕਰੇਗਾ।

## 12.3.8 ਆਧੁਨਿਕੀਕਰਣ ਦੀ ਸਮੱਸਿਆਵਾਂ

ਆਧੁਨਿਕੀਕਰਣ ਦੀ ਕੁਝ ਸਮੱਸਿਆਵਾਂ ਹੇਠ ਲਿਖੀਆਂ ਹਨ:

1. ਆਧੁਨਿਕੀਕਰਣ ਦਾ ਪਹਿਲਾ ਵਿਰੋਧਾਭਾਸ ਇਹ ਹੈ ਕਿ ਇਕ ਆਧੁਨਿਕ ਸਮਾਜ ਨੂੰ ਤੁਰੰਤ ਹਰ ਪ੍ਰਕਾਰ ਦੇ ਬਦਲ ਜਾਣਾ ਚਾਹੀਦਾ ਹੈ, ਪਰੰਤੂ ਅਜਿਹੇ ਨਿਅਮਿਤ ਅਤੇ ਵਿਕਾਸ ਦਾ ਸਮਨਵਿਤ ਸਰੂਪ ਦਾ ਅਨੁਮਾਨਿਤ ਨਿਯੋਜਨ ਨਹੀਂ ਹੋ ਸਕਦਾ। ਸੋ ਇਕ ਪ੍ਰਕਾਰ ਦੀ ਸਮਾਜਿਕ ਹਲਚਲ ਪੈਦਾ ਹੋ ਹੀ ਜਾਂਦੀ ਹੈ। ਉਦਾਹਰਣ, ਜਨ ਸਿਖਿਆ ਵਿਅਵਸਥਾ ਦੀ ਮੰਗ ਹੈ ਕਿ ਕੁਸ਼ਲ (trained) ਵਿਅਕਤੀਆਂ ਨੂੰ ਉਨ੍ਹਾਂ ਦੀ ਟ੍ਰੇਨਿੰਗ ਅਤੇ ਉਨ੍ਹਾਂ ਦੇ ਗਿਆਨ ਦੇ ਅਨੁਕੂਲ ਵਿਅਵਸਾਇਕ ਭੂਮਿਕਾ ਵਿਚ ਲਗਾ ਦੇਣਾ ਚਾਹੀਦਾ ਹੈ। ਪਰੰਤੂ ਸਾਰੇ ਸਿਖਿਅਤ ਲੋਕਾਂ ਨੂੰ ਕੰਮ ਦਿਵਾਉਣਾ ਸਦੈਵ ਸੰਭਵ ਨਹੀਂ ਹੁੰਦਾ ਹੈ। ਇਸ ਨਾਲ ਸਿਖਿਅਤ ਲੋਕਾਂ ਵਿਚ ਨਿਰਾਸ਼ਾ ਅਤੇ ਅਸੰਤੋਖ ਪੈਦਾ ਹੁੰਦਾ ਹੈ।

ਨੋਟ

2. ਦੂਜੀ ਸਮੱਸਿਆ ਇਹ ਹੈ ਕਿ ਆਧੁਨਿਕੀਕਰਣ ਦੀ ਅਵਧੀ ਵਿਚ ਸੰਰਚਨਾਤਮਕ ਪਰਿਵਰਤਨ ਅਸਮਾਨ ਹੁੰਦਾ ਹੈ। ਉਦਾਹਰਣ ਲਈ, ਉਦਿਯੋਗ ਆਧੁਨਿਕ ਬਣਾਏ ਜਾ ਸਕਦੇ ਹਨ ਪਰੰਤੂ ਪਰਿਵਾਰ ਵਿਅਵਸਥਾ, ਧਰਮ ਵਿਅਵਸਥਾ ਆਦਿ ਰੂੜੀਵਾਦੀ ਹੀ ਬਣੇ ਰਹਿੰਦੇ ਹਨ। ਇਸ ਪ੍ਰਕਾਰ ਦੀ ਨਿਵਿਰਤੀਆਂ ਤੇ ਅਵਿੱਛਨਤਾਵਾਂ ਅਤੇ ਪਰਿਵਰਤਣ ਦੇ ਸਰੂਪ, ਸਥਾਪਿਤ ਸਮਾਜਿਕ ਅਤੇ ਹੋਰ ਸੰਰਚਨਾਵਾਂ ਨੂੰ ਪ੍ਰਭਾਵਤ ਕਰਦੇ ਹਨ ਅਤੇ ਅੰਤਰਾਲ (lags) ਤੇ ਗਤਿਅਵਿਰੋਧ (bottlenecks) ਪੈਦਾ ਕਰਦੇ ਹਨ। ਇਸਦਾ ਦੂਜਾ ਉਦਾਹਰਣ ਹੈ ਭਾਰਤ ਵਿਚ ਵੋਟ ਪਾਉਣ ਦਾ ਅਧਿਕਾਰ 21 ਤੋਂ ਘਟ ਕਰਕੇ 18 ਸਾਲ ਕਰ ਦੇਣਾ। ਇਹ ਆਧੁਨਿਕਤਾ ਵਿਚ ਪ੍ਰਵੇਸ਼ ਦਾ ਇਕ ਕਦਮ ਹੋ ਸਕਦਾ ਹੈ, ਕਿੰਤੂ ਇਸਨੇ ਇਕ ਸੰਕਟ ਪੈਦਾ ਕਰ ਦਿਤਾ ਹੈ ਕਿਉਂਕਿ ਨਿਰਵਾਚਕ ਸਮੂਹ ਇਸ ਅਨੁਮਾਨ ਉਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਵਿਚ ਨਾਗਰਿਕਤਾ ਦੀ ਪੂਰੀ ਭਾਵਨਾ ਹੋਵੇਗੀ ਅਤੇ ਨਤੀਆਂ ਵਿਚ ਭਾਗੀਦਾਰੀ ਦੀ ਯੋਗਤਾ ਹੋਵੇਗੀ।
3. ਤੀਜੀ ਸਮਸਿਆ ਹੈ ਕਿ ਸਮਾਜਿਕ ਤੇ ਆਰਥਿਕ ਸੰਸਥਾਵਾਂ ਦਾ ਆਧੁਨਿਕੀਕਰਣ ਪਰੰਪਰਾਗਤ ਜੀਵਨ ਸ਼ੈਲੀ ਦੇ ਨਾਲ ਸੰਘਰਸ਼ ਪੈਦਾ ਕਰਦਾ ਹੈ। ਉਦਾਹਰਣ ਲਈ, ਪੜ੍ਹਿਆ ਲਿਖਿਆ ਡਾਕਰਟਰ ਪਰੰਪਰਾਗਤ ਵੈਦਾਂ ਦੇ ਲਈ ਖਤਰਾ ਹੋ ਜਾਂਦੇ ਹਨ। ਇਸੇ ਪ੍ਰਕਾਰ ਮਸ਼ੀਨਾਂ ਦੁਆਰਾ ਵਸਤੂਆਂ ਘਰੇਲੂ ਸ਼੍ਰਮਿਕਾਂ ਨੂੰ ਰੋਜੀ ਰੋਟੀ ਤੋਂ ਵੰਚਿਤ ਕਰ ਦਿੰਦੀ ਹੈ। ਇਸੇ ਤਰ੍ਹਾਂ ਬਹੁਤ ਪਰੰਪਰਾਵਾਦੀ ਲੋਕ ਉਨ੍ਹਾਂ ਲੋਕਾਂ ਦੇ ਵਿਰੋਧੀ ਹੋ ਜਾਂਦੇ ਹਨ ਜੋ ਆਧੁਨਿਕਤਾ ਸਵੀਕਾਰ ਕਰਦੇ ਹਨ। ਪਰੰਪਰਾਵਾਦੀ ਅਤੇ ਆਧੁਨਿਕ ਤਰੀਕਿਆਂ ਵਿਚ ਸੰਘਰਸ਼ ਅੰਸਤੋਖ ਦਾ ਕਾਰਣ ਹੋ ਜਾਂਦਾ ਹੈ।

   ਚੌਥੀ ਸਮੱਸਿਆ ਇਹ ਹੈ ਕਿ ਅਕਸਰ ਲੋਕ ਜੋ ਭੂਮਿਕਾਵਾਂ ਧਾਰਣ ਕਰਦੇ ਹਨ, ਉਹ ਆਧੁਨਿਕ ਤਾਂ ਹੁੰਦੀ ਹੈ। ਕਿੰਤੂ ਕੀਮਤ ਪਰੰਪਰਾਤਮਕ ਰੂਪ ਵਿਚ ਜਾਰੀ ਰਹਿੰਦੇ ਹ। ਉਦਾਹਰਣ ਲਈ, ਮੈਡੀਸਨ ਅਤੇ ਸਰਜਰੀ ਵਿਚ ਟ੍ਰੇਨਿੰਗ ਲੈਣ ਦੇ ਬਾਅਦ ਵੀ ਇਕ ਡਾਕਟਰ ਆਪਣੇ ਮਰੀਜ ਨੂੰ ਇਹੀ ਕਹਿੰਦਾ ਹੈ, "ਮੈਂ ਇਲਾਜ ਕਰਦਾ ਹਾਂ, ਈਸ਼ਵਰ ਠੀਕ ਕਰਦਾ ਹੈ।" ਇਹ ਦਰਸ਼ਾਉਂਦਾ ਹੈ ਕਿ ਉਸ ਨੂੰ ਆਪਣੇ ਉਤੇ ਵਿਸ਼ਵਾਸ ਨਹੀਂ ਹੈ ਕਿ ਉਹ ਬੀਮਾਰੀ ਦਾ ਸਹੀ ਨਿਦਾਨ ਕਰ ਸਕੇ ਬਲਕਿ ਆਪਣੇ ਉਤੇ ਆਰੋਪ ਲਗਾਉਣ ਦਾ ਬਜਾਏ ਉਹ ਉਨ੍ਹਾਂ ਤਰੀਕਿਆਂ ਦੀ ਨਿੰਦਾ ਕਰਦਾ ਹੈ ਜਿਨ੍ਹਾਂ ਵਿਚ ਉਸਦਾ ਜੀਵਨ-ਮੁੱਲ ਨੂੰ ਵਿਕਸਿਤ ਕਰਨ ਦੇ ਲਈ ਸਮਾਜੀਕਰਣ ਕੀਤਾ ਗਿਆ ਹੈ।
5. ਪੰਜਵੀ ਸਮੱਸਿਆ ਇਹ ਹੈ ਕਿ ਉਨ੍ਹਾਂ ਸਾਧਨਾ ਦੇ ਵਿਚ ਜੋ ਆਧੁਨਿਕ ਬਣਾਉਂਦੀ ਹੈ ਅਤੇ ਉਨ੍ਹਾਂ ਸੰਸਥਾਵਾਂ ਤੇ ਵਿਅਵਸਥਾਵਾਂ ਵਿਚ ਜਿਨ੍ਹਾਂ ਨੂੰ ਆਧੁਨਿਕ ਹੋਣਾ ਹੈ ਸਇਸੋਗ ਦੀ ਕਮੀ ਹੈ। ਕਈ ਵਾਰ ਇਸ ਨਾਲ ਸਾਂਸਕ੍ਰਿਤਕ ਵਿਲੰਬਨਾ (cultural lag) ਦੀ ਸਥਿਤੀ ਪੈਦਾ ਹੋ ਜਾਂਦੀ ਹੈ ਅਤੇ ਸੰਸਥਾਤਮਕ ਸੰਘਰਸ਼ ਹੁੰਦੇ ਹਨ।
6. ਅੰਤਿਮ ਸਮੱਸਿਆ ਇਹ ਹੈ ਕਿ ਆਧੁਨਿਕੀਕਰਣ ਲੋਕਾਂ ਦੀ ਆਕਾਂਸ਼ਾਵਾਂ ਨੂੰ ਵਧਾਉਂਦਾ ਹੈ, ਪਰੰਤੂ ਸਮਾਜਿਕ ਵਿਅਵਸਥਾਵਾਂ ਉਨ੍ਹਾਂ ਨੂੰ ਆਕਾਂਸ਼ਾਵਾਂ ਦੀ ਪੂਰਤੀ ਦੇ ਲਈ ਅਵਸਰ ਪ੍ਰਦਾਨ ਕਰਨ ਵਿਚ ਅਸਫਲ ਰਹਿੰਦੀਆਂ ਹਨ। ਇਹ ਕੁੰਠਾਵਾਂ ਵੰਚਨਾਵਾਂ ਅਤੇ ਸਮਾਜਿਕ ਪੈਦਾ ਕਰਦੀ ਹੈ।

### 12.3.9 ਵਿਅਕਤੀ ਦਾ ਆਧੁਨਿਕੀਕਰਣ

ਆਧੁਨਿਕੀਕਰਣ ਦਾ ਉਦੇਸ਼ ਸਮਾਜ ਦੇ ਸਾਰੇ ਲੋਕਾਂ ਦੇ ਲਈ ਸਭਿਅ ਤੇ ਉਚਿਤ ਜੀਵਨ ਪੱਧਰ ਪ੍ਰਾਪਤ ਕਰਾਉਣਾ ਹੈ। ਇਸ ਵਿਚ ਆਰਥਿਕ, ਸਮਾਜਿਕ, ਰਾਜਨੈਤਿਕ ਅਤੇ ਸਾਂਸਕ੍ਰਿਤਕ ਸਮਝ ਦਾ ਵਿਚਾਰ ਵੀ ਸ਼ਾਮਲ ਹਨ। ਇਸ ਨਾਲ ਜ਼ਿਆਦਾ, ਇਸ ਵਿਚ ਮਨੁੱਖ ਦੇ ਸੁਭਾਅ ਦਾ ਪੂਰਣ ਪਰਿਵਰਤਣ ਵਾਂਛਿਤ ਹੈ। ਅਜਿਹਾ ਪਰਿਵਰਤਣ ਜੋ ਕਿ ਐਲੇਕਸ ਇਕਿਲਸ ਦੇ ਅਨੁਸਾਰ ਸਾਧਿਅ ਦੇ ਲਈ ਸਾਘਨ ਨਹੀਂ ਹਨ, ਬਲਕਿ ਵਿਕਾਸ ਪ੍ਰਕ੍ਰਿਆ ਦਾ ਸਾਧਿਅ ਆਪ ਹੀ ਹੈ।

ਕਿੰਤੂ 'ਆਧੁਨਿਕ ਵਿਅਕਤੀ' ਕੌਣ ਹਨ? ਉਸਦੀ ਪਛਾਣ ਕਿਸ ਤਰ੍ਹਾਂ ਹੋਵੇ? ਆਧੁਨਿਕ ਵਿਅਕਤੀ ਉਹ ਹੈ ਜੋ ਵਿਚਾਰ ਅਤੇ ਹਮਦਰਦੀ ਦੇ ਪਰੰਪਰਾਗਤ ਤਰੀਕੇ ਤਿਆਗ ਦੇਵੇ, ਜਿਸ ਦਾ ਦਿਮਾਗ ਨਵੇਂ ਵਿਚਾਰਾਂ ਨੂੰ ਸਵੀਕਾਰ ਕਰਣ ਦੇ ਲਈ ਖੁਲਿਆ ਹੋਵੇ, ਜੋ ਵਿਵੇਕਸ਼ੀਲ ਅਤੇ ਧਰਮ ਨਿਰਪੇਖ ਹੋਵੇ ਅਤੇ ਜੋ ਸਮਾਨਤਾ, ਨਿਆਂ ਤੇ ਸੁਤੰਤਰਤਾ ਵਿਚ ਵਿਸ਼ਵਾਸ ਰਖਦਾ ਹੋਵੇ।

ਆਧੁਨਿਕ ਮਨੁੱਖ ਦੀ ਬਾਹਰੀ ਵਿਸ਼ੇਸ਼ਤਾਵਾਂ ਦਾ ਆਂਤਰਿਕ ਵਿਸ਼ੇਸ਼ਤਾਵਾਂ ਤੋਂ ਭਿੰਨ ਹੋਣ ਦੇ ਸੰਦਰਭ ਵਿਚ ਐਲੇਕਬ ਇਕਿਲਸ ਦੀ ਮਾਨਤਾ ਹੈ ਕਿ ਆਧੁਨਿਕ ਵਿਅਕਤੀ ਦੇ ਇਕ ਕਿਸਾਨ ਦੇ ਰੂਪ ਵਿਚ ਕੰਮ ਕਰਨ ਦੀ ਸੰਭਾਵਨਾ ਘੱਟ ਹੈ ਅਤੇ ਉਸਦੇ ਦੁਆਰਾ ਰੋਜਗਾਰ ਲੱਭਣ ਦੀ ਸੰਭਾਵਨਾ ਜ਼ਿਆਦਾ ਹੈ ਅਜਿਹੇ ਮੁਸ਼ਕਲ ਉਤਪਾਦਕ ਕਿੱਤਾ ਤੇ ਰੋਜਗਾਰ ਨੂੰ ਜੋ ਆਧੁਨਿਕ ਤਕਨੀਕੀ ਤੇ ਉਰਜਾ ਦੇ ਪ੍ਰਯੋਗ ਉਤੇ ਆਧਾਰਤ ਹੋਵੇ ਜਾਂ ਫਿਰ ਵੱਡੇ ਨਿਜੀ ਜਾਂ ਸਾਰਵਜਨਿਕ ਉਪਕ੍ਰਮ ਨੂੰ ਜੋ ਉਸ ਨੂੰ ਸਮਾਜ ਵਿਚ ਉਚ ਪਦ ਅਤੇ ਪਰਿਸਥਿਤੀ ਪ੍ਰਦਾਨ ਕਰ ਸਕੇ। ਉਹ ਅਜਿਹੇ ਨਗਰ ਵਿਚ ਰਹਿਣਾ ਜ਼ਿਆਦਾ ਪਸੰਦ ਕਰਦਾ ਹੈ ਜਿੱਥੇ ਉਸ ਨੂੰ ਨਿਕਟ ਵਿਚ ਹੀ ਸਾਰੇ ਸਾਧਨ ਉਪਲਬਧ ਹੋ ਸਕੇ, ਜਿਵੇਂ ਯਾਤਾਯਾਤ, ਬਾਜਾਰ, ਬੱਚਿਆਂ ਦੇ ਸਕੂਲ, ਮੈਡਿਕਲ ਅਤੇ ਡਾਕ ਸੁਵਿਧਾਵਾਂ ਜੋ ਉਸਦੀ ਪਹੁੰਚ ਦੇ ਅੰਦਰ ਹੋਵੇ ਅਤੇ ਅਜਿਹੇ ਘਰ ਦਾ ਮੈਂਬਰ ਹੋਣਾ ਪਸੰਦ ਕਰ ਸਕਦਾ ਹੈ ਜੋ ਉਸਦੇ ਲਈ ਅਭਿਵਿਅਕਤੀ, ਪਛਾਣ ਅਤੇ ਗਤੀਸ਼ੀਲਤਾ ਦੇ ਅਵਸਰ ਪ੍ਰਦਾਨ ਕਰ ਸਕੇ। ਸੰਚਾਰ ਅਤੇ ਸੰਪ੍ਰੇਸ਼ਣ ਦੇ ਲਈ ਜ਼ਿਆਦਾ ਖੁਲਾ ਹੋਣ ਦੇ ਕਾਰਣ ਉਹ ਸਮਾਜਿਕ ਵਿਕਾਸ ਅਤੇ ਰਾਜਨੀਤੀ ਵਿਚ ਜ਼ਿਆਦਾ ਰੂਚੀ ਲ ਸਕਦਾ ਹੈ। ਆਪਣੇ ਪ੍ਰਾਥਮਿਕ ਨਾਤੇਦਾਰਾਂ ਦੇ ਜਾਲ ਵਿਚ ਫਸੇ ਰਹਿਣ ਦੀ ਅਪੇਕਸ਼ਾ ਅਵਿਅਕਤੀਗਤ ਵਾਤਾਵਰਣ ਦੇ ਪਾਸੇ ਜ਼ਿਅਦਾ ਆਕਰਸ਼ਿਤ ਹੁੰਦਾ ਹੈ ਜਿੱਥੇ ਉਹ ਅਜਿਹੇ ਲੋਕਾਂ ਦੇ ਸੰਪਰਕ ਵਿਚ

ਨੋਟ

ਆਏ ਜੋ ਉਸਦੇ ਕਿੱਤੇ ਜਾਂ ਹੋਰ ਸੰਕਟ ਦੇ ਸਮੇਂ ਉਸਦੀ ਸਹਾਇਤਾ ਨਾ ਕਰਣ। ਇਹ ਸਾਰੇ ਗੁਣ ਭਾਵੇਂ 'ਆਧੁਨਿਕ' ਨਹੀਂ ਹਨ, ਪਰੰਤੂ ਇਹ ਮਨੁੱਖ ਦੇ ਜੀਵਨ ਖੇਤਰ ਦੇ ਨਾਲ ਹਨ ਜੋ ਆਧੁਨਿਕ ਮਨੁੱਖ ਨਾਲ ਟਕਰਾਉਂਦੇ ਹਨ। ਭਾਵੇਂ ਆਧੁਨਿਕ ਵਾਤਾਵਰਣ ਦੇ ਲਈ ਮਨੁੱਖ ਦਾ 'ਖੁਲਾ' ਹੋਣਾ ਨਿਸ਼ਚਿਤ ਹੀ ਪਰੰਪਰਾਗਤ ਮਨੁੱਖ ਵਿਚ ਪਰਿਵਰਤਣ ਕਰਨ ਵਿਚ ਯੋਗਦਾਨ ਕਰ ਸਕਦਾ ਹੈ, ਅਤੇ ਫਿਰ ਉਸ ਵਾਤਾਵਰਣ ਵਿਚ ਨਵੀਨ ਕੀਮਤਾਂ, ਵਿਉਹਾਰ ਸਰੂਪਾਂ ਦੀ ਉਸ ਨਾਲ ਉਪੇਕਸ਼ਾ ਕੀਤੀ ਜਾਵੇਗੀ, ਪਰੰਤੂ ਆਧੁਨਿਕ ਵਿਅਕਤੀ ਦੀ ਆਂਤਰਿਕ ਵਿਸ਼ੇਸ਼ਤਾਵਾਂ ਉਸਦੇ ਸੋਚਣ, ਕੰਮ ਕਰਨ ਅਤੇ ਅਨੁਭੂਤੀ ਦੇ ਤਰੀਕੇ ਆਦਿ, ਉਸ ਨੂੰ ਵਾਸਤਵਿਕ ਆਧੁਨਿਕ ਬਣਾਉਣ ਵਿਚ ਮਹੱਤਵਪੂਰਣ ਹਨ। ਆਧੁਨਿਕ ਮਨੁੱਖ ਦੀ ਆਂਤਰਿਕ ਵਿਸ਼ੇਸ਼ਤਾਵਾਂ ਕੀ ਹਨ? ਏਲਕਸ ਇਕਿਲਮ ਨੇ ਇਨ੍ਹਾਂ ਵਿਚੋਂ ਕੁਝ ਵਿਸ਼ੇਸ਼ਤਾਵਾਂ ਨੂੰ ਇਸ ਪ੍ਰਕਾਰ ਪਛਾਣਿਆ ਹੈ: (1) ਆਧੁਨਿਕ ਵਿਅਕਤੀ ਨੂੰ ਨਵੀਨ-ਅਨੁਭਵਾਂ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਨਵੀਨਤਾਵਾਂ ਅਤੇ ਪਰਿਵਰਤਣ ਦੇ ਲਈ ਖੁਲਾ ਹੋਣਾ ਚਾਹੀਦਾ ਹੈ। (2) ਉਸ ਵਿਚ ਵੱਡੀ ਸੰਖਿਆ ਵਿਚ ਆਉਣ ਵਾਲੇ ਮਾਮਲਿਆਂ ਵਿਚ ਅਤੇ ਸਮੱਸਿਆਵਾਂ ਦੇ ਵਿਸ਼ੇ ਵਿਚ ਆਪਣੀ ਧਾਰਣਾ ਬਣਾਉਣ ਦੀ ਪ੍ਰਵਿਰਤੀ ਹੋਣੀ ਚਾਹੀਦੀ ਹੈ ਜੋ ਉਸਦੇ ਅੰਦਰੂਨੀ ਤੇ ਬਾਹਰੀ ਪਰਿਆਵਰਣ ਵਿਚ ਉਦੇ ਹੁੰਦੀ ਹੋਵੇ। ਇਸਦੇ ਉਲਟ ਇਕ ਪਰੰਪਰਾਗਤ ਵਿਅਕਤੀ ਆਪਣੇ ਚਾਰੋਂ ਤਰਫ ਦੇ ਵਿਸ਼ਿਆਂ ਵਿਚ ਕੋਈ ਰੂਚੀ ਨਹੀਂ ਲੈਣਾ ਜੋ ਉਸਦੇ ਘਰ ਰਹਿੰਦੇ ਹਨ ਅਤੇ ਪ੍ਰਭਾਵਤ ਵੀ ਕਰਦੇ ਹਨ। (3) ਇਕ ਆਧੁਨਿਕ ਵਿਅਕਤੀ ਅਤੀਤ ਦੀ ਅਪੇਕਸ਼ਾ ਵਰਤਮਾਨ ਅਤੇ ਭਵਿੱਖ ਦੀ ਤਰਫ ਜ਼ਿਆਦਾ ਉਨਮੁਖ ਹੁੰਦਾ ਹੈ। ਉਹ ਆਪਣੇ ਮਾਮਲਿਆਂ ਦੇ ਸੰਗਠਨ ਵਿਚ ਜ਼ਿਆਦਾ ਵਿਅਵਸਥਿਤ ਅਤੇ ਨਿਅਮਿਤ ਹੁੰਦਾ ਹੈ। (4) ਇਕ ਆਧੁਨਿਕ ਵਿਅਕਤੀ ਜ਼ਿਆਦਾ ਨਿਯੋਜਨ ਉਨਮੁਖ ਹੁੰਦਾ ਹੈ ਐਤ ਜੀਵਨ ਦਾ ਸਾਮ੍ਹਣਾ ਕਰਨ ਦੇ ਲਈ ਇਕ ਸਾਧਨ ਦੇ ਰੂਪ ਵਿਚ ਇਸ ਵਿਚ ਵਿਸ਼ਵਾਸ ਰਖਦਾ ਹੈ। (5) ਇਕ ਆਧੁਨਿਕ ਵਿਅਕਤੀ ਪ੍ਰਭਾਵਕਾਰੀ ਕਤੀ ਵਿਚ ਵਿਸ਼ਵਾਸ ਕਰਦਾ ਹੈ ਅਤੇ ਸਿੱਖਣ ਦੇ ਲਈ ਤਿਆਰ ਰਹਿੰਦਾ ਹੈ ਤਾਂਕਿ ਪਰਿਆਵਰਣ ਤੋਂ ਪ੍ਰਭਾਵਤ ਹੋਣ ਦੀ ਅਪੇਕਸ਼ਾ ਉਹ ਪਰਿਆਵਰਣ ਉਤੇ ਅਧਿਕਾਰ ਕਰੇ ਅਤੇ ਆਪਣੇ ਉਦੇਸ਼ਾਂ ਅਤੇ ਲਖਸ਼ਾਂ ਦੀ ਤਰਫ ਅੱਗੇ ਹੋ ਸਕੇ। (6) ਆਧੁਨਿਕ ਵਿਅਕਤੀ ਮਹਾਨ ਗੁਣਕ (calculator) ਹੁੰਦਾ ਹੈ ਅਤੇ ਮਨੁੱਖ ਦੇ ਨਿਅੰਤਰਣ ਦੇ ਅੰਦਰ ਤਰਕ ਸੰਗਤ ਅਤੇ ਨਿਅਮਾਨੁਕੂਲ ਬਚਲਾਉਣ ਵਾਲੇ ਵਿਸ਼ਵ ਵਿਚ ਵਿਸ਼ਵਾਸ ਕਰਦਾ ਹੈ। (7) ਆਧੁਨਿਕ ਵਿਅਕਤੀ ਦੂਜਿਆਂ ਦੇ ਪ੍ਰਤੀ ਆਪਣੇ ਵਿਉਹਾਰ ਵਿਚ ਜ਼ਿਆਦਾ ਸਨਮਾਨ ਅਤੇ ਪ੍ਰਤੀਸ਼ਠਾ ਦਾ ਪ੍ਰਦਰਸ਼ਨ ਕਰਦਾ ਹੈ। (8) ਇਕ ਆਧੁਨਿਕ ਵਿਅਕਤੀ ਨੂੰ ਵਿਗਿਆ ਤੇ ਤਕਨੀਕੀ ਵਿਚ ਅਧਿਕ ਆਸਥਾ ਹੁੰਦੀ ਹੈ। (9) ਇਕ ਆਧੁਨਿਕ ਵਿਅਕਤੀ ਜਨਤੰਤਰ ਤੇ ਨਿਆਂ ਦਾ ਸਮਾਨ ਵਿਤਰਣ ਦੇ ਪ੍ਰਤੀ ਅਧਿਕ ਆਸਥਾਵਾਨ ਹੁੰਦਾ ਹੈ।

ਆਧੁਨਿਕ ਵਿਅਕਤੀ ਦੀ ਵਿਸ਼ੇਸ਼ਤਾਵਾਂ ਦੀ ਇਸ ਸੂਚੀ ਨੂੰ ਵਧਾਇਆ ਜਾ ਸਕਦਾ ਸੀ, ਕਿੰਤੂ ਉਹ ਇਸ ਵਿਚਾਰ ਨੂੰ ਸਮਝਣ ਦੇ ਲਈ ਕਾਫੀ ਹੈ ਕਿ ਆਧੁਕਿਕਰਣ ਨੂੰ ਵਿਅਕਤੀਗਤ ਪੱਧਰ ਦੇ ਨਾਲ-ਨਾਲ ਸਾਮੂਹਿਕ ਤੇ ਸਮਾਜਿਕ ਪੱਧਰ ਉਤੇ ਕਿਸ ਪ੍ਰਕਾਰ ਸਮਝਿਆ ਜਾਵੇ।

ਟਾਸਕ ਸੰਸਕ੍ਰਿਤੀਕਰਣ ਦੀ ਪ੍ਰਕ੍ਰਿਆ ਕੀ ਸੰਕੇਤ ਦਿੰਦੀ ਹੈ?

## 12.4 ਧਰਮ ਨਿਰਪੇਖਤਾ (Secularisation)

ਭਾਰਤ ਜੋ ਕਿਸੇ ਸਮੇਂ ਅਧਿਆਤਮਕਤਾ ਉਤੇ ਬਲ ਦੇਣ ਵਾਲਾ ਧਾਰਮਿਕ ਦੇਸ਼ ਸੀ, ਹੁਣ ਧਰਮ ਨਿਰੇਪਖਤਾ ਦੀ ਪ੍ਰਕ੍ਰਿਆ ਤੋਂ ਗੁਜਰ ਰਿਹਾ ਹੈ। ਐਮ.ਐਚ. ਸ਼੍ਰੀਨਿਵਾਸ (M.H. Srinivas) ਦੇ ਅਨੁਸਾਰ, "ਸ਼ਬਦ 'ਧਰਮ ਨਿਰਪੇਖਤਾ' ਦਾ ਅਰਥ ਹੈ ਕਿ ਪਹਿਲਾਂ ਜਿਸ ਨੂੰ ਧਾਰਮਿਕ ਸਮਝਿਆ ਜਦਾ ਸੀ, ਉਸ ਨੂੰ ਹੁਣ ਅਜਿਹਾ ਨਹੀਂ ਸਮਝਿਆ ਜਾਂਦਾ ਅਤੇ ਵਿਭੇਦੀਕਰਣ ਦੀ ਪ੍ਰਕ੍ਰਿਆ ਵੀ ਨਿਹਿਤ ਹੈ ਜਿਸਦੇ ਅੰਤਰਗਤ ਸਮਾਜ ਦੇ ਵਿਭਿੰਸ ਰੂਪ — ਆਰਥਿਕ, ਰਾਜਨੈਤਿਕ, ਵਿਧਿਕ ਅਤੇ ਨੈਤਿਕ ਇਕ ਦੂਜੇ ਤੋਂ ਜ਼ਿਆਦਾ ਅਲੱਗ ਹੁੰਦੇ ਜਾਂਦੇ ਹਨ।" ਇਸ ਪ੍ਰਕਾਰ, ਧਰਮ ਨਿਰਪੇਖਤਾ ਧਰਮਵਾਦ ਦਾ ਵਿਪਰੀਤ ਹੈ ਉਸਦ ਸ਼ਬਦਾਂ ਵਿਚ, ਜਿਵੇਂ ਜਿਵੇਂ ਧਰਮ ਨਿਰਪੇਖਤਾ ਦਾ ਵਿਕਾਸ ਹੁੰਦਾ ਹੈ, ਧਰਮਵਾਦ ਦਾ ਹ੍ਰਾਸ ਹੁੰਦਾ ਹੈ। ਅਨੇਕ ਧਾਰਮਿਕ ਕ੍ਰਿਆਵਾਂ ਅਤੇ ਸਾਂਸਕਾਰਿਕ ਉਤਸਵ ਜੋ ਕਿਸੇ ਸਮੇਂ ਭਾਰਤੀ ਲੋਕਾਂ ਦੇ ਵਿਅਕਤੀਤਵ ਅਤੇ ਸਮਾਜਿਕ ਜੀਵਨ ਦੇ ਅੰਗ ਸਨ, ਉਨ੍ਹਾਂ ਹੁਣ ਪਰਿਤਿਆਗ ਕਰ ਦਿਤਾ ਗਿਆ ਹੈ ਨਾ ਕੇਵਲ ਸ਼ਹਿਰਾਂ ਵਿਚ ਸਗੋਂ ਦੇਹਾਤਾਂ ਵਿਚ ਵੀ ਧਰਮ ਨਿਰਪੇਖਤਾ ਦੀ ਪ੍ਰਕ੍ਰਿਆ ਨੂੰ ਕਾਰਜਸ਼ੀਲ ਦੇਖਿਆ ਜਾ ਸਕਦਾ ਹੈ। ਸਾਡੇ ਰੋਜ਼ ਦੇ ਜੀਵਨ ਵਿਚ ਧਰਮ ਦਾ ਸਥਾਨ ਨਿਸ਼ਚੇ ਹੀ ਘੱਟ ਹੋ ਗਿਆ ਹੈ। ਜਨਮ, ਵਿਆਹ ਅਤੇ ਮ੍ਰਿਤੂ ਦੇ ਉਤਸਵਾਂ ਉਤੇ ਹੁਣ ਪੁਰਾਣੇ ਸਾਰੇ ਸੰਸਕਾਰਾਂ ਨੂੰ ਨਹੀਂ ਕੀਤਾ ਜਾਂਦਾ। ਧਰਮ ਨਿਰਪੇਖਤਾ ਦੀ ਵਿਸ਼ੇਸਤਾਵਾਂ ਹੇਠ ਲਿਖੀਆਂ ਹਨ।

1. **ਧਰਮਵਾਦ ਦਾ ਹ੍ਰਾਸ (Decrease of religionism)**—ਜਿਵੇਂ ਕਿ ਉਪਰ ਦਸਿਆ ਗਿਆ ਹੈ ਕਿ ਧਰਮ ਨਿਰਪੇਖਤਾ ਦੀ ਵ੍ਰਿਧੀ ਵਿਚ ਧਰਮਵਾਦ ਦਾ ਹ੍ਰਾਸ ਨਿਹਿਤ ਹੈ। ਹਿੰਦੂ ਸਮਾਜ ਵਿਚ ਜੀਵਨ ਦੇ ਵਿਭਿੰਨ ਪੱਖਾਂ ਉਤੇ ਧਰਮ ਦੇ ਗਿਰਦੇ ਹੋਏ ਪ੍ਰਭਾਵ ਦੇ ਕਾਰਣ ਧਰਮ ਨਿਰਪੇਖਤਾ ਦਾ ਜ਼ਿਆਦਾ ਪ੍ਰਭਾਵ ਪਿਆ ਰਿਹਾ ਹੈ।

2. **ਵਿਭੇਦੀਕਰਣ (Differentiation)**—ਧਰਮ ਨਿਰਪੇਖਤਾ ਦੀ ਵ੍ਰਿਧੀ ਸਮਾਜਿਕ ਜੀਵਨ ਦੇ ਵਿਭਿੰਨ ਸਰੂਪਾਂ ਵਿਚ ਵਿਭੇਦੀਕਰਣ ਉਤਪੰਨ ਕਰ ਦਿੰਦੀ ਹੈ। ਇਸ ਪ੍ਰਕਾਰ, ਵਰਤਮਾਨ ਸਮਾਜ ਵਿਚ ਆਰਥਿਕ, ਰਾਜਨੀਤਕ, ਵਿਵਿਧ ਅਤੇ ਨੈਤਿਕ ਪ੍ਰਸ਼ਨਾਂ ਦਾ ਹਲ ਰਾਜਨੈਤਿਕ ਨਿਅਮਾਂ ਦੇ ਆਧਾਰ ਉਤੇ ਹੁੰਦਾ ਹੈ। ਇਸ ਪ੍ਰਕਾਰ, ਧਰਮ ਜੋ ਪਹਿਲਾਂ ਜੀਵਨ ਦੇ ਵਿਭਿੰਨ ਸਰੂਪਾਂ ਨੂੰ ਇਕ ਸੂਤਰ ਵਿਚ ਸੰਯੁਕਤ ਰਖਦਾ ਸੀ, ਦਾ ਮਹੱਤਵ ਹੁਣ ਸਮਾਪਤ ਹੋ ਗਿਆ ਹੈ। ਰਾਜਨੀਤਕ ਨੂੰ ਨੈਤਿਕ ਤੋਂ ਵਿਲਗ ਰਖਿਆ ਜਾਂਦਾ ਹੈ, ਨੈਤਿਕ ਨੂੰ ਆਰਥਿਕ ਤੋਂ।
3. **ਵਿਵੇਕਸ਼ੀਲਤਾ (Rationality)**—ਵਿਵੇਕਸ਼ੀਲਤਾ ਧਰਮ ਨਿਰਪੇਖਤਾ ਦੀ ਅਗਲੀ ਵਿਸ਼ੇਸ਼ਤਾ ਹੈ। ਮਾਨਵ ਜੀਵਨ ਦੀ ਸਮੱਸਿਆਵਾਂ ਦੀ ਹੁਣ ਵਿਵੇਕਸ਼ੀਲ ਵਿਆਖਿਆ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦਾ ਤਰਕਯੁਕਤ ਹਲ ਖੋਜਣ ਦਾ ਯਤਨ ਕੀਤਾ ਜਾਂਦਾ ਹੈ। ਪ੍ਰਾਚੀਨ ਪ੍ਰਥਾਵਾਂ ਅਤੇ ਪਰੰਪਰਾਵਾਂ ਦਾ ਅਨੁਸਰਣ ਸਿਖਿਅਤ ਵਿਅਕਤੀ ਦੁਆਰਾ ਉਸੇ ਦਸ਼ਾ ਵਿਚ ਕੀਤਾ ਜਾਂਦਾ ਹੈ ਜੇਕਰ ਇਹ ਉਸ ਨੂੰ ਯੁਕਤੀ ਸੰਗਤ ਦਿਖਾਈ ਦਿੰਦੀ ਹੈ।
4. **ਵੈਗਿਆਨਿਕ ਦ੍ਰਿਸ਼ਟੀਕੋਣ (Scientific attitude)**—ਧਰਮ ਨਿਰਪੇਖਤਾ ਦੀ ਹੋਰ ਵਿਸ਼ੇਸ਼ਤਾਵਾਂ ਇਹ ਹਨ ਕਿ ਵੈਗਿਆਨਿਕ ਖੋਜਾਂ ਨੇ ਪੁਰਾਣੀ ਪ੍ਰਥਾਵਾਂ ਵਿਚ ਲੋਕਾਂ ਦੇ ਵਿਸ਼ਵਾਸ ਨੂੰ ਖਤਮ ਕਰ ਦਿੱਤਾ ਹੈ।

   ਅਨੇਕ ਪ੍ਰਾਕ੍ਰਿਤਕ ਘਟਨਾਵਾਂ ਅਤੇ ਸਮਾਜਿਕ ਪਰਘਟਨਾ ਦੀ ਧਾਰਮਿਕ ਵਿਆਖਿਆਵਾਂ ਦਾ ਸਕਾਨ ਵੈਗਿਆਨਿਕ ਵਿਆਖਿਆਵਾਂ ਨੇ ਲੈ ਲਿਆ।

### 12.4.1 ਧਰਮ ਨਿਰਪੇਖਤਾ ਦੇ ਕਾਰਣ

ਧਰਮ ਨਿਰਪੇਖਤਾ ਦੇ ਕਾਰਣਾਂ ਵਿਚ ਹੇਠ ਲਿਖੀਆਂ ਮਹਤੱਵਪੂਰਣ ਹੈ—

1. **ਆਧੁਨਿਕ ਸਿਖਿਆ (Modern education)**—ਭਾਰਤ ਵਿਚ ਧਰਮ ਨਿਰਪੇਖਤਾ ਦਾ ਸਭ ਤੋਂ ਜ਼ਿਆਦਾ ਮਹੱਤਵਪੂਰਣ ਕਾਰਣ ਪੱਛਮੀ ਸਿਖਿਆ ਹੈ। ਜਿਸਨੇ ਪੱਛਮੀ ਸੰਸਕ੍ਰਿਤੀ ਦਾ ਸੂਤਰਪਾਤ ਕੀਤਾ ਅਤੇ ਭਾਰਤੀ ਸੰਸਕ੍ਰਿਤੀ ਦੇ ਪ੍ਰਭਾਵ ਨੂੰ ਘਟ ਕਰ ਦਿਤਾ। ਕਿਹਾ ਜਾ ਸਕਦਾ ਹੈ ਕਿ ਭਾਰਤ ਵਿਚ ਧਰਮ ਨਿਰਪੇਖਤਾ ਦੀ ਪ੍ਰਕ੍ਰਿਆ ਇਸ ਦੇਸ਼ ਵਿਚ ਅੰਗ੍ਰੇਜਾਂ ਦੇ ਪ੍ਰਭਾਵ ਨੂੰ ਘਟ ਕਰ ਦਿਤਾ। ਕਿਹਾ ਜਾ ਸਕਦਾ ਹੈ ਕਿ ਭਾਰਤ ਵਿਚ ਧਰਮ ਨਿਰਪੇਖਤਾ ਦੀ ਪ੍ਰਕ੍ਰਿਆ ਇਸ ਦੇਸ਼ ਵਿਚ ਅੰਗ੍ਰੇਜ਼ਾਂ ਦੇ ਆਗਮਨ ਤੋਂ ਆਰੰਭ ਹੋਈ। ਆਧੁਨਿਕ ਸਿਖਿਆ ਨੇ ਮਾਨਵੀ ਸਮੱਸਿਆਵਾਂ ਦੇ ਪ੍ਰਤੀ ਵੈਗਿਆਨਕ ਦ੍ਰਿਸ਼ਟੀਕੋਣ ਨੂੰ ਪ੍ਰੋਤਸਾਹਿਤ ਕੀਤਾ। ਸਿਖਿਅਤ ਵਰਗ ਨੇ ਅਨੇਕ ਪਰੰਪਰਾਗਤ ਵਿਸ਼ਵਾਸਾਂ ਅਤੇ ਕ੍ਰਿਆਵਾਂ ਦੇ ਲਈ ਵੈਗਿਆਨਕ ਵਿਆਖਿਆ ਦੀ ਖੋਜ ਕਰਨ ਦਾ ਯਤਨ ਕੀਤਾ। ਸਹਿਸਿਖਿਆ-ਪ੍ਰਣਾਲੀ ਨੇ ਸਮਾਜ ਵਿਚ ਇਸਤ੍ਰੀਆਂ ਦੀ ਭੂਮਿਕਾ ਦੇ ਬਾਰੇ ਵਿਚ ਅਨੇਕ ਵਿਸ਼ਵਾਸਾਂ ਨੂੰ ਖਤਮ ਕਰ ਦਿਤਾ। ਵਿਆਹ, ਕਿੱਤਾ ਅਤੇ ਹੋਰ ਮਾਨਵੀ ਕ੍ਰਿਆਵਾਂ ਦੇ ਪ੍ਰਤੀ ਧਰਮ ਨਿਰਪੇਖ ਦ੍ਰਿਸ਼ਟੀਕੋਣ ਅਪਣਾਇਆ ਗਿਆ।
2. **ਯਾਤਾਯਾਤ ਅਤੇ ਸੰਚਾਰ ਦੇ ਸਾਧਨਾਂ ਦਾ ਵਿਕਾਸ (Development of the means of transport and communication)**—ਯਾਤਾਯਾਤ ਅਤੇ ਸੰਚਾਰ ਦੇ ਸਾਧਨਾਂ ਵਿਚ ਪਰਿਵਰਤਣਾਂ ਨੇ ਸ਼ਰੀਰਕ ਗਤੀਸ਼ੀਲਤਾ ਨੂੰ ਵਧਾ ਦਿਤਾ ਹੈ। ਦੇਸ਼ ਦੇ ਵਿਭਿੰਨ ਹਿੱਸਿਆਂ ਵਿਚ ਰਹਿਣ ਵਾਲੇ ਵਿਅਕਤੀਆਂ ਦੇ ਅਤਮਿਸ਼ਰਣ ਨਾਲ ਜ਼ਿਆਦਾਤਰ ਭ੍ਰਾਂਤੀਆਂ ਦੂਰ ਹੋ ਗਈਆਂ ਅਤੇ ਉਦਾਰ ਵਿਚਾਰਾਂ ਦਾ ਵਿਕਾਸ ਹੋਇਆ। ਜਾਤੀ ਪ੍ਰਣਾਲੀ ਨੂੰ ਧੱਕਾ ਲਗਾ ਅਤੇ ਅਛੂਤਤਾ ਸੰਬੰਧੀ ਵਿਚਾਰਾਂ ਵਿਚ ਵੀ ਪਰਿਵਰਤਣ ਆਇਆ। ਯਾਤਾਯਾਤ ਦੇ ਸਾਧਨਾਂ ਦੀ ਵ੍ਰਿਧੀ ਨੇ ਪੇਂਡੂ ਸਮੁਦਾਏ ਦੇ ਧਰਮ ਨਿਰਪੇਖਤਾ ਵਿਚ ਕਾਫੀ ਸਹਾਇਤਾ ਕੀਤੀ ਹੈ।
3. **ਸਮਾਜਿਕ ਅਤੇ ਧਾਰਮਿਕ ਸੁਧਾਰ ਅੰਦੋਲਨ (Social and religious reform movements)**—ਭਾਰਤੀ ਨੇਤਾਵਾਂ, ਰਾਜਾ ਰਾਮਮੋਹਨ ਰਾਏ, ਸਰ ਸਈਅਦ ਅਹਿਮਦ ਖਾਂ, ਕੇਸ਼ਵਚੰਦ ਸੈਨ, ਸਵਾਮੀ ਦਇਆਨੰਦ, ਦੇਵੇਂਦਨਾਥ ਟੈਗੋਰ ਅਤੇ ਮਹਾਤਮਾ ਗਾਂਧੀ ਦੁਆਰਾ ਚਲਾਏ ਗਏ ਵਿਭਿੰਨ ਸਮਾਜਿਕ ਅਤੇ ਧਾਰਮਿਕ ਸੁਧਾਰ ਅੰਦੋਲਨਾਂ ਨੇ ਵੀ ਭਾਰਤ ਵਿਚ ਧਰਮ ਨਿਰਪੇਖਤਾ ਦੀ ਪ੍ਰਕ੍ਰਿਆ ਨੂੰ ਗਤੀ ਪ੍ਰਦਾਨ ਕੀਤੀ ਹੈ।
4. **ਨਗਰੀ (Urbanization)**—ਧਰਮ ਨਿਰਪੇਖਤਾ ਗ੍ਰਾਮੀਣ ਜੀਵਨ ਦੀ ਅਪੇਕਸ਼ਾ ਨਗਰੀ ਜਵੀਨ ਵਿਚ ਜ਼ਿਆਦਾ ਪ੍ਰਮੁੱਖ ਹੈ। ਮਕਾਨਾਂ ਦੀ ਕਮੀ, ਯਾਤਾਯਾਤ ਅਤੇ ਸੰਚਾਰ ਦੇ ਸਾਧਨਾਂ ਦੀ ਬਹੁਤਲਤਾ, ਆਰਥਿਕ ਸਮੱਸਿਆਵਾਂ, ਸ਼ੋਭਾਚਾਰ, ਸਿਖਿਆ, ਨਗਰੀ ਸਮਾਜਿਕ ਅਤੇ ਰਾਜਨੀਤਿਕ ਸੰਰਚਨਾ, ਪੱਛਮੀ ਸੰਸਕ੍ਰਿਤੀ ਦਾ ਨਗਰੀ ਜੀਵਨ ਦਾ ਪ੍ਰਭਾਵ, ਵਿਅਕਤੀ-ਇਨ੍ਹਾਂ ਸਾਰਿਆਂ ਤੱਤਾਂ ਨੇ ਨਗਰੀ ਦ੍ਰਿਸ਼ਟੀਕੋਣ ਨੂੰ ਧਰਮ ਨਿਰਪੇਖ ਬਣਾ ਦਿਤਾ।
5. **ਵਿਧਾਨ (Legislation)**—ਅੰਗ੍ਰੇਜ ਸ਼ਾਸਕਾਂ ਨੇ ਅਨੇਕ ਅਧਿਨਿਅਮ, ਵਿਧਵਾ ਪੁਨਰਵਿਆਹ ਕਾਨੂੰਨ, 1856; ਜਾਤੀ ਅਯੋਗਤਾਵਾਂ ਉਨਮੂਲਨ ਅਧਿਨਿਅਮ, 1850, ਵਿਸ਼ੇਸ਼ ਵਿਆਹ ਕਾਨੂੰਨ, 1872 ਪਾਰਿਤ ਕੀਤੇ ਜਿਨ੍ਹਾਂ ਨੇ ਭਾਰਤੀ ਲੋਕਾਂ ਦੇ ਰੂੜੀਗਤ ਵਿਚਾਰਾਂ ਉਤੇ ਪ੍ਰਹਾਰ ਕੀਤਾ। ਆਧੁਨਿਕ ਸਮੇਂ ਵਿਚ ਹਿੰਦੂ ਵਿਆਹ ਕਾਨੂੰਨ 1955; ਹਿੰਦੂ ਉੱਤਰਾਧਿਕਾਰ ਕਾਨੂੰਨ, 1956; ਹਿੰਦੂ ਵਿਧਵਾ ਪੁਨਰਵਿਆਹ ਕਾਨੂੰਨ, 1956; ਪਾਲਨ-ਪੋਸ਼ਣ ਕਾਨੂੰਨ ਅਤੇ ਦੱਤਕ ਗ੍ਰਹਿਣ ਕਾਨੂੰਨ ਨੇ ਵਿਆਹ ਅਤੇ ਪਰਿਵਾਰ ਦੀ ਹਿੰਦੂ ਸੰਸਥਾਵਾਂ ਦੇ ਧਰਮ ਨਿਰਪੇਖਤਾ ਵਿਚ ਯੋਗ ਦਿਤਾ ਹੈ।

ਨੋਟ

6. **ਭਾਰਤੀ ਸੰਵਿਧਾਨ (Indian constitution)**—ਭਾਰਤ ਦੇ ਸੰਵਿਧਾਨ ਨੇ ਧਰਮ ਨਿਰਪੇਖਤਾ ਦੀ ਪ੍ਰਕ੍ਰਿਆ ਨੂੰ ਦ੍ਰੁਤ ਬਣਾਇਆ ਹੈ। ਸੰਸ਼ੋਧਿਤ ਪ੍ਰਸਤਾਵਨਾ ਵਿਚ ਭਾਰਤ ਨੂੰ ਧਰਮ ਨਿਰਪੇਖ ਘੋਸ਼ਿਤ ਕੀਤਾ ਗਿਆ ਹੈ। ਸਾਰੇ ਨਾਗਰਿਕਾਂ ਨੂੰ ਜਾਤੀ, ਲਿੰਗ ਅਤੇ ਸੰਪ੍ਰਦਾ ਦੇ ਭੇਦਭਾਵ ਦੇ ਬਿਨਾ ਸਮਾਨ ਅਧਿਕਾਰੀ ਦਾ ਵਿਸ਼ਵਾਸ ਦਿਲਾਇਆ ਗਿਆ ਹੈ। ਸਾਰਵਜਨਿਕ ਖੂਹ ਅਤੇ ਵਿਨੋਦ-ਸਥਾਨ ਸਭ ਜਾਤੀਆਂ ਦੇ ਲਈ ਸਮਾਨ ਰੂਪ ਤੋਂ ਖੁਲੇ ਹਨ। ਨਾਗਰਿਕਾਂ ਨੂੰ ਕੋਈ ਵੀ ਕਿੱਤਾ ਕਰਨ ਦੀ ਛੂਟ ਹੈ। ਅਛੂਤਤਾ ਨੂੰ ਅਪਰਾਧ ਘੋਸ਼ਿਤ ਕੀਤਾ ਗਿਆ ਹੈ। ਧਰਮ ਦੀ ਸੁਤੰਤਰਤਾ ਨਾਲ ਸੰਬੰਧਤ ਧਾਰਾਵਾਂ 27-30 ਭਾਰਤ ਨੂੰ ਧਰਮ ਨਿਰਪੇਖ ਰਾਜ ਬਣਾਉਂਦੀ ਹੈ। ਭਾਰਤੀ ਸੰਵਿਧਾਨ ਨੇ ਭਾਰਤੀ ਜੀਵਨ ਦੀ ਧਰਮ ਨਿਰਪੇਖਤਾ ਵਿਚ ਮਹੱਤਵਪੂਰਨ ਯੋਗਦਾਨ ਦਿਤਾ ਹੈ।

7. **ਪੱਛਮੀ ਸੰਸਕ੍ਰਿਤੀ (Western culture)**—ਪੱਛਮੀ ਸੰਸਕ੍ਰਿਤੀ ਦੇ ਪ੍ਰਭਾਵ ਨੇ ਭਾਰਤੀ ਜੀਵਨ ਨੂੰ ਧਰਮ ਨਿਰਪੇਖ ਬਣਾਇਆ ਹੈ। ਪੱਛਮੀ ਸੰਸਕ੍ਰਿਤੀ ਭੌਤਿਕਵਾਦ, ਵਿਅਕਤੀਵਾਦ, ਵਿਸ਼ਿਆਸਕਤੀ, ਅਧਰਮਵਾਦ ਅਤੇ ਸਵੱਛਦਤਾ ਉਤੇ ਬਲ ਦਿੰਦੀ ਹੈ। ਇਸਨੇ ਭਾਰਤ ਵਿਚ ਲੋਕਾਂ ਦੇ ਪਰਿਵਾਰਕ ਸੰਬੰਧਾਂ ਅਤੇ ਦ੍ਰਿਸ਼ਟੀਕੋਣ ਨੂੰ ਪ੍ਰਭਾਵਤ ਕੀਤਾ ਹੈ। ਕੇਵਲ ਧਰਮ ਹੀ ਹੁਣ ਵਿਆਹ, ਸਿਖਿਆ, ਲਿੰਗ ਅਤੇ ਪਰਿਵਾਰਕ ਜੀਵਨ ਅਤੇ ਆਰਥਿਕ ਗਤੀਵਿਧੀਆਂ ਨਾਲ ਸੰਬੰਧਤ ਵਿਸ਼ਿਆਂ ਦਾ ਨਿਰਧਾਰਣ ਨਹੀਂ ਕਰਦਾ। ਪੱਛਮੀ ਸੰਸਕ੍ਰਿਤੀ ਦੇ ਪ੍ਰਭਾਵਾਧੀਨ ਭਾਰਤੀ ਸੰਸਕ੍ਰਿਤੀ ਨੇ ਨਵੇਂ ਵਿਚਾਰਾਂ ਨੂੰ ਆਤਮਸਾਤ ਕਰ ਲਿਆ ਹੈ। ਸਾਂਸਕ੍ਰਿਤਕ ਗਤੀਵਿਧੀਆਂ ਦੀ ਧਾਰਮਿਕ ਵਿਆਖਿਆ ਦਾ ਸਥਾਨ ਧਰਮ ਨਿਰਪੇਖ ਵਿਆਖਿਆ ਨੇ ਲੈ ਲਿਆ ਹੈ। ਧਰਮ ਨਿਰਪੇਖਤਾ ਦੇ ਪ੍ਰਭਾਵ ਨੂੰ ਸਾਹਿੱਤ ਅਤੇ ਕਲਾ ਦੇ ਖੇਤਰਾਂ ਵਿਚ ਵੀ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਦੇ ਵਿਸ਼ੇ ਹੁਣ ਧਰਮ ਨਿਰਪੇਖ, ਵੈਗਿਆਨਿਕ, ਤਰਕਯੁਕਤ ਅਤੇ ਪ੍ਰਜਾਤੰਤਰੀ ਵਿਚਾਰ ਦੀ ਅਭਿਵਿਅਕਤੀ ਕਰਦੇ ਹਨ। ਭਾਰਤ ਇਕ ਧਰਮ ਨਿਰਪੇਖ ਰਾਜ ਹੈ। ਸੋ ਰਾਜ ਦੁਆਰਾ ਪ੍ਰਚਾਰ ਦੇ ਸਾਰੇ ਸਾਧਨ ਧਰਮ ਨਿਰਪੇਖਤਾ ਦਾ ਪ੍ਰਚਾਰ ਕਰਦੇ ਹਨ।

## 12.4.2 ਧਰਮ ਨਿਰਪੇਖਤਾ ਦਾ ਪ੍ਰਭਾਵ

ਧਰਮ ਨਿਰਪੇਖਤਾ ਨੇ ਕਿਸੀ ਹੋਰ ਧਰਮ ਦੀ ਅਪੇਕਸ਼ਾ ਹਿੰਦੂ ਧਰਮ ਨੂੰ ਜ਼ਿਆਦਾ ਪ੍ਰਭਾਵਤ ਕੀਤਾ ਹੈ। ਇਸਦਾ ਕਾਰਣ ਇਹ ਪਤਾ ਚਲਦਾ ਹੈ ਕਿ ਹਿੰਦੂ ਧਰਮ ਵਿਚ ਕੋਈ ਅਜਿਹੀ ਸਥਾਈ ਇਕੱਲੀ ਪ੍ਰਣਾਲੀ ਨਹੀਂ ਹੈ ਜਿਸਦਾ ਅਜਿਹੇ ਸਾਰੇ ਲੋਕਾਂ ਦੁਆਰਾ ਜੋ ਆਪ ਨੂੰ ਹਿੰਦੂ ਕਹਿੰਦੇ ਹਨ ਪਾਲਨ ਕੀਤਾ ਜਾਣਾ ਜਰੂਰੀ ਹੋਵੇ। ਹਿੰਦੁਤਵ ਇਕ ਵਿਆਪਕ ਧਰਮ ਹੈ ਜਿਸ ਵਿਚ ਅਨੇਕ ਸੰਪ੍ਰਦਾ ਸ਼ਾਮਲ ਹਨ ਜੋ ਵਿਭਿੰਨ ਦੇਵਤਾਵਾਂ ਵਿਚ ਵਿਸ਼ਵਾਸ ਕਰਦੇ ਹਨ ਅਤੇ ਵਿਭਿੰਨ ਧਾਰਮਿਕ ਨੇਤਾਵਾਂ ਦਾ ਅਨੁਸਰਣ ਕਰਦੇ ਹਨ। ਇਨ੍ਹਾਂ ਸਭ ਸੰਪ੍ਰਦਾਵਾਂ ਨਾਲ ਸੰਬੰਧਤ ਲੋਕ ਹਿੰਦੂ ਹਨ, ਪਰੰਤੂ ਉਨ੍ਹਾਂ ਦਾ ਕੋਈ ਅਕੇਲਾ ਵਿਸ਼ਵ-ਹਿੰਦੂ-ਸੰਗਠਨ ਅਤੇ ਜੀਵਨ ਦਾ ਆਮ ਢੰਗ ਨਹੀਂ ਹੈ ਅਨੇਕ ਲੋਕ ਅਜਿਹੇ ਹਨ ਜੋ ਹਿੰਦੁਤਵ ਦੇ ਕਿਸੀ ਨਿਅਮ ਦਾ ਪਾਲਨ ਨਹੀਂ ਕਰਦੇ, ਤਦ ਵੀ ਹਿੰਦੂ ਕਹਾਉਂਦੇ ਹਨ। ਉਨ੍ਹਾਂ ਦਾ ਸ਼ਾਕਾਹਾਰੀ ਹੋਣਾ ਆਵਸ਼ਕ ਨਹੀਂ ਹੈ। ਉਨ੍ਹਾਂ ਦਾ ਇਕ ਪਤਨੀ ਲਈ ਹੋਣਾ ਜਰੂਰੀ ਨਹੀਂ ਹੈ। ਉਨ੍ਹਾਂ ਦੇ ਲਈ ਈਸ਼ਵਰ ਵਿਚ ਵਿਸ਼ਵਾਸ ਕਰਨਾ ਵੀ ਜਰੂਰੀ ਨਹੀਂ ਹੈ। ਉਨ੍ਹਾਂ ਦਾ ਮੰਦਿਰ ਜਾਣਾ ਵੀ ਜਰੂਰੀ ਨਹੀਂ ਹੈ। ਜਨਮ, ਵਿਆਹ ਅਤੇ ਹਿੰਦੂ ਪਰਵਾਂ ਦੇ ਅਵਸਰ ਉਤੇ ਉਨ੍ਹਾਂ ਦੇ ਲਈ ਧਾਰਮਿਕ ਕ੍ਰਿਆਵਾਂ ਦਾ ਕਰਨਾ ਵੀ ਜਰੂਰੀ ਨਹੀਂ ਹੈ। ਮੁਸਲਮਾਨ ਤੋਂ ਕੁਰਾਨ ਪੜ੍ਹਨ ਅਤੇ ਉਸ ਵਿਚ ਵਿਸ਼ਵਾਸ ਕਰਨ ਦੀ ਅਪੇਕਸ਼ਾ ਕੀਤੀ ਜਾਂਦੀ ਹੈ, ਇਸਾਈ ਤੋਂ ਬਾਈਬਲ ਤੋ ਪੜ੍ਹਣ ਦੀ ਆਗਿਆ ਕੀਤੀ ਜਾਂਦੀ ਹੈ, ਪਰੰਤੂ ਅਜਿਹਾ ਕੋਈ ਧਾਰਮਿਕ ਗ੍ਰੰਥ ਨਹੀਂ ਹੈ ਜਿਸ ਨੂੰ ਪੜ੍ਹਣ ਅਤੇ ਜਿਸ ਵਿਚ ਵਿਸ਼ਵਾਸ ਕਰਨ ਦੀ ਹਿੰਦੂ ਧਰਮ ਵਿਚ ਅਪੇਕਸ਼ਾ ਕੀਤੀ ਜਾਂਦੀ ਹੋਵੇ। ਮੁਸਲਮਾਨ ਹਰੇਕ ਸ਼ੁੱਕਰਵਾਰ ਨੂੰ ਸਮੂਹਕ ਨਮਾਜ ਦੇ ਲਈ ਮਸਜ਼ਿਦ ਵਿਚ ਜਾਂਦੇ ਹਨ; ਇਸਾਈ ਐਤਵਾਰ ਨੂੰ ਧਾਰਮਿਕ ਮੰਡਲੀ ਵਿਚ ਸ਼ਾਮਲ ਹੁੰਦੇ ਹਨ, ਪਰੰਤੂ ਹਿੰਦੂ ਧਰਮ ਵਿਚ ਅਜਿਹਾ ਕੋਈ ਨਿਅਮ ਨਹੀਂ ਹੈ ਜਿਸਦੇ ਅੰਤਰਗਤ ਹਿੰਦੂਆਂ ਦੁਆਰਾ ਕਿਸੀ ਨਿਸ਼ਚਿਤ ਦਿਵਸ ਨੂੰ ਧਾਰਮਿਕ ਸਭਾ ਵਿਚ ਭਾਗ ਲੈਣ ਦੀ ਵਿਅਵਸਥਾ ਹੋਵੇ। ਹਿੰਦੂ ਸੰਗਠਨ ਦੀ ਸ਼ਿਥਿਲਤਾ ਅਤੇ ਹਿੰਦੂ ਧਰਮ ਦੇ ਨਿਅਮਾਂ ਦੀ ਵਿਰੋਧੀ ਵਿਪਵਧਤਾ ਨੇ ਹੋਰ ਧਰਮਾਂ ਦੀ ਅਪੇਕਸ਼ਾ ਹਿੰਦੂ ਧਰਮ ਦੇ ਧਰਮ ਨਿਰਪੇਖਤਾ ਨੂੰ ਤੇਜ ਗਤੀ ਪ੍ਰਦਾਨ ਕੀਤੀ ਹੈ।

ਧਰਮ ਨਿਰਪੇਖਤਾ ਦਾ ਭਾਰਤੀ ਸਮਾਜ ਉਤੇ ਗਹਿਰਾ ਪ੍ਰਭਾਵ ਪਿਆ ਹੈ। ਆਧੁਨਿਕ ਪਰਿਵਾਰ ਦ੍ਰਿਸ਼ਟੀਕੋਣ ਦ੍ਰਿਸ਼ਟੀ ਤੋਂ ਧਰਮ ਨਿਰਪੇਖ ਪਰਿਵਾਰ ਹੈ। ਪਰੰਪਰਾਵਾਦੀ ਪਰਿਵਾਰ ਦੀ ਧਾਰਮਿਕ ਰੀਤੀਆਂ ਅਤੇ ਸਵੇਰ ਦੀ ਪ੍ਰਾਰਥਨਾ, ਯੱਗ, ਮੰਦਿਰ ਦਰਸ਼ਨ ਆਦਿ ਆਧੁਨਿਕ ਪਰਿਵਾਰ ਵਿਚ ਪਾਲਨ ਨਹੀਂ ਕੀਤੀ ਜਾਂਦੀ। ਵਿਆਹ ਅਤੇ ਵਿਆਹ-ਵਿਛੇਦ ਦੇ ਉਪਰ ਧਰਮ ਦਾ ਪ੍ਰਾਧਿਕਾਰ ਪਰਿਆਪਤ ਮਾਤਰਾ ਵਿਚ ਘੱਟ ਹੋ ਗਿਆ ਹੈ। ਅੰਤਰਜਾਤੀ ਵਿਆਹਾਂ ਦੀ ਸੰਖਿਆ ਵਾਧੇ ਦੀ ਤਰਫ ਹੈ। ਪੱਛਮੀ ਸਭਿਅਤਾ ਦੇ ਪ੍ਰਭਾਵਾਧੀਨ ਅੱਜ ਦਾ ਸਿਖਿਅਤ ਨੌਜਵਾਨ ਵਿਭਿੰਨ ਪਰੰਪਰੀ ਪਰਿਵਾਰਕ ਰੀਤੀਆਂ ਦੀ ਵੈਗਿਆਨਿਕ ਸਮੀਖਿਆ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਧਰਮ ਨਿਰਪੇਖਤਾ ਦੇ ਪ੍ਰਭਾਵਾਧੀਨ ਬਾਲਿਕਾਵਾਂ ਅਤੇ ਮਹਿਲਾਵਾਂ ਦੀ ਸਮਾਜਿਕ ਪਰਿਸਥਿਤੀ ਵਿਚ ਅੰਤਰ ਆਇਆ ਹੈ। ਪਹਿਲੇ ਲੜਕੀਆਂ ਨੂੰ ਘਰ ਤੇ ਬਾਹਰ ਪੈਰ ਰਖਣ ਦੀ ਆਗਿਆ ਨਹੀਂ ਸੀ ਅਤੇ ਸਮਾਜ ਪੂਰਣਤਾ ਪੁਰਸ਼ ਪ੍ਰਧਾਨ ਸੀ, ਪਰੰਤੂ ਹੁਣ ਲੜਕੀਆਂ ਦਫਤਰਾਂ ਵਿਚ ਕਰਮਚਾਰੀ/ਅਧਿਕਾਰੀ ਹਨ। ਜੋ ਸਮਾਜਿਕ ਦ੍ਰਿਸ਼ਟੀਕੋਣ ਤੋਂ ਇਕ ਕ੍ਰਾਂਤੀਕਾਰੀ ਪਰਿਵਰਤਣ ਹੈ। ਧਰਮ ਨਿਰਪੇਖਤਾ ਨੇ ਸਮਾਨਤਾ ਅਤੇ ਸੁਤੰਤਰਤਾ ਦੇ ਆਦਰਸ਼ਾਂ ਨੂੰ ਅਗੇ ਵਧਾਇਆ ਹੈ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਇਸਤ੍ਰੀਆਂ ਜੋ ਅਜੇ ਤਕ ਪਰਿਵਾਰਕ ਧਰਮ ਅਤੇ ਰੀਤੀਆਂ ਦੇ ਲਈ ਰੀਢ ਦੀ ਹੱਡੀ ਸਨ, ਹੁਣ ਅਜਿਹਾ ਨਹੀਂ ਰਹਿਣਗੀਆਂ।

ਜਾਤੀਗਤ ਸੰਰਚਨਾ ਉਤੇ ਆਧਾਰਤ ਸਮਾਜਿਕ ਵਰਜਨਾਵਾਂ ਆਧੁਨਿਕ ਪੀੜੀ ਦੁਆਰਾ ਅਸਵੀਕ੍ਰਿਤ ਕਰ ਦਿਤੀ ਗਈਆਂ ਹਨ। ਪ੍ਰਦੂਸ਼ਣ ਅਤੇ ਵਿਸ਼ੁੱਧਤਾ ਦੋਵਾਂ ਦੀ ਸੰਕਲਪਨਾ ਹੁਣ ਸ਼ਿਥਿਲ ਹੋ ਗਈ ਹੈ ਅਤੇ ਘੱਟ ਪ੍ਰਭਾਵੀ ਹੈ। ਹੁਣ ਸੁਤੰਤਰ ਸਮਾਜਿਕ ਸਹਿਕ੍ਰਿਆ ਹੁੰਦੀ ਹੈ। ਭਾਰਤੀ ਜਾਤੀ ਵਿਅਵਸਥਾ ਸੰਰਚਨਾ ਦੀ ਅਨਮਨੀਅਤਾ ਨਸ਼ਟ ਹੋ ਰਹੀ ਹੈ। ਕੋਈ ਵੀ ਜਾਤੀ ਹੁਣ ਕੋਈ ਕਿੱਤਾ ਕਰ ਸਕਦੀ ਹੈ। ਬ੍ਰਾਹਮਣ ਦੀ ਭੂਮਿਕਾ ਘੱਟ ਹੋ ਗਈ ਹੈ। ਭੋਜਨ ਅਤੇ ਪਾਨ ਉਤੇ ਹੁਣ ਕੋਈ ਪ੍ਰਤੀਬੰਧ ਨਹੀਂ ਰਹਿ ਗਏ ਹਨ। ਭਾਰਤੀ ਸਮਾਜ ਹੁਣ ਜ਼ਿਆਦਾ ਮੁਕਤ ਹਨ।

ਹੋਰ ਮਹੱਤਵਪੂਰਣ ਖੇਤਰ ਇੱਥੇ ਧਰਮ ਨਿਰਪੇਖਤਾ ਦਾ ਪ੍ਰਭਾਵ ਦਰਸ਼ਨੀ ਹੈ ਉਹ ਧਾਰਮਿਕ ਨੇਤਾਵਾਂ ਦੀ ਸਥਿਤੀ ਵਿਸ਼ੇਅਕ ਹੈ ਜੋ ਰਾਜਨੀਤਿਕ ਖੇਤਰ ਵਿਚ ਪ੍ਰਭਾਵਸ਼ਾਲੀ ਮਿੱਤਰ ਰਖਦੇ ਹਨ। ਧਾਰਮਿਕ ਹਸਤੀਆਂ, ਚੰਦਰਾਸਵਾਮੀ ਸਰਕਾਰ ਦੇ ਵਿਨਿਸ਼ਚੇ ਨਿਰਮਾਣ ਨੂੰ ਪ੍ਰਭਾਵਤ ਕਰਦੇ ਹਨ। ਰਾਜਨੀਤਿਕ ਨੇਤਾ ਵੀ ਰਾਜਨੀਤਿਕ ਸਮੱਸਿਆਵਾਂ ਦੇ ਹਲ ਵਿਚ ਧਾਰਮਿਕ ਗੁਰੂਆਂ ਦੀ ਬਦਲਦੀ ਭੂਮਿਕਾ ਵਿਸ਼ੇਅਕ ਅਧਿਐਨ ਧਰਮ ਨਿਰਪੇਖਤਾ ਸੰਬੰਧ ਸਾਹਿੱਤ ਵਿਚ ਮੁੱਲਵਾਨ ਯੋਗਦਾਨ ਹੋਵੇਗਾ।

ਇਹ ਵੀ ਕਹਿਣਾ ਅਸੰਗਤ ਨਹੀਂ ਹੋਵੇਗਾ ਕਿ ਜਦ ਕਿ ਧਰਮ ਨਿਰਪੇਖਤਾ ਨੂੰ ਭਾਰਤੀ ਸੰਵਿਧਾਨ ਦੁਆਰਾ ਇਕ ਅਮੁੱਲ ਆਦਰਸ਼ ਘੋਸ਼ਿਤ ਕੀਤਾ ਗਿਆ, ਇਹ ਸ਼ੋਕ ਦੀ ਗੱਲ ਹੈ ਕਿ ਧਰਮ ਨਿਰਪੇਖਤਾ ਨੂੰ ਵਰਤਮਾਨ ਨੇਤਾਵਾਂ ਦੇ ਦੁਆਰਾ ਵੋਟ ਦੀ ਰਾਜਨੀਤੀ ਦਾ ਅੰਗ ਬਣਾ ਦਿਤਾ ਗਿਆ ਹੈ ਜਿਸਦੇ ਪ੍ਰਯੋਗ ਨਾਲ ਉਹ ਵਿਰੋਧੀ ਦਲ ਨੂੰ ਸੰਪਰਦਾਇਕ ਦਸਦੇ ਹਨ ਅਤੇ ਆਪਣੇ ਨੂੰ ਧਰਮ ਨਿਰਪੇਖ। ਸਾਰੇ ਰਾਜਨੀਤਿਕ ਦਲ ਧਰਮ ਨਿਰਪੇਖਤਾ ਦੀ ਸ਼ਪਥ ਚੁਕਦੇ ਹਨ ਪਰੰਤੂ ਬਹੁਤ ਕਰੂਪ ਧਰਮਵਾਦ ਦਾ ਪ੍ਰਚਾਰ ਕਰਦੇ ਹਨ। ਰਾਜਨੀਤਿਕ ਨੇਤਾ ਕਿਸੇ ਵਿਸ਼ਿਸ਼ਟ ਧਾਰਮਿਕ ਸਮੂਹ ਦੀ ਵੋਟਾਂ ਪ੍ਰਾਪਤ ਕਰਨ ਲਈ ਉਸ ਧਰਮ ਦੇ ਸਥਾਨਕ ਨੇਤਾ ਦੇ ਪ੍ਰਭਾਵ ਦਾ ਪ੍ਰਯੋਗ ਕਰਦੇ ਹਨ। ਧਾਰਮਿਕ ਗੁਰੂ ਹੁਣ ਚੋਣ ਲੜਦੇ ਹਨ ਅਤੇ ਚੋਣ ਦੀ ਖੇਡ ਜਿੱਤਣ ਲਈ ਸਭ ਪ੍ਰਕਾਰ ਦੇ ਗਲਤ ਸਾਧਨਾਂ ਦਾ ਪ੍ਰਯੋਗ ਕਰਦੇ ਹਨ। ਕੇਸਰੀ ਰੰਗ ਦੇ ਵਸਤਰ ਧਾਰਣ ਕੀਤੇ ਸਾਧੂਆਂ ਦਾ ਸੰਸਦ ਵਿਚ ਪ੍ਰਵੇਸ਼ ਦਰਸ਼ਕਾਂ ਵਿਚ ਬੈਠੇ ਵਿਅਕਤੀਆਂ ਦੇ ਲਈ ਆਕਰਸ਼ਕ ਦ੍ਰਿਸ਼ ਹੈ। ਧਰਮ ਨਿਰਪੇਖਤਾ ਦੇ ਬਾਰੇ ਵਿਚ ਲੰਮੇ ਚੌੜੇ ਵਿਆਖਿਆਨਾਂ ਅਤੇ ਕਾਨੂੰਨੀ ਕਾਰਵਾਹੀਆਂ ਦੇ ਉਪਰੰਤ ਸੱਚ ਇਹ ਹੈ ਕਿ ਭਾਰਤੀ ਜਨਤਾ ਨੇ ਆਪਣੇ ਦ੍ਰਿਸ਼ਟੀਕੋਣ ਵਿਚ ਅਜੇ ਤਕ ਧਰਮ ਨਿਰਪੇਖਤਾ ਨੂੰ ਆਦਰਸ਼ ਮੰਨ ਕੇ ਸਥਾਨ ਨਹੀਂ ਦਿਤਾ ਹੈ। ਇਸਦਾ ਪ੍ਰਯੋਗ ਸਵਾਰਥ-ਸਿੱਧੀ ਲਈ ਸਾਧਨ ਰੂਪ ਵਿਚ ਕੀਤਾ ਜਾ ਰਿਹਾ ਹੈ।

## 12.5 ਵੈਸ਼ਵੀਕਰਣ (Globalisation)

ਵੈਸ਼ਵੀਕਰਣ ਦੀ ਪ੍ਰਕ੍ਰਿਆ ਸਾਡੇ ਇਥੇ ਹੋਰ ਅਨਿਅੰਤਰ ਵੀ ਆਰਥਿਕ ਸੁਧਾਰਾਂ ਦੇ ਨਾਲ ਜੁੜੀ ਹੋਈ ਹੈ। **ਅਮਿਤ ਭਾਦੁੜੀ** ਅਤੇ ਦੀਪਕ ਨਈਅਰ ਕਹਿੰਦੇ ਹਨ ਕਿ ਭਾਰਤ ਸਰਕਾਰ ਨੇ ਜਿਸ ਉਦਾਰੀਕਰਣ ਦੀ ਨੀਤੀ ਨੂੰ ਅਪਣਾਇਆ ਹੈ ਉਹ ਆਪਣੇ ਆਪ ਵਿਚ ਇਕ ਰੂੜੀਵਾਦੀ ਵਿਅਵਸਥਾ ਹੈ। ਇਸ ਨੀਤੀ ਦੇ ਕਾਰਣ ਵੈਸ਼ਵੀਕਰਬਣ ਹਾਲ ਵਿਚ ਨਵੇਂ ਆਯਾਮਾਂ ਨੂੰ ਪਹੁੰਚ ਰਿਹਾ ਹੈ। ਇਨ੍ਹਾਂ ਅਰਥ ਸ਼ਾਸਤਰੀਆਂ ਦੇ ਅਨੁਸਾਰ ਵੈਸ਼ਵੀਕਰਣ ਦੇ ਤਿੰਨ ਮਹੱਤਵਪੂਰਣ ਆਰਥਿਕ ਪਹਿਲੂ ਹਨ। ਪਹਿਲਾ ਤਾਂ ਪਹਿਲੂ ਇਹ ਹੈ ਕਿ ਇਸ ਨਾਲ ਯਾਨਿ ਵੈਸ਼ਵੀਕਰਣ ਤੋਂ ਅੰਤਰਰਾਸ਼ਟਰੀ ਬਾਜਾਰ ਖੁਲ ਗਿਆ ਹੈ। ਹੁਣ ਕੋਈ ਵੀ ਵਿਅਕਤੀ ਦੇਸ਼ ਦੇ ਕਿਸੇ ਵੀ ਕੋਨੇ ਤੋਂ ਦੂਜੇ ਦੇਸ਼ ਦੇ ਕਿਸੇ ਵੀ ਕੋਨੇ ਦੇ ਨਾਲ ਵਪਾਰ ਕਰ ਸਕਦਾ ਹੈ। ਵੈਸ਼ਵੀਕਰਣ ਦਾ ਦੂਜਾ ਪਹਿਲੂ ਇਹ ਹੈ ਕਿ ਹੁਣ ਅੰਤਰਰਾਸ਼ਟਰੀ ਨਿਵੇਸ਼ (International Investment) ਸਰਲਤਾ ਨਾਲ ਕੀਤਾ ਜਾ ਸਕਦਾ ਹੈ। ਕਿਸੇ ਵੀ ਦੇ ਸ਼ ਦਾ ਵਿਅਕਤੀ ਸਾਡੇ ਇੱਥੇ ਉਦਯੋਗ ਚਲਾਉਣ ਲਈ ਕਾਰਖਾਨਾ ਖੋਲ੍ਹਣ ਦੇ ਲਈ ਪੂੰਜੀ ਲਗਾ ਸਕਦਾ ਹੈ। ਇਕ ਤੀਜਾ ਪਹਿਲੂ ਹੋਰ ਹੈ ਤੇ ਉਹ ਇਹ ਕਿ ਅਰਥਵਿਅਵਸਥਾ ਵਿਚ ਅੰਤਰਰਾਸ਼ਟਰੀ ਮਾਇਕ ਸਹਾਇਤਾ ਨੂੰ ਕੰਮ ਵਿਚ ਲਿਆ ਜਾ ਸਕਦਾ ਹੈ। ਇਸ ਭਾਂਤੀ ਅਗਰ ਅਸੀਂ ਆਰਥਿਕ ਸੰਦਰਸ਼ ਵਿਚ ਦੇਖੀਏ ਤਾਂ ਵੈਸ਼ਵੀਕਰਣ ਨੇ ਭਾਰਤ ਦੇ ਅਰਥ ਬਾਜਾਰ ਵਿਚ ਤਿੰਨ ਨਵੀਂ ਪ੍ਰਕ੍ਰਿਆਵਾਂ ਆਰੰਭ ਕਰ ਦਿਤੀਆਂ ਹਨ:

1. ਖੁੱਲਾ ਅੰਤਰਰਾਸ਼ਟਰੀ ਵਪਾਰ (Open International Trade)
2. ਅੰਤਰਰਾਸ਼ਟਰੀ ਨਿਵੇਸ਼ (International Investment)
3. ਅੰਤਰਰਾਸ਼ਟਰੀ ਵਿੱਤ (International Finance)

ਅੰਤਰਰਾਸ਼ਟਰੀ ਮੁਦ੍ਰਾ ਕੋਸ਼ ਅਤੇ ਵਿਸ਼ਵ ਬੈਂਕ ਨੇ ਜਿਸ ਕੰਮ ਪੱਧਤੀ ਨੂੰ ਆਰਥਿਕ ਸੁਧਾਰਾਂ ਦੇ ਤਤਵਾਵਧਾਨ ਵਿਚ ਚਲਾਇਆ ਹੈ ਇਸ ਦੇ ਕਈ ਨਤੀਜੇ ਸਾਨੂੰ ਦੇਖਣ ਨੂੰ ਮਿਲੇ ਹਨ। ਹੁਣ ਆਏ ਦਿਨ ਨਵੀਂ ਤਕਨੀਕੀ ਇਸ ਦੇਸ਼ ਵਿਚ ਆ ਰਹੀ ਹੈ, ਸੂਚਨਾ ਦਾ ਇਕ ਪੂਰਾ ਨੈਟਵਰਕ ਦੇਸ਼ ਵਿਚ ਫੈਲ ਗਿਆ ਹੈ ਅਤੇ ਆਰਥਿਕ ਸੇਵਾਵਾਂ ਨੇ ਸੰਪੂਰਨ ਦੇਸ਼ ਨੂੰ ਆਪਣੇ ਵਿਚ ਸਮੇਟ ਲਿਆ ਹੈ। ਇੱਥੋਂ ਤਕ ਇਹ ਜਰੂਰ ਕਹਿਣਾ ਚਾਹੀਦਾ ਹੈ ਕਿ ਵੈਸ਼ਵੀਕਰਣ ਨੇ ਸਾਂਸਕ੍ਰਿਤਕ ਖੇਤਰ ਵਿਚ ਵੀ ਕਈ ਨਵੇਂ ਆਯਾਮ ਪ੍ਰਸਤੁਤ ਕੀਤੇ ਹਨ। ਪਰੰਤੂ ਅਜੇ ਅਸੀਂ ਵੈਸ਼ਵੀਕਰਣ ਦੇ ਆਰਥਿਕ ਨਤੀਜਿਆਂ ਨੂੰ ਵੀ ਦੇਖਾਂਗੇ। ਹੁਣ ਬਹੁਰਾਸ਼ਟਰੀ ਕੰਪਨੀਆਂ ਸਾਡੇ ਦੇਸ਼ ਵਿਚ ਸਥਾਪਤ ਹੋ ਗਈਆਂ ਹਨ। ਇਸਦੇ ਨਤੀਜੇ ਵਜੋ ਧੜਾਧੜ ਨਵੇਂ ਉਤਪਾਦਨ ਬਾਹਰ ਆ ਰਹੇ ਹਨ। ਦੇਸ਼ ਵਿਚ ਉਪਭੋਗਤਾਵਾਦ ਨਿਰੰਤਰ ਵਧ ਰਿਹਾ ਹੈ। ਜੋ ਵੀ ਬਹੁਰਾਸ਼ਟਰੀ ਕੰਪਨੀਆਂ ਦੇਸ਼ ਵਿਚ ਕੰਮ ਕਰ ਰਹੀਆਂ ਹਨ ਸਪਸ਼ਟ ਰੂਪ ਨਾਲ ਉਨ੍ਹਾਂ ਦਾ ਉਦੇਸ਼ ਮੁਨਾਫਾ ਕਮਾਉਣਾ ਹੈ। ਉਹ ਇਹ ਇਰਾਦਾ ਨਹੀਂ ਰਖਦੀ ਕਿ ਵਿਕਾਸਸ਼ੀਲ ਦੇਸ਼ਾਂ ਨੂੰ ਵਿਕਸਿਤ ਕੀਤਾ

ਨੋਟ

ਜਾਵੇ। ਇਸ ਅਰਥ ਵਿਚ ਦੇਸ਼ ਵਿਚ ਜੋ ਵੀ ਵਿਦੇਸ਼ੀ ਨਿਵੇਸ਼ ਹੋ ਰਿਹਾ ਹੈ ਉਸਦਾ ਉਦੇਸ਼ ਸਥਾਨਕ ਬਾਜਾਰ ਨੂੰ ਆਪਣੇ ਹੱਥ ਵਿਚ ਲੈ ਲੈਣਾ ਹੈ। ਸਰਕਾਰ ਨੇ ਦੇਸ਼ੀ ਅਤੇ ਵਿਦੇਸ਼ੀ ਨਿਵੇਸ਼ ਦੇ ਲਈ ਟੈਕਸ ਦਾ ਇਕ ਹੀ ਟੈਰਿਫ (Tariff) ਲਾਗੂ ਕੀਤਾ ਹੈ। ਇਹ ਸਮਾਨਤਾ ਵਰਲਡ ਬੈਂਕ ਅੰਤਰਰਾਸ਼ਟਰੀ ਮੁਦ੍ਰਾ ਕੋਸ਼ ਦੀ ਬੇਨਤੀ ਤੇ ਲਿਆਈ ਗਈ ਹੈ। ਸਰਕਾਰ ਨੇ ਉਦਾਰੀਕਰਣ ਦੇ ਨਾਂ ਉਤੇ ਇਸ ਨੂੰ ਲਾਗੂ ਕਰ ਦਿਤਾ ਹੈ। ਵਾਸਤਵ ਵਿਚ ਇਸਦਾ ਲਾਭ ਵਿਦੇਸ਼ੀ ਨਿਵੇਸ਼ਕ ਲੈਂਦੇ ਹਨ ਅਤੇ ਇਹ ਸਭ ਧਨ ਬਾਹਰ ਚਲਾ ਜਾਂਦਾ ਹੈ। ਗੱਲ ਇਹ ਹੈ ਕਿ ਉਦਾਰੀਕਰਣ ਅਤੇ ਨਿਜੀਕਰਣ ਦੀ ਨੀਤੀ ਦੇ ਅੰਤਰਗਤ ਅਸੀਂ ਸਥਾਨਕ ਨਿਵੇਸ਼ ਨੂੰ ਪ੍ਰੋਤਸਾਹਿਤ ਨਹੀਂ ਕੀਤਾ ਹੈ ਅਤੇ ਨਤੀਜੇ ਵਜੋਂ ਇਸਦਾ ਲਾਭ ਵਿਦੇਸ਼ੀ ਨਿਵੇਸ਼ਕਾਂ ਨੂੰ ਮਿਲਦਾ ਹੈ। ਸਾਡੀ ਨਿਜੀਕਰਣ ਦੀ ਨੀਤੀ ਵਿਚ ਇਕ ਹੋਰ ਦੋਸ਼ ਹੈ। ਅਸੀਂ ਪੂੰਜੀ ਦੇ ਨਿਵੇਸ਼ ਨੂੰ ਦੇਸ਼ੀ ਅਤੇ ਵਿਦੇਸ਼ੀ ਦੋਵਾਂ ਦੇ ਲਾਭ ਲਈ ਸਮਝਦੇ ਹਨ। ਸਾਨੂੰ ਜੋਰ ਇਹ ਦੇਣਾ ਚਾਹੀਦਾ ਹੈ ਕਿ ਨੀਤੀ ਨਿਵੇਸ਼ ਦਾ ਉਦੇਸ਼ ਵਿਕਾਸ ਹੋਣਾ ਚਾਹੀਦਾ ਹੈ, ਮੁਨਾਫਾ ਨਹੀਂ। ਇਸ ਭਾਂਤੀ ਵੈਸ਼ਵੀਕਰਣ ਦਾ ਬਹੁਤ ਸਸ਼ਕਤ ਆਧਾਰ ਆਰਥਿਕ ਹੈ ਅਤੇ ਇਸ ਲਈ ਵੈਸ਼ਵੀਕਰਣ ਉਤਪਾਦਨ ਦਾ ਵਿਦੇਸ਼ੀ ਨਿਵੇਸ਼ ਹੈ ਅਤੇ ਇਸ ਤਰ੍ਹਾਂ ਵੈਸ਼ਵੀਕਰਣ ਮਾਇਕ ਸਮਾਯੋਜਨ ਦਾ ਇਕ ਸਾਧਨ ਹੈ।

ਪਰੰਤੂ ਵੈਸ਼ਵੀਕਰਣ ਅੰਤਰਰਾਸ਼ਟਰੀ ਬਾਜਾਰ ਹੀ ਨਹੀਂ ਹੈ, ਅੰਤਰਰਾਸ਼ਟਰੀ ਵਪਾਰ ਹੀ ਨਹੀਂ ਹਨ। ਅੰਤਰਰਾਸ਼ਟਰੀ ਨਿਵੇਸ਼ ਹੀ ਨਹੀਂ ਹੈ, ਇਹ ਇਕ ਤਾਕਤਵਰ ਸਾਂਸਕ੍ਰਿਤਕ ਪ੍ਰਕ੍ਰਿਆ ਵੀ ਹੈ। ਇਸ ਪਹਿਲੂ ਦੇ ਆਲੋਚਕ ਕਹਿੰਦੇ ਹਨ ਕਿ ਵੈਸ਼ਵੀਕਰਣ ਅਤੇ ਕੁਝ ਨਾ ਹੋਕੇ ਅਮੇਰਿਕਾ ਅਤੇ ਯੁਰੋਪ ਦਾ ਸਾਂਸਕ੍ਰਿਤਕ ਸਮਰਾਜਵਾਦ (Cultural Imperialism) ਹੈ। ਹੁਣ ਅਸੀਂ ਇਸਦੇ ਸਾਂਸਕ੍ਰਿਤਕ ਅਤੇ ਸਮਾਜਿਕ ਪੱਖ ਨੂੰ ਦੇਖਾਂਗੇ।

## ਵੈਸ਼ਵੀਕਰਣ: ਸੰਸਕ੍ਰਿਤਕ ਅਤੇ ਸਮਾਜਿਕ ਪਹਿਲੂ

**ਇੰਟਰਨੈਸ਼ਨਲ ਸੋਸ਼ਿਓਲੋਜੀ** (International Sociology) ਅੰਤਰਰਾਸ਼ਟਰੀ ਸਮਾਜਸ਼ਾਸਤਰੀ ਸਮੁਦਾਏ ਦਾ ਇਕ ਮੁੱਖ ਪੱਤਰ ਹੈ। ਇਸ ਨੇ ਆਪਣੇ ਖੰਡ 15, ਜੂਨ 2001 ਦੇ ਅੰਕ ਵਿਚ ਵੈਸ਼ਵੀਕਰਣ ਦੀ ਇਕ ਬਹੁਤ ਵੱਡੀ ਵਿਆਖਿਆ ਕੀਤੀ ਹੈ। ਇਹ ਅੰਕ ਵਿਸ਼ੇਸ਼ਾਂਕ ਹੈ ਅਤੇ ਇਸਦਾ **ਥੀਮ** ਵੈਸ਼ਵੀਕਰਣ ਹੀ ਹੈ। ਇਸਦੇ ਸੰਪਾਦਕੀ ਵਿਚ **ਗੋਰਨ ਥੇਰਬੋਰਨ** (Goran Therborn) ਨੇ ਇਕ ਸਸ਼ਕਤ ਟਿੱਪਣੀ ਵੈਸ਼ਵੀਕਰਣ ਉਤੇ ਲਿਖੀ ਹੈ। ਉਹ ਕਹਿੰਦੇ ਹਨ ਕਿ ਇੱਕੀਵੀਂ ਸਦੀ ਦੀ ਬਹੁਤ ਨਜਤੀਕੀ ਧਰੋਹਰ ਜੋ ਸਮਾਜ ਵਿਗਿਆਨਾਂ ਨੂੰ ਹੈ ਉਹ ਵੈਸ਼ਵੀਕਰਣ ਦੀ ਹੈ। ਇਸਦਾ ਆਰੰਭ ਸੰਨ 1930 ਦੇ ਮੱਧ ਤੋਂ ਹੈ। ਅਗਰ ਅਸੀਂ ਸੰਨ 1980 ਵਿਚ ਅੰਗ੍ਰੇਜ਼ੀ, ਫ੍ਰੈਂਚ, ਸਪੈਨਿਸ਼ ਅਤੇ ਜਰਮਨ ਸ਼ਬਦ ਕੋਸ਼ਾਂ ਨੂੰ ਦੇਖੋ ਤਾਂ ਸਾਨੂੰ ਇਨ੍ਹਾਂ ਵਿਚ ਵੈਸ਼ਵੀਕਰਣ ਨਾਮ ਦਾ ਕੋਈ ਸ਼ਬਦ ਨਹੀਂ ਮਿਲੇਗਾ। ਇਹ ਜਰੂਰ ਹੈ ਕਿ ਅਰਬ ਭਾਸ਼ਾ ਵਿਚ ਚਾਰ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਅਰਥ ਜੇ ਕਰ ਖਿੱਚ-ਖਿੱਚ ਕੇ ਲਗਾਇਆ ਜਾਵੇ ਤਾਂ ਵੈਸ਼ਵੀਕਰਣ ਤੋਂ ਨਿਕਲਦਾ ਹੈ। ਜਾਪਾਨ ਦੇ ਕਿੱਤੇ ਵਿਚ ਇਸ ਸ਼ਬਦ ਦਾ ਪ੍ਰਯੋਗ ਸੰਨ 1980 ਦੇ ਲਾਗੇ ਹੋਇਆ ਹੈ। ਚੀਨ ਵਿਚ ਤਾਂ ਇਸਦਾ ਪ੍ਰਯੋਗ ਸੰਨ 1990 ਦੇ ਦਸ਼ਕ ਵਿਚ ਹੋਇਆ ਹੈ। ਇਹ ਸਭ ਉਲੇਖ ਦਸਦੇ ਹਨ ਕਿ ਵੈਸ਼ਵੀਕਰਣ ਇਕਦਮ ਨਵੀਂ ਪ੍ਰਕ੍ਰਿਆ ਹੈ ਜਿਸਦੇ ਵਿਕਾਸ ਦਾ ਆਰੰਭ ਸੰਨ 1990 ਤੋਂ ਹੈ। ਅੰਤਰਰਾਸ਼ਟਰੀ ਸਮਾਜ ਸ਼ਾਸਤਰ ਦੇ ਸੰਪਾਦਕ ਇਕ ਹੋਰ ਸੂਚਨਾ ਦਿੰਦੇ ਹਨ। ਉਹ ਕਹਿੰਦੇ ਹਨ ਕਿ ਸਵੀਡਨ ਦੀ ਸਰਕਾਰ ਨੇ 1990 ਵਿਚ ਇਕ ਸਮੀਤੀ ਬਦਾਈ ਸੀ ਜਿਸਦਾ ਉਦੇਸ਼ ਦੁਨੀਆ ਭਰ ਵਿਚ ਆਧੁਨਿਕਤਾ ਦੀ ਜੋ ਸੰਸਥਾਵਾਂ ਹਨ ਉਨ੍ਹਾਂ ਦੀ ਪੜਤਾਲ ਕਰਨਾ ਸੀ। ਇਸ ਸਮੀਤੀ ਵਿਚ ਕੁਝ ਸਤਰ ਆਮੰਤ੍ਰਿਤ ਕੀਤੇ ਗਏ ਸਨ ਉਨ੍ਹਾਂ ਨੂੰ ਇਸ ਵਿਸ਼ੇਸ਼ਾਂਕ ਵਿਚ ਰਖਿਆ ਗਿਆ ਹੈ। ਇਹ ਅੰਕ ਬੜੀ ਖੂਬੀ ਦੇ ਨਾਲ ਦਸਦਾ ਹੈ ਕਿ ਸਮਾਜ ਸ਼ਾਸਤਰੀ ਵੈਸ਼ਵੀਕਰਣ ਦਾ ਕੀ ਅਰਥ ਲਗਾਉਂਦੇ ਹਨ ਅਤੇ ਇਸਦਾ ਕਿਸ ਭਾਂਤੀ ਪ੍ਰਯੋਗ ਕਰਦੇ ਹਨ।

ਜੇਕਰ ਆਰਥਿਕ ਪਹਿਲੂਆਂ ਨੂੰ ਛੱਡ ਦਈਏ ਤਾਂ ਵੈਸ਼ਵੀਕਰਣ ਇਕ ਅਜਿਹੀ ਪ੍ਰਕ੍ਰਿਆ ਹੈ ਜੋ ਸਾਂਸਕ੍ਰਿਤਕ ਫੈਲਾਵ ਦੀ ਚਰਚਾ ਕਰਦਾ ਹੈ। ਇਹ ਇਕ ਤਰ੍ਹਾਂ ਦਾ ਸਾਂਕ੍ਰਿਤਕ ਪੈਰਾਡਿਮ ਜਾਂ ਏਜੰਡਾ ਹੈ। ਵੈਸ਼ਵੀਕਰਣ ਦੇ ਅੰਤਰਗਤ ਜਿੱਥੇ ਦੁਨੀਆਂ ਭਰ ਦੀ ਵਿਭਿੰਨਤਾਵਾਂ ਨੂੰ ਪਛਾਣਿਆ ਜਾਂਦਾ ਹੈ ਉਥੇ ਦੁਨੀਆਂ ਦੀ ਸਜਾਤੀਅਤਾ ਨੂੰ ਵੀ ਸਮਝਿਆ ਜਾਂਦਾ ਹੈ। ਵੈਸ਼ਵੀਕਰਣ ਦੋ ਤੱਥਾਂ ਉਤੇ ਬਰਾਬਰ ਜੋਰ ਦਿੰਦਾ ਹੈ। ਇਹ ਸਾਰੇ ਸੰਸਾਰ ਦੀ ਗੱਲ ਕਰਦਾ ਹੈ ਅਤੇ ਅਕਾਸ਼ੀਏ (Spatial) ਤੱਤਾਂ ਦੀ ਚਰਚਾ ਕਰਦਾ ਹੈ। ਜਦ ਸੰਨ 1980 ਵਿਚ ਵੈਸ਼ਵੀਕਰਣ ਆਇਆ ਤਦ ਇਸਦੇ ਸਮਰਥਕਾਂ ਨੇ ਪਰੰਪਰਾਗਤ ਸਮਾਜਸ਼ਾਸਤਰ ਦੀ ਇਹ ਕਹਿ ਕੇ ਅਲੋਚਨਾ ਕੀਤੀ ਕਿ ਸਮਾਜ ਸ਼ਾਸਤਰ ਕੇਵਲ ਰਾਸ਼ਟਰੀ ਰਾਜਾਂ (Nation-States) ਤਕ ਹੀ ਸੀਮਤ ਹੈ। ਸਮਾਜ ਸ਼ਾਸਤਰ ਇਹ ਨਹੀਂ ਦੇਖਦਾ ਕਿ ਇਹ ਦੁਨੀਆਂ ਵਾਸਤਵ ਵਿਚ ਕਈ ਸਮਾਜਾਂ ਦੀ ਇਕ ਵਿਅਵਸਥਾ ਹੈ। ਵੈਸ਼ਵੀਕਰਣ ਸਮਾਜ ਦੇ ਸਾਰੇ ਖੇਤਰਾਂ ਦਾ ਅਧਿਐਨ ਕਰਦਾ ਹੈ ਅਤੇ ਅਜਿਹਾ ਕਰਨ ਵਿਚ ਉਹ ਇਹ ਦੇਖਦਾ ਹੈ ਕਿ ਦੁਨੀਆ ਭਰ ਵਿਚ ਵਿਭਿੰਨਤਾਵਾਂ (Variations) ਕਿੰਨੀ ਹੈ ਅਤੇ ਉਨ੍ਹਾਂ ਦਾ ਜੋੜਨ ਵਾਲੀ ਕਿੰਨੀਆਂ ਇਕਾਈਆਂ ਹਨ। ਜਦ ਵੈਸ਼ਵੀਕਰਣ ਸਾਂਸਕ੍ਰਿਤਕ ਪਹਿਲੂਆਂ ਦਾ ਵਿਸ਼ਲੇਸ਼ਣ ਕਰਦਾ ਹੈ। ਤਦ ਬੇਨਤੀ ਕਰਦਾ ਹੈ ਕਿ ਸੰਸਾਰ ਦੇ ਕੁਝ ਅਜਿਹੇ ਤੱਤ ਹਨ ਜਿਨ੍ਹਾਂ ਵਿਚ ਆਦਾਨ-ਪ੍ਰਦਾਨ ਹੋਣਾ ਚਾਹੀਦਾ ਹੈ। ਇਸ ਦ੍ਰਿਸ਼ਟੀ ਤੋਂ ਵੈਸ਼ਵੀਕਰਣ ਇਕ ਸਾਂਸਕ੍ਰਿਤ ਪ੍ਰਕ੍ਰਿਆ ਹੈ। ਇਹ ਸਮਾਜਿਕ ਪਰਿਵਰਤਣ ਨੂੰ ਦਸਦੀ ਹੈ ਅਤੇ ਸੰਪੂਰਨ ਵਿਸ਼ਵ ਨੂੰ ਆਪਣੇ ਵਿਚ ਬੰਨ੍ਹ ਲੈਣਾ ਚਾਹੁੰਦੀ ਹੈ।

ਭਾਰਤ ਵਰਗੇ ਦੇਸ਼ ਵਿਚ ਜਿੱਥੇ ਵੈਸ਼ਵੀਕਰਣ ਸਾਨੂੰ ਦੇਖਣ ਨੂੰ ਮਿਲਦੀ ਹੈ, ਰਾਸ਼ਟਰੀ ਅਤੇ ਸਥਾਨਕ ਸੰਸਕ੍ਰਿਤਕ ਉਤੇ ਇਸਦਾ ਬਹੁਤ ਵੱਡਾ ਪ੍ਰਭਾਵ ਪਿਆ ਹੈ। ਇਸ ਪ੍ਰਭਾਵ ਦੇ ਕਾਰਣ ਅਜਿਹਾ ਲਗਦਾ ਹੈ ਕਿ ਕਿਤੇ ਵਿਦੇਸ਼ੀ ਸੰਸਕ੍ਰਿਤੀ ਦਾ ਪ੍ਰਭਾਵ ਸਾਡੀ

ਨੋਟ

ਸਥਾਨਕ ਸੰਸਕ੍ਰਿਤਕ ਦੀ ਪਛਾਣ ਨੂੰ ਨਾ ਖਤਮ ਕਰ ਦੇਵੇ। ਯੋਗੇਂਦਰ ਸਿੰਘ ਨੇ ਕੁਝ ਤੱਤਾਂ ਨੂੰ ਅਪਣਾ ਕੇ ਵੀ ਭਾਰਤੀ ਸਥਾਕ ਸੰਸਕ੍ਰਿਤੀ ਆਪਣੀ ਮੌਲਿਕ ਪਛਾਣ ਨੂੰ ਜਰੂਰ ਬਣਾ ਕੇ ਰਖੇਗੀ।

**ਸਵ-ਮੁੱਲਾਂਕਣ (Self Assessment)**

**2. ਸਹੀ ਵਿਕਲਪ ਚੁਣੋ (Choose the correct option)—**

(i) ਕਿਸ ਦੇ ਅਨੁਸਾਰ ਆਧੁਨਿਕੀਕਰਣ ਸਮਕਾਲੀਨ ਦ੍ਰਿਸ਼ ਦੀ ਸਭ ਤੋਂ ਪ੍ਰਭਾਵੀ ਵਿਸ਼ੇਸ਼ਤਾ ਹੈ, ਕਿਉਂਕਿ ਜ਼ਿਆਦਾਤਰ ਰਾਸ਼ਟਰ ਅੱਜਕਲ੍ਹ ਇਸਦੇ ਪਕੜ ਵਿਚ ਹਨ—

(*a*) ਇਜੇਂਟਾਡ (*b*) ਸ੍ਰੀਨਿਵਾਸ

(*c*) ਜ਼ੇਟਰਬਰਗ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(ii) ਪੱਛਮੀ ਯੂਰੋਪ ਵਿਚ ਸਮਾਜਾਂ ਦਾ ਵਿਕਾਸ ਹੋਇਆ—

(*a*) ਨਿਰੰਕੁਸ਼ ਰਾਜਾਂ ਤੋ (*b*) ਸਾਮੰਤੀ ਰਾਜਾਂ ਤੋਂ

(*c*) ਉਪਨਿਵੇਸ਼ਵਾਦ ਤੋਂ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(iii) ਮਾਈਰ ਵੀਨਰ ਦੇ ਅਨੁਸਾਰ ਆਧੁਨਿਕੀਕਰਣ ਨੂੰ ਸੰਭਵ ਬਣਾਉਣਾ ਵਾਲੇ ਪ੍ਰਮੁੱਖ ਸਾਧਨ ਹਨ—

(*a*) ਸਿਖਿਆ (*b*) ਸੰਚਾਰ

(*c*) ਕਰਿਸ਼ਮਾਈ ਅਗਵਾਈ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(iv) ਅਲਾਟਾਸ ਦੇ ਅਨੁਸਾਰ ਭਾਰਤ ਉਤੇ ਪੱਛਮੀ ਪ੍ਰਭਾਵ ਦਾ ਵਿਵੇਚਨ ਕੀਤਾ ਜਾ ਸਕਦਾ ਹੈ—

(*a*) ਦੋ ਚਰਣਾਂ ਵਿਚ (*b*) ਚਾਰ ਚਰਣਾਂ ਵਿਚ

(*c*) ਪੰਜ ਚਰਣਾਂ ਵਿਚ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(v) ਧਰਮ ਨਿਰਪੇਖਤਾ ਦੀ ਵਿਸ਼ੇਸ਼ਤਾਵਾਂ ਹਨ—

(*a*) ਧਰਮ ਵਾਦ ਹ੍ਰਾਸ (*b*) ਵਿਭੇਦੀਕਰਣ

(*c*) ਵਿਵੇਕਸ਼ੀਲਤਾ (*d*) ਉਪਯੁਕਤ ਸਭ।

(vi) ਭਾਰਤ ਵਿਚ ਧਰਮ ਨਿਰਪੇਖਤਾ ਦੀ ਪ੍ਰਕ੍ਰਿਆ ਕਿਸਦੇ ਆਗਮਨ ਤੋਂ ਆਰੰਭ ਹੋਈ—

(*a*) ਅੰਗ੍ਰੇਜ਼ਾਂ ਦੇ (*b*) ਮੁਸਲਿਮਾਂ ਦੇ

(*c*) ਪਾਦਰੀਆਂ ਦੇ (*d*) ਉਪਯੁਕਤ ਸਭ।

(vii) ਕਿਸ ਨੂੰ ਭਾਰਤੀ ਸੰਵਿਧਾਨ ਦੁਆਰਾ ਇਕ ਅਮੁੱਲ ਆਦਰਸ਼ ਘੋਸ਼ਿਤ ਕੀਤਾ ਗਿਆ ਹੈ—

(*a*) ਆਧੁਨਿਕੀਕਰਣ ਨੂੰ (*b*) ਸੰਸਕ੍ਰਿਤੀਕਰਣ ਨੂੰ

(*c*) ਧਰਮ ਨਿਰਪੇਖਤਾ ਨੂੰ (*d*) ਉਪਯੁਕਤ ਸਭ।

(viii) ਕਿਸ ਕਾਰਣ ਨਾਲ ਅੰਤਰਰਾਸ਼ਟਰੀ ਬਾਜਾਰ ਖੁਲ ਗਿਆ ਹੈ—

(*a*) ਵੈਸ਼ਵੀਕਰਣ (*b*) ਅੰਤਰਰਾਸ਼ਟਰੀ ਨਿਵੇਸ਼

(*c*) ਅੰਤਰਰਾਸ਼ਟਰੀ ਵਿੱਤ (*d*) ਉਪਯੁਕਤ ਸਭ।

(ix) ਵੈਸ਼ਵੀਕਰਣ ਨੇ ਭਾਰਤ ਦੇ ਅਰਥ ਬਾਜਾਰ ਵਿਚ ਕਿੰਨੇ ਪ੍ਰਕਾਰ ਦੀ ਪ੍ਰਕ੍ਰਿਆਵਾਂ ਆਰੰਭ ਕੀਤੀਆਂ ਹਨ—

(*a*) ਦੋ (*b*) ਤਿੰਨ

(*c*) ਚਾਰ (*d*) ਸੱਤ

## 12.6 ਸਾਰ ਅੰਸ਼ (Summary)

- ਮੋਟੇ ਤੌਰ ਉਤੇ ਸਮਾਜ ਵਿਚ ਦੋ ਪ੍ਰਕਾਰ ਦੀ ਪ੍ਰਕ੍ਰਿਆਵਾਂ ਹੁੰਦੀਆਂ ਹਨ: (1) ਉਹ ਪ੍ਰਕ੍ਰਿਆਵਾਂ ਜੋ ਸਮਾਜਿਕ ਵਿਅਵਸਥਾ ਨੂੰ ਕਾਇਮ ਰਖਦੀਆਂ ਹਨ ਅਤੇ (2) ਉਹ ਪ੍ਰਕ੍ਰਿਆਵਾਂ ਨੂੰ ਵਿਅਵਸਥਾ ਦੇ ਅੰਦਰ ਅਤੇ ਵਿਅਵਸਥਾ ਵਿਚ ਪਰਿਵਰਤਨ ਲਿਆਉਂਦੀਆਂ ਹਨ। ਪਹਿਲੀ ਪ੍ਰਕ੍ਰਿਆਵਾਂ ਨੂੰ ਅਨੁਰੂਪਤਾ, ਯਥਾਪੂਰਵ ਸਥਿਤੀ ਅਤੇ ਨਿਰੰਤਰਤਾ ਆਦਿ ਦੇ ਨਾਮ ਤੋਂ ਸਮਝਦੇ ਹਾਂ। ਦੂਜੀਆਂ ਪ੍ਰਕ੍ਰਿਆਵਾਂ ਨੂੰ ਸਾਂਸਕ੍ਰਿਤਕ ਅਤੇ ਸੰਰਚਨਾਤਮਕ ਪਰਿਵਰਤਣ ਦੀ ਪ੍ਰਕ੍ਰਿਆਵਾਂ ਕਿਹਾ ਜਾਂਦਾ ਹੈ।

ਨੋਟ

- 'ਸੰਸਕ੍ਰਿਤੀਕਰਨ' ਅਤੇ 'ਪੱਛਮੀਕਰਣ' ਦੀ ਅਵਧਾਰਣਾਵਾਂ 1952 ਵਿਚ ਐਮ.ਐਨ. ਸ੍ਰੀ ਨਿਵਾਸ ਦੁਆਰਾ ਦੱਖਣ ਭਾਰਤ ਵਿਚ ਕੁਰਗ ਲੋਕਾਂ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਦੇ ਵਿਸ਼ਲੇਸ਼ਣ ਵਿਚ ਵਿਕਸਿਤ ਹੋ ਗਈ ਸੀ। 20ਵੀਂ ਸ਼ਤਾਬਦੀ ਦੇ ਮੱਧ ਤਕ ਜਾਤੀ ਦਾ ਅਧਿਐਨ ਜਾਂ ਤਾਂ 'ਵਰਣ' ਦੇ ਆਧਾਰ ਉਤੇ ਹੁੰਦਾ ਸੀ ਜਾਂ ਫਿਰ ਵੰਸ਼ਾਨੁਕ੍ਰਮ ਅਤੇ ਅਸ਼ੁੱਧਤਾ ਅਤੇ ਸ਼ੁੱਧਤਾ ਦੀ ਧਾਰਨਾਵਾ ਦੇ ਆਧਾਰ ਉਤੇ ਪਰਿਸਥਿਤੀ ਦੇ ਅਰਥਾਂ ਵਿਚ ਹੁੰਦਾ ਸੀ।
- ਸ੍ਰੀਨਿਵਾਸ ਨੇ 'ਸੰਸਕ੍ਰਿਤੀਕਰਣ' ਸ਼ਬਦ ਨੂੰ 'ਬ੍ਰਾਹਮਣੀਕਰਣ' ਤੋਂ ਜ਼ਿਆਦਾ ਪ੍ਰਾਥਮਿਕਤਾ ਦਿਤੀ ਹੈ। ਉਨ੍ਹਾਂ ਨੇ ਇਸਦੇ ਕੁਝ ਕਾਰਣ ਦਿਤੇ ਹਨ: (1) ਸੰਸਕ੍ਰਿਤੀਕਰਣ ਸ਼ਬਦ ਵਿਸਤ੍ਰਿਤ ਹਨ, ਜਦਕਿ ਬ੍ਰਾਹਮਣੀਕਰਣ ਸ਼ਬਦ ਸੰਕੀਰਣ ਤੇ ਸੀਮਤ ਹਨ। ਵਾਸਤਵ ਵਿਚ ਬ੍ਰਾਹਮਣੀਕਰਣ ਸੰਸਕ੍ਰਿਤੀਕਰਣ ਦੀ ਵਿਆਪਕ ਪ੍ਰਕ੍ਰਿਆ ਵਿਚ ਸ਼ਾਮਲ ਹਨ।
- ਸੰਸਕ੍ਰਿਤੀਕਰਨ ਨੂੰ ਸੰਭਵ ਬਣਾਉਣ ਵਾਲੇ ਕਾਰਕ ਹਨ; ਉਦਿਯੋਗੀਕਰਣ, ਵਿਅਵਸਾਇਕ ਗਤੀਸ਼ੀਲਤਾ, ਵਿਕਸਿਤ ਸੰਚਾਰ ਵਿਅਵਸਥਾ, ਸਾਖਰਤਾ ਦਾ ਪ੍ਰਸਾਰ ਅਤੇ ਪੱਛਮੀ ਪ੍ਰੋਦਿਯੋਗਿਕੀ। ਇਸ ਵਿਚ ਹੈਰਾਨੀ ਨਹੀ ਕਿ ਸੰਸਕ੍ਰਿਤ ਧਾਰਮਿਕ ਵਿਚਾਰਾਂ ਦਾ ਬ੍ਰਿਟਿਸ਼ ਕਾਲ ਵਿਚ ਹੋਇਆ। ਸੰਚਾਰ ਸਾਧਨਾਂ ਦੇ ਵਿਕਾਸ ਦੇ ਨਾਲ ਸੰਸਕਿਤੀਕਰਣ ਉਨ੍ਹਾਂ ਖੇ ਤਰਾਂ ਵਿਚ ਚਲਾ ਗਿਆ ਜੋ ਪਹਿਲਾਂ ਅਗੰਮ (inaccessible) ਸਨ ਅਤੇ ਸਾਖਰਤਾ ਦੇ ਵਿਸਤਾਰ ਨੇ ਇਸ ਪ੍ਰਕ੍ਰਿਆ ਨੂੰ ਜਾਤੀ ਸੰਸਤਰਣ ਵਿਚ ਨੀਵੀਂ ਜਾਤੀਆਂ ਤਕ ਨੂੰ ਆਭਾਸ ਕਰਾ ਦਿਤਾ। ਸ੍ਰੀਨਿਵਾਸ ਨੇ ਇਕ ਵਿਸ਼ਿਸ਼ਟ ਕਾਰਕ ਦਾ ਉਲੇਖ ਕੀਤਾ ਹੈ। ਜਿਸ ਨੇ ਨੀਵੀਂ ਜਾਤੀਆਂ ਵਿਚ ਸੰਸਕ੍ਰਿਤੀਕਰਣ ਨੂੰ ਫੈਲਾਉਣ ਵਿਚ ਸਹਾਇਤਾ ਕੀਤੀ ਹੈ। ਇਹ (ਕਾਰਕ) ਹੈ ਕਰਮਕਾਂਡੀ (ritual) ਕ੍ਰਿਆਵਾਂ ਤੋਂ ਮੰਤਰ ਉਚਾਰਨ ਦੀ ਅਲੱਗਤਾ ਜਿਸਦੇ ਕਾਰਣ ਬ੍ਰਾਹਮਣਾਂ ਦੇ ਸੰਸਕਾਰ ਸਾਰੇ ਹਿੰਦੂਆਂ ਜਾਤੀਆਂ ਅਤੇ ਅਛੂਤਾਂ ਨੂੰ ਵੀ ਪ੍ਰਾਪਤ ਹੋਏ ਗਏ।
- 'ਪੱਛਮੀਕਰਣ' ਸ਼ਬਦ ਨੂੰ 'ਆਧੁਨਿਕੀਕਰਣ' ਸ਼ਬਦ ਦੀ ਅਪੇਕਸ਼ਾ ਅੱਛਾ ਮੰਨਿਆ ਜਾਂਦਾ ਹੈ। ਜਦ ਕਿ ਡੇਨਿਅਲ ਲਰਨਰ, ਹੈਰੋਲਡ ਗਲਡ, ਮਿਲਟਨ ਸਿੰਗਰ ਅਤੇ ਯੋਗੇਂਦਰ ਸਿੰਘ ਨੇ 'ਆਧੁਨਿਕੀਕਰਣ' ਸ਼ਬਦ ਨੂੰ ਉਚਿਤ ਮੰਨਿਆ ਹੈ ਉਹ 'ਆਧੁਨਿਕੀਕਰਣ' ਨੂੰ ਵਿਅਕਤੀਪਰਕ ਅਤੇ ਪੱਛਮੀਕਾਰਣ ਨੂੰ ਵਸਤੂਪਰਕ ਮੰਨਤਾ ਹੈ (ਸੇਮੀਨਾਰ, 88, 1986:2)। ਆਧੁਨਿਕੀਕਰਣ ਵਿਚ ਤਥਾਕਥਿਤ 'ਲਖਸ਼ਿਆਂ ਦੀ ਤਰਕ ਸੰਗਤਤਾ' (rationality of Goals) ਨੂੰ ਨਿਸ਼ਚਿਤ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਮਾਨਵ ਲਖਸ਼ ਕੀਮਤ ਵਰੀਅਤਾਵਾਂ (preferences) ਉਤੇ ਆਧਾਰਤ ਹਨ।
- ਆਧੁਨਿਕੀਕਰਣ ਦੇ ਕਈ ਆਯਾਮ (dimensions) ਹਨ। ਇਸ ਨੂੰ ਸਮਾਜ, ਸਮੂਹ ਜਾਂ ਵਿਅਕਤੀ ਦੇ ਪੱਧਰ ਉਤੇ ਸਮਝਿਆ ਜਾ ਸਕਦਾ ਹੈ। ਇਸਨੂੰ ਆਰਥਿਕ ਆਧੁਨਿਕੀਕਰਣ, ਰਾਜਨੈਤਿਕ ਆਧੁਨਿਕੀਕਰਣ, ਸਮਾਜਿਕ ਆਧੁਨਿਕੀਕਰਣ, ਤਕਨੀਕੀ ਆਧੁਨਿਕੀਕਰਣ, ਸੈਨਿਕ ਆਧੁਨਿਕੀਕਰਣ, ਪੁਲਿਸ ਆਧੁਨਿਕੀਕਰਣ, ਸਿਖਿਆ ਦਾ ਆਧੁਨਿਕੀਕਰਣ, ਪ੍ਰਸ਼ਾਸਨਿਕ ਆਧੁਨਿਕੀਕਰਣ ਆਦਿ ਦੇ ਰੂਪ ਵਿਚ ਵੀ ਸਮਝਿਆ ਜਾ ਸਕਦਾ ਹੈ। ਇਸ ਪ੍ਰਕਾਰ ਇਸ ਅਵਧਾਰਣਾ ਦਾ ਪ੍ਰਯੋਗ ਵਿਸਤ੍ਰਿਤ ਰੂਪ ਵਿਚ ਕੀਤਾ ਗਿਆ ਹੈ।
- ਆਧੁਨਿਕੀਕਰਣ ਬਹੁਤ ਜਟਿਲ ਹੈ ਕਿਉਂਕਿ ਇਸ ਵਿਚ ਅਪੇਕਸ਼ਾਕ੍ਰਿਤ ਨਵੇਂ ਸਥਾਈ ਢਾਂਚੇ ਦੀ ਜਰੂਰਤ ਹੁੰਦੀ ਹੈ, ਬਲਕਿ ਅਜਿਹੇ ਢਾਂਚੇ ਦੀ ਵੀ ਜੋ ਆਪ ਨੂੰ ਨਿਰੰਤਰ ਬਦਲਦੀ ਦਸ਼ਾਵਾਂ ਅਤੇ ਸਮੱਸਿਆਵਾਂ ਦੇ ਅਨੁਕੂਲ ਬਣਾ ਲਵੇ। ਇਸਦੀ ਸਫਲਤਾ ਸਮਾਜ ਦੀ ਆਂਤਰਿਕ ਪਰਿਵਰਤਣ ਦੀ ਸਮਰਥਤਾ ਉਤੇ ਨਿਰਭਰ ਕਰਦੀ ਹੈ।
- ਅਲਾਟਾਸ ਦੇ ਅਨੁਸਾਰ ਭਾਰਤ ਉਤੇ ਪੱਛਮੀ ਪ੍ਰਭਾਵ ਦਾ ਪੰਜ ਚਰਣਾਂ ਵਿਚ ਵਿਵੇਚਨ ਕੀਤਾ ਜਾ ਸਕਦਾ ਹੈ। ਪਹਿਲਾ ਚਰਣ ਸਿਕੰਦਰ ਦੀ ਜਿੱਤ ਦੇ ਨਾਲ ਪ੍ਰਤੀਰੋਧੀ ਸੰਪਰਕ ਹੈ ਜੋ ਕਿ ਬਾਅਦ ਦੀ ਸ਼ਤਾਬਦੀਆਂ ਤੋਂ ਵਾਣਿਜਕ ਤੇ ਵਪਾਰ ਨਾਲ ਸ਼ਕਤੀਪੂਰਣ ਆਦਾਨ-ਪ੍ਰਦਾਨ ਦੇ ਰੂਪ ਵਿਚ ਸਦੀਆਂ ਤਕ ਚਲਦਾ ਰਿਹਾ। ਦੂਜਾ ਚਰਣ ਪੰਦਰ੍ਹਵੀ ਸ਼ਤਾਬਦੀ ਦੇ ਅੰਤ ਤੋਂ ਆਰੰਭ ਹੋਇਆ ਜਦ ਵਾਸਕੋਡਿਗਾਮਾ ਕਾਲੀਕਟ ਵਿਚ ਆਉਣ ਵਾਲੇ ਜਹਾਜਾਂ ਦੇ ਨਾਲ 1498 ਈ. ਪੂਰਵ ਵਿਚ ਆਇਆ। ਕੁਝ ਹੀ ਸਾਲਾਂ ਵਿਚ ਪੁਰਤਗਾਲੀਆਂ ਨੇ ਗੋਆ ਉਤੇ ਅਧਿਕਾਰ ਕਰ ਲਿਤਾ। ਪਰੰਤੂ ਇਨ੍ਹਾਂ ਪੱਛਮੀ ਲੋਕਾਂ ਦਾ ਪ੍ਰਭਾਵ ਅਪੇਕਸ਼ਾਕ੍ਰਿਤ ਘੱਟ ਰਿਹਾ। ਤੀਜਾ ਚਰਣ ਆਰੰਭ ਹੋਇਆ ਜਦ ਈਸਟ ਇੰਡੀਆ ਕੰਪਨੀ ਨੇ ਅਠਾਰ੍ਹਵੀ ਸ਼ਤਾਬਦੀ ਦੇ ਆਰੰਭ ਵਿਚ ਆਪਣਾ ਸ਼ਾਸਨ ਆਰੰਭ ਕੀਤਾ ਅਤੇ ਬਾਅਦ ਵਿਚ ਅਠਾਰ੍ਹਵੀਂ ਸ਼ਤਾਬਦੀ ਦੇ ਮੱਧ ਤਕ ਬ੍ਰਿਟਿਸ਼ ਸਮਰਾਜ ਭਾਰਤ ਵਿਚ ਸਥਾਪਿ ਹੋ ਗਿਆ ਭਾਰਤ ਵਿਚ ਪੱਛਮੀ ਸੰਸਕ੍ਰਿਤੀ ਦੇ ਵਿਸਾਦਾਰ ਦਾ ਇਹ ਪਹਿਲਾ ਕਦਮ ਸੀ। ਚੌਕਾ ਚਰਦ ਆਰੰਭ ਹੋਇਆ ਉਨੀਂਵੀਂ ਸ਼ਤਾਬਦੀ ਦੇ ਆਰੰਭ ਅਤੇ ਉਦਿਯੋਗੀਕਰਣ ਕ੍ਰਾਂਤੀ ਦੇ ਆਗਮਨ ਤੋਂ। ਅੰਗ੍ਰੇਜਾਂ ਦੁਆਰਾ ਕੱਚੇ ਮਾਲ ਦੇ ਰੂਪ ਵਿਚ ਆਰਥਿਕ ਸ਼ੋਸ਼ਣ ਤੋਂ ਆਰੰਭ ਹੋਇਆ ਅਤੇ ਉਦੋਂ ਤੋਂ ਹੀ ਸਾਂਸਕ੍ਰਿਤਕ ਅਤੇ ਸਮਾਜਿਕ ਖੇਤਰਾਂ ਵਿਚ ਵੀ ਪੱਛਮੀ ਸੰਸਕ੍ਰਿਤੀ ਦਾ ਵਰਚਸਵ ਆਰੰਭ ਹੋਇਆ। ਪੰਜਵਾਂ ਅਤੇ ਅੰਤਿਮ ਚਰਣ ਆਰੰਭ ਹੋਇਆ 1947 ਵਿਚ ਭਾਰਤ ਦੀ ਰਾਜਨੈਤਿਕ ਸੁਤੰਤਰਤਾ ਦੇ ਨਾਲ।
- ਵੈਸ਼ਵੀਕਰਣ ਦੀ ਪ੍ਰਕ੍ਰਿਆ ਸਾਡੇ ਇਥੇ ਹੋਰ ਅਨਿਅੰਤਰ ਵੀ ਆਰਥਿਕ ਸੁਧਾਰਾਂ ਦੇ ਨਾਲ ਜੁੜੀ ਹੋਈ ਹੈ। **ਅਮਿਤ ਭਾਦੁੜੀ** ਅਤੇ ਦੀਪਕ ਨਈਅਰ ਕਹਿੰਦੇ ਹਨ ਕਿ ਭਾਰਤ ਸਰਕਾਰ ਨੇ ਜਿਸ ਉਦਾਰੀਕਰਣ ਦੀ ਨੀਤੀ ਨੂੰ ਅਪਣਾਇਆ ਹੈ ਉਹ ਆਪਣੇ

ਆਪ ਵਿਚ ਇਕ ਰੂੜੀਵਾਦੀ ਵਿਅਵਸਥਾ ਹੈ। ਇਸ ਨੀਤੀ ਦੇ ਕਾਰਣ ਵੈਸ਼ਵੀਕਰਬਣ ਹਾਲ ਵਿਚ ਨਵੇਂ ਆਯਾਮਾਂ ਨੂੰ ਪਹੁੰਚ ਰਿਹਾ ਹੈ। ਇਨ੍ਹਾਂ ਅਰਥ ਸ਼ਾਸਤਰੀਆਂ ਦੇ ਅਨੁਸਾਰ ਵੈਸ਼ਵੀਕਰਣ ਦੇ ਤਿੰਨ ਮਹੱਤਵਪੂਰਣ ਆਰਥਿਕ ਪਹਿਲੂ ਹਨ।

- ਭਾਰਤ ਵਰਗੇ ਦੇਸ਼ ਵਿਚ ਜਿੱਥੇ ਵੈਸ਼ਵੀਕਰਣ ਸਾਨੂੰ ਦੇਖਣ ਨੂੰ ਮਿਲਦੀ ਹੈ, ਰਾਸ਼ਟਰੀ ਅਤੇ ਸਥਾਨਕ ਸੰਸਕ੍ਰਿਤਕ ਉਤੇ ਇਸਦਾ ਬਹੁਤ ਵੱਡਾ ਪ੍ਰਭਾਵ ਪਿਆ ਹੈ। ਇਸ ਪ੍ਰਭਾਵ ਦੇ ਕਾਰਣ ਅਜਿਹਾ ਲਗਦਾ ਹੈ ਕਿ ਕਿਤੇ ਵਿਦੇਸ਼ੀ ਸੰਸਕ੍ਰਿਤੀ ਦਾ ਪ੍ਰਭਾਵ ਸਾਡੀ ਸਥਾਨਕ ਸੰਸਕ੍ਰਿਤਕ ਦੀ ਪਛਾਣ ਨੂੰ ਨਾ ਖਤਮ ਕਰ ਦੇਵੇ। ਯੋਗੇਂਦਰ ਸਿੰਘ ਨੇ ਕੁਝ ਤੱਤਾਂ ਨੂੰ ਅਪਣਾ ਕੇ ਵੀ ਭਾਰਤੀ ਸਥਾਕ ਸੰਸਕ੍ਰਿਤੀ ਆਪਣੀ ਮੌਲਿਕ ਪਛਾਣ ਨੂੰ ਜਰੂਰ ਬਣਾ ਕੇ ਰਖੇਗੀ।

## 12.7 ਸ਼ਬਦਕੋਸ਼ (Keywords)

- **ਪ੍ਰੀਰਕਸ਼ਾ –** ਹਰ ਤਰਾਂ ਤੋਂ ਰਖਿਆ ਕਰਨਾ
- **ਭਾਵੋਨਮਾਦ –** ਭਾਵਨਾਵਾਂ ਨੂੰ ਭੜਕਾਣਾ
- **ਵਰਜਨਾਂ –** ਰੋਕਣਾ, ਰੁਕਾਵਟ

## 12.8 ਅਭਿਆਸ ਪ੍ਰਸ਼ਨ (Review Questions)

1. ਸਮਾਜਿਕ ਸੰਰਚਨਾ ਵਿੱਚ ਪਰਿਵਰਤਨ ਦੀ ਪ੍ਰਕ੍ਰਿਆ ਉੱਤੇ ਪ੍ਰਕਾਸ਼ ਪਾਓ।
2. ਸੰਸਕ੍ਰਿਤੀਕਰਣ ਦੀ ਅਵਧਾਰਣਾ ਨੂੰ ਸਪਸ਼ਟ ਕਰਦੇ ਹੋਏ ਇਸ ਦੀਆਂ ਵਿਸ਼ੇਸ਼ਤਾਵਾਂ ਦੱਸੋ।
3. ਪੱਛਮੀਕਰਣ ਦੀ ਅਵਧਾਰਣਾ ਦੀ ਸਮੀਖਿਆ ਕਰੋ।
4. ਸਮਾਜਿਕ ਪਰਿਵਰਤਨ ਨੂੰ ਸਮਝਣ ਵਿੱਚ ਸੰਸਕ੍ਰਿਤੀਕਰਣ ਅਤੇ ਪੱਛਮੀਕਰਣ ਦੀ ਕੀ ਉਪਯੋਗਿਤਾ ਹੈ?
5. ਆਧੁਨਿਕੀਕਰਣ ਦੀ ਵਿਆਖਿਆ ਕਰਦੇ ਹੋਏ ਇਸ ਦੀਆਂ ਵਿਸ਼ੇਸ਼ਤਾਵਾਂ ਦੱਸੋ।
6. ਭਾਰਤ ਵਿੱਚ ਆਧੁਨਿਕੀਕਰਣ ਦੀ ਪ੍ਰਕ੍ਰਿਆ ਨੂੰ ਸਮਝਾਓ ਅਤੇ ਇਸ ਦੀਆਂ ਸਮੱਸਿਆਵਾਂ ਦਾ ਵਿਵੇਚਨ ਕਰੋ।
7. ਭਾਰਤ ਵਿੱਚ ਧਰਮ-ਨਿਰਪੱਖਤਾ ਦਾ ਕਾਰਣ ਦੱਸੋ। ਧਰਮ-ਨਿਰਪੱਖਤਾ ਨੇ ਕਿਸ ਧਰਮ ਨੂੰ ਅਧਿਕ ਪ੍ਰਭਾਵਿਤ ਕੀਤਾ ਹੈ?
8. ਵੈਸ਼ਵੀਕਰਣ ਦੀ ਪ੍ਰਕ੍ਰਿਆ ਉੱਤੇ ਪ੍ਰਕਾਸ਼ ਪਾਓ ਅਤੇ ਇਸ ਦੇ ਸਮਾਜਿਕ ਅਤੇ ਸੰਸਕ੍ਰਿਤਿਕ ਪਹਿਲੂ ਦੀ ਸਮੀਖਿਆ ਕਰੋ।
9. ਨਿਮਨਲਿਖਿਤ ਉੱਤੇ ਟਿੱਪਣੀ ਲਿਖੋ–
   (*i*) ਭਾਰਤ ਵਿੱਚ ਪੱਛਮ ਦਾ ਅਤੇ ਆਧੁਨਿਕੀਕਰਣ ਦਾ ਪ੍ਰਭਾਵ
   (*ii*) ਸੰਸਕ੍ਰਿਤੀਕਰਣ ਅਤੇ ਬ੍ਰਾਹਮੀਕਰਣ
   (*iii*) ਭਾਰਤੀ ਸੰਵਿਧਾਨ
   (*iv*) ਪੱਛਮੀ ਸੰਸਕ੍ਰਿਤੀ

**ਉੱਤਰ : ਸਵ-ਮੁੱਲਾਂਕਣ (Answers: Self Assessment)**

1. (*i*) ਅੰਤਰਬੰਧਨ (*ii*) ਸ਼ੀਨਿਵਾਸ (*iii*) ਬ੍ਰਾਹਮਣੀਕਰਣ
   (*iv*) ਸੰਸਕ੍ਰਿਤੀਕਰਣ (*v*) ਸਮੂਹ (*vi*) ਸੰਸਤਰਣ
   (*vii*) ਸ਼ਕਤੀ ਅਤੇ ਪ੍ਰਭੂਤਵ (*viii*) ਸਥਿਤੀ ਪਰਿਵਰਤਣ
2. (*i*) (*a*) (*ii*) (*b*) (*iii*) (*d*) (*iv*) (*c*) (*v*) (*d*)
   (*vi*) (*a*) (*vii*) (*c*) (*viii*) (*a*) (*ix*) (*b*)

## 12.9 ਸੰਦਰਭ ਪੁਸਤਕਾਂ (Further Readings)

ਬੁਕਸ
1. ਕਾਸ਼ੀ ਪ੍ਰਸਾਦ ਸਕਸੇਨਾ, ਮੁਸਲਿਮ ਵਿਆਹ, 1959
2. ਸ਼ੁਕਰੀ, ਅਹਿਮਦ, ਮੁਹੰਮਡਨ ਲਾ ਓਫ ਮੈਰਿਜ ਐਂਡ ਡਿਵੋਰਸ 1917
3. ਕੇ. ਐਮ. ਕਪਾੜੀਆ, ਮੈਰਿਜ ਐਂਡ ਫੈਮਿਲੀ ਇਨ ਇੰਡੀਆ, ਆਕਸਫੋਰਡ ਯੂਨੀਵਰਸਿਟੀ ਪ੍ਰੈਸ ਦਿੱਲੀ, 1972

ਨੋਟ

# ਇਕਾਈ-13: ਸਮਾਜਿਕ ਪਰਿਵਰਤਣ ਦੇ ਕਾਰਕ (Factor fo Social Change)

**ਵਿਸ਼ੇ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

13.1 ਸਮਾਜਿਕ ਪਰਿਵਰਤਣ ਦੇ ਜਨਅੰਕਕੀ, ਆਰਥਿਕ ਅਤੇ ਧਾਰਮਿਕ ਕਾਰਕ (Demographic, Economic and Religious Factors of Social Change)

13.2 ਸਮਾਜਿਕ ਪਰਿਵਰਤਣ ਦੇ ਤਕਨੀਕੀ ਜੈਵ ਪ੍ਰੋਦਿਯੋਗਿਕੀ, ਸੂਚਨਾ ਪ੍ਰੋਦਿਯੋਗਿਕੀ ਅਤੇ ਮੀਡੀਆ ਕਾਰਕ (Technological bio-tech, Info-tech and Media Factors of Social Change)

13.3 ਸਾਰ ਅੰਸ਼ (Summary)

13.4 ਸ਼ਬਦਕੋਸ਼ (Keywords)

13.5 ਅਭਿਆਸ-ਪ੍ਰਸ਼ਨ (Review Questions)

13.6 ਸੰਦਰਭ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਸਮਾਜਿਕ ਪਰਿਵਰਤਣ ਦੇ ਜਨਅੰਕਕੀਏ, ਆਰਥਿਕ ਅਤੇ ਧਾਰਮਿਕ ਕਾਰਕ ਦੀ ਵਿਆਖਿਆ ਕਰਨ ਵਿਚ।
- ਸਮਾਜਿਕ ਪਰਿਵਰਤਣ ਦੇ ਤਕਨੀਕੀ ਜੈਵ ਪ੍ਰੋਦਿਯੋਗਿਕੀ, ਸੂਚਨਾ ਪ੍ਰੋਦਿਯੋਗਿਕੀ ਅਤੇ ਮੀਡੀਆ ਕਾਰਕ ਦਾ ਵਿਵੇਚਨ ਕਰਨ ਵਿਚ।

## ਜਾਣਕਾਰੀ (Introduction)

ਸਮਾਜ ਦੀ ਸੰਰਚਨਾ ਅਤੇ ਸੰਸਕ੍ਰਿਤੀ ਵਿਚ ਸਮਾਜਿਕ ਪਰਿਵਰਤਣ ਦਾ ਸੂਤਰਪਾਤ ਆਂਤਰਿਕ ਅਤੇ ਬਾਹਰੀ ਸ੍ਰੋਤਾਂ ਦੁਆਰਾ ਹੁੰਦਾ ਹੈ। ਸਮਾਜ ਦੀ ਸੰਰਚਨਾ ਨਾਲ ਸੰਦਰਭ ਅਧਿਸੰਰਚਨਾਤਮਕ ਸਹੂਲਤਾਂ, ਲੋਕਾਂ ਵਿਚ ਇਸਦੇ ਵਿਤਰਣ ਅਤੇ ਉਨ੍ਹਾਂ ਦੀਆਂ ਸਹੂਲਤਾਂ ਤਕ ਪਹੁੰਚ ਤੋਂ ਹੈ ਜਦ ਕਿ ਸਮਾਜ ਦੀ ਸੰਸਕ੍ਰਿਤੀ ਵਿਚ ਪਰੰਪਰਾਵਾਂ, ਧਰਮ, ਜੀਵਨ ਦੇ ਮਾਨਕ ਅਤੇ ਪਾਰਸਪਰਿਕ ਵਿਵਹਾਰ ਸ਼ਾਮਲ ਹਨ। ਸਮਾਜ ਦੀ ਸੰਰਚਾ ਅਤੇ ਸੰਸਕ੍ਰਿਤੀ ਸਥਿਰ ਨਹੀਂ ਰਹੀ ਹੈ। ਸਮਾਜਿਕ ਪਰਿਵਰਤਣ ਇਸ ਪ੍ਰਕਾਰ ਇਕ ਅਪਰਿਹਾਰਿਅ ਪ੍ਰਕ੍ਰਿਆ ਹੋ ਜਾਂਦੀ ਹੈ।

ਇਸਦੇ ਪਹਿਲਾਂ ਦੇ ਅਧਿਆਏ ਵਿਚ ਇਹ ਕਿਹਾ ਗਿਆ ਸੀ ਕਿ ਸਮਾਜਿਕ ਪਰਿਵਰਤਣ ਦੀ ਦਿਸ਼ਾ ਉਧਰਵਮੁਖੀ ਜਾਂ ਅਧੋਮੁਖੀ, ਇਕ ਰੇਖੀਏ, ਬਹੁਰੇਖੀਏ ਜਾਂ ਚੂਕੀਏ ਹੋ ਸਕਦੀ ਹੈ। ਸਮਾਜਿਕ ਪਰਿਵਰਤਣ ਤਰੱਕੀ ਜਾਂ ਘਾਟ ਵਿਚ ਉਭਰ ਸਕਦਾ ਹੈ। ਸੋ ਸਮਾਜਿਕ ਪਰਿਵਰਤਣ ਦਾ ਅਰਥ ਇਹ ਵਿਸ਼ਿਸ਼ਟ ਸਮਾਜ ਦੀ ਸੰਰਚਨਾ ਅਤੇ ਸੰਸਕ੍ਰਿਤੀ ਵਿਚ ਬਦਲਾਅ ਨਾਲ ਹੈ। ਆਮਤੌਰ ਤੇ ਸਮਾਜਿਕ ਪਰਿਵਰਤਣ ਕੀਮਤਾਂ ਤਟਸਥ ਹੈ। ਕਦੀ-ਕਦੀ ਸਮਾਜਿਕ ਪਰਿਵਰਤਣ ਰੂੜੀਵਾਦੀ ਜਾਂ ਅਤੀਵਾਦੀ ਪ੍ਰਕ੍ਰਿਤੀ ਦੇ ਸੈਧਾਂਤਿਕ ਵਿਚਾਰਾਂ ਦੇ ਰੂਪ ਵਿਚ ਵੀ ਹੁੰਦ ਹੈ। ਪਰਿਵਰਤਣ, ਵਿਸ਼ੇਸ਼ਤਾ ਵਿਗਿਆਨ ਅਤੇ ਪ੍ਰੋਦਿਯੋਗਿਕੀ ਦੇ ਕਾਰਜਖੇਤਰ ਵਿਚ ਸੰਚਈ ਹੁੰਦਾ ਹੈ। ਇਸ ਸੰਚਈ ਅਤੇ ਉਦਭਵੀ ਹੋਣ ਦੇ ਅਲਾਵਾ, ਪਰਿਵਰਤਣ ਚਕ੍ਰੀਏ ਅਤੇ ਵਕ੍ਰ ਦੀ ਤਰ੍ਹਾਂ ਵੀ ਹੁੰਦਾ ਹੈ।

ਪਰਸਪਰ ਅਤੇ ਆਧੁਨਿਕਤਾ ਸਹਿਵਰਤੀ ਹਨ, ਨਿਰੰਤਰਤਾ ਅਤੇ ਪਰਿਵਰਤਣ ਸਮਾਜਿਕ ਜੀਵਨ ਦੇ ਅਨੁਭਾਵਿਕ ਤੱਥ ਹਨ। ਪਰੰਪਰਾ ਅਤੇ ਆਧੁਨਿਕਤਾ ਸਹਿਵਰਤੀ ਇਸ ਲਈ ਵੀ ਹਨ ਕਿਉਂਕਿ ਸਭ ਸਮਾਜਾਂ ਵਿਚ ਸਥਿਰਤਾ ਅਤੇ ਸਮਾਜਿਕ ਨਿਅੰਤਰਣਾਂ ਦੀ ਜਰੂਰਤ ਹੁੰਦੀ ਹੈ। ਪਰਿਵਰਤਣ ਨਾਲ ਹੋਣ ਵਾਲੀਆਂ ਮੰਗਾਂ ਅਤੇ ਚੁਣੌਤੀਆਂ ਦਾ ਮੁਕਾਬਲਾ ਕਰਨ ਦੇ ਲਈ, ਗਿਆਨ ਅਤੇ ਤਕਨੀਕੀ ਜਾਣਕਾਰੀ ਦੇ ਨਵੇਂ ਪੱਧਰਾਂ ਨੂੰ ਪ੍ਰਾਪਤ ਕਰਨ ਲਈ ਆਧੁਨਿਕਤਾ ਅਤੇ ਪਰਿਵਰਤਣ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਪਰਿਸਥਿਤੀਆਂ ਦੇ ਕਾਰਣ ਸਮਾਜਿਕ ਪਰਿਵਰਤਣ ਹੁੰਦਾ ਹੈ। ਸਮਾਜਿਕ ਤਣਾਅ ਅਤੇ ਸੰਘਰਸ਼ ਵੀ ਸਮਾਜਿਕ ਪਰਿਵਰਤਣ ਦੇ ਸ੍ਰੋਤ ਹਨ। ਸਮਾਜਿਕ ਪਰਿਵਰਤਣ ਬਜੁਰਗ, ਨੌਜਵਾਨ, ਸਿਖਿਅਤ, ਅਸਿਖਿਅਤ ਅਤੇ ਨਗਰਵਾਸੀ ਅਤੇ ਪੇਂਡੂ ਦੇ ਕੀਮਤਾਂ ਵਿਚ ਅੰਤਰ ਦੇ ਕਾਰਣ ਵੀ ਹੁੰਦੇ ਹਨ।

ਨੋਟ

## 13.1 ਸਮਾਜਿਕ ਪਰਿਵਰਤਣ ਦੇ ਜਨਅੰਕਕੀ, ਆਰਥਿਕ ਅਤੇ ਧਾਰਮਿਕ ਕਾਰਕ (Demographic, Economic and Religious Factors of Social Change)

ਜੈਵਿਕ ਕਾਰਕਾਂ ਦਾ ਅਰਥ ਉਨ੍ਹਾਂ ਕਾਰਕਾਂ ਤੋਂ ਹੈ ਜੋ ਭਾਵੀ ਸੰਤਤੀਆਂ ਦੀ ਸੰਖਿਆ, ਰਚਨਾ, ਚੋਣ ਅਤੇ ਆਨੁਵੰਸ਼ਿਕ ਗੁਣਾਂ ਨੂੰ ਨਿਰਧਾਰਤ ਕਰਦੇ ਹਨ। ਸਮਾਜ ਦਾ ਮਾਨਵੀ ਤੱਤ ਸਦਾਂ ਪਰਿਵਰਤਣਸ਼ੀਲ ਰਹਿੰਦਾ ਹੈ। ਹਰੇਕ ਪ੍ਰਾਣੀ ਦੇ ਗੁਣ ਅਤੇ ਉਸਦੀ ਯੋਗਤਾਵਾਂ ਭਿੰਨ ਹੁੰਦੀ ਹੈ। ਜੇਕਰ ਅਸੀਂ ਆਪਣੀ ਤੁਲਨਾ ਆਪਣੇ ਪੂਰਵਜਾਂ ਤੋਂ ਕਰਣ ਤਾਂ ਅਸੀਂ ਆਪ ਨੂੰ ਉਨ੍ਹਾਂ ਤੋਂ ਆਪਣੀ ਸ਼ਰੀਰ-ਰਚਨਾ, ਵਿਚਾਰ ਅਤੇ ਹੋਰ ਅਨੇਕ ਗੱਲਾਂ ਵਿਚ ਵਿਭਿੰਨ ਪਾਵਾਂਗੇ। ਕੋਈ ਵੀ ਪੀੜੀ ਪੁਰਾਣੀ ਪੀੜੀ ਦੀ ਪ੍ਰਤੀਕ੍ਰਿਤੀ ਨਹੀਂ ਹੁੰਦੀ। ਹਰੇਕ ਨਵੀਂ ਪੀੜੀ ਇਕ ਨਵਾਂ ਆਰੰਭ ਹੈ।

ਜਨਸੰਖਿਆ ਅਤੇ ਉਸਦੀ ਰਚਨਾ ਵਿਚ ਪਰਿਵਰਤਣ ਦਾ ਸਮਾਜ ਉਤੇ ਮਹੱਤਵਪੂਰਨ ਪ੍ਰਭਾਵ ਹੁੰਦਾ ਹੈ। ਜਿਸ ਸਮਾਜ ਵਿਚ ਲੜਕੀਆਂ ਦੀ ਗਿਣਤੀ ਪੁਰਸ਼ ਬੱਚਿਆਂ ਦੀ ਗਿਣਤੀ ਤੋਂ ਜ਼ਿਆਦਾ ਹੁੰਦੀ ਹੈ। ਉਸਦੇ ਪ੍ਰੇਮ, ਵਿਆਹ ਅਤੇ ਪਰਿਵਾਰਕ ਸੰਗਠਨ ਦਾ ਰੂਪ ਉਸ ਸਮਾਜ ਤੋਂ ਭਿੰਨ ਹੋਏਗਾ ਜਿਸ ਵਿਚ ਪੁਰਸ਼ ਬੱਚਿਆਂ ਦੀ ਗਿਣਤੀ ਜ਼ਿਆਦਾ ਹੈ। ਜਨਸੰਖਿਆ ਸੰਬੰਧੀ ਅਧਿਆਏ ਵਿਚ ਅਸੀਂ ਇਹ ਸਪਸ਼ਟ ਕੀਤਾ ਸੀ ਕਿ ਪਿਛਲੇ ਇਕ ਸੌ ਸਾਲਾਂ ਵਿਚ ਅਨੇਕ ਦੇਸ਼ਾਂ ਦੀ ਜਨਸੰਖਿਆ ਵਿਚ ਬਹੁਤ ਜ਼ਿਆਦਾ ਤੇਜ ਵਾਧਾ ਹੋਇਆ ਹੈ। ਅਤੀਤ ਵਿਚ ਜਨਮ-ਦਰ ਅਤੇ ਮ੍ਰਿਤੂ-ਦਰ ਦੋਵਾਂ ਵਿਚ ਦ੍ਰੁਤ ਅਤੇ ਬਰਾਬਰ ਹ੍ਰਾਸ ਸਮਾਜਿਕ ਪਰਿਵਰਤਣ ਦਾ ਇਕ ਮਹੱਤਵਪੂਰਨ ਕਾਰਣ ਰਿਹਾ ਹੈ। ਸਮੁੰਨਤ ਸਵੱਛਤਾ ਸੰਬੰਧੀ ਅਵਸਥਾਵਾਂ, ਚਿਕਿਤਸਾ ਸੰਬੰਧੀ ਸਹੂਲਤਾਂ ਅਤੇ ਹੋਰ ਪ੍ਰਾਕ੍ਰਿਤਕ ਵਿਗਿਆਨਾਂ ਦੀ ਸਹਾਇਤਾ ਨਾਲ ਜਨਸੰਖਿਆ ਵਿਚ ਹ੍ਰਾਸਸ਼ੀਲ ਜਨਮ ਦਰ ਦੇ ਬਾਵਜੂਦ ਵਾਧਾ ਹੋਇਆ ਹੈ। ਜਨਸੰਖਿਆ ਦੇ ਵਾਧੇ ਨੇ ਅਨੇਕ ਸਮਾਜਿਕ ਸਮੱਸਿਆਵਾਂ ਤੇ ਬੇਕਾਰੀ, ਬਾਲ ਮਜਦੂਰੀ, ਗਰਭ ਨਿਰੋਧਕ ਦਾ ਪ੍ਰਯੋਗ, ਯੁੱਧਾਂ, ਪ੍ਰਤੀਯੋਗਤਾ ਅਤੇ ਸੰਸ਼ਿਲਸ਼ਟ ਵਸਤੂਆਂ ਆਦਿ ਦੇ ਉਤਪਾਦਨ ਨੂੰ ਜਨਮ ਦਿਤਾ ਹੈ। ਇਸ ਨਾਲ ਨਗਰੀਕਰਣ ਨੂੰ ਜਨਮ ਦੇ ਕੇ ਇਸਦੇ ਦੋਸ਼ਾਂ ਨੂੰ ਵੀ ਲਿਆ ਖੜਾ ਕਰ ਦਿੱਤਾ ਹੈ। ਮ੍ਰਿਤੂ-ਦਰ ਘੱਟ ਹੋ ਜਾਣ ਦੇ ਕਾਰਨ ਬਜੁਰਗ ਲੋਕਾਂ ਦੀ ਗਿਣਤੀ ਇਕ ਸ਼ਤਾਬਦੀ ਪਹਿਲਾਂ ਦੀ ਤੁਲਨਾ ਵਿਚ ਵਰਤਮਾਨ ਸਮਾਜ ਵਿਚ ਜ਼ਿਆਦਾ ਹੈ।

ਦੂਜੇ ਪਾਸੇ ਜੇਕਰ ਜਨਸੰਖਿਆ ਦੇ ਵਾਧੇ ਨੂੰ ਰੋਕ ਦਿਤਾ ਜਾਵੇ ਤਾਂ ਇਸਦਾ ਨਤੀਜਾ ਹੋਵੇਗਾ ਜੀਵਨ-ਪੱਧਰ ਵਿਚ ਤਰੱਕੀ, ਇਸਤ੍ਰੀਆਂ ਦੀ ਬਾਰ-ਬਾਰ ਪ੍ਰਸਵ ਤੋਂ ਮੁਕਤੀ, ਬੱਚਿਆਂ ਦਾ ਸ਼੍ਰੇਸ਼ਠਤਰ ਪਾਲਨ-ਪੋਸ਼ਣ ਅਤੇ ਨਤੀਜੇ ਵਜੋਂ ਸ਼੍ਰੇਸ਼ਠਤਰ ਸਮਾਜ। ਜਿਨ੍ਹਾਂ ਦੇਸ਼ਾਂ ਵਿਚ ਜਨਸੰਖਿਆ ਦਾ ਵਾਧਾ ਹੁੰਦਾ ਰਹਿੰਦਾ ਹੈ ਅਤੇ ਜਿਨ੍ਹਾਂ ਦੇ ਪ੍ਰਾਕ੍ਰਿਤਕ ਸ੍ਰੋਤ ਸੀਮਤ ਹੁੰਦੇ ਹਨ, ਉਨ੍ਹਾਂ ਵਿਚ ਸਮਰਾਜਵਾਦ ਅਤੇ ਸੈਨਿਕਵਾਦ ਦੀ ਪ੍ਰਵਿਰਤੀ ਵਿਕਸਿਤ ਹੋ ਜਾਂਦੀ ਹੈ। ਜਨਸੰਖਿਆ ਦੇ ਵਾਧੇ ਜੀਵਨ ਪੱਧਰ ਦੇ ਲਈ ਭਿਆਨਕ ਬਣ ਜਾਂਦੇ ਹਨ। ਪਰੰਤੂ ਅੱਜ ਉਨ੍ਹਾਂ ਦੇ ਪ੍ਰਯੋਗ ਨੂੰ ਸਮਾਜ ਦੁਆਰਾ ਪ੍ਰੋਤਸਾਹਿਤ ਅਤੇ ਪ੍ਰਸ਼ੰਸਤੀ ਕੀਤਾ ਜਾਂਦਾ ਹੈ। ਪਰਿਵਾਰ ਦਾ ਆਕਾਰ ਘਟ ਜਾਣ ਨਾਲ ਵਿਆਹ ਅਤੇ ਤਲਾਕ ਦੀ ਸੁਵਿਧਾ, ਪਤੀ ਪਤਨੀ ਦੇ ਸੰਬੰਧਾਂ, ਮਾਤਾ ਪਿਤਾ ਅਤੇ ਬੱਚਿਆਂ ਦੇ ਸੰਬੰਧਾਂ, ਬੱਚਿਆਂ ਦੇ ਪਾਲਨ-ਪੋਸ਼ਣ ਦੇ ਢੰਗਾਂ, ਘਰ ਵਿਚ ਮਾਤਾ ਦੀ ਸਥਿਤੀ, ਅਤੇ ਪਰਿਵਾਰ ਦੀ ਆਰਥਿਕ ਆਤਮ ਨਿਰਭਰਤਾ ਦੀ ਮਾਤਰਾ ਆਦਿ ਸਭ ਵਿਚ ਪਰਿਵਰਤਣ ਹੋ ਰਿਹਾ ਹੈ। ਇਸ ਪ੍ਰਕਾਰ ਸਪਸ਼ਟ ਹੈ ਕਿ ਜਨਸੰਖਿਆ ਦੇ ਆਕਾਰ ਅਤੇ ਉਸਦੀ ਰਚਨਾ ਵਿਚ ਪਰਿਵਰਤਣਾਂ ਨੇ ਸਮਾਜਿਕ ਸੰਬੰਧਾਂ ਵਿਚ ਅਨੇਕ ਪਰਿਵਰਤਣਾਂ ਨੂੰ ਜਨਮ ਦਿਤਾ ਹੈ।

ਇਸਦੇ ਅਲਾਵਾ, ਜਨਸੰਖਿਆ ਅਤੇ ਲੋਕਾਂ ਦੇ ਸ਼ਰੀਰਕ ਸਵਾਸਥ ਅਤੇ ਯੋਗਤਾ ਵਿਚ ਗੂੜਾ ਸੰਬੰਧ ਹੈ। ਕਿਉਂਕਿ ਬਹੁਤਿਆਂ ਦਾ ਪੇਟ ਭਰਨਾ ਹੁੰਦਾ ਹੈ, ਸੋ ਕਿਸੀ ਨੂੰ ਵੀ ਭਰ ਪੇਟ ਭੋਜਨ ਨਹੀਂ ਮਿਲ ਪਾਉਂਦਾ, ਜਿਸਦੇ ਨਤੀਜੇ ਵਜੋਂ ਗੰਭੀਰ ਕੁਪੋਸ਼ਣ ਅਤੇ ਤਤਸੰਬੰਧਿਤ ਰੋਗ ਵਿਆਪਤ ਹੋ ਜਾਂਦੇ ਹਨ ਅਤੇ ਲੋਕਾਂ ਦੀ ਸ਼ਰੀਰਕ ਯੋਗਤਾ, ਉਤਸਾਹ ਅਤੇ ਉਧਮ ਵਿਚ ਕਮੀ ਆ ਜਾਂਦੀ ਹੈ। ਇਹ ਧਿਆਨ ਰਹੇ ਕਿ ਸੰਸਾਰ ਦੀਆਂ ਸਾਰੀਆਂ ਅਜਿਹੀਆਂ ਜਨਸੰਖਿਆਵਾਂ ਜੋ ਨਿਰਵਾਹ-ਪੱਧਰ ਉਤੇ ਗੁਜਾਰਾ ਕਰਦੀ ਹੈ, ਸਮਾਜਿਕ ਰੂਪ ਵਿਚ ਪਿਛੜੀ ਹੋਈ ਅਤੇ ਅਪ੍ਰਗਤੀਸ਼ੀਲ ਹੁੰਦੀ ਹੈ। ਆਪਣੀ ਭੌਤਿਕ ਸਮ੍ਰਿਧੀ ਨੂੰ ਤਰੱਕੀ ਦੇਣ ਦੇ ਪ੍ਰਤੀ ਉਨ੍ਹਾਂ ਦੀ ਉਦਾਸੀਨਤਾ ਦਾ ਕਾਰਣ ਉਨ੍ਹਾਂ ਦੇ ਸ਼ਰੀਰਕ ਸਵਾਸਥ ਦਾ ਹੇਠਲਾਂ ਪੱਧਰ ਹੁੰਦਾ ਹੈ। ਅਧਪੋਸ਼ਿਤ ਅਤੇ ਰੋਗਗ੍ਰਸਤ ਵਿਅਕਤੀ ਆਲਸ ਹੁੰਦੇ ਹਨ। ਜਨਸੰਖਿਆ ਦੇ ਦੋਸ਼ ਹੇਠ ਲਿਖੇ ਹਨ:

(1) ਉੱਚ ਜਨਮ-ਦਰ, (2) ਉੱਚ ਮ੍ਰਿਤੂ-ਦਰ, (3) ਸ਼ਿਸ਼ੂਆਂ ਦੀ ਜ਼ਿਆਦਾ ਸੰਖਿਆ, (4) ਬਜੁਰਗਾਂ ਦੀ ਜ਼ਿਆਦਾ ਗਿਣਤੀ, ਵਿਧੁਰ ਅਤੇ ਵਿਧਵਾਵਾਂ ਦੀ ਜ਼ਿਆਦਾ ਗਿਣਤੀ, (5) ਪੁਰਸ਼ ਅਤੇ ਨਾਰੀ ਜਨਸੰਖਿਆ ਦੀ ਅਨੁਪਾਤਹੀਨ ਗਿਣਤੀ, (6) ਵਿਕਲਾਂਗ ਲੋਕਾਂ ਦੀ ਜ਼ਿਆਦਾ ਸੰਖਿਆ, (7) ਪੇਂਡੂ ਵਿਅਕਤੀਆਂ ਦੀ ਜ਼ਿਆਦਾ ਗਿਣਤੀ, (8) ਉੱਚ ਬਾਲ ਮ੍ਰਿਤੂ-ਦਰ, (9) ਉਮਰ ਦੀ ਘੱਟ ਸੀਮਾ। ਇਹ ਸਾਰੇ ਦੋਸ਼ ਜਨਸੰਖਿਆ ਦੇ ਗੁਣ ਨੂੰ ਪ੍ਰਭਾਵਤ ਕਰਕੇ ਸਮਾਜਿਕ ਸੰਰਚਨਾ ਅਤੇ ਸਮਾਜਿਕ ਸੰਸਥਾਵਾਂ ਉਤੇ ਬੁਰਾ ਪ੍ਰਭਾਵ ਪਾਉਂਦੇ ਹਨ। ਇਹ ਦੱਸਣ ਦੀ ਜਰੂਰਤ ਨਹੀਂ ਹੈ ਕਿ ਭਾਰਤ ਦੀ ਜਨਸੰਖਿਆ ਵਿਚ ਉਪਯੁਕਤ ਸਾਰੇ ਦੋਸ਼ ਵਰਤਮਾਨ ਹਨ ਜਿਸ ਦੇ ਨਤੀਜੇ ਵਜੋਂ ਭਾਰਤੀ ਸਮਾਜ ਨਿਰਧਨਤਾ, ਬੇਕਾਰੀ, ਨੈਤਿਕ ਪਤਨ, ਅਪਰਾਧ-ਵ੍ਰਿਤੀ ਅਤੇ ਪਿਛੜੇਪਨ ਦੇ ਸੰਕਟਮਈ ਕਾਲ ਤੋ ਪਾਰਿਤ ਹੋ ਰਿਹਾ ਹੈ।

### ਪ੍ਰਾਕ੍ਰਿਤਕ ਅਤੇ ਸਮਾਜਿਕ ਪ੍ਰਵਰਣ

ਅੱਗੇ ਵਧਣ ਤੋਂ ਪਹਿਲਾਂ ਅਸੀਂ ਇਸ ਸਥਾਨ ਉਤੇ ਪ੍ਰਾਕ੍ਰਿਤਕ ਅਤੇ ਸਮਾਜਿਕ ਪ੍ਰਵਰਣ ਦੇ ਦੋ ਸਿਧਾਂਤਾਂ ਉਤੇ ਵਿਚਾਰ ਕਰਾਂਗੇ। ਆਮ ਅਰਥ ਵਿਚ, "ਪ੍ਰਵਰਣ ਇਕ ਕ੍ਰਿਆ ਅਤੇ ਪ੍ਰਕ੍ਰਿਆ ਹੈ ਜਿਸ ਦੇ ਦੁਆਰਾ ਪ੍ਰਦੱਤ ਲਖਸ਼ ਅਤੇ ਆਦਰਸ਼ ਨਿਅਮ ਦੇ ਅਨੁਸਾਰ

ਨੋਟ

ਕਿਸੇ ਵਸਤੂ ਨੂੰ ਪ੍ਰਤੀਧਾਰਿਤ ਅਤੇ ਪ੍ਰੋਤਸਾਹਿਤ ਅਤੇ ਹੋਰਨਾਂ ਦਾ ਪਰਿਤਿਆਗ ਕੀਤਾ ਜਾਂਦਾ ਹੈ।" ਇਹ ਕੁਝ ਇਕ ਵਸਤੂਆਂ ਦੇ ਲਈ ਵਰੀਅਤ ਦੀ ਕ੍ਰਿਆ ਹੈ। ਉਦਾਹਰਣ ਲਈ, ਅਸੀਂ ਸਮਾਜ ਸ਼ਾਸਤਰ ਦੇ ਵਿਸ਼ੇ ਉਤੇ **ਮੈਕਾਈਵਰ** ਦੀ ਪੁਸਤਕ 'Society' ਨੂੰ ਵਰੀਅਤਾ ਪ੍ਰਦਾਨ ਕਰਦੇ ਹਨ। ਪ੍ਰਵਰਣ ਪਰਿਵਰਤਣ ਨਹੀਂ ਹੁੰਦਾ, ਕਿਉਂਕਿ ਪਰਿਵਰਤਣ ਵਿਚ ਇਕ ਵਸਤੂ ਹੋਰਨਾਂ ਦੁਆਰਾ ਵਿਸਥਾਪਿਤ ਕਰ ਦਿਤੀ ਜਾਂਦੀ ਹੈ।

**ਪ੍ਰਾਕ੍ਰਿਤਿਕ ਪ੍ਰਵਰਣ** (Natural selection)— ਪ੍ਰਾਕ੍ਰਿਤਕ ਪ੍ਰਵਰਣ ਦਾ ਸਿਧਾਂਤ ਕਾਫੀ ਪ੍ਰਾਚੀਨ ਹੈ, ਪਰੰਤੂ ਇਸਦੀ ਸਮਾਜ ਸ਼ਾਸਤਰੀ ਵਿਵੇਚਨ ਹਰਬਰਟ ਸਪੈਂਸਰ (Herbert Spencer) ਨੇ ਕੀਤਾ, ਜਿਸੇ ਡਾਰਵਿਨ ਦੇ 'ਹੋਂਦ ਦੇ ਲਈ ਸੰਘਰਸ਼' (struggle for existence) ਦੇ ਸਿਧਾਂਤ ਨੂੰ ਇਸਦਾ ਆਧਾਰ ਬਣਾਇਆ। ਡਾਰਵਿਨ ਦੇ ਸਿਧਾਂਤ ਦੇ ਅਨੁਸਾਰ, ਪ੍ਰਾਕ੍ਰਿਤਕ ਵਿਚ ਹੋਂਦ ਦੇ ਲਈ ਸਦੈਵ ਸੰਘਰਸ਼ ਚਲਦਾ ਰਹਿੰਦਾ ਹੈ। ਇਸ ਸੰਘਰਸ਼ ਵਿਚ ਕੇਵਲ ਯੋਗਤਮ ਜੀਵਤ ਰਹਿੰਦੇ ਹਨ। ਸਪੈਂਸਰ ਨੇ ਸਿਧਾਂਤ ਨੂੰ ਮਾਨਵ ਸਮਾਜ ਉਤੇ ਪ੍ਰਯੁਕਤ ਕੀਤਾ। ਉਸਦੇ ਅਨੁਸਾਰ, ਮਾਨਵ ਸਮਾਜ ਵਿਚ ਕੇਵਲ ਉਹੀ ਵਿਅਕਤੀ ਜੀਵਤ ਰਹਿੰਦੇ ਹਨ ਜੋ ਯੋਗਤਮ ਹਨ, ਅਰਥਾਤ ਜਿਨ੍ਹਾਂ ਨੇ ਆਪਣੇ ਆਪ ਨੂੰ ਪ੍ਰਕ੍ਰਿਤੀ ਨਾਲ ਅਨੁਕੂਲਿਤ ਕਰ ਲਿਆ ਹੈ ਅਤੇ ਜੋ ਅਜਿਹਾ ਅਨੁਕੂਲਨ ਨਹੀਂ ਕਰ ਸਕਣਗੇ, ਉਨ੍ਹਾਂ ਦਾ ਨਿਰਸਨ ਜਾਂ ਮਿਲਾਨ ਹੋ ਜਾਏਗਾ। ਹਰਬਰਟ ਸਪੇਂਸਰ ਦੇ ਅਨੁਸਾਰ, ਪ੍ਰਾਕ੍ਰਿਤਕ ਪ੍ਰਵਰਣ ਸਮਾਜਿਕ ਵਿਕਾਸ ਦਾ ਮੂਲਮੰਤਰ ਹੈ। ਹਰੇਕ ਪ੍ਰਾਣੀ ਅਤੇ ਸੰਸਥਾ ਨੂੰ ਆਪਣੇ ਪਰਿਆਵਰਣ ਦੇ ਪ੍ਰਤੀ ਅਨੁਕੂਲਿਤ ਹੋਣਾ ਪੈਂਦਾ ਹੈ। ਇਹ ਅਨੁਕੂਲਨ ਸਮਰੂਪ ਸੰਰਚਨਾਤਮਕ ਪਰਿਵਰਤਣਾਂ ਦੁਆਰਾ ਹੀ ਲਿਆਇਆ ਜਾ ਸਕਦਾ ਹੈ। ਪਰਿਆਵਰਣ ਦੀ ਅਤਿਅਪੇਕਸ਼ਾਵਾਂ ਆਪ ਸੰਸਥਾ ਵਿਚ ਇਨ੍ਹਾਂ ਪਰਿਵਰਤਣਾਂ ਨੂੰ ਲਿਆ ਦਿੰਦੀ ਹੈ ਜਿਸ ਨੂੰ ਅਨੁਕੂਲਨ ਸੰਭਵ ਹੋ ਜਾਂਦਾ ਹੈ। ਜੋ ਸੰਸਥਾਵਾਂ ਸਥਿਤੀ ਦੇ ਪ੍ਰਤੀ ਸੁਖਦ ਅਨੁਕ੍ਰਿਆਵਾਂ ਨਹੀਂ ਕਰਦੀਆਂ, ਉਹ ਨਸ਼ਟ ਹੋ ਜਾਂਦੀਆਂ ਹਨ। ਕੇਵਲ ਯੋਗਤਮ ਹੀ ਜੀਵਤ ਰਹਿੰਦੀਆਂ ਹਨ। ਪ੍ਰਾਕ੍ਰਿਤਕ ਪਰਿਆਵਰਣ ਦਾ ਕੰਮ ਸੰਸਥਾਵਾਂ ਦਾ ਪ੍ਰਵਰਣ ਕਰਨਾ ਹੈ ਜੋ ਜੀਵਤ ਰਹਿਣ ਯੋਗ ਹਨ ਅਤੇ ਅਯੋਗ ਦਾ ਨਿਰਸਨ ਕਰਨਾ ਹੈ। ਪ੍ਰਕ੍ਰਿਤੀ ਸ਼ਰੀਰਕ ਰੂਪ ਤੋਂ ਅਤੇ ਦੀ ਸਮਰਥਤਾ ਦੀ ਦ੍ਰਿਸ਼ਟੀ ਤੋਂ ਦੁਰਬਲ ਵਿਅਕਤੀਆਂ ਦਾ ਨਿਰਦੈਤਾਪੂਰਵਕ ਨਿਰਸਨ ਕਰ ਦਿੰਦੀ ਹੈ। ਸ਼ਰੀਰਕ ਰੂਪ ਤੋਂ ਦੁਰਬਲ ਅਤੇ ਰੋਗੀ ਵਿਅਕਤੀ ਨੂੰ ਸਰੰਖਿਅਤ ਕਰਨ ਦੇ ਯਤਨ, ਜਿਨ੍ਹਾਂ ਨੂੰ ਨਹੀਂ ਤਾਂ ਪ੍ਰਾਕ੍ਰਿਤਕ ਸ਼ਕਤੀਆਂ ਨਸ਼ਟ ਕਰ ਦੇਣਗੀਆਂ, ਯੋਗਤਮ ਵਿਅਕਤੀਆਂ ਦੀ ਕੀਮਤ ਉਤੇ ਜੈਵਿਕ ਰੂਪ ਨਾਲ ਅਯੋਗ ਵਿਅਕਤੀਆਂ ਨੂੰ ਚਿਰਸਥਾਈ ਬਣਾਉਣਾ ਹੈ। ਕੁਪੋਸ਼ਣ, ਰੋਗ, ਮਕਾਨ-ਸੰਬੰਧੀ ਅਸੁਵਿਧਾ ਅਤੇ ਕਠੋਰ ਸ਼ਰੀਰਕ ਮਿਹਨਤ ਮਾਨਵ ਪ੍ਰਜਾਤੀ ਦੇ ਲਈ ਇਕ ਅਰਥ ਵਿਚ ਅੱਛੇ ਹਨ।

ਇਸ ਪ੍ਰਕਾਰ ਸਪਸ਼ਟ ਹੈ ਕਿ ਪ੍ਰਾਕ੍ਰਿਤਕ ਪ੍ਰਵਰਣ ਦੇ ਦੋ ਰੂਪ ਹਨ—ਨਿਰਸਨ (elimination) ਅਤੇ ਮਿਲਾਨ (absorption)। ਜੋ ਪ੍ਰਾਣੀ ਪ੍ਰਕ੍ਰਿਤੀ ਦੇ ਨਾਲ ਸਫਲਤਾਪੂਰਵਕ ਅਨੁਕੂਲਨ ਨਹੀਂ ਕਰ ਪਾਂਦੇ ਹਨ, ਉਨ੍ਹਾਂ ਦਾ ਨਿਰਸਨ ਹੋ ਜਾਂਦਾ ਹੈ। ਇਸਦੇ ਉਲਟ ਜੋ ਪ੍ਰਾਣੀ ਪ੍ਰਕ੍ਰਿਤੀ ਦੇ ਨਾਲ ਅਨੁਕੂਲਨ ਕਰਨ ਵਿਚ ਸਮਰਥ ਹੋ ਜਾਂਦਾ ਹੈ, ਉਨ੍ਹਾਂ ਦਾ ਦੂਜੇ ਜੀਵਤ ਪ੍ਰਾਣੀਆਂ ਦੇ ਨਾਲ ਵਿਲਅ ਹੋ ਜਾਂਦਾ ਹੈ। ਪ੍ਰਕ੍ਰਿਤੀ ਦੇ ਨਾਲ ਉਨਮੂਲਨ ਕਰਨ ਵਿਚ ਸਮਰਥ ਹੋ ਜਾਂਦਾ ਹੈ ਉਨ੍ਹਾਂ ਦਾ ਦੂਜੇ ਜੀਵਤ ਪ੍ਰਾਣੀਆਂ ਦੇ ਨਾਲ ਮਿਲਾਨ ਹੋ ਜਾਂਦਾ ਹੈ। ਪ੍ਰਾਕ੍ਰਿਤਕ ਪ੍ਰਵਰਣ ਮ੍ਰਿਤੂ-ਦਰ ਹੀ ਕੰਮ ਕਰਦਾ ਹੈ। ਜੋ ਵਿਅਕਤੀ ਆਪਣੇ ਆਪ ਨੂੰ ਪ੍ਰਕ੍ਰਿਤੀ ਨਾਲ ਅਨੁਕੂਲਿਤ ਨਹੀਂ ਕਰ ਪਾਉਂਦੇ, ਪ੍ਰਕ੍ਰਿਤੀ ਉਨ੍ਹਾਂ ਨੂੰ ਖਤਮ ਕਰ ਦਿੰਦੀ ਹੈ। ਪ੍ਰਾਕ੍ਰਿਤਕ ਪ੍ਰਵਰਣ ਦੀ ਪ੍ਰਕ੍ਰਿਆ ਵਿਚ ਜਨਮ-ਦਰ ਕਿਸੇ ਵੀ ਰੂਪ ਵਿਚ ਪ੍ਰਭਾਵਤ ਨਹੀਂ ਹੁੰਦੀ, ਕਿਉਂਕਿ ਅਨੁਕੂਲਨ ਦੀ ਪ੍ਰਕ੍ਰਿਆ ਜਨਮ ਦੇ ਬਾਅਦ ਹੀ ਆਰੰਭ ਹੁੰਦੀ ਹੈ।

**ਪਿਅਰਸਨ** (Pearson) ਨੇ ਪ੍ਰਾਕ੍ਰਿਤਕ ਪ੍ਰਵਰਣ ਦੇ ਚਾਰ ਮੁੱਖ ਆਧਾਰਾਂ ਦਾ ਵਰਣਨ ਕੀਤਾ ਹੈ—

1. ਗੁਣ ਪਰਿਵਰਤਣਸ਼ੀਲ ਹਨ;
2. ਗੁਣ ਪਿਤਰਾਗਤ ਹੁੰਦੇ ਹਨ;
3. ਪ੍ਰਕ੍ਰਿਤੀ ਮ੍ਰਿਤੂ ਦੁਆਰਾ ਕੰਮ ਕਰਦੀ ਹੈ;
4. ਮ੍ਰਿਤੂ-ਦਰ ਪ੍ਰਵਰਣਾਤਮਕ ਹੁੰਦੀ ਹੈ।

ਪ੍ਰਾਕ੍ਰਿਤਕ ਪ੍ਰਵਰਣ ਦੇ ਸਿਧਾਂਤ ਦੀ ਅਨੇਕ ਆਧਾਰਾਂ ਉਤੇ ਅਲੋਚਨਾ ਕੀਤੀ ਗਈ: (1) ਪਹਿਲਾ, ਯੋਗਤਾ ਸਦੈਵ ਪਰਿਆਵਰਣ ਸਾਪੇਖ ਹੁੰਦੀ ਹੈ। ਸਮਭਾਵ ਪਰਿਆਵਰਣ ਅਨੇਕ ਹੁੰਦੇ ਹਨ ਅਤੇ ਉਨ੍ਹਾਂ ਪ੍ਰਤੀ ਅਨੁਕੂਲਨ ਦੇ ਮਾਰਗ ਵੀ ਅਨੇਕ ਹਨ। (2) ਦੂਜੇ, ਜੀਵਨ ਦੇ ਸੰਘਰਸ਼ ਵਿਚ ਯੋਗਤਮ ਸਿੱਧ ਹੋਣ ਵਾਲਾ ਵਿਅਕਤੀ ਸੰਭਵ ਹੈ, ਸਮਾਜਿਕ, ਨੈਤਿਕ ਅਤੇ ਬੌਧਿਕ ਗੁਣਾਂ ਵਿਚ ਹੀਨਤਮ ਹੋਵੇ। ਜੀਵਤ ਰਹਿਣ ਦੀ ਜੈਵਿਕ ਯੋਗਤਾ ਦਾ ਸਮਾਜਿਕ ਗੁਣਾਂ ਤੋਂ ਕੋਈ ਸੰਬੰਧ ਨਹੀਂ ਹੋ ਸਕਦਾ ਹੈ ਇਹ ਉਪਰੋਕਤ ਦੇ ਉਲਟ ਹੋਵੇ। ਜੀਵਤ ਰਹਿਣ ਦਾ ਜੈਵਿਕ ਯੋਗਤਾ ਦੇ ਸਥਾਨ ਉਤੇ ਮਾਨਵ-ਮੁੱਲ ਦੀ ਅਵਧਾਰਣਾਂ ਨੂੰ ਸਥਾਨ ਦਿਤਾ ਜਾਣਾ ਚਾਹੀਦਾ ਹੈ ਜਿਸਦਾ ਜ਼ਿਆਦਾ ਸਮਾਜਿਕ ਮਹੱਤਵ ਹੈ। (3) ਤੀਜਾ, ਇਹ ਤੱਥ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ ਕਿ ਜਿੱਥੇ ਪਸ਼ੂ ਜਗਤ ਵਿਚ ਸੰਘਰਸ਼ ਅਤੇ ਨਿਰਸਨ ਦੁਆਰਾ ਜੀਵਿਤਾ ਦਾ ਸਿਧਾਂਤ ਮਹੱਤਵਪੂਰਣ ਸਥਾਨ ਰਖਦਾ ਹੈ, ਉਥੇ ਸਹਿਯੋਗ ਅਤੇ ਸ਼ਾਂਤੀਪੂਰਣ ਸਹਿਵਾਸ ਵੀ ਮਹੱਤਵਪੂਰਣ ਭੂਮਿਕਾ ਅਦਾ ਕਰਦੇ ਹਨ। ਮਨੁੱਖ ਜਗਤ ਵਿਚ ਤਾਂ ਸਹਿਯੋਗ ਦਾ ਇੰਨਾਂ ਮਹੱਤਵਪੂਰਣ ਸਥਾਨ ਹੈ ਕਿ ਸਮਾਜ ਇਸਦੇ ਬਿਨਾ ਜੀਵਿਤ ਨਹੀਂ ਰਹਿ ਸਕਦਾ। ਮਨੁੱਖ ਦਾ ਸਮਾਜਿਕ ਜੀਵਨ ਪ੍ਰਤੀਯੋਗਤਾ ਦੇ ਸਥਾਨ ਉਤੇ ਸਹਿਯੋਗ, ਸੰਘਰਸ਼ ਦੇ ਬਜਾਏ ਸਮਰਸਤਾ, ਮਤਭੇਦ ਦੇ ਬਜਾਏ ਸਹਿਮਤੀ ਉਤੇ ਆਧਾਰਤ ਹੈ, (4) ਚੌਥਾ, ਮਨੁੱਖ ਅਨੁਕੂਲਨ ਦੀ ਪ੍ਰਕ੍ਰਿਆ ਵਿਚ ਕੇਵਲ ਮਾਤਰ ਨਿਸ਼ਕ੍ਰਿਅ ਤੱਤ ਨਹੀਂ ਹੈ। ਇਹ ਸੱਚ ਹੈ ਕਿ ਹਰੇਕ ਜੀਵ ਨੂੰ, ਜਿਸ ਵਿਚ ਮਨੁੱਖ ਵੀ ਸ਼ਾਮਲ ਹਨ, ਆਪਣੇ ਪਰਿਆਵਰਣ ਦੇ ਪ੍ਰਤੀ ਅਨੁਕੂਲਿਤ ਹੋਣਾ ਪੈਂਦਾ ਹੈ, ਪਰੰਤੂ ਮਨੁੱਖ ਆਪ ਇਸ ਗੱਲ ਦਾ ਨਿਸ਼ਚੇ ਕਰਦਾ ਹੈ ਕਿ ਅਨੁਕੂਲਨ ਕਿਸ ਪ੍ਰਕਾਰ ਕੀਤਾ ਜਾਵੇ। ਇਕ ਸਵਸਥ ਮਾਨਵ ਜੀਵ ਪ੍ਰਾਕ੍ਰਿਤਕ ਪ੍ਰਤੀਯੋਗਤਾ ਦਾ ਅਵਸ਼ੇਸ਼ ਨਹੀਂ ਬਲਕਿ ਸਮਾਜਿਕ ਸਰੰਖਿਅਣ

ਦੀ ਉਪਜ ਹੈ। (5) ਪੰਜਵਾਂ, ਪ੍ਰਾਕ੍ਰਿਤਕ ਮਨੁੱਖ ਦੀ ਸ਼ਰੀਰਕ ਪੂਰਣਤਾ ਦਾ ਵਿਚਾਰ ਕੇਵਲ ਇਕ ਕਥਾ ਹੈ ਪ੍ਰਕ੍ਰਿਤੀ ਵਿਚ ਕੁਪੋਸ਼ਣ ਅਤੇ ਰੋਗਾਂ ਨਾਲ ਮੁਕਤੀ ਨਿਅਮ ਦੀ ਅਪੇਕਸ਼ਾ ਕੇਵਲ ਅਪਵਾਦ ਹੈ। ਜਦ ਤਕ ਵਿਅਕਤੀ ਆਪਣੀ ਗਿਣਤੀ ਨੂੰ ਇਸ ਪ੍ਰਕਾਰ ਨਿਅੰਤ੍ਰਿਤ ਨਹੀਂ ਕਰ ਲੈਂਦੇ ਕਿ ਉਨ੍ਹਾਂ ਨੂੰ ਜੀਵਤ ਰਹਿਣ ਦੇ ਲਈ ਇਕ ਦੂਜੇ ਦੇ ਨਾਲ ਪ੍ਰਤੀਯੋਗਤਾ ਨਾ ਕਰਨੀ ਪਵੇ, ਉਹ ਗਿਣਤੀ ਵਿਚ ਥੋੜੇ ਅਤੇ ਆਕਾਰ ਵਿਚ ਛੋਟੇ ਹੋਣਗੇ। (6) ਛੇਵੇਂ, ਸਮਾਜਿਕ ਵਿਰਾਸਤ ਹਰ ਕਿਤੇ ਪ੍ਰਾਕ੍ਰਿਤਕ ਪ੍ਰਵਰਣ ਦੇ ਦ੍ਰਿੜ ਵਿਕਲਪਾਂ ਦਾ ਪਰਿਸ਼ਕਾਰ ਕਰਦੀ ਹੈ। ਸਮਾਜਿਕ ਵਿਰਾਸਤਹੀਨ ਜੀਵਾਂ ਦੇ ਲਈ ਸਮਾਜ ਪ੍ਰਾਕ੍ਰਿਤਕ ਪਰਿਆਵਰਣ ਦੁਅਰਾ ਨਿਰਦੇਸ਼ਿਤ ਕੁਝ ਵਿਧੀਆਂ ਦਾ ਤਿਰਸਕਾਰ ਕਰ ਸਕਦਾ ਹੈ। ਲਾਇਡ ਮੋਰਗਨ (Loyd Morgan) ਦੇ ਸ਼ਬਦਾਂ ਵਿਚ, "ਜਦਕਿ ਮਾਨਸਿਕ ਵਿਕਾਸ ਅਜੇ ਆਂਗਿਕ ਵਿਕਾਸ ਉਤੇ ਆਧਾਰਿਤ ਹੈ, ਉਹ ਪੂਰਨਤਾ ਆਂਗਿਕ ਜਰੂਰਤਾਂ ਦੇ ਅਧੀਨ ਬਿਲਕੁਲ ਨਹੀਂ ਹੈ। ਇਕ ਸੀਮਤ ਮਾਤਰਾ ਨੂੰ ਛੱਡ ਦਈਏ ਤਾਂ ਪ੍ਰਾਕ੍ਰਿਤਕ ਪ੍ਰਵਰਣ ਦੁਆਰਾ ਇਸਦਾ ਨਿਅੰਤ੍ਰਣ ਵੀ ਨਹੀਂ ਕੀਤਾ ਜਾ ਸਕਦਾ। ਪ੍ਰਾਕ੍ਰਿਤਕ ਪ੍ਰਵਰਣ ਦੀ ਦਾਸਤਾ ਤੋਂ ਕੁਝ ਦੂਰ ਤਕ ਮਨ ਸੁਤੰਤਰ ਹੈ ਅਤੇ ਇਕ ਨਵੇਂ ਵਾਤਾਵਰਣ ਦੇ ਸੰਬੰਧ ਵਿਚ ਅਤੇ ਆਪਣੇ ਹੀ ਨਿਅਮਾਂ ਦੇ ਅਨੁਸਾਰ ਉਸਦਾ ਵਿਕਾਸ ਹੋ ਸਕਦਾ ਹੈ। ਭਾਵੇਂ ਪ੍ਰਜਾਤੀ ਵਿਚ ਮਾਨਸਿਕ ਵਿਕਾਸ ਦੀ ਨਿਰੰਤਰਤਾ ਹੁਣ ਵੀ ਆਂਗਿਕ ਵਾਂਸ਼ਿਕਤਾ ਦੁਆਰਾ ਸੰਭਵ ਹੈ, ਕਿੰਤੂ ਮਾਨਸਿਕ ਪ੍ਰਗਤੀ ਕੇਵਲ ਮਾਨਸਿਕ ਸਾਮਰਥ ਦੀ ਪ੍ਰਾਪਤੀ ਅਤੇ ਵ੍ਰਿਧੀ ਦੇ ਕਾਰਣ ਹੀ ਨਹੀਂ ਹੈ। ਪਰੰਪਰਾ ਤੋਂ ਮਾਨਵ-ਉਪਲਬਧੀ ਦੇ ਨਤੀਜੇ ਦੇ ਰੂਪ ਵਿਚ ਮਾਨਸਿਕ ਪ੍ਰਗਤੀ ਸੰਭਵ ਹੈ।" (7) ਸਤਵੇਂ, ਪ੍ਰਾਕ੍ਰਿਤਕ ਪ੍ਰਵਰਣ ਦਾ ਸਿਧਾਂਤ ਪਸ਼ੂ ਸਮਾਜ ਅਤੇ ਮਨੁੱਖ ਸਮਾਜ ਦੇ ਵਿਚ ਅੰਤਰ ਨੂੰ ਪੂਰਨਤਾ ਭੁਲਾ ਦਿੰਦਾ ਹੈ।

ਨੋਟਸ ਸਭਿਅ ਮਨੁੱਖ ਦੇ ਉਦਵਿਕਾਸ ਵਿਚ ਪ੍ਰਾਕ੍ਰਿਤਕ ਪ੍ਰਵਰਣ ਇਕ ਨਿਰੰਤਰ ਘੱਟਦਾ ਹੋਇਆ ਕਾਰਕ ਹੈ।

ਲੋਕਰੀਤੀਆਂ ਅਤੇ ਲੋਕਾਚਾਰਾਂ ਦੇ ਖੇਤਰ ਵਿਚ ਵੀ ਪ੍ਰਾਕ੍ਰਿਤਕ ਪ੍ਰਵਰਣ ਦਾ ਸਿਧਾਂਤ ਘੱਟ ਦ੍ਰਿਸ਼ਮਾਨ ਹੈ। ਨਿਸੰਦੇਹ ਸਮੂਹ ਦੇ ਲਈ ਅਤਿਅੰਤ ਹਾਨੀਕਾਰਕ ਲੋਕਰੀਤੀਆਂ ਦਾ ਜੋ ਪਰਿਆਵਰਣ ਵਿਚ ਪਰਿਵਰਤਣ ਦੇ ਕਾਰਨ ਆਪਣੀ ਉਪਯੋਗਤਾ ਗੁਆ ਦਿੰਦੀ ਹੈ। ਅਤੇ ਜੋ ਸਮੂਹ ਦੀ ਜੀਵਿਤਾ ਦਾ ਸ਼ੋਸ਼ਣ ਕਰ ਦੇਣਗੀਆਂ, ਸਹੀ ਸਮੇਂ ਵਿਚ ਹੀ ਦੂਰੀਕਰਣ ਹੋਣਾ ਚਾਹੀਦਾ ਹੈ। ਪਰੰਤੂ ਕੁਝ ਲੋਕਰੀਤੀਆਂ ਉੱਜੀਵਤ ਰਹਿੰਦੀਆਂ ਹਨ। ਉਨ੍ਹਾਂ ਦਾ ਉੱਜੀਵਨ ਉਨ੍ਹਾਂ ਦੀ ਯੋਗਤਾ ਦਾ ਵਿਸ਼ਵ-ਪ੍ਰਮਾਣ ਨਹੀਂ ਹੈ। ਅਗਿਆਨ ਅਤੇ ਅੰਧਵਿਸ਼ਵਾਸ ਵਿਚ ਪੋਸ਼ਿਤ ਪ੍ਰਤੀਕੂਲ ਲੋਕਰੀਤੀਆਂ ਸਥਾਪਤ ਹੋ ਕੇ ਅਨੁਕੂਲ ਪਰਿਵਰਤਣ ਦੇ ਵਿਰੁਧ ਭਿਅੰਕਰ ਅਵਰੋਧ ਖੜਾ ਕਰ ਸਕਦੀ ਹੈ। ਭਾਰਤ ਵਿਚ ਬਾਲ ਵਿਆਹ, ਈਸ਼ਵਰ ਦੇ ਪ੍ਰਕੋਪ ਨੂੰ ਸ਼ਾਂਤ ਕਰਨ ਲਈ ਇੰਦਰਾਜਾਲਿਕ ਉਪਾਅ, ਅਛੂਤਤਾ ਅਤੇ ਕੁਝ ਇਕ ਪ੍ਰਕਾਰ ਦੇ ਭੋਜਨਾਂ ਦੇ ਵਿਰੁੱਧ ਅਜਿਹੀ ਲੋਕਰੀਤੀਆਂ ਦੇ ਉਦਾਹਰਣ ਹਨ। ਲੋਕਰੀਤੀਆਂ ਦੇ ਵਿਚ ਪ੍ਰਾਕ੍ਰਿਤਕ ਪ੍ਰਵਰਣ ਦ੍ਰਿੜਤਾ ਨਾਲ ਕੰਮ ਨਹੀਂ ਕਰਦਾ। ਯੁੱਧ ਜਾਂ ਹਮਲੇ ਵਿਚ ਸਮੂਹਾਂ ਦੁਆਰਾ ਸਮੂਹਾਂ ਦਾ ਨਿਰਸਨ ਹੋ ਜਾਂਦਾ ਹੈ, ਪਰੰਤੂ ਇਹ ਲੋਕਰੀਤੀਆਂ ਦੇ ਖੇਤਰ ਵਿਚ ਪ੍ਰਾਕ੍ਰਿਤਕ ਪ੍ਰਵਰਣ ਦੇ ਪ੍ਰਯੋਗ ਦਾ ਪਰੀਖਣ ਨਹੀਂ ਹੈ ਕਿਉਂਕਿ ਲੋਕਰੀਤੀਆਂ ਦੀ ਪ੍ਰਕ੍ਰਿਰਤੀ ਦੇ ਅਲਾਵਾ ਅਨੇਕ ਕਾਰਕ, ਆਰਥਿਕ ਸਾਧਨ, ਸ਼੍ਰੇਸ਼ਠ ਸ਼ਸਤਰਾਂ, ਸੈਨਿਕ ਸੰਗਠਨ, ਅਗਵਾਈ ਆਦਿ ਦੀ ਅਧਿਕ੍ਰਿਤੀ ਵੀ ਪ੍ਰਵਿਸ਼ਟ ਹੁੰਦੇ ਹਨ। ਵਿਦੇਸ਼ੀ ਸਭਿਅਤਾ ਦੀ ਸਥਿਤੀਆਂ ਦੇ ਆਰੋਪਣ ਦੇ ਕਾਰਣ ਆਦਿਮ ਜਾਤੀਆਂ ਦਾ ਲੋਕ ਹੋ ਗਿਅ ਹੈ, ਪਰੰਤੂ ਇਸਨੂੰ ਪ੍ਰਾਕ੍ਰਿਤਕ ਪ੍ਰਵਰਣ ਕਦਾਚਿਤ ਹੀ ਕਿਹਾ ਜਾ ਸਕਦਾ ਹੈ। ਸੰਖੇਪ ਵਿਚ, ਵਿਭਿੰਨ ਜਾਤੀਆਂ ਦੇ ਕਈ ਆਚਾਰਾਂ ਅਤੇ ਸੰਸਥਾਵਾਂ ਦਾ ਸਰਵੇਖਣ ਸਾਨੂੰ ਇਸੇ ਨਤੀਜੇ ਉਤੇ ਲੈ ਜਾਂਦਾ ਹੈ ਕਿ ਸਭਿਅ ਮਨੁੱਖ ਦੇ ਉਦਵਿਕਾਸ ਵਿਚ ਪ੍ਰਾਕ੍ਰਿਤਕ ਪ੍ਰਵਰਣ ਦਾ ਘੱਟ ਸਬੂਤ ਉਪਲਬਧ ਹੈ।

**ਸਮਾਜਿਕ ਪ੍ਰਵਰਣ** (Social election)—ਸਮਾਜਿਕ ਪ੍ਰਵਰਣ ਸਮਾਜ ਵਿਚ ਮਨੁੱਖਾਂ ਦੁਆਰਾ ਨਿਅੰਤ੍ਰਿਤ ਕ੍ਰਿਅਮਾਣ ਸ਼ਕਤੀਆਂ ਦਾ ਨਤੀਜਾ ਹੈ। **ਮੈਕਾਈਵਰ** ਨੇ ਲਿਖਿਆ ਹੈ, "ਜਿੱਥੇ ਤਕ ਮਾਨਵ-ਸਮਾਜ ਦੇ ਅੰਦਰ ਉਤਪੰਨ ਸ਼ਕਤੀਆਂ ਸਮਾਜਿਕ ਸੰਬੰਧਾਂ ਦੁਆਰਾ ਕ੍ਰਿਅਮਾਣ ਹੋਕੇ ਜਨਸੰਖਿਆ ਦੀ ਉੱਜੀਵਨ-ਦਰਾਂ ਅਤੇ ਪ੍ਰਜਨਨ ਨੂੰ ਪ੍ਰਭਾਵਤ ਕਰਨ ਵਾਲੀ ਸ਼ਕਤੀਆਂ ਦਾ ਨਿਰਮਾਣ ਕਰਦੀਆਂ ਹਨ, ਇਸ ਪ੍ਰਕ੍ਰਿਆ ਨੂੰ ਸਮਾਜਿਕ ਪ੍ਰਵਰਣ ਦਾ ਨਾਮ ਦੇ ਸਕਦੇ ਹਾਂ।" ਸਮਾਜਿਕ ਪ੍ਰਵਰਣ ਦੀ ਕ੍ਰਿਆ ਸੰਸਕ੍ਰਿਤੀ ਅਤੇ ਸਭਿਅਤਾ ਦੀ ਉਨ੍ਹਾਂ ਸ਼ਕਤੀਆਂ ਦੇ ਸੰਯੁਕਤ ਪ੍ਰਭਾਵ ਦਾ ਨਤੀਜਾ ਹੁੰਦੀ ਹੈ। ਜੋ ਮਨੁੱਖ ਦੇ ਸੇਵਾਰਥ ਉਪਲਬਧ ਹਨ। ਮਨੁੱਖ ਉਨ੍ਹਾਂ ਯੋਜਨਾਵਾਂ ਅਤੇ ਉਪਕਰਾਂ ਦੀ ਖੋਜ ਵਿਚ ਵੀ ਸੰਲਗਨ ਹੈ ਜਿਨ੍ਹਾਂ ਨਾਲ ਪ੍ਰਾਕ੍ਰਿਤਕ ਪ੍ਰਵਰਣ ਦੇ ਸੰਭਾਵੀ ਪ੍ਰਭਾਵਾਂ ਨੂੰ ਬਦਲਿਆ ਜਾ ਸਕਦਾ ਹੈ। ਜਿਵੇਂ-ਜਿਵੇਂ ਸਭਿਅਤਾ ਦੀ ਪ੍ਰਗਤੀ ਹੁੰਦੀ ਹੈ, ਪ੍ਰਕ੍ਰਿਤੀ ਦੇ ਉਪਰ ਮਨੁੱਖ ਦੇ ਨਿਅੰਤ੍ਰਣ ਵਿਚ ਵਾਧੇ ਹੁੰਦੇ ਹਨ ਅਤੇ ਪ੍ਰਾਕ੍ਰਿਤਕ ਪ੍ਰਵਰਣ ਨਿਰੰਤਰ ਘਟਦਾ ਹੋਇਆ ਕਾਰਕ ਬਣ ਜਾਂਦਾ ਹੈ ਅਤੇ ਸਮਾਜਿਕ ਪ੍ਰਵਰਣ ਜ਼ਿਆਦਾ ਤੋਂ ਜ਼ਿਆਦਾ ਪ੍ਰਮੁੱਖ ਬਣ ਜਾਂਦਾ ਹੈ। ਮਨੁੱਖ ਪਰਿਆਵਰਣ ਦਾ ਮੁਕਾਬਲਾ ਇਕ ਬੁੱਧੀਮਾਨ ਵਿਅਕਤੀ ਦੇ ਰੂਪ ਵਿਚ ਕਰਦਾ ਹੈ, ਜਿਸ ਉਤੇ ਉਹ ਆਪਣੀ ਬੁੱਧੀ ਅਤੇ ਪ੍ਰਵਿਧੀ ਦੇ ਦੁਆਰਾ ਕਾਬੂ ਪਾ ਲੈਂਦਾ ਹੈ। ਸਮਾਜਿਕ ਪ੍ਰਵਰਣ ਦੀ ਕ੍ਰਿਆਸ਼ੀਲਤਾ ਦੀ ਵਿਧੀਆਂ ਪ੍ਰਾਕ੍ਰਿਤਕ ਪ੍ਰਵਰਣ ਤੋਂ ਭਿੰਨ ਹਨ। **ਮੈਕਾਈਵਰ** ਨੇ ਲਿਖਿਆ ਹੈ, "ਵਰਤਮਾਨ ਸੱਤਾ ਦੇ ਵਿਚ ਵਰਣ ਕਰਦੇ ਹੋਏ ਪ੍ਰਕ੍ਰਿਤਕ ਪ੍ਰਵਰਣ ਮਰਣ ਦੁਆਰਾ ਕਾਰਜਸ਼ੀਲ ਹੁੰਦਾ ਹੈ ਅਤੇ ਇਸ ਤਰ੍ਹਾਂ ਨਿਸ਼ਚੇ ਹੁੰਦਾ ਹੈ ਕਿ ਕਿਨ੍ਹਾਂ ਦੀ ਹੋਂਦ ਰਹਿਣੀ ਚਾਹੀਦੀ ਹੈ। ਸਮਾਜਿਕ ਪ੍ਰਵਰਣ ਵੀ ਮਰਣ-ਦਰ ਕਾਰਜਸ਼ੀਲ ਹੁੰਦੀ ਹੈ, ਕਿੰਤੂ ਉਸਦੀ ਪ੍ਰਤੱਖ ਕ੍ਰਿਆ ਤਾਂ ਜਨਮ-ਦਰ ਦੇ ਸੰਬੰਧ ਵਿਚ ਹੈ। ਪ੍ਰਕ੍ਰਿਤਕ ਪ੍ਰਵਰਣ

ਨੋਟ

ਕੇਵਲ ਮਰਨ ਦੇ ਵਿਕਲਪ ਜਾਂ ਸਫਲ ਰੂਪ ਗ੍ਰਹਿ ਕਰਦਾ ਹੈ; ਸਮਾਜਿਕ ਪ੍ਰਵਰਣ ਕਈ ਵਿਕਲਪ ਪ੍ਰਸਤੁਤ ਕਰਦਾ ਹੈ। ਉਹ ਪ੍ਰਧਾਨ ਜਾਂ ਕੇਵਲ ਰੂਪ ਵਿਚ ਨਿਰਸਨਕਾਰੀ ਨਹੀਂ ਹੈ; ਆਂਸ਼ਿਕ ਰੂਪ ਵਿਚ ਉਹ ਵਿਰੋਧਕ ਅਤੇ ਸਿਰਜਨਾਤਮਕ ਵੀ ਹੈ ਅਤੇ ਨਿਸ਼ਚੇ ਕਰਦਾ ਹੈ ਕਿ ਕਿਨ੍ਹਾਂ ਨੂੰ ਜਨਮ ਲੈਣਾ ਅਤੇ ਉੱਜੀਵਤ ਰਹਿਣਾ ਚਾਹੀਦਾ ਹੈ।" ਪਰਿਆਵਰਣ ਦੇ ਪ੍ਰਤੀ ਅਨੁਕੂਲਨ ਦੀ ਮੰਗ ਕਰਦਾ ਹੈ। ਸਮਾਜਿਕ ਪ੍ਰਵਰਣ ਸਮਾਜ ਦੇ ਅਨੁਸਾਰ ਆਪਣੇ ਪੱਧਰਾਂ ਦਾ ਨਿਰਮਾਣ ਕਰਦਾ ਹੈ। ਪ੍ਰਾਕ੍ਰਿਤਕ ਪ੍ਰਵਰਣ ਦੇ ਸਨਮੁਖ ਵਿਅਕਤੀ ਨਿਸ਼ਕ੍ਰਿਅ ਅਤੇ ਸੰਜਮੀ ਰਹਿ ਜਾਂਦਾ ਹੈ, ਪਰੰਤੂ ਸਮਾਜਿਕ ਪ੍ਰਵਰਣ ਦੇ ਸਨਮੁਖ ਉਹ ਉਨ੍ਹਾਂ ਕੀਮਤਾਂ ਦੇ ਨਿਰਧਾਰਣ ਵਿਚ ਕ੍ਰਿਆਤਮਕ ਯੋਗਦਾਨ ਹੁੰਦਾ ਹੈ। ਜਿਨ੍ਹਾਂ ਦੇ ਅਨੁਸਾਰ ਵਿਅਕਤੀ ਨਾ ਕੇਵਲ ਉੱਜੀਵਤ ਰਹਿ ਸਕਦਾ ਹੈ ਬਲਕਿ ਜੀਵਨ ਵਿਚ ਇਕ ਨਿਸ਼ਚਿਤ ਸਥਿਤੀ ਨੂੰ ਵੀ ਪ੍ਰਾਪਤ ਕਰ ਸਕਦਾ ਹੈ।

ਸਮਾਜਿਕ ਪ੍ਰਵਰਣ ਦਾ ਖੇਤਰ ਪ੍ਰਾਕ੍ਰਿਤਕ ਦੀ ਅਪੇਕਸ਼ਾ ਜ਼ਿਆਦਾ ਵਿਸਤ੍ਰਿਤ ਹੁੰਦਾ ਹੈ। ਇਹ ਇਕ ਹੀ ਸਥਿਤੀ ਦੇ ਵਿਭਿੰਨ ਸਮਾਧਾਨ ਪ੍ਰਸਤੁਤ ਕਰਦੀ ਹੈ। ਸ਼ਰੀਰਕ ਰੂਪ ਵਿਚ ਦੁਰਬਲ ਵਿਅਕਤੀ ਜੀਵਤ ਰਹਿਣ ਦੇ ਹੁਣ ਅਯੋਗ ਨਹੀਂ ਹਨ, ਸਗੋਂ ਉਹ ਆਪਣੀ ਨੈਤਿਕ ਅਤੇ ਬੌਧਿਕ ਪ੍ਰਾਪਪਤੀਆਂ ਦੁਆਰਾ ਸਮਾਜ ਦਾ ਇਕ ਯੋਗਤਮ ਪ੍ਰਾਣੀ ਬਣ ਸਕਦਾ ਹੈ। ਅਨੇਕ ਵਿਅਕਤੀ ਜੋ ਪ੍ਰਾਕ੍ਰਿਤਕ ਪਰਿਆਵਰਣ ਤੋਂ ਦੂਭਰ ਜੀਵਨ ਬਤੀਤ ਕਰਦੇ, ਹੁਣ ਸਮਾਜ ਦੇ ਯੋਗਤਮ ਮੈਂਬਰ ਬਣ ਕੇ ਜੀਵਨ ਬਤੀਤ ਕਰ ਸਕਦੇ ਹਨ। ਇਹ ਸਪਸ਼ਟ ਹੈ ਕਿ ਪ੍ਰਾਕ੍ਰਿਤਕ ਪ੍ਰਵਰਣ ਦੁਆਰਾ ਅਪੇਖਿਤ ਗੁਣ, ਸ਼ਰੀਰਕ ਯੋਗਤਾ ਅਤੇ ਬਲ ਸਮਾਜਿਕ ਪ੍ਰਵਰਣ ਵਿਚ ਜ਼ਿਆਦਾ ਮਹੱਤਵਪੂਰਣ ਨਹੀਂ ਹੈ, ਕਿਉਂਕਿ ਉੱਤਰੋਕਤ ਸਮਾਜਿਕ ਕੀਮਤਾਂ ਨੂੰ ਜ਼ਿਆਦਾ ਮਹੱਤਵ ਪ੍ਰਦਾਨ ਕਰਦਾ ਹੈ। ਪ੍ਰਕ੍ਰਿਤੀ ਕੋਈ ਪ੍ਰਵਰਣ ਨਹੀਂ ਕਰਦੀ। ਇਹ ਕਿਸੇ ਨਿਸ਼ਚਿਤ ਪੱਧਰ ਦਾ ਅਨੁਸਰਣ ਕੀਤੇ ਬਿਨਾ ਅੰਧਾਧੁੰਧ ਨਿਰਸਿਤ ਜਾਂ ਉੱਜੀਵਤ ਕਰਦੀ ਹੈ। ਦੂਜੇ ਪਾਸੇ, ਸਮਾਜਿਕ ਜੀਵਨ ਵਿਚ ਕੁਝ ਆਦਰਸ਼ ਨਿਅਮ ਹੁੰਦੇ ਹਨ, ਜਿਨਾਂ ਨੂੰ ਸੋਚ ਸਮਝ ਕੇ ਨਿਰਮਿਤ ਕੀਤਾ ਜਾਂਦਾ ਹੈ ਅਤੇ ਸਵੀਕਾਰ ਕੀਤਾ ਜਾਂਦਾ ਹੈ ਤੇ ਜਿਨ੍ਹਾਂ ਦੇ ਅਨੁਸਾਰ ਕੁਝ ਇਕ ਵਸਤੂਆਂ ਨੂੰ ਅੱਛਾ ਸਮਝ ਕੇ ਲਿਆ ਜਾਂਦਾ ਹੈ ਅਤੇ ਹੋਰਨਾ ਨੂੰ ਨਿਰਸਿਤ ਕਰ ਦਿਤਾ ਜਾਂਦਾ ਹੈ।

ਸੰਖੇਪ ਵਿਚ, ਪ੍ਰਕ੍ਰਿਤਕ ਪ੍ਰਵਰਣ ਅਤੇ ਸਮਾਜਿਕ ਪ੍ਰਵਰਣ ਵਿਚ ਅੰਤਰ ਦੀ ਮੁੱਖ ਗੱਲਾਂ ਹੇਠ ਲਿਖੀਆਂ ਹਨ—

1. ਪ੍ਰਾਕ੍ਰਿਤਕ ਪ੍ਰਵਰਣ ਕੇਵਲ ਮ੍ਰਿਤੂ-ਦਰ ਦੇ ਦੁਆਰਾ ਕੰਮ ਕਰਦਾ ਹੈ, ਜਦਕਿ ਸਮਾਜਿਕ ਪ੍ਰਵਰਣ ਜਨਮ-ਦਰ ਉਤੇ ਬਲ ਦਿੰਦਾ ਹੈ।
2. ਪ੍ਰਾਕ੍ਰਿਤਕ ਪ੍ਰਵਰਣ ਕੇਵਲ ਦੋ ਮਾਰਗ—ਅਨੁਕੂਲਨ ਅਤੇ ਮ੍ਰਿਤੂ ਪ੍ਰਦਾਨ ਕਰਦਾ ਹੈ, ਜਦਕਿ ਸਮਾਜਿਕ ਪ੍ਰਵਰਣ ਅਨੇਕ ਵਿਕਲਪ ਪ੍ਰਦਾਨ ਕਰਦਾ ਹੈ। ਇਹ ਅਵਰੋਧਕ ਅਤੇ ਸਿਰਜਨਾਤਮਕ ਦੋਵੇਂ ਹਨ।
3. ਪ੍ਰਕ੍ਰਿਤਕ ਪ੍ਰਵਰਣ ਵਿਚ ਮਨੁੱਖ ਨੂੰ ਪ੍ਰਕ੍ਰਿਤੀ ਨਾਲ ਅਨੁਕੂਲਨ ਕਰਨਾ ਪੈਂਦਾ ਹੈ। ਜਿਸ ਨੂੰ ਉਹ ਬਦਲ ਨਹੀਂ ਸਕਦਾ, ਪਰੰਤੂ ਸਮਾਜਿਕ ਪ੍ਰਰਵਣ ਮਨੁੱਖ ਦੇ ਯਤਨਾਂ ਦਾ ਨਤੀਜਾ ਹੁੰਦਾ ਹੈ।
4. ਪ੍ਰਾਕ੍ਰਿਤਕ ਪ੍ਰਵਰਣ ਪ੍ਰਤੀਯੋਗਤਾ ਅਤੇ ਸੰਘਰਸ਼ ਦਾ ਮਾਰਗ ਹੈ, ਜਦਕਿ ਸਮਾਜਿਕ ਪ੍ਰਵਰਣ ਸਹਿਯੋਗ ਅਤੇ ਪਰੋਪਕਾਰ ਦਾ ਮਾਰਗ ਹੈ।
5. ਪ੍ਰਾਕ੍ਰਿਤਕ ਪ੍ਰਵਰਣ ਵਿਚ ਵਿਅਕਤੀ ਦੇ ਸਨਮੁਖ ਕੇਵਲ ਇਕ ਪਰਿਆਵਰਣ ਹੁੰਦਾ ਹੈ। ਜਿਸਦੇ ਨਾਲ ਉਸ ਨੂੰ ਅਨੁਕੂਲਿਤ ਹੋਣਾ ਪੈਂਦਾ ਹੈ, ਜਦਕਿ ਸਮਾਜਿਕ ਪ੍ਰਵਰਣ ਵਿਚ ਅਨੇਕ ਪਰਿਆਵਰਣ ਹੁੰਦੇ ਹਨ।
6. ਪ੍ਰਾਕ੍ਰਿਤਕ ਪ੍ਰਵਰਣ ਪ੍ਰਾਕ੍ਰਿਤਕ ਦਸ਼ਾਵਾਂ ਉਤੇ ਆਧਾਰਤ ਹੁੰਦਾ ਹੈ, ਜਦ ਕਿ ਨਾਲ ਉਸ ਨੂੰ ਅਨੁਕੂਲਿਤ ਹੋਣਾ ਪੈਂਦਾ ਹੈ, ਜਦਕਿ ਸਮਾਜਿਕ ਪ੍ਰਵਰਣ ਵਿਚ ਅਨੇਕ ਪਰਿਆਵਰਣ ਹੁੰਦੇ ਹਨ।
7. ਪ੍ਰਾਕ੍ਰਿਤਕ ਪ੍ਰਵਰਣ ਮਾਨਵ-ਵਿਕਾਸ ਦੀ ਹੱਦਾਂ ਨੂੰ ਨਿਸ਼ਚਿਤ ਕਰਦਾ ਹੈ, ਜਦਕਿ ਸਮਾਜਿਕ ਪ੍ਰਵਰਣ ਇਨ੍ਹਾਂ ਹੱਦਾਂ ਦੇ ਅੰਤਰਗਤ ਰਹਿੰਦੇ ਹੋਏ ਦਿਸ਼ਾ ਨਿਰਧਾਰਣ ਕਰਦਾ ਹੈ।

## ਸਮਾਜਿਕ ਪ੍ਰਵਰਣ ਦੇ ਪ੍ਰਕਾਰ

ਸਮਾਜਿਕ ਪ੍ਰਵਰਣ, ਜਿਵੇਂ ਕਿ ਮੈਕਾਈਵਰ ਨੇ ਦਸਿਆ ਹੈ, ਦੋ ਪ੍ਰਕਾਰ ਦੇ ਕੰਮ ਕਰਦਾ ਹੈ। ਇਕ ਤਾਂ ਵਿਭਿੰਨ ਲਖਸ਼ਾਂ ਨੂੰ ਦ੍ਰਿਸ਼ਟੀ ਵਿਚ ਰਖ ਕੇ ਸਥਾਪਤ ਸਮਾਜਿਕ ਸਥਿਤੀਆਂ ਦਾ ਕੇਵਲ ਨਤੀਜਾ ਹੈ। ਇਹ ਅਪ੍ਰਤੱਖ ਢੰਗ ਹੈ। ਦੂਜਾ, ਇਸ ਪ੍ਰਕਾਰ ਨਿਰਮਿਤ ਲਖਸ਼ ਦੇ ਲਈ ਸਮਾਜਿਕ ਯੋਜਨਾ ਦਾ ਪ੍ਰਤੱਖ ਨਤੀਜਾ ਹੈ। ਇਹ ਪ੍ਰਤੱਖ ਢੰਗ ਹੈ। ਦੋਵੇਂ ਪ੍ਰਕਾਰ ਇਕ ਦੂਜੇ ਨਾਲ ਪਰਸਪਰ-ਸੰਬੰਧਤ ਹਨ।

1. ਅਪ੍ਰਤੱਖ ਸਮਾਜਿਕ ਪ੍ਰਵਰਣ (Indirect Social Selection)-ਕਦੀ-ਕਦੀ ਸਮਾਜ ਦਾ ਸੰਗਠਨ ਜਨਮ ਅਤੇ ਉੱਜੀਵਨ ਦਾ ਸੰਤੁਲਨ ਬਿਨਾ ਕਿਸੇ ਇੱਛਤ ਨਤੀਜੇ ਦੇ ਬਦਲ ਦਿੰਦਾ ਹੈ। ਉਦਾਹਰਣ ਲਈ, ਕਰਮਸ਼ਾਲਾ ਵਿਚ ਕੰਮ ਕਰਨ ਦੀ ਦੋਸ਼ਯੁਕਤ ਦਸ਼ਾਵਾਂ ਮਜਦੂਰ ਵਰਗ ਵਿਚ ਉੱਚ ਮਰਣਸ਼ੀਖਲਤਾ ਉਤਪੰਨ ਕਰ ਸਕਦੀਆਂ ਹਨ ਅਤੇ ਗੰਦੀ ਬਸਤੀਆਂ ਵਿਚ ਰਹਿਣ ਨਾਲ ਯਕਸ਼ਮਾ ਦੇ ਕਾਰਣ ਮ੍ਰਿਤੂ-ਦਰ ਜ਼ਿਆਦਾ ਉੱਚੀ ਹੋ ਸਕਦੀ ਹੈ। ਅਜਿਹੀ ਸਥਿਤੀ ਵਿਚ ਪ੍ਰਕ੍ਰਿਤੀ ਦੀ ਦਾਹਕ ਸ਼ਕਤੀਆਂ ਉਸ ਦਸ਼ਾ ਦੇ ਕਾਰਣ ਕਾਰਜਰਤ ਹੋਈਆਂ ਜਿਸਦੇ ਲਈ ਸਮਾਜ ਜ਼ਿੰਮੇਵਾਰ ਹੈ। ਜੇਕਰ

ਨੋਟ

ਮਰਣਸ਼ੀਲਤਾ ਪੌਸ਼ਟਿਕ ਭੋਜਨ, ਅਰੋਗ ਵਿਅਵਸਥਾ ਅਤੇ ਚਿਕਿਸਤਾ ਸੰਬੰਧੀ ਸੁਵਿਧਾਵਾਂ ਦੇ ਉੱਚ ਹੋ ਜਾਣ ਨਾਲ ਘੱਟ ਹੋ ਗਈ ਹੈ ਤਾਂ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਸਮਾਜਿਕ ਦ੍ਰਿਸ਼ਟੀ ਤੋਂ ਨਿਰਮਿਤ ਸਥਿਤੀਆਂ ਦੁਆਰਾ ਅਵਰੁੱਧ ਕਰ ਦਿਤਾ ਗਿਆ ਹੈ। ਇਸ ਪ੍ਰਕਾਰ ਜਦ ਆਰਥਿਕ ਰੋਜ਼ਗਾਰ, ਕੰਮ ਦੇ ਘੰਟੇ, ਪੋਦਿਯੋਗਿਕੀ-ਤਰੱਕੀ ਦੇ ਅਨੁਸਾਰ ਕਿੱਤਿਆਂ ਦੇ ਵਿਤਰਣ, ਕਰਮਸ਼ਾਲਾ ਵਿਚ ਕਾਰਜ ਯੋਗਤਾਵਾਂ ਨਾਲ ਸੰਬੰਧਤ ਨਿਅਮ ਬਦਲਦੇ ਹਨ ਤਾਂ ਉਹ ਸਮਾਜਿਕ ਪ੍ਰਵਰਣ ਦੇ ਪ੍ਰਕਾਰਾਂ ਨੂੰ ਵੀ ਪ੍ਰਭਾਵਤ ਕਰਦੇ ਹਨ।

2. ਪ੍ਰਤੱਖ ਸਮਾਜਿਕ ਪ੍ਰਵਰਣ (Direct Social Selection)—ਪਰੰਤੂ ਸਮਾਜ ਪ੍ਰਕ੍ਰਿਤੀ ਦੀ ਸ਼ਕਤੀਆਂ ਨੂੰ ਪ੍ਰਤੱਖ ਰੂਪ ਨਾਲ ਨਿਅੰਤ੍ਰਿਤ ਕਰਦਾ ਹੈ। ਇਸ ਪ੍ਰਕਾਰ, ਇਹ ਸਵੱਛਤਾ ਅਤੇ ਅਰੋਗ ਸੰਬੰਧੀ ਨਿਅਮਾਂ ਦਾ ਨਿਰਮਾਣ ਕਰਦਾ ਹੈ, ਚਿਕਿਤਸਾ-ਸੰਬੰਧੀ ਸਹੂਲਤਾ ਪ੍ਰਦਾਨ ਕਰਦਾ ਹੈ, ਸ਼੍ਰਮਿਕਾਂ ਨੂੰ ਭਿਆਨਕ ਸਥਿਤੀ ਤੋਂ ਬਚਾਉਣ ਦੇ ਲਈ ਕੰਮ ਦੀ ਦਸ਼ਾਵਾਂ ਨੂੰ ਨਿਅਮਿਤ ਕਰਦਾ ਹੈ। ਅਤੇ ਸ਼ਿਸ਼ੂ ਹੱਤਿਆ, ਆਤਮਹੱਤਿਆ ਅਤੇ ਗਰਭਪਾਤ ਦੇ ਲਈ ਦੰਡ ਦੀ ਵਿਅਵਸਥਾ ਕਰਦਾ ਹੈ। ਵਿਆਹ ਦੀ ਉਮਰ ਨਿਰਧਾਰਤਮ ਕਰਕੇ ਇਹ ਵਿਆਹ ਨੂੰ ਨਿਅੰਤ੍ਰਿਤ ਕਰਦਾ ਹੈ, ਦੂਜੇ ਵਿਆਹ ਦੀ ਮਨਾਹੀ ਕਰਦਾ ਹੈ, ਤਲਾਕ ਨੂੰ ਅਵੈਧਾਨਿਕ ਘੋਸ਼ਿਤ ਕਰਦਾ ਹੈ ਅਤੇ ਕਦੀ-ਕਦੀ ਵਿਆਹ ਤੋਂ ਪਹਿਲਾਂ ਸਵਾਸਥ ਸੰਬੰਧੀ ਪ੍ਰਮਾਣ-ਪੱਤਰ ਮੰਗਦਾ ਹੈ। ਇਹ ਪਰਿਵਾਰ ਨਿਯੋਜਨ ਸੰਬੰਧੀ ਸੂਚਨਾ ਦਾ ਪ੍ਰਸਾਰਨ ਕਰਦਾ ਹੈ, ਆਮਦਨ ਕਰ ਵਿਚ ਕਟੌਤੀ ਦੇ ਕੇ ਜਨਮ-ਨਿਅੰਤ੍ਰਣ ਨੂੰ ਪ੍ਰੋਤਸਾਹਿਤ ਕਰਦਾ ਹੈ ਅਤੇ ਪਰਿਵਾਰ ਦੇ ਆਕਾਰ ਨੂੰ ਸੀਮਤ ਕਰਨ ਲਈ ਹੋਰ ਯੁਕਤੀਆਂ ਦਾ ਪ੍ਰਯੋਗ ਕਰਦਾ ਹੈ। ਇਸ ਪ੍ਰਕਾਰ, ਅਸੀਂ ਸਮਾਜ ਨੂੰ ਪ੍ਰਜਨਨ ਅਤੇ ਉੱਜੀਵਨ ਦਰ ਨੂੰ ਵਿਚਾਰਯੁਕਤ ਸਮਾਜਿਕ ਨਿਯੋਜਨ ਦੁਆਰਾ ਨਿਅੰਤ੍ਰਿਤ ਕਰਦੇ ਦੇਖਦੇ ਹਾਂ।

   ਪਰੰਤੂ ਇਹ ਧਿਆਨ ਰਹੇ ਕਿ ਰਾਜ ਵਿਧਾਨ ਦੁਆਰਾ ਨਿਅੰਤ੍ਰਣਾਂ ਦੀ ਅਪੇਕਸ਼ਾ ਹਰੇਕ ਸਮੂਹ ਦੇ ਰੀਤੀ ਰਿਵਾਜਾਂ ਅਤੇ ਲੋਕਾਚਾਰਾਂ ਦੁਆਰਾ ਨਿਅੰਤ੍ਰਣ ਜ਼ਿਆਦਾ ਪ੍ਰਭਾਵੀ ਹੁੰਦਾ ਹੈ। ਲੋਕਾਚਾਰ ਦੁਆਰਾ ਅਜਿਹੇ ਪੱਧਰ ਸਥਾਪਤ ਕੀਤੇ ਜਾਂਦੇ ਹਨ ਜਿਨ੍ਹਾਂ ਉਤੇ ਸੰਭੋਗ, ਵਿਆਹਕ ਸਥਿਤੀਆਂ ਅਤੇ ਪਰਿਵਾਰ ਦੇ ਆਕਾਰ ਆਧਾਰਤ ਹੁੰਦੇ ਹਨ। ਸਮਾਜਿਕ ਵਿਅਵਸਥਾ ਕੇਵਲ ਸਥਿਤੀਆਂ ਸਥਾਪਤ ਕਰਦੀ ਹੈ ਜਿਨ੍ਹਾਂ ਦੇ ਅੰਦਰ ਇਹ ਪੱਧਰ ਕ੍ਰਿਆਸ਼ੀਲ ਹੁੰਦੇ ਹਨ। ਲੋਕਾਚਾਰਾਂ ਦੇ ਪ੍ਰਤੀ ਵਿਸ਼ਿਸ਼ਟ ਸ਼ੈਲੀ ਤੋਂ ਪ੍ਰਤੀਕ੍ਰਿਆ ਕਰਦਾ ਹੈ ਅਨੇਕ ਸ਼ੋਧ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਪ੍ਰਜਨਨ-ਉਰਵਰਤਾ ਵਿਸ਼ਿਸ਼ਟ ਸਮਾਜਿਕ ਸਮੂਹਾਂ ਦੇ ਲੋਕਾਚਾਰਾਂ ਅਤੇ ਦਸ਼ਾਵਾਂ ਦੇ ਸੰਬੰਧ ਵਿਚ ਸਮਾਜਿਕ ਤੱਤ ਜੈਵਿਕ ਤੱਤ ਦੀ ਅਪੇਕਸ਼ਾ ਜ਼ਿਆਦਾ ਪ੍ਰਭੁਤਵਸ਼ਾਲੀ ਹਨ। ਉਰਵਰਤਾ ਸੰਬੰਧ ਪਰਿਵਰਤਣਾਂ ਵਿਚ ਕਿਸੀ ਵੀ ਪ੍ਰਕਾਰ ਦੇ ਜੈਵਿਕ ਪਰਿਵਰਤਣ ਨਿਹਿਤ ਹੋਣ, ਉਹ ਲੋਕਾਚਾਰਾਂ ਦੇ ਅੰਦਰ ਪਰਿਵਰਤਾਂ ਦੁਆਰਾ ਹੀ ਗਤੀਸ਼ੀਲ ਕੀਤੇ ਜਾਂਦੇ ਹਨ। ਸੰਖੇਪ ਵਿਚ, ਸਮਾਜਿਕ ਪ੍ਰਵਰਣ ਸਰਵਤ੍ਰ ਕਾਰਜਸ਼ੀਲ ਹਨ, ਚਾਹੇ ਸਾਨੂੰ ਇਸਦੇ ਨਤੀਜਿਆ ਨੂੰ ਦੇਖ ਨਾ ਸਕੀਏ। ਸਮਾਜਿਕ ਪ੍ਰਵਰਣ ਦੇ ਕਾਰਣ ਸਪਸ਼ਟ ਹੈ, ਪਰੰਤੂ ਇਸਦੇ ਨਤੀਜੇ ਛਿਪੇ ਰਹਿੰਦੇ ਹਨ, ਕਿਉਂਕਿ ਸਮਾਜਿਕ ਪ੍ਰਵਰਣ ਦੇ ਪ੍ਰਭਾਵਾਂ ਨੂੰ ਪ੍ਰਾਕ੍ਰਿਤਕ ਪਰਿਆਵਰਣ ਦੇ ਪ੍ਰਭਾਵਾਂ ਤੋਂ ਵਿਲਗ ਕਰਨਾ ਕਠਿਨ ਹੁੰਦਾ ਹੈ।

## ਸਮਾਜਿਕ ਪ੍ਰਵਰਣ ਦੇ ਸਰੂਪ

ਸਮਾਜਿਕ ਪ੍ਰਵਰਣ ਦੇ ਅਨੇਕ ਸਰੂਪ ਹਨ ਜੋ ਹੇਠ ਲਿਖੇ ਹਨ—

1. **ਸੈਨਿਕ ਸਮਾਜਿਕ ਪ੍ਰਵਰਣ** (Military Social Selection)—ਯੁੱਧ ਇਕ ਬਹੁਤ ਜ਼ਿਆਦਾ ਪ੍ਰਵਰਣਾਤਮਕ ਸ਼ਕਤੀ ਹੈ। ਸਵਸਥ ਅਤੇ ਸਾਹਸੀ ਵਿਅਕਤੀ ਯੁੱਧ ਲਈ ਭਰਤੀ ਕੀਤੇ ਜਾਂਦੇ ਹਨ ਜਿਸਦੇ ਫਲਸਰੂਪ ਸਮਾਜ ਨੂੰ ਹਾਨੀ ਹੁੰਦੀ ਹੈ। ਇਸਦੇ ਅਲਾਵਾ, ਯੁੱਧ ਵਿਚ ਸੈਨਿਕਾਂ ਦੀ ਮ੍ਰਿਤੂ ਸਮਾਜ ਵਿਚ ਵਿਧਵਾਵਾਂ ਦੀ ਸੰਖਿਆ ਵਿਚ ਵਾਧਾ ਕਰਦੀ ਹੈ। ਸੈਨਿਕ ਦੀਰਘਕਾਲ ਤਕ ਆਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਹਨ ਜਿਸ ਨਾਲ ਜਨਮ-ਦਰ ਵੀ ਪ੍ਰਭਾਵਤ ਹੁੰਦੀ ਹੈ।
2. **ਰਾਜਨੀਤਿਕ ਸਰੂਪ** (Political Form)—ਗ੍ਰਹਿਯੁੱਧਾਂ ਅਤੇ ਸੁਤੰਤਰਤਾ ਅੰਦੋਲਨਾਂ ਵਿਚ ਬੁੱਧੀਮਾਨ ਅਤੇ ਇਮਾਨਦਾਰ ਵਿਅਕਤੀ ਮਾਰੇ ਜਾਂਦੇ ਹਨ। ਲਾਲਾ ਲਾਜਪਤ ਰਾਏ, ਚੰਦਰਸ਼ੇਖਰ ਆਜਾਦ, ਭਗਤ ਸਿੰਘ, ਸੁਭਾਸ਼ ਚੰਦਰ ਬੋਸ ਵਰਗੇ ਮਹਾਨ ਵਿਅਕਤੀ ਭਾਰਤੀ ਸੁਤੰਤਰਤਾ ਅੰਦੋਲਨ ਦੇ ਦੌਰਾਨ ਮਾਰੇ ਗਏ।
3. **ਧਾਰਮਿਕ ਸਰੂਪਤਾ** (Reiligious Form)—ਕੁਝ ਧਰਮ ਬ੍ਰਹਮਚਰ ਉਤੇ ਬਲ ਦਿੰਦੇ ਹਨ। ਧਾਰਮਿਕ ਨੇਤਾ ਜੀਵਨ-ਪਰਿਅੰਤ ਵਿਆਹ ਨਹੀਂ ਕਰਦੇ। ਅਜਿਹੇ ਨੇਤਾ ਸ਼ਰੀਰਕ, ਮਾਨਸਿਕ ਅਤੇ ਨੈਤਿਕ ਦ੍ਰਿਸ਼ਟੀਕੋਣ ਤੋਂ ਸ਼੍ਰੇਸ਼ਠ ਵਿਅਕਤੀ ਹੁੰਦੇ ਹਨ। ਉਨ੍ਹਾਂ ਦੇ ਅਣਵਿਆਹੇ ਰਹਿਣ ਨਾਲ ਸਮਾਜ ਨੂੰ ਉੱਚ ਸੰਤਾਨਾਂ ਪ੍ਰਾਪਤ ਨਹੀਂ ਹੁੰਦੀਆਂ।
4. **ਸਮਾਜਿਕ ਸਰੂਪ** (Social Form)—ਲੋਕਰਤੀਆਂ, ਲੋਕਾਚਾਰ ਅਤੇ ਪ੍ਰਥਾਵਾਂ ਵੀ ਸਮਾਜਿਕ ਪ੍ਰਵਰਣ ਨੂੰ ਪ੍ਰਭਾਵਤ ਕਰਦੇ ਹਨ। ਉਦਾਹਰਣ ਦੇ ਲਈ, ਵਸਤਰ ਪਹਿਨਣ ਦੇ ਸਮਾਜਿਕ ਨਿਅਮ ਦੇ ਕਾਰਣ ਸਾਨੂੰ ਵਸਤਰ ਪਹਿਨਣੇ ਪੈਂਦੇ ਹਨ ਜਿਸ ਨਾਲ ਸੂਰਜ ਦੀ ਕਿਰਣਾਂ ਅਤੇ ਸਵੱਛ ਹਵਾ ਸਾਡੇ ਸ਼ਰੀਰ ਨੂੰ ਪ੍ਰਾਪਤ ਨਹੀਂ ਹੋ ਪਾਉਂਦੀ ਅਤੇ ਸਾਨੂੰ ਰੋਗ ਘੇਰ ਲੈਂਦੇ ਹਨ। ਇਸ ਨਾਲ ਮ੍ਰਿਤੂ-ਦਰ ਪ੍ਰਭਾਵਤ ਹੁੰਦੀ ਹੈ। ਸਮਾਜਿਕ ਪ੍ਰਥਾਵਾਂ, ਪਰਦਾ ਪ੍ਰਣਾਲੀ, ਬਾਲ ਵਿਆਹ, ਵਿਧਵਾ ਪੁਨਰ ਵਿਆਹ ਉਤੇ ਪ੍ਰਤੀਬੰਧ ਆਦਿ ਸਮਾਜ ਨੂੰ ਕਈ ਪ੍ਰਕਾਰ ਨਾਲ ਪ੍ਰਭਾਵਤ ਕਰਦੇ ਹਨ। ਆਪਣੇ ਨੈਤਿਕ ਨਿਅਮਾਂ ਦੇ ਕਾਰਣ ਅਸੀਂ

ਨੋਟ

ਵਿਕਲਾਂਗ, ਪਾਗਲ ਅਤੇ ਕੁਸ਼ਠ ਰੋਗ ਦੇ ਵਿਅਕਤੀਾਂ ਨੂੰ ਪ੍ਰਜਨਨ ਦੀ ਆਗਿਆ ਦਿੰਦੇ ਹਨ ਜਿਸ ਨਾਲ ਸਮਾਜ ਦਾ ਭਾਰ ਵੱਧਦਾ ਹੈ।

5. **ਕਾਨੂੰਨੀ ਸਰੂਪ** (Legal Form)—ਦੇਸ਼ ਦੇ ਕਾਨੂੰਨ ਵੀ ਸਮਾਜਿਕ ਪ੍ਰਵਰਣ ਨੂੰ ਪ੍ਰਭਾਵਤ ਕਰਦੇ ਹਨ। ਹੱਤਿਆਰਿਆਂ ਨੂੰ ਮ੍ਰਿਤੂ ਦੰਡ ਦਿਤਾ ਜਾਂਦਾ ਹੈ। ਜੋ ਜਨਮ-ਦਰ ਨੂੰ ਪ੍ਰਭਾਵ ਕਰਦਾ ਹੈ। ਕਦੀ-ਕਦੀ ਕਾਨੂੰਨ ਵੇਸ਼ਵਾਵ੍ਰਿਤੀ, ਸੰਤਤੀ-ਨਿਅੰਤ੍ਰਣ, ਤਲਾਕ ਅਤੇ ਗਰਭਪਾਤ ਆਦਿ ਨੂੰ ਸਵੀਕ੍ਰਿਤੀ ਪ੍ਰਦਾਨ ਕਰਦਾ ਹੈ। ਸੰਤਤੀ-ਨਿਅੰਤ੍ਰਣ ਅਤੇ ਗਰਭਪਾਤ ਜਨਮਦਰ ਨੂੰ ਪ੍ਰਭਾਵਤ ਕਰਦੇ ਹਨ।
6. **ਆਰਥਿਕ ਸਰੂਪ** (Economic Form)—ਕੁਝ ਇਕ ਆਰਥਿਕ ਕਿੱਤੇ ਮ੍ਰਿਤੂ-ਦਰ ਦਾ ਵਾਧਾ ਕਰਦੇ ਹਨ। ਇਸ ਪ੍ਰਕਾਰ, ਅਲਪ ਵਿਕਸਿਤ ਅਤੇ ਖਤਰਨਾਕ ਉਦਿਯੋਗ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਮ੍ਰਿਤੂ ਦਾ ਜ਼ਿਆਦਾ ਡਰ ਹੁੰਦਾ ਹੈ। ਇਸ ਨਾਲ ਮ੍ਰਿਤੂ ਦਰ ਪ੍ਰਭਾਵਤ ਹੁੰਦੀ ਹੈ। ਦੇਖਿਆ ਗਿਆ ਹੈ ਕਿ ਸਫੇਦ ਪੋਸ਼ ਕਰਮਚਾਰੀਆਂ ਦੀ ਅਪੇਕਸ਼ਾ ਅਕੁਸ਼ਸਲ ਸ਼੍ਰਮਿਕਾਂ ਨੂੰ ਸੰਤਾਨਾਂ ਜ਼ਿਆਦਾ ਹੁੰਦੀਆਂ ਹਨ।
7. **ਨਗਰੀ ਸਰੂਪ** (Urban Form)—ਨਗਰੀ ਖੇਤਰਣਾਂ ਵਿਚ ਰਹਿਣ ਵਾਲੇ ਲੋਕਾਂ ਦੀ ਸੰਤਾਨਾਂ ਪੇਂਡੂ ਖੇਤਰਾਂ ਵਿਚ ਰਹਿਣ ਵਾਲੇ ਵਿਅਕਤੀਆਂ ਦੀ ਅਪੇਕਸ਼ਾ ਘੱਟ ਹੁੰਦੀਆਂ ਹਨ। ਇਸਦੇ ਅਲਾਵਾ, ਨਗਰਾਂ ਵਿਚ ਮ੍ਰਿਤੂ-ਦਰ ਪੇਂਡੂ ਖੇਤਰਾਂ ਦੀ ਅਪੇਕਸ਼ਾ ਗੰਦੀ ਬਸਤੀਆਂ, ਸਵੱਛ ਹਵਾ ਅਤੇ ਧੁੱਪ ਦੇ ਅਭਾਵ ਅਤੇ ਅਸਵੱਛ ਅਵਸਥਾਵਾਂ ਦੇ ਕਾਰਣ ਜ਼ਿਆਦਾ ਉੱਚੀ ਹੁੰਦੀ ਹੈ। ਨਾਲ ਹੀ ਸ਼ਹਿਰੀ ਲੋਕ ਸੰਤਤੀ-ਨਿਰੋਧ ਦੇ ਕਈ ਉਪਾਵਾਂ ਨੂੰ ਅਪਣਾਅ ਕੇ ਜਨਮ-ਦਰ ਨੂੰ ਘੱਟ ਕਰਦੇ ਹਨ।

## ਆਰਥਿਕ ਕਾਰਕ

ਕਾਰਲ ਮਾਰਕਸ ਸਮਾਜਿਕ ਪਰਿਵਰਤਣ ਦੇ ਆਰਥਿਕ ਸਿਧਾਂਤ ਦੇ ਪ੍ਰਮੁੱਖ ਪ੍ਰਤੀਪਾਦਕ ਹਨ। ਮਾਰਕਸ ਦੇ ਅਨੁਸਾਰ, ਉਤਪਾਦਨ ਦੀ ਪ੍ਰਵਿਧੀ ਦੁਆਰਾ ਸਮਾਜਿਕ ਜੀਵਨ ਦੇ ਸਮਾਜਿਕ, ਸਾਂਸਕ੍ਰਿਤਕ, ਧਾਰਮਿਕ ਅਤੇ ਰਾਜਨੈਤਿਕ ਪਹਿਲੂ ਨਿਰਧਾਰਤ ਹੁੰਦੇ ਹਨ। ਸਾਮੰਤਵਾਦ, ਪੂੰਜੀਵਾਦ ਅਤੇ ਸਮਾਜਵਾਦ ਦੇ ਅਨੁਰੂਪ ਪਰਿਵਰਤਣ ਦੇ ਸੰਦਰਭ ਵਿਚ ਅਭਿਧਾਰਣਾ, ਪ੍ਰਤੀਅਭਿਧਾਰਣਾ ਅਤੇ ਇਨ੍ਹਾਂ ਦੇ ਸੰਸ਼ਲੇਸ਼ਣ ਨੂੰ ਸਮਾਜਿਕ ਸੰਰਚਨਾ ਦੇ ਪਰਿਵਰਤਣ ਚਰਣਾਂ ਦੀ ਸੰਗਿਆ ਦਿਤੀ। ਸਾਮੰਤਵਾਦ ਦੇ ਅੰਤਰਵਿਰੋਧਾਂ ਨਾਲ ਪੂੰਜੀਵਾਦ ਦਾ ਜਨਮ ਹੋਇਆ ਹੈ। ਵਰਗ ਸੰਘਰਸ਼ ਦੇ ਨਤੀਜੇ ਵਜੋਂ ਪੂੰਜੀਵਾਦ ਨਾਲ ਸਮਾਜਵਾਦ ਉਭਰੇਗਾ। ਪੂੰਜੀਵਾਦੀ ਵਿਅਵਸਥਾ ਵਿਚ ਦੋ ਵਰਗ ਪਾਏ ਜਾਂਦੇ ਹਨ: ਬਰਜੂਆ ਅਤੇ ਸਰਵਹਾਰਾ, ਸਰਵਹਾਰਾ ਲੋਕ ਤਨਖਾਹ ਭੋਗੀ ਹਨ ਅਤੇ ਬਰਜੂਆ ਬਚਤ ਦੇ ਸ਼ੋਸ਼ਕ ਹਨ। ਜਦ ਸਰਵਹਾਰਾ ਪੂੰਜੀਵਾਦੀ ਵਿਅਵਸਥਾ ਦੀ ਨਿਰੰਤਰਤਾ ਨੂੰ ਚੁਣੌਤੀ ਦੇਣਗੇ ਤਦ ਇਸ ਵਿਵਸਥਾ ਵਿਚ ਤਣਾਅ ਉਤਪੰਨ ਹੋਵੇਗਾ। ਪੂੰਜੀਵਾਦ ਦੀ ਬੁਰਾਈਆਂ ਦਾ ਹਲ ਕੇਵਲ ਕ੍ਰਾਂਤੀਕਾਰੀ ਪਰਿਵਰਤਣ ਵਿਚ ਹਨ।

ਮਾਰਕਸ ਨੇ ਪ੍ਰਬੁੱਧ ਵਰਗ, ਨੇਤਾਵਾਂ ਅਤੇ ਸਿਖਿਆਵਿਦਾਂ ਨੂੰ ਪ੍ਰਭਾਵਤ ਕੀਤਾ ਹੈ। ਮਾਰਕਸਵਾਦੀ ਉਪਾਗਮ ਦਾ ਸਾਰ ਇਹ ਹੈ ਕਿ ਭਾਰਤੀ ਸਮਾਜ ਦੇ ਲਈ ਭੌਤਿਕ (ਮੂਲ ਤੌਰ ਤੇ ਆਰਥਿਕ) ਅਵਸਥਾਵਾਂ ਆਧਾਰਭੂਤ ਹਨ, ਅਤੇ ਇਨ੍ਹਾਂ ਅਵਸਥਾਵਾਂ ਵਿਚ ਪਰਿਵਰਤਣ ਨਾਲ ਜੀਵਨ ਦੇ ਹੋਰ ਕਾਰਜਖੇਤਰਾਂ ਵਿਚ ਆਪੇ ਹੀ ਅਨੁਰੂਪੀ ਪਰਿਵਰਤਣ ਸੰਭਵ ਹੋ ਸਕੇਗਾ। ਇਸ ਦ੍ਰਿਸ਼ਟੀਕੋਣ ਦੀ ਦੋ ਮਾਨਤਾਵਾਂ ਹਨ (1) ਉਦਯੋਗ ਅਤੇ ਖੇਤੀ ਅੰਤਰ-ਸੰਬੰਧਤ, ਅਤੇ (2) ਭਾਰਤ ਵਿਚ ਖੇਤੀ ਉਤਪਾਦਨ ਆਪਣੇ ਸਰੂਪ ਅਤੇ ਅੰਤਰਵਸਤੂ ਦੋਵਾਂ ਵਿਚ ਪੂੰਜੀਵਾਦੀ ਹੈ। ਇਨ੍ਹਾਂ ਮਾਨਤਾਵਾਂ ਨੂੰ ਆਧਾਰਿਕ ਮੰਨਦੇ ਹੋਏ ਸਾਨੂੰ ਇਹ ਦੇਖਣ ਦੀ ਜਰੂਰਤ ਹੈ ਕਿ ਇਕ ਸਮੂਹ ਜਾਂ ਵਰਗ ਤੋਂ ਹੋਰ ਸਮੂਹ ਜਾਂ ਵਰਗ ਦੇ ਕੋਲ ਆਰਥਿਕ ਸ਼ਕਤੀ ਹਸਤਾਂਤਰਿਤ ਹੋਣ ਨਾਲ ਕੋਈ ਸੰਰਚਨਾਤਮਕ ਪਰਿਵਰਤਣ ਹੁੰਦਾ ਹੈ ਜਾਂ ਨਹੀਂ। ਕੀ ਪ੍ਰੋਦਿਯੋਗਿਕ ਉਪਾਇਆਂ ਦੁਆਰਾ ਪਰੰਪਰਾਗਤ ਅਸਮਾਨਤਾਵਾਂ (ਜਾਤੀ ਪਰਿਸਥਿਤੀ ਅਤੇ ਭੂ ਸਵਾਮੀਤਵ ਉਤੇ ਆਧਾਰਤ ਅਸਮਾਨਤਾ) ਜ਼ਿਆਦਾ ਦ੍ਰਿੜ ਹੋਈ ਹੈ ਜਾਂ ਉਨ੍ਹਾਂ ਵਿਚ ਮਹੱਤਵਪੂਰਨ ਕਮੀ ਹੋਈ ਹੈ।

ਸੁਤੰਤਰਤਾ ਦੇ ਆਰੰਭਕ ਸਾਲਾਂ ਵਿਚ ਸੰਰਚਨਾਤਮਕ ਪਰਿਵਰਤਣ ਦੇ ਉਦਾਹਰਣ ਮਿਲਦੇ ਹਨ। ਭਾਰਤ ਦੇ ਅਨੇਕ ਭਾਗਾਂ ਵਿਚ ਜਾਗੀਰਦਾਰੀ ਅਤੇ ਜਮੀਂਦਾਰੀ ਪ੍ਰਥਾਵਾਂ ਦੇ ਉਨਮੂਲਨ ਦੇ ਕਾਰਣ ਜਾਗੀਰਦਾਰਾਂ ਅਤੇ ਜਮੀਂਦਾਰਾਂ ਨੂੰ ਆਪਣੀ ਜਾਗੀਰਾਂ ਤੋਂ ਹੱਥ ਧੋਣਾ ਪਿਆ। ਇਨ੍ਹਾਂ ਭੂ ਸਵਾਮੀਆਂ ਦੇ ਕਾਸ਼ਤਕਾਰਾਂ ਨੂੰ ਇਨ੍ਹਾਂ ਸੁਧਾਰਾਂ ਤੋਂ ਬਹੁਤ ਲਾਭ ਹੋਇਆ, ਕਿਉਂਕਿ ਮਾਲਿਕਾਂ ਦੀ ਭੂਮੀ ਉਤੇ ਕਾਸ਼ਤਕਾਰਾਂ ਨੂੰ ਸਵਾਮੀਤਵ ਅਧਿਕਾਰ ਪ੍ਰਾਪਤ ਹੋ ਗਏ। ਭੂ ਸਵਾਮੀਆਂ ਦੇ ਲਈ ਇਸ ਪ੍ਰਕ੍ਰਿਆ ਨੂੰ ਸਰਵਹਾਰਾਕਰਣ ਕਿਹਾ ਜਾ ਸਕਦਾ ਹੈ, ਅਤੇ ਕਾਸ਼ਤਕਾਰਾਂ ਦੇ ਲਈ ਇਸ ਨੂੰ ਬਰਜੂਆਕਰਣ ਦਾ ਨਾਮ ਦੇ ਸਕਦੇ ਹਨ। ਇਸੇ ਪ੍ਰਕਾਰ ਦੀ ਪਰਿਵਰਤਣ ਦੀ ਪ੍ਰਕ੍ਰਿਆ ਨੂੰ ਐਫ.ਜੀ. ਬੇਲੀ ਨੇ ਉੜੀਸਾ ਵਿਚ ਵੇਖਿਆ ਸੀ। ਜ਼ਿਮੀਂਦਾਰੀ ਉਨਮੂਲਨ ਦੇ ਕਾਰਣ, ਤਾੜੀ ਬਣਾਉਣ ਵਾਲੇ ਖੁਲੇ ਬਾਜਾਰ ਵਿਚ ਤਾੜੀ ਵੇਚਣ ਲਗੇ, ਜਦਕਿ ਉਨਮੂਲਨ ਤੋਂ ਪਹਿਲਾਂ ਉਨ੍ਹਾਂ ਤਾੜੀ ਆਪਣੇ ਭੂ ਸਵਾਮੀਆਂ ਨੂੰ ਦੇਣੀ ਪੈਂਦੀ ਸੀ। ਥੋੜੇ ਹੀ ਸਮੇਂ ਵਿਚ ਇਨ੍ਹਾਂ ਤਾੜੀ ਬਣਾਉਣ ਵਾਲਿਆਂ ਦੀ ਆਰਥਿਕ ਸਥਿਤੀ ਵਿਚ ਬਹੁਤ ਸੁਧਾਰ ਹੋਇਆ ਅਤੇ ਭੂ ਸਵਾਮੀਆਂ ਦੀ ਆਰਥਿਕ ਦਸ਼ਾ ਵਿਚ ਗਿਰਾਵਟ ਆਈ। ਭੂ ਸਵਾਮੀਆਂ ਨੇ ਆਪਣੀ ਜਮੀਨਾਂ ਤਾੜੀ ਬਣਾਉਣ ਵਾਲਿਆਂ ਨੂੰ ਵੇਚੀਆਂ ਕਿਉਂਕਿ ਤਾੜੀ ਬਣਾਉਣ ਵਾਲਿਆਂ ਦੇ ਕੋਲ ਖੁਲੇ ਬਾਜਾਰ ਵਿਚ ਤਾੜੀ ਵੇਚਣ ਦੇ ਕਾਰਣ ਕ੍ਰਿਅ ਸ਼ਕਤੀ ਬਹੁਤ ਜ਼ਿਆਦਾ ਹੋ ਗਈ ਸੀ। ਇਸ ਪਰਿਵਰਤਣ ਦੇ ਕਾਰਣ ਗਰੀਬਾਂ ਦੇ ਸ਼ੋਸ਼ਣ ਦੇ ਅੰਤ ਦੀ ਸ਼ੁਰੂਆਤ ਹੋਈ ਅਤੇ ਸਮਾਜਿਕ ਅਤੇ ਆਰਥਿਕ ਸਮਾਨਤਾ ਦਾ ਵੀ ਆਰੰਭ ਹੋਇਆ।

ਨੋਟ

ਭਾਰਤ ਵਿਚ ਸਮਾਜਿਕ-ਆਰਥਿਕ ਸੰਰਚਨਾ ਵਿਚ ਵਿਸ਼ਮਤਾ, ਸਮਾਜਿਕ ਤਣਾਅ ਅਤੇ ਸੰਘਰਸ਼ਾਂ ਦ ਵਿਭਿੰਨਤਾ ਹੈ। ਭਾਰਤ ਇਕ ਵਿਕਾਸਸ਼ੀਲ ਸਮਾਜ ਹੈ ਜਿਸ ਵਿਚ ਪੂਰਵ ਪੂੰਜੀਵਾਦੀ ਸਮਾਜਿਕ ਕੋਟੀਆਂ ਪੂੰਜੀਵਾਦੀ ਸ਼੍ਰੇਣੀਆਂ ਦੇ ਨਾਲ ਪਾਈ ਜਾਂਦੀਆਂ ਹਨ। ਮਾਰਕਸ ਨੇ ਮੂਲ ਤੌਰ ਤੇ ਉਦਯੋਗਿਕ ਸਮਾਜ ਦੀ ਸਮੱਸਿਆਵਾਂ ਦੇ ਬਾਰੇ ਵਿਚ ਵਾਰ ਜ਼ਿਆਦਾ ਕੀਤਾ ਹੈ ਜਦਕਿ ਭਾਰਤ ਨੂੰ ਅੱਜ ਵੀ ਪ੍ਰਮੁੱਖ ਰੂਪ ਵਿਚ, ਕਿਸਾਨ ਅਰਥ ਵਿਵਸਥਾ ਅਤੇ ਆਦਿਮ ਸਮਾਜਿਕ ਸੰਰਚਾ ਮੰਨ ਸਕਦੇ ਹਾਂ। ਭਾਰਤ ਇਕ ਬਹੁਤ ਹੀ ਜਟਿਲ ਅਤੇ ਵਿਭੇਦੀਕ੍ਰਿਤ ਸਮਾਜ ਹੈ। ਕਿਸਾਨ ਵਰਗ ਦੇ ਵਿਭੇਦੀਕਰਣ ਸਰੂਪ ਨੇ ਸਥਿਤੀਆਂ ਨੂੰ ਹੋਰ ਵੀ ਜ਼ਿਆਦਾ ਜਟਿਲ ਬਣਾ ਦਿਤਾ ਹੈ। ਬਹੁਤ ਹਦ ਤਕ ਖੇਤੀ ਉਤਪਾਦਨ ਪ੍ਰਵਿਧੀ ਅਰਧ ਸਾਮੰਤੀ, ਅਰਧ ਉਪਨਿਵੇਸ਼ੀ, ਅਰਧ ਪੂੰਜੀਵਾਦੀ ਅਤੇ ਗੈਰ ਪੂੰਜੀਵਾਦੀ ਜਾਂ ਪਾਰੰਪਰਿਕ ਹੈ। ਜਾਤੀ ਅਤੇ ਖੇਤਰੀ ਵਿਸਤਾਰ ਦੇ ਨਾਲ ਇਹ ਵਿਭੇਦ ਹੋਰ ਜ਼ਿਆਦਾ ਵਧ ਜਾਂਦੇ ਹਨ। ਭਾਰਤ ਵਿਚ ਕਿਸਾਨ ਦੇ ਕੰਮ ਲਈ ਪਰਿਵਾਰ ਮਿਹਨਤ ਅੱਜ ਵੀ ਇਕ ਵਾਸਤਵਿਕਤਾ ਹੈ।

ਰਾਜ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਸਕਾਰਾਤਮਕ ਕੰਮਾਂ ਦੇ ਰੂਪ ਵਿਚ ਜਮੀਂਦਾਰੀ ਅਤੇ ਜਾਗੀਰਦਾਰੀ ਪ੍ਰਥਾਵਾਂ ਦਾ ਉਨਮੂਲਨ, ਸਾਖ ਸਾਹਕਾਰੀ ਸਮੀਤੀਆਂ ਨੂੰ ਵਾਧਣਾ, ਭੂਮੀ ਜੋਤਾਂ ਦਾ ਹੱਦਬੰਦੀ ਅਤੇ ਆਰਥਿਕ ਉਤਥਾਨ ਦੇ ਹੋਰ ਪ੍ਰੋਗਰਾਮਾਂ ਦਾ ਉਲੇਖ ਕੀਤਾ ਜਾ ਸਕਦਾ ਹੈ। ਇਨ੍ਹਾਂ ਨੀਤੀਆਂ ਅਤੇ ਪ੍ਰੋਗਰਾਮਾਂ ਅਤੇ ਹਰਿਤ ਕ੍ਰਾਂਤੀ ਦੇ ਪ੍ਰਭਾਵਾਂ ਨੂੰ ਸਮਾਜਿਕ ਰੂਪਾਂਤਰਣ ਦੇ ਇਕ ਨਵੇਂ ਪੱਧਰ ਦੇ ਰੂਪ ਵਿਚ ਦੇਖਿਆ ਗਿਆ ਹੈ।

ਪਰੰਪਰਾਗਤ ਅਸਮਾਨਤਾ ਦੇ ਸਥਾਨ ਉਤੇ ਹੁਣ ਇਕ ਨਵੇਂ ਪ੍ਰਕਾਰ ਦੀ ਅਸਮਾਨਤਾ ਉਭਰੀ ਹੈ। ਨਵੀਂ ਪਰਿਸਥਤੀਆਂ ਦੀਆਂ ਮੰਗਾਂ ਦੇ ਅਨੁਰੂਪ ਜਾਤੀ ਵਿਅਵਸਥਾ ਨੇ ਆਪਣੇ ਆਪ ਨੂੰ ਪਰਿਵਰਤਿਤ ਕੀਤਾ ਹੈ। ਸੰਰਚਨਾਤਮਕ ਦ੍ਰਿਸ਼ਟੀ ਤੋਂ ਪਰਿਵਾਰਾਂ ਦਾ ਸੰਯੁਕਤ ਰਹਿਣਾ ਸੰਭਵ ਨਹੀਂ ਰਿਹਾ ਹੈ ਕਿਉਂਕਿ ਇਨ੍ਹਾਂ ਦੇ ਮੈਂਬਰ ਇਕ ਹੀ ਸਥਾਨ ਉਤੇ ਨਾ ਤਾਂ ਰਹਿੰਦੇ ਹਨ ਅਤੇ ਨਾ ਹੀ ਕੰਮ ਕਰਦੇ ਹਨ। ਪਰੰਤੂ ਵਿਭਿੰਨ ਅਤੇ ਦੂਰ ਵਾਲੇ ਸਥਾਨਾਂ ਉਤੇ ਰਹਿੰਦੇ ਹੋਏ ਵੀ ਉਹ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਸਹਾਇਤਾ ਕਰਦੇ ਹਨ ਜਿਸ ਨਾਲ ਪਰਿਵਾਰਾਂ ਨੂੰ ਪ੍ਰਕਾਰਜਾਤਮਕ ਸੰਯੁਕਤਤਾ ਪ੍ਰਾਪਤ ਹੈ। ਵਰਤਮਾਨ ਪਰਿਸਥਿਤੀਆਂ ਅਜਿਹੀਆਂ ਹਨ ਕਿ ਇਕ ਪਰਿਵਾਰ ਦੇ ਮੈਂਬਰਾਂ ਨੂੰ ਸਾਧਾਰਣ ਤੌਰ ਤੇ ਇਕ ਹੀ ਸਥਾਨ ਉਤੇ ਨੌਕਰੀਆਂ ਨਹੀਂ ਮਿਲ ਸਕਦੀਆਂ। ਸੋ ਭਾਰਤ ਵਿਚ ਪਰਿਵਰਤਣ ਸਥਾਨਾਪੰਨਤਾ ਦੇ ਬਜਾਏ ਰੂਪਾਂਤਰਣ ਦੇ ਸਰੂਪਾਂ ਵਿਚ ਜ਼ਿਆਦਾ ਹੋ ਰਿਹਾ ਹੈ। ਇਹ ਵ੍ਰਿਧੀ ਦੇ ਰੂਪ ਵਿਚ ਜ਼ਿਆਦਾ ਹੈ, ਨਾ ਕਿ ਸੰਚਈ ਰੂਪ ਵਿਚ।

| | |
|---|---|
| ਕੀ ਤੁਸੀਂ ਜਾਣਦੇ ਹੋ | ਭਾਰਤ ਦੇ ਆਰਥਿਕ ਵਿਕਾਸ ਵਿਚ ਰਾਜ ਦੀ ਕਲਿਆਣ ਏਜੰਸੀ ਦੇ ਰੂਪ ਵਿਚ ਮਹੱਤਵਪੂਰਣ ਭੂਮਿਕਾ ਰਹੀ ਹੈ। |

## ਧਾਰਮਿਕ ਕਾਰਕ

ਮਨੁੱਖਾਂ ਵਿਚ ਧਰਮ ਦੀ ਉਤਪਤੀ ਕਿਵੇਂ ਹੋਈ, ਇਸ ਪ੍ਰਸ਼ਨ ਦਾ ਕੋਈ ਨਿਸ਼ਚਿਤ ਉੱਤਰ ਨਹੀਂ ਦਿਤਾ ਜਾ ਸਕਦਾ। ਧਰਮ ਦੀ ਉਤਪਤੀ ਰਹੱਸ ਦੇ ਗਰਤ ਵਿਚ ਛੁਪੀ ਹੋਈ ਹੈ। ਇਸ ਵਿਸ਼ੇ ਉਤੇ ਲੇਖਕਾਂ ਵਿਚ ਪਰਿਆਪਤ ਮਤਭੇਦ ਹਨ ਕੁਝ ਲੇਖਕ, **ਡੇਵਿਡ ਹਿਉਮ** (David Hume), **ਮੈਕਸ ਮੂਲਰ** (Max Muller) ਅਤੇ **ਗਿਡਿੰਗਸ** (Giddings) ਦਾ ਵਿਚਾਰ ਹੈ ਕਿ ਮਨੁੱਖ ਦੀ ਕ੍ਰਿਤੀ ਦੇ ਰੂਪ ਵਿਚ ਭ੍ਰਮ ਉਤੇ ਆਧਾਰਿਮਤ ਸੀ ਅਤੇ ਡਰ ਇਸਦੀ ਉਤਪਤੀ ਦਾ ਕਾਰਣ ਬਣਿਆ। ਆਦਿਕਾਲੀਨ ਮਾਨਵ ਦਾ ਜੀਵਨ ਪ੍ਰਕ੍ਰਿਤੀ ਦੀ ਗੋਦ ਵਿਚ ਪਲਦਾ ਸੀ। ਪ੍ਰਕ੍ਰਿਤੀ ਦੀ ਵਿਭਿੰਨ ਚੀਜਾਂ ਤੋਂ ਉਸ ਨੂੰ ਲਾਭ ਤੇ ਹਾਨੀ ਦੋਵੇਂ ਹੁੰਦੇ ਸਨ। ਉਦਾਹਰਣ ਲਈ, ਜੇਕਰ ਸੂਰਜ ਠੰਡਕ ਨਾਲ ਉਸਦੀ ਰੱਖਿਆ ਕਰਦਾ ਹੈ। ਤਾਂ ਹਨੇਰੀ ਉਸਦੀ ਝੋਂਪੜੀ ਨੂੰ ਉਡਾ ਕੇ ਲੈ ਜਾਂਦੀ ਹੈ। ਪ੍ਰਕ੍ਰਿਤੀ ਦੇ ਵਿਭਿੰਨ ਰੂਪਾਂ ਨੂੰ ਦੇਖ ਕੇ ਆਦਿਮਾਨਵ ਦੇ ਮਨ ਵਿਚ ਉਸਦੇ ਪ੍ਰਤੀ ਆਤੰਕ, ਡਰ ਅਤੇ ਸ਼ਰਧਾ ਆਦਿ ਭਾਵਾਂ ਦਾ ਉਤਪੰਨ ਹੋਣਾ ਸਵਾਭਾਵਿਕ ਸੀ। ਪ੍ਰਕ੍ਰਿਤੀ ਤੋਂ ਭੈ ਭੀਤ ਹੋ ਕੇ ਉਹ ਉਸਦੀ ਅਰਾਧਨਾ ਕਰਨ ਲਗਾ। (ਇਸ ਨੂੰ ਪ੍ਰਕ੍ਰਿਤੀਵਾਦ ਦਾ ਸਿਧਾਂਤ ਕਹਿੰਦੇ ਹਨ)। ਹੋਰ ਲੇਖਕਾਂ, ਜਿਨ੍ਹਾਂ ਵਿਚ **ਸਪੈਂਸਰ** (Spencer) ਅਤੇ **ਟਾਇਲਰ** (Tyler) ਦਾ ਨਾ ਸਭ ਤੋਂ ਪਹਿਲਾਂ ਹੈ, ਦਾ ਵਿਚਾਰ ਹੈ ਕਿ ਧਰਮ ਦੀ ਉਤਪਤੀ ਪ੍ਰੇਤਾਤਮਾਵਾਂ ਦੇ ਡਰ ਨਾਲ ਹੋਈ ਅਤੇ ਆਤਮਾਵਾਦ ਸਾਰੇ ਧਰਮਾਂ ਦਾ ਆਧਾਰ ਹੈ। ਉਸਦੇ ਅਨੁਸਾਰ, ਆਤਮਾ ਦਾ ਵਿਚਾਰ ਧਰਮ ਵਿਚ ਕੇਂਦਰੀ ਸਥਾਨ ਰਖਦਾ ਹੈ। ਆਤਮਾਵਾਂ ਮਨੁੱਖ ਦੇ ਨਿਅੰਤ੍ਰਣ ਤੋਂ ਬਾਹਰ ਹਨ। ਸੋ ਉਨ੍ਹਾਂ ਨੂੰ ਖੁਸ਼ ਰਖਣ ਦੇ ਲਈ ਮਨੁੱਖ ਉਨ੍ਹਾਂ ਦੀ ਅਰਾਧਨਾ ਕਰਨ ਲਗਾ। (ਇਸ ਨੂੰ ਆਤਮਾਵਾਦ ਦਾ ਸਿਧਾਂਤ ਕਹਿੰਦੇ ਹਨ।) ਬ੍ਰਿਟਿਸ਼ ਮਾਨਵਸ਼ਾਸਤਰੀ **ਰਾਬਰਟ ਮੈਰੇਟ** (Robert Marett) ਦੇ ਅਨੁਸਾਰ, ਜੀਵਤ ਸੱਤਾਵਾਦ ਅਰਥਾਤ 'ਮਾਨਾ'—ਸ਼ਕਤੀ ਵਿਚ ਵਿਸ਼ਵਾਸ ਜੋ ਭੌਤਿਕ ਸ਼ਰੀਰਕ ਸ਼ਕਤੀ ਤੋਂ ਸਰਵਥਾ ਭਿੰਨ ਹੈ—ਸਭ ਧਰਮਾਂ ਦੀ ਉਤਪਤੀ ਦਾ ਕਾਰਣ ਹੈ। 'ਮਾਨਾ' ਅਸ਼ਰੀਰੀ ਸ਼ਕਤੀਆਂ ਹਨ, ਇਸ ਕਾਰਨ ਇਸਦਾ ਗਿਆਨ ਇੰਦ੍ਰੀਆਂ ਦੁਆਰਾ ਨਹੀਂ ਕੀਤਾ ਜਾ ਸਕਦਾ। (ਇਸ ਨੂੰ ਮਾਨਾਵਾਦ ਦਾ ਸਿਧਾਂਤ ਕਿਹਾ ਜਾਂਦਾ ਹੈ)। **ਡਬਲਿਉ. ਰਾਬਰਟਸਨ** (W. Robertson) ਦਾ ਵਿਚਾਰ ਸੀ ਕਿ ਪ੍ਰਾਚੀਨ ਧਰਮਾਂ ਵਿਚ ਸੰਸਥਾਵਾਂ ਅਤੇ ਕ੍ਰਿਆਵਾਂ, ਅਰਥਾਤ ਸੰਸਕਾਰਾਂ ਦੀ ਪ੍ਰਧਾਨਤਾ ਹੁੰਦੀ ਸੀ ਜਿਨ੍ਹਾਂ ਧਰਮ ਦਾ ਆਰੰਭਕਤਮ ਰੂਪ ਸਮਝਿਆ ਜਾਣਾ ਚਾਹੀਦਾ ਹੈ। **ਦੁਰਖੀਮ** (Durkheim) ਦਾ ਵੀ ਅਜਿਹਾ ਵਿਚਾਰ ਸੀ। ਉਸਦੇ ਅਨੁਸਾਰ, ਧਰਮ ਦੀ

ਨੋਟ

ਉਤਪਤੀ 'ਟੋਟਮਵਾਦ' ਤੋਂ ਹੋਈ ਹੈ। ਉਸ ਨੇ ਆਪਣੇ ਪੁਸਤਕ 'The Elementary Forms of the Religous Life' ਵਿਚ ਇਹ ਨਤੀਜਾ ਕੱਢਿਆ ਹੈ ਕਿ ਸਮਾਜ ਆਪ ਧਰਮ ਦਾ ਮੂਲ ਹੈ। ਟੋਟਮਵਾਦ ਦੇ ਆਧਾਰ ਉਤੇ ਹੀ ਪਵਿੱਤਰ ਅਤੇ ਸਾਧਾਰਣ ਵਸਤੂਆਂ ਵਿਚ ਭੇਦ ਕਰਣ ਦੀ ਭਾਵਨਾ ਦਾ ਜਨਮ ਹੋਇਆ। ਸੋ ਟੋਟਮਵਾਦ ਹੀ ਸਾਰਿਆਂ ਧਰਮਾਂ ਦਾ ਪ੍ਰਾਥਮਿਕ ਰੂਪ ਹੈ। (ਇਸ ਨੂੰ ਸਮਾਜ ਸ਼ਾਸਤਰੀ ਸਿਧਾਂਤ ਕਹਿਦੇ ਹਨ)। **ਸਮਨਰ ਅਤੇ ਕੇਲਰ** (Sumner and Keller) ਦਾ ਵਿਚਾਰ ਹੈ ਕਿ ਧਰਮ ਦੀ ਉਤਪਤੀ ਅਤਿਪ੍ਰਾਕ੍ਰਿਤਕ ਅਤੇ ਕਾਲਪਨਿਕ ਪਰਿਆਵਰਣ ਦੇ ਪ੍ਰਤੀ ਅਨੁਕੂਲਨ ਦੀ ਨਿਸ਼ਚਿਤ ਜਰੂਰਤ ਦੇ ਪ੍ਰਤੀ ਅਨੁਕ੍ਰਿਆ ਵਿਚ ਹੋਈ। ਇਹ ਪਰਿਆਵਰਣ ਤਥਾਗਤ ਪਰਿਆਵਰਣ ਦੇ ਸਮਾਨ ਵਾਸਤਵਿਕ ਦਿਖਲਾਈ ਦਿੰਦਾ ਹੈ ਅਤੇ ਇਸਦੇ ਪ੍ਰਤੀ ਅਨੁਕੂਲਨ ਜਰੂਰਤ ਹੈ। ਉਨ੍ਹਾਂ ਦੇ ਅਨੁਸਾਰ ਜੇਕਰ ਕੋਈ ਭਾਗਾਂ ਅਧੀਨ ਤੱਤ ਨਾ ਹੁੰਦਾ ਤਾਂ ਧਰਮ ਦੀ ਉਤਪਤੀ ਨਾ ਹੋਈ ਹੁੰਦੀ। (ਇਸ ਨੂੰ ਸੁਭਾਗਵਾਦੀ ਸਿਧਾਂਤ ਕਿਹਾ ਜਾਂਦਾ ਹੈ)।

ਪਰੰਤੂ ਧਰਮ ਦੀ ਉਤਪਤੀ ਨੂੰ ਕਿਸੇ ਇਕੱਲੇ ਸ੍ਰੋਤ ਵਿਚ ਨਹੀਂ ਖੋਜਿਆ ਜਾ ਸਕਦਾ। ਇਸ ਨੂੰ ਕਿਸੇ ਇਕ ਤੱਤ—ਡਰ, ਅਸ਼ਰੀਰਕ ਸ਼ਕਤੀ ਵਿਚ ਵਿਸ਼ਵਾਸ, ਸੰਸਕਾਰ ਅਤੇ ਨਿਸ਼ਚਿਤ ਜਰੂਰਤ ਦੀ ਪ੍ਰਤੀਕ੍ਰਿਆ ਉਤੇ ਆਧਾਰਤ ਹੀਂ ਸਮਝਿਆ ਜਾ ਸਕਦਾ। ਨਾ ਇੱਛਾ ਅਤੇ ਨਾ ਕੇਵਲ ਭਾਵਨਾ ਇਸਦੀ ਉਤਪਤੀ ਦੀ ਵਿਆਖਿਆ ਕਰ ਸਕਦੀ ਹੈ। ਧਰਮ ਦਾ ਪ੍ਰਾਰੰਭ ਮਾਨਵ ਚੇਤਨਾ ਦੇ ਸਮਾਨ ਪੁਰਾਣਾ ਹੈ। ਕੋਈ ਵੀ ਆਦਿ ਸਮਾਜ ਅਜਿਹਾ ਨਹੀਂ ਹੈ ਜਿਸ ਵਿਚ ਧਰਮ ਦੀ ਅਵਸਥਿਤੀ ਨਹੀਂ ਸੀ ਅਤੇ ਜੇਕਰ ਧਰਮ ਸਾਰਵਭੌਮਿਕ ਪਰਿਘਟਨਾ ਹੈ ਤਾਂ ਇਸ ਨੂੰ ਮਾਨਵ ਪ੍ਰਵਿਰਤੀ ਦੀ ਕਰੀਤ੍ਰਮ ਅਵਸਥਾ ਨਹੀਂ ਸਮਝਿਆ ਜਾ ਸਕਦਾ, ਪਰੰਤੂ ਇਹ ਤਾਂ ਇਕ ਅਜਿਹੀ ਵਸਤੂ ਹੈ ਜਿਸਦੀ ਜੜ ਮਾਨਵੀ ਮਨੋਵਿਗਿਆਨ ਵਿਚ ਸਥਾਈ ਰੂਪ ਨਾਲ ਬੈਠੀ ਹੋਈ ਹੈ,। **ਗੈਲੋਵੇ** (Galloway) ਨੇ ਲਿਖਿਆ ਹੈ, "ਇਹ ਤੱਥ ਕਿ ਮਨੁੱਖਾਂ ਨੇ ਹਰੇਕ ਸਥਾਨ ਉਤੇ ਅਤੇ ਸਦਾ ਧਰਮ ਦਾ ਵਿਕਾਸ ਕੀਤਾ ਹੈ, ਕਿਉਂਕਿ ਅਜਿਹਾ ਕੋਈ ਸਬੂਤ ਨਹੀਂ ਹੈ ਕਿ ਕੋਈ ਜਨ ਜਾਤੀ ਅਤੇ ਪ੍ਰਜਾਤੀ ਧਰਮਰਹਿਤ ਰਹੀ ਹੋਵੇ, ਇਸ ਸਤਿਅਤਾ ਨੂੰ ਇੰਗਿਤ ਕਰਦਾ ਹੈ ਕਿ ਧਰਮ ਦੀ ਜੜਾਂ ਮਾਨਵ-ਸੁਭਾਅ ਵਿਚ ਹਨ। ਪਰਿਆਵਰਣ ਦਾ ਕੋਈ ਸੰਜੋਗ ਅਤੇ ਪਰੰਪਰਾ ਦੀ ਗ੍ਰਹਿਣਸ਼ੀਲਤਾ ਨੂੰ ਅਜਿਹੀ ਵਸਤੂ ਦਾ ਮੂਲ ਨਹੀਂ ਮੰਨਿਆ ਜਾ ਸਕਦਾ ਜੋ ਸਥਾਈ ਅਤੇ ਅਵਿਰਤ ਹੈ। ਜੋ ਅਨੁਭਵ ਵਿਚ ਸਾਰਵਭੌਮਿਕ ਹੈ, ਉਹ ਮਨੁੱਖ ਦੇ ਜੀਵਨ ਦੀ ਵਾਸਤਵਿਕ ਹੋਣੀ ਚਾਹੀਦੀ ਹੈ।" ਹੋਰ ਸਮਾਜਿਕ ਸੰਸਥਾਵਾਂ ਦੀ ਭਾਂਤੀ ਧਰਮ ਦੀ ਉਤਪਤੀ ਵੀ ਮਨੁੱਖ ਦੀ ਕੁਝ ਜਰੂਰਤਾਂ ਦੀ ਪ੍ਰਤੀਕ੍ਰਿਆ ਵਿਚ ਮਨੁੱਖ ਦੀ ਬੌਧਿਕ ਸ਼ਕਤੀ ਨਾਲ ਅਤੇ ਧਰਤੀ ਉਤੇ ਉਸਦੇ ਜੀਵਨ ਦੀ ਸਹਿਚਰੀ ਅਵਸਥਾਵਾਂ ਦੇ ਕਾਰਣ ਹੋਈ।

ਇਸ ਪ੍ਰਕਾਰ, ਧਰਮ ਦੀ ਇਤਿਹਾਸਕ ਉਤਪਤੀ ਦੀ ਗੱਲ ਕਰਨ ਦਾ ਕੋਈ ਅਰਥ ਨਹੀਂ ਹੈ ਕਿਉਂਕਿ ਧਰਮ ਉਨਾ ਹੀ ਪੁਰਾਣਾ ਹੈ ਜਿੰਨੀ ਮਾਨਵ ਜਾਤੀ। ਵਾਸਤਵ ਵਿਚ, ਸਮਾਜਿਕ ਸੰਸਥਾਵਾਂ ਦੀ ਵਿਆਖਿਆ ਉਨ੍ਹਾਂ ਦੀ ਵਿਆਖਿਆ ਉਨ੍ਹਾਂ ਦੀ ਉਤਪਤੀ ਦੇ ਵਰਣਨ ਤੋਂ ਨਹੀਂ ਕੀਤੀ ਜਾ ਸਕਦੀ। ਆਰੰਭਕ ਸਮਾਜਕ ਆਰੰਭਾਂ ਦੇ ਚਿੰਨ੍ਹਾਂ ਦੀ ਖੋਜ ਕਰਨਾ ਅਸੰਭਵ ਹੈ। ਕਿਉਂਕਿ ਸੰਸਥਾਵਾਂ ਪੱਥਰ ਨਹੀਂ ਹਨ ਜਿਨਾਂ ਦੀ ਖੁਦਾਈ ਨਹੀਂ ਕੀਤੀ ਜਾ ਸਕਦੀ, ਸੋ ਉਨ੍ਹਾਂ ਦੀ ਉਤਪਤੀ ਦੇ ਬਾਰੇ ਵਿਚ ਕੋਈ ਸਬੂਤ ਅਪ੍ਰਤੱਖ ਅਤੇ ਨਿਸ਼ਕਿਰੀਏ ਹੋਵੇਗਾ। ਵਿਕਾਸਵਾਦੀਆਂ ਦੀ ਕਲਪਨਾਵਾਂ ਵਿਚ ਅਨੇਕ ਅਸੱਤ ਮਾਨਤਾਵਾਂ ਹਨ। ਧਰਮ ਇਕ ਅਤਿ ਪ੍ਰਾਚੀਨ ਸੰਸਥਾ ਹੈ। **ਨੈਂਡਰਥਲ** (Neanderthal) ਵਿਅਕਤੀਆਂ ਵਿਚ ਵੀ, ਜੋ 25,00 ਸਾਲ ਪਹਿਲਾਂ ਰਹਿੰਦੇ ਸਨ, ਧਰਮ ਵਿਦਿਮਾਨ ਸੀ। ਸਭ ਆਦਿਮ ਜਾਤੀਆਂ ਵਿਚ ਵੀ ਧਰਮ ਪਾਇਆ ਜਾਂਦਾ ਸੀ। ਧਰਮ ਦਾ ਆਰੰਭ ਆਪ ਸੰਸਕ੍ਰਿਤੀ ਦੇ ਆਰੰਭ ਦੇ ਨਾਲ ਜੁੜਿਆ ਹੋਇਆ ਹੈ। ਇਹ ਇਕ ਅਨੁਪਮ ਸੰਸਥਾ ਹੈ। ਜਦਕਿ ਹੋਰ ਸਾਰੀਆਂ ਸੰਸਥਾਵਾਂ ਦੀ ਉਤਪਤੀ ਨੂੰ ਮਾਨਵ ਦੀ ਪਸ਼ੂਵਤ ਜਰੂਰਤਾਂ ਅਤੇ ਉਸਦੀ ਸ਼ਰੀਰਕ ਵਿਸ਼ੇਸ਼ਤਾਵ ਵਿਚ ਖੋਜਿਆ ਜਾ ਸਕਦਾ ਹੈ; ਇਹ ਸਪਸ਼ਟ ਨਹੀਂ ਹੈ ਕਿ ਧਰਮ ਮਾਨਵ ਦੇ ਕਿਨ੍ਹਾਂ ਲਖਸ਼ਣਾਂ ਉਤੇ ਨਿਰਮਿਤ ਹੈ।

## ਧਰਮ ਦੀ ਸਮਾਜਿਕ ਭੂਮਿਕਾ

ਭਾਵੇਂ ਧਰਮ ਇਕ ਨਿਤਾਂਤ ਵਿਅਕਤੀਕ ਵਸਤੂ ਹੈ, ਪਰ ਇਸਦਾ ਸਮਾਜਿਕ ਸਰੂਪ ਅਤੇ ਸਮਾਜਿਕ ਭੂਮਿਕਾ ਹੈ। ਇਹ ਸਮਾਜ ਵਿਚ ਸ਼ਕਤੀਸ਼ਾਲੀ ਅਭਿਕਰਣ ਰਿਹਾ ਹੈ ਅਤੇ ਇਸਨੇ ਅਨੇਕ ਮਹੱਤਵਪੂਰਣ ਕੰਮਾਂ ਦੀ ਪੂਰਤੀ ਕੀਤੀ ਹੈ। ਸੈਲਬੀ (Selbie) ਦਾ ਕਥਨ ਹੈ, "ਗੱਲ ਇਹ ਨਹੀਂ ਕਿ ਪਵਿੱਤਰ ਸਮਾਜ ਅਤੇ ਚਰਚ ਈਸ਼ਵਰ ਬਣ ਜਾਂਦਾ ਹੈ ਅਤੇ ਈਸ਼ਵਰ ਦਾ ਸਥਾਨ ਲੈ ਲੈਂਦਾ ਹੈ, ਸਗੋਂ ਵਸਤੂ ਸਥਿਤੀ ਇਹ ਹੈ ਕਿ ਮਨੁੱਖ ਇਹ ਅਨੁਭਵ ਕਰਦਾ ਹੈ ਕਿ ਉਹ ਆਪਣੇ ਈਸ਼ਵਰ ਨੂੰ ਸਮੁਦਾਏ ਦੇ ਮੈਂਬਰ ਰੂਪ ਵਿਚ, ਦੂਜਿਆਂ ਦੇ ਨਾਲ ਮਿਲ ਕੇ ਪ੍ਰਾਪਤ ਕਰ ਸਕਦਾ ਹੈ, ਉਹ ਸਮੁਦਾਏ ਉਸ ਉਦੇਸ਼ ਦੀ ਪੂਰਤੀ ਲਈ ਨਿਰਮਿਤ ਹੁੰਦਾ ਹੈ ਜਿਸ ਦੇ ਲਈ ਈਸ਼ਵਰ ਦੀ ਅਵਸਥਿਤੀ ਹੈ।" **ਅਰਨਾਲਡ ਡਬਲਿਉ. ਗ੍ਰੀਨ** ਦੇ ਅਨੁਸਾਰ, ਧਰਮ ਦੇ ਤਿੰਨ ਸਾਰਵਭੌਮਿਕ ਕੰਮ ਹਨ—

1. ਪਹਿਲਾ, ਇਹ ਇਸ ਸੰਸਾਰ ਵਿਚ ਵਿਅਕਤੀਗਤ ਦੁਖਾਂ ਦਾ ਯੁਕਤੀਕਰਣ ਕਰ ਉਨ੍ਹਾਂ ਨੂੰ ਸਹਿਨੀਏ ਬਣਾ ਦਿੰਦਾ ਹੈ;
2. ਦੂਜਾ ਇਹ ਆਤਮ ਮਹੱਤਵ ਦੀ ਵ੍ਰਿਧੀ ਕਰਦਾ ਹੈ; ਅਤੇ
3. ਤੀਜਾ, ਇਹ ਸਮਾਜ ਦੇ ਸਮਾਜਿਕ ਕੀਮਤਾਂ ਨੂੰ ਇਕ ਸੰਸਕਤ ਸੰਪੂਰਨ ਵਿਚ ਗੁੰਦਣ ਵਿਚ ਸਹਾਇਤਾ ਦਿੰਦਾ ਹੈ।

1. **ਵਿਅਕਤੀਗਤ ਦੁਖ ਦੀ ਵਿਆਖਿਆ ਕਰਦਾ ਹੈ** (Explains Individiual Sufferings)—ਮਨੁੱਖ ਕੇਵਲ ਗਿਆਨ ਦੇ ਆਧਾਰ ਉਤੇ ਹੀ ਜੀਵਤ ਨਹੀਂ ਰਹਿੰਦਾ। ਉਹ ਇਕ ਭਾਵੁਕ ਪ੍ਰਾਣੀ ਵੀ ਹੈ। ਧਰਮ ਨਿਰਾਸ਼ਾਵਾਂ ਅਤੇ ਦੁਖਾਂ

ਨੋਟ

ਦੇ ਸਮੇਂ ਮਨੁੱਖ ਦੀ ਭਾਵਨਾਵਾਂ ਨੂੰ ਸਾਂਤਵਨਾ ਅਤੇ ਉਸਦੇ ਵਿਅਕਤੀਤਵ ਦੇ ਸਮਾਕਲਨ ਵਿਚ ਯੋਗਦਾਨ ਦਿੰਦਾ ਹੈ। ਸੰਸਾਰ ਵਿਚ, ਮਨੁੱਖ ਨੂੰ ਉਪਲਬਧੀਆਂ ਅਤੇ ਆਸ਼ਾਵਾਂ ਦੇ ਮੱਧ ਵਿਚ ਨਿਰਾਸ਼ਾਵਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਜਿਨ੍ਹਾਂ ਵਸਤੂਆਂ ਨੂੰ ਪ੍ਰਾਪਤ ਕਰਨ ਦੀ ਉਹ ਕੋਸ਼ਿਸ਼ ਕਰਦਾ ਹੈ, ਉਹ ਉਸ ਨੂੰ ਨਹੀਂ ਮਿਲ ਪਾਉਂਦੀਆਂ। ਜਦ ਮਾਨਵੀ ਆਸ਼ਾਵਾਂ ਦਾ ਤੁਸ਼ਾਰਾਪਾਤ ਹੋ ਜਾਂਦਾ ਹੈ, ਜਦ ਸਾਰੇ ਯਤਨ ਵਿਅਰਥ ਹੋ ਜਾਂਦੇ ਹਨ, ਤਦ ਮਨੁੱਖ ਨੂੰ ਸਵਾਭਾਵਿਕਤਾ ਸਾਂਤਵਨਾ ਅਤੇ ਹਾਨੀ ਪੂਰਤੀ ਲਈ ਕੋਈ ਵਸਤੂ ਚਾਹੀਦੀ ਹੈ। ਜਿਸ ਧੀਰਜ ਅਤੇ ਸਮਭਾਵ ਨਾਲ ਧਾਰਮਿਕ ਵਿਅਕਤੀ ਦੁਰਭਾਗ ਅਤੇ ਦੁਖਾਂ ਨੂੰ ਸਹਿਨ ਕਰਦੇ ਹਨ। ਉਹ ਧਾਰਮਿਕ ਵਿਸ਼ਵਾਸਾਂ ਅਤੇ ਕ੍ਰਿਆਵਾਂ ਦੀ ਸ਼ਕਤੀ ਦੀ ਪ੍ਰਮੁੱਖ ਅਭਿਵਿਅਕਤੀ ਹੈ। ਜਦ ਪੁੱਤਰ ਦੀ ਮ੍ਰਿਤੂ ਹੋ ਜਾਂਦੀ ਹੈ ਤਾਂ ਮਨੁੱਖ ਹਮਦਰਦੀ ਦੇ ਸਾਂਸਕਾਰਿਕ ਵਿਨਿਮੇਅ ਵਿਚ ਆਪਣੇ ਦੁਖ ਨੂੰ ਭੁੱਲ ਜਾਣ ਦੀ ਕੋਸ਼ਿਸ਼ ਕਰਦਾ ਹੈ। ਉਹ ਈਸ਼ਵਰ ਉਤੇ ਸ਼ਰਧਾ ਰਖਦਾ ਹੈ ਅਤੇ ਉਸਦੇ ਮਨ ਵਿਚ ਇਹ ਵਿਸ਼ਵਾਸ ਉਤਪੰਨ ਹੁੰਦਾ ਹੈ ਕਿ ਕੋਈ ਅਦ੍ਰਿਸ਼ ਵਿਅਕਤੀ ਰਹੱਸਮਈ ਢੰਗਾਂ ਨਾਲ ਕੰਮ ਕਰਦੀ ਹੈ ਜੋ ਉਸਦੀ ਨੁਕਸਾਨ ਨੂੰ ਵੀ ਅਰਥਪੂਰਣ ਬਣਾ ਦਿੰਦੀ ਹੈ। ਈਸ਼ਵਰ ਵਿਚ ਵਿਸ਼ਵਾਸ ਉਸਦੀ ਨੁਕਸਾਨ ਪੂਰਤੀ ਕਰਦਾ ਹੈ, ਜੀਵਨ ਵਿਚ ਉਸਦੀ ਰੁਚੀ ਨੂੰ ਬਣਾ ਕੇ ਰਖਦਾ ਹੈ ਅਤੇ ਇਸ ਨੂੰ ਸਹਿਨਸ਼ੀਲ ਬਣਾਉਂਦਾ ਹੈ। ਸਮਾਜ ਇਕ ਨਿਸ਼ਚਿਤ ਹੱਦ ਤੋਂ ਪਰੇ ਬੌਧਿਕਤਾ ਨਾਲ ਸ਼ਾਸਿਤ ਨਹੀਂ ਹੋ ਸਕਦਾ। ਇਸ ਪ੍ਰਕਾਰ, ਧਰਮ ਸ਼ੋਕ ਅਤੇ ਡਰ ਤੋਂ ਮੁਕਤੀ ਦਿਵਾਉਂਦਾ ਹੈ। ਇਹ ਵਿਅਕਤੀ ਨੂੰ ਕਿਸੇ ਸੰਕਟ ਨੂੰ ਮੱਧਕਾਲੀਨ ਅਤੇ ਗੌਣ ਸਮਝਣ ਦੇ ਯੋਗ ਬਣਾਉਂਦਾ ਹੈ। ਇਹ ਵਿਅਕਤੀ ਨੂੰ ਨਿਰਾਸ਼ਾਵਾਂ ਦੇ ਸਹਿਣ ਕਨ ਅਤੇ ਉਸਦੇ ਵਿਅਕਤੀਤਵ ਨੂੰ ਸਮਾਕਲਿਤ ਕਰਨ ਵਿਚ ਸਹਾਇਤਾ ਕਰਦਾ ਹੈ।

2. **ਆਤਮ-ਮਹੱਤਵ ਦੀ ਵ੍ਰਿਧੀ ਕਰਦਾ ਹੈ** (Enhances Self-importance)—ਧਰਮ ਮਨੁੱਖ ਨੂੰ ਉਸਦੇ ਅਨੰਤ ਵਿਸਤਾਰ ਉਤੇ ਲੈ ਜਾਂਦੇ ਹੈ। ਮਨੁੱਖ ਆਪਣੇ ਆਪ ਨੂੰ ਅਨੰਤ ਦੇ ਨਾਲ ਸੰਯੁਕਤ ਕਰਦਾ ਹੈ ਅਤੇ ਗੌਰਵਸ਼ਾਲੀ ਮਹਿਸੂਸ ਕਰਦਾ ਹੈ। ਅਨੰਤ ਦੇ ਨਾਲ ਸੰਯੁਕਤੀਕਰਣ ਦੁਆਰਾ ਆਤਮ ਗੌਰਵਸ਼ਾਲੀ ਅਤੇ ਜੇਤੂ ਬਣਦਾ ਹੈ। ਧਾਰਮਿਕ ਵਿਅਕਤੀ ਦੀ ਆਤਮਾ ਸੰਪੂਰਨ ਧਰਤੀ ਦੇ ਸਮਰਾਜ ਤੋਂ ਜ਼ਿਆਦਾ ਮੁੱਲਵਾਨ ਹੈ। ਮਨੁੱਖ ਆਪਣੇ ਆਪ ਨੂੰ ਈਸ਼ਵਰ ਦੀ ਸਭ ਤੋਂ ਵਧੀਆ ਕ੍ਰਿਤੀ ਸਮਝਦਾ ਹੈ। ਜਿਸਦੇ ਨਾਲ ਉਸਦਾ ਮਿਲਨ ਹੋਵੇਗਾ ਅਤੇ ਇਸ ਪ੍ਰਕਾਰ ਉਸਦੀ ਆਤਮਾ ਮਹਾਨ ਅਤੇ ਦਿਵਅ ਬਣ ਜਾਂਦੀ ਹੈ। ਸਮਾਜ ਨੂੰ ਵੀ ਧਰਮ ਦੁਆਰਾ ਇਸ ਪ੍ਰਕਾਰ ਪ੍ਰਦੱਤ ਆਤਮਚਾਤੁਰੀ ਨਾਲ ਲਾਭ ਹੁੰਦਾ ਹੈ। ਧਰਮ ਮਨੁੱਖ ਨੂੰ ਦੂਜੇ ਜੀਵਨ ਵਿਚ ਸਾਂਸਾਰਿਕ ਅਸਫਲਤਾਂਵਾਂ ਦੀ ਨੁਕਸਾਨ ਪੂਰਤੀ ਦੇ ਰੂਪ ਵਿਚ ਪੁਰਸਕਾਰ ਦਾ ਵਿਸ਼ਵਾਸ ਦਿਵਾਉਂਦਾ ਹੈ। ਅਜਿਹਾ ਵਿਸ਼ਵਾਸ ਜ਼ਿਆਦਾਤਰ ਨਿਰਾਸ਼ਾ ਨੂੰ ਦੂਰ ਕਰ ਦਿੰਦਾ ਹੈ ਅਤੇ ਮਨੁੱਖ ਨੂੰ ਸਮਾਜ ਵਿਚ ਆਪਣੀ ਭੂਮਿਕਾ ਸਹੀ ਰੂਪ ਵਿਚ ਨਿਭਾਉਂਦੇ ਰਹਿਣ ਲਈ ਪ੍ਰੋਤਸਾਹਨ ਮਿਲਦਾ ਹੈ।

3. **ਸਮਾਜਿਕ ਸੰਸ਼ਕਤੀ ਦਾ ਸ੍ਰੋਤ** (A source of Social Cohesion)—ਧਰਮ ਸਮਾਜਿਕ ਸੰਸ਼ਕਤੀ ਦਾ ਪਰਮ ਸ੍ਰੋਤ ਹੈ ਸਮਾਜ ਦੀ ਪ੍ਰਾਥਮਿਕ ਜਰੂਰਤ ਸਮਾਜਿਕ ਕੀਮਤਾਂ ਦੀ ਆਮ ਅਧਿਕ੍ਰਿਤੀ ਹੈ ਜਿਸਦੇ ਦੁਆਰਾ ਸਮਾਜ ਜੀਵਤ ਰਹਿੰਦਾ ਹੈ। ਇਨ੍ਹਾਂ ਸਮਾਜਿਕ ਕੀਮਤਾਂ ਨੂੰ ਵਿਗਿਆਨਕ ਢੰਗ ਉਤੇ ਪ੍ਰਮਾਣਤ ਨਹੀਂ ਕੀਤਾ ਜਾ ਸਕਦਾ, ਇਨ੍ਹਾਂ ਦਾ ਉਦਗਮ ਧਾਰਮਿਕ ਵਿਸ਼ਵਾਸ ਨਾਲ ਹੁੰਦਾ ਹੈ। ਧਰਮ ਇਨ੍ਹਾਂ ਕੀਮਤਾਂ ਦਾ ਆਧਾਰ ਹੈ। ਵਿਗਿਆਨ ਅਤੇ ਪ੍ਰੋਦਿਯੋਗਿਕੀ ਇਨ੍ਹਾਂ ਕੀਮਤਾਂ ਨੂੰ ਨਿਰਮਿਤ ਨਹੀਂ ਕਰ ਸਕਦੇ। ਇਹ ਕੀਮਤਾਂ ਤਾਂ ਹੀ ਪ੍ਰਭਾਵੀ ਹੁੰਦੀਆਂ ਹਨ। ਜੇਕਰ ਇਨ੍ਹਾਂ ਦੀ ਵਿਆਖਿਆ ਨਾ ਕੀਤੀ ਜਾਵੇ। ਬੱਚਿਆਂ ਨੂੰ ਮਾਤਾ ਪਿਤਾ ਦੀ ਆਗਿਆ ਦਾ ਪਾਲਨ ਕਰਨਾ ਚਾਹੀਦਾ ਹੈ, ਉਨ੍ਹਾਂ ਨੂੰ ਝੂਠ ਨਹੀਂ ਬੋਲਣਾ ਚਾਹੀਦਾ ਅਤੇ ਧੋਖਾ ਨਹੀਂ ਦੇਣਾ ਚਾਹੀਦਾ, ਇਸਤ੍ਰੀਆਂ ਆਪਣੇ ਪਤੀ ਦੇ ਪ੍ਰਤੀ ਸ਼ਰਧਾਵਾਨ ਹੋਣ, ਵਿਅਕਤੀ ਇਮਾਨਦਾਰ ਅਤੇ ਨੇਕ ਹੋਣ, ਆਦਿ ਕੁਝ ਅਜਿਹੇ ਸਮਾਜਿਕ ਕੀਮਤਾਂ ਹਨ ਜੋ ਸਮਾਜਿਕ ਸੰਸ਼ਕਤੀ ਨੂੰ ਬਣਾ ਕੇ ਰਖਦੇ ਹਨ। ਧਰਮ ਮਨੁੱਖ ਨੂੰ ਅਸਮਾਜਿਕ ਕੰਮਾਂ ਦਾ ਪਰਿਤਿਆਗ ਕਰਣ ਦੀ ਬੇਨਤੀ ਕਰਦਾ ਹੈ ਅਤੇ ਉਸਨੂੰ ਆਪਣੀ ਜਰੂਰਤਾਂ ਅਤੇ ਇੱਛਾਵਾਂ ਨੂੰ ਸੀਮਤ ਕਰਨ ਦਾ ਉਪਦੇਸ਼ ਦਿੰਦਾ ਹੈ। ਪ੍ਰੇਮ ਅਤੇ ਸੇਵਾ ਧਰਮ ਦੀ ਦੋ ਮਹਾਨ ਸਿਖਿਆਵਾਂ ਹਨ। ਸਾਰੇ ਧਰਮਾਂ ਨੇ ਇਨ੍ਹਾਂ ਦੀ ਸਿਖਿਆ ਦਿਤੀ ਹੈ। ਧਰਮ ਨੇ ਸਦਾ ਸਮਾਜ ਵਿਚ ਸਹਿਭਾਵਨਾ ਨੂੰ ਜਨਮ ਦਿਤਾ। **ਬਲੈਕਮਾਰ ਅਤੇ ਗਿਲਿਨ** (Blackmar and Gillin) ਨੇ ਸਮਾਜੀਕਰਣ ਦੀ ਪ੍ਰਕ੍ਰਿਆ ਵਿਚ ਅਤੇ ਸਮਾਜ ਵਿਚ ਨਿਅੰਤ੍ਰਣ ਦੇ ਸਾਧਨ ਰੂਪ ਵਿਚ ਧਰਮ ਦੀ ਕੀਮਤਾਂ ਤੇ ਬਲ ਦਿੰਦੇ ਹੋਏ ਇਸਦਾ ਸ਼ਕਤੀਪੂਰਣ ਸਮਰਥਣ ਕੀਤਾ ਹੈ। ਧਰਮ ਦਾ ਸਭ ਤੋਂ ਜ਼ਿਆਦਾ ਮਹੱਤਵਪੂਰਣ ਕੰਮ ਕਦਾਚਿਤ ਅਨੁਸ਼ਾਸਨਾਤਮਕ ਸੀ। ਧਰਮ ਨੇ ਹੀ ਪਾਸ਼ਵਿਕ ਅਰਾਜਕਤਾ ਨੂੰ ਦੂਰ ਕਰ ਆਗਿਆ ਪਾਲਨ ਅਤੇ ਭਗਤੀ ਦਾ ਪਾਠ ਪੜ੍ਹਾਇਆ।

   ਇਸਦੇ ਅਲਾਵਾ, ਧਰਮ ਪਰਿਵਾਰਕ, ਆਰਥਿਕ ਅਤੇ ਸਮਾਜਿਕ ਸੰਸਥਾਵਾਂ ਦੇ ਰੂਪ ਨੂੰ ਪ੍ਰਭਾਵਤ ਕਰਦਾ ਹੈ। ਅਨੇਕ ਅਵਸਰਾਂ ਜਨਮ, ਵਿਆਹ, ਮ੍ਰਿਤੂ, ਸ਼ਿਕਾਰ, ਪਸ਼ੂਪਾਲਨ ਉਤੇ ਧਾਰਮਿਕ ਸੰਸਕਾਰ ਕੀਤੇ ਜਾਂਦੇ ਹਨ ਜੋ ਪਰਿਵਾਰ, ਨਾਤੇ ਦਾਰੀ, ਹਿਤਾਂ ਅਤੇ ਰਾਜਨੀਤਿਕ ਸੰਸਥਾਵਾਂ ਨਾਲ ਗੂੜੇ ਰੂਪ ਨਾਲ ਸੰਬਧ ਹੁੰਦੇ ਹਨ। ਧਰਮ ਸੱਭਿਅਤਾ ਦੇ ਜੀਵਨ ਵਿਚ ਕੇਂਦਰੀ ਤੱਤ ਰਿਹਾ ਹੈ। ਇਹ ਇਕ ਪ੍ਰਕਾਰ ਦੀ ਆਧਿਆਤਮਕ ਵਿਆਕੁਲਤਾ ਹੀ ਹੁੰਦੀ ਹੈ ਜੋ ਸਭਿਅਤਾ ਦਾ ਨਿਰਮਾਣ ਕਰਦੀ ਹੈ ਅਤੇ ਜੀਵਨ ਨੂੰ ਅਜਿਹਾ ਰੂਪ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੀ ਹੈ ਜੋ ਜਿਗਿਆਸਾ ਦੀ ਸੰਤੁਸ਼ਟੀ ਕਰ ਸਕੇ।

4. **ਸਮਾਜਿਕ ਕਲਿਆਣ** (Social Welfare)—ਧਰਮ ਨੇ ਮਨੁੱਖ ਦੀ ਹੋਰ ਸੇਵਾਂਵਾਂ ਵੀ ਕੀਤੀਆਂ ਹਨ, ਜਿਨ੍ਹਾਂ ਵਿਚ **ਸਮਨਰ ਅਤੇ ਕੇਲਰ** ਨੇ ਕੰਮ ਦੀ ਵਿਵਸਥਾ, ਪੂੰਜੀ ਦੇ ਇੱਕਠਾ ਕਰਨ, ਵਿਲਾਸੀ ਵਰਗ ਦੇ ਜਨਮ, ਕਲਾ ਅਤੇ ਸੰਸਕ੍ਰਿਤੀ

ਨੋਟ

ਦੇ ਪ੍ਰਤੀ ਉਤਸਾਹਸ਼ੀਲ ਪੁਰੋਹਿਤ ਵਰਗ ਦੀ ਉਤਪਤੀ ਨੂੰ ਸ਼ਾਮਲ ਕੀਤਾ ਹੈ। ਪੁਰੋਹਿਤ ਵਰਗ ਨੇ ਦਵਾਈਆਂ ਦੀ ਨੀਂਹ ਰਖੀ। ਪੁਰੋਹਿਤਾਂ ਨੇ ਵਿਦਵਾਨਾਂ ਅਤੇ ਵਿਗਿਆਨਿਕਾਂ ਦੇ ਕੰਮਾਂ ਦੀ ਵੀ ਪੂਰਤੀ ਕੀਤੀ। ਜਾਦੂ ਨੇ ਪਰਿਅਵੇਖਣ ਅਤੇ ਪ੍ਰਯੋਗੀਕਰਣ ਨੂੰ ਆਧਾਰ ਪ੍ਰਦਾਨ ਕੀਤਾ ਜਿਸ ਨਾਲ ਵਿਗਿਆਨ ਦਾ ਵਿਕਾਸ ਹੋਇਆ। ਧਰਮ ਨੇ ਸਿਖਿਆ ਦੇ ਪ੍ਰਸਾਰ ਦੁਆਰਾ ਮਾਨਵਤਾ ਦੀ ਸੇਵਾ ਕੀਤੀ ਹੈ। ਧਾਰਮਿਕ ਗ੍ਰੰਥ ਮਹਾਨ ਸਾਹਿੱਤਕ ਕ੍ਰਿਤੀਆਂ ਅਤੇ ਗਿਆਨ ਦੇ ਭੰਡਾਰ ਹਨ। ਇਸਨੇ ਪਰੋਪਕਾਰਿਤਾ ਅਤੇ ਸੰਜਮ ਉਤੇ ਬਲ ਦਿਤਾ ਹੈ। ਇਸਨੇ ਲੋਕਾਂ ਵਿਚ ਦਾਨ ਦੀ ਭਾਵਨਾ ਨੂੰ ਉਤਪੰਨ ਕੀਤਾ ਜੋ ਅਨੇਕ ਪਰੋਪਕਾਰੀ ਸੰਸਥਾਵਾਂ ਹਸਪਤਾਲ, ਵਿਸ਼੍ਰਾਮਗ੍ਰਹਿ, ਮੰਦਿਰ ਆਦਿ ਖੋਲੇ ਜਿਨ੍ਹਾਂ ਨਾਲ ਨਿਰਧਨਾਂ ਅਤੇ ਜਰੂਰਤਮੰਦ ਲੋਕਾਂ ਨੂੰ ਸਹਾਇਤਾ ਮਿਲੀ।

5. **ਸਮਾਜਿਕ ਨਿਅੰਤ੍ਰਣ ਦਾ ਅਭਿਕਰਣ** (Agency of Social Control)—ਧਰਮ ਕਿਸੇ ਨਾ ਕਿਸੇ ਰੂਪ ਵਿਚ ਅੱਛੇ ਅਤੇ ਬੁਰੇ ਵਿਊਹਾਰ ਦੇ ਨਤੀਜਿਆਂ ਉਤੇ ਬਲ ਦਿੰਦਾ ਹੈ। ਪੁਰਸਕਾਰ ਅਤੇ ਦੰਡ, ਅੱਛੇ ਅਤੇ ਬੁਰੇ ਕੰਮਾਂ ਦਾ ਨਤੀਜਾ ਹੁੰਦਾ ਹੈ। ਧਰਮ ਲੋਕਰੀਤੀਆਂ ਅਤੇ ਪ੍ਰਥਾਵਾਂ ਦਾ ਉਨ੍ਹਾਂ ਦੇ ਪਿੱਛੇ ਅਤਿਪ੍ਰਕ੍ਰਿਤਕ ਸ਼ਕਤੀ ਦੀ ਸੰਪੁਸ਼ਟੀਆਂ ਦੇ ਪਾਸੇ ਧਿਆਨ ਦਿਵਾ ਕੇ ਸਮਰਥਣ ਕਰਦੇ ਹਨ। ਉਹ ਕੁਝ ਕੰਮਾਂ ਨੂੰ ਨਾ ਕੇਵਲ ਸਮਾਜ, ਸਗੋਂ ਈਸ਼ਵਰ ਦੇ ਪ੍ਰਤੀ ਅਪਰਾਧ ਘੋਸ਼ਿਤ ਕਰਦੇ ਹਨ। ਅਵੱਗਿਆ ਦਾ ਨਤੀਜਾ ਆਧਿਆਤਮਕ ਸ਼ਕਤੀਆਂ ਦੁਆਰਾ ਨਿੰਦਾ ਹੋਵੇਗਾ। ਆਪਣੇ ਸਕਾਰਾਤਮਕ ਰੂਪ ਵਿਚ ਧਰਮ ਜੀਵਨ ਦਾ ਆਦਰਸ਼ ਪ੍ਰਸਤੁਤ ਕਰਦਾ ਹੈ। ਇਹ ਕੁਝ ਇਕ ਅਤੇ ਕੀਮਤਾਂ ਵਿਚ ਵਿਸ਼ਵਾਸ ਰਖਦਾ ਹੈ। ਧਾਰਮਿਕ ਵਿਅਕਤੀ ਇਨ੍ਹਾਂ ਆਦਰਸ਼ਾਂ ਅਤੇ ਕੀਮਤਾਂ ਨੂੰ ਆਪਣੇ ਜੀਵਨ ਵਿਚ ਸਥਾਨ ਦਿੰਦਾ ਹੈ। ਧਰਮ ਸਾਡੇ ਨੌਜਵਾਨਾਂ ਨੂੰ ਨੈਤਿਕ, ਅਨੁਸ਼ਾਸਤ ਅਤੇ ਸਮਾਜ ਦੇ ਸਮਾਜੀਕ੍ਰਿਤ ਨਾਗਰਿਕ ਬਣਨ ਵਿਚ ਸਹਾਇਤਾ ਦੇ ਸਕਦਾ ਹੈ। **ਜਾਨਸਨ** (Johnson) ਦਾ ਕਥਨ ਹੈ ਕਿ "ਹਿੰਦੂ ਸਮਾਜਿਕ ਵਿਅਵਸਥਾ ਧਰਮ ਉਤੇ ਆਧਾਰਤ ਹੈ। ਇਸ ਪ੍ਰਕਾਰ, ਨਕਾਰਾਤਮਕ ਅਤੇ ਸਕਾਰਾਤਮਕ ਦੋਵੇਂ ਪ੍ਰਕਾਰ ਨਾਲ ਧਰਮ ਸਮਾਜਿਕ ਨਿਅੰਤਰਣ ਦਾ ਇਕ ਮਹੱਤਵਪੂਰਣ ਸਾਧਨ ਹੈ।"
6. **ਧਰਮ ਆਰਥਿਕ ਜੀਵਨ ਨੂੰ ਵੀ ਪ੍ਰਭਾਵਤ ਅਤੇ ਨਿਅੰਤ੍ਰਿਤ ਕਰਦਾ ਹੈ** (Religion Controls and Affects Economic Life also)—**ਮੈਕਸ ਵੈਬਰ** (Max Weber) ਦਾ ਵਿਚਾਰ ਸੀ ਕਿ ਧਰਮ ਆਪਣੇ ਆਰਾਧਕਾਂ ਦੀ ਆਰਥਿਕ ਵਿਅਵਸਥਾ ਨੂੰ ਵੀ ਪ੍ਰਭਾਵਤ ਕਰਦਾ ਹੈ। ਇਸ ਪ੍ਰਕਾਰ ਉਸਦੇ ਅਨੁਸਾਰ, ਪੂੰਜੀਵਾਦ ਦਾ ਜਨਮ ਪ੍ਰੋਟੇਸਟੇਂਟ ਰਾਸ਼ਟਰਾਂ, ਇੰਗਲੈਂਡ, ਸੰਯੁਕਤ ਰਾਜ ਅਮੇਰਿਕਾ ਅਤੇ ਹਾਲੈਂਡ ਵਿਚ ਹੋਇਆ। ਇਹ ਇਟਲੀ ਅਤੇ ਸਪੇਨ ਵਿਚ ਵਿਕਸਤ ਨਹੀਂ ਹੋਇਆ ਜਿੱਥੇ ਕੈਥੋਲਿਕ ਧਰਮ ਪ੍ਰਚਲਿਤ ਹੈ। ਹਿੰਦੂ ਧਰਮ ਭੌਤਿਕ ਪ੍ਰਗਤੀ ਦੀ ਅਪੇਕਸ਼ਾ ਆਧਿਆਤਮਕ ਪ੍ਰਗਤੀ ਉਤੇ ਜ਼ਿਆਦਾ ਬਲ ਦਿੰਦਾ ਹੈ। ਸੋ ਭਾਰਤ ਵਿਚ ਭੌਤਿਕਵਾਦ ਦਾ ਵਿਕਾਸ ਨਾ ਹੋ ਸਕਿਆ।

**ਧਰਮ ਦੇ ਨੁਕਸਾਨ** (Disservices of Religion)—ਇਸ ਪ੍ਰਕਾਰ, ਧਰਮ ਮਾਨਵ ਸਮਾਜ ਵਿਚ ਇਕ ਮਹਾਨ ਸੰਗਠਨਕਾਰੀ ਸ਼ਕਤੀ ਹੈ ਪਰੰਤੂ ਇਸਦੇ ਨਾਲ ਹੀ ਵਿਨਾਸ਼ਕਾਰੀ ਵੀ ਸਿੱਧ ਹੋਇਆ ਹੈ। ਮਾਰਕਸ ਨੇ ਧਰਮ ਨੂੰ 'ਲੋਕਾਂ ਦੇ ਲਈ ਅਫੀਮ' (opiate of the masses) ਕਿਹਾ ਹੈ ਜਿਸਨੇ ਉਨ੍ਹਾਂ ਨੂੰ ਹੀਨ ਅਵਸਥਾ ਵਿਚ ਰਖਿਆ ਹੈ। ਜਨਤਾ ਨੂੰ ਆਪਣੇ ਭਾਗ ਨਾਲ ਸੰਤੁਸ਼ਟ ਰਹਿਣ ਦੀ ਸਿਖਿਆ ਦਿਤੀ ਜਾਂਦੀ ਹੈ ਜੋ ਉਨ੍ਹਾਂ ਨੂੰ ਭਾਗਵਾਦੀ ਬਣਾ ਦਿੰਦੀ ਹੈ ਅਤੇ ਤਰੱਕੀ ਦਾ ਮਾਰਗ ਅਵਰੁੱਧ ਹੋ ਜਾਂਦਾ ਹੈ। ਧਰਮ ਦਾ ਇਤਿਹਾਸ ਜਿਆਦਾਤਰ ਅਤਿਆਚਾਰਾਂ ਦਾ ਇਤਿਹਾਸ ਹੈ। ਇਸ ਦੇ ਨਾਮ ਉਤੇ ਯੁੱਧ ਲੜੇ ਜਾਂਦੇ ਗਏ ਹਨ। ਧਰਮ ਦੇ ਨਾਮ ਉਤੇ ਤਰੱਕੀ ਨੂੰ ਰੋਕ ਦਿਤਾ ਗਿਆ ਹੈ। ਇਹ ਕੱਟੜਤਾ ਅਤੇ ਅੰਧਵਿਸ਼ਵਾਸ ਦਾ ਰੂਪ ਧਾਰਣ ਕਰ ਲੈਂਦਾ ਹੈ ਅਤੇ ਵਿਚਾਰ-ਸੁਵਾਤੰਤਰ ਨੂੰ ਦਬਾਉਂਦਾ ਹੈ। ਇਸਨੇ ਯੁੱਧ ਅਤੇ ਨਿਰਧਨਤਾ, ਸ਼ੋਸ਼ਣ ਅਤੇ ਭਾਗਵਾਦ, ਵੈਸ਼ਵਾਵ੍ਰਿਤੀ ਅਤੇ ਨਿਠੱਲੇਪਣ ਦਾ ਸਮਰਥਨ ਕੀਤਾ ਹੈ ਅਤੇ ਅਜਿਹੀ ਕ੍ਰਿਆਵਾਂ, ਮਾਨਸ-ਖਾਣਾ, ਆਤਮਹੱਤਿਆ, ਦਾਸਤਾ, ਅਛੂਤਤਾ ਅਤੇ ਲੈਂਗਿਕ ਸਕਰਤਾ ਦਾ ਪੱਖ ਲਿਤਾ ਹੈ। ਕਦਾਚਿਤ ਹੀ ਕੋਈ ਅਜਿਹੀ ਬੁਰਾਈ ਹੋਵੇ ਜਿਸਦਾ ਕਿਸੇ ਨਾ ਕਿਸੇ ਸਮੇਂ ਧਰਮ ਨੇ ਸਮਰਥਨ ਨਾ ਕੀਤਾ ਹੋਵੇ। **ਬਲੈਕਮਾਰ ਅਤੇ ਗਿਲਿਨ** ਨੇ ਲਿਖਿਆ ਹੈ, "ਧਰਮ ਦੀ ਕੱਟੜਤਾ ਅਤੇ ਹਠਧਰਮਿਤਾ ਨੇ ਬਾਰ-ਬਾਰ ਸੱਚ ਦੀ ਖੋਜ ਵਿਚ ਰੋਕ ਪੰਹੁਚਾਈ ਹੈ ਅਤੇ ਜਿਗਿਆਸੂ ਵਿਅਕਤੀਆਂ ਨੂੰ ਤੱਥਾਂ ਦੀ ਖੋਜ ਕਰਨ ਤੋਂ ਰੋਕਿਆ ਹੈ। ਇਸ ਨੇ ਵਿਗਿਆਨ ਦੀ ਪ੍ਰਗਤੀ ਨੂੰ ਅਵਰੁੱਧ ਕੀਤਾ, ਵਿਦਵਾਨਾਂ ਦੁਆਰਾ ਸੁਤੰਤਰ ਖੋਜ ਵਿਚ ਦਖਲ ਕੀਤਾ ਅਤੇ ਆਮ ਲੋਕਾਂ ਦੀ ਪ੍ਰਜਾਤੰਤਰੀ ਆਕਾਂਸ਼ਾਵਾਂ ਦਾ ਦਮਨ ਕੀਤਾ।" ਭਾਰਤ ਵਿਚ ਦੇਸ਼ ਦਾ ਵਿਭਾਜਨ ਧਰਮ ਦੇ ਨਾਮ ਉਤੇ ਹੋਇਆ ਅਤੇ ਅੱਜ ਵੀ ਧਰਮ ਸੰਪਰਦਾਇਕਤਾ ਦੇ ਰੂਪ ਵਿਚ ਰਾਸ਼ਟਰੀ ਅਖੰਡਤਾ ਦੇ ਲਈ ਡਰ ਬਣਿਆ ਹੋਇਆ ਹੈ। ਅਯੋਧਿਆ ਕਾਂਡ ਨੇ 1947 ਦੀ ਸਮ੍ਰਿਤੀ ਨੂੰ ਤਾਜਾ ਕਰ ਦਿਤਾ ਹੈ। ਮੰਦਿਰ ਮਸਜਿਦ ਵਿਵਾਦ ਨੇ ਰਾਸ਼ਟਰ ਨੂੰ ਸੰਪਰਦਾਇਕ ਹੱਤਿਆਵਾਂ ਦੇ ਦੌਰ ਵਿਚ ਧਕੇਲ ਦਿਤਾ ਹੈ। ਰਾਜਨੀਤਿਕ ਦਲ ਧਾਰਮਿਕਤਾ ਦਾ ਵੋਟ ਬੈਂਕ ਖੜੇ ਕਰਨ ਲਈ ਸ਼ੋਸ਼ਣ ਕਰ ਰਹੇ ਹਨ। ਵਰਿਸ਼ਠ ਨੇਤਾਵਾਂ ਨੇ ਧਾਰਮਿਕ ਉਗ੍ਰਵਾਦ ਦੇ ਸਨਮੁਖ ਗੋਡੇ ਟੇਕ ਦਿਤੇ ਹਨ। ਸੱਚੇ ਧਰਮ ਦਾ ਲੋਪ ਹੋ ਗਿਆ ਹੈ। ਧਰਮ ਦਾ ਰਾਜਨੀਤੀਕਰਣ ਅਤੇ ਵਪਾਰੀਕਰਣ ਕਰ ਦਿਤਾ ਗਿਆ ਹੈ। ਸੰਪਰਦਾਇਕ ਸੰਗਠਨਾਂ ਦੀ ਉਤਪਤੀ ਹੋਈ ਹੈ ਜੋ 'ਹੋਰਨਾਂ' ਦੇ ਪ੍ਰਤੀ ਨਫਰਤ ਦਾ ਉਪਦੇਸ਼ ਦਿੰਦੇ ਹਨ। ਅਜੀਬ ਗੱਲ ਤਾਂ ਇਹ ਹੈ ਕਿ ਧਾਰਮਿਕ ਗੁਰੂ ਵੀ ਰਾਜਨੀਤੀ ਦੇ ਅਖਾੜੇ ਵਿਚ ਪ੍ਰਵੇਸ਼ ਕਰ ਗਏ ਹਨ।

ਪਰੰਤੂ ਵਿਭਿੰਨ ਨੁਕਸਾਨ, ਜੋ ਧਰਮ ਦੇ ਨਾਮ ਉਤੇ ਹੋਏ ਹਨ, ਦੇ ਬਾਵਜੂਦ ਯੁਗਾਂ ਤਕ ਇਸਦੀ ਸਥਿਰਤਾ ਇਸਦੇ ਕੀਮਤਾਂ ਦਾ ਸਬੂਤ ਹਨ। ਇਹ ਆਧਾਰਭੂਤ ਕੀਮਤਾਂ ਅਤੇ ਨੈਤਿਕ ਨਿਅਮਾਂ ਦਾ ਪ੍ਰਤਿਪਾਦਕ ਰਿਹਾ ਹੈ ਜੋ ਸਮਾਜ ਨੂੰ ਸੰਗਠਨ ਅਤੇ

ਨੋਟ

ਵਿਅਕਤੀਤਵ ਨੂੰ ਸਮਾਕਲਨ ਪ੍ਰਦਾਨ ਕਰਦੇ ਹਨ। **ਸਮਨਰ ਅਤੇ ਕੇਲਰ** ਨੇ ਹੇਠ ਲਿਖੇ ਸ਼ਬਦਾਂ ਵਿਚ ਧਰਮ ਉਤੇ ਆਪਣੇ ਨਿਰਣੇ ਦਾ ਸਾਰ ਰੂਪ ਦਿਤਾ–

"ਜੇਕਰ ਕੋਈ ਧਰਮ ਦੇ ਵਿਰੁੱਧ ਆਖੇਪਾਂ ਨੂੰ ਨਿਸ਼ਪੱਖਤਾਪੂਰਬਕ ਅਵਲੋਕਨ ਕਰੇ ਅਤੇ ਉਨ੍ਹਾਂ ਸਭ ਨੂੰ ਪੂਰਨ ਤੌਰ ਤੇ ਅਤੇ ਕੁਝ ਮਾਤਰਾ ਵਿਚ ਸਵੀਕਾਰ ਕਰ ਲਵੇ ਅਤੇ ਉਪਰੰਤ ਧਾਰਮਿਕ ਪ੍ਰਣਾਲੀਆਂ ਦੁਆਰਾ ਮਾਨਵ ਜਾਤੀ ਉਤੇ ਕੀਤੇ ਗਏ ਅਤਿਆਚਾਰਾਂ ਅਤੇ ਨੁਕਸਾਨਾਂ ਨੂੰ ਵੀ ਸਵੀਕਾਰ ਕਰ ਲਵੇ, ਤਦ ਵੀ ਅੰਤ ਵਿਚ ਉਸ ਨੂੰ ਮੰਨਣਾ ਪਵੇਗਾ ਕਿ ਧਰਮ ਦੀ ਜੋ ਕੀਮਤ ਦਿਤੀ ਗਈ ਹੈ, ਉਹ ਇਸਦੇ ਯੋਗ ਸੀ। ਭਾਵੇਂ ਧਰਮ ਮਹਿੰਗਾ ਗਿਆ ਹੈ, ਤਦ ਵੀ ਇਸਦੇ ਪ੍ਰਭਾਵ ਵੀ ਰਹੇ ਹਨ।"

ਟਾਸਕ  ਕੀ ਧਰਮ ਵਿਅਕਤੀਗਤ ਦੁਖ ਦੀ ਵਿਆਖਿਆ ਕਰਦਾ ਹੈ?

## ਧਰਮ ਅਤੇ ਵਿਗਿਆਨ

**ਧਰਮ ਅਤੇ ਵਿਗਿਆਨ ਪਰਸਪਰ ਵਿਰੋਧੀ ਹਨ** (Religon is Incompatible with Science)—ਇਹ ਪ੍ਰਸ਼ਨ ਕਿ ਕੀ ਵਿਗਿਆਨ ਅਤੇ ਧਰਮ ਪਰਸਪਰ ਵਿਰੋਧੀ ਹਨ, ਉੱਨੀਵੀਂ ਸ਼ਤਾਬਦੀ ਦੇ ਵਾਦ-ਵਿਵਾਦਾਂ ਵਿਚ ਇਕ ਪ੍ਰਮੁੱਖ ਵਿਸ਼ੇ ਸੀ। ਕੁਝ ਲੇਖਕਾਂ ਦਾ ਵਿਚਾਰ ਹੈ ਕਿ ਵਿਗਿਆਨ ਅਤੇ ਧਰਮ ਪਰਸਪਰ ਵਿਰੋਧੀ ਹਨ। **ਹੈਰੀ ਐਲਮਰ ਬਾਰਨਸ** (Harry Elmer Barnes) ਨੇ ਲਿਖਿਆ ਹੈ, "ਜਦ ਕਿ ਰੂੜੀਵਾਦੀ ਧਰਮ ਅਤੇ ਆਧੁਨਿਕ ਵਿਗਿਆਨ ਦੇ ਮੱਧ ਪਰਸਪਰ ਵਿਰੋਧੀ ਸੰਘਰਸ਼ ਹੈ, ਉਪਰੋਕਤ ਅਤੇ ਮਾਨਵਵਾਦ ਦੇ ਮੱਧ ਕੋਈ ਨਹੀਂ ਹੈ, ਕਿਉਂਕਿ ਮਾਨਵਵਾਦੀ ਸਪਸ਼ਟਤਾ ਆਪਣੇ ਧਰਮ ਨੂੰ ਵਿਗਿਆਨ ਦੀ ਖੋਜਾਂ ਉਤੇ ਆਧਾਰਤ ਕਰਦੇ ਹਨ।" ਰੂੜੀਵਾਦੀ ਧਰਮ ਦਾ ਨਿਸ਼ਚਿਤ ਰੂਪ ਵਿਚ ਵਿਗਿਆਨ ਦੇ ਨਾਲ ਸੰਘਰਸ਼ ਹੈ। ਇਸ ਤੱਥ ਦਾ ਪ੍ਰਮਾਣ ਉਪਲਬਧ ਹੈ ਕਿ ਰੂੜੀਵਾਦੀ ਧਰਮ ਨੇ ਵਿਗਿਆਨ ਦਾ ਵਿਰੋਧ ਕੀਤਾ ਅਤੇ ਹਰੇਕ ਸੰਭਵ ਵਿਧੀ ਨਾਲ ਇਸਦੇ ਵਿਕਾਸ ਵਿਚ ਦਖਲ ਕੀਤਾ। ਕੋਪਰਨਿਕਸ ਅਤੇ ਗੈਲੀਲਿਓ ਨੂੰ ਆਪਣੀ ਖੋਜਾਂ ਸਮਾਜ ਦੇ ਸਨਮੁਖ ਪ੍ਰਸਤੁਤ ਕਰਨ ਵਿਚ ਬੜੀਆਂ ਕਠਿਨਾਈਆਂ ਹੋਈਆਂ। ਗੈਲੀਲਿਓ ਨੂੰ ਧਾਰਮਿਕ ਵਿਸ਼ਵਾਸ ਦੇ ਵਿਰੁੱਧ ਕੱਢੇ ਗਏ ਨਤੀਜਿਆਂ ਦੇ ਕਾਰਣ ਫਾਂਸੀ ਤੇ ਲਟਕਣਾ ਪਿਆ। ਗੈਲੀਲਿਓ ਨੇ ਸਿੱਧ ਕੀਤਾ ਕਿ ਧਰਤੀ ਸੂਰਜ ਦੇ ਚਾਰੋ ਤਰਫ ਘੁੰਮਦੀ ਹੈ, ਇਹ ਧਾਰਮਿਕ ਵਿਸ਼ਵਾਸ ਦੇ ਵਿਰੁੱਧ ਸੀ ਇਸੇ ਪ੍ਰਕਾਰ ਧਰਮ ਨੇ ਡਾਰਵਿਨ ਅਤੇ ਹਕਸਲੇ ਦੇ ਨਤੀਜਿਆਂ ਨੂੰ ਝੂਠਾ ਸਿੱਧ ਕਰਨ ਦਾ ਯਤਨ ਕੀਤਾ। ਧਰਮ ਦੀ ਰੂੜੀਵਾਦਿਤਾ ਦੇ ਕਾਰਣ ਵਿਗਿਆ ਦੀ ਪ੍ਰਗਤੀ ਬਹੁਤ ਸਮੇਂ ਤਕ ਰੁਕੀ ਰਹੀ। ਜੈਵਿਕ ਵਿਕਾਸ ਦੇ ਸਿਧਾਂਤ ਦਾ ਵੀ ਪਰਿਆਪਤ ਲੰਬੇ ਸਮੇ ਂ ਤਕ ਪ੍ਰੋਟੈਸਟੈਂਟ ਅਤੇ ਕੈਥੋਲਿਕ ਦੋਵੇਂ ਸੰਪਰਦਾਵਾਂ ਦੁਆਰਾ ਵਿਰੋਧ ਹੁੰਦਾ ਰਿਹਾ ਹੈ। ਆਮ ਲੋਕ ਆਪਣਾ ਧਾਰਮਿਕ ਵਿਸ਼ਵਾਸ ਛੱਡ ਕੇ ਵਿਗਿਆਨਕ ਸੱਚ ਨੂੰ ਮੰਨਣ ਦੇ ਲਈ ਜਲਦੀ ਤਿਆਰ ਨਹੀਂ ਹੁੰਦੇ ਸਨ ਅਤੇ ਇਸ ਪ੍ਰਕਾਰ ਧਾਰਮਿਕ ਵਿਸ਼ਵਾਸ ਵਿਗਿਆਨ ਅਤੇ ਆਮ ਜਨਤਾ ਵਿਚ ਸੰਘਰਸ਼ ਉਤਪੰਨ ਕਰ ਦਿੰਦੇ ਸਨ। **ਸਮਨਰ ਅਤੇ ਕੇਲਰ** ਲਿਖਦੇ ਹਨ, "ਧਰਮ ਦੇ ਕਿਸੇ ਅਜਿਹੀ ਪ੍ਰਕਾਰ ਦੀ ਖੋਜ ਕਰਨਾ, ਜਿਸਨੇ ਸੁਤੰਤਰ ਖੋਜ ਦਾ ਸਵਾਗਤ ਕੀਤਾ ਹੋਵੇ ਉੰਨਾ ਹੀ ਕਠਿਨ ਹੈ ਜਿੰਨਾ ਆਸਾਨ ਧਾਰਮਿਕ ਸੱਤਾਵਾਂ ਦੁਆਰਾ ਪ੍ਰਸਿੱਧ ਖੋਜਕਰਤਾਵਾਂ ਨੂੰ ਫਾਂਸੀ ਦੇਣਾ ਅਤੇ ਉਨ੍ਹਾਂ ਉਤੇ ਅਤਿਆਚਾਰ ਕਰਨਾ।" **ਐਂਡ੍ਰਿਊ ਡੀ. ਵਹਾਈਟ** (Andrew D. White) ਦਾ ਵਿਚਾਰ ਹੈ ਕਿ ਵਿਗਿਆਨ ਅਤੇ ਧਰਮ ਵਿਚ ਸੰਘਰਸ਼ ਵਾਸਤਵ ਵਿਚ ਰੂੜੀਵਾਦਿਤਾ ਅਤੇ ਵਿਗਿਆਨ ਦੇ ਮੱਧ ਸੰਘਰਸ਼ ਹੈ, ਨਾ ਕਿ ਧਰਮ ਅਤੇ ਵਿਗਿਆਨ ਦੇ ਮੱਧ। ਪਰੰਤੂ **ਬਾਰਨਸ** (Barnes) ਦੇ ਅਨੁਸਾਰ ਇਸ ਵਿਚਾਰ ਨੂੰ ਸਵੀਕ੍ਰਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਰੂੜੀਵਾਦਿਤਾ ਧਰਮ ਦਰਸ਼ਨ ਦਾ ਇਕ ਅੰਗ ਹੈ। ਅਮੇਰਿਕਨ ਸਮਾਜ ਸ਼ਾਸਤਰੀ **ਕਲੀਫੋਰਡ-ਕਰਕ-ਪੈਟ੍ਰਿਕ** (Clifford Krik-Patrick) ਦਾ ਵਿਚਾਰ ਸੀ ਕਿ ਆਪ ਵਿਗਿਆਨ ਦੀ ਅਪੇਕਸ਼ਾ, ਵਿਗਿਆਨ ਦੇ ਦਰਸ਼ਨ ਅਤੇ ਉਸਦੀ ਪੱਧਤੀ ਦਾ ਧਰਮ ਦੇ ਨਾਲ ਸੰਘਰਸ਼ ਹੈ। ਉਸਨੇ ਵਿਗਿਆਨਕ ਉਪਾਗਮ ਅਤੇ ਧਾਰਮਿਕ ਉਪਾਗਮ ਦੇ ਮੱਧ ਅੰਤਰਾਂ ਦੀ ਵਿਆਖਿਆ ਕਰਕੇ ਉਨ੍ਹਾਂ ਨੂੰ ਵਿਰੋਧੀ ਪਾਇਆ। ਵਿਗਿਆਨ ਪਰਿਵੇਖਣ ਅਤੇ ਇੰਦ੍ਰੀਆਂ ਅਤੇ ਉਪਕਰਣਾਂ ਦੁਆਰਾ ਪ੍ਰਯੋਗ ਉਤੇ ਆਧਾਰਤ ਹੈ। ਇਹ ਕਿਸੇ ਅਜਿਹੇ ਨਤੀਜੇ ਨੂੰ ਮਾਨਤਾ ਪ੍ਰਦਾਨ ਨਹੀਂ ਕਰਦਾ, ਜਿਸ ਨੂੰ ਪਰੀਖਣ ਅਤੇ ਆਨੁਭਵਿਕ ਮੁਲਾਂਕਣ ਦੇ ਆਧਾਰ ਉਤੇ ਵੈਧ ਸਿੱਧ ਨਹੀਂ ਕੀਤਾ ਜਾ ਸਕਦਾ। ਧਰਮ ਦਾ ਸੰਬੰਧ ਅਤਿਪ੍ਰਾਕ੍ਰਿਤ ਸੰਸਾਰ ਤੋਂ ਹੈ। ਇਹ ਵਿਸ਼ਵਾਸ ਅਤੇ ਦੈਵੀ ਗਿਆਨ ਉਤੇ ਆਧਾਰਤ ਹੈ।

**ਵਿਗਿਆਨ ਅਤੇ ਧਰਮ ਪਰਸਪਰ ਵਿਰੋਧੀ ਨਹੀਂ ਹਨ** (Science and Religion are not Incompatible)—ਦੂਜੇ ਪਾਸੇ **ਸੀ.ਈ.ਐਮ. ਜੋਡ** (C.E.M. Joad) ਨੇ ਲਿਖਿਆ ਹੈ, "ਮੈਂ ਇਸ ਆਮ ਵਿਚਾਰ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਵਿਗਿਆਨ ਅਤੇ ਧਰਮ ਵਿਚ ਕੋਈ ਵਿਰੋਧ ਨਹੀਂ ਹੈ। ਮਨੁੱਖ ਦੋ ਵਿਭਿੰਨ ਵਿਵਸਥਾਵਾਂ ਅਤੇ ਮੰਡਲਾਂ ਦਾ ਮੈਂਬਰ ਹੈ, ਵਿਗਿਆਨ ਇਨ੍ਹਾਂ ਵਿਚੋਂ ਕੇਵਲ ਇਕ ਉਤੇ ਵਿਚਾਰ ਕਰਦਾ ਹੈ ਅਤੇ ਉਸ ਉਤੇ ਵੀ ਕੇਵਲ ਉਸੇ ਸੀਮਾ ਤਕ ਜਿਸ ਤਕ ਇਸਨੂੰ ਦੂਜੇ ਤੋਂ ਭਲੀ ਪ੍ਰਕਾਰ ਵਿਲਗ ਕੀਤਾ ਜਾ ਸਕਦਾ ਹੈ ਅਤੇ ਇਕ ਸਮਗ੍ਰ ਗਿਆਨ ਦੇ ਰੂਪ ਵਿਚ ਇਸਦਾ ਅਧਿਐਨ ਕੀਤਾ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿਚ, ਵਿਗਿਆਨ ਅਤਿਪ੍ਰਾਕ੍ਰਿਤਕ ਵਿਅਵਸਥਾ ਦੇ ਪ੍ਰਭਾਵ ਨੂੰ ਵਰਣਿਤ ਨਹੀਂ ਕਰ ਸਕਦਾ, ਕਿਉਂਕਿ

ਨੋਟ

ਇਸਦਾ ਸੰਬੰਧ ਪ੍ਰਾਕ੍ਰਿਤਕ ਵਿਅਵਸਥਾ ਦੀ ਸੰਪੂਰਨ ਅਤੇ ਉਸਦੇ ਪ੍ਰਸਤਾਵ ਤੋਂ ਹੈ। ਜੇਕਰ ਅਜਿਹਾ ਹੈ ਤਾਂ ਸਾਨੂੰ ਇਸ ਨਤੀਜੇ ਨੂੰ ਮੰਨ ਲੈਣਾ ਚਾਹੀਦਾ ਹੈ ਕਿ ਪ੍ਰਾਕ੍ਰਿਤਕ ਵਿਅਵਸਥਾ ਦੀ ਸੰਪੂਰਨ ਵਿਆਖਿਆ ਨਹੀਂ ਕੀਤ ਜਾ ਸਕਦੀ, ਜਦ ਤਕ ਉਸ ਵਿਚ ਅਤਿਪ੍ਰਾਕ੍ਰਿਤਕ ਪ੍ਰਭਾਵਾਂ ਨੂੰ ਵੀ ਧਿਆਨ ਵਿਚ ਨਾ ਰਖਿਆ ਜਾਵੇ।"

ਵਾਸਤਵ ਵਿਚ ਇਹ ਸਮਝ ਪਾਉਣਾ ਮੁਸ਼ਕਲ ਹੈ ਕਿ ਵਿਗਿਆਨ ਦਾ ਧਰਮ ਨਾਲ ਕਿਸ ਪ੍ਰਕਾਰ ਵਿਰੋਧ ਹੈ। ਵਿਗਿਆਨ ਦਾ ਉਦੇਸ਼ ਵਿਸ਼ਵ ਦੇ ਭੌਤਿਕ ਸਰੂਪ ਦਾ ਅਧਿਐਨ ਕਰਨਾ ਹੈ, ਜਦਕਿ ਧਰਮ ਦੀ ਤਾਤਕਾਲਿਕ ਅਧਿਐਨ-ਵਸਤੂ ਈਸ਼ਵਰ ਅਤੇ ਅਤਿਪ੍ਰਾਕ੍ਰਿਤਕ ਜੀਵਨ ਹੈ। ਨਿਸੰਦੇਹ ਵਿਗਿਆਨ ਵਾਸਤਵਿਕਤਾ ਦੇ ਬਹੁਤ ਜ਼ਿਆਦਾ ਪੱਖਾਂ ਦਾ ਅਧਿਐਨ ਕਰ ਰਿਹਾ ਹੈ ਅਤੇ ਨਖਿਅਤ੍ਰਾ, ਚੰਦਰਮਾ ਅਤੇ ਹੋਰ ਗ੍ਰਿਹਾਂ ਦੇ ਵਿਸ਼ੇ ਵਿਚ ਜ਼ਿਆਦਾ ਗਿਆਨ ਪ੍ਰਾਪਤ ਕਰਨ ਦਾ ਯਤਨ ਕਰ ਰਿਹਾ ਹੈ, ਤਦ ਵੀ ਇਹ ਸਾਰੀਆਂ ਸਮੱਸਿਆਵਾਂ ਦਾ ਹਲ ਨਾ ਕਰ ਸਕਿਆ ਹੈ ਅਤੇ ਨਾ ਹੀ ਇਹ ਆਸ਼ਾ ਹੈ ਕਿ ਇਹ ਮਨੁੱਖ ਦੇ ਵਿਸ਼ਵ ਦੇ ਨਾਲ ਸੰਬੰਧਾਂ ਤੋਂ ਸੰਬੰਧਤ ਸਭ ਸਮੱਸਿਆਵਾਂ ਦਾ ਹਲ ਲੱਭ ਲਵੇਗਾ। ਕਿਸੇ ਵਸਤੂ ਨੂੰ, ਜੋ ਵਿਗਿਆਨਕ ਨਹੀਂ ਹੈ, ਇਹ ਗੈਰ-ਵਿਗਿਆਨਕ ਅਨੁਸੰਧਾਨ ਦੇ ਖੇਤਰ ਤੋਂ ਬਾਹਰ ਹੈ, ਹੋਂਦ ਹੀਣ ਸਿੱਧ ਨਹੀਂ ਕੀਤਾ ਜਾ ਸਕਦਾ। ਧਰਮ ਅਵੈਗਿਆਨਕ ਨਹੀਂ ਹੈ। ਇਹ ਗੈਰ-ਵਿਗਿਆਨਕ ਹੈ।

ਧਾਰਮਿਕ ਵਿਵਹਾਰ ਦੀ ਵਿਗਿਆਨਕ ਵਿਆਖਿਆ ਨਹੀਂ ਕੀਤੀ ਜਾ ਸਕਦੀ। ਭਾਵੇਂ ਅਸੀਂ ਵਿਗਿਆਨ ਦੇ ਖੇਤਰ ਵਿਚ ਕਿੰਨੀ ਹੀ ਤਰੱਕੀ ਕਰ ਲਈਏ, ਅਸੀਂ ਧਰਮ ਦੇ ਬਿਨਾ ਨਹੀਂ ਰਹਿ ਸਕਦੇ। ਪ੍ਰਸਿੱਧ ਵਿਗਿਆਨ, ਆਈਨਸਟੀਨ ਵੀ ਧਾਰਮਿਕ ਪ੍ਰਵਿਰਤੀ ਦੇ ਵਿਅਕਤੀ ਸਨ। **ਗ੍ਰੀਨ** (Green) ਨੇ ਲਿਖਿਆ ਹੈ, "ਇੱਥੇ ਸਿੱਧ ਹੋ ਚੁਕਾ ਹੈ ਕਿ ਮਨੁੱਖ ਅਤੇ ਸਮਾਜ ਵਿਗਿਆਨ ਦੇ ਬਿਨਾਂ ਜੀਵਿਤ ਰਹਿ ਸਕਣ ਵਿਚ ਸਮਰਥ ਹਨ। ਪਰੰਤੂ ਮਨੁੱਖ ਅਤੇ ਸਮਾਜ ਧਰਤ ਦੇ ਬਿਨਾਂ ਜੀਵਤ ਰਹਿ ਸਕਦੇ ਹਨ, ਇਹ ਅਜੇ ਸਿੱਧ ਨਹੀਂ ਹੋਇਆ ਹੈ।" **ਆਗਬਰਨ ਅਤੇ ਨਿਮਕਾਫ** ਨੇ ਲਿਖਿਆ ਹੈ, "ਕੁਝ ਲੋਕ ਅਜਿਹੇ ਹਨ ਜੋ ਸੋਚਦੇ ਹਨ ਕਿ ਉਹ ਧਰਮ ਦੇ ਬਿਨਾਂ ਨਿਰਵਾਹ ਕਰ ਸਕਦੇ ਹਨ। ਪਰੰਤੂ ਉਹ ਧਾਰਮਿਕ ਅਨੁਭਵ ਦੇ ਮੁੱਲ ਤੋਂ ਅਪਰਿਚਿਤ ਹਨ। ਧਰਮ ਦੀ ਜਰੂਰਤ ਵਿਅਕਤੀ ਅਤੇ ਕਾਲ ਦੇ ਅਨੁਸਾਰ ਘੱਟ ਅਤੇ ਜ਼ਿਆਦਾ ਹੋ ਸਕਦੀ ਹੈ। ਆਧੁਨਿਕ ਜੀਵਨ ਵਿਚ ਤਣਾਅ ਬਹੁਤ ਜ਼ਿਆਦਾ ਹੈ। ਸਾਡੇ ਹਸਪਤਾਲ ਮਾਨਸਿਕ ਰੋਗੀਆਂ ਨਾਲ ਭਰੇ ਪਏ ਹਨ। ਇਸਦਾ ਕਦਾਚਿਤ ਇਕ ਕਾਰਣ ਜੀਵਨ ਦੇ ਵਧਦੇ ਹੋਏ ਤਣਾਅ ਨੂੰ ਦੂਰ ਕਰਨ ਵਿਚ ਧਰਮ ਦੀ ਅਸਫਲਤਾ ਹੈ। ਬਦਕਿਸਮਤੀ ਨਾਲ, ਧਾਰਮਿਕ ਵਿਸ਼ਵਾਸ ਨੂੰ ਕਿਸੇ ਵਿਸ਼ਿਸ਼ਟ ਸੰਪਰਦਾ ਨਾਲ ਸੰਯੁਕਤ ਕਰ ਦਿਤਾ ਜਾਂਦਾ ਹੈ, ਨਵੇਂ ਗਿਆਨ ਦੁਆਰਾ ਉਤਰੋਕਤ ਨੂੰ ਜਦ ਧੱਕਾ ਲਗਦਾ ਹੈ ਤਾਂ ਉਸ ਨਾਲ ਅਨੇਕ ਵਿਅਕਤੀਆਂ ਦਾ ਵਿਸ਼ਵਾਸ ਵੀ ਖਤਮ ਹੋ ਜਾਂਦਾ ਹੈ। ਉਹ ਇਸ ਤੱਥ ਨੂੰ ਨਹੀਂ ਸਮਝ ਪਾਉਂਦੇ ਕਿ ਧਾਰਮਿਕ ਅਨੁਭੂਤੀ ਵਿਸ਼ਿਸ਼ਟ ਵਿਸ਼ਵਾਸਾਂ ਤੋਂ ਸੁਤੰਤਰ ਵਸਤੂ ਹੈ ਅਤੇ ਉਹ ਨਵੇਂ ਗਿਆਨ ਦੇ ਸੰਦਰਭ ਵਿਚ ਆਪਣੇ ਵਿਸ਼ਵਾਸਾਂ ਦੀ ਮੁੜ ਰਚਨਾ ਕਰ ਸਕਦੇ ਹਨ। ਚਰਚ ਵੀ ਇਸ ਸਥਿਤੀ ਦੇ ਲਈ ਜ਼ਿੰਮੇਵਾਰ ਹੈ, ਕਿਉਂਕਿ ਉਸਨੇ ਆਪਣੇ ਧਾਰਮਿਕ ਵਿਚਾਰ ਨੂੰ ਨਵੀਨ ਤੱਥਾਂ ਅਤੇ ਦ੍ਰਿਸ਼ਟੀਕੋਣਾਂ ਨਾਲ ਅਨੁਕੂਲਿਤ ਨਹੀਂ ਕੀਤਾ ਹੈ।" ਜੇਕਰ ਧਰਮ ਆਤਮਾ ਨੂੰ ਸ਼ਾਂਤੀ ਦਿੰਦਾ ਹੈ, ਆਤਮ ਦਾ ਅਨੰਤ ਤਕ ਵਿਸਤਾਰਣ ਕਰਦਾ ਹੈ, ਜੀਵਨ ਨੂੰ ਸਹਿਨਸ਼ੀਲ ਬਣਾਉਂਦਾ ਹੈ ਅਤੇ ਸਾਡੇ ਅੰਦਰ ਸ੍ਰੇਸ਼ਠ ਲਕਸ਼ਆਂ ਨੂੰ ਜਾਗ੍ਰਤ ਕਰਦਾ ਹੈ ਤਾਂ ਵਿਗਿਆਨ ਦੀ ਪ੍ਰਗਤੀ ਦੇ ਬਾਵਜੂਦ ਇਸਦੀ ਅਤਿਅੰਤ ਜਰੂਰਤ ਹੈ। ਧਰਮ ਦਾ ਅਤਾਰਕਿਕ ਸਰੂਪ ਸਮਾਜ ਅਤੇ ਵਿਅਕਤੀ, ਦੋਵਾਂ ਦੇ ਲਈ ਮਹੱਤਵਪੂਰਣ ਕੰਮ ਕਰਦਾ ਹੈ, ਜਿਸ ਨੂੰ ਵਿਸ਼ਵ ਦੀ ਧਾਰਮਿਕ ਵਿਆਖਿਆ ਦੇ ਸਥਾਨ ਉਤੇ ਵਿਗਿਆਨ ਵਿਆਖਿਆਵਾਂ ਨੂੰ ਪ੍ਰਸਥਾਪਿਤ ਕਰਕੇ ਖਤਮ ਨਹੀਂ ਕੀਤਾ ਜਾ ਸਕਦਾ। ਧਰਮ ਨੂੰ ਵਿਗਿਆਨ ਵਿਚ ਕੋਈ ਵਿਰੋਧ ਨਹੀਂ ਹੈ, ਸਗੋਂ ਮਨੁੱਖ ਅਤੇ ਵਿਸ਼ਵ ਦੀ ਪ੍ਰਕ੍ਰਿਤੀ ਨੂੰ ਜ਼ਿਆਦਾ ਪੂਰਨ ਰੂਪ ਨਾਲ ਸਮਝਣ ਦੇ ਲਈ ਧਰਮ ਦੀ ਜ਼ਿਆਦਾ ਜਰੂਰਤ ਹੈ। ਇਸਦੇ ਅਲਾਵਾ, ਧਾਰਮਿਕ ਵਿਸ਼ਵਾਸਾਂ ਨੂੰ ਸਮਾਜਿਕ ਕੀਮਤ ਉਨ੍ਹਾਂ ਦੇ ਬਹੀ ਹੋਣ ਉਤੇ ਨਿਰਭਰ ਨਹੀਂ ਹੈ। ਇਹ ਤਾਂ ਕੇਵਲ ਵਿਸ਼ਵਾਸ ਉਤੇ ਆਧਾਰਤ ਹੈ। ਇਹ ਤੱਥ ਕਿ ਉਹ ਮਾਨਵੀ ਤਰਕ ਤੋਂ ਪਰੇ ਦੀ ਵਸਤੂ ਹੈ, ਉਨ੍ਹਾਂ ਦੇ ਸਮਾਜਿਕ ਕੀਮਤਾਂ ਨੂੰ ਸਮਝਣ ਦੀ ਪ੍ਰਮੁੱਖ ਕੁੰਜੀ ਹੈ। ਉਨ੍ਹਾਂ ਦਾ ਪ੍ਰਭਾਵ ਇਸੇ ਗੱਲ ਉਤੇ ਨਿਰਭਰ ਹੈ ਕਿ ਵਿਗਿਆਨਕ ਰੂਪ ਤੋਂ ਉਹ ਅਸੱਤ ਹੈ।

ਆਧੁਨਿਕ ਸਮਾਜ ਵਿਚ ਧਰਮ ਦੀ ਜਰੂਰਤ ਘੱਟ ਮਹੱਤਵਪੂਰਨ ਨਹੀਂ ਹੈ। ਜਿਵੇਂ ਕਿ ਉਪਰ ਕਿਹਾ ਗਿਆ ਹੈ, ਆਧੁਨਿਕ ਜੀਵਨ ਵਿਚ ਬਹੁਤ ਜ਼ਿਆਦਾ ਤਣਾਵ ਹੈ। ਮਾਨਸਿਕ ਰੋਗੀਆਂ ਦੀ ਗਿਣਤੀ ਵਾਧੇ ਦੀ ਤਰਫ ਹੈ। ਆਤਮਹੱਤਿਆ ਦੇ ਮਾਮਲੇ ਵਧ ਰਹੇ ਹਨ। ਵਿਗਿਆਨ ਆਧੁਨਿਕ ਜੀਵਨ ਦੀ ਸਾਰੀ ਸਮੱਸਿਆਵਾ ਦਾ ਸਮਾਧਾਨ ਨਹੀਂ ਕਰ ਸਕਦਾ। ਜੇਕਰ ਕੋਈ ਜਨਸੰਖਿਆ ਆਪਣੀ ਮਨੋਵ੍ਰਿਤੀਆਂ ਵਿਚ ਬਹੁਤ ਜ਼ਿਆਦਾ ਤਥਾਤਮਕ, ਆਪਣੇ ਵਿਓਹਾਰ ਵਿਚ ਜਿਆਦਾ ਵਿਚਾਰਸ਼ੀਲ ਅਤੇ ਆਪਣੀ ਕੀਮਤਾਂ ਵਿਚ ਜਿਆਦਾ ਕੂਟਨੀਤਿਕ ਬਣ ਜਾਂਦੀ ਹੈ ਤਾਂ ਸੰਭਵ ਤੌਰ ਤੇ ਵਿਅਵਸਥਾ ਅਤੇ ਸਰੰਖਿਅਣ ਬਣਾ ਕੇ ਰਖਣ ਹੇਤੂ ਇਹ ਯਥੇਸ਼ਠ ਰੂਪ ਵਿਚ ਸੰਯੁਕਤ ਨਹੀਂ ਕਰ ਸਕਦੀ। ਧਰਮ ਨਿਰਪੇਖਤਾ ਦੀ ਹੱਦ ਹੁੰਦੀ ਹੈ। ਇਹ ਅਸੰਭਵ ਜਿਹਾ ਦਿਖਾਈ ਦਿੰਦਾ ਹੈ ਕਿ ਵਿਗਿਆਨ ਧਰਮ ਨੂੰ ਅਤੇ ਧਰਮ ਵਿਗਿਆਨ ਨੂੰ ਪੂਰਣਤਾ ਵਿਸਥਾਪਿਤਤ ਕਰ ਦੇਵੇਗਾ। ਆਪਣੇ ਜੀਵਨ ਨੂੰ ਜ਼ਿਆਦਾ ਅਰਥਪੂਰਣ ਅਤੇ ਉਦੇਸ਼ਪੂਰਣ ਬਣਾਉਣ ਲਈ ਸਾਨੂੰ ਕਿਸੇ ਨੈਤਿਕ ਅਤੇ ਆਧਿਆਤਮਕ ਸੱਚ ਉਤੇ ਆਸ਼੍ਰਿਤ ਹੋਣਾ ਹੋਵੇਗਾ। ਸਾਨੂੰ ਕਿਸੇ ਅਨੰਤ ਸ਼ਕਤੀ ਵਿਚ ਵਿਸ਼ਵਾਸ ਕਰਨਾ ਹੋਵੇਗਾ, ਭਾਵੇਂ ਅਸੀਂ ਉਸ ਸ਼ਕਤੀ ਨੂੰ ਈਸ਼ਵਰ ਕਹਿੰਦੇ ਹਾਂ ਅਤੇ ਜੀਵਨ ਦੇਣ ਵਾਲਾ ਅਤੇ ਅਣਦੇਖੀ ਸ਼ਕਤੀ ਵਿਚ ਆਸਥਾ ਦੇ ਸਮ੍ਰਿਸ਼ਣ ਤੋਂ ਹੀ ਹੋ ਸਕਦਾ ਹੈ।

ਨਿਸੰਦੇਹ ਇਹ ਸਹੀ ਹੈ ਕਿ ਕਦੀ-ਕਦੀ ਧਰਮ ਨੂੰ ਅਪਰ ਪ੍ਰਕ੍ਰਿਤੀਵਾਦ ਅਤੇ ਹਠਧਰਮਿਤਾ ਨਾਲ ਬਹੁਤ ਜ਼ਿਆਦਾ ਪਾਬੰਦ ਕਰ ਦਿਤਾ ਜਾਂਦਾ ਹੈ, ਪਰੰਤੂ ਧਰਮ ਦੀ ਅਰਵਾਚੀਨ ਪ੍ਰਵਿਰਤੀ ਰੂੜੀਵਾਦਿਤਾ ਦੀ ਅਪੇਕਸ਼ਾ ਸਮਾਜਿਕ ਕੀਮਤਾਂ ਉਤੇ ਜ਼ਿਆਦਾ ਬਲ

ਨੋਟ

ਦੇਣ ਦੀ ਤਰਫ ਹੈ। ਇਸਨੇ ਆਪਣੇ ਸਿਧਾਂਤਾਂ ਨੂੰ ਵਿਗਿਆਨਕ ਗਿਆਨ ਦੇ ਨਾਲ ਸੰਯਤ ਕਰਨ ਦਾ ਯਤਨ ਕੀਤਾ ਹੈ। ਧਰਮਸ਼ਾਸਤਰੀ ਸਮਾਜਿਕ ਸਿਧਾਂਤਾਂ ਦੀ ਪੰਜਾਹ ਸਾਲ ਪੂਰਵ ਦੀ ਅਪੇਕਸ਼ਾ ਹੁਣ ਘਟ ਅਲੋਚਨਾ ਕਰਦੇ ਹਨ। ਧਾਰਮਿਕ ਨੇਤਾ ਭੌਤਿਕ ਅਤੇ ਸਮਾਜਿਕ ਘਟਨਾ-ਵਸਤੂ ਦੀ ਵਿਆਖਿਆ ਵਿਚ ਹੁਣ ਜ਼ਿਆਦਾ ਵਿਗਿਆਨਕ ਤੱਥਾਂ ਦਾ ਪ੍ਰਯੋਗ ਕਦੇ ਹਨ। ਉਹ ਸਵਾਸਥ ਨੂੰ ਬਣਾਏ ਰਖਣ, ਜਨਮ-ਦਰ ਘਟਾਉਣ, ਰੋਗਾਂ ਦਾ ਉਪਚਾਰ ਕਰਨ, ਕਾਮ-ਭਾਵਨਾਂ ਨੂੰ ਨਿਅੰਤ੍ਰਿਤ ਕਰਨ ਅਤੇ ਆਰਥਿਕ ਗਤੀਵਿਧੀਆਂ ਦੇ ਨਿਅਮਿਤ ਕਰਨ ਪੂਜਾ ਦੀ ਅਪੇਕਸ਼ਾ ਮਨੁੱਖ ਦੀ ਸੇਵਾ ਦੇ ਆਧਾਰ ਉਤੇ ਧਰਮ ਦਾ ਨਿਰਮਾਣ ਕਰਨ ਦਾ ਯਤਨ ਕੀਤਾ ਹੈ। ਆਧੁਨਿਕ ਪ੍ਰਵਿਰਤੀ ਧਰਮ ਦੇ ਸਮਾਜੀਕਰਣ ਅਤੇ ਲੌਕਿਕੀਕਰਣ ਦੇ ਪਾਸੇ ਹੈ। ਜੇਕਰ ਇਕ ਵਾਰ ਧਰਮ ਰੂੜੀਵਾਦਿਤਾ ਅਤੇ ਅਪਰ-ਪ੍ਰਕ੍ਰਿਤੀਵਾਦ ਤੋਂ ਉਤੇ ਉਠ ਗਿਆ ਤਾਂ ਇਹ ਪ੍ਰਬਲ ਸਿਰਜਣਾਤਮਕ ਸ਼ਕਤੀ ਬਣ ਜਾਏਗਾ ਜੋ ਬਣਾ ਕੇ ਰਖਣਯੋਗ ਹੋਵੇਗੀ। ਜਿੰਨਾ ਜ਼ਿਆਦਾ ਇਹ ਵਰਤਮਾਨ ਦਸ਼ਾਵਾਂ ਅਤੇ ਤੱਥਾਤਮਕ ਗਿਆਨ ਦੇ ਨਾਲ ਸਮੰਜਿਤ ਹੋਵੇਗਾ, ਉਨੀ ਹੀ ਸੰਸਥਾ ਦੇ ਰੂਪ ਵਿਚ ਜ਼ਿਆਦਾ ਇਸਦੇ ਪ੍ਰਭਾਵੀ ਬਣਨ ਦੀ ਸੰਭਾਵਨਾ ਹੋਵੇਗੀ। **ਬਾਰਨਸ** (Barnes) ਨੇ ਠੀਕ ਹੀ ਕਿਹਾ ਹੈ, "ਸਰੰਖਿਅਣ ਯੋਗ ਧਰਮ ਈਸ਼ਵਰ ਨੂੰ ਖੁਸ਼ ਕਰਨ ਦੀ ਅਪੇਕਸ਼ਾ ਸਮਾਜ ਦੇ ਲਾਭ ਲਈ ਲੋਕਾਂ ਨੂੰ ਸੰਗਠਤ ਅਤੇ ਉਨ੍ਹਾਂ ਦੀ ਗਤੀਵਿਧੀਆਂ ਦਾ ਮਾਰਗ ਦਰਸ਼ਨ ਕਰਨ ਵਾਲਾ ਹੋਣਾ ਚਾਹੀਦਾ ਹੈ।"

## ਸਵ-ਮੁਲਾਂਕਣ (Self Assessment)

1. **ਸਹੀ ਵਿਕਲਪ ਚੁਣੋ (Choose the correct option)—**

(*i*) ਉਨੀਂਵੀ ਸ਼ਤਾਬਦੀ ਵਿਚ ਗਰਭ ਨਿਰੋਧਕਾਂ ਨੂੰ ਕੀ ਕਿਹਾ ਜਾਂਦਾ ਸੀ—

(*a*) ਨੈਤਿਕ (*b*) ਅਨੈਤਿਕ

(*c*) *a* ਅਤੇ *b* ਦੋਵੇਂ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(*ii*) ਪ੍ਰਾਕ੍ਰਿਤਕ ਪ੍ਰਵਰਣ ਸਮਾਜਿਕ ਵਿਕਾਸ ਦਾ ਮੂਲਮੰਤਰ ਹੈ ਇਹ ਕਿਸਨੇ ਕਿਹਾ ਹੈ—

(*a*) ਪਿਅਰਸਨ (*b*) ਹਰਬਰਟ ਸਪੇਂਸਰ

(*c*) ਡਾਰਵਿਨ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(*iii*) ਸਮਾਜਿਕ ਪਰਿਵਰਤਣ ਦੇ ਆਰਥਿਕ ਸਿਧਾਂਤ ਦੇ ਪ੍ਰਮੁੱਖ ਪ੍ਰਤੀਪਾਦਕ ਹਨ—

(*a*) ਕਾਰਲ ਮਾਰਕਸ (*b*) ਡਾਰਵਿਨ

(*c*) ਪਿਅਰਸਨ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(*iv*) ਬੁਰਜੂਆ ਅਤੇ ਸਰਵਸਹਾਰਾ ਵਰਗ ਪਾਏ ਜਾਂਦੇ ਹਨ—

(*a*) ਸਮਾਜਵਾਦ ਵਿਅਵਸਥਾ ਵਿਚ (*b*) ਸਾਮੰਤਵਾਦ ਵਿਅਵਸਥਾ ਵਿਚ

(*c*) ਪੂੰਜੀਵਾਦੀ ਵਿਅਵਸਥਾ ਵਿਚ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(*v*) ਕਿਸ ਲੇਖਕ ਦਾ ਵਿਚਾਰ ਸੀ ਕਿ ਧਰਮ ਦੀ ਉਤਪਤੀ 'ਟੋਟਮ' ਨਾਲ ਹੋਈ ਹੈ—

(*a*) ਡਬਲਿਉ. ਰਾਬਰਟਸਨ (*b*) ਰਾਬਰਟ ਮੈਰੇਟ

(*c*) ਦੁਰਖੀਮ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(*vi*) ਪੂੰਜੀਵਾਦ ਦਾ ਜਨਮ ਕਿੱਥੇ ਹੋਇਆ ਹੈ—

(*a*) ਇੰਗਲੈਂਡ (*b*) ਸੰਯੁਕਤ ਰਾਜ ਅਮਰਿਕਾ

(*c*) ਹਾਲੈਂਡ (*d*) ਉਪਯੁਕਤ ਸਭ।

(*vii*) ਮਾਨਵ ਸਮਾਜ ਵਿਚ ਇਕ ਮਹਾਨ ਸੰਗਠਨਕਾਰੀ ਸ਼ਕਤੀ ਹੈ—

(*a*) ਧਰਮ (*b*) ਵਿਗਿਆਨ

(*c*) ਸਮਾਜਿਕ ਕਲਿਆਣ (*d*) ਇਨ੍ਹਾਂ ਵਿਚੋਂ ਕੋਈ ਨਹੀਂ।

(*viii*) ਧਰਮ ਦੇ ਸਾਰਵਭੌਮਿਕ ਕੰਮ ਹਨ—

(*a*) ਵਿਅਕਤੀਗਤ ਦੁਖ ਦੀ ਵਿਆਖਿਆ ਕਰਦਾ ਹੈ (*b*) ਆਤਮ-ਮਹੱਤਵ ਦੀ ਵ੍ਰਿਧੀ ਕਰਦਾ ਹੈ

(*c*) ਸਮਾਜਿਕ ਕਲਿਆਣ ਕਰਦਾ ਹੈ। (*d*) ਉਪਯੁਕਤ ਸਭ।

ਨੋਟ

## 13.2 ਸਮਾਜਿਕ ਪਰਿਵਰਤਣ ਦੇ ਤਕਨੀਕੀ ਜੈਵ ਪ੍ਰੋਦਿਯੋਗਿਕੀ, ਸੂਚਨਾ ਪ੍ਰੋਦਿਯੋਗਿਕੀ ਅਤੇ ਮੀਡੀਆ ਕਾਰਕ (Technological Bio-tech, Info-tech and Media Factors of Social Change)

ਪ੍ਰੋਦਿਯੋਗਿਕੀ ਸਮਾਜ ਨੂੰ ਅਨੇਕ ਪ੍ਰਕਾਰ ਨਾਲ ਪ੍ਰਭਾਵਤ ਕਰਦੀ ਹੈ, ਕਿਉਂਕਿ ਪ੍ਰੋਦਿਯੋਗਿਕੀ ਵਿਚ ਕੋਈ ਵੀ ਪਰਿਵਰਤਣ ਕਿਸੇ ਸੰਸਥਾਂ ਅਤੇ ਸਮੂਹ ਵਿਚ ਪਰਿਵਰਤਣ ਦਾ ਕਾਰਣ ਬਣਦਾ ਹੈ। ਉਰਜਾ ਦੇ ਨਵੇਂ ਸ੍ਰੋਤਾਂ ਦੀ ਖੋਜ ਦੇ ਫਲਸਰੂਪ ਯੰਤਰ ਪ੍ਰੋਦਿਯੋਗਿਕੀ ਦੇ ਆਗਮਨ ਦੇ ਇੰਨੇ ਮਹੱਤਵਪੂਰਨ ਨਤੀਜੇ ਹੋਏ ਕਿ ਇਸ ਨੂੰ ਬਹੁਧਾ ਕ੍ਰਾਂਤੀ ਦਾ ਨਾਮ ਦਿਤਾ ਜਾਂਦਾ ਹੈ। ਆਵਿਸ਼ਕਾਰ ਅਤੇ ਖੋਜ ਸਾਡੇ ਯੁਗ ਦੇ ਪ੍ਰਮੁੱਖ ਲਖਸ਼ਣ ਹਨ। ਵਰਤਮਾਨ ਯੁਗ ਨੂੰ 'ਵਿਗਿਆਨ ਦਾ ਯੁਗ' – 'ਉਰਜਾ ਦਾ ਯੁਗ' ਕਿਹਾ ਗਿਆ ਹੈ। ਇਹ ਠੀਕ ਹੈ ਹੀ ਕਿਹਾ ਜਾਂਦਾ ਹੈ ਕਿ "ਸਾਡੇ ਯੁਗ ਦਾ ਸਭ ਤੋਂ ਜ਼ਿਆਦਾ ਨਵੀਨ ਅਤੇ ਸਰਬ ਵਿਆਪੀ ਲਖਸ਼ਣ ਪੂੰਜੀਵਾਦ ਨਹੀਂ, ਸਗੋਂ ਯੰਤਰੀਕਰਣ ਹੈ। ਪੂੰਜੀਵਾਦ ਤਾਂ ਯੰਤਰੀਕਰਣ ਦੀ ਸਹਿ-ਉਪਜ ਮਾਤਰ ਹੈ।" ਯੰਤਰੀਕਰਣ ਨੇ ਨਾ ਕੇਵਲ ਸਮਾਜ ਦੀ ਆਰਥਿਕ ਸੰਰਚਨਾ ਨੂੰ ਬਦਲ ਦਿਤਾ ਹੈ, ਬਲਕਿ ਸਮਾਜਿਕ ਸੰਗਠਨ ਦੇ ਪ੍ਰਾਚੀਨ ਸਰੂਪਾਂ ਅਤੇ ਪ੍ਰਾਚੀਨ ਵਿਚਾਰਧਾਰਾਵਾਂ ਦਾ ਵੀ ਹੋਲੀ-ਹੋਲੀ ਅਵਮੁੱਲਨ ਕਰ ਦਿਤਾ ਹੈ। **ਆਗਰਬਨ** (Ogburn) ਦਾ ਕਥਨ ਹੈ, ਪ੍ਰੋਦਿਯੋਗਿਕੀ ਸਮਾਜ ਨੂੰ ਸਾਡੇ ਪਰਿਵਰਣ ਵਿਚ ਪਰਿਵਰਤਣ ਦੁਆਰਾ ਜਿਸਦੇ ਪ੍ਰਤੀ ਸਾਨੂੰ ਅਨੁਕੂਲਿਤ ਹੋਣਾ ਪੈਂਦਾ ਹੈ, ਬਦਲਦੀ ਹੈ। ਇਹ ਪਰਿਵਰਤਣ ਭੌਤਿਕ ਪਰਿਆਵਰਣ ਵਿਚ ਆਉਂਦਾ ਹੈ ਅਤੇ ਅਸੀਂ ਇਨ੍ਹਾਂ ਪਰਿਵਰਤਣਾਂ ਦੇ ਨਾਲ ਜੋ ਅਨੁਕੂਲਨ ਕਰਦੇ ਹਾਂ, ਉਸ ਨਾਲ ਪ੍ਰਥਾਵਾਂ ਅਤੇ ਸਮਾਜਿਕ ਸੰਸਥਾਵਾਂ ਵਿਚ ਪਰਿਵਰਤਣ ਹੋ ਜਾਂਦਾ ਹੈ।

**ਉਤਪਾਦਨ-ਪ੍ਰੋਦਿਯੋਗਿਕੀ ਵਿਚ ਪਰਿਵਰਤਣ** (Changes in the Production Technology)—ਯੰਤਰੀਕਰਣ ਦੀ ਤਰੱਕੀ ਦੇ ਸਨਮੁਖ ਸਾਡੀ ਮਨੋਵ੍ਰਿਤੀਆਂ, ਸਾਡੇ ਵਿਸ਼ਵਾਸ ਅਤੇ ਰੀਤੀ-ਰਿਵਾਜ਼ ਚੂਰ-ਚੂਰ ਹੋ ਗਏ ਹਨ। ਕਾਰੀਗਰੀ ਦੀ ਚੇਤਨਾ, ਸਮਾਜਿਕ ਵਰਗਾਂ ਦੀ ਦੈਵੀ ਵਿਅਵਸਥਾ, ਲੈਂਗਿਕ ਖੇਤਰ ਨਾਲ ਸੰਬੰਧਤ ਰੀਤੀ-ਰਿਵਾਜ, ਜਨਮ ਦੀ ਪ੍ਰਤਿਸ਼ਠਾ ਸਭ ਯੰਤਰੀਕਰਣ ਦੇ ਸ਼ਿਕਾਰ ਹੋਏ ਹਨ। ਉਦਿਯੋਗਿਕੀ ਯੁਗ ਵਿਚ ਇਸਤ੍ਰੀਆਂ ਦੀ ਪਰਿਸਥਿਤੀ ਦਾ ਉਦਾਹਰਣ ਲਿਆ ਜਾ ਸਕਦਾ ਹੈ। ਉਦਿਯੋਗਿਕਤਾਵਾਦ ਨੇ ਉਤਪਾਦਨ ਦੀ ਘਰੇਲੂ ਪ੍ਰਣਾਲੀ ਦਾ ਨਾਸ਼ ਕਰ ਇਸਤ੍ਰੀਆਂ ਨੂੰ ਘਰ ਤੋਂ ਕਰਮਸ਼ਾਲਾ ਤੇ ਦਫਤਰ ਵਿਚ ਪਹੁੰਚਾ ਕੇ ਉਨ੍ਹਾਂ ਦੀ ਆਮਦਨ ਨੂੰ ਵਿਭੇਦਿਤ ਕਰ ਦਿਤਾ ਹੈ। ਇਸ ਨੇ ਇਸਤ੍ਰੀਆਂ ਨੂੰ ਨਵੀਨ ਸਮਾਜਿਕ ਜੀਵਨ ਪ੍ਰਦਾਨ ਕੀਤਾ ਹੈ। ਬਾਰੂਦ ਦੇ ਅਵਿਸ਼ਕਾਰ ਨਾਲ ਯੁੱਧ ਦੀ ਪ੍ਰਵਿਧੀ ਹੀ ਬਦਲ ਗਈ ਹੈ। ਆਧੁਨਿਕ ਪ੍ਰੋਦਿਯੋਗਿਕੀ ਦੇ ਨਤੀਜੇ ਵਜੋਂ ਵਸਤੂਆਂ ਦੇ ਪੱਧਰੀਕਰਣ ਨੇ ਨਾ ਕੇਵਲ ਵਸਤੂਆਂ ਦੇ ਉਤਪਾਦਨ ਨੂੰ ਸਸਤਾ ਬਣਾ ਦਿਤਾ ਹੈ, ਬਲਕਿ ਵਸਤੂਆਂ ਦੇ ਵਿਤਰਣ ਨੂੰ ਵੀ ਉੱਚ ਢੰਗ ਨਾਲ ਸੰਗਠਤ, ਕੁਸ਼ਲ ਅਤੇ ਵਿਆਪਕ ਬਣਾ ਦਿਤਾ ਹੈ। ਉਦਿਯੋਗਾਂ ਨੇ ਸ਼੍ਰਮਿਕਾਂ ਨੂੰ ਸੰਗਠਤ ਕਰ ਦਿਤਾ ਹੈ ਅਤੇ ਉਤਪਾਦਨ ਅਤੇ ਵਿਤਰਣ ਦੀ ਜਟਿਲ ਵਿਅਵਸਥਾ ਨੂੰ ਜਨਮ ਦਿਤਾ ਹੈ। ਉਦਿਯੋਗ ਵਿਚ ਅੱਛੀ ਉਤਪਾਦਨ-ਸ਼ਕਤੀ ਨੇ ਜਨਸੰਖਿਆ ਦੇ ਜ਼ਿਆਦਾਤਰ ਹਿੱਸੇ ਨੂੰ ਸੇਵਾ-ਕੰਮਾਂ ਦੇ ਲਈ ਮੁਕਤ ਕਰ ਦਿਤਾ ਹੈ। ਅਭਿਅਨਤਾਵਾਂ, ਲੇਖਾਕਾਰਾਂ, ਕੱਚੇ ਪਦਾਰਥਾਂ ਦੇ ਕ੍ਰੇਤਾਵਾਂ ਅਤੇ ਨਿਰਮਿਤ ਵਸਤੂਆਂ ਦੇ ਵਿਕ੍ਰੇਤਾਵਾਂ, ਜੋ ਵਾਸਤਵਿਕ ਰੂਪ ਵਿਚ ਉਤਪਾਦਨ ਦਾ ਕੰਮ ਨਹੀਂ ਕਰਦੇ, ਦੀ ਸੰਖਿਆ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਉਤਪਾਦਨ ਅਤੇ ਵਿਉਪਾਰ ਦੀ ਵਿਧੀ ਵਿਚ ਪਰਿਵਰਤਣ ਦੇ ਕਾਰਣ ਰਾਜਨੀਤਿਕ ਨਿਅਮਨ ਦੀ ਨਵੀਂ ਸਮੱਸਿਆਵਾਂ ਦਾ ਜਨਮ ਹੋਇਆ। ਕਾਨੂੰਨ ਦੇ ਕੰਮਾਂ ਦਾ ਵਿਸਤਾਰ ਹੋਇਆ। ਕਾਨੂੰਨ-ਨਿਰਮਾਤਾਵਾਂ, ਕਾਨੂੰਨ ਨੂੰ ਕ੍ਰਿਆਨਵਿਤ ਕਰਨ ਵਾਲੇ ਨੌਕਰਸ਼ਾਹ ਅਤੇ ਕਾਨੂੰਨ ਦੀ ਵਿਆਖਿਆ ਕਰਨ ਵਾਲੇ ਵਕੀਲਾਂ ਦੀਸੰਖਿਆ ਵਿਚ ਵਿਸ਼ਾਲ ਵਾਧਾ ਹੋਇਆ ਹੈ। ਉਦਿਯੋਗ, ਖੇਤੀ ਅਤੇ ਸਵਾਸਥ ਦੇ ਖੇਤਰ ਵਿਚ ਵਿਗਿਆਨ ਦੇ ਪ੍ਰਯੋਗ ਨਾਲ ਅਨੇਕ ਨਵੀਨ ਸੇਵਾਗਤ ਕੰਮਾਂ ਦਾ ਜਨਮ ਹੋਇਆ। ਉਦਿਯੋਗਿਕੀ ਸ਼੍ਰਮਿਕ ਦੀ ਸਮਾਜਿਕ ਪਰਿਸਥਿਤੀ ਵਿਚ ਹ੍ਰਾਸ ਹੋਇਆ, ਜਦਕਿ ਸਮਾਜਿਕ ਕਾਰਜਕਰਤਾਵਾਂ ਦੇ ਸਮਾਜਿਕ ਮਾਨ ਵਿਚ ਵਾਧਾ ਹੋਇਆ। ਜੇਕਰ ਅਸੀਂ ਆਪਣੇ ਚਾਰੋਂ ਤਰਫ ਦੇਖੀਏ ਤਾਂ ਅਸੀਂ ਪ੍ਰੋਦਿਯੋਗਕੀ ਅਵਿਸ਼ਕਾਰਾਂ ਦੇ ਫਲਸਰੂਪ ਸਮਾਜ ਵਿਚ ਹੋ ਰਹੇ ਵਿਸ਼ਾਲ ਪਰਿਵਰਤਣਾਂ ਦਾ ਆਭਾਸ ਹੋ ਜਾਏਗਾ। ਸਾਡੇ ਯੁਗ ਦਾ ਸਭ ਤੋਂ ਜ਼ਿਆਦਾ ਵਿਸ਼ਿਸ਼ਟ ਅਨਵੇਸ਼ਣ ਅਣੂ-ਸ਼ਕਤੀ ਹੈ ਜਿਸਨੇ ਸਾਡੇ ਜੀਵਨ ਨੂੰ ਵਿਆਪਕ ਰੂਪ ਤੋਂ ਪ੍ਰਭਾਵਤ ਕੀਤਾ ਹੈ। ਯੁੱਧ ਦੇ ਅਭਿਕਰਤਾ ਦੇ ਰੂਪ ਵਿਚ ਇਸਨੇ ਹਿਰੋਸ਼ਿਮਾ ਅਤੇ ਨਾਗਾਸਾਕੀ ਵਿਚ ਭੀਸ਼ਣ ਨਰ-ਸੰਹਾਰ ਕੀਤਾ। ਸ਼ਾਂਤੀ ਦੇ ਅਭਿਕਰਤਾ ਦੇ ਰੂਪ ਵਿਚ ਉਹ ਸਮ੍ਰਿਧੀ ਦਾ ਅਭੂਤਪੂਰਵ ਯੁਗ ਲਿਆ ਸਕਦਾ ਹੈ। ਸਵਚਾਲਿਤ ਵਾਹਨਾਂ ਸਮਾਜਿਕ ਸੰਬੰਧਾਂ ਦੇ ਖੇਤਰ ਨੂੰ ਵਿਆਪਕ ਬਣਾ ਦਿਤਾ ਹੈ ਅਤੇ ਪੜੌਸ ਦੇ ਸਾਮੁਦਾਇਕ ਸਰੂਪ ਨੂੰ ਘੱਟ ਕਰ ਦਿਤਾ ਹੈ। ਜੀਵਨ ਪੱਧਰ ਵਿਚ ਵ੍ਰਿਧੀ, ਵਰਗ ਸੰਰਚਨਾ ਅਤੇ ਵਰਗ-ਮਾਨਕਾਂ ਵਿਚ ਪਰਿਵਰਤਣ, ਮਧਿਅਮ ਵਰਗ ਦਾ ਉਤਥਾਨ, ਸਥਾਨਕ ਲੋਕਰੀਤੀਆਂ ਦੀ ਮਹੱਤਵਹੀਨਤਾ, ਪੜੌਸ ਦਾ ਵਿਘਟਨ, ਪ੍ਰਾਚੀਨ ਪਰਿਵਾਰਕ ਵਿਅਵਸਥਾ ਦਾ ਨਾਸ਼, ਪੇਂਡੂ ਢੰਗਾਂ ਉਤੇ ਸ਼ਹਿਰੀ ਜੀਵਨ ਕ੍ਰਮ ਦੀ ਵਧਦੀ ਹੋਈ ਪ੍ਰਬਲਤਾ, ਇਸਤ੍ਰੀਆਂ ਦੀ ਦਸ਼ਾ ਵਿਚ ਤਰੱਕੀ, ਨਵੀਨ ਵਿਚਾਰਧਾਰਾਵਾਂ ਅਤੇ ਅੰਦੋਲਨਾਂ, ਸਾਮਿਅਵਾਦ ਅਤੇ ਸਮਾਜਵਾਦ ਦਾ ਜਨਮ, ਉਦਿਯੋਗਿਕ ਸਮੂਹਾਂ ਦੀ ਵਿਸ਼ੇਸ਼ਤਾ ਸ਼੍ਰਮਿਕ ਸੰਘਾਂ ਦੀ ਚੁਣੌਤੀ ਅਤੇ ਸ਼ੋਭਾਚਾਰ ਦਾ ਪ੍ਰਸਾਰ ਉਤਪਾਦਨ-ਪ੍ਰੋਦਿਯੋਗਿਕੀ ਵਿਚ ਪਰਿਵਰਤਣ ਦੇ ਨਤੀਜੇ ਹਨ। ਮਨੁੱਖਾਂ ਦੀ ਵਿਚਾਰਧਾਰਾਵਾਂ ਜ਼ਿਆਦਾ ਅਨੁਭਵਵਾਦੀ ਹੈ। ਉਹ ਗੁਣ ਦੀ ਤੁਲਨਾ ਵਿਚ ਪਰਿਮਾਣ ਦੇ ਪ੍ਰਤੀ ਅਤੇ ਮੁਲਾਂਕਣ ਦੀ ਅਪੇਕਸ਼ਾ ਮਾਪਨ ਦੇ ਪ੍ਰਤੀ ਜ਼ਿਆਦਾ ਨਿਸ਼ਠਾਵਾਨ ਹਨ। ਉਨ੍ਹਾਂ ਦੀ ਮਨੋਵ੍ਰਿਤੀਆਂ ਯਾਂਤ੍ਰਿਕ ਹੈ। ਚਿੰਤਨ ਪ੍ਰਧਾਨ ਜੀਵਨ ਦਾ ਅਭਾਵ ਹੈ।

ਨੋਟ

ਖੇਤੀ ਪ੍ਰਵਿਧੀਆਂ ਵਿਚ ਪਰਿਵਰਤਣਾਂ ਨੇ ਪੇਂਡੂ ਸਮੁਦਾਏ ਨੂੰ ਪ੍ਰਭਾਵਤ ਕੀਤਾ ਹੈ। ਨਵੀਨ ਖੇਤੀ ਦੇ ਉਪਕਰਣਾਂ ਅਤੇ ਰਸਾਇਣਕ ਉਰਵਰਕਾਂ ਦੇ ਅਨਵੇਸ਼ਣ ਤੋਂ ਖੇਤੀ ਦੇ ਉਤਪਾਦਨ ਵਿਚ ਵਾਧਾ ਹੋਇਆ ਜਿਸ ਨਾਲ ਜਰੂਰਤ ਹੈ। ਨਤੀਜੇ ਵਜੋਂ ਅਨੇਕ ਕਿਸਾਨ ਸ਼੍ਰਮਿਕਾਂ ਨੇ ਨਗਰਾਂ ਦੀ ਤਰਫ ਕੰਮ ਦੀ ਤਲਾਸ਼ ਵਿਚ ਪ੍ਰਵਾਸ ਕੀਤਾ ਹੈ।

**ਸੰਚਾਰ-ਸਾਧਨਾਂ ਵਿਚ ਪਰਿਵਰਤਣ** (Changes in the Means of Communication)—ਨਾ ਕੇਵਲ ਉਤਪਾਦਨ-ਪ੍ਰੋਦਿਯੋਗਿਕੀ ਵਿਚ ਪਰਿਵਰਤਨਾਂ ਨੇ ਸਮਾਜਿਕ ਸੰਬੰਧਾਂ ਵਿਚ ਅਨੇਕ ਪਰਿਵਰਤਣਾਂ ਨੂੰ ਜਨਮ ਦਿਤਾ ਹੈ, ਸਗੋਂ ਸੰਚਾਰ-ਸਾਧਨਾਂ ਵਿਚ ਪਰਿਵਰਤਣਾਂ ਨੇ ਵੀ ਸਮਾਜਿਕ ਜੀਵਨ ਨੂੰ ਵਿਆਪਕ ਰੂਪ ਨਾਲ ਪ੍ਰਭਾਤਵਿਤ ਕੀਤਾ ਹੈ। ਆਧੁਨਿਕ ਸੰਚਾਰ-ਪਰਵਿਧੀਆਂ ਵਿਚ ਪਰਿਵਰਤਣਾਂ ਦਾ ਸਮਾਜਿਕ ਜੀਵਨ ਉਤੇ ਪ੍ਰਭਾਵ ਉਤਪਾਦਨ-ਪ੍ਰੋਦਿਯੋਗਿਕੀ ਵਿਚ ਪਰਿਵਰਤਣਾਂ ਦੇ ਪ੍ਰਭਾਵ ਦੇ ਸਮਾਨ ਹੈ। ਪਰੰਤੂ ਸੰਚਾਰ-ਸਾਧਨਾਂ ਵਿਚ ਪਰਿਵਰਤਣਾਂ ਦਾ ਹੋਰ ਅਪ੍ਰਭਾਵ ਵੀ ਪੈਂਦਾ ਹੈ ਕਿਉਂਕਿ ਜਿਸ ਪ੍ਰਯੋਗ ਵਿਚ ਉਹ ਲਿਆਏ ਜਾਂਦੇ ਹਨ, ਉਨ੍ਹਾਂ ਦਾ ਆਪ ਮਹਾਨ ਸਮਾਜਿਕ ਮਹੱਤਵ ਹੁੰਦਾ ਹੈ।

ਸਭ ਸੰਚਾਰ-ਵਿਧੀਆਂ ਦਾ ਮੂਲ ਕੰਮ ਸਮੇਂ ਅਤੇ ਦੂਰੀ ਉਤੇ ਜਿਤ ਪਾਉਣਾ ਹੈ। ਸੰਚਾਰ ਦੀ ਪਰਿਵਿਧੀਆਂ ਉਨ੍ਹਾਂ ਸੰਗਠਨਾਂ, ਜਿਨ੍ਹਾਂ ਦਾ ਮਨੁੱਖ ਵਿਕਾਸ ਕਰ ਸਕਦਾ ਹੈ, ਦੇ ਖੇਤਰ ਨੂੰ ਅਤੇ ਪੂਰੀ ਹੱਦ ਤਕ ਉਨ੍ਹਾਂ ਦੇ ਸਰੂਪ ਨੂੰ ਸੀਮਤ ਕਰ ਦਿੰਦੀ ਹੈ। ਸੰਚਰਣ ਸਾਡੇ ਸਮਾਜਿਕ ਜੀਵਨ ਨੂੰ ਨਿਰਧਾਰਿਤ ਕਰਨੇ ਵਾਲਾ ਇਕ ਮਹੱਤਵਪੂਰਣ ਤੱਤ ਹੈ। ਇਸਦੀ ਪ੍ਰਵਿਧੀਆਂ ਵਾਣੀ ਅਤੇ ਸੰਕੇਲ ਹੈ। ਕਿਉਂਕਿ ਸੰਚਰਣ ਦੇ ਹੋਰ ਵੀ ਢੰਗ ਇਨ੍ਹਾਂ ਉਤੇ ਆਧਾਰਤ ਹਨ। ਲੇਖਣ ਵਾਣੀ ਦਾ ਲਿਖਤ ਸਵਰੂਪ ਹੈ; ਰੇਡੀਓ ਸੰਚਰਣ ਦੂਰੀ, ਮਿਟਾਉਂਦੇ ਹੋਏ ਵਾਣੀ ਦਾ ਸੰਚਾਰ ਹੈ। ਸਾਂਕੇਤਿਕ ਅਤੇ ਭਾਸ਼ਾਈ ਅੰਤਰ ਵਿਭਿੰਨ ਸਮੂਹਾਂ ਅਤੇ ਸਮਾਜਾਂ ਦੇ ਅਨੁਸ਼ੰਗੀ ਪ੍ਰਰਿਵਿਧੀਆਂ ਦੇ ਖੇਤਰ ਵਿਚ ਮਹੱਤਵਪੂਰਨ ਵਿਕਾਸ ਹੋਏ ਹਨ। ਪ੍ਰੋਦਿਯੋਗਿਕੀ ਪਰਿਵਰਤਣ ਨੇ ਇਨ੍ਹਾਂ ਵਿਕਾਸਾਂ ਨੂੰ ਪ੍ਰੋਤਸਾਹਿਤ ਕੀਤਾ ਹੈ। ਭਾਵ ਚਿੱਤਰਾਂ ਦੁਆਰਾ ਲੇਖਨ, ਜੋ ਇਤਿਹਾਸਕ ਵਿਕਾਸ ਦੀ ਦ੍ਰਿਸ਼ਟੀ ਤੋਂ ਲੇਖਣ-ਪ੍ਰਤੀਕੀਕਰਣ ਦਾ ਪਹਿਲਾ ਰੂਪ ਸੀ, ਦੀ ਅਪੇਕਸ਼ਾ ਵਰਣਮਾਲਾ ਦੁਆਰਾ ਲੇਖਨ ਸ਼੍ਰੇਸ਼ਠਤਰ ਹੈ। ਲੇਖਨ ਦੀ ਨਮਨੀਏ ਅਤੇ ਸਰਲ ਪ੍ਰਣਾਲੀ ਰਾਜਨੀਤਿਕ ਸੰਗਠਨ ਦੇ ਆਨੁਸ਼ੰਗਿਕ ਰੂਪਾਂ ਦੇ ਜਨਮ ਨੂੰ ਸੁਗਮ ਬਣਾ ਦਿੰਦੀ ਹੈ। ਜਦ ਵਿਅਕਤੀ ਸੰਚਾਰ ਦੀ ਪ੍ਰਾਥਮਿਕ ਪਰਿਵਿਧੀਆਂ ਦਾ ਪੂਰਣਤਾ ਆਸ਼੍ਰਿਤ ਹੁੰਦੇ ਹਨ ਤਾਂ ਸਥਾਈ, ਜਟਿਲ ਅਤੇ ਉੱਚ ਰੂਪ ਨਾਲ ਇਕੀਕ੍ਰਿਤ ਸੰਗਠਨ ਦੀ ਉਤਪਤੀ ਕਠਿਨ ਹੁੰਦੀ ਹੈ।ਵਰਣਮਾਲਾਤਮਕ ਲੇਖਨ ਸਾਂਸਕ੍ਰਿਤਕ ਤੱਤਾਂ ਦੇ ਅਨਵੇਸ਼ਨ ਅਤੇ ਵਿਸਰਣ ਨੂੰ ਅਸਾਨ ਬਣਾ ਦਿਤਾ ਹੈ।

ਮੁਦ੍ਰਣਾਲਿਆ ਦੇ ਅਵਿਸ਼ਕਾਰ ਨੇ ਸਸਤੀ ਪਾਠ-ਸਮਗ੍ਰੀ ਦੇ ਉਤਪਾਦਨ ਨੂੰ ਆਸਾਨ ਬਣਾ ਦਿਤਾ ਹੈ। ਵਿਗਿਆਨ ਦੀ ਸਹੀ ਅਤੇ ਖੋਜਾਂ ਨੂੰ ਕਿਸੇ ਸਮਾਜ ਦੇ ਮੈਂਬਰਾਂ ਅਤੇ ਸਮਾਜਾਂ ਦੇ ਵਿਚ ਤੇਜ਼ ਗਤੀ ਨਾਲ ਵਿਸਰਿਤ ਕਰ ਦਿੰਦਾ ਹੈ। ਇਸ ਨਾਲ ਗਿਆਨ, ਜੋ ਕੇਵਲ ਕੁਝ ਇਕ ਲੋਕਾਂ ਦੀ ਸੰਪਤੀ ਬਣ ਕੇ ਰਹਿ ਜਾਂਦਾ, ਅਨੇਕ ਲੋਕਾਂ ਵਿਚ ਵਿਆਪਤ ਹੋ ਜਾਂਦਾ ਹੈ। ਜਿਸ ਤੇਜ਼ ਗਤੀ ਨਾਲ ਆਧੁਨਿਕ ਯੁਗ ਵਿਚ ਸਾਂਸਕ੍ਰਿਤਕ ਪਰਿਵਰਤਣ ਹੋ ਰਹੇ ਹਨ, ਉਨ੍ਹਾਂ ਦਾ ਸ਼੍ਰੇਅ ਸੰਚਰਣ ਦੇ ਰੂਪ ਵਿਚ ਮੁਦ੍ਰਿਤ ਸ਼ਬਦ ਦੇ ਵਧਦੇ ਹੋਏ ਪ੍ਰਯੋਗ ਨੂੰ ਦਿਤਾ ਜਾ ਸਕਦਾ ਹੈ। ਮੁਦ੍ਰਣਾਲਿਆ ਨੇ ਮਨੋਰੰਜਨ, ਸਿਖਿਆ, ਰਾਜਨੀਤੀ ਅਤੇ ਵਪਾਰ ਨੂੰ ਪ੍ਰਭਾਵਤ ਕੀਤਾ ਹੈ। ਇਸਨੇ ਪਿੰਡ ਵਾਸੀ ਨੂੰ ਸ਼ਹਿਰੀ ਜੀਵਨ ਦਾ ਗਿਆਨ ਕਰਾਇਆ ਹੈ ਅਤੇ ਉਸ ਵਿਚ ਨਗਰੀਏ ਵਸਤੂਆਂ ਦੀ ਇੱਛਾ ਉਤਪੰਨ ਕੀਤੀ ਹੈ ਅਤੇ ਉਸ ਨਗਰ ਵਿਚ ਪ੍ਰਵਾਸ ਕਰਾ ਦਿਤਾ ਹੈ।

ਇਸ ਪ੍ਰਕਾਰ ਰੇਡੀਓ, ਦੂਰਭਾਸ਼ ਅਤੇ ਤਾਰ ਦੇ ਆਵਿਸ਼ਕਾਰ ਨੇ ਵਪਾਰ, ਮਨੋਰੰਜਨ ਅਤੇ ਜਨਮਤ ਨੂੰ ਪ੍ਰਭਾਵਤ ਕੀਤਾ ਹੈ। ਅਤੇ ਸੰਗਠਨ ਦੇ ਨਵੇਂ ਢੰਗਾਂ ਦੇ ਵਿਕਾਸ ਨੂੰ ਅਗੇ ਵਧਾਇਆ ਹੈ। ਅਗਬਰਨ ਨੇ ਸੰਸਕ੍ਰਿਤੀ ਦੀ ਇਕ ਰੂਪਤਾ ਅਤੇ ਇਸਦੇ ਵਿਸਰਣ, ਮਨੋਰੰਜਨ ਅਤੇ ਆਮੋਦ-ਪ੍ਰਮੋਦ, ਯਾਤਾਯਾਤ, ਸਿਖਿਆ, ਸੂਚਨਾ ਪ੍ਰਸਾਰਣ, ਧਰਮ, ਉਦਿਯੋਗ, ਵਪਾਰ, ਵਿਅਵਸਾਏ, ਸ਼ਾਸਨ ਪ੍ਰਣਾਲੀ, ਰਾਜਨੀਤੀ ਅਤੇ ਹੋਰ ਅਵਿਸ਼ਕਾਰਾਂ ਉਤੇ ਰੇਡੀਓ ਦੇ 150 ਤਾਤਕਾਲਿਕ ਅਤੇ ਹੋਰ ਦੂਰਗਾਮੀ ਸਮਾਜਿਕ ਪ੍ਰਭਾਵਾਂ ਨੂੰ ਸੂਚੀਬਧ ਕੀਤਾ ਹੈ।

**ਯਾਤਾਯਾਤ ਦੇ ਸਾਧਨਾਂ ਵਿਚ ਪਰਿਵਰਤਣ** (Changes in the menas of Transportation)—ਯਾਤਾਯਾਤ ਦੇ ਸਾਧਨਾਂ ਵਿਚ ਪਰਿਵਰਤਣ ਨੇ ਸਾਡੇ ਸਮਾਜਿਕ ਸੰਬੰਧਾਂ ਨੂੰ ਕਈ ਪ੍ਰਕਾਰ ਨਾਲ ਪ੍ਰਭਾਵਤ ਕੀਤਾ ਹੈ। ਯਾਤਾਯਾਤ ਦੂਰੀ ਉਤੇ ਭੌਤਿਕ ਜਿੱਤ ਹੈ। ਯਾਤਾਯਾਤ ਦੇ ਸਾਧਨ ਅਤੇ ਢੰਗ ਇਸ ਗਲ ਦਾ ਨਿਰਧਾਰਣ ਕਰਦੇ ਹਨ। ਕਿ ਮਨੁੱਖ ਕਿੰਨੀ ਆਸਾਨੀ ਨਾਲ ਆ-ਜਾ ਸਕਦੇ ਹਨ ਅਤੇ ਕਿੰਨੀ ਅਸਾਨੀ ਨਾਲ ਦੂਜੇ ਸਥਾਨਾਂ ਅਤੇ ਸਮਾਜਾਂ ਦੇ ਲੋਕਾਂ ਨਾਲ ਵਿਚਾਰਾਂ ਤੇ ਵਸਤੂਆਂ ਦੇ ਆਦਾਨ-ਪ੍ਰਦਾਨ ਲਈ ਸੰਪਰਕ ਸਥਾਪਿਤ ਕਰ ਸਕਦੇ ਹਾਂ। ਆਧੁਨਿਕ ਸਮਾਜਿਕ ਜੀਵਨ ਵਿਚ ਯਾਤਾਯਾਤ ਦਾ ਮਹੱਤਵ ਸਪਸ਼ਟ ਹੈ। ਜਿਸ ਉਤੇ ਬਲ ਦੇਣ ਦੀ ਕੋਈ ਜਰੂਰਤ ਨਹੀਂ ਹੈ। ਆਧੁਨਿਕ ਮਨੁੱਖ ਪਹੀਆਂ ਉਤੇ ਇੰਨਾ ਆਸ਼੍ਰਿਤ ਹੈ ਕਿ ਜੇਕਰ ਸਥਾਨਕ ਯਾਤਾਯਾਤ ਨਾ ਹੁੰਦਾ ਤਾਂ ਉਹ ਉਪਨਗਰਾਂ ਵਿਚ ਰਹਿ ਕੇ ਨਗਰ ਵਿਚ ਕੰਮ ਨਹੀਂ ਕਰ ਸਕਦਾ ਸੀ। ਜੇਕਰ ਸਵੈਚਲਿਤ ਵਾਹਨ ਨਾ ਹੁੰਦੇ ਤਾਂ ਉਹ ਸਟੇਸ਼ਨ ਉਤੇ ਰੇਲਗੱਡੀ ਫੜਣ ਦੇ ਲਈ ਕੁਝ ਹੀ ਮਿੰਟ ਪਹਿਲਾਂ ਘਰ ਨੂੰ ਨਹੀਂ ਛੱਡ ਸਕਦਾ ਸੀ, ਜੇਕਰ ਰੇਲਗੱਡੀਆਂ ਅਤੇ ਜਹਾਜ ਨਾ ਬਣਦੇ ਜੋ ਸੰਸਾਰ ਦੇ ਵਿਭਿੰਨ ਭਾਗਾਂ ਨੂੰ ਵਪਾਰਕ ਰੂਪ ਵਿਚ ਸੰਯੁਕਤ ਕਰਦੇ ਹਨ, ਤਾਂ ਉਹ ਅਨੇਕ ਵਸਤੂਆਂ ਨੂੰ ਆਪਣੇ ਨਾਸ਼ਤੇ ਵਿਚ ਨਹੀਂ ਲੈ ਸਕਦਾ ਸੀ। ਜੇਕਰ ਯਾਤਾਯਾਤ ਦੇ ਪਹੀਏ ਇਕ ਦਿਨ ਦੇ ਲਈ ਵੀ ਰੁਕ ਜਾਣ ਤਾਂ ਆਧੁਨਿਕ ਸਮਾਜ ਦਾ ਜੀਵਨ-ਵਿਸ਼੍ਰੰਗਲਿਤ ਹੋ ਜਾਵੇਗਾ।

ਯਾਤਾਯਾਤ ਸਮਾਜਿਕ ਸੰਬੰਧਾਂ ਦੇ ਸਥਾਨਕ ਸਰੂਪ ਨੂੰ ਨਿਰਧਾਰਿਤ ਕਰਨ ਵਾਲਾ ਇਕ ਮਹੱਤਵਪੂਰਨ ਕਾਰਕ ਹੈ। ਜਿਸ ਨੂੰ ਯਾਤਾਯਾਤ ਦੇ ਸਾਧਨਾਂ ਵਿਚ ਪਰਿਵਰਤਣ ਹੋਇਆ ਹੈ, ਵੈਸੇ ਹੀ ਸਮੂਹ ਦੇ ਮੈਂਬਰਾਂ ਦੇ ਸਥਾਨਕ ਸੰਬੰਧਾਂ ਵਿਚ ਵੀ ਪਰਿਵਰਤਣ

ਨੋਟ

ਆਇਆ ਹੈ। ਯਾਤਾਯਾਤ ਦੇ ਦ੍ਰੁਤਗਾਮੀ ਸਾਧਨਾਂ ਸੁਵਿਧਾ ਨਾਲ ਅੰਤਹਿ ਦਵੀਪੀਏ ਵਪਾਰ ਅਤੇ ਦੇਸ਼ਾਂ ਦੀ ਅਯੋਗਸ਼੍ਰਿਅਤਾ ਵਿਚ ਵਾਧਾ ਹੋਇਆ ਹੈ। ਵਿਭਿੰਨ ਦੇਸ਼ਾਂ ਦੇ ਲੋਕਾਂ ਦੇ ਪਰਸਪਰ ਮਿਲਨ ਨਾਲ ਜ਼ਿਆਦਾਤਰ ਗਲਤ ਫਹਿਮੀਆਂ ਦੂਰ ਹੋ ਗਈਆਂ ਹਨ ਅਤੇ ਨਫਰਤ ਅਤੇ ਈਰਖਾ ਦਾ ਸਥਾਨ ਹਮਦਰਦੀ ਅਤੇ ਸਹਿਯੋਗ ਨੇ ਲੈ ਲਿਆ ਹੈ। ਇਸ ਨਾਲ ਸਾਰਵਭੌਮਿਕ ਭਰਾਤਰੀ ਦੀ ਭਾਵਨਾ ਦਾ ਵਿਸਤਾਰ ਹੋਇਆ ਹੈ। ਵਾਯੂਸੈਨਾ ਦੇ ਅਵਿਸ਼ਕਾਰ ਨੇ ਵਸਤੂਆਂ ਦੇ ਪਰਿਦਾਨ ਨੂੰ ਹੋਰ ਵੀ ਜ਼ਿਆਦਾ ਤੇਜ਼ ਬਣਾ ਦਿਤਾ ਹੈ। ਨਗਰਾਂ ਦਾ ਵਿਕਾਸ ਇਸਦੀ ਸਾਰੀਆਂ ਸਮੱਸਿਆਵਾਂ ਸਹਿਤ ਯਾਤਾਯਾਤ ਦੇ ਸਾਧਨਾਂ ਦੇ ਵਿਕਾਸ ਦਾ ਇਕ ਹੋਰ ਮਹੱਤਵਪੂਰਨ ਨਤੀਜਾ ਹੈ। ਅੱਜਕਲ੍ਹ ਜਨਸੰਖਿਆ ਅਤਿ ਗਤੀਸ਼ੀਲ ਹੈ ਜਿਸ ਵਿਚ ਯਾਤਾਯਾਤ ਦੇ ਆਧੁਨਿਕ ਤੇਜ਼ ਸਾਧਨਾਂ ਨੇ ਯੋਗਦਾਨ ਦਿਤਾ ਹੈ। ਉਨ੍ਹਾਂ ਨਾਲ ਸਾਂਸਕ੍ਰਿਤਕ ਅਲਗਾਵ ਦੇ ਅਵਰੋਧਕ ਚੂਰ-ਚੂਰ ਹੋ ਗਏ ਹਨ। ਉਹ ਲੋਕ ਜੋ ਭੌਤਿਕ ਦੂਰੀ ਦੇ ਕਾਰਣ ਸਾਂਸਕ੍ਰਿਤਕ ਰੂਪ ਨਾਲ ਇਕਾਂਤਿਕ ਹੈ, ਯਾਤਾਯਾਤ ਦੇ ਆਧੁਨਿਕ ਸਾਧਨਾਂ ਦੇ ਅੰਤਰਗਤ ਸੰਪੂਰਨ ਸੰਸਾਰ ਦੇ ਆਤਿਥੇਅ ਬਣ ਸਕਦੇ ਹਨ। ਯਾਤਾਯਾਤ ਦੇ ਨਵੇਂ ਢੰਗਾਂ ਨੇ ਸਾਂਸਕ੍ਰਿਤਕ ਤੱਤਾਂ ਦੇ ਵਿਸਰਣ ਵਿਚ ਮਹੱਤਵਪੂਰਨ ਬਣ ਸਕਦੇ ਹਨ। ਯਾਤਾਯਾਤ ਦੇ ਨਵੇਂ ਢੰਗਾਂ ਨੇ ਸਾਂਸਕ੍ਰਿਤਕ ਤੱਤਾਂ ਦੇ ਵਿਸਰਣ ਵਿਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਵਾਸ਼ਪਯਾਨ ਰੇਲਵੇ, ਮੋਟਰ ਗੱਡੀਆਂ, ਸਵੈਚਾਲਿਤ ਵਾਹਨ ਅਤੇ ਵਾਯੂਯਾਨ ਨੇ ਰੇਡੀਓ ਅਤੇ ਮੁਦ੍ਰਾਣਾਲਿਆ ਸਹਿਤ ਸਾਂਸਕ੍ਰਿਤਕ ਪ੍ਰਥਕਤਵ ਨੂੰ ਘਟ ਕਰਕੇ ਸਾਂਸਕ੍ਰਿਤਕ ਇਕਰੂਪਤਾ ਦੇ ਲਈ ਮਾਰਗ ਪ੍ਰਸ਼ਸਤ ਕੀਤਾ ਹੈ। ਪਿਛਲੇ ਕੁਝ ਸ਼ਤਾਬਦੀਆਂ, ਵਿਸ਼ੇਸ਼ਤਾ ਪਿਛਲੇ ਇੱਕ ਸੌ ਸਾਲਾਂ ਦੇ ਯਾਤਾਯਾਤ ਸੰਬੰਧੀ ਵਿਕਾਸ ਨੇ ਪ੍ਰਦੇਸ਼ਾਂ, ਰਾਸ਼ਟਰਾਂ ਅਤੇ ਸਮਗ੍ਰ ਰੂਪ ਨਾਲ ਸੰਸਾਰ ਦੇ ਲੋਕਾਂ ਦੇ ਆਰਥਿਕ ਇਕੀਕਰਣ ਵਿਚ ਮਹੱਤਵਪੂਰਨ ਯੋਗਦਾਨ ਦਿਤਾ ਹੈ, ਭਾਵੇਂ ਉਨ੍ਹਾਂ ਦੇ ਵਿਚ ਸਮਾਜਿਕ ਏਕੀਕਰਣ ਦਾ ਅਜੇ ਵਿਕਾਸ ਹੋਣਾ ਬਾਕੀ ਹੈ।

ਇਸ ਪ੍ਰਕਾਰ, ਪ੍ਰੋਦਿਯੋਗਿਕੀ ਪਰਿਵਰਤਣਾਂ ਨੇ ਸਮਾਜਿਕ ਕੀਮਤਾਂ ਅਤੇ ਆਦਰਸ਼ਾਂ ਨੂੰ ਪ੍ਰਭਾਵਤ ਕੀਤਾ ਹੈ। ਲੋਕ ਪਰਿਵਾਰ ਅਤੇ ਸਮੁਦਾਏ ਦੇ ਪ੍ਰਤੀ ਭਗਤੀ ਤੋਂ ਦੂਰ ਜਾ ਰਹੇ ਹਨ। ਉਨ੍ਹਾਂ ਵਿਚ ਵਿਅਕਤੀਵਾਦ ਦੀ ਜੜਾਂ ਗਹਿਰੀ ਹੁੰਦੀਆ ਜਾ ਰਹੀਆਂ ਹਨ। ਇਨ੍ਹਾਂ ਪਰਿਵਰਤਣਾਂ ਨੇ ਸਮਾਜਿਕ ਅਤੇ ਮਨੋਵਿਗਿਆਨ ਨਿਰਮੂਲਤਾ ਨੂੰ ਗਹਿਨਤਮ ਬਣਾ ਦਿਤਾ ਹੈ। ਵਿਅਕਤੀਵਾਦ ਨੇ ਪਰੰਪਰਾਵਾਦ ਦਾ ਸਥਾਨ ਲੈ ਲਿਆ ਹੈ। ਨੌਕਰਸ਼ਾਹੀ ਦੀ ਸੱਤਾ ਅਤੇ ਉਸਦੀ ਸੰਖਿਆ ਵਿਚ ਵ੍ਰਿਧੀ ਹੋਈ ਹੈ। ਮਾਨਵੀ ਸੰਬੰਧ ਅਵੈਅਕਤੀਕ ਅਤੇ ਆਨੁਸ਼ੰਗਿਕ ਬਣ ਗਏ ਹਨ।

**ਅਪ੍ਰਤੱਖ ਸਮਾਜਿਕ ਪ੍ਰਭਾਵ** (Derivative Social Effects)— ਇਹ ਵੀ ਧਿਆਨ ਰਹੇ ਕਿ ਜਦ ਇਕ ਅਵਿਸ਼ਕਾਰ ਕਿਸੇ ਸੰਸਥਾ ਅਤੇ ਪ੍ਰਥਾ ਉਤੇ ਪ੍ਰਭਾਵ ਪਾਉਂਦਾ ਹੈ ਤਾਂ ਉਹ ਉਥੇ ਹੀ ਸਮਾਪਤ ਨਹੀਂ ਹੋ ਜਾਂਦਾ ਹੈ। ਆਗਬਰਨ ਨੇ ਇਸ ਬਿੰਦੂ ਦੀ ਵਿਆਖਿਆ ਇਕ ਉਦਾਹਰਣ ਨਾਲ ਕੀਤੀ ਹੈ। ਸੰਯੁਕਤ ਰਾਜ ਵਿਚ ਰੂੰ ਓਟਣ ਦੀ ਮਸ਼ੀਨ ਦਾ ਪ੍ਰਭਾਵ ਉਤਪਾਦਨ ਵਧਾਉਣਾ ਸੀ, ਕਿਉਂਕਿ ਰੂੰ ਜਲਦੀ ਨਾਲ ਅਤੇ ਘੱਟ ਸ਼੍ਰਮ ਦੁਆਰਾ ਓਟੀ ਜਾ ਸਕਦੀ ਸੀ, ਪਰੰਤੂ ਰੂੰ ਦੇ ਉਤਪਾਦਨ ਨੂੰ ਜ਼ਿਆਦਾ ਸੰਖਿਆ ਵਿਚ ਸ਼੍ਰਮਿਕ ਲਗੇ ਬਿਨਾਂ ਨਹੀਂ ਵਧਾਇਆ ਸਕਦਾ ਸੀ, ਸੋ ਬਾਹਰ ਤੋਂ ਹਬਸ਼ੀ ਸ਼੍ਰਮਿਕਾਂ ਨੂੰ ਲਿਆਇਆ ਗਿਆ। ਇਸ ਨਾਲ ਦਾਸ-ਪ੍ਰਥਾ ਵਿਚ ਜਲਦੀ ਨਾਲ ਵ੍ਰਿਧੀ ਹੋਈ। ਦਾਸ ਪ੍ਰਥਾ ਵਿਚ ਵਾਧਾ ਰੂੰ ਓਟਣ ਦੀ ਮਸ਼ੀਨ ਦਾ ਦੂਜਾ ਅਪ੍ਰਤੱਖ ਭਾਵ ਹੈ। ਦਾਸ ਪ੍ਰਥਾ ਦੀ ਵ੍ਰਿਧੀ ਨੇ ਗ੍ਰਹਿਯੁੱਧ ਨੂੰ ਜਨਮ ਦਿਤਾ ਜੋ ਰੂੰ ਓਟਣ ਦੀ ਮਸ਼ੀਨ ਦਾ ਤੀਜਾ ਅਪ੍ਰਤੱਖ ਪ੍ਰਭਾਵ ਸੀ। ਪਰੰਤੂ ਜਿਵੇਂ ਆਗਬਰਨ ਨੇ ਦਸਿਆ ਹੈ, ਰੂੰ ਦੇ ਉਤਪਾਦਨ ਵਿਚ ਵ੍ਰਿਧੀ, ਦਾਸ ਪ੍ਰਥਾ ਤੇ ਗ੍ਰਹਿਯੁੱਧ ਦਾ ਇਕ ਮਾਤਰ ਕਾਰਣ ਰੂੰ ਓਟਣ ਦੀ ਮਸ਼ੀਨ ਨਹੀਂ ਸਮਝਿਆ ਜਾਣਾ ਚਾਹੀਦਾ; ਇਸ ਦੇ ਹੋਰ ਅਨੇਕ ਕਾਰਣ ਸਨ। ਸੋ ਕਿਸੇ ਅਨਵੇਸ਼ਣ ਦੇ ਪ੍ਰਭਾਵ ਦਾ ਸਹੀ ਚਿੱਤਰ ਪ੍ਰਾਪਤ ਕਰਨ ਦੇ ਲਈ ਇਹ ਗੱਲ ਭਲੀ-ਭਾਂਤ ਧਿਆਨ ਵਿਚ ਰਖੀ ਜਾਣੀ ਚਾਹੀਦੀ ਹੈ ਕਿ ਕਿਸੇ ਵਿਸ਼ੇਸ਼ ਨਤੀਜੇ ਦੀ ਉਤਪਤੀ ਵਿਚ ਉਹ ਵੇਸ਼ਣ ਕਈ ਕਾਰਕਾਂ ਵਿਚੋਂ ਕੇਵਲ ਇਕ ਕਾਰਕ ਹੈ ਅਤੇ ਇਸੇ ਪ੍ਰਕਾਰ ਕਿਸੇ ਅਨਵੇਸ਼ਣ ਦਾ ਪ੍ਰਾਥਮਿਕ ਨਤੀਜਾ ਅਪ੍ਰਤੱਖ ਆਨੁਸ਼ੰਗਿਕ ਪ੍ਰਭਾਵ ਨੂੰ ਉਤਪੰਨ ਕਰਨ ਵਾਲੇ ਅਨੇਕ ਕਾਰਕਾਂ ਵਿਚੋਂ ਕੇਵਲ ਇਕ ਕਾਰਕ ਹੈ। ਇਹ ਸਰਵਵਿਦਿਤ ਹੈ ਕਿ ਕੋਈ ਵੀ ਸਮਾਜਿਕ ਪਰਿਘਟਨਾ ਕਦੀ ਵੀ ਕੇਵਲ ਇਕ ਕਾਰਕ ਦੀ ਉਤਪਤੀ ਨਹੀਂ ਹੁੰਦੀ। ਦੂਜੇ ਅਤੇ ਤੀਜੇ ਪੱਧਰ ਦੇ ਅਪ੍ਰਤੱਖ ਪ੍ਰਭਾਵਾਂ ਦੇ ਉਪਰਾਂਤ ਕਿਸੇ ਅਵਿਸ਼ਕਾਰ ਦੇ ਅਪ੍ਰਤੱਖ ਪ੍ਰਭਾਵ ਵੀ ਬਹੁਤਾ ਨਾ ਬਰਾਬਰ ਰਹਿ ਜਾਂਦੇ ਹਨ। ਸਾਨੂੰ ਕਿਸੇ ਇਕੱਲੇ ਅਨਵੇਸ਼ਣ ਦੇ ਪ੍ਰਭਾਵ ਦੀ ਖੋਜ ਵਿਚ ਦੂਰਸਥਾ ਵਿਉਤਪਤੀਆਂ ਤਕ ਨਹੀਂ ਜਾਣਾ ਚਾਹੀਦਾ।

**ਅਭਿਸਾਰੀ ਭੌਤਿਕ ਆਵਿਸ਼ਕਾਰਾਂ ਦੇ ਸਮਾਜਿਕ ਪ੍ਰਭਾਵ** (Social Effects of Converging Material Inventions)—ਜਦ ਅਨੇਕ ਆਵਿਸ਼ਕਾਰ ਇਕ ਹੀ ਸਥਾਨ ਉਤੇ ਸੰਗ੍ਰਹਿਤ ਅਤੇ ਅਭਿਸ੍ਰਤ ਹੋ ਜਾਂਦੇ ਹਨ ਤਾਂ ਉਨ੍ਹਾਂ ਦਾ ਪ੍ਰਭਾਵ ਵੀ ਵਿਸ਼ਿਸ਼ਟ ਹੋ ਜਾਂਦਾ ਹੈ। ਉਤਪਾਦਨ, ਯਾਤਾਯਾਤ ਅਤੇ ਸੰਚਾਰ-ਸੰਬੰਧੀ ਅਵਿਸ਼ਕਾਰਾਂ, ਕਰਮਸ਼ਾਲਾ-ਯੰਤਰਾਂ, ਵਿਦਿਉਤ-ਰੇਲ, ਦੂਰਭਾਸ਼, ਰੇਡੀਓ, ਚਲਚਿੱਤਰ ਆਦਿ ਨੇ ਨਗਰ ਨੂੰ ਜਨਮ ਦਿਤਾ। ਇਹ ਅਵਿਸ਼ਕਾਰ ਵਿਭਿੰਨ ਭੌਤਿਕ ਵਸਤੂਆਂ ਹਨ ਅਤੇ ਇਨ੍ਹਾਂ ਦੇ ਵਿਭਿੰਨ ਪ੍ਰਯੋਗ ਹਨ, ਪਰੰਤੂ ਸਭ ਇੱਕ ਕੇਂਦਰ ਨਾਲ ਸੰਗ੍ਰਹਿਤ ਹੋ ਜਾਣ ਨਾਲ ਇਕ ਹੋਰ ਨਤੀਜਾ, ਨਗਰ ਦਾ ਵਿਕਾਸ ਹੋਇਆ ਹੈ। ਟੈਲੀਫੋਨ ਦੇ ਅਵਿਸ਼ਕਰਤਾ ਦਾ ਉਦੇਸ਼ ਨਗਰਾਂ ਦਾ ਵਿਕਾਸ ਕਰਨਾ ਨਹੀਂ ਸੀ, ਨਾ ਹੀ ਅਜਿਹਾ ਉਦੇਸ਼ ਵਿਦਿਯੁਤ ਰੇਲਵੇ ਨਿਰਮਾਤਾ ਦਾ ਸੀ। ਪਰੰਤੂ ਸਮਾਜਿਕ ਸ਼ਕਤੀਆਂ ਨੇ ਇਨ੍ਹਾਂ ਅਵਿਸ਼ਕਾਰਾਂ ਦੇ ਪ੍ਰਯੋਗਾਂ ਨੂੰ ਇਕੱਠਾ ਕਰਕੇ ਉਨ੍ਹਾਂ ਨੂੰ ਨਗਰਾਂ ਦੇ ਵਿਕਾਸ ਵਿਚ ਸਹਾਇਕ ਬਣਾ ਦਿਤਾ। ਜਿਸ ਪ੍ਰਕਾਰ ਕਿਸੀ ਇਕੱਲੇ ਅਵਿਸ਼ਕਾਰ ਦਾ ਅਪ੍ਰਤੱਖ ਪ੍ਰਭਾਵ ਪੈਂਦਾ ਹੈ, ਉਸੇ ਪ੍ਰਕਾਰ ਅਭਿਸਾਰੀ ਅਵਿਸ਼ਕਾਰਾਂ ਦੇ ਪ੍ਰਯੋਗਾਂ ਨੂੰ ਇਕੱਠਾ ਕਰਕੇ ਉਨ੍ਹਾਂ ਨੂੰ ਨਗਰਾਂ ਦੇ ਵਿਕਾਸ ਵਿਚ ਸਹਾਇਕ ਬਣਾ ਦਿਤਾ। ਜਿਸ ਪ੍ਰਕਾਰ

ਕਿਸੇ ਇਕੱਲੇ ਅਵਿਸ਼ਕਾਰਾਂ ਦਾ ਅਪ੍ਰਤੱਖ ਪ੍ਰਭਾਵ ਪੈਂਦਾ ਹੈ, ਉਸੇ ਪ੍ਰਕਾਰ ਅਭਿਸਾਰੀ ਅਵਿਸ਼ਕਾਰਾਂ ਦੇ ਸਮੂਹ ਦਾ ਵੀ ਸੰਯੁਕਤ ਰੂਪ ਨਾਲ ਅਪ੍ਰਤੱਖ ਪ੍ਰਭਾਵ ਹੁੰਦਾ ਹੈ। ਇਸ ਪ੍ਰਕਾਰ, ਨਗਰੀ ਸਮੁਦਾਏ ਦੇ ਵਿਕਾਸ, ਜੋ ਉਤਪਾਦਨ, ਸੰਚਾਰ ਅਤੇ ਯਾਤਾਯਾਤ ਸੰਬੰਧੀ ਅਵਿਸ਼ਕਾਰਾਂ ਦਾ ਘੱਟ ਤੋਂ ਘੱਟ ਵੀ ਜ਼ਿਆਦਾ ਪ੍ਰਤੱਖ ਪ੍ਰਭਾਵ ਸੀ, ਨੇ ਪ੍ਰੋਦਿਯੋਗਿਕੀ ਸਮੱਸਿਆਵਾਂ ਕ੍ਰਿਤ੍ਰਮ ਪ੍ਰਕਾਸ਼ ਦੇ ਸੁਰੱਖਿਅਤ ਅਤੇ ਕੁਸ਼ਲ ਸਾਧਨਾਂ ਦੀ ਵਿਵਸਥਾ ਨੂੰ ਜਨਮ ਦਿਤਾ। ਆਧੁਨਿਕ ਪ੍ਰਕਾਸ਼ੀ ਪ੍ਰੋਦਿਯੋਗਿਕੀ ਦੇ ਵਿਕਾਸ ਨੇ ਮਿੱਟੀ ਦੇ ਤੇਲ ਦਾ ਵਿਕਾਸ ਕੀਤਾ। ਮਿੱਟੀ ਦੇ ਤੇਲ, ਸ੍ਰਵਣ ਦੀ ਸਹਿ ਉਪਜ ਗੈਸੋਲੀਨ ਸੀ ਜੋ ਊਰਜਾ ਦਾ ਇਕ ਸਾਧਨ ਸੀ ਅਤੇ ਜਿਸ ਨਾਲ ਆਂਤਰਿਕ ਦਹਿਨ ਮੋਟਰ ਦਾ ਅਵਿਸ਼ਕਾਰ ਹੋਇਆ। ਆਂਤਰਿਕ ਦਹਿਨ ਮੋਟਰ ਦੇ ਅਵਿਸ਼ਕਾਰ ਨੇ ਸੰਪੂਰਨ ਸਵਚਾਲਿਤ ਵਾਹਲਾਂ ਦੀ ਪ੍ਰਣਾਲੀ ਨੂੰ ਜਨਮ ਦਿਤਾ ਅਤੇ ਜਿਵੇਂ ਪ੍ਰਕਾਸ਼ੀ ਪ੍ਰੋਦਿਯੋਗਿਕੀ ਵਿਚ ਹੋਰ ਵਿਕਾਸਾਂ ਨੂੰ ਪ੍ਰੋਤਸਾਹਿਤ ਕੀਤਾ। ਇਸਨੂੰ ਗੈਸੋਲੀਨ ਵਿਚ ਬਦਲ ਦਿਤਾ ਗਿਆ ਜਿਸ ਨਾਲ ਸ਼੍ਰੇਸ਼ਠਤਰ ਮੋਟਰ ਤੇਲ ਦਾ ਪ੍ਰਯੋਗ ਕਰਨ ਦੇ ਲਈ ਹੋਰ ਸ਼੍ਰੇਸ਼ਠ ਪ੍ਰਕਾਰ ਦੇ ਮੋਟਰਾਂ ਦਾ ਅਵਿਸ਼ਕਾਰ ਕੀਤਾ ਗਿਆ। ਇਸ ਪ੍ਰਕਾਰ ਪ੍ਰੋਦਿਯੋਗਿਕੀ ਦੀ ਇਕ ਪ੍ਰਣਾਲੀ ਵਿਚ ਪਰਿਵਰਤਣਾਂ ਨੇ ਹੋਰ ਪ੍ਰਣਾਲੀਆਂ ਵਿਘਟਨ, ਆਤਮ ਹੱਤਿਆ, ਕੁਰੁਪਤਾ ਅਤੇ ਵਿਸਤ੍ਰਿਤ ਰਾਜ ਨਿਅੰਤ੍ਰਣ ਦਾ ਕਾਰਣ ਹਨ ਸਮਾਜਿਕ ਕਾਰਜਕਰਤਾਵਾਂ ਨੂੰ ਇਹ ਗੱਲ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਅਪਰਾਧ ਜੋ ਨਗਰੀ ਜੀਵਨ ਦੀ ਪਰਿਘਟਨਾ ਹੈ, ਵਾਸਤਵ ਵਿਚ ਊਰਜਾ ਦੇ ਅਵਿਸ਼ਕਾਰ, ਜਿਸਨੇ ਨਗਰਾਂ ਦੇ ਵਿਕਾਸ ਨੂੰ ਸੰਭਵ ਬਣਾਇਆ, ਤੋਂ ਉਤਪੰਨ ਹੋਇਆ ਹੈ। ਨਗਰੀ ਜੀਵਨ ਦੇ ਅਨੇਕ ਦੋਸ਼ ਸਹੀ ਅਰਥ ਵਿਚ ਵੀਹਵੀਂ ਸ਼ਤਾਬਦੀ ਦੇ ਯਾਤਾਯਾਤ ਅਤੇ ਸੰਚਾਰ ਸੰਬੰਧੀ ਨਵੀਨਤਰ ਅਵਿਸ਼ਕਾਰਾਂ ਦੇ ਪ੍ਰਭਾਵ ਹਨ।

ਉਪਯੁਕਤ ਵਿਵਰਣ ਤੋਂ ਸਪਸ਼ਟ ਹੈ ਕਿ ਪਰਿਵਰਤਣ ਪਹਿਲੇ ਪ੍ਰਵਿਧੀਆਂ ਦੀ ਇਕ ਪ੍ਰਣਾਲੀ ਵਿਚ ਉਤਪੰਨ ਹੋਣ ਤੋਂ ਬਾਅਦ ਵਿਚ ਦੂਜੀ ਪ੍ਰਣਾਲੀਆਂ ਵਿਚ ਆਏ ਹਨ: ਜਦ ਕਦੀ ਪ੍ਰਵਿਧੀਆਂ ਦੀ ਪ੍ਰਣਾਲੀ ਦੇ ਕਿਸੇ ਤੱਤ ਵਿਚ ਪਰਿਵਰਤਣ ਹੋਇਆ ਹੈ ਤਾਂ ਸੰਪੂਰਣ ਪ੍ਰਣਾਲੀ ਵਿਚ ਉਥਲ-ਪੁਥਲ ਹੋਈ ਜਿਸ ਨਾਲ ਇਸ ਦੇ ਸਭ ਤੱਤਾਂ ਵਿਚ ਪਰਿਵਰਤਣ ਆਏ।

ਪ੍ਰਮੁੱਖ ਸਮਾਜਿਕ ਸੰਸਥਾਵਾਂ ਉਤੇ ਪ੍ਰੋਦਿਯੋਗਿਕੀ ਦੇ ਪ੍ਰਭਾਵਾਂ ਨੂੰ ਹੇਠਾਂ ਪ੍ਰਕਾਰ ਨਾਲ ਸੰਖੇਪਿਤ ਕੀਤਾ ਜਾ ਸਕਦਾ ਹੈ—

1. **ਪਰਿਵਾਰਕ ਜੀਵਨ ਉਤੇ ਪ੍ਰਭਾਵ** (Effects on Family Life)—ਆਧੁਨਿਕ ਪ੍ਰੋਦਿਯੋਗਿਕੀ ਨੇ ਪਰਿਵਾਰਕ ਸੰਗਠਨ ਅਤੇ ਸੰਬੰਧਾਂ ਨੂੰ ਅਨੇਕ ਪ੍ਰਕਾਰ ਨਾਲ ਪ੍ਰਭਾਵਤ ਕੀਤਾ। ਪ੍ਰਮੁੱਖ ਪ੍ਰਭਾਵ ਹੇਠ ਲਿਖੇ ਹਨ—
   - (*i*) ਇਸਨੇ ਸੰਯੁਕਤ ਪਰਿਵਾਰ-ਪ੍ਰਣਾਲੀ ਦੇ ਵਿਘਟਨ ਵਿਚ ਯੋਗਦਾਨ ਦਿਤਾ ਹੈ।
   - (*ii*) ਕਰਮਸ਼ਾਲਾਂ ਅਤੇ ਦਫਤਰਾਂ ਵਿਚ ਇਸਤ੍ਰੀਆਂ ਦੁਆਰਾ ਨੌਕਰੀ ਨੇ ਪਤੀ ਪਤਨੀ ਦੇ ਸੰਬੰਧਾਂ ਦੇ ਸਰੂਪ ਨੂੰ ਬਦਲ ਦਿਤਾ ਹੈ ਅਤੇ ਹੋਰ ਪ੍ਰਕਾਰ ਨਾਲ ਪਰਿਵਾਰਕ ਸੰਰਚਨਾ ਅਤੇ ਕੰਮਾਂ ਨੂੰ ਪ੍ਰਭਾਵਤ ਕੀਤਾ ਹੈ।
   - (*iii*) ਇਸਨੇ ਇਸਤ੍ਰੀਆਂ ਨੂੰ ਮੁਕਤੀ ਦਿਵਾਈ ਹੈ। 'ਇਸਤ੍ਰੀ ਮੁਕਤੀ ਅੰਦੋਲਨ' ਪ੍ਰੋਦਿਯੋਗਿਕੀ ਦਾ ਨਤੀਜਾ ਹੈ।
   - (*iv*) ਪ੍ਰੇਮ ਵਿਆਹ, ਅੰਤਰਜਾਤੀ ਵਿਆਹ, ਵਿਲੰਬ ਨਾਲ ਵਿਆਹ ਪ੍ਰੋਦਿਯੋਗਿਕੀ ਦੇ ਹੋਰ ਪ੍ਰਭਾਵ ਹਨ।
   - (*v*) ਸੰਤਤੀ-ਨਿਅੰਤ੍ਰਣ ਦੇ ਸਾਧਨਾਂ ਦੇ ਅਵਿਸ਼ਕਾਰ ਨੇ ਪਰਿਵਾਰ ਦੇ ਆਕਾਰ ਨੂੰ ਘੱਟ ਕਰ ਦਿਤਾ ਹੈ।
2. **ਆਰਥਿਕ ਜੀਵਨ ਉਤੇ ਪ੍ਰਭਾਵ** (Effects on Economic Life)—ਇਹ ਪ੍ਰਭਾਵ ਹੇਠ ਲਿਖੇ ਹਨ—
   - (*i*) ਉਦਿਯੋਗ ਘਰੇਲੂ ਨਹੀਂ ਰਹਿ ਗਏ ਹਨ। ਹੁਣ ਕਰਮਸ਼ਾਲਾਵਾਂ, ਏਜੰਸੀਆਂ, ਭੰਡਾਰਾਂ, ਬੈਂਕ ਆਦਿ ਵਰਗੇ ਆਰਥਿਕ ਸੰਗਠਨਾਂ ਦਾ ਵਿਕਾਸ ਹੋਇਆ ਹੈ।
   - (*ii*) ਇਸਨੇ ਪੂੰਜੀਵਾਦ ਅਤੇ ਇਸਦੀ ਬੁਰਾਈਆਂ ਨੂੰ ਜਨਮ ਦਿੱਤਾ ਹੈ।
   - (*iii*) ਇਸਨੇ ਜੀਵਨ-ਪੱਧਰ ਵਿਚ ਵ੍ਰਿਧੀ ਕੀਤੀ ਹੈ।
   - (*iv*) ਸ਼੍ਰਮ-ਵਿਭਾਜਨ ਅਤੇ ਵਿਸ਼ੇਸ਼ੀਕਰਣ ਪ੍ਰੋਦਿਯੋਗਿਕੀ ਦੀ ਉਪਜ ਹਨ।
   - (*v*) ਇਸਨੇ ਆਰਥਿਕ ਮੰਦੀ, ਬੇਕਾਰੀ, ਉਦਿਯੋਗਿਕੀ ਸੰਘਰਸ਼ਾਂ, ਦੁਰਘਟਨਾਵਾਂ ਅਤੇ ਰੋਗਾਂ ਨੂੰ ਜਨਮ ਦਿਤਾ ਹੈ।
   - (*vi*) ਇਸਨੇ ਸ਼੍ਰਮਿਕ ਸੰਘ ਅੰਦੋਲਨ ਨੂੰ ਜਨਮ ਦਿਤਾ ਹੈ।
3. **ਸਮਾਜਿਕ ਜੀਵਨ ਉਤੇ ਪ੍ਰਭਾਵ** (Effects on Social Life)—ਕੁਝ ਪ੍ਰਭਾਵ ਹੇਠ ਲਿਖੇ ਹਨ—
   - (*i*) ਇਸ ਨਾਲ ਸਾਮੁਦਾਇਕ ਜੀਵਨ ਦਾ ਹ੍ਰਾਸ ਹੋਇਆ ਹੈ।
   - (*ii*) ਇਸਨੇ ਵਿਅਕਤੀਵਾਦਿਤਾ ਦੀ ਭਾਵਨਾਂ ਵਿਚ ਵ੍ਰਿਧੀ ਕੀਤੀ ਹੈ।
   - (*iii*) ਇਸਨੇ ਨਗਰਾਂ ਵਿਚ ਮਕਾਨਾਂ ਅਤੇ ਗੰਦੀ ਬਸਤੀਆਂ ਦੀ ਸਮੱਸਿਆ ਨੂੰ ਉਤਪੰਨ ਕੀਤਾ ਹੈ।
   - (*iv*) ਮਨੋਰੰਜਨ ਦਾ ਵਪਾਰੀਕਰਣ ਹੋ ਗਿਆ ਹੈ।
   - (*v*) ਇਸਨੇ ਜਨਮ ਤੋਂ ਲੈ ਕੇ ਮ੍ਰਿਤੂ ਤਕ ਸਮਾਜਿਕ ਪੱਧਰੀਕਰਣ ਦੇ ਆਧਾਰ ਨੂੰ ਬਦਲ ਦਿਤਾ ਹੈ।
   - (*vi*) ਇਸਨੇ ਜਾਤੀ ਵਿਅਵਸਥਾ ਦੀ ਦੂਰੀ ਨੂੰ ਘੱਟ ਕਰ ਦਿਤਾ ਹੈ।

ਨੋਟ

(*vii*) ਇਸਨੇ ਸਮਾਜਿਕ ਕੀਮਤਾਂ ਵਿਚ ਪਰਿਵਰਤਣ ਕੀਤਾ ਹੈ। ਮਨੁੱਖ ਯੰਤਰ ਬਣ ਗਿਆ ਹੈ, ਸਮਾਜਿਕ ਸੰਪਰਕ ਆਨੁਸ਼ੰਗਿਕ ਹੋ ਗਏ ਹਨ। ਸੰਬੰਧਾਂ ਦੀ ਘਨਿਸ਼ਠਤਾ ਸਮਾਪਤ ਹੋ ਗਈ ਹੈ। ਮਨੁੱਖ ਦਾ ਸਨਮਾਨ ਉਸਦੇ ਧਨ ਤੋਂ ਇਕ ਉਸਦੇ ਗੁਣਾਂ ਨਾਲ ਕੀਤਾ ਜਾਂਦਾ ਹੈ।

(*viii*) ਇਸਨੇ ਮਾਨਸਿਕ ਚਿੰਤਾਵਾਂ ਅਤੇ ਰੋਗਾਂ ਵਿਚ ਵ੍ਰਿਧੀ ਕੀਤੀ ਹੈ। ਆਧੁਨਿਕ ਵਿਅਕਤੀ ਮਾਨਸਿਕ ਵਿਅਕਤੀ ਤਣਾਵ, ਭਾਵਨਾਤਮਕ ਅਸਥਿਰਤਾ ਅਤੇ ਆਰਥਿਕ ਅਰੱਖਿਆ ਨਾਲ ਪੀੜਤ ਹੈ।

4. **ਰਾਜ ਉਤੇ ਪ੍ਰਭਾਵ** (Effects on State)—ਪ੍ਰੋਦਿਯੋਗਿਕੀ ਨੇ ਰਾਜ ਦੀ ਹੇਠਲੇ ਪ੍ਰਕਾਰ ਨਾਲ ਪ੍ਰਭਾਵਤ ਕੀਤਾ ਹੈ—

   (*i*) ਅਨੇਕ ਕੰਮ ਪਰਿਵਾਰ ਨਾਲ ਰਾਜ ਨੂੰ ਹਸਤਾਂਰਿਤ ਹੋ ਗਏ ਹਨ। ਸਮਾਜ ਕਲਿਆਣ ਦੀ ਅਵਧਾਰਣਾ ਪ੍ਰੋਦਿਯੋਗਿਕੀ ਦੀ ਉਪਜ ਹੈ। ਰਾਜ ਦੇ ਕੰਮਖੇਤਰ ਵਿਚ ਵੀ ਵਾਧਾ ਹੋਇਆ ਹੈ।

   (*ii*) ਰਾਜ ਉਤੇ ਦਬਾਅ-ਸਮੂਹਾਂ ਦਾ ਪ੍ਰਭਾਵ ਵੱਧ ਗਿਆ ਹੈ।

   (*iii*) ਸਥਾਨਕ ਸ਼ਾਸਨ ਦੇ ਕੰਮ ਕੇਂਦਰੀ ਸਰਕਾਰ ਦੇ ਕੋਲ ਆ ਗਏ ਹਨ।

   (*iv*) ਰਾਸ਼ਟਰਵਾਦ ਦੇ ਅਵਰੋਧਕ ਚੂਰ-ਚੂਰ ਹੋ ਗਏ ਹਨ ਅਤੇ ਵਿਸ਼ਵ ਰਾਜ ਦਾ ਵਿਚਾਰ ਬਲ ਪਕੜ ਰਿਹਾ ਹੈ।

   (*v*) ਪ੍ਰਜਾਤੰਤਰ ਸ਼ਾਸਨ ਦਾ ਆਮ ਰੂਪ ਬਣ ਗਿਆ ਹੈ।

5. **ਧਾਰਮਿਕ ਜੀਵਨ ਉਤੇ ਪ੍ਰਭਾਵ** (Effects on Religious Life)—ਵੈਗਿਆਨਿਕ ਗਿਆਨ ਦੇ ਵਾਧੇ ਹੋਣ ਨਾਲ ਅੰਧਵਿਸ਼ਵਾਸ ਖਤਮ ਹੋ ਰਹੇ ਹਨ। ਹੁਣ ਧਾਰਮਿਕ ਸਹਿਨਸ਼ੀਲਤਾ ਜ਼ਿਆਤਾ ਮਾਤਰਾ ਵਿਚ ਪਾਈ ਜਾਂਦੀ ਹੈ। ਵਿਭਿੰਨ ਧਰਮਾਂ ਦੇ ਅਨੁਯਾਈਆਂ ਨੇ ਆਪਣੇ ਰੂੜੀਵਾਦਿਤਾ ਨੂੰ ਖਤਮ ਕਰਕੇ ਦੂਜੇ ਧਰਮਾਂ ਦੇ ਲੋਕਾਂ ਦੇ ਨਾਲ ਉਠਣਾ-ਬੈਠਣਾ ਆਰੰਭ ਕਰ ਦਿਤਾ ਹੈ। ਧਰਮ ਹੁਣ ਜ਼ਿਆਦਾ ਵੈਗਿਆਨਿਕ ਅਤੇ ਲੌਕਿਕੀਕ੍ਰਿਤ ਬਣ ਗਿਆ ਹੈ। ਉਪਯੁਕਤ ਸਭ ਪ੍ਰਭਾਵ ਭਾਰਤੀ ਜੀਵਨ ਵਿਚ ਵੀ ਦੇਖੇ ਜਾ ਸਕਦੇ ਹਨ।

6. **ਪ੍ਰੋਦਿਯੋਗਿਕੀ ਅਵਿਸ਼ਕਾਰਾਂ ਦਾ ਵਿਰੋਧ** (Opposition to Technological Inventions)—ਪ੍ਰੋਦਿਯੋਗਿਕੀ ਅਵਿਸ਼ਕਾਰਾਂ ਦਾ ਸਮੇਂ-ਸਮੇਂ ਉਤੇ ਪ੍ਰਸਿੱਧ ਵਿਅਕਤੀਆਂ ਦੁਆਰਾ ਵਿਰੋਧ ਕੀਤਾ ਗਿਆ ਹੈ। 1826 ਵਿਚ ਇਕ ਯੋਗ ਅਭਿਅੰਤਾ ਦਾ ਵਿਚਾਰ ਸੀ ਕਿ ਛੇ ਮੀਲ ਨਾਲ ਜ਼ਿਆਦਾ ਗਤੀ ਵਿਨਾਸ਼ ਦੇ ਪਾਸੇ ਲੈ ਜਾਏਗੀ। 1906 ਵਿਚ ਸਾਈਮਨ ਨਿਊ ਕਾਂਬ (Simon New comb) ਇਕ ਖਗੋਲ ਸ਼ਾਸਤਰੀ ਨੇ ਵਿਚਾਰ ਵਿਅਕਤ ਕੀਤਾ ਸੀ ਕਿ ਬਹੁਤ ਦੂਰ ਤਕ ਉਡਾਨ ਦੇ ਯਤਨ ਸਫਲ ਨਹੀਂ ਹੋ ਸਕਣਗੇ, ਕਿਉਂਕਿ ਭੌਤਿਕੀ ਦੇ ਨਿਅਮ ਅਤੇ ਉਦਿਯੋਗਿਕੀ ਕਲਾਵਾਂ ਦੀ ਸਥਿਤੀ ਅਜਿਹੇ ਵਿਚਾਰ ਨੂੰ ਅਵਿਅਵਹਾਰਿਕ ਬਣਾਉਂਦੇ ਹਨ। ਦਵਾਈਆਂ ਦੇ ਖੇਤਰ ਵਿਚ ਰਕਤ-ਸੰਚਾਰ ਦੇ ਬਾਰੇ ਵਿਚ ਵਿਲਿਅਮ ਹਾਰਵੇ ਦੀ ਖੋਜ ਦਾ ਨਿਉਰਬਰਗ ਦੇ ਕਾਸਪਰ ਹੀਫਮੈਨ ਦੁਆਰਾ ਇਹ ਕਹਿ ਕੇ ਪਰਿਹਾਸ ਕੀਤਾ ਗਿਆ ਕਿ ਇਹ ਪ੍ਰਕ੍ਰਿਤੀ ਦੇ ਨਿਅਮ ਵਿਚ ਦਖਲ ਹੈ। ਇਸੇ ਪ੍ਰਕਾਰ, ਕੀਟਾਣੂ ਵਿਗਿਆਨ ਵਿਚ ਪਾਸ਼ਚਰ (Pasteur) ਦੀ ਖੋਜਾਂ ਦਾ ਘੋਰ ਵਿਰੋਧ ਕੀਤਾ ਗਿਆ। ਫਾਇਡ, ਇਕ ਮਨੋਵਿਗਿਆਨਕ, ਦਾ ਅੱਜ ਵੀ ਵਿਰੋਧ ਕੀਤਾ ਜਾਂਦਾ ਹੈ। ਇੰਗਲੈਂਡ ਵਿਚ ਰੇਲਗੱਡੀ ਦੇ ਆਰੰਭਕ ਦਿਨ ਵਿਚ, ਰੇਲ ਨੂੰ 'ਪਹੀਏ ਉਤੇ ਚਲਦਾ-ਫਿਰਦਾ ਨਰਕ' ਅਤੇ 'ਸ਼ੈਤਾਨ ਦਾ ਡਿੱਬਾ' ਕਿਹਾ ਗਿਆ ਸੀ। ਯਾਤਾਯਾਤ ਦੇ ਅਵਿਸ਼ਕਾਰਾਂ ਦਾ ਵੀ ਘੋਰ ਵਿਰੋਧ ਕੀਤਾ ਗਿਆ, ਇੱਥੋਂ ਤਕ ਕਿ ਉਨ੍ਹਾਂ ਨੂੰ ਅਵੈਧ ਘੋਸ਼ਿਤ ਕਰ ਦਿਤਾ ਗਿਆ। 1861 ਵਿਚ ਬ੍ਰਿਟਿਸ਼ ਸੰਸਦ ਨੇ 'ਘੋੜਾਹੀਣ ਗੱਡੀ' ਨੂੰ ਅਵੈਧ ਘੋਸ਼ਿਤ ਕੀਤਾ। ਸੰਯੁਕਤ ਰਾਜ ਵਿਚ ਰੇਲਗੱਡੀ ਨੂੰ ਜੀਵਨ ਅਤੇ ਅੰਗ ਦੇ ਲਈ ਖਤਰਾ ਅਤੇ ਸਮਾਜ ਦੇ ਲਈ ਵਿਘਟਨਕਾਰੀ ਤੱਤ ਕਹਿ ਕੇ ਨਿੰਦਾ ਕੀਤਾ ਗਈ ਅਜੇ ਹਾਲ ਹੀ ਵਿਚ ਭਾਰਤ ਵਿਚ ਜੀਵਨ ਬੀਮਾ ਨਿਗਮ ਦੇ ਕਰਮਚਾਰੀਆਂ ਨੇ 'ਕੰਪਿਊਟਰ ਮਸ਼ੀਨ' (Computing Machines) ਦਾ ਇਹ ਕਹਿ ਕੇ ਵਿਰੋਧ ਕੀਤਾ ਕਿ ਇਸ ਨਾਲ ਉਨ੍ਹਾਂ ਦੀ ਛੱਟਣੀ ਹੋ ਜਾਏਗੀ। ਲੋਕਾਂ ਦੁਆਰਾ ਅਜਿਹੇ ਅਵਿਸ਼ਕਾਰਾਂ, ਜੋ ਬਾਅਦ ਵਿਚ ਨਾ ਕੇਵਲ ਉਪਯੋਗੀ, ਸਗੋਂ ਮਨੁੱਖ ਦੇ ਲਈ ਵਰਦਾਨ ਸਿੱਧ ਹੋਏ, ਦਾ ਵਿਰੋਧ ਅੱਜ ਇਕ ਦਮ ਅਜੀਬ ਜਿਹਾ ਲਗਦਾ ਹੈ।

**ਸਮਾਜਿਕ ਅਵਿਸ਼ਕਾਰ** (Social Invention)—ਪ੍ਰੋਦਿਯੋਗਿਕੀ ਅਵਿਸ਼ਕਾਰ ਆਗਬਰਨ ਦੁਆਰਾ ਤਥਾਕਥਿਤ ਸਮਾਜਿਕ ਅਵਿਸ਼ਕਾਰਾਂ ਨੂੰ ਜਨਮ ਦੇ ਸਕਦੇ ਹਨ। ਸਮਾਜਿਕ ਅਵਿਸ਼ਕਾਰਾਂ ਨਾਲ ਉਸਦਾ ਅਰਥ ਅਜਿਹੇ ਅਵਿਸ਼ਕਾਰਾਂ ਨਾਲ ਹੈ ਜੋ ਭੌਤਿਕ ਨਹੀਂ ਹੁੰਦੇ ਅਤੇ ਜਿਨ੍ਹਾਂ ਦਾ ਪ੍ਰਾਕ੍ਰਿਤਕ ਵਿਗਿਆਨ ਨਾਲ ਸੰਬੰਧ ਨਹੀਂ ਹੈ। ਬਹਿਬਕਾਰ, ਨਾਰੀ-ਮਤਦਾਨ, ਅਸਹਿਯੋਗ ਅੰਦੋਲਨ, ਆਨੁਪਾਤਿਕ ਪ੍ਰਤੀਨਿਧੀਤਵ, ਬਜੁਰਗਾਂ ਦੀ ਪੇਂਸ਼ਨ, ਬਾਲ ਕੋਰਟ, ਵਿਆਹ ਬਿਊਰੋ, ਸਿਵਿਲ ਸਰਵਿਸ, ਸ਼੍ਰਮਿਕਾਂ ਨੂੰ ਲਾਭਾਂਸ਼, ਅਗੰਤੁਕ ਅਧਿਆਪਕ, ਮਨੋਵਿਗਿਆਨਕ ਇਲਾਜ ਕੇਂਦਰ, ਰੋਟਰੀ ਕਲਬ, ਸ਼ੋਧ ਸੰਸਥਾਨ, ਸੰਯੁਕਤ ਰਾਸ਼ਟਰ ਸੰਘ, ਸਮਾਜਿਕ ਅਵਿਸ਼ਕਾਰਾਂ ਦੇ ਕੁਝ ਇਕ ਉਦਾਹਰਣ ਹਨ। ਸੋ ਅਭੌਤਿਕ ਅਵਿਸ਼ਕਾਰਾਂ ਦਾ ਸਮਾਜਿਕ ਅਵਿਸ਼ਕਾਰ ਕਿਹਾ ਜਾ ਸਕਦਾ ਹੈ। ਭਾਵੇਂ ਸਮਾਜਿਕ ਅਵਿਸ਼ਕਾਰਾਂ ਦੀ ਉਤਪਤੀ ਵਿਚ ਕਦੀ-ਕਦੀ ਭੌਤਿਕ ਅਵਿਸ਼ਕਾਰਾਂ ਦਾ ਹੱਥ ਹੁੰਦਾ ਹੈ। ਪਰ ਭੌਤਿਕ ਨਾ ਬਰਾਬਰ ਹੋ ਸਕਦਾ ਹੈ। ਉਦਾਹਰਣ ਲਈ ਬਵਿਸ਼ਕਾਰ ਜੋ ਇਕ ਸਮਾਜਿਕ ਅਵਿਸ਼ਕਾਰ ਹੈ, ਕਿਸੇ ਤਾਤਕਾਲਿਕ ਯਾਂਤ੍ਰਿਕ ਅਵਿਸ਼ਕਾਰ ਉਤੇ ਆਸ਼੍ਰਿਤ ਨਹੀਂ ਹੈ। ਸੋ ਇਹ ਨਿਸ਼ਕਰਸ਼ ਨਹੀਂ ਕਢਣਾ ਚਾਹੀਦਾ ਕਿ ਸਮਾਜਿਕ ਅਵਿਸ਼ਕਾਰਾਂ ਦੇ ਲਈ ਯਾਂਤ੍ਰਿਕ ਅਵਿਸ਼ਕਾਰ

ਪੂਰਵ-ਜਰੂਰਤ ਹੈ। ਯਾਂਤ੍ਰਿਕ ਅਵਿਸ਼ਕਾਰਾਂ ਦੀ ਭਾਂਤੀ ਸਮਾਜਿਕ ਅਵਿਸ਼ਕਾਰ ਵੀ ਸਮੰਜਨ ਦੀ ਕਿਸੇ ਜਰੂਰਤ ਦੇ ਸਹਿਜ ਗਿਆਨ ਨਾਲ ਉਦਭੂਤ ਹੁੰਦੇ ਹਨ।

**ਸਮਾਜਿਕ ਅਵਿਸ਼ਕਾਰ ਸਮਾਜਿਕ ਪਰਿਵਰਤਣ ਲਿਆਉਂਦੇ ਹਨ** (Social Inventions Bring Social Changes)—ਸਮਾਜਿਕ ਅਵਿਸ਼ਕਾਰ ਸਮਾਜਿਕ ਪਰਿਵਰਤਣਾਂ ਦਾ ਕਾਰਣ ਬਣਦੇ ਹਨ। ਇਹ ਸਪਸ਼ਟ ਹੈ। ਭਾਸ਼ਾ ਦੇ ਅਵਿਸ਼ਕਾਰ ਨੇ ਜੋ ਕਦਾਚਿਤ ਸਭ ਤੋਂ ਮਹਾਨ ਅਵਿਸ਼ਕਾਰ ਹੈ, ਵਿਗਿਆਨਾਂ ਦੇ ਵਿਕਾਸ ਨੂੰ ਸੰਭਵ ਬਣਾਇਆ, ਜਿਨ੍ਹਾਂ ਨੇ ਮਹੱਤਵਪੂਰਣ ਆਧੁਨਿਕ ਭੌਤਿਕ ਅਵਿਸ਼ਕਾਰਾਂ ਨੂੰ ਜਨਮ ਦਿਤਾ ਹੈ। ਵਰਤਮਾਨ ਆਮਦਨ ਕਰ ਦਾ ਧਨ ਦੇ ਪੁਨਰ ਵਿਤਰਣ ਉਤੇ ਸਮਾਜਿਕ ਪ੍ਰਭਾਵ ਪੈਂਦਾ ਹੈ। ਸ਼੍ਰਮਿਕਾਂ ਨੂੰ ਲਾਭਾਂਸ਼ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਨਤ ਕਰਦਾ ਹੈ। ਨਾਰੀ ਮਤਦਾਨ ਨੇ ਇਸਤ੍ਰੀਆਂ ਨੂੰ ਰਾਜਨੀਤਿਕ ਖੇਤਰ ਵਿਚ ਲਿਆ ਕੇ ਪਰਿਵਾਰਕ ਜੀਵਨ ਨੂੰ ਪ੍ਰਭਾਵਤ ਕੀਤਾ ਹੈ। ਆਰੰਭਕ ਸਿਖਿਆ ਜਰੂਰੀ ਕਰਕੇ ਰਾਜ ਨੇ ਬੱਚਿਆਂ ਦੇ ਉੱਤੇ ਮਾਤਾ ਪਿਤਾ ਦੇ ਨਿਅੰਤ੍ਰਣ ਨੂੰ ਘੱਟ ਕਰ ਦਿਤਾ ਹੈ। ਨਸ਼ਾ-ਨਿਸ਼ੇਧ ਨੇ ਲੋਕਾਂ ਦੀ ਆਦਤਾਂ ਵਿਚ ਪਰਿਵਰਤਣ ਲਿਆ ਦਿਤਾ ਹੈ। ਹਿੰਦੂ ਵਿਆਹ ਅਧਿਨਿਅਮ ਵਿਆਹ ਸੰਬੰਧੀ ਪ੍ਰਥਾਵਾਂ ਨੂੰ ਬਦਲ ਦਿਤਾ ਹੈ। ਨਿਅੰਤ੍ਰਣ ਪ੍ਰਣਾਲੀ ਨੇ ਚੋਰ ਬਾਜਾਰੀ ਅਤੇ ਭ੍ਰਸ਼ਟਾਚਾਰ ਨੂੰ ਜਨਮ ਦਿਤਾ ਹੈ। ਦੋ ਵਿਸ਼ਵਯੁੱਧਾਂ ਨੇ ਵੀ ਸਮਾਜਿਕ ਸੰਸਥਾਵਾਂ ਦੇ ਵਿਸ਼ਾਲ ਖੇਤਰ ਨੂੰ ਪ੍ਰਭਾਵਤ ਕੀਤਾ ਹੈ। ਸ਼ਾਇਦ ਹੀ ਕੋਈ ਉਦਿਯੋਗ ਅਜਿਹਾ ਹੋਵੇ ਜੋ ਪ੍ਰਭਾਵਤ ਨਾ ਹੋਇਆ ਹੋਵੇ। ਕਿਸਾਨਾਂ ਨੇ ਸ਼੍ਰਮਿਕਾਂ ਦਾ ਅਭਾਵ ਮਹਿਸੂਸ ਕੀਤਾ, ਵਿਆਹ ਅਤੇ ਜਨਮ ਦਰ ਘੱਟ ਹੋ ਗਈ, ਸਮਾਚਾਰਾਂ ਉਤੇ ਪ੍ਰਤੀਬੰਧ ਲਗਾਇਆ ਗਿਆ, ਕੀਮਤਾਂ ਚੜ ਗਈਆਂ। ਸੋ ਨਿਸ਼ਕਰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਅਵਿਸ਼ਕਾਰ ਵੀ ਯਾਂਤ੍ਰਿਕ ਅਵਿਸ਼ਕਾਰਾਂ ਦੀ ਭਾਂਤੀ ਸਮਾਜ ਉਤੇ ਵਿਆਪਕ ਪ੍ਰਭਾਵ ਪਾਉਂਦੇ ਹਨ।

**ਸਮਾਜਿਕ ਅਵਿਸ਼ਕਾਰਾਂ ਦਾ ਵਿਰੋਧ** (Opposition to Inventions)—ਜਿਸ ਪ੍ਰਕਾਰ ਲੋਕ ਯਾਂਤ੍ਰਿਕ ਅਵਿਸ਼ਕਾਰਾਂ ਦਾ ਵਿਰੋਧ ਕਰਦੇ ਹਨ, ਉਸੇ ਪ੍ਰਕਾਰ ਉਹ ਸਮਾਜਿਕ ਅਵਿਸ਼ਕਾਰਾਂ ਦਾ ਵੀ ਵਿਰੋਧ ਕਰਦੇ ਹਨ। ਪ੍ਰਾਚੀਨ ਪ੍ਰਕਾਰਾਂ ਨੂੰ ਅਪਣਾਉਣ ਦੀ ਅਪੇਕਸ਼ਾ ਆਸਾਨ ਹੁੰਦਾ ਹੈ। ਸੰਯੁਕਤ ਰਾਜ ਵਿਚ ਦਾਸ ਪ੍ਰਥਾ ਦੇ ਉਨਮੂਲਨ ਅਤੇ ਬ੍ਰਿਟੇਨ ਵਿਚ ਨਾਰੀ ਮਤਦਾਨ ਦਾ ਆਰੰਭ ਵਿਚ ਘੋਰ ਵਿਰੋਧ ਕੀਤਾ ਗਿਆ। ਲੰਬੇ ਅਤੇ ਸੰਹਾਰਕ ਗ੍ਰਹਿਯੁੱਧ ਦੇ ਉਪਰੰਤ ਹੀ ਦਾਸ ਪ੍ਰਥਾ ਦਾ ਅੰਤ ਹੋ ਸਕਿਆ। ਪ੍ਰਜਾਤੰਤਰੀ ਪ੍ਰਕਾਰ ਦੇ ਸ਼ਾਸਨ ਨੂੰ ਸਥਾਪਤ ਹੋਣ ਵਿਚ ਅਨੇਕ ਸ਼ਤਾਬਦੀਆਂ ਲਗੀਆਂ। ਭਾਰਤ ਵਿਚ ਲੋਕਾਂ ਨੇ ਹਿੰਦੂ ਵਿਆਹ ਕੋਡ ਦੇ ਨਿਰਮਾਣ ਦਾ ਵਿਰੋਧ ਕੀਤਾ। ਫ੍ਰਾਂਸ ਵਿਚ ਸ਼ਾਸਕੀ ਸੁਧਾਰਾਂ ਦਾ ਇੰਨਾ ਤੇਜ ਵਿਰੋਧ ਹੋਇਆ ਕਿ ਉਥੇ 1789 ਦੀ ਕ੍ਰਾਂਤੀ ਹੋਈ। **ਆਗਬਰਨ** ਨੇ ਲਿਖਿਆ ਹੈ, "ਇਹ ਪਰਿਘਟਨਾ ਕਿੰਨੀ ਵਿਲੱਖਣ ਹੈ ਕਿ ਮਾਨਵ ਮਾਤਰ ਦੇ ਲਈ ਜੋ ਅਵਿਸ਼ਕਾਰ ਵਰਦਾਨ ਸਿੱਧ ਹੋਏ, ਉਨ੍ਹਾਂ ਦਾ ਘੋਰ ਵਿਰੋਧ ਹੋਇਆ ਅਤੇ ਕਿੰਨਾ ਖੂਨ-ਖਰਾਬਾ ਹੋਇਆ। ਅਜਿਹਾ ਲਗਦਾ ਹੈ ਕਿ ਜਿਵੇਂ ਮਾਨਵਤਾ ਦੇ ਦੁਸ਼ਮਣ ਪਹਿਲਾਂ ਹੀ ਘਰ ਦੇ ਅੰਦਰ ਬੈਠੇ ਸਨ; ਜਿਵੇਂ ਕਿ ਸਾਡੇ ਵਿਚੋਂ ਅਨੇਕ ਇਨ੍ਹਾਂ ਵਰਦਾਨਾਂ ਤੋਂ ਵੰਚਿਤ ਰਹਿਣਾ ਚਾਹੁੰਦੇ ਸਨ।"

## ਲੋਕ ਸਮਾਜਿਕ ਪਰਿਵਰਤਣ ਦਾ ਵਿਰੋਧ ਕਿਉਂ ਕਰਦੇ ਹਨ

ਅਨੇਕ ਅਜਿਹੇ ਕਾਰਣ ਹਨ ਜਿਸ ਨਾਲ ਲੋਕ ਸਮਾਜਿਕ ਪਰਿਵਰਤਣ ਦਾ ਵਿਰੋਧ ਕਰਦੇ ਹਨ। ਹੇਠ ਲਿਖੇ ਕਾਰਣ ਜ਼ਿਆਦਾ ਮਹੱਤਵਪੂਰਨ ਹਨ—

1. **ਸਥਿਰਤਾ ਦੀ ਇੱਛਾ** (Desire for Stability)—ਪਹਿਲਾ ਕਾਰਣ ਇਹ ਹੈ ਕਿ ਮਨੁੱਖ ਸਥਿਰਤਾ-ਪ੍ਰੇਮੀ ਹੁੰਦੇ ਹਨ। ਵਿਅਕਤੀ ਨੂੰ ਦੂਜੇ ਲੋਕਾਂ ਦੇ ਨਾਲ ਸਹਿਯੋਗ ਕਰਨ ਤੋਂ ਪਹਿਲਾਂ ਆਪਣੀ ਭਾਵੀ ਪ੍ਰਤਿਆਸ਼ਾਵਾਂ ਦੇ ਬਾਰੇ ਵਿਚ ਸੁਰੱਖਿਅਤ ਅਨੁਭਵ ਕਰਨਾ ਹੋਏਗਾ। ਪਰਿਵਰਤਣ ਵਿਦਿਮਾਨ ਸੰਤੁਲਨ ਨੂੰ ਵਿਸ਼ੰਖਲਿਤ ਕਰ ਦਿੰਦਾ ਹੈ। ਜਿਸ ਨਾਲ ਮਨੁੱਖ ਭਵਿੱਖ ਦੇ ਪ੍ਰਤੀ ਸੰਸ਼ਾਲੂ ਹੋ ਜਾਂਦੇ ਹਨ। ਉਨ੍ਹਾਂ ਨੂੰ ਨਵੇਂ ਦਾ ਡਰ ਹੁੰਦਾ ਹੈ। ਅਜਿਹੀ ਨਵੀਂ ਵਸਤੂਆਂ, ਜਿਨ੍ਹਾਂ ਦੀ ਉਪਯੋਗਤਾ ਸੰਦਿਗਧ ਹੈ, ਨੂੰ ਅਪਣਾਉਣ ਦੀ ਅਪੇਕਸ਼ਾ ਉਹ ਵਿਦਿਮਾਨ ਸਥਿਤੀ ਨਾਲ ਚਿਪਕੇ ਰਹਿਣਾ ਪਸੰਦ ਕਰਦੇ ਹਨ, ਕਿਉਂਕਿ ਭਵਿੱਖ ਦਾ ਕਿਸੇ ਨੂੰ ਕੀ ਪਤਾ ਕਿ ਨਵੀ ਵਸਤੂ ਪ੍ਰਾਚੀਨ ਦੀ ਅਪੇਕਸ਼ਾ ਜ਼ਿਆਦਾ ਲਾਭ ਵਾਲੀ ਸਿੱਧ ਹੋਏਗੀ। ਸੁਭਾਵਕ ਤੌਰ ਤੇ ਸਥਿਰਤਾ ਕਿਸੇ ਵੀ ਸਮਾਜ ਦੀ ਪੂਰਵ ਜ਼ਰੂਰਤ ਹੈ, ਸੋ ਹਰੇਕ ਸਮਾਜ ਪਰਿਵਰਤਣ ਦੇ ਪ੍ਰਤੀ ਚੇਤੰਨ ਰਹਿੰਦਾ ਹੈ।
2. **ਅਵਿਸ਼ਕਾਰ ਦੀ ਅਪਰਿਆਪਤ** (Inadequacy of Invention)—ਦੂਜੇ, ਅਵਿਸ਼ਕ੍ਰਿਤ ਵਸਤੂਆਂ ਆਪਣੀ ਪਹਿਲੀ ਅਵਸਥਾ ਵਿਚ ਕਿਸੇ ਕਾਰਣਵਸ਼ ਅਪਰਿਆਪਤ ਹੁੰਦੀ ਹੈ। ਕੁਝ ਪ੍ਰਯੋਗ ਕਰਨ ਉਤੇ ਜਲਦੀ ਟੁੱਟ ਜਾਂਦੀ ਹੈ। ਕਦੀ-ਕਦੀ ਉਨ੍ਹਾਂ ਦੀ ਮਰੰਮਤ ਕਰਨਾ ਕਠਿਨ ਹੁੰਦਾ ਹੈ, ਕਿਉਂਕਿ ਤਦਰਥ ਵਿਸ਼ਿਸ਼ਟ ਕੌਸ਼ਲ ਦੀ ਜਰੂਰਤ ਹੁੰਦੀ ਹੈ। ਕੁਝ ਇਕ ਵਿਚ ਗੁਣਾਂ ਦੀ ਅਪੇਕਸ਼ਾ ਦੋਸ਼ ਜ਼ਿਆਦਾ ਹੁੰਦੇ ਹਨ, ਜ਼ਿਆਦਾ ਸ਼ੋਰ ਜਾਂ ਕੰਪਨ। ਕੁਝ ਅਵਸਥਾਵਾਂ ਵਿਚ ਉਨ੍ਹਾਂ ਦੇ ਮੁੱਲ ਉੱਚੇ ਹੋ ਰਹੇ ਹਨ। ਸਮਾਜਿਕ ਅਵਿਸ਼ਕਾਰਾਂ ਵਿਚ ਵੀ ਆਰੰਭਕ ਤਰੁੱਟੀਆਂ ਹੁੰਦੀਆਂ ਹਨ। ਜੇਕਰ ਜਨਤਾ ਧੀਰਜਵਾਨ ਹਮਰਦਰਦੀ ਪੂਰਨ ਅਤੇ ਸਇਸੋਗੀ ਹੋਵੇ ਤਾਂ ਇਨ੍ਹਾਂ ਤਰੁੱਟੀਆਂ ਨੂੰ ਕਾਲਾਂਤਰ ਵਿਚ ਦੂਰ ਕੀਤਾ ਜਾ ਸਕਦ ਹੈ।
3. **ਅਗਿਆਨਤਾ** (Ignorance)—ਵਿਰੋਧ ਦਾ ਇਕ ਹੋਰ ਕਾਰਣ ਅਗਿਆਨਤਾ ਹੈ। ਕਿਸੇ ਅਵਿਸ਼ਕਾਰ ਦੇ ਦੋਸ਼ਾਂ ਅਤੇ ਗੁਣਾਂ ਨੂੰ ਸਮਝਣ ਵਿਚ ਕਾਫੀ ਸਮੇਂ ਲਗ ਜਾਂਦਾ ਹੈ। ਰੋਗ ਸੰਬੰਧ ਨਵੇਂ ਕੀਟਾਣੂ ਸਿਧਾਂਤ ਦੀ ਸਮਝਣ ਵਿਚ ਪਰਿਆਪਤ ਸਮੇਂ ਲਗਾ। ਇ ਵੀ ਕੁਝ ਸਮੇਂ ਤਕ ਸਮਝਿਆ ਗਿਆ ਕਿ ਲੋਹੇ ਦਾ ਪ੍ਰਯੋਗ ਭੂਮੀ ਅਤੇ ਬੀਜ ਦੀ ਉਰਵਰਤਾ ਨੂੰ ਖਤਮ

ਨੋਟ

ਕਰ ਦੇਵੇਗਾ। ਇਸੇ ਪ੍ਰਕਾਰ, ਨਵੇਂ ਅਵਿਸ਼ਕਾਰ ਦਾ ਡਰ ਵੀ ਲੋਕਾਂ ਦੇ ਵਿਰੋਧ ਦਾ ਕਾਰਣ ਬਣ ਸਕਦਾ ਹੈ। ਹੁਣ ਵੀ ਅਨੇਕ ਲੋਕਾਂ ਨੂੰ ਵਾਯੂ ਯਾਤਰਾ ਤੋਂ ਡਰ ਲਗਦਾ ਹੈ। ਪ੍ਰੋਦਿਯੋਗਿਕੀ ਅਵਿਸ਼ਕਾਰਾਂ ਦੇ ਪ੍ਰਤੀ ਵਿਰੋਧ ਨੂੰ ਨਵੇਂ ਅਵਿਸ਼ਕਾਰਾਂ ਦੇ ਵਿਸ਼ੇ ਵਿਚ ਲੋਕਾਂ ਦੇ ਡਰ ਨੂੰ ਪ੍ਰਯੋਗਾਂ ਦੁਆਰਾ ਦੂਰ ਕਰਕੇ ਖਤਮ ਕੀਤਾ ਜਾ ਸਕਦਾ ਹੈ। ਪਰੰਤੂ ਸਮਾਜਿਕ ਅਵਿਸ਼ਕਾਰਾਂ ਦੇ ਖੇਤਰ ਵਿਚ ਪ੍ਰਯੋਗੀਕਰਣ ਕਠਿਨ ਹੁੰਦਾ ਹੈ, ਸੋ ਉਨ੍ਹਾਂ ਦੇ ਪ੍ਰਤੀ ਵਿਰੋਧ ਦੀਰਘਕਾਲ ਤਕ ਬਣਿਆ ਰਹਿੰਦਾ ਹੈ।

4. **ਸੁਭਾਅ ਅਤੇ ਰੀਤੀ ਰਿਵਾਜ** (Habit and Tradition)—ਸੁਭਾਅ ਸਮਾਜਿਕ ਪਰਿਵਰਤਣ ਦੇ ਮਾਰਗ ਦੀ ਇਕ ਹੋਰ ਰੁਕਾਵਟ ਹੈ। ਵਿਅਕਤੀ ਆਦਤਵਸ਼ ਅਤੇ ਪ੍ਰਥਾਵਸ਼ ਜ਼ਿਆਦਾ ਕਮ ਕਰਦੇ ਹਨ। ਉਹ ਅਪਰਿਚਿਤ ਨੂੰ ਪਸੰਦ ਨਹੀਂ ਕਰਦੇ। ਨਵੇਂ ਅਵਿਸ਼ਕਾਰ ਨੂੰ ਅੰਗੀਕਾਰ ਕਰਨ ਦਾ ਅਰਥ ਹੈ ਪੁਰਾਣੀ ਆਦਤ ਦੇ ਸਥਾਨ ਉਤੇ ਨਵੀਂ ਆਦਤ ਪਾਉਣਾ ਜੋ ਵਿਸ਼ੇਸ਼ਤਾ ਬਜੁਰਗ ਲੋਕਾਂ ਦੇ ਲਈ ਕਠਿਨ ਕੰਮ ਹੁੰਦਾ ਹੈ। ਰੀਤੀ ਰਿਵਾਜ, ਅਤੀਤ ਦੇ ਪ੍ਰਤੀ ਆਦਰ ਹੁੰਦੇ ਹਨ ਅਤੇ ਅਪਰ ਨਿਅੰਤਰਣ ਸ਼ਕਤੀ ਵਿਚ ਵਿਸ਼ਵਾਸ ਲੋਕਾਂ ਨੂੰ ਨਵੀਨ ਮਨੋਵ੍ਰਿਤੀਆਂ ਅਪਣਾਉਣ ਤੋਂ ਰੋਕਦਾ ਹੈ। ਇਸ ਪ੍ਰਕਾਰ, ਉਹ ਸੰਤਤੀ ਨਿਅੰਤ੍ਰਣ ਦੀ ਵਿਧੀਆਂ ਅਤੇ ਹੋਰ ਅਸੰਖ ਅਨਵੇਸ਼ਣਾਂ ਦਾ ਵਿਰੋਧ ਕਰ ਸਕਦੇ ਹਨ। ਮਨੁੱਖ ਨਿਰਵਾਇਤ ਰੂੜੀਵਾਦੀ ਪ੍ਰਾਣੀ ਹੈ। ਮਾਨਵ ਸੁਭਾਅ ਵਿਚ ਧਾਰਮਿਕ ਰੂੜੀਵਾਦੀ ਪ੍ਰਵਿਰਤੀਆਂ ਪਰਿਵਰਤਣਕਾਰੀ ਪ੍ਰਵਿਰਤੀਆਂ ਤੋਂ ਜ਼ਿਆਦਾ ਦ੍ਰਿੜ ਹੁੰਦੀਆਂ ਹਨ। ਕਿਸੇ ਸੰਸਥਾ ਦੇ ਪ੍ਰਤੀ ਭਾਵਨਾ ਸੰਗ੍ਰਹੀ ਹੋ ਜਾਂਦੀ ਹੈ। ਜਿਸਦੇ ਪ੍ਰਤੀ ਭਗਤੀ ਦਾ ਅਨੁਭਵ ਕੀਤਾ ਜਾਂਦਾ ਹੈ। ਨਵੀਨਤਾ ਅਜਿਹੇ ਮਨ ਨੂੰ ਪ੍ਰੇਰਿਤ ਕਰਨ ਵਿਚ ਅਸਫਲ ਰਹਿੰਦੀ ਹੈ। ਇਹੀ ਕਾਰਣ ਹੈ ਕਿ ਸਕਿਰ ਸਮਾਜ ਵਿਚ ਸਮਾਜਿਕ ਪਰਿਵਰਤਣ ਦਾ ਜ਼ਿਆਦਾ ਵਿਰੋਧ ਕੀਤਾ ਜਾਂਦਾ ਹੈ। ਸਮਾਜਿਕ ਪ੍ਰਥਕਤਵ ਅਵਿਸ਼ਕਾਰ ਦਾ ਵਿਰੋਧੀ ਹੈ। ਦੋਵੇਂ ਪਰਸਪਰ ਇਕ ਦੂਜੇ ਦੇ ਵਿਰੋਧੀ ਹਨ। ਅਵਿਸ਼ਕਾਰਾਂ ਦੇ ਅੰਗੀਕਰਣ ਲਈ ਧਰਮ ਨਿਰਪੇਖਕ੍ਰਿਤ ਪਰਿਆਵਰਣ ਜਰੂਰੀ ਹੁੰਦਾ ਹੈ। ਜਿਸ ਨੂੰ ਸਾਂਸਕ੍ਰਿਤਕ ਉਰਵਰਣ ਦੁਆਰਾ, ਅਰਥਾਤ ਵਿਭਿੰਨ ਵਿਚਾਰਾਂ ਅਤੇ ਪ੍ਰਥਾਵਾਂ ਦੇ ਪ੍ਰਸਾਰ ਦੁਆਰਾ ਉਤਪੰਨ ਕੀਤਾ ਜਾ ਸਕਦਾ ਹੈ।

5. **ਆਰਥਿਕ ਮੁੱਲ** (Economics Costs)—ਆਰਥਿਕ ਮੁੱਲ ਵੀ ਆਧੁਨਿਕ ਕਾਲ ਵਿਚ ਕਿਸੇ ਅਵਿਸ਼ਕਾਰ ਦੇ ਅੰਗੀਕਰਣ ਵਿਚ ਰੁਕਾਵਟ ਉਤਪੰਨ ਕਰ ਸਕਦੇ ਹਨ। ਕਿਸੇ ਅਵਿਸ਼ਕਾਰ ਸਮਾਜਿਕ ਅਤੇ ਯਾਂਤ੍ਰਿਕ ਨੂੰ ਆਰੰਭ ਕਰਨ ਦੇ ਲਈ ਧਨ ਦੀ ਜਰੂਰਤ ਹੁੰਦੀ ਹੈ। ਇਸ ਪ੍ਰਕਾਰ, ਜਰੂਰੀ ਸਵਾਸਥ ਬੀਮਾਂ ਦੀ ਯੋਜਨਾ ਨੂੰ ਕ੍ਰਿਆਨਵਿਤ ਕਰਨ ਲਈ ਬਹੁਤ ਜਿਆਦਾ ਧਨ ਦੀ ਜਰੂਰਤ ਹੁੰਦੀ ਹੈ। ਸੋ ਅਵਿਸ਼ਕਾਰ ਨੂੰ ਅਪਣਾਉਣ ਵਿਚ ਖਰਚ ਦੀ ਧਨਰਾਸ਼ੀ ਹੀ ਬਾਧਾ ਉਤਪੰ ਕਰ ਸਕਦੀ ਹੈ। ਇਸਦੇ ਅਲਾਵਾ ਜੇਕਰ ਪਿਛਲਾ ਅਨੁਭਵ ਇਹ ਦਰਸ਼ਾਉਂਦਾ ਹੈ ਕਿ ਕੋਈ ਅਵਿਸ਼ਕਾਰ ਬਹੁਤ ਜ਼ਿਆਦਾ ਮਹਿੰਗਾ ਅਤੇ ਸਮਾਜਿਕ ਰੂਪ ਵਿਚ ਵਿਘਟਨਕਾਰੀ ਸਿੱਧ ਹੋਇਆ ਸੀ ਤਾਂ ਨਵੇਂ ਅਵਿਸ਼ਕਾਰ ਦਾ ਵਿਰੋਧ ਅਤੇ ਜ਼ਿਆਦਾ ਕਠੋਰ ਹੋ ਜਾਏਗਾ।

6. **ਨਿਹਿਤ ਸਵਾਰਥ** (Vested Interests)—ਨਿਹਿਤ ਸਵਾਰਥਾਂ ਦੀ ਸੱਤਾ ਵੀ ਅਨਵੇਸ਼ਣ ਦੇ ਮਾਰਗ ਵਿਚ ਰੋਕ ਉਤਪੰਨ ਕਰਦੀ ਹੈ। ਜੋ ਲੋਕ ਅਨੁਭਵ ਕਰਦੇ ਹਨ ਕਿ ਸਮਾਜਿਕ ਪਰਿਵਰਤਣ ਨਾਲ ਉਨ੍ਹਾਂ ਦੇ ਹਿਤਾਂ ਦਾ ਡਰ ਉਤਪੰਨ ਹੋ ਜਾਏਗਾ, ਉਹ ਹਰੇਕ ਅਜਿਹੇ ਪ੍ਰਸਤਾਪ ਦਾ ਘੋਰ ਵਿਰੋਧ ਕਰਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਦੇ ਅਧਿਕਾਰਾਂ ਨੂੰ ਡਰ ਉਤਪੰਨ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਜਮੀਂਦਾਰੀ ਉਨਮੂਲਨ ਦਾ ਵਿਰੋਧ ਅਜਿਹੇ ਲੋਕਾਂ ਦੁਆਰਾ ਕੀਤਾ ਗਿਆ ਜੋ ਜਮੀਂਦਾਰ ਵਿਅਵਸਥਾ ਤੋਂ ਲਾਭ ਉਠਾ ਰਹੇ ਸਨ। ਇਸੇ ਪ੍ਰਕਾਰ ਰੇਲਵੇ ਪਟਰੀ ਦੇ ਨਿਰਮਾਣ ਦਾ ਅਜਿਹੇ ਲੋਕਾਂ ਦੁਆਰਾ ਵਿਰੋਧ ਕੀਤਾ ਜਦਾ ਹੈ। ਜਿਨ੍ਹਾਂ ਦੀ ਜਮੀਨ ਤਦਰਥ ਅਧਿਗ੍ਰਹਿਣ ਕਰ ਲਈ ਜਾਏਗੀ। ਉਨ੍ਹਾਂ ਦਾ ਵਿਰੋਧ ਉਨ੍ਹਾਂ ਦੇ ਵਿਸ਼ੁੱਧ ਸਵਾਰਥ ਉਤੇ ਆਧਾਰਤ ਹੁੰਦਾ ਹੈ। ਭਾਰਤ ਵਿਚ ਬ੍ਰਾਹਮਣਾਂ ਨੇ ਹਿੰਦੂ ਕੋਟ ਦੇ ਨਿਰਮਾਣ ਦਾ ਵਿਰੋਧ ਕੀਤਾ, ਕਿਉਂਕਿ ਇਹ ਉਨ੍ਹਾਂ ਦੇ ਹਿਤਾਂ ਉਤੇ ਪ੍ਰਹਾਰ ਕਰਦਾ ਸੀ। ਪਾਠਕ੍ਰਮ ਵਿਚ ਪਰਿਵਰਤਣ ਦਾ ਅਜਿਹੇ ਲੋਕਾਂ ਦੁਆਰਾ ਵਿਰੋਧ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਪੁਰਾਣੀ ਪੁਸਤਕਾਂ ਅਜੇ ਬਾਕੀ ਹਨ। ਇਹ ਵੀ ਧਿਆਨ ਰਹੇ ਕਿ ਸਵਾਰਥ ਪਰਿਵਰਤਣ ਵੀ ਚਾਹੁੰਦਾ ਹੈ ਜਦ ਇਸ ਨਾਲ ਸੱਤਾ, ਧਨ ਅਤ ਸਨਮਾਨ ਪ੍ਰਾਪਤੀ ਦੀ ਆਸ਼ਾ ਨਾ ਹੋਵੇ।

   ਅੱਜ ਸਮਾਜ ਵਿਚ ਨਿਹਿਤ ਸਵਾਰਕਾਂ ਦੀ ਸੰਖਿਆ ਸਰਵਥਾ ਵਿਸ਼ਾਲ ਹੈ। ਇਸਦੇ ਅਲਾਵਾ ਉਨ੍ਹਾਂ ਦੀ ਸਥਿਤੀ ਅਤੇ ਉਨ੍ਹਾਂ ਦੇ ਸਾਧਨਾਂ ਦੇ ਕਾਰਣ ਸਰਕਾਰ ਉਤੇ ਉਨ੍ਹਾਂ ਜ਼ਿਆਦਾ ਪ੍ਰਭਾਵ ਹੈ। ਜਦ ਕਦੀ ਕੋਈ ਸਮਾਜਿਕ ਪਰਿਵਰਤਣ ਉਨ੍ਹਾਂ ਦੇ ਹਿਤਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਤਾਂ ਉਹ ਇਸਦਾ ਕਠੋਰ ਵਿਰੋਧ ਕਰਦੇ ਹਨ। ਨਿਹਿਤ ਸਵਾਰਥਾਂ ਦੇ ਵਿਰੋਧ ਦਾ ਕਠੋਰਤਾ ਨਾਲ ਸਾਹਮਣਾ ਕਰਨਾ ਚਾਹੀਦਾ ਹੈ।

7. **ਬੌਧਿਕ ਆਲਸ** (Intellectual Laziness)—ਅੰਤਿਮ, ਨਿਸ਼ਕ੍ਰਿਅਤਾ ਅਤੇ ਬੌਧਿਕ ਆਲਸ ਵੀ ਪਰਿਵਰਤਣ ਦਾ ਵਿਰੋਧ ਕਰਾ ਦਿੰਦੇ ਹਨ। ਮਨੁੱਖ ਅਨਵੇਸ਼ਣ ਕਰਨ ਦੀ ਅਪੇਕਸ਼ਾ ਉਧਾਰ ਲੈਣਾ, ਨਵੇਂ ਮਾਰਗ ਨੂੰ ਅਜਮਾਉਣ ਦੀ ਅਪੇਕਸ਼ਾ ਪੁਰਾਣੇ ਮਾਰਗ ਉਤੇ ਚਲਦੇ ਰਹਿਣਾ ਜ਼ਿਆਦਾ ਪਸੰਦ ਕਰਦਾ ਹੈ।

ਵਿਰੋਧ ਸਦੈਵ ਹਾਨੀਕਾਰਕ ਨਹੀਂ ਹੁੰਦਾ (Opposition not always Harmful)—ਉਪਯੁਕਤ ਵਰਣਨ ਨਾਲ ਇਹ ਨਿਸ਼ਕਰਸ਼ ਨਹੀਂ ਨਿਕਲਣਾ ਚਾਹੀਦਾ ਕਿ ਸਮਾਜਿਕ ਪਰਿਵਰਤਣ ਦਾ ਵਿਰੋਧ ਅਵਾਂਛਨੀ ਹੈ। ਕਦੀ-ਕਦੀ ਅਨੇਕ ਪਰਿਵਰਤਣਾਂ ਦੇ ਗੁਣਾਂ ਦੇ ਬਾਰੇ ਵਿਚ ਪਰਿਆਪਤ ਸੰਦੇਹ ਹੁੰਦਾ ਹੈ। ਇਹ ਪ੍ਰਸਤਾਵ ਕਿ ਪ੍ਰਜਾਤੰਤਰੀ ਵਿਅਵਸਥਾ ਦੇ ਸਥਾਨ ਉਤੇ ਨਿਰੰਕੁਸ਼

ਵਿਅਵਸਥਾ ਨੂੰ ਸਥਾਪਤ ਕੀਤਾ ਜਾਏ, ਅਜਿਹੇ ਸੁਧਾਰ ਦਾ ਉਦਾਹਰਣ ਹੈ ਜੋ ਨਿਸ਼ਚਿਤ ਰੂਪ ਨਾਲ ਹਾਨੀਕਾਰਕ ਹੈ। ਪ੍ਰੋਦਿਯੋਗਿਕੀ ਅਨਵੇਸ਼ਣਾਂ ਦਾ ਵਿਰੋਧ ਉਚਿਤ ਹੋਵੇਗਾ, ਜੇਕਰ ਅਵਿਅਵਹਾਰਕ ਅਤੇ ਲਾਭਦਾਇਕ ਦੀ ਅਪੇਕਸ਼ਾ ਹਾਨੀਕਾਰਕ ਜ਼ਿਆਦਾ ਹੈ। ਵਿਗਿਆਨਕਾਂ ਦਾ ਇਹ ਕੰਮ ਨਹੀਂ ਹੈ ਕਿ ਉਹ ਇਹ ਨਿਸ਼ਕਰਸ਼ ਦੇਣ ਕਿ ਅਮੁਕ ਅਨਵੇਸ਼ਣ ਨਾਲ ਹੋਣ ਵਾਲੇ ਪਰਿਵਰਤਣ ਅੱਛੇ ਹਨ ਜਾਂ ਬੁਰੇ। ਅਨਵੇਸ਼ਾਂ ਦੇ ਪ੍ਰਭਾਵਾਂ ਉਤੇ ਧਿਆਨ ਦੇਣਾ ਅਤੇ ਸਮਾਜਿਕ ਸੰਬੰਧਾਂ ਉਤੇ ਉਨ੍ਹਾਂ ਦੇ ਸੰਭਾਵਤ ਨਤੀਜਿਆਂ ਦਾ ਪੂਰਵ ਕਥਨ ਕਰਨਾ ਸਮਾਜਿਕ ਵਿਗਿਆਨਕਾਂ ਦਾ ਕੰਮ ਹੈ। ਜਦ ਕਿ ਪ੍ਰੋਦਿਯੋਗਿਕੀ ਤੱਤ ਮਹੱਤਵਪੂਰਣ ਹਨ, ਉਨ੍ਹਾਂ ਦਾ ਪ੍ਰਯੋਗ ਸਾਂਸਕ੍ਰਿਤਕ ਰੂਪ ਨਾਲ ਗ੍ਰਾਹੀਏ ਮਾਨਵ-ਹਿਤਾਂ ਦੇ ਅਨੁਕੂਲ ਕੀਤਾ ਜਾਣਾ ਚਾਹੀਦਾ। ਆਧੁਨਿਕ ਯੁਗ ਵਿਚ ਪ੍ਰੋਦਿਯੋਗਿਕੀ ਯੰਤਰਾਂ ਨੂੰ ਨਸ਼ਟ ਕਰਨਾ ਮੂਰਖਤਾ ਹੋਵੇਗੀ, ਪਰੰਤੂ ਹਾਨੀਕਾਰਕ ਸੰਸਥਾਵਾਂ ਦੇ ਬਾਰੇ ਵਿਚ ਜਰੂਰ ਵਿਚਾਰ ਕੀਤਾ ਜਾ ਸਕਦਾ ਹੈ। ਕਿਸੇ ਅਨਵੇਸ਼ਣ ਨੂੰ ਅੰਗੀਕਾਰ ਕਰਨ ਤੋਂ ਪਹਿਲਾਂ ਇਸਦੇ ਨਤੀਜਿਆਂ ਦਾ ਪਰਿਆਪਤ ਅਤੇ ਚੇਤੰਨ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ।

### ਸਵ-ਮੁਲਾਂਕਣ (Self Assessment)

**2. ਖਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks)—**

(*i*) ............ ਨੂੰ 'ਵਿਗਿਆਨ ਦਾ ਯੁਗ' ਊਰਜਾ ਦਾ ਯੁਗ ਕਿਹਾ ਜਾਂਦਾ ਹੈ।

(*ii*) ........... ਨੇ ਸ਼੍ਰਮਿਕਾਂ ਨੂੰ ਸੰਗਠਤ ਕਰ ਦਿਤਾ ਹੈ ਅਤੇ ਉਤਪਾਦਨ ਅਤੇ ਵਿਤਰਣ ਦੀ ਜਟਿਲ ਵਿਅਵਸਥਾ ਨੂੰ ਜਨਮ ਦਿਤਾ ਹੈ।

(*iii*) ਲੇਖਣ ਵਾਣੀ ਦਾ ਲਿਖਤ ਸਰੂਪ ਹੈ ......... ਦੂਰੀ ਮਿਟਾਉਂਦੇ ਹੋਏ ਵਾਣੀ ਦਾ ਸੰਚਾਰ ਹੈ।

(*iv*) ਯਾਤਾਯਾਤ ਦੂਰੀ ਉਤੇ .......... ਹੈ।

(*v*) ............. ਵਿਚ ਇਕ ਯੋਗ ਅਭਿਅੰਤਾ ਦਾ ਵਿਚਾਰ ਸੀ ਕਿ ਛੇ ਮੀਲ ਤੋਂ ਜ਼ਿਆਦਾ ਗਤੀ ਵਿਨਾਸ਼ ਦੇ ਪਾਸੇ ਲੈ ਜਾਵੇਗੀ।

(*vi*) ............ ਸਮਾਜਿਕ ਪਰਿਵਰਤਣ ਦਾ ਕਾਰਣ ਬਣਦੇ ਹਨ।

(*vii*) ਫ੍ਰਾਂਸ ਵਿਚ ਸ਼ਾਸਕੀ ਸੁਧਾਰਾਂ ਦਾ ਇੰਨਾ ਤੇਜ ਵਿਰੋਧ ਹੋਇਆ ਕਿ ਉਥੇ ............ ਦੀ ਕ੍ਰਾਂਤੀ ਹੋਈ।

(*viii*) ਕਿਸੇ ............. ਨੂੰ ਅੰਗੀਕਾਰ ਕਰਨ ਤੋਂ ਪਹਿਲਾਂ ਇਸਦੇ ਨਤੀਜਿਆਂ ਦਾ ਪਰਿਆਪਤ ਅਤੇ ਚੇਤੰਨ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ।

## 13.3 ਸਾਰ ਅੰਸ਼ (Summary)

- ਸਮਾਜ ਦੀ ਸੰਰਚਨਾ ਅਤੇ ਸੰਸਕ੍ਰਿਤੀ ਵਿਚ ਸਮਾਜਿਕ ਪਰਿਵਰਤਣ ਦਾ ਸੂਤਰਪਾਤ ਆਂਤਰਿਕ ਅਤੇ ਬਾਹਰੀ ਸ੍ਰੋਤਾਂ ਦੁਆਰਾ ਹੁੰਦਾ ਹੈ। ਸਮਾਜ ਦੀ ਸੰਰਚਨਾ ਨਾਲ ਸੰਦਰਭ ਅਧਿਸੰਰਚਨਾਤਮਕ ਸਹੂਲਤਾਂ, ਲੋਕਾਂ ਵਿਚ ਇਸਦੇ ਵਿਤਰਣ ਅਤੇ ਉਨ੍ਹਾਂ ਦੀਆਂ ਸਹੂਲਤਾਂ ਤਕ ਪਹੁੰਚ ਤੋਂ ਹੈ ਜਦ ਕਿ ਸਮਾਜ ਦੀ ਸੰਸਕ੍ਰਿਤੀ ਵਿਚ ਪਰੰਪਰਾਵਾਂ, ਧਰਮ, ਜੀਵਨ ਦੇ ਮਾਨਕ ਅਤੇ ਪਾਰਸਪਰਿਕ ਵਿਵਹਾਰ ਸ਼ਾਮਲ ਹਨ। ਸਮਾਜ ਦੀ ਸੰਰਚਾ ਅਤੇ ਸੰਸਕ੍ਰਿਤੀ ਸਥਿਰ ਨਹੀਂ ਰਹੀ ਹੈ। ਸਮਾਜਿਕ ਪਰਿਵਰਤਣ ਇਸ ਪ੍ਰਕਾਰ ਇਕ ਅਪਰਿਹਾਰਿਅ ਪ੍ਰਕ੍ਰਿਆ ਹੋ ਜਾਂਦੀ ਹੈ।
- ਜਨਸੰਖਿਆ ਅਤੇ ਉਸਦੀ ਰਚਨਾ ਵਿਚ ਪਰਿਵਰਤਣ ਦਾ ਸਮਾਜ ਉਤੇ ਮਹੱਤਵਪੂਰਨ ਪ੍ਰਭਾਵ ਹੁੰਦਾ ਹੈ। ਜਿਸ ਸਮਾਜ ਵਿਚ ਲੜਕੀਆਂ ਦੀ ਗਿਣਤੀ ਪੁਰਸ਼ ਬੱਚਿਆਂ ਦੀ ਗਿਣਤੀ ਤੋਂ ਜ਼ਿਆਦਾ ਹੁੰਦੀ ਹੈ। ਉਸਦੇ ਪ੍ਰੇਮ, ਵਿਆਹ ਅਤੇ ਪਰਿਵਾਰਕ ਸੰਗਠਨ ਦਾ ਰੂਪ ਉਸ ਸਮਾਜ ਤੋਂ ਭਿੰਨ ਹੋਏਗਾ ਜਿਸ ਵਿਚ ਪੁਰਸ਼ ਬੱਚਿਆਂ ਦੀ ਗਿਣਤੀ ਜ਼ਿਆਦਾ ਹੈ। ਜਨਸੰਖਿਆ ਸੰਬੰਧੀ ਅਧਿਆਏ ਵਿਚ ਅਸੀਂ ਇਹ ਸਪਸ਼ਟ ਕੀਤਾ ਸੀ ਕਿ ਪਿਛਲੇ ਇਕ ਸੌ ਸਾਲਾਂ ਵਿਚ ਅਨੇਕ ਦੇਸ਼ਾਂ ਦੀ ਜਨਸੰਖਿਆ ਵਿਚ ਬਹੁਤ ਜ਼ਿਆਦਾ ਤੇਜ ਵਾਧਾ ਹੋਇਆ ਹੈ।
- ਇਸ ਪ੍ਰਕਾਰ ਸਪਸ਼ਟ ਹੈ ਕਿ ਪ੍ਰਾਕ੍ਰਿਤਕ ਪ੍ਰਵਰਣ ਦੇ ਦੋ ਰੂਪ ਹਨ—ਨਿਰਸਨ (elimination) ਅਤੇ ਮਿਲਾਨ (absorption)। ਜੋ ਪ੍ਰਾਣੀ ਪ੍ਰਕ੍ਰਿਤੀ ਦੇ ਨਾਲ ਸਫਲਤਾਪੂਰਵਕ ਅਨੁਕੂਲਨ ਨਹੀਂ ਕਰ ਪਾਂਦੇ ਹਨ, ਉਨ੍ਹਾਂ ਦਾ ਨਿਰਸਨ ਹੋ ਜਾਂਦਾ ਹੈ। ਇਸਦੇ ਉਲਟ ਜੋ ਪ੍ਰਾਣੀ ਪ੍ਰਕ੍ਰਿਤੀ ਦੇ ਨਾਲ ਅਨੁਕੂਲਨ ਕਰਨ ਵਿਚ ਸਮਰਥ ਹੋ ਜਾਂਦਾ ਹੈ, ਉਨ੍ਹਾਂ ਦਾ ਦੂਜੇ ਜੀਵਤ ਪ੍ਰਾਣੀਆਂ ਦੇ ਨਾਲ ਵਿਲਅ ਹੋ ਜਾਂਦਾ ਹੈ।
- ਕਾਰਲ ਮਾਰਕਸ ਸਮਾਜਿਕ ਪਰਿਵਰਤਣ ਦੇ ਆਰਥਿਕ ਸਿਧਾਂਤ ਦੇ ਪ੍ਰਮੁੱਖ ਪ੍ਰਤੀਪਾਦਕ ਹਨ। ਮਾਰਕਸ ਦੇ ਅਨੁਸਾਰ, ਉਤਪਾਦਨ ਦੀ ਪ੍ਰਵਿਧੀ ਦੁਆਰਾ ਸਮਾਜਿਕ ਜੀਵਨ ਦੇ ਸਮਾਜਿਕ, ਸਾਂਸਕ੍ਰਿਤਕ, ਧਾਰਮਿਕ ਅਤੇ ਰਾਜਨੈਤਿਕ ਪਹਿਲੂ ਨਿਰਧਾਰਤ ਹੁੰਦੇ ਹਨ। ਸਾਮੰਤਵਾਦ, ਪੂੰਜੀਵਾਦ ਅਤੇ ਸਮਾਜਵਾਦ ਦੇ ਅਨੁਰੂਪ ਪਰਿਵਰਤਣ ਦੇ ਸੰਦਰਭ ਵਿਚ ਅਭਿਧਾਰਣਾ, ਪ੍ਰਤੀਅਭਿਧਾਰਣਾ ਅਤੇ ਇਨ੍ਹਾਂ ਦੇ ਸੰਸ਼ਲੇਸ਼ਣ ਨੂੰ ਸਮਾਜਿਕ ਸੰਰਚਨਾ ਦੇ ਪਰਿਵਰਤਣ ਚਰਣਾਂ ਦੀ ਸੰਗਿਆ ਦਿਤੀ।

ਨੋਟ

- ਮਨੁੱਖਾਂ ਵਿਚ ਧਰਮ ਦੀ ਉਤਪਤੀ ਕਿਵੇਂ ਹੋਈ, ਇਸ ਪ੍ਰਸ਼ਨ ਦਾ ਕੋਈ ਨਿਸ਼ਚਿਤ ਉੱਤਰ ਨਹੀਂ ਦਿਤਾ ਜਾ ਸਕਦਾ। ਧਰਮ ਦੀ ਉਤਪਤੀ ਰਹੱਸ ਦੇ ਗਰਤ ਵਿਚ ਛੁਪੀ ਹੋਈ ਹੈ। ਇਸ ਵਿਸ਼ੇ ਉਤੇ ਲੇਖਕਾਂ ਵਿਚ ਪਰਿਆਪਤ ਮਤਭੇਦ ਹਨ ਕੁਝ ਲੇਖਕ, **ਡੇਵਿਡ ਹਿਊਮ** (David Hume), **ਮੈਕਸ ਮੂਲਰ** (Max Muller) ਅਤੇ **ਗਿਡਿੰਗਸ** (Giddings) ਦਾ ਵਿਚਾਰ ਹੈ ਕਿ ਮਨੁੱਖ ਦੀ ਕ੍ਰਿਤੀ ਦੇ ਰੂਪ ਵਿਚ ਭ੍ਰਮ ਉਤੇ ਆਧਾਰਿਮਤ ਸੀ ਅਤੇ ਡਰ ਇਸਦੀ ਉਤਪਤੀ ਦਾ ਕਾਰਣ ਬਣਿਆ।
- ਪਰੰਤੂ ਧਰਮ ਦੀ ਉਤਪਤੀ ਨੂੰ ਕਿਸੇ ਇਕੱਲੇ ਸ੍ਰੋਤ ਵਿਚ ਨਹੀਂ ਖੋਜਿਆ ਜਾ ਸਕਦਾ। ਇਸ ਨੂੰ ਕਿਸੇ ਇਕ ਤੱਤ—ਡਰ, ਅਸ਼ਰੀਰਕ ਸ਼ਕਤੀ ਵਿਚ ਵਿਸ਼ਵਾਸ, ਸੰਸਕਾਰ ਅਤੇ ਨਿਸ਼ਚਿਤ ਜਰੂਰਤ ਦੀ ਪ੍ਰਤੀਕ੍ਰਿਆ ਉਤੇ ਆਧਾਰਤ ਹੀਂ ਸਮਝਿਆ ਜਾ ਸਕਦਾ। ਨਾ ਇੱਛਾ ਅਤੇ ਨਾ ਕੇਵਲ ਭਾਵਨਾ ਇਸਦੀ ਉਤਪਤੀ ਦੀ ਵਿਆਖਿਆ ਕਰ ਸਕਦੀ ਹੈ। ਧਰਮ ਦਾ ਪ੍ਰਾਰੰਭ ਮਾਨਵ ਚੇਤਨਾ ਦੇ ਸਮਾਨ ਪੁਰਾਣਾ ਹੈ। ਕੋਈ ਵੀ ਆਦਿ ਸਮਾਜ ਅਜਿਹਾ ਨਹੀਂ ਹੈ ਜਿਸ ਵਿਚ ਧਰਮ ਦੀ ਅਵਸਥਿਤੀ ਨਹੀਂ ਸੀ ਅਤੇ ਜੇਕਰ ਧਰਮ ਸਾਰਵਭੌਮਿਕ ਪਰਿਘਟਨਾ ਹੈ ਤਾਂ ਇਸ ਨੂੰ ਮਾਨਵ ਪ੍ਰਵਿਰਤੀ ਦੀ ਕਰੀਤ੍ਰਮ ਅਵਸਥਾ ਨਹੀਂ ਸਮਝਿਆ ਜਾ ਸਕਦਾ।
- ਪ੍ਰੋਦਿਯੋਗਿਕੀ ਸਮਾਜ ਨੂੰ ਅਨੇਕ ਪ੍ਰਕਾਰ ਨਾਲ ਪ੍ਰਭਾਵਤ ਕਰਦੀ ਹੈ, ਕਿਉਂਕਿ ਪ੍ਰੋਦਿਯੋਗਿਕੀ ਵਿਚ ਕੋਈ ਵੀ ਪਰਿਵਰਤਣ ਕਿਸੇ ਸੰਸਥਾਂ ਅਤੇ ਸਮੂਹ ਵਿਚ ਪਰਿਵਰਤਣ ਦਾ ਕਾਰਣ ਬਣਦਾ ਹੈ। ਊਰਜਾ ਦੇ ਨਵੇਂ ਸ੍ਰੋਤਾਂ ਦੀ ਖੋਜ ਦੇ ਫਲਸਰੂਪ ਯੰਤਰ ਪ੍ਰੋਦਿਯੋਗਿਕੀ ਦੇ ਆਗਮਨ ਦੇ ਇੰਨੇ ਮਹੱਤਵਪੂਰਨ ਨਤੀਜੇ ਹੋਏ ਕਿ ਇਸ ਨੂੰ ਬਹੁਧਾ ਕ੍ਰਾਂਤੀ ਦਾ ਨਾਮ ਦਿਤਾ ਜਾਂਦਾ ਹੈ। ਆਵਿਸ਼ਕਾਰ ਅਤੇ ਖੋਜ ਸਾਡੇ ਯੁਗ ਦੇ ਪ੍ਰਮੁੱਖ ਲਖਸ਼ਣ ਹਨ। ਵਰਤਮਾਨ ਯੁਗ ਨੂੰ 'ਵਿਗਿਆਨ ਦਾ ਯੁਗ' – 'ਊਰਜਾ ਦਾ ਯੁਗ' ਕਿਹਾ ਗਿਆ ਹੈ।
- ਉਤਪਾਦਨ-ਪ੍ਰੋਦਿਯੋਗਿਕੀ ਵਿਚ ਪਰਿਵਰਤਨਾਂ ਨੇ ਸਮਾਜਿਕ ਸੰਬੰਧਾਂ ਵਿਚ ਅਨੇਕ ਪਰਿਵਰਤਣਾਂ ਨੂੰ ਜਨਮ ਦਿਤਾ ਹੈ, ਸਗੋਂ ਸੰਚਾਰ-ਸਾਧਨਾਂ ਵਿਚ ਪਰਿਵਰਤਣਾਂ ਨੇ ਵੀ ਸਮਾਜਿਕ ਜੀਵਨ ਨੂੰ ਵਿਆਪਕ ਰੂਪ ਨਾਲ ਪ੍ਰਭਾਤਵਿਤ ਕੀਤਾ ਹੈ। ਆਧੁਨਿਕ ਸੰਚਾਰ-ਪਰਵਿਧੀਆਂ ਵਿਚ ਪਰਿਵਰਤਣਾਂ ਦਾ ਸਮਾਜਿਕ ਜੀਵਨ ਉਤੇ ਪ੍ਰਭਾਵ ਉਤਪਾਦਨ-ਪ੍ਰੋਦਿਯੋਗਿਕੀ ਵਿਚ ਪਰਿਵਰਤਣਾਂ ਦੇ ਪ੍ਰਭਾਵ ਦੇ ਸਮਾਨ ਹੈ।
- ਪ੍ਰੋਦਿਯੋਗਿਕੀ ਅਵਿਸ਼ਕਾਰ ਆਗਬਰਨ ਦੁਆਰਾ ਤਥਾਕਥਿਤ ਸਮਾਜਿਕ ਅਵਿਸ਼ਕਾਰਾਂ ਨੂੰ ਜਨਮ ਦੇ ਸਕਦੇ ਹਨ। ਸਮਾਜਿਕ ਅਵਿਸ਼ਕਾਰਾਂ ਨਾਲ ਉਸਦਾ ਅਰਥ ਅਜਿਹੇ ਅਵਿਸ਼ਕਾਰਾਂ ਨਾਲ ਹੈ ਜੋ ਭੌਤਿਕ ਨਹੀਂ ਹੁੰਦੇ ਅਤੇ ਜਿਨ੍ਹਾਂ ਦਾ ਪ੍ਰਾਕ੍ਰਿਤਕ ਵਿਗਿਆਨ ਨਾਲ ਸੰਬੰਧ ਨਹੀਂ ਹੈ। ਬਹਿਸ਼ਕਾਰ, ਨਾਰੀ-ਮਤਦਾਨ, ਅਸਹਿਯੋਗ ਅੰਦੋਲਨ, ਆਨੁਪਾਤਿਕ ਪ੍ਰਤੀਨਿਧੀਤਵ, ਬਜੁਰਗਾਂ ਦੀ ਪੇਂਸ਼ਨ, ਬਾਲ ਕੋਰਟ, ਵਿਆਹ ਬਿਊਰੋ, ਸਿਵਿਲ ਸਰਵਿਸ, ਸ਼੍ਰਮਿਕਾਂ ਨੂੰ ਲਾਭਾਂਸ਼, ਅਗੰਤੁਕ ਅਧਿਆਪਕ, ਮਨੋਵਿਗਿਆਨਕ ਇਲਾਜ ਕੇਂਦਰ, ਰੋਟਰੀ ਕਲਬ, ਸ਼ੋਧ ਸੰਸਥਾਨ, ਸੰਯੁਕਤ ਰਾਸ਼ਟਰ ਸੰਘ, ਸਮਾਜਿਕ ਅਵਿਸ਼ਕਾਰਾਂ ਦੇ ਕੁਝ ਇਕ ਉਦਾਹਰਣ ਹਨ।

## 13.4 ਸ਼ਬਦਕੋਸ਼ (Keywords)

- **ਵਿਸਰਣ**–ਫੈਲਾਉਣਾ
- **ਵਿਸਤਰਣ**–ਵਿਸਤਾਰ ਕਰਨਾ
- **ਅਭਿਕਰਣ**–ਅਧੀਨ ਕੰਮ ਕਰਨ ਵਾਲੀ ਸੰਸਥਾ

## 13.5 ਅਭਿਆਸ ਪ੍ਰਸ਼ਨ (Review Questions)

1. ਅਧਿਕ ਜਨਸੰਖਿਆ ਅਤੇ ਅਧੋਵਿਕਾਸ ਦੇ ਵਿੱਚ ਸੰਬੰਧ ਸਪਸ਼ਟ ਕਰੋ।
2. ਭਾਰਤ ਦੇ ਉਦਯੋਗੀਕਰਣ ਦੀ ਹੌਲੀ ਗਤੀ ਦੇ ਮੁੱਖ ਕਾਰਣਾਂ ਦਾ ਵਿਸ਼ਲੇਸ਼ਣ ਕਰੋ।
3. ਆਰਥਿਕ ਵਿਕਾਸ ਅਤੇ ਸਮਾਜਿਕ ਪਰਿਵਰਤਨ ਵਿਚਕਾਰ ਸੰਬੰਧ ਦੀ ਵਿਆਖਿਆ ਕਰੋ।
4. ਪ੍ਰਕ੍ਰਿਤੀ ਅਤੇ ਸਮਾਜਿਕ ਪ੍ਰਵਰਣ ਵਿੱਚ ਅੰਤਰ ਸਪਸ਼ਟ ਕਰੋ।
5. ਸਮਾਜਿਕ ਪ੍ਰਵਰਣ ਤੋਂ ਤੁਸੀਂ ਕੀ ਸਮਝਦੇ ਹੋ? ਇਸ ਦੇ ਪ੍ਰਕਾਰਾਂ ਦਾ ਉਲੇਖ ਕਰੋ।
6. ਸਮਾਜਿਕ ਪਰਿਵਰਤਨ ਵਿੱਚ ਧਰਮ ਦੀ ਭੂਮਿਕਾ ਉੱਤੇ ਪ੍ਰਕਾਸ਼ ਪਾਓ।
7. ਧਰਮ ਅਤੇ ਵਿਗਿਆਨ ਇੱਕ ਦੂਜੇ ਦੇ ਵਿਰੋਧੀ ਹਨ ਜਾਂ ਸਹਿਯੋਗੀ।

ਨੋਟ

8. ਸਮਾਜਿਕ ਪਰਿਵਰਤਨ ਵਿੱਚ ਮੀਡੀਆ ਅਤੇ ਸੂਚਨਾ ਉਦਯੋਗ ਨੇ ਕਿਸ ਪ੍ਰਕਾਰ ਦੀ ਭੂਮਿਕਾ ਨਿਭਾਈ ਹੈ?
9. ਨਿਮਨਲਿਖਿਤ ਉੱਤੇ ਟਿੱਪਣੀ ਕਰੋ-
   (*i*) ਸਮਾਜਿਕ ਪ੍ਰਵਰਣ ਦੇ ਸਰੂਪ
   (*ii*) ਆਰਥਿਕ ਮੁੱਲ
   (*iii*) ਸਮਾਜਿਕ ਕਲਿਆਣ
   (*iv*) ਧਰਮ ਅਤੇ ਵਿਗਿਆਨ

**ਉੱਤਰ : ਸਵ-ਮੁੱਲਾਂਕਣ (Answers: Self Assessment)**

1. (*i*) (*b*) (*ii*) (*b*) (*iii*) (*a*) (*iv*) (*c*)
   (*v*) (*c*) (*vi*) (*d*) (*vii*) (*a*) (*viii*) (*d*)
2. (*i*) ਵਰਤਮਾਨ ਯੁਗ (*ii*) ਉਦਯੋਗਾਂ (*iii*) ਰੇਡੀਓ ਸੰਚਾਰਣ
   (*iv*) ਭੋਤਕ ਜਿੱਤ (*v*) 1826 (*vi*) ਸਮਾਜਿਕ ਅਵਿਸ਼ਕਾਰ
   (*vii*) 1789 (*viii*) ਅਨਵੇਸ਼ਣ

## 13.6 ਸੰਦਰਭ ਪੁਸਤਕਾਂ (Further Readings)

ਬੁਕਸ


1. ਐਮ. ਐਨ ਸ਼੍ਰੀਨਿਵਾਸ, ਸੋਸ਼ਲ ਚੇਂਜ ਇਨ ਮਾਰਡਰਨ ਇੰਡੀਆ, ਬ੍ਰਿਕਲੇ: ਕੈਲੀਫੋਰਨੀਆ ਯੂਨੀਵਰਸਿਟੀ ਪ੍ਰੈਸ, 1966 ।
2. ਯੋਗਿੰਦਰ ਸਿੰਘ, ਏਸੇਜ ਆਨ ਮਾਡਰਨਾਈਜ਼ੇਸ਼ਨ ਇਨ ਇੰਡੀਆ, ਦਿੱਲੀ: ਮਨੋਹਰ ਬੁਕ ਡੀਪੂ, 1978 ।
3. ਵੀਂਸੇਟ ਏ. ਸਮਿਥ, ਹਿਸਟ੍ਰੀ ਓਫ ਇੰਡੀਆ ਲੰਦਨ: ਆਕਸਫੋਰਡ ਯੂਨੀਵਰਸਿਟੀ ਪ੍ਰੈਸ, 1970 ।

ਨੋਟ

# ਇਕਾਈ-14: ਸਮਕਾਲੀਨ ਭਾਰਤ ਵਿੱਚ ਸਮਾਜਿਕ ਪਰਿਵਰਤਨ (Social Change in Contemporary India)

**ਵਿਸ਼ੇ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
14.1 ਪਰਿਵਰਤਨ ਦੀ ਪ੍ਰਵਿੱਤੀ (Trends of Change)
14.2 ਆਰਥਿਕ ਵਿਕਾਸ ਅਤੇ ਸਮਾਜਿਕ ਪਰਿਵਰਤਨ (Economic Development and Social Change)
14.3 ਉਦਯੋਗੀਕਰਣ ਅਤੇ ਸ਼ਹਿਰੀਕਰਣ (Industrialisation and Urbanization)
14.4 ਸਾਰ ਅੰਸ਼ (Summary)
14.5 ਸ਼ਬਦਕੋਸ਼ (Keywords)
14.6 ਅਭਿਆਸ-ਪ੍ਰਸ਼ਨ (Review Questions)
14.7 ਸੰਦਰਭ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਪਰਿਵਰਤਨ ਦੀ ਪ੍ਰਵਿੱਤੀ ਨੂੰ ਜਾਣਨ ਵਿੱਚ।
- ਆਰਥਿਕ ਵਿਕਾਸ ਅਤੇ ਸਮਾਜਿਕ ਪਰਿਵਰਤਨ ਦੀ ਵਿਆਖਿਆ ਕਰਣ ਵਿੱਚ।
- ਉਦਯੋਗੀਕਰਣ ਅਤੇ ਸ਼ਹਿਰੀਕਰਣ ਨੂੰ ਸਮਝਣ ਵਿੱਚ।

## ਜਾਣਕਾਰੀ (Introduction)

ਸਮਾਜਿਕ ਸੰਬੰਧਾਂ ਦੇ ਸਥਾਪਿਤ ਸਰੂਪਾਂ, ਸਮਾਜਿਕ ਮੁੱਲਾਂ, ਸੰਰਚਨਾਵਾਂ ਜਾਂ ਉਪ-ਵਿਵਸਥਾਵਾਂ ਵਿੱਚ ਪਰਿਵਰਤਨ ਹੀ ਸਮਾਜਿਕ ਪਰਿਵਰਤਨ ਕਹਿਲਵਾਉਂਦਾ ਹੈ। ਸਮਾਜਿਕ ਪਰਿਵਰਤਨ ਪੂਰਾ ਜਾਂ ਆਂਸ਼ਿਕ ਹੋ ਸਕਦਾ ਹੈ, ਚਾਹੇ ਜ਼ਿਆਦਾਤਰ ਇਹ ਆਂਸ਼ਿਕ ਹੀ ਹੁੰਦਾ ਹੈ। ਜਿਸ ਪ੍ਰਕਾਰ ਪ੍ਰੀਖਿਆ ਪ੍ਰਣਾਲੀ ਵਿੱਚ ਪਰਿਵਰਤਨ ਸਿੱਖਿਆ ਪ੍ਰਣਾਲੀ ਵਿੱਚ ਆਂਸ਼ਿਕ ਪਰਿਵਰਤਨ ਮੰਨਿਆ ਜਾਂਦਾ ਹੈ, ਉਸੇ ਤਰਾਂ ਮੰਦਿਰਾਂ ਵਿੱਚ ਅਛੂਤਾਂ ਦੇ ਪ੍ਰਵੇਸ਼ ਵਰਜਿਤ ਕਰਣ ਵਾਲਿਆਂ ਨੂੰ ਦੰਡ ਦੇ ਵਿਧਾਨ ਦੀ ਕ੍ਰਿਆਸ਼ੀਲਤਾ, ਵਿਆਹ-ਵਿੱਛੇਦ ਦੀ ਕਾਨੂੰਨੀ ਆਗਿਆ, ਛੋਟੀ ਉਮਰ ਵਿੱਚ ਵਿਆਹ ਉੱਤੇ ਰੋਕ ਸੰਬੰਧੀ ਵਿਧਾਨ ਆਦਿ ਨੂੰ ਸਮਾਜ ਵਿੱਚ ਆਂਸ਼ਿਕ ਪਰਿਵਰਤਨ ਕਿਹਾ ਜਾ ਸਕਦਾ ਹੈ। ਬੈਂਕਾਂ ਦਾ ਰਾਸ਼ਟਰੀਕਰਣ, ਕੋਲੇ ਦੀਆਂ ਖਾਣਾਂ ਦਾ ਰਾਸ਼ਟਰੀਕਰਣ ਆਦਿ ਸਮਾਜ ਦੀ ਆਰਥਿਕ ਪ੍ਰਣਾਲੀ ਵਿੱਚ ਆਂਸ਼ਿਕ ਪਰਿਵਰਤਨ ਦੇ ਉਦਾਹਰਣ ਹਨ, ਕਿਉਂਕਿ ਇਹ ਪਰਿਵਰਤਨ ਹੋਰ ਖੇਤਰਾਂ ਵਿੱਚ ਨਿਜੀ ਸੰਪਤੀ ਦੀ ਮਲਕੀਅਤ ਦੀ ਵਿਵਸਥਾ ਦੇ ਨਾਲ ਨਾਲ ਵਿੱਦਿਆਮਾਨ ਰਹਿੰਦਾ ਹੈ। ਕਠਿਨਾਈ ਤਾਂ ਸਮਾਜ ਦੇ ਪੂਰੇ ਪਰਿਵਰਤਨ ਜਾਂ ਸਮਾਜਿਕ ਵਿਵਸਥਾ ਵਿੱਚ ਪਰਿਵਰਤਨ ਨੂੰ ਪਹਿਚਾਣਨ ਵਿੱਚ ਆਉਂਦੀ ਹੈ। ਜੇਕਰ ਅਸੀਂ ਕਹੀਏ ਕਿ ਸਮਾਜ ਦੇ ਨਾ ਕੇਵਲ ਕੁਝ ਪੱਖਾਂ ਵਿੱਚ ਬਲਕਿ ਹਰ ਪੱਖ ਵਿੱਚ ਪਰਿਵਰਤਨ ਹੋ ਗਿਆ ਹੈ ਤਾਂ ਇਸ ਨੂੰ 'ਪੂਰਾ' ਪਰਿਵਰਤਨ ਕਿਹਾ ਜਾਵੇਗਾ। ਪ੍ਰੰਤੂ ਅਜਿਹਾ ਕਦੇ ਨਹੀਂ ਹੁੰਦਾ ਹੈ। ਇਸੇ ਪ੍ਰਕਾਰ ਪਰਿਵਾਰ ਵਿਵਸਥਾ, ਵਿਆਹ ਵਿਵਸਥਾ, ਬੈਂਕਿੰਗ ਵਿਵਸਥਾ, ਜਾਤੀ ਵਿਵਸਥਾ ਜਾਂ ਫੈਕਟਰੀ ਵਿਵਸਥਾ ਦੇ ਕੁਝ ਪੱਖਾਂ ਵਿੱਚ ਪਰਿਵਰਤਨ ਹੋ ਸਕਦਾ ਹੈ, ਪ੍ਰੰਤੂ ਇਨਾਂ ਵਿੱਚੋਂ ਕਿਸੇ ਵੀ ਵਿਵਸਥਾ ਵਿੱਚ ਪੂਰਾ ਪਰਿਵਰਤਨ ਕਦੇ ਨਹੀਂ ਹੁੰਦਾ। ਕੋਈ ਵੀ ਸਮਾਜਿਕ ਵਿਵਸਥਾ ਪੂਰੇ ਰੂਪ ਵਿੱਚ ਕਦੇ ਵੀ ਪਰਿਵਰਤਿਤ ਨਹੀਂ ਹੁੰਦੀ। ਸਮਾਜਿਕ ਪਰਿਵਰਤਨ ਸਦਾ ਜਾਂ ਜ਼ਿਆਦਾਤਰ ਆਂਸ਼ਿਕ ਹੀ ਹੁੰਦਾ ਹੈ।

ਪਰਸੀ ਕੋਹੇਨ ਨੇ ਕਿਹਾ ਹੈ ਕਿ ਸਮਾਜ ਵਿੱਚ ਲਘੂ (minor) ਜਾਂ ਵਿਸ਼ਾਲ (major) ਜਾਂ ਮੌਲਿਕ (fundamental) ਪਰਿਵਰਤਨਾਂ ਵਿੱਚ ਅੰਤਰ ਕੀਤਾ ਜਾ ਸਕਦਾ ਹੈ। ਸਮਾਜ ਜਾਂ ਸਮਾਜਿਕ ਵਿਵਸਥਾ ਦੇ ਮੂਲ ਜਾਂ ਮਹੱਤਵਪੂਰਣ ਲੱਛਣਾਂ ਵਿੱਚ ਪਰਿਵਰਤਨ ਨੂੰ 'ਵਿਸ਼ਾਲ' ਪਰਿਵਰਤਨ ਕਿਹਾ ਜਾਂਦਾ ਹੈ। ਜੇਕਰ ਜੇਲ ਨੂੰ ਸਮਾਜਿਕ ਵਿਵਸਥਾ ਦੇ ਰੂਪ ਵਿੱਚ ਲਈਏ ਤਾਂ ਇਸ ਦੀਆਂ ਮਹੱਤਵਪੂਰਣ ਵਿਸ਼ੇਸ਼ਤਾਵਾਂ ਹਨ, ਕੈਦੀਆਂ ਨੂੰ ਟ੍ਰੇਨਿੰਗ ਦੇਣਾ, ਨਿਵਾਸੀਆਂ ਲਈ ਭੋਜਨ, ਮਨੋਰੰਜਨ ਅਤੇ ਸਿਹਤ ਰੱਖਿਆ

ਦਾ ਪ੍ਰਬੰਧ ਕਰਨਾ, ਜੇਲ ਮਾਨਦੰਡਾਂ ਨੂੰ ਤੋੜਨ ਵਾਲੇ ਅਪਰਾਧੀਆਂ ਨੂੰ ਦੰਡ ਦੇਣਾ, ਅਪਰਾਧੀਆਂ ਨੂੰ ਮਿੱਤਰਾਂ ਅਤੇ ਪਰਿਜਨਾਂ ਨਾਲ ਸੰਪਰਕ ਕਰਾਓਣਾ ਅਤੇ ਜੇਲ ਤੋਂ ਭੱਜਣ ਨੂੰ ਰੋਕਣ ਲਈ ਪ੍ਰਬੰਧ ਕਰਨਾ ਆਦਿ। ਹੁਣ ਮੰਨ ਲਿਆ ਜਾਵੇ ਕਿ ਸਭ ਸੁਰੱਖਿਆ ਦਲ ਹਟਾ ਲਏ ਜਾਂਦੇ ਹਨ ਅਤੇ ਕੈਦੀਆਂ ਨੂੰ ਦਿਨ ਦੇ ਸਮੇਂ ਬਜ਼ਾਰ ਜਾਣ ਦੀ ਆਗਿਆ ਦੇ ਦਿੱਤੀ ਜਾਵੇ, ਪ੍ਰੰਤੂ ਰਾਤ ਨੂੰ ਜੇਲ ਵਿੱਚ ਰਹਿਣਾ ਜ਼ਰੂਰੀ ਹੋਵੇ, ਤਾਂ ਜੇਲ ਵਿਵਸਥਾ ਵਿੱਚ ਇਹ ਪਰਿਵਰਤਨ ਜੇਲ ਦੇ ਹੋਰ ਪੱਖਾਂ ਨੂੰ ਵੀ ਪ੍ਰਭਾਵਿਤ ਕਰੇਗਾ। ਅਜਿਹਾ ਹੋਣ ਤੇ ਇਸ ਨੂੰ ਜੇਲ ਵਿਵਸਥਾ ਵਿੱਚ ਮੂਲਭੂਤ ਅਤੇ ਵਿਸ਼ਾਲ ਪਰਿਵਰਤਨ ਕਿਹਾ ਜਾਵੇਗਾ। ਇਸੇ ਪ੍ਰਕਾਰ ਅੰਤਰਜਾਤੀ ਸੰਬੰਧਾਂ ਵਿੱਚ ਸਮਾਜਿਕ ਅਤੇ ਸਹਿਭੋਜ ਸੰਬੰਧੀ ਪ੍ਰਤੀਬੰਧਾਂ ਨੂੰ ਹਟਾ ਲਿਆ ਜਾਵੇ ਤਾਂ ਇਸ ਨੂੰ ਜਾਤੀ ਵਿਵਸਥਾ ਵਿੱਚ 'ਪ੍ਰਮੁੱਖ' ਪਰਿਵਰਤਨ ਕਿਹਾ ਜਾਵੇਗਾ। ਸਮਾਜਿਕ ਵਿਵਸਥਾ ਵਿੱਚ ਮੂਲ ਲੱਛਣਾਂ ਨੂੰ ਵੱਖ ਕਰਨਾ ਕਠਿਨ ਨਹੀਂ ਹੁੰਦਾ। ਉਦਾਹਰਣ ਲਈ, ਜਨਤਾਂਤਰਿਕ ਰਾਜਨੀਤਿਕ ਵਿਵਸਥਾ ਵਿੱਚ ਚੁਨਾਵ ਵਿਵਸਥਾ ਇੱਕ ਲੱਛਣ ਹੈ। ਜੇਕਰ ਚੁਨਾਵ ਨਤੀਜਿਆਂ ਤੋਂ ਚੁਨਾਵ ਵਿਵਸਥਾ ਵਿੱਚ ਪਰਿਵਰਤਨ ਨਾ ਹੋਵੇ, ਪ੍ਰੰਤੂ ਚੁਨਾਵ ਵਿਵਸਥਾ ਵਿੱਚ ਪਰਿਵਰਤਨ ਚੁਨਾਵ ਨਤੀਜਿਆਂ ਨੂੰ ਪ੍ਰਭਾਵਿਤ ਕਰਦੇ ਹੋਣ ਤਾਂ ਇਹ ਕਿਹਾ ਜਾਵੇਗਾ ਕਿ ਚੁਨਾਵ ਵਿਵਸਥਾ ਰਾਜਨੀਤਿਕ ਵਿਵਸਥਾ ਦਾ ਮੂਲ ਲੱਛਣ ਹੈ।

## 14.1 ਪਰਿਵਰਤਨ ਦੀ ਪ੍ਰਵਿੱਤੀ (Trends of Change)

ਪਰੰਪਰਾ ਅਤੇ ਆਧੁਨਿਕਤਾ ਸਹਿਵਰਤੀ ਹਨ, ਨਿਰੰਤਰਤਾ ਅਤੇ ਪਰਿਵਰਤਨ ਸਮਾਜਿਕ ਜੀਵਨ ਦੇ ਅਨੁਭਾਵਿਕ ਤੱਥ ਹਨ। ਪਰੰਪਰਾ ਅਤੇ ਆਧੁਨਿਕਤਾ ਸਹਿਵਰਤੀ ਇਸ ਲਈ ਵੀ ਹਨ ਕਿਓਂਕਿ ਸਭ ਸਮਾਜਾਂ ਵਿੱਚ ਸਥਿਰਤਾ ਅਤੇ ਸਮਾਜਿਕ ਨਿਯੰਤਰਣਾਂ ਦੀ ਜ਼ਰੂਰਤ ਹੁੰਦੀ ਹੈ। ਪਰਿਵਰਤਨ ਤੋਂ ਹੋਣ ਵਾਲੀਆਂ ਮੰਗਾਂ ਅਤੇ ਚੁਨੌਤੀਆਂ ਦਾ ਮੁਕਾਬਲਾ ਕਰਣ ਲਈ, ਗਿਆਨ ਅਤੇ ਤਕਨੀਕੀ ਜਾਣਕਾਰੀ ਦੇ ਨਵੇਂ ਸਤਰਾਂ ਨੂੰ ਪ੍ਰਾਪਤ ਕਰਣ ਲਈ ਆਧੁਨਿਕਤਾ ਅਤੇ ਪਰਿਵਰਤਨ ਦੀ ਜ਼ਰੂਰਤ ਹੁੰਦੀ ਹੈ। ਇਨਾਂ ਪਰਿਸਥਿਤੀਆਂ ਦੇ ਕਾਰਣ ਸਮਾਜਿਕ ਪਰਿਵਰਤਨ ਹੁੰਦਾ ਹੈ। ਸਮਾਜਿਕ ਤਨਾਵ ਅਤੇ ਸੰਘਰਸ਼ ਵੀ ਸਮਾਜਿਕ ਪਰਿਵਰਤਨ ਦੇ ਸਰੋਤ ਹਨ। ਸਮਾਜਿਕ ਪਰਿਵਰਤਨ ਬੁਜ਼ੁਰਗ, ਨੌਜਵਾਨ, ਸਿੱਖਿਅਕ, ਅਸਿੱਖਿਅਕ ਅਤੇ ਨਗਰਵਾਸੀ ਅਤੇ ਪੇਂਡੂ ਦੇ ਮੁੱਲਾਂ ਵਿੱਚ ਅੰਤਰ ਦੇ ਕਾਰਣ ਵੀ ਹੁੰਦੇ ਹਨ।

ਪਰਿਵਰਤਨ ਦੇ ਸਰੋਤ ਅੰਦਰੂਨੀ ਅਤੇ ਬਾਹਰੀ ਦੋਵੇਂ ਹਨ। ਪਰਿਵਰਤਨ ਸੂਖਮ ਅਤੇ ਵਿਸ਼ਾਲ ਦੋਹਾਂ ਸਤਰਾਂ ਤੇ ਹੁੰਦਾ ਹੈ। ਕਾਨੂੰਨ, ਸੁਧਾਰ ਅੰਦੋਲਨ, ਸਿੱਖਿਆ ਅਤੇ ਵਰਤਮਾਨ ਵਿਵਸਥਾਵਾਂ ਵਿੱਚ ਵਿਰੋਧਾਭਾਸਾਂ ਨੂੰ ਅਸੀਂ ਅੰਦਰੂਨੀ ਕਾਰਕਾਂ ਵਿੱਚ ਸ਼ਾਮਿਲ ਕਰਦੇ ਹਾਂ। ਸੰਸਕ੍ਰਿਤਿਕ ਸੰਪਰਕ, ਵਿਦੇਸ਼ੀ ਸ਼ਕਤੀਆਂ ਦੁਆਰਾ ਹਮਲੇ, ਹੋਰ ਦੇਸ਼ਾਂ ਤੋਂ ਵਿਗਿਆਨਿਕ ਅਤੇ ਉਦਯੋਗਿਕ ਉਪਾਵਾਂ ਦਾ ਹਸਤਾਂਤਰਣ ਅਤੇ ਅੰਤਰਰਾਸ਼ਟਰੀ ਵਾਣਿਜ ਅਤੇ ਵਪਾਰ ਆਦਿ ਬਾਹਰੀ ਕਾਰਕ ਹਨ। ਵਿਸ਼ਾਲ ਪਰਿਵਰਤਨਾਂ ਵਿੱਚ ਕਾਨੂੰਨ ਅਤੇ ਨਵਾਚਾਰਾਂ ਆਦਿ ਦਾ ਸਮਾਵੇਸ਼ ਕੀਤਾ ਜਾ ਸਕਦਾ ਹੈ ਜਦੋਂ ਕਿ ਨਵੀਆਂ ਭੂਮਿਕਾਵਾਂ ਅਤੇ ਪ੍ਰਵਸਨ ਆਦਿ ਦੁਆਰਾ ਸੰਦਰਭਾਤਮਕ ਜਾਂ ਸੂਖਮ ਪਰਿਵਰਤਨ ਹੁੰਦੇ ਹਨ, ਇੱਕ ਕਾਰਜਖੇਤਰ ਦਾ ਪਰਿਵਰਤਨ ਸਮਾਜਿਕ ਜੀਵਨ ਦੇ ਹੋਰ ਕਾਰਜਖੇਤਰਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਇੱਕ ਏਕੀਕ੍ਰਿਤ ਦ੍ਰਿਸ਼ਟੀਕੋਣ ਦੀ ਜ਼ਰੂਰਤ ਹੈ, ਜਿਸ ਦੁਆਰਾ ਸਮਾਜਿਕ ਪਰਿਵਰਤਨ ਦੇ ਵਿਭਿੰਨ ਸਰੋਤਾਂ ਅਤੇ ਕਾਰਕਾਂ ਨੂੰ ਸਮਝਿਆ ਜਾ ਸਕੇ।

ਸਮਾਜਿਕ ਪਰਿਵਰਤਨ ਨੂੰ ਸਮਝਣ ਲਈ ਪੇਂਡੂ ਜੀਵਨ, ਜਾਤੀ, ਪਰਿਵਾਰ, ਸ਼ਹਿਰੀ ਜੀਵਨ ਅਤੇ ਸਮਾਜਿਕ, ਸੰਸਕ੍ਰਿਤਿਕ ਮਾਣਕਾਂ ਅਤੇ ਮੁੱਲਾਂ ਉੱਤੇ ਨਜ਼ਰ ਪਾਓਣ ਦੀ ਜ਼ਰੂਰਤ ਹੈ। ਜਜਮਾਨੀ ਵਿਵਸਥਾ ਹੁਣ ਵਿਭਿੰਨ ਜਾਤੀਆਂ ਵਿੱਚ ਕਾਰਜਾਤਮਕ ਅੰਤਰਨਿਰਭਰਤਾ ਦੀ ਵਿਵਸਥਾ ਨਹੀਂ ਹੈ। ਪਿੰਡਵਾਸੀਆਂ ਵਿੱਚ ਚੁਨਾਵਾਂ ਦੇ ਫਲਸਰੂਪ ਬਹੁਤ ਅਧਿਕ ਰਾਜਨੀਤੀਕਰਣ ਅਤੇ ਗੁਟਬੰਦੀ ਹੋ ਗਈ ਹੈ। ਵਿਸ਼ਾਲ ਅਰਥਵਿਵਸਥਾ ਅਤੇ ਰਾਜਨੀਤਿਕ ਵਿਵਸਥਾ ਦੇ ਪ੍ਰਭਾਵ ਦੇ ਕਾਰਣ ਪੇਂਡੂ ਜੀਵਨ ਬਹੁਤ ਅਧਿਕ ਪਰਿਵਰਤਿਤ ਹੋ ਗਿਆ ਹੈ। ਜਾਤੀ ਅੱਜ ਕੇਵਲ ਖਾਣ-ਪਾਣ ਦੇ ਸੰਬੰਧਾਂ, ਵਿਆਹ ਦੇ ਨਿਯਮਾਂ ਅਤੇ ਅਪਵਿੱਤਰਤਾ ਦੀਆਂ ਧਾਰਣਾਵਾਂ ਉੱਤੇ ਆਧਾਰਿਤ ਅੰਤਰ ਕ੍ਰਿਆ ਪ੍ਰਤੀਮਾਨਾਂ ਦੇ ਮਾਣਕਾਂ ਤੱਕ ਹੀ ਸੀਮਿਤ ਨਹੀਂ ਹੈ, ਬਲਕਿ ਜਾਤੀ ਚੁਨਾਵਾਂ ਵਿੱਚ ਇੱਕ ਹਿਤ ਸਮੂਹ ਅਤੇ ਸਮਾਜਿਕ ਅਤੇ ਸੰਸਕ੍ਰਿਤਿਕ ਗਤੀਸ਼ੀਲਤਾ ਦਾ ਸਾਧਨ ਬਣ ਚੁਕੀ ਹੈ।

ਸੰਰਚਨਾਤਮਕ ਦ੍ਰਿਸ਼ਟੀ ਤੋਂ ਭਾਰਤ ਵਿੱਚ ਪਰਿਵਾਰ ਬਹੁਤ ਹੱਦ ਤੱਕ ਸੰਯੁਕਤ ਨਹੀਂ ਹਨ, ਪ੍ਰੰਤੂ ਕਾਰਜਾਤਮਕ ਦ੍ਰਿਸ਼ਟੀ ਤੋਂ ਸੰਯੁਕਤ ਬਣਿਆ ਹੋਇਆ ਹੈ। ਉਦਯੋਗੀਕਰਣ, ਨਗਰੀਕਰਣ ਅਤੇ ਆਧੁਨਿਕੀਕਰਣ ਨਾਲ ਕਾਰਜਾਤਮਕ ਸੰਯੁਕਤਤਾ ਦ੍ਰਿੜ ਹੋਈ ਹੈ ਕਿਓਂਕਿ ਲੋਕਾਂ ਕੋਲ ਅਧਿਕ ਸੰਸਾਧਨ ਹਨ ਅਤੇ ਇਸ ਲਈ ਮਹੱਤਵਪੂਰਣ ਸਮਾਜਿਕ ਅਵਸਰਾਂ ਉੱਤੇ ਅਤੇ ਸੰਕਟ ਦੀਆਂ ਪਰਿਸਥਿਤੀਆਂ ਵਿੱਚ ਓਹ ਇੱਕ ਦੂਜੇ ਦੀ ਮਦਦ ਆਸਾਨੀ ਨਾਲ ਕਰਦੇ ਹਨ। ਇੱਕ ਪਰਿਵਾਰ ਦੇ ਸਭ ਮੈਂਬਰ ਇੱਕਠੇ ਨਹੀਂ ਰਹਿ ਸਕਦੇ, ਕਿਓਂਕਿ ਓਹ ਇੱਕ ਥਾਂ ਉੱਤੇ ਕੰਮ ਨਹੀਂ ਕਰਦੇ ਅਤੇ ਇਸ ਲਈ ਪਰਿਵਾਰ ਵਿੱਚ ਸੰਰਚਨਾਤਮਕ ਸੰਯੁਕਤਤਾ ਨਹੀਂ ਰਹਿ ਪਾਓਂਦੀ।

1951 ਤੋਂ 1981 ਦੇ ਵਿੱਚ ਨਗਰੀ ਜਨਸੰਖਿਆ 6% ਵਧ ਗਈ ਹੈ। ਸ਼ਹਿਰ ਅਤੇ ਕਸਬੇ ਉੱਚ ਸਿੱਖਿਆ ਅਤੇ ਗਿਆਨ ਪ੍ਰਾਪਤੀ ਦੇ ਕੇਂਦਰ ਬਣ ਗਏ ਹਨ।ਪਿੰਡਾਂ ਤੋਂ ਨੌਜਵਾਨ ਆਰੰਭ ਵਿੱਚ ਸਿੱਖਿਆ ਲਈ ਅਤੇ ਫਿਰ ਸਫੇਦਪੋਸ਼ ਨੌਕਰੀਆਂ ਲਈ ਸ਼ਹਿਰਾਂ ਵਿੱਚ ਆਓਂਦੇ ਹਨ।

ਨੋਟ

ਪਿੰਡਾਂ ਤੋਂ ਹੋਰ ਕਾਰਕ ਗਰੀਬੀ, ਬੇਰੁਜ਼ਗਾਰੀ ਅਤੇ ਸਵਾਸਥ ਸੇਵਾ ਦਾ ਅਭਾਵ ਹੈ। ਕਿਉਂਕਿ ਕਸਬਿਆਂ ਅਤੇ ਸ਼ਹਿਰਾਂ ਨੇ ਆਰਥਿਕ ਸੰਸਾਧਨਾਂ ਅਤੇ ਚਿਕਿਤਸਾ ਸੁਵਿਧਾਵਾਂ ਉੱਤੇ ਏਕਾਧਿਕਾਰ ਕਰ ਰੱਖਿਆ ਹੈ, ਪਿੰਡਾਂ ਤੋਂ ਪ੍ਰਵਸਨ ਦੇ ਕਾਰਣ ਸ਼ਹਿਰਾਂ ਉੱਤੇ ਬਹੁਤ ਅਧਿਕ ਭਾਰ ਹੋ ਗਿਆ ਹੈ। ਸੁਤੰਤਰਤਾ ਤੋਂ ਬਾਅਦ ਦੇ ਕਾਲ ਵਿੱਚ ਮੱਧ ਵਰਗਾਂ ਵਿਸ਼ੇਸ਼ ਕਰ ਕੇ ਵੇਤਨਭੋਗੀ ਸਮੂਹਾਂ ਵਿੱਚ ਅਤਿਆਧਿਕ ਵਾਧਾ ਹੋਇਆ ਹੈ।

ਇਨਾਂ ਪਰਿਵਰਤਨਾਂ ਦੇ ਕਾਰਣ ਪਰੰਪਰਾਗਤ ਮੁੱਲਾਂ ਅਤੇ ਮਾਣਕਾਂ ਦੀ ਪਕੜ ਢਿੱਲੀ ਹੋ ਰਹੀ ਹੈ। ਅਪਵਿੱਤਰਤਾ-ਪਵਿੱਤਰਤਾ ਅਤੇ ਛੂਤ-ਛਾਤ ਦੀਆਂ ਧਾਰਣਾਵਾਂ ਅੱਜ ਸਮਾਨ ਰੂਪ ਵਿੱਚ ਸਾਡੇ ਸਮਾਜਿਕ ਜੀਵਨ ਦੇ ਸਭ ਪਹਿਲੂਆਂ ਵਿੱਚ ਵਿੱਦਿਆਮਾਨ ਨਹੀਂ ਹਨ। ਕੁਝ ਮੌਕਿਆਂ ਉੱਤੇ ਇਹ ਮਾਣਕ ਵਿਵਹਾਰ ਵਿੱਚ ਸ਼ਿਥਿਲ ਪਾਏ ਜਾਂਦੇ ਹਨ। ਫਿਰ ਵੀ ਵਿਆਹ ਦੇ ਨਿਯਮਾਂ ਦਾ ਵਿਸ਼ੇਸ਼ ਕਰ ਕੇ ਅਨੁਲੋਮ ਵਿਆਹ, ਅੰਤਰਜਾਤੀ ਵਿਆਹ ਅਤੇ ਗੋਤ ਬਾਹਰੀ ਵਿਆਹ ਲਈ ਬਹੁਤ ਸੀਮਾ ਤੱਕ ਹੁਣ ਵੀ ਪਾਲਣ ਕੀਤਾ ਜਾਂਦਾ ਹੈ।

## 14.2 ਆਰਥਿਕ ਵਿਕਾਸ ਅਤੇ ਸਮਾਜਿਕ ਪਰਿਵਰਤਨ (Economic Development and Social Change)

ਇੱਕ ਅੰਗ੍ਰੇਜ਼ ਅਰਥਸ਼ਾਸਤਰੀ ਵਿਕਸਟੀਡ (Wickstead) ਨੇ ਇੱਕ ਵਾਰ ਕਿਹਾ ਸੀ ਕਿ ਕੋਈ ਵੀ ਵਿਅਕਤੀ ਨਾ ਤਾਂ ਸੰਤ, ਨਾ ਕਵੀ ਅਤੇ ਨਾ ਪ੍ਰੇਮੀ ਉਦੋਂ ਤੱਕ ਹੋ ਸਕਦਾ ਹੈ, ਜਦੋਂ ਤੱਕ ਕਿ ਉਸ ਕੋਲ ਕੁਝ ਖਾਣ ਨਾ ਹੋਵੇ। ਰਾਸ਼ਟਰਾਂ ਦੇ ਵਿਸ਼ੇ ਵਿੱਚ ਵੀ ਇਹੀ ਕਿਹਾ ਜਾ ਸਕਦਾ ਹੈ ਕਿ ਰਾਜਨੀਤਿਕ ਵਿਕਾਸ, ਸੰਸਕ੍ਰਿਤਿਕ ਉਪਲਬਧੀਆਂ ਅਤੇ ਪਰਿਵਰਤਨ ਅਤੇ ਸਮਾਜਿਕ ਪ੍ਰਗਤੀ ਕੇਵਲ ਨਿਊਨਤਮ ਜੀਵਨ ਸਤਰ ਪ੍ਰਾਪਤ ਕਰਣ ਨਾਲ ਹੀ ਸੰਭਵ ਹੈ, ਜਾਂ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਸਮਾਜਿਕ ਪ੍ਰਗਤੀ ਆਰਥਿਕ ਵਿਕਾਸ ਨਾਲ ਹੀ ਸੰਭਵ ਹੈ। ਪ੍ਰਸ਼ਨ ਇਹ ਹੈ ਕਿ ਆਰਥਿਕ ਵਿਕਾਸ ਕੀ ਹੈ? ਕਿਹੜੇ ਤੱਤ ਆਰਥਿਕ ਵਿਕਾਸ ਦੇ ਵਾਧੇ ਵਿੱਚ ਯੋਗਦਾਨ ਦਿੰਦੇ ਹਨ? ਭਾਰਤ ਸਹਿਤ ਵਿਸ਼ਵ ਦੇ ਅਵਿਕਸਿਤ ਖੇਤਰਾਂ ਵਿੱਚ ਆਰਥਿਕ ਉੱਨਤੀ ਵਿੱਚ ਕੀ ਰੁਕਾਵਟਾਂ ਹਨ? ਸਮਾਜਸ਼ਾਸਤਰੀ ਪੱਖਾਂ ਅਤੇ ਆਰਥਿਕ ਵਿਕਾਸ ਦੀਆਂ ਸਮੱਸਿਆਵਾਂ ਨੂੰ ਸਮਝਣ ਤੋਂ ਪਹਿਲਾਂ ਅਸੀਂ ਉਪਰੋਕਤ ਕੁਝ ਮਹੱਤਵਪੂਰਣ ਪ੍ਰਸ਼ਨਾਂ ਨੂੰ ਸਮਝਣਾ ਚਾਹਾਂਗੇ।

ਵਿਸਤ੍ਰਿਤ ਅਰਥ ਵਿੱਚ ਕਿਹਾ ਜਾ ਸਕਦਾ ਹੈ ਕਿ "ਆਰਥਿਕ ਵਿਕਾਸ ਅਸਲ ਵੇਤਨ ਵਿੱਚ ਪ੍ਰਤੀ ਵਿਅਕਤੀ ਵਾਧਾ ਹੈ ਜੋ ਚਾਹੇ ਕਿਸੇ ਵੀ ਸਾਧਨ ਤੋਂ ਹੋਵੇ।" **ਰਾਬਰਟ ਫੈਰਿਸ**। ਬਾਚ ਨੇ ਇਸ ਨੂੰ ਇਸ ਪ੍ਰਕਾਰ ਦੱਸਿਆ ਹੈ:"ਅਰਥਵਿਵਸਥਾ ਵਿੱਚ ਵਸਤਾਂ ਦੇ ਪੂਰਣ ਉਤਪਾਦਨ ਅਤੇ ਸੇਵਾਵਾਂ ਵਿੱਚ ਵਾਧਾ।" **ਡੇਵਿਡ ਨੋਵਾਕ** ਨੇ ਆਰਥਿਕ ਵਾਧੇ ਦੀ ਇੱਕ ਪੁਰਾਣੀ ਪਰਿਭਾਸ਼ਾ ਦੀ ਚਰਚਾ ਕੀਤੀ ਹੈ ਜਿਸ ਦੇ ਅਨੁਸਾਰ "ਇਹ ਵਸਤਾਂ ਅਤੇ ਸੇਵਾਵਾਂ ਦੇ ਪ੍ਰਤੀ ਵਿਅਕਤੀ ਉਪਭੋਗ (consumption) ਵਿੱਚ ਨਿਰੰਤਰ ਅਤੇ ਅਤਿਆਧਿਕ ਵਾਧਾ ਹੈ।" ਆਰਥਿਕ ਵਸਤਾਂ ਦਾ ਅਤਿਆਧਿਕ ਉਪਭੋਗ ਤਾਂ ਹੀ ਸੰਭਵ ਹੈ ਜਦੋਂ ਕਿ ਆਰਥਿਕ ਵਸਤਾਂ ਦਾ ਉਤਪਾਦਨ ਵੀ ਅਤਿਆਧਿਕ ਹੋਵੇ। ਆਰਥਿਕ ਵਿਕਾਸ "ਆਰਥਿਕ ਵਸਤਾਂ ਦੇ ਉਤਪਾਦਨ ਅਤੇ ਵਿਤਰਣ ਵਿੱਚ ਜੜ ਜਾਂ ਨਿਰਜੀਵ ਸ਼ਕਤੀ (inanimate power) ਅਤੇ ਹੋਰ ਤਕਨੀਕਾਂ ਦਾ ਵਿਸਤ੍ਰਿਤ ਪ੍ਰਯੋਗ ਹੈ।" ਰਾਬਰਟ ਫੈਰਿਸ। ਇਨਾਂ ਅਰਥਾਂ ਵਿੱਚ ਆਰਥਿਕ ਵਿਕਾਸ ਵਿਵਹਾਰਿਕ ਰੂਪ ਵਿੱਚ ਉਦਯੋਗੀਕਰਣ ਦਾ ਦੂਜਾ ਨਾਂ ਕਿਹਾ ਜਾ ਸਕਦਾ ਹੈ। ਪ੍ਰੰਤੂ ਇਹ ਕਹਿਣਾ ਠੀਕ ਨਹੀਂ ਹੈ ਕਿ ਆਰਥਿਕ ਵਿਕਾਸ ਕੇਵਲ ਉਦਯੋਗੀਕਰਣ ਹੈ ਕਿਉਂਕਿ ਉਤਪਾਦਨ ਵਿੱਚ ਸ਼ਕਤੀ ਅਤੇ ਤਕਨੀਕ ਦੇ ਪ੍ਰਯੋਗ ਤੋਂ ਇਲਾਵਾ ਸ਼੍ਰਮ ਗਤੀਸ਼ੀਲਤਾ, ਵਿਸਤ੍ਰਿਤ ਸਿੱਖਿਆ ਵਿਵਸਥਾ ਆਦਿ ਵੀ ਸ਼ਾਮਿਲ ਹਨ।

ਜੇਫ ਅਤੇ ਸਟੀਵਰਟ, ਜਿਨਾਂ ਨੇ ਆਰਥਿਕ ਵਿਕਾਸ ਨੂੰ 'ਆਰਥਿਕ ਉਤਪਾਦਨ ਦਾ ਤਰਕਸੰਗਤੀਕਰਣ' (rationalisation) ਕਿਹਾ ਹੈ, ਓਨਾਂ ਨੇ ਪ੍ਰਤੀ ਵਿਅਕਤੀ ਵੇਤਨ ਅਤੇ ਹੋਰ ਕਾਰਕਾਂ ਜਿਵੇਂ ਉੱਚ ਸਾਖਰਤਾ, ਜਨਮ ਦੇ ਮੌਕੇ ਉੱਤੇ ਜੀਵਨ ਦੀਆਂ ਉੱਚੀਆਂ ਸੰਭਾਵਨਾਵਾਂ, ਨਿਮਨ ਪ੍ਰਸਵ ਦਰ, ਖੇਤੀ ਵਿੱਚ ਲੱਗੇ ਸ਼੍ਰਮ ਸ਼ਕਤੀ ਦਾ ਨਿਮਨ ਅਨੁਪਾਤ ਅਤੇ ਪ੍ਰਤੀ ਵਿਅਕਤੀ ਬਿਜਲੀ ਕਿਲੋਵਾਟ ਦਾ ਉੱਚ ਉਤਪਾਦਨ ਆਦਿ ਦੇ ਆਧਾਰ ਉੱਤੇ ਵਿਕਸਿਤ ਅਤੇ ਅਵਿਕਸਿਤ ਦੇਸ਼ਾਂ ਦਾ ਦੁਭਾਜਨ (dichotomy) ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਇਸ ਵਰਗੀਕਰਣ ਵਿੱਚ ਇੱਕ ਤੀਜੀ ਸ਼੍ਰੇਣੀ ਵੀ ਜੋੜੀ ਜਾ ਸਕਦੀ ਹੈ- ਓਹ ਦੇਸ਼ ਜੋ ਵਿਕਸਿਤ ਅਤੇ ਅਵਿਕਸਿਤ ਦੇਸ਼ਾਂ ਵਿਚਕਾਰ ਹਨ ਅਰਥਾਤ ਵਿਕਾਸਸ਼ੀਲ ਦੇਸ਼। ਪ੍ਰਤੀ ਵਿਅਕਤੀ ਵੇਤਨ ਦੇ ਅਰਥ ਵਿੱਚ ਅਮਰੀਕਾ, ਕਨਾਡਾ, ਆਸਟ੍ਰੇਲੀਆ, ਪੱਛਮੀ ਯੂਰਪ (ਇਟਲੀ, ਫ੍ਰਾਂਸ, ਜਰਮਨੀ ਅਤੇ ਇੰਗਲੈਂਡ) ਵਿਕਸਿਤ ਦੇਸ਼ ਮੰਨੇ ਜਾਂਦੇ ਹਨ। ਦੂਜੇ ਪਾਸੇ ਦੱਖਣ ਅਫ੍ਰੀਕਾ, ਮੈਕਸੀਕੋ ਅਤੇ ਅਧਿਕਤਰ ਦੱਖਣੀ ਅਤੇ ਪੂਰਵੀ ਯੂਰਪੀ ਦੇਸ਼ ਵਿਕਾਸਸ਼ੀਲ ਦੇਸ਼ ਮੰਨੇ ਜਾਂਦੇ ਹਨ। ਪ੍ਰਤੀ ਵਿਅਕਤੀ ਵੇਤਨ ਦੀ ਦ੍ਰਿਸ਼ਟੀ ਨਾਲ ਭਾਰਤ ਅਜੇ ਵੀ ਅਵਿਕਸਿਤ ਦੇਸ਼ ਹੈ।

ਜੇਫ ਅਤੇ ਸਟੀਵਰਟ ਦਾ ਕਹਿਣਾ ਹੈ ਕਿ ਉਪਰੋਕਤ ਵਿਸ਼ੇਸ਼ਤਾਵਾਂ (ਵਿਕਸਿਤ ਦੇਸ਼ਾਂ ਦੀਆਂ) ਨੂੰ ਪ੍ਰਾਪਤ ਕਰਣ ਲਈ ਆਰਥਿਕ ਵਿਕਾਸ ਹਰ ਵਸਤੂ ਵਿੱਚ ਜਲਦ ਪਰਿਵਰਤਨ ਨੂੰ ਮਿਲਾਉਂਦਾ ਹੈ। ਪ੍ਰੰਤੂ ਰਾਬਰਟ ਫੇਰਿਸ ਦਾ ਵਿਸ਼ਵਾਸ ਹੈ ਕਿ ਇਹ ਨਤੀਜਾ (ਆਰਥਿਕ ਵਿਕਾਸ ਲਈ ਹਰ ਵਸਤੂ ਜਲਦ ਪ੍ਰਾਪਤ ਕਰਨਾ) ਨਿਆਂਸੰਗਤ ਨਹੀਂ ਹੈ। ਓਨਾਂ ਦਾ ਵਿਚਾਰ ਹੈ ਕਿ ਚਾਹੇ ਇਸ ਦਾ ਅਨੁਮਾਨਿਤ ਮਾਪ ਪ੍ਰਤੀ ਵਿਅਕਤੀ ਵੇਤਨ ਵਿੱਚ ਵਾਸਤਵਿਕ ਵਾਧਾ ਮੰਨਿਆ ਜਾਵੇਗਾ, ਪ੍ਰੰਤੂ ਹੋਰ ਸਭ ਪਰਿਵਰਤਨ ਜ਼ਰੂਰਤ ਦੇ ਸਤਰ ਉੱਤੇ ਨਿਰਭਰ ਹੋਣਗੇ।

ਨੋਟ

### 14.2.1 ਆਰਥਿਕ ਵਿਕਾਸ ਦੀਆਂ ਪੂਰਵਸ਼ਰਤਾਂ ਅਤੇ ਰੁਕਾਵਟਾਂ

ਕਿਸੇ ਵੀ ਸਮਾਜ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਕਰਣ ਵਾਲੇ ਆਰਥਿਕ ਕਾਰਕ ਆਮ ਤੌਰ ਤੇ ਇਸ ਪ੍ਰਕਾਰ ਸਮਝੇ ਜਾਂਦੇ ਹਨ: ਪ੍ਰਾਕ੍ਰਿਤਿਕ ਸੰਸਾਧਨ (resources), ਧਨ ਸੰਚਣ (capital accumulation), ਤਕਨੀਕ (technology), ਸ਼ਕਤੀ ਦੇ ਸਰੋਤ, ਜਨਸ਼ਕਤੀ, ਮਜ਼ਦੂਰੀ, ਜਨਸੰਖਿਆ ਦੀਆਂ ਵਿਸ਼ੇਸ਼ਤਾਵਾਂ ਅਤੇ ਓਨਾਂ ਦਾ ਆਰਥਿਕ ਸੰਗਠਨ ਅਤੇ ਸਮਾਜਿਕ ਪਰਿਆਵਰਣ। ਪੂਰਵਸ਼ਰਤਾਂ ਦੇ ਵਿਸ਼ੇ ਵਿੱਚ ਰਾਬਰਟ ਫੈਰਿਸ ਨੇ ਕਿਹਾ ਹੈ ਕਿ ਆਰਥਿਕ ਵਿਕਾਸ ਦੀਆਂ ਪੂਰਵਸ਼ਰਤਾਂ ਇਹ ਹਨ: (*i*) ਮੁੱਲ ਜਾਂ ਵਿਚਾਰਧਾਰਾ, (*ii*) ਸੰਸਥਾਵਾਂ ਜਾਂ ਆਦਰਸ਼ਾਤਮਕ ਗ੍ਰੰਥੀਆਂ (normative complexes) ਅਰਥਾਤ ਵਿਵਹਾਰ ਦੇ ਨਿਯਮਾਂ ਦੀ ਜਾਂ ਵਿਵਹਾਰ ਸੰਬੰਧੀ ਸਵੀਕ੍ਰਿਤੀ ਆਦੇਸ਼ਾਂ (prescriptions) ਦੀ ਸਰਵਸੰਮਤੀ ਸਵੀਕ੍ਰਿਤੀ ਅਤੇ ਓਨਾਂ ਦਾ ਪਾਲਣ, (*iii*) ਸੰਗਠਨ (ਨੀਤੀਆਂ), ਅਰਥਾਤ ਕੀ ਸਰਕਾਰ ਨਿਜੀ ਖੇਤਰ ਨੂੰ ਪ੍ਰੋਤਸਾਹਨ ਦੇਣਾ ਚਾਹੁੰਦੀ ਹੈ ਜਾਂ ਸਰਕਾਰੀ ਖੇਤਰ ਨੂੰ ਜਾਂ ਦੋਹਾਂ ਨੂੰ ਹੀ, (*iv*) ਲਾਭ/ਇੱਜ਼ਤ ਨਾਲ ਸੰਬੰਧਿਤ ਪ੍ਰੇਰਣਾਵਾਂ/ਪ੍ਰੋਤਸਾਹਨ।

ਨੋਵਾਕ ਦਾ ਮੰਨਣਾ ਹੈ ਕਿ ਘੱਟ ਵਿਕਾਸ ਦੇ ਮੁੱਖ ਆਧਾਰ ਇਹ ਹਨ: ਧਨ ਦਾ ਅਭਾਵ, ਨਿਮਨ ਉਦਯੋਗਿਕ ਜਨਸੰਖਿਆ ਅਤੇ ਪ੍ਰਾਕ੍ਰਿਤਿਕ ਸੰਸਾਧਨਾਂ ਦੀ ਕਮੀ। ਦੂਜੇ ਪਾਸੇ ਆਰਥਿਕ ਵਿਕਾਸ ਦੀਆਂ ਪੂਰਵਸ਼ਰਤਾਂ ਵਿੱਚ ਪੂੰਜੀ, ਤਕਨੀਕੀ ਦੇ ਗੁਣ ਅਤੇ ਪ੍ਰਾਕ੍ਰਿਤਿਕ ਸੰਸਾਧਨ ਸ਼ਾਮਿਲ ਹਨ। ਓਨਾਂ ਨੇ ਮੰਨਿਆ ਹੈ ਕਿ ਅਵਿਕਸਿਤ ਖੇਤਰਾਂ ਵਿੱਚ ਆਰਥਿਕ ਵਿਕਾਸ ਵਿੱਚ ਜੋ ਕਾਰਕ ਰੁਕਾਵਟ ਪਾਉਂਦੇ ਹਨ ਓਹ ਹਨ: (*i*) ਜ਼ਰੂਰੀ ਮਾਤਰਾ ਵਿੱਚ ਨਵੀਨ ਖੋਜ਼ (innovation) ਵਿੱਚ ਕਮੀ, (*ii*) ਸਮਤਾਵਾਦੀ ਖੇਤੀ ਸੁਧਾਰਾਂ ਵਿੱਚ ਕਮੀ, (*iii*) ਕਾਰਜ ਅਨੁਸ਼ਾਸਨ ਵਿੱਚ ਕਮੀ, (*iv*) ਜਨਸੰਖਿਆ ਵਾਧਾ ਅਤੇ (*v*) ਵਿਦੇਸ਼ੀ ਵਿਨਿਮੇ ਵਿੱਚ ਕਮੀ।

ਜੈਕਬ ਵਾਈਨਰ ਨੇ ਆਰਥਿਕ ਵਿਕਾਸ ਵਿੱਚ ਛੇ ਰੁਕਾਵਟਾਂ ਦੀ ਵਿਆਖਿਆ ਕੀਤੀ ਹੈ। ਓਹ ਹਨ: ਭੌਤਿਕ ਵਾਤਾਵਰਣ ਦਾ ਅਨੁਕੂਲ ਨਾ ਹੋਣਾ, ਕਾਰਜਸ਼ੀਲ ਜਨਸੰਖਿਆ ਦੀ ਨਿਮਨ ਕੋਟੀ, ਤਕਨੀਕੀ ਗਿਆਨ ਦੀ ਕਮੀ, ਪੂੰਜੀ ਦੀ ਕਮੀ, ਜਨਸੰਖਿਆ ਵਿੱਚ ਤੇਜ਼ ਗਤੀ ਨਾਲ ਵਾਧਾ ਅਤੇ ਖੇਤੀ ਸੰਰਚਨਾ ਵਿੱਚ ਦੋਸ਼।

ਯੂਰਪ ਵਿੱਚ ਪ੍ਰੋਟੇਸਟੇਂਟ ਸੁਧਾਰਾਂ ਨੇ ਪੂੰਜੀਵਾਦ ਦੇ ਉਦੇ ਅਤੇ ਵਿਕਾਸ ਲਈ ਸਮਾਜ ਦਾ ਦ੍ਰਿਸ਼ਟੀਕੋਣ ਅਤੇ ਸੰਸਥਾਵਾਂ ਵਿੱਚ ਪਰਿਵਰਤਨ ਦੁਆਰਾ ਰਸਤਾ ਖੋਲ ਦਿੱਤਾ ਸੀ। ਇਸੇ ਆਧਾਰ ਉੱਤੇ "ਪ੍ਰੋਟੇਸਟੇਂਟ ਨੈਤਿਕਤਾ" ਦਾ ਵਿਕਾਸ ਹੋਇਆ ਜੋ ਆਰਥਿਕ ਵਿਕਾਸ ਲਈ ਚੰਗਾ ਸੀ। ਇਸ ਯੂਰਪੀ ਘਟਨਾ ਦੇ ਵਿਸ਼ੇ ਵਿੱਚ ਲਿਖਦੇ ਹੋਏ ਮੈਕਸ ਵੇਬਰ ਨੇ ਪੂੰਜੀਵਾਦੀ ਸਮਾਜ ਦੀਆਂ ਓਨਾਂ ਸੰਸਥਾਵਾਂ ਉੱਤੇ ਬਲ ਦਿੱਤਾ ਹੈ ਜੋ ਪੱਛਮ ਵਿੱਚ ਤੇਜ਼ੀ ਨਾਲ ਆਰਥਿਕ ਵਿਕਾਸ ਨਾਲ ਮਿਲਦੀਆਂ ਹਨ: (*i*) ਨਿਜੀ ਮਲਕੀਅਤ ਅਤੇ ਉਤਪਾਦਨ ਦੇ ਸਾਧਨਾ ਉੱਤੇ ਨਿਯੰਤਰਣ। (*ii*) ਰੁਕਾਵਟਾਂ ਅਤੇ ਸਰਕਾਰੀ ਮੁੱਲ ਨਿਰਧਾਰਣ। (*iii*) ਗਣਨਾ ਸੰਬੰਧੀ ਨਿਯਮਾਂ ਦਾ ਸ਼ਾਸਨ ਜਿਸ ਨਾਲ ਲੋਕਾਂ ਨੂੰ ਪਹਿਲਾਂ ਹੀ ਪਤਾ ਚਲ ਜਾਂਦਾ ਹੈ ਕਿ ਕਿਨਾਂ ਨਿਯਮਾਂ ਦੇ ਅੰਤਰਗਤ ਓਨਾਂ ਨੇ ਆਰਥਿਕ ਜੀਵਨ ਚਲਾਓਣਾ ਹੈ। (*iv*) ਮਜ਼ਦੂਰੀ ਲਈ ਵਿਅਕਤੀਆਂ ਨੂੰ ਕੰਮ ਕਰਣ ਦੀ ਸੁਤੰਤਰਤਾ, (*v*) ਮਜ਼ਦੂਰੀ ਅਤੇ ਕੀਮਤਾਂ ਦੀ ਬਜ਼ਾਰ ਵਿਵਸਥਾ ਦੁਆਰਾ ਆਰਥਿਕ ਜੀਵਨ ਦਾ ਵਾਣਿਜੀਕਰਣ (commercialism) ਜਿਸ ਨਾਲ ਉਤਪਾਦਨ ਦੇ ਸਾਧਨਾਂ ਨੂੰ ਸੰਚਾਲਿਤ ਅਤੇ ਆਵੰਡਿਤ (allocate) ਕੀਤਾ ਜਾ ਸਕੇ। (*vi*) ਸੱਟੇਬਾਜ਼ੀ ਅਤੇ ਜੋਖਿਮ ਉਠਾਓਣ ਦੀ ਪ੍ਰਵਿੱਤੀ (ਜਿਨਾਂ ਨੂੰ ਪੂਰਵ ਸਾਮੰਤੀ ਸਮਾਜਾਂ ਵਿੱਚ ਵਿਆਪਕ ਰੂਪ ਨਾਲ ਪ੍ਰਤੀਬੰਧਿਤ ਕੀਤਾ ਹੋਇਆ ਸੀ)। ਪ੍ਰੰਤੂ ਕੁਝ ਵਿਦਵਾਨਾਂ ਨੇ ਇਸ ਧਾਰਣਾ ਵਿੱਚ ਕਮੀਆਂ ਦੱਸੀਆਂ ਹਨ।

### 14.2.2 ਭਾਰਤ ਦੇ ਆਰਥਿਕ ਵਿਕਾਸ ਵਿੱਚ ਰੁਕਾਵਟਾਂ

ਉਪਰੋਕਤ ਉਲੇਖਿਤ ਕਾਰਕ ਭਾਰਤ ਦੇ ਆਰਥਿਕ ਵਿਕਾਸ ਦੇ ਰਸਤੇ ਵਿੱਚ ਬੰਧਕ ਤੱਤਾਂ ਨੂੰ ਸਮਝਣ ਵਿੱਚ ਸਹਾਇਕ ਹੋ ਸਕਦੇ ਹਨ। ਥਾਮਸ ਸ਼ੀ (Thomas Shea, See Jean Meynaud, 1963) ਦੇ ਅਨੁਸਾਰ ਭਾਰਤ ਵਿੱਚ ਚਾਰ ਮਹੱਤਵਪੂਰਣ ਰੁਕਾਵਟਾਂ ਹਨ: ਜਾਤੀ, ਭੂਮੀ ਪੱਟੇ (land tenure) ਦਾ ਸਰੂਪ, ਜਨਸੰਖਿਆ ਵਾਧਾ ਅਤੇ ਸੰਪਤੀ ਕਾਨੂੰਨ (ਜੋ ਖੇਤੀਯੋਗ ਭੂਮੀ ਨੂੰ ਟੁਕੜੇ-ਟੁਕੜੇ ਕਰਦਾ ਹੈ)।

ਏ. ਆਰ. ਦੇਸਾਈ ਨੇ ਜੋ ਮੂਲ ਰੁਕਾਵਟਾਂ ਦੱਸੀਆਂ ਹਨ: (*i*) ਅਤੀਤ ਤੋਂ ਵੰਸ਼ਾਨੁਕ੍ਰਮ ਵਿੱਚ ਪ੍ਰਾਪਤ ਸਮਾਜਿਕ ਅਤੇ ਸੰਤਸਥਾਤਮਕ ਰਚਨਾ ਅਤੇ ਮੁੱਲ (ਅਰਥਾਤ ਜਾਤੀ ਵਿਵਸਥਾ) ਅਤੇ (*ii*) ਪਿਛੜੀ ਹੋਈ ਨਿਸ਼ਠਾ ਲਈ ਲਗਾਵ।

ਚਾਹੇ ਜਾਤੀ ਵਿਵਸਥਾ ਭਾਰਤ ਦੇ ਸੰਵਿਧਾਨ ਦੁਆਰਾ ਸਿਧਾਂਤਕ ਅਤੇ ਨਿਆਂਇਕ ਦ੍ਰਿਸ਼ਟੀ ਨਾਲ ਖਤਮ ਕਰ ਦਿੱਤੀ ਗਈ ਹੈ, ਪ੍ਰੰਤੂ ਅਸਲ ਜੀਵਨ ਵਿੱਚ ਇਸ ਦਾ ਮਹੱਤਵ, ਆਰਥਿਕ ਵਿਕਾਸ ਉੱਤੇ ਇਸ ਦਾ ਅਸਰ, ਸੰਪਤੀ ਸੰਬੰਧਾਂ ਦੇ ਸਰੂਪ ਅਤੇ ਉਪਭੋਗ ਦੇ ਸਰੂਪ ਉੱਤੇ ਇਸ ਦਾ ਪ੍ਰਭਾਵ ਅਤੇ ਆਰਥਿਕ, ਰਾਜਨੀਤਿਕ, ਸਮਾਜਿਕ ਅਤੇ ਸੰਸਕ੍ਰਿਤਿਕ ਖੇਤਰਾਂ ਵਿੱਚ ਸ਼ਕਤੀ ਸੰਰਚਨਾ ਦੇ ਸਰੂਪ ਉੱਤੇ ਇਸ ਦੇ ਪ੍ਰਭਾਵ ਨੂੰ ਅਜੇ ਚੰਗੀ ਤਰਾਂ ਨਹੀਂ ਸਮਝਿਆ ਗਿਆ ਹੈ। ਇਸ ਲਈ ਇਸ ਦਾ ਗੰਭੀਰ ਰੂਪ ਨਾਲ ਘੱਟ ਅਨੁਮਾਨ ਲਗਾਇਆ ਗਿਆ ਹੈ। ਜਾਤੀ ਲੋਕਾਂ ਦੀ ਗਤੀਸ਼ੀਲਤਾ ਨੂੰ ਰੋਕਦੀ ਹੈ ਜੋ ਕਿ ਗਤੀਵਾਨ ਆਰਥਿਕ ਵਿਕਾਸ ਲਈ ਬਹੁਤ ਜ਼ਰੂਰੀ ਹੈ। ਇਹ ਕੁਝ ਸਮੂਹਾਂ ਨੂੰ ਕੁਝ ਕਾਰੋਬਾਰ ਕਰਣ ਤੋਂ ਰੋਕਦੀ ਹੈ ਅਤੇ ਕੁਝ ਆਰਥਿਕ ਵਿਵਹਾਰ ਦੇ ਸਰੂਪਾਂ ਨੂੰ ਅਤੇ ਉਪਭੋਗ ਦੇ ਕੁਝ ਸਰੂਪਾਂ ਨੂੰ ਰੋਕਦੀ ਹੈ। ਇਹ ਦੇਖਿਆ ਗਿਆ ਹੈ ਕਿ ਅਰਥਵਿਵਸਥਾ, ਪ੍ਰਸ਼ਾਸਨ ਅਤੇ ਸੰਸਕ੍ਰਿਤਿਕ ਕੰਮਕਾਜ

ਨੋਟ

ਵਿੱਚ ਨਿਯੰਤਰਣ ਦੇ ਬਹੁਤ ਸਾਰੇ ਪਦ ਭਾਰਤ ਵਿੱਚ ਕੁਝ ਹੀ ਜਾਤੀਆਂ ਦੇ ਏਕਾਧਿਕਾਰ (monopoly) ਵਿੱਚ ਹਨ। ਅਸਲ ਵਿੱਚ, ਕੁਝ ਹੀ ਜਾਤੀਆਂ ਭਾਰਤ ਦੇ ਲੋਕਾਂ ਦੇ ਭਾਗ ਨੂੰ ਨਿਯੰਤਰਿਤ ਕਰਦੀਆਂ ਹਨ ਜਿਸ ਨਾਲ ਖੇਤਰੀ ਅਤੇ ਜਾਤੀ ਤਨਾਵ ਅਤੇ ਸਮਾਜਿਕ ਅਸ਼ਾਂਤੀ ਉਤਪੰਨ ਹੁੰਦੀ ਹੈ। ਇਹੀ ਅਸ਼ਾਂਤੀ ਵਿਸ਼ੇਸ਼ਾਧਿਕਾਰ ਪ੍ਰਾਪਤ ਸਮੂਹਾਂ (ਬਗਜਡਜ;ਕਪਕਦ ਪਗਰਚਬਤ) ਵਿੱਚ ਆਪਣੇ ਆਪ ਵਿੱਚ ਅਤੇ ਓਨਾਂ ਦੇ ਅਤੇ ਅਲਪ ਵਿਸ਼ੇਸ਼ਾਧਿਕ੍ਰਿਤ ਦੇ ਵਿੱਚ ਕੌੜੇ ਮੁਕਾਬਲੇ ਵਾਲੇ ਸੰਘਰਸ਼ ਨੂੰ ਜੀਵਿਤ ਰੱਖਦੀ ਹੈ ਅਤੇ ਇਸ ਦਾ ਕਾਰਣ ਵੀ ਹੈ। ਸਵਸਥ ਰਾਸ਼ਟਰੀ ਅਰਥਵਿਵਸਥਾ ਉੱਤੇ ਇਸ ਦਾ ਉਲਟਾ ਪ੍ਰਭਾਵ ਪੈਂਦਾ ਹੈ।

ਇੱਕ ਦੂਜਾ ਸਮਾਜਸ਼ਾਸਤਰੀ ਪ੍ਰਭਾਵ ਇਹ ਵੀ ਹੈ ਕਿ ਪਿਛੜੀਆਂ ਹੋਈਆਂ ਨਿਸ਼ਠਾਵਾਂ ਸਮਾਜ ਵਿੱਚ ਜਮੀਆਂ ਰਹਿੰਦੀਆਂ ਹਨ ਜਿਨਾਂ ਦੇ ਫਲਸਰੂਪ ਗੁਟਵਾਦ (factionalism) ਅਤੇ ਭਾਰਤੀ ਜਨ ਦਾ ਝੂਠੇ ਹੰਕਾਰ ਵਾਲੇ ਛੋਟੇ ਛੋਟੇ ਸਮੂਹਾਂ ਵਿੱਚ ਵਿਭਾਜਨ ਹੁੰਦਾ ਹੈ ਜੋ ਕਿ ਵਿਕਸਿਤ ਰਾਸ਼ਟਰੀ ਚੇਤਨਾ ਲਈ ਹਾਨੀਕਾਰਕ ਹੈ। ਕੁਝ ਪ੍ਰਕਾਰ ਦੀਆਂ ਨਿਸ਼ਠਾਵਾਂ (ਜਾਤੀ ਨਿਸ਼ਠਾ ਤੋਂ ਇਲਾਵਾ) ਜੋ ਭਾਰਤ ਵਿੱਚ ਸਦਾ ਬਣੀਆਂ ਰਹਿੰਦੀਆਂ ਹਨ ਓਹ ਹਨ: ਨਾਤੇਦਾਰੀ ਨਿਸ਼ਠਾ, ਖੇਤਰੀ ਪਹਿਚਾਣ ਅਤੇ ਧਾਰਮਿਕ ਲਗਾਵ। ਇਸ ਪ੍ਰਕਾਰ ਦੇ ਵਿਭਾਜਨ ਸਮਾਜ ਵਿੱਚ ਏਕਤਾ ਦੀ ਭਾਵਨਾ ਨੂੰ ਅਤੇ ਸਮਾਜ ਦੇ ਮੈਂਬਰਾਂ ਵਿਚਕਾਰ ਪਹਿਚਾਣ ਵਿੱਚ ਰੋਕ ਲਗਾਓਂਦੇ ਹਨ। ਅਜਿਹੇ ਪਰਿਆਵਰਣ ਵਿੱਚ ਪਾਇਆ ਜਾਣ ਵਾਲਾ ਆਦਰਸ਼ਾਤਮਕ ਦਬਾਅ (normative pressure) ਵਿਅਕਤੀ ਦੇ ਵਿਵਹਾਰ ਅਤੇ ਸੰਬੰਧਾਂ ਉੱਤੇ ਵੀ ਪ੍ਰਤੀਕੂਲ ਪ੍ਰਭਾਵ ਪਾਓਂਦਾ ਹੈ।

ਦੇਸਾਈ ਦਾ ਮੰਨਣਾ ਹੈ ਕਿ ਇਹ ਸੰਕੀਰਣ ਸਥਾਨਿਕ ਮਾਨਸਿਕਤਾ (parochial mentality) ਪੁਰਾਣੇ ਪ੍ਰਕਾਰ ਦੀਆਂ ਸੰਸਥਾਵਾਂ ਦੇ ਨਾਲ ਕਈ ਪ੍ਰਕਾਰ ਨਾਲ ਆਰਥਿਕ ਵਿਕਾਸ ਵਿੱਚ ਰੁਕਾਵਟ ਪੈਦਾ ਕਰਦੀ ਹੈ: (*i*) ਇਹ ਭਾਈ ਭਤੀਜਾਵਾਦ (nepotism) ਨੂੰ ਪ੍ਰੋਤਸਾਹਨ ਦਿੰਦੀ ਹੈ; (*ii*) ਇਹ ਅਣ-ਉਤਪਾਦਕ ਨਿਵੇਸ਼ (investment) ਅਤੇ ਗਲਤ ਉਪਭੋਗ ਦੇ ਸਰੂਪਾਂ ਜਿਹੀਆਂ ਹਾਨੀਕਾਰਕ ਪ੍ਰਥਾਵਾਂ ਨੂੰ ਪੈਦਾ ਕਰਦੀ ਹੈ ; (*iii*) ਇਸ ਨਾਲ ਕੰਮ, ਕਾਰਜ ਕੁਸ਼ਲਤਾ, ਕਾਰੋਬਾਰ ਅਤੇ ਸਾਧਨਾਂ ਦੀ ਵੰਡ (allocation) ਦੇ ਪ੍ਰਤੀ ਦ੍ਰਿਸ਼ਟੀਕੋਣ ਵਿੱਚ ਵਿਕ੍ਰਤੀ ਪੈਦਾ ਹੁੰਦੀ ਹੈ।; (*iv*) ਇਹ ਓਨਾਂ ਮਾਨਤਾਵਾਂ ਅਤੇ ਲੋਕ ਰੀਤੀਆਂ (mors) ਦੇ ਵਿਕਾਸ ਵਿੱਚ ਰੁਕਾਵਟ ਉਤਪੰਨ ਕਰਦੀ ਹੈ ਜੋ ਕਿ ਆਧੁਨਿਕ ਸਮੇਂ ਦੀ ਆਰਥਿਕ ਵਿਕਾਸ ਦੀਆਂ ਮੂਲ ਜ਼ਰੂਰਤਾਂ ਹਨ, ਜਿਵੇਂ ਕਾਨੂੰਨ ਉੱਤੇ ਆਧਾਰਿਤ ਲੋਕਰੀਤੀਆਂ ਅਤੇ ਅਨੁਸ਼ਾਸਤੀਆਂ (sanctions), ਵਿਅਕਤਿੱਤਵ ਲਈ ਆਦਰ ਅਤੇ ਸਮਾਨ ਨਾਗਰਿਕਤਾ ਦਾ ਵਿਚਾਰ।

ਯੋਗੇਂਦਰ ਸਿੰਘ (1973) ਨੇ ਭਾਰਤ ਵਿੱਚ ਆਰਥਿਕ ਵਿਕਾਸ ਵਿੱਚ ਰੁਕਾਵਟਾਂ ਇਸ ਪ੍ਰਕਾਰ ਦੱਸੀਆਂ ਹਨ: (*i*) ਅਨੁਭਵਾਤੀਤਤਾ (transcendence) (ਜਿਸ ਦੇ ਅਨੁਸਾਰ ਪਾਰੰਪਰਿਕ ਮੁੱਲਾਂ ਦੀ ਵੈਧਤਾ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ), (*ii*) ਪੂਰਣਤਾ (holism) (ਜਿਸ ਦੇ ਅਨੁਸਾਰ ਵਿਅਕਤੀ ਅਤੇ ਸਮਾਜ (ਸਮੂਹ) ਵਿਚਕਾਰ ਸੰਬੰਧ ਇਸ ਪ੍ਰਕਾਰ ਦਾ ਪਾਇਆ ਜਾਂਦਾ ਹੈ ਕਿ ਵਿਅਕਤੀ ਆਪਣੇ ਹਿਤ, ਅਧਿਕਾਰ ਅਤੇ ਇੱਛਾਵਾਂ ਨੂੰ ਸਮਾਜ ਕਲਿਆਣ ਤੋਂ ਹੇਠਾਂ ਰੱਖਦਾ ਹੈ। ਇਸ ਦਾ ਅਰਥ ਵਿਅਕਤੀ ਦੀ ਤੁਲਨਾ ਵਿੱਚ ਸਮੂਹਵਾਦ ਨੂੰ ਪਹਿਲ ਦੇਣਾ ਵੀ ਹੈ)। (*iii*) ਸੰਸਤਰਣ (ਜਾਤੀ ਕਾਰੋਬਾਰ ਅਤੇ ਸਮਾਜਿਕ ਪ੍ਰਸਥਿਤੀ ਵਿੱਚ ਸਤਰੀਕਰਣ) (*iv*) ਨਿਰੰਤਰਤਾ (ਕਰਮ ਅਤੇ ਪੁਨਰਜਨਮ ਵਿੱਚ ਵਿਸ਼ਵਾਸ ਆਦਿ)।

### 14.2.3 ਆਰਥਿਕ ਵਿਕਾਸ ਦੀਆਂ ਅਵਸਥਾਵਾਂ

**ਰੋਸਟੇਵ** ਨੇ ਆਰਥਿਕ ਵਿਕਾਸ ਦੀਆਂ ਪੰਜ ਅਵਸਥਾਵਾਂ ਦੱਸੀਆਂ ਹਨ: (*i*) ਪਰੰਪਰਾਤਮਕ ਸਮਾਜ (*ii*) ਉੱਥਾਨ (*iii*) ਉੱਥਾਨ (ਆਰੰਭ) (*iv*) ਤਕਨੀਕੀ ਪਰਿਪੱਕਤਾ ਦੀ ਪ੍ਰਵ੍ਰਿੱਤੀ (*v*) ਉੱਚ ਜਨ-ਉਪਭੋਗ।

ਪਰੰਪਰਾਤਮਕ ਸਮਾਜ ਮੂਲ ਰੂਪ ਵਿੱਚ ਖੇਤੀ-ਪ੍ਰਧਾਨ ਹੁੰਦਾ ਹੈ। ਇਸ ਦੇ ਮੈਂਬਰ ਭਾਗਵਾਦੀ, ਅੰਧਵਿਸ਼ਵਾਸੀ ਅਤੇ ਬਾਹਰੀ ਸੰਸਾਰ ਪ੍ਰਤੀ ਕੋਰੇ ਹੁੰਦੇ ਹਨ। ਅਜਿਹੇ ਸਮਾਜ ਵਿੱਚ ਪਰਿਵਾਰ, ਜਾਤੀ, ਪਿੰਡ ਜਾਂ ਨ੍ਰਿਜਾਤੀ (ethnic) ਸਮੂਹ ਦੀ ਨਿਸ਼ਠਾ ਦੀ ਇਕਾਈ ਹੁੰਦੇ ਹਨ।ਪਰੰਪਰਾਤਮਕ (ਖੇਤੀ) ਸਮੁਦਾਏ ਆਤਮਨਿਰਭਰ ਨਹੀਂ ਹੁੰਦੇ, ਬਲਕਿ ਬਜ਼ਾਰ ਲਈ, ਧਰਮ ਲਈ, ਦਰਸ਼ਨ ਲਈ ਵੀ ਅਤੇ ਸਰਕਾਰ ਲਈ ਵੀ ਕਸਬਿਆਂ ਜਾਂ ਸ਼ਹਿਰਾਂ ਉੱਤੇ ਨਿਰਭਰ ਰਹਿੰਦੇ ਹਨ ਕਿਓਂਕਿ ਇਨਾਂ ਸਮੁਦਾਵਾਂ ਵਿੱਚ ਅਗਵਾਈ ਦਾ ਵਿਕਾਸ ਘੱਟ ਹੀ ਹੁੰਦਾ ਹੈ। ਕਿਸਾਨਾਂ ਲਈ ਨਿਰਣੇ ਬਾਹਰ ਤੋਂ ਕੀਤੇ ਜਾਂਦੇ ਹਨ। ਬਹੁਤ ਵਾਰ ਓਹ ਇਹ ਵੀ ਨਹੀਂ ਜਾਣ ਪਾਓਂਦੇ ਕਿ ਇਹ ਨਿਰਣੇ ਕਿਸ ਤਰਾਂ ਅਤੇ ਓਨਾਂ ਲਈ ਕਿਓਂ ਲਏ ਗਏ ਹਨ। ਚਾਹੇ ਓਹ ਬਹੁਤ ਕੋਸ਼ਿਸ਼ਾਂ ਵੀ ਕਰਦੇ ਹਨ, ਫਿਰ ਵੀ ਓਹ ਨਿਰਣੇ ਵਿੱਚ ਬਾਹਰੀ ਪ੍ਰਭਾਵ ਤੋਂ ਮੁਕਤ ਨਹੀਂ ਹੋ ਪਾਓਂਦੇ। ਇਸ ਨਾਲ ਨਾ ਕੇਵਲ ਜੀਵਨ ਦੇ ਪ੍ਰਤੀ ਭਾਗਵਾਦੀ (fatalistic) ਦ੍ਰਿਸ਼ਟੀਕੋਣ ਦਾ ਜਨਮ ਹੁੰਦਾ ਹੈ ਬਲਕਿ ਬਾਹਰੀ ਲੋਕਾਂ ਪ੍ਰਤੀ ਸ਼ੱਕ ਅਤੇ ਨਵੇਂ ਵਿਚਾਰਾਂ ਦੇ ਪ੍ਰਤੀ ਸਤਰਕਤਾ ਵੀ ਪੈਦਾ ਹੁੰਦੀ ਹੈ। ਬਾਹਰੀ ਸੰਸਾਰ ਦੇ ਪ੍ਰਤੀ ਅਵਿਸ਼ਵਾਸ ਓਨਾਂ ਨੂੰ ਓਨਾਂ ਦੇ ਪੜੌਸੀਆਂ ਨਾਲ ਨਹੀਂ ਜੁੜਨ ਦਿੰਦਾ। ਵਿਸਤ੍ਰਿਤ ਪਰਿਵਾਰ ਆਪਣੇ ਆਪ ਨੂੰ ਪੜੌਸੀਆਂ ਦੀ ਬੇਈਮਾਨੀ ਤੋਂ ਬਚਾਓਣ ਵਿੱਚ ਲੱਗਿਆ ਰਹਿੰਦਾ ਹੈ। ਪਰੰਪਰਾਤਮਕ ਸਮਾਜ ਦੇ ਅੰਦਰ ਏਕਤਾ ਦਾ ਇਹ ਇੱਕ ਖੰਡ (segment) ਹੈ। ਇਸ (ਪਰੰਪਰਾਤਮਕ) ਸਮਾਜ ਵਿੱਚ ਸਾਧਨਾਂ ਦੇ ਸੀਮਿਤ ਹੋਣ, ਵਿਸ਼ੇਸ਼ ਰੂਪ ਨਾਲ ਭੂਮੀ ਦੇ ਸੀਮਿਤ ਹੋਣ ਦੇ ਕਾਰਣ ਉਤਪਾਦਨ ਵੀ ਸੀਮਿਤ ਹੁੰਦਾ ਹੈ।

ਉਸ ਤੋਂ ਬਾਅਦ ਹੌਲੀ ਹੌਲੀ ਪਰਿਵਰਤਨ ਦੀ ਪ੍ਰਕ੍ਰਿਆ ਆਰੰਭ ਹੁੰਦੀ ਹੈ। ਇਸ ਅਵਸਥਾ ਵਿੱਚ ਉੱਥਾਨ (take off) ਦੀਆਂ ਪੂਰਵ-ਦਸ਼ਾਵਾਂ ਦਾ ਵਿਕਾਸ ਕੀਤਾ ਜਾਦਾ ਹੈ। ਆਮ ਤੌਰ ਤੇ ਇਹ ਪੂਰਵ-ਦਸ਼ਾਵਾਂ ਵਿਕਸਿਤ ਸਮਾਜ ਦੁਆਰਾ ਬਾਹਰ ਤੋਂ ਘੁਸਪੈਠ ਦੇ ਕਾਰਣ ਪੈਦਾ ਹੁੰਦੀਆਂ ਹਨ। ਇਹ ਘੁਸਪੈਠ ਨਵੀਨ ਵਿਚਾਰਾਂ ਅਤੇ ਭਾਵਨਾਵਾਂ ਨੂੰ ਪ੍ਰੇਰਿਤ ਕਰਦੇ ਹਨ ਅਤੇ ਲੋਕ ਵਿਸ਼ਵਾਸ

ਕਰਣ ਲਗਦੇ ਹਨ ਕਿ ਆਰਥਿਕ ਪ੍ਰਗਤੀ ਚੰਗੀ ਵੀ ਹੈ ਅਤੇ ਸੰਭਵ ਵੀ। ਕੁਝ ਲੋਕ ਸਿੱਖਿਆ ਪ੍ਰਾਪਤ ਕਰਨਾ ਆਰੰਭ ਕਰਦੇ ਹਨ ਤਾਂ ਕੁਝ ਨੇਤਾਵਾਂ ਦਾ ਉਦੇ ਹੁੰਦਾ ਹੈ ਅਤੇ ਨਿਵੇਸ਼ ਦੇ ਨਵੇਂ ਖੇਤਰ ਵਪਾਰ ਅਤੇ ਵਾਣਿਜ ਦੇ ਰੂਪ ਵਿੱਚ ਪ੍ਰਗਟ ਹੁੰਦੇ ਹਨ। ਇਹ ਸਭ ਕੁਝ ਹੌਲੀ ਹੌਲੀ ਹੁੰਦਾ ਹੈ ਕਿਓਂਕਿ ਸਥਾਪਿਤ ਮੁੱਲਾਂ ਅਤੇ ਪਰੰਪਰਾਵਾਂ ਵਿੱਚ ਪਰਿਵਰਤਨ ਮੁਸ਼ਕਿਲ ਨਾਲ ਹੁੰਦਾ ਹੈ। ਸੰਸਥਾਵਾਂ ਅਤੇ ਮੁੱਲਾਂ ਵਿੱਚ ਪਰਿਵਰਤਨ ਆਰੰਭ ਹੋਣ ਤੋਂ ਪਹਿਲਾਂ ਕੁਝ ਸਮਾਜਿਕ ਪਰਿਵਰਤਨ ਅਤੇ ਆਰਥਿਕ ਵਿਕਾਸ ਦੀਆਂ ਪੂਰਵ-ਸ਼ਰਤਾਂ (prerequisties) ਦਾ ਹੋਣਾ ਜ਼ਰੂਰੀ ਹੈ। ਇਹ ਹਨ: ਉਦੇਸ਼ ਦੇ ਪ੍ਰਤੀ ਜਾਗ੍ਰਿਤੀ, ਭਵਿੱਖ ਦੇ ਪ੍ਰਤੀ ਦ੍ਰਿਸ਼ਟੀ, ਅਵਿਲੰਬਿਤਾ ਦੀ ਭਾਵਨਾ, ਭੂਮਿਕਾ ਅਤੇ ਮੌਕਿਆਂ ਦੀ ਵਿਵਿਧਤਾ ਦੀ ਜ਼ਰੂਰਤ, ਆਤਮਰੋਪਿਤ ਕਾਰਜਭਾਰ (self-imposed tasks) ਅਤੇ ਤਿਆਗ ਦਾ ਬੌਧਿਕ ਸਮਾਲੋਚਨ ਅਤੇ ਉਸ ਦੇ ਲਈ ਭਾਵਨਾਤਮਕ ਤਿਆਰੀ ਅਤੇ ਗਤੀਸ਼ੀਲ ਅਗਵਾਈ ਦਾ ਉਦੇ।

ਆਰੰਭਿਕ ਅਵਸਥਾ (take off stage) ਵਿੱਚ ਵਿਕਾਸ ਦੇ ਮਾਰਗ ਵਿੱਚ ਆਓਣ ਵਾਲੀਆਂ ਰੁਕਾਵਟਾਂ ਨੂੰ ਦੂਰ ਕੀਤਾ ਜਾਦਾ ਹੈ ਅਤੇ ਵਿਕਾਸ ਇੱਕ ਆਮ ਦਸ਼ਾ ਬਣ ਜਾਂਦੀ ਹੈ। ਪੂੰਜੀ ਦਾ ਸੰਚਣ ਸ਼ੁਰੂ ਹੋ ਜਾਂਦਾ ਹੈ, ਖੇਤੀ ਅਤੇ ਉਦਯੋਗ ਵਿੱਚ ਤਕਨੀਕੀ ਵਿਕਾਸ ਪਾਇਆ ਜਾਂਦਾ ਹੈ ਅਤੇ ਰਾਜਨੀਤਿਕ ਸਮੂਹ ਦਾ ਉਦੇ ਹੁੰਦਾ ਹੈ ਜੋ ਅਰਥਵਿਵਸਥਾ ਦੇ ਆਧੁਨਿਕੀਕਰਣ ਨੂੰ ਗੰਭੀਰਤਾ ਨਾਲ ਲੈਂਦਾ ਹੈ। ਨਵੇਂ ਉਦਯੋਗਾਂ ਦਾ ਤੇਜ਼ੀ ਨਾਲ ਵਿਸਤਾਰ ਹੁੰਦਾ ਹੈ ਅਤੇ ਅਧਿਕ ਵਿਸਤਾਰ ਦੇ ਉਦੇਸ਼ ਨਾਲ ਲਾਭ ਦਾ ਪੁਨਰਨਿਵੇਸ਼ ਕੀਤਾ ਜਾਂਦਾ ਹੈ। ਕੰਮ ਕਰਣ ਵਾਲੇ ਮਜ਼ਦੂਰਾਂ ਦੀ ਸੰਖਿਆ ਵਿੱਚ ਵਾਧੇ ਦੇ ਨਾਲ ਨਾਲ ਓਨਾਂ ਦੀ ਮਜ਼ਦੂਰੀ ਵਿੱਚ ਵੀ ਵਾਧਾ ਹੁੰਦਾ ਹੈ।

ਆਰੰਭਿਕ ਅਵਸਥਾ ਤੋਂ ਬਾਅਦ ਠੋਸ ਵਾਧੇ ਦਾ ਅੰਤਰਾਲ ਆਓਂਦਾ ਹੈ। ਇਸ ਅੰਤਰਾਲ ਵਿੱਚ ਆਰਥਿਕ ਪ੍ਰਕ੍ਰਿਆ ਦੁਆਰਾ ਨਵੀਨ ਤਕਨੀਕ ਦੇ ਵਿਸਤਾਰ ਲਈ ਪ੍ਰੇਰਕ ਆਪਣਾ ਕੰਮ ਆਰੰਭ ਕਰ ਦਿੰਦੇ ਹਨ। ਨਵੇਂ ਉਦਯੋਗ ਆਪਣੇ ਵਿਸਤਾਰ ਅਤੇ ਉਤਪਾਦਨ ਕਾਰਜ ਵਿੱਚ ਤੇਜ਼ੀ ਆਰੰਭ ਕਰ ਦਿੰਦੇ ਹਨ। ਪਰਿਪੱਕਤਾ ਦੇ ਰੁਝਾਨ (drive to maturity) ਦਾ ਇੱਕ ਮਹੱਤਵਪੂਰਣ ਪਹਿਲੂ ਇਹ ਵੀ ਹੈ ਕਿ ਜੋ ਵਸਤਾਂ ਪਹਿਲਾਂ ਆਯਾਤ ਕੀਤੀਆਂ ਜਾਂਦੀਆਂ ਸਨ, ਹੁਣ ਓਨਾਂ ਦਾ ਉਤਪਾਦਨ ਦੇਸ਼ ਵਿੱਚ ਹੀ ਕੀਤਾ ਜਾਂਦਾ ਹੇ। ਆਰੰਭਿਕ ਅਵਸਥਾ ਦੇ 40 ਸਾਲ ਬਾਅਦ ਕਿਤੇ ਜਾ ਕੇ ਪਰਿਪੱਕਤਾ ਪ੍ਰਾਪਤ ਹੁੰਦੀ ਹੈ।

ਵੱਡੇ ਪੈਮਾਨੇ ਉੱਤੇ ਉਪਭੋਗ (mass consumption) ਦੇ ਯੁਗ ਵਿੱਚ ਟਿਕਾਊ ਉਪਭੋਗਤਾ ਸੇਵਾਵਾਂ ਅਤੇ ਵਸਤਾਂ ਵੱਲ ਝੁਕਾਅ ਹੋ ਜਾਂਦਾ ਹੈ। ਅਮਰੀਕਾ ਇਸ ਅਵਸਥਾ ਤੋਂ ਨਿਕਲ ਚੁਕਾ ਹੈ ਜਦੋਂ ਕਿ ਯੂਰਪ ਅਤੇ ਜਾਪਾਨ ਇਸ ਦੇ ਸੁਖ ਦਾ ਲਾਭ ਉਠਾਓਣਾ ਸ਼ੁਰੂ ਕਰ ਰਹੇ ਹਨ। ਕਿਓਂਕਿ ਇਸ ਅਵਸਥਾ ਤੋਂ ਉੱਪਰ ਅਜੇ ਕੋਈ ਵੀ ਦੇਸ਼ ਨਹੀਂ ਪਹੁੰਚਿਆ ਹੈ, ਇਹ ਕਹਿਣਾ ਅਸੰਭਵ ਹੋਵੇਗਾ ਕਿ ਅਗਲੀ ਅਵਸਥਾ ਕੀ ਹੋਵੇਗੀ।

### 14.2.4 ਕੀ ਸਮਾਜਿਕ ਪਰਿਵਰਤਨ ਆਰਥਿਕ ਵਿਕਾਸ ਤੋਂ ਪਹਿਲਾਂ ਜਾਂ ਬਾਅਦ ਵਿੱਚ ਹੁੰਦਾ ਹੈ?

ਇੱਕ ਵਿਚਾਰ ਇਹ ਹੈ ਕਿ ਆਰਥਿਕ ਵਿਕਾਸ ਤੋਂ ਬਿਨਾਂ ਸਮਾਜਿਕ ਵਿਵਸਥਾ ਵਿੱਚ ਪਰਿਵਰਤਨ ਸੰਭਵ ਨਹੀਂ ਹੈ, ਜਦੋਂ ਕਿ ਦੂਜਾ ਵਿਚਾਰ ਇਹ ਹੈ ਕਿ ਸਮਾਜ ਵਿੱਚ ਕੰਮ ਕਰਦੀਆਂ ਸੰਸਥਾਵਾਂ ਵਿੱਚ ਪਰਿਵਰਤਨ ਦੇ ਕਾਰਣ ਆਰਥਿਕ ਵਿਕਾਸ ਸੰਭਵ ਹੁੰਦਾ ਹੇ।

ਜੇਕਰ ਤਕਨੀਕੀ ਪਰਿਵਰਤਨ ਦੇ ਪ੍ਰਭਾਵਾਂ ਦੀ ਗੱਲ ਕਹੀ ਜਾਵੇ ਤਾਂ ਸਾਨੂੰ ਸੋਚਣ ਦੀ ਇੱਕ ਆਮ ਗਲਤੀ ਕਰਣ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ ਕਿ "ਕਿਸੇ ਕੰਮ ਨੂੰ ਕਰਣ ਦੇ ਗਿਆਨ" ਵਿੱਚ ਪਰਿਵਰਤਨ ਨੂੰ "ਉਸ ਕੰਮ ਨੂੰ ਅਸਲ ਵਿੱਚ ਕਰਣ" ਵਿੱਚ ਪਰਿਵਰਤਨਾਂ ਤੋਂ ਵੱਖ ਕੀਤਾ ਜਾ ਸਕਦਾ ਹੈ। ਇਹ ਵਿਚਾਰ ਕਿ ਤਕਨੀਕੀ ਪਰਿਵਰਤਨ ਇੱਕ ਬਾਹਰੀ ਸ਼ਕਤੀ (exogenous force) ਹੈ ਜੋ ਸਮਾਜ ਦੇ ਸੁਸਥਾਪਿਤ ਦੈਨਿਕ ਕਾਰਜਾਂ ਨੂੰ ਪਰਿਵਰਤਿਤ ਕਰਦੀ ਹੈ ਇਸੇ ਗਲਤ ਤਰਾਂ ਨਾਲ ਸੋਚਣ ਅਤੇ ਬੋਲਣ ਦੇ ਕਾਰਣ ਪੈਦਾ ਹੁੰਦਾ ਹੈ। ਭ੍ਰਾਮਕ ਵਿਸ਼ਵਾਸ ਇਹ ਹੈ ਕਿ ਸਮਾਜਿਕ ਕ੍ਰਿਆਵਾਂ ਦੋ ਵੱਖ ਭਾਗਾਂ ਵਿੱਚ ਹੁੰਦੀਆਂ ਹਨ: ਪਹਿਲੇ (ਭਾਗ) ਵਿੱਚ ਜਾਣਨ ਦੀ 'ਪ੍ਰਕ੍ਰਿਆ' ਹੁੰਦੀ ਹੈ, ਅਤੇ ਦੂਜੇ (ਭਾਗ) ਵਿੱਚ ਇਸ ਗਿਆਨ ਦੇ ਪ੍ਰਯੋਗ ਦੀ ਪ੍ਰਕ੍ਰਿਆ ਨਿਹਿਤ ਹੁੰਦੀ ਹੈ। ਇਸੇ ਪ੍ਰਕਾਰ ਦੀ ਗੱਲ ਸਮਾਜਿਕ ਪਰਿਵਰਤਨ ਅਤੇ ਆਰਥਿਕ ਵਿਕਾਸ ਦੇ ਵਿਸ਼ੇ ਵਿੱਚ ਕਹੀ ਜਾ ਸਕਦੀ ਹੈ, ਅਰਥਾਤ ਕੀ ਪਹਿਲੀ ਤੋਂ ਦੂਜੀ ਪ੍ਰਕ੍ਰਿਆ ਪੈਦਾ ਹੁੰਦੀ ਹੈ ਜਾਂ ਦੂਜੀ ਤੋਂ ਪਹਿਲੀ। ਜਿਵੇਂ ਕਿ ਉੱਪਰ ਸੰਕੇਤ ਕੀਤਾ ਗਿਆ ਹੈ ਕਿ ਸਮਾਜਿਕ ਪਰਿਵਰਤਨ ਨਾ ਤਾਂ ਆਰਥਿਕ ਵਿਕਾਸ ਤੋਂ ਪਹਿਲਾਂ ਹੁੰਦਾ ਹੈ ਅਤੇ ਨਾ ਹੀ ਬਾਅਦ ਵਿੱਚ। ਦੋਵੇਂ ਹੀ ਇੱਕ ਦੂਜੇ ਨਾਲ ਅੰਤਰਸੰਬੰਧਿਤ ਹਨ। ਉਦਾਹਰਣ ਲਈ, ਜਦੋਂ ਖੇਤੀ ਤੋਂ ਉਦਯੋਗ ਵਿੱਚ (ਜਿਵੇਂ ਸੀਮੇਂਟ ਉਦਯੋਗ, ਚੀਨੀ ਉਦਯੋਗ, ਕਾਗਜ਼ ਉਦਯੋਗ ਜਾਂ ਸਟੀਲ ਉਦਯੋਗ) ਪਰਿਵਰਤਨ ਹੁੰਦਾ ਹੈ ਤਾਂ ਅਭਿਰੂਚੀਆਂ ਅਤੇ ਕਾਰਜਾਂ ਦੀ ਆਦਤਾਂ ਨਾਲ ਵਿਕਾਸ ਵੀ ਹੁੰਦਾ ਹੈ। ਜੇਕਰ ਅਸੀਂ ਕਿਸੇ ਉਦਯੋਗ ਦੇ ਆਰੰਭ ਨੂੰ ਸ਼ੁੱਧ ਮਸ਼ੀਨੀ (ਮੈਕੈਨਿਕਲ) ਪ੍ਰਕ੍ਰਿਆ ਦਾ ਜੋ ਵੀ ਪ੍ਰਤੀਫਲ ਜਾਂ ਨਤੀਜਾ ਹੈ ਓਹ ਪਰਿਵਰਤਨ ਦੀ ਨਿਰੰਤਰ (continuous) ਪ੍ਰਕ੍ਰਿਆ ਹੈ। ਇਸ ਪ੍ਰਕਾਰ, ਜੇਕਰ ਉਦਯੋਗ ਵਿੱਚ ਲੱਗੇ ਲੋਕ ਸੁਤੰਤਰ ਘਰ ਵਿੱਚ ਰਹਿੰਦੇ ਹੋਣ ਜਾਂ ਕੁਪੋਸ਼ਣ ਦੇ ਸ਼ਿਕਾਰ ਹੋਣ, ਸਿੱਖਿਆ ਦੇ ਅਭਾਵ ਵਿੱਚ ਹੋਣ ਜਾਂ ਮਨੋਰੰਜਨ ਦੇ ਸਾਧਨਾਂ ਤੋਂ ਵੰਚਿਤ ਹੋਣ ਤਾਂ ਇਹ ਉਦਯੋਗ ਵੱਲ ਝੁਕਾਅ ਸੰਬੰਧੀ ਪਰਿਵਰਤਨ ਦਾ ਨਤੀਜਾ ਨਹੀਂ ਹੋਵੇਗਾ ਬਲਕਿ ਇਸ ਪ੍ਰਕ੍ਰਿਆ ਦੀ ਪੂਰਣਤਾ ਦੇ ਅਸਫਲ ਹੋਣ ਦਾ ਨਤੀਜਾ ਹੋਵੇਗਾ।ਉਤਪਾਦਨ ਵਿੱਚ ਵਾਧੇ (ਜਿਵੇਂ ਸੀਮੇਂਟ, ਕਾਗਜ਼, ਸਟੀਲ) ਦੀ ਪ੍ਰਤੱਖ ਪ੍ਰਕ੍ਰਿਆ ਵਿੱਚ ਵੀ ਅਧਿਕਤਮ (optimum) ਕੁਸ਼ਲਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਜਦੋਂ ਤੱਕ ਕਿ ਸਭ ਸੰਬੰਧਿਤ ਆਰਥਿਕ ਅਤੇ ਸਮਾਜਿਕ ਕ੍ਰਿਆਵਾਂ ਵਿਕਸਿਤ ਨਾ ਕੀਤੀਆ ਹੋਣ। ਅਸਲ

ਨੋਟ

ਵਿੱਚ, ਕੋਈ ਵੀ ਉਦਯੋਗ ਉਦੋਂ ਤੱਕ ਆਰੰਭ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਕਿ ਪੂਰਵ-ਦ੍ਰਿਸ਼ਟੀਕੋਣਾਂ, ਆਦਤਾਂ ਅਤੇ ਸਮਾਜਿਕ ਸੰਗਠਨ ਦੇ ਸਰੂਪ ਵਿੱਚ ਕੁਝ ਪਰਿਵਰਤਨ ਨਾ ਹੋ ਚੁਕਾ ਹੋਵੇ।

ਇੱਕ ਹੋਰ ਉਦਾਹਰਣ ਲਿਆ ਜਾਵੇ ਜਿਸ ਨੂੰ ਕੇਵਲ ਤਕਨੀਕੀ ਮੰਨ ਲਿਆ ਜਾਵੇ। ਇਹ ਮੰਨੀਏ ਕਿ ਇੱਕ ਅਜਿਹੇ ਭੂਮੀ ਅਤੇ ਪਸ਼ੂ ਧਨ ਮਲਕੀਅਤ ਵਾਲੇ (ਭਾਰਤੀ) ਸਮੁਦਾਏ ਦੀ ਉਤਪਾਦਕਤਾ ਵਿੱਚ ਵਾਧਾ ਕਰਨਾ ਹੈ ਜੋ ਆਪਣੇ ਖੁਦ ਦੇ ਉਪਭੋਗ ਜਾਂ ਵਿਕਰੀ ਲਈ ਦੁੱਧ, ਮੱਖਣ ਆਦਿ ਦਾ ਉਤਪਾਦਨ ਕਦੇ ਨਹੀਂ ਕਰਦੇ। ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਸਮੁਦਾਏ ਨਾ ਕੇਵਲ ਇਨਾਂ ਵਸਤਾਂ ਦੇ ਉਤਪਾਦਨ ਦਾ ਆਪ ਉਪਭੋਗ ਕਰੇਗਾ ਬਲਕਿ ਕੁਝ ਫਾਲਤੂ ਅਤੇ ਬਚੀਆਂ ਹੋਈਆਂ ਵਸਤਾਂ ਨੂੰ ਬਜ਼ਾਰ ਵਿੱਚ ਵੇਚ ਕੇ ਆਪਣਾ ਵੇਤਨ ਵਧਾਉਣ ਦੀ ਵੀ ਕੋਸ਼ਿਸ਼ ਕਰੇਗਾ। ਆਰੰਭ ਵਿੱਚ ਤਾਂ ਅਜਿਹਾ ਲੱਗੇਗਾ ਕਿ ਇਸ ਵਿੱਚ ਕੇਵਲ ਉਤਪਾਦਨ ਦੇ ਨਵੇਂ ਤਰੀਕਿਆਂ ਨੂੰ ਆਰੰਭ ਕਰਨ ਅਤੇ ਔਜ਼ਾਰਾਂ ਅਤੇ ਮਸ਼ੀਨਾਂ ਦੇ ਪ੍ਰਯੋਗ ਦੀ ਸਮੱਸਿਆ ਆਵੇਗੀ, ਪ੍ਰੰਤੂ ਅਸਲ ਵਿੱਚ ਇਸ ਵਿੱਚ ਸਮਾਜਿਕ ਵਿਸ਼ਵਾਸਾਂ ਅਤੇ ਪ੍ਰਥਾਵਾਂ ਵਿੱਚ ਭਾਰੀ ਪਰਿਵਰਤਨ ਦੀ ਗੱਲ ਨਿਹਿਤ ਹੈ। ਇਹ ਮੰਨ ਲਵੋ ਕਿ ਅਸੀਂ ਕੇਵਲ ਇਹ ਵਿਚਾਰ ਕਰੀਏ ਕਿ ਇਸ ਪ੍ਰਕਾਰ ਦੇ ਤਕਨੀਕੀ ਪਰਿਵਰਤਨ ਨੂੰ ਕ੍ਰਿਆਸ਼ੀਲ ਕਰਣ ਲਈ ਕਿਹੜੇ ਦੂਰਗਾਮੀ ਸਮਾਜਿਕ ਪਰਿਵਰਤਨ ਲਿਆਉਣੇ ਹੋਣਗੇ। ਵੇਤਨ ਦੇ ਸਾਧਨ ਦੇ ਰੂਪ ਵਿੱਚ ਪਸ਼ੂਆਂ ਦਾ ਉਪਯੋਗ (ਭੂਮੀ ਮਲਕੀਅਤ ਤੋਂ ਇਲਾਵਾ) ਸਮੁਦਾਏ ਦੀ ਸਮਾਜਿਕ ਅਤੇ ਆਰਥਿਕ ਸੰਰਚਨਾ ਵਿੱਚ ਮੌਲਿਕ ਪਰਿਵਰਤਨ ਦੀ ਪੂਰਵ ਕਲਪਨਾ ਕਰਦਾ ਹੈ। ਸਮੁਦਾਏ ਦੇ ਮੈਂਬਰਾਂ ਦੇ ਪਰੰਪਰਾਗਤ ਮੁੱਲਾਂ ਵਿੱਚ ਵੀ ਪੁਨਰਵਿਚਾਰ ਜ਼ਰੂਰੀ ਹੈ। ਇਸ ਲਈ ਪਰੰਪਰਾਗਤ ਵਿਸ਼ਵਾਸਾਂ ਵਿੱਚ ਇਸ ਪਰਿਵਰਤਨ ਦੀ ਪੂਰਵ-ਕਲਪਨਾ ਕਰਨਾ ਜ਼ਰੂਰੀ ਹੈ ਕਿ ਕਿਸ ਦੇ ਦੁਆਰਾ ਅਤੇ ਕਿਵੇਂ ਭੂਮੀ ਉੱਤੇ ਖੇਤੀ ਕੀਤੀ ਜਾਵੇ ਅਰਥਾਤ ਔਰਤਾਂ ਜਾਂ ਮਰਦਾਂ ਦੁਆਰਾ ਅਤੇ ਆਪਣੇ ਆਪ ਲਈ ਕੰਮ ਕਰ ਰਹੇ ਵਿਅਕਤੀਆਂ ਦੁਆਰਾ ਜਾਂ ਦੂਜਿਆਂ ਦੁਆਰਾ। ਇਸ ਨਾਲ ਵਿਵਹਾਰ ਦੇ ਨਵੇਂ ਸਰੂਪਾਂ ਅਤੇ ਦ੍ਰਿਸ਼ਟੀਕੋਣਾਂ ਦੇ ਪੈਦਾ ਹੋਣ ਦਾ ਪੂਰਵ-ਅਨੁਮਾਨ ਕੀਤਾ ਜਾ ਸਕਦਾ ਹੈ ਜੋ ਸਮੁਦਾਏ ਦੇ ਆਪਸੀ ਅਤੇ ਸਮਾਜਿਕ ਸੰਬੰਧਾਂ ਨੂੰ ਨਿਯਮਿਤ ਕਰਣਗੇ। ਇਨਾਂ ਦੇ ਨਾਲ ਅਜਿਹੇ ਸਮੂਹਾਂ ਦੇ ਉਦੇ ਹੋਣ ਦੀ ਵੀ ਪੂਰਵ-ਧਾਰਣਾ ਹੈ ਜੋ ਨਾ ਸਿਰਫ ਡੇਰੀ ਉਤਪਾਦਨ ਵਿੱਚ ਰੁਚੀ ਲੈਣਗੇ ਪ੍ਰੰਤੂ ਨਵੀਨ ਉਤਪਾਦਕਾਂ ਲਈ ਯਾਤਾਯਾਤ, ਵਿਤਰਣ, ਵਿੱਤ, ਪ੍ਰਬੰਧ ਅਤੇ ਮਾਰਕੀਟ ਤੋਂ ਖਰੀਦਣ ਅਤੇ ਵੇਚਣ ਸੰਬੰਧੀ ਕੰਮਾਂ ਵਿੱਚ ਵੀ ਸਹਾਇਕ ਹੋਣਗੇ। ਇਸ ਦੇ ਲਈ ਰਾਜਨੀਤਿਕ ਸੰਰਚਨਾ-ਸਥਾਨਿਕ, ਪ੍ਰਾਂਤਕ ਅਤੇ ਰਾਸ਼ਟਰੀ- ਦੀ ਸਥਾਪਨਾ ਦੀ ਵੀ ਜ਼ਰੂਰਤ ਹੋਵੇਗੀ ਜੋ ਕਿ ਸੰਪੂਰਕ (complementary) ਆਰਥਿਕ ਕ੍ਰਿਆਵਾਂ ਦੀ ਸਥਾਪਨਾ ਲਈ ਉਪਯੁਕਤ ਹੋਵੇਗੀ। ਇਸ ਤੋਂ ਇਲਾਵਾ ਇਸ ਗੱਲ ਦੀ ਵੀ ਪੂਰਵ-ਧਾਰਣਾ ਜ਼ਰੂਰੀ ਹੋਵੇਗੀ ਕਿ ਸਮੁਦਾਏ ਓਨਾਂ ਵੈਧਾਨਿਕ, ਰਾਜਨੀਤਿਕ ਅਤੇ ਪ੍ਰਸ਼ਾਸਨਿਕ ਸੰਸਥਾਵਾਂ ਦੇ ਵਿਕਾਸ ਦੀ ਆਗਿਆ ਦੇਵੇਗਾ ਜੋ ਓਨਾਂ ਵਿਅਕਤੀਆਂ ਦੇ ਅਧਿਕਾਰਾਂ ਅਤੇ ਕਰਤੱਵਾਂ ਵਿੱਚ ਤਾਲਮੇਲ ਕਰਣ ਲਈ ਜ਼ਰੂਰੀ ਹੋਣਗੀਆਂ ਜੋ ਨਵੀਂ ਆਪਸ-ਸਹਿਯੋਗੀ ਅਰਥਵਿਵਸਥਾ ਨਾਲ ਗ੍ਰਸਤ ਹਨ।

ਸਮਾਜਿਕ ਸਮ-ਆਯੋਜਨ ਦੀ ਇਸ ਲੰਬੀ ਸੂਚੀ ਦਾ ਉਦੇਸ਼ ਇਹ ਦਰਸਾਉਣਾ ਹੈ ਕਿ ਜਿਸ ਪਰਿਵਰਤਨ ਨੂੰ ਅਸੀਂ ਤਕਨੀਕੀ ਪਰਿਵਰਤਨ ਕਹੀਏ, ਓਹ ਸਮੁੱਚੇ ਸਮਾਜਿਕ ਢਾਂਚੇ ਦੇ ਅਨੇਕ ਮੋਰਚਿਆਂ ਉੱਤੇ ਪਰਸਪਰ ਨਿਰਧਾਰਿਤ (mutually determined) ਅਤੇ ਨਿਰਧਾਰਕ (determining) ਵਿਕਾਸ ਦੀਆਂ ਪ੍ਰਕ੍ਰਿਆਵਾਂ ਦਾ ਕੇਵਲ ਇੱਕ ਪਹਿਲੂ ਹੈ। ਇਸ ਸੰਦਰਭ ਵਿੱਚ ਇਹ ਸੁਨਿਸ਼ਚਿਤ ਕਰਣ ਦੀ ਕੋਸ਼ਿਸ਼ ਬੇਕਾਰ ਹੋਵੇਗੀ ਕਿ ਕਿਹੜਾ ਪਰਿਵਰਤਨ ਨਵੀਨ ਅਤੇ ਕਾਰਣ ਹੈ ਅਤੇ ਕਿਹੜਾ ਪ੍ਰਭਾਵ ਹੈ। ਫ੍ਰੇਂਕੇਲ ਨੇ ਕਿਹਾ ਹੈ ਕਿ ਹੁਣ ਅਸੀਂ ਇੱਕ ਪਰਿਵਰਤਨ ਨੂੰ ਕਾਰਣ ਅਤੇ ਦੂਜੇ ਨੂੰ ਪ੍ਰਭਾਵ ਦੇ ਰੂਪ ਵਿੱਚ ਲੈਂਦੇ ਹਾਂ, ਤਾਂ ਅਸੀਂ ਪਰਿਵਰਤਨ ਦੀ ਪ੍ਰਕ੍ਰਿਆ ਨੂੰ ਕੇਵਲ ਵਿਵਿਧ ਬਿੰਦੂਆਂ ਤੋਂ ਦੇਖਦੇ ਹਾਂ।

ਨੋਟਸ ਆਰਥਿਕ ਵਿਕਾਸ ਅਤੇ ਸਮਾਜਿਕ ਪਰਿਵਰਤਨ ਦੋਵੇਂ ਆਪਸੀ ਨਿਰਭਰ ਹੁੰਦੇ ਹਨ, ਅਰਥਾਤ ਹਰ ਇੱਕ ਇੱਕ ਦੂਜੇ ਦਾ ਕਾਰਣ ਅਤੇ ਨਤੀਜਾ ਦੋਵੇਂ ਹੁੰਦੇ ਹਨ।

## 14.2.5 ਆਰਥਿਕ ਵਿਕਾਸ ਦੀਆਂ ਸਮਾਜਸ਼ਾਸਤਰੀ ਸਮੱਸਿਆਵਾਂ

ਸੰਰਚਨਾਤਮਕ ਪਰਿਵਰਤਨ ਤੋਂ ਬਿਨਾਂ ਆਰਥਿਕ ਵਿਕਾਸ ਸੰਭਵ ਨਹੀਂ ਹੈ। ਸਿੰਗਰ ਜਿਹੇ ਵਿਦਵਾਨਾਂ ਨੇ ਮੰਨਿਆ ਹੈ ਕਿ ਅਵਿਕਸਿਤ ਦੇਸ਼ਾਂ ਵਿੱਚ ਆਰਥਿਕ ਵਿਕਾਸ ਲਈ ਉਦਯੋਗੀਕਰਣ ਬਹੁਤ ਜ਼ਰੂਰੀ ਹੈ। ਗਰੀਬ ਅਵਿਕਸਿਤ ਦੇਸ਼ਾਂ ਵਿੱਚ 60% ਤੋਂ 80% ਜਨਸੰਖਿਆ ਖੇਤੀ ਵਿੱਚ ਲੱਗੀ ਹੋਈ ਹੈ। ਓਨਾਂ ਦੇਸ਼ਾਂ ਦਾ ਰਾਸ਼ਟਰੀ ਵੇਤਨ ਅਤੇ ਪ੍ਰਤੀ ਵਿਅਕਤੀ ਵੇਤਨ ਅਤਿਅੰਤ ਨਿਮਨ ਹੁੰਦਾ ਹੈ। ਇਸ ਲਈ ਅਜਿਹੇ ਦੇਸ਼ਾਂ ਦੇ ਆਰਥਿਕ ਵਿਕਾਸ ਲਈ ਦੋ ਹੀ ਵਿਕਲਪ ਰਹਿ ਜਾਂਦੇ ਹਨ: (*i*) ਵਰਤਮਾਨ ਖੇਤੀ ਪ੍ਰਧਾਨ ਢਾਂਚੇ ਵਿੱਚ ਸੁਧਾਰ ਕਰ ਕੇ (ਅਰਥਾਤ ਵਰਤਮਾਨ ਢਾਂਚੇ ਦੇ ਅੰਤਰਗਤ ਨਿਮਨ ਉਤਪਾਦਨ ਨੂੰ ਵਧਾ ਕੇ) ਅਤੇ (*ii*) ਸਮੁੱਚੇ ਢਾਂਚੇ ਨੂੰ ਬਦਲ ਕੇ, ਅਰਥਾਤ ਖੇਤੀ ਤੋਂ ਹਟ ਕੇ ਉਦਯੋਗਿਕ ਵਿਕਾਸ ਲਈ ਲਗ ਜਾਣਾ। ਨਿਸ਼ਚਾ ਇਹ ਕਰਨਾ ਹੈ ਕਿ ਕਿਹੜਾ ਵਿਕਲਪ ਚੁਨੌਤੀਪੂਰਣ ਹੈ। ਸਹੀ ਵਿਧੀ ਇਹ ਹੈ ਕਿ ਦੋਹਾਂ ਉੱਤੇ ਹੀ ਬਲ ਦਿੱਤਾ ਜਾਵੇ।

ਦੋ ਪ੍ਰਸ਼ਨ ਹਨ: (*i*) ਖੇਤੀ ਵਿੱਚ ਸੁਧਾਰ ਕਿਸ ਤਰਾਂ ਸਸਤੇ ਵਿੱਚ ਅਤੇ ਸਰਲਤਾ ਨਾਲ ਲਿਆਂਦਾ ਜਾ ਸਕਦਾ ਹੈ? (*ii*) ਮੌਜੂਦਾ ਉਦਯੋਗਾਂ ਨੂੰ ਕਿਸ ਤਰਾਂ ਸੁਧਾਰਿਆ ਜਾ ਸਕਦਾ ਹੈ? ਖੇਤੀ ਵਿੱਚ ਸੁਧਾਰ ਭੂਮੀ ਪੱਟੇਦਾਰੀ ਵਿਵਸਥਾ ਵਿੱਚ ਸੁਧਾਰ ਕਰ ਕੇ ਅਤੇ ਸਿੰਚਾਈ ਸੁਵਿਧਾਵਾਂ ਨੂੰ ਜ਼ਿਆਦਾ ਉਪਲਬਧ ਕਰਾ ਕੇ ਹੀ ਸੰਭਵ ਹੈ। ਉਦਯੋਗੀਕਰਣ ਸੁਧਾਰ ਵਿਸਤ੍ਰਿਤ ਪੈਮਾਨੇ ਉੱਤੇ ਉਪਕਰਣਾਂ ਨੂੰ ਜੁਟਾ ਕੇ ਜਾਂ ਨਵੇਂ ਸਥਾਨ-ਨਿਰਧਾਰਣ ਕਰ ਕੇ ਹੀ ਸੰਭਵ ਹੈ। ਸਿੰਗਰ ਨੇ ਅੱਗੇ ਹੋਰ ਵੀ ਕਿਹਾ ਹੈ ਕਿ ਖੇਤੀ ਨਾਲ ਉਦਯੋਗ ਵਿੱਚ ਪਰਿਵਰਤਨ ਅਤੇ ਉਦਯੋਗੀਕਰਣ ਦੇ ਮੁੱਲ ਨੂੰ ਤਿੰਨ ਤਰਾਂ ਨਾਲ ਘੱਟ ਕੀਤਾ ਜਾ ਸਕਦਾ ਹੈ: (*i*) ਨਗਰੀਕਰਣ ਨੂੰ ਨਿਰਉਤਸਾਹਿਤ ਕਰ ਕੇ, ਅਰਥਾਤ ਉਦਯੋਗਾਂ ਨੂੰ ਪਿੰਡਾਂ ਵਿੱਚ ਸਥਾਪਿਤ ਕਰ ਕੇ ਜਿਸ ਨਾਲ ਜਲ ਅਤੇ ਯਾਤਾਯਾਤ ਸੰਸਾਧਨਾਂ ਆਦਿ ਦੀ ਮੰਗ ਘੱਟ ਹੋਵੇ। ਇਸ ਨਾਲ ਨਗਰਾਂ ਵੱਲ ਪਲਾਇਨ ਵੀ ਘੱਟ ਹੋਵੇਗਾ। (*ii*) ਅਜਿਹੇ ਉਦਯੋਗਾਂ ਉੱਤੇ ਕੇਂਦਰਿਤ ਕਰ ਕੇ ਜਿਨਾਂ ਵਿੱਚ ਘੱਟ ਪੂੰਜੀ ਦੀ ਜ਼ਰੂਰਤ ਹੋਵੇ। (*iii*) ਅਜਿਹੀ ਤਕਨੀਕ ਦਾ ਪ੍ਰਯੋਗ ਕਰ ਕੇ ਜਿਸ ਵਿੱਚ ਜ਼ਿਆਦਾ ਮਿਹਨਤ ਅਤੇ ਘੱਟ ਲਾਗਤ ਲਗਦੀ ਹੋਵੇ। ਇਹ ਦਰਸਾਉਂਦਾ ਹੈ ਕਿ ਵਰਤਮਾਨ ਢਾਂਚੇ ਵਿੱਚ ਸੁਧਾਰ ਅਤੇ ਢਾਂਚੇ ਵਿੱਚ ਪਰਿਵਰਤਨ ਦੀ ਕੋਸ਼ਿਸ਼ ਸੰਭਵ ਹੈ।

ਵਿਲਬਰਟ ਮੂਰ ਨੇ ਉਦਯੋਗਾਂ ਦੇ ਸਮਾਜਿਕ ਅਤੇ ਆਰਥਿਕ ਢਾਂਚੇ ਉੱਤੇ ਪ੍ਰਭਾਵ ਨੂੰ ਇਸ ਤਰਾਂ ਦਰਸਾਇਆ ਹੈ: (*i*) ਖੇਤੀ ਨਾਲ ਨਿਰਮਾਣ (manufacture) ਅਤੇ ਸੇਵਾਵਾਂ (services) ਵੱਲ ਪ੍ਰਤੀਗਮਨ, (*ii*) ਕਾਰੋਬਾਰੀ ਵਿਸ਼ਿਸ਼ਟੀਕਰਣ, (*iii*) ਸ਼੍ਰਮ ਵਿਭਾਜਨ, (*iv*) ਵਿਸ਼ਿਸ਼ਟ ਕ੍ਰਿਆਵਾਂ ਦੇ ਵਿੱਚ ਤਾਲਮੇਲ, (*v*) ਸ਼੍ਰਮ ਗਤੀਸ਼ੀਲਤਾ, (*vi*) ਬੈਂਕਾਂ ਦੀ ਰਚਨਾ, (*vii*) ਬਜ਼ਾਰ ਵਿਸਤਾਰ, (*viii*) ਉਪਭੋਗ ਵਿੱਚ ਪਰਿਵਰਤਨ, ਅਤੇ (*ix*) ਸਮਾਜਿਕ ਸੰਬੰਧਾਂ ਦੇ ਜਾਲ ਵਿੱਚ ਪਰਿਵਰਤਨ।

ਏ. ਆਰ. ਦੇਸਾਈ ਨੇ ਭਾਰਤ ਵਿੱਚ ਆਰਥਿਕ ਵਿਕਾਸ ਦੀਆਂ ਚਾਰ ਸਮਾਜਸ਼ਾਸਤਰੀ ਸਮੱਸਿਆਵਾਂ ਵੱਲ ਧਿਆਨ ਖਿੱਚਿਆ ਹੈ: (*i*) ਪੁਰਾਣੇ ਸਮਾਜਿਕ ਸੰਗਠਨ ਨੂੰ ਬਦਲ ਕੇ ਅਤੇ ਨਵੇਂ ਸੰਬੰਧਾਂ ਦੇ ਜਾਲ ਨੂੰ ਵਿਕਸਿਤ ਕਰ ਕੇ (*ii*) ਪੁਰਾਣੀਆਂ ਸੰਸਥਾਵਾਂ ਵਿੱਚ ਪਰਿਵਰਤਨ ਲਿਆ ਕੇ ਜਾਂ ਓਨਾਂ ਦਾ ਤਿਆਗ ਕਰ ਕੇ ਅਤੇ ਨਵੇਂ ਪ੍ਰਕਾਰ ਦੀਆਂ ਸਮਾਜਿਕ ਸੰਸਥਾਵਾਂ ਦਾ ਵਿਕਾਸ ਕਰ ਕੇ (*iii*) ਪੁਰਾਣੇ ਪ੍ਰਕਾਰ ਦੇ ਸਮਾਜਿਕ ਨਿਯੰਤਰਣ ਦੇ ਤਰੀਕਿਆਂ ਦਾ ਵਿਕਾਸ ਕਰ ਕੇ (*iv*) ਸਮਾਜਿਕ ਪਰਿਵਰਤਨ ਦੀਆਂ ਪੁਰਾਣੀਆਂ ਏਜੰਸੀਆਂ ਉੱਤੇ ਪੁਨਰਵਿਚਾਰ ਕਰ ਕੇ ਅਤੇ ਸਮਾਜਿਕ ਪਰਿਵਰਤਨ ਦੇ ਨਵੇਂ ਕਾਰਕਾਂ/ਸਾਧਨਾਂ ਦਾ ਵਿਕਾਸ ਕਰ ਕੇ।

ਅੰਗ੍ਰੇਜ਼ਾਂ ਨੇ ਭਾਰਤ ਨੂੰ ਅਵਿਕਸਿਤ ਹੀ ਰੱਖਿਆ। ਓਨਾਂ ਦੇ ਸਮੇਂ ਜੋ ਕੁਝ ਵੀ ਉਦਯੋਗਿਕ ਵਿਕਾਸ ਹੋਇਆ, ਓਹ ਮੁੱਖ ਤੌਰ ਤੇ ਬ੍ਰਿਟਿਸ਼ ਪੂੰਜੀਵਾਦੀ ਲੋਕਾਂ ਨੇ ਭਾਰਤ ਦੀ ਅਰਥਵਿਵਸਥਾ ਨੂੰ ਵਿਕਸਿਤ ਹੋਣ ਤੋਂ ਰੋਕਿਆ, ਉੱਥੇ ਹੀ ਓਨਾਂ ਨੇ ਸਮਾਜਿਕ ਸੰਗਠਨ, ਸੰਸਥਾਵਾਂ ਅਤੇ ਭਾਰਤੀਆਂ ਦੇ ਸਮਾਜਿਕ ਦ੍ਰਿਸ਼ਟੀਕੋਣਾਂ ਉੱਤੇ ਵੀ ਆਘਾਤ ਕੀਤਾ। ਪਰੰਪਰਾਗਤ ਆਤਮਨਿਰਭਰ ਪੇਂਡੂ ਸਮੁਦਾਏ ਜੋ ਕਿ ਪੰਚਾਇਤਾਂ, ਜਾਤੀ, ਸੰਯੁਕਤ ਪਰਿਵਾਰ ਦੇ ਮਾਧਿਅਮ ਨਾਲ ਕਾਰਜਸ਼ੀਲ ਸੀ ਅਤੇ ਰੀਤੀ-ਰਿਵਾਜ਼ਾਂ ਨਾਲ ਸ਼ਾਸਿਤ ਹੁੰਦਾ ਸੀ, ਨੂੰ ਬੁਰੀ ਤਰਾਂ ਧਾਰਾਸ਼ਾਈ ਕਰ ਦਿੱਤਾ ਗਿਆ। ਇਹੀ ਨਹੀਂ, ਇਸ ਦੀ ਥਾਂ ਤੇ ਇੱਕ ਨਵੀਂ ਸਮਾਜਿਕ ਕਾਰਜ ਪ੍ਰਣਾਲੀ, ਨਵੇਂ ਦ੍ਰਿਸ਼ਟੀਕੋਣ ਜਾਂ ਨਵੀਆਂ ਸੰਸਥਾਵਾਂ ਦਾ ਵਿਕਾਸ ਨਹੀਂ ਕੀਤਾ ਗਿਆ।ਇਨਾਂ ਸਭ ਦੇ ਅਭਾਵ ਵਿੱਚ ਨਵੇਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਤਤਕਾਲੀਨ ਸਮਾਜਿਕ ਸੰਬੰਧਾਂ ਵਿੱਚ ਵਿਘਟਨ ਹੋਣ ਲੱਗਾ। ਸਹਿਯੋਗ ਅਤੇ ਸੰਤੁਲਨ ਦੇ ਪੁਰਾਣੇ ਸਿਧਾਂਤਾਂ ਦੀ ਥਾਂ ਤੇ ਪ੍ਰਤੀਯੋਗਿਤਾ ਦਾ ਸਿਧਾਂਤ ਆ ਗਿਆ ਜਿਸ ਨੇ ਸਮਾਜਿਕ ਸੰਰਚਨਾ ਵਿੱਚ ਭੰਵਰ ਜਿਹੀ ਗਤੀਸ਼ੀਲਤਾ ਪੈਦਾ ਕਰ ਦਿੱਤੀ।

ਸੁਤੰਤਰਤਾ ਤੋਂ ਬਾਅਦ ਸਰਕਾਰ ਨੇ ਪੰਜ ਸਾਲਾ ਯੋਜਨਾਵਾਂ ਦੇ ਮਾਧਿਅਮ ਨਾਲ ਅਰਥ ਵਿਵਸਥਾ ਦੇ ਪੁਨਰ-ਨਿਰਮਾਣ ਦਾ ਕੰਮ ਆਰੰਭ ਕੀਤਾ। ਆਰਥਿਕ ਵਿਕਾਸ ਨੇ ਇੱਕ ਪਾਸੇ ਤਾਂ ਸਮਾਜਸ਼ਾਸਤਰੀ ਸਮੱਸਿਆਵਾਂ (ਅਰਥਾਤ ਸਮਾਜਿਕ ਸੰਬੰਧਾਂ, ਸਮਾਜਿਕ ਸੰਸਥਾਵਾਂ, ਸਮਾਜਿਕ ਪਰਿਵਰਤਨ ਦੀਆਂ ਏਜੰਸੀਆਂ ਦੀਆਂ ਸਮੱਸਿਆਵਾਂ) ਨੂੰ ਜਨਮ ਦਿੱਤਾ ਜੋ ਕਿ ਨਕਾਰਾਤਮਕ ਸੁਭਾਅ ਦੀਆਂ ਸਨ ਅਤੇ ਦੂਜੇ ਪਾਸੇ ਸਕਾਰਾਤਮਕ ਪ੍ਰਕਾਰ ਦੀਆਂ ਸਮੱਸਿਆਵਾਂ ਨੂੰ ਵੀ। ਨਕਾਰਾਤਮਕ ਸਮਾਜਸ਼ਾਸਤਰੀ ਸਮੱਸਿਆਵਾਂ ਪੁਰਾਣੀਆਂ ਸਮਾਜਿਕ ਸੰਸਥਾਵਾਂ ਦੀ ਸਥਿਰਤਾ ਦਾ ਨਤੀਜਾ ਹਨ, ਜਿਵੇਂ ਨਿਰੰਕੁਸ਼ ਸੰਯੁਕਤ ਪਰਿਵਾਰ ਅਤੇ ਪਰੰਪਰਾਤਮਕ ਧਾਰਮਿਕ ਸੰਸਥਾਵਾਂ ਆਦਿ। ਸਮਾਜਿਕ ਨਿਯੰਤਰਣ ਦੇ ਪੁਰਾਣੇ ਸਰੂਪਾਂ ਜਿਵੇਂ ਅਪ੍ਰਾਕ੍ਰਿਤਿਕ ਮਾਨਤਾਵਾਂ, ਨਿਰੰਕੁਸ਼ ਮਾਨਦੰਡ ਅਤੇ ਪਰਿਵਾਰ, ਜਾਤੀ, ਜਨਜਾਤੀ, ਧਾਰਮਿਕ ਅਤੇ ਹੋਰ ਪ੍ਰਚੱਲਿਤ ਮਾਨਤਾਵਾਂ ਦੇ ਕਾਰਣ ਵੀ ਸਮੱਸਿਆਵਾਂ ਪੈਦਾ ਹੋਈਆਂ ਹਨ। ਇਸ ਤੋਂ ਇਲਾਵਾ ਇਹ ਸਮੱਸਿਆਵਾਂ ਉਸ ਪੁਰਾਣੇ ਦ੍ਰਿਸ਼ਟੀਕੋਣ ਦੇ ਕਾਰਣ ਵੀ ਪੈਦਾ ਹੋਈਆਂ ਜੋ ਧਾਰਮਿਕ ਭਾਗਵਾਦੀ ਅਤੇ ਲੋਕਤੰਤਰ-ਵਿਰੋਧੀ ਹਨ। ਅੰਤ ਵਿੱਚ, ਇਨਾਂ ਦਾ ਉਦੇ ਅਸਿੱਖਿਆ, ਬੇਕਾਰੀ, ਭ੍ਰਿਸ਼ਟਾਚਾਰ, ਜਾਤੀਵਾਦ ਅਤੇ ਗਰੀਬੀ ਦੇ ਕਾਰਣ ਵੀ ਹੋਇਆ ਹੈ। ਸਕਾਰਾਤਮਕ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਉਦੇ ਇਨਾਂ ਨੀਤੀਆਂ ਦੇ ਕਾਰਣ ਹੋਇਆ; (*i*) ਉਦਯੋਗੀਕਰਣ, (*ii*) ਕਾਰੋਬਾਰੀਕਰਣ (commercialisation), (*iii*) ਦ੍ਰਵੀਕਰਣ (monetisation) (ਅਰਥਾਤ ਧਨ ਅਰਥਵਿਵਸਥਾ ਦਾ ਆਰੰਭ)। ਉਦਯੋਗੀਕਰਣ ਨੇ ਪੁਰਾਣੀ ਸ਼੍ਰਮ-ਵਿਭਾਜਨ ਵਿਵਸਥਾ ਨੂੰ ਉਖਾੜ ਸੁੱਟਿਆ ਹੈ ਅਤੇ ਨਵੇਂ ਪ੍ਰਕਾਰ ਦੇ ਅਨੁਸ਼ਾਸਨ ਅਤੇ ਨਵੀਂ ਜੀਵਨ ਪ੍ਰਣਾਲੀ ਦੀ ਮੰਗ ਕਰਦੇ ਹੋਏ ਨਵੇਂ ਕਾਰੋਬਾਰੀ ਸਰੂਪਾਂ ਨੂੰ ਜਨਮ ਦਿੱਤਾ ਹੈ। ਆਧੁਨਿਕੀਕਰਣ ਨੇ ਫਿਰ ਚਾਹੇ ਓਹ ਖੇਤੀ ਵਿੱਚ ਹੋਣ, ਜਾਂ ਉਦਯੋਗ ਵਿੱਚ, ਵਿਅਕਤੀ ਨੂੰ ਉਸ ਦੀਆਂ ਸਮਾਜਿਕ ਇਕਾਈਆਂ ਦੀਆਂ ਪਰੰਪਰਾਤਮਕ ਪ੍ਰਕ੍ਰਿਆਵਾਂ ਅਤੇ ਵਿਧੀਆਂ ਤੋਂ ਵੱਖ ਕਰ ਦਿੱਤਾ ਹੈ ਅਤੇ ਵਿਅਕਤੀ ਆਪਣੇ ਪਰਿਵਾਰ ਦੀ ਕੁਸ਼ਲਤਾ ਅਤੇ ਵਿਸ਼ਿਸ਼ਟਤਾ ਤੋਂ ਵੰਚਿਤ ਰਹਿ ਗਿਆ ਹੈ। ਵਪਾਰੀਕਰਣ ਜਾਂ ਕਾਰੋਬਾਰੀਕਰਣ ਨੇ ਵੀ ਅਨੇਕਾਂ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ। ਇਸ ਨਾਲ ਸ਼ਕਤੀ ਅਤੇ ਸੱਤਾ ਵਿੱਚ ਪਰਿਵਤਨ ਆਇਆ ਹੈ। ਕਿਸਾਨਾਂ ਅਤੇ ਉਤਪਾਦਕਾਂ ਦੀ ਥਾਂ ਤੇ ਭੂ-ਸੁਆਮੀ ਅਤੇ ਉਦਯੋਗਪਤੀ ਅਤੇ ਪ੍ਰਸ਼ਾਸਕ, ਸ਼ਾਸਕ ਸਮੂਹ

ਨੋਟ

ਹੋ ਗਏ ਹਨ। ਪਿੰਡਾਂ ਵਿੱਚ ਰਾਜਨੀਤਿਕ ਸ਼ਕਤੀ ਦਾ ਕੇਂਦਰ ਬੁਜ਼ੁਰਗਾਂ ਦੀ ਥਾਂ ਸਾਹੂਕਾਰ, ਵਪਾਰੀ, ਜ਼ਿੰਮੀਂਦਾਰ ਅਤੇ ਅਧਿਕਾਰੀਆਂ ਦੇ ਹੱਥਾਂ ਵਿੱਚ ਆ ਗਿਆ ਹੈ। ਦ੍ਰਵੀਕਰਨ ਨੇ ਵੀ ਅਨੇਕਾਂ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ। ਇਸ ਨਾਲ ਭੂਮੀ ਦੇ ਮੁੱਲਾਂ ਵਿੱਚ ਭਾਰੀ ਉਤਾਰ-ਚੜਾਵ ਪੈਦਾ ਹੋ ਗਏ ਹਨ, ਖਾਦ ਪਦਾਰਥਾਂ ਦੇ ਮੁੱਲਾਂ ਵਿੱਚ ਵਿਸਤਾਰ ਕੀਤਾ ਗਿਆ ਹੈ, ਦ੍ਰਵ ਭ੍ਰਮ (money illusions) ਅਧਿਕ ਪੈਦਾ ਕਰ ਦਿੱਤਾ ਗਿਆ ਹੈ ਅਤੇ ਗੈਰ-ਖਾਦ ਪਦਾਰਥਾਂ ਉੱਤੇ ਅਧਿਕ ਅਨੁਪਾਤ ਵਿੱਚ ਖਰਚੇ ਨੂੰ ਉਤਸਾਹਿਤ ਕੀਤਾ ਗਿਆ ਹੈ। ਇਨਾਂ ਖਤਰਿਆਂ ਤੋਂ ਇਲਾਵਾ ਦ੍ਰਵੀਕਰਣ ਦੀ ਅਰਥਵਿਵਸਥਾ ਨਾਲ ਵਿਅਕਤੀ ਪਰਿਵਾਰ ਅੰਦਰ ਹੋਰ ਏਕਾਕੀ (atomistic) ਹੁੰਦਾ ਜਾ ਰਿਹਾ ਹੈ। ਅਤੇ ਪਰਿਵਾਰ ਸੰਬੰਧਾਂ ਦਾ ਵਿਨਾਸ਼ ਹੋ ਰਿਹਾ ਹੈ। ਇਸ ਪ੍ਰਕਾਰ ਇਨਾਂ ਤਿੰਨਾਂ ਪ੍ਰਕ੍ਰਿਆਵਾਂ (ਉਦਯੋਗੀਕਰਣ, ਕਾਰੋਬਾਰੀਕਰਣ ਅਤੇ ਦ੍ਰਵੀਕਰਣ) ਨੇ ਅਣਗਿਣਤ ਸਮਾਜਸ਼ਾਸਤਰੀ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ।

### 14.2.6 ਭਾਰਤ ਵਿੱਚ ਆਰਥਿਕ ਵਿਕਾਸ ਦੀ ਯੋਜਨਾ ਅਤੇ ਸਮਾਜਿਕ ਪਰਿਵਰਤਨ

ਜੇਕਰ ਅਸੀਂ ਬ੍ਰਿਟਿਸ਼ ਕਾਲ ਦੇ ਭਾਰਤ ਦੇ ਆਰਥਿਕ ਵਿਕਾਸ ਦੀ ਤੁਲਨਾ ਨਹਿਰੂ ਯੁਗ (ਲਗਭਗ 20 ਸਾਲ ਪਹਿਲਾਂ), ਇੰਦੀਰਾ-ਰਾਜੀਵ ਯੁਗ (ਵੀਹ ਸਾਲ), ਅਤੇ ਪਿਛਲੇ ਛੇ ਸਾਲਾਂ (ਵੀ. ਪੀ. ਸਿੰਘ, ਚੰਦਰਸ਼ੇਖਰ ਅਤੇ ਨਰਸਿੰਹ ਰਾਓ) ਦੀ ਤੁਲਨਾ ਕਰੀਏ ਤਾਂ ਅਸੀਂ ਕਹਿ ਸਕਦੇ ਹਾਂ ਕਿ ਸੁਤੰਤਰਤਾ ਤੋਂ ਬਾਅਦ ਦਾ ਆਰਥਿਕ ਵਿਕਾਸ ਇੱਕ ਕ੍ਰਾਂਤੀਕਾਰੀ ਪਰਿਵਰਤਨ ਹੈ। ਬ੍ਰਿਟਿਸ਼ ਔਪਨਿਵੇਸ਼ਿਕ ਸ਼ਾਸਨ ਕਾਲ ਦੇ ਦੋ ਸੌ ਸਾਲਾਂ ਵਿੱਚ (1757-1947) ਆਰਥਿਕ ਵਿਕਾਸ 1% ਤੋਂ ਵੀ ਘੱਟ ਰਿਹਾ। ਇਹ ਏਨਾ ਦਇਆਯੋਗ ਸੀ ਕਿ ਇਸ ਨੇ ਭਾਰਤ ਨੂੰ ਸਿਰਫ ਕੱਚੇ ਮਾਲ ਦੀ ਪੂਰਤੀ ਕਰਣ ਵਾਲਾ ਹੀ ਬਣਾ ਕੇ ਰੱਖ ਲਿਆ ਅਤੇ ਭਾਰਤ ਪੱਛਮ ਲਈ ਕੇਵਲ ਨਿਰਯਾਤ ਬਜ਼ਾਰ ਹੀ ਬਣ ਕੇ ਰਹਿ ਗਿਆ। ਉਦਯੋਗਿਕ ਖੇਤਰ ਬ੍ਰਿਟਿਸ਼ ਪੂੰਜੀ ਦੇ ਅਧੀਨ ਹੋ ਗਿਆ ਅਤੇ ਜੋ ਉਦਯੋਗਿਕ ਖੇਤਰ ਦਾ ਭਾਗ ਭਾਰਤਵਾਸੀਆਂ ਦੇ ਹੱਥਾਂ ਵਿੱਚ ਸੀ, ਓਹ ਵੀ ਬ੍ਰਿਟਿਸ਼ ਏਜੰਸੀਆਂ ਦੁਆਰਾ ਪ੍ਰਬੰਧ ਕੀਤਾ ਜਾਦਾ ਸੀ। ਖੇਤੀ ਅਰਥਵਿਵਸਥਾ ਵਿੱਚ ਵਿਚਾਰਾ ਕਿਸਾਨ ਜ਼ਿਮੀਂਦਾਰਾਂ ਅਤੇ ਸਾਹੂਕਾਰਾਂ ਦੇ ਜਾਲ ਵਿੱਚ ਫਸ ਗਿਆ। ਬਚਤ ਅਤੇ ਨਿਵੇਸ਼ (investment) ਬਹੁਤ ਘੱਟ ਸੀ। ਉਦਯੋਗੀਕਰਣ ਨਿਮਨ ਸਤਰ ਦਾ ਸੀ। ਪਿਛੜੇ ਖੇਤਰਾਂ ਦੇ ਵਿਕਾਸ ਦੁਆਰਾ ਪ੍ਰਦੇਸ਼ਿਕ ਸੰਤੁਲਨ ਰੱਖਣ ਦੀ ਕੋਈ ਵਿਚਾਰਧਾਰਾ ਨਹੀਂ ਸੀ। ਭਾਰਤ ਦੇ ਨਿਰਮਾਣ ਕੰਮਾਂ ਲਈ ਵਿਦੇਸ਼ੀ ਪੂੰਜੀ ਉਪਲਬਧ ਨਹੀਂ ਸੀ। ਘੱਟ ਵੇਤਨ ਨਾਲ ਬਚਤ ਵੀ ਘੱਟ ਹੀ ਹੁੰਦੀ ਸੀ ਜਿਸ ਨਾਲ ਨਿਮਨ ਨਿਵੇਸ਼, ਨਿਮਨ ਵਿਕਾਸ ਕ੍ਰਮ ਅਤੇ ਨਿਮਨ ਵੇਤਨ ਹੁੰਦਾ ਸੀ। ਗਰੀਬੀ ਦੇ ਕੁਚੱਕਰ ਦਾ ਸਿਧਾਂਤ ਅਤੇ ਨਿਰਾਸ਼ਾ ਦੀ ਕਮੀ ਖਤਮ ਨਾ ਹੋਣ ਵਾਲਾ ਚੱਕਰ ਔਪਨਿਵੇਸ਼ਕ ਕਾਲ ਦੀ ਅਰਥਵਿਵਸਥਾ ਦੇ ਉਪਯੁਕਤ ਹੀ ਸੀ।

ਸੁਤੰਤਰਤਾ ਤੋਂ ਬਾਅਦ ਨਵੀਂ ਸਰਕਾਰ ਦੀ ਸਮਝ ਵਿੱਚ ਦੋ ਕੰਮ ਸਨ: ਔਪਨਿਵੇਸ਼ਕ ਅਰਥਵਿਵਸਥਾ ਦਾ ਵਿਨਾਸ਼ ਅਤੇ ਉਸ ਦੀ ਥਾਂ ਤੇ ਆਧੁਨਿਕ, ਸੁਤੰਤਰ ਅਤੇ ਆਤਮ-ਨਿਰਭਰ ਅਰਥਵਿਵਸਥਾ ਦੇ ਨਿਰਮਾਣ ਲਈ ਆਧਾਰ ਤਿਆਰ ਕਰਨਾ। ਦੇਸ਼ ਦੀ ਨਵੀਨ ਅਰਥਵਿਵਸਥਾ ਅਤੇ ਰਾਸ਼ਟਰਵਾਦ ਦਾ ਦਸਤਾਵੇਜ਼ (blue print) ਸਮਾਜ ਦਾ ਸਮਾਜਵਾਦੀ ਸਰੂਪ 1955 ਦੇ ਕਾਂਗਰਸ ਅਬਾੜੀ ਅਧਿਵੇਸ਼ਨ (ਨਹਿਰੂ ਯੁਗ ਵਿੱਚ) ਦੁਆਰਾ ਅਤੇ 1969 ਦੇ ਬੰਗਲੌਰ ਅਧਿਵੇਸ਼ਨ (ਇੰਦੀਰਾ ਯੁਗ) ਦੁਆਰਾ ਉਪਲਬਧ ਕਰਵਾਇਆ ਗਿਆ। ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਹਿਰੂ ਮਾਡਲ ਦੇ ਸਮਾਜਵਾਦ ਨੇ ਸਾਡੀ ਅਰਥਵਿਵਸਥਾ ਨੂੰ ਚਾਰ ਦਸ਼ਾਬਦੀਆਂ-1950, 1960, 1970 ਅਤੇ 1980 ਵਿੱਚ ਕਾਫੀ ਸੁਧਾਰ ਦਿੱਤਾ, ਚਾਹੇ ਇੱਕ ਅਜਿਹੀ ਵਿਚਾਰਧਾਰਾ ਵੀ ਹੈ ਜੋ ਇਸ ਦਾ ਖੰਡਨ ਕਰਦੇ ਹੋਏ ਕਹਿੰਦੀ ਹੈ ਕਿ ਇਸ ਅਰਥਵਿਵਸਥਾ ਦਾ ਪ੍ਰਦਰਸ਼ਨ ਤਾਈਵਾਨ, ਥਾਈਲੈਂਡ, ਹਾਂਗ-ਕਾਂਗ, ਸਿੰਗਾਪੁਰ, ਦੱਖਣ ਕੋਰੀਆ ਆਦਿ ਦੀ ਅਰਥਵਿਵਸਥਾ ਦੀ ਤੁਲਨਾ ਵਿੱਚ ਕੁਝ ਵੀ ਨਹੀਂ। ਹੁਣ ਸਾਡੇ ਕੋਲ ਲੱਖਾਂ ਦੀ ਸੰਖਿਆ ਵਿੱਚ ਉਦਯੋਗਾਂ ਦੇ ਆਧੁਨਿਕ ਉਪਕ੍ਰਮ ਹਨ ਜੋ ਪਹਿਲਾਂ ਕੇਵਲ ਮੁੱਠੀਭਰ ਹੀ ਸਨ। ਹੁਣ ਸਾਡੇ ਕੋਲ ਉਦਯੋਗ ਸੰਬੰਧੀ ਅਤੇ ਤਕਨੀਕੀ ਕੁਸ਼ਲਤਾਵਾਂ ਦਾ ਭੰਡਾਰ ਹੈ। ਸਾਡੇ ਕੋਲ ਭਿਲਾਈ, ਰੁਰਕੇਲਾ ਜਿਹੀਆਂ ਵੱਡੀਆਂ ਜਨ-ਯੋਜਨਾਵਾਂ ਹਨ; ਹੀਰਾਕੁੰਡ ਜਿਹੇ ਵੱਡੇ ਬੰਨ ਹਨ; ਵਿਕਾਸਸ਼ੀਲ ਸੰਸਾਰ ਵਿੱਚ ਸਾਡੇ ਕੋਲ ਸਰਵ-ਉੱਚ ਬਚਤ ਦਰ ਹੈ।1990-94 ਵਿੱਚ ਸਾਡੀ ਵਿਕਾਸ ਦਰ 5% ਪ੍ਰਤੀ ਸਾਲ ਸੀ; ਅਸੀਂ ਨਿਰਯਾਤ ਦੀ ਦਰ ਨੂੰ ਡਾਲਰ ਵਿੱਚ 17% ਪ੍ਰਤੀ ਸਾਲ ਬਣਾ ਕੇ ਰੱਖਿਆ ਹੈ; ਪ੍ਰਵਾਸੀ (non-resident) ਭਾਰਤੀਆਂ ਦੁਆਰਾ ਜਮਾ ਕੀਤੇ ਧਨ ਵਿੱਚ ਵੀਹ ਗੁਣਾ ਵਾਧਾ ਕੀਤਾ ਹੈ, ਅੰਤਰਰਾਸ਼ਟਰੀ ਮੁਦਰਾ ਬਜ਼ਾਰ ਵਿੱਚ ਅਸਾਧਾਰਣ ਵਿਸ਼ਵਾਸ ਪ੍ਰਾਪਤ ਕੀਤਾ ਹੈ। ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੀ ਜਨ-ਸੰਖਿਆ ਵਿੱਚ ਕਮੀ (1980 ਵਿੱਚ 51% ਤੋਂ 1994 ਵਿੱਚ 24%) ਵੀ ਪ੍ਰਾਪਤ ਕੀਤੀ ਹੈ। ਇਸ ਵਿਕਾਸ ਦੇ ਬਾਵਜੂਦ ਵੀ ਇਹ ਵੀ ਇੱਕ ਤੱਥ ਹੈ ਕਿ ਸਾਡੇ ਸਾਹਮਣੇ ਮੁਦਰਾ ਸਫਿਤੀ (inflation) ਅਤੇ ਉੱਚੇ ਕਰਜ਼ੇ ਦੀਆਂ ਸਮੱਸਿਆਵਾਂ ਵੀ ਹਨ। 30,000 ਲੱਖ ਡਾਲਰ ਤੋਂ ਵੀ ਉੱਪਰ ਵਪਾਰ ਘਾਟੇ ਦਾ ਬਕਾਇਆ ਹੈ ਅਤੇ ਬਜਟ ਘਾਟਾ ਤਾਂ ਅਰਬਾਂ ਵਿੱਚ ਹੈ।

ਪ੍ਰਮੁੱਖ ਅਰਥਸ਼ਾਸਤਰੀਆਂ ਦੇ ਅਨੁਸਾਰ ਵੀ. ਪੀ. ਸਿੰਘ ਅਤੇ ਚੰਦਰਸ਼ੇਖਰ ਸਰਕਾਰਾਂ ਦੀਆਂ ਨੀਤੀਆਂ ਨੇ ਸੰਨ 1988 ਤੋਂ 1991 ਤੱਕ ਦੀ ਅਵਧੀ ਵਿੱਚ ਦੇਸ਼ ਦੀ ਅਰਥਵਿਵਸਥਾ ਨੂੰ ਨਕਾਰਾਤਮਕ ਰੂਪ ਨਾਲ ਪ੍ਰਭਾਵਿਤ ਕੀਤਾ ਸੀ। ਨਰਸਿੰਹ ਰਾਓ ਨੇ 1992 ਦੇ ਆਰੰਭ ਵਿੱਚ ਸਮਾਜਵਾਦੀ ਵਿਵਸਥਾ ਨੂੰ ਤਿਆਗ ਕੇ ਇੱਕ ਨਵੇਂ ਮਾਡਲ ਦੀ ਅਰਥ-ਨੀਤੀ ਆਰੰਭ ਕੀਤੀ ਜੋ ਉਦਾਰੀਕਰਣ, ਬਜ਼ਾਰੀਕਰਨ ਅਤੇ ਨਿਜੀਕਰਣ ਦੇ ਦਰਸ਼ਨ ਉੱਤੇ ਆਧਾਰਿਤ ਸੀ (ਜਿਸ ਨੂੰ ਹੁਣ ਨਹਿਰੂਵਾਦੀ ਪੂੰਜੀਵਾਦੀ ਕਿਹਾ ਜਾਂਦਾ ਹੈ)। ਕਾਂਗਰਸ ਸਰਕਾਰ ਦਾ ਦਾਵਾ ਹੈ ਕਿ ਇਸ ਨਾਲ ਸਾਡੇ ਆਰਥਿਕ ਵਿਕਾਸ ਨੂੰ ਬਹੁਤ ਲਾਭ ਹੋਵੇਗਾ। ਸਰਕਾਰ ਦਾ ਮੰਨਣਾ ਹੈ ਕਿ

ਨੋਟ

ਇਸ ਨਵੀਂ ਨੀਤੀ ਦਾ ਮੂਲ ਤੱਤ ਇਹ ਹੈ ਕਿ ਇਹ ਸਰਕਾਰੀ ਅਤੇ ਨਿਜੀ ਦੋਹਾਂ ਹੀ ਉੱਦਮਾਂ ਵਿੱਚ ਵਿਸ਼ਵਾਸ ਪੈਦਾ ਕਰੇਗੀ ਅਤੇ ਮਿਸ਼ਰਿਤ ਅਰਥਵਿਵਸਥਾ ਅਤੇ ਬਹੁ-ਜਨਤੰਤਰ (plural democracy) ਵਿੱਚ ਵਿਸ਼ਵਾਸ ਵਧਾਵੇਗੀ।

ਅਪ੍ਰੈਲ 1992 ਦੇ ਤਿਰੂਪਤੀ ਅਧਿਵੇਸ਼ਨ ਵਿੱਚ ਕਾਂਗਰਸ ਨੇ ਇੱਕ ਨਵਾਂ ਆਦਰਸ਼ ਵਿਚਾਰਾਤਮਕ ਪ੍ਰਸਤਾਵ ਪਾਰਿਤ ਕੀਤਾ ਜੋ ਕਿ ਕੇਂਦਰ ਤੋਂ ਖੱਬੇ ਤੋਂ ਕੇਂਦਰ ਤੋਂ ਸੱਜੇ ਨੂੰ ਸਥਾਨਾਂਤਰਣ ਦਾ ਸੀ। ਨਹਿਰੂ ਦੇ ਨਾਂ ਤੇ ਨਹਿਰੂ ਨੂੰ ਤਿਆਗਣ ਦੀ ਇਹ ਤਰਕੀਬ ਸੀ। ਇਹ ਨਵਾਂ ਮਾਡਲ ਵਿਭਿੰਨ ਖੇਤਰਾਂ ਵਿੱਚ ਦਿੱਤੀ ਗਈ ਆਰਥਿਕ ਮਦਦ (subsidy) ਨੂੰ ਕੱਟਣਾ, ਪਰਮਿਟ ਲਾਈਸੇਂਸ ਖਤਮ ਕਰਨਾ, ਐਗਜ਼ਿਸਟ (exist) ਨੀਤੀ ਨੂੰ ਲਾਗੂ ਕਰਨਾ, ਦੇਸ਼ ਨੂੰ ਬਹੁਰਾਸ਼ਟਰੀ ਕਾਰਪੋਰੇਸ਼ਨ ਲਈ ਖੋਲਣਾ, ਆਯਾਤ ਨਿਯੰਤਰਣ ਹਟਾਓਣਾ ਆਦਿ ਬਿੰਦੂਆਂ ਉੱਤੇ ਧਿਆਨ ਕੇਂਦਰਿਤ ਕਰਦਾ ਹੈ। ਇਸ ਪ੍ਰਕਾਰ ਓਨਾਂ ਦੇ ਕਥਨ ਉੱਪਰੀ ਤੌਰ ਤੇ ਸਮਾਜਵਾਦੀ ਬਣੇ ਰਹੇ, ਜਦੋਂ ਕਿ ਨੀਤੀਆਂ ਦੇ ਮੂਲ ਵਿੱਚ ਪੂੰਜੀਵਾਦੀ ਭਾਵਨਾ ਦਾ ਉਦੇ ਹੋ ਗਿਆ ਹੈ।

ਅਜਿਹੇ ਵਿਦਵਾਨ ਵੀ ਹਨ ਜੋ ਇਹ ਵਿਸ਼ਵਾਸ ਨਹੀਂ ਕਰਦੇ ਹਨ ਕਿ ਵਰਤਮਾਨ ਸਰਕਾਰ ਦੀ ਆਰਥਿਕ ਨੀਤੀ ਅਸਲ ਵਿੱਚ ਭਾਰਤੀ ਅਰਥਵਿਵਸਥਾ ਨੂੰ ਪੁਨਰਜੀਵਿਤ ਕਰੇਗੀ। ਓਨਾਂ ਦੀ ਮਾਨਤਾ ਹੈ ਕਿ ਸਾਡੀ ਅਰਥਵਿਵਸਥਾ ਫਿਰ ਤੋਂ ਪਣਪ ਸਕਦੀ ਹੈ ਜੇਕਰ ਆਯਾਤ ਉੱਤੇ ਰੋਕ ਲਗਾ ਦਿੱਤੀ ਜਾਵੇ, ਨਿਰਯਾਤ ਨੂੰ ਉਤਸਾਹਿਤ ਕੀਤਾ ਜਾਵੇ, ਟੈਕਸ ਵਿਵਸਥਾ ਨੂੰ ਵਿਸਤ੍ਰਿਤ ਕੀਤਾ ਜਾਵੇ, ਕਾਲੇ ਧਨ ਨੂੰ ਕੱਢਿਆ ਜਾਵੇ, ਰੱਖਿਆ ਖਰਚੇ ਵਿੱਚ ਕਟੌਤੀ ਕੀਤੀ ਜਾਵੇ, ਪ੍ਰਾਕ੍ਰਿਤਿਕ ਸਾਧਨਾਂ ਦੇ ਦੋਹਣ ਤੇ ਜ਼ਿਆਦਾ ਧਿਆਨ ਦਿੱਤਾ ਜਾਵੇ, ਵਸਤਾਂ ਲਈ ਵੱਡਾ ਬਾਜ਼ਾਰ ਬਣਾਇਆ ਜਾਵੇ, ਭੂਮੀ ਸੁਧਾਰਾਂ ਵਿੱਚ ਪਰਿਵਰਤਨ ਲਿਆਓਂਦਾ ਜਾਵੇ ਆਦਿ। ਇਹ ਵਿਦਵਾਨ ਇਹ ਵੀ ਵਿਸ਼ਵਾਸ ਕਰਦੇ ਹਨ ਕਿ ਦੇਸ਼ ਨੂੰ ਅੰਦਰੂਨੀ ਸਾਧਨਾਂ ਉੱਤੇ ਨਿਰਭਰ ਰਹਿਣਾ ਚਾਹੀਦਾ ਹੈ ਨਾ ਕਿ ਬਾਹਰੀ ਸਾਧਨਾਂ ਉੱਤੇ।

ਸਮਾਜਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਆਰਥਿਕ ਵਿਕਾਸ ਨਹਿਰੂ ਅਤੇ ਉਦਾਰ ਮਾਡਲ ਦੋਵਾਂ ਨੇ ਸਾਡੀਆਂ ਸਮਾਜਿਕ ਸੰਰਚਨਾਵਾਂ ਨੂੰ ਸਾਡੀ ਇੱਛਾ ਦੇ ਅਨੁਸਾਰ ਪ੍ਰਭਾਵਿਤ ਕੀਤਾ ਹੈ। ਅਸੀਂ ਆਪਣੇ ਸਮਾਜ ਦੇ ਮੁੱਲਾਂਕਣ ਲਈ ਕਿਸੇ ਵੀ ਸਮਾਜਸ਼ਾਸਤਰੀ ਮਾਡਲ ਦਾ ਪ੍ਰਯੋਗ ਕਰੀਏ-ਵਿਕਾਸਵਾਦੀ (evolutionary) (ਸਮਾਜ ਦੇ ਉਦਵਿਕਾਸ ਨੂੰ ਵਿਭਿੰਨ ਅਵਸਥਾਵਾਂ ਵਿੱਚ ਰੱਖਣਾ), ਸੰਘਰਸ਼ਵਾਦੀ (ਸੱਤਾ ਲਈ ਮੁਕਾਬਲਾ ਅਤੇ ਨਿਰੰਤਰ ਸੰਘਰਸ਼ ਉੱਤੇ ਬਲ), ਪ੍ਰਕਾਰਜਾਤਮਕ (funtional) (ਸਮਾਜਿਕ ਸੰਰਚਨਾ ਵਿੱਚ ਹਰ ਇੱਕ ਸੰਸਥਾਗਤ ਵਿਵਹਾਰ ਦੇ ਹੋਰ ਸਭ ਇਕਾਈਆਂ ਲਈ ਨਤੀਜਿਆਂ ਦਾ ਵਿਸ਼ਲੇਸ਼ਣ) ਆਦਿ। ਇਸ ਤੋਂ ਇਹ ਸਪਸ਼ਟ ਹੋਵੇਗਾ ਕਿ ਸਮਾਜਿਕ ਸੰਬੰਧਾਂ, ਸੰਸਥਾਵਾਂ, ਸਮਾਜਿਕ ਵਿਵਸਥਾਵਾਂ, ਸਮਾਜਿਕ ਸੰਰਚਨਾਵਾਂ, ਸਮਾਜਿਕ ਮਾਨਦੰਡਾਂ ਆਦਿ ਵਿੱਚ ਪਰਿਵਰਤਨ ਹੋ ਗਿਆ ਹੈ। ਅੱਜ ਭਾਰਤ ਦੇ ਲੋਕ ਓਨੇ ਰੂੜੀਵਾਦੀ ਨਹੀਂ ਹਨ ਜਿੰਨੇ ਇੱਕ ਸ਼ਤਾਬਦੀ ਪਹਿਲਾਂ ਸਨ। ਭੂਤਕਾਲ ਤੋਂ ਜੋ ਨੈਤਿਕ ਮੁੱਲ ਅਤੇ ਮਾਨਦੰਡ ਸਮਾਜ ਵਿੱਚ ਪ੍ਰਚੱਲਿਤ ਸਨ ਓਨਾਂ ਦੇ ਪ੍ਰਤੀ ਓਹ ਕੱਟਰਵਾਦੀ ਨਹੀਂ ਹਨ। ਅੱਜ ਲੋਕ ਵਿਅਕਤੀਗਤ ਸੁਤੰਤਰਤਾ ਲਈ ਅਤੇ ਵਿਅਕਤੀਗਤ ਰੂਪ ਨਾਲ ਸੰਘਰਸ਼ ਕਰਦੇ ਹਨ ਅਤੇ ਸਮੂਹਿਕ ਸੁਰੱਖਿਆ ਪ੍ਰਾਪਤ ਕਰਣ ਦੀ ਕੋਸ਼ਿਸ਼ ਕਰਦੇ ਹਨ। ਓਨਾਂ ਦੇ ਦ੍ਰਿਸ਼ਟੀਕੋਣਾਂ ਅਤੇ ਵਿਚਾਰਾਂ ਵਿੱਚ ਵੀ ਪਰਿਵਰਤਨ ਆਇਆ ਹੈ। ਓਹ ਅਨੁਭਵਾਂ ਦੀ ਇੱਛਾ ਕਰਦੇ ਹਨ। ਓਹ ਹੋਰ ਸਮਾਜਾਂ ਤੋਂ ਨਾ ਕੇਵਲ ਤਕਨੀਕੀ ਗਿਆਨ ਬਲਕਿ ਸੰਸਕ੍ਰਿਤਿਕ ਤੱਤ ਵੀ ਲੈਣ ਦੀ ਕੋਸ਼ਿਸ਼ ਕਰਦੇ ਹਨ। ਓਨਾਂ ਵਿੱਚ ਨਵੀਨਤਾ ਲਈ ਰਚਨਾਤਮਕ ਇੱਛਾ ਹੈ। ਓਹ ਸਮਾਜਿਕ ਪਰਿਵਰਤਨ ਦੇ ਨਤੀਜਿਆਂ ਤੋਂ ਚਿੰਤਿਤ ਨਹੀਂ ਹਨ। ਓਹ ਰਾਜਨੀਤਿਕ ਅਭਿਜਨ ਦੇ ਵਿਰੁੱਧ ਗਰੀਬੀ ਉਨਮੂਲਣ ਅਭਿਆਨ ਦੀ ਅਸਫਲਤਾ ਅਤੇ ਬੇਕਾਰੀ, ਭ੍ਰਿਸ਼ਟਾਚਾਰ, ਮੁਦਰਾਸਫਿਤੀ, ਭਾਈ ਭਤੀਜਾਵਾਦ, ਆਤੰਕਵਾਦ, ਜਾਤੀਵਾਦ ਅਤੇ ਖੇਤਰਵਾਦ ਆਦਿ ਨੂੰ ਖਤਮ ਕਰਣ ਲਈ ਅੰਦੋਲਨ ਕਰ ਸਕਦੇ ਹਨ। ਫਿਰ ਵੀ ਓਹ ਜਾਣਦੇ ਹਨ ਕਿ ਭਾਰਤ ਦੀ ਸਮਾਜਿਕ ਵਿਵਸਥਾ ਵਿੱਚ ਅਸੰਤੁਲਨ ਕਦੇ ਨਹੀਂ ਆ ਸਕਦਾ। ਭਾਰਤੀ ਸੰਸਕ੍ਰਿਤੀ ਰੁਚੀਆਂ ਅਤੇ ਹਿਤਾਂ ਦੀ ਵਿਵਿਧਤਾ ਦੇ ਬਾਵਜੂਦ ਨਾ ਕੇਵਲ ਜੀਵਿਤ ਰਹੇਗੀ ਬਲਕਿ ਵਿਕਸਿਤ ਵੀ ਹੁੰਦੀ ਰਹੇਗੀ।

ਕੀ ਤੁਸੀਂ ਜਾਣਦੇ ਹੋ: ਆਰਥਿਕ ਵਿਕਾਸ ਦੇ ਮਾਧਿਮਅ ਨਾਲ ਸਮਾਜਿਕ ਪਰਿਵਰਤਨ, ਸਮਾਜਿਕ ਸੰਰਚਨਾਵਾਂ ਅਤੇ ਵਿਵਹਾਰ ਨੂੰ ਦਿਸ਼ਾ ਪ੍ਰਦਾਨ ਕਰਦਾ ਰਹੇਗਾ, ਚਾਹੇ ਇਹ ਪਰਿਵਰਤਨ ਪਰੰਪਰਾਤਮਕ (traditional) ਪਰਿਵਰਤਨ ਸੰਬੰਧੀ (transitional) ਹੋਵੇ।

## ਸਵ-ਮੁੱਲਾਂਕਣ (Self Assessment)

1. **ਖਾਲੀ ਸਥਾਨ ਭਰੋ (Fill in the blanks)-**
   (*i*) ਸੰਰਚਨਾਤਮਕ ਦ੍ਰਿਸ਼ਟੀ ਨਾਲ ............ ਵਿੱਚ ਪਰਿਵਾਰ ਬਹੁਤ ਹੱਦ ਤੱਕ ਸੰਯੁਕਤ ਨਹੀਂ ਹੈ।
   (*ii*) 1951 ਤੋਂ 1981 ਵਿਚਕਾਰ ਨਗਰੀ ਜਨਸੰਖਿਆ .......... ਵਧ ਗਈ ਹੈ।
   (*iii*) ....... ਨੇ ਕਿਹਾ ਸੀ ਕਿ ਕੋਈ ਵੀ ਵਿਅਕਤੀ ਨਾ ਤਾਂ ਸੰਤ, ਨਾ ਕਵੀ ਅਤੇ ਨਾ ਹੀ ਪ੍ਰੇਮੀ ਉਦੋਂ ਤੱਕ ਹੋ ਸਕਦਾ ਹੈ ਜਦੋਂ ਤੱਕ ਕਿ ਉਸ ਕੋਲ ਕੁਝ ਖਾਣ ਨੂੰ ਨਾ ਹੋਵੇ।

ਨੋਟ

(*iv*) .......... ਨੇ ਤਾਂ ਸਾਲਾਨਾ ਵਿਕਾਸ ਵਿੱਚ ਛੇ ਰੁਕਾਵਟਾਂ ਦੀ ਵਿਆਖਿਆ ਕੀਤੀ ਹੈ।

(*v*) ........... ਨਾ ਤਾਂ ਆਰਥਿਕ ਵਿਕਾਸ ਤੋਂ ਪਹਿਲਾਂ ਹੁੰਦਾ ਹੈ ਨਾ ਬਾਅਦ ਵਿੱਚ।

(*vi*) ................. ਰੁਚੀਆਂ ਅਤੇ ਵਿਵਿਧਤਾ ਦੇ ਬਾਵਜੂਦ ਨਾ ਕੇਵਲ ਜੀਵਿਤ ਰਹੇਗੀ ਬਲਕਿ ਵਿਕਸਿਤ ਵੀ ਹੁੰਦੀ ਰਹੇਗੀ।

## 14.3 ਉਦਯੋਗੀਕਰਣ ਅਤੇ ਸ਼ਹਿਰੀਕਰਣ (Industrialisation and Urbanization)

ਉਦਯੋਗਾਂ ਦੇ ਵਿਕਾਸ ਨੇ ਹਸਤਸ਼ਿਲਪ ਨੂੰ ਖਤਮ ਕਰ ਦਿੱਤਾ ਅਤੇ ਜੀਵਨ-ਨਿਰਵਾਹ ਲਈ ਅਣ-ਸੁਣੀਆਂ ਵਿਧੀਆਂ ਦਾ ਪ੍ਰਯੋਗ ਕੀਤਾ ਜਾਣ ਲੱਗਾ। ਕਾਰੋਬਾਰੀ ਗਤੀਸ਼ੀਲਤਾ ਅਤੇ ਪੈਤ੍ਰਿਕ ਪਿੰਡਾਂ ਤੋਂ ਜਾਣ ਦੀ ਪ੍ਰਕ੍ਰਿਆ ਨੇ ਜਾਤੀ ਦੇ ਓਨਾਂ ਮਾਨਦੰਡਾਂ ਨੂੰ ਤੋੜਨਾ ਸ਼ੁਰੂ ਕਰ ਦਿੱਤਾ ਜਿਨਾਂ ਦਾ ਵਿਆਹ ਨਾਲ ਕੋਈ ਸੰਬੰਧ ਨਹੀਂ ਸੀ। ਉਦਯੋਗੀਕਰਣ ਨਾਲ ਯਾਤਾਯਾਤ ਦੇ ਨਵੇਂ ਸਾਧਨ ਵੀ ਵਿਕਸਿਤ ਹੋਏ। ਫਲਸਰੂਪ, ਬਸਾਂ ਅਤੇ ਰੇਲਾਂ ਵਿੱਚ ਵਧਦੀ ਹੋਈ ਭੀੜ ਨਾਲ ਵਿਭਿੰਨ ਜਾਤੀਆਂ ਦੇ ਲੱਖਾਂ ਦੀ ਸੰਖਿਆ ਵਿੱਚ ਲੋਕਾਂ ਦੇ ਇੱਕ ਦੂਜੇ ਨਾਲ ਉੱਠਣ-ਬੈਠਣ ਦੇ ਕਾਰਣ ਸੰਸਕ੍ਰਿਤਿਕ ਪਵਿੱਤਰਤਾ (ritual purity) ਖਤਮ ਜਿਹੀ ਹੋ ਗਈ। ਜਿਵੇਂ ਜਿਵੇਂ ਉਦਯੋਗਿਕ ਮਜ਼ਦੂਰ ਆਪਣੇ ਪਰਿਵਾਰ ਪਿੰਡਾਂ ਵਿੱਚ ਛੱਡ ਕੇ ਸ਼ਹਿਰਾਂ ਵਿੱਚ ਜਾਂ ਉਦਯੋਗਿਕ ਖੇਤਰਾਂ ਵਿੱਚ ਜਾ ਕੇ ਵਿਭਿੰਨ ਜਾਤੀਆਂ ਦੇ ਲੋਕਾਂ ਨਾਲ ਇੱਕ ਹੀ ਮਕਾਨ ਵਿੱਚ ਰਹਿਣ ਲੱਗੇ, ਉਵੇਂ ਉਵੇਂ ਖਾਣ-ਪੀਣ ਦੇ ਨਿਸ਼ੇਧ ਵੀ ਘੱਟ ਪ੍ਰਭਾਵੀ ਹੁੰਦੇ ਗਏ।

ਫਿਰ ਵੀ, ਉਦਯੋਗੀਕਰਣ ਦਾ ਪ੍ਰਭਾਵ ਇੱਕ ਬਰਾਬਰ ਨਹੀਂ ਹੋਇਆ ਹੈ ਅਤੇ ਜਾਤੀ ਵਿਵਸਥਾ ਦੀਆਂ ਸਭ ਵਿਸ਼ੇਸ਼ਤਾਵਾਂ ਇਸ ਨਾਲ ਪੂਰੀ ਤਰਾਂ ਪ੍ਰਭਾਵਿਤ ਨਹੀਂ ਹੋਈਆਂ ਹਨ। ਉਦਾਹਰਣ ਲਈ, ਇਸ ਦਾ ਵਿਆਹ ਉੱਤੇ ਅਤੇ ਜਾਤੀ ਦੇ ਮਾਨਦੰਡਾਂ ਉੱਤੇ ਕੋਈ ਪ੍ਰਭਾਵ ਨਹੀਂ ਪਿਆ ਹੈ। ਇਸ ਦਾ ਕਾਰਣ ਸ਼ਾਇਦ ਇਹ ਹੈ ਕਿ ਸਮਾਜਿਕ ਮੁੱਲਾਂ ਦੀਆਂ ਜੜਾਂ ਬਹੁਤ ਗਹਿਰੀਆਂ ਹਨ। ਪ੍ਰੰਤੂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਾਤੀ ਸੰਰਚਨਾ ਉੱਤੇ ਉਦਯੋਗੀਕਰਣ ਦਾ ਪ੍ਰਭਾਵ ਜ਼ਰੂਰ ਪਿਆ ਹੈ।

ਕੁਝ ਵਿਦਵਾਨਾਂ ਦਾ ਵਿਸ਼ਵਾਸ ਸੀ ਕਿ ਉਦਯੋਗੀਕਰਣ ਨਾਲ ਆਪਣੇ ਆਪ ਹੀ ਜਾਤੀ ਵਿਵਸਥਾ ਖਤਮ ਹੋ ਜਾਵੇਗੀ ਅਤੇ ਇਸ ਦੀ ਥਾਂ ਤੇ ਹੌਲੀ ਹੌਲੀ ਵਰਗ ਵਿਵਸਥਾ ਆ ਜਾਵੇਗੀ ਜੋ ਕਿ ਪੱਛਮੀ ਵਿਕਸਿਤ ਉਦਯੋਗਿਕ ਸਮਾਜਾਂ ਵਿੱਚ ਪਾਈ ਜਾਂਦੀ ਹੈ। ਇੱਕ ਹੱਦ ਤੱਕ ਇਹ ਉਮੀਦ ਅਤੇ ਦੂਰਦ੍ਰਿਸ਼ਟੀ ਇਸ ਵਿਸ਼ਵਾਸ ਨਾਲ ਪੈਦਾ ਹੋਈ ਕਿ ਮਸ਼ੀਨੀਕਰਣ ਅਤੇ ਉਤਪਾਦਨ ਵਿੱਚ ਰਾਸ਼ਟਰੀ ਭਾਵਨਾ ਦਾ ਪ੍ਰਯੋਗ ਸਮਾਜਿਕ ਪਰਿਵਰਤਨ ਦਾ ਇੱਕ ਸਰੋਤ ਹੈ। ਪ੍ਰੰਤੂ ਸਮਾਜਿਕ ਪਰਿਵਰਤਨ ਨਾਲ ਸੰਬੰਧਿਤ ਇਹ ਧਾਰਣਾ ਕੇਵਲ ਆਰਥਿਕ ਪੱਖ ਹੀ ਪੇਸ਼ ਕਰਦੀ ਹੈ। ਸਮਾਜਿਕ ਪਰਿਵਰਤਨ ਦਾ ਸਮਾਜਿਕ ਸੰਰਚਨਾਤਮਕ ਅਤੇ ਜਨਸੰਖਿਆਤਮਕ ਪੱਖ ਵੀ ਹੈ। ਉਦਯੋਗਿਕ ਸਮਾਜ ਦਾ ਪੂਰੀ ਤਰਾਂ ਬੁੱਧੀਸੰਗਤ (rational) ਸਮਾਜ ਹੋਣਾ ਜ਼ਰੂਰੀ ਨਹੀਂ ਹੈ।

ਪਿਛਲੇ ਕੁਝ ਦਸ਼ਕਾਂ ਵਿੱਚ ਜਨਸੰਖਿਆ ਵਿੱਚ ਵਾਧੇ ਦੇ ਨਾਲ ਨਾਲ, ਜਨਸੰਖਿਆ ਦਾ ਪੇਂਡੂ ਖੇਤਰਾਂ ਤੋਂ ਨਗਰੀ ਖੇਤਰਾਂ ਵਿੱਚ ਸਥਾਨਾਂਤਰਣ (shift) ਵੀ ਹੋਇਆ ਹੈ। ਵਧਦੇ ਹੋਏ ਨਗਰੀਕਰਣ ਨਾਲ ਅਪਰਾਧ ਅਤੇ ਬਾਲ-ਅਪਰਾਧ, ਮਦਿਰਾਪਾਨ ਅਤੇ ਨਸ਼ੀਲੀਆਂ ਵਸਤਾਂ ਦਾ ਸੇਵਨ, ਰਿਹਾਇਸ਼ ਵਿੱਚ ਕਮੀ, ਭੀੜ-ਭਾੜ ਅਤੇ ਗੰਦੀਆਂ ਬਸਤੀਆਂ, ਬੇਰੁਜ਼ਗਾਰੀ ਅਤੇ ਗਰੀਬੀ, ਪ੍ਰਦੂਸ਼ਣ ਅਤੇ ਸ਼ੋਰ, ਸੰਚਾਰ ਅਤੇ ਯਾਤਾਯਾਤ ਨਿਯੰਤਰਣ ਜਿਹੀਆਂ ਸਮੱਸਿਆਵਾਂ ਪੈਦਾ ਹੋਈਆਂ ਹਨ। ਪ੍ਰੰਤੂ ਜੇਕਰ ਨਗਰ ਤਨਾਵ ਅਤੇ ਦਬਾਅ ਦੇ ਸਥਾਨ ਹਨ ਤਾਂ ਓਹ ਸੱਭਿਅਤਾ ਅਤੇ ਸੰਸਕ੍ਰਿਤੀ ਦੇ ਕੇਂਦਰ ਵੀ ਹਨ। ਓਹ ਸਕ੍ਰਿਅ (active), ਪ੍ਰਵਰਤਿਕ (innoative) ਅਤੇ ਸਜੀਵ (alive) ਹਨ। ਓਹ ਇੱਕ ਵਿਅਕਤੀ ਨੂੰ ਆਪਣੀਆਂ ਇੱਛਾਵਾਂ ਨੂੰ ਪੂਰਾ ਕਰਣ ਦੇ ਮੌਕੇ ਪ੍ਰਦਾਨ ਕਰਦੇ ਹਨ। ਜੇਕਰ ਸਾਡੇ ਦੇਸ਼ ਦਾ ਭਵਿੱਖ ਪੇਂਡੂ ਖੇਤਰਾਂ ਦੇ ਵਿਕਾਸ ਨਾਲ ਜੁੜਿਆ ਹੈ ਤਾਂ ਏਨਾ ਹੀ ਓਹ ਨਗਰਾਂ ਅਤੇ ਮਹਾਂਨਗਰਾਂ ਦੇ ਖੇਤਰਾਂ ਦੇ ਵਿਕਾਸ ਨਾਲ ਜੁੜਿਆ ਹੈ। ਪ੍ਰੰਤੂ ਇਨਾਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਣ ਤੋਂ ਪਹਿਲਾਂ ਅਸੀਂ ਮੂਲਭੂਤ ਅਵਧਾਰਣਾਵਾਂ ਨੂੰ ਸਮਝਾਂਗੇ।

### ਨਗਰੀ, ਨਗਰੀਕਰਣ ਅਤੇ ਨਾਗਰਿਤਾ ਦੀਆਂ ਅਵਧਾਰਣਾਵਾਂ

**ਨਗਰੀ (Urban):** "ਨਗਰੀ ਖੇਤਰ" ਜਾਂ "ਨਗਰ" ਕੀ ਹੈ? ਇਸ ਸ਼ਬਦ ਦਾ ਪ੍ਰਯੋਗ ਦੋ ਅਰਥਾਂ ਵਿੱਚ ਹੁੰਦਾ ਹੈ- ਜਨਸਾਂਖਿਅਕੀ ਰੂਪ ਵਿੱਚ (demographically) ਅਤੇ ਸਮਾਜਸ਼ਾਸਤਰੀ ਰੂਪ ਵਿੱਚ। ਪਹਿਲੇ ਅਰਥ ਵਿੱਚ ਜਨਸੰਖਿਆ ਦੇ ਆਕਾਰ, ਜਨਸੰਖਿਆ ਦਾ ਸੰਘਣਾਪਣ (density) ਅਤੇ ਬਾਲਗ ਪੁਰਸ਼ਾਂ ਵਿੱਚੋਂ ਜ਼ਿਆਦਾਤਰ ਦੇ ਰੁਜ਼ਗਾਰ ਦੇ ਸਰੂਪ ਉੱਤੇ ਬਲ ਦਿੱਤਾ ਜਾਂਦਾ ਹੈ, ਜਦੋਂ ਕਿ ਦੂਜੇ ਅਰਥ ਵਿੱਚ, ਵਿਸ਼ਮਤਾ (heterogeneity), ਅਵਿਅਕਤਿਕਤਾ (impersonality), ਸਹਿ-ਆਸ਼ਰਿਤ (inter-dependence) ਅਤੇ ਜੀਵਨ ਦੀ ਗੁਣਵੱਤਾ (quality of life) ਉੱਤੇ ਧਿਆਨ ਕੇਂਦਰਿਤ ਰਹਿੰਦਾ ਹੈ। ਜਰਮਨ ਸਮਾਜਸ਼ਾਸਤਰੀ ਟੋਨੀਜ਼ (1957) ਨੇ ਪੇਂਡੂ ਅਤੇ ਨਗਰੀ ਸਮੁਦਾਵਾਂ ਵਿੱਚ ਭਿੰਨਤਾ ਸਮਾਜਿਕ ਸੰਬੰਧਾਂ ਅਤੇ ਮੁੱਲਾਂ ਦੁਆਰਾ ਦੱਸੀ ਹੈ। ਪੇਂਡੂ ਗੇਮਿਨਸ਼ੇਫਟ (Gemeinschaft) ਸਮੁਦਾਏ ਓਹ ਹੈ ਜਿਸ ਵਿੱਚ ਸਮਾਜਿਕ ਬੰਧਨ ਕੁਟੰਬ ਅਤੇ ਮਿੱਤਰਤਾ ਦੇ ਨਜ਼ਦੀਕ ਦੇ ਵਿਅਕਤੀਗਤ ਬੰਧਨਾਂ ਉੱਤੇ ਆਧਾਰਿਤ ਹੁੰਦੇ ਹਨ ਅਤੇ ਪਰੰਪਰਾ, ਸੰਤੁਲਨ (consensus) ਅਤੇ ਅਣ-ਔਪਚਾਰਿਕਤਾ ਉੱਤੇ ਬਲ ਦਿੱਤਾ ਜਾਂਦਾ ਹੈ। ਜਦੋਂ ਕਿ ਨਗਰੀ ਗੈਸਿਲਸ਼ੇਫਟ (Gesellschaft) ਸਮਾਜ ਵਿੱਚ ਅਵਿਅਕਤਿਕ ਅਤੇ ਦੋਗਲੇ ਸੰਬੰਧ ਪ੍ਰਧਾਨ ਹੁੰਦੇ ਹਨ ਅਤੇ ਵਿਅਕਤੀਆਂ ਵਿੱਚ ਵਿਚਾਰਾਂ ਦਾ ਆਦਾਨ-ਪ੍ਰਦਾਨ ਔਪਚਾਰਿਕ,

ਅਨੁਬੰਧਿਤ ਅਤੇ ਵਿਸ਼ੇਸ਼ ਕੰਮ ਜਾਂ ਨੌਕਰੀ ਜੋ ਓਹ ਕਰਦੇ ਹਨ ਓਨਾਂ ਉੱਤੇ ਆਧਾਰਿਤ ਹੁੰਦੇ ਹਨ। ਗੈਸਿਲਸ਼ੇਫਟ ਸਮਾਜ ਵਿੱਚ ਉਪਯੋਗਿਤਾਵਾਦੀ (utilitarian) ਉਦੇਸ਼ਾਂ ਅਤੇ ਸਮਾਜਿਕ ਸੰਬੰਧਾਂ ਦੇ ਮੁਕਾਬਲੇ ਦੇ ਸਰੂਪ ਉੱਤੇ ਬਲ ਦਿੱਤਾ ਜਾਂਦਾ ਹੈ।

ਮੈਕਸ ਵੇਬਰ (1961) ਅਤੇ ਜਾਰਜ ਸਿਮਲ (1950) ਜਿਹੇ ਹੋਰ ਸਮਾਜਸ਼ਾਸਤਰੀਆਂ ਨੇ ਨਗਰੀ ਵਾਤਾਵਰਣ ਵਿੱਚ ਘਣੀ ਆਵਾਸੀ ਪਰਿਸਥਿਤੀਆਂ, ਪਰਿਵਰਤਨ ਵਿੱਚ ਤੇਜ਼ੀ ਅਤੇ ਅਵਿਅਕਤਿਕ ਅੰਤਰਕ੍ਰਿਆ (impersonal interaction) ਉੱਤੇ ਬਲ ਦਿੱਤਾ ਹੈ। ਲੁਈਸ ਵਰਥ ਨੇ ਕਿਹਾ ਹੈ ਕਿ ਸਮਾਜਸ਼ਾਸਤਰੀ ਉਦੇਸ਼ਾਂ ਲਈ ਇੱਕ ਨਗਰ ਦੀ ਇਹ ਕਹਿ ਕੇ ਪਰਿਭਾਸ਼ਾ ਦਿੱਤੀ ਜਾ ਸਕਦੀ ਹੈ ਕਿ ਓਹ ਸਮਾਜਿਕ ਰੂਪ ਨਾਲ ਪੰਚਮੇਲ/ਵਿਸ਼ਮਰੂਪ (heterogeneous) ਵਿਅਕਤੀਆਂ ਦੀ ਬਜਾਏ ਵੱਡੀ (relatively large), ਘਣੀ (dense) ਅਤੇ ਅਸਥਾਈ ਬਸਤੀ (Settlement) ਹੈ। ਰੂਥ ਗਲਾਸ (1956) ਜਿਹੇ ਵਿਦਵਾਨਾਂ ਨੇ ਨਗਰ ਨੂੰ ਜਿਨਾਂ ਕਾਰਕਾਂ ਦੁਆਰਾ ਪਰਿਭਾਸ਼ਿਤ ਕੀਤਾ ਹੈ ਓਹ ਹਨ ਜਨਸੰਖਿਆ ਦਾ ਆਕਾਰ, ਜਨਸੰਖਿਆ ਦਾ ਸੰਘਣਾਪਣ, ਪ੍ਰਮੁੱਖ ਆਰਥਿਕ ਵਿਵਸਥਾ, ਪ੍ਰਸ਼ਾਸਨ ਦੀ ਆਮ ਰਚਨਾ ਅਤੇ ਕੁਝ ਸਮਾਜਿਕ ਵਿਸ਼ੇਸ਼ਤਾਵਾਂ।

ਭਾਰਤ ਵਿੱਚ 'ਕਸਬੇ' (town) ਦੀ 1961 ਵਿੱਚ ਇੱਕ ਨਵੀਂ ਪਰਿਭਾਸ਼ਾ ਅਪਣਾਈ ਗਈ। 1951 ਤੱਕ, 'ਕਸਬੇ' ਵਿੱਚ ਸ਼ਾਮਿਲ ਸਨ: (*i*) ਮਕਾਨਾਂ ਦਾ ਸੰਗ੍ਰਿਹ ਜਿਨਾਂ ਵਿੱਚ ਘੱਟ ਤੋਂ ਘੱਟ 5,000 ਵਿਅਕਤੀ ਸਥਾਈ ਰੂਪ ਨਾਲ ਨਿਵਾਸ ਕਰਦੇ ਹਨ, (*ii*) ਹਰ ਮਿਊਨਸਿਪੇਲਿਟੀ/ਕਾਰਪੋਰੇਸ਼ਨ/ਕਿਸੇ ਵੀ ਆਕਾਰ ਦਾ ਅਧਿਸੂਚਿਤ ਖੇਤਰ, ਅਤੇ (*iii*) ਸਭ ਸਿਵਿਲ ਲਾਈਨਾਂ ਜੋ ਮਿਊਨਿਸਿਪਲ ਇਕਾਈਆਂ ਵਿੱਚ ਸ਼ਾਮਿਲ ਨਹੀਂ ਹਨ। ਇਸ ਪ੍ਰਕਾਰ ਕਸਬੇ ਦੀ ਪਰਿਭਾਸ਼ਾ ਵਿੱਚ ਪ੍ਰਮੁੱਖ ਫੋਕਸ ਜਨਸੰਖਿਆ ਤੇ ਆਕਾਰ ਉੱਤੇ ਨਾ ਹੋ ਕੇ ਪ੍ਰਸ਼ਾਸਨਿਕ ਵਿਵਸਥਾ ਉੱਤੇ ਅਧਿਕ ਸੀ। 1961 ਵਿੱਚ ਕਿਸੇ ਸਥਾਨ ਨੂੰ ਕਸਬਾ ਕਹਿਣ ਲਈ ਕੁਝ ਮਾਪਦੰਡ ਲਗਾਏ ਗਏ। ਓਹ ਸਨ: (ਅ) ਘੱਟ ਤੋਂ ਘੱਟ 5,000 ਦੀ ਜਨਸੰਖਿਆ, (ਬ) 1,000 ਵਿਅਕਤੀ ਪ੍ਰਤੀ ਵਰਗ ਮੀਲ ਤੋਂ ਘੱਟ ਦਾ ਸੰਘਣਪਣ ਨਹੀਂ, (ਸ) ਉਸ ਦੀ ਕਾਰਜਸ਼ੀਲ ਜਨਸੰਖਿਆ ਦਾ ਤਿੰਨ-ਚੌਥਾਈ ਗੈਰ-ਖੇਤੀ ਗਤੀਵਿਧੀਆਂ ਵਿੱਚ ਹੋਣਾ ਚਾਹੀਦਾ ਹੈ ਅਤੇ (ਦ) ਉਸ ਥਾਂ ਦੀਆਂ ਆਪਣੀਆਂ ਕੁਝ ਵਿਸ਼ੇਸ਼ਤਾਵਾਂ ਹੋਣੀਆਂ ਚਾਹੀਦੀਆਂ ਹਨ ਅਤੇ ਯਾਤਾਯਾਤ ਅਤੇ ਸੰਚਾਰ, ਬੈਂਕਾਂ, ਸਕੂਲਾਂ, ਬਜ਼ਾਰਾਂ, ਮਨੋਰੰਜਨ ਕੇਂਦਰਾਂ, ਹਸਪਤਾਲਾਂ, ਬਿਜਲੀ ਅਤੇ ਅਖਬਾਰਾਂ ਆਦਿ ਦੀਆਂ ਨਾਗਰੀ ਸੁਖ-ਸੁਵਿਧਾਵਾਂ ਹੋਣੀਆਂ ਚਾਹੀਦੀਆਂ ਹਨ। ਪਰਿਭਾਸ਼ਾ ਵਿੱਚ ਇਸ ਪਰਿਵਰਤਨ ਦੇ ਫਲਸਰੂਪ 812 ਖੇਤਰ (44 ਲੱਖ ਵਿਅਕਤੀਆਂ ਦੇ) ਜੋ 1951 ਦੀ ਜਨਗਣਨਾ ਵਿੱਚ ਕਸਬੇ ਘੋਸ਼ਿਤ ਕੀਤੇ ਗਏ ਸਨ, ਓਨਾਂ ਨੂੰ 1961 ਦੀ ਜਨਗਣਨਾ ਵਿੱਚ ਕਸਬੇ ਨਹੀਂ ਮੰਨਿਆ ਗਿਆ।

1961 ਦਾ ਆਧਾਰ 1971, 1981, 1991 ਦੀਆਂ ਜਨਗਣਨਾਵਾਂ ਵਿੱਚ ਵੀ ਕਸਬੇ ਦੀ ਪਰਿਭਾਸ਼ਾ ਕਰਦੇ ਸਮੇਂ ਅਪਣਾਇਆ ਗਿਆ। ਹੁਣ ਜਨਸਾਂਖਿਅਕੀ ਰੂਪ ਵਿੱਚ ਓਨਾਂ ਖੇਤਰਾਂ ਨੂੰ ਜਿਨਾਂ ਦੀ ਜਨਸੰਖਿਆ 5,000 ਅਤੇ 20,000 ਵਿਚਕਾਰ ਹੈ, ਛੋਟਾ ਕਸਬਾ (small town) ਮੰਨਿਆ ਜਾਂਦਾ ਹੈ, ਜਿਨਾਂ ਦੀ 20,000 ਅਤੇ 50,000 ਵਿਚਕਾਰ ਹੈ, ਓਨਾਂ ਨੂੰ ਵੱਡਾ ਕਸਬਾ (large town) ਮੰਨਿਆ ਜਾਂਦਾ ਹੈ, ਜਿਨਾਂ ਦੀ 50,000 ਅਤੇ ਇੱਕ ਲੱਖ ਦੇ ਵਿਚਕਾਰ ਹੈ, ਓਨਾਂ ਨੂੰ ਸ਼ਹਿਰ (city) ਕਿਹਾ ਜਾਂਦਾ ਹੈ, ਜਿਨਾਂ ਦੀ ਇੱਕ ਲੱਖ ਅਤੇ ਦਸ ਲੱਖ ਦੇ ਵਿਚਕਾਰ ਹੈ, ਓਨਾਂ ਨੂੰ ਵੱਡਾ ਸ਼ਹਿਰ (large city) ਕਿਹਾ ਜਾਂਦਾ ਹੈ, ਜਿਨਾਂ ਦੀ 10 ਅਤੇ 50 ਲੱਖ ਦੇ ਵਿੱਚ ਹੈ, ਉਸ ਨੂੰ ਵਿਸ਼ਾਲ ਨਗਰ (mega city) ਕਿਹਾ ਜਾਂਦਾ ਹੈ ਅਤੇ ਜਿਸ ਵਿੱਚ 50 ਲੱਖ ਤੋਂ ਅਧਿਕ ਵਿਅਕਤੀ ਹਨ, ਉਸ ਨੂੰ ਮਹਾਂਨਗਰ (metropolitan city) ਕਿਹਾ ਜਾਂਦਾ ਹੈ।

ਸਮਾਜਸ਼ਾਸਤਰੀ "ਨਗਰ" ਦੀ ਪਰਿਭਾਸ਼ਾ ਵਿੱਚ ਜਨਸੰਖਿਆ ਦੇ ਆਕਾਰ ਨੂੰ ਅਧਿਕ ਮਹੱਤਵ ਨਹੀਂ ਦਿੰਦੇ ਕਿਓਂਕਿ ਨਿਊਨਤਮ ਜਨਸੰਖਿਆ ਦੇ ਮਾਨਦੰਡ ਕਾਫੀ ਬਦਲਦੇ ਰਹਿੰਦੇ ਹਨ; ਉਦਾਹਰਣ ਲਈ ਨੀਦਰਲੈਂਡ ਵਿੱਚ ਇੱਕ ਸਥਾਨ ਨੂੰ ਨਗਰ ਕਹਿਲਵਾਓਣ ਲਈ 20,000 ਦੀ ਨਿਊਨਤਮ ਜਨਸੰਖਿਆ ਦੀ ਜ਼ਰੂਰਤ ਹੈ; ਫ੍ਰਾਂਸ, ਆਸਟ੍ਰੀਆ ਅਤੇ ਪੱਛਮੀ ਜਰਮਨੀ ਵਿੱਚ ਇਹ 2,000 ਹੈ; ਜਾਪਾਨ ਵਿੱਚ 3,000 ਹੈ; ਅਮਰੀਕਾ ਵਿੱਚ 3,500 ਹੈ ਆਦਿ। ਇਸ ਪ੍ਰਕਾਰ ਓਹ ਜਨਸੰਖਿਆ ਦੇ ਆਕਾਰ ਦੀ ਥਾਂ ਤੇ ਵਿਸ਼ੇਸ਼ਤਾਵਾਂ ਨੂੰ ਅਧਿਕ ਮਹੱਤਵ ਦਿੰਦੇ ਹਨ। ਥਿਓਡਾਰਸਨ ਨੇ 'ਸ਼ਹਿਰੀ ਸਮੁਦਾਏ' ਦੀ ਪਰਿਭਾਸ਼ਾ ਇਸ ਤਰਾਂ ਦਿੱਤੀ ਹੈ ਕਿ "ਇਹ ਓਹ ਸਮੁਦਾਏ ਹੈ ਜਿਸ ਦੀ ਜਨਸੰਖਿਆ ਦੀ ਘਣਤਾ (density) ਬਹੁਤ ਹੈ, ਜਿੱਥੇ ਗੈਰ-ਖੇਤੀ ਕਾਰੋਬਾਰਾਂ ਦੀ ਸਰਵਾਧਿਕਤਾ (predominance) ਹੈ, ਇੱਕ ਉੱਚੇ ਸਤਰ ਦੀ ਵਿਸ਼ੇਸ਼ੱਗਤਾ (specialisation) ਹੈ ਜਿਸ ਦੇ ਫਲਸਰੂਪ ਸ਼੍ਰਮ ਵਿਭਾਜਨ ਜਟਿਲ ਹੁੰਦਾ ਹੈ ਅਤੇ ਸਥਾਨਿਕ ਸ਼ਾਸਨ ਦੀ ਔਪਚਾਰਿਕ ਢੰਗ ਨਾਲ ਵਿਵਸਥਾ ਹੁੰਦੀ ਹੈ। ਉਸ ਦੀਆਂ ਵਿਸ਼ੇਸ਼ਤਾਵਾਂ ਵਿੱਚ ਅਵਿਅਕਤਿਕ ਦੋਗਲੇ ਸੰਬੰਧ ਪ੍ਰਚਾਲਿਤ ਹੁੰਦੇ ਹਨ ਅਤੇ ਔਪਚਾਰਿਕ ਸਮਾਜਿਕ ਨਿਯੰਤਰਣਾਂ ਉੱਤੇ ਨਿਰਭਰਤਾ ਰਹਿੰਦੀ ਹੈ।" ਰਾਬਰਟ ਰੇਡਫੀਲਡ (ਅਮਰੀਕਨ ਜਰਨਲ ਓਫ ਸੋਸ਼ੋਲੋਜੀ, ਜਨਵਰੀ, 1942) ਦੇ ਅਨੁਸਾਰ ਸ਼ਹਿਰੀ ਸਮਾਜ ਦੀਆਂ ਵਿਸ਼ੇਸ਼ਤਾਵਾਂ ਇਹ ਹੁੰਦੀਆਂ ਹਨ ਕਿ "ਓਹ ਇੱਕ ਵੱਡੀ ਵਿਸ਼ਮਰੂਪੀ (heterogeneous) ਜਨਸੰਖਿਆ ਹੁੰਦੀ ਹੈ, ਉਸ ਦਾ ਦੂਜੇ ਸਮਾਜਾਂ ਨਾਲ ਨਿਕਟ ਸੰਬੰਧ ਹੁੰਦਾ ਹੈ (ਵਪਾਰ, ਸੰਚਾਰ ਆਦਿ ਦੇ ਜਰੀਏ), ਉਸ ਵਿੱਚ ਇੱਕ ਜਟਿਲ ਸ਼੍ਰਮ ਵਿਭਾਜਨ ਹੁੰਦਾ ਹੈ, ਸੰਸਾਰਿਕ ਮਾਮਲਿਆਂ ਨੂੰ ਪਵਿੱਤਰ ਮਾਮਲਿਆਂ ਦੀ ਬਜਾਏ ਅਧਿਕ ਮਹੱਤਵ ਦਿੱਤਾ ਜਾਂਦਾ ਹੈ ਅਤੇ ਨਿਸ਼ਚਿਤ ਉਦੇਸ਼ਾਂ ਦੇ ਪ੍ਰਤੀ ਵਿਵੇਕਪੂਰਣ ਤਰੀਕੇ ਨਾਲ ਵਿਵਹਾਰ ਨੂੰ ਸੁਵਿਵਸਥਿਤ ਕਰਣ ਦੀ ਇੱਛਾ ਹੁੰਦੀ ਹੈ। ਓਹ ਪਾਰੰਪਰਿਕ ਮਾਨਦੰਡਾਂ ਦਾ ਅਨੁਸਰਣ ਨਹੀਂ ਕਰਦੇ।

**ਨਗਰੀਕਰਣ (Urbanization):** ਜਨਸੰਖਿਆ ਦਾ ਪੇਂਡੂ ਖੇਤਰਾਂ ਤੋਂ ਨਗਰੀ ਖੇਤਰਾਂ ਵਿੱਚ ਜਾਣਾ 'ਨਗਰੀਕਰਣ' ਕਹਿਲਾਓਂਦਾ ਹੈ। ਇਸ ਦੇ ਫਲਸਰੂਪ, ਜਨਸੰਖਿਆ ਦਾ ਵਧਦਾ ਹੋਇਆ ਭਾਗ ਪੇਂਡੂ ਖੇਤਰਾਂ ਵਿੱਚ ਰਹਿਣ ਦੀ ਬਜਾਏ ਸ਼ਹਿਰੀ ਸਥਾਨਾਂ ਵਿੱਚ

ਨੋਟ

ਰਹਿੰਦਾ ਹੈ। ਥਾਮਸਨ ਵਾਰਨ (ਐਨਸਾਈਕਲੋਪੀਡੀਆ ਓਫ ਸੋਸ਼ਲ ਸਾਂਈਸੀਜ਼) ਨੇ ਇਸ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਹੈ: "ਇਹ ਅਜਿਹੇ ਸਮੁਦਾਵਾਂ ਦੇ ਵਿਅਕਤੀਆਂ, ਜੋ ਮੁੱਖ ਰੂਪ ਨਾਲ ਜਾਂ ਪੂਰੇ ਰੂਪ ਨਾਲ ਖੇਤੀ ਨਾਲ ਜੁੜੇ ਹੋਏ ਹਨ, ਦਾ ਓਨਾਂ ਸਮੁਦਾਵਾਂ ਵਿੱਚ ਜਾਣਾ ਹੈ ਜੋ ਆਮ ਤੌਰ ਤੇ (ਆਕਾਰ ਵਿੱਚ) ਓਨਾਂ ਤੋਂ ਵੱਡੇ ਹਨ ਅਤੇ ਜਿਨਾਂ ਦੀਆਂ ਗਤੀਵਿਧੀਆਂ ਮੁੱਖ ਰੂਪ ਨਾਲ ਸਰਕਾਰ, ਵਪਾਰ, ਉਤਪਾਦਨ ਜਾਂ ਇਨਾਂ ਨਾਲ ਸੰਬੰਧਿਤ ਕਾਰੋਬਾਰਾਂ ਉੱਤੇ ਕੇਂਦਰਿਤ ਹੈ।" ਐਂਡਰਸਨ ਦੇ ਅਨੁਸਾਰ ਨਗਰੀਕਰਣ ਇੱਕਤਰਫਾ ਪ੍ਰਕ੍ਰਿਆ ਨਾ ਹੋ ਕੇ ਦੋਤਰਫਾ ਪ੍ਰਕ੍ਰਿਆ ਹੈ। ਇਸ ਵਿੱਚ ਕੇਵਲ ਪਿੰਡਾਂ ਤੋਂ ਸ਼ਹਿਰਾਂ ਵਿੱਚ ਜਾਣਾ ਨਹੀਂ ਹੁੰਦਾ, ਪ੍ਰੰਤੂ ਇਸ ਵਿੱਚ ਪ੍ਰਵਾਸੀ ਦੇ ਰੁਖਾਂ, ਵਿਸ਼ਵਾਸਾਂ, ਮੁੱਲਾਂ ਅਤੇ ਵਿਵਹਾਰ ਦੇ ਸਰੂਪਾਂ ਵਿੱਚ ਵੀ ਪਰਿਵਰਤਨ ਹੁੰਦਾ ਹੈ।

**ਨਾਗਰਿਤਾ (Urbanism):** ਨਾਗਰਿਤਾ ਇੱਕ ਜੀਵਨ ਪੱਧਤੀ (way of life) ਹੈ। ਇਹ ਸਮਾਜ ਦਾ ਅਜਿਹਾ ਸੰਗਠਨ ਹੈ ਜਿਸ ਵਿੱਚ ਸ਼੍ਰਮ ਦਾ ਜਟਿਲ ਵਿਭਾਜਨ, ਉਦਯੋਗਿਕੀ ਦੇ ਉੱਚੇ ਸਤਰ, ਉੱਚ ਗਤੀਸ਼ੀਲਤਾ, ਆਰਥਿਕ ਕੰਮਾਂ ਨੂੰ ਪੂਰਾ ਕਰਣ ਲਈ ਉਸ ਦੇ ਮੈਂਬਰਾਂ ਦਾ ਆਪਸੀ ਸਹਿਯੋਗ ਅਤੇ ਸਮਾਜਿਕ ਸੰਬੰਧਾਂ ਵਿੱਚ ਅਵਿਅਕਤਿਕਤਾ (impersonality) ਦਾ ਸਮਾਵੇਸ਼ ਹੁੰਦਾ ਹੈ।

**ਨਾਗਰਿਤਾ ਜਾਂ ਨਗਰੀ ਵਿਵਸਥਾ ਦੀਆਂ ਵਿਸ਼ੇਸ਼ਤਾਵਾਂ (Characteristics of Urbanism or Urban System):** ਲੁਈਸ ਵਰਥ (Louis Wirth: 1938: 49) ਨੇ ਨਾਗਰਿਤਾ ਦੀਆਂ ਚਾਰ ਵਿਸ਼ੇਸ਼ਤਾਵਾਂ ਦੱਸੀਆਂ ਹਨ:

- ਸਥਾਇੱਤਵ (Transiency): ਇੱਕ ਨਗਰ ਨਿਵਾਸੀ ਆਪਣੇ ਪਰਿਚਿਤਾਂ ਨੂੰ ਭੁੱਲਦਾ ਰਹਿੰਦਾ ਹੈ ਅਤੇ ਨਵੇਂ ਵਿਅਕਤੀਆਂ ਨਾਲ ਸੰਬੰਧ ਬਣਾਓਂਦਾ ਰਹਿੰਦਾ ਹੈ। ਓਨਾਂ ਦੇ ਆਪਣੇ ਪੜੌਸੀਆਂ ਨਾਲ ਅਤੇ ਕਲਬ ਆਦਿ ਜਿਹੇ ਸਮੂਹਾਂ ਦੇ ਮੈਂਬਰਾਂ ਨਾਲ ਜ਼ਿਆਦਾ ਮਿੱਤਰਤਾ ਭਰੇ ਸੰਬੰਧ ਨਹੀਂ ਹੁੰਦੇ, ਇਸ ਲਈ ਚਲੇ ਜਾਣ ਨਾਲ ਉਸ ਨੂੰ ਕੋਈ ਚਿੰਤਾ ਨਹੀਂ ਹੁੰਦੀ।
- ਸਤਹੀਪਣ (Superficiality): ਇੱਕ ਨਾਗਰਿਕ ਕੁਝ ਹੀ ਵਿਅਕਤੀਆਂ ਨਾਲ ਗੱਲਬਾਤ ਕਰਦਾ ਹੈ ਅਤੇ ਓਨਾਂ ਨਾਲ ਵੀ ਉਸ ਦੇ ਸੰਬੰਧ ਅਵਿਅਕਤਿਕ ਅਤੇ ਅਣ-ਔਪਚਾਰਿਕ ਹੁੰਦੇ ਹਨ। ਵਿਅਕਤੀ ਇੱਕੇ ਦੂਜੇ ਨਾਲ ਅਤਿਅੰਤ ਅਲੱਗ ਭੂਮਿਕਾਵਾਂ ਵਿੱਚ ਮਿਲਦੇ ਹਨ। ਓਹ ਆਪਣੇ ਜੀਵਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਣ ਲਈ ਜ਼ਿਆਦਾ ਵਿਅਕਤੀਆਂ ਉੱਤੇ ਨਿਰਭਰ ਹੁੰਦੇ ਹਨ।
- ਗੁਮਨਾਮੀ (anonymity): ਨਗਰਵਾਸੀਆਂ ਦੇ ਇੱਕ ਦੂਜੇ ਨਾਲ ਪੱਕੇ ਸੰਬੰਧ ਨਹੀਂ ਹੁੰਦੇ। ਵਿਅਕਤਿਕ ਆਪਸੀ ਪਰਿਚਿਤਤਾ (acquaintanceship) ਜੋ ਆਸ-ਪੜੌਸ ਦੇ ਵਿਅਕਤੀਆਂ ਵਿੱਚ ਨਿਹਿਤ ਹੁੰਦੀ ਹੈ, ਨਗਰ ਵਿੱਚ ਨਹੀਂ ਹੁੰਦੀ।
- ਵਿਅਕਤੀਵਾਦ (individualism): ਵਿਅਕਤੀ ਆਪਣੇ ਨਿਹਿਤ ਸਵਾਰਥਾਂ ਨੂੰ ਜ਼ਿਆਦਾ ਮਹੱਤਵ ਦਿੰਦੇ ਹਨ।

ਰੂਥਗਲਾਸ ਨੇ ਨਾਗਰਿਤਾ ਦੀਆਂ ਨਿਮਨਲਿਖਿਤ ਵਿਸ਼ੇਸ਼ਤਾਵਾਂ ਦੱਸੀਆਂ ਹਨ: ਗਤੀਸ਼ੀਲਤਾ, ਗੁਮਨਾਮੀਪਣ, ਵਿਅਕਤੀਵਾਦ, ਅਵਿਅਕਤਿਕ ਸੰਬੰਧ ਸਮਾਜਿਕ ਭੇਦੀਕਰਣ (differentiation), ਅਸਥਾਇੱਤਵ ਅਤੇ ਯਾਂਤਰਿਕ (organic) ਏਕਤਾ। ਐਂਡਰਸਨ ਨੇ ਨਾਗਰਿਤਾ ਦੀਆਂ ਤਿੰਨ ਵਿਸ਼ੇਸ਼ਤਾਵਾਂ ਨੂੰ ਸੂਚੀਬੱਧ ਕੀਤਾ ਹੈ: ਸਾਮੰਜਸ (adjustability), ਗਤੀਸ਼ੀਲਤਾ ਅਤੇ ਫੈਲਾਵ (diffusion)। ਮਾਰਸ਼ਲ ਕਿਲਨਾਰਡ (Marshall Clinard: 1957) ਨੇ ਦੁਰਤਗਾਮੀ ਸਮਾਜਿਕ ਪਰਿਵਰਤਨ, ਪ੍ਰਤੀਮਾਨਾਂ ਅਤੇ ਮੁੱਲਾਂ ਦੇ ਵਿੱਚ ਸੰਘਰਸ਼, ਜਨਸੰਖਿਆ ਦੀ ਵਧਦੀ ਹੋਈ ਗਤੀਸ਼ੀਲਤਾ, ਭੌਤਿਕ ਵਸਤਾਂ ਉੱਤੇ ਬਲ ਅਤੇ ਅਭਿੰਨ ਅੰਤਰ ਵਿਅਕਤਿਕ ਸੰਪਰਕ (intimate interpersonal communication) ਵਿੱਚ ਅਵਨਤੀ (decline) ਨੂੰ ਨਾਗਰਿਤਾ ਦੀਆਂ ਮਹੱਤਵਪੂਰਣ ਵਿਸ਼ੇਸ਼ਤਾਵਾਂ ਦੱਸਿਆ ਹੈ। ਕੇ. ਡੇਵਿਸ (1953) ਨੇ ਨਗਰੀ ਸਮਾਜਿਕ ਵਿਵਸਥਾ ਦੀਆਂ ਅੱਠ ਵਿਸ਼ੇਸ਼ਤਾਵਾਂ ਦਾ ਉਲੇਖ ਕੀਤਾ ਹੈ: ਸਮਾਜਿਕ ਵਿਸ਼ਮਤਾ (heterogeneity) (ਨਗਰੀ ਖੇਤਰਾਂ ਵਿੱਚ ਵਿਭਿੰਨ ਧਰਮਾਂ, ਭਾਸ਼ਾਵਾਂ, ਜਾਤੀਆਂ ਅਤੇ ਵਰਗਾਂ ਦੇ ਵਿਅਕਤੀ ਰਹਿੰਦੇ ਹਨ ਅਤੇ ਉੱਥੇ ਕਾਰੋਬਾਰ ਵਿੱਚ ਵੀ ਵਿਸ਼ੇਸ਼ੱਗਤਾ ਹੁੰਦੀ ਹੈ), (ਦੋਗਲੇ ਸੰਬੰਧ, ਸਮਾਜਿਕ ਗਤੀਸ਼ੀਲਤਾ, ਵਿਅਕਤੀਵਾਦ, ਸਥਾਨ ਸੰਬੰਧੀ ਅਲਗਾਵ (spatial segregation), ਸਮਾਜਿਕ ਸਹਿਣਸ਼ੀਲਤਾ, ਦੋਹਰਾ ਨਿਯੰਤਰਣ ਅਤੇ ਸਵੈਸੇਵੀ ਸੰਸਥਾਵਾਂ।

ਲੁਈਸ ਵਰਥ ਨੇ ਨਾਗਰਿਤਾ ਦੀਆਂ ਚਾਰ ਵਿਸ਼ੇਸ਼ਤਾਵਾਂ ਦੱਸੀਆਂ ਹਨ: ਜਨਸੰਖਿਆ ਵਿੱਚ ਭਿੰਨਤਾ, ਕਾਰਜ ਦੀ ਵਿਸ਼ੇਸ਼ੱਗਤਾ, ਗੁਮਨਾਮੀ, ਅਵਿਅਕਤਿਕਤਾ ਅਤੇ ਜੀਵਨ ਅਤੇ ਵਿਵਹਾਰ ਦਾ ਮਾਣਕੀਕਰਣ (standardization)। ਚਾਹੇ ਇਹ ਵਿਸ਼ੇਸ਼ਤਾਵਾਂ ਨਗਰੀ ਵਿਅਕਤੀ ਅਤੇ ਉਸ ਦੇ ਜੀਵਨ ਦਾ ਅਤਿਰੰਜਿਤ ਚਿੱਤਰ ਦਰਸਾਓਂਦੀਆਂ ਹਨ ਫਿਰ ਵੀ ਓਨਾਂ ਦਾ ਵਿਸ਼ਲੇਸ਼ਣ ਇੱਥੇ ਜ਼ਰੂਰੀ ਹੈ-

1. ਜਨਸੰਖਿਆ ਦੀ ਵਿਸ਼ਮਤਾ (Heterogeneity of Population): ਵਿਭਿੰਨ ਖੇਤਰਾਂ ਤੋਂ ਵਿਅਕਤੀਆਂ ਦਾ ਪ੍ਰਵਾਸ ਨਗਰਾਂ ਵਿੱਚ ਵੱਡੀ ਸੰਖਿਆ ਲਈ ਉੱਤਰਦਾਈ ਹੈ। ਇਸ ਦੇ ਕਾਰਣ ਵਿਭਿੰਨ ਪ੍ਰਸ਼ਠਭੂਮੀਆਂ ਅਤੇ ਵਿਸ਼ਵਾਸਾਂ ਦੇ ਵਿਅਕਤੀ ਨਾਲ ਨਾਲ ਰਹਿੰਦੇ ਹਨ। ਵਿਅਕਤੀਆਂ ਦਾ ਇਹ ਮਿਸ਼ਰਣ ਅਣ-ਔਪਚਾਰਿਕ ਨਿਯੰਤਰਣਾਂ (ਲੋਕਾਚਾਰ ਅਤੇ ਪ੍ਰਥਾਵਾਂ) ਦੇ ਸੰਚਾਲਨ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਵਿਅਕਤੀਆਂ ਅਤੇ ਸਮੂਹਾਂ ਦੇ ਵਿਵਹਾਰ ਨੂੰ ਨਿਯੰਤਰਿਤ ਕਰਣ ਲਈ ਔਪਚਾਰਿਕ ਰੂਪ ਨਾਲ ਬਣਾਏ ਹੋਏ ਰਚਨਾ-ਤੰਤਰਾਂ (mechanisms) ਉੱਤੇ ਨਿਰਭਰਤਾ ਵਧ ਜਾਂਦੀ ਹੈ। ਵਿਅਕਤੀ ਸਮੂਹਿਕ ਭਾਵਨਾਵਾਂ (common sentiments) ਵਿੱਚ ਹੁਣ ਆਸਥਾ ਨਹੀਂ ਰੱਖਦੇ ਅਤੇ ਹੋਰ ਸੰਸਕ੍ਰਿਤੀਆਂ

ਦੇ ਨਵੀਨ ਵਿਚਾਰਾਂ ਨਾਲ ਪ੍ਰਵਾਸੀਆਂ ਦੇ ਸੰਪਰਕ ਦੁਆਰਾ ਪ੍ਰਭਾਵਿਤ ਹੋ ਕੇ ਓਹ ਪੁਰਾਣੇ ਵਿਸ਼ਵਾਸਾਂ ਅਤੇ ਕੋਸ਼ਿਸ਼ਾਂ ਵਿੱਚ ਅਵਿਸ਼ਵਾਸ ਪ੍ਰਗਟ ਕਰਦੇ ਹਨ ਅਤੇ ਇਸ ਪ੍ਰਕਾਰ ਦੇ ਨਵੇਂ ਰੁਖਾਂ ਅਤੇ ਜੀਵਨਸ਼ੈਲੀਆਂ ਨੂੰ ਅਪਣਾ ਲੈਂਦੇ ਹਨ ਜੋ ਓਨਾਂ ਦੀ ਆਰਥਿਕ ਪ੍ਰਤਿਸ਼ਠਾ (status) ਨੂੰ ਵਧਾਓਣ ਵਿੱਚ ਅਤੇ ਸਾਮੰਜਸ ਦੀਆਂ ਸਮੱਸਿਆਵਾਂ ਨੂੰ ਨਿਬਟਾਓਣ ਵਿੱਚ ਓਨਾਂ ਦੀ ਮਦਦ ਕਰਦੇ ਹਨ। ਪਰਿਵਾਰ ਅਤੇ ਪੜੌਸ ਦਾ ਪ੍ਰਭਾਵ ਘੱਟ ਹੋ ਜਾਂਦਾ ਹੈ ਅਤੇ ਵਿਅਕਤੀਆਂ ਵਿੱਚ ਇਸ ਪ੍ਰਸ਼ਨ ਉੱਤੇ, ਕਿ ਵਿਵਹਾਰ ਕਰਣ ਦਾ 'ਸਹੀ' ਤਰੀਕਾ ਕੀ ਹੈ, ਝਗੜਾ ਹੋ ਜਾਂਦਾ ਹੈ।

2. ਕਾਰਜ ਅਤੇ ਵਿਵਹਾਰ ਦੀ ਵਿਸ਼ੇਸ਼ੱਗਤਾ (Specialisation of function and behaviour): ਨਗਰ ਦੀ ਜਨਸੰਖਿਆ ਦੀ ਭਿੰਨਤਾ ਅਤੇ ਉਸ ਦਾ ਵੱਡਾ ਆਕਾਰ ਵਿਸ਼ੇਸ਼ੱਗਤਾ ਦੇ ਵਿਕਾਸ ਨੂੰ ਉਤਸਾਹਿਤ ਕਰਦਾ ਹੈ। ਕਿਓਂਕਿ ਨਗਰ ਵਿੱਚ ਜੀਵਨ ਦੇ ਕਈ ਪਹਿਲੂ ਹੁੰਦੇ ਹਨ ਅਤੇ ਇੱਕ ਵਿਅਕਤੀ ਓਨਾਂ ਵਿੱਚੋਂ ਕੁਝ ਵਿੱਚ ਹੀ ਭਾਗ ਲੈ ਸਕਦਾ ਹੈ ਤਾਂ ਓਹ ਚੁਣਨਯੋਗ (choosy) ਹੋ ਜਾਂਦਾ ਹੈ ਅਤੇ ਕੇਵਲ ਕੁਝ ਹੀ ਖੇਤਰਾਂ ਵਿੱਚ ਰੁਚੀ ਲੈਂਦਾ ਹੈ। ਕਾਰਜ ਵਿੱਚ ਵਿਸ਼ੇਸ਼ੱਗਤਾ ਭਿੰਨ ਭਿੰਨ ਜੀਵਨ ਦੇ ਸਰੂਪਾਂ ਨੂੰ ਉਤਸਾਹਿਤ ਕਰਦੀ ਹੈ। ਉਦਾਹਰਣ ਲਈ, ਡਾਕਟਰਾਂ, ਇੰਜੀਨਿਅਰਾਂ, ਵਪਾਰੀਆਂ, ਵਕੀਲਾਂ, ਪ੍ਰਸ਼ਾਸਕਾਂ, ਕਾਰਖਾਨਿਆਂ ਦੇ ਮਜ਼ਦੂਰਾਂ, ਅਧਿਆਪਕਾਂ, ਬਾਬੂਆਂ ਅਤੇ ਪੁਲਿਸ ਕਰਮੀਆਂ ਦੇ ਭਿੰਨ ਜੀਵਨ ਸਰੂਪ, ਭਿੰਨ ਅਭਿਰੁਚੀਆਂ ਅਤੇ ਭਿੰਨ ਜੀਵਨ-ਦਰਸ਼ਨ ਹੁੰਦੇ ਹਨ। ਹਰ ਵਿਸ਼ੇਸ਼ੱਗ ਸਮੂਹ ਸਮਾਜ ਨੂੰ ਆਪਣਾ ਯੋਗਦਾਨ ਦਿੰਦਾ ਹੈ ਅਤੇ ਇਸ ਪ੍ਰਕਾਰ ਮਿਹਨਤ ਦਾ ਵਿਭਾਜਨ ਹੋ ਜਾਂਦਾ ਹੈ। ਇਸ ਪ੍ਰਕਾਰ ਦੇ ਸ਼੍ਰਮ ਦਾ ਵਿਭਾਜਨ ਇੱਕ ਵਿਅਕਤੀ ਨੂੰ ਆਪਣੇ ਗਿਆਨ ਅਤੇ ਖਮਤਾਵਾਂ ਦੀ ਤੁਲਨਾ ਵਿੱਚ ਅਧਿਕ ਵਿਆਪਕ ਸੇਵਾਵਾਂ ਤੋਂ ਲਾਭਾਂਵਿਤ ਕਰਦਾ ਹੈ। ਨਗਰ ਵਿੱਚ ਹਰ ਵਿਅਕਤੀ ਵਿਸ਼ੇਸ਼ੱਗਾਂ ਜਿਵੇਂ ਡਾਕਟਰਾਂ, ਮਿਸਤਰੀਆਂ, ਦੁਕਾਨਦਾਰਾਂ, ਦਰਜੀਆਂ, ਧੋਬੀਆਂ ਆਦਿ ਉੱਤੇ ਨਿਰਭਰ ਹੋ ਜਾਂਦਾ ਹੈ। ਉਸ ਨੂੰ ਹਰ ਕਾਰੋਬਾਰ ਦੀ ਤਕਨੀਕ ਨੂੰ ਸਿੱਖਣ ਦੀ ਜ਼ਰੂਰਤ ਨਹੀਂ ਹੁੰਦੀ।

ਵਿਸ਼ੇਸ਼ੱਗਤਾ ਵਿਅਕਤੀ ਨੂੰ ਕੰਮ ਕਰਣ, ਆਪਣੇ ਆਪ ਨੂੰ ਅਭਿਵਿਅਕਤ ਕਰਣ ਅਤੇ ਆਪਣੀਆਂ ਅੰਤਰਸ਼ਕਤੀਆਂ ਨੂੰ ਵਿਕਸਿਤ ਕਰਣ ਦੇ ਵਿਵਿਧ ਮੌਕੇ ਪ੍ਰਦਾਨ ਕਰਦੀ ਹੈ। ਚਾਹੇ ਸੰਪਰਕ ਅਪ੍ਰਧਾਨ ਅਤੇ ਔਪਚਾਰਿਕ ਹੋ ਜਾਂਦੇ ਹਨ ਅਤੇ ਸਮੂਹਿਕ ਜੀਵਨ ਬਤੀਤ ਕਰਣ ਅਤੇ ਸਮੂਹਿਕ ਸੰਬੰਧਾਂ ਦੀ ਭਾਵਨਾ ਖਤਮ ਹੋ ਜਾਂਦੀ ਹੈ।

ਇੱਕ ਅਜਿਹੀ ਸਮਾਜਿਕ ਵਿਵਸਥਾ ਵਿੱਚ ਜਿੱਥੇ ਜਨਸੰਖਿਆ ਵਿੱਚ ਭਿੰਨਤਾ ਹੈ ਅਤੇ ਵਿਵਹਾਰ ਦੇ ਸਰੂਪਾਂ ਵਿੱਚ ਵਿਵਿਧਤਾ ਹੈ, ਉੱਥੇ ਇੱਕ ਨਿਸ਼ਚਿਤ ਪਰਿਸਥਿਤੀਆਂ ਵਿੱਚ ਉਚਿਤ ਵਿਵਹਾਰ ਦੇ ਕਈ ਵਿਕਲਪਾਂ ਦੇ ਹੋਣ ਨਾਲ ਭ੍ਰਾਂਤੀਆਂ ਉਤਪੰਨ ਹੋਣ ਦੀ ਅਧਿਕ ਸੰਭਾਵਨਾ ਹੁੰਦੀ ਹੈ। ਉਦਾਹਰਣ ਲਈ, ਇੱਕ ਵਿਦਿਆਰਥੀ ਦੂਜੇ ਵਿਦਿਆਰਥੀ ਨੂੰ ਅਨੁਚਿਤ ਸਾਧਨਾਂ ਦਾ ਪ੍ਰਯੋਗ ਕਰ ਕੇ ਪ੍ਰਥਮ ਸ਼੍ਰੇਣੀ ਵਿੱਚ ਆਓਂਦਾ ਹੋਇਆ ਦੇਖਦਾ ਹੈ ਤਾਂ ਓਹ ਸੋਚਦਾ ਹੈ ਕਿ ਕੀ ਉਸ ਨੂੰ ਵੀ ਓਹੀ ਚੀਜ਼ ਕਰਨੀ ਚਾਹੀਦੀ ਹੈ? ਇੱਕ ਵਿਅਕਤੀ ਦੂਜੇ ਵਿਅਕਤੀ ਨੂੰ 10,000 ਰੁਪਏ ਦਿੰਦੇ ਹੋਏ ਅਤੇ ਪੁਲਿਸ ਉਪ-ਨਿਰੀਖਕ ਦੀ ਨੌਕਰੀ ਮਿਲਦੇ ਹੋਏ ਦੇਖਦਾ ਹੈ। ਉਸ ਨੂੰ ਭ੍ਰਮ (confusion) ਹੋ ਜਾਂਦਾ ਹੈ ਕਿ ਕੀ ਉਸ ਨੂੰ ਇਸ ਮਾਮਲੇ ਦੀ ਰਪਟ ਕਰਾਓਣੀ ਚਾਹੀਦੀ ਹੈ ਅਤੇ ਰਿਸ਼ਵਤ ਲੈਣ ਵਾਲੇ ਨੂੰ ਗਿਰਫਤਾਰ ਕਰਵਾ ਦੇਣਾ ਚਾਹੀਦਾ ਹੈ ਜਾਂ ਉਸ ਨੂੰ ਉਦਾਸੀਨਤਾ ਦਾ ਰੁਖ ਅਪਨਾਓਣਾ ਚਾਹੀਦਾ ਹੈ। ਨਗਰ ਦੇ ਜੀਵਨ ਵਿੱਚ ਇਹ ਨੈਤਿਕ, ਸਮਾਜਿਕ ਅਤੇ ਕਾਨੂੰਨੀ ਦੁਵਿਧਾਵਾਂ ਬਹੁਤ ਜ਼ਿਆਦਾ ਹੁੰਦੀਆਂ ਹਨ।

3. ਗੁਮਨਾਮੀ ਅਤੇ ਵਿਅਕਤਿਕਤਾ (Anonymity and Impersonality): ਨਗਰ ਵਿੱਚ ਜਨਸੰਖਿਆ ਦੀ ਭਾਰੀ ਘਣਤਾ (high population density) ਵਿਅਕਤਿਕ ਪਹਿਚਾਣ ਨੂੰ ਨਸ਼ਟ ਕਰਦੀ ਹੈ ਜਿਸ ਦੇ ਫਲਸਰੂਪ ਇੱਕਲਾਪਣ ਲਗਦਾ ਹੈ ਅਤੇ ਵਿਅਕਤੀ ਦਾ ਕਿਸੇ ਵਿਸ਼ੇਸ਼ ਨਾਲ ਸੰਬੰਧ ਹੋਣ ਦੀ ਭਾਵਨਾ ਖਤਮ ਹੋ ਜਾਦੀ ਹੈ। ਸੈਂਕੜੇ ਵਿਅਕਤੀ ਸਿਨੇਮਾ ਘਰ ਵਿੱਚ ਸਿਨੇਮਾ ਦੇਖਣ ਜਾਂਦੇ ਹਨ, ਇੱਕਠੇ ਆਨੰਦ ਲੈਂਦੇ ਹਨ ਅਤੇ ਹਸਦੇ ਹਨ, ਪ੍ਰੰਤੂ ਜਦੋਂ ਸਿਨੇਮਾ ਖਤਮ ਹੁੰਦਾ ਹੈ ਤਾਂ ਸਮੂਹਿਕ ਮਨੋਵੇਗ (common emotions) ਗੁਮਨਮੀ ਅਤੇ ਅਵਿਅਕਤਿਕਤਾ ਤੋਂ ਪਰਿਣਿਤ (disintegrate) ਹੋ ਜਾਂਦੇ ਹਨ। ਦੂਜੇ ਪਾਸੇ ਇਹ ਗੁਮਨਾਮੀ ਹੀ ਵਿਅਕਤੀਗਤ ਸੁਤੰਤਰਤਾ ਦਾ ਮਰਮ (crux) ਹੈ। ਦੂਜਿਆਂ ਵਿੱਚ ਰੁਚੀ ਦਾ ਅਭਾਵ ਇੱਕ ਵਿਅਕਤੀ ਨੂੰ ਅਨੁਰੂਪਤਾ (conformity) ਦੇ ਭਾਰੀ ਦਬਾਵਾਂ ਤੋਂ ਮੁਕਤ ਕਰਾਓਂਦਾ ਹੈ। ਕਈ ਪ੍ਰਕਰਣਾਂ ਵਿੱਚ ਉਸ ਦੀ ਦੂਜਿਆਂ ਦੇ ਪ੍ਰਤੀ ਜ਼ਿੰਮੇਦਾਰੀ ਪੈਸਾ ਭੁਗਤਾਨ ਕਰਣ ਨਾਲ ਖਤਮ ਹੋ ਜਾਂਦੀ ਹੈ। ਜਦੋਂ ਓਹ ਇੱਕ ਕਲਬ ਜਿਹੇ ਸਵੈਛਿੱਕ ਸਮੂਹ ਦਾ ਵੀ ਮੈਂਬਰ ਬਣਦਾ ਹੈ ਤਾਂ ਉਸ ਸਮੇਂ ਵੀ ਉਸ ਦਾ ਸਹਿਯੋਗ ਨਿਊਨਤਮ ਹੋ ਸਕਦਾ ਹੈ। ਉਸ ਨੂੰ ਦੂਜੇ ਮੈਂਬਰਾਂ ਦੀ ਸਵੀਕ੍ਰਿਤੀ ਪ੍ਰਾਪਤ ਕਰਣ ਦੀ ਜ਼ਰੂਰਤ ਨਹੀਂ ਹੁੰਦੀ, ਅਤੇ ਨਾ ਹੀ ਉਸ ਦੀਆਂ ਇੱਛਾਵਾਂ ਦੇ ਅਨੁਰੂਪ ਆਪਣੇ ਆਪ ਨੂੰ ਢਾਲਣ ਦੀ। ਓਹ ਦੂਜਿਆਂ ਨੂੰ ਚਾਹੇ ਦੇਖਦਾ (observe) ਰਹੇ, ਪ੍ਰੰਤੂ ਇਹ ਜ਼ਰੂਰੀ ਨਹੀਂ ਕਿ ਓਨਾਂ ਦੀਆਂ ਪ੍ਰੇਰਣਾਵਾਂ (stimuli) ਤੋਂ ਪ੍ਰਭਾਵਿਤ ਹੋਵੇ।

ਗੁਮਨਾਮਿਤਾ ਦਾ ਇੱਕ ਲਾਭ ਇਹ ਹੈ ਕਿ ਵਿਅਕਤੀਆਂ ਦੀ ਪਰਖ ਓਨਾਂ ਦੇ ਮਾਤਾ ਪਿਤਾ ਦੇ ਨਿਮਨ ਵਰਗ ਦੇ ਪਦ ਦੇ ਅਨੁਸਾਰ ਨਹੀਂ ਹੁੰਦੀ ਪ੍ਰੰਤੂ ਉਸ ਦਾ ਆਂਕਲਣ (evaluation) ਆਕਸਕਿਮ ਸੰਪਰਕਾਂ ਵਿੱਚ ਓਨਾਂ ਦੇ ਦਿਖਣ-ਬਣਨ (appearance) ਅਤੇ ਵਿਵਹਾਰ ਤੋਂ ਹੁੰਦਾ ਹੈ। ਨਗਰ ਦੇ ਜੀਵਨ ਦੀ ਗੁਮਨਾਮੀ ਅਤੇ ਅਵਿਅਕਤਿਕਤਾ ਇੱਕ

ਨੋਟ

ਵਿਅਕਤੀ ਨੂੰ ਜੋ ਹੋਰ ਉੱਚਾ ਪਦ ਪ੍ਰਾਪਤ ਕਰਣ ਦੀ ਇੱਛਾ ਰੱਖਦਾ ਹੈ, ਉੱਚੀ ਪ੍ਰਤਿਸ਼ਠਾ ਦੇ ਪ੍ਰਤੀਕਾਂ ਤੋਂ ਲਾਭ ਉਠਾਓਣ ਦੇ ਅਧਿਕ ਅਵਸਰ ਪ੍ਰਦਾਨ ਕਰਦੀ ਹੈ। ਉੱਚੀ ਪ੍ਰਤਿਸ਼ਠਾ ਦੇ ਪ੍ਰਤੀਕਾਂ ਜਿਵੇਂ ਆਕਰਸ਼ਕ ਕੱਪੜੇ ਪਾਓਣਾ, ਆਪਣੇ ਬੋਲ-ਚਾਲ ਅਤੇ ਆਚਰਣ ਵਿੱਚ ਸੁਧਾਰ ਕਰਨਾ, ਦੇ ਦੁਆਰਾ ਓਹ ਉੱਚੇ ਸਥਾਨਾਂ ਉੱਤੇ ਲੱਗੇ ਵਿਅਕਤੀਆਂ ਦੀ ਸਵੀਕ੍ਰਿਤੀ ਪ੍ਰਾਪਤ ਕਰ ਸਕਦਾ ਹੈ ਅਤੇ ਓਨਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਅੰਤ ਵਿੱਚ, ਇਨਾਂ ਸੰਪਰਕਾਂ ਦੁਆਰਾ ਆਪਣੇ ਇੱਛਿਤ ਉਦੇਸ਼ਾਂ ਦੀ ਪ੍ਰਾਪਤੀ ਕਰ ਸਕਦਾ ਹੈ।

4. ਵਿਵਹਾਰ ਦਾ ਮਾਣਕੀਕਰਣ (Standardisation of behaviour): ਸ਼ਹਿਰੀ ਜੀਵਨ ਵਿਅਕਤੀ ਤੋਂ ਉਸ ਦੇ ਵਿਵਹਾਰ ਦਾ ਮਾਣਕੀਕਰਣ ਕਰਣ ਦੀ ਉਮੀਦ ਕਰਦਾ ਹੈ ਜੋ ਅੰਤ ਵਿੱਚ ਉਸ ਨੂੰ ਅਤੇ ਦੂਜਿਆਂ ਨੂੰ (ਜਿਨਾਂ ਦੇ ਸੰਪਰਕ ਵਿੱਚ ਓਹ ਆਓਂਦਾ ਹੈ) ਇੱਕ ਦੂਜੇ ਨੂੰ ਸਮਝਣ ਵਿੱਚ ਮਦਦ ਕਰਦਾ ਹੈ ਅਤੇ ਆਪਸੀ ਸੰਬੰਧਾਂ ਨੂੰ ਸਰਲ ਬਣਾਓਂਦਾ ਹੈ। ਉਦਾਹਰਣ ਲਈ, ਇੱਕ ਦੁਕਾਨਦਾਰ ਤੋਂ ਗ੍ਰਾਹਕਾਂ ਦਾ ਤਾਂਤਾ ਇੱਕ ਹੀ ਪ੍ਰਕਾਰ ਦੇ ਪ੍ਰਸ਼ਨ ਪੁੱਛਦਾ ਹੈ। ਗ੍ਰਾਹਕ ਫਿਰ ਕਿਸ਼ਤਾਂ ਵਿੱਚ ਵੰਡ ਜਾਂਦੇ ਹਨ-ਵਿਅਕਤੀ ਜੋ ਭਾਅ ਦਾ ਤੋਲ-ਮੋਲ ਕਰਦਾ ਹੈ, ਵਿਅਕਤੀ ਜੋ ਗੁਣਵੱਤਾ (quality) ਚਾਹੁੰਦਾ ਹੈ, ਵਿਅਕਤੀ ਜੋ ਚੀਜ਼ਾਂ ਦੇਖਦਾ ਹੈ ਪ੍ਰੰਤੂ ਉਸ ਦਾ ਖਰੀਦਣ ਦਾ ਕੋਈ ਇਰਾਦਾ ਨਹੀਂ ਹੁੰਦਾ ਆਦਿ। ਅਨੁਭਵੀ ਦੁਕਾਨਦਾਰ ਜਲਦੀ ਹੀ ਇਹ ਸਮਝ ਜਾਂਦਾ ਹੈ ਕਿ ਓਹ ਕਿਸ ਕਿਸਮ ਦੇ ਗ੍ਰਾਹਕ ਨਾਲ ਨਿਬਟ ਰਿਹਾ ਹੈ ਅਤੇ ਓਹ ਅਜਿਹੀ ਵੇਚਣ ਦੀ ਰਣਨੀਤੀ ਦਾ ਪ੍ਰਯੋਗ ਕਰਦਾ ਹੈ ਜਿਸ ਨਾਲ ਉਸ ਵਿਸ਼ੇਸ਼ ਕਿਸਮ ਦੇ ਗ੍ਰਾਹਕ ਲਈ ਸਭ ਤੋਂ ਜ਼ਿਆਦਾ ਪ੍ਰਭਾਵੀ ਸਮਝਦਾ ਹੈ। ਇਹ ਦੁਕਾਨਦਾਰ ਅਤੇ ਗ੍ਰਾਹਕ ਦੋਹੀਂ ਦੀ ਵਿਕ੍ਰੀ ਦੀ ਕਾਰਵਾਈ ਸਰਲਤਾ ਅਤੇ ਜਲਦ ਢੰਗ ਨਾਲ ਕਰਣ ਵਿੱਚ ਸਹਾਇਕ ਹੁੰਦੀ ਹੈ। ਇਸ ਪ੍ਰਕਾਰ ਦੀਆਂ ਮਾਣਕਿਤ (standardized) ਉਮੀਦਾਂ ਅਤੇ ਵਿਵਹਾਰ ਸ਼ਹਿਰੀ ਜੀਵਨ ਦੇ ਅੰਗ ਹਨ। ਬਜ਼ਾਰ, ਕਲਬ, ਰੇਸਤਰਾਂ, ਬਸਾਂ, ਅਖਬਾਰ, ਟੀ. ਵੀ. ਅਤੇ ਸਕੂਲ/ਕਾਲਜ ਅਧਿਕਾਂਸ਼ ਮਾਣਕਿਤ ਚਿੱਤਰ ਪ੍ਰਦਰਸ਼ਿਤ ਕਰਦੇ ਹਨ। ਜੇਕਰ ਇੱਕ ਵਿਅਕਤੀ ਇਸ ਪ੍ਰਕਾਰ ਦੇ ਜੀਵਨ ਵਿੱਚ ਨਹੀਂ ਢਲ ਪਾਓਂਦਾ ਹੈ ਤਾਂ ਓਹ ਆਪਣੇ ਆਪ ਨੂੰ ਅਲੱਗ ਮਹਿਸੂਸ ਕਰਦਾ ਹੈ ਅਤੇ ਉਸ ਦੇ ਸਾਹਮਣੇ ਸਾਮੰਜਸ ਦੀ ਸਮੱਸਿਆ ਆਓਂਦੀ ਹੈ। ਨਗਰ ਦੀ ਜਨਸੰਖਿਆ ਦਾ ਵੱਡਾ ਆਕਾਰ ਵਿਵਹਾਰ ਦੇ ਮਾਣਕੀਕਰਣ ਉੱਤੇ ਵਿਸ਼ੇਸ਼ ਬਲ ਦਿੰਦਾ ਹੈ ਪ੍ਰੰਤੂ ਇਸ ਦਾ ਇਹ ਅਰਥ ਨਹੀਂ ਹੁੰਦਾ ਕਿ ਵਿਅਕਤੀਗਤ ਅਭਿਮੁਖੀਕਰਣਾਂ ਵਿੱਚ ਭਿੰਨਤਾ (divergence in individual orientations) ਸੰਭਵ ਨਹੀਂ ਹੈ।

ਸਾਰੋਕਿਨ ਅਤੇ ਜਿਮਰਮੇਨ ਨੇ ਸ਼ਹਿਰੀ ਸਮਾਜਿਕ ਵਿਵਸਥਾ ਦੀਆਂ ਨਿਮਨਾਂਕਿਤ ਵਿਸ਼ੇਸ਼ਤਾਵਾਂ ਦੀ ਪਹਿਚਾਣ ਕੀਤੀ ਹੈ:

1. ਗੈਰ-ਖੇਤੀ ਕਾਰੋਬਾਰ (Non-agricultural occupation): ਪੇਂਡੂ ਅਰਥ ਵਿਵਸਥਾ ਦਾ ਮੁੱਖ ਆਧਾਰ ਖੇਤੀ ਹੈ, ਵਪਾਰ ਅਤੇ ਉਦਯੋਗ ਸ਼ਹਿਰੀ ਅਰਥ ਵਿਵਸਥਾ ਦਾ ਆਧਾਰ ਹਨ। ਕਾਰੋਬਾਰ ਦੀ ਭਿੰਨਤਾ ਇਹ ਸੁਨਿਸ਼ਚਿਤ ਕਰਦੀ ਹੈ ਕਿ ਪੇਂਡੂ ਪ੍ਰਾਕ੍ਰਿਤਿਕ ਵਾਤਾਵਰਣ ਵਿੱਚ ਕੰਮ ਕਰਦੇ ਹਨ ਜਿਸ ਵਿੱਚ ਗਰਮੀ, ਸਰਦੀ ਆਦਿ ਨੂੰ ਅਭਿਨਵ ਪਰਿਵਰਤਨ ਵਾਲੀਆਂ ਪ੍ਰਵੀਣਤਾਵਾਂ (innovative skills) ਨਾਲ ਨਿਯੰਤਰਿਤ ਕੀਤਾ ਜਾਂਦਾ ਹੈ। ਜੇਮਸ ਵਿਲੀਅਮਸ (1958) ਦੇ ਅਨੁਸਾਰ ਬਣਾਵਟੀ ਵਾਤਾਵਰਣ ਵਿੱਚ ਕੰਮ ਕਰਣ ਨਾਲ ਵਿਅਕਤੀਆਂ ਦੇ ਵਿਚਾਰ ਅਤੇ ਵਿਵਹਾਰਾਂ ਦੇ ਸਰੂਪ ਪ੍ਰਭਾਵਿਤ ਹੁੰਦੇ ਹਨ। ਇਸ ਪ੍ਰਕਾਰ ਕਾਰੋਬਾਰੀ ਭਿੰਨਤਾਵਾਂ ਦੇ ਕਾਰਣ ਸ਼ਹਿਰੀ ਖੇਤਰਾਂ ਵਿੱਚ ਸਾਨੂੰ ਉਦਾਰ ਅਤੇ ਰੂੜੀਵਾਦੀ, ਆਧੁਨਿਕ ਅਤੇ ਪਰੰਪਰਾਵਾਦੀ ਅਤੇ ਅਸਮਾਜਿਕ ਅਤੇ ਸਮਾਜਿਕ ਵਿਅਕਤੀ ਮਿਲਦੇ ਹਨ।
2. ਜਨਸੰਖਿਆ ਦਾ ਆਕਾਰ (Size of population): ਸ਼ਹਿਰੀ ਸਮੁਦਾਏ ਪੇਂਡੂ ਸਮੁਦਾਵਾਂ ਦੇ ਮੁਕਾਬਲੇ ਬਹੁਤ ਅਧਿਕ ਵੱਡੇ ਹੁੰਦੇ ਹਨ। ਇੱਕ ਪਾਸੇ ਨੌਕਰੀ ਦੇ ਮੌਕਿਆਂ ਦੀ ਉਪਲਬਧਤਾ ਅਤੇ ਦੂਜੇ ਪਾਸੇ ਭੌਤਿਕ ਅਤੇ ਸਿੱਖਿਅਕ, ਚਿਕਿਤਸਾ ਅਤੇ ਮਨੋਰੰਜਨ ਦੀਆਂ ਸੁਵਿਧਾਵਾਂ ਵਿਅਕਤੀਆਂ ਨੂੰ ਸ਼ਹਿਰਾਂ ਵੱਲ ਆਕਰਸ਼ਿਤ ਕਰਦੇ ਹਨ।
3. ਜਨਸੰਖਿਆ ਦਾ ਸੰਘਣਾਪਣ (Density of population): ਪਿੰਡਾਂ ਵਿੱਚ ਵਿਅਕਤੀਆਂ ਨੂੰ ਆਪਣੇ ਖੇਤੀ ਦੇ ਧੰਦਿਆਂ ਦਾ ਨਿਰੀਖਣ ਕਰਣ ਲਈ ਆਪਣੇ ਖੇਤਾਂ ਕੋਲ ਰਹਿਣਾ ਪੈਂਦਾ ਹੈ। ਪ੍ਰੰਤੂ ਸ਼ਹਿਰੀ ਖੇਤਰਾਂ ਵਿੱਚ ਵਿਅਕਤੀਆਂ ਦਾ ਆਵਾਸ ਓਨਾਂ ਦੇ ਦਫਤਰਾਂ, ਬਜ਼ਾਰਾਂ, ਬੱਚਿਆਂ ਦੇ ਸਕੂਲ/ਕਾਲੇਜ ਆਦਿ ਦੇ ਸਥਾਨ ਤੇ ਨਿਰਭਰ ਹੁੰਦਾ ਹੈ। ਇਸੇ ਕਾਰਣ ਓਨਾਂ ਖੇਤਰਾਂ ਵਿੱਚ ਜਿੱਥੇ ਇਨਾਂ ਸੁਵਿਧਾਵਾਂ ਦੀ ਬਹੁਲਤਾ ਹੈ ਜਨਸੰਖਿਆ ਅਧਿਕ ਸੰਘਣੀ (density) ਹੁੰਦੀ ਹੈ। ਭਾਰਤ ਵਿੱਚ ਜਨਸੰਖਿਆ ਦੀ ਔਸਤ ਘਣਤਾ ਪ੍ਰਤੀ ਵਰਗਮੀਲ ਮਹਾਂਨਗਰਾਂ ਵਿੱਚ 3,000 ਅਤੇ 5,000 ਵਿਅਕਤੀਆਂ ਦੇ ਵਿੱਚ ਹੁੰਦੀ ਹੈ। ਇਸ ਅਧਿਕ ਘਣਤਾ ਦੇ ਆਪਣੇ ਫਾਇਦੇ ਅਤੇ ਨੁਕਸਾਨ ਹਨ। ਲਾਭ ਤਾਂ ਇਹ ਹਨ ਕਿ ਸਮਾਜਿਕ ਸੰਪਰਕ ਵਧਦੇ ਹਨ, ਸਭ ਜ਼ਰੂਰੀ ਸੁਵਿਧਾਵਾਂ ਸਰਲਤਾ ਨਾਲ ਪ੍ਰਾਪਤ ਹੋ ਜਾਂਦੀਆਂ ਹਨ ਅਤੇ ਮਿੱਤਰਾਂ ਦੇ ਚੁਣਾਵ ਨਾਲ ਸੰਬੰਧ ਔਪਚਾਰਿਕ ਅਤੇ ਅਵਿਅਕਤਿਕ ਹੁੰਦੇ ਹਨ ਅਤੇ ਓਨਾਂ ਦੇ ਮਾਨਸਿਕ ਤਨਾਵ ਵਧ ਜਾਂਦੇ ਹਨ।
4. ਪਰਿਆਵਰਣ (Environment): ਬਰਨਾਰਡ (1971) ਨੇ ਚਾਰ ਪ੍ਰਕਾਰ ਦੇ ਪਰਿਆਵਰਣ ਦਾ ਉਲੇਖ ਕੀਤਾ ਹੈ: ਪਹਿਲਾ, ਭੌਤਿਕ (ਜਲਵਾਯੂ); ਦੂਜਾ, ਜੈਵਿਕ (ਜਾਨਵਰ); ਅਤੇ ਰੁੱਖ-ਪੌਧੇ, ਤੀਜਾ, ਸਮਾਜਿਕ, ਸਰੀਰਿਕ-ਸਮਾਜਿਕ (physio-social) (ਮਸ਼ੀਨਾਂ, ਕਲਪੁਰਜ਼ੇ, ਉਪਕਰਣ) ਅਤੇ ਮਨੋਵਿਗਿਆਨਿਕ-ਸਮਾਜਿਕ (ਰੀਤੀ-ਰਿਵਾਜ਼,

ਪਰੰਪਰਾਵਾਂ, ਸੰਸਥਾਵਾਂ ਆਦਿ) ਅਤੇ ਚੌਥਾ, ਮਿਸ਼ਰਿਤ (ਆਰਥਿਕ, ਰਾਜਨੀਤਿਕ ਅਤੇ ਸਿੱਖਿਆ ਪ੍ਰਣਾਲੀਆਂ)। ਸ਼ਹਿਰੀ ਵਾਤਾਵਰਣ ਅਧਿਕ ਪ੍ਰਦੂਸ਼ਿਤ ਹੁੰਦਾ ਹੈ। ਇਸ ਤੋਂ ਇਲਾਵਾ ਕਿਉਂਕਿ ਓਹ ਸਿੱਖਿਆ ਸੰਸਥਾਵਾਂ ਨਾਲ ਘਿਰਿਆ ਹੁੰਦਾ ਹੈ, ਇਸ ਲਈ ਅਧਿਕ ਸਿੱਖਿਅਕ ਹੁੰਦਾ ਹੈ, ਇਸ ਕਾਰਣ ਸ਼ਹਿਰ ਵਿੱਚ ਰਹਿਣ ਵਾਲਾ ਵਿਅਕਤੀ ਜ਼ਿਆਦਾ ਵਿਵੇਕੀ, ਧਰਮ-ਨਿਰਪੱਖ ਅਤੇ ਪ੍ਰਤੀਯੋਗੀ (competitive) ਪ੍ਰਕ੍ਰਿਤੀ ਦਾ ਹੁੰਦਾ ਹੈ।

5. ਸਮਾਜਿਕ ਵਿਭੇਦੀਕਰਣ (Social diferentiation): ਸ਼ਹਿਰੀ ਖੇਤਰਾਂ ਵਿੱਚ ਵਿਅਕਤੀਆਂ ਵਿੱਚ ਕਾਰੋਬਾਰਾਂ, ਧਰਮ, ਵਰਗ, ਜੀਵਨ ਸਤਰਾਂ ਅਤੇ ਸਮਾਜਿਕ ਵਿਸ਼ਵਾਸਾਂ ਦੇ ਆਧਾਰ ਤੇ ਭੇਦ ਕੀਤਾ ਜਾਂਦਾ ਹੈ। ਫਿਰ ਵੀ ਓਹ ਇੱਕ ਦੂਜੇ ਤੇ ਨਿਰਭਰ ਹੁੰਦੇ ਹਨ ਅਤੇ ਕਾਰਜਰਤ ਸੰਪੂਰਣ ਇਕਾਈ (functioning whole) ਦੇ ਰੂਪ ਵਿੱਚ ਕੰਮ ਕਰਦੇ ਹਨ।
6. ਸਮਾਜਿਕ ਗਤੀਸ਼ੀਲਤਾ (Social mobility): ਸ਼ਹਿਰੀ ਖੇਤਰ ਸਮਾਜਿਕ ਪ੍ਰਤਿਸ਼ਠਾ ਵਿੱਚ ਪਰਿਵਰਤਨ ਲਿਆਓਣ ਦੇ ਮੌਕੇ ਪ੍ਰਦਾਨ ਕਰਦੇ ਹਨ, ਜਿਸ ਦੇ ਕਾਰਣ ਪਿੰਡਾਂ ਦੀ ਤੁਲਨਾ ਵਿੱਚ ਸ਼ਹਿਰਾਂ ਵਿੱਚ ਅਧਿਕ ਉੱਪਰਗਾਮੀ (upward) ਗਤੀਸ਼ੀਲਤਾ ਹੁੰਦੀ ਹੈ।ਗਤੀਸ਼ੀਲਤਾ ਸਮਤਲ (horizontal) ਜਾਂ ਉਦਮ (vertical) ਹੋ ਸਕਦੀ ਹੈ। ਸਮਾਜਿਕ ਗਤੀਸ਼ੀਲਤਾ ਤੋਂ ਇਲਾਵਾ ਸਾਨੂੰ ਸ਼ਹਿਰੀ ਖੇਤਰਾਂ ਵਿੱਚ ਭੂਗੋਲਿਕ ਗਤੀਸ਼ੀਲਤਾ ਵੀ ਮਿਲਦੀ ਹੈ।
7. ਸਮਾਜਿਕ ਅੰਤਰਕ੍ਰਿਆ (Social interaction): ਸ਼ਹਿਰੀ ਨਿਵਾਸੀਆਂ ਵਿੱਚ ਸੰਬੰਧ ਦੋਗਲੇ ਅਤੇ ਅਵਿਅਕਤਿਕ ਹੁੰਦੇ ਹਨ। ਵਿਅਕਤੀ ਆਪਣੇ ਵਿਸ਼ਵਾਸਾਂ ਅਤੇ ਵਿਚਾਰਧਾਰਾਵਾਂ ਦੀ ਬਜਾਏ ਹੋਰ ਵਿਅਕਤੀਆਂ ਦੀ ਪ੍ਰਤਿਸ਼ਠਾ ਅਤੇ ਪ੍ਰਵੀਣਤਾਵਾਂ ਦੇ ਪ੍ਰਤੀ ਅਧਿਕ ਚਿੰਤਿਤ ਰਹਿੰਦੇ ਹਨ। ਨਿਯੰਤਰਣ ਏਨਾ ਔਪਚਾਰਿਕ ਹੁੰਦਾ ਹੈ ਕਿ ਕਈ ਵਾਰ ਓਹ ਵਿਚਲਿਤ ਵਿਵਹਾਰ ਨੂੰ ਉਤਪੰਨ ਕਰ ਦਿੰਦਾ ਹੈ।
8. ਸਮਾਜਿਕ ਏਕਾਤਮਕਤਾ (Social solidarity): ਪੇਂਡੂ ਖੇਤਰਾਂ ਵਿੱਚ ਯਾਂਤਰਿਕ (mechanical) ਸਮਾਜਿਕ ਏਕਾਤਮਕਤਾ ਦੀ ਤੁਲਨਾ ਵਿੱਚ ਸ਼ਹਿਰੀ ਖੇਤਰਾਂ ਵਿੱਚ ਸਾਵਯਵਿਕ (organic) ਸਮਾਜਿਕ ਏਕਾਤਮਕਤਾ ਹੁੰਦੀ ਹੈ। ਅਜਿਹੀ ਏਕਾਤਮਕਤਾ ਵਿੱਚ ਚਾਹੇ ਹਰ ਇੱਕ ਦੀ ਆਪਣੀ ਵਿਅਕਤਿਕਤਾ ਅਤੇ ਵਿਅਕਤਿੱਤਵ ਹੁੰਦੇ ਹਨ, ਫਿਰ ਵੀ ਓਹ ਦੂਜਿਆਂ ਉੱਤੇ ਓਨਾਂ ਦੀਆਂ ਵਿਸ਼ਿਸ਼ਟ ਭੂਮਿਕਾਵਾਂ ਦੇ ਕਾਰਣ ਅਧਿਕ ਨਿਰਭਰ ਰਹਿੰਦਾ ਹੈ।

ਨਾਗਰਿਤਾ ਦੀਆਂ ਵਿਸ਼ੇਸ਼ਤਾਵਾਂ ਦੇ ਉਪਰੋਕਤ ਵਿਵਰਣ ਤੋਂ ਅਜਿਹਾ ਮਹਿਸੂਸ ਹੁੰਦਾ ਹੈ ਕਿ ਜਿਵੇਂ ਸ਼ਹਿਰਾਂ ਵਿੱਚ ਵਿਅਕਤੀਗਤ ਸੰਬੰਧ, ਪ੍ਰਾਰਥਮਿਕ ਸਮੂਹ ਅਤੇ ਸਮਾਜਿਕ ਘਣਿਸ਼ਠਤਾ ਹੁੰਦੀ ਹੀ ਨਹੀਂ। ਜੇਕਰ ਜਾਣ-ਬੁੱਝ ਕੇ ਵਿਕਸਿਤ ਕੀਤੀਆਂ ਗਈਆਂ ਸੰਸਥਾਵਾਂ ਵਿਅਕਤੀਆਂ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਦੀਆਂ ਹਨ ਤਾਂ ਪ੍ਰਾਰਥਮਿਕ ਸਮੂਹ ਵੀ ਮੈਂਬਰਾਂ ਦੇ ਜਨਮ ਦੇ ਆਧਾਰ ਉੱਤੇ ਪ੍ਰਵੇਸ਼ ਦਿੰਦੇ ਹਨ। ਪ੍ਰਾਰਥਮਿਕ ਸਮੂਹ ਦੇ ਮੈਂਬਰ ਇੱਕ ਦੂਜੇ ਦੇ ਮਿਲੇ ਜੁਲੇ ਹਿਤਾਂ ਦੇ ਕਾਰਣ ਆਪਸ ਵਿੱਚ ਬੰਨੇ ਰਹਿੰਦੇ ਹਨ। ਓਨਾਂ ਦੇ ਸੰਬੰਧ ਜ਼ਿਆਦਾ ਭਾਵਾਤਮਕ ਅਤੇ ਭਾਵਪ੍ਰਵਣ (interense) ਹੁੰਦੇ ਹਨ। ਪ੍ਰਾਰਥਮਿਕ ਸਮੂਹ ਵਿੱਚ ਇੱਕ ਮੈਂਬਰ ਦੋਗਲੇ ਸਮੂਹਾਂ ਵਿੱਚ ਵਿਸ਼ੇਸ਼ ਕੰਮ ਕਰਣ ਦੇ ਵਿਪਰੀਤ ਵਿਵਿਧ ਕੰਮ ਕਰਦਾ ਹੈ। ਉਦਾਹਰਣ ਲਈ, ਇੱਕ ਪਰਿਵਾਰ ਵਿੱਚ ਮਾਂ, ਬੱਚਿਆਂ ਅਤੇ ਪਰਿਵਾਰ ਦੇ ਮੈਂਬਰਾਂ ਲਈ ਰਸੋਈਆ, ਨਰਸ, ਨੈਤਿਕ ਸਿੱਖਿਅਕ ਅਤੇ ਤਨਾਵਾਂ ਦੇ ਪ੍ਰਬੰਧਕ ਦੇ ਰੂਪ ਵਿੱਚ ਕੰਮ ਕਰਦੀ ਹੈ। ਚਾਹੇ ਸਮਾਜਿਕ ਪਰਿਵਰਤਨ ਨੇ ਪਰਿਵਾਰ, ਪੜੋਸ ਅਤੇ ਹੋਰ ਵਿਅਕਤੀਆਂ ਦੇ ਸਮੂਹਾਂ ਦੇ ਬੰਧਨ ਕਮਜ਼ੋਰ ਕਰ ਦਿੱਤੇ ਹਨ, ਫਿਰ ਵੀ ਇਨਾਂ ਸਮੂਹਾਂ ਦਾ ਪੁਰਾਣੇ ਤਰੀਕਿਆਂ ਨਾਲ ਕੰਮ ਕਰਨਾ ਬਿਲਕੁਲ ਖਤਮ ਨਹੀਂ ਹੋਇਆ ਹੈ ਅਤੇ ਮੂਲ ਸੰਬੰਧ ਵੀ ਲੁਪਤ ਨਹੀਂ ਹੋਏ ਹਨ। ਪਰਿਵਾਰ ਵਿੱਚ ਜ਼ਰੂਰੀ ਭੂਮਿਕਾਵਾਂ ਨਿਭਾਓਣਾ, ਪੜੋਸ ਵਿੱਚ ਸਮਾਜਿਕ ਸਹਿਭਾਗਿਤਾ ਨੂੰ ਬਣਾ ਕੇ ਰੱਖਣਾ, ਜਾਤੀ ਦੇ ਸਾਰਵਜਨਿਕ ਮਾਮਲਿਆਂ ਵਿੱਚ ਸ਼ਾਮਿਲ ਹੋਣਾ ਅਤੇ ਆਪਣੇ ਸੰਬੰਧੀਆਂ ਅਤੇ ਮਿੱਤਰਾਂ ਦੀ ਸਹਾਇਤਾ ਦੇ ਸਰੋਤ ਦੇ ਰੂਪ ਵਿੱਚ ਕੰਮ ਕਰਨਾ ਸ਼ਹਿਰੀ ਜੀਵਨ ਦੀਆਂ ਮਹੱਤਵਪੂਰਣ ਅਤੇ ਸਾਰਥਕ ਵਿਸ਼ੇਸ਼ਤਾਵਾਂ ਹਨ। ਭਾਰਤ ਵਿੱਚ ਕਈ ਅਧਿਐਨਾਂ (ਜਿਵੇਂ ਕਪਾੜੀਆ, ਸਚਿੱਦਾਨੰਦ, ਆਰ. ਕੇ. ਮੁਖਰਜੀ ਅਤੇ ਐਮ. ਐਸ. ਗੋਰੇ) ਨੇ ਇਹ ਦਰਸਾਇਆ ਹੈ ਕਿ ਪੇਂਡੂ ਵਿਅਕਤੀ, ਜੋ ਸ਼ਹਿਰਾਂ ਵਿੱਚ ਪ੍ਰਵਾਸ ਕਰ ਜਾਂਦੇ ਹਨ, ਪਿੰਡ ਤੋਂ ਆਓਣ ਵਾਲੇ ਪਰਿਵਾਰਾਂ ਅਤੇ ਸੰਬੰਧੀਆਂ ਨਾਲ ਸੰਬੰਧ ਬਣਾ ਕੇ ਰੱਖਦੇ ਹਨ। ਸ਼ਹਿਰਾਂ ਵਿੱਚ ਵੀ ਓਹ ਨਾ ਕੇਵਲ ਆਪਣੇ ਪਿੰਡ ਜਾਂ ਆਸਪਾਸ ਦੇ ਪਿੰਡਾਂ ਦੇ ਵਿਅਕਤੀਆਂ ਦੀਆਂ ਸਮੱਸਿਆਵਾਂ ਦੇ ਹਲ ਵਿੱਚ ਮਦਦ ਕਰਦੇ ਹਨ ਬਲਕਿ ਆਪਣੀ ਜਾਤੀ ਦੇ ਮੈਂਬਰਾਂ ਦਾ ਅਜਿਹੀਆਂ ਪਰਿਸਥਿਤੀਆਂ ਵਿੱਚ ਸਾਥ ਦਿੰਦੇ ਹਨ। ਇਸ ਨਾਲ ਓਨਾਂ ਦਾ ਸ਼ਹਿਰੀ ਜੀਵਨ ਦੇ ਅਨੁਕੂਲ ਬਣਨਾ ਅਧਿਕ ਸਰਲ ਹੋ ਜਾਂਦਾ ਹੈ।

## ਨਗਰੀ ਖੇਤਰਾਂ ਦਾ ਵਾਧਾ

ਚਾਹੇ ਨਗਰਾਂ ਦਾ ਅਸਤਿੱਤਵ ਪ੍ਰਾਚੀਨ ਸਮੇਂ ਤੋਂ ਮਿਲਦਾ ਹੈ ਪ੍ਰੰਤੂ ਹੁਣੇ ਹਾਲ ਤੱਕ ਓਹ ਜਨਸੰਖਿਆ ਦੇ ਇੱਕ ਛੋਟੇ ਭਾਗ ਦੀ ਹੀ ਅਗਵਾਈ ਕਰਦੇ ਸਨ। ਜ਼ਿਆਦਾਤਰ ਵਿਅਕਤੀਆਂ ਦਾ ਜੀਵਨ ਮੁੱਖ ਰੂਪ ਨਾਲ ਪੇਂਡੂ ਸਮਾਜ ਜਾਂ ਪਿੰਡ ਹੀ ਬਣਾਓਂਦੇ ਸਨ। ਨਗਰਾਂ ਅਤੇ ਮਹਾਂਨਗਰਾਂ ਦਾ ਵਾਧਾ ਵਿਕਾਸ ਅਤੇ ਜਨਸੰਖਿਆ ਦੇ ਵੱਡੇ ਭਾਗ ਦਾ ਨਗਰੀ ਖੇਤਰਾਂ ਵਿੱਚ ਜਾਣਾ ਪਿਛਲੇ ਪੰਜ ਇੱਕ ਦਸ਼ਕਾਂ ਦਾ ਹੀ ਵਿਸ਼ੇਸ਼ ਲੱਛਣ ਰਿਹਾ ਹੈ। ਨਗਰੀਕਰਣ ਉਦਯੋਗਿਕ ਕ੍ਰਾਂਤੀ ਦਾ ਹੀ ਨਤੀਜਾ ਸੀ। ਇਸ ਨੇ ਕੇਂਦਰਿਤ ਸਥਾਨਾਂ (centralised locations) ਉੱਤੇ ਮਜ਼ਦੂਰਾਂ ਦੀ ਵੱਡੀ ਸੰਖਿਆ ਦੀ ਮੰਗ ਨੂੰ ਉਤਪੰਨ ਕੀਤਾ।

ਨੋਟ

ਨਗਰਾਂ ਦਾ ਵਿਕਾਸ ਜਨਮ ਅਤੇ ਮੌਤ ਦਰ ਅਤੇ ਸਥਾਨਾਂਤਰਣ (migration) ਉੱਤੇ ਹੀ ਨਿਰਭਰ ਨਹੀਂ ਕਰਦਾ, ਪ੍ਰੰਤੂ ਰਾਜਨੀਤਿਕ, ਧਾਰਮਿਕ, ਇਤਿਹਾਸਿਕ ਅਤੇ ਆਰਥਿਕ ਕਾਰਕਾਂ ਨਾਲ ਵੀ ਹੁੰਦਾ ਹੈ। ਰਾਜਨੀਤਿਕ ਕੇਂਦਰ ਰਾਜਾਂ ਦੀ ਰਾਜਧਾਨੀ ਹੋ ਸਕਦੇ ਹਨ (ਭੋਪਾਲ, ਜੈਪੁਰ, ਮੁੰਬਈ, ਕਲਕੱਤਾ ਆਦਿ) ਰਾਜਨੀਤਿਕ ਗਤੀਵਿਧੀਆਂ ਦੇ ਖੇਤਰ (ਦਿੱਲੀ) ਜਾਂ ਫੌਜ ਦੇ ਸਿੱਖਿਆ ਸਥਲ (ਖੜਗਵਾਸਲਾ) ਜਾਂ ਰੱਖਿਆ ਉਤਪਾਦਨ ਕੇਂਦਰ (ਜੋਧਪੁਰ); ਆਰਥਿਕ ਕੇਂਦਰ ਓਹ ਖੇਤਰ ਹੁੰਦੇ ਹਨ ਜਿੱਥੇ ਵਪਾਰ ਅਤੇ ਵਾਣਿਜ ਜ਼ਿਆਦਾ (predominance) ਹੁੰਦਾ ਹੈ (ਅਹਿਮਦਾਬਾਦ, ਸੂਰਤ ਆਦਿ); ਧਾਰਮਿਕ ਨਗਰ ਓਹ ਨਗਰ ਹਨ ਜਿੱਥੇ ਵਿਅਕਤੀ ਤੀਰਥ ਯਾਤਰਾ ਉੱਤੇ ਜਾਂਦੇ ਹਨ (ਹਰਿਦੁਆਰ, ਵਾਰਾਣਸੀ, ਇਲਾਹਾਬਾਦ ਆਦਿ); ਅਤੇ ਸਿੱਖਿਆ ਕੇਂਦਰਾਂ ਵਿੱਚ ਸਿੱਖਿਆ ਸੰਸਥਾਵਾਂ ਹੁੰਦੀਆਂ ਹਨ (ਪਿਲਾਨੀ)।

ਭਾਰਤ ਵਿੱਚ 1971 ਵਿੱਚ ਸ਼ਹਿਰੀ ਜਨਸੰਖਿਆ 10.91 ਕਰੋੜ ਸੀ, 1981 ਵਿੱਚ 16.01 ਕਰੋੜ ਅਤੇ 1991 ਵਿੱਚ 21.1 ਕਰੋੜ ਸੀ। ਜਦੋਂ ਕਿ 1921 ਵਿੱਚ ਸ਼ਹਿਰੀ ਜਨਸੰਖਿਆ ਦੇਸ਼ ਦੀ ਜਨਸੰਖਿਆ ਦਾ ਕੇਵਲ 11.3% ਸੀ; 1951 ਵਿੱਚ ਇਹ ਵਧ ਕੇ 17.6%, 1971 ਵਿੱਚ 20.2%, 1981 ਵਿੱਚ 23.8% ਅਤੇ 1991 ਵਿੱਚ 25.7% ਹੋ ਗਈ (ਸੇਨਸਸ ਓਫ ਇੰਡੀਆ, 1991, ਸੀਰੀਜ਼ 1,2)। ਦੂਜੇ ਪਾਸੇ, 1911-21 ਦੇ ਦਸ਼ਕ ਵਿੱਚ ਸ਼ਹਿਰੀ ਜਨਸਖਿਆ 8.3% ਵਧੀ, 1921-31 ਵਿੱਚ ਇਹ 19.1% ਵਧੀ, 1931-41 ਵਿੱਚ 32.0%, 1941-51 ਵਿੱਚ 41.4%, 1951-61 ਵਿੱਚ 37.0%, 1961-71 ਵਿੱਚ 38.2%, 1971-81 ਵਿੱਚ 35.4% ਅਤੇ 1981-91 ਵਿੱਚ 40.4% ਵਧੀ। ਇਸ ਪ੍ਰਕਾਰ 1941 ਅਤੇ 1991 ਵਿੱਚ ਪੰਜ ਦਸ਼ਕਾਂ ਵਿੱਚ ਸ਼ਹਿਰੀ ਜਨਸੰਖਿਆ ਦਾ ਵਾਧਾ ਦਰ 3.4 ਅਤੇ 3.8% ਦੇ ਵਿੱਚ ਪ੍ਰਤੀ ਸਾਲ ਹੈ।

ਨਗਰੀ ਜਨਸੰਖਿਆ ਦਾ ਵਿਭਿੰਨ ਰਾਜਾਂ ਵਿੱਚ ਵਿਤਰਣ ਵੀ ਵੱਖ ਵੱਖ ਮਿਲਦਾ ਹੈ। ਪੱਛਮੀ ਖੇਤਰ (ਮਹਾਂਰਾਸ਼ਟਰ ਅਤੇ ਗੁਜਰਾਤ) ਵਿੱਚ ਕੁਲ ਨਗਰੀ ਜਨਸੰਖਿਆ ਦਾ 20%, ਦੱਖਣ ਖੇਤਰ ਵਿੱਚ (ਆਂਧਰ ਪ੍ਰਦੇਸ਼, ਤਮਿਲਨਾਡੂ, ਕੇਰਲ ਅਤੇ ਕਰਨਾਟਕ) ਵਿੱਚ 27%, ਪੂਰਵੀ ਖੇਤਰ (ਬਿਹਾਰ, ਬੰਗਾਲ, ਉੜੀਸਾ, ਤ੍ਰਿਪੁਰਾ, ਨਾਗਾਲੈਂਡ, ਮਿਜ਼ੋਰਮ ਆਦਿ) ਵਿੱਚ 18% ਅਤੇ ਉੱਤਰੀ ਖੇਤਰ (ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼) ਵਿੱਚ ਮਿਲਾ ਕੇ 35%।

ਭਾਰਤ ਵਿੱਚ ਨਗਰੀ ਜਨਸੰਖਿਆ ਦਾ ਕੇਵਲ 25.7% ਹੈ, ਜਦੋਂ ਕਿ ਸੰਸਾਰ ਦੀ ਕੁਲ ਜਨਸੰਖਿਆ ਦਾ 45% ਸ਼ਹਿਰਾਂ ਵਿੱਚ ਰਹਿੰਦਾ ਹੈ। ਸਭ ਤੋਂ ਅਧਿਕ ਨਗਰੀ ਜਨਸੰਖਿਆ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ (85%) ਮਿਲਦੀ ਹੈ ਅਤੇ ਉਸ ਤੋਂ ਬਾਅਦ ਜਾਪਾਨ (77%), ਉੱਤਰ ਅਮਰੀਕਾ (74%), ਰੂਸ (66%), ਅਫ਼ਰੀਕਾ ਅਤੇ ਏਸ਼ੀਆ (34%) ਅਤੇ ਪਾਕਿਸਤਾਨ (32%) ਵਿੱਚ।

ਪ੍ਰਮੁੱਖ ਮਜ਼ਦੂਰਾਂ ਦੇ ਪੂਰਣ ਰੁਜ਼ਗਾਰ ਵਿੱਚ ਖੇਤੀ ਰੁਜ਼ਗਾਰ ਦਾ ਭਾਗ 1961 ਵਿੱਚ 72% ਤੋਂ ਘਟ ਕੇ 1981 ਵਿੱਚ 68.0% ਅਤੇ 1991 ਵਿੱਚ 64.0% ਹੋ ਗਿਆ (ਸੇਨਸਸ ਓਫ ਇੰਡੀਆ)। ਸਾਲ 2001 ਤੱਕ ਪੇਂਡੂ ਜਨਸੰਖਿਆ ਵਿੱਚ 19 ਤੋਂ 20 ਕਰੋੜ ਦੇ ਵਿੱਚ ਵਿਅਕਤੀ ਜੁੜ ਜਾਣਗੇ ਅਤੇ ਇਨਾਂ ਵਿੱਚੋਂ 10 ਕਰੋੜ ਨੌਕਰੀਆਂ ਦੀ ਤਲਾਸ਼ ਵਿੱਚ ਸ਼ਹਿਰੀ ਖੇਤਰਾਂ ਵਿੱਚ ਆ ਜਾਣਗੇ। ਜਦੋਂ 1931 ਵਿੱਚ ਇੱਕ ਲੱਖ ਤੋਂ ਅਧਿਕ ਜਨਸੰਖਿਆ ਵਾਲੇ ਨਗਰਾਂ ਦੀ ਕੁਲ ਸੰਖਿਆ 32 ਸੀ, ਓਹ 1961 ਵਿੱਚ 107 ਹੋ ਗਈ, 1981 ਵਿੱਚ 216 ਅਤੇ 1991 ਵਿੱਚ 317 ਹੋ ਗਈ (ਜੰਮੂ ਅਤੇ ਕਸ਼ਮੀਰ ਨੂੰ ਛੱਡ ਕੇ)। ਦਸ ਲੱਖ ਤੋਂ ਅਧਿਕ ਜਨਸੰਖਿਆ ਵਾਲੇ ਵੱਡੇ ਸ਼ਹਿਰਾਂ ਦੀ ਸੰਖਿਆ 1941 ਵਿੱਚ ਦੋ ਤੋਂ ਵਧ ਕੇ 1971 ਵਿੱਚ 9, 1981 ਵਿੱਚ 12 ਅਤੇ 1991 ਵਿੱਚ 23 ਹੋ ਗਈ (ਸੇਨਸਸ ਓਫ ਇੰਡੀਆ, 1991 ਸੀਰੀਜ਼ 1 ਪੇਪਰ 2.251)।

ਭਾਰਤ ਵਿੱਚ 1998 ਵਿੱਚ ਸ਼ਹਿਰਾਂ ਦੀ ਕੁਲ ਸੰਖਿਆ 4,689 ਸੀ। ਇਨਾਂ ਵਿੱਚ ਸਭ ਤੋਂ ਅਧਿਕ ਸ਼ਹਿਰ (704) ਉੱਤਰ ਪ੍ਰਦੇ ਸ਼ ਵਿੱਚ ਹਨ। ਇਸ ਤੋਂ ਬਾਅਦ ਤਮਿਲਨਾਡੂ (434), ਮੱਧ ਪ੍ਰਦੇਸ਼ (327) ਅਤੇ ਮਹਾਂਰਾਸ਼ਟਰ ਵਿੱਚ (307) ਹਨ। 1991 ਦੀ ਜਨਗਣਨਾ ਦੇ ਅਨੁਸਾਰ 65.2% ਜਨਸੰਖਿਆ ਇੱਕ ਲੱਖ ਤੋਂ ਅਧਿਕ ਜਨਸੰਖਿਆ ਓਨਾਂ ਸ਼ਹਿਰਾਂ ਵਿੱਚ ਰਹਿ ਰਹੀ ਸੀ, 10.9% 50,000 ਅਤੇ ਇੱਕ ਲੱਖ ਦੇ ਵਿੱਚ ਦੀ ਜਨਸੰਖਿਆ ਵਾਲੇ ਸ਼ਹਿਰਾਂ ਵਿੱਚ, 13.2% 20,000 ਅਤੇ 50,000 ਦੇ ਵਿੱਚ ਦੀ ਜਨਸੰਖਿਆ ਵਾਲੇ ਕਸਬਿਆਂ ਵਿੱਚ, 7.8% 10,000 ਅਤੇ 20,000 ਦੇ ਵਿੱਚ ਦੀ ਜਨਸੰਖਿਆ ਵਾਲੇ ਕਸਬਿਆਂ ਵਿੱਚ ਅਤੇ 2.6% 5,000 ਅਤੇ 10,000 ਦੇ ਵਿੱਚ ਦੀ ਜਨਸੰਖਿਆ ਵਾਲੇ ਕਸਬਿਆਂ ਵਿੱਚ । ਭਾਰਤ ਦੇ ਛੇ ਮਹਾਂਨਗਰ (1998 ਦੇ ਆਂਕੜਿਆਂ ਦੇ ਅਨੁਸਾਰ) ਜਿਨਾਂ ਦੀ ਜਨਸੰਖਿਆ 50 ਲੱਖ ਤੋਂ ਅਧਿਕ ਹੈ ਇਹ ਹਨ: ਕਲਕੱਤਾ (125.9 ਲੱਖ), ਮੁੰਬਈ (171.9 ਲੱਖ), ਦਿੱਲੀ (111.7 ਲੱਖ), ਚੇਨੰਈ (64.4 ਲੱਖ), ਬੰਗਲੌਰ (53.2 ਲੱਖ) ਅਤੇ ਹੈਦਰਾਬਾਦ (64.3 ਲੱਖ)।

ਲਗਭਗ 15 ਸਾਲ ਪਹਿਲਾਂ ਕੇਂਦਰੀ ਸਰਕਾਰ ਨੇ ਛੋਟੇ ਕਸਬਿਆਂ ਦੇ ਵਿਕਾਸ ਲਈ ਇੱਕ ਯੋਜਨਾ ਬਣਾਈ ਸੀ। ਇਹ ਯੋਜਨਾ ਸੀ "ਛੋਟੇ ਅਤੇ ਮੱਧ ਕਸਬਿਆਂ ਲਈ ਵਿਕਾਸ ਦੀ ਏਕੀਕ੍ਰਿਤ (integrated) ਯੋਜਨਾ"। ਇਸ ਦੇ ਅੰਤਰਗਤ ਰਾਜ ਸਰਕਾਰਾਂ ਨੂੰ ਕੇਂਦਰੀ ਸਰਕਾਰ ਤੋਂ ਮਦਦ ਮਿਲਦੀ ਹੈ। ਪ੍ਰੰਤੂ ਇਹ ਯੋਜਨਾ ਅਸਫਲ ਹੀ ਰਹੀ ਹੈ। ਵਿਕਾਸ ਦਾ ਅਭਾਵ ਵਿਅਕਤੀਆਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ।

## ਨਗਰੀਕਰਣ ਦੇ ਸਮਾਜਿਕ ਪ੍ਰਭਾਵ

ਨਗਰੀਕਰਣ ਦੇ ਸਮਾਜਿਕ ਪ੍ਰਭਾਵਾਂ ਦਾ ਵਿਸ਼ਲੇਸ਼ਣ ਉਸ ਦੇ ਪਰਿਵਾਰ, ਜਾਤੀ, ਔਰਤਾਂ ਦੀ ਸਮਾਜਿਕ ਸਥਿਤੀ ਅਤੇ ਪੇਂਡੂ ਜੀਵਨ ਦੇ ਸੰਬੰਧ ਨਾਲ ਕੀਤਾ ਜਾ ਸਕਦਾ ਹੈ।

ਨੋਟ

**ਨਗਰੀਕਰਣ ਅਤੇ ਪਰਿਵਾਰ (Urbanization and Family):** ਨਗਰੀਕਰਣ ਕੇਵਲ ਪਰਿਵਾਰ ਦੇ ਢਾਂਚੇ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ ਬਲਕਿ ਓਹ ਪਰਿਵਾਰ ਦੇ ਅੰਦਰੂਨੀ ਅਤੇ ਅੰਤਰ–ਪਰਿਵਾਰ ਸੰਬੰਧਾਂ ਅਤੇ ਓਨਾਂ ਕਾਰਜਾਂ ਨੂੰ ਜੋ ਪਰਿਵਾਰ ਕਰਦਾ ਹੈ, ਨੂੰ ਵੀ ਪ੍ਰਭਾਵਿਤ ਕਰਦਾ ਹੈ। ਸ਼ਹਿਰੀ ਪਰਿਵਾਰਾਂ ਉੱਤੇ ਆਈ. ਪੀ. ਦੇਸਾਈ, ਕਪਾੜੀਆ ਅਤੇ ਐਲਨ ਰਾਸ (Aillen Ross) ਜਿਹੇ ਵਿਦਵਾਨਾਂ ਦੁਆਰਾ ਕੀਤੇ ਗਏ ਅਨੁਭਾਵਿਕ ਅਧਿਐਨਾਂ ਨੇ ਦੱਸਿਆ ਹੈ ਕਿ ਸ਼ਹਿਰੀ ਸੰਯੁਕਤ ਪਰਿਵਾਰ ਦੀ ਥਾਂ ਹੌਲੀ ਹੌਲੀ ਏਕਾਕੀ ਪਰਿਵਾਰ ਲੈ ਰਿਹਾ ਹੈ, ਪਰਿਵਾਰ ਦਾ ਆਕਾਰ ਛੋਟਾ ਹੋ ਰਿਹਾ ਹੈ ਅਤੇ ਰਿਸ਼ਤੇਦਾਰੀ ਦੇ ਸੰਬੰਧ ਕੇਵਲ ਦੋ ਜਾਂ ਤਿੰਨ ਪੀੜੀਆਂ ਤੱਕ ਸੀਮਿਤ ਹੋ ਗਏ ਹਨ। ਗੁਜਰਾਤ ਵਿੱਚ ਮਹੁਵਾ ਕਸਬੇ ਵਿੱਚ 1955–57 ਵਿੱਚ 423 ਪਰਿਵਾਰਾਂ ਉੱਤੇ ਕੀਤੇ ਗਏ ਅਧਿਐਨ ਵਿੱਚ ਆਈ. ਪੀ. ਦੇਸਾਈ (1964) ਨੇ ਪਾਇਆ ਕਿ 5% ਪਰਿਵਾਰ ਏਕਾਕੀ ਸਨ (ਨਿਵਾਸੀ ਰੂਪ ਅਤੇ ਪ੍ਰਕਾਰਜਾਤਮਕ ਰੂਪ ਨਾਲ), 74% ਨਿਵਾਸੀ ਰੂਪ ਨਾਲ ਏਕਾਕੀ ਸਨ ਪ੍ਰੰਤੂ ਪ੍ਰਕਾਰਜਾਤਮਕ ਰੂਪ ਨਾਲ ਜਾਂ ਮੂਲ ਗੱਲਾਂ ਵਿੱਚ (ਸੰਪਤੀ) ਸੰਯੁਕਤ ਅਤੇ 21% ਨਿਵਾਸ ਅਤੇ ਕਾਰਜ (functioning) ਅਤੇ ਸੰਪਤੀ ਵਿੱਚ ਸੰਯੁਕਤ ਸਨ। 95.0% ਸੰਯੁਕਤ ਪਰਿਵਾਰਾਂ ਵਿੱਚੋਂ (ਕੰਮ ਅਤੇ/ਜਾਂ ਸੰਪਤੀ, ਅਤੇ/ਜਾਂ ਨਿਵਾਸ ਵਿੱਚ ਸੰਯੁਕਤ) 27% ਪ੍ਰਕਰਣਾਂ ਵਿੱਚ ਸੰਯੁਕਤ ਹੋਣ ਦਾ ਰੂਪ ਘੱਟ ਸੀ (ਓਹ ਕੰਮ ਕਰਣ ਵਿੱਚ ਹੀ ਸੰਯੁਕਤ ਸਨ), 17.0% ਪ੍ਰਕਰਣਾਂ ਵਿੱਚ ਸੰਯੁਕਤ ਹੋਣ ਦਾ ਰੂਪ ਉੱਚ ਸੀ। (ਅਰਥਾਤ ਓਹ ਕੰਮ ਕਰਣ ਅਤੇ ਸੰਪਤੀ ਦੇ ਮਾਮਲਿਆਂ ਵਿੱਚ ਸੰਯੁਕਤ ਸਨ), 30% ਪ੍ਰਕਰਣਾਂ ਵਿੱਚ ਸੰਯੁਕਤ ਹੋਣ ਦਾ ਰੂਪ ਉੱਚਤਰ ਸੀ (ਅਰਥਾਤ ਓਹ ਕੰਮ ਕਰਣ, ਸੰਪਤੀ ਅਤੇ ਆਵਾਸ ਦੇ ਮਾਮਲਿਆਂ ਵਿੱਚ ਸੰਯੁਕਤ ਸਨ ਪ੍ਰੰਤੂ ਓਹ ਦੋ ਪੀੜੀ ਦੇ ਪਰਿਵਾਰ ਸਨ), 21.6% ਪ੍ਰਕਰਣਾਂ ਵਿੱਚ ਸੰਯੁਕਤ ਹੋਣ ਦਾ ਰੂਪ ਉੱਚਤਮ ਸੀ (ਅਰਥਾਤ ਓਹ ਆਵਾਸ, ਕੰਮ ਅਤੇ ਸੰਪਤੀ ਵਿੱਚ ਸੰਯੁਕਤ ਸਨ ਅਤੇ ਓਹ ਤਿੰਨ ਪੀੜੀ ਦੇ ਪਰਿਵਾਰ ਸਨ)। ਇਹ ਦਿਖਾਓਂਦਾ ਹੈ ਕਿ ਚਾਹੇ ਸ਼ਹਿਰੀ ਪਰਿਵਾਰ ਦਾ ਢਾਂਚਾ ਬਦਲ ਰਿਹਾ ਹੈ ਪ੍ਰੰਤੂ ਪਰਿਵਾਰਾਂ ਵਿੱਚ ਵਿਅਕਤੀਵਾਦ ਦੀ ਭਾਵਨਾ ਨਹੀਂ ਵਧੀ ਹੈ।

ਕਪਾੜੀਆ (1959) ਨੇ 1955 ਵਿੱਚ ਗੁਜਰਾਤ ਵਿੱਚ ਪੇਂਡੂ ਅਤੇ ਨਗਰੀ (ਨਵਸਾਰੀ) ਖੇਤਰਾਂ ਵਿੱਚ 1,162 ਪਰਿਵਾਰਾਂ ਦੇ ਅਧਿਐਨ ਵਿੱਚ ਦੱਸਿਆ ਕਿ ਜਦੋਂ ਪੇਂਡੂ ਖੇਤਰਾਂ ਵਿੱਚ ਦੋ ਏਕਾਕੀ ਪਰਿਵਾਰਾਂ ਦੇ ਪਿੱਛੇ ਤਿੰਨ ਸੰਯੁਕਤ ਪਰਿਵਾਰ ਸਨ, ਨਗਰੀ ਖੇਤਰਾਂ ਵਿੱਚ ਏਕਾਕੀ ਪਰਿਵਾਰ ਸੰਯੁਕਤ ਪਰਿਵਾਰਾਂ ਤੋਂ 10% ਅਧਿਕ ਸਨ। ਐਲੀਨ ਰਾਸ ਨੇ (1961) 1957 ਵਿੱਚ ਬੰਗਲੌਰ ਵਿੱਚ ਮੱਧ ਅਤੇ ਉੱਚ ਵਰਗਾਂ ਦੇ 157 ਹਿੰਦੂ ਪਰਿਵਾਰਾਂ ਦੇ ਅਧਿਐਨ ਵਿੱਚ ਪਾਇਆ ਕਿ (*i*) ਤਿੰਨ ਪੰਚਮ (three-fifth) ਪਰਿਵਾਰ ਏਕਾਕੀ ਸਨ ਅਤੇ ਦੋ ਪੰਚਮ ਪਰਿਵਾਰ ਸੰਯੁਕਤ; (*ii*) ਸੰਯੁਕਤ ਪਰਿਵਾਰਾਂ ਵਿੱਚ 70% ਛੋਟੇ ਸੰਯੁਕਤ ਪਰਿਵਾਰ ਸਨ (ਦੰਪਤੀ ਅਤੇ ਅਵਿਵਾਹਿਤ ਬੱਚੇ ਅਤੇ ਬੱਚਿਆਂ ਦੇ ਨਾਲ ਵਿਵਾਹਿਤ ਪੁੱਤਰ ਜਾਂ ਬੱਚਿਆਂ ਦੇ ਨਾਲ ਦੋ ਜਾਂ ਦੋ ਤੋਂ ਅਧਿਕ ਵਿਵਾਹਿਤ ਭਾਈ) ਅਤੇ 30.0% ਵੱਡੇ ਸੰਯੁਕਤ ਪਰਿਵਾਰ ਸਨ (ਅਵਿਵਾਹਿਤ ਬੱਚਿਆਂ ਦੇ ਮਾਤਾ ਪਿਤਾ ਅਤੇ ਅਵਿਵਾਹਿਤ ਬੱਚੇ ਅਤੇ ਬੱਚਿਆਂ ਦੇ ਨਾਲ ਵਿਵਾਹਿਤ ਪੁੱਤਰ); (*iii*) ਅੱਜ ਦੀ ਪ੍ਰਵ੍ਰਿੱਤੀ (trend) ਪਾਰੰਪਰਿਕ ਸੰਯੁਕਤ ਪਰਿਵਾਰ ਤੋਂ ਅਲੱਗ ਹੋ ਕੇ ਏਕਾਕੀ ਪਰਿਵਾਰ ਇਕਾਈ ਵੱਲ ਹੈ; (*iv*) ਸ਼ਹਿਰੀ ਭਾਰਤ ਵਿੱਚ ਹੁਣ ਛੋਟਾ ਸੰਯੁਕਤ ਪਰਿਵਾਰ ਪਰਿਵਾਰਿਕ ਜੀਵਨ ਦਾ ਸਰਵਾਧਿਕ ਪ੍ਰਤੀਨਿਧਿਕ ਰੂਪ ਹੈ; (*v*) ਪਰਿਵਾਰ ਦੇ ਰੂਪਾਂ ਦਾ ਇੱਕ ਚੱਕਰ (cycle) ਹੁੰਦਾ ਹੈ; (*vi*) ਵਿਅਕਤੀਆਂ ਦੀ ਵਧਦੀ ਹੋਈ ਸੰਖਿਆ ਹੁਣ ਆਪਣੇ ਜੀਵਨ ਦਾ ਘੱਟ ਤੋਂ ਘੱਟ ਇੱਕ ਹਿੱਸਾ ਏਕਲ (single) ਇਕਾਈਆਂ ਵਿੱਚ ਬਤੀਤ ਕਰਦੇ ਹਨ; ਅਤੇ (*vii*) ਵਿਅਕਤੀ ਦੇ ਦੂਰ ਦੇ ਸੰਬੰਧੀਆਂ ਨਾਲ ਸੰਬੰਧ ਟੁੱਟ ਰਹੇ ਹਨ ਜਾਂ ਕਮਜ਼ੋਰ ਹੋ ਰਹੇ ਹਨ।

ਆਰ. ਕੇ. ਮੁਖਰਜੀ (1973) ਨੇ ਵੀ ਪੱਛਮੀ ਬੰਗਾਲ ਵਿੱਚ (1960–61) ਵਿੱਚ 4,120 ਪਰਿਵਾਰਾਂ ਦੇ ਅਧਿਐਨ ਦੇ ਆਧਾਰ ਤੇ ਕਿਹਾ ਹੈ ਕਿ ਸੰਯੁਕਤ ਪਰਿਵਾਰ ਦਾ ਏਕਾਕੀ ਪਰਿਵਾਰ ਦੁਆਰਾ ਪ੍ਰਤੀਸਥਾਪਨ (replacement) ਇੱਕ ਜ਼ਰੂਰੀ ਪ੍ਰਕ੍ਰਿਆ ਹੈ।

ਅੰਤ ਵਿੱਚ, ਚਾਹੇ ਪਰਿਵਾਰਿਕ ਅਤੇ ਅੰਤਰ ਪਰਿਵਾਰਿਕ ਸੰਬੰਧਾਂ ਵਿੱਚ ਵੀ ਪਰਿਵਰਤਨ ਆ ਰਿਹਾ ਹੈ, ਪ੍ਰੰਤੂ ਇਸ ਦਾ ਅਰਥ ਇਹ ਨਹੀਂ ਹੈ ਕਿ ਬੱਚੇ ਆਪਣੇ ਵੱਡਿਆਂ ਦਾ ਹੁਣ ਆਦਰ ਨਹੀਂ ਕਰਦੇ, ਜਾਂ ਬੱਚੇ ਆਪਣੇ ਮਾਤਾ ਪਿਤਾ ਅਤੇ ਭਾਈ ਭੈਣਾਂ ਵੱਲ ਆਪਣੇ ਕਰਤੱਵਾਂ ਨੂੰ ਧਿਆਨ ਨਹੀਂ ਕਰਦੇ, ਜਾਂ ਪਤਨੀਆਂ ਆਪਣੇ ਪਤੀਆਂ ਦੇ ਅਧਿਕਾਰ ਨੂੰ ਚੁਨੌਤੀ ਦਿੰਦੀਆਂ ਹਨ। ਮਹੱਤਵਪੂਰਣ ਪਰਿਵਰਤਨ ਇਹ ਹੈ ਕਿ 'ਪਤੀ ਪ੍ਰਧਾਨ' (husband-dominant) ਪਰਿਵਾਰ ਦਾ ਸਥਾਨ ਸਮਤਾਵਾਦੀ/ਸਮਾਨਵਾਦੀ (equalitarian) ਪਰਿਵਾਰ ਲੈ ਰਿਹਾ ਹੈ ਜਿਸ ਵਿੱਚ ਨਿਰਣਾ ਲੈਣ ਦੀ ਪ੍ਰਕ੍ਰਿਆ ਵਿੱਚ ਪਤਨੀ ਵੀ ਭਾਗ ਲੈਂਦੀ ਹੈ। ਮਾਤਾ ਪਿਤਾ ਵੀ ਬੱਚਿਆਂ ਉੱਤੇ ਆਪਣੇ ਅਧਿਕਾਰ ਨਹੀਂ ਥੋਪਦੇ ਹਨ ਅਤੇ ਨਾ ਹੀ ਬੱਚੇ ਅੱਖਾਂ ਬੰਦ ਕਰ ਕੇ ਆਪਣੇ ਮਾਤਾ ਪਿਤਾ ਦੇ ਆਦੇਸ਼ਾਂ ਦਾ ਪਾਲਣ ਕਰਦੇ ਹਨ। ਬੱਚਿਆਂ ਦਾ ਰੁਖ ਡਰ ਦੀ ਬਜਾਏ ਆਦਰ ਤੋਂ ਪ੍ਰੇਰਿਤ ਹੁੰਦਾ ਹੈ। ਆਈ. ਪੀ. ਦੇਸਾਈ ਨੇ ਵੀ ਇਹ ਮੰਨਿਆ ਹੈ ਕਿ "ਯੁਵਾ ਅਤੇ ਬੁੱਢੀਆਂ ਪੀੜੀਆਂ ਵਿੱਚ ਤਨਾਵ ਦੇ ਬਾਵਜੂਦ ਬੱਚਿਆਂ ਦਾ ਆਪਣੇ ਪਰਿਵਾਰ ਨਾਲ ਲਗਾਵ ਵਿਰਲੇ ਹੀ ਕਮਜ਼ੋਰ ਹੁੰਦਾ ਹੈ।" ਪ੍ਰੰਤੂ ਰਾਸ ਦੇ ਵਿਚਾਰ ਵਿੱਚ "ਪਰਿਵਾਰ ਦੇ ਪ੍ਰਤੀ ਕਰਤੱਵ ਦੀਆਂ ਭਾਵਨਾਵਾਂ ਅਤੇ ਪਰਿਵਾਰ ਦੇ ਮੈਂਬਰਾਂ ਪ੍ਰਤੀ ਭਾਵਨਾਤਮਕ ਲਗਾਵ ਨਿਸ਼ਚਿਤ ਰੂਪ ਨਾਲ ਕਮਜ਼ੋਰ ਹੋ ਜਾਣਗੇ ਅਤੇ ਪਿਤ੍ਰਸੱਤਾ (authority of the partiarch) ਖਤਮ ਹੋ ਜਾਵੇਗੀ। ਜਦੋਂ ਅਜਿਹਾ ਹੋਵੇਗਾ ਤਾਂ ਸੰਬੰਧੀਆਂ ਦੇ ਅਤੇ ਵੱਡੇ ਸਮੂਹ ਵਿੱਚ ਪਹਿਚਾਣ ਲਈ ਕੁਝ ਵੀ ਬਾਕੀ ਨਹੀਂ ਰਹਿ ਜਾਵੇਗਾ।" ਸਾਡਾ ਆਪਣਾ ਵਿਚਾਰ ਹੈ ਕਿ ਸ਼ਹਿਰੀ ਭਾਰਤ ਵਿੱਚ (ਅਤੇ ਇਸ ਵਿਸ਼ੇ ਵਿੱਚ ਸਾਰੇ ਭਾਰਤ ਵਿੱਚ) ਪਰਿਵਾਰ ਕਦੇ ਵੀ ਨਹੀਂ ਟੁੱਟੇਗਾ ਪ੍ਰੰਤੂ ਇਹ ਇੱਕ ਸ਼ਕਤੀਸ਼ਾਲੀ ਇਕਾਈ ਬਣਿਆ ਰਹੇਗਾ।

ਨੋਟ

**ਨਗਰੀਕਰਣ ਅਤੇ ਜਾਤੀ (urbanization and Caste):** ਨਗਰੀਕਰਣ, ਸਿੱਖਿਆ ਅਤੇ ਵਿਅਕਤੀਗਤ ਉਪਲਬਧੀ (individual achievement) ਅਤੇ ਆਧੁਨਿਕ ਸਥਿਤੀ ਵੱਲ ਅਭਿਮੁਖੀਕਰਣ ਦਾ ਵਿਕਾਸ (development of an orientation) ਜਾਤੀ ਦੀ ਪਹਿਚਾਣ ਨੂੰ ਘੱਟ ਕਰਦਾ ਹੈ। ਨਗਰ ਦੇ ਲੋਕ ਅਜਿਹੇ ਸੰਬੰਧਾਂ ਦੇ ਜਾਲ (networks) ਵਿੱਚ ਭਾਗ ਲੈਂਦੇ ਹਨ ਜਿਨਾਂ ਵਿੱਚ ਕਈ ਜਾਤੀਆਂ ਦੇ ਵਿਅਕਤੀ ਹੁੰਦੇ ਹਨ। ਰਜਨੀ ਕੋਠਾਰੀ ਦੇ ਅਨੁਸਾਰ, ਵਿਅਕਤੀ ਦੇ ਪ੍ਰਤੀ ਵਫਾਦਾਰੀ ਦੀ ਥਾਂ ਇੱਕ ਦੂਜੇ ਨੂੰ ਕੱਟਣ ਵਾਲੀਆਂ ਵਫਾਦਾਰੀਆਂ ਨੇ ਲੈ ਲਈ ਹੈ। ਆਂਦਰੇ ਬਿਤੇਈ ਨੇ ਕਿਹਾ ਹੈ ਕਿ ਪੱਛਮੀ ਰੰਗ ਵਿੱਚ ਰੰਗੇ ਹੋਏ ਅਭਿਜਨ (elite) ਵਿੱਚ ਵਰਗ ਦੇ ਬੰਧਨ ਜਾਤੀ ਦੇ ਬੰਧਨਾਂ ਤੋਂ ਕਿਤੇ ਅਧਿਕ ਮਹੱਤਵਪੂਰਣ ਹੁੰਦੇ ਹਨ।

ਕੁਝ ਜਾਤੀਆਂ ਦੇ ਸਿੱਖਿਅਤ ਮੈਂਬਰ, ਜੋ ਆਧੁਨਿਕ ਕਾਰੋਬਾਰਾਂ ਵਿੱਚ ਹਨ, ਕਦੇ ਕਦੇ ਦਬਾਅ ਸਮੂਹ (pressure group) ਦੇ ਰੂਪ ਵਿੱਚ ਸੰਗਠਿਤ ਹੋ ਜਾਂਦੇ ਹਨ। ਇਸ ਪ੍ਰਕਾਰ ਇੱਕ ਜਾਤੀ ਦੂਜੇ ਦਬਾਅ ਸਮੂਹਾਂ ਦੇ ਨਾਲ ਰਾਜਨੀਤਿਕ ਅਤੇ ਆਰਥਿਕ ਸੰਸਾਧਨਾਂ ਲਈ ਇੱਕ ਸਮੂਹਿਕ ਇਕਾਈ (corporate body) ਦੀ ਤਰਾਂ ਮੁਕਾਬਲਾ ਕਰਦੀ ਹੈ। ਇਸ ਪ੍ਰਕਾਰ ਦਾ ਸੰਗਠਨ ਇੱਕ ਨਵੀਂ ਪ੍ਰਕਾਰ ਦੀ ਬਜਾਏ ਸਮਾਜਿਕ ਵਰਗਾਂ ਦੀ ਤਰਾਂ ਅਧਿਕ ਕੰਮ ਕਰਦਾ ਹੈ।

ਇੱਕ ਹੋਰ ਪਰਿਵਰਤਨ ਜੋ ਅੱਜਕੱਲ ਅਸੀਂ ਦੇਖਦੇ ਹਾਂ ਓਹ ਹੈ ਉਪਜਾਤੀਆਂ ਦਾ ਵਿਲਅ (fusion) ਅਤੇ ਜਾਤੀਆਂ ਦਾ ਵਿਲਅ। ਕੋਲੇਂਡਾ (1984:150–151) ਨੇ ਤਿੰਨ ਪ੍ਰਕਾਰ ਦੇ ਵਿਲਅ ਦੀ ਪਹਿਚਾਣ ਕੀਤੀ ਹੈ: (*i*) ਰੁਜ਼ਗਾਰ ਵਿੱਚ ਅਤੇ ਸ਼ਹਿਰ ਦੀ ਬਜਾਏ ਨਵੀਆਂ ਬਸਤੀਆਂ ਵਿੱਚ ਵਿਭਿੰਨ ਉਪਜਾਤੀਆਂ ਅਤੇ ਜਾਤੀਆਂ ਦੇ ਵਿਅਕਤੀ ਇੱਕ ਦੂਜੇ ਨੂੰ ਮਿਲਦੇ ਹਨ। ਓਹ ਆਮ ਤੌਰ ਤੇ ਲਗਭਗ ਬਰਾਬਰ ਦਰਜੇ ਦੇ ਹੁੰਦੇ ਹਨ ਅਤੇ ਇਨਾਂ ਵਿੱਚ ਪੜੌਸ ਦੀ ਜਾਂ ਦਫਤਰ ਸਮੂਹ ਦੀ ਏਕਤਾ ਵਿਕਸਿਤ ਹੁੰਦੀ ਹੈ। ਇਸ ਤਰਾਂ ਦੀ ਚੀਜ਼ ਵੱਡੇ ਸ਼ਹਿਰਾਂ ਵਿੱਚ ਸਰਕਾਰੀ ਬਸਤੀਆਂ ਵਿੱਚ ਆਮ ਰੂਪ ਵਿੱਚ ਪਾਈ ਜਾਂਦੀ ਹੈ; (*ii*) ਅੰਤਰ-ਉਪ-ਜਾਤੀ ਵਿਆਹ ਹੁੰਦੇ ਹਨ ਅਤੇ ਇਸ ਨਾਲ ਉਪਜਾਤੀਆਂ ਦੇ ਵਿਲਅ ਨੂੰ ਪ੍ਰੋਤਸਾਹਨ ਮਿਲਦਾ ਹੈ। ਇਹ ਇਸ ਲਈ ਹੁੰਦਾ ਹੈ ਕਿ ਕਈ ਵਾਰ ਸਿੱਖਿਅਕ ਪੁੱਤਰੀ ਲਈ ਆਪਣੀ ਹੀ ਉਪਜਾਤੀ ਵਿੱਚ ਚੰਗਾ ਸਿੱਖਿਅਤ ਵਰ ਨਹੀਂ ਮਿਲਦਾ, ਪ੍ਰੰਤੂ ਨਜ਼ਦੀਕ ਦੀ ਉਪਜਾਤੀ ਵਿੱਚ ਮਿਲ ਜਾਂਦਾ ਹੈ; (*iii*) ਲੋਕਤਾਂਤਰਿਕ ਰਾਜਨੀਤੀ (democratic politics) ਉਪਜਾਤੀਆਂ ਅਤੇ ਸਨਿੰਕਟ ਬਣ ਸਕੇ। ਇਸ ਦਾ ਇੱਕ ਉਦਾਹਰਣ ਤਮਿਲਨਾਡੂ ਦੇ ਦ੍ਰਵਿੜ ਮੁਨੰਟਾ ਕਜ਼ਗਮ (ਡੀ. ਐਮ. ਕੇ.) ਅਤੇ ਅੰਨਾ ਦ੍ਰਵਿੜ ਮੁਨੰਟਾ ਕਜ਼ਗਮ (ਏ. ਡੀ. ਐਮ. ਕੇ.) ਦੇ ਦਲਾਂ ਦਾ ਹੈ ਜਿਨਾਂ ਦਾ ਸੰਗਠਨ ਉੱਚ ਗੈਰ ਬ੍ਰਾਹਮਣ ਜਾਤੀਆਂ ਦੇ ਮੈਂਬਰਾਂ ਦੁਆਰਾ ਕੀਤਾ ਗਿਆ ਹੈ।

ਸ਼ਹਿਰ ਦੇ ਲੋਕ ਜਾਤੀ ਦੇ ਪ੍ਰਤੀਮਾਨਾਂ ਦੇ ਅਨੁਸਾਰ ਪੂਰੀ ਤਰਾਂ ਨਹੀਂ ਚਲਦੇ। ਖਾਣ-ਪਾਣ ਸੰਬੰਧਾਂ, ਵਿਵਾਹਿਕ ਸੰਬੰਧਾਂ ਅਤੇ ਕਾਰੋਬਾਰੀ ਸੰਬੰਧਾਂ ਵਿੱਚ ਪਰਿਵਰਤਨ ਹੋਇਆ ਹੈ। ਬਿਹਾਰ ਵਿੱਚ ਜਾਤੀ ਵਿਵਸਥਾ ਦੇ ਇੱਕ ਅਧਿਐਨ ਵਿੱਚ ਇਹ ਪਾਇਆ ਗਿਆ ਹੈ ਕਿ ਨਗਰੀਕਰਣ ਨੇ ਜਾਤੀ ਵਿਵਸਥਾ ਦੀਆਂ ਸਭ ਵਿਸ਼ੇਸ਼ਤਾਵਾਂ ਨੂੰ ਸਮਾਨ ਰੂਪ ਨਾਲ ਪ੍ਰਭਾਵਿਤ ਨਹੀਂ ਕੀਤਾ ਹੈ। ਪੰਜ ਵਿਭਿੰਨ ਜਾਤੀਆਂ (ਬ੍ਰਾਹਮਣ, ਧੋਬੀ, ਰਾਜਪੂਤ, ਅਹੀਰ ਅਤੇ ਚਮਾਰ) ਦੇ 200 ਵਿਅਕਤੀਆਂ ਦੇ ਅਧਿਐਨ ਵਿੱਚ ਇਹ ਪਾਇਆ ਗਿਆ ਕਿ ਸਭ ਨੇ ਆਪਣੀ ਹੀ ਜਾਤੀ ਵਿੱਚ ਵਿਆਹ ਕੀਤਾ ਸੀ, ਚਾਹੇ ਸ਼ਹਿਰਾਂ ਵਿੱਚ ਰਹਿ ਰਹੇ ਲੋਕਾਂ ਵਿੱਚੋਂ 20% ਅੰਤਰਜਾਤੀ ਵਿਆਹਾਂ ਦੇ ਪੱਖ ਵਿੱਚ ਸਨ। ਇਸ ਤੋਂ ਉਲਟ ਪੇਂਡੂ ਖੇਤਰਾਂ ਵਿੱਚ 5.0% ਸਨ। ਕਾਰੋਬਾਰ ਦੇ ਸੰਬੰਧ ਵਿੱਚ ਸ਼ਹਿਰ ਵਿੱਚ ਇੱਕ ਵੀ ਉੱਤਰਦਾਤਾ ਆਪਣੀ ਪਾਰੰਪਰਿਕ ਜਾਤੀ ਦੇ ਧੰਦੇ ਵਿੱਚ ਨਹੀਂ ਸੀ, ਜਦੋਂ ਕਿ ਪੇਂਡੂ ਖੇਤਰਾਂ ਵਿੱਚ 81.0% ਉੱਤਰਦਾਤਾ ਅਜੇ ਵੀ ਆਪਣੇ ਪਾਰੰਪਰਿਕ ਧੰਦਿਆਂ ਨਾਲ ਜੁੜੇ ਹੋਏ ਸਨ। ਇਸੇ ਪ੍ਰਕਾਰ ਜਾਤੀ ਏਕਤਾ ਪੇਂਡੂ ਖੇਤਰਾਂ ਦੀ ਬਜਾਏ ਸ਼ਹਿਰੀ ਖੇਤਰਾਂ ਵਿੱਚ ਏਨੀ ਮਜ਼ਬੂਤ ਨਹੀਂ ਸੀ। ਜਾਤੀਆਂ ਦੀ ਪੰਚਾਇਤਾਂ ਸ਼ਹਿਰਾਂ ਵਿੱਚ ਬਹੁਤ ਕਮਜ਼ੋਰ ਸਨ। ਧੁਰੇ (1952), ਕਪਾੜੀਆ (1959), ਬਾਰਨਵਾਸ, ਯੋਗੇਂਦਰ ਸਿੰਘ, ਆਰ. ਕੇ. ਮੁਖਰਜੀ, ਸ਼੍ਰੀਨਿਵਾਸ, ਯੋਗੇਸ਼ ਅਟਲ ਅਤੇ ਐਸ. ਸੀ. ਦੁਬੇ ਨੇ ਵੀ ਜਾਤੀ ਉੱਤੇ ਨਗਰੀਕਰਣ ਦੇ ਪ੍ਰਭਾਵ ਦਾ ਉਲੇਖ ਕੀਤਾ ਹੈ।

**ਨਗਰੀਕਰਣ ਅਤੇ ਔਰਤਾਂ ਦੀ ਪ੍ਰਸਥਿਤੀ (Urbanization and Status of Women):** ਔਰਤਾਂ ਦੀ ਸਥਿਤੀ ਪੇਂਡੂ ਖੇਤਰਾਂ ਦੀ ਤੁਲਨਾ ਵਿੱਚ ਸ਼ਹਿਰੀ ਖੇਤਰਾਂ ਵਿੱਚ ਅਧਿਕ ਉੱਚੀ ਹੈ। ਤੁਲਨਾਤਮਕ ਰੂਪ ਨਾਲ ਸ਼ਹਿਰੀ ਔਰਤਾਂ ਅਧਿਕ ਸਿੱਖਿਅਕ ਅਤੇ ਉਦਾਰ ਹਨ। ਪੇਂਡੂ ਖੇਤਰਾਂ ਵਿੱਚ 25.1% ਸਾਖਰ ਔਰਤਾਂ ਦੇ ਮੁਕਾਬਲੇ ਸ਼ਹਿਰੀ ਖੇਤਰਾਂ ਵਿੱਚ 1991 ਵਿੱਚ 54% ਔਰਤਾਂ ਸਨ। ਓਨਾਂ ਵਿੱਚੋਂ ਕੁਝ ਕੰਮਕਾਜੀ ਵੀ ਸਨ। ਇਸ ਪ੍ਰਕਾਰ ਓਨਾਂ ਨੇ ਨੂੰ ਕੇਵਲ ਆਪਣੇ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਅਧਿਕਾਰਾਂ ਦੀ ਜਾਣਕਾਰੀ ਸੀ ਬਲਕਿ ਓਹ ਆਪਣੇ ਅਧਿਕਾਰਾਂ ਦਾ ਉਪਯੋਗ ਆਪਣੇ ਆਪ ਨੂੰ ਅਪਮਾਨਿਤ ਅਤੇ ਸ਼ੋਸ਼ਿਤ ਹੋਣ ਤੋਂ ਬਚਣ ਲਈ ਵੀ ਕਰਦੀਆਂ ਸਨ। ਲੜਕੀਆਂ ਦੀ ਸ਼ਹਿਰਾਂ ਵਿੱਚ ਵਿਆਹ ਦੇ ਸਮੇਂ ਔਸਤ ਉਮਰ ਵੀ ਪਿੰਡਾਂ ਵਿੱਚ ਵਿਆਹ ਦੀ ਔਸਤ ਉਮਰ ਤੋਂ ਅਧਿਕ ਸੀ।

ਫਿਰ ਵੀ ਸ਼੍ਰਮ ਬਜ਼ਾਰ ਵਿੱਚ ਔਰਤਾਂ ਅਜੇ ਵੀ ਪ੍ਰਤੀਕੂਲ ਸਥਿਤੀ ਵਿੱਚ ਹਨ। ਸ਼੍ਰਮ ਬਜ਼ਾਰ ਵਿੱਚ ਔਰਤਾਂ ਦੇ ਵਿਰੁੱਧ ਪੱਖਪਾਤੀ ਵਿਵਹਾਰ ਅਪਣਾਇਆ ਜਾਂਦਾ ਹੈ ਅਤੇ ਮੌਕੇ ਵੀ ਸਮਾਨਤਾ ਦੇ ਵਿਰੁੱਧ ਹੁੰਦੇ ਹਨ। ਮੌਕੇ ਦੀ ਸਮਾਨਤਾ ਨੂੰ ਇਸ ਸੰਦਰਭ ਵਿੱਚ ਵਿਆਪਕ ਰੂਪ ਵਿੱਚ ਸਮਝਿਆ ਜਾ ਸਕਦਾ ਹੈ। ਇਸ ਵਿੱਚ ਰੁਜਗਾਰ, ਸਿੱਖਿਆ ਅਤੇ ਉੱਨਤੀ ਦੇ ਮੌਕਿਆਂ ਦੀ ਸਮਾਨਤਾ ਆਓਂਦੀ ਹੈ। ਇਸ ਰੂਪ ਵਿੱਚ ਸ਼੍ਰਮ ਬਜ਼ਾਰ ਵਿੱਚ, ਜਿੱਥੇ ਲਿੰਗ ਵਿਯੋਜਨ ਹੈ, ਪਰਿਵਰਤਨ ਸੰਭਵ ਨਹੀਂ ਕਿਓਂਕਿ ਸ਼੍ਰਮ ਬਜ਼ਾਰ ਦੇ ਢਾਂਚੇ ਇਹ ਮੰਨ ਕੇ ਚਲਦੇ ਹਨ ਕਿ ਔਰਤਾਂ ਦੀ ਜੀਵਨ-ਵ੍ਰਿੱਤੀ (career) ਦੇ ਸਰੂਪਾਂ ਵਿਚ ਆਮ ਤੌਰ ਤੇ ਅੰਤਰਾਲ ਆਓਂਦੇ ਹਨ ਅਤੇ ਇਸ ਤੋਂ ਉਲਟ ਪੁਰਸ਼ਾਂ ਦੇ ਸਾਧਾਰਣ ਜੀਵਨ-ਵ੍ਰਿੱਤੀ ਦੇ ਸਰੂਪਾਂ (patterns) ਵਿੱਚ ਨਿਰੰਤਰਤਾ (continuity)

ਹੁੰਦੀ ਹੈ। ਸ਼੍ਰਮ ਬਜ਼ਾਰ ਵਿੱਚ ਲਿੰਗ ਵਿਯੋਜਨ ਦੇ ਪ੍ਰਤੀਬੰਧਾਂ ਦੇ ਕਾਰਣ ਔਰਤਾਂ ਦੀ ਪ੍ਰਵ੍ਰਿੱਤੀ ਕਾਰੋਬਾਰਾਂ ਦੇ ਦਾਇਰੇ ਵਿੱਚ ਕੰਮ ਕਰਣ ਦੀ ਹੁੰਦੀ ਹੈ ਅਤੇ ਇਨਾਂ ਕਾਰੋਬਾਰਾਂ ਵਿੱਚ ਪ੍ਰਤਿਸ਼ਠਾ ਅਤੇ ਮਜ਼ਦੂਰੀ ਵੀ ਘੱਟ ਹੁੰਦੀ ਹੈ। ਔਰਤਾਂ ਆਮ ਤੌਰ ਤੇ ਅਧਿਆਪਨ, ਨਰਸਿੰਗ, ਸਮਾਜਿਕ ਕੰਮ ਲਿਪਿਕ ਅਤੇ ਕਲਰਕਾਂ ਦੇ ਰੁਜ਼ਗਾਰ ਨੂੰ ਜ਼ਿਆਦਾ ਚਾਹੁੰਦੀਆਂ ਹਨ-ਜਿਨਾਂ ਵਿੱਚ ਪ੍ਰਤਿਸ਼ਠਾ ਘੱਟ ਹੁੰਦੀ ਹੈ ਅਤੇ ਮਜ਼ਦੂਰੀ ਵੀ ਘੱਟ ਮਿਲਦੀ ਹੈ। ਓਨਾਂ ਔਰਤਾਂ ਨੂੰ ਵੀ, ਜੋ ਕਾਰੋਬਾਰੀ ਸਿੱਖਿਆ ਪਾਓਣ ਵਿੱਚ ਆਓਣ ਵਾਲੀਆਂ ਰੁਕਾਵਟਾਂ ਨੂੰ ਵੀ ਪਾਰ ਕਰ ਲੈਂਦੀਆਂ ਹਨ, ਪ੍ਰਤੀਕੂਲ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਓਂਕਿ ਓਨਾਂ ਨੂੰ ਕਾਰੋਬਾਰੀ ਜੀਵਨ-ਵ੍ਰਿੱਤੀ ਅਤੇ ਘਰ ਦੇ ਮੁਕਾਬਲੇ ਨਾਲ ਵੀ ਮੰਗਾਂ ਨਾਲ ਆਪਣੇ ਆਪ ਨੂੰ ਅਨੁਕੂਲ ਬਣਾਓਣ ਵਿੱਚ ਕਠਿਨਾਈ ਆਓਂਦੀ ਹੈ।

ਔਰਤਾਂ ਲਈ ਅਵਿਵਾਹਿਤ ਰਹਿਣਾ ਜਾਂ ਵਿਆਹ ਅਤੇ ਜੀਵਨ-ਵ੍ਰਿੱਤੀ ਨੂੰ ਮਿਸ਼ਰਿਤ (combine) ਕਰਨਾ ਇੱਕ ਮੁਸ਼ਕਿਲ ਕੰਮ ਹੈ। ਇਸ ਆਮ ਉਮੀਦ ਤੋਂ ਇਲਾਵਾ ਕਿ ਸਭ ਪਤਨੀਆਂ ਨੂੰ ਚੰਗੀ ਗ੍ਰਹਿਣੀ ਹੋਣਾ ਚਾਹੀਦਾ ਹੈ, ਇਹ ਵੀ ਪਾਇਆ ਜਾਂਦਾ ਹੈ ਕਿ ਜ਼ਰੂਰਤ ਪੈਣ ਤੇ ਔਰਤਾਂ ਨੂੰ ਆਪਣੀ ਜੀਵਨ-ਵ੍ਰਿੱਤੀ ਤਿਆਗਣ ਨੂੰ ਕਿਹਾ ਜਾਂਦਾ ਹੈ। ਅਤੇ ਇਸ ਪ੍ਰਕਾਰ ਓਨਾਂ ਦੇ ਪਤੀਆਂ ਦੀ ਜੀਵਨ-ਵ੍ਰਿੱਤੀ ਦੇ ਮੁਕਾਬਲੇ ਓਨਾਂ ਦੀ ਜੀਵਨ-ਵ੍ਰਿੱਤੀ ਨੂੰ ਗੌਣ ਸਮਝਿਆ ਜਾਦਾ ਹੈ। ਇਸ ਨਾਲ ਔਰਤਾਂ ਵਿੱਚ ਕੁੰਠਾਵਾਂ ਪੈਦਾ ਹੋ ਜਾਂਦੀਆਂ ਹਨ ਅਤੇ ਕੁਝ ਮਾਮਲਿਆਂ ਵਿੱਚ ਇਸ ਨਾਲ ਮਾਨਸਿਕ ਬਿਮਾਰੀਆਂ ਵੀ ਹੋ ਜਾਦੀਆਂ ਹਨ। ਪ੍ਰੰਤੂ ਪੇਂਡੂ ਔਰਤਾਂ ਨੂੰ ਅਜਿਹੀਆਂ ਬਿਮਾਰੀਆਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

ਇਸ ਤੋਂ ਇਲਾਵਾ ਇਹ ਵੀ ਦੇਖਿਆ ਗਿਆ ਹੈ ਕਿ ਭਾਰਤ ਵਿੱਚ ਲੜਕੀਆਂ ਦੀ ਉੱਚ ਸਤਰ ਦੀ ਸਿੱਖਿਆ ਘੱਟ ਛੋਟੇ ਆਕਾਰ ਵਾਲੇ ਪਰਿਵਾਰ ਨਾਲ ਮਹੱਤਵਪੂਰਣ ਢੰਗ ਨਾਲ ਸੰਬੰਧਿਤ ਹੈ। ਚਾਹੇ ਸਿੱਖਿਆ ਨੇ ਔਰਤਾਂ ਦੀ ਵਿਆਹ ਦੀ ਉਮਰ ਵਧਾ ਦਿੱਤੀ ਹੈ ਅਤੇ ਜਨਮ ਦਰ ਨੂੰ ਘੱਟ ਕਰ ਦਿੱਤਾ ਹੈ ਫਿਰ ਵੀ ਇਸ ਨਾਲ ਦਹੇਜ਼ ਦੇ ਨਾਲ ਪਾਰੰਪਰਿਕ ਸਰੂਪ ਵਾਲੀ ਤੈਅਸ਼ੁਦਾ (arranged) ਵਿਆਹਾਂ ਵਿੱਚ ਕੋਈ ਮੂਲਭੂਤ ਪਰਿਵਰਤਨ ਨਹੀਂ ਹੋਇਆ ਹੈ। ਮਾਰਗ੍ਰੇਟ ਕਾਰਮੇਕ ਨੇ ਵਿਸ਼ਵਦਿਆਲੇ ਦੇ 500 ਵਿਦਿਆਰਥੀਆਂ ਦੇ ਅਧਿਐਨ ਤੋਂ ਇਹ ਪਤਾ ਕੀਤਾ ਕਿ ਲੜਕੀਆਂ ਕਾਲੇਜ ਜਾਣ ਅਤੇ ਲੜਕਿਆਂ ਨਾਲ ਮਿਲਣ-ਜੁਲਣ ਲਈ ਤਿਆਰ ਸਨ ਪ੍ਰੰਤੂ ਓਹ ਆਪਣਾ ਵਿਆਹ ਆਪਣੇ ਮਾਤਾ ਪਿਤਾ ਦੁਆਰਾ ਤੈਅ ਕਰਾਓਣਾ ਚਾਹੁੰਦੀਆਂ ਸਨ। ਔਰਤਾਂ ਨਵੇਂ ਮੌਕੇ ਚਾਹੁੰਦੀਆਂ ਹਨ ਪ੍ਰੰਤੂ ਇਸ ਦੇ ਨਾਲ ਨਾਲ ਓਹ ਆਪਣੀਆਂ ਪੁਰਾਣੀਆਂ ਸੁਰੱਖਿਆਵਾਂ ਦੀ ਵੀ ਮੰਗ ਕਰਦੀਆਂ ਹਨ। ਓਹ ਆਪਣੀ ਨਵੀਂ ਨਵੀਂ ਸੁਤੰਤਰਤਾ ਨੂੰ ਪਸੰਦ ਕਰਦੀਆਂ ਹਨ, ਪ੍ਰੰਤੂ ਪੁਰਾਣੇ ਮੁੱਲਾਂ ਨੂੰ ਵੀ ਬਣਾ ਕੇ ਰੱਖਣਾ ਚਾਹੁੰਦੀਆਂ ਹਨ।

ਤਲਾਕ ਅਤੇ ਪੁਨਰ-ਵਿਆਹ ਨਵੇਂ ਤੱਥ ਹਨ ਜਿਨਾਂ ਨੂੰ ਅਸੀਂ ਸ਼ਹਿਰੀ ਔਰਤਾਂ ਵਿੱਚ ਪਾਓਂਦੇ ਹਾਂ। ਅੱਜ ਔਰਤਾਂ ਕਾਨੂੰਨੀ ਰੂਪ ਨਾਲ ਵਿਆਹ-ਵਿੱਛੇਦ ਕਰਣ ਵਿੱਚ ਅਧਿਕ ਪਹਿਲ ਕਰਦੀਆਂ ਹਨ ਜੇਕਰ ਓਨਾਂ ਨੂੰ ਵਿਆਹ ਤੋਂ ਬਾਅਦ ਸੰਤੁਲਨ ਸਥਾਪਿਤ ਕਰਨਾ ਮੁਸ਼ਕਿਲ ਲਗਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਵੱਡੀ ਸੰਖਿਆ ਵਿੱਚ ਤਲਾਕ ਔਰਤਾਂ ਦੁਆਰਾ ਅਸੰਤੁਲਨ ਅਤੇ ਮਾਨਸਿਕ ਯਾਤਨਾ ਦੇ ਆਧਾਰ ਤੇ ਮੰਗਿਆ ਜਾਦਾ ਹੈ।

ਰਾਜਨੀਤਿਕ ਰੂਪ ਨਾਲ ਸ਼ਹਿਰੀ ਔਰਤਾਂ ਅੱਜਕੱਲ ਅਧਿਕ ਸਕ੍ਰਿਅ ਹਨ। ਓਨਾਂ ਔਰਤਾਂ ਦੀ ਸੰਖਿਆ ਜੋ ਚੁਨਾਵ ਲੜਦੀਆਂ ਹਨ, ਹਰ ਸਤਰ ਤੇ ਵਧੀ ਹੈ। ਓਹ ਮਹੱਤਵਪੂਰਣ ਰਾਜਨੀਤਿਕ ਪਦਾਂ ਉੱਤੇ ਸੱਤਾਰੂੜ ਹਨ ਅਤੇ ਸੁਤੰਤਰ ਰਾਜਨੀਤਿਕ ਵਿਚਾਰਧਾਰਾਵਾਂ ਰੱਖਦੀਆਂ ਹਨ। ਇਸ ਪ੍ਰਕਾਰ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਜਿੱਥੇ ਪੇਂਡੂ ਔਰਤਾਂ ਆਰਥਿਕ ਅਤੇ ਸਮਾਜਿਕ ਰੂਪ ਨਾਲ ਪੁਰਸ਼ਾਂ ਉੱਤੇ ਨਿਰਭਰ ਹਨ, ਸ਼ਹਿਰੀ ਔਰਤਾਂ ਤੁਲਨਾਤਮਕ ਰੂਪ ਨਾਲ ਅਧਿਕ ਸੁਤੰਤਰ ਹਨ।

ਟਾਸਕ ਨਗਰਾਂ ਵਿੱਚ ਔਰਤਾਂ ਦੀ ਕੀ ਸਥਿਤੀ ਹੈ?

**ਸ਼ਹਿਰੀਕਰਣ ਅਤੇ ਪੇਂਡੂ ਜੀਵਨ (Urbanization and Village Life):** ਪਿਛਲੀ ਅੱਧੀ ਸ਼ਤਾਬਦੀ ਤੋਂ ਸਾਡੇ ਦੇ ਸ਼ ਵਿੱਚ ਸ਼ਹਿਰੀ ਵਿਕਾਸ ਦੇ ਕਾਰਣ ਪੇਂਡੂ ਵਿਅਕਤੀਆਂ ਦਾ ਅਜਿਹੇ ਸ਼ਹਿਰੀ ਖੇਤਰਾਂ ਵਿੱਚ ਅਪਕੇਂਦਰੀ (centrifugal) ਪਲਾਇਨ ਹੋਇਆ ਹੈ ਜਿੱਥੇ ਪਹੁੰਚਣ ਲਈ ਜਨਉਪਯੋਗੀ ਸੇਵਾਵਾਂ ਆਸਾਨੀ ਨਾਲ ਉਪਲਬਧ ਸਨ। ਕਈ ਵਿਅਕਤੀ ਸ਼ਹਿਰਾਂ ਵਿੱਚ ਇਸ ਲਈ ਗਏ ਕਿਓਂਕਿ ਉੱਥੇ ਰੁਜ਼ਗਾਰ ਉਪਲਬਧ ਸਨ। ਜੋ ਅਜੇ ਵੀ ਪਿੰਡਾਂ ਵਿੱਚ ਵਸੇ ਹਨ, ਓਨਾਂ ਨੂੰ ਸ਼ਹਿਰੀ ਜੀਵਨ ਦੀਆਂ ਸੁਵਿਧਾਵਾਂ ਉਪਲਬਧ ਹਨ ਚਾਹੇ ਓਹ ਸ਼ਹਿਰੀ ਕੇਂਦਰਾਂ ਤੋਂ ਮੀਲਾਂ ਦੂਰ ਹਨ। ਵਧੀਆ ਰਾਜਮਾਰਗ, ਬਸਾਂ ਅਤੇ ਮੋਟਰਾਂ, ਰੇਡੀਓ, ਟੈਲੀਵਿਜ਼ਨ ਅਤੇ ਅਖਬਾਰ ਪੇਂਡੂਆਂ ਨੂੰ ਸ਼ਹਿਰੀ ਰੁਜ਼ਗਾਰ, ਅਤੇ ਸ਼ਹਿਰੀ ਆਵਾਸ ਅਤੇ ਪੇਂਡੂ ਸੰਪਰਕ ਨੇ ਨਾ ਕੇਵਲ ਸਮਾਜਿਕ ਸਰੂਪਾਂ ਵਿੱਚ ਕੁਝ ਪਰਿਵਰਤਨ ਕੀਤੇ ਹਨ ਪ੍ਰੰਤੂ ਜੀਵਨ ਦੀ ਇੱਕ ਨਵੀਂ ਸ਼ੈਲੀ ਨਾਲ ਸੰਤੁਲਨ ਵੀ ਸਥਾਪਿਤ ਕੀਤਾ ਹੈ। ਪੇਂਡੂਆਂ ਨੂੰ ਹੁਣ ਸ਼ਹਿਰੀ ਜੀਵਨ ਬਾਰੇ ਅਧਿਕ ਜਾਣਕਾਰੀ ਹੈ ਅਤੇ ਉਸ ਨਾਲ ਓਹ ਇੰਨੇ ਅਧਿਕ ਪ੍ਰਭਾਵਿਤ ਹੋਏ ਹਨ ਕਿ ਹੁਣ ਓਹ ਜਾਤੀ, ਧਰਮ ਆਦਿ ਨੂੰ ਜ਼ਿਆਦਾ ਮਹੱਤਵ ਨਹੀਂ ਦਿੰਦੇ। ਓਹ ਆਪਣੇ ਦ੍ਰਿਸ਼ਟੀਕੋਣ ਵਿੱਚ ਅਧਿਕ ਉਦਾਰ ਹੋ ਗਏ ਹਨ। ਓਹ ਹੁਣ ਅਲਗਾਵ ਨਹੀਂ ਰੱਖਦੇ। ਕਈ ਕਿਸਾਨਾਂ ਨੇ ਖੇਤੀ ਦੀਆਂ ਨਵੀਂਆਂ ਪੱਧਤੀਆਂ ਅਪਣਾ ਲਈਆਂ ਹਨ। ਨਾ ਕੇਵਲ ਓਨਾਂ ਦੇ ਮੁੱਲਾਂ ਅਤੇ ਇੱਛਾਵਾਂ ਵਿੱਚ ਪਰਿਵਰਤਨ ਆਇਆ ਹੈ ਪ੍ਰੰਤੂ ਓਨਾਂ ਦੇ ਵਿਵਹਾਰ ਵਿੱਚ ਵੀ ਪਰਿਵਰਤਨ ਹੋਇਆ

ਨੋਟ

ਹੈ। ਜਜਮਾਨੀ ਵਿਵਸਥਾ ਕਮਜ਼ੋਰ ਹੋ ਰਹੀ ਹੈ ਅਤੇ ਅੰਤਰਜਾਤੀ ਅਤੇ ਅੰਤਰਵਰਗੀ ਸੰਬੰਧਾਂ ਵਿੱਚ ਪਰਿਵਰਤਨ ਆ ਰਿਹਾ ਹੈ। ਵਿਆਹ, ਪਰਿਵਾਰ ਅਤੇ ਜਾਤੀ ਦੀਆਂ ਪੰਚਾਇਤਾਂ ਦੀਆਂ ਸੰਸਥਾਵਾਂ ਵਿੱਚ ਵੀ ਪਰਿਵਰਤਨ ਹੈ। ਬੀਮਾਰੀਆਂ ਦੇ ਉਪਚਾਰ ਲਈ ਆਰੰਭਿਕ ਤਰੀਕਿਆਂ ਉੱਤੇ ਨਿਰਭਰ ਰਹਿਣ ਦੀ ਬਜਾਏ ਹੁਣ ਓਹ ਆਧੁਨਿਕ ਐਲੋਪੈਥਿਕ ਦਵਾਈਆਂ ਦਾ ਪ੍ਰਯੋਗ ਕਰਦੇ ਹਨ। ਚੁਨਾਵਾਂ ਵਿੱਚ ਵੀ ਇਸੇ ਪ੍ਰਕਾਰ ਓਹ ਇੱਕ ਉਮੀਦਵਾਰ ਦੀ ਧਾਰਮਿਕ ਜਾਂ ਸਮਾਜਿਕ ਪ੍ਰਤਿਸ਼ਠਾ ਦੀ ਥਾਂ ਉਸ ਦੀਆਂ ਖਮਤਾਵਾਂ ਅਤੇ ਰਾਜਨੀਤਿਕ ਪੁਸ਼ਠਭੂਮੀ ਨੂੰ ਮਹੱਤਵ ਦਿੰਦੇ ਹਨ।

ਪ੍ਰੰਤੂ ਇਸ ਦਾ ਅਰਥ ਇਹ ਨਹੀਂ ਕਿ ਪਿੰਡਾਂ ਵਿੱਚ ਹੁਣ ਪਰੰਪਰਾਵਾਂ ਦਾ ਕੋਈ ਮਹੱਤਵ ਨਹੀਂ ਹੈ। ਵਿਅਕਤੀਵਾਦ ਪਰਿਵਾਰਵਾਦ (familism) ਦੀ ਥਾਂ ਨਹੀਂ ਲੈ ਪਾਇਆ ਹੈ। ਅਤੇ ਨਾ ਹੀ ਧਰਮਨਿਰਪੱਖਤਾ ਉਸ ਬੰਧਨ ਦਾ ਸਥਾਨ ਗ੍ਰਹਿਣ ਕਰ ਪਾਈ ਹੈ ਜੋ ਧਾਰਮਿਕ ਹੈ।

**ਨਗਰੀਕਰਣ ਦੀਆਂ ਸਮੱਸਿਆਵਾਂ (Problems of Urbanization)**: ਸ਼ਹਿਰੀ ਸਮੱਸਿਆਵਾਂ ਅਨੰਤ ਹਨ। ਨਸ਼ੀਲੇ ਪਦਾਰਥਾਂ ਦਾ ਸੇਵਨ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਓਨਾਂ ਵਿੱਚੋਂ ਕੁਝ ਹਨ। ਅਸੀਂ ਓਨਾਂ ਛੇ ਗੰਭੀਰ ਸਮੱਸਿਆਵਾਂ ਦੇ ਪ੍ਰਭਾਵ ਖੇਤਰ ਅਤੇ ਵਿਆਪਕਤਾ ਦਾ ਵਿਸ਼ਲੇਸ਼ਣ ਕਰਾਂਗੇ ਜਿਨਾਂ ਦਾ ਇਸ ਪੁਸਤਕ ਦੇ ਦੂਜੇ ਅਧਿਆਵਾਂ ਵਿੱਚ ਉਲੇਖ ਨਹੀਂ ਹੋਇਆ ਹੈ। ਓਹ ਹਨ: (*i*) ਆਵਾਸ ਅਤੇ ਗੰਦੀਆਂ ਬਸਤੀਆਂ, (*ii*) ਭੀੜ-ਭਾੜ ਅਤੇ ਨਿਰਵਿਅਕਤੀਕਰਣ (depersonalisation), (*iii*) ਪਾਣੀ ਦੀ ਆਪੂਰਤੀ ਅਤੇ ਜਲ-ਨਿਕਾਸ (drainage), (*iv*) ਪਰਿਵਹਨ ਅਤੇ ਯਾਤਾਯਾਤ, (*v*) ਬਿਜਲੀ ਦੀ ਕਮੀ ਅਤੇ (*vi*) ਪ੍ਰਦੂਸ਼ਣ।

**ਆਵਾਸ ਅਤੇ ਗੰਦੀਆਂ ਬਸਤੀਆਂ (Housing and Slums)**: ਸ਼ਹਿਰਾਂ ਵਿੱਚ ਵਿਅਕਤੀਆਂ ਦਾ ਆਵਾਸ ਜਾਂ ਆਵਾਸਹੀਣਤਾ (houselessness) ਨੂੰ ਖਤਮ ਕਰਨਾ ਇੱਕ ਗੰਭੀਰ ਸਮੱਸਿਆ ਹੈ। ਸਰਕਾਰ, ਉਦਯੋਗਪਤੀ, ਪੂੰਜੀਪਤੀ, ਸਾਹਸੀ ਵਿਅਕਤੀ (enterpreneurs), ਵਿਕਾਸ (developers) ਠੇਕੇਦਾਰ ਅਤੇ ਮਕਾਨਦਾਰ (landlords) ਗਰੀਬ ਅਤੇ ਮੱਧ ਵਰਗ ਦੇ ਵਿਅਕਤੀਆਂ ਦੀਆਂ ਆਵਾਸ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਪਾਏ ਹਨ। ਇੱਕ ਯੂ. ਐਨ. ਆਈ. ਦੀ ਰਿਪੋਰਟ ਦੇ ਅਨੁਸਾਰ (ਦਿ ਹਿੰਦੁਸਤਾਨ ਟਾਈਮਜ਼, 9 ਮਈ, 1988), ਭਾਰਤ ਦੇ ਸਭ ਤੋਂ ਵੱਡੇ ਨਗਰਾਂ ਵਿੱਚ ਸ਼ਹਿਰੀ ਜਨਸੰਖਿਆ ਦੇ ਇੱਕ ਚੌਥਾਈ ਅਤੇ ਅੱਧੇ ਦੇ ਵਿੱਚ ਵਿਅਕਤੀ ਕੰਮਚਲਾਊ ਥਾਵਾਂ ਅਤੇ ਗੰਦੀਆਂ ਬਸਤੀਆਂ ਵਿੱਚ ਰਹਿੰਦੇ ਹਨ। ਦੇਸ਼ ਦੇ ਕੁਲ ਪਰਿਵਾਰਾਂ ਵਿੱਚੋਂ ਘੱਟ ਤੋਂ ਘੱਟ 15.0% 'ਆਵਾਸ ਤੋਂ ਵੰਚਿਤ' ਹਨ, ਘਰਾਂ ਦੇ 60% ਤੋਂ ਅਧਿਕ ਵਿੱਚ ਰੌਸ਼ਨੀ ਅਤੇ ਹਵਾ ਦੀਆਂ ਸੁਵਿਧਾਵਾਂ ਨਾਕਾਫੀ ਹਨ। ਅਤੇ 80% ਪੇਂਡੂ ਜਨਸੰਖਿਆ ਅਤੇ 30% ਸ਼ਹਿਰੀ ਜਨਸੰਖਿਆ ਕੱਚੇ ਮਕਾਨਾਂ ਵਿੱਚ ਰਹਿੰਦੇ ਹਨ। ਲੱਖਾਂ ਵਿਅਕਤੀਆਂ ਨੂੰ ਬਹੁਤ ਜ਼ਿਆਦਾ ਕਿਰਾਇਆ ਦੇਣਾ ਪੈਂਦਾ ਹੈ ਜੋ ਓਨਾਂ ਦੇ ਸਾਧਨਾਂ ਤੋਂ ਪਰੇ ਹੁੰਦਾ ਹੈ। ਸਾਡੀ ਲਾਭ-ਅਭਿਮੁਖ ਅਰਥਵਿਵਸਥਾ ਵਿੱਚ ਨਿਜੀ ਵਿਕਾਸਕਾਂ ਅਤੇ ਬਸਤੀਆਂ ਦਾ ਨਿਰਮਾਣ ਕਰਣ ਵਾਲਿਆਂ ਨੂੰ ਗਰੀਬ ਅਤੇ ਨਿਮਨ ਮੱਧ ਵਰਗ ਦੇ ਵਿਅਕਤੀਆਂ ਲਈ ਸ਼ਹਿਰਾਂ ਵਿੱਚ ਮਕਾਨ ਬਣਾਓਣ ਤੋਂ ਕੁਝ ਲਾਭ ਨਹੀਂ ਹੁੰਦਾ। ਇਸ ਦੀ ਬਜਾਏ ਓਹ ਅਮੀਰ ਅਤੇ ਉੱਚ ਮੱਧ ਵਰਗ ਦੀਆਂ ਆਵਾਸੀ ਜ਼ਰੂਰਤਾਂ ਦੀ ਪੂਰਤੀ ਉੱਤੇ ਆਪਣਾ ਧਿਆਨ ਕੇਂਦਰਿਤ ਕਰਦੇ ਹਨ। ਇਸ ਦੇ ਫਲਸਰੂਪ ਕਿਰਾਏ ਵਧੇ ਹਨ। ਕੁਝ ਉਪਲਬਧ ਮਕਾਨਾਂ ਦੇ ਲਈ ਕਿਰਾਏ ਦਾ ਮੁਕਾਬਲਾ ਹੁੰਦਾ ਹੈ। ਲਗਭਗ ਅੱਧੀ ਜਨਸੰਖਿਆ ਕੋਲ ਖਰਾਬ ਮਕਾਨ ਹਨ ਜਾਂ ਓਹ ਆਪਣੇ ਵੇਤਨ ਦਾ 20% ਕਿਰਾਏ ਉੱਤੇ ਖਰਚ ਕਰਦੇ ਹਨ। ਕੁਝ ਰਾਜਾਂ ਵਿੱਚ ਆਵਾਸਨ ਮੰਡਲਾਂ (Housing Boards) ਅਤੇ ਨਗਰ ਵਿਕਾਸ ਪ੍ਰਾਧਿਕਰਣਾਂ (City Development Authorities) ਨੇ ਸ਼ਹਿਰ ਦੀ ਆਵਾਸੀ ਸਮੱਸਿਆ ਦਾ ਜੀਵਨ ਬੀਮਾ ਨਿਗਮ, ਹੁਡਕੋ (HUDCO) ਅਤੇ ਇਸ ਪ੍ਰਕਾਰ ਦੀਆਂ ਹੋਰ ਏਜੰਸੀਆਂ ਦੀ ਸਕ੍ਰਿਅ ਵਿੱਤੀ ਮਦਦ ਦੁਆਰਾ ਹੱਲ ਕਰਣ ਦੀ ਕੋਸ਼ਿਸ਼ ਕੀਤੀ ਹੈ। ਓਹ ਮਕਾਨ ਦੀ ਪੂਰੀ ਕੀਮਤ ਮਾਸਿਕ ਕਿਸ਼ਤਾਂ ਤੱਕ ਵਿੱਚ ਲੈ ਲੈਂਦੇ ਹਨ ਅਤੇ 9% ਤੋਂ 18% ਤੱਕ ਵਿਆਜ ਲੈਂਦੇ ਹਨ। ਪ੍ਰੰਤੂ ਇੰਜੀਨਿਅਰ ਅਤੇ ਠੇਕੇਦਾਰ ਇਨਾਂ ਸਰਕਾਰੀ ਕੋਸ਼ਿਸ਼ਾਂ ਤੋਂ ਬਹੁਤ ਕਮਾਓਂਦੇ ਹਨ। ਓਹ ਨਿਰਮਾਣ ਵਿੱਚ ਘਟੀਆ ਮਾਲ ਲਗਾਓਂਦੇ ਹਨ ਅਤੇ ਨਿਰਧਾਰਿਤ ਨਿਰਦੇਸ਼ਾਂ (specifications) ਦਾ ਉਲੰਘਣ ਕਰਦੇ ਹੋਏ ਭਵਨਾਂ ਦਾ ਨਿਰਮਾਣ ਕਰਦੇ ਹਨ। ਖਰੀਦਣ ਵਾਲੇ ਨੂੰ ਛੇਤੀ ਹੀ ਪਤਾ ਚਲ ਜਾਂਦਾ ਹੈ ਕਿ ਛਤ ਟਪਕਦੀ ਹੈ, ਚੂਨਾ ਝੜਣ ਲਗਦਾ ਹੈ, ਕੰਧਾਂ ਵਿੱਚ ਦਰਾਰਾਂ ਪੈ ਜਾਂਦੀਆਂ ਹਨ। ਬਿਜਲੀ ਦੇ ਸਾਜ਼ੋ-ਸਾਮਾਨ (fittings) ਖਰਾਬ ਹੋਣ ਲਗਦੇ ਹਨ। ਇਸ ਪ੍ਰਕਾਰ ਦੇ ਕੰਮਾਂ ਨਾਲ ਆਵਾਸਨ ਮੰਡਲ ਅਤੇ ਓਹ ਥੋੜੇ ਜਿਹੇ ਈਮਾਨਦਾਰ ਅਫਸਰ, ਜੋ ਇਸ ਪ੍ਰਕਾਰ ਦੀਆਂ ਆਵਾਸੀ ਯੋਜਨਾਵਾਂ ਨਾਲ ਸੰਬੰਧਿਤ ਹੁੰਦੇ ਹਨ, ਬਦਨਾਮ ਹੋ ਜਾਂਦੇ ਹਨ। ਇਸ ਲਈ ਕੋਈ ਹੈਰਾਨੀ ਨਹੀਂ ਕਿ ਅੱਜ ਵੀ ਸ਼ਹਿਰਾਂ ਵਿੱਚ ਆਵਾਸੀ ਸਮੱਸਿਆ ਕੇਵਲ ਰੋਟੀ ਅਤੇ ਕੱਪੜੇ ਤੋਂ ਬਾਅਦ ਸਭ ਤੋਂ ਵਿਕਰਾਲ ਸਮੱਸਿਆ ਬਣੀ ਹੋਈ ਹੈ।

ਸੱਤਵੀਂ ਯੋਜਨਾ ਦੇ ਆਰੰਭ ਵਿੱਚ ਮਕਾਨਾਂ ਦੀਆਂ ਅਨੁਮਾਨਿਤ ਇਕਾਈਆਂ ਲਗਭਗ 25.0 ਮਿਲੀਅਨ ਸਨ। ਸ਼ਹਿਰੀ ਖੇਤਰਾਂ ਵਿੱਚ 1990 ਤੱਕ ਇਹ ਕਮੀ 9.7 ਮਿਲੀਅਨ ਅਤੇ 1999 ਤੱਕ 18 ਮਿਲੀਅਨ ਇਕਾਈਆਂ ਤੱਕ ਵਧ ਜਾਣ ਦੀ ਸੰਭਾਵਨਾ ਸੀ। ਇੱਕਲੇ ਦਿੱਲੀ ਵਿੱਚ, ਜਿੱਥੇ 1957 ਅਤੇ 1998 ਦੇ ਵਿਚਕਾਰ 2 ਮਿਲੀਅਨ ਤੋਂ 11.2 ਮਿਲੀਅਨ ਦੀ ਜਨਸੰਖਿਆ ਵਿੱਚ ਵਾਧਾ ਹੋਇਆ, ਹਰ ਸਾਲ 60,000 ਵਿਅਕਤੀਆਂ ਦਾ ਵਾਧਾ ਹੋ ਜਾਂਦਾ ਹੈ ਜਿਨਾਂ ਨੂੰ ਨਵੇਂ ਆਵਾਸ ਪ੍ਰਦਾਨ ਕਰਣ ਦੀ ਜ਼ਰੂਰਤ ਹੁੰਦੀ ਹੈ। ਇੱਕ ਯੂ. ਐਨ. ਆਈ. ਦੀ ਰਿਪੋਰਟ ਦੇ ਅਨੁਸਾਰ ਦਿੱਲੀ ਦੀ ਜਨਸੰਖਿਆ ਦੇ ਲਗਭਗ 70% ਵਿਅਕਤੀ ਨਿਮਨਸਤਰ ਦੀਆਂ ਪਰਿਸਥਿਤੀਆਂ ਵਿੱਚ ਰਹਿੰਦੇ ਹਨ। ਦੇਸ਼ ਦੀਆਂ ਗੰਦੀਆਂ ਬਸਤੀਆਂ ਦੀ 1998 ਵਿੱਚ ਲਗਭਗ 50 ਮਿਲੀਅਨ

ਜਨਸੰਖਿਆ ਸੀ। ਇਸ ਵਿੱਚ ਦਿੱਲੀ ਵਿੱਚ ਉਸ ਦੀ ਜਨਸੰਖਿਆ ਦੇ 44% ਗੰਦੀਆਂ ਬਸਤੀਆਂ (ਝੁੱਗੀ-ਝੌਂਪੜੀ) ਵਿੱਚ ਰਹਿੰਦੇ ਸਨ, ਮੁੰਬਈ ਦੀ ਝੌਂਪੜਪੱਟੀ ਅਤੇ ਚਾਲ ਵਿੱਚ 45.0%, ਕਲਕੱਤਾ ਦੀਆਂ ਬਸਤੀਆਂ ਵਿੱਚ 42.0% ਅਤੇ ਚੇਨੰਈ ਦੀ ਚੇਰੀਜ਼ ਵਿੱਚ 39.0%। ਬੰਗਲੌਰ, ਹੈਦਰਾਬਾਦ, ਅਹਿਮਦਾਬਾਦ, ਕਾਨਪੁਰ, ਪੁਣੇ, ਨਾਗਪੁਰ ਅਤੇ ਜੈਪੁਰ ਦੇ ਅੱਠ ਹੋਰ ਮਹਾਂਨਗਰਾਂ ਵਿੱਚ ਸਥਿਤੀ ਇਸ ਤੋਂ ਚੰਗੀ ਨਹੀਂ ਹੈ। ਸਰਕਾਰੀ ਕੋਸ਼ਿਸ਼ਾਂ ਦੇ ਬਾਵਜੂਦ ਗੰਦੀਆਂ ਬਸਤੀਆਂ ਦੀ ਜਨਸੰਖਿਆ ਦੀ ਅਗਲੇ ਪੰਜ ਸਾਲਾਂ ਵਿੱਚ (ਅਰਥਾਤ 2005 ਈ. ਤੱਕ) ਬਹੁਤ ਅਧਿਕ ਵਧਣ ਦੀ ਸੰਭਾਵਨਾ ਹੈ। ਇਸ ਨਾਲ ਆਵਾਸੀ ਸਮੱਸਿਆ ਅਤੇ ਗੰਦਗੀ ਹੋਰ ਵਧੇਗੀ। ਆਬਾਦਕਾਰ (squatter) ਬਸਤੀਆਂ ਦੇ ਵਿਕਾਸ ਦਾ ਕ੍ਰਮ ਹੈ, ਵਿਅਕਤੀ, ਭੂਮੀ (ਸਥਾਨ), ਆਸ਼ਰਮ ਅਤੇ ਸੇਵਾਵਾਂ। ਵਿਅਕਤੀ ਸਭ ਤੋਂ ਪਹਿਲਾਂ ਇੱਕ ਅਜਿਹੀ ਥਾਂ ਦਾ ਚੁਨਾਵ ਕਰਦੇ ਹਨ ਜੋ ਓਨਾਂ ਦੀ ਸਮਾਜਿਕ ਅਤੇ ਆਰਥਿਕ ਜ਼ਰੂਰਤਾਂ ਦੀ ਪੂਰਤੀ ਕਰਦਾ ਹੈ, ਫਿਰ ਆਸ਼ਰਮ ਘਰਾਂ ਦਾ ਨਿਰਮਾਣ ਕਰਦੇ ਹਨ ਅਤੇ ਫਿਰ ਆਰਥਿਕ ਜ਼ਰੂਰਤਾਂ ਦੀ ਪੂਰਤੀ ਕਰਦਾ ਹੈ, ਫਿਰ ਆਸ਼ਰਮ ਘਰਾਂ ਦਾ ਨਿਰਮਾਣ ਕਰਦੇ ਹਨ ਅਤੇ ਫਿਰ ਕੁਝ ਸਮਾਂ ਬਤੀਤ ਹੋਣ ਤੋਂ ਬਾਅਦ ਇਹ ਸੇਵਾਵਾਂ ਦੇ ਆਓਣ ਦਾ ਇੰਤਜ਼ਾਰ ਕਰਦੇ ਹਨ, ਚਾਹੇ ਬਸਤੀਆਂ ਵਿਅਕਤੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਦੀਆਂ ਹਨ, ਪ੍ਰੰਤੂ ਓਹ ਸ਼ਹਿਰ ਦੀ ਯੋਜਨਾ ਦੇ ਨਿਯਮਾਂ ਨੂੰ ਭੰਗ ਕਰਦੀਆਂ ਹਨ। ਇਸ ਲਈ ਹੁਣ ਇਹ ਮੰਨਿਆ ਜਾਂਦਾ ਹੈ ਕਿ ਵਰਤਮਾਨ ਵਿੱਚ ਵਿਕਾਸ ਦਾ ਕ੍ਰਮ ਹੋਣਾ ਚਾਹੀਦਾ ਹੈ: ਭੂਮੀ (ਸਥਾਨ), ਵਿਅਕਤੀ, ਸਹਾਰਾ ਅਤੇ ਸੇਵਾਵਾਂ। ਹੁਣ ਸਰਕਾਰ ਨੇ ਗਰੀਬਾਂ ਨੂੰ ਘੱਟ ਕੀਮਤ ਵਾਲੇ ਅਣ-ਔਪਚਾਰਿਕ ਆਵਾਸੀ ਉਦਯੋਗਿਕੀਆਂ ਨੂੰ ਅਪਨਾਓਣ ਲਈ ਉਤਸਾਹਿਤ ਕਰਣ ਤੋਂ ਇਲਾਵਾ ਕਈ ਹੋਰ ਯੋਜਨਾਵਾਂ ਵੀ ਬਣਾਈਆਂ ਹਨ ਅਤੇ ਹੋਰ ਅਧਿਕ ਚੰਗੇ ਮਕਾਨ ਬਣਾਓਣ ਲਈ ਉਤਸਾਹ ਦੇਣ ਲਈ ਕਈ ਰਿਆਇਤਾਂ ਦਿੱਤੀਆਂ ਹਨ। ਇਨਾਂ ਵਿੱਚ ਰਾਸ਼ਟਰੀ ਆਵਾਸੀ ਬੈਂਕ ਨੂੰ 100 ਕਰੋੜ ਰੁਪਏ ਦਾ ਯੋਗਦਾਨ, 100 ਕਰੋੜ ਰੁਪਏ ਦੇ ਸੰਗ੍ਰਿਹ (corpus) ਨਾਲ ਇੱਕ ਵੱਖ ਸਮਾਜਿਕ ਸੁਰੱਖਿਆ ਕੋਸ਼ (social security fund) ਦੀ ਸਥਾਪਨਾ ਅਤੇ ਰਾਸ਼ਟਰੀ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਵਿੱਤੀ ਅਤੇ ਵਿਕਾਸ ਨਿਗਮ ਦਾ ਗਠਨ ਸ਼ਾਮਿਲ ਹੈ।

**ਭੀੜ-ਭਾੜ ਅਤੇ ਨਿਰਵਿਅਕਤੀਕਰਣ (Crowding and Depersonalisation):** ਭੀੜ-ਭਾੜ (ਜਨਸੰਖਿਆ ਦਾ ਸੰਘਣਾਪਣ) ਅਤੇ ਵਿਅਕਤੀਆਂ ਦੀ ਦੂਜੇ ਵਿਅਕਤੀਆਂ ਦੀਆਂ ਸਮੱਸਿਆਵਾਂ (ਜਿਨਾਂ ਵਿੱਚ ਓਨਾਂ ਦੇ ਪੜੌਸੀਆਂ ਦੀਆਂ ਸਮੱਸਿਆਵਾਂ ਵੀ ਸ਼ਮਿਲ ਹਨ) ਪ੍ਰਤੀ ਉਦਾਸੀਨਤਾ ਇੱਕ ਦੂਜੀ ਸਮੱਸਿਆ ਹੈ ਜੋ ਸ਼ਹਿਰੀ ਜੀਵਨ ਵਿੱਚ ਪੈਦਾ ਹੋ ਰਹੀ ਹੈ। ਕੁਝ ਘਰਾਂ ਵਿੱਚ ਏਨੀ ਭੀੜ-ਭਾੜ ਹੈ ਕਿ ਪੰਜ ਜਾਂ ਛੇ ਵਿਅਕਤੀ ਇੱਕ ਹੀ ਕਮਰੇ ਵਿੱਚ ਰਹਿੰਦੇ ਹਨ। ਕੁਝ ਸ਼ਹਿਰਾਂ ਦੇ ਅੜੌਸ-ਪੜੌਸ ਵਿੱਚ ਬਹੁਤ ਅਧਿਕ ਭੀੜ-ਭਾੜ ਹੈ। ਭੀੜ-ਭਾੜ ਦੇ ਕਈ ਹਾਨੀਕਾਰਕ ਪ੍ਰਭਾਵ ਹੁੰਦੇ ਹਨ। ਇਹ ਵਿਚਲਿਤ ਵਿਵਹਾਰ ਨੂੰ ਵਧਾਵਾ ਦਿੰਦੀ ਹੈ, ਬੀਮਾਰੀਆਂ ਫੈਲਾਓਂਦੀ ਹੈ ਅਤੇ ਮਾਨਸਿਕ ਬੀਮਾਰੀਆਂ, ਮਦਿਰਾਪਾਨ ਅਤੇ ਸੰਪਰਦਾਇਕ ਦੰਗਿਆਂ ਲਈ ਪਰਿਸਥਿਤੀਆਂ ਪੈਦਾ ਕਰਦੀ ਹੈ। ਘਣੇ ਸ਼ਹਿਰੀ ਆਵਾਸ ਦਾ ਇੱਕ ਪ੍ਰਭਾਵ ਉਦਾਸੀਨਤਾ ਹੁੰਦਾ ਹੈ। ਸ਼ਹਿਰ ਵਿੱਚ ਰਹਿਣ ਵਾਲੇ ਦੂਜਿਆਂ ਦੇ ਮਾਮਲੇ ਵਿੱਚ ਨਹੀਂ ਪੈਣਾ ਚਾਹੁੰਦੇ। ਇੱਥੋਂ ਤੱਕ ਕਿ ਵਿਅਕਤੀ ਦੁਰਘਟਨਾਗ੍ਰਸਤ ਹੋ ਜਾਂਦੇ ਹਨ, ਤੰਗ ਕੀਤੇ ਜਾਂਦੇ ਹਨ, ਓਨਾਂ ਉੱਤੇ ਹਮਲਾ ਕੀਤਾ ਜਾਂਦਾ ਹੈ, ਭਜਾਇਆ ਜਾਂਦਾ ਹੈ ਅਤੇ ਓਨਾਂ ਦੀ ਹੱਤਿਆ ਤੱਕ ਕਰ ਦਿੱਤੀ ਜਾਦੀ ਹੈ ਅਤੇ ਅਜਿਹੇ ਸਮੇਂ ਵਿੱਚ ਹੋਰ ਵਿਅਕਤੀ ਕੇਵਲ ਖੜੇ ਦੇਖਦੇ ਰਹਿੰਦੇ ਹਨ।

**ਜਲ-ਆਪੂਰਤੀ ਅਤੇ ਜਲ-ਨਿਕਾਸ (Water Supply and Drainage):** ਅਸੀਂ ਅਜਿਹੇ ਚਰਣ ਵਿੱਚ ਪਹੁੰਚ ਗਏ ਹਾਂ ਜਿੱਥੇ ਕਿਸੇ ਵੀ ਸ਼ਹਿਰ ਵਿੱਚ ਚੌਵੀ ਘੰਟੇ ਪਾਣੀ ਦੀ ਆਪੂਰਤੀ ਨਹੀਂ ਹੁੰਦੀ ਹੈ। ਰੁਕ ਰੁਕ ਕੇ ਆਪੂਰਤੀ ਕਰਣ ਨਾਲ ਖਾਲੀ ਪਾਣੀ ਦੀਆਂ ਲਾਈਨਾਂ ਵਿੱਚ ਖਾਲੀ ਸਥਾਨ (vacuum) ਉਤਪੰਨ ਹੋ ਜਾਂਦਾ ਹੈ ਜਿਸ ਨਾਲ ਲਾਈਨਾਂ ਦੇ ਰਿਸਦੇ ਹੋਏ ਜੋੜ (leaking joint) ਗੰਦੇ ਪਦਾਰਥਾਂ (pollutants) ਨੂੰ ਖਿੱਚ ਲੈਂਦੇ ਹਨ। ਚੇਨੰਈ, ਹੈਦਰਾਬਾਦ, ਰਾਜਕੋਟ, ਅਜਮੇਰ ਅਤੇ ਉਦੇਪੁਰ ਜਿਹੇ ਸ਼ਹਿਰਾਂ ਵਿੱਚ ਨਗਰਪਾਲਿਕਾਵਾਂ ਇੱਕ ਦਿਨ ਵਿੱਚ ਇੱਕ ਘੰਟੇ ਤੋਂ ਵੀ ਘੱਟ ਜਲ ਆਪੂਰਤੀ ਕਰਦੀਆਂ ਹਨ। ਕਈ ਛੋਟੇ ਕਸਬਿਆਂ ਵਿੱਚ ਪ੍ਰਮੁੱਖ ਜਲ ਆਪੂਰਤੀ ਹੁੰਦੀ ਹੀ ਨਹੀਂ ਅਤੇ ਓਹ ਟਿਊਬਵੈਲਾਂ ਉੱਤੇ ਨਿਰਭਰ ਹੁੰਦੇ ਹਨ। ਬੰਗਲੌਰ ਵਿੱਚ ਲਗਭਗ 700 ਮੀਟਰ ਲਿਫਟ ਕਰ ਕੇ ਪਾਣੀ ਲਿਆਂਦਾ ਜਾਦਾ ਹੈ। ਕਈ ਕਸਬਿਆਂ ਅਤੇ ਸ਼ਹਿਰਾਂ ਵਿੱਚ ਜਿੱਥੇ ਹਰ ਸਾਲ ਚੰਗੀ ਵਰਖਾ ਹੁੰਦੀ ਸੀ ਪਿਛਲੇ ਦੋ ਤਿੰਨ ਸਾਲਾਂ ਤੋਂ ਪਾਣੀ ਦੀ ਬਹੁਤ ਜ਼ਿਆਦਾ ਕਮੀ ਹੋਣ ਲੱਗੀ ਹੈ। ਜਿਸ ਚੀਜ਼ ਦਾ ਬੁਰੀ ਤਰਾਂ ਅਭਾਵ ਹੈ ਓਹ ਹੈ ਰਾਸ਼ਟਰੀ ਜਲ ਨੀਤੀ ਜੋ ਸੰਪੂਰਣ ਜਲ ਸੰਸਾਧਨਾਂ ਦਾ ਆਂਕਲਣ ਕਰੇ ਅਤੇ ਫਿਰ ਪਾਣੀ ਦੀ ਵੰਡ ਕਰੇ। ਇਹ ਵਿਤਰਣ 1987 ਵਿੱਚ ਦਿੱਲੀ ਵਿੱਚ ਹੋਈ ਉੱਚ ਸਤਰੀ ਬੈਠਕ ਦੇ ਬਾਵਜੂਦ ਹੈ ਜਿਸ ਦਾ ਉਦੇਸ਼ ਪੀਣ ਦੇ ਪਾਣੀ ਦੀਆਂ ਜ਼ਰੂਰਤਾਂ ਨੂੰ ਪਹਿਲ ਦੇਣਾ ਸੀ।

ਜਦੋਂ ਅਸੀਂ ਪਾਣੀ ਦੀ ਆਪੂਰਤੀ ਦੇ ਦੂਜੇ ਪਾਸੇ ਦੇਖਦੇ ਹਾਂ, ਅਰਥਾਤ ਜਲ-ਨਿਕਾਸ, ਤਾਂ ਸਥਿਤੀ ਏਨੀ ਹੀ ਖਰਾਬ ਹੈ। ਇੱਕ ਗੱਲ ਜੋ ਭਾਰਤ ਦੇ ਬਾਰੇ ਵਿੱਚ ਬਹੁਤ ਘੱਟ ਲੋਕ ਜਾਣਦੇ ਹਨ, ਓਹ ਇਹ ਹੈ ਕਿ ਇੱਥੇ ਇੱਕ ਵੀ ਸ਼ਹਿਰ ਅਜਿਹਾ ਨਹੀਂ ਹੈ ਜਿੱਥੇ ਪੂਰੀ ਤਰਾਂ ਨਾਲ ਮਲ-ਵਿਸਰਜਨ ਨਾਲੇ ਹੋਣ। ਚੰਡੀਗੜ ਜਿਹਾ ਨਿਯੋਜਿਤ ਸ਼ਹਿਰ ਵੀ ਇਸ ਵਿਸ਼ਿਸ਼ਟਤਾ ਦਾ ਦਾਵਾ ਨਹੀਂ ਕਰ ਸਕਦਾ ਕਿਓਂਕਿ ਉਸ ਵਿੱਚ ਅਤੇ ਉਸ ਦੇ ਆਸ-ਪਾਸ ਦੇ ਅਣ-ਅਧਿਕ੍ਰਿਤ ਨਿਰਮਾਣ ਪ੍ਰਮੁੱਖ ਵਿਵਸਥਾ ਦੇ ਖੇਤਰ ਤੋਂ ਬਾਹਰ ਹਨ। ਜਲ-ਨਿਕਾਸ ਵਿਵਸਥਾ ਦੇ ਨਾ ਹੋਣ ਨਾਲ ਗਰਮੀ ਦੇ ਮਹੀਨਿਆਂ ਵਿੱਚ ਹਰ ਸ਼ਹਿਰ ਵਿੱਚ ਜਮੇ ਹੋਏ ਪਾਣੀ ਦੇ ਵੱਡੇ ਵੱਡੇ ਖੱਡੇ ਦੇਖੇ ਜਾ ਸਕਦੇ ਹਨ। ਜਿਸ ਤਰਾਂ ਸਾਨੂੰ ਇੱਕ ਰਾਸ਼ਟਰੀ ਜਲ ਨੀਤੀ ਦੀ ਜ਼ਰੂਰਤ ਹੈ, ਉਸੇ ਤਰਾਂ ਸਾਨੂੰ ਇੱਕ ਰਾਸ਼ਟਰੀ ਅਤੇ ਖੇਤਰੀ ਜਲ-ਨਿਕਾਸ ਨੀਤੀ ਦੀ ਵੀ ਜ਼ਰੂਰਤ ਹੈ।

ਨੋਟ

**ਪਰਿਵਹਨ ਅਤੇ ਯਾਤਾਯਾਤ (Transportation and Traffic):** ਪਰਿਵਹਨ ਅਤੇ ਯਾਤਾਯਾਤ ਦੀ ਤਸਵੀਰ ਸਭ ਭਾਰਤੀ ਸ਼ਹਿਰਾਂ ਵਿੱਚ ਚੰਗੀ ਨਹੀਂ ਹੈ। ਜ਼ਿਆਦਾਤਰ ਵਿਅਕਤੀ ਬਸਾਂ ਅਤੇ ਟੈਂਪੋ ਦਾ ਇਸਤੇਮਾਲ ਕਰਦੇ ਹਨ ਅਤੇ ਕੁਝ ਰੇਲ ਦਾ ਪਰਿਵਹਨ ਵਿਵਸਥਾ ਦੇ ਰੂਪ ਵਿੱਚ ਇਸਤੇਮਾਲ ਕਰਦੇ ਹਨ। ਸਕੂਟਰਾਂ, ਮੋਟਰ-ਸਾਈਕਲਾਂ, ਮੋਪੇਡਾਂ ਅਤੇ ਕਾਰਾਂ ਦੀ ਬਦਲੀ ਹੋਈ ਸੰਖਿਆ ਯਾਤਾਯਾਤ ਸਮੱਸਿਆ ਨੂੰ ਹੋਰ ਵੀ ਅਧਿਕ ਖਰਾਬ ਕਰਦੀ ਹੈ। ਓਹ ਧੂੰਏ ਅਤੇ ਸ਼ੋਰ ਨਾਲ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ। ਦਿੱਲੀ, ਮੁੰਬਈ, ਚੇਨੰਈ ਅਤੇ ਕਲਕੱਤਾ ਜਿਹੇ ਮਹਾਂਨਗਰਾਂ ਵਿੱਚ ਚਲਦੀਆਂ ਬਸਾਂ ਦੀ ਸੰਖਿਆ ਕਾਫੀ ਨਹੀਂ ਹੈ। ਯਾਤਰਾ ਕਰਣ ਵਾਲਿਆਂ ਨੂੰ ਬਸਾਂ ਲਈ ਇੱਕ ਜਾਂ ਦੋ ਘੰਟੇ ਤੱਕ ਇੰਤਜ਼ਾਰ ਕਰਨਾ ਪੈਂਦਾ ਹੈ। ਜਿਸ ਦਾ ਅਰਥ ਇਹ ਹੁੰਦਾ ਹੈ ਕਿ ਓਨਾਂ ਨੂੰ ਆਪਣੇ ਕੰਮ ਦੀ ਥਾਂ ਤੇ ਪਹੁੰਚਣ ਲਈ ਸਵੇਰੇ ਦੋ ਘੰਟੇ ਪਹਿਲਾਂ ਘਰ ਤੋਂ ਨਿੱਕਲਣਾ ਪੈਂਦਾ ਹੈ ਅਤੇ ਸ਼ਾਮ ਨੂੰ ਵੀ ਦੋ ਘੰਟੇ ਬਾਅਦ ਓਹ ਘਰ ਪਹੁੰਚਦੇ ਹਨ। ਇਸ ਪਰੇਸ਼ਾਨੀ ਦਾ ਮੁੱਖ ਕਾਰਣ ਇਹ ਹੈ ਕਿ ਯਾਤਰੀਆਂ ਦਾ ਘੱਟ ਵੇਤਨ ਓਨਾਂ ਨੂੰ ਸਸਤੇ ਮਕਾਨਾਂ ਵਾਲੇ ਖੇਤਰਾਂ ਵਿੱਚ ਰਹਿਣ ਲਈ ਮਜਬੂਰ ਕਰਦਾ ਹੈ ਜਿਸ ਦੇ ਫਲਸਰੂਪ ਓਨਾਂ ਨੂੰ ਲੰਬੀ ਯਾਤਰਾ ਕਰਨੀ ਪੈਂਦੀ ਹੈ। ਇਸ ਤੋਂ ਇਲਾਵਾ ਕਿਓਂਕਿ ਸਾਡੇ ਨਾਗਰਿਕ ਜਨ ਪਰਿਵਹਨ ਵਿਵਸਥਾ ਲਈ ਅਧਿਕ ਕਿਰਾਏ ਨਹੀਂ ਦੇ ਸਕਦੇ, ਕਿਰਾਏ ਘੱਟ ਰੱਖਣੇ ਪੈਂਦੇ ਹਨ। ਇਸ ਕਾਰਣ ਸ਼ਹਿਰ ਦੀਆਂ ਬਸ ਸੇਵਾਵਾਂ ਨੂੰ ਇੰਨੇ ਸਾਲਾਨਾ ਨੁਕਸਾਨ ਉਠਾਓਣੇ ਪੈਂਦੇ ਹਨ ਕਿ ਓਹ ਅਸਲ ਵਿੱਚ ਵਧ ਹੀ ਨਹੀਂ ਸਕਦੀਆਂ ਜਾਂ ਸ਼ਹਿਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਣ ਲਈ ਪੂਰੀ ਸੰਖਿਆ ਵਿੱਚ ਬਸਾਂ ਚਲਾ ਨਹੀਂ ਸਕਦੀਆਂ।

**ਬਿਜਲੀ ਦੀ ਕਮੀ (Power Shortage):** ਯਾਤਾਯਾਤ ਨਾਲ ਨਜ਼ਦੀਕ ਤੋਂ ਜੁੜੀ ਸਮੱਸਿਆ ਬਿਜਲੀ ਦੀ ਕਮੀ ਹੈ। ਇੱਕ ਪਾਸੇ ਸ਼ਹਿਰਾਂ ਵਿੱਚ ਬਿਜਲੀ ਦੇ ਸਾਜ਼ੋ-ਸਾਮਾਨ ਦਾ ਬਹੁਤ ਪ੍ਰਚਲਨ ਹੋ ਗਿਆ ਹੈ ਅਤੇ ਦੂਜੇ ਪਾਸੇ ਨਵੇਂ ਉਦਯੋਗਾਂ ਦੇ ਸਥਾਪਿਤ ਹੋਣ ਨਾਲ ਅਤੇ ਪੁਰਾਣੇ ਉਦਯੋਗਾਂ ਦੇ ਵਿਸਤਾਰ ਨਾਲ ਵੀ ਬਿਜਲੀ ਉੱਤੇ ਨਿਰਭਰਤਾ ਵਧ ਗਈ ਹੈ। ਜ਼ਿਆਦਾਤਰ ਰਾਜ ਆਪਣੀ ਜ਼ਰੂਰਤ ਅਨੁਸਾਰ ਬਿਜਲੀ ਉਤਪਾਦਨ ਕਰਣ ਦੀ ਸਥਿਤੀ ਵਿੱਚ ਨਹੀਂ ਹਨ ਜਿਸ ਦੇ ਫਲਸਰੂਪ ਓਨਾਂ ਨੂੰ ਪੜੋਸ ਦੇ ਰਾਜਾਂ ਉੱਤੇ ਨਿਰਭਰ ਰਹਿਣਾ ਪੈਂਦਾ ਹੈ। ਦੋ ਰਾਜਾਂ ਵਿੱਚ ਬਿਜਲੀ ਦੀ ਸਪਲਾਈ ਉੱਤੇ ਝਗੜਾ ਹੋ ਜਾਣ ਨਾਲ ਸ਼ਹਿਰ ਵਿੱਚ ਵਿਅਕਤੀਆਂ ਲਈ ਬਿਜਲੀ ਦੀ ਭਿਅੰਕਰ ਸੰਕਟ-ਸਥਿਤੀ ਉਤਪੰਨ ਹੋ ਜਾਂਦੀ ਹੈ।

**ਪ੍ਰਦੂਸ਼ਣ (Pollution):** ਸਾਡੇ ਸ਼ਹਿਰ ਅਤੇ ਕਸਬੇ ਪਰਿਆਵਰਣ ਨੂੰ ਮੁੱਖ ਰੂਪ ਨਾਲ ਪ੍ਰਦੂਸ਼ਿਤ ਕਰਦੇ ਹਨ। ਕਈ ਸ਼ਹਿਰ ਆਪਣੇ ਪੂਰੇ ਗੰਦੇ ਪਾਣੀ ਅਤੇ ਉਦਯੋਗਿਕ ਕੂੜੇ ਦਾ 40% ਤੋਂ 60% ਤੱਕ ਅਸੰਸਾਧਿਧਤ ਰੂਪ ਵਿੱਚ (untreated) ਆਪਣੇ ਨਜ਼ਦੀਕ ਦੀਆਂ ਨਦੀਆਂ ਵਿੱਚ ਬਹਾ ਦਿੰਦੇ ਹਨ। ਛੋਟੇ ਤੋਂ ਛੋਟਾ ਕਸਬਾ ਆਪਣੇ ਕੂੜੇ ਅਤੇ ਮਲ ਨੂੰ ਆਪਣੀਆਂ ਖੁੱਲੀਆਂ ਨਾਲੀਆਂ ਦੇ ਜਰੀਏ ਨਿਕਟਤਮ ਨਹਿਰ ਵਿੱਚ ਬਹਾ ਦਿੰਦਾ ਹੈ। ਸ਼ਹਿਰੀ ਉਦਯੋਗ ਵਾਤਾਵਰਣ ਨੂੰ ਆਪਣੀਆਂ ਚਿਮਨੀਆਂ ਤੋਂ ਨਿੱਕਲਦੇ ਹੋਏ ਧੂੰਏ ਅਤੇ ਜਹਰੀਲੀ ਗੈਸਾਂ ਨਾਲ ਪ੍ਰਦੂਸ਼ਿਤ ਕਰਦੇ ਹਨ।

**ਸ਼ਹਿਰੀ ਸਮੱਸਿਆਵਾਂ ਦੇ ਕਾਰਣ (Causes of Urban Problems):** ਮੈਕਬੇ ਅਤੇ ਆਰਥਰ ਸ਼ੋਸ਼ਟਕ, ਜਿਨਾਂ ਨੇ ਅਮਰੀਕਾ ਵਿੱਚ ਸ਼ਹਿਰੀ ਸਮੱਸਿਆਵਾਂ ਨੂੰ ਚਾਰ ਕਾਰਕਾਂ ਨਾਲ ਜੋੜਿਆ ਹੈ, ਦਾ ਅਨੁਸਰਣ ਕਰਦੇ ਹੋਏ ਅਸੀਂ ਭਾਰਤ ਵਿੱਚ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ ਦੇ ਪੰਜ ਨਿਮਨਾਂਕਿਤ ਕਾਰਣਾਂ ਦੀ ਪਹਿਚਾਣ ਕਰ ਸਕਦੇ ਹਾਂ: (*i*) ਸ਼ਹਿਰ ਵਿੱਚ ਅਤੇ ਸ਼ਹਿਰ ਤੋਂ ਬਾਹਰ ਪ੍ਰਵਸਨ (migration), (*ii*) ਉਦਯੋਗਿਕ ਵਿਕਾਸ, (*iii*) ਸਰਕਾਰ ਦੀ ਉਦਾਸੀਨਤਾ, (*iv*) ਦੋਸ਼ਪੂਰਣ ਨਗਰ ਯੋਜਨਾਵਾਂ ਅਤੇ (*v*) ਨਿਹਿਤ ਸਵਾਰਥ ਦੀਆਂ ਸ਼ਕਤੀਆਂ।

**ਪ੍ਰਵਸਨ (Migration):** ਵਿਅਕਤੀ ਨਗਰਾਂ ਵੱਲ ਪਲਾਇਨ ਇਸ ਲਈ ਕਰਦੇ ਹਨ ਕਿਓਂਕਿ ਉੱਥੇ ਰੁਜ਼ਗਾਰ ਦੇ ਜ਼ਿਆਦਾ ਚੰਗੇ ਮੌਕੇ ਹੁੰਦੇ ਹਨ। ਭਾਰਤ ਵਿੱਚ ਪ੍ਰਵਸਨ ਦੇ ਚਾਰ ਸਰੂਪ ਹਨ: ਪਿੰਡ ਤੋਂ ਪਿੰਡ, ਪਿੰਡ ਤੋਂ ਨਗਰ, ਨਗਰ ਤੋਂ ਨਗਰ ਅਤੇ ਨਗਰ ਤੋਂ ਪਿੰਡ। ਚਾਹੇ ਪਿੰਡ ਤੋਂ ਪਿੰਡ ਪ੍ਰਵਸਨ ਅਜੇ ਸਭ ਤੋਂ ਅਧਿਕ ਪ੍ਰਚੱਲਿਤ ਪਲਾਇਨ ਦਾ ਰੂਪ ਹੈ ਪ੍ਰੰਤੂ ਪਿੰਡ ਤੋਂ ਨਗਰ ਅਤੇ ਨਗਰ ਤੋਂ ਨਗਰ ਪ੍ਰਵਸਨ ਵੀ ਏਨਾ ਹੀ ਮਹੱਤਵਪੂਰਣ ਹੈ। 1991 ਦੇ ਜਨਗਣਨਾ ਦੇ ਆਂਕੜੇ ਦੱਸਦੇ ਹਨ ਕਿ 64.5% ਪ੍ਰਕਰਣਾਂ ਵਿੱਚ ਪ੍ਰਵਸਨ ਪਿੰਡ ਤੋਂ ਪਿੰਡ ਵੱਲ ਸੀ, 17.7% ਪ੍ਰਕਰਣਾਂ ਵਿੱਚ ਇਹ ਪਿੰਡ ਤੋਂ ਨਗਰ ਵੱਲ ਸੀ। ਇਸ ਲਈ ਜਿਲੇ ਵਿੱਚ ਪ੍ਰਵਸਨ (ਘੱਟ ਦੂਰੀ ਦਾ ਪ੍ਰਵਸਨ), ਅੰਤਰ-ਜਿਲਾ, ਜਾਂ ਅੰਤਰ ਰਾਜਾਂ ਵਿੱਚ ਪ੍ਰਵਸਨ (ਮੱਧ ਦੂਰੀ ਦਾ ਪ੍ਰਵਸਨ) ਅਤੇ ਅੰਤਰਰਾਜ ਪ੍ਰਵਸਨ (ਲੰਬੀ ਦੂਰੀ ਦਾ ਪ੍ਰਵਸਨ) ਦਾ ਵਿਸ਼ਲੇਸ਼ਣ ਇਹ ਦੱਸਦਾ ਹੈ ਕਿ ਲਗਭਗ 68.0% ਪ੍ਰਵਸਨ ਘੱਟ ਦੂਰੀ ਦੇ ਹਨ, 21.0% ਮੱਧਮ ਦੂਰੀ ਦੇ ਹਨ ਅਤੇ 11.0% ਲੰਬੀ ਦੂਰੀ ਦੇ ਪ੍ਰਵਸਨ ਹਨ।

ਪੇਂਡੂ ਗਰੀਬਾਂ ਦੇ ਸ਼ਹਿਰ ਵਿੱਚ ਪ੍ਰਵੇਸ਼ ਰਾਜ ਦੇ ਸਰੋਤਾਂ ਨੂੰ ਘੱਟ ਕਰਦੇ ਹਨ। ਦੂਜੇ ਪਾਸੇ ਅੱਜਕੱਲ ਧਨਵਾਨ ਵਿਅਕਤੀ ਉਪ-ਨਗਰੀ ਖੇਤਰਾਂ ਵਿੱਚ ਰਹਿਣਾ ਅਧਿਕ ਪਸੰਦ ਕਰਦੇ ਹਨ। ਧਨਵਾਨ ਵਿਅਕਤੀਆਂ ਦੇ ਪਲਾਇਨ ਨਾਲ ਨਗਰ ਨੂੰ ਵਿੱਤੀ ਹਾਨੀ ਹੁੰਦੀ ਹੈ। ਇਸ ਪ੍ਰਕਾਰ ਦਾ ਸ਼ਹਿਰ ਵਿੱਚ ਪ੍ਰਵਸਨ ਅਤੇ ਸ਼ਹਿਰ ਤੋਂ ਦੂਰ ਪ੍ਰਵਸਨ ਨਾਲ ਸਮੱਸਿਆਵਾਂ ਵਧਦੀਆਂ ਹਨ।

**ਉਦਯੋਗਿਕ ਵਿਕਾਸ (Industrial Growth):** ਭਾਰਤ ਵਿੱਚ ਜਿੱਥੇ ਨਗਰੀ ਜਨਸੰਖਿਆ ਵਿਕਾਸ ਦਰ 4.0% ਹੈ, ਉਦਯੋਗਿਕ ਵਿਕਾਸ ਦਰ 6.0% ਹੈ। 9ਵੀਂ ਪੰਜ ਸਾਲਾ ਯੋਜਨਾ ਦੀ ਅਭਿਧਾਰਣਾ ਹੈ ਕਿ ਉਦਯੋਗਿਕ ਵਿਕਾਸ ਦਰ 8.0% ਪ੍ਰਤੀਸਾਲ ਹੋਵੇਗੀ। ਇਹ ਵਿਕਾਸ ਸ਼ਹਿਰਾਂ ਦੀ ਵਧਦੀ ਹੋਈ ਰੁਜ਼ਗਾਰ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਕਰੇਗਾ। ਤੀਜਾ ਖੰਡ (tertiary sector) ਵੀ ਪ੍ਰਵਾਸੀਆਂ ਨੂੰ ਸਹਾਰਾ ਪ੍ਰਦਾਨ ਕਰਦਾ ਹੈ ਚਾਹੇ ਓਨਾਂ ਦੀ ਆਮਦਨੀ ਬਹੁਤ ਘੱਟ ਹੁੰਦੀ ਹੈ।

**ਸਰਕਾਰ ਦੀ ਉਦਾਸੀਨਤਾ (Apathy of the Government):** ਸਾਡੇ ਨਗਰਾਂ ਦੀ ਪ੍ਰਸ਼ਾਸਨਿਕ ਅਵਿਵਸਥਾ ਵੀ ਨਗਰਵਾਸੀਆਂ ਦੀ ਪਰੇਸ਼ਾਨੀ ਲਈ ਜ਼ਿੰਮੇਦਾਰ ਹੈ। ਨਗਰਪਾਲਿਕਾ ਦੀਆਂ ਸਰਕਾਰਾਂ ਨਗਰ ਦੇ ਵਿਕਾਸ ਦੇ ਨਾਲ ਨਾਲ ਪ੍ਰਗਤੀ ਨਹੀਂ ਕਰ ਪਾਈਆਂ ਹਨ ਚਾਹੇ ਓਹ ਸਥਾਨ ਦੀ ਦ੍ਰਿਸ਼ਟੀ (spatially) ਨਾਲ ਹੋਣ ਜਾਂ ਫਿਰ ਪ੍ਰਬੰਧ ਦੀਆਂ ਉਪਸੰਰਚਨਾਵਾਂ (management infrastructures) ਦੀ ਦ੍ਰਿਸ਼ਟੀ ਨਾਲ। ਭਵਿੱਖ ਲਈ ਯੋਜਨਾ ਬਣਾਓਣ ਲਈ ਨਾ ਤਾਂ ਸੰਕਲਪ ਹੈ ਅਤੇ ਨਾ ਹੀ ਖਮਤਾ। ਜੋ ਹੁਣ ਤੱਕ ਬਣਿਆ ਹੋਇਆ ਹੈ ਉਸ ਦੇ ਪ੍ਰਬੰਧ ਲਈ ਕਾਰਜ-ਕੁਸ਼ਲਤਾ ਅਤੇ ਖਮਤਾ ਨਹੀਂ ਹੈ। ਜਦੋਂ ਤੱਕ ਅਸੀਂ ਸ਼ਹਿਰਾਂ ਦੀ ਆਪਣਾ ਸ਼ਾਸਨ ਚਲਾਓਣ ਦੀ ਖਮਤਾ ਨੂੰ ਨਹੀਂ ਸੁਧਾਰਦੇ, ਉਦੋਂ ਤੱਕ ਅਸੀਂ ਸ਼ਹਿਰੀ ਗੜਬੜੀ ਉੱਤੇ ਕਾਬੂ ਨਹੀਂ ਪਾ ਸਕਦੇ। ਦੂਜੇ ਪਾਸੇ ਰਾਜ ਸਰਕਾਰਾਂ ਵੀ ਸਥਾਨਿਕ ਸਰਕਾਰਾਂ ਉੱਤੇ ਕਈ ਸ਼ਹਿਰੀ ਸਮੱਸਿਆਵਾਂ ਦੇ ਹੱਲਾਂ ਲਈ ਜ਼ਰੂਰੀ ਪੈਸੇ ਜੁਟਾਓਣ ਉੱਤੇ ਕਈ ਪ੍ਰਤੀਬੰਧ ਲਗਾ ਦਿੰਦੀਆਂ ਹਨ।

**ਦੋਸ਼ਪੂਰਣ ਨਗਰ ਯੋਜਨਾ (Defective Town Planning):** ਨਾਗਰਿਕ ਸੇਵਾਵਾਂ ਦੇ ਸਤਰ ਵਿੱਚ ਵਿਆਪਕ ਗਿਰਾਵਟ ਦਾ ਇੱਕ ਅਧਿਕ ਹੈਰਾਨ ਕਰਨ ਵਾਲਾ ਕਾਰਕ ਹੈ ਸਾਡੇ ਆਯੋਜਕਾਂ ਅਤੇ ਪ੍ਰਸ਼ਾਸਕਾਂ ਵਿੱਚ ਵਧਦੀ ਹੋਈ ਮਜਬੂਰੀ ਦੀ ਭਾਵਨਾ। ਯੋਜਨਾ ਆਯੋਗ ਤੋਂ ਹੇਠਾਂ ਸਾਡੇ ਮਹਾਂਨਗਰਾਂ ਦੇ ਅਨਿਯੰਤਰਿਤ ਵਿਕਾਸ ਪ੍ਰਤੀ ਇੱਕ ਭਾਗਵਾਦੀ ਸਵੀਕ੍ਰਿਤੀ ਲਗਦੀ ਹੈ। ਨਗਰੀਕਰਣ ਦੇ ਰਾਸ਼ਟਰੀ ਆਯੋਗ ਦੇ ਮੈਂਬਰਾਂ ਦਾ ਮੰਨਣਾ ਹੈ ਕਿ ਕਾਨਪੁਰ, ਦਿੱਲੀ, ਮੁੰਬਈ ਆਦਿ ਸ਼ਹਿਰਾਂ ਤੱਕ ਲਈ ਕੁਝ ਵੀ ਨਹੀਂ ਕੀਤਾ ਜਾ ਸਕਦਾ।

**ਨਿਹਿਤ ਸਵਾਰਥ ਦੀਆਂ ਸ਼ਕਤੀਆਂ (Vested Interest Forces):** ਨਗਰੀ ਸਮੱਸਿਆਵਾਂ ਦਾ ਅੰਤਿਮ ਕਾਰਣ ਹੈ ਨਿਹਿਤ ਸਵਾਰਥਾਂ ਦੀਆਂ ਸ਼ਕਤੀਆਂ ਜੋ ਜਨਤਾ ਦੇ ਵਿਰੁੱਧ ਕੰਮ ਕਰਦੀਆਂ ਹਨ ਪ੍ਰੰਤੂ ਨਿਜੀ ਵਪਾਰਕ ਸਵਾਰਥਾਂ ਅਤੇ ਲਾਭਾਂ ਨੂੰ ਵਧਾਓਂਦੀਆਂ ਹਨ। ਜਦੋਂ ਇਹ ਸ਼ਕਤੀਸ਼ਾਲੀ ਵਿਸ਼ਿਸ਼ਟ ਵਿਅਕਤੀ ਅਧਿਕ ਪੈਸਾ ਬਣਾ ਸਕਦੇ ਹਨ ਤਾਂ ਓਹ ਯੋਜਨਾਵਾਂ ਅਤੇ ਪ੍ਰੋਗਰਾਮ ਬਣਾਓਂਦੇ ਸਮੇਂ ਇਨਾਂ ਦੀ ਪਰਵਾਹੀ ਨਹੀਂ ਕਰਦੇ ਕਿ ਇਸ ਪ੍ਰਕ੍ਰਿਆ ਵਿੱਚ ਕਿੰਨੇ ਵਿਅਕਤੀਆਂ ਨੂੰ ਹਾਨੀ ਹੋਵੇਗੀ।

**ਨਗਰੀ ਸਮੱਸਿਆਵਾਂ ਦੇ ਹੱਲ (Solutions to Urban Problems):** ਜੇਕਰ ਅਸੀਂ ਨਗਰੀ ਸਮੱਸਿਆਵਾਂ ਦਾ ਹੱਲ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਕੁਝ ਉਪਾਅ ਕਰਨੇ ਪੈਣਗੇ। ਇਸ ਸੰਬੰਧ ਵਿੱਚ ਨਿਮਨਾਂਕਿਤ ਅੱਠ ਉਪਾਵਾਂ ਦੇ ਸੁਝਾਅ ਦਿੱਤੇ ਜਾ ਸਕਦੇ ਹਨ:

**ਨਗਰੀ ਕੇਂਦਰਾਂ ਦਾ ਯੋਜਨਾਬੱਧ ਵਿਕਾਸ ਅਤੇ ਰੁਜ਼ਗਾਰ ਦੇ ਮੌਕਿਆਂ ਦਾ ਸ੍ਰਿਜਣ (Systematic Development of Urban Centres and Creation of Job Opportunities):** ਸਾਡੀਆਂ ਨਗਰੀ ਸਮੱਸਿਆਵਾਂ ਦਾ ਇੱਕ ਮਹੱਤਵਪੂਰਣ ਹੱਲ ਤੇਜ਼ੀ ਨਾਲ ਵਿਕਸਿਤ ਹੁੰਦੇ ਹੋਏ ਨਗਰੀ ਕੇਂਦਰਾਂ ਦਾ ਯੋਜਨਾਬੱਧ ਵਿਕਾਸ ਅਤੇ ਨਿਵੇਸ਼ ਦੇ ਕਾਰਜਕ੍ਰਮ ਦੀ ਯੋਜਨਾ ਬਣਾਓਣਾ ਹੈ ਜਿਸ ਨਾਲ ਅਗਲੇ 10 ਸਾਲਾਂ ਵਿੱਚ ਪੂਰੇ ਦੇਸ਼ ਵਿੱਚ ਵੱਡੀ ਸੰਖਿਆ ਵਿੱਚ ਸੁਵਿਤਰਿਤ ਨਗਰੀ ਕੇਂਦਰ ਬਣ ਜਾਦਗੇ। ਹੁਣ ਤੱਕ ਅਸੀਂ ਆਪਣਾ ਧਿਆਨ ਆ. ਆਰ. ਡੀ. ਪੀ., ਐਨ. ਆਰ. ਈ. ਪੀ. ਅਤੇ ਆਰ. ਐਲ. ਈ. ਜੀ. ਪੀ. ਕਾਰਜਕ੍ਰਮਾਂ ਦੇ ਦੁਆਰਾ ਪੇਂਡੂ ਖੇਤਰਾਂ ਵਿੱਚ ਵੇਤਨ ਉੱਤੇ ਰੁਜ਼ਗਾਰੀ ਦਿਲਵਾਓਣ ਉੱਤੇ ਕੇਂਦਰਿਤ ਕਰ ਰਹੇ ਹਾਂ ਜਿਸ ਨਾਲ ਕਿ ਵਿਅਕਤੀ ਪਿੰਡਾਂ ਵਿੱਚ ਹੀ ਵਸੇ ਰਹਿਣ। ਜਦੋਂ ਕਿ ਪੇਂਡੂ ਰੁਜ਼ਗਾਰ ਉਪਲਬਧ ਕਰਾਓਣ ਦਾ ਬਹੁਤ ਅਰਥ ਹੈ, ਪ੍ਰੰਤੂ ਇਹ ਆਪਣੇ ਆਪ ਵਿੱਚ ਕਾਫੀ ਨਹੀਂ ਹੈ। ਖੇਤੀ ਵਿੱਚ ਲਾਭਕਾਰੀ ਰੁਜ਼ਗਾਰ ਇੱਕ ਸੀਮਾ ਤੋਂ ਬਾਅਦ ਉਪਲਬਧ ਕਰਵਾਓਣਾ ਸੰਭਵ ਨਹੀਂ । ਇਸ ਉਦੇਸ਼ ਲਈ ਸਾਨੂੰ ਓਨਾਂ ਕਾਰਜਕ੍ਰਮਾਂ ਉੱਤੇ ਬਲ ਦੇਣਾ ਹੋਵੇਗਾ ਜੋ ਵਿਅਕਤੀਆਂ ਦੇ ਨਗਰਾਂ ਤੋਂ ਭਰਣ-ਪੋਸ਼ਣ ਲਈ ਬਹੁ-ਕਾਰਜਾਤਮਕ ਗਤੀਵਿਧੀਆਂ ਦੇ ਮੌਕੇ ਪ੍ਰਦਾਨ ਕਰ ਸਕਣ।

**ਨਗਰੀ ਯੋਜਨਾ ਦੇ ਨਾਲ ਨਾਲ ਖੇਤਰੀ ਯੋਜਨਾ (Regional Planning along with City Planning):** ਨਗਰੀ ਯੋਜਨਾ ਲਗਭਗ ਨਗਰਾਂ ਵਿੱਚ ਹੀ ਕੇਂਦਰਿਤ ਹੁੰਦੀ ਹੈ। ਅਸੀਂ ਸਦਾ ਕਸਬੇ ਅਤੇ ਨਗਰ ਦੀ ਯੋਜਨਾ ਦੀ ਗੱਲ ਕਰਦੇ ਹਾਂ। ਪ੍ਰੰਤੂ ਪੂਰੇ ਖੇਤਰ ਦੇ ਨਿਯੋਜਿਤ ਵਿਕਾਸ ਦੀ ਕਦੇ ਨਹੀਂ ਜਿਸ ਨਾਲ ਕਿ ਜਨਸੰਖਿਆ ਦਾ ਵਿਵੇਕਪੂਰਣ ਢੰਗ ਨਾਲ ਵਿਸਰਜਨ ਹੋ ਸਕੇ ਅਤੇ ਗਤੀਵਿਧੀਆਂ ਦਾ ਠੀਕ ਤਰਾਂ ਵਿਤਰਣ ਹੋ ਸਕੇ। ਨਗਰ ਦੀ ਯੋਜਨਾ ਬਣਾਓਣਾ ਇੱਕ ਸਹੀ ਹੱਲ ਹੈ ਪ੍ਰੰਤੂ ਖੇਤਰੀ ਯੋਜਨਾ ਇੱਕ ਜ਼ਿਆਦਾ ਸਥਾਈ ਹੱਲ ਹੋ ਸਕਦਾ ਹੈ। ਉਦਾਹਰਣ ਲਈ ਨਗਰਾਂ ਵਿੱਚ ਗੰਦੀਆਂ ਬਸਤੀਆਂ ਵਿੱਚ ਰਹਿਣ ਵਾਲਿਆਂ ਨੂੰ ਨਗਰ ਵਿਕਾਸ ਪ੍ਰਾਧਿਕਰਣਾਂ ਦੁਆਰਾ ਮਕਾਨ ਉਪਲਬਧ ਕਰਵਾਓਣ ਦੀ ਬਜਾਏ ਜੇਕਰ ਖੇਤਰੀ ਯੋਜਨਾ ਦੁਆਰਾ ਪ੍ਰਵਾਸੀਆਂ ਨੂੰ ਹੋਰ ਖੇਤਰਾਂ ਵਿੱਚ ਭੇਜ ਦਿੱਤਾ ਜਾਵੇ ਜਿੱਥੇ ਆਕਰਸ਼ਕ ਰੁਜ਼ਗਾਰ ਉਪਲਬਧ ਹਨ ਤਾਂ ਮੌਜੂਦਾ ਸ਼ਹਿਰਾਂ ਦੇ ਵਿਕਾਸ ਦੀ ਗਤੀ ਰੋਕੀ ਜਾ ਸਕਦੀ ਹੈ। ਹੁਣ ਸਮਾਂ ਆ ਗਿਆ ਹੈ ਕਿ ਨੌਵੀਂ ਪੰਜ ਸਾਲਾ ਯੋਜਨਾ ਵਿੱਚ ਭਾਰਤ ਸਰਕਾਰ ਰਾਜਾਂ ਦੀ ਖੇਤਰੀ ਯੋਜਨਾ ਸੰਗਠਨਾਂ ਨੂੰ ਸਥਾਪਿਤ ਕਰਣ ਅਤੇ ਅਰਥਪੂਰਣ ਖੇਤਰੀ ਆਵਾਸ ਯੋਜਨਾਵਾਂ ਬਣਾਓਣ ਵਿੱਚ ਮਦਦ ਕਰੇ।

**ਉਦਯੋਗਾਂ ਨੂੰ ਪਿਛੜੇ ਖੇਤਰਾਂ ਵਿੱਚ ਜਾਣ ਲਈ ਉਤਸਾਹਿਤ ਕਰਨਾ (Encouraging Industries to Move to Backward Areas):** ਭੂਮੀ ਮੁੱਲ ਨਿਰਧਾਰਣ ਨੀਤੀ, ਜੋ ਭੂਮੀ ਦੇ ਵੱਡੇ ਖੰਡ ਬਹੁਤ ਘੱਟ ਮੁੱਲ ਵਿੱਚ ਦਿੰਦੀ ਹੈ, ਨੂੰ ਦੁਬਾਰਾ ਨਿਯੋਜਿਤ ਕਰਨਾ ਪਵੇਗਾ ਜਿਸ ਨਾਲ ਉਦਯੋਗ ਪਿਛੜੇ ਖੇਤਰਾਂ/ਜਿਲਿਆਂ ਵਿੱਚ ਜਾਣ ਲਈ ਉਤਸਾਹਿਤ ਹੋਣ। ਇਸ ਨਾਲ ਮਹਾਂਨਗਰਾਂ ਅਤੇ ਵੱਡੇ ਨਗਰਾਂ ਦਾ ਰੇਖਿਕ ਵਿਕਾਸ ਰੁਕ ਜਾਵੇਗਾ। ਵੱਡੇ ਨਗਰਾਂ ਵਿੱਚ ਅਤੇ ਓਨਾਂ ਦੇ ਆਸ-ਪਾਸ ਦੀ ਸੰਭਾਵਿਤ ਅਧਿਕ ਕੀਮਤ ਦੀ ਭੂਮੀ ਨੂੰ ਲੈ ਕੇ ਉਸ ਨੂੰ ਬਾਅਦ ਵਿੱਚ ਪੂਰੀ ਕੀਮਤ ਵਸੂਲ ਕਰਣ ਦੀ ਰਾਜ ਦੀ ਨੀਤੀ ਉੱਤੇ ਵੀ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ।

ਨੋਟ

**ਨਗਰਪਾਲਿਕਾਵਾਂ ਦਾ ਆਪਣੇ ਵਿੱਤੀ ਸਾਧਨ ਖੋਜਣਾ (Municipalities to Find own Financial Resources):** ਵਿਅਕਤੀ ਨਗਰਪਾਲਿਕਾਵਾਂ ਨੂੰ ਕਰ ਦੇਣ ਵਿੱਚ ਆਪੱਤੀ ਨਹੀਂ ਕਰਦੇ ਜੇਕਰ ਓਨਾਂ ਦਾ ਪੈਸਾ ਸੜਕਾਂ ਦੇ ਰੱਖ-ਰਖਾਵ ਲਈ, ਨਾਲੀਆਂ ਦੀ ਵਿਵਸਥਾ ਲਈ, ਪਾਣੀ ਦੀ ਕਮੀ ਨੂੰ ਘੱਟ ਕਰਣ ਲਈ ਅਤੇ ਬਿਜਲੀ ਉਪਲਬਧ ਕਰਵਾਓਣ ਲਈ ਠੀਕ ਪ੍ਰਕਾਰ ਨਾਲ ਵਰਤਿਆ ਜਾਵੇ। ਇਹ ਗੱਲ ਸਭ ਨੂੰ ਪਤਾ ਹੈ ਕਿ ਨਗਰਾਂ ਵਿੱਚ ਸਾਧਨਾਂ ਦੀ ਕਮੀ ਹੈ। ਜੇਕਰ ਨਗਰਪਾਲਿਕਾ ਦੇ ਭ੍ਰਿਸ਼ਟ ਕਰਮਚਾਰੀਆਂ ਨੂੰ ਨਿਵਾਰਕ (deterrent) ਦੰਡ ਦਿੱਤਾ ਜਾਵੇ ਤਾਂ ਕੋਈ ਕਾਰਣ ਨਹੀਂ ਕਿ ਨਗਰਪਾਲਿਕਾ ਨਿਗਮਾਂ ਨੂੰ ਨਗਰਵਾਸੀਆਂ ਤੋਂ ਪੈਸਾ ਜਮਾ ਕਰਣ ਵਿੱਚ ਕੋਈ ਕਠਿਨਾਈ ਹੋਵੇ। ਇੱਕ ਨਗਰ ਨੂੰ ਆਪਣੇ ਵਿਕਾਸ ਉੱਤੇ ਕੀਤੇ ਗਏ ਖਰਚ ਦਾ ਭਾਰ ਆਪ ਲੈਣਾ ਚਾਹੀਦਾ ਹੈ। ਰਾਜ ਸਰਕਾਰ ਦੁਆਰਾ ਭਾਰੀ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਸੰਪਤੀ, ਪਾਣੀ ਅਤੇ ਬਿਜਲੀ ਦੇ ਕਰਾਂ ਨੂੰ ਸੰਸ਼ੋਧਿਤ ਕਰ ਕੇ ਪੈਸਾ ਇੱਕਠਾ ਕੀਤਾ ਜਾ ਸਕਦਾ ਹੈ ਅਤੇ ਜ਼ਰੂਰੀ ਸੁਖ-ਸੁਵਿਧਾਵਾਂ ਪ੍ਰਦਾਨ ਕਰਣ ਲਈ ਅਧਿਕ ਪੈਸਾ ਪ੍ਰਤੀ ਵਿਅਕਤੀ ਪ੍ਰਤੀ ਸਾਲ ਉਪਲਬਧ ਕਰਾਇਆ ਜਾ ਸਕਦਾ ਹੈ। ਜਦੋਂ ਕੋਈ ਨਵਾਂ ਉਦਯੋਗ ਜਾਂ ਵਪਾਰ ਨਗਰ ਵਿੱਚ ਜਾਂ ਉਸ ਦੇ ਘੇਰੇ ਵਿੱਚ ਲਗਾਇਆ ਜਾਂਦਾ ਹੈ ਤਾਂ ਉਸ ਉੱਤੇ ਭਾਰੀ ਕਰ ਲਗਾਇਆ ਜਾ ਸਕਦਾ ਹੈ ਜਿਸ ਨਾਲ ਕਿ ਨਗਰਪਾਲਿਕਾ ਨੂੰ ਹੋਰ ਧਨ ਪ੍ਰਾਪਤ ਹੋ ਸਕੇ।

**ਨਿਜੀ ਪਰਿਵਹਨ ਨੂੰ ਪ੍ਰੋਤਸਾਹਨ (Encouraging Private Transport):** ਨਗਰ ਪਰਿਵਹਨ ਉੱਤੇ ਰਾਜ ਦਾ ਏਕਾਧਿਕਾਰ ਕਿਓਂ ਹੋਣਾ ਚਾਹੀਦਾ ਹੈ? ਜਦੋਂ ਪਰਿਵਹਨ ਰਾਜ ਕਰਮਚਾਰੀਆਂ ਦੁਆਰਾ ਚਲਾਇਆ ਜਾਂਦਾ ਹੈ ਤਾਂ ਇਹ ਪਾਇਆ ਜਾਂਦਾ ਹੈ ਕਿ ਓਹ ਬਹੁਤ ਬਦਤਮੀਜ਼ ਅਤੇ ਕਠੋਰ ਹਿਰਦਾ ਹੋ ਜਾਂਦੇ ਹਨ। ਟ੍ਰੇਡ ਯੂਨਿਅਨ ਦਾ ਸਮਰਥਨ ਓਨਾਂ ਨੂੰ ਵਾਰ ਵਾਰ ਹੜਤਾਲ ਉੱਤੇ ਜਾਣ ਨੂੰ ਉਤਸਾਹਿਤ ਕਰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਨਿਜੀ ਪਰਿਵਹਨ ਨੂੰ ਉਤਸਾਹਿਤ ਕੀਤਾ ਜਾਵੇ। ਨਿਜੀ ਖੇਤਰ ਵਿੱਚ ਚਲਾਈ ਗਈ ਬਸ ਅਤੇ ਟੈਂਪੋ ਸੇਵਾਵਾਂ ਕੁਝ ਅਧਿਕ ਕਿਰਾਇਆ ਵਸੂਲ ਕਰਣਗੀਆਂ ਪ੍ਰੰਤੂ ਯਾਤਰੀ ਅਧਿਕ ਚੰਗੀਆਂ ਸੇਵਾਵਾਂ ਨੂੰ ਦੇਖਦੇ ਹੋਏ ਇਸ ਉੱਤੇ ਆਪੱਤੀ ਨਹੀਂ ਕਰਣਗੇ।

**ਕਿਰਾਇਆ ਨਿਯੰਤਰਣ ਕਾਨੂੰਨਾਂ ਵਿੱਚ ਸੰਸ਼ੋਧਨ (Amendment of Rent Control Acts):** ਕਾਨੂੰਨ, ਜੋ ਨਵੇ ਂ ਮਕਾਨ ਬਣਾਓਣ ਜਾਂ ਮਕਾਨਾਂ ਦੇ ਕਿਰਾਏ ਦੇਣ ਉੱਤੇ ਰੋਕ ਲਗਾਓਂਦੇ ਹਨ, ਵਿੱਚ ਸੰਸ਼ੋਧਨ ਕਰਨਾ ਚਾਹੀਦਾ ਹੈ। ਕਿਹੜਾ ਅਜਿਹਾ ਮਕਾਨ ਮਾਲਿਕ ਹੋਵੇਗਾ ਜੋ ਦੋ ਕਮਰਿਆਂ ਦੇ ਮਕਾਨ ਉੱਤੇ ਲਗਭਗ ਇੱਕ ਲੱਖ ਰੁਪਿਆ ਲਗਾਵੇ ਅਤੇ ਉਸ ਨੂੰ ਦਸ ਤੋਂ ਵੀਹ ਸਾਲ ਲਈ 300 ਰੁਪਏ ਕਿਰਾਏ ਉੱਤੇ ਦੇਵੇ ਅਤੇ ਉਸ ਕੋਲ ਇਹ ਅਧਿਕਾਰ ਵੀ ਨਾ ਹੋਵੇ ਕਿ ਓਹ ਕਿਰਾਇਆ ਵਧਾ ਸਕੇ ਜਾਂ ਉਚਿਤ ਕਾਰਣਾਂ ਦੇ ਹੁੰਦੇ ਹੋਏ ਵੀ ਉਸ ਨੂੰ ਖਾਲੀ ਨਾ ਕਰਾ ਸਕੇ। ਮਹਾਂਰਾਸ਼ਟਰ ਅਤੇ ਰਾਜਸਥਾਨ ਨੇ ਕਿਰਾਇਆ ਨਿਯੰਤਰਣ ਕਾਨੂੰਨ ਵਿੱਚ ਸੰਸ਼ੋਧਨ ਕਰਣ ਦੀ ਪਹਿਲ ਕੀਤੀ ਹੈ ਜਿਸ ਨਾਲ ਹਜ਼ਾਰਾਂ ਮਕਾਨ ਕਿਰਾਏ ਉੱਤੇ ਉਪਲਬਧ ਹੋ ਗਏ ਹਨ। ਦੂਜੇ ਰਾਜਾਂ ਵਿੱਚ ਵੀ ਇਸ ਪ੍ਰਕਾਰ ਦੇ ਕਦਮ ਦਾ ਸਵਾਗਤ ਹੋਵੇਗਾ।

**ਵਿਵਹਾਰਿਕ ਆਵਾਸੀ ਨੀਤੀ ਅਪਨਾਓਣਾ (Adopting Pragmatic Housing Policy):** ਮਈ 1988 ਵਿੱਚ ਕੇਂਦਰ ਸਰਕਾਰ ਨੇ ਇੱਕ ਰਾਸ਼ਟਰੀ ਆਵਾਸੀ ਨੀਤੀ (National Housing Policy) ਬਣਾਈ ਸੀ ਜਿਸ ਦਾ ਉਦੇਸ਼ ਸ਼ਤਾਬਦੀ ਦੇ ਅੰਤ ਤੱਕ ਆਵਾਸਹੀਣਤਾ (homelessness) ਨੂੰ ਖਤਮ ਕਰਨਾ ਸੀ ਅਤੇ ਆਵਾਸ ਦੀ ਗੁਣ ਵੱਤਾ ਨੂੰ ਵਧਾ ਕੇ ਇੱਕ ਨਿਸ਼ਚਿਤ ਘੱਟ ਤੋਂ ਘੱਟ ਸਤਰ ਉੱਤੇ ਲਿਆਓਣ ਸੀ। ਇਹ ਨੀਤੀ ਬਿਲਕੁਲ ਅਵਿਵਹਾਰਿਕ ਲਗਦੀ ਸੀ। ਪ੍ਰੰਤੂ ਹੁਣ ਇਹ ਇੱਕ ਅਜਿਹਾ ਸੁਪਨਾ ਲਗਦਾ ਹੈ ਜੋ ਸੰਨ 2010 ਤੱਕ ਪੂਰਾ ਹੋਣਾ ਅਸੰਭਵ ਲਗਦਾ ਹੈ। ਸਰਕਾਰੀ ਨੀਤੀ ਅਤੇ ਯੋਜਨਾ ਨੂੰ ਅਧਿਕ ਵਿਵਹਾਰਿਕ ਹੋਣਾ ਚਾਹੀਦਾ ਹੈ। ਇਸ ਦਾ ਅਰਥ ਇਹ ਨਹੀਂ ਕਿ ਐਨ. ਐਚ. ਪੀ. ਦੀ ਪਰਿਕਲਪਨਾ ਵਿਵੇਕਹੀਣ ਹੈ। ਐਨ. ਐਚ. ਪੀ. ਦੀ ਰਣਨੀਤੀ ਵਿਆਪਕ ਹੈ। ਉਸ ਵਿੱਚ ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਮਕਾਨਾਂ ਨੂੰ ਬਣਾਓਣ ਲਈ ਵਿੱਤ ਸਰਲਤਾ ਨਾਲ ਉਪਲਬਧ ਹੋ ਸਕੇ ਅਤੇ ਜ਼ਮੀਨ ਅਤੇ ਮਕਾਨ ਬਣਾਓਣ ਦਾ ਮਾਨ ਉਚਿਤ ਕੀਮਤਾਂ ਉੱਤੇ ਮਿਲ ਸਕੇ। ਉਸ ਵਿੱਚ ਭਵਨ ਨਿਰਮਾਤਾਵਾਂ ਨੂੰ ਨਵੇਂ ਪ੍ਰਕਾਰ ਦੇ ਨਿਰਮਾਣ ਦੇ ਸਾਮਾਨ ਦਾ ਪ੍ਰਯੋਗ ਕਰਣ ਲਈ ਉਤਸਾਹਿਤ ਕਰਣ ਦਾ ਉਦੇਸ਼ ਵੀ ਹੈ। ਇਸ ਤੋਂ ਇਲਾਵਾ ਓਹ ਭੂ-ਮਲਕੀਅਤ, ਭੂਮੀ ਅਧਿਗ੍ਰਹਿਣ ਅਤੇ ਨਗਰਪਾਲਿਕਾ ਦੇ ਅਧਿਨਿਯਮਾਂ ਅਤੇ ਕਿਰਾਏ ਦੇ ਕਾਨੂੰਨਾਂ ਉੱਤੇ ਪੁਨਰਵਿਚਾਰ ਕਰਣ ਦੀ ਕੋਸ਼ਿਸ਼ ਕਰਦਾ ਹੈ। ਪ੍ਰੰਤੂ ਇਹ ਸਭ ਪੇਚੀਦਾ ਸਮੱਸਿਆਵਾਂ ਹਨ। ਐਨ. ਐਚ. ਪੀ. ਧਨਵਾਨ ਵਿਕਾਸਕਾਂ, ਭੂਮੀਪਤੀਆਂ ਅਤੇ ਠੇਕੇਦਾਰਾਂ ਵੱਲ ਅਭਿਮੁਖ ਹੈ। ਐਨ. ਐਚ. ਪੀ. ਨੂੰ ਰਾਜਸੀ ਮਕਾਨਾਂ (luxurious) ਦੇ ਬਣਨ ਨੂੰ ਨਿਰ-ਉਤਸਾਹਿਤ ਕਰਨਾ ਚਾਹੀਦਾ ਹੈ ਅਤੇ ਸਹਿਕਾਰੀ ਅਤੇ ਸਮੂਹਿਤ ਆਵਾਸੀ ਸੰਸਥਾਵਾਂ ਨੂੰ ਉਤਸਾਹਿਤ ਕਰਨਾ ਚਾਹੀਦਾ ਹੈ। ਉਸ ਨੂੰ ਗਰੀਬਾਂ ਅਤੇ ਘੱਟ ਵੇਤਨ ਵਾਲੇ ਵਿਅਕਤੀਆਂ ਲਈ ਵਿਸ਼ੇਸ਼ ਯੋਜਨਾਵਾਂ ਵਿਕਸਿਤ ਕਰਨੀਆਂ ਚਾਹੀਦੀਆਂ ਹਨ। ਉਸ ਨੂੰ ਮਾਲਿਕਾਂ ਨੂੰ ਕਰਮਚਾਰੀਆਂ ਲਈ ਮਕਾਨ ਬਣਾਓਣ ਲਈ ਉਤਸਾਹਿਤ ਕਰਨਾ ਚਾਹੀਦਾ ਹੈ। ਉਸ ਨੂੰ ਆਪਣੀ 100 ਕਰੋੜ ਰੁਪਏ ਦੀ ਪ੍ਰਾਧਿਕ੍ਰਿਤ ਪੂੰਜੀ, ਜੋ ਵਿੱਤੀ ਜ਼ਰੂਰਤਾਂ ਨੂੰ ਬਿਲਕੁਲ ਪੂਰਾ ਨਹੀਂ ਕਰ ਪਾਵੇਗੀ, ਨੂੰ ਵਧਾਓਣਾ ਚਾਹੀਦਾ ਹੈ। ਜਦੋਂ ਤੱਕ ਇੱਕ ਅਧਿਕ ਵਿਵਹਾਰਿਕ ਐਨ. ਐਚ. ਪੀ. ਨਹੀਂ ਅਪਣਾਈ ਜਾਦੀ, ਉਦੋਂ ਤੱਕ ਨਿਰਧਾਰਿਤ ਉਦੇਸ਼ਾਂ ਦੀ ਪ੍ਰਾਪਤੀ ਅਸੰਭਵ ਹੋਵੇਗੀ।

**ਸੰਰਚਨਾਤਮਕ ਵਿਕੇਂਦਰੀਕਰਣ (Structural Decentralisation):** ਨਵ-ਪਰਿਵਰਤਨ ਵਾਲੇ (innovative) ਆਯੋਜਕਾਂ ਅਤੇ ਕੁਝ ਆਮੂਲ ਪਰਿਵਰਤਨਵਾਦੀਆਂ (radicals) ਦਾ ਇੱਕ ਪ੍ਰਸਤਾਵ ਸਵਾਯੱਤ ਸ਼ਾਸਨ ਦੇ ਹੀ ਸੰਰਚਨਾਤਮਕ ਵਿਕੇਂਦਰੀਕਰਣ ਦੀ ਕਲਪਨਾ ਕਰਦਾ ਹੈ। ਇਸ ਵਿੱਚ 'ਪੜੋਸ-ਕ੍ਰਿਆ ਸਮੂਹਾਂ' (neighbourhood-action groups) ਦਾ

ਨੋਟ

ਸ੍ਰਿਜਣ ਹੋ ਸਕਦਾ ਹੈ ਜਿਨਾਂ ਨੂੰ ਸਮੁਦਾਇਕ ਕੇਂਦਰ ਕਿਹਾ ਜਾਵੇਗਾ ਅਤੇ ਓਨਾਂ ਵਿੱਚ ਨਿਵਾਸੀ ਅਤੇ ਨਗਰਪਾਲਿਕਾ ਦੇ ਪ੍ਰਤੀਨਿਧੀ ਹੋਣਗੇ। ਇਹ ਕੇਂਦਰ ਪੜੋਸ ਦੀਆਂ ਜ਼ਰੂਰਤਾਂ ਦੀ ਪਹਿਚਾਣ ਕਰਣਗੇ ਅਤੇ ਓਨਾਂ ਦੀ ਪੂਰਤੀ ਦੀ ਦਿਸ਼ਾ ਵਿੱਚ ਕੰਮ ਕਰਣਗੇ। ਉਦਾਹਰਣ ਲਈ, ਕਈ ਸ਼ਹਿਰਾਂ ਵਿੱਚ ਕਈ ਨਵੀਆਂ ਬਸਤੀਆਂ ਸਥਾਪਿਤ ਹੋ ਗਈਆਂ ਹਨ ਜਿਨਾਂ ਵਿੱਚ 10,000 ਤੋਂ 50,000 ਵਿਅਕਤੀ ਰਹਿੰਦੇ ਹਨ। ਇਸ ਪ੍ਰਕਾਰ ਇਹ ਬਸਤੀਆਂ ਆਪਣੇ ਆਪ ਵਿੱਚ ਹੀ ਛੋਟੇ ਕਸਬੇ ਹਨ। ਕੁਝ ਕਰ ਜਿਵੇਂ ਭਵਨ ਕਰ, ਪਥ ਕਰ, ਬਿਜਲੀ ਕਰ ਆਦਿ ਨਗਰਪਾਲਿਕਾਵਾਂ ਨੂੰ ਦੇਣ ਦੀ ਬਜਾਏ ਸਿੱਧੇ ਹੀ ਇਨਾਂ ਸਮੁਦਾਇਕ ਕੇਂਦਰਾਂ ਨੂੰ ਦਿੱਤੇ ਜਾ ਸਕਦੇ ਹਨ। ਇਹ ਕੇਂਦਰ ਪੜੋਸ ਦੇ ਮਾਮਲਿਆਂ ਨੂੰ ਨਗਰਪਾਲਿਕਾ ਨਿਗਮ ਨੂੰ ਭੇਜੇ ਬਿਨਾਂ ਆਪ ਇਨਾਂ ਦਾ ਸੰਚਾਲਣ ਕਰਣਗੇ ਅਤੇ ਜਮਾਂ ਕੀਤੇ ਹੋਏ ਪੈਸੇ ਨਾਲ ਸੜਕਾਂ, ਲਾਈਟਾਂ ਆਦਿ ਦਾ ਰੱਖ-ਰਖਾਵ ਕਰਣਗੇ। ਸ਼ਹਿਰ ਵਿੱਚ ਇਸ ਪ੍ਰਕਾਰ ਦੇ ਵਿਕੇਂਦਰੀ ਢਾਂਚੇ ਲਈ ਇਹ ਤਰਕ ਹੈ ਕਿ ਓਹੀ ਜੋ ਲੱਖਾਂ ਵਿਅਕਤੀਆਂ ਨੂੰ ਓਨਾਂ ਦੀ ਜਨ-ਨਿਯਤੀ (civic destiny) ਉੱਤੇ ਅਤਿਆਧਿਕ ਨਿਯੰਤਰਣ ਦੀ ਆਗਿਆ ਪ੍ਰਦਾਨ ਕਰਦੀ ਹੈ ਓਹੀ ਓਨਾਂ ਸੰਸਥਾਵਾਂ ਨੂੰ, ਜੋ ਓਨਾਂ ਦਾ ਜੀਵਨ ਵਿਵਸਥਿਤ ਕਰਦੇ ਹਨ, ਵਿਵਸਥਿਤ ਕਰਣ ਵਿੱਚ ਪ੍ਰਭਾਵੀ ਭੂਮਿਕਾ ਨਿਭਾਓਣ ਤੋਂ ਵੰਚਿਤ ਕਰਦਾ ਹੈ ਸਮੁਦਾਇਕ ਕੇਂਦਰ ਓਨਾਂ ਨੂੰ ਆਪਣਾ ਵੱਖ (exclusive) ਵਾਤਾਵਰਣ ਬਣਾਓਣ ਦਾ ਅਵਸਰ ਪ੍ਰਦਾਨ ਕਰਣਗੇ।

ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਨਗਰੀਕਰਣ ਅਤੇ ਨਾਗਰਿਤਾ (urbanism) ਦੇ ਪ੍ਰਭਾਵਾਂ ਅਤੇ ਨਗਰਾਂ ਦੀਆਂ ਸਮੱਸਿਆਵਾਂ ਦਾ ਕਦੇ ਹੱਲ ਨਹੀਂ ਹੋ ਸਕਦਾ ਜਦੋਂ ਤੱਕ ਨਗਰੀ ਯੋਜਨਾ ਵਿੱਚ ਸੁਧਾਰ ਨਹੀਂ ਹੁੰਦਾ ਅਤੇ ਮੌਲਿਕ ਉਪਾਅ ਨਹੀਂ ਕੀਤੇ ਜਾਂਦੇ। ਇਹ ਲਾਭ ਦੇ ਉਦੇਸ਼ ਉੱਤੇ ਆਧਾਰਿਤ ਨਹੀਂ ਹੋਣੇ ਚਾਹੀਦੇ ਜਿਸ ਨਾਲ ਕਿ ਕੁਝ ਨਿਹਿਤ ਸਵਾਰਥਾਂ ਨੂੰ ਹੀ ਇਸ ਦਾ ਲਾਭ ਮਿਲ ਸਕੇ। ਭੂਮੀ, ਉਦਯੋਗਿਕੀ ਅਤੇ ਕਰਾਂ ਦਾ ਉਪਯੋਗ ਸਭ ਵਿਅਕਤੀਆਂ ਦੇ ਲਾਭ ਲਈ ਹੋਣਾ ਚਾਹੀਦਾ ਹੈ ਨਾ ਕਿ ਕੁਝ ਸ਼ਕਤੀਸ਼ਾਲੀ ਸਵਾਰਥ ਸਮੂਹਾਂ ਲਈ। ਨਗਰਵਾਸੀਆਂ ਨੂੰ ਰਾਜਨੀਤਿਕ ਦ੍ਰਿਸ਼ਟੀ ਨਾਲ ਸਕ੍ਰਿਅ ਹੋਣਾ ਪਵੇਗਾ ਅਤੇ ਨਗਰਾਂ ਵਿੱਚ ਵਿੱਦਿਆਮਾਨ ਆਰਥਿਕ ਅਤੇ ਸਮਾਜਿਕ ਵਿਵਸਥਾਵਾਂ ਪਰਿਵਰਤਨ ਲਿਆਓਣ ਲਈ ਸੰਗਠਿਤ ਹੋਣਾ ਪਵੇਗਾ ਅਤੇ ਅੰਦੋਲਨ ਕਰਨਾ ਪਵੇਗਾ।

## ਸਵ-ਮੁੱਲਾਂਕਣ (Self Assessment)

**2. ਸਹੀ ਵਿਕਲਪ ਚੁਣੋ (Choose the correct option)**

(*i*) ਯਾਤਾਯਾਤ ਦੇ ਨਵੇਂ ਸਾਧਨ ਕਿਸ ਪ੍ਰਕਾਰ ਵਿਕਸਿਤ ਹੋਏ-
- (*a*) ਖੇਤੀ ਦੇ ਵਿਕਾਸ ਨਾਲ
- (*b*) ਉਦਯੋਗਾਂ ਦੇ ਵਿਕਾਸ ਨਾਲ
- (*c*) ਉਦਯੋਗੀਕਰਣ ਨਾਲ
- (*d*) ਇਨਾਂ ਵਿੱਚੋਂ ਕੋਈ ਨਹੀਂ।

(*ii*) ਕਿਸ ਦੇ ਅਨੁਸਾਰ ਨਗਰੀਕਰਣ ਇੱਕਤਰਫਾ ਪ੍ਰਕ੍ਰਿਆ ਨਾ ਹੋ ਕੇ ਦੋਤਰਫਾ ਪ੍ਰਕ੍ਰਿਆ ਹੈ-
- (*a*) ਧੋਮਸਨ ਵਾਰੇਨ
- (*b*) ਐਂਡਰਸਨ
- (*c*) ਥਿਓਡਾਰਸਨ
- (*d*) ਇਨਾਂ ਵਿੱਚੋਂ ਕੋਈ ਨਹੀਂ।

(*iii*) ਲੁਈਸ ਵਰਥ ਨੇ ਨਾਗਰਿਤਾ ਦੀਆਂ ਵਿਸ਼ੇਸ਼ਤਾਵਾਂ ਦੱਸੀਆਂ ਹਨ-
- (*a*) ਜਨਸੰਖਿਆ ਵਿੱਚ ਭਿੰਨਤਾ
- (*b*) ਕਾਰਜ ਦੀ ਵਿਸ਼ੇਸ਼ਤਾ
- (*c*) ਗੁਮਨਾਮੀ
- (*d*) ਉਪਰੋਕਤ ਸਾਰੇ।

(*iv*) ਪੇਂਡੂ ਅਰਥਵਿਵਸਥਾ ਦਾ ਮੁੱਖ ਆਧਾਰ ਹੈ-
- (*a*) ਖੇਤੀ
- (*b*) ਉਦਯੋਗ
- (*c*) ਵਿਵਸਥਾ
- (*d*) ਇਨਾਂ ਵਿੱਚੋਂ ਕੋਈ ਨਹੀਂ।

(*v*) ਕਿਸ ਯੋਜਨਾ ਦੇ ਆਰੰਭ ਵਿੱਚ ਮਕਾਨਾਂ ਦੀ ਅਨੁਮਾਨਿਤ ਲਗਭਗ 25.0 ਮਿਲੀਅਨ ਇਕਾਈਆਂ ਸਨ-
- (*a*) ਚੌਥੀ ਯੋਜਨਾ ਦੇ
- (*b*) ਪੰਜਵੀਂ ਯੋਜਨਾ ਦੇ
- (*c*) ਸੱਤਵੀਂ ਯੋਜਨਾ ਦੇ
- (*d*) ਇਨਾ ਵਿੱਚੋਂ ਕੋਈ ਨਹੀਂ।

(*vi*) ਭਾਰਤ ਵਿੱਚ ਪ੍ਰਵਸਨ ਦੇ ਸਰੂਪ ਹਨ-
- (*a*) ਪਿੰਡ ਤੋਂ ਪਿੰਡ
- (*b*) ਪਿੰਡ ਤੋਂ ਨਗਰ
- (*c*) ਨਗਰ ਤੋਂ ਨਗਰ
- (*d*) ਉਪਰੋਕਤ ਸਾਰੇ।

(*vii*) ਕਿਸ ਸੰਨ ਵਿੱਚ ਕੇਂਦਰ ਸਰਕਾਰ ਨੇ ਰਾਸ਼ਟਰੀ ਆਵਾਸੀ ਨੀਤੀ ਬਣਾਈ ਸੀ-
- (*a*) ਮਈ 1988
- (*b*) ਮਈ 1990
- (*c*) ਮਈ 1992
- (*d*) ਇਨਾਂ ਵਿੱਚੋਂ ਕੋਈ ਨਹੀਂ।

ਨੋਟ

## 14.4 ਸਾਰ ਅੰਸ਼ (Summary)


- ਪਰੰਪਰਾ ਅਤੇ ਆਧੁਨਿਕਤਾ ਸਹਿਵਰਤੀ ਹਨ, ਨਿਰੰਤਰਤਾ ਅਤੇ ਪਰਿਵਰਤਨ ਸਮਾਜਿਕ ਜੀਵਨ ਦੇ ਅਨੁਭਾਵਿਕ ਤੱਥ ਹਨ। ਪਰੰਪਰਾ ਅਤੇ ਆਧੁਨਿਕਤਾ ਸਹਿਵਰਤੀ ਇਸ ਲਈ ਵੀ ਹਨ ਕਿਉਂਕਿ ਸਭ ਸਮਾਜਾਂ ਵਿੱਚ ਸਥਿਰਤਾ ਅਤੇ ਸਮਾਜਿਕ ਨਿਯੰਤਰਣਾਂ ਦੀ ਜ਼ਰੂਰਤ ਹੁੰਦੀ ਹੈ। ਪਰਿਵਰਤਨ ਤੋਂ ਹੋਣ ਵਾਲੀਆਂ ਮੰਗਾਂ ਅਤੇ ਚੁਨੌਤੀਆਂ ਦਾ ਮੁਕਾਬਲਾ ਕਰਣ ਲਈ, ਗਿਆਨ ਅਤੇ ਤਕਨੀਕੀ ਜਾਣਕਾਰੀ ਦੇ ਨਵੇਂ ਸਤਰਾਂ ਨੂੰ ਪ੍ਰਾਪਤ ਕਰਣ ਲਈ ਆਧੁਨਿਕਤਾ ਅਤੇ ਪਰਿਵਰਤਨ ਦੀ ਜ਼ਰੂਰਤ ਹੁੰਦੀ ਹੈ। ਇਨਾਂ ਪਰਿਸਥਿਤੀਆਂ ਦੇ ਕਾਰਣ ਸਮਾਜਿਕ ਪਰਿਵਰਤਨ ਹੁੰਦਾ ਹੈ। ਸਮਾਜਿਕ ਤਨਾਵ ਅਤੇ ਸੰਘਰਸ਼ ਵੀ ਸਮਾਜਿਕ ਪਰਿਵਰਤਨ ਦੇ ਸਰੋਤ ਹਨ। ਸਮਾਜਿਕ ਪਰਿਵਰਤਨ ਬੁਜ਼ੁਰਗ, ਨੌਜਵਾਨ, ਸਿੱਖਿਅਕ, ਅਸਿੱਖਿਅਕ ਅਤੇ ਨਗਰਵਾਸੀ ਅਤੇ ਪੇਂਡੂ ਦੇ ਮੁੱਲਾਂ ਵਿੱਚ ਅੰਤਰ ਦੇ ਕਾਰਣ ਵੀ ਹੁੰਦੇ ਹਨ।
- ਸਮਾਜਿਕ ਪਰਿਵਰਤਨ ਨੂੰ ਸਮਝਣ ਲਈ ਪੇਂਡੂ ਜੀਵਨ, ਜਾਤੀ, ਪਰਿਵਾਰ, ਸ਼ਹਿਰੀ ਜੀਵਨ ਅਤੇ ਸਮਾਜਿਕ, ਸੰਸਕ੍ਰਿਤਿਕ ਮਾਣਕਾਂ ਅਤੇ ਮੁੱਲਾਂ ਉੱਤੇ ਨਜ਼ਰ ਪਾਉਣ ਦੀ ਜ਼ਰੂਰਤ ਹੈ। ਜਜਮਾਨੀ ਵਿਵਸਥਾ ਹੁਣ ਵਿਭਿੰਨ ਜਾਤੀਆਂ ਵਿੱਚ ਕਾਰਜਾਤਮਕ ਅੰਤਰਨਿਰਭਰਤਾ ਦੀ ਵਿਵਸਥਾ ਨਹੀਂ ਹੈ। ਪਿੰਡਵਾਸੀਆਂ ਵਿੱਚ ਚੁਨਾਵਾਂ ਦੇ ਫਲਸਰੂਪ ਬਹੁਤ ਅਧਿਕ ਰਾਜਨੀਤੀਕਰਣ ਅਤੇ ਗੁਟਬੰਦੀ ਹੋ ਗਈ ਹੈ। ਵਿਸ਼ਾਲ ਅਰਥਵਿਵਸਥਾ ਅਤੇ ਰਾਜਨੀਤਿਕ ਵਿਵਸਥਾ ਦੇ ਪ੍ਰਭਾਵ ਦੇ ਕਾਰਣ ਪੇਂਡੂ ਜੀਵਨ ਬਹੁਤ ਅਧਿਕ ਪਰਿਵਰਤਿਤ ਹੋ ਗਿਆ ਹੈ। ਜਾਤੀ ਅੱਜ ਕੇਵਲ ਖਾਣ-ਪਾਣ ਦੇ ਸੰਬੰਧਾਂ, ਵਿਆਹ ਦੇ ਨਿਯਮਾਂ ਅਤੇ ਅਪਵਿੱਤਰਤਾ ਦੀਆਂ ਧਾਰਣਾਵਾਂ ਉੱਤੇ ਆਧਾਰਿਤ ਅੰਤਰ ਕ੍ਰਿਆ ਪ੍ਰਤੀਮਾਨਾਂ ਦੇ ਮਾਣਕਾਂ ਤੱਕ ਹੀ ਸੀਮਿਤ ਨਹੀਂ ਹੈ, ਬਲਕਿ ਜਾਤੀ ਚੁਨਾਵਾਂ ਵਿੱਚ ਇੱਕ ਹਿਤ ਸਮੂਹ ਅਤੇ ਸਮਾਜਿਕ ਅਤੇ ਸੰਸਕ੍ਰਿਤਿਕ ਗਤੀਸ਼ੀਲਤਾ ਦਾ ਸਾਧਨ ਬਣ ਚੁਕੀ ਹੈ।
- ਯੂਰਪ ਵਿੱਚ ਪ੍ਰੋਟੇਸਟੇਂਟ ਸੁਧਾਰਾਂ ਨੇ ਪੂੰਜੀਵਾਦ ਦੇ ਉਦੇ ਅਤੇ ਵਿਕਾਸ ਲਈ ਸਮਾਜ ਦਾ ਦ੍ਰਿਸ਼ਟੀਕੋਣ ਅਤੇ ਸੰਸਥਾਵਾਂ ਵਿੱਚ ਪਰਿਵਰਤਨ ਦੁਆਰਾ ਰਸਤਾ ਖੋਲ ਦਿੱਤਾ ਸੀ। ਇਸੇ ਆਧਾਰ ਉੱਤੇ "ਪ੍ਰੋਟੇਸਟੇਂਟ ਨੈਤਿਕਤਾ" ਦਾ ਵਿਕਾਸ ਹੋਇਆ ਜੋ ਆਰਥਿਕ ਵਿਕਾਸ ਲਈ ਚੰਗਾ ਸੀ। ਇਸ ਯੂਰਪੀ ਘਟਨਾ ਦੇ ਵਿਸ਼ੇ ਵਿੱਚ ਲਿਖਦੇ ਹੋਏ ਮੈਕਸ ਵੇਬਰ ਨੇ ਪੂੰਜੀਵਾਦੀ ਸਮਾਜ ਦੀਆਂ ਓਨਾਂ ਸੰਸਥਾਵਾਂ ਉੱਤੇ ਬਲ ਦਿੱਤਾ ਹੈ ਜੋ ਪੱਛਮ ਵਿੱਚ ਤੇਜ਼ੀ ਨਾਲ ਆਰਥਿਕ ਵਿਕਾਸ ਨਾਲ ਮਿਲਦੀਆਂ ਹਨ।
- **ਰੋਸਟੋਵ** ਨੇ ਆਰਥਿਕ ਵਿਕਾਸ ਦੀਆਂ ਪੰਜ ਅਵਸਥਾਵਾਂ ਦੱਸੀਆਂ ਹਨ: (*i*) ਪਰੰਪਰਾਤਮਕ ਸਮਾਜ (*ii*) ਉੱਥਾਨ (*iii*) ਉੱਥਾਨ (ਆਰੰਭ) (*iv*) ਤਕਨੀਕੀ ਪਰਿਪੱਕਤਾ ਦੀ ਪ੍ਰਵ੍ਰਿੱਤੀ (*v*) ਉੱਚ ਜਨ-ਉਪਭੋਗ।
- ਸੰਰਚਨਾਤਮਕ ਪਰਿਵਰਤਨ ਤੋਂ ਬਿਨਾਂ ਆਰਥਿਕ ਵਿਕਾਸ ਸੰਭਵ ਨਹੀਂ ਹੈ। ਸਿੰਗਰ ਜਿਹੇ ਵਿਦਵਾਨਾਂ ਨੇ ਮੰਨਿਆ ਹੈ ਕਿ ਅਵਿਕਸਿਤ ਦੇਸ਼ਾਂ ਵਿੱਚ ਆਰਥਿਕ ਵਿਕਾਸ ਲਈ ਉਦਯੋਗੀਕਰਣ ਬਹੁਤ ਜ਼ਰੂਰੀ ਹੈ। ਗਰੀਬ ਅਵਿਕਸਿਤ ਦੇਸ਼ਾਂ ਵਿੱਚ 60% ਤੋਂ 80% ਜਨਸੰਖਿਆ ਖੇਤੀ ਵਿੱਚ ਲੱਗੀ ਹੋਈ ਹੈ। ਓਨਾਂ ਦੇਸ਼ਾਂ ਦਾ ਰਾਸ਼ਟਰੀ ਵੇਤਨ ਅਤੇ ਪ੍ਰਤੀ ਵਿਅਕਤੀ ਵੇਤਨ ਅਤਿਅੰਤ ਨਿਮਨ ਹੁੰਦਾ ਹੈ। ਇਸ ਲਈ ਅਜਿਹੇ ਦੇਸ਼ਾਂ ਦੇ ਆਰਥਿਕ ਵਿਕਾਸ ਲਈ ਦੋ ਹੀ ਵਿਕਲਪ ਰਹਿ ਜਾਂਦੇ ਹਨ: (*i*) ਵਰਤਮਾਨ ਖੇਤੀ ਪ੍ਰਧਾਨ ਢਾਂਚੇ ਵਿੱਚ ਸੁਧਾਰ ਕਰ ਕੇ (ਅਰਥਾਤ ਵਰਤਮਾਨ ਢਾਂਚੇ ਦੇ ਅੰਤਰਗਤ ਨਿਮਨ ਉਤਪਾਦਨ ਨੂੰ ਵਧਾ ਕੇ) ਅਤੇ (*ii*) ਸਮੁੱਚੇ ਢਾਂਚੇ ਨੂੰ ਬਦਲ ਕੇ, ਅਰਥਾਤ ਖੇਤੀ ਤੋਂ ਹਟ ਕੇ ਉਦਯੋਗਿਕ ਵਿਕਾਸ ਲਈ ਲਗ ਜਾਣਾ। ਨਿਸ਼ਚਾ ਇਹ ਕਰਨਾ ਹੈ ਕਿ ਕਿਹੜਾ ਵਿਕਲਪ ਚੁਨੌਤੀਪੂਰਣ ਹੈ। ਸਹੀ ਵਿਧੀ ਇਹ ਹੈ ਕਿ ਦੋਹਾਂ ਉੱਤੇ ਹੀ ਬਲ ਦਿੱਤਾ ਜਾਵੇ।
- ਉਦਯੋਗਾਂ ਦੇ ਵਿਕਾਸ ਨੇ ਹਸਤਸ਼ਿਲਪ ਨੂੰ ਖਤਮ ਕਰ ਦਿੱਤਾ ਅਤੇ ਜੀਵਨ-ਨਿਰਵਾਹ ਲਈ ਅਣ-ਸੁਣੀਆਂ ਵਿਧੀਆਂ ਦਾ ਪ੍ਰਯੋਗ ਕੀਤਾ ਜਾਣ ਲੱਗਾ। ਕਾਰੋਬਾਰੀ ਗਤੀਸ਼ੀਲਤਾ ਅਤੇ ਪੈਤ੍ਰਿਕ ਪਿੰਡਾਂ ਤੋਂ ਜਾਣ ਦੀ ਪ੍ਰਕ੍ਰਿਆ ਨੇ ਜਾਤੀ ਦੇ ਓਨਾਂ ਮਾਨਦੰਡਾਂ ਨੂੰ ਤੋੜਨਾ ਸ਼ੁਰੂ ਕਰ ਦਿੱਤਾ ਜਿਨਾਂ ਦਾ ਵਿਆਹ ਨਾਲ ਕੋਈ ਸੰਬੰਧ ਨਹੀਂ ਸੀ। ਉਦਯੋਗੀਕਰਣ ਨਾਲ ਯਾਤਾਯਾਤ ਦੇ ਨਵੇਂ ਸਾਧਨ ਵੀ ਵਿਕਸਿਤ ਹੋਏ। ਫਲਸਰੂਪ, ਬਸਾਂ ਅਤੇ ਰੇਲਾਂ ਵਿੱਚ ਵਧਦੀ ਹੋਈ ਭੀੜ ਨਾਲ ਵਿਭਿੰਨ ਜਾਤੀਆਂ ਦੇ ਲੱਖਾਂ ਦੀ ਸੰਖਿਆ ਵਿੱਚ ਲੋਕਾਂ ਦੇ ਇੱਕ ਦੂਜੇ ਨਾਲ ਉੱਠਣ-ਬੈਠਣ ਦੇ ਕਾਰਣ ਸੰਸਕ੍ਰਿਤਿਕ ਪਵਿੱਤਰਤਾ (ritual purity) ਖਤਮ ਜਿਹੀ ਹੋ ਗਈ। ਜਿਵੇਂ ਜਿਵੇਂ ਉਦਯੋਗਿਕ ਮਜ਼ਦੂਰ ਆਪਣੇ ਪਰਿਵਾਰ ਪਿੰਡਾਂ ਵਿੱਚ ਛੱਡ ਕੇ ਸ਼ਹਿਰਾਂ ਵਿੱਚ ਜਾਂ ਉਦਯੋਗਿਕ ਖੇਤਰਾਂ ਵਿੱਚ ਜਾ ਕੇ ਵਿਭਿੰਨ ਜਾਤੀਆਂ ਦੇ ਲੋਕਾਂ ਨਾਲ ਇੱਕ ਹੀ ਮਕਾਨ ਵਿੱਚ ਰਹਿਣ ਲੱਗੇ, ਉਵੇਂ ਉਵੇਂ ਖਾਣ-ਪੀਣ ਦੇ ਨਿਸ਼ੇਧ ਵੀ ਘੱਟ ਪ੍ਰਭਾਵੀ ਹੁੰਦੇ ਗਏ।
- ਨਗਰਾਂ ਦਾ ਅਸਤਿੱਤਵ ਪ੍ਰਾਚੀਨ ਸਮੇਂ ਤੋਂ ਮਿਲਦਾ ਹੈ ਪ੍ਰੰਤੂ ਹੁਣੇ ਹਾਲ ਤੱਕ ਓਹ ਜਨਸੰਖਿਆ ਦੇ ਇੱਕ ਛੋਟੇ ਭਾਗ ਦੀ ਹੀ ਅਗਵਾਈ ਕਰਦੇ ਸਨ। ਜ਼ਿਆਦਾਤਰ ਵਿਅਕਤੀਆਂ ਦਾ ਜੀਵਨ ਮੁੱਖ ਰੂਪ ਨਾਲ ਪੇਂਡੂ ਸਮਾਜ ਜਾਂ ਪਿੰਡ ਹੀ ਬਣਾਉਂਦੇ ਸਨ। ਨਗਰਾਂ ਅਤੇ ਮਹਾਂਨਗਰਾਂ ਦਾ ਵਾਧਾ ਵਿਕਾਸ ਅਤੇ ਜਨਸੰਖਿਆ ਦੇ ਵੱਡੇ ਭਾਗ ਦਾ ਨਗਰੀ ਖੇਤਰਾਂ ਵਿੱਚ ਜਾਣਾ ਪਿਛਲੇ ਪੰਜ ਇੱਕ ਦਸ਼ਕਾਂ ਦਾ ਹੀ ਵਿਸ਼ੇਸ਼ ਲੱਛਣ ਰਿਹਾ ਹੈ। ਨਗਰੀਕਰਣ ਉਦਯੋਗਿਕ ਕ੍ਰਾਂਤੀ ਦਾ ਹੀ ਨਤੀਜਾ ਸੀ। ਇਸ ਨੇ ਕੇਂਦਰਿਤ ਸਥਾਨਾਂ (centralised locations) ਉੱਤੇ ਮਜ਼ਦੂਰਾਂ ਦੀ ਵੱਡੀ ਸੰਖਿਆ ਦੀ ਮੰਗ ਨੂੰ ਉਤਪੰਨ ਕੀਤਾ।

- ਨਗਰੀਕਰਣ ਕੇਵਲ ਪਰਿਵਾਰ ਦੇ ਢਾਂਚੇ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ ਬਲਕਿ ਓਹ ਪਰਿਵਾਰ ਦੇ ਅੰਦਰੂਨੀ ਅਤੇ ਅੰਤਰ-ਪਰਿਵਾਰ ਸੰਬੰਧਾਂ ਅਤੇ ਓਨਾਂ ਕਾਰਜਾਂ ਨੂੰ ਜੋ ਪਰਿਵਾਰ ਕਰਦਾ ਹੈ, ਨੂੰ ਵੀ ਪ੍ਰਭਾਵਿਤ ਕਰਦਾ ਹੈ। ਸ਼ਹਿਰੀ ਪਰਿਵਾਰਾਂ ਉੱਤੇ ਆਈ. ਪੀ. ਦੇਸਾਈ, ਕਪਾੜੀਆ ਅਤੇ ਐਲਨ ਰਾਸ (Aillen Ross) ਜਿਹੇ ਵਿਦਵਾਨਾਂ ਦੁਆਰਾ ਕੀਤੇ ਗਏ ਅਨੁਭਾਵਿਕ ਅਧਿਐਨਾਂ ਨੇ ਦੱਸਿਆ ਹੈ ਕਿ ਸ਼ਹਿਰੀ ਸੰਯੁਕਤ ਪਰਿਵਾਰ ਦੀ ਥਾਂ ਹੌਲੀ ਹੌਲੀ ਏਕਾਕੀ ਪਰਿਵਾਰ ਲੈ ਰਿਹਾ ਹੈ, ਪਰਿਵਾਰ ਦਾ ਆਕਾਰ ਛੋਟਾ ਹੋ ਰਿਹਾ ਹੈ ਅਤੇ ਰਿਸ਼ਤੇਦਾਰੀ ਦੇ ਸੰਬੰਧ ਕੇਵਲ ਦੋ ਜਾਂ ਤਿੰਨ ਪੀੜੀਆਂ ਤੱਕ ਸੀਮਿਤ ਹੋ ਗਏ ਹਨ।
- ਦੇਸ਼ ਵਿੱਚ ਸ਼ਹਿਰੀ ਵਿਕਾਸ ਦੇ ਕਾਰਣ ਪੇਂਡੂ ਵਿਅਕਤੀਆਂ ਦਾ ਅਜਿਹੇ ਸ਼ਹਿਰੀ ਖੇਤਰਾਂ ਵਿੱਚ ਅਪਕੇਂਦਰੀ (centrifugal) ਪਲਾਇਨ ਹੋਇਆ ਹੈ ਜਿੱਥੇ ਪਹੁੰਚਣ ਲਈ ਜਨਉਪਯੋਗੀ ਸੇਵਾਵਾਂ ਆਸਾਨੀ ਨਾਲ ਉਪਲਬਧ ਸਨ। ਕਈ ਵਿਅਕਤੀ ਸ਼ਹਿਰਾਂ ਵਿੱਚ ਇਸ ਲਈ ਗਏ ਕਿਓਂਕਿ ਉੱਥੇ ਰੁਜ਼ਗਾਰ ਉਪਲਬਧ ਸਨ। ਜੋ ਅਜੇ ਵੀ ਪਿੰਡਾਂ ਵਿੱਚ ਵਸੇ ਹਨ, ਓਨਾਂ ਨੂੰ ਸ਼ਹਿਰੀ ਜੀਵਨ ਦੀਆਂ ਸੁਵਿਧਾਵਾਂ ਉਪਲਬਧ ਹਨ ਚਾਹੇ ਓਹ ਸ਼ਹਿਰੀ ਕੇਂਦਰਾਂ ਤੋਂ ਮੀਲਾਂ ਦੂਰ ਹਨ। ਵਧੀਆ ਰਾਜਮਾਰਗ, ਬਸਾਂ ਅਤੇ ਮੋਟਰਾਂ, ਰੇਡੀਓ, ਟੈਲੀਵਿਜ਼ਨ ਅਤੇ ਅਖਬਾਰ ਪੇਂਡੂਆਂ ਨੂੰ ਸ਼ਹਿਰੀ ਰੁਜ਼ਗਾਰ, ਅਤੇ ਸ਼ਹਿਰੀ ਆਵਾਸ ਅਤੇ ਪੇਂਡੂ ਸੰਪਰਕ ਨੇ ਨਾ ਕੇਵਲ ਸਮਾਜਿਕ ਸਰੂਪਾਂ ਵਿੱਚ ਕੁਝ ਪਰਿਵਰਤਨ ਕੀਤੇ ਹਨ ਪ੍ਰੰਤੂ ਜੀਵਨ ਦੀ ਇੱਕ ਨਵੀਂ ਸ਼ੈਲੀ ਨਾਲ ਸੰਤੁਲਨ ਵੀ ਸਥਾਪਿਤ ਕੀਤਾ ਹੈ।

## 14.5 ਸ਼ਬਦਕੋਸ਼ (Keywords)

- **ਤਰਕਸੰਗਤੀਕਰਣ**–ਯੌਕਤਕੀਕਰਣ, ਬੁੱਧੀਸੰਗਤ ਵਿਅਖਿਆ
- **ਅਨੁਭਵਾਤੀਤਤਾ**–ਅਨੁਭਵ ਤੋਂ ਪਰੇ
- **ਪ੍ਰਵਰਤਿਕ**–ਨਵੀਨਤਾ, ਅਭਿਨਵ ਪਰਿਵਰਤਨ
- **ਅਵਿਅਕਤਿਕਤਾ**–ਅਵਿਅਕਤਿਕ, ਵਿਅਕਤਿੱਤਵਹੀਣ

## 14.6 ਅਭਿਆਸ ਪ੍ਰਸ਼ਨ (Review Questions)

1. ਆਰਥਿਕ ਵਿਕਾਸ ਅਤੇ ਸਮਾਜਿਕ ਪਰਿਵਰਤਨ ਦੀ ਵਿਆਖਿਆ ਕਰੋ। ਦੋਹਾਂ ਵਿੱਚ ਕੀ ਸੰਬੰਧ ਹੈ?
2. ਆਰਥਿਕ ਵਿਕਾਸ ਦੇ ਮਾਰਗ ਵਿੱਚ ਆਓਣ ਵਾਲੀਆਂ ਰੁਕਾਵਟਾਂ ਦੀ ਵਿਆਖਿਆ ਕਰੋ।
3. ਰੋਸਟੇਵ ਦੇ ਆਰਥਿਕ ਵਿਕਾਸ ਦੀਆਂ ਅਵਸਥਾਵਾਂ ਦੀ ਵਿਆਖਿਆ ਕਰੋ। ਸਮਾਜਿਕ ਪਰਿਵਰਤਨ ਆਰਥਿਕ ਵਿਕਾਸ ਤੋਂ ਪਹਿਲਾਂ ਹੁੰਦਾ ਹੈ ਜਾਂ ਬਾਅਦ ਵਿੱਚ।
4. ਭਾਰਤ ਵਿੱਚ ਆਰਥਿਕ ਵਿਕਾਸ ਦੀ ਯੋਜਨਾ ਨੂੰ ਸਪਸ਼ਟ ਕਰਦੇ ਹੋਏ ਸਮਾਜਿਕ ਪਰਿਵਰਤਨ ਵਿੱਚ ਭੂਮਿਕਾ ਦੱਸੋ।
5. ਭਾਰਤ ਵਿੱਚ ਨਗਰੀਕਰਣ ਅਤੇ ਨਾਗਰਿਤਾ ਦੀਆਂ ਅਵਧਾਰਣਾਵਾਂ ਦੱਸੋ ਅਤੇ ਨਾਗਰਿਤਾ ਦੀਆਂ ਵਿਸ਼ੇਸ਼ਤਾਵਾਂ ਨੂੰ ਸਪਸ਼ਟ ਕਰੋ।
6. ਨਗਰੀਕਰਣ ਅਤੇ ਪਰਿਵਾਰ ਵਿੱਚ ਕੀ ਸੰਬੰਧ ਹਨ?
7. ਨਗਰੀਕਰਣ ਤੋਂ ਤੁਸੀਂ ਕੀ ਸਮਝਦੇ ਹੋ? ਨਗਰੀਕਰਣ ਦੀਆਂ ਸਮੱਸਿਆਵਾਂ ਦੱਸੋ।
8. ਨਿਮਨਲਿਖਿਤ ਉੱਤੇ ਟਿੱਪਣੀ ਕਰੋ–
   (*i*) ਉਦਯੋਗੀਕਰਣ ਅਤੇ ਸ਼ਹਿਰੀਕਰਣ
   (*ii*) ਨਗਰੀਕਰਣ ਅਤੇ ਔਰਤਾਂ ਦੀ ਪ੍ਰਸਥਿਤੀ
   (*iii*) ਨਗਰੀਕਰਣ ਅਤੇ ਜਾਤੀ
   (*iv*) ਸ਼ਹਿਰੀਕਰਣ ਅਤੇ ਪੇਂਡੂ ਜੀਵਨ

**ਉੱਤਰ : ਸਵ-ਮੁੱਲਾਂਕਣ (Answers: Self Assessment)**

1. (*i*) ਭਾਰਤ (*ii*) 6% (*iii*) ਅਰਥਸ਼ਾਸਤਰੀ ਵਿਕਸਟੀਡ
   (*iv*) ਜੈਕਬ ਵਾਈਨਰ (*v*) ਸਮਾਜਿਕ ਪਰਿਵਰਤਨ (*vi*) ਭਾਰਤੀ ਸੰਸਕ੍ਰਿਤੀ
2. (*i*) (*c*) (*ii*) (*b*) (*iii*) (*d*) (*iv*) (*a*) (*v*) (*c*) (*vi*) (*d*)

ਨੋਟ

## 14.7 ਸੰਦਰਭ ਪੁਸਤਕਾਂ (Further Readings)

ਬੁਕਸ


1. ਵੀਂਸੇਟ ਏ. ਸਮਿਥ, ਹਿਸਟ੍ਰੀ ਓਫ ਇੰਡੀਆ ਲੰਦਨ: ਆਕਸਫੋਰਡ ਯੂਨੀਵਰਸਿਟੀ ਪ੍ਰੈਸ, 1970
2. ਐਮ. ਐਨ ਸ਼੍ਰੀਨਿਵਾਸ, ਸੋਸ਼ਲ ਚੇਂਜ ਇਨ ਮਾਰਡਰਨ ਇੰਡੀਆ, ਬ੍ਰਿਕਲੇ: ਕੈਲੀਫੋਰਨੀਆ ਯੂਨੀਵਰਸਿਟੀ ਪ੍ਰੈਸ, 1996
3. ਯੋਗਿੰਦਰ ਸਿੰਘ, ਏਸੇਜ ਆਨ ਮਾਡਰਨਾਈਜ਼ੇਸ਼ਨ ਇਨ ਇੰਡੀਆ, ਦਿੱਲੀ: ਮਨੋਹਰ, 1978

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-300360
Fax.: +91-1824-506111
Email: odl@lpu.co.in